# ਚਿੱਟੇ ਕਪੜਿਆਂ ਵਾਲੀ ਕੁੜੀ

ਵਿਲਕੀ ਕਾਲਿਨਜ਼

**ਭਾਸ਼ਾ ਵਿਭਾਗ, ਪੰਜਾਬ**

CHITTE KAPRIAN WALI KURI (in Punjabi)

Translated by: Mrs. Surjit Sarna

ਮੂਲ ਲੇਖਕ : ਵਿਲਕੀ ਕਾਲਿਨਜ਼

ਅਨੁਵਾਦਕ : ਸ੍ਰੀਮਤੀ ਸੁਰਜੀਤ ਸਰਨਾ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ :-1980

ਦੂਜੀ ਵਾਰ : -1994

ਕਾਪੀਆਂ:-1500

ਕੀਮਤ :- 31/- ਰੁਪਏ

ਪ੍ਰਕਾਸ਼ਕ : ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਛਾਪਕ : ਗਰੇਟਰ ਪੰਜਾਬ ਪ੍ਰੈਸ, 163 ਏ, ਇੰਡਸਟਰੀਅਲ ਏਰੀਆ ਚੰਡੀਗੜ੍ਹ।

ਰਾਹੀਂ : ਕੰਟਰੋਲਰ ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ।

# ਦੋ ਸ਼ਬਦ

ਭਾਸ਼ਾ ਵਿਭਾਗ ਪੰਜਾਬ ਵੱਲੋਂ ਵਿਸ਼ਵ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਰਚੇ ਸਰਵੋਤਮ ਸਾਹਿਤ ਦਾ ਪੰਜਾਬੀ ਵਿਚ ਅਨੁਵਾਦ ਕਰਨ ਦਾ ਕਾਰਜ ਆਰੰਭ ਕੀਤਾ ਗਿਆ ਹੈ।

'ਟੈਸ' 'ਦੇਸ਼ ਵਾਪਸੀ', 'ਡੇਵਿਡ ਕਾਪਰਫੀਲਡ' 'ਟਾਮ ਜੋਨਜ਼' ਆਦਿ ਵਿਸ਼ਵ ਪ੍ਰਸਿੱਧ ਅੰਗਰੇਜ਼ੀ ਨਾਵਲ ਪੰਜਾਬੀ ਪਾਠਕ ਜਗਤ ਨੂੰ ਭੇਟਾ ਕੀਤੇ ਜਾ ਚੁੱਕੇ ਹਨ। 'ਚਿੱਟੇ ਕਪੜਿਆਂ ਵਾਲੀ ਕੁੜੀ ਅੰਗਰੇਜ਼ੀ ਦੇ ਪ੍ਰਸਿੱਧ ਨਾਵਲਕਾਰ ਵਿਲਕੀ ਕਾਲਿਨਜ਼ ਦਾ ਸ਼ਾਹਕਾਰ ਹੈ।

ਵਿਲਕੀ ਕਾਲਿਨਜ਼ 19ਵੀਂ ਸਦੀ ਦਾ ਆਪਣੀ ਕਿਸਮ ਦਾ ਲੇਖਕ ਹੈ। ਉਸਨੇ ਆਪਣੇ ਸਮੇਂ ਵਿਚ ਨਾਵਲ ਲਿਖਣ ਦੀ ਵੱਖਰੀ ਸ਼ੈਲੀ ਤੇ ਪਰੰਪਰਾ ਨੂੰ ਜਨਮ ਦਿੱਤਾ। ਉਸਦੇ ਨਾਵਲਾਂ ਵਿਚ ਕਥਾਨਕ ਇੰਨਾ ਗੁੰਝਲਦਾਰ ਪਰ ਸੁਚੱਜਾ ਹੁੰਦਾ ਹੈ ਕਿ ਸ਼ੁਰੂ ਤੋਂ ਅੰਤ ਤੱਕ ਪਾਠਕ ਨਾਵਲ ਦੀ ਕਹਾਣੀ ਵਿਚ ਇੰਨਾ ਖੁਭ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਨਾਵਲ ਦਾ ਹੀ ਇਕ ਪਾਤਰ ਮਹਿਸੂਸ ਕਰਨ ਲਗਦਾ ਹੈ। ਹੱਥਲੇ ਨਾਵਲ ਵਿਚ ਅੰਗਰੇਜ਼ੀ ਸਮਾਜ ਦੀ ਉੱਚ ਸ਼ੇਰਣੀ ਦੇ ਇਕ ਪਰਿਵਾਰ ਦੀਆਂ ਆਰਥਕ, ਸਮਾਜਕ, ਰੋਮਾਂਚਕ ਤੇ ਮਨੋਵਿਗਿਆਨਕ ਸਮੱਸਿਆਵਾਂ ਨੂੰ ਬੜੇ ਦਿਲਚਸਪ ਨਾਟਕੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਨਾਵਲਕਾਰ ਨੇ ਆਪਣੇ ਸਮਾਜ ਦੀਆਂ ਸਮੱਸਿਆਵਾਂ ਨੂੰ ਬਹੁਤ ਨੇੜੇ ਹੋ ਕੇ ਵੇਖਿਆ ਤੇ ਅਨੁਭਵ ਕੀਤਾ ਹੈ। ਨਾਵਲ ਦੇ ਕੁਝ ਪਾਤਰ ਤਾਂ ਬਿਲਕੁਲ ਜਿਉਂਦੇ ਜਾਗਦੇ ਇਸ ਦੁਨੀਆਂ ਦੇ ਕਾਰਜਸ਼ੀਲ ਪ੍ਰਾਣੀ ਹਨ ਜੋ ਮਨੁੱਖੀ ਜੀਵਨ ਦੇ ਦੁੱਖਾਂ, ਸੁਖਾਂ, ਖੁਸ਼ੀਆਂ, ਗਮੀਆਂ, ਮਨੋਭਾਵਨਾਵਾਂ ਤੇ ਉਦਗਾਰਾਂ ਨੂੰ ਹੰਢਾਉਂਦੇ ਹਨ ਪਰ ਦੂਜੇ ਪਾਤਰ ਕਲਪਿਤ ਹੁੰਦੇ ਹੋਏ ਵੀ ਅਸਲ ਹੋਣ ਦਾ ਭੁਲੇਖਾ ਪਾਉਂਦੇ ਹਨ। ਇਸ ਵਿਚ ਹੀ ਨਾਵਲਕਾਰ ਦੇ ਕਲਾ-ਕੌਸ਼ਲ ਦਾ ਰਹੱਸ ਹੈ।

ਜੇਕਰ ਇਹ ਕਥਨ ਸੱਚ ਹੋ ਕਿ ਸਾਹਿਤ ਵਿਚ ਨਾਵਾਂ ਤੇ ਥਾਵਾਂ ਨੂੰ ਛੱਡ ਕੇ ਸਭ ਕੁਝ ਸੱਚ ਹੁੰਦਾ ਹੈ ਤਾਂ ਵਿਲਕੀ ਕਾਲਿਨਜ਼ ਦਾ ਨਾਵਲ 19ਵੀਂ ਸਦੀ ਦੇ ਉੱਚ ਤਬਕੇ ਦੇ ਸਮਾਜ ਦੀ ਬਿਲਕੁਲ ਸਹੀ ਤਸਵੀਰ ਪੇਸ਼ ਕਰਦਾ ਹੈ। ਲੇਕਿਨ ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਕਿਸੇ ਵੀ ਰਚਨਾ ਦਾ ਅਨੁਵਾਦਕ ਮੂਲ ਲੇਖਕ ਦੀ ਆਤਮਾ ਨਾਲ ਇਕਸੁਰਤਾ ਪ੍ਰਾਪਤ

ਕਰਨ ਉਪਰੰਤ ਆਪਣੀ ਅਨੁਵਾਦ ਕਲਾ ਰਾਹੀਂ ਕੋਈ ਕ੍ਰਿਸ਼ਮਾ ਵਿਖਾ ਸਕਣ ਦੇ ਸਮਰੱਥ ਹੋਵੇ। ਇਸ ਨਾਵਲ ਦੀ ਅਨੁਵਾਦਕ ਸ੍ਰੀਮਤੀ ਸੁਰਜੀਤ ਸਰਨਾ ਨੇ ਬੜੀ ਮਿਹਨਤ, ਲਗਨ ਤੇ ਖੁਸ਼ ਅਸਲੂਬੀ ਨਾਲ ਇਸ ਨਾਵਲ ਦਾ ਅਨੁਵਾਦ ਕੀਤਾ ਹੈ।

ਵਿਭਾਗ ਵਲੋਂ ਇਸ ਨਾਵਲ ਦੀ ਪਹਿਲੀ ਐਡੀਸ਼ਨ 1980 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਦੂਜੀ ਵੇਰ ਇਹ ਨਾਵਲ ਪੰਜਾਬੀ ਪਾਠਕ ਜਗਤ ਨੂੰ ਪੇਸ਼ ਕਰਦਿਆਂ ਮੈਂ ਅਤਿਅੰਤ ਖੁਸ਼ੀ ਮਹਿਸੂਸ ਕਰਦਾ ਹਾਂ। ਮੈਨੂੰ ਆਸ ਹੈ ਤੇ ਵਿਸ਼ਵਾਸ ਵੀ, ਕਿ ਪੰਜਾਬੀ ਪਾਠਕ ਜਗਤ ਪਹਿਲਾਂ ਵਾਂਗ ਹੀ ਇਸ ਉੱਦਮ ਦਾ ਨਿੱਘਾ ਸੁਆਗਤ ਕਰੇਗਾ ਅਤੇ ਭਰਪੂਰ ਹੁੰਗਾਰੇ ਦੇ ਨਾਲ ਨਾਲ ਕੀਮਤੀ ਸੁਝਾ ਦੇ ਕੇ ਵਿਭਾਗ ਦੇ ਇਸ ਯਤਨ ਦੀ ਹੌਂਸਲਾ ਅਫ਼ਜਾਈ ਵੀ ਕੀਤੀ ਜਾਵੇਗੀ।

**ਅਜੀਤ ਸਿੰਘ ਕੱਕੜ,**
ਡਾਇਰੈਕਟਰ,
ਭਾਸ਼ਾ ਵਿਭਾਗ ਪੰਜਾਬ

## ਪਹਿਲਾ ਦੌਰ

1. ਕਲੀਮੈਂਟ ਇਨ ਦੇ ਨਿਵਾਸੀ ਡਰਾਇੰਗ ਮਾਸਟਰ ਵਾਲਟਰ ਹਾਰਟਰਾਈਟ ਵੱਲੋਂ ਕਹਾਣੀ ਦਾ ਆਰੰਭ

ਪੰਨਾ ਨੰ. 06 ਤੋਂ 277 ਤੱਕ

## ਦੂਜਾ ਦੌਰ

2. ਮੇਰੀਅਨ ਹਾਲਕੌਂਬ ਦੀ ਜ਼ੁਬਾਨੀ ਕਹਾਣੀ ਦਾ ਵਰਨਣ

ਪੰਨਾ ਨੰ. 278 ਤੋਂ 566 ਤੱਕ

## ਤੀਜਾ ਦੌਰ

3. ਕਹਾਣੀ ਵਾਲਟਰ ਹਾਰਟਰਾਈਟ ਦੀ ਜ਼ੁਬਾਨੀ

ਪੰਨਾ ਨੰ. 567 ਤੋਂ 826 ਤੱਕ

# ਪਹਿਲਾ ਦੌਰ

ਕਲੀਮੈਂਟ ਇਨ ਦੇ ਨਿਵਾਸੀ ਡਰਾਇੰਗ ਮਾਸਟਰ ਵਾਲਟਰ ਹਾਰਟਰਾਈਟ ਵੱਲੋਂ ਕਹਾਣੀ ਦਾ ਆਰੰਭ।

(1)

ਇਸ ਕਹਾਣੀ ਵਿਚ ਇਹ ਦਰਸਾਇਆ ਗਿਆ ਹੈ ਕਿ ਇਕ ਇਸਤਰੀ ਦੇ ਸਬਰ ਵਿਚ ਕਿੰਨੀ ਸਹਿਣ-ਸ਼ਕਤੀ ਹੈ ਅਤੇ ਇਕ ਮਰਦ ਦਾ ਦ੍ਰਿੜ੍ਹ ਇਰਾਦਾ ਕੀ ਕੁਝ ਪ੍ਰਾਪਤ ਕਰ ਸਕਦਾ ਹੈ।

ਜੇਕਰ ਕਾਨੂੰਨੀ ਸਾਧਨਾਂ ਉਤੇ ਏਨਾ ਭਰੋਸਾ ਕੀਤਾ ਜਾ ਸਕਦਾ ਕਿ ਮਾੜੀ ਮੋਟੀ ਰਿਸ਼ਵਤ ਦੇ ਕੇ ਵੀ ਇਨਾਂ ਸਾਧਨਾਂ ਰਾਹੀਂ ਕਿਸੇ ਸ਼ੱਕੀ ਮਾਮਲੇ ਦੀ ਪੂਰੀ ਘੋਖ ਪੜਤਾਲ ਕੀਤੀ ਜਾ ਸਕਦੀ ਹੈ ਤੇ ਉਸ ਮਾਮਲੇ ਦੀ ਤਹਿ ਤਕ ਪਹੁੰਚਿਆ ਜਾ ਸਕਦਾ ਹੈ, ਤਾਂ ਹੋ ਸਕਦਾ ਹੈ ਕਿ ਇਨ੍ਹਾਂ ਪੰਨਿਆਂ ਵਿਚ ਅੰਕਿਤ ਘਟਨਾਵਾਂ ਕਿਸੇ ਇਨਸਾਫ਼ ਦੀ ਕਚਹਿਰੀ ਵਿਚ ਪੇਸ਼ ਹੁੰਦੀਆਂ ਤੇ ਇਸ ਤਰ੍ਹਾਂ ਜਨਤਾ ਦੇ ਸਾਹਮਣੇ ਆਉਂਦੀਆਂ।

ਪਰ ਕਾਨੂੰਨ ਅਜੇ ਤਕ ਕੁਝ ਅਵੱਸ਼ ਮਾਮਲਿਆਂ ਵਿਚ ਅਮੀਰਾਂ ਦਾ ਹੱਥ ਬੱਧਾ ਗੁਲਾਮ ਹੈ। ਇਸੇ ਕਾਰਣ ਇਹ ਕਹਾਣੀ ਪਹਿਲੀ ਵਾਰੀ ਇਥੇ ਪੇਸ਼ ਕੀਤੀ ਜਾ ਰਹੀ ਹੈ। ਜਿਸ ਰੂਪ ਵਿਚ ਇਹ ਕਹਾਣੀ ਕਚਹਿਰੀ ਵਿਚ ਜੱਜ ਨੇ ਸੁਣਨੀ ਸੀ, ਉਸੇ ਰੂਪ ਵਿਚ ਪਾਠਕ ਨੂੰ ਸੁਣਾਈ ਜਾਏਗੀ। ਸ਼ੁਰੂ ਤੋਂ ਅੰਤ ਤਕ ਕੋਈ ਵੀ ਜ਼ਰੂਰੀ ਘਟਨਾ ਕਿਸੇ ਸੁਣੀ ਸੁਣਾਈ ਗਵਾਹੀ ਦੇ ਆਧਾਰ ਤੇ ਵਰਨਣ ਨਹੀਂ ਕੀਤੀ ਜਾਏਗੀ। ਜਦੋਂ ਤਕ ਤੇ ਜਿਥੋਂ ਤਕ ਇਨ੍ਹਾਂ ਮੁੱਢਲੀਆਂ ਸਤਰਾਂ ਦਾ ਲਿਖਾਰੀ (ਵਾਲਟਰ ਹਾਰਟਰਾਈਟ) ਦੂਜਿਆਂ ਪਾਤਰਾਂ ਨਾਲੋਂ ਇਨ੍ਹਾਂ ਘਟਨਾਵਾਂ ਨਾਲ ਵਧੇਰੇ ਸੰਬੰਧਤ ਹੋਏਗਾ, ਉਦੋਂ ਤਕ ਇਹ ਘਟਨਾਵਾਂ ਉਹ ਆਪ ਬਿਆਨ ਕਰੇਗਾ। ਜਦੋਂ ਇਹ ਘਟਨਾਵਾਂ ਉਹਦੇ ਨਿੱਜੀ ਤੁਜ਼ਰਬੇ ਦੀ ਸੀਮਾ ਤੋਂ ਬਾਹਰ ਦੀਆਂ ਹੋਣਗੀਆਂ, ਉਹ ਇਨ੍ਹਾਂ ਦਾ ਵਰਨਣ ਨਹੀਂ ਕਰੇਗਾ।

ਜਿਥੋਂ ਉਹ ਇਸ ਬ੍ਰਿਤਾਂਤ ਨੂੰ ਛੱਡੇਗਾ, ਉਸ ਤੋਂ ਅੱਗੇ ਦੂਜੇ ਪਾਤਰ ਜਿਨ੍ਹਾਂ ਇਨ੍ਹਾਂ ਘਟਨਾਵਾਂ ਦਾ ਨਿੱਜੀ ਗਿਆਨ ਹੋਵੇਗਾ, ਕਹਾਣੀ ਨੂੰ ਉਸੇ ਸਪੱਸ਼ਟਤਾ ਨਾਲ ਅੱਗੇ ਤੋਰਨਗੇ। ਇਸ ਤਰ੍ਹਾਂ ਇਹ ਕਹਾਣੀ ਇਕ ਤੋਂ ਵਧੀਕ ਲੇਖਣੀਆਂ ਰਾਹੀਂ ਪੇਸ਼ ਕੀਤੀ ਜਾਵੇਗੀ, ਬਿਲਕੁਲ ਜਿਵੇਂ ਕਿਸੇ ਕਚਹਿਰੀ ਵਿਚ ਕਿਸੇ ਅਪਰਾਧ ਦੀ ਕਹਾਣੀ ਇਕ ਤੋਂ ਵਧੀਕ ਗਵਾਹਾਂ ਰਾਹੀਂ ਪੇਸ਼

ਕੀਤੀ ਜਾਂਦੀ ਹੈ। ਦੋਹਾਂ ਹਾਲਤਾਂ ਵਿਚ ਮੰਤਵ ਉਹੀ ਹੈ ਕਿ ਸੱਚਾਈ ਨੂੰ ਸਪੱਸ਼ਟ ਅਤੇ ਸਾਫ ਸਮਝ ਵਿਚ ਆਉਣ ਵਾਲੇ ਰੂਪ ਵਿਚ ਪੇਸ਼ ਕੀਤਾ ਜਾਏ ਅਤੇ ਸਭ ਤੋਂ ਵਧੀਕ ਸੰਬੰਧਤ ਪਾਤਰਾਂ ਦੇ ਮੂੰਹੋਂ ਉਨ੍ਹਾਂ ਦੇ ਅਨੁਭਵ ਅਖਵਾ ਕੇ ਸਾਰੀਆਂ ਘਟਨਾਵਾਂ ਨੂੰ ਕਰਮਵਾਰ ਉਲੀਕਿਆ ਜਾਵੇ।

ਆਓ, ਸਭ ਤੋਂ ਪਹਿਲਾਂ ਡਰਾਇੰਗ ਮਾਸਟਰ ਵਾਲਟਰ ਹਾਰਟਰਾਈਟ, ਉਮਰ ਅਠਾਈ ਸਾਲ, ਦੀ ਵਿਥਿਆ ਸੁਣੀਏ।

(2)

ਜੁਲਾਈ ਮਹੀਨੇ ਦਾ ਅੰਤਮ ਦਿਨ ਸੀ। ਲੰਮੀਆਂ ਤੇ ਕੜਾਕੇ ਦੀਆਂ ਗਰਮੀਆਂ ਅਖੀਰਲੇ ਸਾਹਾਂ ਤੇ ਸਨ, ਅਤੇ ਅਸੀਂ ਲੰਦਨ ਦੀਆਂ ਪਟੜੀਆਂ ਉਤੇ ਘੁੰਮਣ ਵਾਲੇ ਹਫ਼ੇ ਹੁਟੇ ਪਾਧੀ ਖੇਤਾਂ ਉਤੇ ਝੁਕੇ ਬਦਲਾਂ ਦੇ ਪ੍ਰਛਾਵਿਆਂ ਅਤੇ ਸਾਗਰ ਤਟ ਤੇ ਚਲਦੀਆਂ ਪਤੱਝੜ ਦੀਆਂ ਠੰਢੀਆਂ ਪੌਣਾਂ ਲਈ ਸਧਰਣ ਲੱਗ ਪਏ ਸਾਂ।

ਜਿਥੋਂ ਤਕ ਮੇਰੀ ਆਪਣੀ ਸਿਹਤ ਦਾ ਸੰਬੰਧ ਸੀ, ਗਰਮੀਆਂ ਖ਼ਤਮ ਹੋਣ ਤਕ ਮੇਰੀ ਸਿਹਤ ਖ਼ਰਾਬ ਹੋ ਗਈ ਸੀ। ਮੇਰਾ ਮਨ ਢਹਿੰਦੀਆਂ ਕਲਾਂ ਵਿਚ ਜਾ ਚੁੱਕਾ ਸੀ ਤੇ ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਕੋਲ ਪੈਸੇ ਵੀ ਮੁੱਕ ਚੁਕੇ ਸਨ। ਪਿਛਲੇ ਸਾਲ ਮੈਂ ਆਪਣੀ ਕਮਾਈ ਨੂੰ ਜੁਗਤ ਨਾਲ ਨਹੀਂ ਸੀ ਸਾਂਭਿਆ। ਮੇਰੀ ਫਜ਼ੂਲ ਖਰਚੀ ਨੇ ਮੈਨੂੰ ਏਸ ਹੱਦ ਤੀਕ ਪੁਚਾ ਦਿੱਤਾ ਸੀ ਕਿ ਪਤੱਝੜ ਦਾ ਮੌਸਮ ਮੈਨੂੰ ਆਪਣੇ ਸ਼ਹਿਰ ਹੈਂਮਪਸਟੈਂਡ ਆਪਣੇ ਕਮਰੇ ਵਿਚ ਆਪਣੀ ਮਾਂ ਦੇ ਘਰ ਤੋਂ ਛੁੱਟ ਕਿਤੇ ਹੋਰ ਬਿਤਾਉਣ ਦੀ ਮੇਰੀ ਸਮਰੱਥਾ ਨਹੀਂ ਸੀ।

ਮੈਨੂੰ ਯਾਦ ਹੈ, ਉਹ ਸ਼ਾਮ ਸ਼ਾਂਤ ਅਤੇ ਬੱਦਲਵਾਹੀ ਸੀ। ਲੰਦਨ ਦੀ ਹਵਾ ਬੜੀ ਬੋਝਲ ਸੀ; ਦੂਰ ਦੁਰਾਡੇ ਸੜਕ ਉਤੇ ਆਵਾਜਾਈ ਦਾ ਸ਼ੋਰ ਬੜਾ ਮੱਠਾ ਪੈ ਚੁੱਕਾ ਸੀ। ਡੁਬਦੇ ਸੂਰਜ ਦੇ ਨਾਲ-ਨਾਲ ਮੇਰੀ ਜਿੰਦ ਦੀ ਮੱਧਮ ਧੜਕਣ, ਇਸ ਮਹਾਨ ਸ਼ਹਿਰ ਦੀ ਧੜਕਣ ਨਾਲ ਇਕ-ਮਿੱਕ ਹੁੰਦੀ ਨਿਢਾਲ ਹੋ ਕੇ ਡੁਬਦੀ ਜਾ ਰਹੀ ਸੀ। ਮੈਂ ਹੱਥਲੀ ਕਿਤਾਬ ਵਿਚੋਂ ਆਪਣੀ ਸੁਰਤ ਨੂੰ ਝੰਜੋੜਿਆ।

ਅਸਲ ਵਿਚ ਮੈਂ ਇਹ ਕਿਤਾਬ ਪੜ੍ਹ ਨਹੀਂ ਸਾਂ ਰਿਹਾ, ਸਗੋਂ ਉਹਦੇ ਉੱਤੇ ਉਘਲਾ ਰਿਹਾ ਸਾਂ। ਕਿਤਾਬ ਛੱਡ ਕੇ ਮੈਂ ਸ਼ਹਿਰੋਂ ਬਾਹਰ ਰਾਤ ਦੀ ਠੰਢੀ ਹਵਾ ਖਾਣ ਲਈ ਨਿਕਲ ਤੁਰਿਆ।

ਇਹ ਸ਼ਾਮ ਉਹਨਾਂ ਦੋ ਸ਼ਾਮਾਂ ਵਿਚੋਂ ਇਕ ਸੀ, ਜੋ ਹਰ ਹਫਤੇ ਮੈਂ ਆਪਣੀ ਭੈਣ ਅਤੇ ਮਾਂ ਨਾਲ ਬਿਤਾਇਆ ਕਰਦਾ ਸਾਂ। ਇਸ ਲਈ ਮੈਂ ਆਪਣੇ ਕਦਮਾਂ ਨੂੰ ਲੰਦਨ ਦੇ ਉੱਤਰੀ ਪਾਸੇ ਹੈਮਪਸਟੈਂਡ ਵੱਲ ਮੋੜਿਆ।

ਜਿਹੜੀਆਂ ਘਟਨਾਵਾਂ ਦਾ ਮੈਂ ਅੱਗੇ ਵਰਨਣ ਕਰਨਾ ਹੈ, ਉਨ੍ਹਾਂ ਦੇ ਸਮਝਣ ਲਈ ਮੇਰਾ ਇਥੇ ਇਹ ਦਸਣਾ ਜ਼ਰੂਰੀ ਹੈ ਕਿ ਉਸ ਸਮੇਂ ਮੇਰੇ ਪਿਤਾ ਨੂੰ ਸਵਰਗਵਾਸ ਹੋਇਆਂ ਕਈ ਵਰ੍ਹੇ ਬੀਤ ਚੁੱਕੇ ਸਨ ਅਤੇ ਪੰਜ ਬੱਚਿਆਂ ਦੇ ਪਰਿਵਾਰ ਵਿਚੋਂ ਮੈਂ ਤੇ ਮੇਰੀ ਭੈਣ ਸਾਰਾਹ ਹੀ ਜੀਉਂਦੇ ਰਹਿ ਗਏ ਸਾਂ। ਮੇਰੇ ਵਾਂਗ ਮੇਰਾ ਪਿਤਾ ਵੀ ਡਰਾਇੰਗ ਮਾਸਟਰ ਹੀ ਸੀ। ਆਪਣੀ ਮਿਹਨਤ ਸਦਕਾ ਉਹਨੇ ਆਪਣੇ ਪੇਸ਼ੇ ਵਿਚ ਬੜੀ ਸਫਲਤਾ ਪ੍ਰਾਪਤ ਕੀਤੀ ਸੀ। ਆਪਣੇ ਵਿਆਹ ਤੋਂ ਮਗਰੋਂ ਮੇਰੇ ਪਿਤਾ ਨੇ ਆਪਣੀ ਆਮਦਨ ਦਾ ਚੌਥਾ ਹਿੱਸਾ ਆਪਣੇ ਜੀਵਨ ਬੀਮੇ ਉੱਤੇ ਖਰਚ ਕਰਨਾ ਸ਼ੁਰੂ ਕਰ ਦਿੱਤਾ ਸੀ। ਬਹੁਤੇ ਆਦਮੀ ਏਡੀ ਵੱਡੀ ਰਕਮ ਦਾ ਜੀਵਨ ਬੀਮਾ ਕਰਾਉਣਾ ਜ਼ਰੂਰੀ ਨਹੀਂ ਸਮਝਦੇ। ਪਰ ਮੇਰਾ ਪਿਤਾ ਆਪਣੀ ਪਤਨੀ ਅਤੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਨ੍ਹਾਂ ਦੇ ਭਵਿੱਸ਼ ਲਈ ਚਿੰਤਾਵਾਨ ਰਹਿੰਦਾ ਸੀ।

ਮੇਰੇ ਪਿਤਾ ਦੀ ਸ਼ਲਾਘਾ-ਯੋਗ ਦੂਰਅੰਦੇਸ਼ੀ ਅਤੇ ਕੁਰਬਾਨੀ ਸਦਕਾ ਹੀ ਉਹਦੀ ਮੌਤ ਪਿਛੋਂ ਮੇਰੀ ਮਾਂ ਅਤੇ ਭੈਣ ਨੂੰ ਦੁਨੀਆਂ ਵਿਚ ਕਿਸੇ ਦਾ ਮੁਥਾਜ ਨਹੀਂ ਹੋਣਾ ਪਿਆ। ਉਹ ਉਵੇਂ ਹੀ ਬੇਮੁਥਾਜ ਹਨ, ਜਿਵੇਂ ਉਹਦੇ ਜੀਉਂਦੇ ਜੀ ਸਨ। ਮੈਂ ਉਸੇ ਥਾਂ ਤੇ ਨੌਕਰੀ ਕਰ ਲਈ, ਜਿਥੇ ਮੇਰਾ ਪਿਤਾ ਨੌਕਰ ਸੀ। ਮੈਂ ਆਪਣੇ ਪਿਤਾ ਦਾ ਰਿਣੀ ਸਾਂ ਕਿ ਜ਼ਿੰਦਗੀ ਸ਼ੁਰੂ ਕਰਦਿਆਂ ਹੀ ਏਡਾ ਉਜਲਾ ਭਵਿੱਖ ਮੇਰੇ ਸਾਹਮਣੇ ਸੀ।

ਜਦੋਂ ਮੈਂ ਆਪਣੀ ਮਾਂ ਦੇ ਘਰ ਦੇ ਬੂਹੇ ਤੇ ਅਪੜਿਆ ਤਾਂ ਤ੍ਰਿਕਾਲਾਂ ਦਾ ਘੁਸਮਸਾ ਝਾੜੀਆਂ ਨਾਲ ਕੱਜੇ ਮੈਦਾਨ ਦੀਆਂ ਚੜ੍ਹਾਈਆਂ ਉਤੇ ਕੰਬ ਰਿਹਾ ਸੀ ਅਤੇ ਹੇਠਾਂ ਵੱਲ ਨਜ਼ਰ ਮਾਰਿਆ ਲੰਦਨ ਦਾ ਦ੍ਰਿਸ਼ ਬਦਲ-ਕੱਜੀ ਰਾਤ ਦੇ ਪ੍ਰਛਾਵੇਂ ਉਹਲੇ ਇਕ ਹਨੇਰੀ ਖਾੜੀ ਵਿਚ ਡੁੱਬ ਚੁੱਕਾ ਲਗਦਾ ਸੀ। ਮੈਂ ਅਜੇ ਘੰਟੀ ਤੇ ਹੱਥ ਰੱਖਿਆ ਹੀ ਸੀ ਕਿ ਬੂਹਾ ਕਾੜ ਕਰਕੇ ਖੁਲ੍ਹਾ। ਨੌਕਰ ਦੀ ਥਾਂ ਮੇਰਾ ਇਤਾਲਵੀ ਮਿੱਤਰ ਪ੍ਰੋਫੈਸਰ ਪੈਸਕਾ ਆਪ ਖੁਸ਼ੀ ਨਾਲ ਉਡਦਾ ਮੇਰਾ ਸਵਾਗਤ ਕਰਨ ਲਈ ਬਾਹਰ ਨਿਕਲਿਆ।

ਤਿੱਖੀ ਆਵਾਜ਼ ਵਿਚ ਅੰਗਰੇਜ਼ੀ ਨੂੰ ਇਤਾਲਵੀ ਢੰਗ ਨਾਲ ਬੋਲਦਿਆਂ ਉਹਨੇ ਮੈਨੂੰ ਜੀ ਆਇਆਂ ਕਿਹਾ। ਉਹਦੀ ਖਾਤਰ ਅਤੇ ਮੇਰੀ ਆਪਣੀ ਖਾਤਰ ਵੀ ਮੈਂ ਇਹ ਆਖਣ ਦੀ ਆਗਿਆ ਚਾਹਾਂਗਾ ਕਿ ਪ੍ਰੋਫੈਸਰ ਏਸ ਸਨਮਾਨ ਦਾ ਹੱਕਦਾਰ ਹੈ ਕਿ ਉਹਦੀ ਜਾਣ ਪਛਾਣ

ਰਸਮੀ ਤੌਰ ਤੇ ਕਰਵਾਈ ਜਾਏ। ਜਿਹੜੀ ਅਨੋਖੀ ਕਹਾਣੀ ਇਨ੍ਹਾਂ ਪੰਨਿਆਂ ਵਿਚ ਵਰਨਣ ਕੀਤੀ ਜਾਣੀ ਹੈ, ਉਹ ਦੇਵਨੈਤ ਪ੍ਰੋਫੈਸਰ ਤੋਂ ਹੀ ਸ਼ੁਰੂ ਹੁੰਦੀ ਹੈ।

ਪਹਿਲਾਂ ਪਹਿਲ ਏਸ ਇਤਾਲਵੀ ਮਿੱਤਰ ਨਾਲ ਮੇਰੀ ਜਾਣ ਪਛਾਣ ਉਨ੍ਹਾਂ ਅਮੀਰ ਤੇ ਵੱਡਿਆਂ ਘਰਾਂ ਵਿਚ ਹੋਈ ਜਿਥੇ ਉਹ ਆਪਣੀ ਮਾਤਰੀ ਭਾਸ਼ਾ ਪੜ੍ਹਾਉਂਦਾ ਸੀ ਤੇ ਜਿਥੇ ਮੈਂ ਡਰਾਇੰਗ ਸਿਖਾਉਂਦਾ ਸਾਂ। ਉਸ ਸਮੇਂ ਮੈਨੂੰ ਉਹਦੀ ਜੀਵਨ ਕਹਾਣੀ ਬਾਰੇ ਕੇਵਲ ਏਨਾ ਹੀ ਪਤਾ ਸੀ ਕਿ ਉਹ ਪਹਿਲਾਂ ਕਦੀ ਪੇਂਡੂ ਵਿਸ਼ਵ-ਵਿਦਿਆਲੇ ਵਿਚ ਪੜ੍ਹਾਉਂਦਾ ਸੀ। ਕਈ ਰਾਜਨੀਤਿਕ ਕਾਰਣਾਂ ਕਰਕੇ ਜਿਨ੍ਹਾਂ ਦਾ ਵਿਸਥਾਰ ਦਸਣੋਂ ਉਹਨੇ ਹਰ ਕਿਸੇ ਨੂੰ ਨਾਂਹ ਕੀਤੀ ਸੀ, ਉਹਨੂੰ ਇਟਲੀ ਛੱਡਣਾ ਪਿਆ ਸੀ ਅਤੇ ਹੁਣ ਉਹ ਕਈ ਸਾਲਾਂ ਤੋਂ ਲੰਦਨ ਵਿਚ ਬਦੇਸ਼ੀ ਬੋਲੀਆਂ ਦੇ ਪ੍ਰੋਫੈਸਰ ਦੇ ਤੌਰ ਤੇ ਇੱਜ਼ਤ ਦਾ ਜੀਵਨ ਬਿਤਾ ਰਿਹਾ ਸੀ।

ਉਹਨੂੰ ਅਸੀਂ ਬੌਣਾਂ ਤਾਂ ਨਹੀਂ ਸਾਂ ਕਹਿ ਸਕਦੇ ਕਿਉਂਕਿ ਉਹ ਸਿਰ ਤੇ ਪੈਰਾਂ ਤਕ ਸੁਹਣਾ ਬਣਦਾ ਫਬਦਾ ਸੀ। ਪਰ ਫਿਰ ਵੀ ਉਹ ਬੜੇ ਹੀ ਮਧਰੇ ਜਿਹੇ ਕੱਦ ਦਾ ਸੀ। ਇਕ ਤਾਂ ਉਹਦਾ ਅਨੋਖਾ ਕੱਦ ਬੁੱਤ ਨਹੀਂ ਸੀ ਲੁਕਦਾ, ਦੂਜਾ ਉਹਦੀ ਵਿਚਿਤ੍ਰ ਸਨਕੀ ਸ਼ਖਸੀਅਤ ਉਹਨੂੰ ਸਰਬ-ਸਾਧਾਰਨ ਲੋਕਾਂ ਵਿਚ ਝੱਟ ਨਿਖੇੜ ਦੇਂਦੀ ਸੀ।

ਉਹਦੀ ਜ਼ਿੰਦਗੀ ਦਾ ਵੱਡਾ ਮਨੋਰਥ ਇਹ ਜਾਪਦਾ ਸੀ ਕਿ ਉਹ ਅੰਗਰੇਜ਼ ਬਣਨ ਦਾ ਪੂਰਾ ਜਤਨ ਕਰਕੇ ਉਸ ਦੇਸ਼ ਲਈ ਆਪਣਾ ਧੰਨਵਾਦ ਪ੍ਰਗਟ ਕਰੇ, ਜਿਸ ਦੇਸ਼ ਨੇ ਨਾ ਕੇਵਲ ਉਹਨੂੰ ਸ਼ਰਣ ਦਿੱਤੀ ਸੀ ਸਗੋਂ ਉਪਜੀਵਕਾ ਦਾ ਸਾਧਨ ਵੀ ਬਖਸ਼ਿਆ ਸੀ। ਅੰਗਰੇਜ਼ ਕੰਮ ਲਈ ਜਿਹੜੀ ਪ੍ਰਸੰਸਾ ਉਹਦੇ ਮਨ ਵਿਚ ਸੀ, ਉਹ ਇਸ ਗੱਲ ਤੋਂ ਪਰਗਟ ਸੀ ਕਿ ਉਹ ਅੰਗਰੇਜ਼ਾਂ ਵਾਂਗ ਹਰ ਵੇਲੇ ਛੱਤਰੀ ਚੁੱਕੀ ਰੱਖਦਾ ਅਤੇ ਗੈਟਸ ਅਤੇ ਚਿੱਟਾ ਟੱਪ ਪਾਈ ਰੱਖਦਾ। ਪਰ ਏਨਾ ਕੁਝ ਕਰਕੇ ਵੀ ਉਹਦੀ ਸੰਤੁਸ਼ਟਤਾ ਨਹੀਂ ਸੀ ਹੋਈ ਅਤੇ ਹੁਣ ਉਹ ਆਪਣੇ ਪਹਿਰਾਵੇ, ਆਪਣੀਆਂ ਆਦਤਾਂ ਅਤੇ ਆਪਣਿਆਂ ਜੀ ਪਰਚਾਵਿਆਂ ਵਿਚ ਪੂਰਾ ਅੰਗਰੇਜ਼ ਬਣਨਾ ਚਾਹੁੰਦਾ ਸੀ। ਇਹ ਜਾਣ ਕੇ ਕਿ ਅੰਗਰੇਜ਼ ਕੌਮ ਖੇਡਾਂ, ਕਸਰਤਾਂ ਦੀ ਬੜੀ ਸ਼ੌਕੀਨ ਹੈ, ਉਹ ਨਿਕਚੂ ਜਿਹਾ ਆਦਮੀ ਵੀ, ਭੋਲੇ ਭਾਅ ਹੀ, ਜਦੋਂ ਉਹਨੂੰ ਮੌਕਾ ਮਿਲਦਾ, ਬਿਨਾਂ ਤਿਆਰੀ ਦੇ ਸਾਰੀਆਂ ਅੰਗਰੇਜ਼ੀ ਖੇਡਾਂ ਅਤੇ ਜੀ ਪ੍ਰਚਾਵਿਆਂ ਵਿਚ ਬੜੀ ਲਗਨ ਨਾਲ ਹਿੱਸਾ ਲੈਂਦਾ। ਉਹਦਾ ਵਿਸ਼ਵਾਸ ਸੀ ਕਿ ਜਿਵੇਂ ਉਹਨੇ ਅੰਗਰੇਜ਼ੀ ਕੰਮ ਦੇ ਚਿੰਨ੍ਹ, ਚਿੱਟਾ ਟੋਪ ਅਤੇ ਗੈਟਸ, ਅਪਣਾ ਲਏ ਸਨ ਇੰਨ ਬਿੰਨ ਇਵੇਂ ਹੀ ਉਹ ਕੇਵਲ ਆਪਣੀ ਇੱਛਾ-ਸ਼ਕਤੀ ਨਾਲ ਸਾਰੀਆਂ ਖੇਡਾਂ ਵੀ ਅਪਣਾ ਲਏਗਾ।

ਮੈਂ ਉਹਨੂੰ ਅਨ੍ਹੇਵਾਹ ਕ੍ਰਿਕਟ ਖੇਡਦਿਆਂ ਜਾਂ ਲੂੰਮੜ ਦਾ ਸ਼ਿਕਾਰ ਕਰਦਿਆਂ ਅਤੇ ਲੱਤ ਬਾਂਹ ਤੁੜਵਾ ਲੈਣ ਦਾ ਖ਼ਤਰਾ ਸਹੇੜਦਿਆਂ ਵੇਖਿਆ ਸੀ। ਉਸ ਤੋਂ ਕੁਝ ਚਿਰ ਮਗਰੋਂ ਹੀ ਬਰਾਈਟਨ ਲਾਗੇ ਸਮੁੰਦਰ ਵਿਚ ਮੈਂ ਉਹਨੂੰ ਆਪਣੀ ਜਾਨ ਖ਼ਤਰੇ ਵਿਚ ਪਾਂਦਿਆਂ ਵੇਖਿਆ।

ਅਸੀਂ ਰੱਬ-ਸਬੱਬੀ ਉਥੇ ਮਿਲ ਪਏ ਸਾਂ ਅਤੇ ਸਮੁੰਦਰ ਵਿਚ ਇਕੱਠੇ ਹੀ ਨਹਾ ਰਹੇ ਸਾਂ। ਜੇ ਅਸੀਂ ਕਈ ਅਜਿਹੀ ਕਸਰਤ ਕਰ ਰਹੇ ਹੁੰਦੇ ਜਿਸ ਵਿਚ ਕੇਵਲ ਅੰਗਰੇਜ਼ ਹੀ ਮਾਹਿਰ ਹਨ ਤਾਂ ਮੈਂ ਪੋਸਕਾ ਦਾ ਉਚੇਚਾ ਧਿਆਨ ਰੱਖਦਾ। ਪਰ ਕਿਉਂ ਜੋ ਅਕਸਰ ਪ੍ਰਦੇਸੀ ਵੀ ਅੰਗਰੇਜ਼ਾਂ ਵਾਂਗ ਤਰਨਾ ਚੰਗੀ ਤਰ੍ਹਾਂ ਜਾਣਦੇ ਹਨ, ਮੈਨੂੰ ਇਸ ਗੱਲ ਦਾ ਚਿੱਤ ਚੇਤਾ ਵੀ ਨਹੀਂ ਸੀ ਕਿ ਪ੍ਰੋਫੈਸਰ ਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਦੂਜੀਆਂ ਮਰਦਾਵੀਆਂ ਕਸਰਤਾਂ ਵਾਂਗ ਉਹ ਤਰਨਾ ਵੀ ਬਿਨਾਂ ਕਿਸੇ ਤਿਆਰੀ ਦੇ ਸਿੱਖ ਸਕੇਗਾ।

ਜਿਉਂ ਹੀ ਅਸੀਂ ਛਾਲ ਮਾਰ ਕੇ ਸਾਹਿਲ ਨੂੰ ਪਿਛੇ ਛੱਡਿਆ, ਮੈਂ ਵੇਖਿਆ ਕਿ ਮੇਰਾ ਮਿੱਤਰ ਕਿਤੇ ਮੇਰੇ ਲਾਗੇ ਨਹੀਂ ਸੀ ਅਪੜਿਆ। ਇਹ ਵੇਖ ਕੇ ਮੈਂ ਰੁਕ ਗਿਆ ਤੇ ਉਹਨੂੰ ਲੱਭਣ ਲਈ ਪਿਛੇ ਨਜ਼ਰ ਮਾਰੀ। ਮੇਰੀ ਖਾਨਿਓਂ ਗਈ ਤੇ ਮੈਨੂੰ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਮੇਰੇ ਅਤੇ ਸਾਹਿਲ ਦੇ ਵਿਚਕਾਰ ਛੁਟ ਦੇ ਨਿੱਕੀਆਂ-ਨਿੱਕੀਆਂ ਗੋਰੀਆਂ ਬਾਹਾਂ ਦੇ ਹੋਰ ਕੁਝ ਨਜ਼ਰ ਨਹੀਂ ਸੀ ਆਉਂਦਾ। ਇਹ ਦੋ ਬਾਹਵਾਂ ਪਾਣੀ ਤੋਂ ਉਪਰ ਇਕ ਪਲ ਦਾ ਪਲ ਵਾਹ ਲਾਉਣ ਤੋਂ ਮਗਰੋਂ ਅਲੋਪ ਹੋ ਗਈਆਂ।

ਜਦੋਂ ਮੈਂ ਟੁੱਭੀ ਲਾਈ ਤਾਂ ਮੈਂ ਵੇਖਿਆ ਕਿ ਉਹ ਵਿਚਾਰਾ ਸਮੁੰਦਰ ਦੀ ਤਹਿ ਤੇ ਘਸੇ ਹੋਏ ਗੋਲ ਪੱਥਰਾਂ ਵਿਚਕਾਰ ਇਕ ਡੂੰਘ ਵਿਚ ਗੁੱਛਾ-ਮੁੱਛਾ ਹੋਇਆ ਪਿਆ ਸੀ। ਉਸ ਵੇਲੇ ਉਹ ਏਨਾ ਛੋਟਾ ਲੱਗ ਰਿਹਾ ਸੀ ਜਿੰਨਾ ਅਗੋਂ ਕਦੀ ਨਹੀਂ ਸੀ ਲਗਿਆ। ਹਵਾ ਲੱਗਣ ਨਾਲ ਉਹਨੂੰ ਥੋੜੀ ਜਿਹੀ ਹੋਸ਼ ਆਈ ਤੇ ਉਹ ਮੇਰੀ ਮਦਦ ਨਾਲ ਕਿਨਾਰੇ ਤੇ ਆ ਗਿਆ। ਰਤਾ ਹੋਰ ਹੋਸ਼ ਪਰਤਣ ਨਾਲ ਉਹਦਾ ਇਹ ਵਿਚਿੱਤਰ ਭਰਮ ਵੀ ਪਰਤ ਪਿਆ ਕਿ ਉਹ ਤਰਨਾ ਜਾਣਦਾ ਸੀ। ਠੰਢ ਨਾਲ ਉਹਦਾ ਚੰਦੋੜਿਕਾ ਵੱਜ ਰਿਹਾ ਸੀ।

ਜਿਉਂ ਹੀ ਉਹਦੇ ਮੂੰਹੋਂ ਆਵਾਜ ਨਿਕਲੀ ਉਹਨੇ ਇਕ ਸੁੰਨੀ ਮੁਸਕਾਨ ਨਾਲ ਆਖਿਆ ਕਿ ਜ਼ਰੂਰ ਠੰਢੇ ਪਾਣੀ ਕਾਰਨ ਉਹਦੀਆਂ ਲੱਤਾਂ ਨੂੰ ਕੜਵਲ ਪੈ ਗਿਆ ਹੋਵੇਗਾ ਜਿਸ ਕਾਰਨ ਉਹ ਡੁੱਬ ਚਲਿਆ ਸੀ।

ਪੂਰੀ ਹੋਸ਼ ਆਉਣ ਮਗਰੋਂ ਉਹ ਮੇਰੇ ਕੋਲ ਕਿਨਾਰੇ ਤੇ ਆ ਬੈਠਾ। ਉਸ ਵੇਲੇ ਤੁਰੰਤ ਉਹਦੇ ਅੰਦਰੋਂ ਦੱਖਣੀ ਦੇਸ਼ਾਂ ਦਾ ਸੁਭਾਵਕ ਨਿੱਘ ਅੰਗਰੇਜ਼ੀ ਸੰਕੋਚ ਦੇ ਬਨਾਵਟੀ ਪਰਦੇ ਪਾੜ

ਕੇ ਫੁੱਟ ਪਿਆ। ਆਪਣੇ ਸੱਚੇ ਇਤਾਲਵੀ ਢੰਗ ਨਾਲ ਵਧਾ-ਚੜ੍ਹਾ ਕੇ ਉਹ ਮੇਰੇ ਲਈ ਆਪਣੇ ਪਿਆਰ ਦਾ ਪ੍ਰਗਟਾਵਾ ਕਰਨ ਲੱਗ ਪਿਆ। ਉਹਨੇ ਪਿਆਰ ਭਿੱਜੇ ਵਿਸ਼ੇਸ਼ਣਾਂ ਦੀ ਵਾਛੜ ਮੇਰੇ ਤੇ ਕੀਤੀ। ਉਹਨੇ ਆਖਿਆ ਹੁਣ ਤਾਂ ਉਹ ਆਪਣੀ ਜਾਨ ਮੇਰੇ ਅਰਪਣ ਸਮਝੇਗਾ ਤੇ ਮੁੜ ਕੇ ਉਹਨੂੰ ਜ਼ਿੰਦਗੀ ਵਿਚ ਖੁਸ਼ੀ ਉਦੋਂ ਹੀ ਹੋਵੇਗੀ ਜਦੋਂ ਉਹਨੂੰ ਮੇਰੇ ਉਪਕਾਰ ਦਾ ਬਦਲਾ ਚੁਕਾਉਣ ਦਾ ਮੌਕਾ ਮਿਲਿਆ। ਉਹ ਮੇਰੀ ਕੋਈ ਅਜਿਹੀ ਸੇਵਾ ਕਰਨੀ ਚਾਹੁੰਦਾ ਸੀ, ਜੋ ਮੈਂ ਮਰਦੇ ਦਮ ਤੀਕ ਯਾਦ ਰੱਖ ਸਕਾਂ। ਉਹਦੀਆਂ ਅੱਖਾਂ ਵਿਚੋਂ ਸੁਕਰਾਨੇ ਦੇ ਹੰਝੂਆਂ ਦੀ ਨਦੀ ਵਹਿ ਰਹੀ ਸੀ। ਮੈਂ ਏਸ ਨਦੀ ਨੂੰ ਰੋਕਣ ਲਈ ਪੂਰੀ ਵਾਹ ਲਾਈ। ਉਹ ਮੇਰੇ ਕੰਮ ਆਉਣ ਦੇ ਪੱਕੇ ਵਚਨ ਕਰਦਾ ਰਿਹਾ। ਮੈਂ ਉਹਨੂੰ ਮੁੜ ਮੁੜ ਆਖਿਆ ਕਿ ਉਹ ਏਸ ਦਿਲਚਸਪ ਘਟਨਾਂ ਨੂੰ ਏਨਾ ਗੰਭੀਰ ਰੂਪ ਨਾ ਦੇਵੇ। ਏਦਾਂ ਆਖ ਕੇ ਆਖਰ ਉਹਦੇ ਸਿਰ ਆਪਣੇ ਇਹਸਾਨ ਦਾ ਭਾਰ ਹੌਲਾ ਕਰਨ ਵਿਚ ਮੈਂ ਸਫਲ ਹੋ ਗਿਆ। ਨਾ ਹੀ ਮੈਂ ਉਦੋਂ ਸੋਚਿਆ ਤੇ ਨਾ ਹੀ ਉਨ੍ਹਾਂ ਸੁਹਾਉਣੀਆਂ ਛੁੱਟੀਆਂ ਦੇ ਮੁਕਣ ਮਗਰੋਂ ਮੈਂ ਕਦੀ ਇਹ ਗੱਲ ਸੋਚੀ ਕਿ ਮੇਰੇ ਕੰਮ ਆਉਣ ਦੇ ਜਿਸ ਮੌਕੇ ਨੂੰ ਮੇਰਾ ਰਿਣੀ ਮਿੱਤਰ ਏਨੀ ਤੀਬਰਤਾ ਨਾਲ ਤਾਂਘ ਰਿਹਾ ਸੀ, ਉਹ ਮੌਕਾ ਛੇਤੀ ਹੀ ਆਉਣ ਵਾਲਾ ਸੀ। ਨਾ ਹੀ ਕਦੀ ਮੈਂ ਸੋਚਿਆ ਸੀ ਕਿ ਉਹ ਉਸ ਮੌਕੇ ਤੋਂ ਐਨੀ ਸ਼ੀਘਰਤਾ ਨਾਲ ਫਾਇਦਾ ਉਠਾਏਗਾ ਅਤੇ ਏਦਾਂ ਮੇਰੀ ਜ਼ਿੰਦਗੀ ਦੇ ਧਾਰੇ ਨੂੰ ਇਕ ਨਵਾਂ ਮੋੜ ਦੇ ਦਏਗਾ, ਏਥੋਂ ਤਕ ਕਿ ਮੈਂ ਆਪਣੇ ਆਪ ਨੂੰ ਵੀ ਪਛਾਣ ਨਹੀਂ ਸਕਾਂਗਾ।

ਪਰ ਹੋਣੀ ਹੋ ਕੇ ਹੀ ਰਹੀ। ਜੇ ਉਸ ਵੇਲੇ ਮੈਂ ਪ੍ਰੋਫੈਸਰ ਪੈਸਕਾ ਦੀ ਜਾਨ ਬਚਾਉਣ ਖ਼ਾਤਰ ਟੁੱਭੀ ਨਾ ਮਾਰਦਾ ਜਦੋਂ ਉਹ ਘਸੇ ਹੋਏ ਪੱਥਰਾਂ ਨਾਲ ਕੱਜੀ ਸਮੁੰਦਰ ਦੀ ਤਹਿ ਉਤੇ ਲੇਟਿਆ ਸੀ, ਤਾਂ ਇਨ੍ਹਾਂ ਪੰਨਿਆਂ ਵਿਚ ਅੰਕਿਤ ਕਹਾਣੀ ਨਾਲ ਮੇਰੇ ਸਬੰਧ ਦੀ ਕੋਈ ਸੰਭਾਵਨਾ ਨਹੀਂ ਸੀ ਹੋਣੀ। ਸ਼ਾਇਦ ਮੈਂ ਉਸ ਇਸਤਰੀ ਦਾ ਕਦੀ ਨਾਂ ਵੀ ਨਾ ਸੁਣਦਾ, ਜੋ ਹੁਣ ਮੇਰੀਆਂ ਸਾਰੀਆਂ ਸੋਚਾਂ ਮੱਲ ਬੈਠੀ ਹੈ, ਮੇਰੀ ਜੀਵਨ-ਸ਼ਕਤੀ ਦੀ ਸਮਾਵਣੀ ਬਣ ਚੁੱਕੀ ਹੈ ਅਤੇ ਜਿਸਦੀ ਸ਼ਖ਼ਸੀਅਤ ਦੇ ਅਸਰ ਹੇਠਾਂ ਜੀਉਣਾ ਹੀ ਹੁਣ ਮੇਰਾ ਮੁੱਖ ਮਨੋਰਥ ਹੈ।

(3)

ਉਸ ਸ਼ਾਮ ਜਦੋਂ ਪੈਸਕਾਂ ਨੂੰ ਮੈਂ ਆਪਣੀ ਮਾਂ ਦੇ ਘਰ ਦੇ ਬੂਹ ਅੱਗੇ ਮਿਲਿਆ ਤਾਂ ਮੈਂ ਉਹਦੇ ਚਿਹਰੇ ਅਤੇ ਅੰਦਾਜ਼ ਤੋਂ ਇਹ ਪੜ੍ਹ ਲਿਆ ਕਿ ਕੋਈ ਅਸਾਧਾਰਣ ਘਟਨਾ ਵਾਪਰੀ ਹੈ। ਮੈਂ ਜਾਣਦਾ ਸਾਂ ਕਿ ਇਹਦੇ ਬਾਰੇ ਉਹਦੇ ਕੋਲੋਂ ਉਸ ਵੇਲੇ ਕੁਝ ਪੁੱਛਣ ਦਾ ਕੋਈ ਫ਼ਾਇਦਾ ਨਹੀਂ ਸੀ। ਜਦੋਂ ਉਹ ਮੈਨੂੰ ਦੋਹਾਂ ਹੱਥਾਂ ਤੋਂ ਫੜ ਕੇ ਅੰਦਰ ਵੱਲ ਖਿੱਚ ਰਿਹਾ ਸੀ ਤਾਂ ਮੈਂ ਕੇਵਲ ਅਨੁਮਾਨ ਲਾ ਸਕਦਾ ਸਾ ਕਿ ਕੋਈ ਖ਼ਾਸ ਹੀ ਖੁਸ਼ੀ ਦੀ ਖ਼ਬਰ ਸੀ ਜਿਸਨੂੰ ਸੁਣਾਉਣ ਖ਼ਾਤਰ ਉਹ ਉਸ ਰਾਤ ਮੇਰੀ ਮਾਂ ਦੇ ਘਰ ਮੈਨੂੰ ਮਿਲਣ ਆਇਆ ਸੀ।

ਅਸੀਂ ਦੋਵੇਂ ਅਚਨਚੇਤ ਬੜੇ ਹੀ ਉਤਾਵਲੇ ਅਤੇ ਬੇਢੰਗੇ ਤਰੀਕੇ ਨਾਲ ਬੈਠਕ ਵਿਚ ਦਾਖ਼ਲ ਹੋਏ। ਮੇਰੀ ਮਾਂ ਖੁਲ੍ਹੀ ਖਿੜਕੀ ਲਾਗੇ ਬੈਠੀ ਆਪਣੇ ਆਪ ਨੂੰ ਪੱਖੀ ਦੀ ਝੱਲ ਮਾਰਦੀ ਹੋਈ ਹੱਸ ਰਹੀ ਸੀ। ਪੈਸਕਾ ਉਹਨੂੰ ਖਾਸ ਤੌਰ ਤੇ ਹੀ ਚੰਗਾ ਲੱਗਦਾ ਸੀ ਅਤੇ ਉਹਦੀਆਂ ਅਵੱਲੀਆਂ ਤੋਂ ਅਵੱਲੀਆਂ ਆਦਤਾਂ ਨੂੰ ਵੀ ਮਾਂ ਖਿਮਾਂ ਦੀ ਨਜ਼ਰ ਨਾਲ ਵੇਖਦੀ ਸੀ। ਮੇਰੀ ਪਿਆਰੀ ਮਾਂ ਨੂੰ ਜਿਉਂ ਹੀ ਪਤਾ ਲੱਗਾ ਕਿ ਪ੍ਰੋਫ਼ੈਸਰ ਦੇ ਦਿਲ ਵਿਚ ਮੇਰੇ ਲਈ ਡੂੰਘਾ ਧੰਨਵਾਦ ਅਤੇ ਪਿਆਰ ਹੈ, ਤਾਂ ਮਾਂ ਨੇ ਬਿਨਾਂ ਸੰਕੋਚ ਪ੍ਰੋਫ਼ੈਸਰ ਨੂੰ ਵੀ ਪੁੱਤਰਾਂ ਵਾਂਗ ਆਪਣੇ ਦਿਲ ਵਿਚ ਥਾਂ ਦੇ ਦਿੱਤੀ। ਉਹਨੇ ਪੈਸਕਾ ਦੀਆਂ ਹੈਰਾਨ ਕਰਨ ਵਾਲੀਆ ਅਨੋਖੀਆਂ ਬਦੇਸ਼ੀ ਆਦਤਾਂ ਨੂੰ ਸਮਝਣ ਦੇ ਯਤਨ ਛੱਡ ਦਿੱਤੇ, ਸਗੋਂ ਇਹਨਾਂ ਆਦਤਾਂ ਨੂੰ ਪ੍ਰਵਾਨ ਕਰ ਲਿਆ।

ਮੇਰੀ ਭੈਣ ਸਾਰਾਹ ਦਾ ਵਤੀਰਾ ਪੈਸਕਾ ਵੱਲ ਏਨਾ ਲਚਕਦਾਰ ਨਹੀਂ ਸੀ। ਜਵਾਨ ਦਿਲਾਂ ਵਿਚ ਤਾਂ ਸਗੋਂ ਵਧੀਕ ਉਦਾਰਤਾ ਹੁੰਦੀ ਹੈ। ਇਸ ਲਈ ਸਾਰਾਹ ਦਾ ਵਰਤਾਉ ਬੜਾ ਅਨੋਖਾ ਲੱਗਦਾ ਸੀ, ਉਹ ਪੈਸਕਾ ਦੇ ਵਧੀਆ ਗੁਣਾਂ ਦੀ ਕਦਰ ਕਰਦੀ ਸੀ। ਪਰ ਜਿਵੇਂ ਮਾਂ ਨੇ ਮੇਰੀ ਖਾਤਰ ਪੈਸਕਾ ਨੂੰ ਸਮੁੱਚੇ ਤੌਰ ਤੋਂ ਪ੍ਰਵਾਨ ਕਰ ਲਿਆ ਸੀ, ਤਿਵੇਂ ਉਹ ਨਹੀਂ ਸੀ ਕਰ ਸਕੀ। ਪੈਸਕਾ ਸੁਭਾਵਿਕ ਤੌਰ ਤੇ ਵਿਖਾਵਾ ਖਾਤਿਰ ਕੀਤੀਆਂ ਗੱਲਾਂ ਨੂੰ ਘ੍ਰਿਣਾ ਕਰਦਾ ਸੀ। ਸਾਰਾਹ ਦਾ ਮਨ ਸਦਾ ਏਸ ਘ੍ਰਿਣਾ ਵਿਰੁੱਧ ਬਗਾਵਤ ਕਰਦਾ ਸੀ, ਕਿਉਂ ਜੋ ਵਿਖਾਵੇ ਦੀ ਉਚਿੱਤਤਾ ਸਬੰਧੀ ਸਾਰਾਹ ਦੇ ਵਿਚਾਰ ਬੜੇ ਪਰਪੱਕ ਅਤੇ ਅਭਿੱਜ ਸਨ।

ਸਾਰਾਹ ਸਦਾ ਅਸਚਰਜ ਹੋਇਆ ਕਰਦੀ ਸੀ ਅਤੇ ਉਹਨੇ ਆਪਣੀ ਅਸਚਰਜਤਾ ਕਦੀ ਨਹੀਂ ਸੀ ਲੁਕਾਈ ਕਿ ਕਿਵੇਂ ਉਹਦੀ ਮਾਂ ਇਸ ਅਨੋਖੇ ਬਦੇਸ਼ੀ ਨਾਲ ਏਦਾਂ ਘੁੱਲ ਮਿਲ ਗਈ ਹੈ। ਨਾ ਕੇਵਲ ਆਪਣੀ ਭੈਣ ਨੂੰ ਸਗੋਂ ਕੋਈ ਹੋਰਨਾਂ ਨੂੰ ਵੇਖ ਕੇ ਵੀ ਮੈਂ ਏਸ ਸਿੱਟੇ ਤੋਂ ਪੁੱਜਾ ਹਾਂ ਕਿ ਸਾਡੀ ਨੌਜਵਾਨ ਪੀੜੀ ਸਾਡੇ ਵੱਡਿਆਂ ਵਾਂਗ ਖੁਲ੍ਹ ਦਿਲੀ ਅਤੇ ਮਨੋਵੇਗੀ ਨਹੀਂ। ਮੈਂ

ਸਦਾ ਵੇਖਿਆ ਹੈ ਕਿ ਬੁੱਢੇ ਲੋਕ ਕਿਸੇ ਆਉਣ ਵਾਲੀ ਖੁਸ਼ੀ ਨਾਲ ਉਤਸ਼ਾਹ ਭਰਪੂਰ ਅਤੇ ਉਤੇਜਿੱਤ ਹੋ ਜਾਂਦੇ ਹਨ, ਪਰ ਉਹੀ ਖੁਸ਼ੀ ਉਨ੍ਹਾਂ ਦੇ ਗੰਭੀਰ ਸੁਭਾ ਵਾਲੇ ਪੋਤਰੇ ਪੋਤਰੀਆਂ ਦੀ ਸ਼ਾਂਤੀ ਨੂੰ ਉੱਕਾ ਭੰਗ ਨਹੀਂ ਕਰ ਸਕਦੀ।

ਮੈਂ ਹੈਰਾਨ ਹੋ ਕੇ ਸੋਚਦਾ ਹਾਂ ਕਿ ਅੱਜ ਦੇ ਮੁੰਡੇ ਕੁੜੀਆਂ ਵਿਚ ਉਹ ਜ਼ਿੰਦਾ- ਦਿਲੀ ਕਿਉਂ ਨਹੀਂ ਜੋ ਪਿਛਲੀ ਪੀੜ੍ਹੀ ਵਿਚ ਸੀ। ਆਧੁਨਿਕ ਸਮੇਂ ਅੰਦਰ ਜਿਹੜੀ ਵਿਦਿਆ ਦੇ ਖੇਤਰ ਵਿਚ ਮਹਾਨ ਉੱਨਤੀ ਹੋਈ ਹੈ, ਕੀ ਉਹਨੇ ਸਾਡੇ ਨੌਜਵਾਨਾਂ ਨੂੰ ਲੋੜੋਂ ਵੱਧ ਗੰਭੀਰ ਤਾਂ ਨਹੀਂ ਬਣਾ ਦਿੱਤਾ।

ਇਨ੍ਹਾਂ ਪ੍ਰਸ਼ਨਾਂ ਦਾ ਕੋਈ ਨਿਰਣਾਜਨਕ ਉੱਤਰ ਦੇਣ ਦਾ ਜਤਨ ਮੈਂ ਨਹੀਂ ਕਰਾਂਗਾ। ਕੇਵਲ ਏਨਾ ਲਿਖਣਾ ਚਾਹਾਂਗਾ ਕਿ ਜਦੋਂ ਵੀ ਮੈਂ ਆਪਣੀ ਮਾਂ ਅਤੇ ਭੈਣ ਨੂੰ ਪੈਸਕਾ ਦੀ ਸੰਗਤ ਵਿਚ ਵੇਖਿਆ ਤਾਂ ਮੇਰੀ ਮਾਂ ਮੈਨੂੰ ਦੋਹਾਂ ਵਿਚੋਂ ਸਦਾ ਛੁਟੇਰੀ ਉਮਰ ਦੀ ਜਾਪੀ। ਇਸ ਮੌਕੇ ਤੇ ਵੀ ਜਦੋਂ ਅਸੀਂ ਮੁੰਡਿਆਂ ਵਾਂਗ ਟਪੂਸੀਆਂ ਮਾਰਦੇ ਬੈਠਕ ਵਿਚ ਦਾਖਲ ਹੋਏ, ਮਾਂ ਸਾਨੂੰ ਵੇਖ ਕੇ ਖਿੜ ਖਿੜਾ ਕੇ ਹੱਸ ਰਹੀ ਸੀ, ਪਰ ਪਰੇਸ਼ਾਨ ਹੋਈ ਸਾਰਾਹ ਉਸ ਟੁਟੇ ਪਿਆਲੇ ਦੇ ਟੁਕੜੇ ਚੁਣ ਰਹੀ ਸੀ, ਜੋ ਪ੍ਰੋਫੈਸਰ ਨੇ ਭਾਜੜ ਵਿਚ ਮੇਜ਼ ਤੋਂ ਥੱਲੇ ਸੁੱਟ ਦਿੱਤਾ ਸੀ, ਜਦੋਂ ਉਹਨੇ ਦੌੜ ਕੇ ਮੈਨੂੰ ਬੂਹਾ ਖੋਲ੍ਹਿਆ ਸੀ।

"ਅੱਜ ਪਤਾ ਨਹੀਂ ਕੀ ਹੋ ਜਾਂਦਾ ਵਾਲਟਰ, ਜੇ ਤੂੰ ਰਤਾ ਕੁ ਹੋਰ ਦੇਰ ਨਾਲ ਆਉਂਦਾ" ਮੇਰੀ ਮਾਂ ਬੋਲੀ, "ਪੈਸਕਾ ਤਾਂ ਤੈਨੂੰ ਉਡੀਕ-ਉਡੀਕ ਕੇ ਪਾਗਲ ਹੋ ਚਲਿਆ ਏ, ਤੇ ਨਾਲ ਹੀ ਮੈਨੂੰ ਵੀ ਉਤਸੁਕਤਾ ਨਾਲ ਪਾਗਲ ਬਣਾ ਦਿੱਤਾ ਸੂ। ਕਹਿੰਦਾ ਏ, ਕੋਈ ਬੜੀ ਵਧੀਆ ਖੁਸ਼ਖਬਰੀ ਏ, ਜਿਸ ਦੇ ਨਾਲ ਤੇਰਾ ਸੰਬੰਧ ਏ। ਪਰ ਕਿੰਨਾ ਜ਼ਾਲਮ ਏ। ਕਹਿੰਦਾ ਏ, ਮੈਂ ਉਨਾਂ ਚਿਰ ਤੁਹਾਨੂੰ ਭਿਣਕ ਨਹੀਂ ਪਾਣੀ ਜਿੰਨਾਂ ਚਿਰ ਮੇਰਾ ਮਿੱਤਰ ਵਾਲਟਰ ਨਾ ਆ ਜਾਵੇ।'

"ਕਹੀ ਮੁਸੀਬਤ ਏ! ਸਾਰਾ ਸੈਟ ਹੀ ਖਰਾਬ ਹੋ ਗਿਆ ਏ," ਸਾਰਾਹ ਨੇ ਬੁੜਬੁੜ ਕੀਤੀ। ਉਹ ਅਜੇ ਤੀਕ ਟੁੱਟੇ ਪਿਆਲੇ ਦੇ ਸੋਗ ਵਿਚ ਗਵਾਚੀ ਹੋਈ ਸੀ। ਪਰ ਪੈਸਕਾ ਉਸ ਨਾਂ ਪੂਰੇ ਹੋਣ ਵਾਲੇ ਨੁਕਸਾਨ ਤੋਂ ਉਕਾ-ਬੇ-ਖ਼ਬਰ ਸੀ, ਜੋ ਉਸ ਨੇ ਕਰਾਕਰੀ ਦਾ ਕੀਤਾ ਸੀ। ਜਦੋਂ ਸਾਰਾਹ ਇਹ ਗੱਲ ਕਹਿ ਰਹੀ ਸੀ, ਤਾਂ ਉਹ ਖੁਸ਼ੀ-ਖੁਸ਼ੀ ਹਲਚਲ ਮਚਾਉਂਦਾ ਇਕ ਵੱਡੀ

ਕੁਰਸੀ ਖਿੱਚਦਾ ਕਮਰੇ ਦੇ ਦੂਜੇ ਪਾਸੇ ਲਿਜਾ ਰਿਹਾ ਸੀ ਤਾਂ ਜੋ ਉਹਦੇ ਉੱਤੇ ਉੱਚਾ ਖੜੋ ਕੇ ਉਹ ਸਾਨੂੰ ਤਿੰਨ ਸ੍ਰੋਤਿਆਂ ਨੂੰ ਭਾਸ਼ਣ ਦੇ ਸਕੇ।

ਭੁਆ ਕੇ ਉਹਨੇ ਕੁਰਸੀ ਦੀ ਪਿੱਠ ਸਾਡੇ ਵੱਲ ਕਰ ਦਿੱਤੀ ਅਤੇ ਆਪ ਟਪੂਸੀ ਮਾਰ ਕੇ ਕੁਰਸੀ ਵਿਚ ਗੋਡਿਆਂ ਪਰਨੇ ਬੈਠ ਗਿਆ। ਏਦਾਂ ਜਾਪਦਾ ਸੀ ਜਿਵੇਂ ਉਹ ਕੁਰਸੀ ਬਿਨਾਂ ਤਿਆਰੀ ਦੇ ਬਣਾਇਆ ਗਿਰਜੇ ਦਾ ਉਪਦੇਸ਼-ਮੰਚ ਸੀ ਅਤੇ ਅਸੀਂ ਤਿੰਨੇ ਉਪਦੇਸ਼ ਸੁਣਨ ਆਈ ਛੋਟੀ ਜਿਹੀ ਸੰਗਤ ਸਾਂ। ਬੜੇ ਉਤੇਜਤ ਅੰਦਾਜ਼ ਨਾਲ ਸਾਨੂੰ ਸੰਬੋਧਨ ਕਰਦਾ ਉਹ ਬੋਲਿਆ, “ਸੁਣੋ ਮੇਰੇ ਚੰਗੇ ਪਿਆਰਿਓ।"

ਪੈਸਕਾ ਦਾ ਭਾਵ ਜਦੋਂ 'ਸਨਮਾਨ ਜੋਗ ਮਿੱਤਰ' ਹੁੰਦਾ ਤਾਂ ਉਹ 'ਚੰਗੇ ਪਿਆਰਿਓ' ਆਖਦਾ।

"ਮੇਰੀ ਗੱਲ ਸੁਣੋ।" ਉਹਨੇ ਆਖਿਆ, "ਆਖਰ ਉਹ ਸਮਾਂ ਆ ਹੀ ਗਿਆ ਹੈ ਜਦੋਂ ਮੈਂ ਤੁਹਾਨੂੰ ਉਹ ਖੁਸ਼ਖ਼ਬਰੀ ਸੁਣਾ ਸਕਦਾ ਹਾਂ।"

"ਸੁਣੋ, ਸੁਣੋ!" ਮੇਰੀ ਮਾਂ ਨੇ ਇਸ ਹਾਸੇ ਠੱਠੇ ਵਿਚ ਹਿੱਸਾ ਲੈਂਦਿਆਂ ਕਿਹਾ।

"ਸੁਣ ਮੰਮੀ", ਸਾਰਾਹ ਨੇ ਮਾਂ ਦੇ ਕੰਨ ਵਿਚ ਆਖਿਆ, "ਪਿਆਲੇ ਤੋਂ ਮਗਰੋਂ ਹੁਣ ਇਹ ਸਾਡੀ ਸੱਭ ਤੋਂ ਵਧੀਆ ਕੁਰਸੀ ਦੀ ਪਿੱਠ ਤੋੜੇਗਾ।”

"ਅੱਜ ਮੈਂ ਆਪਣੀ ਬੀਤੀ ਹੋਈ ਜ਼ਿੰਦਗੀ ਨੂੰ ਮੁੜ ਯਾਦ ਕਰਦਾ ਹਾਂ ਅਤੇ ਅੱਜ ਮੈਂ ਰੱਬ ਦੀ ਸਾਜੀ ਦੁਨੀਆ ਵਿਚ ਸਭ ਤੋਂ ਸਰੇਸ਼ਟ ਬੰਦੇ ਨੂੰ ਸੰਬੋਧਨ ਕਰ ਰਿਹਾ ਹਾਂ।" ਪੈਸਕਾਂ ਮੇਰੇ ਵਰਗੇ ਨਿਮਾਣੇ ਬੰਦੇ ਬਾਰੇ ਕਹਿੰਦਾ ਗਿਆ, "ਜਿਸ ਨੇ ਮੇਰੀ ਜਾਨ ਬਚਾਈ, ਜਦੋਂ ਮੈਂ (ਕੜਵਲ ਪੈਣ ਕਾਰਨ) ਸਮੁੰਦਰ ਦੀ ਤਹਿ ਤੋਂ ਮੁਰਦਾ ਪਿਆ ਸਾਂ, ਜੋ ਮੈਨੂੰ ਧੂਹ ਕੇ ਬਾਹਰ ਕੱਢ ਲਿਆਇਆ, ਤੇ ਜਿਓਂ ਹੀ ਮੈਂ ਕੱਪੜੇ ਪਾਏ ਤੇ ਆਪਣੇ ਅੰਦਰ ਨਵੀਂ ਜ਼ਿੰਦਗੀ ਮਹਿਸੂਸ ਕੀਤੀ ਤਾਂ ਜਾਣਦੇ ਹੋ ਮੈਂ ਵੀ ਆਖਿਆ?"

"ਏਨਾ ਕਹਿਣ ਦੀ ਲੋੜ ਨਹੀਂ ਸੀ ਜਿੰਨਾਂ ਤੂੰ ਉਸ ਵੱਲੋਂ ਆਖਿਆ ਸੀ।" ਮੈਂ ਬੜੇ ਅੜੀਅਲ ਲਹਿਜੇ ਵਿਚ ਆਖਿਆ। ਮੈਂ ਜਾਣਦਾ ਸਾਂ ਕਿ ਇਸ ਵਿਸ਼ੇ ਉਤੇ ਰਤਾ ਵੀ ਮੈਂ ਢਿਲ ਦਿੱਤੀ ਤਾਂ ਉਹਦੇ ਵਲਵਲੇ ਹੰਝੂਆਂ ਦੀ ਕਾਂਗ ਬਣਕੇ ਫੁੱਟ ਪੈਣਗੇ। ਪੈਸਕਾ ਵੀ ਢੀਠਾਂ ਵਾਂਗ ਕਹਿੰਦਾ ਗਿਆ, "ਹੁਣ ਮੇਰੀ ਬਾਕੀ ਦੀ ਜ਼ਿੰਦਗੀ ਮੇਰੇ ਪਿਆਰੇ ਮਿੱਤਰ ਵਾਲਟਰ ਲਈ ਹੈ ਮੈਂ

ਤੇ ਇਹ ਗੱਲ ਹੈ ਵੀ ਸੱਚ। ਮੈਂ ਆਖਿਆ ਸੀ ਕਿ, ਉਨਾਂ ਚਿਰ ਤਕ ਖੁਸ਼ ਨਹੀਂ ਹੋਵਾਂਗਾ, ਜਦ ਤੀਕ ਮੈਨੂੰ ਵਾਲਟਰ ਦੇ ਕੰਮ ਆਉਣ ਦਾ ਕੋਈ ਚੰਗਾ ਮੌਕਾ ਨਹੀਂ ਮਿਲਦਾ। ਉਸ ਦਿਨ ਤੋਂ ਲੈ ਕੇ ਅਜੇ ਤੀਕ ਮੈਂ ਆਪਣੇ ਆਪ ਨਾਲ ਸੰਤੁਸ਼ਟ ਨਹੀਂ ਰਿਹਾ। ਪਰ ਅੱਜ ਉਹ ਮਧਰਾ ਆਦਮੀ ਉਤਸ਼ਾਹ ਭਰਪੂਰ ਤੇ ਉੱਚੀ ਆਵਾਜ਼ ਵਿਚ ਚੀਖਿਆ, "ਅੱਜ ਮੇਰੇ ਲੂੰ-ਲੂੰ ਵਿਚੋਂ ਖੁਸ਼ੀਆਂ ਮੁੜਕੇ ਵਾਂਗ ਫੁੱਟ ਰਹੀਆਂ ਹਨ। ਅੱਜ ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਕੁਝ ਕਰ ਸਕਣ ਦੀ ਮੇਰੀ ਚਾਹ ਅੱਜ ਪੂਰੀ ਹੋ ਗਈ ਹੈ। ਹੁਣ ਬਸ ਤੇਰਾ 'ਹਾਂ' ਦੀ ਦੇਰ ਹੈ।"

ਇਥੇ ਇਹ ਦੱਸਣਾ ਜ਼ਰੂਰੀ ਜਾਪਦਾ ਹੈ ਕਿ ਜਿਵੇਂ ਪੈਸਕਾਂ ਨੂੰ ਆਪਣੇ ਅੰਗਰੇਜ਼ੀ ਢੰਗ ਦੇ ਕੱਪੜਿਆਂ, ਖੇਡਾਂ ਅਤੇ ਰਹਿਣੀ ਬਹਿਣੀ ਤੇ ਮਾਣ ਸੀ, ਤਿਵੇਂ ਹੀ ਉਹਨੂੰ ਇਹ ਵੀ ਮਾਣ ਸੀ ਕਿ ਉਹਨੂੰ ਅੰਗਰੇਜ਼ੀ ਬੋਲੀ ਉਤੇ ਪੂਰਨ ਵਸੀਕਾਰ ਪ੍ਰਾਪਤ ਹੈ।

ਬੋਲਚਾਲ ਵਿਚ ਆਮ ਵਰਤੋਂ ਵਿਚ ਆਉਣ ਵਾਲੇ ਅੰਗਰੇਜ਼ੀ ਦੇ ਕੁਝ ਸ਼ਬਦ ਉਹਨੇ ਸਿਖ ਲਏ ਸਨ। ਜਦੋਂ ਇਹ ਸ਼ਬਦ ਉਹਨੂੰ ਯਾਦ ਆਉਂਦੇ ਉਹ ਉਨ੍ਹਾਂ ਨੂੰ ਆਪਣੀ ਗੱਲਬਾਤ ਵਿਚ ਖਿਲਾਰ ਲੈਂਦਾ। ਉਹਨੂੰ ਉਨ੍ਹਾਂ ਸ਼ਬਦਾਂ ਦੇ ਠੀਕ ਅਰਥ ਨਹੀਂ ਸਨ ਆਉਂਦੇ, ਪਰ ਉਹਨੂੰ ਉਨ੍ਹਾਂ ਦਾ ਉਚਾਰਣ ਪਸੰਦ ਸੀ। ਇਸ ਲਈ ਉਹ ਉਨ੍ਹਾਂ ਸ਼ਬਦਾਂ ਨੂੰ ਜੋੜ ਤੋੜ ਕੇ ਲੰਮੇ-ਲੰਮੇ ਨਵੇਂ ਸ਼ਬਦ ਘੜਦਾ ਰਹਿੰਦਾ ਸੀ।

ਆਪਣੀ ਭੂਮਿਕਾ ਨੂੰ ਪ੍ਰੋਫੈਸਰ ਨੇ ਹੋਰ ਨਾ ਲਮਕਾਇਆ। ਹੁਣ ਤੀਕ ਉਹ ਅਸਲੀ ਗੱਲ ਟਾਲਦਾ ਆਇਆ ਸੀ, ਪਰ ਹੁਣ ਉਹ ਬੜੀ ਉਤਾਵਲ ਨਾਲ ਅਸਲ ਗੱਲ ਵੱਲ ਆਉਂਦਾ ਬੋਲਿਆ:

"ਲੰਦਨ ਦੇ ਉਨ੍ਹਾਂ ਅਮੀਰ ਘਰਾਂ ਵਿਚ ਜਿਥੇ ਮੈਂ ਇਤਾਲਵੀ ਬੋਲੀ ਸਿਖਾਉਂਦਾ ਹਾਂ, ਪੋਰਟਲੈਂਡ ਦੀ ਇਕ ਬੜੀ ਵੱਡੀ ਅਤੇ ਸ਼ਾਨਦਾਰ ਹਵੇਲੀ ਹੈ। ਮੈਂ ਜਾਣਦਾ ਹਾਂ ਇਹ ਘਰ ਕੋਈ ਤੁਹਾਥੋਂ ਭੁਲਾ ਨਹੀਂ। ਮੇਰੇ ਚੰਗੇ ਪਿਆਰਿਓ। ਉਸ ਵਧੀਆ ਹਵੇਲੀ ਦੇ ਅੰਦਰ ਇਕ ਵਧੀਆ ਪਰਿਵਾਰ ਰਹਿੰਦਾ ਹੈ। ਇਕ ਮਾਂ ਹੈ, ਗੋਰੀ ਚਿੱਟੀ ਤੇ ਮੋਟੀ ਤਿੰਨ ਕੁੜੀਆਂ ਹਨ, ਗੋਰੀਆਂ ਚਿੱਟੀਆਂ ਤੋਂ ਮੋਟੀਆਂ। ਦੋ ਮੁੰਡੇ ਹਨ, ਗੋਰੇ ਚਿੱਟੇ ਤੇ ਮੋਟੇ ਤੇ ਇਕ ਹੈ ਉਨ੍ਹਾਂ ਦਾ ਪਿਤਾ, ਜੋ ਸਭ ਤੋਂ ਵੱਧ ਗੋਰਾ ਚਿੱਟਾ ਤੇ ਸੱਭ ਤੋਂ ਵੱਧ ਮੋਟਾ ਹੈ। ਬੜਾ ਹੀ ਵੱਡਾ ਵਪਾਰੀ ਹੈ ਉਹ ਤੇ ਮੈਨੂੰ ਤਾਂ ਜਾਪਦਾ ਹੈ ਕਿ ਉਹ ਆਪਣੀਆਂ ਅੱਖਾਂ ਤੀਕ ਸੋਨੇ ਵਿਚ ਮੜਿਆ ਹੋਇਆ ਹੈ। ਕਦੀ ਉਹ ਜਰੂਰ ਸੋਹਣਾ ਹੁੰਦਾ ਹੋਵੇਗਾ, ਪਰ ਹੁਣ ਉਹਦਾ ਗੰਜ ਤੇ ਉਹਦੀ ਦੂਹਰੀ ਠੋਢੀ ਵੇਖ ਕੇ ਉਹਨੂੰ

ਕੌਣ ਸੋਹਣਾ ਕਵੇਗਾ? ਹੁਣ ਅਗਲੀ ਗੱਲ ਸੁਣੋ। ਮੈਂ ਉਹਦੀਆਂ ਤਿੰਨਾਂ ਧੀਆਂ ਨੂੰ ਮਹਾਨ ਕਵੀ ਦਾਂਤੇ ਦੀ ਕਵਿਤਾ ਪੜ੍ਹਾਉਂਦਾ ਹਾਂ। ਰੱਬ ਮੇਰਾ ਭਲਾ ਕਰੇ! ਮਨੁੱਖੀ ਜ਼ਬਾਨ ਵਿਚ ਉਹ ਸ਼ਬਦ ਨਹੀਂ ਜਿਨ੍ਹਾਂ ਰਾਹੀਂ ਮੈਂ ਤੁਹਾਨੂੰ ਦਸ ਸਕਾਂ ਕਿ ਦਾਂਤੇ ਦੀ ਮਹਾਨ ਕਵਿਤਾ ਕਿਵੇਂ ਉਨ੍ਹਾਂ ਤਿੰਨਾਂ ਸੁਹਣੀਆਂ ਕੁੜੀਆਂ ਨੂੰ ਭੰਬਲ ਭੂਸਿਆਂ ਵਿਚ ਪਾ ਦੇਂਦੀ ਹੈ। ਪਰ ਕੋਈ ਗੱਲ ਨਹੀਂ। ਹੌਲੀ-ਹੌਲੀ ਸਭ ਸਮਝ ਜਾਣਗੀਆਂ। ਜਿੰਨੀ ਬਹੁਤੀ ਦੇਰ ਨਾਲ ਉਨ੍ਹਾਂ ਨੂੰ ਸਮਝ ਆਏ, ਉਨੀ ਹੀ ਮਿਆਦ ਮੇਰੀ ਨੌਕਰੀ ਦੀ ਵਧੇਗੀ। ਏਸ ਲਈ ਮੇਰਾ ਏਸੇ ਵਿਚ ਹੀ ਭਲਾ ਹੈ। ਹੁਣ ਅਗਲੀ ਗੱਲ ਬੜੇ ਧਿਆਨ ਨਾਲ ਸੁਣਨ ਵਾਲੀ ਜੇ। ਚੰਗਾ ਹੁਣ ਤੁਸੀਂ ਸਾਰੇ ਕਲਪਨਾ ਕਰੋ ਕਿ ਮੈਂ ਸਦਾ ਵਾਂਗ ਅੱਜ ਵੀ ਉਨ੍ਹਾਂ ਕੁੜੀਆਂ ਨੂੰ ਪੜ੍ਹਾ ਰਿਹਾ ਹਾਂ ਅਤੇ ਅਸੀਂ ਚਾਰ ਦਾਂਤੇ ਦੇ 'ਨਰਕ' ਵਿਚ ਖੁੱਭੇ ਹੋਏ ਹਾਂ, ਜਿਥੇ ਦਾਂਤੇ ਨਰਕ ਦੇ ਸੱਤਵੇਂ ਚੱਕਰ ਦਾ ਵਰਨਣ ਕਰਦਾ ਹੈ। ਪਰ ਰਹਿਣ ਦਿਉ, ਉਨ੍ਹਾਂ ਤਿੰਨਾਂ ਗੋਰੀਆਂ, ਚਿੱਟੀਆਂ ਤੇ ਮੋਟੀਆਂ ਕੁੜੀਆਂ ਲਈ ਨਰਕ ਦੇ ਸਾਰੇ ਚੱਕਰ ਇਕੋ ਜਿਹੇ ਹਨ। ਪਰ ਸੱਤਵੇਂ ਚੱਕਰਤੇ ਅਪੜ ਕੇ ਮੇਰੀਆ ਤਿੰਨਾਂ ਵਿਦਿਆਰਥਣਾਂ ਦੀ ਸਮਝ ਜਵਾਬ ਦੇ ਗਈ ਤੇ ਉਹ ਸਤਵੇਂ ਚੱਕਰ ਵਿਚ ਫਸ ਕੇ ਰਹਿ ਗਈਆਂ। ਮੈਂ ਉਨ੍ਹਾਂ ਨੂੰ ਅੱਗੇ ਤੋਰਨ ਲਈ ਮੁੜ ਮੁੜ ਕਵਿਤਾ ਨੂੰ ਪੜ੍ਹਿਆ, ਉਹਦੀ ਵਿਆਖਿਆ ਕੀਤੀ ਤੇ ਆਪਣਾ ਲਹੂ ਪਸੀਨਾ ਇਕ ਕੀਤਾ, ਪਰ ਮੇਰਾ ਸਾਰਾ ਉਤਸ਼ਾਹ ਵਿਅਰਥ ਗਿਆ। ਉਸ ਵੇਲੇ ਮੈਨੂੰ ਬਾਹਰ ਬਰਾਂਡੇ ਵਿਚੋਂ ਕਿਸੇ ਦੇ ਬੂਟਾਂ ਦੀ ਚਿੜ-ਚਿੜ ਦੀ ਆਵਾਜ਼ ਆਈ ਤੇ ਫੇਰ ਉਹ ਗੰਜੇ ਸਿਰ ਅਤੇ ਦੋ ਠੰਡੀਆਂ ਵਾਲਾ ਵੱਡਾ ਵਪਾਰੀ, ਉਨ੍ਹਾਂ ਦਾ ਸੁਨਿਹਰੀ ਪਿਤਾ ਅੰਦਰ ਆਇਆ। ਮੇਰੇ ਚੰਗੇ ਪਿਆਰਿਉ, ਇਹ ਨਾ ਸਮਝੋ ਕਿ ਮੈਂ ਅਸਲੀ ਗੱਲ ਤੋਂ ਦੂਰ ਹਾਂ। ਸਗੋਂ ਮੈਂ ਤਾਂ ਅਸਲੀ ਗੱਲ ਦੇ ਬੜਾ ਲਾਗੇ ਅੱਪੜ ਪਿਆ ਹਾਂ। ਹੁਣ ਤੀਕ ਸਬਰ ਨਾਲ ਸੁਣਦੇ ਰਹੇ ਹੋ ਨਾ? ਕਿਤੇ ਇਹ ਤਾਂ ਨਹੀਂ ਆਖਦੇ ਰਹੇ, "ਇਹ ਖਸਮਾ ਖਾਣਾ ਪੈਸਕਾ ਅੱਜ ਕਿੰਨਾਂ ਗਲਾਧੜ ਬਣ ਗਿਆ ਏ !'

ਅਸੀਂ ਉਹਨੂੰ ਵਿਸ਼ਵਾਸ ਦਵਾਇਆ ਕਿ ਅਸੀ ਡੂੰਘੀ ਦਿਲਚਸਪੀ ਨਾਲ ਸਾਰੀ ਗੱਲ ਸੁਣ ਰਹੇ ਸਾਂ। ਪ੍ਰੋਫੈਸਰ ਕਹਿੰਦਾ ਗਿਆ।

"ਸੁਨਿਹਰੀ ਪਿਤਾ ਦੇ ਹੱਥ ਵਿਚ ਇਕ ਚਿੱਠੀ ਸੀ। ਉਹਨੇ ਖਿਮਾਂ ਮੰਗੀ ਕਿ ਉਹਨੇ ਇਕ ਮਾੜੀ ਜਹੀ ਦੁਨਿਆਵੀ ਗੱਲ ਪਿੱਛੇ ਸਾਡੀ ਨਾਰਕੀ ਮੰਡਲ ਦੀ ਯਾਤਰਾ ਵਿਚ ਵਿਘਨ ਪਾਇਆ ਸੀ। ਕਈ ਗੱਲ ਕਹਿਣੀ ਹੋਵੇ, ਤੁਸੀਂ ਅੰਗਰੇਜ਼ ਸਦਾ ਇਕ ਵੱਡੇ ਸਾਰੇ 'ਓ ਨਾਲ ਸ਼ੁਰੂ ਕਰਦੇ ਹੋ। ਉਹਨੇ ਤਿੰਨਾਂ ਕੁੜੀਆਂ ਨੂੰ ਸੰਬੋਧਨ ਕਰਦਿਆਂ ਕਿਹਾ, “ਓ ਮੇਰੀਓ ਬੱਚੀਉ ਮੇਰੇ

ਮਿੱਤਰ ਮਿਸਟਰ ਦੀ (ਨਾਂ ਮੈਨੂੰ ਭੁੱਲ ਗਿਆ ਹੈ, ਪਰ ਕੋਈ ਗੱਲ ਨਹੀਂ, ਯਾਦ ਆ ਜਾਏਗਾ, ਚੰਗਾ ਸੁਣੋ) ਚਿੱਠੀ ਆਈ ਹੈ।" ਪਿਤਾ ਕਹਿੰਦਾ ਗਿਆ, "ਉਹ ਚਾਹੁੰਦਾ ਹੈ ਕਿ ਮੈਂ ਉਹਨੂੰ ਕਿਸੇ ਚੰਗੇ ਜਿਹੇ ਡਰਾਇੰਗ ਮਾਸਟਰ ਦੀ ਦਸ ਪਾਵਾਂ ਜਿਹੜਾ ਪਿੰਡ ਵਿਚ ਉਹਦੇ ਘਰ ਨੌਕਰੀ ਕਰ ਸਕਦਾ ਹੋਵੇ।" ਰੱਬ ਮੇਰਾ ਭਲਾ ਕਰੇ। ਜਦੋਂ ਮੈਂ ਸੁਨਹਰੀ ਪਾਪਾ ਦੀ ਇਹ ਗੱਲ ਸੁਣੀ ਤਾਂ ਮੇਰਾ ਜੀ ਕੀਤਾ ਕਿ ਜੇ ਮੇਰਾ ਕੱਦ ਉਹਦੇ ਤੱਕ ਪਹੁੰਚ ਸਕਦਾ ਤਾਂ ਮੈਂ ਆਪਣੀਆਂ ਬਾਹਵਾਂ ਉਹਦੇ ਗੱਲ ਵਿਚ ਪਾ ਦੇਣੀਆਂ ਸਨ ਤੇ ਉਹਨੂੰ ਇਕ ਲੰਮੀ ਤੋਂ ਸ਼ੁਕਰਾਨੇ ਭਰੀ ਗਲਵਕੜੀ ਵਿਚ ਘੱਟ ਲੈਣਾ ਸੀ। ਪਰ ਕਰ ਮੈਂ ਏਨਾਂ ਹੀ ਸਕਿਆ ਕਿ ਆਪਣੀ ਕੁਰਸੀ ਉੱਤੇ ਭੜਕਦਾ ਰਿਹਾ ਜਿਵੇਂ ਮੈਨੂੰ ਹਨ ਕੰਡੇ ਚੁੱਭ ਰਹੇ ਹੋਣ।

ਮੇਰੀ ਆਤਮਾ ਕੁਝ ਆਖਣ ਲਈ ਬਿਹਬਲ ਹੋ ਰਹੀ ਸੀ, ਪਰ ਮੈਂ ਆਪਣੀ ਜੀਭ ਤੇ ਤਾਲਾ ਲਾਈ ਰਖਿਆ ਅਤੇ ਪਾਪਾ ਦੀ ਗੱਲ ਸੁਣਦਾ ਗਿਆ।

"ਸ਼ਾਇਦ ਮੇਰੀਓ ਬਚੀਓ।" ਉਸ ਧਨਾਢ ਆਦਮੀ ਨੇ ਆਪਣੇ ਮਿੱਤਰ ਦੀ ਚਿੱਠੀ ਆਪਣੀਆਂ ਸੁਨਹਿਰੀ ਉਂਗਲਾਂ ਅਤੇ ਅੰਗੂਠੇ ਵਿਚ ਸਹਿਜੇ ਸਹਿਜੇ ਮਰੋੜਦਿਆਂ ਆਖਿਆ, "ਤੁਸੀਂ ਕਿਸੇ ਅਜਿਹੇ ਡਰਾਇੰਗ ਮਾਸਟਰ ਨੂੰ ਜਾਣਦੀਆਂ ਹੋਵੋ ਜਿਸਦੀ ਮੈਂ ਸਿਫਾਰਸ਼ ਕਰ ਸਕਾਂ।"

ਕੁੜੀਆਂ ਨੇ ਇਕ ਦੂਜੇ ਵੱਲ ਵੇਖਿਆ ਤੇ ਫੇਰ ਅਵੱਸ਼ 'ਓ' ਨਾਲ ਆਪਣਾ ਫਿਕਰਾ ਸ਼ੁਰੂ ਕਰਦੀਆਂ ਬੋਲੀਆਂ : "ਓ ਪਾਪਾ ਸਾਨੂੰ ਤੇ ਪਤਾ ਨਹੀਂ ਪਰ ਤੁਸੀਂ ਮਿਸਟਰ ਪੈਸਕਾ ਨੂੰ ਪੁੱਛ ਵੇਖੋ।" ਜਦੋਂ ਉਨ੍ਹਾਂ ਨੇ ਮੇਰਾ ਨਾਂ ਲਿਆ ਤਾਂ ਮੈਂ ਆਪਣੇ ਆਪ ਤੇ ਹੋਰ ਕਾਬੂ ਨਾ ਰੱਖ ਸਕਿਆ। ਤੁਹਾਡਾ ਖ਼ਿਆਲ, ਮੇਰੇ ਚੰਗੇ ਪਿਆਰਿਉ, ਲਹੂ ਵਾਂਗ ਮੇਰੇ ਸਿਰ ਨੂੰ ਚੜ੍ਹ ਰਿਹਾ ਸੀ। ਮੈਂ ਆਪਣੀ ਕੁਰਸੀ ਤੇ ਏਦਾਂ ਭੁੜਕਿਆ ਜਿਵੇਂ ਕੋਈ ਤਿੱਖੀ ਨੋਕਦਾਰ ਸੀਖ ਫਰਸ਼ ਵਿਚੋਂ ਉਗ ਪਈ ਹੋਵੇ ਅਤੇ ਮੇਰੀ ਕੁਰਸੀ ਨੂੰ ਵਿੰਨ੍ਹਦੀ ਮੈਨੂੰ ਚੁਭ ਰਹੀ ਹੋਵੇ। ਮੈਂ ਉਸ ਵੱਡੇ ਵਪਾਰੀ ਨੂੰ ਅੰਗਰੇਜ਼ੀ ਜ਼ਬਾਨ ਵਿਚ ਸੰਬੋਧਨ ਕਰਦਿਆਂ ਆਖਿਆ, "ਸ੍ਰੀ ਮਾਨ ਜੀ, ਮੈਂ ਇਕ ਅਜਿਹੇ ਬੰਦੇ ਨੂੰ ਜਾਣਦਾ ਹਾਂ! ਉਹ ਸਾਰੀ ਦੁਨੀਆਂ ਵਿਚੋਂ ਇਕ ਨੰਬਰ ਦਾ ਮਾਹਿਰ ਤੇ ਪ੍ਰਮੁੱਖ ਡਰਾਇੰਗ ਮਾਸਟਰ ਹੈ। ਤੁਸੀਂ ਅੱਜ ਹੀ ਡਾਕ ਰਾਹੀਂ ਉਹਦੇ ਲਈ ਸਿਫ਼ਾਰਸ਼ ਲਿਖ ਭੇਜੋ ਤੇ ਕਲ੍ਹ ਸਵੇਰੇ ਦੀ ਗੱਡੀ ਉਹਨੂੰ ਉਹਦੇ ਬੋਰੀਏ ਬਿਸਤਰੇ ਸਮੇਤ ਪਿੰਡ ਭੇਜ ਦਿਉ।"

"ਠਹਿਰੋ! ਠਹਿਰੋ," ਪਾਪਾ ਨੇ ਕਿਹਾ "ਕੀ ਉਹ ਅੰਗਰੇਜ਼ ਹੈ ਕਿ ਕੋਈ ਬਦੇਸ਼ੀ।?"

"ਪੱਕਾ ਅੰਗਰੇਜ਼!" ਮੈਂ ਉੱਤਰ ਦਿੱਤਾ।

ਉਹਦੀ ਇਹ ਗੱਲ ਸੁਣਕੇ ਮੈਨੂੰ ਕ੍ਰੋਧ ਆ ਗਿਆ ਅਤੇ ਮੈਂ ਰੁਖਾਈ ਨਾਲ ਆਖਿਆ, "ਸ਼੍ਰੀ ਮਾਨ ਜੀ, ਇਸ ਅੰਗਰੇਜ਼ ਦੇ ਅੰਦਰ ਪ੍ਰਤਿਭਾ ਦੀ ਉਹ ਅਮਰ ਜੋਤ ਹੈ, ਜੋ ਉਸ ਤੋਂ ਪਹਿਲਾਂ ਉਹਦੇ ਪਿਤਾ ਦੇ ਸੀਨੇ ਵਿਚ ਸੀ।"

"ਮਿਸਟਰ ਪੈਸਕਾ, ਤੂੰ ਪ੍ਰਤਿਭਾ ਦੀ ਗੱਲ ਛੱਡ ਉਸ ਅਸਭਯ ਸੁਨਿਹਰੀ ਪਾਪਾ ਨੇ ਕਿਹਾ, "ਅਸੀਂ ਇਸ ਦੇਸ਼ ਵਿਚ ਪ੍ਰਤਿਭਾ ਦੀ ਉਦੋਂ ਹੀ ਕਦਰ ਕਰਦੇ ਹਾਂ ਜਦੋਂ ਉਹਦੇ ਵਿਚ ਸਾਉਪਣਾ ਰਲਿਆ ਹੋਵੇ। ਜਦੋਂ ਦੋਵੇਂ ਹੀ ਗੁਣ ਮਿਲ ਜਾਣ, ਫ਼ਿਰ ਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਈ! ਕੀ ਤੇਰਾ ਉਹ ਮਿੱਤਰ ਕੋਈ ਪ੍ਰਮਾਣ-ਪੱਤ੍ਰ ਵਿਖਾ ਸਕੇਗਾ, ਜੋ ਉਹਦੇ ਚਾਲ-ਚਲਣ ਦੀ ਸਾਖ਼ੀ ਭਰਨ?"

'ਪ੍ਰਮਾਣ-ਪੱਤ੍ਰ," ਮੈਂ ਬੇਧਿਆਨੀ ਵਿਚ ਹੱਥ ਹਿਲਾਉਂਦਿਆ ਆਖਿਆ, "ਰੱਬ ਮੇਰਾ ਭਲਾ ਕਰੇ, ਉਹਦੇ ਕੋਲ ਤਾਂ ਅਜਿਹੇ ਪੱਤਰਾਂ ਦੇ ਕਈ ਗ੍ਰੰਥ ਕਈ ਥੈਲੇ ਭਰੇ ਪਏ ਹਨ। ਤੁਹਾਨੂੰ ਕਿੰਨੇ ਕੁ ਚਾਹੀਦੇ ਹਨ?"

"ਮੈਨੂੰ ਤਾਂ ਇਕ ਦੋ ਹੀ ਬਥੇਰੇ ਹਨ।" ਉਸ ਬਲਗਮੀ ਸਭਾ ਦੇ ਧਨਾਢ ਨੇ ਕਿਹਾ, “ਉਹਨੂੰ ਆਖੀਂ ਕਿ ਨਾਲ ਉਹ ਆਪਣਾ ਨਾਂ ਪਤਾ ਵੀ ਭੇਜ ਦੇਵੇ। ਹੱਛਾ ਠਹਿਰ ਮਿਸਟਰ ਪੈਸਕਾ, ਜਾਣ ਤੋਂ ਪਹਿਲਾਂ ਤੂੰ ਮੇਰੇ ਵਲੋਂ ਇਕ ਨੋਟ ਹੀ ਆਪਣੇ ਮਿੱਤਰ ਲਈ ਲੈ ਜਾਈ "

"ਬੈਂਕ-ਨੋਟ।" ਮੈਂ' ਫਿਰ ਗੁੱਸੇ ਨਾਲ ਬੋਲਿਆ, "ਖਿਮਾ ਕਰਨਾ ਮੇਰਾ ਅੰਗਰੇਜ਼ ਦੋਸਤ ਕੋਈ ਬੈਂਕ-ਨੋਟ ਸਵੀਕਾਰ ਨਹੀਂ ਕਰਦਾ ਜਦ ਤਕ ਉਹ ਉਸਨੂੰ ਕਮਾ ਨਾ ਲਵੇ?" ਬੈਂਕ-ਨੋਟ ! ਪਾਪਾ ਨੇ ਬੜੀ ਅਸਚਰਜਤਾ ਨਾਲ ਆਖਿਆ, "ਬੈਂਕ-ਨੋਟ ਦੀ ਗੱਲ ਕਿਸਨੇ ਕੀਤੀ ਹੈ? ਮੇਰਾ ਤਾਂ ਭਾਵ ਸੀ ਕਿ ਉਹਨੂੰ ਚਿੱਠੀ ਰਾਹੀਂ ਦਸਦਿਆਂ ਕਿ ਉਹਨੇ ਉਥੇ ਜਾ ਕੇ ਕੀ ਕੀ ਕੰਮ ਕਰਨਾ ਹੈ। ਹੱਛਾ ਮਿਸਟਰ ਪੈਸਕਾ, ਤੇ ਆਪਣੀ ਪੜ੍ਹਾਈ ਜਾਰੀ ਰੱਖ ਮੈਂ ਤੈਨੂੰ ਆਪਣੇ ਮਿੱਤਰ ਦੀ ਚਿੱਠੀ ਵਿਚੋਂ ਜ਼ਰੂਰੀ ਗੱਲਾਂ ਸੰਖੇਪ ਕਰਕੇ ਲਿਖ ਦੇਂਦਾ ਹਾਂ।" ਇੰਨਾ ਕਹਿ ਕੇ ਉਹ ਦੌਲਤਮੰਦ ਆਦਮੀ ਕਾਗਜ਼ ਕਲਮ ਤੋਂ ਸਿਆਹੀ ਲੈ ਕੇ ਚਿੱਠੀ ਲਿਖਣ ਵਿਚ ਰੁਝ ਗਿਆ ਅਤੇ ਮੈਂ

ਆਪਣੀਆਂ ਤਿੰਨੇ ਵਿਦਿਆਰਥਣਾਂ ਸਮੇਤ ਮੁੜ ਕੇ ਦਾਂਤੇ ਦੇ 'ਨਰਕ' ਵਿਚ ਵੀ ਪਹੁੰਚ ਗਿਆ। ਦਸ ਮਿੰਟ ਲੱਗੇ। ਚਿੱਠੀ ਮੁਕੀ ਅਤੇ ਪਾਪਾ ਦੇ ਬੂਟਾਂ ਦੀ ਆਵਾਜ਼ ਗੈਲਰੀ ਵਿਚੋਂ ਦੂਰ ਦੂਰ ਹੁੰਦੀ ਗਈ।

ਮੈਂ ਕਸਮ ਖਾ ਕੇ ਆਖਦਾ ਹਾਂ ਕਿ ਉਸ ਪਲ ਤੋਂ ਮਗਰੋਂ ਮੈਨੂੰ ਹੋਰ ਕਿਸੇ ਗੱਲ ਦੀ ਸੁੱਧ ਨਹੀਂ ਕਿ ਆਖਿਰ ਮੈਨੂੰ ਉਹ ਮੌਕਾ ਮਿਲ ਗਿਆ ਹੈ, ਕਿ ਮੈਂ ਦੁਨੀਆ ਵਿਚ ਆਪਣੇ ਸਭ ਤੋਂ ਪਿਆਰੇ ਮਿੱਤਰ ਲਈ ਧੰਨਵਾਦ ਵਜੋਂ ਕੋਈ ਸੇਵਾ ਕਰ ਸਕਿਆ ਹਾਂ, ਏਸ ਖਿਆਲ ਨਾਲ ਹੀ ਮੈਂ ਨਸ਼ਿਆ ਗਿਆ ਸਾਂ। ਮੈਂ ਕਿਵੇਂ ਆਪਣੀਆਂ ਵਿਦਿਆਰਥਣਾਂ ਸਮੇਤ ਉਸ ਨਾਰਕੀ ਮੰਡਲ ਵਿਚੋਂ ਬਾਹਰ ਆਇਆ, ਮਗਰੋਂ ਹੋਰ ਆਪਣੇ ਕਮ ਮੈਂ ਕਿਵੇਂ ਮੁਕਾਏ, ਕਿਵੇਂ ਮੈਂ ਰੋਟੀ ਆਪਣੇ ਸੰਘੋ ਅੰਦਰ ਲੰਘਾਈ, ਕਿਸੇ ਚੀਜ਼ ਦੀ ਮੈਨੂੰ ਕੋਈ ਹੋਸ਼ ਨਹੀਂ ਸੀ। ਬਸ ਏਨਾ ਮੈਨੂੰ ਪਤਾ ਹੈ ਕਿ ਇਕ ਵੱਡ ਧਨਾਢ ਵਪਾਰੀ ਦੀ ਚਿੱਠੀ ਮੇਰੇ ਹੱਥ ਵਿਚ ਹੈ ਤੇ ਮੇਰੇ ਅੰਦਰ ਇਕ ਨਵੀਂ ਜ਼ਿੰਦਗੀ ਧੜਕ ਰਹੀ ਹੈ ਤੇ ਮੇਰੇ ਲੂੰ ਲੂੰ ਵਿਚੋਂ ਚੰਗਿਆੜੇ ਫੁਟ ਰਹੇ ਹਨ ਅਤੇ ਮੈਂ ਏਨਾ ਖੁਸ਼ ਹਾਂ ਜਿਵੇਂ ਮੈਨੂੰ ਕੋਈ ਬਾਦਸ਼ਾਹੀ ਮਿਲ ਗਈ ਹੋਵੇ !"

ਇਹ ਕਹਿੰਦਿਆਂ ਪ੍ਰੋਫੈਸਰ ਨੇ ਉਹ ਚਿੱਠੀ ਆਪਣੇ ਸਿਰ ਤੋਂ ਉਪਰ ਹਿਲਾਈ ਅਤੇ ਆਪਣੇ ਤਿਖੇ ਇਤਾਲਵੀ ਢੰਗ ਨਾਲ ਖੁਸ਼ੀ ਦਾ ਇਕ ਨਾਅਰਾ ਅੰਗਰੇਜ਼ੀ ਵਿਚ ਲਾ ਕੇ ਆਪਣੇ ਲੰਮੇ ਅਤੇ ਬੜਬੋਲੇ ਭਾਸ਼ਨ ਦਾ ਭੋਗ ਪਾਇਆ।

ਜਿਉਂ ਹੀ ਉਸ ਨੇ ਬੋਲਣਾ ਬੰਦ ਕੀਤਾ, ਮੇਰੀ ਮਾਂ ਉਠ ਖੜੋਤੀ। ਉਹਦੀਆਂ ਗੱਲਾਂ ਭੱਖ ਰਹੀਆਂ ਸਨ ਤੇ ਅੱਖਾਂ ਚਮਕ ਰਹੀਆਂ ਸਨ। ਉਹਨੇ ਪੈਸਕਾ ਦੇ ਦੋਵੇਂ ਹੱਥ ਫੜ ਕੇ ਘੁਟੇ ਅਤੇ ਬੋਲੀ, 'ਮੇਰੇ ਚੰਗੇ ਪੈਸਕਾ, ਮੈਨੂੰ ਪਹਿਲਾਂ ਹੀ ਵਿਸ਼ਵਾਸ ਸੀ ਕਿ ਤੂੰ ਵਾਲਟਰ ਨੂੰ ਸੱਚੇ ਦਿਲੋਂ ਪਿਆਰ ਕਰਦਾ ਏਂ ਪਰ ਹੁਣ ਤਾਂ ਮੇਰਾ ਵਿਸ਼ਵਾਸ ਪੱਕਾ ਹੋ ਗਿਆ।"

"ਅਸੀਂ ਪ੍ਰੋਫੈਸਰ ਪੈਸਕਾ ਦੇ ਬਹੁਤ ਧੰਨਵਾਦੀ ਹਾਂ ਕਿ ਉਹ ਵਾਲਟਰ ਲਈ ਏਨਾ ਕੁਝ ਕਰ ਰਿਹਾ ਹੈ!" ਸਾਰਾਹ ਨੇ ਕਿਹਾ ਤੇ ਬੋਲਦੀ ਬੋਲਦੀ ਅੱਧੀ ਕੁ ਉਠੀ, ਜਿਵੇਂ ਉਹ ਵੀ ਮਾਂ ਵਾਂਗ ਪੈਸਕਾ ਕੋਲ ਚਲੀ ਸੀ। ਪਰ ਜਦੋਂ ਉਹਨੇ ਵੇਖਿਆ ਕਿ ਪੈਸਕਾ ਮਾਂ ਦੇ ਹੱਥਾਂ ਨੂੰ ਕਿੰਨੀ ਮਸਤੀ ਵਿਚ ਆ ਕੇ ਚੰਮ ਰਿਹਾ ਸੀ ਤਾਂ ਉਹਦਾ ਮੂੰਹ ਗੰਭੀਰ ਹੋ ਗਿਆ ਤੇ ਉਹ ਮੁੜ ਆਪਣੀ ਥਾਂ ਤੇ ਬਹਿ ਗਈ। ਜੇ ਭਲਾ ਉਹ ਉਹਦੀ ਮਾਂ ਨਾਲ ਇਹ ਕੁਝ ਕਰ ਰਿਹਾ ਸੀ ਤਾਂ ਉਹਦੇ

ਨਾਲ ਪਤਾ ਨਹੀਂ ਕੀ ਕਰੇ। ਕਈ ਵਾਰ ਦਿਲ ਦੀ ਗਲ ਚਿਹਰੇ ਤੋਂ ਸਾਫ਼ ਪੜ੍ਹੀ ਜਾਂਦੀ ਹੈ। ਜਦੋਂ ਸਾਰਾਹ ਮੁੜ ਕੇ ਬੈਠ ਗਈ ਤਾਂ ਨਿਰਸੰਦੇਹ ਉਹਦੇ ਮਨ ਵਿਚ ਇਹੀ ਖਿਆਲ ਸੀ।

ਭਾਵੇਂ ਮੈਂ ਪੈਸਕਾ ਦੀ ਇਸ ਮਿਹਰਬਾਨੀ ਅਤੇ ਨੇਕ-ਨੀਅਤ ਲਈ ਸ਼ੁਕਰਗੁਜ਼ਾਰ ਸਾਂ, ਪਰ ਜਿਹੜੀ ਨੌਕਰੀ ਮਿਲਣ ਦੀ ਮੈਨੂੰ ਆਸ ਦਿਵਾਈ ਗਈ ਸੀ ਉਹਦੇ ਖ਼ਿਆਲ ਨਾਲ ਮੇਰੀ ਸੁਰਤ ਵਿਚ ਹੁਲਾਰਾ ਨਾ ਆਇਆ ਜੋ ਆਉਣਾ ਚਾਹੀਦਾ ਸੀ। ਜਦੋਂ ਪ੍ਰੋਫੈਸਰ ਮੇਰੀ ਮਾਂ ਦੇ ਹੱਥਾਂ ਵਲੋਂ ਵਿਹਲਾ ਹੋਇਆ ਤਾਂ ਮੈਂ ਉਹਦਾ ਬੜੀ ਗਰਮਜੋਸ਼ੀ ਨਾਲ ਧੰਨਵਾਦ ਕੀਤਾ ਕਿ ਉਹਨੇ ਮੇਰੀ ਸਿਫਾਰਸ਼ ਕੀਤੀ ਸੀ। ਫੇਰ ਮੈਂ ਉਹ ਚਿੱਠੀ ਦੇਖਣ ਦੀ ਆਗਿਆ ਮੰਗੀ ਜੋ ਉਹਦੇ ਪਤਵੰਤ ਸਰਪ੍ਰਸੱਤ ਨੇ ਮੇਰੇ ਲਈ ਘਲੀ ਸੀ

ਪੈਸਕਾ ਨੇ ਇਕ ਜੇਤੂ ਅੰਦਾਜ਼ ਨਾਲ ਆਪਣਾ ਹੱਥ ਹਿਲਾ ਕੇ ਉਹ ਚਿੱਠੀ ਮੈਨੂੰ ਫੜਾਈ। "ਲੇ ਪੜ੍ਹ !" ਉਸ ਮਧਰੇ ਮਨੁੱਖ ਨੇ ਬੜੀ ਸ਼ਾਨ ਨਾਲ ਆਖਿਆ, 'ਮੇਰੇ ਮਿੱਤਰ, ਮੈਂ ਤੈਨੂੰ ਵਿਸ਼ਵਾਸ ਦਿਵਾਂਦਾ ਹਾਂ ਕਿ ਸੁਨਹਿਰੀ ਪਾਪਾ ਦੀ ਲਿਖਤ ਵਿਚ ਤੈਨੂੰ ਖੁਸ਼ੀਆਂ ਦੀਆਂ ਸ਼ਹਿਨਾਈਆਂ ਵਜਦੀਆਂ ਸੁਣਾਈ ਦੇਣਗੀਆਂ।"

ਹੋਰ ਕੁਝ ਮੈਨੂੰ ਪਤਾ ਨਹੀ ਪਰ ਉਹ ਚਿੱਠੀ ਸਾਫ ਸਿਧੀ ਤੇ ਸਪੱਸ਼ਟ ਸੀ। ਉਸਦੇ ਪੜ੍ਹਨ ਤੋਂ ਪਤਾ ਲੱਗਾ :-

ਪਹਿਲੀ ਗਲ ਕਿ ਕੰਬਰਲੈਂਡ ਦੇ ਲਿਮਰਿਜ਼ ਹਾਊਸ ਦੇ ਮਿਸਟਰ ਫਰੈਡਰਿਕ ਫੇਅਰਲੀ ਨੂੰ ਇਕ ਬੜੇ ਹੀ ਸੁਚੱਜੇ ਡਰਾਇੰਗ ਮਾਸਟਰ ਦੀ ਚਾਰ ਮਹੀਨੇ ਦੇ ਸਮੇਂ ਲਈ ਲੋੜ ਸੀ।

ਦੂਜੀ ਗੱਲ ਸੀ ਕਿ ਇਸ ਮਾਸਟਰ ਨੂੰ ਦੋ ਪ੍ਰਕਾਰ ਦੇ ਕੰਮ ਭੁਗਤਾਣੇ ਪੈਣਗੇ। ਇਕ ਤਾਂ ਦੋ ਮੁਟਿਆਰਾਂ ਨੂੰ ਚਿੱਤਰਕਲਾ ਦੀ ਸਿਖਲਾਈ ਕਰਾਉਣੀ ਪਵੇਗੀ ਤੇ ਦੂਜਾ ਆਪਣੇ ਵਿਹਲੇ ਸਮੇਂ ਵਿਚ ਉਨ੍ਹਾਂ ਕੁਝ ਚਿੱਤਰਾਂ ਦੀ ਮੁਰੰਮਤ ਕਰਕੇ ਗੱਤਿਆਂ ਉਤੇ ਜੜਨਾਂ ਸੀ ਜੋ ਅਣਗਹਿਲੀ ਕਰਕੇ ਬੁਰੇ ਤੇ ਖਸਤਾ ਹਾਲ ਵਿਚ ਸਨ।

ਤੀਜੀ ਗੱਲ ਸੀ ਕਿ ਜਿਹੜਾ ਮਾਸਟਰ ਇਨ੍ਹਾਂ ਦੋਹਾਂ ਕੰਮਾਂ ਨੂੰ ਚੰਗੀ ਤਰ੍ਹਾਂ ਨਿਭਾਏਗਾ, ਉਹਨੂੰ ਹਫ਼ਤੇ ਦੀਆਂ ਚਾਰ ਗਿਨੀਆਂ ਦਿੱਤੀਆਂ ਜਾਣਗੀਆਂ ਅਤੇ ਉਹਨੂੰ ਲਿਮਰਿਜ ਹਾਊਸ ਵਿਚ ਰਹਿਣਾ ਪਏਗਾ ਜਿਥੋਂ ਉਹਦੇ ਨਾਲ ਪਰਿਵਾਰ ਦੇ ਇਕ ਸਦੱਸਵੀਂ ਵਰਗਾ ਹੀ ਸਲੂਕ ਕੀਤਾ ਜਾਏਗਾ।

ਚੌਥੀ ਤੇ ਅਖੀਰਲੀ ਗੱਲ ਸੀ ਕਿ ਜਦੋਂ ਤਕ ਕਿਸੇ ਕੋਲ ਆਪਣੇ ਆਚਰਣ ਅਤੇ ਯੋਗਤਾ ਸਬੰਧੀ ਬਹੁਤ ਹੀ ਚੰਗੇ ਤੇ ਬੇਦਾਗ਼ ਪ੍ਰਮਾਣ-ਪੱਤਰ ਨਾ ਹੋਣ ਉਹ ਇਸ ਨੌਕਰੀ ਲਈ

ਅਰਜ਼ੀ ਦੇਣ ਬਾਰੇ ਨਾ ਸੋਚੇ। ਇਹ ਪ੍ਰਮਾਣ-ਪੱਤਰ ਮਿਸਟਰ ਫ਼ੇਅਰਲੀ ਦੇ ਮਿੱਤਰ ਕੋਲ ਲੰਦਨ ਵਿਚ ਭੇਜੇ ਜਾਣ। ਨੌਕਰੀ ਸਬੰਧੀ ਫੈਸਲਾ ਕਰਨ ਅਤੇ ਲੋੜੀਂਦਾ ਪ੍ਰਬੰਧ ਕਰਨ ਦਾ ਵੀ ਪੂਰਾ ਅਧਿਕਾਰ ਲੰਦਨ ਵਾਲੇ ਉਸ ਮਿੱਤਰ ਨੂੰ ਹੀ ਸੀ। ਇਨ੍ਹਾਂ ਹਿਦਾਇਤਾਂ ਤੋਂ ਉਪਰੰਤ ਪੈਸਕਾ ਦੇ ਪੋਰਟਲੈਂਡ ਵਾਲੇ ਮਾਲਿਕ ਦਾ ਨਾਂ ਪਤਾ ਦਰਜ ਸੀ ਅਤੇ ਏਥੇ ਆ ਕੇ ਉਹ ਚਿੱਠੀ ਖ਼ਤਮ ਹੋ ਜਾਂਦੀ ਸੀ।

ਜਿਹੜੀ ਨੌਕਰੀ ਮੈਨੂੰ ਪੇਸ਼ ਕੀਤੀ ਗਈ ਸੀ ਉਹ ਨਿਸ਼ਚਿਤ ਹੀ ਮਨ ਨੂੰ ਲੁਭਾਣ ਵਾਲੀ ਸੀ। ਕੰਮ ਸੁਖਾਲਾ ਵੀ ਸੀ ਤੇ ਮਨ-ਭਾਉਂਦਾ ਵੀ। ਫੇਰ ਇਹ ਨੌਕਰੀ ਮੈਨੂੰ ਪਤਝੜ ਦੇ ਮੌਸਮ ਵਿਚ ਪੇਸ਼ ਕੀਤੀ ਗਈ ਜਦੋਂ ਮੈਨੂੰ ਚੋਖੀ ਸਾਰੀ ਵਿਹਲ ਸੀ। ਆਪਣੇ ਪੇਸ਼ੇ ਵਿਚ ਆਪਣੇ ਨਿੱਜੀ ਤਜਰਬੇ ਦੀ ਬਿਨਾ ਉਤੇ ਮੈਂ ਜਾਣਦਾ ਸਾਂ ਕਿ ਜਿਨ੍ਹਾਂ ਸ਼ਰਤਾਂ ਉਤੇ ਮੈਨੂੰ ਇਹ ਨੌਕਰੀ ਦਿੱਤੀ ਗਈ ਸੀ, ਉਹ ਬੜੀਆਂ ਲਾਹੇਵੰਦੀਆ ਸਨ। ਮੈਨੂੰ ਇਸ ਗੱਲ ਦੀ ਵੀ ਪੂਰੀ ਸੋਝੀ ਸੀ ਕਿ ਜੇ ਇਹ ਨੌਕਰੀ ਮੈਨੂੰ ਸੱਚਮੁੱਚ ਮਿਲ ਜਾਏ ਤਾਂ ਮੈਨੂੰ ਆਪਣੇ ਆਪ ਨੂੰ ਭਾਗਸ਼ਾਲੀ ਸਮਝਣਾ ਚਾਹੀਦਾ ਹੈ। ਇਹ ਸਭ ਗੱਲਾਂ ਜਾਣਦਿਆਂ-ਬੁਝਦਿਆਂ ਵੀ ਜਿਉਂ ਹੀ ਮੈਂ ਇਹ ਚਿੱਠੀ ਪੜ੍ਹੀ, ਆਪਣੇ ਦਿਲ ਵਿਚ ਇਸ ਨੌਕਰੀ ਲਈ ਮੈਂ ਇਕ ਅਨੋਖੀ ਗੈਰ-ਰਜ਼ਾਮੰਦੀ ਅਨੁਭਵ ਕੀਤੀ। ਪਿਛਲੇ ਸਾਰੇ ਤਜਰਬੇ ਵਿਚ ਕਦੀ ਵੀ ਮੈਨੂੰ ਆਪਣੇ ਫਰਜ਼ ਅਤੇ ਆਪਣੀ ਮਰਜ਼ੀ ਵਿਚਕਾਰ ਅਜਿਹੀ ਅਜੋੜਤਾ ਅਤੇ ਆਣੀ ਦੁਚਿੱਤੀ ਨਾਲ ਵਾਹ ਨਹੀਂ ਸੀ ਪਿਆ। "ਓ ਵਾਲਟਰ, ਤੇਰੇ ਪਿਤਾ ਨੂੰ ਕਦੀ ਅਜਿਹਾ ਮੌਕਾ ਹੀ ਨਹੀਂ ਮਿਲਿਆ ਸੀ!" ਮੇਰੀ ਮਾਂ ਨੇ ਉਸ ਚਿੱਠੀ ਵਿਚਲੀਆਂ ਨੌਕਰੀ ਦੀਆਂ ਸ਼ਰਤਾਂ ਪੜ੍ਹਨ ਮਗਰੋਂ ਮੈਨੂੰ ਫੜਾਉਂਦਿਆਂ ਕਿਹਾ।

ਸਾਰਾਹ ਨੇ ਕੁਰਸੀ ਵਿਚ ਆਪਣੀ ਪਿੱਠ ਸਿੱਧੀ ਕਰਦਿਆਂ ਆਖਿਆ, "ਏਨੇ ਵੱਡੇ ਵੱਡੇ ਆਦਮੀਆਂ ਨਾਲ ਤੇਰਾ ਬਹਿਣ ਉਠਣ ਹੋਵੇਗਾ। ਕਿੰਨੀ ਖੁਸ਼ੀ ਦੀ ਗੱਲ ਹੈ ਕਿ ਉਹ ਘਰ ਵਿਚ ਤੇਰੇ ਨਾਲ ਆਪਣੇ ਵਰਗਾ ਹੀ ਸਲੂਕ ਕਰਨਗੇ।"

"ਹਾਂ, ਹਾਂ" ਮੈਂ ਰਤਾ ਕਾਹਲਾ ਪੈ ਕੇ ਬੋਲਿਆ-"ਇਸ ਨੌਕਰੀ ਦੀਆਂ ਸ਼ਰਤਾਂ ਹਰ ਤਰ੍ਹਾਂ ਮਨ ਭਰਮਾਉਣ ਵਾਲੀਆਂ ਹਨ। ਪਰ ਆਪਣੇ ਪ੍ਰਮਾਣ-ਪੱਤਰ ਭੇਜਣ ਤੋਂ ਪਹਿਲਾਂ ਮੈਂ ਸੋਚਣ ਲਈ ਕੁਝ ਵਕਤ ਚਾਹਾਂਗਾ।"

"ਸੋਚਣ ਲਈ !" ਮਾਂ ਨੇ ਹੈਰਾਨੀ ਨਾਲ ਆਖਿਆ ਵਾਲਟਰ ਪੁੱਤਰ ਤੂੰ ਇਹੋ ਜਿਹੀਆਂ ਗੱਲਾਂ ਕਰ ਰਿਹਾ ਏ?"

"ਸੋਚਣ ਲਈ।" ਸਾਰਾਹ ਨੇ ਮਾਂ ਦੇ ਸ਼ਬਦ ਦੁਹਰਾਉਂਦਿਆਂ ਆਖਿਆ, "ਇਹ ਤਾਂ ਤੂੰ ਬੜੀ ਅਸਚਰਜ ਗੱਲ ਆਖੀ ਏ।"

"ਸੋਚਣ ਲਈ।" ਪ੍ਰੋਫੈਸਰ ਨੇ ਆਪਣੀ ਸੁਰ ਰਲਾਉਂਦਿਆਂ ਆਖਿਆ, "ਸੋਚਣ ਦੀ ਇਹਦੇ ਵਿਚ ਕਿਹੜੀ ਗੱਲ ਏ? ਤੂੰ ਮੈਨੂੰ ਇਹ ਦੱਸ ਕਿ ਤੂੰ ਇਹ ਸ਼ਕਾਇਤ ਨਹੀਂ ਸੀ ਕਰਦਾ ਕਿ ਤੇਰੀ ਸਿਹਤ ਖਰਾਬ ਹੋ ਗਈ ਏ? ਕੀ ਤੂੰ ਪਿੰਡ ਦੀ ਨਰੋਈ ਪੌਣ ਲਈ ਸਹਿਕਦਾ ਨਹੀਂ ਰਿਹਾ? ਤੇ ਹੁਣ ਤੇਰੇ ਹੱਥ ਵਿਚ ਇਹ ਕਾਗਜ਼ ਏ ਜਿਸਦੇ ਰਾਹੀਂ ਤੈਨੂੰ ਚਾਰ ਮਹੀਨੇ ਲਈ ਪਿੰਡ ਦੀ ਹਵਾ ਦੇ ਖੁਲ੍ਹੇ-ਗੱਫੇ ਪੇਸ਼ ਕੀਤੇ ਗਏ ਹਨ। ਮੈਂ ਪੁਛਨਾਂ ਵਾਂ ਇਹ ਗੱਲ ਠੀਕ ਏ ਕਿ ਨਹੀਂ। ਹੋਰ ਸੁਣ। ਤੈਨੂੰ ਪੈਸਿਆਂ ਦੀ ਵੀ ਲੋੜ ਏ, ਕੀ ਹਫਤੇ ਦੀਆਂ ਚਾਰ ਗਿਨੀਆਂ ਸੋਨੇ ਦੀਆਂ ਕੋਈ ਚੀਜ਼ ਹੀ ਨਹੀਂ? ਰੱਬ ਮੈਨੂੰ ਬਖਸ਼ੇ! ਜੇ ਮੈਨੂੰ ਕੋਈ ਇੰਨੇ ਪੈਸੇ ਦੇਵੇ ਤਾਂ ਮੇਰੇ ਬੂਟ ਵੀ ਉਸ ਸੁਨਹਿਰੀ ਪਾਪਾ ਦੇ ਬੂਟਾਂ ਵਾਂਗ ਦੌਲਤ ਤੇ ਗੁਮਾਨ ਵਿਚ ਚੀਕਣਾ ਸ਼ੁਰੂ ਕਰ ਦੇਣ। ਹਫਤੇ ਦੀਆਂ ਚਾਰ ਗਿਨੀਆਂ ਤੇ ਵੱਡੀ ਗਲ ਇਹ ਕਿ ਦੋ ਜਵਾਨ ਸੁਹਣੀਆਂ ਕੁੜੀਆਂ ਦਾ ਸੁਹਾਵਣਾ ਸਾਥ ਤੇ ਇਸਤੋਂ ਵੀ ਵੱਡੀ ਗੱਲ ਇਹ ਕਿ ਤੇਰਾ ਬਿਸਤਰਾ, ਤੇਰਾ ਨਾਸ਼ਤਾ ਤੇਰਾ ਖਾਣਾ ਤੁਹਾਡੀਆਂ ਅੰਗਰੇਜ਼ ਘਰਾਂ ਦੀਆਂ ਸ਼ਾਨਦਾਰ ਚਾਹਵਾਂ ਅਤੇ ਲੰਚ, ਏਥੋਂ ਤਕ ਕਿ ਪੀਣ ਲਈ ਝਗ-ਭੱਗ ਬੀਅਰ, ਸਭ ਕੁਝ ਮੁਫਤ !

ਵਾਲਟਰ ਯਾਰ, ਆਖਰ ਕੀ ਉਲਝਣ ਹੈ ਹੁਣ? ਜ਼ਿੰਦਗੀ ਵਿਚ ਪਹਿਲੀ ਵਾਰ ਅੱਜ ਤੇਰੀ ਗੱਲ ਤੋ ਏਨਾ ਅਸਚਰਜ ਹੋਇਆ ਹਾਂ।" ਮੇਰੇ ਵਤੀਰੇ ਉਤੇ ਮੇਰੀ ਮਾਂ ਦੀ ਅਸਚਰਜਤਾ ਪ੍ਰਤੱਖ ਸੀ। ਪੈਸਕਾ ਨੇ ਬੜੇ ਜੋਸ਼ੀਲੇ ਢੰਗ ਨਾਲ ਇਸ ਨਵੀਂ ਨੌਕਰੀ ਦੇ ਗੁਣਾਂ ਦੀ ਮੁਹਾਰਨੀ ਮੈਨੂੰ ਸੁਣਾਈ। ਪਰ ਲਿਮਰਿਜ ਹਾਊਸ ਜਾਣ ਸਬੰਧੀ ਜਿਹੜੀ ਅਸਹਿਮਤੀ ਮੇਰੇ ਦਿਲ ਵਿਚ ਸੀ ਉਹਨੂੰ ਕੋਈ ਚੀਜ਼ ਨਾ ਹਿਲਾ ਸਕੀ।

ਕੰਬਰਲੈਂਡ ਜਾਣ ਵਿਰੁੱਧ ਮੈਂ ਕਈ ਨਿੱਕੇ ਨਿੱਕੇ ਇਤਰਾਜ਼ ਪੇਸ਼ ਕੀਤੇ ਪਰ ਸਭ ਨਿਸਫਲ। ਇਕ ਇਕ ਕਰਕੇ ਇਨ੍ਹਾਂ ਸਭ ਦੇ ਉੱਤਰ ਮੈਨੂੰ ਮਿਲ ਗਏ। ਅਖੀਰਲੇ ਅੰਕੜੇ ਪੇਸ਼ ਕਰਦਿਆਂ ਮੈਂ ਪੁਛਿਆ ਕਿ ਜਦੋਂ ਮੈਂ ਮਿਸਟਰ ਫੇਅਰਲੀ ਦੀਆਂ ਕੁੜੀਆਂ ਨੂੰ ਕੁਦਰਤੀ ਨਜ਼ਾਰੇ ਚਿੱਤਰਨੇ ਸਿਖਾ ਰਿਹਾ ਹੋਵਾਂਗਾ ਤਾਂ ਏਥੇ ਮੇਰੇ ਲੰਦਨ ਵਾਲੇ ਸ਼ਾਗਿਰਦਾਂ ਦਾ ਕੀ ਬਣੇਗਾ? ਇਹਦਾ ਸਪੱਸ਼ਟ ਉੱਤਰ ਮੈਨੂੰ ਇਹ ਦਿੱਤਾ ਗਿਆ ਕਿ ਪਤਝੜ ਦੀਆਂ ਛੁੱਟੀਆਂ ਵਿਚ ਮੇਰੇ ਬਹੁਤੇ ਸ਼ਾਗਿਰਦ ਤਾਂ ਸੈਰਾਂ ਕਰ ਰਹੇ ਹੋਣਗੇ ਤੇ ਜਿਹੜੇ ਕੁਝ ਲੰਦਨ ਵਿਚ ਰਹਿਣਗੇ, ਉਨਾਂ

ਦੀ ਸੌਂਪਣਾ ਮੇਰੇ ਇਕ ਸਾਥੀ ਡਰਾਇੰਗ ਮਾਸਟਰ ਨੂੰ ਕੀਤੀ ਜਾ ਸਕਦੀ ਸੀ। ਇਕ ਵਾਰ ਅਜਿਹੇ ਹਾਲਤ ਵਿਚ ਹੀ ਮੈਂ ਉਹਦੇ ਸ਼ਾਗਿਰਦਾਂ ਦੀ ਜ਼ਿੰਮੇਵਾਰੀ ਚੁੱਕੀ ਸੀ।

ਮੇਰੀ ਭੈਣ ਨੇ ਮੈਨੂੰ ਯਾਦ ਕਰਵਾਇਆ ਕਿ ਮੇਰੇ ਇਸ ਸਾਥੀ ਡਰਾਇੰਗ ਮਾਸਟਰ ਨੇ ਆਖ ਭੇਜਿਆ ਸੀ ਕਿ ਜੇ ਮੈਂ ਛੁੱਟੀਆਂ ਵਿਚ ਲੰਦਨ ਤੋਂ ਬਾਹਰ ਜਾਣਾ ਚਾਹੁੰਦਾ ਹੋਵਾਂ ਤਾਂ ਉਹ ਮੇਰੀ ਹਰ ਸੇਵਾ ਕਰਨ ਲਈ ਤਿਆਰ ਸੀ। ਮੇਰੀ ਮਾਂ ਨੇ ਗੰਭੀਰਤਾ ਨਾਲ ਮੇਰੀ ਮਿੰਨਤ ਕੀਤੀ ਕਿ ਮੈਂ ਕਿਸੇ ਫਜ਼ੂਲ ਵਹਿਮ ਦੇ ਮਗਰ ਲੱਗ ਕੇ ਇਹ ਨੌਕਰੀ ਨਾ ਠੁਕਰਾਵਾਂ, ਜੋ ਮੇਰੇ ਹਿੱਤਾਂ ਅਤੇ ਸਿਹਤ ਲਈ ਏਡੀ ਗੁਣਕਾਰੀ ਹੈ। ਪੈਸਕਾ ਨੇ ਦਰਦ ਭਰੇ ਲਹਿਜੇ ਵਿਚ ਤਰਲਾ ਪਾਂਦਿਆਂ ਆਖਿਆ ਕਿ ਇਹ ਨੌਕਰੀ ਪੇਸ਼ ਕਰਕੇ ਉਹ ਉਸ ਮਿੱਤਰ ਲਈ ਆਪਣਾ ਧੰਨਵਾਦ ਪ੍ਰਗਟ ਕਰ ਰਿਹਾ ਸੀ, ਜਿਸਨੇ ਉਹਦੀ ਜਾਨ ਬਚਾਈ ਸੀ। ਅਤੇ ਜੇ ਮੈਂ ਨਾਂਹ ਕਰ ਦਿੱਤੀ ਤਾਂ ਉਹਦੇ ਕਲੇਜੇ ਤੇ ਛੁਰੀ ਚਲਾ ਰਿਹਾ ਹੋਵਾਂਗਾ।

ਏਡੀ ਸੁਹਿਰਦੱਤਾ ਅਤੇ ਪਿਆਰ ਨਾਲ ਉਨ੍ਹਾਂ ਮੈਨੂੰ ਪ੍ਰੇਰਿਆ ਕਿ ਮੇਰੇ ਤੇ ਅਸਰ ਹੋਣੋ ਨਾ ਰਹਿ ਸਕਿਆ। ਕੋਈ ਵੀ ਆਦਮੀ ਜਿਸਦੇ ਅੰਦਰ ਚੰਗਿਆਈ ਦਾ ਇਕ ਵੀ ਕਿਣਕਾ ਹੋਵੇ ਅਜਿਹੀ ਪ੍ਰੇਰਨਾ ਦੇ ਅਸਰ ਤੋਂ ਨਹੀਂ ਬਚ ਸਕਦਾ। ਭਾਵੇਂ ਮੇਰੀ ਉਲਟੀ ਸਮਝ ਵਿਚ ਇਹ ਗੱਲ ਅਜੇ ਤੀਕ ਨਹੀਂ ਸੀ ਆ ਰਹੀ, ਪਰ ਮੈਂ ਆਪਣੇ ਇਨਕਾਰ ਤੇ ਸ਼ਰਮਸ਼ਾਰੀ ਪ੍ਰਗਟ ਕਰਕੇ ਆਪਣੀ ਚੰਗਿਆਈ ਦਾ ਸਬੂਤ ਦਿੱਤਾ। ਮੈਂ ਖ਼ੁਸ਼ੀ-ਖੁਸ਼ੀ ਹਾਰ ਮੰਨ ਲਈ ਅਤੇ ਵਚਨ ਦਿਤਾ ਕਿ ਜੋ ਕੁਝ ਉਹ ਚਾਹੁਣਗੇ, ਉਵੇਂ ਹੀ ਕਰਾਂਗਾ।

ਬਾਕੀ ਸਾਰੀ ਸ਼ਾਮ ਅਸੀਂ ਹੱਸਦਿਆਂ ਖੇਡਦਿਆਂ ਬਿਤਾਈ। ਕੰਬਰਲੈਂਡ ਵਿਚ ਉਨ੍ਹਾਂ ਦੁਹਾਂ ਮੁਟਿਆਰਾਂ ਦੇ ਸਾਥ ਵਿਚ ਮੇਰੀ ਆਉਣ ਵਾਲੀ ਜ਼ਿੰਦਗੀ ਬਾਰੇ ਮਖ਼ੌਲ ਚਲਦਾ ਰਿਹਾ। ਸਾਡੀ ਪਾਣੀ ਮਿਲੀ ਅੰਗਰੇਜ਼ੀ ਸ਼ਰਾਬ ਜਿਉਂ ਹੀ ਪੈਸਕਾ ਦੇ ਸੰਘ ਲੱਥੀ, ਪੰਜ ਮਿੰਟਾਂ ਦੇ ਅੰਦਰ ਹੀ ਉਹਦੇ ਸਿਰ ਨੂੰ ਅਧਭੁਤ ਢੰਗ ਨਾਲ ਚੜ੍ਹ ਗਈ। ਉਸਨੇ ਸਰੂਰ ਵਿਚ ਲਗਾਤਾਰ ਕਈ ਭਾਸ਼ਣ ਦਿਤੇ ਅਤੇ ਏਦਾਂ ਇਕ ਸੰਪੂਰਨ ਅੰਗਰੇਜ਼ ਹੋਣ ਦਾ ਦਾਅਵਾ ਕੀਤਾ। ਪਹਿਲਾਂ ਉਹਨੇ ਮੇਰੀ ਮਾਂ ਦੀ ਸਿਹਤ ਦਾ ਜਾਮ ਪੀਤਾ। ਇਸ ਤੋਂ ਮਗਰੋਂ ਮੇਰੀ ਭੈਣ ਦੀ ਸਿਹਤ ਦਾ, ਫਿਰ ਮੇਰੀ ਸਿਹਤ ਅਤੇ ਫਿਰ ਇਕਦਮ ਇੱਕਠਾ ਮਿਸਟਰ ਫ਼ੇਅਰਲੀ ਅਤੇ ਉਹਨਾਂ ਦੁਹਾਂ ਕੁੜੀਆਂ ਦੀ ਸਿਹਤ ਦਾ। ਅੰਤ ਵਿਚ ਬੜੇ ਹੀ ਕਰਣਾ ਮਈ ਢੰਗ ਨਾਲ ਸਭਨਾਂ ਵਲੋਂ ਆਪਣਾ ਧੰਨਵਾਦ

ਕੀਤਾ। ਵਾਪਸੀ ਤੇ ਜਦੋਂ ਅਸੀਂ ਦੋਵੇਂ ਪੈਦਲ ਘਰ ਜਾ ਰਹੇ ਸਾਂ ਤਾਂ ਮੇਰੇ ਮਧਰੇ ਮਿੱਤਰ ਨੇ ਬੜੀ ਭੇਦ ਭਰੀ ਆਵਾਜ਼ ਵਿਚ ਆਖਿਆ, "ਵਾਲਟਰ, ਇਕ ਰਾਜ ਦੀ ਗੱਲ ਤੈਨੂੰ ਦਸਣ ਲਗਾ ਹਾਂ। ਮੈਨੂੰ ਜਦੋਂ ਅੱਜ ਦੀ ਆਪਣੀ ਸੁਭਾਸ਼ਿਤਾ ਚੇਤੇ ਆਉਂਦੀ ਹੈ ਤਾਂ ਮੇਰਾ ਦਿਲ ਮਾਣ ਨਾਲ ਭਰ ਜਾਂਦਾ ਹੈ। ਮੇਰੀ ਆਤਮਾ ਵਿਚੋਂ ਕੁਝ ਬਣ ਸਕਣ ਦੀ ਲਾਲਮਾ ਫੱਟ ਰਹੀ ਹੈ। ਇਕ ਨਾ ਇਕ ਦਿਨ ਮੈਂ ਤੁਹਾਡੀ ਮਹਾਨ ਸੰਸਦ ਦਾ ਮੈਂਬਰ ਜ਼ਰੂਰ ਬਣਾਂਗਾ। ਇਹ ਮੇਰੇ ਜੀਵਨ ਦਾ ਮਹਾਨ ਸੁਪਨਾ ਹੈ। ਕਿ ਇਕ ਦਿਨ ਮੇਰੇ ਨਾਂ ਨਾਲ ਲਿਖਿਆ ਜਾਏ "ਮਿਸਟਰ ਪੈਸਕਾ ਸੰਸਦ ਮੈਂਬਰ"

ਅਗਲੀ ਸਵੇਰੇ ਮੈਂ ਆਪਣੇ ਪ੍ਰਮਾਣ-ਪੱਤਰ ਪ੍ਰੋਫੈਸਰ ਦੇ ਪੋਰਟਲੈਂਡ ਪੈਲੇਸ ਵਾਲੇ ਮਾਲਕ ਨੂੰ ਭੇਜ ਦਿੱਤੇ। ਜਦੋਂ ਤਿੰਨ ਦਿਨ ਲੰਘ ਗਏ ਤੇ ਕੋਈ ਉੱਤਰ ਨਾ ਆਇਆ ਤਾਂ ਮੈਂ ਮਨ ਹੀ ਮਨ ਵਿਚ ਸ਼ੁਕਰ ਕੀਤਾ, ਕਿ ਮੇਰੇ ਪ੍ਰਮਾਣ-ਪੱਤਰ ਉਨ੍ਹਾਂ ਨੂੰ ਭਰੋਸੇਯੋਗ ਨਹੀਂ ਲੱਗੇ ਹੋਣੇ। ਪਰ ਚੌਥੇ ਦਿਨ ਮੈਨੂੰ ਜਵਾਬ ਆ ਗਿਆ। ਮਿਸਟਰ ਫ਼ੇਅਰਲੀ ਨੇ ਲਿਖਿਆ ਸੀ ਕਿ ਉਹਨੂੰ ਮੇਰੀਆਂ ਸੇਵਾਵਾਂ ਪ੍ਰਵਾਨ ਸਨ। ਨਾਲ ਹੀ ਉਹਨੇ ਮੈਨੂੰ ਇਹ ਬੇਨਤੀ ਕਰ ਭੇਜੀ ਸੀ ਕਿ ਮੈਂ ਕੰਬਰਲੈਂਡ ਲਈ ਤੁਰ ਪਵਾਂ। ਮੇਰੀ ਯਾਤਰਾ ਲਈ ਜ਼ਰੂਰੀ ਹਦਾਇਤਾਂ ਸਪਸ਼ਟ ਸ਼ਬਦਾਂ ਵਿਚ ਚਿੱਠੀ ਦੇ ਅਖੀਰ ਵਿਚ ਦਰਜ ਸਨ।

ਮੇਰਾ ਦਿਲ ਅਜੇ ਵੀ ਰਜ਼ਾਮੰਦ ਨਹੀਂ ਸੀ। ਪਰ ਮੈਂ ਅਗਲੇ ਦਿਨ ਸਵੇਰੇ ਸਵੇਰੇ ਲੰਦਨ ਤੋਂ ਤੁਰਨ ਦਾ ਆਪਣਾ ਪ੍ਰਬੰਧ ਕਰ ਲਿਆ। ਸ਼ਾਮ ਪੈਂਦਿਆਂ ਪੈਸਕਾ ਕਿਸੇ ਦਾਅਵਤ ਤੇ ਜਾਂਦਾ ਜਾਂਦਾ ਮੈਨੂੰ ਵਿਦਾ ਕਹਿਣ ਲਈ ਆਇਆ, ਹੰਸੂ ਹੰਸੂ ਕਰਦਿਆਂ ਉਹਨੇ ਆਖਿਆ, "ਤੇਰੇ ਤੁਰ ਜਾਣ ਮਗਰੋਂ ਮੈਂ ਆਪਣੇ ਹੰਝੂ ਏਸ ਸੁਖਾਵੇਂ ਖਿਆਲ ਨਾਲ ਸਕਾ ਲਿਆ ਕਰਾਂਗਾ ਕਿ ਜਿੰਦਗੀ ਵਿਚ ਸਫਲਤਾ ਵੱਲ ਪਹਿਲਾ ਧੱਕਾ ਤੈਨੂੰ ਮੇਰੇ ਭਗਵਾਨ ਹੱਥਾ ਨੇ ਦਿੱਤਾ ਹੈ। ਅੰਗਰੇਜ਼ੀ ਵਿਚ ਇਕ ਅਖਾਣ ਹੈ ਕਿ ਘਾਹ ਉਦੋਂ ਸਕਾਉਣਾ ਚਾਹੀਦਾ ਹੈ ਜਦੋਂ ਸੂਰਜ ਚਮਕਦਾ ਹੋਵੇ। ਇਸ ਮੁਹਾਵਰੇ ਅਨੁਸਾਰ ਤੂੰ ਵੀ ਇਸ ਮੌਕੇ ਦਾ ਕੰਬਰਲੈਂਡ ਵਿਚ ਪੂਰਾ ਫ਼ਾਇਦਾ ਉਠਾਈ। ਉਨ੍ਹਾਂ ਦੋਹਾਂ ਕੁੜੀਆਂ ਵਿਚੋਂ ਇਕ ਨਾਲ ਵਿਆਹ ਕਰ ਲਵੀਂ ਤੇ ਸੰਸਦ ਦਾ ਮੈਂਬਰ ਬਣ ਜਾਈਂ। ਜਦੋਂ ਸਫਲਤਾ ਦੀ ਉੱਚੀ ਟੀਸੀ ਤੇ ਪੁਜੇ ਤਾਂ ਯਾਦ ਰਖੀਂ ਕਿ ਇਹ ਸਭ ਕੁਝ ਨਿਮਾਣੇ ਪੈਸਕਾ ਦੀ ਰਾਹੀਂ ਹੋਇਆ ਹੈ।"

ਵਿਛੜਣ ਵੇਲੇ ਜਦੋਂ ਉਹ ਅਜਿਹੇ ਮਖੌਲ ਕਰ ਰਿਹਾ ਸੀ, ਤਾਂ ਮੈਂ ਹੱਸਣ ਦਾ ਯਤਨ ਕੀਤਾ। ਪਰ ਮੇਰਾ ਮਨ ਮੇਰੇ ਵਸ ਵਿਚ ਨਹੀਂ ਸੀ। ਜਦੋਂ ਉਹ ਵਿਦਾਇਗੀ ਦੇ ਇਹ ਸ਼ਬਦ ਆਖ ਰਿਹਾ ਸੀ, ਤਾਂ ਮੈਂ ਆਪਣੇ ਦਿਲ ਵਿਚ ਇਕ ਪੀੜ ਪ੍ਰਤੀਤ ਕਰ ਰਿਹਾ ਸੀ।

ਪੈਸਕਾ ਦੇ ਜਾਣ ਮਗਰੋਂ ਮੈਂ ਮੁੜ ਕੱਲਾ ਰਹਿ ਗਿਆ। ਹੁਣ ਮੇਰੇ ਲਈ ਕੋਈ ਕੰਮ ਬਾਕੀ ਨਹੀਂ ਸੀ। ਕੇਵਲ ਹੈਂਮਪਸਟੈਂਡ ਕਾਟੇਜ ਜਾਕੇ ਆਪਣੀ ਮਾਂ ਅਤੇ ਭੈਣ ਕੋਲੋਂ ਵਿਦਾਇਗੀ ਲੈਣੀ ਸੀ।

(4)

ਉਸ ਦਿਨ ਬੜੀ ਗਰਮੀ ਰਹੀ ਸੀ। ਰਾਤ ਵੀ ਗਰਮ ਅਤੇ ਹੁੱਸੜ ਵਾਲੀ ਸੀ। ਮੇਰੀ ਮਾਂ ਅਤੇ ਮੇਰੀ ਭੈਣ ਕਈ ਵਾਰੀ ਮੈਨੂੰ ਵਿਦਾਇਗੀ ਦੇ ਚੁੱਕੀਆਂ ਸਨ। ਪਰ ਹਰ ਵਾਰੀ ਮਿੰਨਤ ਕਰਕੇ ਮੈਨੂੰ ਪੰਜ ਮਿੰਟ ਹੋਰ ਰੁੱਕ ਜਾਣ ਲਈ ਆਖਦੀਆਂ। ਜਦੋਂ ਮੈਂ ਉਥੋਂ ਨਿਕਲਿਆ ਅਤੇ ਜਦੋਂ ਨੌਕਰ ਨੇ ਬਗੀਚੇ ਦੇ ਗੇਟ ਨੂੰ ਤਾਲਾ ਲਾਇਆ ਤਾਂ ਲਗਭਗ ਅੱਧੀ ਰਾਤ ਹੋ ਚੁਕੀ ਸੀ। ਲੰਦਨ ਵਾਪਸ ਜਾਣ ਲਈ ਜੋ ਸਭ ਤੋਂ ਛੋਟਾ ਰਾਹ ਸੀ, ਮੈਂ ਉਹਦੇ ਤੇ ਕੁਝ ਕਦਮ ਪੁੱਟੇ। ਫੇਰ ਮੈਂ ਰੁਕ ਗਿਆ ਅਤੇ ਜਦੋਂ-ਤੱਕਿਆ ਵਿਚ ਪੈ ਗਿਆ। ਤਾਰਿਆਂ ਰਹਿਤ ਨੀਲੇ ਅਸਮਾਨ ਉੱਤੇ ਪੂਰਾ ਚੰਨ ਚਮਕ ਰਿਹਾ ਸੀ। ਭੇਤ-ਭਰੀ ਚੰਨ ਚਾਨਣੀ ਵਿਚ ਉਹ ਪਾਟੀ ਹੋਈ ਉਜਾੜ ਧਰਤੀ ਬਿਲਕੁਲ ਬੀਆ-ਬਾਨ ਲੱਗ ਰਹੀ ਸੀ। ਉਸ ਵੇਲੇ ਇਹ ਥਾਂ ਲੰਦਨ ਦੇ ਮਹਾਨ ਸ਼ਹਿਰ ਤੋਂ ਸੈਂਕੜੇ ਕੋਹ ਦੂਰ ਜਾਪਦੀ ਸੀ। ਮੈਂ ਚਾਹੁੰਦਾ ਸੀ ਕਿ ਜਿੰਨਾਂ ਚਿਰ ਹੋ ਸਕੇ ਲੰਦਨ ਤੋਂ ਦੂਰ ਰਹਵਾਂ। ਮੁੜ ਕੇ ਲੰਦਨ ਦੀ ਉਦਾਸੀ ਅਤੇ ਗਰਮੀ ਵਿਚ ਪ੍ਰਵੇਸ਼ ਕਰਨ ਦਾ ਵਿਚਾਰ ਮੇਰ ਕਦਮਾ ਨੂੰ ਪਿੱਛੇ ਧਕ ਰਿਹਾ ਸੀ।

ਮੇਰਾ ਮਨ ਅਤੇ ਸਰੀਰ ਉਸ ਵੇਲੇ ਬੜਾ ਬੇਚੈਨ ਸੀ। ਮੈਨੂੰ ਜਾਪਦਾ ਸੀ ਜਿਵੇਂ ਲੰਦਨ ਦੇ ਸਾਹ-ਘੁਟਵੇਂ ਕਮਰੇ ਵਿਚ ਸੌਣ ਅਤੇ ਦਮ ਘੁਟ ਕੇ ਮਰ ਜਾਣ ਵਿਚ ਕੋਈ ਫਰਕ ਨਾ ਹੋਵੇ। ਮੈਂ ਨਿਸ਼ਚਾ ਕਰ ਲਿਆ ਕਿ ਛੋਟਾ ਰਸਤਾ ਛੱਡ ਕੇ ਸਭ ਤੋਂ ਲੰਮੇ ਰਸਤੇ ਖੁਲੀ ਸਾਫ ਹਵਾ ਵਿਚ ਸੈਰ ਕਰਦਾ ਲੰਦਨ ਜਾਵਾਂਗਾ, ਕਿ ਚੰਨ-ਚਾਨਣੀ ਵਿਚ ਚਮਕਦੀਆਂ ਵਿੰਗਵਲਾਵਿਆ ਵਾਲੀਆਂ ਚਿੱਟੀਆਂ ਪਗਡੰਡੀਆਂ ਤੇ ਤੁਰਦਾ ਮੈਂ ਫ਼ਿੰਚਲੇ ਰੋਡ ਵਾਲ ਖੁਲ੍ਹੇ ਹਵਾਦਾਰ ਪਾਸਿਉਂ ਲੰਦਨ ਵਿਚ ਦਾਖਲ ਹੋਵਾਂਗਾ, ਅਤੇ ਨਵੀਂ ਅਤੇ ਠੰਢੀ ਸਰਘੀ ਦਾ ਅਨੰਦ ਮਾਣਦਾ ਰੀਜੈਂਟ ਪਾਰਕ ਦੇ ਪੱਛਮੀ ਬੰਨਿਉਂ ਘਰ ਪਹੁੰਚ ਜਾਵਾਂਗਾ।

ਵਿੰਗ ਵਲਾਵੇ ਖਾਂਦਾ ਮੈਂ ਸਹਿਜੇ ਸਹਿਜੇ ਉਸ ਉਜਾੜ ਵਿਚ ਤੁਰਦਾ ਗਿਆ। ਮੈਂ ਉਸ ਕੁਦਰਤੀ ਨਜ਼ਾਰੇ ਦੀ ਦੈਵੀ ਚੁੱਪ ਦਾ ਸੁਆਦ ਮਾਣ ਰਿਹਾ ਸਾਂ ਅਤੇ ਉਸ ਪਾਟੀ ਧਰਤੀ ਉਤੇ ਚੰਨ ਦੀ ਚਾਨਣੀ ਅਤੇ ਪ੍ਰਛਾਵਿਆਂ ਦੇ ਸੁੰਦਰ ਮੇਲ ਦੀ ਪ੍ਰਸੰਸਾ ਕਰ ਰਿਹਾ ਸਾਂ। ਉਸ ਰਾਤ ਦੀ ਮੇਰੀ ਸੈਰ ਦਾ ਇਹ ਸਭ ਤੋਂ ਰਮਣੀਕ ਭਾਗ ਸੀ। ਇਸ ਬਾਗ ਵਿਚੋਂ ਲੰਘਦਿਆਂ ਮੈਂ ਕੁਝ ਸੋਚ ਨਹੀਂ ਸਾਂ ਰਿਹਾ। ਮੇਰਾ ਅਵੇਸਲਾ ਮਨ ਸਭ ਹਾਵਾ ਭਾਵਾਂ ਤੋਂ ਸੱਖਣਾ ਸੀ ਅਤੇ ਕੇਵਲ ਉਸ ਸੁੰਦਰ ਝਾਕੀ ਦੇ ਅਸਰ ਕਬੂਲ ਕਰ ਰਿਹਾ ਸੀ।

ਜਿਉਂ ਹੀ ਉਜਾੜ ਮੁੱਕੀ ਤੇ ਮੈਂ ਸੜਕੇ ਪਿਆ ਤਾਂ ਮੇਰੀ ਪ੍ਰਸੰਸਾ ਦਾ ਸਾਮਾਨ ਘਟ ਗਿਆ, ਤੇ ਮੇਰਾ ਧਿਆਨ ਮੇਰੀ ਆਉਣ ਵਾਲੀ ਜ਼ਿੰਦਗੀ ਦੇ ਖਿਆਲਾਂ ਨੇ ਮੱਲ ਲਿਆ ਅਤੇ ਮੈਂ ਸੋਚਣ ਲਗ ਪਿਆ ਕਿਵੇਂ ਮੇਰੀਆਂ ਆਦਤਾਂ ਅਤੇ ਰੁਝੇਵੇਂ ਬਦਲ ਜਾਣਗੇ। ਜਦੋਂ ਤੀਕ ਮੈਂ ਸੜਕ ਦੇ ਅੰਤ ਤੇ ਅਪੜਿਆ ਤਾਂ ਮੈਂ ਲਿਮਰਿਜ ਹਾਊਸ ਦੀਆਂ ਕਲਪਿਤ ਝਾਂਕੀਆਂ ਵਿਚ ਪੂਰੀ ਤਰ੍ਹਾਂ ਮਗਨ ਹੋ ਚੁੱਕਾ ਸਾਂ ਅਤੇ ਮਿਸਟਰ ਫ਼ੇਅਰਲੀ ਅਤੇ ਉਨ੍ਹਾਂ ਦੋਹਾਂ ਕੁੜੀਆਂ ਬਾਰੇ ਸੋਚ ਰਿਹਾ ਸਾਂ, ਜਿਨ੍ਹਾਂ ਨੂੰ ਛੇਤੀ ਹੀ ਮੈਂ ਚਿੱਤਰ-ਕਲਾ ਸਿਖਾਉਣੀ ਸੀ।

ਸੈਰ ਕਰਦਿਆਂ ਹੁਣ ਮੈਂ ਉਸ ਟਿਕਾਣੇ ਤੇ ਪੁੱਜ ਚੁੱਕਾ ਸਾਂ ਜਿਥੇ ਚਾਰ ਸੜਕਾਂ ਮਿਲਦੀਆਂ ਸਨ-ਇਕ ਸੜਕ ਹੈਂਮਪਸਟੈਂਡ ਨੂੰ ਜਾਣ ਵਾਲੀ ਜਿਸ ’ਤੇ ਮੈਂ ਤੁਰਦਾ ਆ ਰਿਹਾ ਸਾਂ ਅਤੇ ਫ਼ਿੰਚਲੇ, ਵੈਸਟ ਐਂਡ ਅਤੇ ਸਿੱਧਾ ਲੰਦਨ ਜਾਣ ਵਾਲੀਆਂ ਸੜਕਾਂ। ਬੇਧਿਆਨੀ ਵਿਚ ਮੈਂ ਇਸ ਅਖੀਰਲੀ ਸੜਕ ਉਤੇ ਪੈ ਗਿਆ। ਇਸ ਇਕਾਂਤ ਸੜਕ ਉਤੇ ਤੁਰਦਿਆਂ ਮੇਰਾ ਅਵਸਲਾ ਮਨ ਇਹ ਸੋਚ ਰਿਹਾ ਸੀ ਕਿ ਕੰਥਰਲੈਂਡ ਦੀਆਂ ਉਹ ਮੁਟਿਆਰਾਂ ਕਿਹੋ ਜਹੀਆਂ ਹੋਣਗੀਆਂ, ਜਦੋਂ ਅਚਨਚੇਤ ਕਿਸੇ ਨੇ ਪਿਛੋਂ' ਦੀ ਅਛੱਪਲੇ ਜਹੇ ਆਪਣਾ ਹੱਥ ਮੇਰੇ ਮੋਢੇ ਨਾਲ ਛਹਾਇਆ। ਮੈਨੂੰ ਜਾਪਿਆ ਜਿਵੇਂ ਇਕ ਪਲ ਵਿਚ ਮੇਰੇ ਖ਼ੂਨ ਦਾ ਹਰ ਇਕ ਤੁਪਕਾ ਮੇਰੀਆਂ ਨਾੜੀਆਂ ਵਿਚ ਜੰਮ ਗਿਆ ਹੋਵੇ।

ਮੈਂ ਤੁਰੰਤ ਪਿਛੇ ਮੁੜ ਕੇ ਵੇਖਿਆ ਅਤੇ ਮੇਰੀਆਂ ਉਂਗਲਾਂ ਦੀ ਪਕੜ ਮੇਰੀ ਸੋਟੀ ਦੀ ਮੁਨ ਦੁਆਲੇ ਪਕੇਰੀ ਹੋ ਗਈ। ਉਸ ਚੌੜੀ ਚਾਨਣੀ ਤੇ ਵੱਡੀ ਸੜਕ ਦੇ ਵਿਚਕਾਰ ਇਕ ਕਲਮ-ਕੱਲੀ ਇਸਤਰੀ ਖੜ੍ਹੋਤੀ ਸੀ, ਜਿਵੇਂ ਉਹ ਉਸੇ ਪਲ ਧਰਤੀ ਵਿਚੋਂ ਉਗਮ ਪਈ ਹੋਵੇ ਜਾਂ ਆਕਾਸ਼ੋਂ ਉਤਰੀ ਹੋਵੇ। ਉਹਦਾ ਪਹਿਰਾਵਾ ਸਿਰ ਤੋਂ ਲੈਕੇ ਪੈਰਾਂ ਤੀਕ ਚਿੱਟਾ ਸੀ। ਜਿਉਂ ਹੀ ਮੈਂ

ਉਹਦੇ ਵੱਲ ਮੂੰਹ ਮੋੜਿਆ, ਮੈਂ ਵੇਖਿਆ ਉਹਦਾ ਹੱਥ ਲੰਦਨ ਉਤੇ ਛਾਏ ਇਕ ਕਾਲੇ ਬੱਦਲ ਵੱਲ ਸੈਨਤ ਕਰ ਰਿਹਾ ਸੀ, ਅਤੇ ਉਹਦੇ ਚਿਹਰੇ ਉਤੇ ਇਕ ਗੰਭੀਰ ਪੁੱਛ ਸੀ।

ਅੱਧੀ ਰਾਤ ਦੇ ਸਮੇਂ ਉਸ ਸੁੰਨਸਾਨ ਥਾਂ ਤੇ ਅਚਨਚੇਤ ਇਸ ਅਲੌਕਿਕ ਸੂਰਤ ਦੇ ਸਾਹਮਣੇ ਆ ਖੜੋਣ ਤੇ ਮੈਂ ਏਨਾਂ ਠਠੰਬਰ ਗਿਆ ਸਾਂ ਕਿ ਮੈਂ ਉਹਨੂੰ ਪੁੱਛ ਵੀ ਨਾ ਸਕਿਆ ਕਿ ਉਹ ਕੀ ਚਾਹੁੰਦੀ ਸੀ। ਮੇਰੇ ਬੋਲਣ ਤੋਂ ਪਹਿਲਾਂ ਉਹ ਅਨੋਖੀ ਇਸਤਰੀ ਬੋਲੀ "ਕੀ ਇਹ ਸੜਕ ਲੰਦਨ ਨੂੰ ਜਾਂਦੀ ਹੈ?"

ਮੈਂ ਉਹਦੇ ਵੱਲ ਹੁਣ ਧਿਆਨ ਨਾਲ ਵੇਖਿਆ। ਜਦੋਂ ਉਹਨੇ ਮੇਰੇ ਤੋਂ ਇਹ ਅਜੀਬ ਪ੍ਰਸ਼ਨ ਪੁੱਛਿਆ ਉਸ ਵੇਲੇ ਇੱਕ ਵੱਜਣ ਵਾਲਾ ਸੀ। ਚੰਨ ਦੀ ਚਾਨਣੀ ਵਿਚ ਜੋ ਕੁਝ ਮੈਂ ਸਾਫ਼ ਸਾਫ਼ ਵੇਖ ਸਕਿਆ, ਉਹ ਸੀ, ਇਕ ਬੇਰੰਗ ਚਿਹਰਾ, ਗੱਲਾਂ ਵੇਖਣ ਨੂੰ ਪਤਲੀਆਂ ਅਤੇ ਠੰਡੀ ਤਿੱਖੀ ਵੱਡੀਆਂ-ਵੱਡੀਆਂ ਗੰਭੀਰ ਅਤੇ ਉਦਾਸ ਅੱਖਾਂ, ਸਹਿਮੇ ਫਰਕਦੇ ਬੁਲ, ਵਾਲ ਹਲਕੇ ਭੂਰੇ ਰੰਗ ਦੇ ਤੇ ਵਿਚ ਪੀਲੀ ਭਾਅ ਮਾਰਦੇ ਉਹਦੇ ਵਤੀਰੇ ਵਿਚ ਕੋਈ ਪਾਗਲਪਨ, ਕੋਈ ਨਿਰਲੱਜਤਾ ਨਹੀਂ ਸੀ। ਸਗੋਂ ਉਸਦਾ ਵਤੀਰਾ ਸ਼ਾਂਤ ਅਤੇ ਸੰਜਮ ਭਰਿਆ ਸੀ, ਭਾਵੇਂ ਉਹਦੇ ਵਿਚ ਰਤਾ ਕੁ ਸ਼ੱਕ ਅਤੇ ਕੁਝ ਉਦਾਸੀਨਤਾ ਰਲੀ ਹੋਈ ਸੀ। ਆਪਣੇ ਵਤੀਰੇ ਤੋਂ ਨਾਂਹ ਹੀ ਉਹ ਬਹੁਤ ਵੱਡੇ ਘਰਾਣੇ ਦੀ ਜਾਪਦੀ ਸੀ ਤੇ ਨਾ ਹੀ ਬਹੁਤੇ ਗਰੀਬ ਘਰ ਦੀ।

ਉਹਦੀ ਆਵਾਜ਼ ਮੈਂ ਇਕ ਪਲ ਹੀ ਸੁਣੀ ਸੀ। ਉਹਦੀ ਆਵਾਜ਼ ਵਿਚ ਇਕ ਅਨੋਖੀ ਸ਼ਾਂਤੀ ਸੀ ਅਤੇ ਸ਼ਬਦਾਂ ਦਾ ਉਚਾਰਣ ਬੜਾ ਤੇਜ਼ ਸੀ। ਉਹਦੇ ਹੱਥ ਵਿਚ ਇਕ ਛੋਟਾ ਜਿਹਾ ਥੈਲਾ ਸੀ।

ਉਹਦੇ ਸਾਰੇ ਕੱਪੜੇ, ਟੋਪੀ, ਸ਼ਾਲ ਤੇ ਗਾਉਨ ਆਦਿ ਨਿਰੋਲ ਚਿੱਟੇ ਸਨ। ਜਿਥੋਂ ਤੀਕ ਮੈਂ ਅੰਦਾਜ਼ਾ ਲਾ ਸਕਿਆ, ਉਹਦੇ ਕੱਪੜੇ ਬਹੁਤ ਵਧੀਆ ਜਾਂ ਮਹਿੰਗੇ ਨਹੀਂ ਸਨ। ਉਹ ਪਤਲੀ ਸੀ ਅਤੇ ਉਹਦਾ ਕੱਦ-ਬੁੱਤ ਆਮ ਪੱਧਰ ਨਾਲੋਂ ਲੰਮਾ ਸੀ। ਉਸ ਅਚਣਚੇਤ ਮੁਲਾਕਾਤ ਨਾਲ ਘਬਰਾਇਆ ਹੋਇਆ ਉਸ ਧੁੰਦਲੀ ਰੋਸ਼ਨੀ ਵਿਚ ਮੈਂ ਕੇਵਲ ਏਨਾ ਕੁਝ ਹੀ ਵੇਖ ਸਕਿਆ। ਇਸ ਗੱਲ ਦੀ ਮੈਨੂੰ ਉੱਕਾ ਸਮਝ ਨਾ ਆਈ ਕਿ ਉਹ ਕਿਸ ਕਿਸਮ ਦੀ ਔਰਤ ਸੀ, ਅਤੇ ਅੱਧੀ ਰਾਤ ਤੋਂ ਵੀ ਇਕ ਘੰਟਾ ਮਗਰੋਂ ਉਸ ਵੱਡੀ ਸੜਕ ਉਤੇ ਕਲਮਕੱਲੀ ਉਹ ਕਿਵੇਂ ਆਈ ਸੀ।

ਅਜਿਹੇ ਸਮੇਂ ਅਜਿਹੀ ਇਕਾਂਤ ਥਾਂ ਤੇ ਕਿਸੇ ਔਰਤ ਦਾ ਕਲਮ-ਕੱਲਿਆਂ ਆਉਣਾ ਉਹਦੇ ਆਚਰਣ ਬਾਰੇ ਸ਼ੱਕ ਉਪਜਾ ਸਕਦਾ ਹੈ। ਪਰ ਉਹਨੂੰ ਵੇਖ ਕੇ ਇਕ ਗੱਲ ਮੈਂ ਪੂਰੇ

ਨਿਸ਼ਚੇ ਨਾਲ ਮਹਿਸੂਸ ਕੀਤੀ ਕਿ ਕੋਈ ਨੀਚ ਤੋਂ ਨੀਚ ਮਨੁੱਖ ਵੀ ਉਸਦੇ ਬੋਲਣ ਤੋਂ ਕੋਈ ਗਲਤ ਅਰਥ ਨਹੀਂ ਸੀ ਕੱਢ ਸਕਦਾ।

"ਕੀ ਤੂੰ ਮੇਰੀ ਗਲ ਸੁਣੀ ਹੈ?" ਉਹਨੇ ਸ਼ਾਂਤ ਆਵਾਜ਼ ਵਿਚ ਸ਼ਬਦਾਂ ਨੂੰ ਤੇਜ਼ ਉਚਾਰਦਿਆਂ ਹੋਇਆਂ ਕਿਹਾ। ਉਹਦੇ ਲਹਿਜ਼ੇ ਵਿਚ ਕੋਈ ਖਿੱਝ ਜਾਂ ਬੇਸਬਰੀ ਨਹੀਂ ਸੀ।

"ਮੈਂ ਪੁੱਛਿਆ ਸੀ, ਕੀ ਇਹ ਸੜਕ ਲੰਦਨ ਨੂੰ ਜਾਂਦੀ ਹੈ?"

"ਹਾਂ", ਮੈਂ ਉਤਰ ਦਿੱਤਾ, "ਇਹੀ ਰਾਹ ਹੈ। ਇਹ ਸੜਕ ਸੇਂਟ ਜਾਨਜ਼ ਵੁਡ ਅਤੇ ਰੀਜੈਂਟਸ ਪਾਰਕ ਨੂੰ ਜਾਂਦੀ ਹੈ। ਖਿਮਾਂ ਕਰੀਂ ਮੈਂ ਪਹਿਲੀ ਵਾਰ ਤੇਰੀ ਗੱਲ ਦਾ ਉਤਰ ਨਹੀਂ ਦਿੱਤਾ। ਤੈਨੂੰ ਅਚਨਚੇਤ ਸੜਕ ਉਤੇ ਵੇਖ ਕੇ ਮੈਂ ਠਠੰਬਰ ਗਿਆ ਸਾਂ ਤੇ ਅਜੇ ਤੀਕ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਤੂੰ ਏਥੇ ਕਿਵੇਂ ਆਈ ਵੇ।"

"ਕਿਤੇ ਤੈਨੂੰ ਮੇਰੇ ਉਤੇ ਕੋਈ ਭੈੜਾ ਸ਼ੱਕ ਤਾਂ ਨਹੀਂ ਹੋ ਰਿਹਾ? ਮੈਂ ਕੋਈ ਮਾੜਾ ਕੰਮ ਨਹੀਂ ਕੀਤਾ। ਹਾਂ, ਇਕ ਦੁਰਘਟਨਾ ਦੀ ਸ਼ਿਕਾਰ ਹਾਂ। ਮੈਂ ਬੜੀ ਹੀ ਅਭਾਗਣ ਹਾਂ, ਏਸੇ ਲਈ ਏਨੀ ਰਾਤ ਗਈ ਏਥੇ ਕਲਮਕੱਲੀ ਆਈ ਹਾਂ। ਪਰ ਕਿਤੇ ਤੈਨੂੰ ਮੇਰੀ ਨੀਯਤ ਉਤੇ ਸ਼ੱਕ ਤਾਂ ਨਹੀਂ? "

ਉਹਦੀ ਆਵਾਜ਼ ਵਿਚ ਬੇਲੋੜੀ ਗੰਭੀਰਤਾ ਅਤੇ ਪ੍ਰੇਸ਼ਾਨੀ ਸੀ ਅਤੇ ਉਹ ਸੁੰਗੜ ਕੇ ਕਈ ਕਦਮ ਮੇਰੇ ਤੇ ਪਿੱਛੇ ਹਟ ਗਈ। ਮੈਂ ਉਹਨੂੰ ਤਸੱਲੀ ਦੇਣ ਦਾ ਪੂਰਾ ਯਤਨ ਕੀਤਾ।

"ਕਿਰਪਾ ਕਰਕੇ ਇਹ ਨਾ ਸਮਝੀ ਕਿ ਮੈਨੂੰ ਤੇਰੇ ਉਤੇ ਕਿਸੇ ਤਰ੍ਹਾਂ ਦਾ ਸ਼ੱਕ ਹੈ," ਮੈਂ ਆਖਿਆ, "ਮੇਰੇ ਮਨ ਵਿਚ ਕੇਵਲ ਇਕ ਚਾਹ ਹੈ ਕਿ ਜੋ ਮੈਂ ਤੇਰੀ ਮਦਦ ਕਰ ਸਕਾ ਹੈਰਾਨੀ ਤਾਂ ਮੈਨੂੰ ਤੇਰੇ ਇਸ ਤਰ੍ਹਾਂ ਅਚਨਚੇਤ ਪ੍ਰਗਟ ਹੋਣ ਤੇ ਹੋਈ ਹੈ, ਕਿਉਂ ਜੋ ਤੈਨੂੰ ਵੇਖਣ ਤੋਂ ਇਕ ਪਲ ਪਹਿਲੇ ਇਹ ਸੜਕ ਮੈਨੂੰ ਉੱਕਾ ਸੱਖਣੀ ਜਾਪੀ ਸੀ।"

ਉਹਨੇ ਪਿਛੇ ਮੁੜ ਕੇ ਉਸ ਥਾਂ ਵੱਲ ਇਸ਼ਾਰਾ ਕੀਤਾ ਜਿਥੇ ਲੰਦਨ ਜਾਣ ਵਾਲੀ ਸੜਕ ਅਤੇ ਹੈਂਮਪਸਟੈਂਡ ਜਾਣ ਵਾਲੀ ਸੜਕ ਮਿਲਦੀਆਂ ਸਨ ਤੇ ਜਿਥੇ ਵਾਟ ਵਿਚ ਇਕ ਵਿਥ ਸੀ।

"ਮੈਂ ਤੇਰੇ ਆਉਣ ਦੀ ਬਿੜਕ ਸੁਣੀ ਸੀ" ਉਹ ਬੋਲੀ "ਫੇਰ ਮੈਂ ਲੁਕ ਗਈ। ਤੇਰੇ ਨਾਲ ਗੱਲ ਕਰਨ ਦਾ ਖ਼ਤਰਾ ਸਹੇੜਨ ਤੋਂ ਪਹਿਲੇ ਇਹ ਵੇਖਣਾ ਚਾਹੁੰਦੀ ਸਾਂ ਕਿ ਤੂੰ ਕਿਹੋ ਜਿਹਾ ਮਨੁੱਖ ਏਂ। ਮੈਂ ਝਿਜਕਦੀ ਰਹੀ ਤੇ ਡਰਦੀ ਰਹੀ। ਏਨੇ ਚਿਰ ਵਿਚ ਤੂੰ ਅੱਗੇ ਲੰਘ ਗਿਆ। ਮਜ਼ਬੂਰ ਹੋ ਕੇ ਮੈਂ ਚੋਰੀ ਚੋਰੀ ਤੇਰੇ ਪਿਛੇ ਆਕੇ ਤੇਰੇ ਮੋਢੇ ਉਤੇ ਹੱਥ ਰਖਿਆ।"

ਮੈਂ ਸੋਚ ਰਿਹਾ ਸਾਂ, ਇਹ ਕਿੰਨੀ ਅਜੀਬ ਗੱਲ ਏ ਕਿ ਇਹਨੇ ਚੋਰੀ ਚੋਰੀ ਮੇਰੇ ਪਿਛੇ ਆਕੇ ਮੇਰੇ ਮੋਢੇ ਤੇ ਹੱਥ ਰਖਿਆ ਏ। ਇਹਨੇ ਮੈਨੂੰ ਵਾਜ ਕਿਉਂ ਨਾ ਮਾਰੀ।

"ਕੀ ਮੈਂ ਤੇਰੇ ਤੇ ਵਿਸ਼ਵਾਸ ਕਰ ਸਕਦੀ ਹਾਂ?" ਉਹਨੇ ਪੁੱਛਿਆ। "ਕਿਤੇ ਤੂੰ ਮੈਨੂੰ ਭੈੜੀ ਜਨਾਨੀ ਤਾਂ ਨਹੀਂ ਸਮਝਦਾ। ਮੈਂ ਤਾਂ ਇਕ ਦੁਰਘਟਨਾ ਦੀ ਸ਼ਿਕਾਰ ਹਾਂ।" ਕਹਿੰਦੀ-ਕਹਿੰਦੀ ਉਹ ਰੁਕ ਗਈ। ਉਹ ਬੜੀ ਘਬਰਾਈ ਹੋਈ ਸੀ। ਥੈਲੇ ਨੂੰ ਕਦੀ ਇਕ ਹੱਥ ਵਿਚ ਫੜਦੀ ਸੀ, ਕਦੀ ਦੂਜੇ ਵਿਚ। ਫੇਰ ਉਹਨੇ ਇਕ ਦੁੱਖ ਭਰਿਆ ਹਉਕਾ ਲਿਆ।

ਉਸ ਇਸਤਰੀ ਦਾ ਇਕਲਾਪਾ ਅਤੇ ਮਜ਼ਬੂਰੀ ਵੇਖ ਕੇ ਮੇਰੇ ਅੰਦਰ ਹਮਦਰਦੀ ਜਾਗ ਪਈ। ਮੇਰੇ ਅੰਦਰ ਇਕ ਕੁਦਰਤੀ ਉਛਾਲ ਉਠਿਆ ਕਿ ਮੈਂ ਉਹਨੂੰ ਕੋਈ ਨੁਕਸਾਨ ਨਾ ਪੁਚਾਵਾਂ ਸਗੋਂ ਉਹਦੀ ਮਦਦ ਕਰਾਂ। ਇਹ ਉਛਾਲ ਮੇਰੀ ਸੋਚ ਅਤੇ ਸੂਝ ਉਤੇ ਹਾਵੀ ਹੋ ਗਿਆ। ਮੇਰੀ ਥਾਵੇਂ ਕੋਈ ਪੱਕੀ ਉਮਰ ਦਾ, ਸਿਆਣਾ ਅਤੇ ਠੰਢੇ ਦਿਮਾਗ ਵਾਲਾ ਆਦਮੀ ਹੁੰਦਾ ਤਾਂ ਉਹ ਉਸ ਅਨੋਖੇ ਸੰਕਟ ਦੇ ਸਮੇਂ ਵਧੇਰੀ ਸੂਝ, ਸਾਵਧਾਨੀ, ਜੁਗਤ ਅਤੇ ਦੁਨੀਆਂਸਾਜ਼ੀ ਵਰਤਦਾ।

"ਕਿਸੇ ਵੀ ਅਜਿਹੇ ਕੰਮ ਲਈ ਜੋ ਮਾੜਾ ਨਹੀਂ, ਤੂੰ ਮੇਰੇ ਉਤੇ ਪੂਰਾ ਭਰੋਸਾ ਕਰ ਸਕਦੀ ਏਂ," ਮੈਂ ਆਖਿਆ, "ਜੇ ਤੈਨੂੰ ਆਪਣੀ ਵਿਥਿਆ ਕਹਿੰਦਿਆਂ ਦੁੱਖ ਹੁੰਦਾ ਹੈ। ਤਾਂ ਉਸ ਵਿਸ਼ੇ ਤੇ ਕੋਈ ਗੱਲ ਨਾ ਕਰ। ਮੈਨੂੰ ਤੇਰੇ ਤੋਂ ਪੁੱਛਾਂ ਪੁਛਣ ਦਾ ਕੋਈ ਹੱਕ ਨਹੀਂ। ਮੈਨੂੰ ਇਹ ਦੱਸ ਕਿ ਮੈਂ ਤੇਰੀ ਕਿਵੇਂ ਮਦਦ ਕਰ ਸਕਦਾ ਹਾਂ। ਜੇ ਮੈਂ ਕਰ ਸਕਿਆ ਤਾਂ ਕਰਾਂਗਾ।"

ਤੂੰ ਬੜਾ ਮਿਹਰਬਾਨ ਏਂ। ਰੱਬ ਦਾ ਬੜਾ ਸ਼ੁਕਰ ਏ, " ਕਿ ਮੇਰੀ ਮੁਲਾਕਾਤ ਤੇਰੇ ਨਾਲ ਹੋਈ ਹੈ।

ਜਦੋਂ ਉਹਨੇ ਇਹ ਸ਼ਬਦ ਆਖੇ, ਉਹਦੀ ਆਵਾਜ਼ ਵਿਚ ਪਹਿਲੀ ਵਾਰੀ ਮੈਂ ਇਸਤਰੀ ਦਿਲ ਦੀ ਨਰਮਾਈ ਕੰਬਦੀ ਸੁਣੀ। ਉਹਦੀਆਂ ਵੱਡੀਆ ਵੱਡੀਆਂ ਉਦਾਸ ਅਤੇ ਚੇਤੰਨ ਅੱਖਾਂ ਮੇਰੇ ਮੂੰਹ ਤੇ ਜੁੜੀਆ ਸਨ। ਪਰ ਉਨ੍ਹਾਂ ਵਿਚ ਕੋਈ ਹੰਝੂ ਨਹੀਂ ਸਨ ਚਮਕ ਰਹੇ।

"ਮੈਂ ਪਹਿਲਾਂ ਇਕੋ ਵਾਰ ਲੰਦਨ ਗਈ ਹਾਂ, " ਉਹ ਹੋਰ ਵੀ ਉਤਾਵਲੇ ਲਹਿਜੇ ਵਿਚ ਕਹਿੰਦੀ ਗਈ, "ਪਰ ਮੈਨੂੰ ਲੰਦਨ ਦੇ ਏਸ ਪਾਸੇ ਦਾ ਕੁਝ ਵੀ ਪਤਾ ਨਹੀਂ, ਜਿਧਰ ਅਸੀਂ ਜਾ ਰਹੇ ਹਾਂ। ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਇੰਨੀ ਰਾਤ ਗਈ ਮੈਨੂੰ ਕੋਈ ਬੱਘੀ ਆਦਿ ਮਿਲ ਜਾਏਗੀ।"

"ਕੀ ਤੂੰ ਮੈਨੂੰ ਦੱਸ ਸਕੇਗਾ ਕਿ ਮੈਨੂੰ ਬੱਘੀ ਕਿਥੋਂ ਮਿਲੇਗੀ? ਪਰ ਮੈਨੂੰ ਵਚਨ ਦੇਹ ਕਿ ਮੇਰੀ ਗੱਲ ਵਿਚ ਕੋਈ ਵਿਘਨ ਨਹੀਂ ਪਾਏਂਗਾ ਕਿ ਮੈਂ ਜਿਥੇ ਚਾਹਵਾਂਗੀ, ਜਦੋਂ ਤੇ ਜਿਵੇਂ ਚਾਹਵਾਂਗੀ ਤੂੰ ਮੈਨੂੰ ਜਾਣ ਦਏਗਾ। ਲੰਦਨ ਵਿਚ ਮੇਰਾ ਇਕ ਮਿੱਤਰ ਹੈ ਜੋ ਮੈਨੂੰ ਮਿਲਕੇ ਖੁਸ਼ ਹੋਵੇਗਾ।"

ਉਹਨੇ ਚਿੰਤਾਤੁਰ ਤਕਣੀਆਂ ਨਾਲ ਸੜਕ ਦੇ ਦੋਹੀਂ ਪਾਸੀਂ ਵੇਖਿਆ। ਇਕ ਵਾਰ ਫੇਰ ਆਪਣਾ ਬੈਗ ਇਕ ਤੋਂ ਦੂਜੇ ਹੱਥ ਵਿਚ ਕੀਤਾ ਅਤੇ ਆਪਣੇ ਸ਼ਬਦ ਦੁਹਰਾਉਂਦੀ ਬੋਲੀ, "ਕੀ ਤੂੰ ਇਹ ਵਚਨ ਦਏਂਗਾ, ਬਸ ਮੈਨੂੰ ਹੋਰ ਕੁਝ ਨਹੀਂ ਚਾਹੀਦਾ। ਕੀ ਤੂੰ ਇਹ ਵਚਨ ਮੈਨੂੰ ਦਏਂਗਾ?" ਉਹਨੇ ਨੀਝ ਲਾਕੇ ਮੇਰੇ ਮੂੰਹ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚਲਾ ਡਰ, ਤਰਲਾ ਅਤੇ ਪ੍ਰੇਸ਼ਾਨੀ ਵੇਖ ਕੇ ਮੈਨੂੰ ਦੁਖ ਹੋਇਆ।

ਇਕ ਓਪਰੀ, ਇਕਲਾਪੀ ਅਤੇ ਬਿਲਕੁਲ ਬੇਬਸ ਇਸਤਰੀ ਮੇਰਾ ਤਰਸ ਮੰਗ ਰਹੀ ਸੀ। ਕੋਈ ਘਰ ਨੇੜੇ ਨਹੀਂ ਸੀ, ਨਾ ਹੀ ਕੋਈ ਬੰਦਾ ਉਥੋਂ ਲੰਘ ਰਿਹਾ ਸੀ ਜਿਸ ਕੋਲੋਂ ਮੈਂ ਸਲਾਹ ਲੈਂਦਾ। ਮੈਨੂੰ ਕੋਈ ਅਧਿਕਾਰ ਨਹੀਂ ਸੀ, ਉਸਦੀ ਜ਼ਿੰਦਗੀ ਵਿਚ ਦਖ਼ਲ ਦੇਣ ਦਾ ਤੇ ਜੇ ਮੈਨੂੰ ਇਹ ਅਧਿਕਾਰ ਹੁੰਦਾ ਵੀ ਤਾਂ ਮੈਨੂੰ ਇਹ ਅਧਿਕਾਰ ਵਰਤਣ ਦਾ ਢੰਗ ਨਹੀਂ ਸੀ ਸੁਝਣਾ।

ਅੱਜ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਅੱਜ ਜਦੋਂ ਮੇਰਾ ਵਿਸ਼ਵਾਸ ਆਪਣੇ ਆਪ ਤੇ ਹੀ ਨਹੀਂ ਰਿਹਾ, ਅੱਜ ਜਦੋਂ ਮਗਰੋਂ ਹੋਈਆਂ ਘਟਨਾਵਾਂ ਦੇ ਪ੍ਰਛਾਵੇਂ ਉਸ ਕਾਗਜ਼ ਨੂੰ ਕਾਲਾ ਕਰ ਰਹੇ ਹਨ, ਜਿਸਤੇ ਮੈਂ ਲਿਖ ਰਿਹਾ ਹਾਂ, ਤਾਂ ਵੀ ਮੈਂ ਕਹਿੰਦਾ ਹਾਂ ਕਿ ਮੈਂ ਕੀ ਕਰ ਸਕਦਾ ਸਾਂ।

ਮੈਂ ਸੋਚਣ ਲਈ ਕੁਝ ਸਮਾਂ ਹਾਸਲ ਕਰਨ ਲਈ ਉਹਨੂੰ ਸਵਾਲ ਪੁੱਛਣੇ ਸ਼ੁਰੂ ਕੀਤੇ, "ਕੀ ਤੈਨੂੰ ਯਕੀਨ ਹੈ ਕਿ ਏਨੀ ਰਾਤ ਗਏ ਲੰਦਨ ਵਿਚ ਤੇਰਾ ਮਿੱਤਰ ਤੈਨੂੰ ਮਿਲ ਜਾਏਗਾ?"

"ਮੈਨੂੰ ਯਕੀਨ ਹੈ। ਤੂੰ ਦੱਸ, ਜਦੋਂ ਤੇ ਜਿਵੇਂ ਮੈਂ ਜਾਣਾ ਚਾਹਾਂਗੀ ਤੂੰ ਮੈਨੂੰ ਜਾਣ ਦਏਂਗਾ ਨਾ? ਮੈਨੂੰ ਇਸ ਗੱਲ ਦਾ ਵਚਨ ਦੇਹ।"

ਜਦੋਂ ਉਹ ਆਪਣੇ ਇਹ ਸ਼ਬਦ ਤੀਜੀ ਵਾਰ ਦੁਹਰਾ ਰਹੀ ਸੀ ਤਾਂ ਉਹ ਮੇਰੇ ਨੇੜੇ ਆ ਗਈ ਤੇ ਅਚਨਚੇਤ ਉਹਨੇ ਇਕ ਲੁਕਾਵੇਂ ਅਛੋਪਲੇ ਅੰਦਾਜ਼ ਨਾਲ ਆਪਣਾ ਹੱਥ ਮੇਰੀ ਛਾਤੀ ਤੇ ਰੱਖ ਦਿੱਤਾ। ਉਹ ਬੜਾ ਪਤਲਾ ਤੇ ਸੂਖਮ ਜਿਹਾ ਹੱਥ ਸੀ। ਜਦੋਂ ਮੈਂ ਆਪਣੇ ਹੱਥ ਨਾਲ ਉਸਦਾ ਹੱਥ ਹਟਾਇਆ ਤਾਂ ਉਸ ਗਰਮ ਹੁਸੜ ਭਰੀ ਰਾਤ ਵਿਚ ਵੀ ਉਹ ਹੱਥ ਮੈਨੂੰ ਠੰਡਾ ਲੱਗਾ। ਮੈਂ ਜਵਾਨ ਸਾਂ ਤੇ ਜਿਹੜਾ ਹੱਥ ਮੈਨੂੰ ਛੋਹਿਆ ਸੀ ਉਹ ਇਕ ਇਸਤਰੀ ਦਾ ਹੱਥ ਸੀ।

"ਕੀ ਤੂੰ ਵਚਨ ਦਏਂਗਾ?"

“ਹਾਂ”

ਇਕ ਸ਼ਬਦ ਬੋਲਿਆ ਸੀ। ਇਹ ਇਕ ਨਿੱਕਾ ਜਿਹਾ ਆਮ ਸ਼ਬਦ ਹੈ ਜਿਹੜਾ ਹਰ ਵੇਲੇ ਹਰ ਕਿਸੇ ਦੇ ਬੁਲ੍ਹਾਂ ਉਤੇ ਰਹਿੰਦਾ ਹੈ। ਪਰ ਅੱਜ ਵੀ ਜਦੋਂ ਮੈਂ ਉੱਤਰ ਵਿਚ ਆਖਿਆ ਇਹ ਸ਼ਬਦ ਲਿਖ ਰਿਹਾ ਹਾਂ ਤਾਂ ਮੈਂ ਕੰਬ ਉਠਿਆ ਹਾਂ।

ਅਸਾ ਲੰਦਨ ਵੱਲ ਮੂੰਹ ਮੋੜ ਲਏ ਅਤੇ ਨਵੇਂ ਦਿਨ ਦੀਆਂ ਪਹਿਲੀਆਂ ਸ਼ਾਂਤ ਘੜੀਆਂ ਵਿਚ ਤੁਰਦੇ ਗਏ- ਮੈਂ ਅਤੇ ਉਹ ਔਰਤ, ਜਿਸਦਾ ਨਾਂ, ਜਿਸਦਾ ਆਚਰਣ, ਜਿਸਦੀ ਕਹਾਣੀ, ਜਿਸਦਾ ਜੀਵਨ ਮਨੋਰਥ, ਜਿਸਦਾ ਉਸ ਸਮੇਂ ਮੇਰੇ ਨਾਲ ਹੋਣਾ ਇਹ ਸਾਰੀਆਂ ਗੱਲਾਂ ਮੇਰੇ ਲਈ ਡੂੰਘਾ ਰਹੱਸ ਸਨ। ਕੀ ਮੈਂ ਵਾਲਟਰ ਹਾਰਟਰਾਈਟ ਸਾਂ? ਕੀ ਇਹ ਉਹੀ ਜਾਣੀ ਪਛਾਣੀ ਸੜਕ ਸੀ ਜਿਸ ਤੇ ਐਤਵਾਰ ਨੂੰ ਲੋਕ ਸੈਰ ਕਰਿਆ ਕਰਦੇ ਸਨ ਤੇ ਜਿਥੇ ਕਦੀ ਕੋਈ ਵਰਨਣਯੋਗ ਘਟਨਾ ਨਹੀਂ ਸੀ ਵਾਪਰੀ। ਕੀ ਆਪਣੀ ਮਾਂ ਦੇ ਘਰ ਦੇ ਘਰੋਗੀ, ਸ਼ਾਂਤ, ਮਰਯਾਦਾ ਭਰਪੂਰ ਵਾਤਾਵਰਣ ਨੂੰ ਛੱਡਿਆਂ ਅਜੇ ਮੈਨੂੰ ਮਸਾਂ ਇਕ ਘੰਟੇ ਤੋਂ ਰਤਾ ਕੁ ਵੱਧ ਸਮਾਂ ਹੀ ਬੀਤਿਆ ਸੀ।

ਦਿਕ ਧੁੰਧਲਾ ਜਿਹਾ ਸਵੈ-ਤ੍ਰਿਸਕਾਰ ਦਾ ਭਾਵ ਮੇਰੇ ਮਨ ਵਿਚ ਸੀ ਤੇ ਮੈਂ ਏਨਾਂ ਘਬਰਾਇਆ ਹੋਇਆ ਸਾਂ ਕਿ ਕੁਝ ਮਿੰਟ ਮੈਂ ਆਪਣੀ ਅਨੋਖੀ ਸਾਥਣ ਨਾਲ ਕਈ ਗੱਲ ਨਾ ਕਰ ਸਕਿਆ। ਇਸ ਵਾਰੀ ਵੀ ਉਹਦੀ ਆਵਾਜ਼ ਨੇ ਹੀ ਇਹ ਚੁੱਪ ਤੋੜੀ।

"ਮੈਂ ਤੈਨੂੰ ਕੁਝ ਪੁੱਛਣਾ ਚਾਹੁੰਦੀ ਹਾਂ', ਉਹਨੇ ਅਚਨਚੇਤ ਆਖਿਆ, "ਕੀ ਤੂੰ ਲੰਦਨ ਵਿਚ ਬਹੁਤ ਲੋਕਾਂ ਨੂੰ ਜਾਣਦਾ ਏਂ?"

"ਹਾਂ, ਮੈਂ ਬੜੇ ਲੋਕਾਂ ਨੂੰ ਜਾਣਦਾ ਹਾਂ।"

" ਕੀ ਤੂੰ ਉੱਚੇ ਰੁਤਬੇ ਅਤੇ ਖਿਤਾਬ ਵਾਲੇ ਬੜੇ ਲੋਕਾਂ ਨੂੰ ਜਾਣਦਾ ਏ?" ਇਹ ਅਨੋਖਾ ਪ੍ਰਸ਼ਨ ਪੁਛਦਿਆਂ ਉਹਦਾ ਸ਼ੱਕ ਭਰਿਆ ਲਹਿਜਾ ਪ੍ਰਤੱਖ ਸੀ।

"ਹਾਂ ਕੁਝ ਕੁ ਐਸੇ ਵੀ ਹਨ।" ਇਕ ਪਲ ਦੀ ਚੁੱਪ ਮਗਰੋਂ ਮੈਂ ਆਖਿਆ।

"ਕੀ ਬਹੁਤ ਸਾਰੇ........ ਉਹ ਰੁਕ ਗਈ ਅਤੇ ਉਹਨੇ ਮੇਰੇ ਚਿਹਰੇ ਨੂੰ ਘੋਖਦੀਆਂ ਨਜ਼ਰਾਂ ਨਾਲ ਵੇਖਿਆ।

"ਕੀ ਉਨ੍ਹਾਂ ਵਿਚੋਂ ਬਹੁਤ ਸਾਰੇ ਬੈਰਨ ਦੇ ਰੁਤਬੇ ਵਾਲੇ ਹਨ।"

ਮੈਂ ਏਨਾ ਹੈਰਾਨ ਹੋਇਆ ਕਿ ਕੋਈ ਉੱਤਰ ਨਾ ਦੇ ਸਕਿਆ। ਹੁਣ ਸੁਆਲ ਕਰਨ ਦੀ ਮੇਰੀ ਵਾਰੀ ਸੀ।

"ਇਹ ਗੱਲ ਤੂੰ ਕਿਉਂ ਪੁੱਛੀ ਏ?"

"ਕਿਉਂ ਜੋ ਮੈਂ ਆਸ ਕਰਦੀ ਹਾਂ ਕਿ ਇਕ ਬੈਰਨ ਨੂੰ ਤੂੰ ਨਾ ਜਾਣਦਾ ਹੋਵੇਂ। ਮੇਰੀ ਭਲਾਈ ਏਸੇ ਵਿਚ ਏ।"

"ਕੀ ਤੂੰ ਮੈਨੂੰ ਉਹਦਾ ਨਾਂ ਦੱਸ'ਗੀ?'

"ਨਹੀਂ ਨਹੀਂ, ਮੈਂ ਨਹੀਂ ਦੱਸ ਸਕਦੀ। ਮੇਰੇ ਵਿਚ ਹੌਂਸਲਾ ਹੀ ਨਹੀਂ। ਜਦੋਂ ਮੈਂ

ਉਹਦਾ ਨਾਂ ਲੈਂਦੀ ਹਾਂ ਮੈਂ ਗੁੱਸੇ ਵਿਚ ਪਾਗਲ ਹੋ ਉਠਦੀ ਹਾਂ।" ਇਹ ਆਖਦਿਆਂ ਉਹਦੀ ਆਵਾਜ਼ ਉੱਚੀ ਅਤੇ ਪ੍ਰਚੰਡ ਹੋ ਗਈ ਸੀ। ਗੁੱਸੇ ਨਾਲ ਉਹਨੇ ਵੱਟਕੇ ਮੁੱਕੀ ਹਵਾ ਵਿਚ ਉਲਾਰੀ। ਫੇਰ ਉਹਨੇ ਆਪਣੇ ਆਪ ਉੱਤੇ ਕਾਬੂ ਪਾ ਲਿਆ ਅਤੇ ਧੀਮੀ ਆਵਾਜ਼ ਵਿਚ ਬੋਲੀ,"ਤੂੰ ਦੱਸ ਤੂੰ ਕਿਹੜੇ ਬੈਰਨ ਨੂੰ ਜਾਣਦਾ ਏਂ?"

ਮੈਂ ਉਸਦੀ ਇਹ ਨਿੱਕੀ ਜਹੀ ਪੁੱਛ ਨੂੰ ਕਿਵੇਂ ਟਾਲ ਸਕਦਾ ਸਾਂ ! ਮੈਂ ਤਿੰਨ ਨਾਂ ਲਏ। ਦੋ ਉਨ੍ਹਾਂ ਵਿਚੋਂ ਗ੍ਰਹਿਸਤੀ ਅਤੇ ਪ੍ਰਵਾਰਾਂ ਵਾਲੇ ਸਨ, ਜਿਨ੍ਹਾਂ ਦੀਆਂ ਧੀਆਂ ਨੂੰ ਮੈਂ ਪੜਾਉਂਦਾ ਸਾਂ ਅਤੇ ਇਕ ਕੁਆਰੇ ਲਾਰਡ ਦਾ ਨਾਂ ਸੀ ਜੋ ਮੇਰੇ ਕੋਲੋਂ ਰੇਖਾ ਚਿੱਤਰ ਬਨਵਾਉਣ ਲਈ ਮੈਨੂੰ ਆਪਣੀ ਸੈਰ ਕਿਸ਼ਤੀ ਵਿਚ ਸਮੁੰਦਰੀ ਯਾਤਰਾਂ ਤੇ ਆਪਣੇ ਨਾਲ ਲੈ ਗਿਆ ਸੀ।

"ਸ਼ੁਕਰ ਏ ਤੂੰ ਉਹਨੂੰ ਨਹੀਂ ਜਾਣਦਾ "ਉਹਨੇ ਸੁੱਖ ਦਾ ਸਾਹ ਲੈਂਦਿਆਂ ਆਖਿਆ, "ਕੀ ਤੂੰ ਆਪ ਵੀ ਰੁਤਵੇ ਅਤੇ ਖ਼ਿਤਾਬ ਵਾਲਾ ਰਈਸ ਏ?"

"ਕਿਥੇ ਮੈਂ ਕਿਥੇ ਰਈਸ! ਮੈਂ ਤਾਂ ਕੇਵਲ ਇਕ ਡਰਾਇੰਗ ਮਾਸਟਰ ਹਾਂ !"

ਇਹ ਉੱਤਰ ਦੇਂਦਿਆਂ ਸ਼ਾਇਦ ਮੇਰੇ ਲਹਿਜੇ ਵਿਚ ਰਤਾ ਕੁ ਕੁੜਿੱਤਨ ਆ ਗਈ ਸੀ।

ਅਚਨਚੇਤ ਤੀਬਰਤਾ ਨਾਲ ਉਹਨੇ ਮੇਰੀ ਬਾਂਹ ਫੜ ਲਈ। ਅਸਲ ਵਿਚ ਇਹ ਅਚਨਚੇਤ ਤੀਬਰਤਾ ਉਹਦੀ ਹਰ ਗੱਲ ਵਿਚ ਸੀ।

"ਇਹ ਰੁਤਬੇ ਤੇ ਖਿਤਾਬ ਵਾਲਾ ਨਹੀਂ" ਉਹ ਜਿਵੇਂ ਆਪਣੇ ਆਪ ਨੂੰ ਕਹਿੰਦੀ ਬੋਲੀ, “ਰੱਬ ਦਾ ਸ਼ੁਕਰ ਹੈ। ਮੈਂ ਇਹਦੇ ਤੇ ਵਿਸਵਾਸ਼ ਕਰ ਸਕਦੀ ਹਾਂ।”

ਹੁਣ ਤੀਕ ਮੈਂ ਉਹਦੇ-ਮਨੋਭਾਵਾਂ ਦਾ ਖਿਆਲ ਕਰਕੇ ਆਪਣੀ ਉਤਸੁਕਤਾ ਤੇ ਕਾਬੂ ਪਾਣੀ ਰੱਖਿਆ ਸੀ। ਹੁਣ ਇਹ ਉਤਸੁਕਤਾ ਮੇਰੇ ਹੱਥੋਂ ਨਿਕਲ ਗਈ।

"ਮੈਨੂੰ ਜਾਪਦਾ ਹੈ ਕਿਸੇ ਰੁਤਬੇ ਅਤੇ ਖਿਤਾਬ ਵਾਲੇ ਦੇ ਵਿਰੁੱਧ ਤੈਨੂੰ ਬੜੀ ਸਖ਼ਤ ਸ਼ਿਕਾਇਤ ਹੈ। ਮੈਨੂੰ ਜਾਪਦਾ ਹੈ ਉਸ ਬੈਰਨ ਨੇ, ਜਿਸਦਾ ਨਾਂ ਤੂੰ ਮੈਨੂੰ ਦੱਸਣਾ ਨਹੀਂ ਚਾਹੁੰਦੀ, ਤੇਰੇ ਨਾਲ ਕੋਈ ਵੱਡੀ ਵਧੀਕੀ ਕੀਤੀ ਹੈ। ਕੀ ਏਸ ਕੁਵੱਲੇ ਤੇਰੇ ਏਸ ਥਾਂ ਤੇ ਆਉਣ ਦਾ ਕਾਰਣ ਉਹੀ ਆਦਮੀ ਹੈ?"

"ਕੁਝ ਨਾ ਪੁੱਛ" ਉਹਨੇ ਉੱਤਰ ਦਿੱਤਾ। "ਐਵੇਂ ਮੇਰੇ ਮੂੰਹ ਕੁਝ ਨਿਕਲ ਜਾਏਗਾ। ਏਸ ਵੇਲੇ ਮੈਨੂੰ ਪੂਰੀ ਹੋਸ਼ ਨਹੀਂ ! ਮੇਰੇ ਨਾਲ ਬੜਾ ਜ਼ੁਲਮ ਹੋਇਆ ਹੈ ! ਬੜਾ ਧੱਕਾ ਹੋਇਆ ਹੈ | ਤੇਰੀ ਮਿਹਰਬਾਨੀ ਏਸ ਵਿਚ ਹੈ ਕਿ ਤੂੰ ਤਿੱਖੀ ਤੋਰੇ ਤੁਰਿਆ ਚਲ ਤੇ ਮੈਨੂੰ ਨਾ ਬੁਲਾ। ਇਸ ਵੱਲੋਂ ਮੈਂ ਆਪਣੇ ਆਪ ਨੂੰ ਸ਼ਾਂਤ ਕਰਨਾ ਚਾਹੁੰਦੀ ਹਾਂ, ਜੋ ਮੈਂ ਕਰ ਸਕਾਂ।"

ਅਸੀਂ ਮੁੜ ਤਿੱਖੀ ਚਾਲੇ ਪੈ ਗਏ। ਘੱਟੋ ਘੱਟ ਅੱਧਾ ਘੰਟਾ ਤਾਂ ਅਸੀਂ ਇਕ ਵੀ ਸ਼ਬਦ ਸਾਂਝਾ ਨਾ ਕੀਤਾ। ਮੈਨੂੰ ਹੋਰ ਪੁੱਛਾਂ ਪੁੱਛਣ ਦੀ ਮਨਾਹੀ ਸੀ। ਇਸ ਲਈ ਮੈਂ ਕਦੀ ਕਦੀ ਉਹਦੇ ਮੂੰਹ ਵੱਲ ਚੋਰ-ਤਕੱਣੀਆਂ ਨਾਲ ਵੇਖ ਲੈ ਦਾ ਸਾਂ। ਹਰ ਵਾਰੀ ਮੈਂ ਵੇਖਿਆ ਉਹਦੇ ਬੁਲ ਘੁੱਟੇ ਹੋਏ ਸਨ, ਉਹਦੇ ਮੱਥੇ ਤਿਉੜੀਆਂ ਸਨ ਅਤੇ ਉਹਦੀਆਂ ਅੱਖਾਂ ਸਾਹਮਣੇ ਵੇਖ ਰਹੀਆਂ ਸਨ। ਉਹਨਾਂ ਅੱਖਾਂ ਵਿਚ ਤਾਂਘ ਵੀ ਸੀ ਅਤੇ ਬੇਧਿਆਨੀ ਵੀ। ਅਸੀਂ ਆਬਾਦੀ ਕੋਲ ਅਪੜ ਪਏ ਸਾਂ

ਅਤੇ ਨਵੇਂ ਵੈਜ਼ਲੀਅਨ ਕਾਲਜ ਦੇ ਬਿਲਕੁਲ ਲਾਗੇ ਸਾਂ, ਜਦੋਂ ਉਹਦੇ ਤਣੇ ਹੋਏ ਨਕਸ਼ ਰਤਾ ਢਿੱਲੇ ਹੋਏ ਤੇ ਉਹ ਇਕ ਵਾਰੀ ਫੇਰ ਬੋਲੀ :-

"ਕੀ ਤੂੰ ਲੰਦਨ ਵਿਚ ਰਹਿੰਦਾ ਏਂ?"

"ਹਾਂ" ਫੇਰ ਮੈਨੂੰ ਖ਼ਿਆਲ ਆਇਆ ਕਿ ਕਿਤੇ ਇਹਦਾ ਇਰਾਦਾ ਮੇਰੇ ਕੋਲੋਂ ਸਲਾਹ ਜਾਂ ਸਹਾਇਤਾ ਲੈਣ ਦਾ ਨਾ ਹੋਵੇ। ਮੈਨੂੰ ਚਾਹੀਦਾ ਹੈ ਕਿ ਲੰਦਨ ਤੋਂ ਆਪਣੀ ਆਉਣ ਵਾਲੀ ਗੈਰ- ਹਾਜ਼ਰੀ ਸੰਬੰਧੀ ਉਹਨੂੰ ਚੇਤਾਵਨੀ ਕਰਾਦਿਆਂ। ਇਸ ਤਰ੍ਹਾਂ ਮੈਂ ਉਹਨੂੰ ਹੋਣ ਵਾਲੀ ਕਾਲੀ ਨਿਰਾਸ਼ਾ ਤੋਂ ਬਚਾ ਲਵਾਂਗਾ। ਇਸ ਲਈ ਮੈਂ ਕਹਿੰਦਾ ਗਿਆ, "ਪਰ ਕੱਲ੍ਹ ਮੈਂ ਲੰਦਨ ਤੋਂ ਦੂਰ ਹੋਵਾਂਗਾ। ਮੈਂ ਕੁਝ ਚਿਰ ਲਈ ਪਿੰਡ ਜਾਣਾ ਏ।"

"ਕਿਥੇ?" ਉਹਨੇ ਪੁੱਛਿਆ, 'ਉੱਤਰ ਵੱਲ ਜਾਂ ਦੱਖਣ ਨੂੰ।"

"ਉੱਤਰ ਵੱਲ। ਕੰਬਰਲੈਂਡ ਨੂੰ।"

"ਕੰਬਰਲੈਂਡ!" ਉਹਨੇ ਇਹ ਸ਼ਬਦ ਬੜੀ ਨਰਮਾਈ ਨਾਲ ਬੋਲਿਆ, "ਕਾਸ਼ ਮੈਂ ਵੀ ਉਥੇ ਜਾ ਰਹੀ ਹੁੰਦੀ ! ਕਦੀ ਕੰਬਰਲੈਂਡ ਵਿਚ ਮੈਨੂੰ ਬੜੀ ਖੁਸ਼ੀ ਮਿਲੀ ਸੀ !"

ਇਕ ਵਾਰੀ ਮੈਂ ਫੇਰ ਉਹ ਪਰਦਾ ਚੁਕਣਾ ਚਾਹਿਆ ਜਿਹੜਾ ਇਸ ਇਸਤਰੀ ਅਤੇ ਮੇਰੇ ਵਿਚਕਾਰ ਲਟਕ ਰਿਹਾ ਸੀ।

"ਸ਼ਾਇਦ ਨੂੰ ਝੀਲਾਂ ਦੇ ਉਸ ਸੁੰਦਰ ਇਲਾਕੇ ਵਿਚ ਹੀ ਜੰਮੀ ਸੈਂ?"

"ਨਹੀਂ।" ਉਹਨੇ ਉੱਤਰ ਦਿੱਤਾ, "ਮੈਂ ਤਾਂ ਹੈਮਪਸ਼ਾਇਰ ਵਿਚ ਜੰਮੀ ਸਾਂ। ਕੰਬਰਲੈਂਡ ਵਿਚ ਮੈਂ ਕੁਝ ਚਿਰ ਲਈ ਸਕੂਲ ਵਿਚ ਪੜ੍ਹੀ ਸਾਂ। ਝੀਲਾਂ! ਮੈਨੂੰ ਤਾਂ ਝੀਲਾਂ ਯਾਦ ਨਹੀਂ। ਮੇਰਾ ਜੀ ਤਾਂ ਮੁੜ ਕੇ ਲਿਮਰਿਜ ਪਿੰਡ ਤੇ ਲਿਮਰਿਜ ਹਾਊਸ ਵੇਖਣ ਨੂੰ ਕਰਦਾ ਹੈ।"

ਹੁਣ ਅਚਨਚੇਤ ਰੁਕ ਜਾਣ ਦੀ ਮੇਰੀ ਵਾਰੀ ਸੀ। ਉਸ ਸਮੇਂ ਮੇਰੀ ਉਤਕੰਠਾ ਏਨੀ ਉਤੇਜਤ ਹੋਈ ਹੋਈ ਸੀ। ਮੇਰੀ ਅਨੋਖੀ ਸਾਥਣ ਦੇ ਬੁਲ੍ਹਾਂ ਉਤੇ ਆਏ ਮਿਸਟਰ ਫ਼ੇਅਰਲੀ ਦੇ ਨਿਵਾਸ ਸਥਾਨ ਦੇ ਜ਼ਿਕਰ ਨੇ ਮੈਨੂੰ ਹੈਰਾਨੀ ਨਾਲ ਚਕਰਾ ਦਿੱਤਾ।

ਜਿਉਂ ਹੀ ਮੈਂ ਰੁਕਿਆ ਉਹਨੇ ਡਰ ਕੇ ਸੜਕ ਦੇ ਦੋਹੀਂ ਪਾਸੀਂ ਵੇਖਿਆ ਤੇ ਬੋਲੀ, "ਕੀ ਤੈਨੂੰ ਪਿਛੋਂ ਕਿਸੇ ਦੀ ਵਾਜ ਆਈ ਏ?"

"ਨਹੀਂ, ਨਹੀਂ। ਮੈਂ ਤਾਂ ਸਿਰਫ਼ ਲਿਮਰਿਜ ਹਾਊਸ ਦਾ ਨਾਂ ਸੁਣਕੇ ਹੈਰਾਨ ਹੋਇਆ ਸਾਂ। ਅਜੇ ਕੁਝ ਹੀ ਦਿਨ ਹੋਏ ਹਨ ਮੈਂ ਕੰਬਰਲੈਂਡ ਦੇ ਕੁਝ ਲੋਕਾਂ ਦੇ ਮੂੰਹੋ ਇਹ ਨਾਂ ਸੁਣਿਆ ਸੀ।"

"ਉਨ੍ਹਾਂ ਲੋਕਾਂ ਦੇ ਮੂੰਹ ਨਹੀਂ ਸੁਣਿਆ ਹੋਣਾ ਜਿਨਾਂ ਨੂੰ ਉਥੇ ਮੈਂ ਜਾਣਦੀ ਸਾਂ। ਮਿਸਿਜ਼ ਫੇਅਰਲੀ ਤੇ ਉਹਦਾ ਪਤੀ ਮਰ ਚੁੱਕੇ ਹਨ। ਅਤੇ ਉਨ੍ਹਾਂ ਦੀ ਨਿੱਕੀ ਜਹੀ ਬੱਚੀ ਹੁਣ ਤੀਕ ਵਿਆਹੀ ਜਾ ਚੁੱਕੀ ਹੋਵੇਗੀ ਤੇ ਉਥੋਂ ਚਲੀ ਗਈ ਹੋਵੇਗੀ। ਕਹਿ ਨਹੀਂ ਸਕਦੀ ਹੁਣ ਲਿਮਰਿਜ ਵਿਚ ਕੌਣ ਰਹਿੰਦਾ ਹੈ। ਜੇ ਕੋਈ ਹੁਣ ਉਥੇ ਫ਼ੇਅਰਲੀ ਘਰਾਣੇ ਦੇ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਮਿਸਿਜ਼ ਫ਼ੇਅਰਲੀ ਸਦਕਾ ਪਿਆਰ ਕਰਦੀ ਹਾਂ।" ਉਹ ਅਜੇ ਕੁਝ ਹੋਰ ਵੀ ਕਹਿਣ ਹੀ ਲੱਗੀ ਸੀ ਪਰ ਉਹਦੇ ਬੋਲਦਿਆਂ ਬੋਲਦਿਆਂ ਸਾਨੂੰ ਐਵੇਨੀਯੂ ਰੋਡ ਦੇ ਸਿਰੇ ਉਤੇ ਚੁੰਗੀਵਾਲਾ ਫਾਟਕ ਨਜ਼ਰੀਂ ਪੈ ਗਿਆ।

ਉਹਦਾ ਹੱਥ ਮੇਰੀ ਬਾਂਹ ਦੁਆਲੇ ਘੁੱਟਿਆ ਗਿਆ ਤੇ ਉਹਨੇ ਬੜੀਆਂ ਚਿੰਤਾਤੁਰ ਤਕਣੀਆਂ ਨਾਲ ਸਾਹਮਣੇ ਫਾਟਕ ਵੱਲ ਵੇਖਿਆ।

"ਕੀ ਚੁੰਗੀ ਵਾਲਾ ਬਾਹਰ ਤਾਂ ਨਹੀਂ ਝਾਕ ਰਿਹਾ?" ਉਹਨੇ ਪੁੱਛਿਆ।

ਚੁੰਗੀ ਵਾਲਾ ਬਾਹਰ ਨਹੀਂ ਸੀ ਵੇਖ ਰਿਹਾ ਤੇ ਨਾ ਹੀ ਉਥੇ ਨੇੜੇ ਕਈ ਹੋਰ ਬੰਦਾ ਸੀ, ਜਦੋਂ ਅਸੀਂ ਫਾਟਕ ਲੰਘੇ। ਘਰ ਅਤੇ ਗੈਸ ਲੈਂਪ ਵੇਖਕੇ ਉਹਦੀ ਬੇਸਬਰੀ ਅਤੇ ਪ੍ਰੇਸ਼ਾਨੀ ਵੱਧ ਗਈ।

"ਕੀ ਇਹ ਲੰਦਨ ਹੈ?" ਉਹ ਬੋਲੀ, 'ਏਥੇ ਕਿਤੇ ਤੈਨੂੰ ਕੋਈ ਬੱਘੀ ਦਿੱਸਦੀ ਹੈ? ਮੈਂ ਥੱਕ ਗਈ ਹਾਂ ਅਤੇ ਮੈਨੂੰ ਡਰ ਲੱਗ ਰਿਹਾ ਏ। ਚਾਹੁੰਦੀ ਹਾਂ ਕਿਸੇ ਬੱਘੀ ਅੰਦਰ ਬੰਦ ਹੋ ਕੇ ਦੂਰ ਚਲੀ ਜਾਵਾਂ।"

ਮੈਂ ਉਹਨੂੰ ਸਮਝਾਇਆ ਕਿ ਬੱਘੀਆਂ ਦੇ ਅੱਡੇ ਤੀਕ ਪਹੁੰਚਣ ਲਈ ਸਾਨੂੰ ਕੁਝ ਦੇਰ ਹੋਰ ਚੱਲਣਾ ਪਏਗਾ। ਹੋ ਸਕਦਾ ਹੈ ਚੰਗੇ ਭਾਗਾਂ ਨੂੰ ਕੋਈ ਖਾਲੀ ਬੱਘੀ ਰਾਹ ਵਿਚ ਹੀ ਮਿਲ ਜਾਏ। ਫੇਰ ਮੈਂ ਕੰਬਰਲੈਂਡ ਦੇ ਵਿਸ਼ੇ ਤੇ ਗੱਲ ਬਾਤ ਕਰਨੀ ਚਾਹੀ। ਪਰ ਸਭ ਨਿਸ਼ਫਲ। ਬੱਘੀ ਵਿਚ ਬੰਦ ਹੋ ਕੇ ਕਿਤੇ ਦੂਰ ਜਾਣ ਦਾ ਖਿਆਲ ਹੁਣ ਉਹਦੇ ਸਾਰੇ ਮਨ ਉਤੇ ਛਾ ਗਿਆ ਸੀ। ਉਹ ਨਾ ਕੁਝ ਹੋਰ ਸੋਚ ਸਕਦੀ ਸੀ, ਨਾ ਕੋਈ ਹੋਰ ਗੱਲ ਹੀ ਕਰ ਸਕਦੀ ਸੀ।

ਅਜੇ ਅਸੀਂ ਐਵੇਨੀਯੂ ਰੋਡ ਤੇ ਆਪਣੇ ਰਾਹ ਦਾ ਮਸਾਂ ਤੀਜਾ ਹਿੱਸਾ ਹੀ ਲੰਘੇ ਸਾਂ ਕਿ ਮੈਨੂੰ ਇਕ ਬੱਘੀ ਸੜਕ ਦੇ ਦੂਜੇ ਪਾਸੇ ਸਾਡੇ ਤੋਂ ਕੁਝ ਘਰਾਂ ਦੀ ਵਿੱਥ ਤੇ ਰੁਕਦੀ ਦਿਸੀ।

ਇਕ ਆਦਮੀ ਉਸ ਵਿੱਚੋਂ ਉਤਰ ਕੇ ਘਰ ਦੇ ਬਗੀਚੇ ਦੇ ਗੇਟ ਥਾਣੀ ਅੰਦਰ ਗਿਆ ਸੀ। ਜਿਉਂ ਹੀ ਕੋਚਵਾਨ ਵਾਪਿਸ ਆਪਣੀ ਥਾਂ ਤੇ ਬੈਠਾ, ਮੈਂ ਉਹਨੂੰ ਆਵਾਜ਼ ਦਿੱਤੀ। ਸੜਕ ਪਾਰ ਕਰਦਿਆਂ ਮੇਰੀ ਸਾਥਣ ਦੀ ਬੇਸਬਰੀ ਏਨੀ ਵਧੀ ਕਿ ਮੈਨੂੰ ਵੀ ਉਹਦੇ ਨਾਲ ਲਗਭਗ ਦੌੜਨਾ ਪਿਆ।

"ਬਹੁਤ ਦੇਰ ਹੋ ਗਈ ਏ", ਉਹਨੇ ਆਖਿਆ, " ਮੈਨੂੰ ਏਸੇ ਲਈ ਬਹੁਤ ਕਾਹਲੀ ਏ, ਕਿਉਂ ਜੋ ਦੇਰ ਬਹੁਤ ਹੋ ਗਈ ਏ।"

ਜਦੋਂ ਮੈਂ ਬੱਘੀ ਦਾ ਬੂਹਾ ਖੋਹਲਿਆ ਤਾਂ ਕੋਚਵਾਨ ਬੜੀ ਨਿਮਰਤਾ ਨਾਲ ਬੋਲਿਆ, ''ਜਨਾਬ, ਜੇਕਰ ਤੁਸੀਂ ਟਾਟਨਹੋਮ ਕੋਰਟ ਰੋਡ ਵੱਲ ਨਹੀਂ ਜਾਣਾ ਤਾਂ ਮੈਂ ਤੁਹਾਨੂੰ ਨਹੀਂ ਬਿਠਾ ਸਕਦਾ। ਮੇਰਾ ਘੋੜਾ ਥੱਕ ਕੇ ਚੂਰ ਹੋ ਗਿਆ ਹੈ। ਹੁਣ ਮੈਂ ਉਹਨੂੰ ਉਹਦੇ ਤਬੇਲੇ ਤੋਂ ਦੂਰ ਕਿਧਰੇ ਨਹੀਂ ਲਿਜਾ ਸਕਦਾ।"

"ਹਾਂ, ਹਾਂ, ਮੇਰੇ ਲਈ ਏਨਾ ਹੀ ਕਾਫ਼ੀ ਏ, ਮੈਂ ਉਸੇ ਪਾਸੇ ਜਾਣਾ ਏਂ", ਉਹਨੇ ਸਾਹੋ-ਸਾਹ ਹੋਈ ਅਤੇ ਤਾਂਘ ਭਰੀ ਆਵਾਜ ਵਿਚ ਆਖਿਆ ਅਤੇ ਮੇਰੇ ਨਾਲ ਦੀ ਘੁਸੜ ਕੇ ਲੰਘਦੀ ਬੱਘੀ ਵਿਚ ਬਹਿ ਗਈ। ਉਹਦੇ ਬੱਘੀ ਵਿਚ ਬੈਠਣ ਤੋਂ ਪਹਿਲਾਂ ਮੈਂ ਆਪਣੀ ਤਸੱਲੀ ਕਰ ਲਈ ਸੀ ਕਿ ਕੋਚਵਾਨ ਸ਼ਰੀਫ਼ ਸੀ ਸਗੋਂ ਨਸ਼ੇ ਵਿਚ ਵੀ ਨਹੀਂ ਸੀ। ਜਦੋਂ ਉਹ ਅੰਦਰ ਬੈਠੀ ਸੀ ਤਾਂ ਮੈਂ ਉਹਨੂੰ ਤਰਲਾ ਕੀਤਾ ਕਿ ਉਹ ਮੈਨੂੰ ਨਾਲ ਲੈ ਚਲੇ ਤਾਂ ਜੋ ਮੈਂ ਉਹਨੂੰ ਸੁਰਖਿਅਤ ਉਹਦੀ ਮੰਜ਼ਿਲ ਤੇ ਪੁਚਾ ਆਵਾਂ।

"ਨਹੀਂ! ਨਹੀਂ ! ਨਹੀ !" ਉਹਨੇ ਬੜੇ ਜੋਸ਼ ਨਾਲ ਆਖਿਆ, "ਹੁਣ ਮੈਨੂੰ ਕੋਈ ਖ਼ਤਰਾ ਨਹੀਂ ਤੇ ਮੈਂ ਖ਼ੁਸ਼ ਹਾਂ। ਜੇ ਤੂੰ ਬੀਬਾ ਪੁਰਸ ਏ ਤਾਂ ਆਪਣਾ ਵਚਨ ਯਾਦ ਕਰ। ਕੋਚਵਾਨ ਨੂੰ ਆਖ ਉਹ ਬੱਘੀ ਚਲਾਉ'ਦਾ ਜਾਵੇ ਜਦ ਤੀਕ ਮੈਂ ਉਹਨੂੰ ਨਾ ਰੋਕਾਂ। ਤੇਰਾ ਬਹੁਤ ਬਹੁਤ ਧੰਨਵਾਦ।"

ਮੇਰਾ ਹੱਥ ਬੱਘੀ ਦੇ ਦਰਵਾਜ਼ੇ ਤੇ ਸੀ, ਉਹਨੇ ਆਪਣੇ ਹੱਥਾਂ ਵਿਚ ਘੁੱਟਿਆ, ਚੁੰਮਿਆਂ ਤੇ ਫਿਰ ਛੱਡ ਦਿੱਤਾ। ਉਸੇ ਪਲ ਬੱਘੀ ਟੁਰ ਪਈ।

ਮੈਂ ਸੜਕ ਤੇ ਤੁਰਨ ਲੱਗ ਪਿਆ। ਪਤਾ ਨਹੀਂ ਕਿਉਂ ਮੇਰੇ ਮਨ ਵਿਚ ਇਕ ਧੁੰਦਲਾ ਜਿਹਾ ਖ਼ਿਆਲ ਸੀ ਕਿ ਬੱਘੀ ਨੂੰ ਮੁੜ ਰੋਕ ਲਵਾਂ। ਫੇਰ ਮੈਂ ਜੱਕਤਕਿਆਂ ਵਿਚ ਪੈ ਗਿਆ ਕਿ ਕਿੱਤੇ ਉਹ ਡਰ ਨਾ ਜਾਵੇ ਤੇ ਹੋਰ ਦੁੱਖੀ ਨਾ ਹੋਵੇ

ਅਖ਼ੀਰ ਮੈਂ ਵਾਜ ਮਾਰ ਹੀ ਦਿੱਤੀ ਪਰ ਮੇਰੀ ਆਵਾਜ਼ ਏਨੀ ਉੱਚੀ ਨਹੀਂ ਸੀ ਕਿ ਉਹ ਕੋਚਵਾਨ ਨੂੰ ਸੁਣੀਂਦੀ। ਦੂਰ-ਦੂਰ ਜਾਂਦੀ ਬੱਘੀ ਦੇ ਪਹੀਆਂ ਦੀ ਆਵਾਜ਼ ਬੜੀ ਮੱਧਮ ਪੈ

ਗਈ। ਬੱਘੀ ਸੜਕ ਦੇ ਕਾਲੇ ਪ੍ਰਛਾਵਿਆਂ ਵਿਚ ਲੁਕ ਗਈ -ਚਿੱਟੇ ਬਸਤਰਾਂ ਵਾਲੀ ਇਸਤਰੀ ਜਾ ਚੁੱਕੀ ਸੀ।

ਦਸ ਪੰਦਰਾਂ ਮਿੰਟ ਹੋਰ ਲੰਘੇ। ਮੈਂ ਸੜਕ ਦੇ ਉਸੇ ਪਾਸੇ ਸਾਂ। ਕਦੀ ਬੇ-ਧਿਆਨੀ ਵਿਚ ਕੁਝ ਕਦਮ ਤੁਰਦਾ, ਫੇਰ ਬੇ-ਧਿਆਨੀ ਵਿਚ ਹੀ ਰੁਕ ਜਾਂਦਾ। ਇਕ ਵਾਰੀ ਤਾਂ ਮੈਨੂੰ ਇਹ ਵੀ ਸ਼ੱਕ ਹੋਇਆ ਕਿ ਇਹ ਘੱਟਨਾ ਵਾਸਤਵ ਵਿਚ ਮੇਰੇ ਨਾਲ ਨਹੀਂ ਸੀ ਵਾਪਰੀ। ਫੇਰ ਮੈਂ ਪ੍ਰੇਸ਼ਾਨ ਤੇ ਦੁੱਖੀ ਹੋ ਗਿਆ। ਇਹ ਖਿਆਲ ਕਿ ਮੈਂ ਠੀਕ ਨਹੀਂ ਕੀਤਾ, ਮੈਨੂੰ ਬੇ-ਆਰਾਮ ਕਰ ਰਿਹਾ ਸੀ। ਪਰ ਮੈਨੂੰ ਇਹ ਵੀ ਪਤਾ ਨਹੀਂ ਸੀ ਲੱਗਦਾ ਕਿ ਠੀਕ ਕੀ ਸੀ ਜੋ ਮੈਨੂੰ ਕਰਨਾ ਚਾਹੀਦਾ ਸੀ। ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਮੈਂ ਕਿਧਰ ਜਾ ਰਿਹਾ ਸਾਂ, ਅਤੇ ਹੁਣ ਕੀ ਕਰਨਾ ਚਾਹੁੰਦਾ ਸਾਂ? ਆਪਣੇ ਖਿਆਲਾਂ ਦੀ ਪ੍ਰਸਾਨੀ ਤੋਂ ਛੁੱਟ ਮੈਨੂੰ ਕਿਸੇ ਗੱਲ ਦੀ ਸੁਰਤ ਨਹੀਂ ਸੀ। ਅਚਨਚੇਤ ਆਪਣੇ ਪਿੱਛੇ ਆਉਂਦੀ ਬੱਘੀ ਦੇ ਤੇਜ਼ ਪਹੀਆਂ ਦੀ ਆਵਾਜ਼ ਨੇ ਮੈਨੂੰ ਹੋਸ਼ ਵਿਚ ਲੈ ਆਂਦਾ, ਜਿਵੇਂ ਸੁੱਤੇ ਨੂੰ ਜਗਾ ਦਿੱਤਾ।

ਜਦੋਂ ਮੈਂ ਪਿੱਛੇ ਮੁੜਕੇ ਵੇਖਣ ਲਈ ਰੁਕਿਆ ਤਾਂ ਮੈਂ ਸੜਕ ਦੇ ਹਨੇਰੇ ਪਾਸੇ ਅਤੇ ਇਕ ਬਾਗ ਦੇ ਬਿਰਛਾਂ ਦੇ ਸੰਘਣੇ ਪ੍ਰਛਾਵਿਆਂ ਵਿਚ ਸਾਂ। ਮੇਰੇ ਤੋਂ ਅੱਗੇ ਬੜ੍ਹੀ ਜਿਹੀ ਵਿੱਥ ਉਤੇ, ਸੜਕ ਦੇ ਪਾਰਲੇ ਅਤੇ ਚਾਨਣੇ ਪਾਸੇ ਪੁਲੀਸ ਦਾ ਇਕ ਸਿਪਾਹੀ ਰੀਜੇਂਟ ਪਾਰਕ ਵੱਲ ਗਸ਼ਤ ਕਰ ਰਿਹਾ ਸੀ।

ਬੱਘੀ ਮੇਰੇ ਕੋਲੋਂ ਦੀ ਲੰਘ ਗਈ। ਇਹ ਬਿਨਾਂ ਛੱਤ ਦੇ ਛੋਟੀ ਜਿਹੀ ਬੱਘੀ ਸੀ, ਜਿਸਨੂੰ ਦੋ ਆਦਮੀ ਚਲਾ ਰਹੇ ਸਨ।

ਰੁੱਕ ਜਾਹ।" ਇਕ ਨੇ ਚੀਖ਼ ਕੇ ਆਖਿਆ, ਉਹ ਇਕ ਸਿਪਾਹੀ ਖੜਾ ਏ। ਉਹਨੂੰ ਪੁਛਦੇ ਹਾਂ।"

ਜਿਸ ਥਾਂ ਤੇ ਮੈਂ ਹਨੇਰੇ ਵਿਚ ਖੜਾ ਸਾਂ ਉਸ ਤੋਂ ਕੁਝ ਗਜ਼ਾਂ ਦੀ ਵਿੱਥ ਤੇ ਲਗਾਮ ਖਿੱਚ ਕੇ ਬੱਘੀ ਨੂੰ ਤੁਰੰਤ ਰੋਕ ਲਿਆ ਗਿਆ।

"ਸੰਤਰੀ ਜੀ" ਪਹਿਲੇ ਬੰਦੇ ਨੇ ਚੀਖ ਕੇ ਪੁੱਛਿਆ।

“ਕੀ ਤੁਸੀਂ ਕਈ ਜਨਾਨੀ ਇਧਰੋਂ ਜਾਂਦੀ ਵੇਖੀ ਏ?"

"ਕਿਹੋ ਜਿਹੀ ਜ਼ਨਾਨੀ, ਜਨਾਬ?"

ਉਹਨੇ ਹਲਕੇ ਲਾਲ ਰੰਗ ਦਾ ਗਾਊਨ ਪਹਿਨਿਆ ਹੋਇਆ ਸੀ।"

"ਨਹੀਂ, ਨਹੀਂ" ਦੂਜਾ ਵਿਚੋਂ ਹੀ ਟੋਕ ਕੇ ਬੋਲਿਆ "ਜਿਹੜੇ ਕੱਪੜੇ ਅਸੀਂ ਉਹਨੂੰ ਦਿੱਤੇ ਸਨ। ਉਹ ਤੇ ਆਪਣੇ ਬਿਸਤਰ ਉਤੇ ਹੀ ਛੱਡ ਗਈ ਸੀ। ਜਾਣ ਲੱਗਿਆਂ ਉਹਨੇ ਉਹੀ ਪੁਰਾਣੇ ਕੱਪੜੇ ਪਾ ਲਏ ਹੋਣੇ ਨੇ ਜਿਨ੍ਹਾਂ ਨਾਲ ਉਹ ਸਾਡੇ ਕੋਲ ਆਈ ਸੀ। ਚਿੱਟੇ ਕੱਪੜੇ, ਸੰਤਰੀ ਜੀ, ਚਿੱਟਿਆਂ ਕੱਪੜਿਆਂ ਵਾਲੀ ਕੋਈ ਔਰਤ?"

"ਨਹੀਂ ਜਨਾਬ, ਕੋਈ ਨਹੀਂ ਵੇਖੀ।"

"ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਬੰਦੇ ਨੂੰ ਉਹ ਔਰਤ ਮਿਲੇ ਤਾਂ ਉਹਨੂੰ ਰੋਕ ਲੈਣਾ ਤੇ ਉਹਨੂੰ ਬੜੀ ਸਾਵਧਾਨੀ ਨਾਲ ਇਸ ਪਤੇ ਉੱਤੇ ਭਿਜਵਾ ਦੇਣਾ। ਸਾਰਾ ਖਰਚਾ ਮੈਂ ਦਿਆਂਗਾ ਅਤੇ ਚੰਗਾ ਚੋਖਾ ਇਨਾਮ ਵੀ।"

ਸਿਪਾਹੀ ਨੇ ਉਹ ਕਾਰਡ ਵੇਖਿਆ ਜਿਹੜਾ ਉਹਨੂੰ ਫੜਾਇਆ ਗਿਆ ਸੀik।

"ਪਟ ਜਨਾਬ, ਅਸੀਂ ਕਿਉਂ ਉਹਨੂੰ ਰੋਕੀਏ? ਉਹਦਾ ਕਸੂਰ ਕੀ ਏ?"

"ਕਸੂਰ? ਉਹ ਮੇਰ ਪਾਲਗਖਾਨੇ ਵਿਚ ਨੱਠ ਆਈ ਏ। ਚੰਗਾ ਭੁਲਣਾ ਨਹੀਂ, ਚਿੱਟੇ ਕੱਪੜਿਆ ਵਾਲੀ ਔਰਤ। ਚੱਲੋ ਬੱਘੀ ਚਲਾਉ।

(5)

"ਉਹ ਮੇਰੇ ਪਾਗਲਖਾਨੇ ਵਿਚ ਨੱਠ ਗਈ ਏ।

ਮੈਂ ਸੱਚਮੁੱਚ ਨਹੀਂ ਕਹਿ ਸਕਦਾ ਕਿ ਇਹਨਾਂ ਸ਼ਬਦਾਂ ਤੋਂ ਜੋ ਭਿਆਨਕ ਸਿੱਟਾ ਨਿਕਲਦਾ ਸੀ, ਉਹ ਮੇਰੇ ਲਈ ਨਵੀਨ ਰਹੱਸ ਦਾ ਉਦਘਾਟਨ ਸੀ। ਜਦੋਂ ਮੈਂ ਉਸ ਚਿੱਟੇ ਬਸਤਰਾਂ ਵਾਲੀ ਇਸਤਰੀ ਨਾਲ ਚੰਗੀ ਤਰ੍ਹਾਂ ਸੋਚਣ ਸਮਝਣ ਬਿਨਾਂ ਹੀ ਇਹ ਇਕਰਾਰ ਕਰ ਦਿੱਤਾ ਸੀ ਕਿ ਉਹ ਜੋ ਚਾਹੇ ਅਤੇ ਜਿਵੇਂ ਚਾਹੇ ਕਰ ਸਕਦੀ ਹੈ, ਤਾਂ ਉਹਨੇ ਮੈਨੂੰ ਕਈ ਅਨੋਖੇ ਪ੍ਰਸ਼ਨ ਪੁੱਛੇ ਸਨ। ਉਨ੍ਹਾ ਨੂੰ ਸੁਣ ਕੇ ਹੀ ਮੈਂ ਇਸ ਨਤੀਜੇ ਤੇ ਪੁੱਜਾ ਸਾਂ ਕਿ ਜਾਂ ਤਾਂ ਉਹਦਾ ਸੁਭਾ ਹੀ ਡਾਵਾਂ-ਡੋਲ ਹੈ, ਜਾਂ ਫਿਰ ਕਿਸੇ ਨਵੇਂ ਭਿਆਨਕ ਧੱਕੇ ਨੇ ਉਹਦੀ ਮਾਨਸਕ ਸ਼ਕਤੀ ਦਾ ਸਾਵਾਪਨ ਉਲਾਰ ਕਰ ਦਿੱਤਾ ਹੈ। ਪਰ ਮੈਂ ਇਹ ਪੂਰੀ ਈਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਉਸ ਨਿਰੰਕੁਸ਼ ਪਾਗਲਪਨ ਦਾ ਵਿਚਾਰ ਜੋ ਪਾਗਲਖਾਨੇ ਦਾ ਨਾਂ ਸੁਣਦਿਆਂ ਹੀ ਸਾਡੇ ਸਾਹਮਣੇ ਆ ਜਾਂਦਾ ਹੈ, ਮੈਂ ਉਸ ਇਸਤਰੀ ਨਾਲ ਸੰਬੰਧਿਤ ਨਹੀਂ ਸਾਂ ਕਰ ਸਕਿਆ। ਉਸ ਸਮੇਂ ਮੈਨੂੰ ਉਹਦੀਆਂ ਗੱਲਾਂ ਅਤੇ ਹਰਕਤਾਂ ਵਿਚ ਕੋਈ ਅਜਿਹੀ ਗੱਲ ਨਹੀਂ ਸੀ ਦਿੱਸੀ। ਹੁਣ ਇਸ

ਓਪਰ ਮਨੁੱਖ ਨੇ ਜੋ ਸ਼ਬਦ ਸੰਤਰੀ ਨੂੰ ਕਹੇ ਸਨ, ਉਨ੍ਹਾਂ ਦੀ ਰੋਸ਼ਨੀ ਵਿਚ ਵੀ ਮੁੜ ਵੇਖਿਆਂ ਪਰਖਿਆ, ਮੈਂ ਉਹਦੇ ਪਾਗਲਪਨ ਦਾ ਸਮਰੱਥਣ ਨਹੀਂ ਸਾਂ ਕਰ ਸਕਦਾ।

ਮੈਂ ਕੀ ਕਰ ਬੈਠਾ ਸਾਂ? ਸਭ ਤੋਂ ਭਿਆਨਕ ਜਬਰੀ ਕੈਦ ਦੇ ਇਕ ਸ਼ਿਕਾਰ ਦੀ ਸਹਾਇਤਾ ਕੀਤੀ ਸੀ, ਜਾਂ ਲੰਦਨ ਜਿਹੇ ਵੱਡੇ ਸ਼ਹਿਰ ਵਿਚ ਇਕ ਬਦਨਸੀਬ ਨੂੰ ਖੁਲਮਖੁੱਲਾ ਅਤੇ ਬੇਰੋਕ ਵਿਚਰਨ ਲਈ ਛੱਡ ਦਿੱਤਾ ਸੀ, ਜਦ ਕਿ ਇਹ ਮੇਰਾ ਅਤੇ ਹੋਰ ਸਭ ਮਨੁੱਖਾਂ ਦਾ ਵੀ ਇਹ ਕਰਤੱਵ ਬਣਦਾ ਸੀ ਕਿ ਤਰਸ ਖਾ ਕੇ ਉਹਨੂੰ ਕਾਬੂ ਵਿਚ ਲਿਆਂਦਾ ਜਾਏ। ਜਦੋਂ ਮੈਂ ਆਪਣੇ ਆਪ ਨੂੰ ਇਹ ਪ੍ਰਸ਼ਨ ਕੀਤਾ ਤਾਂ ਮੇਰਾ ਦਿਲ ਪ੍ਰਸ਼ਾਨ ਅਤੇ ਉਦਾਸ ਹੋ ਗਿਆ। ਮੈਂ ਆਪਣੇ ਆਪ ਨੂੰ ਧਿਕਾਰ ਪਾਈ ਕਿ ਇਹ ਸਵਾਲ ਮੈਂ ਆਪਣੇ ਆਪ ਨੂੰ ਪਹਿਲਾਂ ਹੀ ਕਿਉਂ ਨਹੀਂ ਪੁੱਛਿਆ।

ਅੰਤ ਜਦੋਂ ਮੈਂ ਕਲੀਮੈਂਟ ਇਨ ਆਪਣੇ ਕਮਰੇ ਵਿਚ ਪੁੱਜਾ ਤਾਂ ਮੇਰਾ ਦਿਮਾਗ ਏਨਾ ਪ੍ਰਸ਼ਾਨ ਸੀ ਕਿ ਨੀਂਦ ਆਉਣ ਦਾ ਵਿਚਾਰ ਹੀ ਨਹੀਂ ਸੀ ਉੱਠਦਾ। ਕੁਝ ਘੰਟਿਆਂ ਮਗਰੋਂ ਹੀ ਮੈਨੂੰ ਆਪਣੀ ਕੰਬਰਲੈਂਡ ਦੀ ਯਾਤਰਾ ਲਈ ਨਿਕਲਣਾ ਪੈਣਾ ਸੀ। ਪਹਿਲਾਂ ਕੁਝ ਚਿਰ ਬੈਠ ਕੇ ਮੈਂ ਰੇਖਾ-ਚਿਤ੍ਰ ਬਣਾਉਣ ਦੀ ਅਸਫਲ ਕੋਸ਼ਿਸ਼ ਕੀਤੀ ਫਿਰ ਕੁਝ ਪੜ੍ਹਨ ਦੀ, ਪਰ ਉਹ ਚਿੱਟੇ ਬਸਤਰਾਂ ਵਾਲੀ ਔਰਤ ਮੇਰੇ ਅਤੇ ਮੇਰੀ ਪੈਨਸਿਲ, ਮੇਰੇ ਅਤੇ ਮੇਰੀ ਪੁਸਤਕ ਦੇ ਵਿਚਕਾਰ ਆ ਖੜੋਂਦੀ। ਕੀ ਉਸ ਲਾਚਾਰ ਕੁੜੀ ਨੂੰ ਕਈ ਬਿਪਤਾ ਤੇ ਨਹੀਂ ਆ ਪਈ? ਸਭ ਤੋਂ ਪਹਿਲਾਂ ਤਾਂ ਮੈਨੂੰ ਇਹੀ ਵਿਚਾਰ ਆਇਆ ਭਾਵੇਂ ਮੈਂ ਆਪਣੇ ਸਵਾਰਥੀਪਣ ਕਾਰਣ ਇਹਦਾ ਸਾਹਮਣਾ ਕਰਨ ਘਬਰਾਉਂਦਾ ਸਾਂ। ਇਸ ਤੋਂ ਮਗਰੋਂ ਕਈ ਹੋਰ ਸੋਚਾਂ ਅਹੁੜੀਆਂ ਜੋ ਇੰਨੀਆਂ ਦੁਖਦਾਈ ਨਹੀਂ ਸਨ। ਉਹਨੇ ਬੱਘੀ ਨੂੰ ਕਿੱਥੇ ਰੋਕਿਆ ਹੋਵੇਗਾ? ਹੁਣ ਉਹਦੇ ਤੇ ਕੀ ਬੀਤਦੀ ਹੋਵੇਗੀ? ਕੀ ਬੱਘੀ ਵਾਲੇ ਆਦਮੀਆਂ ਨੇ ਉਹਦਾ ਪਿੱਛਾ ਕਰਕੇ ਉਹਨੂੰ ਫੜ ਤਾਂ ਨਹੀਂ ਲਿਆ? ਜਾਂ ਕੀ ਉਹ ਅਜੇ ਆਜ਼ਾਦ ਹੈ, ਕੀ ਅਸੀਂ ਦੋਵੇਂ ਆਪਣੇ ਭਿੰਨ-ਭਿੰਨ ਅਤੇ ਬਿਲਕੁਲ ਵੱਖ-ਵੱਖ ਰਾਹਾਂ ਤੇ ਵੀ ਚਲਦੇ ਹੋਏ ਭੇਤ ਭਰੇ ਭਵਿੱਸ਼ ਵਿਚ ਕਿਧਰੇ ਇਕੋ ਨੁਕਤੇ ਵੱਲ ਤਾਂ ਨਹੀਂ ਵੱਧ ਰਹੇ ਜਿਥੇ ਅਸੀਂ ਇਕ ਵਾਰ ਮੁੜ ਜਾ ਮਿਲਣਾ ਹੈ?

ਉਦੋਂ ਮੈਨੂੰ ਸੁਖਾਲਾ ਸਾਹ ਆਇਆ, ਜਦੋਂ ਮੇਰੇ ਜਾਣ ਦਾ ਸਮਾਂ ਹੋਇਆ, ਉਹ ਘੜੀ ਆ ਪਹੁੰਚੀ ਸੀ, ਜਦੋਂ ਮੈਂ ਆਪਣੇ ਦਰਵਾਜ਼ੇ ਨੂੰ ਤਾਲਾ ਮਾਰਕੇ, ਲੰਦਨ ਵਿਚਲੇ ਕੰਮਾਂ ਕਾਜਾਂ, ਮਿੱਤਰਾਂ ਅਤੇ ਵਿਦਿਆਰਥੀਆਂ ਨੂੰ ਅਲਵਿਦਾ ਕਹਿ ਇਕ ਨਵੀਂ ਜ਼ਿੰਦਗੀ ਅਤੇ ਨਵੇਂ ਕੰਮ

ਲਈ ਤੁਰਨਾ ਸੀ। ਰੇਲਵੇ ਸਟੇਸ਼ਨ ਦੀ ਭੀੜ ਅਤੇ ਹੜਬੜੀ ਨੇ, ਜੋ ਉਂਜ ਬੜੀ ਅਕਾਊ ਅਤੇ ਘਬਰਾਹਟ ਭਰੀ ਲਗਿਆ ਕਰਦੀ ਸੀ, ਮੈਨੂੰ ਆਪਣੇ ਪ੍ਰੇਸ਼ਾਨ ਖਿਆਲਾ ਵਿਚੋਂ ਝੰਜੋੜਿਆ ਅਤੇ ਉਸ ਸਮੇਂ ਮੈਨੂੰ ਇਹ ਬੜੀ ਸੁਖਾਵੀਂ ਅਤੇ ਚੰਗੀ ਲੱਗੀ।

ਯਾਤਰਾ ਲਈ ਜੋ ਹਿਦਾਇਤਾਂ ਮੈਨੂੰ ਮਿਲੀਆਂ ਸਨ, ਉਨ੍ਹਾਂ ਅਨੁਸਾਰ ਮੈਂ ਪਹਿਲਾਂ ਕਾਰਲਿਸਲੀ ਪਹੁੰਚਣਾ ਸੀ। ਉਥੋਂ ਉਹ ਛੋਟੀ ਗੱਡੀ ਫੜਨੀ ਸੀ ਜੋ ਸਮੁੰਦਰ-ਤਟ ਵੱਲ ਜਾਂਦੀ ਸੀ। ਦੁਰਭਾਗ ਸ਼ੁਰੂ ਤੋਂ ਮੇਰੇ ਨਾਲ ਸੀ। ਸਭ ਤੋਂ ਪਹਿਲਾਂ ਲੰਕਾਸਟਰ ਅਤੇ ਕਾਰਤਿਸਲੀ ਵਿਚਕਾਰ ਸਾਡੇ ਇੰਜਣ ਵਿਚ ਕੋਈ ਖਰਾਬੀ ਆ ਗਈ। ਇਸ ਦੁਰਘਟਨਾ ਨਾਲ ਜੋ ਦੇਰ ਹੋਈ ਮੈਂ ਉਹ ਛੋਟੀ ਗੱਡੀ ਫੜਨ ਤੋਂ ਰਹਿ ਗਿਆ। ਉਹ ਗੱਡੀ ਜਾ ਚੁੱਕੀ ਸੀ। ਕਈ ਘੰਟਿਆਂ ਦੀ ਉਡੀਕ ਮਗਰੋਂ' ਆਖਿਰ ਕਿਸੇ ਹੋਰ ਗੱਡੀ ਤੇ ਮੈਂ ਲਿਮਰਿਜ ਹਾਊਸ ਦੇ ਸਭ ਤੋਂ ਨੇੜੇ ਦੇ ਰੇਲਵੇ ਸਟੇਸ਼ਨ ਤੇ ਜਦੋਂ ਉਤਰਿਆ ਤਾਂ ਦਸ ਤੋਂ ਵਧੀਕ ਦਾ ਸਮਾਂ ਸੀ। ਰਾਤ ਏਨੀ ਹਨੇਰੀ ਸੀ ਕਿ ਮੈਂ ਬੜੀ ਔਖਿਆਈ ਨਾਲ ਉਸ ਛੋਟੀ ਬੱਘੀ ਤਕ ਪੁੱਜਾ ਜੋ ਮਿਸਟਰ ਫ਼ੇਅਰਲੀ ਦੇ ਹੁਕਮ ਅਨੁਸਾਰ ਮੇਰੀ ਉਡੀਕ ਕਰ ਰਹੀ ਸੀ।

ਸਪੱਸ਼ਟ ਸੀ, ਕਿ ਡਰਾਈਵਰ ਮੇਰੇ ਦੇਰ ਨਾਲ ਪਹੁੰਚਣ ਕਰਕੇ ਬੜੀ ਬੇਆਰਾਮੀ ਵਿਚ ਸੀ। ਉਹ ਉਸ ਸਤਿਕਾਰ ਭਰੇ ਰੋਸੇ ਦੀ ਸਥਿਤੀ ਵਿਚ ਸੀ ਜੋ ਅੰਗਰੇਜ਼ ਨੌਕਰਾਂ ਦੀ ਵਿਸ਼ੇਸ਼ਤਾ ਹੈ। ਉਸ ਅੰਧਕਾਰ ਵਿਚ ਅਸੀਂ ਦੋਵੇਂ ਹੀ ਬਿਲਕੁਲ ਚੁੱਪ ਰਹੇ। ਸੜਕਾਂ ਦੀ ਹਾਲਤ ਵੀ ਭੈੜੀ ਸੀ ਅਤੇ ਘਣੇ ਹਨੇਰੇ ਕਾਰਣ ਬੱਘੀ ਬੜੀ ਮੁਸ਼ਕਲ ਨਾਲ ਚਲ ਰਹੀ ਸੀ। ਮੇਰੀ ਆਪਣੀ ਘੜੀ ਦੇ ਅਨੁਸਾਰ ਸ਼ਟੇਸ਼ਨ ਤੋਂ ਤੁਰਿਆਂ ਕੋਈ ਡੇਢ ਕੁ ਘੰਟੇ ਮਗਰੋਂ ਮੈਨੂੰ ਦੂਰ ਸਮੁੰਦਰ ਦੀ ਆਵਾਜ਼ ਆਈ ਅਤੇ ਬੱਘੀ ਦੇ ਪਹੀਏ ਇਕ ਸਮਤਲ ਬਜਰੀ ਦੇ ਬਣੇ ਹੋਏ ਰਾਹ ਤੇ ਤੁਰਨ ਲੱਗੇ। ਇਸ ਤੋਂ ਪਹਿਲਾਂ ਅਸੀਂ ਇਕ ਫਾਟਕ ਲੰਘ ਆਏ ਸਾਂ। ਇਕ ਹੋਰ ਫਾਟਕ ਪਾਰ ਕਰਕੇ ਅਸੀਂ ਘਰ ਦੇ ਅੱਗੇ ਰੁਕੇ। ਇਕ ਗੰਭੀਰ ਚਿਹਰੇ ਵਾਲੇ ਮਰਦ ਨੌਕਰ ਨੇ ਜੋ ਵਰਦੀ ਵਿਚ ਸੀ, ਮੇਰਾ ਸਵਾਗਤ ਕੀਤਾ। ਉਹਨੇ ਮੈਨੂੰ ਦਸਿਆ ਕਿ ਸਾਰਾ ਟਬਰ ਸੌਂ ਗਿਆ ਸੀ। ਇਸ ਤੋਂ ਮਗਰੋਂ ਉਹ ਮੈਨੂੰ ਇਕ ਵੱਡੇ ਅਤੇ ਉਚੇ ਜਿਹੇ ਕਮਰੇ ਵਿਚ ਲੈ ਗਿਆ ਜਿਥੇ ਮੇਰੀ ਰਾਤ ਦੀ ਰੋਟੀ ਇਕ ਬੜੇ ਵੱਡੇ ਸਾਗਵਾਨ ਲੱਕੜੀ ਦੇ ਬਣੇ ਹੋਏ ਮੇਜ਼ ਦੇ ਇਕ ਕਿਨਾਰ ਤੇ ਕਲਮ-ਕੱਲੀ ਪਈ ਮੇਰੀ ਉਡੀਕ ਕਰ ਰਹੀ ਸੀ।

ਮੈਂ ਏਨਾਂ ਥੱਕਿਆ ਹੋਇਆ ਅਤੇ ਉਦਾਸ ਸਾਂ ਕਿ ਕੁਝ ਵੀ ਖਾਣ-ਪੀਣ ਤੇ ਮੇਰਾ ਦਿਲ ਨਹੀਂ ਸੀ। ਖਾਸ ਕਰਕੇ, ਉਸ ਗੰਭੀਰ ਚਿਹਰੇ ਵਾਲੇ ਨੌਕਰ ਦੇ ਸਾਹਮਣੇ ਜੋ ਹੁਕਮ ਦੀ ਪਾਲਣਾ ਲਈ ਇੰਜ ਖੜਾ ਸੀ, ਜਿਵੇਂ ਉਥੇ ਰੋਟੀ ਖਾਣ ਲਈ ਮੈਂ ਕਲਮ-ਕੱਲਾ ਨਹੀਂ, ਸਗੋਂ ਬਹੁਤ ਸਾਰੇ ਲੋਕ ਆ ਗਏ ਸਨ। ਮੈਂ ਪੰਦਰਾ ਮਿੰਟਾਂ ਵਿਚ ਹੀ ਵਿਹਲਾ ਹੋ ਗਿਆ ਤਾਂ ਜੋ ਉਹ ਮੈਨੂੰ ਸੌਣ ਕਮਰੇ ਵਿਚ ਲੈ ਜਾਏ। ਉਹੀ ਨੌਕਰ ਮੈਨੂੰ ਇਕ ਸੋਹਣੀ ਤਰ੍ਹਾਂ ਸਜੇ ਹੋਏ ਕਮਰੇ ਵਿਚ ਲੈ ਗਿਆ ਅਤੇ ਬੋਲਿਆ, "ਨਾਸ਼ਤਾ ਸਵੇਰੇ ਨੌਂ ਵਜੇ ਹੁੰਦਾ ਹੈ, ਸ੍ਰੀਮਾਨ ਜੀ।" ਉਹਨੇ ਚਾਰੇ ਪਾਸੇ ਵੇਖ ਕੇ ਆਪਣੀ ਤਸੱਲੀ ਕੀਤੀ ਕਿ ਹਰ ਵਸਤੂ ਆਪਣੀ ਠੀਕ ਥਾਂ ਤੇ ਹੈ, ਅਤੇ ਚੁੱਪ-ਚੁਪੀਤੇ ਚਲਾ ਗਿਆ। ਅੱਜ ਰਾਤੀ ਮੈਂ ਸੁਪਨਿਆ ਵਿਚ ਕੀ ਵੇਖਾਂਗਾ?" ਮੋਮ-ਬਤੀ ਬੁਝਾਦਿਆਂ ਮੈਂ ਆਪਣੇ ਦਿਲ ਵਿਚ ਸੋਚਿਆ, "ਚਿੱਟੇ ਬਸਤਰਾਂ ਵਾਲੀ ਔਰਤ? ਜਾਂ ਕੰਬਰਲੈਂਡ ਮਹੱਲ ਦੇ ਅਨਜਾਣ ਨਿਵਾਸੀ?"

ਇਸ ਘਰ ਵਿਚ ਟੱਬਰ ਦੇ ਇਕ ਮਿੱਤਰ ਦੀ ਹੈਸੀਅਤ ਵਿਚ ਸੌਣਾ ਪਰ ਕਿਸੇ ਇਕ ਜੀਅ ਨੂੰ ਵੀ ਨਾ ਜਾਣਨਾ ਨਾ ਪਛਾਨਣਾ, ਮੇਰੇ ਲਈ ਇਕ ਅਜੀਬ ਅਤੇ ਅਨੋਖਾ ਅਨੁਭਵ ਸੀ।

(6)

ਅਗਲੀ ਸਵੇਰੇ ਜਦੋਂ ਉਠਕੇ ਮੈਂ ਆਪਣੀ ਬਾਰੀ ਦਾ ਪਰਦਾ ਪਰੇ ਕੀਤਾ ਤਾਂ ਮੇਰੇ ਸਾਹਮਣੇ ਅਗਸਤ ਦੀ ਧੁੱਪ ਵਿਚ ਖ਼ੁਸ਼ੀ ਨਾਲ ਠਾਠਾਂ ਮਾਰਦਾ ਸਮੁੰਦਰ ਸੀ। ਦੂਰ ਸਕਾਟਲੈਂਡ ਦੇ ਸਮੁੰਦਰੀ ਤਟ ਦੀ ਨੀਲੱਤਣ ਦੁਮੇਲ ਦੀਆਂ ਕੰਨੀਆਂ ਰੰਗ ਰਹੀ ਸੀ।

ਇਹ ਦਰਿਸ਼ ਮੇਰੇ ਲਈ ਇਕ ਅਚੰਭਾ ਸੀ। ਲੰਦਨ ਵਿਚ ਹਰ ਸਮੇਂ ਇੱਟਾਂ ਅਤੇ ਚੂਨੇ ਦਾ ਭੂ-ਦਰਿਸ਼ ਵੇਖ ਵੇਖ ਕੇ ਮੈਂ ਕਿੰਨਾਂ ਥੱਕ ਚੁੱਕਾ ਸਾਂ ਇਹ ਮੈਨੂੰ ਉਦੋਂ ਮਹਿਸੂਸ ਹੋਇਆ ਜਦੋਂ ਇਹ ਪ੍ਰੀਵਰਤਨ ਭਰਿਆ ਅਤੇ ਨਵਾਂ ਨਜ਼ਾਰਾ ਵੇਖਦਿਆਂ ਹੀ ਮੇਰੇ ਅੰਦਰ ਇਕ ਨਵੀਂ ਜੀਵਨ ਰੋਅ ਜਾਗ ਪਈ ਅਤੇ ਕਈ ਤਰ੍ਹਾਂ ਦੀਆਂ ਨਵੀਆਂ ਸੋਚਾਂ ਨੇ ਜਨਮ ਲਿਆ। ਮੈਨੂੰ ਇਹ ਘਬਰਾਹਟ ਭਰਿਆ ਅਨੁਭਵ ਹੋਇਆ ਕਿ ਜਿਵੇਂ ਅਚਾਨਕ ਹੀ ਮੇਰਾ ਜਾਣੇ ਪਛਾਣੇ ਭੂਤ ਨਾਲੋਂ ਸੰਬੰਧ ਟੁੱਟ ਗਿਆ ਹੋਵੇ, ਪਰ ਨਾਲ ਇਹ ਵੀ ਸਪੱਸ਼ਟ ਨਹੀਂ ਕਿ ਮੇਰਾ ਵਰਤਮਾਨ ਅਤੇ ਭਵਿੱਸ਼ ਨਾਲ ਕੀ ਸਬੰਧ ਹੈ। ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਬਾਰੇ ਮੈਨੂੰ ਇੰਜ ਲੱਗਾ ਜਿਵੇਂ ਉਹ ਮਹੀਨਿਆਂ ਪਹਿਲਾਂ ਵਾਪਰੀਆਂ ਹੋਣ। ਪੋਸਕਾ ਦਾ ਆਪਣੇ ਵਚਿਤ੍ਰ ਢੰਗ ਵਿਚ ਉਨ੍ਹਾਂ ਸਭ

ਘਟਨਾਵਾਂ ਦੀ ਘੋਸ਼ਣਾ ਕਰਨੀ, ਜਿਨ੍ਹਾਂ ਰਾਹੀਂ ਉਹਨੇ ਮੈਨੂੰ ਮੇਰੀ ਇਹ ਨੌਕਰੀ ਲੈ ਕੇ ਦਿੱਤੀ, ਉਹ ਅਖੀਰੀ ਸ਼ਾਮ ਜਿਹੜੀ ਮੈਂ ਆਪਣੀ ਮਾਂ ਅਤੇ ਭੈਣ ਨਾਲ ਬਿਤਾਈ, ਇਥੋਂ ਤੱਕ ਕਿ ਉਹ ਭੇਤ ਭਰੀ ਘਟਨਾ ਜੋ ਮੇਰੇ ਨਾਲ ਹੈਂਪਸਟੈਂਡ ਘਰ ਤੋਂ ਜਾਂਦਿਆ ਵਾਪਰੀ ਸੀ ਸਭ ਮੈਨੂੰ ਇੰਜ ਜਾਪ ਰਹੀਆਂ ਸਨ ਜਿਵੇਂ ਮੇਰੀ ਹੋਂਦ ਦੇ ਕਿਸੇ ਪਹਿਲੇ ਦੌਰ ਵਿਚ ਘਟੀਆਂ ਹੋਣ। ਭਾਵੇਂ ਚਿੱਟੇ ਬਸਤਰਾਂ ਵਾਲੀ ਔਰਤ ਅਜੇ ਵੀ ਮੇਰੇ ਦਿਮਾਗ ਵਿਚ ਸੀ, ਪਰ ਉਹਦਾ ਪ੍ਰਤੀਬਿੰਬ ਵੀ ਧੁੰਦਲਾ ਹੁੰਦਾ ਜਾ ਰਿਹਾ ਸੀ। ਨੌਂ ਵਜਣ ਤੋਂ ਥੋੜ੍ਹਾ ਚਿਰ ਪਹਿਲਾਂ ਮੈਂ ਘਰ ਦੀ ਹੇਠਲੀ ਮੰਜਿਲ ਤੇ ਉਤਰਿਆ। ਰਾਤ ਵਾਲਾ ਗੰਭੀਰ ਚਿਹਰੇ ਵਾਲਾ ਨੌਕਰ ਮੈਨੂੰ ਵਰਾਂਡਿਆਂ ਵਿਚ ਘੁੰਮਦਾ ਦਿਸਿਆ। ਉਹਨੇ ਮੈਨੂੰ ਬੜੀ ਦਰਿਆ ਦਿਲੀ ਨਾਲ ਬੇਕਫਾਸਟ ਰੂਮ ਦਾ ਰਾਹ ਦਸਿਆ।

ਜਿਉਂ ਹੀ ਉਹਨੇ ਦਰਵਾਜ਼ਾ ਖੋਲ੍ਹਿਆ, ਪਹਿਲੀ ਤਕਣੀ ਵਿਚ ਮੈਂ ਵੇਖਿਆ ਕਿ ਮੇਜ਼ ਨਾਸ਼ਤੇ ਦੇ ਸਮਾਨ ਨਾਲ ਭਰਿਆ ਹੋਇਆ ਇਕ ਲੰਮੇ ਕਮਰੇ ਵਿਚਕਾਰ ਪਿਆ ਸੀ। ਕਮਰੇ ਵਿਚ ਚੌਖੀਆ ਖਿੜਕੀਆਂ ਸਨ। ਮੈਂ ਮੇਜ਼ ਤੋਂ ਉਸ ਖਿੜਕੀ ਵੱਲ ਵੇਖਿਆ, ਜੋ ਮੇਰੇ ਤੋਂ ਸਭ ਤੋਂ ਬਹੁਤੀ ਦੂਰੀ ਤੇ ਸੀ। ਉਥੇ ਇਕ ਔਰਤ ਖੜੀ ਸੀ। ਜਿਸ ਦੀ ਪਿੱਠ ਮੇਰੇ ਵੱਲ ਸੀ। ਉਸ ਤੇ ਮੇਰੀਆਂ ਅੱਖਾਂ ਅਜੇ ਟਿਕੀਆਂ ਹੀ ਸਨ, ਕਿ ਮੈਂ ਉਸ ਦੇ ਆਕਾਰ ਦੇ ਅਲੋਕਿਕ ਰੂਪ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹਦ ਖੜੇ ਹੋਣ ਦਾ ਢੰਗ ਬੜਾ ਸੁੰਦਰ ਤੇ ਨਿਰਛਲ ਸੀ। ਉਹ ਲੰਮੀ ਸੀ, ਪਰ ਹੱਦੋਂ ਬਹੁਤੀ ਨਹੀਂ। ਉਹ ਸੁਡੌਲ ਅਤੇ ਭਰੀ ਹੋਈ ਸੀ, ਪਰ ਮੋਟੀ ਨਹੀਂ। ਉਹਦੇ ਮੋਢਿਆਂ ਉਤੇ ਉਹਦਾ ਸਿਰ ਅਜਿਹੀ ਦ੍ਰਿੜਤਾ ਨਾਲ ਟਿਕਿਆ ਹੋਇਆ ਸੀ, ਜਿਸ ਵਿਚ ਕੋਮਲਤਾ ਵੀ ਝਲਕਦੀ ਸੀ। ਉਹਦਾ ਲੱਕ, ਇਕ ਮਰਦ ਦੀਆਂ ਅੱਖਾਂ ਨਾਲ ਵੇਖਿਆਂ ਪੂਰਨ ਸੁਡੌਲ ਸੀ। ਸਪਸ਼ਟ ਸੀ ਕਿ ਕਿਸੇ ਅੰਗੀ ਨਾਲ ਉਹਦਾ ਕੁਰਦਤੀ ਰੂਪ ਵਿਗਾੜਿਆ ਨਹੀਂ ਸੀ ਹੋਇਆ। ਉਹਨੇ ਮੇਰੇ ਕਮਰੇ ਵਿਚ ਆਉਣ ਦੀ ਬਿੜਕ ਨਹੀਂ ਸੀ ਸੁਣੀ, ਅਤੇ ਮੈਂ ਕੁਝ ਪਲਾਂ ਲਈ ਉਹਦੀ ਸੁੰਦਰਤਾ ਨੂੰ ਪ੍ਰਸੰਸਾ ਪੂਰਵਕ ਮਾਣਨ ਦਾ ਆਨੰਦ ਪ੍ਰਾਪਤ ਕਰਨਾ ਚਾਹੁੰਦਾ ਸਾਂ। ਮੈਂ ਆਪਣੇ ਨੇੜੇ ਪਈ ਇਕ ਕੁਰਸੀ ਨੂੰ ਘਸੀਟਿਆ। ਉਹਦਾ ਧਿਆਨ ਆਪਣੇ ਵੱਲ ਖਿੱਚਣ ਲਈ ਮੈਨੂੰ ਸਭ ਤੋਂ ਘੱਟ ਘਬਰਾਹਟ ਪੈਦਾ ਕਰਨ ਵਾਲਾ ਇਹੀ ਇਕ ਤਰੀਕਾ ਦਿਸਿਆ। ਉਹਨੇ ਤੁਰੰਤ ਮੁੜ ਕੇ ਮੈਨੂੰ ਵੇਖਿਆ। ਜਿਉਂ ਹੀ ਕਮਰੇ ਦੇ ਦੂਜੇ ਸਿਰੇ ਤੋਂ ਉਹਨੇ ਮੇਰੇ ਵੱਲ ਵਧਣਾ ਸ਼ੁਰੂ ਕੀਤਾ- ਉਹਦੀਆਂ ਬਾਹਾਂ ਅਤੇ ਲੱਤਾਂ ਦੀ ਸਹਜ ਸੁੰਦਰਤਾ ਨੇ ਮੇਰੇ ਮਨ ਵਿਚ ਉਤਕੰਠਾ ਜਗਾ

ਦਿਤੀ ਕਿ ਮੈਂ ਉਹਦਾ ਚਿਹਰਾ ਨੇੜਿਉ ਵੇਖਾ। ਉਹ ਖਿੜਕੀ ਕੋਲੋਂ ਹਿਲੀ ਅਤੇ ਮੈਂ ਆਪਣੇ ਆਪ ਨੂੰ ਕਿਹਾ, ਇਹ ਔਰਤ ਕਾਲੀ ਹੈ। ਉਹ ਕੁਝ ਕਦਮ ਹੋਰ ਅਗੇ ਵਧੀ-ਅਤੇ ਮੈਂ ਆਪਣੇ ਆਪ ਨੂੰ ਕਿਹਾ, ਇਹ ਔਰਤ ਜਵਾਨ ਹੈ। ਉਹ ਹੋਰ ਨੇੜੇ ਆਈ-ਅਤੇ ਮੈਂ ਆਪਣੇ ਆਪ ਨੂੰ ਕਿਹਾ (ਏਨੀ ਹੈਰਾਨੀ ਨਾਲ ਜੋ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦਾ) -ਇਹ ਔਰਤ ਬਦਸੂਰਤ !

"ਕੁਦਰਤ ਕਦੀ ਗਲਤੀ ਨਹੀਂ ਕਰ ਸਕਦੀ।" ਇਸ ਪ੍ਰਾਣੀ ਕਹਾਵਤ ਦਾ ਸ਼ਾਇਦ ਕਦੀ ਇੰਜ ਵਿਰੋਧ ਨਹੀਂ ਹੋਇਆ ਹੋਣਾ। ਏਨੇ ਰੂਪਵਾਨ ਜਿਸਮ ਨੂੰ ਵੇਖ ਕੇ ਜਿਸਨੂੰ ਸੁੰਦਰ ਚਿਹਰੇ ਦਾ ਵਿਚਾਰ ਮਨ ਵਿਚ ਆਉਂਦਾ ਹੈ, ਉਸਦਾ ਸ਼ਾਇਦ ਕਦੀ ਏਨੀ ਬੇਰਹਿਮੀ ਨਾਲ ਖੰਡਨ ਨਹੀਂ ਹੋਇਆ ਹੋਵੇਗਾ। ਉਹ ਔਰਤ ਕਾਲੀ ਕਲੂਟੀ ਸੀ ਅਤੇ ਉਹਦੇ ਉਪਰਲੇ ਬੁਲ੍ਹ ਉਤੇ ਰੰਗ ਏਨਾ ਕਾਲਾ ਸੀ ਕਿ ਮੁੱਛਾਂ ਦਿਸਦੀਆਂ ਸਨ। ਉਹਦਾ ਮੂੰਹ ਮਰਦਾਂ ਵਾਂਗ ਸੀ। ਅੱਖਾਂ ਉਭਰੀਆਂ ਹੋਈਆਂ, ਕਿਸੇ ਦੇ ਅੰਦਰ ਤਕ ਖੁੱਭਣ ਵਾਲੀਆਂ, ਇਰਾਦੇ ਦੀਆਂ ਦ੍ਰਿੜ ਅਤੇ ਭਰੀਆਂ ਸਨ। ਵਾਲ ਕੋਲਿਆਂ ਵਰਗੇ ਕਾਲੇ, ਸੰਘਣੇ ਅਤੇ ਉਹਦੇ ਮੱਥੇ ਤਕ ਨੀਵੇਂ ਝੁਕੇ ਹੋਏ ਸਨ। ਉਹ ਸਾਫ ਗੱਲ ਕਰਨ ਵਾਲੀ ਅਤੇ ਸਿਆਣੀ ਜਾਪਦੀ ਸੀ। ਅਤੇ ਜਦੋਂ ਉਹ ਚੁੱਪ ਸੀ, ਜਾਪਦਾ ਸੀ, ਉਸ ਵਿਚ ਉਹ ਨਰਮੀ ਨਹੀਂ ਜਿਸ ਬਿਨਾਂ ਸੁਹਣੀ ਤੋਂ ਸੁਹਣੀ ਇਸਤਰੀ ਦਾ ਸੁਹੱਪਣ ਵੀ ਅਧੂਰਾ ਰਹਿ ਜਾਂਦਾ ਹੈ। ਅਜਿਹੇ ਸੁੰਦਰ ਮੋਢੇ, ਜੋ ਇਕ ਪੁੱਤ-ਘਾੜੇ ਦਾ ਆਦਰਸ਼ ਹੋਣ, ਅਜਿਹੀਆਂ ਸੁੰਦਰ ਬਾਹਾਂ ਅਤੇ ਲੱਤਾਂ, ਜਿਨ੍ਹਾਂ ਦੀ ਹਿਲਜੁਲ ਨਾਲ ਹੀ ਉਨ੍ਹਾਂ ਦੀ ਸੁੰਦਰਤਾ ਦੀ ਛੱਬ ਛਪਾਇਆ ਨਹੀਂ ਛਪਦੀ ਅਤੇ ਇਨ੍ਹਾਂ ਦੇ ਉਪਰ ਅਜਿਹਾ ਕੋਝਾ ਚਿਹਰਾ ਅਤੇ ਨਕਸ਼ਾਂ ਦਾ ਅਜਿਹਾ ਮਰਦਾਵਾਂਪਨ, ਜਿਸ ਨੂੰ ਵੇਖ ਦੇ ਘ੍ਰਿਣਾ ਹੋ ਜਾਏ। ਮੈਨੂੰ ਅਜੀਬ ਜਿਹੀ-ਬੇ ਆਰਾਮੀ ਅਤੇ ਬੇਚੈਨੀ ਦਾ ਅਨੁਭਵ ਹੋਇਆ। ਬਿਲਕੁਲ ਉਹੋ ਜਿਹਾ, ਜੋ ਸਾਨੂੰ ਕਈ ਵਾਰ ਸੁਤਿਆਂ-ਸੁਤਿਆਂ ਨੀਂਦ ਵਿਚ ਹੁੰਦਾ ਹੈ ਜਦੋਂ ਅਸੀ ਕਿਸੇ ਸੁਪਨੇ ਵਿਚ ਬੇਤਰਤੀਬੀ ਅਤੇ ਵਿਰੋਧੀ ਭਾਵਾਂ ਨੂੰ ਪਛਾਣਦੇ ਤਾਂ ਹਾਂ, ਪਰ ਉਨ੍ਹਾਂ ਨਾਲ ਇਕ ਸੁਰ ਨਹੀਂ ਹੋ ਸਕਦੇ।

"ਮਿਸਟਰ ਹਾਰਟਰਾਈਟ?" ਔਰਤ ਨੇ ਪ੍ਰਸ਼ਨ ਸੂਚਕ ਲਹਿਜੇ ਵਿਚ ਕਿਹਾ; ਉਹਦਾ ਕਾਲਾ ਚਿਹਰਾ ਇਕ ਮੁਸਕਰਾਹਟ ਨਾਲ ਜਗਮਗਾ ਉਠਿਆ, ਉਹਦੇ ਬੋਲਦਿਆਂ ਹੀ ਉਹਦੇ ਮੂੰਹ ਤੇ ਨਾਰੀ ਸੁਲਭ ਕੋਮਲਤਾ ਛਾ ਗਈ "ਅਸੀਂ ਰਾਤੀ ਤੁਹਾਡੇ ਆਉਣ ਦੀ ਆਸ ਲਾਹ

ਛੱਡੀ ਸੀ, ਅਤੇ ਰੋਜ਼ ਵਾਂਗ ਸੌਂ ਗਏ ਸਾਂ। ਆਪਣੀ ਇਸ ਪ੍ਰਤੱਖ ਬੇ-ਧਿਆਨੀ ਲਈ ਮੈਂ ਖਿਮਾਂ ਮੰਗਦੀ ਹਾਂ। ਮੈਨੂੰ ਆਪਣੀ ਜਾਣ ਪਛਾਣ ਕਰਾਉਣ ਦੀ ਆਗਿਆ ਦਿਉ; ਮੈਂ ਤੁਹਾਡੇ ਦੋ ਵਿਦਿਆਰਥੀਆਂ ਵਿਚੋਂ ਇਕ ਹਾਂ। ਕੀ ਅਸੀਂ ਹੁਣ ਹੱਥ ਮਿਲਾਈਏ? ਮੇਰਾ ਵਿਚਾਰ ਹੈ ਕਿ ਸਾਨੂੰ ਦੇਰ ਜਾਂ ਸਵੇਰ ਇਹ ਕੰਮ ਕਰਨਾ ਹੀ ਪੈਣਾ ਹੈ। ਸੋ ਫਿਰ ਕਿਉਂ ਨਾ ਹੁਣੇ ਹੀ ਕਰੀਏ?"

ਸਵਾਗਤ ਦੇ ਇਹ ਅਨੋਖੇ ਸ਼ਬਦ ਇਕ ਮਿੱਠੀ, ਸੁਖਾਵੀਂ ਅਤੇ ਸਪੱਸ਼ਟ ਆਵਾਜ਼ ਵਿਚ ਕਹੇ ਗਏ ਸਨ। ਮੇਰੇ ਵੱਲ ਵਧਾਇਆ ਹੱਥ ਭਾਵੇਂ ਵੱਡਾ ਸੀ, ਪਰ ਉਹਦੀ ਬਣਤਰ ਸੋਹਣੀ ਸੀ। ਉਹਨੇ ਮੇਰੇ ਵੱਲ ਬੜੀ ਸਹਿਜ ਸੁਭਾਵਿਕ ਆਪਣਾ ਹੱਥ ਵਧਾਇਆ। ਉਹਦੇ ਵਿਚ ਉਹ ਵਿਸ਼ਵਾਸ ਸੀ ਜੋ ਕਿਸੇ ਬਹੁਤ ਪੜ੍ਹੀ ਲਿਖੀ ਅਤੇ ਉੱਚੇ ਖਾਨਦਾਨ ਦੀ ਔਰਤ ਵਿਚ ਹੁੰਦਾ ਹੈ। ਅਸੀਂ ਨਾਸ਼ਤੇ ਦੇ ਮੰਚ ਤੇ ਇੰਜ ਨਿੱਘੇ ਗੂੜ੍ਹੇ ਹੋ ਕੇ ਬੈਠੇ, ਜਿਵੇਂ ਸਾਡੀ ਜਾਣ ਪਛਾਣ ਅੱਜ ਦੀ ਨਹੀ, ਸਗੋਂ ਕਈ ਵਰ੍ਹਿਆਂ ਦੀ ਹੈ ਅਤੇ ਅਸੀਂ ਲਿਮਰਿਜ ਹਾਊਸ ਵਿਚ ਵਕਤ ਨੀਯਤ ਕਰਕੇ ਪੁਰਾਣੀਆਂ ਗੱਲਾਂ ਦੁਹਰਾਣ ਲਈ ਹੀ ਇਕੱਠੇ ਹੋਏ ਹਾਂ।

"ਮੈਨੂੰ ਆਸ ਹੈ, ਤੁਸੀਂ ਏਥੇ ਖੁਸ਼ੀ ਖੁਸ਼ਾਈਂ ਇਹ ਨਿਸ਼ਚਾ ਕਰਕੇ ਆਏ ਹੋ ਕਿ ਏਥੇ ਆਪਣੀ ਸਥਿਤੀ ਦਾ ਪੂਰਾ ਪੂਰਾ ਲਾਭ ਉਠਾਉਗੇ ਅਤੇ ਜੋ ਕੁਝ ਹੈ, ਉਸੇ ਵਿਚ ਹੀ ਸੰਤੁਸ਼ਟ ਰਵ੍ਹੋਗੇ। ਇਹ ਕੰਮ ਤੁਹਾਨੂੰ ਅੱਜ ਸਵੇਰ ਤੋਂ ਹੀ ਸ਼ੁਰੂ ਕਰਨਾ ਪਵੇਗਾ ਕਿਉਂ ਜੋ ਨਾਸ਼ਤਾ ਕਰਨ ਲਈ ਤੁਹਾਡਾ ਸਾਥ ਇਕੱਲੀ ਮੈਂ ਹੀ ਦਿਆਂਗੀ। ਮੇਰੀ ਭੈਣ ਆਪਣੇ ਕਮਰੇ ਵਿਚ ਹੀ ਹੈ ਕਿਉਂਕਿ ਉਹਨੂੰ ਉਹ ਤਕਲੀਫ ਹੈ ਜਿਸ ਉਤੇ ਔਰਤਾਂ ਦਾ ਸੌ ਫ਼ੀਸਦੀ ਹੱਕ ਹੈ। ਬੱਸ ਥੋੜ੍ਹੀ ਜਿਹੀ ਸਿਰ ਦਰਦ। ਉਹਦੀ ਪੁਰਾਣੀ ਅਧਿਆਪਕਾ, ਸ੍ਰੀਮਤੀ ਵੈਸੀ ਉਹਨੂੰ ਪੌਸ਼ਟਿਕ ਚਾਹ ਦੇ ਕੇ ਉਹਦੀ ਦੇਖ ਭਾਲ ਕਰ ਰਹੀ ਹੈ। ਮੇਰਾ ਚਾਚਾ, ਮਿਸਟਰ ਫ਼ੇਅਰਲੀ ਕਦੀ ਵੀ ਸਾਡੇ ਨਾਲ ਰੋਟੀ ਨਹੀਂ ਖਾਂਦਾ ਉਹ ਰੋਗੀ ਹੈ, ਅਤੇ ਕੁਆਰਾ ਹੈ, ਸਦਾ ਆਪਣੇ ਕਮਰਿਆਂ ਵਿਚ ਹੀ ਰਹਿੰਦਾ ਹੈ। ਹੋਰ ਘਰ ਵਿਚ ਕਈ ਨਹੀਂ। ਦੋ ਨੌਜਵਾਨ ਇਸਤ੍ਰੀਆਂ ਏਥੇ ਟਿਕੀਆਂ ਹੋਈਆਂ ਸਨ। ਪਰ ਉਹ ਕਲ ਹੀ ਨਿਰਾਸ਼ ਹੋ ਕੇ ਇਥੋਂ ਚਲੀਆਂ ਗਈਆਂ ਹਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਅਸਲ ਵਿਚ ਉਹ ਜਿੰਨਾ ਚਿਰ ਇੱਥੇ ਰਹੀਆ, ਕੋਈ ਮਰਦ ਸਾਥੀ ਨਹੀਂ ਸੀ, ਜੋ ਗੱਲਾਂ ਕਰਦਾ, ਹੱਸਦਾ ਨੱਚਦਾ ਅਤੇ ਉਨਾਂ ਨਾਲ ਚੁਹਲ ਕਰਦਾ (ਕਿਉਂਕਿ ਮਿਸਟਰ ਫ਼ੇਅਰਲੀ ਬੀਮਾਰ ਸਨ)। ਇਸ ਦਾ ਨਤੀਜਾ ਇਹ ਹੋਇਆ ਕਿ ਆਸੀਂ ਹਰ ਵੇਲੇ

ਲੜਦੀਆਂ ਝਗੜਦੀਆਂ ਰਹੀਆਂ, ਖਾਸ ਕਰਕੇ ਰੋਟੀ ਵੇਲੇ। ਇਹ ਤੁਸੀਂ ਕਿਵੇਂ ਆਸ ਕਰ ਸਕਦੇ ਹੋ ਕਿ ਨਿੱਤ ਚਾਰ ਔਰਤਾਂ ਕਲਮਕੱਲੀਆਂ ਰੋਟੀ ਖਾਣ ਅਤੇ ਲੜਾਈ ਨਾ ਕਰਨ? ਅਸੀਂ ਇੰਨੀਆਂ ਬੇਵਕੂਫ਼ ਹੁੰਦੀਆਂ ਹਾਂਕਿ ਇਕ ਦੂਜੇ ਦਾ ਰੋਟੀ ਦੇ ਮੇਜ ਤੇ ਜੀ-ਪ੍ਰਚਾਵਾ ਨਹੀਂ ਕਰ ਸਕਦੀਆਂ। ਤੁਸੀਂ ਸਮਝ ਹੀ ਗਏ ਹੋਵੋਗੇ ਕਿ ਮੇਰੇ ਦਿਲ ਵਿਚ ਆਪਣੀ ਜਾਤੀ ਲਈ ਕਈ ਖਾਸ ਸਤਿਕਾਰ ਨਹੀਂ, ਮਿਸਟਰ ਹਾਰਟ ਰਾਈਟ, ਤੁਸੀਂ ਕੀ ਪੀਉਗੇ? ਚਾਹ ਕਿ ਕੋਫ਼ੀ? ਅਸਲੀ ਗੱਲ ਤਾਂ ਇਹ ਹੈ ਕਿ ਕੋਈ ਵੀ ਔਰਤ ਇਸਤਰੀ ਜਾਤੀ ਨੂੰ ਕੁਝ ਨਹੀਂ ਸਮਝਦੀ, ਪਰ ਮੇਰੇ ਵਾਂਗ ਥੋੜ੍ਹੀਆਂ ਹੀ ਹਨ, ਜੋ ਇਹ ਗੱਲ ਖੁਲੱਮਖੁਲਾ ਸਵੀਕਾਰ ਕਰਦੀਆਂ ਹਨ। ਰੱਬ ਮੈਨੂੰ ਬਖਸ਼ੇ। ਤੁਸੀਂ" ਕੁਝ ਹੱਕੇ ਬੱਕੇ ਦਿਸਦੇ ਹੋ। ਕੀ ਗੱਲ ਹੈ? ਸ਼ਾਇਦ ਤੁਸੀਂ ਮੇਰੇ ਗੱਲਾਂ ਕਰਨ ਦੇ ਲਾਪਰਵਾਹ ਢੰਗ ਤੇ ਹੈਰਾਨ ਹੋ? ਜੇ ਤੁਹਾਡੀ ਪ੍ਰੇਸ਼ਾਨੀ ਪਹਿਲੇ ਕਾਰਣ ਕਰਕੇ ਹੈ ਤਾਂ ਮੈਂ ਤੁਹਾਨੂੰ ਇਕ ਮਿੱਤਰ ਦੀ ਹੈਸੀਅਤ ਵਿਚ ਸਲਾਹ ਦਿਆਂਗੀ ਕਿ ਤੁਹਾਡੀ ਆਰਕ ਕੋਲ ਜੋ ਠੰਢਾ ਠਾਰ ਹੈਮ ਪਿਆ ਹੈ, ਉਹਨੂੰ ਹੱਥ ਨਾ ਲਾਣਾ, ਸਗੋਂ ਆਮਲੇਟ ਦੀ ਉਡੀਕ ਕਰੋ। ਜੇ ਦੂਜਾ ਕਾਰਣ ਹੈ ਤਾਂ ਮੈਂ ਤੁਹਾਨੂੰ ਥੋੜ੍ਹੀ ਚਾਹ ਦਿਆਂਗੀ ਤਾਂ ਜੋ ਤੁਹਾਡੀ ਘਬਰਾਹਟ ਕੁਝ ਘੱਟ ਜਾਵੇ ਤੇ ਮੈਂ' ਆਪਣੀ ਜੀਭ ਨੂੰ ਕਾਬੂ ਵਿਚ ਰੱਖਣ ਦਾ ਯਤਨ ਕਰਾਂਗੀ (ਜੋ ਇਕ ਔਰਤ ਲਈ ਬਹੁਤ ਮੁਸ਼ਕਲ ਕੰਮ ਹੈ)।"

ਇੰਜ ਹਸਦਿਆਂ ਖੇਡਦਿਆਂ ਉਹਨੇ ਮੈਨੂੰ ਚਾਹ ਦੀ ਇਕ ਪਿਆਲੀ ਫੜਾਈ। ਉਹਦਾ ਇਕ ਬਿਲਕੁਲ ਓਪਰੇ ਮਨੁੱਖ ਨਾਲ ਇੰਜ ਘੁਲ ਮਿਲ ਕੇ ਗੱਲਾਂ ਕਰਨਾ ਅਤੇ ਹਲਕੀਆਂ ਫੁਲਕੀਆਂ ਗੱਲਾਂ ਦਾ ਪ੍ਰਵਾਹ, ਕੁਝ ਵੀ ਅਜੀਬ ਨਹੀਂ ਸੀ ਲਗ ਰਿਹਾ। ਉਹਦੇ ਇਸ ਨਿੱਘ ਵਿਚ ਸਹਿਜ ਸੁਭਾਵਿਕਤਾ ਸੀ, ਉਹਦਾ ਆਪਣੇ ਆਪ ਤੇ ਆਪਣੀ ਸਥਿਤੀ ਵਿਚ ਏਨਾ ਵਿਸ਼ਵਾਸ ਸੀ, ਕਿ ਕੋਈ ਹੱਦ ਦਰਜੇ ਦਾ ਢੀਠ ਅਤੇ ਗੁਸਤਾਖ ਮਰਦ ਵੀ ਉਹਦੀ ਇਜ਼ੱਤ ਕਰਨ ਤੇ ਮਜ਼ਬੂਰ ਹੋ ਜਾਂਦਾ। ਉਹਦੇ ਕੋਲ ਬੈਠ ਕੇ ਇਹ ਸੰਭਵ ਨਹੀਂ ਸੀ ਕਿ ਤੁਸੀਂ ਸਿਰਫ ਰਸਮੀ ਗੱਲਾਂ ਹੀ ਕਰੋ ਜਾਂ ਸੰਕੋਚ ਨਾਲ ਬੋਲੋ, ਪਰ ਇਹ ਅਸੰਭਵ ਸੀ ਕਿ ਤੁਸੀ ਉਹਨੂੰ ਕੋਈ ਬੇਲੋੜੀ ਗੱਲ ਕਹਿਣ ਦੀ ਦਲੇਰੀ ਕਰੋ- ਇਹ ਤਾਂ ਸੋਚਣਾ ਹੀ ਅਸੰਭਵ ਸੀ। ਇਹ ਗੱਲ ਤਾਂ ਮੈਂ ਇਕਦਮ ਹੀ ਅਨੁਭਵ ਕਰ ਲਈ ਸੀ। ਭਾਵੇਂ ਮੈਂ ਉਹਦੀ ਖੁਸ਼ੀ ਭਰੇ ਲਹਿਜੇ ਤੋਂ ਬੇਲਾਗ ਨਹੀਂ ਸਾਂ ਰਹਿ ਸਕਿਆ, ਮੈਂ ਵੀ ਉਸੇ ਸਪੱਸ਼ਟ ਲਹਿਜੇ ਵਿਚ ਉਤਰ ਦੇਣ ਦਾ ਯਤਨ ਕੀਤਾ।

"ਹਾਂ, ਹਾਂ, ਮੈਂ ਸਮਝ ਗਈ ਹਾਂ, ਉਹ ਬੋਲੀ। ਜਦੋਂ ਆਪਣੀ ਹੈਰਾਨੀ ਦਾ ਇਕੋ ਇਕ ਕਾਰਣ ਮੈਂ ਉਹਨੂੰ ਦਸਿਆ। "ਤੁਸੀ, ਘਰ ਵਿਚ ਅਜੇ ਓਪਰੇ ਹੋ, ਸੋ ਜਦੋਂ ਮੈਂ ਇਥੋਂ ਦੇ ਆਦਰਯੋਗ ਨਿਵਾਸੀਆਂ ਦੀਆਂ ਗੱਲਾਂ ਕਰ ਰਹੀ ਸਾਂ ਤੁਹਾਡਾ ਪ੍ਰੇਸ਼ਾਨ ਦਿਸਣਾ ਕੁਦਰਤੀ ਹੀ ਸੀ। ਮੈਨੂੰ ਪਹਿਲਾਂ ਹੀ ਇਸ ਬਾਰੇ ਸੋਚਣਾ ਚਾਹੀਦਾ ਸੀ। ਖ਼ੈਰ, ਮੈਂ ਆਪਣੀ ਗਲਤੀ ਨੂੰ ਹੁਣ ਸੁਧਾਂਗੀ। ਸਭ ਤੋਂ ਪਹਿਲਾਂ ਮੈਂ ਆਪਣੇ ਆਪ ਬਾਰੇ ਤੁਹਾਨੂੰ ਦਸਾਂਗੀ ਤਾਂ ਜੋ ਵਿਸ਼ੇ ਦੇ ਇਸ ਹਿੱਸੇ ਨੂੰ ਜ਼ਲਦੀ ਤੋਂ ਜ਼ਲਦੀ ਖਤਮ ਕਰ ਸਕਾਂ। ਮੇਰਾ ਨਾ ਮੇਰੀਅਨ ਹਾਲਕੌਂਬ ਹੈ; ਅਤੇ ਮਿਸਟਰ ਫ਼ੇਅਰਲੀ ਨੂੰ ਆਪਣਾ ਚਾਚਾ ਕਹਿਣ ਵਿਚ ਮੈਂ ਆਮ ਔਰਤਾਂ ਵਾਂਗ ਗਲਤ ਹਾਂ। ਮੇਰੀ ਮਾਂ ਨੇ ਦੋ ਵਿਆਹ ਕੀਤੇ ਸਨ, ਪਹਿਲੀ ਵਾਰ ਮਿਸਟਰ ਹਾਲਕੌਂਬ ਨਾਲ, ਜੋ ਮੇਰੇ ਪਿਤਾ ਸਨ। ਦੂਜੀ ਵਾਰ ਮਿਸਟਰ ਫ਼ੇਅਰਲੀ ਨਾਲ ਜੋ ਮੇਰੀ ਭੈਣ ਮਿਸ ਫ਼ੇਅਰਲੀ ਦੇ ਪਿਤਾ ਸਨ। ਸਾਡੇ ਦੋਹਾਂ ਵਿਚਕਾਰ ਇਕ ਗੱਲ ਸਾਂਝੀ ਹੈ ਕਿ ਅਸੀਂ ਦੋਵੇਂ ਅਨਾਥ ਹਾਂ, ਬਾਕੀ ਹਰ ਤਰ੍ਹਾਂ ਅਸੀਂ ਇਕ ਦੂਜੇ ਕੋਲੋਂ ਬਹੁਤ ਵੱਖ-ਵੱਖ ਹਾਂ। ਜਿਥੇ ਮੇਰਾ ਪਿਤਾ ਗਰੀਬ ਆਦਮੀ ਸੀ, ਮਿਸ ਫ਼ੇਅਰਲੀ ਦਾ ਪਿਤਾ ਇਕ ਧਨਾਢ ਮਨੁੱਖ ਸੀ, ਮੇਰੇ ਪੱਲੇ ਕੱਖ ਵੀ ਨਹੀਂ, ਉਹ ਇਕ ਵੱਡੀ ਜਾਇਦਾਦ ਦੀ ਮਾਲਕ ਹੈ। ਮੈਂ ਕਾਲੀ ਅਤੇ ਕੋਝੀ ਹਾਂ, ਉਹ ਗੋਰੀ ਤੇ ਸੋਹਣੀ ਹੈ। ਸਾਰੇ ਮੈਨੂੰ ਚਿੜਚਿੜੇ ਸੁਭਾ ਵਾਲੀ ਅਤੇ ਅਜੀਬ ਕਹਿੰਦੇ ਹਨ--(ਇਸ ਵਿਚ ਉਹ ਮੇਰੇ ਨਾਲ ਰਤਾ ਵੀ ਅਨਿਆਂ ਨਹੀਂ ਕਰਦੇ), ਉਹਨੂੰ ਸਭ ਮਿਠੇ ਸੁਭਾ ਵਾਲੀ ਅਤੇ ਮਨਮੋਹਣੀ ਕਹਿੰਦੇ ਹਨ- (ਇਸ ਵਿਚ ਉੱਕਾ ਹੀ ਝੂਠ ਨਹੀਂ)। ਗੱਲ ਕੀ, ਉਹ ਇਕ

ਦੇਵੀ ਹੈ, ਤੇ ਮੈਂ ਰਤਾ ਇਸ ਮੁਰੱਬੇ ਦਾ ਸਵਾਦ ਵੀ ਵੇਖੋ, ਮਿਸਟਰ ਹਾਰਟਰਾਈਟ, ਹਾਂ ਮੇਰਾ ਅਧੂਰਾ ਵਾਕ ਹੁਣ ਤੁਸੀਂ ਆਪ ਹੀ ਪੂਰਾ ਕਰ ਲਵੋ ਇਸ ਨਾਲ ਇਸਤ੍ਰੀਅਤ ਦੀ ਕੁਝ ਲਾਜ ਰਹਿ ਜਾਏਗੀ। ਮਿਸਟਰ ਫ਼ੇਅਰਲੀ ਬਾਰੇ ਮੈਂ ਤੁਹਾਨੂੰ ਕੀ ਦਸ ਸਕਦਾ ਹਾਂ? ਮੈਨੂੰ ਆਪਣੀ ਸੌਂਹ ਹੈ ਮੈਂ ਕੱਖ ਨਹੀਂ ਜਾਣਦੀ। ਨਾਸ਼ਤੇ ਮਗਰੋਂ ਉਹ ਜ਼ਰੂਰ ਤਹਾਨੂੰ ਸੱਦਾ ਭੇਜੇਗਾ ਤੁਸੀਂ ਆਪ ਹੀ ਚੰਗਾ ਅੰਦਾਜ਼ਾ ਲਾ ਸਕੋਗੇ। ਇਸ ਸਮੇਂ ਮੈਂ ਤੁਹਾਨੂੰ ਇਹ ਦੱਸ ਸਕਦੀ ਹਾਂ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਉਹ ਸਵਰਗਵਾਸੀ ਮਿਸਟਰ ਫ਼ੇਅਰਲੀ ਦਾ ਛੋਟਾ ਭਰਾ ਹੈ, ਦੂਜੀ ਗੱਲ ਉਹ ਕਵਾਰਾ ਹੈ, ਅਤੇ ਤੀਜੀ ਕਿ ਉਹ ਮਿਸ ਫ਼ੇਅਰਲੀ ਦਾ ਸ੍ਰਪ੍ਰਸਤ ਭਾਵ ਗਾਰਡੀਅਨ ਹੈ। ਉਹ ਮੇਰੇ ਬਿਨਾਂ ਤੇ ਮੈਂ ਉਹਦੇ ਬ਼ਗੈਰ ਨਹੀਂ ਰਹਿ ਸਕਦੀਆਂ, ਇਹੀ ਮੇਰੇ ਲਿਮਰਿਜ ਹਾਊਸ ਵਿਚ

ਹੋਣ ਦਾ ਕਾਰਣ ਹੈ। ਸਾਡਾ ਦੋਹਾਂ ਭੈਣਾ ਦਾ ਸੱਚਮੁਚ ਬਹੁਤ ਪਿਆਰ ਹੈ, ਭਾਵੇਂ ਇਨ੍ਹਾ ਹਾਲਤਾਂ ਵਿਚ ਤੁਹਾਨੂੰ ਇਸਦਾ ਕੋਈ ਸਪਸ਼ਟ ਕਾਰਣ ਨਹੀਂ ਲਭੇਗਾ, ਮੈਂ ਤੁਹਾਡੇ ਨਾਲ ਸਹਿਮਤ ਹਾਂ, ਪਰ ਇਹ ਸਭ ਸੱਚ ਹੈ। ਤੁਹਾਨੂੰ ਸਾਨੂੰ ਦੋਹਾਂ ਨੂੰ ਖੁਸ਼ ਕਰਨਾ ਪਵੇਗਾ ਮਿਸਟਰ ਹਾਰਟਰਾਈਟ, ਨਹੀਂ ਤਾਂ ਤੁਸੀਂ ਇਕ ਨੂੰ ਵੀ ਖੁਸ਼ ਕਰਨ ਵਿਚ ਅਸਫਲ ਹੋਵੇਗੇ, ਅਤੇ ਸਭ ਤੋਂ ਔਖਾ ਕੰਮ ਤਾਂ ਇਹ ਹੈ, ਕਿ ਤੁਹਾਨੂੰ ਹਰ ਸਮੇਂ ਸਾਡੇ ਹੀ ਸਾਥ ਵਿਚ ਰਹਿਣਾ ਪਵੇਗਾ। ਮਿਸਜ਼ ਵੈਸੀ ਬੜੀ ਸ਼ਾਨਦਾਰ ਅਤੇ ਨੇਕ ਔਰਤ ਹੈ, ਉਹਦੇ ਵਿਚ ਸਭ ਗੁਣ ਹੀ ਗੁਣ ਹਨ, ਪਰ ਉਹਦੀ ਕੋਈ ਮਹੱਤਤਾ ਨਹੀਂ, ਮਿਸਟਰ ਫ਼ੇਅਰਲੀ ਏਨੇ ਰੋਗੀ ਅਤੇ ਦਰਬਲ ਹਨ, ਕਿ ਉਹ ਕਿਸੇ ਕੋਲ ਬੈਠ ਖੜੋ ਹੀ ਨਹੀਂ ਸਕਦੇ। ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਕੀ ਬੀਮਾਰੀ ਹੈ, ਡਾਕਟਰ ਵੀ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਕੀ ਰੋਗ ਹੈ ਅਤੇ ਮਿਸਟਰ ਫ਼ੇਅਰਲੀ ਨੂੰ ਆਪ ਵੀ ਨਹੀਂ ਪਤਾ ਕਿ ਉਨ੍ਹਾਂ ਨੂੰ ਕੀ ਦੁੱਖ ਜਾਂ ਬੀਮਾਰੀ ਹੈ। ਅਸੀ ਇਹੀ ਕਹਿੰਦੇ ਹਾਂ ਕਿ ਉਨ੍ਹਾਂ ਨੂੰ ਮਾਨਸਕ ਰੋਗ ਹੈ -ਜਾਂ ਉਨ੍ਹਾਂ ਨੂੰ ਨਰਵਜ਼ ਦੀ ਤਕਲੀਫ ਹੈ, ਪਰ ਕਿਸੇ ਨੂੰ ਕੁਛ ਵੀ ਪਤਾ ਨਹੀਂ ਹੁੰਦਾ ਕਿ ਉਹ ਕੀ ਕਹਿ ਰਿਹਾ ਹੈ। ਖੈਰ, ਮੈਂ ਤੁਹਾਨੂੰ ਇਹੀ ਸਲਾਹ ਦਿਆਂਗੀ ਕਿ ਉਹ ਜੋ ਵੀ ਅਜੀਬ ਜਾਂ ਅਵੱਲੀਆਂ ਗੱਲਾਂ ਕਰਨ, ਤੁਸੀਂ ਉਨ੍ਹਾ ਨਾਲ ਸਹਿਮਤ ਹੋ ਜਾਣਾ। ਉਨ੍ਹਾਂ ਦੇ ਸਿੱਕੇ, ਤਸਵੀਰਾਂ ਅਤੇ ਪਾਣੀ ਦੇ ਰੰਗਾਂ ਨਾਲ ਵਾਹੀਆਂ ਤਸਵੀਰਾਂ ਦੇ ਖਜ਼ਾਨੇ ਦੀ ਖੂਬ ਤਾਰੀਫ ਕਰਨੀ ਤਾਂ ਤੁਸੀਂ ਉਨ੍ਹਾਂ ਦਾ ਦਿਲ ਜਿੱਤ ਲਵੋਗੇ। ਗੱਲ ਤਾਂ ਇਹ ਹੈ ਕਿ ਜੇ ਤੁਹਾਨੂੰ ਪਿੰਡ ਦੀ ਇਕਾਂਤ ਜ਼ਿੰਦਗੀ ਨਾਲ ਸੱਤੁਸ਼ਟਤਾ ਹੁੰਦੀ ਹੋਵੇ ਤਾਂ ਕੋਈ ਕਾਰਣ ਨਹੀਂ ਕਿ ਤੁਹਾਡਾ ਇੱਥੇ ਦਿਲ ਚੰਗੀ ਤਰ੍ਹਾਂ ਨਾ ਲੱਗੇ। ਸਵੇਰੇ ਨਾਸ਼ਤਾ ਕਰਨ ਤੋਂ ਮਗਰੋਂ ਦੁਪਹਿਰ ਦੀ ਰੋਟੀ ਵੇਲੇ ਤੱਕ ਤੁਸੀਂ ਮਿਸਟਰ ਫ਼ੇਅਰਲੀ ਦੀਆਂ ਤਸਵੀਰਾਂ ਨਾਲ ਰੁਝੇ ਰਿਹਾ ਕਰੋਗੇ। ਦੁਪਿਹਰ ਦੇ ਖਾਣੇ ਪਿਛੋਂ' ਮੈਂ ਅਤੇ ਮਿਸ ਫ਼ੇਅਰਲੀ ਆਪਣੀ ਆਂ-ਆਪਣੀਆਂ ਰੇਖਾ-ਚਿੱਤਰਾਂ ਦੀਆਂ ਕਾਪੀਆਂ ਲੈ ਕੇ ਤੁਹਾਡੀ ਨਿਗਰਾਨੀ ਹੇਠਾਂ ਕੁਦਰਤ ਨੂੰ ਗਲਤ-ਮਲਤ ਪੇਸ਼ ਕਰਨ ਦਾ ਯਤਨ ਕਰਿਆ ਕਰਾਂਗੀਆਂ। ਡਰਾਇੰਗ ਉਹਦੀ ਪ੍ਰਿਯ ਸਨਕ ਹੈ -ਮੇਰੀ ਨਹੀਂ ਔਰਤਾਂ ਡਰਾਇੰਗ ਨਹੀਂ ਕਰ ਸਕਦੀਆਂ; ਉਹਨਾਂ ਦੇ ਮਨ ਬੜੇ ਚੰਚਲ ਅਤੇ ਅੱਖਾਂ ਬੇਧਿਆਨੀਆਂ ਹੁੰਦੀਆਂ ਹਨ। ਪਰ ਕੋਈ ਗੱਲ ਨਹੀਂ -ਮੇਰੀ ਭੈਣ ਨੂੰ ਇਹ ਸਭ ਚੰਗਾ ਲੱਗਦਾ ਹੈ; ਇਸ ਲਈ ਮੈਂ ਵੀ ਰੰਗਾ ਨੂੰ ਜਾਇਆ ਅਤੇ ਕਾਗਜ਼ਾਂ ਨੂੰ ਖਰਾਬ ਕਰਦੀ ਰਹਿੰਦੀ ਹਾਂ, ਪਰ ਓਹਦੀ ਖ਼ਾਤਰ ਮੈਂ ਇਹ ਸਭ ਕੁਝ ਬੜੀ

ਗੰਭੀਰਤਾ ਨਾਲ ਕਰਦੀ ਹਾਂ। ਜਿੱਥੋਂ ਤਕ ਸ਼ਾਮਾਂ ਲੰਘਾਉਣ ਦਾ ਸੰਬੰਧ ਹੈ, ਉਹ ਤਾਂ ਮੇਰਾ ਖ਼ਿਆਲ ਹੈ, ਅਸੀਂ ਤੁਹਾਡੀ ਸਹਾਇਤਾ ਕਰ ਹੀ ਸਕਾਂਗੀਆਂ। ਮਿਸ ਫੇਅਤਲੀ ਬੜਾ ਸੁਹਣਾ ਗਾਂਦੀ ਵਜਾਂਦੀ ਹੈ -ਮੈਨੂੰ ਤਾਂ ਇਕ ਸੁਰ ਤੋਂ ਦੂਜੀ ਸੁਰ ਵਿਚ ਕੋਈ ਅੰਤਰ ਨਹੀਂ ਜਾਪਦਾ; ਹਾਂ, ਪਰ ਮੈਂ ਸ਼ਤਰੰਜ ਅਤੇ ਚੋਪੜ ਵਿਚ ਤੁਹਾਡਾ ਮੁਕਾਬਲਾ ਕਰ ਸਕਦੀ ਹਾਂ। ਬਿਲੀਅਰਡਜ਼ ਵੀ ਏਨੀ ਚੰਗੀ ਤਰ੍ਹਾਂ ਖੇਡ ਸਕਦੀ ਹਾਂ, ਜਿੰਨਾ ਕ ਇਕ ਇਸਤਰੀ ਦੇ ਵੱਸ ਵਿਚ ਹੈ। ਕਿਉਂ ਤੁਹਾਡਾ ਇਸ ਪ੍ਰੋਗਰਾਮ ਬਾਰੇ ਕੀ ਵਿਚਾਰ ਹੈ? ਕੀ ਤੁਸੀਂ ਸਾਡੀ ਸ਼ਾਂਤਮਈ ਜ਼ਿੰਦਗੀ ਨਾਲ ਰੱਚ ਮਿਚ ਸਕੋਗੇ? ਜਾਂ ਅਸ਼ਾਂਤ ਅਤੇ ਅੰਦਰ-ਅੰਦਰ ਹਰ ਪਲ ਨਵੇਂ ਖਤਰੇ ਸਹੇੜਦੀ ਜ਼ਿੰਦਗੀ ਦੀ ਕਾਮਨਾ ਕਰਦੇ ਲਿਮਰਿਜ ਹਾਊਸ ਦੇ ਅਕਾਉਣ ਵਾਲੇ ਵਾਤਾਵਰਣ ਵਿਚ ਅਸ਼ਾਂਤ ਅਤੇ ਬੇਚੈਨ ਹੋ ਕੇ ਦਿਨ ਕਟੀ ਕਰੋਗੇ।

ਉਹ ਇਸੇ ਤਰ੍ਹਾਂ ਮਜ਼ਾਕੀਆ ਲਹਿਜੇ ਵਿਚ ਗੱਲਾਂ ਕਰਦੀ ਜਾ ਰਹੀ ਸੀ। ਮੈਂ ਤਾਂ ਸ੍ਰਿਸ਼ਟਾਚਾਰ ਦੇ ਨਾਤੇ ਹੁੰਗਾਰਾ ਭਰ ਰਿਹਾ ਸਾਂ ਜਦੋਂ ਉਹਦੇ ਮੂੰਹੋਂ 'ਨਵੇ' ਖਤਰੇ ਸਹੇੜਦੀ ਜ਼ਿੰਦਗੀ ਦੇ ਸ਼ਬਦ ਨਿਕਲੇ ਤਾਂ ਮੈਨੂੰ ਆਪਣੀ ਉਹ ਮੁਲਾਕਾਤ ਯਾਦ ਆ ਗਈ, ਜੋ ਚਿੱਟੇ ਬਸਤਰਾਂ ਵਾਲੀ ਇਸਤਰੀ ਨਾਲ ਹੋਈ ਸੀ। ਇਸ ਦੇ ਨਾਲ ਹੀ ਮੇਰੇ ਮਨ ਵਿਚ ਇਹ ਜਾਨਣ ਦੀ ਉਤਕੰਠਾ ਪੈਦਾ ਹੋਈ ਕਿ ਉਸ ਓਪਰੀ ਕੁੜੀ ਦਾ ਮਿਸਜ਼ ਫ਼ੇਅਰਲੀ ਨਾਲ ਕੀ ਨਾਤਾ ਰਿਸ਼ਤਾ ਸੀ ਕਿਉਂਕ ਉਹਦੇ ਆਪਣੇ ਮੂੰਹ ਹੀ ਮੈਨੂੰ ਇਹ ਪਤਾ ਲੱਗਾ ਸੀ ਕਿ ਕਦੀ ਕਿਧਰੇ ਪਹਿਲਾ, ਪਾਗਲਖਾਨੇ ਵਿਚੋਂ ਨਠੀ ਉਸ ਕੁੜੀ ਅਤੇ ਲਿਮਰਿਜ ਹਾਊਸ ਦੀ ਪਹਿਲੀ ਮਾਲਕਣ ਵਿਚ ਕੋਈ ਸਬੰਧ ਰਹਿ ਚੁੱਕਾ ਸੀ।

"ਜੇ ਸਾਰੀ ਮਨੁੱਖ ਜਾਤੀ ਵਿਚੋਂ ਮੈਂ ਸਭ ਤੋਂ ਸਾਹਸੀ ਅਤੇ ਦਲੇਰ ਆਦਮੀ ਹੋਵਾਂ ਤਾਂ ਵੀ ਅਜੇ ਕੁਝ ਚਿਰੇਂ ਲਈ ਕਿਸੇ ਨਵੇਂ ਖਤਰੇ ਲਈ ਮੈਨੂੰ ਕਈ ਤ੍ਰਿਸ਼ਨਾ ਨਹੀਂ। ਇਸ ਘਰ ਵਿਚ ਪੁੱਜਣ ਤੋਂ ਇਕ ਰਾਤ ਪਹਿਲਾਂ ਹੀ ਮੇਰੇ ਨਾਲ ਅਜੀਬ ਘਟਨਾ ਵਾਪਰ ਚੁੱਕੀ ਹੈ; ਉਸ ਦੀ ਹੈਰਾਨੀ ਅਤੇ ਉਤਸੁਕਤਾ ਜੇ ਬਹੁਤਾ ਚਿਰ ਨਹੀਂ ਤਾਂ ਘੱਟ ਤੋਂ ਘੱਟ ਮੈਂ ਜਿੰਨੀ ਦੇਰ ਕੰਬਰਲੈਂਡ ਵਿਚ ਹਾਂ, ਮੇਰੇ ਨਾਲ ਰਵੇਗੀ।"

-ਕੀ ਤੁਸੀਂ ਸੱਚ ਮੁੱਚ ਕਹਿ ਰਹੇ ਹੋ, ਮਿਸਟਰ ਹਾਰਟਰਾਈਟ! ਕੀ ਮੈਂ ਸੁਣ ਸਕਦੀ ਹਾਂ, ਤੁਹਾਡੇ ਨਾਲ ਕੀ ਹੋਇਆ?" "ਹਾਂ, ਤੁਹਾਨੂੰ ਪੂਰਾ ਅਧਿਕਾਰ ਹੈ, ਕਿ ਤੁਸੀਂ ਇਹ ਗੱਲ

ਸੁਣੋ। ਇਸ ਘਟਨਾ ਦਾ ਮੁੱਖ-ਪਾਤਰ ਮੇਰੇ ਲਈ ਇਕ ਅਨਜਾਣ ਹਸਤੀ ਸੀ ਅਤੇ ਸ਼ਾਇਦ ਤੁਹਾਡੇ ਲਈ ਵੀ ਬਿਲਕੁਲ ਇਕ ਓਪਰਾ ਹੀ ਬੰਦਾ ਹੋਵੇਗਾ, ਪਰ ਇਹ ਪੱਕੀ ਗੱਲ ਹੈ ਕਿ ਉਹਨੇ ਸਵਰਗਵਾਸੀ ਮਿਸਜ਼ ਫ਼ਅਰਲੀ ਦਾ ਨਾਂ ਬੜੇ ਸਤਿਕਾਰ ਤੇ ਅਹਿਸਾਨ ਭਰੇ ਲਹਿਜੇ ਵਿਚ ਲਿਆ ਸੀ।"

"ਕੀ ਉਹਨੇ ਮੇਰੀ ਮਾਂ ਦਾ ਨਾਂ ਲਿਆ ਸੀ? ਤੁਸੀਂ" ਬੜੀ ਹੀ ਦਿਲਚਸਪ ਗੱਲ ਸੁਣਾ ਰਹੇ ਹੋ? ਕਿਰਪਾ ਕਰਕੇ ਅੱਗ ਦੱਸ ਕਿ ਕੀ ਹੋਇਆ"?

ਉਹਦੇ ਇੰਨਾ ਕਹਿਣ ਉੱਤੇ ਮੈਂ ਉਹ ਸਾਰੀ ਘਟਨਾ ਬਿਲਕੁਲ ਉਂਜ ਹੀ ਬਿਆਨ ਕਰ ਦਿੱਤੀ ਜਿਵੇਂ ਉਹ ਮੇਰੇ ਨਾਲ ਵਾਪਰੀ ਸੀ: ਮੈਂ ਦੱਸਿਆ ਕਿ ਚਿੱਟੇ ਬਸਤਰਾਂ ਵਾਲੀ ਔਰਤ ਕਿਵੇਂ ਮੈਨੂੰ ਮਿਲੀ; ਅਤੇ ਉਹਨੇ ਜੋ-ਜੋ ਮਿਸਜ਼ ਫ਼ੇਅਰਲੀ ਅਤੇ ਲਿਮਰਿਜ ਹਾਊਸ ਬਾਰੇ ਕਿਹਾ ਸੀ, ਮੈਂ ਇਕ-ਇਕ ਸ਼ਬਦ ਦੁਹਰਾ ਦਿੱਤਾ।

ਮੇਰੇ ਬਿਆਨ ਦੇ ਸ਼ੁਰੂ ਤੋਂ ਅੰਤ ਤੀਕ ਮਿਸ ਹਾਲਕੌਂਬ ਦੀਆਂ ਦ੍ਰਿੜ ਅਤੇ ਚਮਕੀਲੀਆਂ ਅੱਖਾਂ ਮੇਰੀਆਂ ਅੱਖਾਂ ਵਿਚ ਉਤਸੁਕਤਾ ਨਾਲ ਤੱਕਦੀਆਂ ਰਹੀਆਂ, ਉਹਦੇ ਚਿਹਰੇ ਤੋਂ ਹੈਰਾਨੀ ਝਲਕਦੀ ਸੀ। ਸਪੱਸ਼ਟ ਸੀ ਕਿ ਉਸ ਇਸ ਕਹਾਣੀ ਵਿਚ ਦਿਲਚਸਪੀ ਲੈ ਰਹੀ ਸੀ। ਪਰ ਇਸ ਤੋਂ ਸਿਵਾ ਮੈਨੂੰ ਉਹਦੇ ਮੂੰਹ ਤੋਂ ਕੁਝ ਹੋਰ ਨਹੀਂ ਦਿਸਿਆ। ਉਹ ਵੀ ਮੇਰੇ ਵਾਂਗ ਹੀ ਇਸ ਭੇਤ ਤੋਂ ਉੱਕਾ ਹੀ ਅਨਜਾਣ ਦਿਸਦੀ ਸੀ।

"ਕੀ ਤੁਹਾਨੂੰ ਪੱਕਾ ਨਿਸ਼ਚਾ ਹੈ ਕਿ ਉਹਨੇ ਉਹ ਸ਼ਬਦ ਮੇਰੀ ਮਾਂ ਬਾਰੇ ਹੀ ਕਹੇ ਸਨ"?

"ਬਿਲਕੁਲ ਪੱਕਾ ਹੈ" ਮੈਂ ਉੱਤਰ ਦਿੱਤਾ "ਉਹ ਔਰਤ ਜੋ ਕੋਈ ਵੀ ਹੈ ਉਹ ਲਿਮਰਿਜ ਪਿੰਡ ਦੇ ਸਕੂਲ ਵਿਚ ਕਿਸੇ ਸਮੇਂ ਅਵੱਸ਼ ਰਹੀ ਹੈ, ਅਤੇ ਮਿਸਜ਼ ਫ਼ੇਅਰਲੀ ਨੇ ਉਹਨੂੰ ਬੜਾ ਪਿਆਰ ਅਤੇ ਹਮਦਰਦੀ ਦਿੱਤੀ ਹੈ; ਉਸ ਪਿਆਰ ਦੇ ਅਹਿਸਾਨ ਵਿਚ ਡੁੱਬੀ ਉਹ ਇਸ ਟੱਬਰ ਦੇ ਸਾਰੇ ਜੀਆਂ ਦੀ ਪਿਆਰ ਨਾਲ ਗੱਲ ਕਰ ਰਹੀ ਸੀ; ਉਹ ਇਹ ਵੀ ਜਾਣਦੀ ਹੈ ਕਿ ਮਿਸਜ਼ ਫ਼ੇਅਰਲੀ ਅਤੇ ਉਸਦਾ ਪਤੀ ਦੋਵੇਂ ਹੀ ਸਵਰਗਵਾਸ ਹੋ ਚੁੱਕੇ ਹਨ ਅਤੇ ਉਹਨੇ ਮਿਸਜ਼ ਫ਼ੇਅਰਲੀ ਦੀ ਗੱਲ ਵੀ ਇਸ ਤਰ੍ਹਾਂ ਕੀਤੀ ਸੀ, ਜਿਵੇਂ ਉਹ ਉਹਨੂੰ ਬਚਪਨ ਵਿਚ ਜਾਣਦੀ ਸੀ।"

"ਮੇਰਾ ਖ਼ਿਆਲ ਹੈ, ਤੁਸੀ, ਪਹਿਲਾਂ ਇਹ ਕਿਹਾ ਹੈ ਕਿ ਉਹ ਇਥੋਂ ਦੀ ਰਹਿਣ ਵਾਲੀ ਨਹੀਂ।"

"ਹਾਂ, ਉਹਨੇ ਮੈਨੂੰ ਦਸਿਆ ਸੀ ਕਿ ਉਹ ਹੈਂਪਸ਼ਾਇਰ ਤੋਂ ਆਈ ਸੀ।"

"ਤੇ ਕੀ ਤੁਹਾਨੂੰ ਉਹਦਾ ਨਾਂ ਨਹੀਂ ਪਤਾ ਲੱਗ ਸਕਿਆ?"

"ਨਹੀਂ, ਮੈਂ ਉਹਦਾ ਨਾਂ ਨਹੀਂ ਜਾਣ ਸਕਿਆ।"

"ਬੜੀ ਅਜੀਬ ਘਟਨਾ ਹੈ। ਮੇਰਾ ਆਪਣਾ ਖ਼ਿਆਲ ਹੈ ਮਿਸਟਰ ਹਾਰਟਰਾਈਟ, ਕਿ ਤੁਸੀਂ ਉਸ ਵਿਚਾਰੀ ਦੀ ਆਜ਼ਾਦ ਹੋਣ ਵਿਚ ਜੋ ਸਹਾਇਤਾ ਕੀਤੀ ਹੈ, ਉਸ ਵਿਚ ਕੁਝ ਗਲਤ ਨਹੀਂ ਹੋਇਆ; ਕਿਉਂਕਿ ਤੁਹਾਡੇ ਸਾਹਮਣੇ ਉਸਨੇ ਕਈ ਅਜਿਹੀ ਹਰਕਤ ਨਹੀਂ ਕੀਤੀ ਜੋ ਉਹਨੂੰ ਜਬਰੀ ਕੈਦ ਵਿਚ ਪਾਉਣ ਦੇ ਵਿਚਾਰ ਦਾ ਸਮੱਰਥਨ ਕਰਦੀ। ਹਾਂ ਪਰ, ਕਾਸ਼ ! ਤੁਸੀਂ ਉਹਦਾ  ਨਾਂ ਪੁੱਛਣ ਤੇ ਥੋੜਾ ਜ਼ੋਰ ਪਾ ਸਕਦੇ। ਸਾਨੂੰ ਇਸ ਰਹੱਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਸੁਲਝਾਣਾ ਹੀ ਪਵੇਗਾ। ਤੁਸੀਂ ਅਜੇ ਇਸ ਬਾਰੇ ਨਾ ਤੇ ਮਿਸਟਰ ਫ਼ੇਅਰਲੀ ਨਾਲ ਅਤੇ ਨਾ ਮੇਰੀ ਭੈਣ ਨਾਲ ਹੀ ਕੋਈ ਗੱਲਬਾਤ ਕਰਨਾ। ਮੈਨੂੰ ਇਸ ਗੱਲ ਦਾ ਪੂਰਾ ਵਿਸ਼ਵਾਸ ਹੈ ਕਿ ਉਹਨਾਂ ਦੋਹਾਂ ਵਿਚੋਂ ਕੋਈ ਵੀ ਉਸ ਔਰਤ ਨੂੰ ਅਤੇ ਕਿਸੇ ਸਮੇਂ ਉਹਦੇ ਸਾਡੇ ਟੱਬਰ ਨਾਲ ਕੀ ਸੰਬੰਧ ਸਨ ਨਹੀਂ ਜਾਣਦਾ। ਉਹ ਦੋਵੇਂ ਹੀ ਮੇਰੇ ਵਾਂਗ ਇਸ ਭੇਤ ਤੋਂ ਨਾਵਾਕਿਫ ਹਨ। ਪਰ ਉਹ ਦੋਵੇ ਹੀ ਬੜੀ ਜਲਦੀ ਘਬਰਾ ਜਾਣ ਵਾਲੇ ਹਨ ਭਾਵੇਂ ਬਿਲਕੁਲ ਵੱਖ-ਵੱਖ ਤਰੀਕੇ ਨਾਲ ਜੇ ਉਨ੍ਹਾਂ ਨੂੰ ਇਹ ਗੱਲ ਦੱਸੀ ਗਈ ਤਾਂ ਇਕ ਬੇਚੈਨ ਅਤੇ ਅਸ਼ਾਂਤ ਹੋ ਜਾਏਗਾ; ਦੂਜਾ ਡਰ ਜਾਏਗਾ, ਪਰ ਇਸ ਦਾ ਨਤੀਜਾ ਕੁਝ ਵੀ ਨਹੀਂ ਨਿਕਲਣਾ। ਜਿਥੋਂ ਤੱਕ ਮੇਰਾ ਸੰਬੰਧ ਹੈ, ਮੈਂ ਤਾਂ ਸਾਰੀ ਦੀ ਸਾਰੀ ਉਤਸੁਕਤਾ ਅਤੇ ਹੈਰਾਨੀ ਵਿਚ ਡੁੱਬ ਗਈ ਹਾਂ; ਹੁਣ ਇਸੇ ਪਲ ਤੋਂ ਹੀ ਮੈਂ ਇਸ ਭੇਤ ਨੂੰ ਖੋਲ੍ਹਣ ਲਈ ਆਪਣਾ ਪੂਰਾ ਜ਼ੋਰ ਲਾਉਣਾ ਸ਼ੁਰੂ ਕਰ ਦਿਆਂਗੀ। ਮੇਰੀ ਮਾਂ ਆਪਣੇ ਦੂਜੇ ਵਿਆਹ ਮਗਰੋਂ ਜਦੋਂ ਇਥੇ ਆਈ ਸੀ ਤਾਂ ਉਹਨੇ ਪਿੰਡ ਵਿਚ ਇਹ ਸਕੂਲ ਖੋਲ੍ਹਿਆ ਸੀ, ਜੋ ਹੁਣ ਵੀ ਚਲ ਰਿਹਾ ਹੈ। ਪਰ ਪੁਰਾਣੇ ਮਾਸਟਰ ਹੁਣ ਮਰ ਚੁਕੇ ਹਨ ਜਾਂ ਇਥੋਂ ਕਿਧਰੇ ਹੋਰ ਚਲੇ ਗਏ ਹਨ; ਸੋ ਉਧਰੋਂ ਤਾਂ ਮੈਨੂੰ ਇਸ ਗੱਲ ਦੀ ਸੂਹ ਮਿਲਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਹਾਂ ਇਕ ਹੋਰ ਰਾਹ ਜਿਥੇ ਮੈਨੂੰ ਕੁਝ ਪਤਾ ਲੱਗਣ ਦੀ ਆਸ ਹੋ ਸਕਦੀ ਹੈ ਉਹ

ਇਥੇ ਇਕ ਨੌਕਰ ਦੇ ਆਉਣ ਨਾਲ ਉਹਦੀ ਗੱਲ ਅਧੂਰੀ ਰਹਿ ਗਈ। ਨੌਕਰ ਮਿਸਟਰ ਫ਼ੇਅਰਲੀ ਵਲੋਂ ਮੇਰੇ ਲਈ ਸੁਨੇਹਾ ਲੈ ਕੇ ਆਇਆ ਸੀ ਕਿ ਉਹ ਮੈਨੂੰ ਨਾਸ਼ਤੇ ਦੇ ਮਗਰੋਂ ਜਲਦੀ ਤੋਂ ਜਲਦੀ ਮਿਲ ਕੇ ਖੁਸ਼ ਹੋਣਗੇ।

"ਹਾਲ ਵਿਚ ਉਡੀਕ।" ਮਿਸ ਹਾਲਕੌਂਬ ਨੇ ਨੌਕਰ ਨੂੰ ਆਪਣੇ ਖਾਸ ਢੰਗ ਵਿਚ ਫਿਰ ਇਕ ਦਮ ਉੱਤਰ ਦਿੱਤਾ। "ਮਿਸਟਰ ਹਾਰਟਰਾਈਟ ਹੁਣੇ ਆਉਂਦੇ ਹਨ" ਉਹਨੇ ਫਿਰ ਮੈਨੂੰ ਸੰਬੰਧਨ ਕਰਕੇ ਕਿਹਾ, "ਮੈਂ ਕਹਿ ਰਹੀ ਸਾਂ, ਕਿ ਮੇਰੇ ਅਤੇ ਮੇਰੀ ਭੈਣ ਕੋਲ ਆਪਣੀ ਮਾਂ ਦੀਆਂ ਬਹੁਤ ਚਿੱਠੀਆਂ ਪਈਆਂ ਹਨ, ਜੋ ਉਹਨੇ ਮੇਰੇ ਅਤੇ ਉਹਦੇ ਪਿਤਾ ਨੂੰ ਲਿਖੀਆਂ ਸਨ। ਹੁਣ ਜਦੋਂ ਇਸ ਭੇਤ ਬਾਰੇ ਹੋਰ ਕਿਧਰੋਂ ਕੋਈ ਉੱਘ ਸੁੱਘ ਨਿਕਲਣ ਦੀ ਆਸ ਨਹੀਂ, ਮੈਂ ਅੱਜ ਸਾਰੀ ਸਵੇਰ ਆਪਣੀ ਮਾਂ ਦੀਆ ਉਹ ਚਿੱਠੀਆਂ ਪੜ੍ਹਾਂਗੀ ਜੋ ਉਹਨੇ ਮਿਸਟਰ ਫ਼ੇਅਰਲੀ ਨੂੰ ਲਿਖੀਆਂ ਸਨ। ਮਿਸਟਰ ਫ਼ੇਅਰਲੀ ਨੂੰ ਲੰਡਨ ਨਾਲ ਬਹੁਤ ਪਿਆਰ ਸੀ ਅਤੇ ਉਹ ਅਕਸਰ ਪਿੰਡ ਤੋਂ ਬਾਹਰ ਹੀ ਰਹਿੰਦਾ ਸੀ। ਮੇਰੀ ਮਾਂ ਉਸ ਸਮੇਂ ਉਹਨੂੰ ਚਿੱਠੀਆਂ ਲਿਖਦੀ ਅਤੇ ਲਿਮਰਿਜ਼ ਵਿਚ ਜੋ-ਜੋ ਹੁੰਦਾ ਉਹਦੀ ਖਬਰ ਦੇਂਦੀ। ਉਹਨਾਂ ਚਿੱਠੀਆਂ ਵਿਚ ਬਹੁਤ ਵਾਰੀ ਇਸ ਸਕੂਲ ਦਾ ਜ਼ਿਕਰ ਹੈ, ਜਿਸ ਨਾਲ ਉਹਨੂੰ ਬਹੁਤ ਪਿਆਰ ਸੀ; ਅਤੇ ਮੇਰਾ ਵਿਚਾਰ ਹੈ ਕਿ ਹੁਣ ਜਦੋਂ ਅਸੀਂ ਮਿਲਾਂਗੇ ਉਦੋਂ ਤੱਕ ਮੈਨੂੰ ਕੁਝ ਨਾ ਕੁਝ ਜ਼ਰੂਰ ਪਤਾ ਲੱਗ ਜਾਏਗਾ। ਦੁਪਹਿਰ ਦਾ ਖਾਣਾ ਦੋ ਵਜੇ ਖਾਂਦੇ ਹਾਂ। ਉਸ ਸਮੇਂ ਮੈਂ ਆਪਣੀ ਭੈਣ ਦੀ ਜਾਣ-ਪਛਾਣ ਤੁਹਾਡੇ ਨਾਲ ਕਰਾਉਣ ਦੀ ਖ਼ੁਸ਼ੀ ਹਾਸਲ ਕਰਾਂਗੀ; ਅਤੇ ਤਿਪਹਿਰ ਦਾ ਸਮਾ ਅਸੀਂ ਬੱਘੀ ਵਿਚ ਘੁੰਮਣ ਚਲਾਂਗੇ ਤਾਂ ਜੋ ਤੁਹਾਨੂੰ ਆਪਣਾ ਆਲਾ-ਦੁਆਲਾ ਅਤੇ ਆਪਣੇ ਪਿਆਰੇ ਦ੍ਰਿਸ਼ ਵਿਖਾ ਸਕੀਏ। ਦੋ ਵਜੇ ਤੱਕ ਅਲਵਿਦਾ ਅਤੇ ਰੱਬ ਰਾਖਾ।"

ਉਹਨੇ ਆਪਣਾ ਸਿਰ ਆਪਣੀ ਸੁਹਣੀ ਅਦਾ ਨਾਗ ਹਿਲਾਇਆ; ਇਹ ਅੰਦਾਜ਼ ਪਿਆਰ ਨਾਲ ਇਕ ਦੂਜੇ ਨਾਲ ਘੁਲ-ਮਿਲ ਜਾਣ ਤੇ ਕੁਦਰਤੀ ਹੀ ਆ ਜਾਂਦਾ ਹੈ। ਉਹ ਜੋ ਵੀ ਕਹਿੰਦੀ ਅਤੇ ਕਰਦੀ ਸੀ, ਉਸ ਸਭ ਵਿਚ ਇਹ ਬਾਂਕਾਪਨ ਸੀ। ਇਹ ਕਹਿ ਕੇ ਉਹ ਕਮਰ ਦੇ ਥਲਵੇਂ ਪਾਸੇ ਵਾਲੇ ਦਰਵਾਜ਼ੇ ਵਿਚੋਂ ਹੀ ਅਲੋਪ ਹੋ ਗਈ। ਉਹਦੇ ਜਾਣ ਮਗਰੋਂ ਮੈਂ ਆਪਣੇ ਕਦਮ ਹਾਲ ਵੱਲ ਵਧਾਏ, ਅਤੇ ਨੌਕਰ ਦੇ ਪਿੱਛੇ-ਪਿੱਛੇ ਮਿਸਟਰ ਫ਼ੇਅਰਲੀ ਨੂੰ ਪਹਿਲੀ ਵਾਰ ਮਿਲਣ ਲਈ ਤੁਰ ਪਿਆ।

(7)

ਮੈਨੂੰ ਰਾਹ ਵਿਖਾਉਣ ਵਾਲਾ ਨੌਕਰ ਮੈਨੂੰ ਉਪਰਲੀ ਮੰਜ਼ਿਲ ਤੇ ਉਸ ਬਰਾਮਦੇ ਵਿਚ ਲੈ ਗਿਆ, ਜਿੱਥੋਂ ਦੀ ਹੋ ਕੇ ਉਹ ਕਮਰਾ ਆ ਜਾਂਦਾ ਸੀ, ਜਿੱਥੇ ਮੈਂ ਰਾਤੀ ਸੁੱਤਾ ਸਾਂ ਉਸ ਤੋਂ ਅਗਲਾ ਦਰਵਾਜ਼ਾ ਖੋਲ੍ਹ ਕੇ ਉਹਨੇ ਮੈਨੂੰ ਅੰਦਰ ਆਉਣ ਲਈ ਬੇਨਤੀ ਕੀਤੀ।

"ਮੈਨੂੰ ਮਾਲਕ ਦਾ ਹੁਕਮ ਹੈ ਕਿ ਤੁਹਾਨੂੰ ਤੁਹਾਡੀ ਬੈਠਕ ਵਿਖਾਵਾਂ," ਨੌਕਰ ਬੋਲਿਆ, "ਅਤੇ ਸ੍ਰੀ ਮਾਨ ਜੀ, ਤੁਹਾਡੇ ਕੋਲੋਂ ਇਹ ਪੁੱਛਾਂ ਕਿ ਕੀ ਤੁਹਾਨੂੰ ਇਸ ਕਮਰੇ ਦੀ ਥਾਂ ਅਤੇ ਰੋਸ਼ਨੀ ਪਸੰਦ ਹਨ ਜਾਂ ਨਹੀਂ।"

ਜੇ ਮੈਨੂੰ ਇਹ ਕਮਰਾ ਅਤੇ ਇਸ ਵਿਚਲਾ ਸਭ ਕੁਝ ਪਸੰਦ ਨਾ ਆਉਂਦਾ ਤਾਂ ਤੇ ਸੱਚਮੁੱਚ ਮੈਨੂੰ ਖੁਸ਼ ਕਰਨਾ ਇਕ ਬਹੁਤ ਔਖਾ ਕੰਮ ਸੀ। ਕਮਾਨੀਦਾਰ ਖਿੜਕੀ ਵਿਚੋਂ ਉਹੀ ਦ੍ਰਿਸ਼ ਨਜ਼ਰ ਆ ਰਿਹਾ ਸੀ, ਜਿਸਦੀ ਸਵੇਰੇ ਹੀ ਮੈਂ ਆਪਣੇ ਸੌਣ-ਕਮਰੇ ਵਿਚੋਂ ਪ੍ਰਸੰਸਾ ਕਰ ਚੁੱਕਾ ਸਾਂ। ਫ਼ਰਨੀਚਰ ਅਤਿ ਸੁੰਦਰ ਸੀ ਅਤੇ ਐਸ਼-ਆਰਾਮ ਲਈ ਹੀ ਪਿਆ ਜਾਪਦਾ ਸੀ। ਵਿਚਕਾਰ ਮੇਜ਼ ਉੱਤੇ ਖ਼ੂਬਸੂਰਤ ਜਿਲਦ ਵਾਲੀਆਂ ਕਿਤਾਬਾਂ ਸੁਹਣੀਆਂ ਅਤੇ ਖੁਸ਼ਗਵਾਰ ਲੱਗ ਰਹੀਆਂ ਸਨ। ਲਿਖਣ ਲਈ ਵਧੀਆ ਸਾਮਾਨ ਅਤੇ ਸੁਹਣੇ ਫੁੱਲ ਵੀ ਮੇਜ਼ ਉੱਤੇ ਸਜੇ ਹੋਏ ਸਨ; ਦੂਜੇ ਮੇਜ਼ ਉੱਤੇ ਜੋ ਖਿੜਕੀ ਦੇ ਨੇੜੇ ਸੀ, ਪਾਣੀ ਦੇ ਰੰਗਾਂ ਵਿਚ ਬਣਾਏ ਹੋਏ ਚਿੱਤਰਾਂ ਨੂੰ ਚੌਖਟਿਆਂ ਵਿਚ ਜੜਨ ਲਈ ਲੋੜੀਂਦਾ ਸਾਮਾਨ ਸੀ, ਅਤੇ ਮੇਜ਼ ਦੇ ਨਾਲ ਹੀ ਚਿੱਤਰ ਬਣਾਉਣ ਲਈ ਇਕ ਟੇਢਾ ਫੱਟਾ ਵੀ ਜੁੜਿਆ ਹੋਇਆ ਸੀ। ਇਸ ਫੱਟੇ ਨੂੰ ਮੈਂ ਆਪਣੀ ਮਰਜ਼ੀ ਨਾਲ ਖੋਲ ਅਤੇ ਬੰਦ ਕਰ ਸਕਦਾ ਸਾਂ। ਕੰਧਾਂ ਤੇ ਰੰਗ-ਬਰੰਗ ਛੀਟ ਦੇ ਪਰਦੇ ਲੱਗੇ ਸਨ; ਫਰਸ਼ ਉੱਤੇ ਮਖਮਲੀ ਅਤੇ ਲਾਲ ਰੰਗ ਦੇ ਡੀਜ਼ਾਇਨ ਵਾਲੀ ਚਟਾਈ ਵਿੱਛੀ ਹੋਈ ਸੀ। ਮੈਂ ਅਜਿਹੀ ਸੁਹਣੀ ਅਤੇ ਸ਼ਾਨਦਾਰ ਸਾਮਾਨ ਵਾਲੀ ਬੈਠਕ ਅਜੇ ਤੀਕ ਨਹੀਂ ਸੀ ਵੇਖੀ; ਇਸ ਲਈ ਮੈਂ ਬੜੀ ਗਰਮ ਜੋਸ਼ੀ ਨਾਲ ਇਸ ਦੇ ਸੁਹੱਪਣ ਦੀ ਸ਼ਾਲਾਘਾ ਕੀਤੀ।

ਗੰਭੀਰ ਚਿਹਰੇ ਵਾਲਾ ਨੌਕਰ ਆਪਣੇ ਕੰਮ ਵਿਚ ਬੜਾ ਤਾਕ ਦਿੱਸਦਾ ਸੀ, ਇਸ ਲਈ ਉਹਦੇ ਮੂੰਹ ਤੇ ਸੰਤੁਸ਼ਟਤਾ ਦਾ ਕੋਈ ਚਿੰਨ੍ਹ ਵੀ ਮੈਨੂੰ ਨਜ਼ਰ ਨਾ ਆਇਆ। ਜਦੋਂ ਪ੍ਰਸ਼ੰਸਾ ਦੇ ਸਾਰੇ ਵਿਸ਼ੇਸ਼ਣ ਮੈਂ ਵਰਤ ਚੁੱਕਾ ਤਾਂ ਉਹਨੇ ਬੜੇ ਰੁਖੇ ਸਤਿਕਾਰ ਨਾਲ ਸਿਰ ਝੁਕਾਇਆ ਅਤੇ ਮੇਰੇ ਬਾਹਰ ਨਿਕਲਣ ਲਈ ਚੁਪਚਾਪ ਦਰਵਾਜ਼ਾ ਖੋਲ੍ਹ ਦਿੱਤਾ।

ਬਰਾਮਦੇ ਵਿਚ ਆ ਕੇ ਅਸੀਂ ਇਕ ਮੋੜ ਮੁੜੇ ਤੇ ਇਕ ਹੋਰ ਲੰਮੇ ਬਰਾਮਦੇ ਵਿਚੋਂ ਦੀ ਹੁੰਦੇ ਹੋਏ ਥੋੜ੍ਹੀਆਂ ਪੌੜੀਆਂ ਉਪਰ ਚੜ੍ਹੇ ਉਪਰ ਇਕ ਗੋਲ ਹਾਲ ਵਿਚ ਦੀ ਲੰਘ ਕੇ ਇਕ

ਦਰਵਾਜ਼ੇ ਅੱਗੇ ਰੁਕੇ ਜੋ ਗੂੜ੍ਹੇ ਰੰਗ ਦੇ ਪੱਟੂ ਦੇ ਪਰਦੇ ਉਹਲੇ ਸੀ ਨੌਕਰ ਨੇ ਇਹ ਬੂਹਾ ਖੋਲਿਆ ਤੇ ਮੈਨੂੰ ਕੁਝ ਗਜ਼ ਹੋਰ ਅੱਗੇ ਇਕ ਦਰਵਾਜ਼ੇ ਕੋਲ ਲੈ ਗਿਆ। ਨੌਕਰ ਨੇ ਇਹਨੂੰ ਖੋਲ੍ਹਿਆ ਤਾਂ ਸਾਹਮਣੇ ਮੈਨੂੰ ਹਲਕੇ ਸਾਵੇ ਰੰਗ ਦੀ ਸਿਲਕ ਦੇ ਭਾਰੇ ਭਾਰੇ ਦੋ ਪਰਦੇ ਲਟਕਦੇ ਨਜ਼ਰੀਂ ਆਏ; ਨੌਕਰ ਨੇ ਇਕ ਪਰਦੇ ਨੂੰ ਚੁਪਚਾਪ ਚੁੱਕਿਆ ਅਤੇ ਧੀਮੀ ਆਵਾਜ਼ ਵਿਚ ਬੋਲਿਆ, 'ਮਿਸਟਰ ਹਾਰਟਰਾਈਟ ਅਤੇ ਇਹ ਕਹਿ ਕੇ ਉਹ ਚਲਾ ਗਿਆ।

ਮੈਂ ਆਪਣੇ ਆਲੇ-ਦੁਆਲੇ ਵੇਖਿਆ, ਮੈਂ ਇਕ ਵੱਡੇ ਅਤੇ ਉੱਚੇ ਕਮਰੇ ਵਿਚ ਸਾਂ, ਜਿਸਦੀ ਛੱਤ ਉਤੇ ਸ਼ਾਨਦਾਰ ਮੀਨਾਕਾਰੀ ਹੋਈ ਹੋਈ ਸੀ ਫਰਸ ਤੇ ਜਿਹੜਾ ਕਾਲੀਨ ਵਿਛਿਆ ਹੋਇਆ ਸੀ, ਉਹ ਏਨਾਂ ਮੋਟਾ ਅਤੇ ਨਰਮ ਸੀ, ਕਿ ਮੈਨੂੰ ਆਪਣੇ ਪੈਰਾਂ ਹੇਠਾਂ ਵੈਲਵੇਟ ਦੀਆਂ ਕਈ ਤੇਹਾਂ ਪਈਆਂ ਮਹਿਸੂਸ ਹੋ ਰਹੀਆਂ ਸਨ। ਕਮਰੇ ਵਿਚ ਇਕ ਪਾਸੇ ਇਕ ਬਿਨਾਂ ਭਿਤਾਂ ਦੇ ਕਿਤਾਬਾਂ ਰੱਖਣ ਲਈ ਅਲਮਾਰੀ ਸੀ ਜੋ ਅਜਿਹੀ ਸ਼ਾਨਦਾਰ ਲੱਕੜ ਦੀ ਬਣੀ ਹੋਈ ਸੀ, ਜਿਸਦਾ ਮੈਂ ਨਾ ਵੀ ਨਹੀਂ ਸਾਂ ਜਾਣਦਾ। ਇਹਦੀ ਉਚਾਈ ਛੇ ਫੁੱਟ ਤੋਂ ਵਧੀਕ ਨਹੀਂ ਸੀ ਅਤੇ ਇਹਦੇ ਉਪਰਲੇ ਹਿੱਸੇ ਉੱਤੇ ਸੰਗਮਰਮਰ ਦੀਆਂ ਮੂਰਤੀਆਂ ਸਜਾਈਆਂ ਹੋਈਆਂ ਸਨ। ਇਹ ਮੂਰਤੀਆ ਥੋੜ੍ਹੀ-ਥੋੜ੍ਹੀ ਵਿੱਥ ਤੇ ਪਈਆਂ ਸਨ। ਇਸ ਅਲਮਾਰੀ ਦੇ ਬਿਲਕੁਲ ਸਾਹਮਣੇ ਦੂਜੇ ਪਾਸੇ, ਪ੍ਰਾਚੀਨ ਦਰਾਜਾਂ ਵਾਲੀਆਂ ਛੋਟੀਆਂ ਦੋ ਅਲਮਾਰੀਆਂ ਸਨ, ਜਿਨ੍ਹਾਂ ਦੇ ਵਿਚਕਾਰ ਅਤੇ ਉਪਰ ਯਸੂਮਸੀਹ ਅਤੇ ਉਹਦੀ ਮਾਤਾ ਦੀ ਰਾਫੈਲ ਦੀ ਬਣੀ ਹੋਈ ਇਕ ਤਸਵੀਰ ਸ਼ੀਸ਼ੇ ਦੇ ਫਰੇਮ ਵਿਚ ਲਟਕ ਰਹੀ ਸੀ। ਫਰੇਮ ਦੇ ਹੇਠਾਂ ਸੋਨੇ ਦੀ ਪੱਤਰੀ ਵਾਲੀ ਫੱਟੀ ਉਤੇ ਰਾਫ਼ੈਲ ਦਾ ਨਾਂ ਲਿਖਿਆ ਹੋਇਆ ਸੀ। ਮੈਂ ਦਰਵਾਜ਼ੇ ਦੇ ਅੰਦਰ ਕਰਕੇ ਜਿਥੇ ਖੜਾ ਸਾਂ, ਮੇਰੇ ਸੱਜੇ-ਖੱਬੇ ਦੋਹੀਂ ਪਾਸੀਂ ਛੋਟੀਆਂ-ਛੋਟੀਆਂ ਅਲਮਾਰੀਆਂ ਸਨ, ਜਿਨ੍ਹਾਂ ਨੂੰ ਆਸਾਨੀ ਨਾਲ ਹਿਲਾਇਆ ਜਾ ਸਕਦਾ ਸੀ। ਅਤੇ ਕਈ ਤਾਂਬੇ ਦੇ ਸਟੈਂਡ ਸਨ, ਜਿਨ੍ਹਾਂ ਉਤੇ ਚੀਨੀ ਦੀਆਂ ਬਹੁਤ ਸਾਰੀਅ ਮੂਰਤੀਆਂ, ਬੜੇ ਅਨੋਖੇ ਜੇਹੇ ਭਾਂਡੇ, ਹਾਥੀ-ਦੰਦ ਦੇ ਗਹਿਣੇ, ਖਿਡਾਉਣੇ ਅਤੇ ਕਈ ਹੋਰ ਅਨੋਖੀਆਂ ਸਜਾਵਟ ਦੀਆਂ ਚੀਜ਼ਾਂ ਸਨ। ਚਾਰੇ ਪਾਸੇ ਸੋਨੇ, ਚਾਂਦੀ ਅਤੇ ਕੀਮਤੀ ਪੱਥਰਾਂ ਦੀ ਜਗਮਗ-ਜਗਮਗ ਹੋ ਰਹੀ ਸੀ। ਮੇਰੇ ਸਾਹਮਣੇ ਕਮਰੇ ਦੇ ਹੇਠਲੇ ਹਿੱਸੇ ਵੱਲ ਖਿੜਕੀਆਂ ਸਨ ਜੋ ਪਰਦਿਆਂ ਨਾਲ ਕੱਜੀਆਂ ਹੋਈਆਂ ਸਨ, ਪਰਦੇ ਉਸੇ ਸਿਲਕ ਦੇ ਜੋ ਦਰਵਾਜ਼ੇ ਤੇ ਸੀ ਅਤੇ ਸੂਰਜ ਦੀ ਰੌਸ਼ਨੀ ਸਾਰੇ ਪਰਦਿਆਂ ਨਾਲ ਬੜੀ ਮਧਮ ਹੋ ਗਈ ਸੀ। ਮੈਨੂੰ ਇਹ ਮੱਧਮ ਰੋਸ਼ਨੀ ਬੜੀ ਭੇਤ-ਭਰੀ ਅਤੇ ਸੁਖਾਵੀਂ ਜਾਪੀ; ਕਮਰੇ ਵਿਚ ਹਰ ਵਸਤੂ ਤੇ

ਉਹ ਇਕੋ ਜੇਹੀ ਪੈ ਰਹੀ ਸੀ; ਉਥੇ ਛਾਈ ਹੋਈ ਚੁੱਪ ਚਾ ਇਸ ਮੱਧਮ ਰੋਸ਼ਨੀ ਨਾਲ ਹੋਰ ਡੂੰਘੀ ਹੋ ਰਹੀ ਸੀ ਅਤੇ ਕਮਰੇ ਦਾ ਸੁੰਨਾਪਨ ਵਧੇਰੇ ਹੀ ਸੁੰਨਾ ਲੱਗ ਰਿਹਾ ਸੀ। ਘਰ ਦਾ ਮਾਲਕ ਚਪਚਾਪ, ਇਕਾਂਤ ਕਮਰੇ ਵਿਚ, ਇਕ ਵੱਡੀ ਆਰਾਮ ਕੁਰਸੀ ਤੇ ਨਿੱਸਲ ਹੋਇਆ ਪਿਆ ਸੀ। ਕੁਰਸੀ ਦੀ ਇਕ ਬਾਂਹ ਨਾਲ ਕਿਤਾਬ ਰੱਖਣ ਲਈ ਫੱਟਾ ਸੀ ਅਤੇ ਦੂਜੀ ਬਾਂਹ ਨਾਲ ਇਕ ਛੋਟਾ ਜਿਹਾ ਮੇਜ਼ ਸੀ।

ਜੇ ਕਿਸੇ ਚਾਲੀ ਤੋਂ ਟੱਪ ਚੁਕੇ ਮਰਦ ਦੀ ਉਮਰ ਦਾ ਅੰਦਾਜ਼ਾ ਉਹਦੇ ਤਿਆਰ ਹੋ ਚੁੱਕਣ ਮਗਰੋਂ, ਉਹਦੀ ਸੂਰਤ ਅਤੇ ਪਹਿਰਾਵੇ ਤੋਂ ਲਾਇਆ ਜਾ ਸਕਦਾ ਹੈ ਤਾਂ ਮਿਸਟਰ ਫੈਅਰਲੀ ਦੀ ਉਮਰ, ਜਦੋਂ ਮੈਂ ਉਹਨੂੰ ਵੇਖਿਆ, ਪੰਜਾਹ ਤੋਂ ਉਪਰ ਅਤੇ ਸੱਠ ਤੋਂ ਹੇਠਾਂ ਹੀ ਹੋਵੇਗੀ। ਉਹਦਾ ਦਾੜ੍ਹੀ-ਰਹਿਤ ਚਿਹਰਾ ਪਤਲਾ, ਧੱਕਿਆ ਹੋਇਆ ਅਤੇ ਏਨਾ ਪੀਲਾ ਸੀ ਕਿ ਉਹਦੀ ਨਾੜ-ਨਾੜ ਦਿਸ ਰਹੀ ਸੀ ਉਹਦੇ ਮੂੰਹ ਤੇ ਕੋਈ ਝੁਰੜੀ ਨਹੀਂ ਸੀ; ਉਹਦਾ ਨੱਕ ਉੱਚਾ ਤੇ ਘੁੰਡੀ ਵਾਲਾ ਸੀ; ਅੱਖਾਂ ਹਲਕੀਆਂ ਨੀਲੀਆਂ, ਵੱਡੀਆਂ-ਵੱਡੀਆਂ ਅਤੇ ਬਾਹਰ ਵੱਲ ਨੂੰ ਉਭਰੀਆਂ ਹੋਈਆਂ ਅਤੇ ਉਹਨਾਂ ਦੇ ਕੋਂਭੇ ਲਾਲੀ ਵਿਚ ਸਨ; ਸਿਰ ਤੇ ਥੋੜ੍ਹੇ ਜਿਹੇ ਵਾਲ ਜੋ ਅਜਿਹੇ ਰੰਗ ਦੇ ਸਨ, ਜਿਨ੍ਹਾਂ ਬਾਰੇ ਕਦੀ ਨਹੀਂ ਕਿਹਾ ਜਾ ਸਕਦਾ ਕਿ ਉਹ ਕਦੋਂ ਚਿੱਟੇ ਹੋਏ ਹਨ ਜਾਂ ਹੋਣਗੇ ਕਿ ਨਹੀਂ। ਉਹਨੇ ਇਕ ਗੂੜ੍ਹੇ ਰੰਗ ਦਾ ਕੋਟ ਪਾਇਆ ਹੋਇਆ ਸੀ ਜੋ ਕਿਸੇ ਕੱਪੜੇ ਤੋਂ ਵੀ ਪਤਲੀ ਵਸਤੂ ਦਾ ਬਣਿਆ ਹੋਇਆ ਸੀ। ਪਤਲੂਨ ਅਤੇ ਵਾਸਕਟ ਦੁੱਧ-ਚਿੱਟੇ ਰੰਗ ਦੀ ਸੀ। ਉਹਦੇ ਪੈਰ ਤੀਵੀਆਂ ਦੇ ਪੈਰਾਂ ਵਰਗੇ ਛੋਟੇ ਸਨ ਜੋ ਪੀਲੇ ਰੰਗ ਦੀਆਂ ਸਿਲਕ ਦੀਆਂ ਲੰਮੀਆਂ ਜੁਰਾਬਾਂ ਨਾਲ ਕਜੇ ਹੋਏ ਸਨ, ਅਤੇ ਜੇ ਤਾਂਬੇ ਰੰਗ ਦੇ ਸਲੀਪਰ ਉਹਨੇ ਪੈਰੀਂ ਪਾਏ ਹੋਏ ਸੀ, ਉਹ ਵੀ ਏਨੇ ਛੋਟੇ ਸਨ, ਕਿ ਕਿਸੇ ਔਰਤ ਦੇ ਸਲੀਪਰ ਹੀ ਦਿਸਦੇ ਸਨ। ਉਹਦੇ ਚਿੱਟੇ ਨਾਜ਼ਕ ਹੱਥਾਂ ਉਤੇ ਦੋ ਅੰਗੂਠੀਆਂ ਸਨ, ਜੋ ਮੇਰੇ ਵਰਗੇ ਅਨਾੜੀ ਨੂੰ ਦਿਸ ਰਿਹਾ ਸੀ, ਕਿ ਬਹੁਤ ਹੀ ਕੀਮਤੀ ਸਨ। ਸਮੁੱਚੇ ਤੌਰ ਤੇ ਉਹਦਾ ਪ੍ਰਭਾਵ ਇਹ ਸੀ ਕਿ ਉਹ ਬਹੁਤ ਹੀ ਨਿਰਬਲ, ਚਿੜਚਿੜਾ, ਲੋੜੋਂ ਵਧ ਸ਼ਿੰਗਾਰਿਆ ਸੰਵਰਿਆ ਹੋਇਆ ਅਤੇ ਸੁਸਤ ਜਿਹਾ ਬੰਦਾ ਹੈ, ਅਤੇ ਇਹ ਸਭ ਕੁਝ ਇਕ ਮਰਦ ਨਾਲ ਜੋੜਿਆ ਬੜਾ ਅਜੀਬ ਜਾਪਦਾ ਸੀ। ਇਹੀ ਪ੍ਰਭਾਵ ਜੇ ਇਕ ਔਰਤ ਦਾ ਪੜ੍ਹੋ ਤਾਂ ਕੁਝ ਵੀ ਅਜੀਬ ਨਹੀਂ ਲਗਦਾ। ਇਹ ਮਿਸ ਹਾਲਕੌਂਬ ਨਾਲ ਮੇਰੀ ਸਵੇਰੇ ਹੋਈ ਮੁਲਾਕਾਤ ਦਾ ਅਸਰ ਸੀ ਕਿ ਮੈਂ ਹਰ ਇਕ ਨਾਲ ਖੁਸ਼ੀ ਖੁਸ਼ਾਦੀ

ਬੈਠਣ ਦੇ ਰੋਅ ਵਿਚ ਸਾਂ, ਪਰ ਮਿਸਟਰ ਫ਼ੇਅਰਲੀ ਨੂੰ ਪਹਿਲੀ ਨਜ਼ਰ ਵੱਖਦਿਆਂ ਹੀ ਮੇਰੇ ਦਿਲ ਵਿਚ ਉਹਦੇ ਲਈ ਕਈ ਹਮਦਰਦੀ ਜਾਂ ਸਤਿਕਾਰ ਨਹੀਂ ਸੀ ਰਹਿ ਗਿਆ।

ਉਹਦੇ ਨੇੜੇ ਪੁੱਜਣ ਤੇ ਮੈਂ ਵੇਖਿਆ, ਕਿ ਉਹ ਉਨਾ ਵਿਹਲਾ ਨਹੀਂ ਜਿਨਾ ਮੈਂ ਪਹਿਲਾਂ ਸੱਚਿਆ ਸੀ। ਉਹਦੇ ਨੇੜੇ ਇਕ ਵੱਡੇ ਗੋਲ ਮੇਜ਼ ਉੱਤੇ ਇਕ ਛੋਟੀ ਸਦੂੰਕੜੀ ਸੀ, ਜਿਸ ਵਿਚ ਹਰ ਸਾਈਜ਼ ਅਤੇ ਹਰ ਆਕਾਰ ਦੇ, ਸਿੱਕੇ ਪਏ ਹੋਏ ਸਨ। ਇਹ ਸਦੂੰਕੜੀ ਚਾਂਦੀ ਦੀ ਸੀ ਅਤੇ ਇਸ ਵਿਚ ਕਈ ਦਰਾਜ਼ ਸਨ। ਜਿਨ੍ਹਾਂ ਹੇਠਾਂ ਗੁੜ੍ਹੇ ਜਾਮਨੀ ਰੰਗ ਦੀ ਵੈਲਵੈਟ ਲੱਗੀ ਹੋਈ ਸੀ ਕੋਲ ਹੀ ਛੋਟੇ ਛੋਟੇ ਬੁਰਸ਼ ਸਨ ਜਿਨ੍ਹਾਂ ਨਾਲ ਸੁਨਿਆਰੇ ਗਹਿਣੇ ਧੋਂਦੇ ਹਨ, ਇਕ ਪੁਰਾਣਾ ਬੁਰਸ਼ ਅਤੇ ਇਕ ਕਿਸੇ ਦਵਾਈ ਦੀ ਛੋਟੀ ਜੇਹੀ ਸ਼ੀਸ਼ੀ ਵੀ ਸੀ। ਸਪੱਸ਼ਟ ਸੀ, ਕਿ ਇਹ ਸਭ ਕੁਝ ਸਿਕਿਆ ਉੱਤੋਂ ਦਾਗ ਜਾਂ ਧੱਬੇ ਲਾਹੁਣ ਲਈ ਵਰਤਿਆ ਜਾ ਰਿਹਾ ਸੀ। ਉਹਦੀਆਂ ਚਿੱਟੀਆਂ ਨਿਤਾਣੀਆਂ ਉਂਗਲਾਂ ਵਿਚਕਾਰ ਇਕ ਸਿੱਕਾ ਸੀ, ਜੋ ਮੈਨੂੰ ਇਕ ਗੰਦਾ ਪੁਰਾਣਾ ਤਮਗਾ ਦਿਸਿਆ। ਮੈਂ ਕੁਰਸੀ ਤੋਂ ਥੋੜੀ ਦੂਰੀ ਤੋਂ, ਜੋ ਸਤਿਕਾਰ ਵਜੋਂ ਜ਼ਰੂਰੀ ਸੀ, ਖੜੇ ਹੋ ਉਹਨੂੰ ਸਿਰ ਝੁਕਾ ਕੇ ਪ੍ਰਣਾਮ ਕੀਤਾ।

"ਮੈਨੂੰ ਬੜੀ ਖੁਸ਼ੀ ਹੋਈ ਏ ਤੁਹਾਨੂੰ ਲਿਮਰਿਜ ਵਿਚ ਲਿਆ ਕੇ ਮਿਸਟਰ ਹਾਰਟਰਾਈਟ,' ਉਹ ਬੋਲਿਆ, ਉਹਦੀ ਆਵਾਜ਼ ਖਰਵੀ ਸੀ ਅਤੇ ਲਹਿਜਾ ਬੜਾ ਉੱਚਾ ਸੀ। ਗੱਲ ਵੀ ਉਹਨੇ ਬੜੀ ਲਮਕਾ ਕੇ ਕੀਤੀ ਸੀ। "ਕਿਰਪਾ ਕਰਕੇ ਬੈਠ ਜਾਉ, ਅਤੇ ਕੁਰਸੀ ਨੂੰ ਹਿਲਾਉਣ ਦੀ ਖੇਚਲ ਨਾ ਕਰਨੀ, ਇਹ ਨਾ-ਮੁਰਾਦ ਕਮਜ਼ੋਰ ਨਰਵਜ਼ ਦੀ ਹਾਲਤ ਵਿਚ, ਕਿਸੇ ਕਿਸਮ ਦੀ ਹਿਲਜੁਲ ਵੀ ਮੈਨੂੰ ਬੜੀ ਤਕਲੀਫ਼ ਦੇਂਦੀ ਹੈ। ਕੀ ਤੁਸੀਂ" ਆਪਣਾ ਸਟੂਡੀਓ ਦੇਖਿਅ ਹੈ? ਕਮਰਾ ਤੁਹਾਨੂੰ ਪਸੰਦ ਹੈ?"

"ਮੈਂ ਬਸ ਹੁਣੇ ਸਿੱਧਾ ਕਮਰਾ ਵੇਖ ਕੇ ਹੀ ਤੁਰਿਆ ਆਉਂਦਾ ਹਾਂ ਮਿਸਟਰ ਫ਼ੇਅਰਲੀ, ਅਤੇ ਤੁਹਾਨੂੰ ਭਰੋਸਾ ਦੁਆਉਂਦਾ ਹਾਂ ਕਿ"

ਉਹਨੇ ਮੈਨੂੰ ਗੱਲ ਪੂਰੀ ਕਰਨ ਤੋਂ ਟੋਕ ਦਿੱਤਾ ਤਰਲੇ ਭਰੇ ਲਹਿਜੇ ਵਿਚ ਉਹਨੇ ਅੱਖਾਂ ਬੰਦ ਕਰ ਲਈਆਂ ਤੇ ਆਪਣੇ ਇਕ ਹੱਥ ਨਾਲ ਮੈਨੂੰ ਚੁੱਪ ਕਰਨ ਦਾ ਇਸ਼ਾਰਾ ਕੀਤਾ। ਮੈਂ ਹੱਕਾ ਬੱਕਾ ਹੋ ਕੇ ਚੁੱਪ ਹੋ ਗਿਆ, ਫ਼ਟੀ ਹੋਈ ਰੁੱਖੀ ਆਵਾਜ਼ ਵਿਚ ਉਹਨੇ ਮੈਨੂੰ ਇਸ ਦਾ ਕਾਰਣ ਦੱਸਿਆ

'ਕ੍ਰਿਪਾ ਕਰਕੇ ਖਿਮਾਂ ਕਰਨਾ; ਕੀ ਤੁਸੀਂ ਹੋਲੀ ਨਹੀਂ, ਬੋਲ ਸਕਦੇ? ਨਾ ਮੁਰਾਦ ਕਮਜ਼ੋਰ ਨਰਵਜ਼ ਨਾਲ ਮੈਂ ਰਤਾ ਵੀ ਉੱਚੀ ਆਵਾਜ਼ ਸਹਿਨ ਨਹੀਂ ਕਰ ਸਕਦਾ! ਕੀ ਤੁਸੀਂ ਇਕ ਰੋਗੀ ਮਨੁੱਖ ਨੂੰ ਮੁਆਫ਼ ਨਾ ਕਰ ਸਕੋਗੇ? ਮੈਂ ਤੁਹਾਨੂੰ ਉਹੀ ਕੁਝ ਕਹਿਣ ਲਈ ਮਜਬੂਰ ਹਾਂ, ਜੋ ਕਿ ਭੈੜੀ ਸਿਹਤ ਕਰਕੇ ਹਰ ਇਕ ਨੂੰ ਕਹਿੰਦਾ ਹਾ। ਅੱਛਾ, ਤਾਂ ਤੁਹਾਨੂੰ ਕਮਰਾ ਪਸੰਦ ਆ ਗਿਆ ਹੈ?"

"ਮੈਨੂੰ ਇਸ ਤੋਂ ਵੱਧ ਸੁਹਣੇ ਅਤੇ ਆਰਾਮਦਾਇਕ ਕਮਰੇ ਦੀ ਆਸ਼ਾ ਹੀ ਨਹੀਂ ਹੋ ਸਕਦੀ!" ਮੈਂ ਬੜੀ ਹਾਂ ਮੱਧਮ ਆਵਾਜ਼ ਵਿਚ ਉੱਤਰ ਦਿੱਤਾ। ਮੈਨੂੰ ਅਹਿਸਾਸ ਹੋ ਗਿਆ ਸੀ ਕਿ ਮਿਸਟਰ ਫ਼ੇਅਰਲੀ ਦੇ ਕਮਜ਼ੋਰ ਨਰਵਜ਼ ਅਤੇ ਉਹਦੇ ਸਵਾਰਥੀ ਖੋਖਣਾਂ ਵਿਚ ਕੋਈ ਲੰਮਾਂ ਫਰਕ ਨਹੀਂ ਸੀ।

"ਬੜੀ ਖੁਸ਼ੀ ਹੋਈ। ਤੁਸੀਂ ਵੇਖੋਗੇ, ਮਿਸਟਰ ਹਾਰਟਰਾਈਟ, ਕਿ ਇਥੇ ਅਸੀਂ ਤੁਹਾਡੀ ਕਿੰਨੀ ਇਜੱਤ ਕਰਾਂਗੇ। ਇਸ ਘਰ ਵਿਚ ਇਕ ਕਲਾਕਾਰ ਦੀ ਸਮਾਜਿਕ ਸਥਿਤੀ ਬਾਰੇ ਘ੍ਰਿਣਾ ਭਰ ਵਿਚਾਰ ਉੱਕਾ ਹੀ ਨਹੀਂ ਹਨ। ਮੈਂ ਆਪਣੀ ਪਹਿਲੀ ਜ਼ਿੰਦਗੀ ਦੇ ਬਹੁਤ ਸਾਰੇ ਦਿਨ ਬਾਹਰਲੇ ਮੁਲਕਾਂ ਵਿਚ ਗੁਜ਼ਾਰੇ ਹਨ, ਅਤੇ ਇਸੇ ਲਈ ਮੈਂ ਆਪਣੇ ਖਿਆਲਾਂ ਦਾ ਇਹ ਤੰਗ ਦ੍ਰਿਸ਼ਟੀਕਣ ਉੱਥੇ ਹੀ ਛੱਡ ਆਇਆ ਹਾਂ। ਕਾਸ਼ !ਇਹ ਗੱਲ ਮੈਂ ਇਥੋਂ ਦੇ ਆਮ ਭਲੇ ਲੋਕਾਂ ਲਈ ਭੀ ਕਰਿ ਸਕਦਾ! ਮੈਨੂੰ ਤੇ ਉਨ੍ਹਾਂ ਲੋਕਾਂ ਦੀ ਗੱਲ ਕਰਨ ਤੇ ਵੀ ਕਰੀਚ ਹੁੰਦੀ ਹੈ, ਪਰ ਕੀ ਕਰਾਂ ਕਰਨੀ ਹੀ ਪੈਣੀ ਹੈ। ਕਲਾ ਦੇ ਮਾਮਲੇ ਵਿਚ ਇਹ ਉਜੱਡ ਲੋਕ ਹਨ, ਮਿਸਟਰ ਹਾਰਟਰਾਈਟ! ਤੁਸੀਂ ਮੇਰਾ ਵਿਸ਼ਵਾਸ ਕਰਨਾ, ਇਹ ਉਨ੍ਹਾਂ ਵਿਚੋਂ ਹਨ, ਜਿਹੜੇ ਜੇ ਪੰਜਵੇਂ ਚਾਰਲਸ ਨੂੰ ਕਲਾਕਾਰ ਟਿਸ਼ਨ ਦਾ ਬੁਰਸ਼ ਉਹਦੇ ਲਈ ਚੁਕਦਿਆਂ ਵੇਖਦੇ ਤਾਂ ਉਨ੍ਹਾਂ ਦੀਆਂ ਅੱਖਾ ਹੈਰਾਨੀ ਨਾਲ ਟੱਡੀਆਂ ਹੀ ਜਾਂਦੀਆਂ। ਤੁਸੀਂ ਬੁਰਾ ਤੇ ਨਹੀਂ ਮਨਾਉਗੇ ਜੋ ਮੇਰੇ ਲਈ ਇਹ ਸਿੱਕਿਆਂ ਦੀ ਟਰੇ ਸੰਦੂਕੜੀ ਵਿਚ ਰੱਖਕੇ ਮੈਨੂੰ ਇਹਦੇ ਤੋਂ ਅਗਲੀ ਟਰੇ ਪਕੜਾ ਦਿਉਂ? ਕਮਜ਼ੋਰ ਨਰਵਜ਼ ਦੀ ਹਾਲਤ ਵਿਚ ਮੈਨੂੰ ਕੋਈ ਕੰਮ ਕਰਨਾ ਵੀ ਚੰਗਾ ਨਹੀਂ ਲਗਦਾ ! ਧੰਨਵਾਦ।"

ਹੁਣੇ ਹੁਣੇ ਮਿਸਟਰ ਫ਼ੇਅਰਲੀ ਨੇ ਸਮਾਜਵਾਦ ਦੇ ਉਧਾਰ ਸਿਧਾਂਤਾ ਉੱਤੇ ਜੋ ਟੀਕਾ-ਟਿੱਪਣੀ ਉਦਾਹਰਣ ਸਣੇ ਕੀਤੀ ਸੀ, ਇਹ ਉਪਰਲੀ ਬੇਨਤੀ, ਉਸ ਗੱਲ ਤੋਂ ਇਕਦਮ ਮਗਰੋਂ, ਮੈਨੂੰ ਇਕ ਮਖੌਲ ਦਿੱਸੀ। ਮੈਂ ਇਕ ਦਰਾਜ਼ ਨੂੰ ਥਾਂ ਸਿਰ ਰਖ ਕੇ ਉਹਨੂੰ ਦੂਜਾ ਪੂਰੇ ਸਤਿਕਾਰ

ਨਾਲ ਫੜਾ ਦਿੱਤਾ। ਉਹਨੇ ਨਵੇਂ ਸਿੱਕਿਆਂ ਅਤੇ ਬੁਰਸ਼ਾਂ ਨਾਲ ਖੇਡਣਾ ਸ਼ੁਰੂ ਕਰ ਦਿੱਤਾ, ਸੁਸਤੀ ਅਤੇ ਨਿਢਾਲਤਾ ਨਾਲ ਕਦੀ ਉਹ ਸਿਕਿਆਂ ਨੂੰ ਵੇਖਦਾ ਉਨ੍ਹਾਂ ਦੀ ਪ੍ਰਸ਼ੰਸਾ ਕਰਦਾ, ਨਾਲ ਹੀ ਉਹ ਮੇਰੇ ਨਾਲ ਗੱਲਾ ਕਰਦਾ ਜਾ ਰਿਹਾ ਸੀ।

"ਹਜ਼ਾਰ ਵਾਰ ਧੰਨਵਾਦ ਤੋਂ ਮੈਂ ਹਜ਼ਾਰ ਵਾਰ ਹੀ ਤੁਹਾਡੇ ਕੋਲੋਂ ਖਿਮਾਂ ਮੰਗਦਾ ਹਾਂ। ਕੀ ਤੁਹਾਨੂੰ ਸਿੱਕੇ ਪਸੰਦ ਹਨ? ਸੱਚਮੁੱਚ? ਬੜੀ ਪ੍ਰਸੰਨਤਾ ਹੋਈ ਹੈ ਕਿ ਤਸਵੀਰ' ਦੇ ਨਾਲ ਨਾਲ ਸਾਨੂੰ ਦੋਹਾਂ ਨੂੰ ਇਹ ਵੀ ਸੌਂਕ ਹੈ। ਹੁਣ ਮੈਂ ਤਨਖਾਹ ਬਾਰੇ ਪੁਛਦਾ ਹਾਂ ਕੀ ਤੁਹਾਨੂੰ ਇਹ ਤਸੱਲੀ ਜਨਕ ਲੱਗੀ?"

"ਜੀ ਹਾਂ, ਬਹੁਤ ਤਸੱਲੀ ਜਨਕ ਮਿਸਟਰ ਫ਼ੇਅਰਲੀ!"

"ਬਹੁਤੀ ਖੁਸ਼ੀ ਹੋਈ ਹੈ! ਹਾਂ ਹੋਰ ਕੀ ਕਹਿਣਾ ਸੀ? ਹੁਣ ਯਾਦ ਆਇਆ। ਤੁਹਾਡੀ ਖੁਸ਼ੀ ਜਾਣਨ ਲਈ, ਪਹਿਲੇ ਹਫ਼ਤੇ ਦੇ ਅੰਤ ਵਿਚ ਮੇਰਾ ਨੌਕਰ ਤੁਹਾਡੇ ਕੋਲ ਆਏਗਾ ਹੋਰ ਵੀ ਕੁਝ ਕਹਿਣਾ ਸੀ? ਮੈਂ ਬਹੁਤ ਕੁਝ ਕਹਿਣਾ ਸੀ, ਪਰ ਸਭ ਕੁਝ ਭੁਲ ਗਿਆ ਹਾਂ, ਅਜੀਬ ਗੱਲ ਹੈ ਨਾ? ਤੁਸੀਂ ਬੁਰਾ ਤੇ ਨਹੀਂ ਮਨਾਉਂਗੇ ਜੇ ਮੈਂ ਤੁਹਾਨੂੰ ਇਹ ਘੰਟੀ ਵਜਾਉਣ ਲਈ ਕਵ੍ਹਾਂ ਤੇ --? ਹਾਂ ਉਹ ਕੋਨੇ ਵਿਚ ਪਈ ਹੈ, ਬਹੁਤ ਬਹੁਤ ਧੰਨਵਾਦ।"

ਮੈਂ ਘੰਟੀ ਵਜਾਈ, ਹੁਣ ਇਕ ਨਵਾਂ ਹੀ ਨੌਕਰ ਆਇਆ ਇਹ ਅੰਗਰੇਜ਼ ਨਹੀਂ ਸੀ ਕੋਈ ਬਿਦੇਸ਼ੀ ਸੀ; ਉਹਦੇ ਮੂੰਹ ਤੇ ਇਕ ਤਰ੍ਹਾਂ ਦੀ ਮੁਸਕਾਨ ਚਿਪਕੀ ਹੋਈ ਜਾਪਦੀ ਸੀ, ਅਤੇ ਵਾਲ ਬੜੀ ਸੁਹਣੀ ਤਰ੍ਹਾਂ ਸੰਵਾਰੇ ਹੋਏ ਸਨ। ਹਰ ਹਰਕਤ ਤੋਂ ਉਹ ਇਕ ਪੂਰਾ ਸੇਵਾਦਾਰ ਦਿਸਦਾ ਸੀ।

"ਲੂਈ," ਮਿਸਟਰ ਫ਼ੇਅਰਲੀ ਨੇ ਸਿਕਿਆ ਦੇ ਨਿੱਕੇ ਬੁਰਸ਼ ਆਪਣੀਆਂ ਉਂਗਲਾਂ ਦੀ ਮਿੱਟੀ ਝਾੜਦਿਆਂ ਬੇਧਿਆਨਿਆ ਹੀ ਕਿਹਾ, "ਅੱਜ ਸਵੇਰ ਮੈਂ ਆਪਣੀ ਹਾਥੀ ਦੰਦ ਦੀ ਡਾਇਰੀ ਵਿਚ ਕੁਝ ਗੱਲਾਂ ਨੋਟ ਕੀਤੀਆਂ ਸਨ, ਉਹ ਲੱਭ ਕੇ ਲਿਆ, ਮੈਂ ਬਾਰ ਬਾਰ ਹਜ਼ਾਰ ਵਾਰ ਖਿਮਾਂ ਮੰਗਦਾ ਹਾਂ ਮਿਸਟਰ ਹਾਰਟਰਾਈਟ, ਮੈਨੂੰ ਡਰ ਹੈ ਕਿ ਮੈਂ ਤੁਹਾਨੂੰ ਅਕਾ ਰਿਹਾ ਹਾਂ।

ਮੇਰੇ ਕਈ ਉੱਤਰ ਦੇਣ ਤੋਂ ਪਹਿਲਾਂ ਹੀ ਉਹਨੇ ਅੱਖਾਂ ਬੰਦ ਕਰ ਲਈਆਂ। ਇਹ ਠੀਕ ਸੀ ਕਿ ਉਹਨੇ ਮੈਨੂੰ ਅਕਾ ਦਿੱਤਾ ਸੀ, ਮੈਂ ਚੁਪਚਾਪ ਬੈਠਾ ਰਾਫ਼ੈਲ ਦੀ ਤਸਵੀਰ 'ਮੇਰੀ ਅਤੇ ਬਚਾ' ਵੱਲ ਵੇਖਦਾ ਰਿਹਾ। ਝਟ ਹੀ ਉਹ ਨੌਕਰ ਕਮਰੇ ਵਿਚੋਂ ਬਾਹਰ ਗਿਆ ਤੇ ਕੁਝ

ਚਿਰ ਮਗਰੋਂ ਇਕ ਚਿੱਟੀ ਹਾਥੀ ਦੰਦ ਦੀ ਲੱਕੜੀ ਦੀ ਡਾਇਰੀ ਲੈ ਕੇ ਪਰਤਿਆ। ਮਿਸਟਰ ਫ਼ੇਅਰਲੀ ਨੇ ਇਕ ਡੂੰਘਾ ਸਾਹ ਲਿਆ, ਇਕ ਹੱਥ ਨਾਲ ਡਾਇਰੀ ਖੋਲ੍ਹੀ ਤੇ ਦੂਜੇ ਹੱਥ ਵਿਚਲੇ ਬੁਰਸ਼ ਨਾਲ ਹੀ ਨੌਕਰ ਨੂੰ ਉਡੀਕਣ ਦਾ ਇਸ਼ਾਰਾ ਕੀਤਾ।

“ਹਾਂ, ਹਾਂ," ਉਹ ਡਾਇਰੀ ਵਿਚੋਂ ਪੜ੍ਹ ਕੇ ਕੁਝ ਪੜ੍ਹ ਕੇ ਬੋਲਿਆ, "ਲੂਈ ਉਹ ਥੈਲਾ ਕੱਢ ਇਹ ਕਹਿਕੇ ਉਹਨੇ ਕੁਝ ਬਸਤਿਆਂ ਵੱਲ ਇਸ਼ਾਰਾ ਕੀਤਾ ਜੋ ਸਾਗਵਾਨ ਦੀ ਬਣੀ ਲਿਆ ਹੋਈ ਘੜਵੰਜੀ ਜੇਹੀ ਤੇ ਖਿੜਕੀ ਦੇ ਨੇੜੇ ਪਏ ਸਨ। ਨਹੀਂ, ਉਹ ਸਾਵੀ ਜਿਲਦ ਵਾਲਾ ਬਸਤਾ ਨਹੀਂ, ਉਸ ਵਿਚ ਰੈਮਬ੍ਰਾਂਡਟ ਦੀਆਂ ਤਸਵੀਰਾਂ ਦਾ ਤਾਂਬੇ ਦੀਆਂ ਪਲੇਟਾਂ ਤੇ ਤੇਜਾਬ-ਲੇਖਨ ਕਰਕੇ ਉਨ੍ਹਾਂ ਦੀਆਂ ਨਕਲਾਂ ਸਾਂਭੀਆਂ ਪਈਆਂ ਹਨ। ਮਿਸਟਰ ਹਾਰਟਰਾਈਟ, ਕੀ ਤੁਹਾਨੂੰ ਵੀ ਇਹ ਤੇਜ਼ਾਬ ਲੇਖਨ ਦੀ ਕਲਾ ਨਾਲ ਪਿਆਰ ਹੈ -? ਤਾਂ, ਤੇ, ਸਾਡਾ ਦੋਹਾਂ ਦਾ ਇਕ ਹੋਰ ਸ਼ੌਂਕ ਵੀ ਮਿਲਦਾ ਹੈ। ਲੂਈ, ਲਾਲ ਬਸਤਾ ਚੁੱਕ ਲਿਆ। ਵੇਖੀ ਥੱਲ੍ਹੇ ਨਾ ਸੁੱਟੀ, ਮਿਸਟਰ ਹਾਰਟਰਾਈਟ, ਤੁਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ ਕਿ ਜੋ ਲੂਈ ਨੇ ਇਹ ਥੈਲਾ ਸੁੱਟ ਦਿੱਤਾ, ਤਾਂ ਮੈਨੂੰ ਕਿਸ ਪੀੜ ਵਿਚੋਂ ਦੀ ਲੰਘਣਾ ਪੈਣਾ ਹੈ। ਕੀ ਕੁਰਸੀ ਤੇ ਰਖਿਆ ਇਸਨੂੰ ਕੋਈ ਹਰਜ ਹੈ? ਤੁਹਾਡਾ ਕੀ ਵਿਚਾਰ ਹੈ ਮਿਸਟਰ ਹਾਰਟਰਾਈਟ, ਜੇ ਇਸਨੂੰ ਕੁਰਸੀ ਤੇ ਰਖਿਆ ਜਾਵੇ ਤਾਂ ਇਸਨੂੰ ਕੋਈ ਜ਼ਰਬ ਨਹੀਂ ਆਏਗੀ ਨਾ? ਬੜੀ ਖੁਸ਼ੀ ਹੋਈ ਏ ਤੁਹਾਡੀ ਰਾਇ ਜਾਣ ਕੇ, ਕੀ ਤੁਸੀਂ ਮੇਰੇ ਤੋਂ ਇਕ ਅਹਿਸਾਨ ਕਰੋਗੇ? ਇਨ੍ਹਾਂ ਤਸਵੀਰਾਂ ਨੂੰ ਇਕ ਵਾਰੀ ਵੇਖ ਕੇ ਦੱਸ, ਕਿ ਇਹ ਠੀਕ ਹਾਲਤ ਵਿਚ ਹਨ। ਲੂਈ, ਤੂੰ ਚਲਾ ਜਾ। ਤੂੰ ਸੱਚਮੁਚ ਗਧਾ ਹੈਂ ਵੇਖਦਾ ਨਹੀਂ, ਮੈਂ ਡਾਇਰੀ ਦੇ ਪੰਨੇ ਫੜ੍ਹੇ ਹੋਏ ਹਨ? ਕੀ ਮੈਂ ਉਨ੍ਹਾਂ ਨੂੰ ਪਕੜ ਕੇ ਰਖਣਾ ਚਾਹੁੰਦਾ ਹਾਂ? ਫਿਰ ਮੇਰੇ ਪੁੱਛੇ ਅਤੇ ਦੱਸੇ ਬਿਨਾਂ ਤੂੰ ਮੇਰੇ ਹੱਥ ਵਿਚੋਂ ਇਹ ਲੈ ਕਿਉਂ ਨਹੀਂ ਲਏ-? ਹਜ਼ਾਰ ਵਾਰ ਖਿਮਾਂ ਦਾ ਜਾਚਕ ਹਾਂ, ਮਿਸਟਰ ਹਾਰਟਰਾਈਟ, ਇਹ ਨੌਕਰ ਏਨੇ ਗਧੇ ਹੁੰਦੇ ਹਨ-ਕਿਉਂ ਹੁੰਦੇ ਹਨ ਨਾਂ? ਤੁਸੀਂ ਇਨ੍ਹਾਂ ਤਸਵੀਰਾਂ ਨੂੰ ਵੇਖਕੇ ਦੱਸੋ, ਤੁਹਾਡਾ ਇਹਨਾਂ ਬਾਰੇ ਕੀ ਵਿਚਾਰ ਹੈ? ਇਹ ਤਸਵੀਰਾਂ ਇਕ ਸੇਲ ਵਿਚੋਂ ਬੜੀ ਉਲਝੀ ਅਤੇ ਖਸਤਾ ਹਾਲਤ ਵਿਚ ਆਈਆਂ ਸਨ। ਜਦੋਂ ਮੈਂ ਪਿਛਲੀ ਵਾਰੀ ਇਨ੍ਹਾਂ ਨੂੰ ਵੇਖਿਆ ਸੀ ਤਾਂ ਮੈਨੂੰ ਇਨ੍ਹਾਂ ਵਿਚੋਂ ਦਲਾਲਾਂ ਅਤੇ ਤਸਵੀਰਾਂ ਵੇਚਣ ਵਾਲਿਆ ਦੀਆਂ ਉਂਗਲੀਆਂ ਦੀ ਬਦਬੂ ਆਉਂਦੀ ਸੀ। ਕੀ ਤੁਸੀ ਇਨ੍ਹਾਂ ਨੂੰ ਠੀਕ ਠਾਕ ਕਰਨ ਦਾ ਭਾਰ ਸੰਭਾਲੋਗ?"

ਮੇਰੇ ਨਰਵਜ਼ ਏਨੇ ਸੂਖਮ ਨਹੀਂ ਸਨ, ਕਿ ਉਨ੍ਹਾਂ ਤਸਵੀਰਾਂ ਵਿਚੋਂ ਮੈਨੂੰ ਸਾਧਾਰਣ ਮਨੁੱਖਾਂ ਦੀਆਂ ਉਂਗਲਾਂ ਦੀ ਉਹ ਬਦਬੂ ਆਉਂਦੀ ਜਿਸ ਨਾਲ ਮਿਸਟਰ ਫ਼ੇਅਰਲੀ ਦਾ ਦਿਲ ਖਰਾਬ ਹੋਇਆ ਸੀ, ਪਰ ਮੈਂ ਏਨਾ ਕੁ ਕਲਾ ਦਾ ਪਾਰਖੀ ਸਾ, ਕਿ ਉਨ੍ਹਾਂ ਨੂੰ ਵੇਖ ਕੇ ਮੈਨੂੰ ਇਹ ਪਤਾ ਲੱਗ ਗਿਆ ਕਿ ਉਹ ਕੀਮਤੀ ਤਸਵੀਰਾਂ ਸਨ। ਅੰਗਰੇਜ਼ੀ ਵਾਟਰ ਕਲਾ ਦੇ ਉਹ ਸਰਵ ਸ੍ਰਿਸ਼ਟ ਨਮੂਨੇ ਸਨ ਅਤੇ ਆਪਣੇ ਪਹਿਲੇ ਮਾਲਕ ਦੇ ਹੱਥਾਂ ਤੋਂ ਵਧੇਰੇ ਸਾਂਭ ਸੰਭਾਲ ਦੀਆਂ ਹੱਕਦਾਰ ਸਨ। ਪਰ ਸਪੱਸ਼ਟ ਸੀ ਕਿ ਅਜੇ ਤੱਕ ਉਨ੍ਹਾਂ ਨੂੰ ਕੋਈ ਚੰਗਾ ਕਦਰਦਾਨ ਨਹੀਂ ਸੀ ਮਿਲਿਆ।

"ਇਨ੍ਹਾਂ ਤਸਵੀਰਾਂ ਨੂੰ ਚੁਣਨਾ ਅਤੇ ਫਰੇਮਾਂ ਵਿਚ ਜੜਨ ਲਈ ਬੜੇ ਧਿਆਨ ਦੀ ਲੋੜ ਹੈ, ਅਤੇ ਮੇਰੀ ਰਾਇ ਵਿਚ ਇਹ ਯੋਗ ਹਨ ਕਿ-"

ਮੈਂ ਤੁਹਾਡੇ ਕੋਲੋਂ ਖ਼ਿਮਾਂ ਮੰਗਦਾ ਹਾਂ," ਵਿਚੋਂ ਹੀ ਮਿਸਟਰ ਫ਼ੇਅਰਲੀ ਬੋਲਿਆ ਕੀ ਮੈਂ ਤੁਹਾਡੇ ਗੱਲਾਂ ਕਰਨ ਦੇ ਦੌਰਾਨ ਆਪਣੀਆਂ ਅੱਖਾਂ ਬੰਦ ਕਰ ਸਕਦਾ ਹਾਂ? ਮੇਰੇ ਲਈ ਇਹ ਰੋਸ਼ਨੀ ਵੀ ਬੜੀ ਤੇਜ਼ ਹੈ। ਕੀ ਬੰਦ ਕਰ ਸਕਦਾ ਹਾਂ?"

"ਮੈਂ ਇਹ ਕਹਿਣ ਦਾ ਯਤਨ ਕਰ ਰਿਹਾ ਸਾਂ ਕਿ ਇਹ ਤਸਵੀਰਾਂ ਏਨੀਆਂ ਕੀਮਤੀ ਹਨ ਕਿ ਇਨ੍ਹਾਂ ਨੂੰ ਠੀਕ ਹਾਲਤ ਵਿਚ ਰੱਖਣ ਲਈ ਭਾਵੇਂ ਕਿੰਨਾਂ ਸਮਾਂ ਅਤੇ ਖੇਚਲ ਲੱਗੇ ਮਿਸਟਰ ਫ਼ੇਅਰਲੀ ਨੇ ਅਚਾਨਕ ਆਪਣੀਆਂ ਅੱਖਾਂ ਖੋਲ ਲਈਆਂ ਅਤੇ ਭੈ-ਭੀਤ ਤਕਣੀ ਨਾਲ ਬਾਰੀ ਵੱਲ ਵੇਖਿਆ।

"ਮੈਂ" ਤੁਹਾਡੀ ਮਿੰਨਤ ਕਰਦਾ ਹਾਂ, ਮਿਸਟਰ ਹਾਰਟਰਾਈਟ, ਉਹਨੇ ਬੜੀ ਭੈਣੀ ਆਵਾਜ਼ ਵਿਚ ਕਿਹਾ, "ਤੁਸੀਂ ਮੈਨੂੰ ਟੋਕਣ ਲਈ ਖਿਮਾ ਕਰਨਾ, ਪਰ ਮੈਨੂੰ ਹੇਠਾਂ ਬਾਗ ਵਿਚੋ ਮੇਰੇ ਆਪਣੇ ਬਾਗ ਵਿਚ ਬੱਚਿਆਂ ਦੀ ਆਵਾਜ ਆ ਰਹੀ ਹੈ, ਕੀ ਕੋਈ ਦੁਸਟ ਅਤੇ ਸ਼ਰਾਰਤੀ ਬੱਚੇ ਥੱਲੇ ਮੇਰੇ ਬਾਗ ਵਿਚ ਖੇਡ ਰਹੇ ਹਨ?"

"ਮੈਂ ਕੁਝ ਨਹੀਂ ਕਹਿ ਸਕਦਾ, ਮਿਸਟਰ ਫ਼ੇਅਰਲੀ, ਕਿਉਂਕਿ ਮੈਨੂੰ ਤਾਂ ਕੋਈ ਆਵਾਜ਼ ਨਹੀਂ ਆਈ।"

"ਮੇਰੇ ਤੇ ਕਿਰਪਾ ਕਰੋ, ਤੁਸੀਂ ਅੱਗੇ ਹੀ ਮੇਰੇ ਤੇ ਕਿੰਨੀ ਮਿਹਰਬਾਨੀ ਕੀਤੀ ਹੈ, ਇਕ ਖੇਚਲ ਹੋਰ ਕਰੋ, ਰਤਾ ਪਰਦੇ ਦੀ ਕੰਨੀ ਚੁੱਕ ਕੇ ਵੱਖੋ ਤਾਂ ਸਹੀ, ਮਿਸਟਰ ਹਾਰਟਰਾਈਟ,

ਦੇਖਣਾ, ਮੇਰੇ ਤੇ ਧੁੱਪ ਨਾ ਪਵੇ, ਸਾਰਾ ਪਰਦਾ ਨਾ ਚੁੱਕਣਾ। ਕੀ ਤੁਸੀਂ ਪਰਦਾ ਪਰ ਕੀਤਾ ਹੈ? ਕਿਰਪਾ ਕਰ ਕੇ ਹੇਠਾਂ ਬਾਗ ਵਿਸ ਝਾਤੀ ਮਾਰਨ ਦੀ ਖੇਚਲ ਕਰਨੀ।"

ਮੈਂ ਉਸ ਦੀ ਇਸ ਨਵੀ ਬੇਨਤੀ ਨੂੰ ਵੀ ਪ੍ਰਵਾਨ ਕੀਤਾ। ਬਾਗ ਦੇ ਚਾਰੇ ਪਾਸੇ ਕੰਧ ਉਸਾਰੀ ਹੋਈ ਸੀ। ਉਸ ਪਵਿੱਤਰ ਇਕਾਂਤ ਵਿਚ ਕੋਈ ਮਨੁੱਖੀ ਜੀਅ ਨਹੀਂ ਸੀ ਨਾ ਵੱਡਾ ਤੇ ਨਾ ਹੀ ਛੋਟਾ, ਮੈਂ ਇਹ ਤਸੱਲੀ-ਜਨਕ ਖਬਰ ਮਿਸਟਰ ਫ਼ੇਅਰਲੀ ਨੂੰ ਸੁਣਾਈ।

"ਹਜ਼ਾਰ ਵਾਰ ਧੰਨਵਾਦ! ਐਵੇਂ ਮੈਨੂੰ ਵਹਿਮ ਹੋਇਆ ਸੀ ਸ਼ਾਇਦ। ਸ਼ੁਕਰ ਹੈ, ਸਾਡੇ ਘਰ ਵਿਚ ਕੋਈ ਬੱਚਾ ਨਹੀਂ, ਪਰ ਨੌਕਰ (ਜਿਨ੍ਹਾਂ ਦੇ ਨਰਵਜ਼ ਹੁੰਦੇ ਹੀ ਨਹੀਂ) ਪਿੰਡ ਦੇ ਬੱਚਿਆਂ ਨੂੰ ਏਥੇ ਖੇਡਣ ਦੇਂਦੇ ਹਨ, ਮਨ੍ਹਾ ਨਹੀਂ ਕਰਦੇ। ਪਰ ਇਹ ਬੱਚੇ ਸਹੁਰੀ ਦੇ, ਖਿਮਾਂ ਕਰਨਾ ਬਹੁਤ ਭੈੜੇ ਹਨ। ਤੁਹਾਡੇ ਸਾਹਮਣੇ ਸਵੀਕਾਰ ਕਰਦਾ ਹਾਂ, ਕਿ ਮੈਨੂੰ ਤਾਂ ਬੱਚਿਆਂ ਵਿਚ ਸੁਧਾਰ ਲਿਆਉਣ ਦੀ ਬਹੁਤ ਜ਼ਰੂਰਤ ਮਹਿਸੂਸ ਹੁੰਦੀ ਹੈ ਮਿਸਟਰ ਹਾਰਟਰਾਈਟ, ਕੁਦਰਤ ਨੇ ਸ਼ਾਇਦ ਉਨ੍ਹਾਂ ਨੂੰ ਲਗਾਤਾਰ ਸ਼ੋਰ ਪਾਉਣ ਵਾਲੀਆਂ ਮਸ਼ੀਨਾਂ ਦੇ ਰੂਪ ਵਿਚ ਹੀ ਬਣਾਇਆ ਹੈ। ਇਹ ਰਾਫ਼ੈਲ ਦੀ ਤਸਵੀਰ ਵਿਚਲਾ ਬੱਚੇ ਦਾ ਸਰੂਪ ਹੀ ਵਧੇਰੇ ਉੱਚਿਤ ਹੈ।"

ਉਹਨੇ ਮੇਰੀ ਤਸਵੀਰ ਵੱਲ ਇਸ਼ਾਰਾ ਕੀਤਾ, ਉਹਦੇ ਉਪਰਲੇ ਹਿੱਸੇ ਵਿਚ ਇਤਾਲਵੀ ਕਲਾ ਦੀ ਰਵਾਇਤ ਦੇ ਅਨੁਸਾਰ ਦੇਵ-ਦੂਤ ਬਾਲਕ ਸਨ, ਜਿਨ੍ਹਾਂ ਦੀਆਂ ਠੋਡੀਆਂ ਲਈ ਦੈਵੀ ਰੂਪ ਵਿਚ ਪੀਲੇ ਰੰਗ ਦੇ ਬਦਲਾ ਦੇ ਗੁਬਾਰੇ ਬਣੇ ਹੋਏ ਹਨ।

"ਇਕ ਆਦਰਸ਼ ਟੱਬਰ ਹੈ।" ਮਿਸਟਰ ਫ਼ੇਅਰਲੀ ਨੇ ਦੇਵੀ ਬਾਲਕਾਂ ਵੱਲ ਲਲਚਾਈ ਨਜ਼ਰਾਂ ਨਾਲ ਵੇਖਦਿਆਂ ਕਿਹਾ, "ਕਿਹੇ ਗੋਲ ਚਿਹਰੇ ਅਤੇ ਅਜਿਹੇ ਸਹਣੇ ਨਰਮ ਪੰਖ ਅਤੇ ਬਸ ਹੋਰ ਕੁਝ ਨਹੀਂ। ਕੋਈ ਗੰਦੀਆਂ ਗੰਦੀਆਂ ਲਤਾਂ ਦੌੜਨ ਲਈ ਨਹੀਂ ਅਤੇ ਨਾ ਹੀ ਚੀਕਣ ਲਈ ਰੌਲਾ ਪਾਉਂਦੇ ਫੇਫੜੇ। ਅਜਕਲ ਦੀ ਬਨਾਵਟ ਤੋਂ ਉਹ ਕਿਤੇ ਵਧੇਰੇ ਚੰਗੇ ਸਨ ਮੈਨੂੰ ਇਕ ਵਾਰ ਮੁੜ ਅੱਖਾਂ ਬੰਦ ਕਰਨ ਦੀ ਆਗਿਆ ਦਿਉ ਅਤੇ ਕੀ ਤੁਸੀਂ ਇਨ੍ਹਾਂ ਤਸਵੀਰਾਂ ਨੂੰ ਠੀਕ ਕਰ ਸਕੋਗੇ? ਬੜੀ ਪ੍ਰਸੰਨਤਾ ਹੋਈ ਹੈ? ਕੀ ਕੁਝ ਹੋਰ ਵੀ ਤਹਿ ਕਰਨਾ ਬਾਕੀ ਹੈ? ਜੇ ਹੈ ਤਾਂ ਮੇਰਾ ਖ਼ਿਆਲ ਹੈ, ਮੈਨੂੰ ਭੁੱਲ ਗਿਆ ਹੈ ਕਿ ਉਹ ਕੀ ਹੈ। ਕੀ ਸਾਨੂੰ ਲੂਈ ਨੂੰ ਬੁਲਾਉਣ ਲਈ ਘੰਟੀ ਵਜਾਣੀ ਚਾਹੀਦੀ ਹੈ?

ਇੰਨੀ ਗੱਲਬਾਤ ਹੋਣ ਤੱਕ ਮੈਂ ਵੀ ਇਸ ਮੁਲਾਕਾਤ ਨੂੰ ਸਮਾਪਤ ਕਰਨ ਲਈ ਉਨਾਂ ਹੀ ਕਾਹਲਾ ਪੈ ਗਿਆ ਸਾਂ, ਜਿੰਨਾਂ ਮਿਸਟਰ ਫ਼ੇਅਰਲੀ ਆਪ ਪਏ ਹੋਏ ਸਨ। ਇਹ ਸੱਚ ਕੇ ਮੈਂ ਨੌਕਰ ਨੂੰ ਬੁਲਾਉਣ ਦਾ ਖ਼ਿਆਲ ਛੱਡ ਕੇ ਆਪਣੀ ਜ਼ਿੰਮੇਵਾਰੀ ਤੇ ਹੀ ਇਸ ਮੁਲਾਕਾਤ ਦਾ ਅੰਤ ਕਰਨਾ ਉੱਚਿਤ ਸਮਝਿਆ। "ਇਕ ਗੱਲ ਜਿਸ ਤੇ ਵਿਚਾਰ ਕਰਨਾ ਬਾਕੀ ਹੈ, ਮਿਸਟਰ ਫ਼ੇਅਰਲੀ," ਮੈਂ ਕਿਹਾ, "ਉਹ ਹੈ ਉਨ੍ਹਾਂ ਦੋਹਾਂ ਮੁਟਿਆਰਾਂ ਦੀ ਡਰਾਇੰਗ ਦੀ ਸਿਖਲਾਈ ਬਾਰੇ, ਜਿਸ ਕੰਮ ਲਈ ਮੈਂ ਨੌਕਰ ਰੱਖਿਆ ਗਿਆ ਹਾਂ।"

"ਬਿਲਕੁਲ," ਮਿਸਟਰ ਫ਼ੇਅਰਲੀ ਬੋਲਿਆ, "ਕਾਸ਼। ਇਸ ਵੇਲੇ ਮੇਰੇ ਵਿਚ ਏਨੀ ਹਿੰਮਤ ਹੁੰਦੀ ਕਿ ਇਸ ਮਾਮਲੇ ਤੇ ਵਿਚਾਰ ਕਰ ਸਕਦਾ ਪਰ ਮੈਨੂੰ ਆਪਣੇ ਆਪ ਵਿਚ ਏਨੀ ਤਾਕਤ ਮਹਿਸੂਸ ਨਹੀਂ ਹੋ ਰਹੀ। ਇਸ ਗੱਲ ਦਾ ਉਨ੍ਹਾਂ ਦੋਹਾਂ ਕੁੜੀਆਂ ਨੂੰ ਆਪੇ ਹੀ ਫੈਸਲਾ ਕਰਨਾ ਪਵੇਗਾ। ਮੇਰੀ ਭਤੀਜੀ ਨੂੰ ਤੁਹਾਡੀ ਕਲਾ ਦਾ ਬਹੁਤ ਸ਼ੌਂਕ ਹੈ। ਪਰ ਉਹ ਇਸ ਬਾਰੇ ਇੰਨਾਂ ਹੀ ਜਾਣਦੀ ਹੈ, ਜਿਸ ਨਾਲ ਉਹਨੂੰ ਆਪਣੀਆਂ ਕਮਜ਼ੋਰੀਆਂ ਅਤੇ ਗਲਤੀਆਂ ਦਾ ਅਹਿਸਾਸ ਹੋ ਸਕੇ। ਕਿਰਪਾ ਕਰਕੇ ਉਹਦੇ ਤੇ ਜ਼ਰਾ ਮਿਹਨਤ ਕਰਨੀ। ਹਾਂ, ਕੀ ਕੁਝ ਹੋਰ ਵੀ ਹੈ। ਹੁਣ ਅਸੀਂ ਇਕ ਦੂਜੇ ਨੂੰ ਸਮਝ ਲਿਆ ਹੈ ਹੈ ਨਾ? ਮੈਨੂੰ ਕੋਈ ਹੱਕ ਨਹੀਂ ਕਿ ਮੈਂ ਤੁਹਾਨੂੰ ਤੁਹਾਡੇ ਦਿਲਚਸਪ ਕੰਮ ਤੋਂ ਅਟਕਾਵਾਂ ਕੀ ਮੇਰਾ ਕੋਈ ਹੱਕ ਬਣਦਾ ਹੈ? ਸਭ ਕੁਝ ਤਹਿ ਹੋ ਜਾਣ ਮਗਰੋਂ ਕਿੰਨਾ ਸੁਖਾਵਾਂ ਅਹਿਸਾਸ ਹੁੰਦਾ ਹੈ! ਕੰਮ ਦੀ ਗੱਲ ਕਰ ਚੁਕਣ ਨਾਲ ਇਕ ਆਰਾਮ ਪ੍ਰਾਪਤ ਹੁੰਦਾ ਹੈ। ਕੀ ਤੁਸੀਂ ਲੂਈ ਨੂੰ ਬਲਾਉਣ ਲਈ ਘੰਟੀ ਵਜਾਉਗੇ ਤਾਂ ਜੋ ਉਹ ਇਹ ਥੈਲੇ ਤੁਹਾਡੇ ਕਮਰੇ ਵਿਚ ਲੈ ਜਾਏ?"

"ਮੈਂ ਆਪ ਹੀ ਇਹ ਚੁੱਕ ਕੇ ਲੈ ਜਾਵਾਂਗਾ, ਮਿਸਟਰ ਫ਼ੇਅਰਲੀ, ਜੇ ਤੁਸੀਂ ਆਗਿਆ ਦਿਉ।"

"ਕੀ ਤੁਸੀਂ ਆਪ ਲੈ ਜਾਉਗੇ? ਕੀ ਤੁਸੀਂ ਏਨੇ ਤਕੜੇ ਹੋ? ਏਨਾ ਰਿਸ਼ਟ ਪੁਸ਼ਟ ਹੋਣਾ ਕਿੰਨਾਂ ਚੰਗਾ ਹੁੰਦਾ ਹੈ! ਤੁਹਾਨੂੰ ਵਿਸ਼ਵਾਸ ਹੈ ਨਾ ਕਿ ਤੁਸੀਂ ਇਸਨੂੰ ਕਿਧਰੇ ਸੁੱਟ ਤੇ ਨਹੀਂ ਦਿਉਗੇ?"

"ਤੁਹਾਨੂੰ ਲਿਮਰਿਜ ਵਿਚ ਲਿਆ ਕੇ ਬੜੀ ਖੁਸ਼ੀ ਹੋਈ ਹੈ, ਮਿਸਟਰ ਹਾਰਟਰਾਈਟ। ਮੈਂ ਅਜਿਹੇ ਕਸ਼ਟ ਵਿਚ ਗ੍ਰਸਿਆ ਹੋਇਆ ਹਾਂ, ਜੋ ਤੁਹਾਡੇ ਸਾਥ ਨੂੰ ਮਾਣ ਸਕਣ ਦੀ ਆਸ ਕਰਨ ਦਾ ਹੌਸਲਾ ਵੀ ਨਹੀਂ ਕਰ ਸਕਦਾ। ਕੀ ਤੁਸੀਂ ਇਸ ਗੱਲ ਦਾ ਖਾਸ ਖ਼ਿਆਲ ਰਖੋਗੇ ਕਿ ਦਰਵਾਜ਼ੇ ਜ਼ੋਰ ਦੀ ਵਜਕੇ ਖੜਾਕ ਨਾ ਕਰਨ, ਅਤੇ ਇਹ ਥੱਲੇ ਨਾ ਡਿੱਗ ਪੈਣ? ਧੰਨਵਾਦ ! ਪਰਦਿਆ ਨੂੰ ਵੀ ਹੌਲੀ ਹੌਲੀ ਹੱਥ ਲਾਉ, ਕ੍ਰਿਪਾ ਕਰਕੇ ਬਹੁਤ ਹੌਲੀ, ਕਿਉਂਕਿ ਇਨ੍ਹਾਂ ਦਾ ਰਤਾ ਵੀ ਖੜਾਕ ਮੈਨੂੰ ਅੰਦਰ ਤੀਕ ਇੰਜ ਚੀਰਦਾ ਹੈ ਜਿਵੇਂ ਕੋਈ ਚਾਕੂ ਹੋਵੇ। ਹੱਛਾ ਗੁਡ ਮੋਰਨਿੰਗ।"

ਅੰਤ ਜਦੋਂ ਸਾਵੇ ਰੰਗ ਦੇ ਪਰਦੇ ਬੰਦ ਹੋ ਗਏ, ਅਤੇ ਪੱਟੂ ਵਾਲੇ ਦੋਵੇਂ ਦਰਵਾਜ਼ੇ ਪਿਛੇ ਰਹਿ ਗਏ, ਤਾਂ ਮੈਂ ਉਸ ਗੋਲ ਹਾਲ ਵਿਚ ਇਕ ਲੰਮਾ ਸੁੱਖ ਦਾ ਸਾਹ ਲੈਣ ਲਈ ਰੁਕਿਆ। ਮਿਸਟਰ ਫ਼ੇਅਰਲੀ ਦੇ ਕਮਰੇ ਵਿਚੋਂ ਬਾਹਰ ਨਿਕਲ ਕੇ ਮੈਨੂੰ ਉਂਜ ਹੀ ਲਗਾ, ਜਿਵੇਂ ਬੜੀ ਦੇਰ ਪਾਣੀ ਵਿਚ ਡੂੰਘੀ ਚੁੱਭੀ ਮਾਰੀ ਰਖਣ ਮਗਰੋਂ ਉਪਰਲੀ ਸਤਹਿ ਤੇ ਆ ਕੇ ਮਹਿਸੂਸ ਕਰੀਦਾ ਹੈ।

ਜਿਉਂ ਹੀ ਮੈਂ ਆਪਣੇ ਸੁਹਣੇ ਸਟੂਡੀਓ ਵਿਚ ਸਵੇਰ ਦੇ ਕੰਮ ਲਈ ਆਰਾਮ ਨਾਲ ਟਿਕਿਆ, ਪਹਿਲਾ ਸੰਕਲਪ ਜੇ ਮੈਂ ਆਪਣੇ ਮਨ ਵਿਚ ਨਿਸ਼ਚਿਤ ਕੀਤਾ। ਉਹ ਇਹ ਸੀ ਕਿ ਉਨ੍ਹਾਂ ਕਮਰਿਆਂ ਵੱਲ ਕਦੀ ਆਪਣੇ ਕਦਮ ਨਹੀਂ ਮੋੜਾਂਗਾ, ਜਿਨ੍ਹਾਂ ਵਿਚ ਇਸ ਘਰ ਦਾ ਮਾਲਕ ਰਹਿੰਦਾ ਹੈ, ਸਿਰਫ ਉਦੋਂ ਹੀ ਉਧਰ ਜਾਵਾਂਗਾ, ਜਦੋਂ ਉਹ ਆਪ ਉਚੇਚਾ ਸੱਦਾ ਭੇਜ ਕੇ ਮੈਨੂੰ ਮਾਣ ਬਖਸ਼ਣਗੇ। ਜਿਸਦੀ ਆਸ ਹੁਣ ਨਹੀਂ ਦੇ ਸਮਾਨ ਸੀ। ਭਵਿੱਸ਼ ਲਈ, ਮਿਸਟਰ ਫ਼ੇਅਰਲੀ ਸਬੰਧੀ ਇਹ ਨਿਰਣਾ ਲੈ ਚੁਕਣ ਮਗਰੋਂ ਮੇਰੇ ਮਨ ਦੀ ਉਹ ਸ਼ਾਂਤੀ ਰਤਾ ਪਰਤੀ ਜੋ ਮਾਲਕ ਦੇ ਆਕੜ ਭਰੇ ਢੀਠ ਵਤੀਰੇ ਅਤੇ ਗੁਸਤਾਖੀ ਭਰੀ ਸ਼ਿਸ਼ਟਤਾ ਨਾਲ ਗਵਾਚ ਗਈ ਸੀ। ਬਾਕੀ ਦੀ ਸਵੇਰ ਮੈਂ ਉਨ੍ਹਾ ਤਸਵੀਰਾਂ ਨੂੰ ਵੇਖਿਆ, ਉਨ੍ਹਾਂ ਦੀਆਂ ਜੋੜੀਆਂ ਬਣਾਈਆਂ ਅਤੇ ਉਨ੍ਹਾਂ ਦੇ ਟੁੱਟੇ ਫੁੱਟੇ ਕਿਨਾਰੇ ਕੱਟ ਕੇ ਸਿੱਧੇ ਕੀਤੇ, ਉਨ੍ਹਾਂ ਨੂੰ ਚੋਖਟਿਆਂ ਵਿਚ ਜੜਨ ਲਈ ਹੋਰ ਵੀ ਜੋ ਜੋ ਤਿਆਰੀ ਪਹਿਲਾ ਚਾਹੀਦੀ ਸੀ, ਉਹ ਵੀ ਕੀਤੀ। ਅਤੇ ਇਹ ਸਮਾਂ ਖੁਸ਼ੀ ਖੁਸ਼ਾਈ ਝੱਟ ਹੀ ਬੀਤ ਗਿਆ। ਮੈਨੂੰ ਸ਼ਾਇਦ ਇਸ ਤੋਂ ਵੀ ਵਧੇਰੇ ਕੰਮ ਕਰ ਲੈਣਾ ਚਾਹੀਦਾ ਸੀ ਪਰ ਜਿਉਂ-ਜਿਉਂ ਰੋਟੀ ਦਾ ਵੇਲਾ ਨੇੜੇ ਆ ਰਿਹਾ ਸੀ, ਮੈਂ ਬੇਚੈਨ ਅਤੇ ਅਸ਼ਾਂਤ ਹੁੰਦਾ ਜਾ ਰਿਹਾ

ਸਾਂ। ਕੰਮ ਵਿਚ ਮੇਰਾ ਪੂਰਾ ਧਿਆਨ ਨਹੀਂ ਸੀ ਲਗ ਰਿਹਾ। ਭਾਵੇਂ ਇਹ ਕੰਮ ਦਿਮਾਗੀ ਨਹੀਂ ਹੱਥਾਂ ਦਾ ਹੀ ਮਾੜਾ ਮੋਟਾ ਕੰਮ ਸੀ।

ਦੋ ਵਜੇ ਮੈਂ ਮਨ ਵਿਚ ਥੋੜੀ ਵਿਆਕੁਲਤਾ ਲਈ, ਮੁੜ ਹੇਠਾਂ ਬਰੈਂਕਫਾਸਟ ਰੂਮ ਵਿਚ ਪੁੱਜਾ। ਘਰ ਦੇ ਉਸ ਹਿੱਸੇ ਵਿਚ ਮੇਰੇ ਦੂਜੀ ਵਾਰ ਜਾਣ ਨਾਲ ਕੁਝ ਦਿਲਚਸਪ ਆਸ ਦਾ ਸਬੰਧ ਸੀ। ਮਿਸ ਫ਼ੇਅਰਲੀ ਨਾਲ ਮੇਰੀ ਮੁਲਾਕਾਤ ਹੁਣ ਹੋਣ ਵਾਲੀ ਸੀ ਅਤੇ ਜੇ ਮਿਸ ਹਾਲਕੌਂਬ ਨੇ ਆਪਣੀ ਮਾਂ ਦੀਆਂ ਚਿੱਠੀਆਂ ਪੜ੍ਹਕੇ ਉਨ੍ਹਾਂ ਵਿਚੋਂ ਕੁਝ ਸਿੱਟਾ ਕੱਢ ਲਿਆ ਹੈ ਤਾਂ ਤੇ ਹੁਣ ਉਹ ਸਮਾਂ ਆ ਪੁੱਜਾ ਹੈ, ਜਦੋਂ ਚਿੱਟੇ ਬਸਤਰਾਂ ਵਾਲੀ ਔਰਤ ਦਾ ਭੇਦ ਸਪੱਸ਼ਟ ਹੋਕੇ ਸਾਹਮਣੇ ਆ ਜਾਏਗਾ।

## (8)

ਜਦੋਂ ਮੈਂ ਕਮਰੇ ਵਿਚ ਦਾਖਲ ਹੋਇਆ, ਤਾਂ ਮੈਂ ਵੇਖਿਆ ਕਿ ਮਿਸ ਹਾਲਕੌਂਬ ਅਤੇ ਇਕ ਵਡੇਰੀ ਉਮਰ ਦੀ ਔਰਤ ਰੋਟੀ ਦੇ ਮੇਜ਼ ਤੇ ਬੈਠੀਆਂ ਸਨ।

ਉਸ ਵਡੇਰੀ ਔਰਤ ਨਾਲ ਜਦੋਂ ਮੇਰੀ ਜਾਣ-ਪਛਾਣ ਕਰਾਈ ਗਈ ਤਾਂ ਪਤਾ ਲੱਗਾ ਕਿ ਉਹ ਮਿਸ ਫ਼ੇਅਰਲੀ ਦੀ ਪੁਰਾਣੀ ਅਧਿਆਪਕਾ ਸੀ, ਉਹੀ ਅਧਿਆਪਕਾ ਜਿਸ ਬਾਰੇ ਨਾਸ਼ਤੇ ਵੇਲੇ ਮਿਸ ਹਾਲਕੌਂਬ ਨੇ ਮੈਨੂੰ ਸੰਖੇਪ ਵਿਚ ਇਹ ਦਸਿਆ ਸੀ ਕਿ ਉਹ ਸਭ ਅਸਲੀ ਅਤੇ ਉੱਤਮ ਗੁਣਾਂ ਦੀ ਮਾਲਕ ਸੀ, ਪਰ ਚੁਪੀਤੀ ਸੀ। ਹੁਣ ਮੈਂ ਆਪ ਵੀ ਮਿਸਜ਼ ਵੈਸੀ ਦਾ ਜੋ ਰੇਖਾ-ਚਿੱਤਰ ਮਿਸ ਹਾਲਕੌਂਬ ਨੂੰ ਪੇਸ਼ ਕੀਤਾ ਸੀ, ਉਸ ਦਾ ਸਮਰਥਨ ਕਰਨ ਤੋਂ ਛੁਟ ਵਧ ਕੁਝ ਨਹੀਂ ਸਾਂ ਕਰ ਸਕਦਾ। ਮਿਸਜ਼ ਵੈਸੀ ਸ਼ਾਂਤੀ ਦਾ ਪ੍ਰਤੱਖ ਸਰੂਪ ਦਿਸਦੀ ਸੀ ਅਤੇ ਇਕ ਅਤਿ ਮਿਲਾਪੜੀ ਇਸਤ੍ਰੀ ਜਾਪਦੀ ਸੀ। ਉਹਦੇ ਗੰਭੀਰ ਅਤੇ ਗੁਦਗੁਦੇ ਚਿਹਰੇ ਦੀਆਂ ਨਿੰਦਰਾਲੀਆਂ ਮੁਸਕਾਨਾਂ ਤੋਂ ਸਪੱਸ਼ਟ ਜ਼ਾਹਿਰ ਹੁੰਦਾ ਸੀ ਕਿ ਉਹਨੂੰ ਸ਼ਾਂਤ ਜ਼ਿੰਦਗੀ ਜੀਉਣੀ ਹੀ ਸੰਤੁਸ਼ਟਤਾ ਅਤੇ ਅਨੰਦ ਬਖਸ਼ਦੀ ਸੀ। ਸਾਡੇ ਵਿਚੋਂ ਕਈ ਜ਼ਿੰਦਗੀ ਨੂੰ ਬੜੀ ਕਾਹਲੀ ਕਾਹਲੀ ਅਤੇ ਕਈ ਮੱਠੀ ਮੱਠੀ ਚਾਲ ਨਾਲ ਜੀਉਣ ਪਸੰਦ ਕਰਦੇ ਹਨ। ਪਰ ਮਿਸਜ਼ ਵੈਸੀ ਜੀਵਨ ਨੂੰ ਬੈਠ ਕੇ ਜੀਉ ਰਹੀ ਸੀ। ਹਰ ਸਮੇਂ, ਕੀ ਸਵੇਰ ਤੇ ਕੀ ਸ਼ਾਮ, ਉਹ ਘਰ ਵਿਚ ਬੈਠੀ ਹੀ ਦਿਸਦੀ ਸੀ। ਕਦੀ ਬਗੀਚੀ ਵਿਚ ਬੈਠੀ ਹੁੰਦੀ, ਕਦੀ ਬਰਾਂਡਿਆ ਦੀਆਂ ਖਿੜਕੀਆਂ ਕੋਲ ਉਨ੍ਹਾਂ ਕੁਰਸੀਆਂ ਤੇ ਬੈਠੀ ਹੁੰਦੀ, ਜਿਥੇ ਕਦੀ ਕਿਸੇ ਹੋਰ ਨੂੰ ਬੈਠਣ ਦਾ ਖ਼ਿਆਲ ਵੀ ਨਾ ਆਏ, ਜਦੋਂ ਉਹਦੇ ਮਿੱਤਰ ਉਹਨੂੰ ਸੈਰ ਕਰਨ ਲਈ ਲਿਜਾਣਾ ਚਾਹੁੰਦੇ, ਉਹ ਕੈਂਪ ਸਟੂਲ ਤੇ ਬੈਠੀ ਹੁੰਦੀ; ਕਿਸੇ ਵੀ ਵਸਤੂ ਨੂੰ ਵੇਖਣ ਤੋਂ ਪਹਿਲਾਂ ਹੀ ਬੈਠ ਜਾਂਦੀ; ਕਿਸੇ ਨਿੱਕੀ ਅਤੇ ਨਿਗੂਣੀ

ਗੱਲ ਦਾ ਉੱਤਰ ਦੇਣਾ ਹੁੰਦਾ, ਇਥੋਂ ਤੱਕ ਕਿ ਸਿਰਫ ਹਾਂ ਜਾਂ ਨਾ ਵੀ ਕਹਿਣੀ ਹੁੰਦੀ ਤਾਂ ਵੀ ਉਹ ਬੈਠ ਕੇ ਹੀ ਉੱਤਰ ਦੇਂਦੀ, ਅਤੇ ਹਰ ਪਲ ਉਹਦੇ ਮੂੰਹ ਉਤੇ ਉਹੀ ਸ਼ਾਂਤ ਜੇਹੀ ਮੁਸਕਰਾਹਟ ਹੁੰਦੀ ਉਹੀ ਸੱਖਣੀ ਜਿਹੀ ਬੇ- ਧਿਆਨੀ ਨਾਲ ਉਹ ਸਿਰ ਨੂੰ ਘੁਮਾਂਦੀ, ਆਪਣੇ ਹੱਥਾਂ ਅਤੇ ਬਾਹਵਾਂ ਨੂੰ ਸਦਾ ਇਕ ਤਰ੍ਹਾਂ ਆਰਾਮ ਨਾਲ ਟਿਕਾਂਦੀ, ਭਾਵੇਂ ਘਰ ਵਿਚ ਕਿਹੋ ਜਿਹੇ ਹਾਲਾਤ ਹੁੰਦੇ। ਉਹਦੇ ਵਰਗੀ ਨਰਮ ਸੁਭਾ ਦੀ ਝੱਟ-ਪੱਟ ਆਖਾ ਮੰਨ ਲੈਣ ਵਾਲੀ, ਹੱਦੋਂ ਵੱਧ ਸ਼ਾਂਤ ਅਤੇ ਗੰਭੀਰ ਬੁੱਢੀ ਔਰਤ ਹੋਰ ਕੋਈ ਨਹੀਂ ਹੋਣੀ, ਉਹਨੂੰ ਵੇਖ ਕੇ ਇਹ ਖ਼ਿਆਲ ਆਉਂਦਾ ਸੀ ਕਿ ਉਹ ਆਪਣੇ ਜਨਮ ਸਮੇਂ ਤੋਂ ਹੀ ਇੰਜ ਹੈ ਕਦੀ ਅਸਲੀ ਅਰਥਾਂ ਵਿਚ ਉਹਨੇ ਜੀਵਨ ਨੂੰ ਜੀਵਿਆ ਹੀ ਨਹੀਂ। ਕੁਦਰਤ ਨੂੰ ਇਸ ਸੰਸਾਰ ਵਿਚ ਕਿੰਨਾ ਕੁਝ ਕਰਨਾ ਪੈਂਦਾ ਹੈ, ਇਕੋ ਸਮੇਂ ਉਹ ਭਿੰਨ ਭਿੰਨ ਪ੍ਰਕਾਰ ਦਾ ਨਿਰਮਾਣ ਕਰਨ ਵਿਚ ਰੁੱਝੀ ਹੁੰਦੀ ਹੈ, ਕਈ ਵਾਰ ਉਹ ਵੀ ਆਪਣੇ ਵੱਖ ਵੱਖ ਕੰਮਾਂ ਵਿਚ ਜੋ ਉਹਨੇ ਇਕੋ ਵੇਲੇ ਸ਼ੁਰੂ ਕੀਤੇ ਹੋਣੇ ਹਨ, ਭਾਜੜ ਅਤੇ ਘਬਰਾਹਟ ਮਹਿਸੂਸ ਕਰਦੀ ਹੋਣੀ ਹੈ। ਇਸ ਦ੍ਰਿਸ਼ਟੀ ਕੌਣ ਤੋਂ ਵੇਖਿਆਂ, ਸਦਾ ਹੀ ਮੇਰਾ ਇਹ ਵਿਚਾਰ ਰਵ੍ਹੇਗਾ ਕਿ ਜਦੋਂ ਮਿਸਜ਼ ਫੈਸੀ ਨੇ ਜਨਮ ਲਿਆ ਹੋਵੇਗਾ, ਕੁਦਰਤ ਉਦੋਂ ਬੰਦ ਗੋਭੀ ਬਣਾਉਣ ਵਿਚ ਮਗਨ ਹੋਵੇਗੀ, ਅਤੇ ਇਸ ਭਲੀ ਨੇਕ ਔਰਤ ਨੂੰ, ਸਾਡੀ ਸਭਨਾਂ ਦੀ ਉਸ ਮਾਤ, ਦੇ, ਸਬਜ਼ੀ ਦੀਆਂ ਸੋਰਾਂ ਵਿਚ ਡੁਬੇ ਦਿਮਾਗ ਦਾ ਫਲ ਭੁਗਤਣਾ ਪੈ ਰਿਹਾ ਸੀ

"ਹੱਛਾ, ਮਿਸਜ਼ ਵੈਸੀ," ਮਿਸ ਹਾਲਕੌਂਬ ਨੇ ਕਿਹਾ। ਗੰਭੀਰ ਮਿਸਜ਼ ਵੈਸੀ ਕੋਲ ਬੈਠੀ, ਉਹ ਹੁਣ ਅੱਗੇ ਨਾਲੋਂ ਵੀ ਹੁਸ਼ਿਆਰ, ਕੁਸ਼ਲ ਅਤੇ ਟਹਿਕਦੀ ਟਹਿਕਦੀ ਲੱਗ ਰਹੀ ਸੀ। "ਤੁਸੀਂ ਕੀ ਲਵੋਗੇ? ਇਕ ਕਬਾਬ ਦਾ ਪਕੌੜਾ?"

ਮਿਸਜ਼ ਵੈਸੀ ਆਪਣੇ ਗੁਦਗੁਦੇ ਹੱਥ ਜਿਨ੍ਹਾਂ ਵਿਚ ਡੂੰਘ ਪੈਂਦੇ ਸਨ, ਮੇਜ਼ ਦੇ ਕਿਨਾਰੇ ਤੇ ਰੱਖ ਕੇ ਸ਼ਾਂਤ ਭਰੇ ਲਹਿਜੇ ਵਿਚ ਮੁਸਕਰਾਈ ਅਤੇ ਬੋਲੀ, "ਹਾਂ।"

"ਉਹ ਦੂਜੇ ਪਾਸੇ ਕੀ ਪਿਆ ਹੈ, ਮਿਸਟਰ ਹਾਰਟਰਾਈਟ? ਉਬਲਿਆ ਹੋਇਆ ਚੂਜ਼ਾ ਹੀ ਹੈ ਨਾ? ਮੇਰਾ ਖ਼ਿਆਲ ਹੈ ਮਿਸਜ਼ ਵੈਸੀ ਕਿ ਤੁਹਾਨੂੰ ਕਬਾਬ ਨਾਲੋਂ ਉਬਲਿਆ ਹੋਇਆ ਚੂਜ਼ਾ ਵਧੇਰੇ ਪਸੰਦ ਹੈ?"

ਮਿਸਜ਼ ਵੈਸੀ ਨੇ ਆਪਣੇ ਗੁਦਗੁਦੇ ਹੱਥ ਮੇਜ਼ ਦੇ ਕਿਨਾਰੇ ਤੋਂ ਚੁੱਕ ਕੇ ਆਪਣੀ ਝੋਲੀ ਵਿਚ ਟਿਕਾ ਲਏ, ਉਬਲੇ ਹੋਏ ਚੂਜ਼ੇ ਵੱਲ ਸੋਚ ਭਰੀ ਦ੍ਰਿਸ਼ਟੀ ਨਾਲ ਵੇਖਦਿਆਂ ਸਿਰ ਹਿਲਾਇਆ, ਅਤੇ ਬੋਲੀ, "ਹਾਂ।"

"ਠੀਕ ਹੈ, ਪਰ ਅੱਜ ਤੁਸੀਂ ਕੀ ਲੈਣਾ ਹੈ? ਕੀ ਤੁਹਾਨੂੰ ਮਿਸਟਰ ਹਾਰਟਰਾਈਟ ਚੂਜਾ ਦੇਵੇ? ਜਾਂ ਮੈਂ ਤੁਹਾਨੂੰ ਕਬਾਬ ਦਿਆਂ?"

ਮਿਸਜ਼ ਵੈਸੀ ਨੇ ਆਪਣਾ ਇਕ ਗੁਦਗੁਦਾ ਅਤੇ ਡੂੰਘਾਂ ਵਾਲਾ ਹੱਥ ਮੁੜ ਮੇਜ਼ ਦੇ ਕਿਨਾਰੇ ਤੇ ਰੱਖਿਆ, ਅਤੇ ਸੁਸਤੀ ਭਰੀ ਝਿਜਕ ਨਾਲ ਬੋਲੀ ' ਜੋ ਤੁਹਾਡੀ ਮਰਜੀ ਹੈ।"

"ਰੱਬ ਮੇਰੇ ਤੇ ਮਿਹਰ ਕਰੇ | ਇਹ ਤੁਹਾਡੇ ਸਵਾਦ ਦਾ ਮਾਮਲਾ ਹੈ ਮੇਰੀ ਪਿਆਰੀ ਮਿਸਜ਼ ਵੈਸੀ, ਮੇਰੇ ਸਵਾਦ ਦਾ ਨਹੀਂ। ਅੱਜ ਤੁਸੀਂ ਦੋਵੇਂ ਚੀਜ਼ਾ ਹੀ ਲੈ ਲਵੋ, ਮੇਰਾ ਖ਼ਿਆਲ ਹੈ ਚੂਜ਼ੇ ਤੋਂ ਸ਼ੁਰੂ ਕਰੋ ਕਿਉਂਕਿ ਮਿਸਟਰ ਹਾਰਟਰਾਈਟ ਚਿੰਤਾ ਵਿਚ ਗ੍ਰਸਿਆ ਹੋਇਆ ਦਿਸਦਾ ਹੈ ਤੇ ਉਹ ਤੁਹਾਡੇ ਲਈ ਕਿਸੇ ਤਰ੍ਹਾਂ ਚੂਜ਼ਾ ਕੱਟ ਸਕੇ।"

ਮਿਸਜ਼ ਵੈਸੀ ਨੇ ਆਪਣਾ ਦੂਜਾ ਭਰਵਾਂ ਹੱਥ ਵੀ ਮੇਜ਼ ਦੇ ਕਿਨਾਰੇ ਉੱਤੇ ਰੱਖ ਲਿਆ; ਇਕ ਪਲ ਦੇ ਲਈ ਉਹਦਾ ਚਿਹਰਾ ਟਹਿਕਿਆ, ਪਰ ਅਗਲੇ ਹੀ ਛਿਣ ਉਹ ਫਿਰ ਬੁਝ ਗਿਆ; ਆਗਿਆਕਾਰੀ ਅੰਦਾਜ਼ ਵਿਚ ਉਹ ਸਿਰ ਝੁਕਾ ਕੇ ਬੋਲੀ, "ਜਿਵੇਂ ਤੁਹਾਡੀ ਮਰਜ਼ੀ ਸ੍ਰੀਮਾਨ ਜੀਉ।"

ਸੱਚਮੁੱਚ ਉਹ ਨਰਮ, ਝਟਪਟ ਹੀ ਗੱਲ ਮੰਨ ਜਾਣ ਵਾਲੀ, ਹੱਦੋਂ ਵੱਧ ਸ਼ਾਂਤ ਅਤੇ ਕਿਸੇ ਨੂੰ ਕੋਈ ਵੀ ਨੁਕਸਾਨ ਨਾ ਪਹੁੰਚਣ ਵਾਲੀ ਬੁੱਢੀ ਔਰਤ ਸੀ। ਪਰ ਸ਼ਾਇਦ ਮਿਸਜ਼ ਵੈਸੀ ਬਾਰ ਹੁਣ ਦੇ ਝੱਟ ਲਈ ਕਾਫ਼ੀ ਕੁਝ ਕਿਹਾ ਜਾ ਚੁੱਕਾ ਹੈ। ਇਸ ਸਾਰੇ ਸਮੇਂ ਦੇ ਦੌਰਾਨ ਮਿਸ ਫ਼ੇਅਰਲੀ ਦਾ ਕਿਧਰੇ ਅਤਾ ਪਤਾ ਨਹੀਂ ਸੀ। ਅਸੀਂ ਆਪਣੀ ਰੋਟੀ ਖਤਮ ਕਰ ਲਈ; ਉਹ ਫਿਰ ਵੀ ਸਾਹਮਣੇ ਨਹੀਂ ਸੀ ਆਈ। ਮਿਸ ਹਾਲਕੌਂਬ ਨੇ, ਜਿਸਦੀਆਂ ਤੇਜ਼ ਨਿਗਾਹਾਂ ਤੋਂ ਕੁਝ ਵੀ ਛੁਪਿਆ ਨਹੀਂ ਸੀ ਰਹਿ ਸਕਦਾ, ਮੈਨੂੰ ਘੜੀ-ਘੜੀ ਦਰਵਾਜ਼ੇ ਵੱਲ ਵੇਖਦਿਆਂ ਵੇਖ ਲਿਆ ਸੀ।

"ਮੈਂ" ਸਮਝ ਰਹੀ ਹਾਂ। ਮਿਸਟਰ ਹਾਰਟਰਾਈਟ" ਉਸਨੇ ਕਿਹਾ, "ਤੁਸੀ ਹੈਰਾਨ ਹੋ ਰਹੇ ਹੋ ਕਿ ਤੁਹਾਡੇ ਦੂਜੇ ਸ਼ਗਿਰਦ ਦਾ ਕੀ ਬਣਿਆ ਹੈ? ਉਹ ਹੇਠਾਂ ਆਈ ਹੈ, ਅਤੇ ਹੁਣ

ਉਹਦੀ ਸਿਰ ਪੀੜ ਠੀਕ ਹੈ, ਪਰ ਉਹਦੀ ਭੁੱਖ ਅਜੇ ਨਹੀਂ ਪਰਤੀ ਤਾਂ ਜੋ ਉਹ ਸਾਡੇ ਨਾਲ ਰਲ ਕੇ ਰੋਟੀ ਖਾ ਸਕਦੀ। ਜੇ ਤੁਸੀਂ ਆਪਣੇ ਆਪ ਨੂੰ ਮੇਰੀ ਨਿਗਰਾਨੀ ਦੇ ਹਵਾਲੇ ਕਰ ਸਕੋ ਤਾਂ ਮੈਂ ਇਹ ਜ਼ਿੰਮੇਵਾਰੀ ਆਪਣੇ ਸਿਰ ਤੇ ਲੈਂਦੀ ਹਾਂ ਕਿ ਉਹਨੂੰ ਬਗੀਚੇ ਵਿਚ ਕਿਧਰੇ ਨਾ ਕਿਧਰੇ ਲੱਭ ਹੀ ਸਕਾਂਗੀ।"

ਆਪਣੇ ਕੋਲ ਪਈ ਕੁਰਸੀ ਉੱਤੋਂ ਉਹਨੇ ਛੱਤਰੀ ਚੁੱਕੀ, ਅਤੇ ਕਮਰੇ ਦੇ ਹੇਠਲੇ ਪਾਸਿਉਂ ਇਕ ਲੰਮੀ ਬਾਰੀ ਰਾਹੀਂ ਜੋ ਬਾਹਰ ਲਾਨ ਵਿਚ ਖੁਲ੍ਹਦੀ ਸੀ, ਮੇਰੇ ਅੱਗੇ ਉਹ ਬਾਹਰ ਨਿਕਲ ਗਈ। ਇਹ ਕਹਿਣ ਦੀ ਲੋੜ ਨਹੀਂ ਕਿ ਅਸੀਂ ਜਦੋਂ ਉਥੋਂ ਗਏ, ਮਿਸਜ਼ ਵੈਸੀ ਆਪਣੇ ਦੋਵੇਂ ਗੁਦਗੁਦੇ ਹੱਥ ਮੇਜ਼ ਦੇ ਕਿਨਾਰੇ ਤੇ ਟਿਕਾ ਕੇ ਬੈਠੀ ਹੋਈ ਸੀ, ਸਪੱਸ਼ਟ ਸੀ ਕਿ ਉਹਨੇ ਦੁਪਹਿਰ ਦਾ ਬਾਕੀ ਹਿੱਸਾ ਵੀ ਏਸੇ ਤਰ੍ਹਾਂ ਬੈਠ ਕੇ ਆਰਾਮ ਕਰਨਾ ਸੀ।

ਲਾਨ ਨੂੰ ਪਾਰ ਕਰਦਿਆਂ, ਮਿਸ ਹਾਲਕੌਂਬ ਅਰਥ-ਭਰੀ ਤੱਕਣੀ ਮੇਰੇ ਤੇ ਸੁੱਟਦੀ ਹੋਈ ਬੋਲੀ, "ਤੁਹਾਡੀ ਉਸ ਰਾਤ ਦੀ ਭੇਤ-ਭਰੀ ਘਟਨਾ ਅੱਜੇ ਤੱਕ ਆਪਣੇ ਢੁਕਵੇਂ ਅੱਧੀ ਰਾਤ ਦੇ ਹਨੇਰੇ ਵਿਚ ਹੀ ਗਲੇਫੀ ਹੋਈ ਹੈ। ਮੈਂ ਸਾਰੀ ਸਵੇਰ ਆਪਣੀ ਮਾਂ ਦੀਆਂ ਚਿੱਠੀਆਂ ਪੜ੍ਹਨ ਵਿਚ ਹੀ ਬਿਤਾਈ ਹੈ, ਪਰ ਮੈਨੂੰ ਅੱਜੇ ਤੀਕ ਕੋਈ ਸੂਹ ਨਹੀਂ ਮਿਲੀ। ਖੈਰ, ਅੱਜੇ ਹੌਂਸਲਾ ਨਾ ਹਾਰੋ, ਮਿਸਟਰ ਹਾਰਟਰਾਈਟ। ਇਹ ਘਟਨਾ ਵਿਸਮੈ-ਭਰੀ ਹੈ ਅਤੇ ਕੁਝ ਖੋਜ ਕਰਨ ਦਾ ਮਾਮਲਾ ਹੈ, ਜਿਸ ਵਿਚ ਤਹਾਡਾ ਸਾਥ ਦੇਣ ਵਾਲੀ ਇਕ ਔਰਤ ਹੈ, ਸੋ ਸਫ਼ਲਤਾ ਅਵੱਸ਼ ਮਿਲੇਗੀ ਭਾਵੇਂ ਦੇਰ ਨਾਲ ਭਾਵੇਂ ਜਲਦੀ। ਅੱਜ ਚਿੱਠੀਆਂ ਖ਼ਤਮ ਨਹੀਂ ਹੋਈਆਂ, ਤਿੰਨ ਪੈਕੇਟ ਹੋਰ ਪਏ ਹਨ, ਅਤੇ ਤੁਸੀਂ ਮੇਰੇ ਤੇ ਇੰਨਾਂ ਵਿਸ਼ਵਾਸ ਕਰ ਸਕਦੇ ਹੋ ਕਿ ਮੈਂ ਸਾਰੀ ਸ਼ਾਮ ਉਹ ਚਿੱਠੀਆਂ ਪੜ੍ਹਨ ਵਿਚ ਹੀ ਬਿਤਾਵਾਂਗੀ।"

ਸੋ ਮੇਰੀ ਸਵੇਰ ਦੀ ਲਾਈ ਹੁੰਦੀ ਇਕ ਆਸ ਤਾਂ ਹਾਲ ਦੀ ਘੜੀ ਸਿਰੇ ਨਹੀਂ ਚੜ੍ਹੀ। ਹੁਣ ਮੈਂ ਇਹ ਵੀ ਸੋਚਿਆ ਕਿ ਸ਼ਾਦਿਦ ਜਿਸ ਫ਼ੇਅਰਲੀ ਨਾਲ ਵੀ ਮੇਰੀ ਜਾਣ-ਪਛਾਣ ਇਸ ਵੇਲੇ ਨਹੀਂ ਹੋਵੇਗੀ, ਜਿਸਦੀ ਤਾਂਘ ਮੈਂ ਸਵੇਰੇ ਨਾਸਤੇ ਦੇ ਸਮੇਂ ਤੋਂ ਕਰ ਰਿਹਾ ਸੀ।

ਲਾਨ ਕੇ ਜਦ ਅਸੀਂ ਝਾੜੀਆਂ ਵੱਲ ਮੁੜ ਰਹੇ ਸਾਂ ਤਾਂ ਮਿਸ ਹਾਲਕੌਂਬ ਨੇ ਮੈਨੂੰ ਪੁਛਿਆ "ਫਿਰ ਮਿਸਟਰ ਫ਼ੇਅਰਲੀ ਨਾਲ ਤੁਹਾਡੀ ਮੁਲਾਕਾਤ ਕਿਸ ਤਰ੍ਹਾਂ ਰਹੀ? ਕੀ ਉਹ ਅੱਜ ਸਵੇਰੇ ਬਹੁਤ ਜਿਆਦਾ ਘਬਰਾਏ ਤੇ ਨਹੀਂ ਸਨ ਹੋਏ? ਆਪਣੇ ਉੱਤਰ ਦੇਣ ਤੋਂ ਪਹਿਲਾਂ

ਬਹੁਤਾ ਨਾ ਸੋਚੋ ਮਿਸਟਰ ਹਾਰਟਰਾਈਟ; ਅਤੇ ਤੁਸੀ ਸੋਚ ਰਹੇ ਹੋ, ਮੇਰੇ ਲਈ ਇਹੀ ਕਾਫ਼ੀ ਹੈ। ਮੈਨੂੰ ਤੁਹਾਡੇ ਚਿਹਰੇ ਤੋਂ ਦਿਸ ਰਿਹਾ ਹੈ ਕਿ ਉਹ ਅੱਜ ਬਹੁਤ ਨਰਬੱਸ ਸਨ, ਅਤੇ ਮੈਂ ਮਿੱਤਰਤਾ ਦੇ ਨਾਤੇ ਤੁਹਾਨੂੰ ਵੀ ਉਸ ਤਰ੍ਹਾਂ ਦੀ ਘਬਰਾਹਟ ਵਿਚ ਨਹੀਂ ਪਾਉਣਾ ਚਾਹੁੰਦੀ, ਮੈਂ ਹੋਰ ਕੁਝ ਨਹੀਂ ਪੁੱਛਾਂਗੀ। ਜਿੰਨੀ ਦੇਰ ਉਹ ਗੱਲਾਂ ਕਰਦੀ ਰਹੀ ਸੀ,ਅਸੀਂ ਇਕ ਟੇਡੀ ਮੇਡੀ ਪਗਡੰਡੀ ਤੇ ਟੁਰਦੇ ਹੁਣ ਇਕ ਸੁਹਣੇ ਜਿਹੇ ਸਮਰ ਹਾਊਸ ਕੋਲ ਪੁੱਜ ਗਏ ਸਾਂ। ਸਮਰ ਹਾਊਸ ਲੱਕੜੀ ਦਾ ਬਣਿਆ ਹੋਇਆ ਸੀ ਅਤੇ ਇਸਦਾ ਡੀਜ਼ਾਈਨ ਸਵਿਟਜ਼ਰਲੈਂਡ ਵਿਚ ਬਣੇ ਕਿਸਾਨਾਂ ਦੇ ਲੱਕੜੀ ਦੇ ਘਰਾਂ ਵਾਂਗ ਸੀ। ਦਰਵਾਜੇ ਅੱਗੇ ਪੌੜੀਆਂ ਸਨ, ਜਿਨ੍ਹਾਂ ਤੇ ਚੜ੍ਹ ਕੇ ਅਸੀਂ ਸਮਰ ਹਾਊਸ ਦੇ ਇਕੋ-ਇਕ ਕਮਰੇ ਵਿਚ ਆ ਗਏ। ਕਮਰਾ ਖਾਲੀ ਨਹੀਂ ਸੀ, ਉਸ ਵਿਚ ਇਕ ਜਵਾਨ ਔਰਤ ਬੈਠੀ ਸੀ। ਇਕ ਖਰ੍ਹਵੇਂ ਮੇਜ਼ ਦੇ ਨੇੜੇ ਖੜੀ ਉਹ ਪਹਾੜੀ ਅਤੇ ਬੰਜਰ ਜ਼ਮੀਨ ਦਾ ਉਹ ਦ੍ਰਿਸ਼ ਵੇਖ ਰਹੀ ਸੀ, ਜੋ ਦਰਖਤਾਂ ਦੇ ਵਿਚਕਾਰ ਖਾਲੀ ਥਾਂ ਤੋਂ ਦਿਸ ਰਿਹਾ ਸੀ, ਨਾਲ-ਨਾਲ ਬੇਧਿਆਨਿਆਂ ਹੀ ਉਹ ਆਪਣੀ ਉਸ ਸਕੈੱਚ ਬੁੱਕ ਦੇ ਪੰਨੇ ਪਰਤਦੀ ਜਾ ਰਹੀ ਸੀ, ਜੋ ਉਹਦੇ ਕੋਲ ਪਈ ਸੀ। ਇਹ ਮਿਸ ਫ਼ੇਅਰਲੀ ਸੀ।

ਮੈਂ ਉਸ ਦਾ ਵਰਣਨ ਕਿਵੇਂ ਕਰਾਂ? ਮੈਂ ਉਹਨੂੰ ਆਪਣੇ ਨਿੱਜੀ ਅਨੁਭਵਾਂ ਅਤੇ ਪਿੱਛੋਂ ਜੋ ਕੁਝ ਵਾਪਰਿਆ, ਉਸ ਤੋਂ ਕਿਵੇਂ ਨਿਖੇੜ ਸਕਦਾ ਹਾਂ? ਜਿਵੇਂ ਉਹ ਮੈਨੂੰ ਪਹਿਲੀ ਨਜ਼ਰ ਲੱਗੀ ਸੀ? ਪਰ ਹੁਣ ਇਨ੍ਹਾਂ ਪੰਨਿਆਂ ਵਿਚ ਜਿੰਨਾਂ ਸਭ ਅੱਖਾਂ ਨੇ ਉਹਨੂੰ ਵੇਖਣਾ ਹੈ, ਉਨ੍ਹਾਂ ਨੂੰ ਉਹ ਉਸੇ ਰੂਪ ਵਿਚ ਹੀ ਦਿੱਸਣੀ ਚਾਹੀਦੀ ਹੈ, ਜਿਵੇਂ ਪਹਿਲੀ ਮਿਲਣੀ ਵਿਚ ਉਹ ਮੈਨੂੰ ਦਿੱਸੀ ਸੀ।

ਇਹ ਸਤਰਾਂ ਜਦੋਂ ਮੈਂ ਹੁਣ ਲਿਖ ਰਿਹਾ ਹਾਂ, ਤਾਂ ਮੇਰੇ ਡੈਸਕ ਤੇ ਲਾਰਾ ਫ਼ੇਅਰਲੀ ਦੀ ਪਾਣੀ ਦੇ ਰੰਗਾਂ ਵਿਚ ਬਣੀ, ਉਸ ਵੇਲੇ ਦੀ, ਉਸੇ ਥਾਂ ਅਤੇ ਉਸੇ ਅੰਦਾਜ਼ ਵਿਚ ਖੜੀ ਦੀ ਤਸਵੀਰ ਹੈ, ਜੋ ਮੈਂ ਪਿੱਛੋਂ ਬਣਾਈ ਸੀ। ਇਸ ਤਰ੍ਹਾਂ ਹੀ ਪਹਿਲੀ ਵਾਰ ਮੈਂ ਉਹਨੂੰ ਵੇਖਿਆ ਸੀ। ਮੈਂ ਇਸ ਤਸਵੀਰ ਵੱਲ ਵੇਖਦਾ ਹਾਂ, ਤਾਂ ਸਮਰ ਹਾਊਸ ਦੇ ਗੂੜੇ ਸਾਵੇ ਅਤੇ ਨਸਵਾਰੀ ਰੰਗ ਦੇ ਪਿੱਛੋਕੜ ਵਿਚ ਇਕ ਪਤਲਾ ਜਵਾਨ ਆਕਾਰ ਮੈਨੂੰ ਸਾਹਮਣੇ ਚਮਕਦਾ ਦਿੱਸਦਾ ਹੈ, ਉਹਨੇ ਸਾਦੇ ਮਲਮਲ ਦੇ ਕੱਪੜੇ ਪਹਿਨੇ ਹਨ, ਜਿਸ ਵਿਚ ਚੌੜੀਆਂ ਨੀਲੀਆਂ ਅਤੇ ਚਿੱਟੀਆਂ

ਧਾਰੀਆਂ ਹਨ। ਉਸੇ ਕੱਪੜੇ ਦਾ ਗੁਲੂਬੰਦ ਉਹਦੇ ਮੋਢਿਆਂ ਤੇ ਹੈ, ਤੀਲਿਆਂ ਦਾ ਇਕ ਛੋਟਾ ਜਿਹਾ ਹੈਟ ਉਹਦੇ ਸਿਰ ਤੇ ਹੈ, ਜਿਸ ਵਿਚ ਗਾਉਨ ਦੇ ਨਾਲ ਢੁਕਦਾ ਰਿਬਨ ਵੀ ਸਜਾਵਟ ਲਈ ਲਗਾ ਹੈ। ਇਸ ਹੈਟ ਦਾ ਸੂਖਮ ਪ੍ਰਛਾਵਾਂ ਉਹਦੇ ਮੂੰਹ ਦੇ ਉਪਰਲੇ ਹਿੱਸੇ ਤੇ ਪੈ ਰਿਹਾ ਹੈ। ਉਹਦੇ ਵਾਲ ਬੜੇ ਹਲਕੀ ਬਾਦਾਮੀ ਭਾਅ ਮਾਰ ਰਹੇ ਹਨ ਉਨ੍ਹਾਂ ਨੂੰ ਭੂਰਾ ਨਹੀਂ ਕਿਹਾ ਜਾ ਸਕਦਾ, ਪਰ ਫਿਰ ਵੀ ਹਲਕੇ ਭੂਰੇ ਹਨ, ਸੁਨਿਹਰੀ ਨਹੀਂ, ਪਰ ਏਦਾਂ ਲਿਸ਼ਕ ਰਹੇ ਹਨ, ਅਤੇ ਹੈਟ ਦੇ ਹੇਠਾਂ, ਹੈਟ ਦੇ ਰੰਗ ਵਿਚ ਹੀ ਘੁਲਦੇ ਮਿਲਦੇ ਜਾਂਦੇ ਹਨ। ਸਿੱਧਾ ਚੀਰ ਕੱਢ ਕੇ ਕੰਨਾਂ ਤੋਂ ਉਪਰ ਵਾਹੇ ਹੋਏ ਹਨ ਅਤੇ ਮੱਥੇ ਦੇ ਉੱਪਰ ਜੋ ਵਾਲ ਹਨ, ਉਹ ਕੁਦਰਤੀ ਹੀ ਕੁੰਡਿਆਲੇ ਹਨ। ਭਰਵੱਟਿਆਂ ਦਾ ਰੰਗ ਵਾਲਾਂ ਨਾਲੋਂ ਗੂੜ੍ਹਾ ਹੈ; ਅਤੇ ਅੱਖਾਂ ਨਿਰਮਲ ਬਿਲੌਰੀ ਅਤੇ ਉਸ ਨੀਲੇ ਰੰਗ ਦੀਆਂ ਹਨ, ਜਿਸਦੀ ਸੁੰਦਰਤਾ ਬਾਰੇ ਕਵੀ ਅਕਸਰ ਆਪਣੇ ਗੀਤਾਂ ਵਿਚ ਲਿਖਦੇ ਹਨ, ਪਰ ਆਮ ਜ਼ਿੰਦਗੀ ਵਿਚ ਜੋ ਘੱਟ ਹੀ ਕਿਧਰੇ ਦਿੱਸਦਾ ਹੈ। ਅੱਖਾਂ ਦਾ ਰੰਗ ਵੀ ਪਿਆਰਾ ਅਤੇ ਉਨ੍ਹਾਂ ਦੀ ਬਨਾਵਟ ਵੀ ਸੁੰਦਰ-ਵੱਡੀਆਂ, ਕੋਮਲ ਅਤੇ ਸੋਚਵਾਨ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਸੁੰਦਰਤਾ ਸੀ ਉਨ੍ਹਾਂ ਵਿਚ ਝਲਕਦੀ ਸੱਚਾਈ, ਹਰ ਭਾਵਾਂ ਦੇ ਬਦਲਣ ਨਾਲ ਵੀ ਅੱਖਾਂ ਵਿਚ ਅਜਿਹਾ ਭੋਲਾਪਣ ਹੈ ਜੋ ਕਿਸੇ ਚੰਗੇਰੀ ਅਤੇ ਪਵਿੱਤਰ ਦੁਨੀਆਂ ਦਾ ਸੁਨੇਹਾ ਦੇਂਦਾ ਜਾਪਦਾ ਹੈ। ਇਨ੍ਹਾਂ ਅੱਖਾਂ ਦਾ ਜਾਦੂਮਈ ਪ੍ਰਭਾਵ ਸਾਰੇ ਚਿਹਰੇ ਤੇ ਸਪੱਸ਼ਟ ਹੀ ਪੈ ਰਿਹਾ ਹੈ ਜਿਸਦੇ ਅਸਰ ਹੇਠਾਂ ਉਸ ਚਿਹਰੇ ਦੇ ਹੋਰ ਨੁਕਸ ਕੱਜੇ ਜਾਂਦੇ ਜਾਂ ਕਿਸੇ ਹਰ ਰੰਗ ਵਿਚ ਰੰਗੇ ਜਾਂਦੇ ਹਨ; ਇਥੋਂ ਤੀਕ ਕਿ ਬਾਕੀ ਨਕਸ਼ਾਂ ਦੀ ਬਣਾਵਟ ਬਾਰੇ ਕੁਝ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ। ਇਹ ਬੜੀ ਔਖਿਆਈ ਨਾਲ ਪਤਾ ਲੱਗਦਾ ਹੈ ਕਿ ਮੂੰਹ ਦਾ ਹੇਠਲਾ ਹਿੱਸਾ ਠੋਡੀ ਕੋਲੋਂ ਬਹੁਤ ਪਤਲਾ ਹੈ ਤੇ ਉਪਰਲੇ ਹਿੱਸੇ ਵਾਂਗ ਭਰਿਆ ਹੋਇਆ ਨਹੀਂ; ਕਿ ਨੱਕ ਬਹੁਤਾ ਨੋਕਦਾਰ ਨਹੀਂ (ਜੋ ਇਕ ਔਰਤ ਵਿਚ ਸਦਾ ਉਹਦੇ ਸਖਤ ਸਭਾ ਦਾ ਲੱਛਣ ਜਾਪਦਾ ਹੈ, ਭਾਵੇਂ ਵੇਖਣ ਨੂੰ ਕਿੰਨਾ ਵੀ ਸੰਦਰ ਕਿਉਂ ਨਾ ਲੱਗਦਾ ਹੋਵੇ।) ਪਰ ਉੱਨਾ ਸਿੱਧਾ ਵੀ ਨਹੀਂ, ਜਿੰਨਾ ਕਿ ਹੋਣਾ ਚਾਹੀਦਾ ਹੈ, ਕਿ ਪਿਆਰੇ ਬੁਲ੍ਹ ਉਹਦੇ ਮੁਸਕਰਾਉਣ ਨਾਲ ਰਤਾ ਤਿਰਛੇ ਹੋ ਜਾਂਦੇ ਹਨ, ਜਿਨ੍ਹਾਂ ਨਾਲ ਉਹ ਗੱਲ੍ਹਾਂ ਵੱਲ ਲੋੜ ਤੋਂ ਵਧੇਰੇ ਖੁਲ੍ਹਦੇ ਦਿੱਸਦੇ ਹਨ। ਕਿਸੇ ਹੋਰ ਔਰਤ ਦੇ ਚਿਹਰੇ ਵਿਚ ਇਹ ਨੁਕਸ ਵੇਖਣੇ ਸ਼ਾਇਦ ਵਧੇਰੇ ਸੌਖੇ ਹੁੰਦੇ, ਪਰ ਉਹਦੇ ਚਿਹਰੇ

ਵਿਚ ਇਨ੍ਹਾਂ ਵੱਲ ਧਿਆਨ ਦੇਣਾ ਸੰਭਵ ਨਹੀ, ਕਿਉਂ ਜੋ ਉਹਦੇ ਚਿਹਰੇ ਦੇ ਭਾਵ ਅਤੇ ਸਾਰੇ ਨਕਸ਼, ਆਪਣੀ ਸੁੰਦਰਤਾ ਲਈ, ਉਹਦੀਆਂ ਅੱਖਾਂ ਦੇ ਹਾਵਾਂ-ਭਾਵਾਂ ਤੇ ਨਿਰਭਰ ਕਰਦੇ ਹਨ।

ਕੀ ਮੇਰੀ ਇਸ ਬਣਾਈ ਹੋਈ ਨਿਗੂਣੀ ਤਬਵੀਰ ਵਿਚੋਂ, ਜੋ ਮੇਰੇ ਖ਼ੁਸ਼ੀ ਭਰੇ ਦਿਨਾਂ ਦੀ ਮਿਹਨਤ ਦਾ ਸਿੱਟਾ ਹੈ, ਇਹ ਸਭ ਕੁਝ ਪ੍ਰਤੱਖ ਦਿੱਸਦਾ ਹੈ? ਮੈਨੂੰ ਦੁੱਖ ਹੈ ਕਿ ਇਨ੍ਹਾਂ ਲਕੀਰਾਂ ਵਿਚ ਸਭ ਕੁਝ ਕਿੰਨਾ ਹੀ ਘੱਟ ਦਿੱਸਦਾ ਹੈ, ਅਤੇ ਕਿੰਨਾਂ ਕੁਝ ਤਾਂ ਮੇਰੇ ਆਪਣੇ ਦਿਮਾਂਗ ਵਿਚ ਹੀ ਹੈ! ਇਕ ਗੋਰੀ ਸੋਹਣੀ ਨਾਜ਼ੁਕ ਕੁੜੀ, ਸੋਹਣੇ ਹਲਕੇ ਪਹਿਰਾਵੇ ਵਿਚ ਆਪਣੀ ਸਕੈੱਚ ਬੁੱਕ ਦੇ ਪੰਨਿਆਂ ਨਾਲ ਖੇਡਦੀ ਖੇਡਦੀ ਆਪਣੀ ਸਾਹਮਣੇ ਭੋਲੀਆਂ, ਨਿਰਛਲ ਅਤੇ ਨੀਲੀਆਂ ਅੱਖੀਆਂ ਨਾਲ ਵੇਖ ਰਹੀ ਹੈ। ਇਸ ਤਸਵੀਰ ਵਿਚ ਤਾਂ ਬੱਸ ਇਹੀ ਕੁਝ ਦਿਸਦਾ ਹੈ। ਇਸ ਤੋਂ ਵਧ ਸ਼ਾਇਦ ਡੂੰਘੀ ਸੋਚ ਅਤੇ ਕਲਮ ਵੀ ਆਪਣੀ ਜ਼ਬਾਨ ਤੋਂ ਕੁਝ ਹੋਰ ਕਹਿਣ ਤੋਂ ਅਸਮਰੱਥ ਹਨ। ਜਦੋਂ ਕੋਈ ਔਰਤ ਪਹਿਲੀ ਵਾਰੀ ਸਾਡੇ ਸੰਦਰਤਾ ਦੇ ਸੁਪਨਿਆਂ ਨੂੰ ਜੀਵਨ, ਆਕਾਰ ਅਤੇ  ਰੋਸ਼ਨੀ ਦੇਂਦੀ ਹੈ, ਤਾਂ ਸਾਡੇ ਆਤਮਕ ਜੀਵਨ ਵਿਚ ਉਹ ਖੱਪੇ ਪਹਿਲੀ ਵਾਰ ਹੋ ਜਾਂਦੇ ਹਨ ਜਿਨ੍ਹਾਂ ਦਾ ਸਾਨੂੰ ਉਸ ਦੇ ਪਹਿਲਾਂ ਕੋਈ ਅਹਿਸਾਸ ਨਹੀਂ ਹੁੰਦਾ। ਉਹ ਦਰਦ ਜੋ ਕਿਧਰੇ ਡੂੰਘੇ ਸੁੱਤੇ ਹੁੰਦੇ ਹਨ; ਜਿਨ੍ਹਾਂ ਤੱਕ ਸਾਡੀ ਸੋਚ ਉਡਾਰੀ ਵੀ ਨਹੀਂ ਪਹੁੰਚ ਸਕਦੀ, ਉਸ ਸਮੇਂ ਕਈ ਹੋਰ ਤਰ੍ਹਾਂ ਦੇ ਅਨੁਭਵ ਨਾਲ ਜਾਗ ਪੈਂਦੇ ਹਨ, ਉਹ ਅਨੁਭਵ ਜੋ ਅਸੀਂ ਇੰਦਰੀਆਂ ਰਾਹੀਂ ਹੀ ਗ੍ਰਹਿਣ ਨਹੀਂ ਕਰਦੇ ਸਗੋਂ ਆਤਮਕ ਤੌਰ ਤੇ ਮਹਿਸੂਸਦੇ ਹਾਂ। ਕਿਸੇ ਵੀ ਔਰਤ ਦੀ ਸੁੰਦਰਤਾ ਦਾ ਭੇਤ ਤੁਸੀ ਆਪਣੇ ਸ਼ਬਦਾਂ ਵਿਚ ਉਦੋਂ ਤਕ ਬਿਆਨ ਕਰ ਸਕਦੇ ਹੋ, ਜਦੋਂ ਤਕ ਉਸ ਦੀ ਸੁੰਦਰਤਾ ਸਾਡੀ ਆਤਮਾ ਵਿਚ ਰਚ ਮਿਚ ਕੇ ਇਕਮਿਕ ਨਹੀਂ ਹੋ ਜਾਂਦੀ। ਉਸ ਸਮੇਂ ਹਾਂ, ਉਸ ਵੇਲੇ ਉਹ ਉਸ ਤੰਗ ਸੀਮਿਤ ਘੇਰੇ ਤੋਂ ਬਾਹਰ ਹੋ ਜਾਂਦੀ ਹੈ, ਜਿਸ ਵਿਚ, ਇਸ ਦੁਨੀਆਂ ਵਿਚ, ਅਸੀਂ ਪੈਨਸਿਲ ਤੇ ਕਲਮ ਨਾਲ ਉਹਦੀ ਸੁੰਦਰਤਾ ਦਾ ਵਰਨਣ ਕਰਦੇ ਹਾਂ।                         ਰਾਤ ਤੁਸੀਂ ਉਸ ਦੇ ਬਾਰੇ ਉਸੇ ਤਰ੍ਹਾਂ ਸੋਚੋ ਜਿਵੇਂ  ਤੁਸੀਂ ਔਰਤ ਬਾਰੇ ਸੱਚਦੇ ਹੋ ਜਿਸ ਨੇ ਤੁਹਾਡੇ ਦਿਲ ਦੀਆਂ ਧੜਕਣਾਂ ਨੂੰ ਉਵੇਂ ਤੇਜ ਕੀਤਾ, ਜਿਵੇਂ ਕੋਈ ਹੋਰ ਔਰਤ ਨਾ ਕਰ ਸਕੀ; ਉਨ੍ਹਾਂ ਕੋਮਲ ਅਤੇ ਨੀਲੀਆਂ ਨਿਰਛੱਲ ਅੱਖੀਆਂ ਦੀ ਤੱਕਣੀ ਨਾਲ ਇਕ ਵਾਰ ਤੁਸੀਂ ਵੀ ਉਵੇਂ ਹੀ ਅੱਖਾਂ ਮਿਲਾਉ ਜਿਵੇਂ ਉਹ ਮੇਰੀਆਂ ਅੱਖਾਂ ਨਾਲ ਟਕਰਾਈ ਸੀ, ਅਤੇ ਜੋ ਸਾਨੂੰ ਦੋਹਾਂ ਨੂੰ ਚੰਗੀ ਤਰ੍ਹਾਂ ਯਾਦ ਹੈ।

ਉਹਦੀ ਆਵਾਜ਼ ਵਿਚੋਂ ਤੁਸੀ ਮੇਰੇ ਵਾਂਗ ਉਹੀ ਸੰਗੀਤ ਸੁਣਨ ਦੇ ਯਤਨ ਕਰੋ ਜੋ ਤੁਹਾਨੂੰ ਉਸ ਆਵਾਜ਼ ਵਿਚੋਂ ਸੁਣੀਂਦਾ ਸੀ, ਜਿਸਨੂੰ ਤੁਸੀਂ ਬਹੁਤ ਪਿਆਰ ਕਰਦੇ ਸੀ; ਉਹਦੇ ਪੈਰਾਂ ਦੀ ਆਵਾਜ਼ ਨਾਲ, ਜਿਵੇਂ-ਜਿਵੇਂ ਉਹ ਇਨ੍ਹਾਂ ਪੰਨਿਆਂ ਵਿਚ ਆਉਂਦੀ ਜਾਂਦੀ ਰਹੇਗੀ; ਆਪਣੇ ਦਿਲ ਦੀ ਧੜਕਣ ਨੂੰ ਉਵੇਂ ਹੀ ਤਾਲ ਚੋਣ ਦਿਉ ਜਿਸ ਤਰ੍ਹਾਂ ਤੁਸੀਂ ਕਦੀ ਉਨ੍ਹਾਂ ਕਦਮਾਂ ਨਾਲ ਦੇਂਦੇ ਸੀ, ਜੋ ਤੁਹਾਨੂੰ ਅਤਿ ਪਿਆਰੇ ਸਨ। ਉਹਨੂੰ ਆਪਣੀ ਕਲਪਨਾ ਦਾ ਪ੍ਰਿਯ ਜੀਅ ਮੰਨ ਲਉ; ਇਸ ਤਰ੍ਹਾਂ ਉਹ ਤੁਹਾਡੇ ਸਾਹਮਣੇ ਵੀ ਉਸੇ ਸਪੱਸ਼ਟ ਰੂਪ ਵਿਚ ਆ ਖਲੋਵੇਗੀ, ਜਿਵੇਂ ਉਹ ਮੇਰੇ ਸਾਹਮਣੇ ਹੈ।

ਜਦੋਂ ਮੈਂ ਪਹਿਲੀ ਵਾਰ ਉਹਨੂੰ ਵੇਖਿਆ ਕਦੀ ਤਰ੍ਹਾਂ ਦੀਆਂ ਝਰਨਾਹਟਾਂ ਮੇਰੇ ਮਨ ਵਿਚ ਝਰਨਾਈਆਂ; ਉਹੀ ਜਾਣੀਆਂ ਪਛਾਣੀਆਂ ਝਰਨਾਹਟਾਂ, ਜਿਨ੍ਹਾ ਤੋਂ ਅਸੀਂ ਸਭ ਵਾਕਫ਼ ਹਾਂ; ਜੋ ਸਾਡੇ ਵਿਚੋਂ ਬਹੁਤਿਆਂ ਦੇ ਮਨਾਂ ਵਿਚ ਉਗਮਦੀਆਂ ਹਨ; ਅਤੇ ਬਹੁਤ ਸਾਰਿਆਂ ਦਿਲਾਂ ਵਿਚ ਅਜਾਈਂ ਹੀ ਮੁੱਕ ਜਾਂਦੀਆਂ ਹਨ; ਅਤੇ ਬਹੁਤ ਘੱਟ ਲੋਕਾਂ ਦੇ ਦਿਲ ਵਿਚ ਮੁੜ ਵਿਚ ਤਰੰਗਾਂ ਧੜਕਦੀਆਂ ਹਨ; ਉਸ ਵੱਲੋਂ ਇਕ ਅਜੀਬ ਜਿਹਾ ਅਹਿਸਾਸ ਮੈਨੂੰ ਚਿੰਤਾ ਵਿਚ ਪਾ ਰਿਹਾ ਸੀ; ਉਹ ਅਹਿਸਾਸ ਮਿਸ ਫ਼ੇਅਰਲੀ ਦੀ ਮੌਜੂਦਗੀ ਵਿਚ ਓਪਰਾ, ਅਦਭੁਤ ਅਤੇ ਬੇਮੇਲ ਜਿਹਾ ਲੱਗਦਾ ਸੀ।

ਉਹਦੇ ਸੁਹਣੇ ਚਿਹਰੇ ਦਾ ਤੀਬਰ ਜਾਦੂਮਈ ਆਕਰਸ਼ਣ; ਉਹਦਾ ਪਿਆਰਾ ਅਤੇ ਸੁਖਾਵਾਂ ਪ੍ਰਭਾਵ; ਉਹਦੀ ਮਨਮੋਹਿਕ ਸਾਦਗੀ ਦੇ ਨਾਲ ਨਾਲ ਮੈਨੂੰ ਇਕ ਹੋਰ ਅਹਿਸਾਸ ਦੀ ਛਾਯਾ ਵੀ ਘੁਲਦੀ ਮਿਲਦੀ ਜਾਪੀ; ਜਿਵੇਂ ਕੁਝ ਨਾ ਕੁਝ ਘਾਟ ਹੋਵੇ। ਇਹ ਕੀ ਕਮੀ ਸੀ ਅਤੇ ਕਿਥੇ ਸੀ, ਮੈਨੂੰ ਇਸ ਬਾਰੇ ਕੁੱਝ ਪਤਾ ਨਹੀਂ ਸੀ ਲੱਗ ਰਿਹਾ। ਉਸ ਵੇਲੇ ਕਿ ਮੈਂ ਇਸ ਨੂੰ ਕੋਰਾ ਕਲਪਨਾ ਦਾ ਵਹਿਮ ਹੀ ਸਮਝਿਆ ਅਤੇ ਇਸ ਦਾ ਸਿੱਟਾ ਇਹ ਹੋਇਆ ਕਿ ਮੈਂ ਇਸ ਪਹਿਲੀ ਮੁਲਾਕਾਤ ਸਮੇਂ ਮਿਸ ਫ਼ੇਅਰਲੀ ਨਾਲ ਠੀਕ ਢੰਗ ਨਾਲ ਗੱਲ-ਬਾਤ ਨਾ ਕਰ ਸਕਿਆ। ਉਹਨੇ ਮੇਰੇ ਸਵਾਗਤ ਵਿਚ ਜੋ ਕੁਝ ਥੋੜ੍ਹੇ ਸ਼ਬਦ ਕਹੇ, ਮੈਂ ਉਨ੍ਹਾਂ ਦਾ ਵੀ ਰਵਾਇਤੀ ਢੰਗ ਨਾਲ ਉੱਤਰ ਦੇ ਕੇ ਚੰਗੀ ਤਰ੍ਹਾਂ ਧੰਨਵਾਦ ਨਾ ਕਰ ਸਕਿਆ। ਮਿਸ ਹਾਲਕੌਂਬ ਨੇ ਮੈਨੂੰ ਝਿਜਕਦਿਆਂ ਵੇਖਕੇ, ਇਹ ਅਨੁਮਾਨ ਲਾਇਆ, ਜੋ ਕੁਦਰਤੀ ਹੀ ਸੀ, ਕਿ ਸ਼ਾਇਦ ਮੈਂ

ਥੋੜ੍ਹਾ ਬਹੁਤ ਝਾਕਾ ਮਹਿਸੂਸ ਕਰ ਰਿਹਾ ਸਾਂ; ਇਸ ਲਈ ਗੱਲਬਾਤ ਤੋਰਨ ਦਾ ਭਾਰ ਸਹਿਜੇ ਹੀ ਉਸ ਨੇ ਆਪਣੇ ਹੱਥਾਂ ਵਿਚ ਲੈ ਲਿਆ।

"ਉਹ ਵੇਖੋ, ਮਿਸਟਰ ਹਾਰਟਰਾਈਟ", ਉਹ ਮੇਜ਼ ਉਤੇ ਪਈ ਸਕੈੱਚ ਬੁੱਕ, ਅਤੇ ਉਸ ਨਾਲ ਖੇਡ ਰਹੇ ਉਸ ਨਾਜ਼ੁਕ ਹੱਥ ਵੱਲ ਇਸ਼ਾਰਾ ਕਰ ਕੇ ਬੋਲੀ, "ਹੁਣ ਤੇ ਤੁਹਾਨੂੰ ਮੰਨਣਾ ਹੀ ਪਵੇਗਾ ਕਿ ਤੁਹਾਨੂੰ ਆਪਣਾ ਆਦਰਸ਼ ਸ਼ਾਗਿਰਦ ਅੰਤ ਵਿਚ ਮਿਲ ਹੀ ਗਿਆ ਹੈ।" ਉਹਨੇ ਅਰ ਵਿਚ ਤੁਹਾਡੀ ਆਮਦ ਦਾ ਸੁਣਦਿਆਂ ਸਾਰ ਆਪਣੀ ਕੀਮਤੀ ਸਕੈੱਚ ਬੁੱਕ ਕੱਢੀ ਹੈ ਤੇ ਕੁਦਰਤ ਨੂੰ ਸਪੱਸ਼ਟ ਅਤੇ ਪ੍ਰਤੱਖ ਵੇਖਦਿਆਂ, ਸਾਕਾਰ ਰੂਪ ਵਿਚ ਚਿਤਰਣ ਲਈ ਉਤਾਵਲੀ ਹੋ ਉਠੀ ਹੈ।"

ਇਹ ਸੁਣਦਿਆਂ ਹੀ ਮਿਸ ਫ਼ੇਅਰਲੀ ਖਿੜਖਿੜਾ ਕੇ ਹੱਸ ਪਈ। ਉਹਦੇ ਹਾਸੇ ਨਾਲ ਵਾਤਾਵਰਣ ਵਿਚ ਫੈਲੀ ਹੋਈ ਸੂਰਜ ਦੀ ਚਮਕ ਹੋਰ ਵੀ ਵਧ ਗਈ।

"ਮੈਂ ਐਵੇਂ ਹੀ ਕੋਈ ਪ੍ਰਸੰਸਾ ਲੈਣ ਨੂੰ ਤਿਆਰ ਨਹੀਂ।" ਉਹ ਆਪਣੀਆਂ ਨੀਲੀਆਂ ਨਿਰਛਲ ਅੱਖਾਂ ਨਾਲ ਮੈਨੂੰ ਅਤੇ ਮਿਸ ਹਾਲਕੌਂਬ ਵੱਲ ਵਾਰੀ ਵਾਰੀ ਤਕ ਕੇ ਬੋਲੀ, "ਮੈਨੂੰ ਭਾਵੇਂ ਚਿੱਤਰ ਕਲਾ ਬੜੀ ਚੰਗੀ ਲੱਗਦੀ ਹੈ, ਪਰ ਮੈਨੂੰ ਆਪਣੀ ਅਗਿਆਨਤਾ ਦਾ ਵੀ ਅਹਿਸਾਸ ਹੈ; ਇਸ ਲਈ ਸ਼ੁਰੂ ਕਰਨ ਲਈ ਮੈਂ ਏਨੀ ਉਤਾਵਲੀ ਨਹੀਂ, ਜਿੰਨੀ ਫਿਕਰਮੰਦ ਹਾਂ। ਹੁਣ ਤੁਸੀਂ ਇਥੇ ਹੋ, ਮਿਸਟਰ ਹਾਰਟਰਾਈਟ ਤਾਂ, ਮੈਂ ਆਪਣੀ ਸਕੈੱਚ ਬੁੱਕ ਦੇ ਪੰਨੇ ਉਸੇ ਤਰ੍ਹਾਂ ਪਰਤ ਕੇ ਵੇਖ ਰਹੀ ਹਾਂ ਜਿਵੇਂ ਬਚਪਨ ਵਿਚ ਆਪਣੇ ਸ਼ਬਦਾਂ ਨੂੰ ਉਦੋਂ ਵੇਖਦੀ ਹੁੰਦੀ ਸਾਂ, ਜਦੋਂ ਮੈਨੂੰ ਇਹ ਡਰ ਲਗਦਾ ਸੀ ਕਿ ਮੈਨੂੰ ਸੁਣਾਉਣ ਲਈ ਕੁਝ ਵੀ ਯਾਦ ਨਹੀਂ ਹੈ !"

ਉਹਨੇ ਬੜੀ ਸੁਹਣੀ ਤਰ੍ਹਾਂ ਆਪਣ ਮਨ ਦੀ ਗੱਲ ਦਾ ਇਕਬਾਲ ਕਰ ਲਿਆ ਸੀ; ਬੜੀ ਅਨੋਖੀ ਅਲ੍ਹੜੱਤਾ ਨਾਲ ਉਹਨੇ ਆਪਣੀ ਮੇਜ਼ ਤੇ ਪਈ ਸਕੈੱਚ ਬੁੱਕ ਨੂੰ ਆਪਣੀ ਵੱਲ ਖਿੱਚ ਲਿਆ। ਮਿਸ ਹਾਲਕੌਂਬ ਇਸ ਪਰੇਸ਼ਾਨੀ ਅਤੇ ਉਲਝਣ ਨੂੰ ਆਪਣੇ ਸਿੱਧੇ ਸਾਦੇ ਤੇ ਸਪੱਸ਼ਟ ਢੰਗ ਨਾਲ ਝਟਪਟ ਸੁਲਝਾਂਦਿਆਂ ਬੋਲੀ, "ਚੰਗੇ, ਮੰਦੇ ਜਾਂ ਭਾਵੇਂ ਕਿਸੇ ਕੰਮ ਦੇ ਵੀ ਨਾ ਹੋਣ ਤਾਂ ਵੀ ਇਕ ਸ਼ਾਗਿਰਦ ਦੇ ਰੇਖਾ ਚਿੱਤਰਾਂ ਨੂੰ ਮਾਸਟਰ ਅਵੱਸ਼ ਵੇਖੇਗਾ ਤੇ ਆਪਣਾ ਨਿਰਣਾ ਦੇਵੇਗਾ; ਇਸ ਅਗਨੀ ਪ੍ਰੀਖਿਆ ਵਿਚੋਂ ਤਾਂ ਲੰਘਣਾ ਹੀ ਪਵੇਗਾ; ਅਤੇ ਇਥੇ ਹੀ ਇਹ ਗੱਲ ਮੁੱਕੀ ਸਮਝੋ। ਜੇ ਮੇਰੀ ਗੱਲ ਮੰਨੋ ਤਾਂ ਅਸੀਂ ਇਨ੍ਹਾਂ ਨੂੰ ਆਪਣੇ ਨਾਲ ਹੁਣ ਬੱਘੀ ਵਿਚ ਲੈ ਚਲਦੇ ਹਾਂ; ਤਾਂ ਜੋ ਮਿਸਟਰ ਹਾਰਟਰਾਈਟ ਨੂੰ ਲਗਾਤਾਰ ਧੱਕਿਆਂ, ਹਿਚਕੱਲਿਆਂ,

ਰੋਲੇ ਰੱਪੇ ਅਤੇ ਵਿਘਨਾਂ ਭਰੇ ਵਰਣ ਵਿਚ ਇਨ੍ਹਾਂ ਨੂੰ ਪਹਿਲੀ ਵਾਰ ਵੇਖਣ ਦਾ ਮੌਕਾ ਦੇਈਏ। ਜੋ ਅਸੀਂ ਸਾਰੀ ਸੈਰ ਦੇ ਦੌਰਾਨ ਇਨ੍ਹਾਂ ਨੂੰ ਉਸ ਵੇਲੇ ਤੌਖਲੇ ਅਤੇ ਘਬਰਾਹਟ ਵਿਚ ਪਾ ਸਕੀਏ, ਜਦੋਂ ਉਹ ਬਾਹਰ ਕੁਦਰਤ ਦਾ ਅਸਲ ਰੂਪ ਵੇਖ ਕੇ ਸਾਡੀਆਂ ਸਕੈੱਚ ਕਾਪੀਆਂ ਵਿਚ ਉਹ ਰੂਪ ਵੇਖਣਗੇ, ਜੋ ਅਸੀਂ ਉਲੀਕਿਆ ਹੈ ਤਾਂ ਸਚਮੁਚ ਹੀ ਇਨ੍ਹਾਂ ਨੂੰ ਹਾਰ ਕੇ ਸਾਡੀ ਤਾਰੀਫ਼ ਕਰਨੀ ਪਏਗ; ਅਸੀਂ ਇਨ੍ਹਾਂ ਦੀਆਂ ਆਲੋਚਨਾਂ ਤੋਂ ਬਚ ਨਿਕਲਾਂਗੀਆਂ ਅਤੇ ਸਾਡੇ ਘੁਮੰਡ ਵਿਚ ਵੀ ਕੋਈ ਹਰਜ ਮਰਜ ਨਹੀਂ ਹੋਵੇਗਾ।"

"ਮੈਨੂੰ ਆਸ ਹੈ ਕਿ ਮਿਸਟਰ ਹਾਰਟਰਾਈਟ ਮੇਰੀ ਬਿਲਕੁਲ ਸ਼ਲਾਘਾ ਨਹੀਂ ਕਰਨਗੇ।" ਸਮਰ ਹਾਊਸ ਵਿਚੋਂ ਜਦੋਂ ਅਸੀਂ ਸਾਰੇ ਬਾਹਰ ਨਿਕਲ ਰਹੇ ਸਾਂ ਤਾਂ ਮਿਸ ਫ਼ੇਅਰਲੀ ਬੋਲੀ। "ਕੀ ਮੈਂ ਪੁਛੱਣ ਦੀ ਦਲੇਰੀ ਕਰ ਸਕਦਾ ਹਾਂ, ਕਿ ਤੁਸੀਂ ਇਹ ਆਸ ਕਿਉਂ ਲਾਈ ਹੈ?" ਮੈਂ ਉਹਨੂੰ ਪੁੱਛਿਆ।

"ਕਿਉਂਕਿ ਜੋ ਵੀ ਤੁਸੀਂ ਕਹੋਗੇ, ਮੈਂ ਉਸ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰ ਲਵਾਂਗੀ।" ਉਹਨੇ ਬੜੀ ਸਾਦਗੀ ਨਾਲ ਉੱਤਰ ਦਿੱਤਾ।

ਇਨ੍ਹਾਂ ਗਿਣਵੇਂ ਸ਼ਬਦਾਂ ਵਿਚ ਹੀ ਉਹਨੇ ਆਪਣੇ ਸੁਭਾਅ ਦਾ ਸਾਰਾ ਭੇਤ ਮੈਨੂੰ ਅਨਜਾਣਿਆ ਹੀ ਦੇ ਦਿੱਤਾ; ਉਹ ਆਪ ਨਿਰਛਲ ਅਤੇ ਸੱਚੀ ਸੀ; ਇਸ ਲਈ ਹਰ ਇਕ ਵਿਚ ਪੂਰਾ ਵਿਸ਼ਵਾਸ ਕਰਦੀ ਸੀ; ਉਸ ਸਮੇਂ ਮੈਂ ਇਸ ਗੱਲ ਨੂੰ ਕਿਸੇ ਅੰਤਰ ਮੁਖੀ ਪ੍ਰੇਰਣਾ ਨਾਲ ਸਿਰਫ ਅਨੁਭਵ ਕੀਤਾ ਸੀ; ਪਰ ਹੁਣ ਮੈਨੂੰ ਇਸ ਦਾ ਤਜ਼ਰਬਾ ਹੋ ਚੁਕਾ ਹੈ।

ਅਸੀਂ ਮਿਸਜ ਵੈਸੀ ਦੇ ਉਠੱਣ ਦੀ ਇੰਤਜ਼ਾਰ ਕੀਤੀ; ਉਹ ਅਜੇ ਤਕ ਰੋਟੀ ਦੇ ਸੁੰਨਸਾਨ ਮੇਜ਼ ਤੇ ਉਵੇਂ ਹੀ ਬੈਠੀ ਹੋਈ ਸੀ। ਉਸ ਤੋਂ ਮਗਰੋਂ ਅਸੀਂ ਖੁਲ੍ਹੀ ਬਿਨਾਂ ਛੱਤ ਦੀ ਬੱਘੀ ਵਿਚ ਬੈਠ ਕੇ ਉਸ ਸੈਰ ਲਈ ਨਿਕਲੇ, ਜਿਸ ਦਾ ਜ਼ਿਕਰ ਪਹਿਲਾਂ ਕੀਤਾ ਜਾ ਰਿਹਾ ਸੀ। ਮਿਸਿਜ਼ ਵੈਸੀ ਅਤੇ ਮਿਸ ਹਾਲਕੌਂਬ ਪਿਛਲੀ ਸੀਟ ਉੱਤੇ ਬੈਠੀਆਂ ਸਨ, ਮੈਂ ਤੇ ਮਿਸ ਫ਼ੇਅਰਲੀ ਅਗਲੀ ਸੀਟ ਤੇ ਸਾਂ। ਸਾਡੇ ਵਿਚਕਾਰ ਉਹੀ ਸਕੈੱਚ-ਬੁੱਕ ਸੀ, ਜੋ ਆਖਿਰਕਾਰ ਮੇਰੀਆਂ ਪਾਰਖੂ ਅੱਖਾਂ ਨੂੰ ਈਮਾਨਦਾਰੀ ਨਾਲ ਵਿਖਾਈ ਜਾ ਰਹੀ ਸੀ। ਜੇ ਮੈਂ ਉਨ੍ਹਾਂ ਤਸਵੀਰਾਂ ਦੀ ਗੰਭੀਰ ਆਲੋਚਨਾ ਕਰਨ ਦੇ ਰੌ ਵਿਚ ਵੀ ਹੁੰਦਾ ਤਾਂ ਵੀ ਮੇਰੇ ਲਈ ਉਸ ਵੇਲੇ ਅਜਿਹਾ ਕਰਨਾ ਲਗਭੱਗ ਅਸੰਭਵ ਸੀ, ਕਿਉਂਕਿ ਮਿਸ ਹਾਲਕੌਂਬ ਨੇ ਬੜੀ ਦ੍ਰਿੜਤਾ ਨਾਲ ਇਹ ਨਿਸ਼ਚਾ ਕੀਤਾ

ਹੋਇਆ ਸੀ ਕਿ ਉਹ ਲਲਿਤ ਕਲਾ ਦਾ ਉਹੀ ਹਾਸੋਹੀਣਾ ਰੂਪ ਵੇਖੇਗੀ, ਜੋ ਉਹਨੇ ਆਪ, ਉਹਦੀ ਭੈਣ ਅਤੇ ਆਮ ਕਰਕੇ ਬਹੁਤੀਆਂ ਇਸਤਰੀਆਂ ਨੇ ਉਜਾਗਰ ਕੀਤਾ ਹੈ। ਮੈਂ ਉਨ੍ਹਾਂ, ਚਿਤਰਾਂ ਨਾਲੋਂ ਇਸ ਵੇਲੇ ਉਹਦੀ ਗੱਲਬਾਤ ਵਧੇਰੇ ਆਸਾਨੀ ਨਾਲ ਯਾਦ ਕਰ ਸਕਦਾ ਹਾਂ; ਤਸਵੀਰਾਂ ਤਾਂ ਮੈਂ ਐਵੇ ਬੇਧਿਆਨਿਆਂ ਹੀ ਵੇਖੀ ਜਾ ਰਿਹਾ ਸਾਂ; ਵਿਸ਼ੇਸ਼ ਕਰਕੇ ਗੱਲਬਾਤ ਦਾ ਉਹ ਹਿੱਸਾ, ਜਿਸ ਵਿਚ ਮਿਸ ਫ਼ੇਅਰਲੀ ਨੇ ਵੀ ਭਾਗ ਲਿਆ ਸੀ, ਮੇਰੀ ਯਾਦ ਵਿਚ ਇੰਜ ਸਪੱਸ਼ਟ ਉਕਰਿਆ ਹੋਇਆ ਹੈ, ਜਿਵੇਂ ਮੈਂ ਕੁਝ ਹੀ ਘੰਟੇ ਪਹਿਲਾਂ ਉਹਨੂੰ ਸੁਣਿਆ ਹੋਵੇ।

ਹਾਂ ਇਹ ਸੱਚ ਹੈ। ਮੈਨੂੰ ਇਥੋਂ ਇਹ ਸਵੀਕਾਰ ਕਰਨ ਦਿਉ ਕਿ ਮੈਂ ਉਸ ਪਹਿਲੇ ਦਿਨ ਉਹਦੀ ਨੇੜਤਾ ਦੇ ਜਾਦੂ-ਮਈ ਪ੍ਰਭਾਵ ਨਾਲ ਕੀਲਿਆ ਗਿਆ ਸਾਂ ਅਤੇ ਇਹ ਭੁੱਲ ਚੁੱਕਾ ਸਾਂ, ਕਿ ਮੈਂ ਕੌਣ ਹਾਂ ਅਤੇ ਮੇਰੀ ਸਥਿਤੀ ਉਥੇ ਕੀ ਸੀ। ਉਹਦਾ ਨਿਗੂਣੇ ਤੋਂ ਨਿਗੂਣਾ ਪ੍ਰਸ਼ਨ ਪੈਨਸਿਲ ਦੀ ਵਰਤੋਂ ਜਾਂ ਰੰਗਾਂ ਦੇ ਮਿਸ਼ਰਣ ਬਾਰੇ ਜੋ ਜੋ ਉਹ ਮੈਨੂੰ ਪੁੱਛ ਰਹੀ ਸੀ ਮੇਰੇ ਲਈ ਉਹਨਾਂ ਸੁਹਣੇ ਦ੍ਰਿਸ਼ਾਂ ਜਿਨ੍ਹਾਂ ਵਿਚਕਾਰੋਂ ਅਸੀਂ ਲੰਘ ਰਹੇ ਸਾਂ, ਤੋਂ ਕਿਧਰੇ ਵਧ ਦਿਲ-ਖਿਚਵਾਂ ਸੀ। ਉਹਦੀਆਂ ਪਿਆਰੀਆਂ ਅੱਖਾਂ ਜੋ ਮੇਰੀਆਂ ਅੱਖਾਂ ਵਿਚ ਤੱਕ ਰਹੀਆਂ ਸਨ, ਦੇ ਹਰ ਛਿਣ ਬਦਲਦੇ ਭਾਵ ਅਤੇ ਉਨ੍ਹਾਂ ਵਿਚ ਮੇਰੇ ਕੋਲੋਂ ਸਭ ਕੁਝ ਸਿੱਖਣ ਦੀ ਤੀਬਰ ਇਛੱਿਆ, ਉਹ ਸਭ ਵੇਖਣ ਦੀ ਪ੍ਰਬਲ ਖਾਹਿਸ਼ ਜੋ ਮੈਂ ਉਹਨੂੰ ਵਿਖਾ ਸਕਦਾ ਸਾਂ, ਮੇਰੇ ਲਈ ਆਲੇ-ਦੁਆਲੇ ਦੀ ਉੱਚੀ ਨੀਵੀਂ ਬੰਜਰ ਜ਼ਮੀਨ ਉੱਤੇ ਘੁਲਦੇ ਮਿਲਦੇ ਚਾਨਣ ਅਤੇ ਛਾਂ ਦੇ ਅਤਿ ਸੁੰਦਰ ਪ੍ਰਛਾਵਿਆਂ ਤੋਂ ਵੀ ਵਧ ਆਕਰਸ਼ਣ-ਭਰਪੂਰ ਸਨ। ਕੀ ਮਾਨਵ ਸੰਬੰਧਾਂ ਅਤੇ ਮਾਨਵ ਸੰਵੇਦਨਾਵਾਂ ਵਿਚ ਇਹ ਅਨੋਖੀ ਅਤੇ ਅਜੀਬ ਗੱਲ ਨਹੀਂ ਕਿ ਕਿਸੇ ਵਿਸ਼ੇਸ਼ ਸਮੇਂ ਤੇ ਵਿਸ਼ੇਸ਼ ਹਾਲਾਤਾਂ ਵਿਚ ਅਸੀਂ ਉਨ੍ਹਾਂ ਕੁਦਰਤੀ ਵਸਤੂਆਂ ਨਾਲ ਕੋਈ ਸਾਂਝ ਨਹੀਂ ਪਾਉਂਦੇ ਜਿਨ੍ਹਾਂ ਵਿਚ ਅਸੀਂ ਰਹਿੰਦੇ ਹਾਂ? ਅਜਿਹੇ ਸਮੇਂ ਕੁਦਰਤ ਸਾਡੇ ਦਿਲ ਅਤੇ ਦਿਮਾਗ ਨੂੰ ਵੱਸ ਵਿਚ ਨਹੀਂ ਕਰ ਸਕਦੀ। ਇਹ ਸਿਰਫ ਕਿਤਾਬਾਂ ਵਿਚ ਹੀ ਹੁੰਦਾ ਹੈ ਕਿ ਅਸੀਂ ਦੁੱਖ ਵੇਲੇ ਹਮਦਰਦੀ ਲਈ ਅਤੇ ਸੁੱਖ ਵਿਚ ਆਪਣੇ ਸਾਥ ਲਈ ਕੁਦਰਤ ਕੋਲ ਜਾਂਦੇ ਹਾਂ। ਜੜ੍ਹ ਅਚੇਤਨ ਸੰਸਾਰ ਦੀ ਸੁੰਦਰਤਾ ਦੀ ਸਲਾਘਾ, ਜੋ ਆਧੁਨਿਕ ਕਵਿਤਾ ਵਿਚ ਬੜੇ ਮਿੱਠੇ ਬੋਲਾਂ ਨਾਲ ਅਤੇ ਖੂਬ ਰੱਜ ਕੇ ਕੀਤੀ ਗਈ ਹੈ, ਉਹ ਸਾਡੇ ਵਿਚ ਸਭ ਤੋਂ ਚੰਗੇ ਮਨੁੱਖ ਦੇ ਸੁਭਾ ਦੀ ਵੀ ਕੁਦਰਤੀ ਪ੍ਰਵਿਰਤੀ ਨਹੀਂ। ਕਿਸੇ ਬੱਚੇ ਦੇ ਸੁਭਾ ਵਿਚ ਇਹ ਚੀਜ਼ ਨਹੀਂ ਪਾਈ ਜਾਂਦੀ। ਕੋਈ ਵੀ ਅਨਪੜ੍ਹ ਔਰਤ

ਜਾਂ ਆਦਮੀ ਇਸ ਗੁਣ ਜਾਂ ਇਸ ਪ੍ਰਵਿਰਤੀ ਦਾ ਮਾਲਕ ਨਹੀਂ। ਸਗੋਂ ਉਹ ਲੋਕ ਜੋ ਆਪਣਾ ਸਾਰਾ ਜੀਵਨ ਧਰਤੀ ਅਤੇ ਸਮੁੰਦਰ ਦੀ ਹਰ ਸਮੇਂ ਬਦਲਦੀ ਅਲੋਕਿਕ ਸੁੰਦਰਤਾ ਵਿਚਕਾਰ ਹੀ ਜੀਉਂਦੇ ਹਨ ਉਹ ਸਭ ਤੋਂ ਵਧ ਕੁਦਰਤ ਦੇ ਹਰ ਉਸ ਰੂਪ ਤੋਂ ਅਨਜਾਣ ਹੁੰਦੇ ਹਨ, ਜੋ ਉਨ੍ਹਾਂ ਦੀ ਦਿਲਚਸਪੀ ਦਾ ਨਹੀਂ ਹੁੰਦਾ, ਜਾਂ ਜਿਸ ਨਾਲ ਉਹ ਸਬੰਧਿਤ ਨਹੀਂ ਹੁੰਦੇ। ਜਿਸ ਧਰਤੀ ਤੇ ਅਸੀਂ ਰਹਿੰਦੇ ਹਾਂ, ਉਸ ਦੀ ਸੁੰਦਰਤਾ ਦੀ ਉਸਤਤ ਅਸੀਂ ਸਭਿਅਤਾ ਦੀ ਉੱਨਤੀ ਅਤੇ ਕਮਾਲ ਨਾਲ ਇਕ ਕਲਾ-ਵਾਂਗ ਸਿੱਖਦੇ ਹਾਂ ਅਤੇ ਇਸ ਯੋਗਤਾ ਅਤੇ ਗੁਣ ਦੀ ਉਦੋਂ ਵਰਤੋਂ ਕਰਦੇ ਹਾਂ ਜਦੋਂ ਸਾਡਾ ਦਿਮਾਗ ਬੜਾ ਹੀ ਸੁਸਤ ਹੋਵੇ ਅਤੇ ਸੋਚਣ ਵਿਚਾਰਨ ਲਈ ਹੋਰ ਕੁਝ ਨਾ ਹੋਵੇ ; ਇਹੋ ਜਿਹਾ ਅਵਸਰ ਬਹੁਤ ਘੱਟ ਆਉਂਦਾ ਹੈ। ਸਾਡਾ ਅਤੇ ਸਾਡੇ ਮਿੱਤਰਾਂ ਦੇ ਦੁੱਖ-ਸੁੱਖ ਦੀਆਂ ਭਾਵਨਾਵਾਂ ਵਿਚ ਕੁਦਰਤ ਦੀਆ ਦਿਲ ਖਿਚਵੀਆਂ ਝਾਕੀਆਂ ਦਾ ਕਿੰਨਾਂ ਕੁ ਹਿੱਸਾ ਹੁੰਦਾ ਹੈ? ਆਪਣੇ ਨਿੱਜੀ ਤਜ਼ਰਬਿਆਂ ਅਤੇ ਅਨੁਭਵਾਂ ਦੀਆਂ ਹਜ਼ਾਰਾਂ ਕਹਾਣੀਆਂ ਜੋ ਅਸੀਂ ਨਿੱਤ ਇਕ ਦੂਜੇ ਨੂੰ ਸੁਣਾਉਂਦੇ ਰਹਿੰਦੇ ਹਾਂ, ਉਨ੍ਹਾਂ ਵਿਚ ਹੀ ਵੇਖ ਲਵੋ ਅਸੀਂ ਕਿੰਨੀਆਂ ਕੁ ਕੁਦਰਤ ਦੀਆਂ ਝਾਕੀਆਂ ਬਾਰੇ ਗੱਲਾਂ ਕਰਦੇ ਹਾਂ, ਜਿਸ ਵੱਲਗਣ ਅਤੇ ਘਰੇ ਤੀਕ ਸਾਡਾ ਦਿਮਾਗ ਪਹੁੰਚ ਸਕਦਾ ਹੈ; ਜਿੰਨਾਂ ਕੁ ਸਾਡਾ ਦਿਲ ਸਿੱਖ ਸਕਦਾ ਹੈ ਅਸੀਂ ਪੂਰੀ ਤਸੱਲੀ ਨਾਲ, ਪੂਰੇ ਵਿਸ਼ਵਾਸ ਨਾਲ ਅਤੇ ਪੂਰ ਫਾਇਦੇ ਨਾਲ ਧਰਤੀ ਦੇ ਕਿਸੇ ਵੀ ਭਾਗ ਵਿਚ ਹਾਸਲ ਕਰ ਸਕਦੇ ਹਾਂ, ਭਾਵੇਂ ਉਹ ਬੰਜਰ ਹੋਵੇ, ਭਾਵੇਂ ਖੁਸ਼ਹਾਲ। ਇਸ ਸ੍ਰਿਸ਼ਟੀ ਦੀ ਹੋਂਦ ਅਤੇ ਜੀਵ ਵਿਚਕਾਰ ਕੋਈ ਇਕਸੁਰਤਾ ਨਾ ਹੋਣ ਦਾ ਅਵੱਸ਼ ਇਕ ਕਾਰਨ ਹੈ। ਸਾਇਦ ਇਸ ਦਾ ਕਾਰਣ ਮਨੁੱਖ ਦੀ ਹੋਣੀ ਅਤੇ ਧਰਤੀ ਦੀ ਤਕਦੀਰ ਵਿਚਕਾਰ ਜੋ ਮਹਾਨ ਅੰਤਰ ਹੈ। ਕਿੰਨਾ ਵੀ ਸ਼ਾਨਦਾਰ ਪਰਬਤ ਹੋਵੇਗਾ, ਉਸ ਦਾ ਅੰਤ ਕਦੀ ਨਾ ਕਦੀ ਵਿਨਾਸ਼ ਅਵੱਸ਼ ਹੋਣਾ ਅਟੱਲ ਹੈ; ਪਰ ਇੱਕ ਮਨੁੱਖੀ ਦਿਲ ਦੀ ਨਿਗੂਣੀ ਸੰਵੇਦਨਾ ਭੀ ਅਮਰ ਰਵ੍ਹੇਗੀ।

ਤਿੰਨ ਘੰਟਿਆਂ ਮਗਰੋਂ' ਬੱਘੀ ਮੁੜ ਲਿਮਰਿਜ ਹਾਊਸ ਦਾ ਫਾਟਕ ਲੰਘੀ। ਪਰਤਦਿਆਂ ਹੋਇਆਂ ਮੈਂ ਦੋਹਾਂ ਸ਼ਾਗਿਰਦਾ ਨੂੰ ਉਹ ਥਾਂ ਅਤੇ ਉਹ ਦ੍ਰਿਸ਼ ਚੁਣਨ ਦੀ ਖੁਲ੍ਹ ਦਿਤੀ, ਜਿਸ ਦਾ ਰੇਖਾ ਚਿੱਤਰ ਉਨ੍ਹਾਂ ਅਗਲੇ ਦਿਨ ਮੇਰੀ ਨਿਗਰਾਨੀ ਅਤੇ ਸਿਖਲਾਈ ਹੇਠਾਂ ਬਣਾਉਣਾ ਸੀ। ਘਰ ਪਹੁੰਚ ਕੇ ਜਦੋਂ ਉਹ ਰਾਤ ਦੀ ਰੋਟੀ ਲਈ ਤਿਆਰ ਹੋਣ ਗਈਆਂ ਅਤੇ ਮੈਂ ਇਕੱਲਾ ਹੀ ਆਪਣੀ ਬੈਠਕ ਵਿਚ ਆ ਬੈਠਾ, ਤਾਂ ਪਤਾ ਨਹੀਂ ਕਿਉਂ ਅਚਾਨਕ ਹੀ ਇਕ ਅਜੀਬ ਜੇਹੀ ਉਦਾਸੀ ਨੇ ਮੈਨੂੰ ਘੇਰ ਲਿਆ। ਮੈਨੂੰ ਕਈ ਕਾਰਣ ਨਹੀਂ ਸੀ ਲੱਭ ਰਿਹਾ ਕਿ ਮੈਂ'

ਬੇਚੈਨ ਕਿਉਂ ਸਾਂ। ਸ਼ਾਇਦ ਮੈਂ ਇਸ ਗੱਲ ਨੂੰ ਪਹਿਲੀ ਵਾਰ ਮਹਿਸੂਸ ਕਰ ਰਿਹਾ ਸਾਂ ਕਿ ਇਹ ਸੈਰ ਮੈਂ ਡਰਾਇੰਗ ਮਾਸਟਰ ਵਾਂਗ ਨਹੀਂ ਸਗੋਂ ਇਕ ਪ੍ਰਾਹੁਣੇ ਵਾਂਗ ਮਾਣੀ ਹੈ; ਜਾਂ ਉਹ ਅਹਿਸਾਸ ਜੋ ਮਿਸ ਫ਼ੇਅਰਲੀ ਨੂੰ ਪਹਿਲੀ ਵਾਰੀ ਮਿਲਣ ਤੇ ਹੀ ਮੈਨੂੰ ਹੋਇਆ ਸੀ ਕਿ ਕਿਧਰੇ ਨਾ ਕਿਧਰੇ ਜਾਂ ਮੇਰੇ ਵਿਚ ਜਾਂ ਮਿਸ ਫ਼ੇਅਰਲੀ ਵਿਚ ਕੋਈ ਘਾਟ ਜਾਂ ਕੋਈ ਕਮੀ ਹੈ, ਅਜੇ ਵੀ ਮੇਰੇ ਦਿਲ ਦਾ ਪਿੱਛਾ ਕਰ ਰਿਹਾ ਸੀ। ਮੈਂ ਸ਼ੁਕਰ ਕੀਤਾ ਜਦੋਂ ਉਸ ਇਕਾਂਤ ਤੋਂ ਛੁਟਕਾਰੇ ਦਾ ਸਮਾਂ ਪੁੱਜਾ ਅਤੇ ਮੈਂ ਮੁੜ ਉਨ੍ਹਾਂ ਕੁੜੀਆਂ ਦੇ ਸਾਥ ਵਿਚ ਰੋਟੀ ਖਾਣ ਲਈ ਹੇਠਾਂ ਉਤਰਿਆ।

ਬੈਠਕ ਵਿਚ ਵੜਦਿਆਂ ਸਾਰ, ਉਨ੍ਹਾਂ ਔਰਤਾਂ ਦੇ ਕੱਪੜਿਆਂ ਨੇ ਮੇਰਾ ਧਿਆਨ ਖਿੱਚਿਆ ਮਿਸਜ਼ ਵੈਸੀ ਅਤੇ ਮਿਸ ਹਾਲਕੌਂਬ ਨੇ (ਆਪਣੀ ਆਪਣੀ ਉਮਰ ਅਨੁਸਾਰ) ਬੜੇ ਵਧੀਆ ਕੱਪੜੇ ਪਹਿਨੇ ਹੋਏ ਸਨ; ਪਹਿਲੀ ਨੇ ਹਲਕੇ ਭੂਰੇ ਰੰਗ ਦੇ; ਅਤੇ ਦੂਜੀ ਨੇ ਹਲਕੇ ਬਸੰਤੀ ਰੰਗ ਦੇ ਜੋ ਕਾਲੇ ਵਾਲਾਂ ਅਤੇ ਸਾਂਵਲੇ ਰੰਗ ਨਾਲ ਬਹੁਤ ਢੁੱਕਦਾ ਹੈ, ਪਰ ਮਿਸ ਫ਼ੇਅਰਲੀ ਨੇ ਸਿੱਧੇ ਸਾਦੇ ਚਿੱਟੇ ਮਲਮਲ ਦੇ ਕੱਪੜੇ ਪਾਏ ਹੋਏ ਸਨ। ਉਹਦਾ ਗਾਉਨ ਬਿਲਕੁਲ ਦੁੱਧ ਚਿੱਟਾ ਸੀ ਅਤੇ ਭਾਵੇਂ ਉਹਨੂੰ ਬਹੁਤ ਸਜ ਰਿਹਾ ਸੀ ਤਾਂ ਵੀ ਉਹ ਕਪੜੇ ਅਜਿਹੇ ਸਨ, ਜੋ ਇਕ ਗਰੀਬ ਆਦਮੀ ਦੀ ਪਤਨੀ ਜਾਂ ਧੀ ਪਹਿਨਦੀ ਹੈ; ਅਤੇ ਜਿਥੋਂ ਤਕ ਕੋਈ ਬਾਹਰਲਾ ਆਦਮੀ ਉਸ ਵੇਲੇ ਵੇਖਦਾ, ਉਸ ਨੂੰ ਇਹੀ ਲਗਦਾ ਕਿ ਉਹ ਮਿਸਜ਼ ਵੈਸੀ ਅਤੇ ਮਿਸ ਹਾਲਕੌਂਬੇ ਕੋਲੋਂ ਗਰੀਬ ਹੈ। ਪਿਛੋਂ ਜਦੋਂ ਮੈਂ ਮਿਸ ਫ਼ੇਅਰਲੀ ਦੇ ਸੁਭਾ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਗਿਆ ਤਾਂ ਮੈਨੂੰ ਸਮਝ ਆਈ ਕਿ ਅਸਲ ਵਿਚ ਕਪੜਿਆਂ ਦਾ ਇਹ ਵਖੇਵਾਂ ਇਸ ਲਈ ਹੈ ਕਿ ਮਿਸ ਫ਼ੇਅਰਲੀ ਆਪਣੀ ਦੌਲਤ ਅਤੇ ਅਮੀਰੀ ਦੀ ਖੁਲ੍ਹਮਖੁਲੀ ਪ੍ਰਦਰਸ਼ਨੀ ਤੋਂ ਘ੍ਰਿਣਾ ਕਰਦੀ ਹੈ। ਮਿਸਜ਼ ਵੈਸੀ ਅਤੇ ਮਿਸ ਹਾਲਕੌਂਬ ਉਹਨੂੰ ਕਦੀ ਵੀ ਉਹ ਕਪੜੇ ਪਾਣ ਲਈ ਨਹੀਂ ਸਨ ਮਨਾ ਸਕੀਆਂ, ਜਿਨ੍ਹਾਂ ਨਾਲ ਉਹ ਉਨ੍ਹਾਂ ਦੋਹਾਂ ਤੋਂ ਬਹੁਤੀ ਅਮੀਰ ਦਿਸਦੀ।

ਰੋਟੀ ਮੁਕਾ ਕੇ ਅਸੀਂ ਬੈਠਕ ਵਿਚ ਮੁੜ ਵਾਪਸ ਆ ਗਏ। ਭਾਵੇਂ ਮਿਸਟਰ ਫ਼ੇਅਰਲੀ (ਜੋ ਉਸ ਮਹਾਨ ਬਾਦਸ਼ਾਹ ਜਿਸ ਨੇ ਟਿਸ਼ਕ ਦਾ ਬੁਰਸ਼ ਚੁੱਕ ਕੇ ਉਹਨੂੰ ਪਕੜਾਇਆ ਸੀ, ਦੀ ਰੀਸ ਕਰ ਕੇ ਮੇਰੇ ਤੇ ਤੁੱਠੇ ਸਨ; ਦੇ ਹੁਕਮ ਅਨੁਸਾਰ ਖ਼ਾਨਸਾਮੇ ਨੇ ਮੈਨੂੰ ਪੁੱਛਿਆ ਕਿ ਮੈਂ ਰੋਟੀ ਮਗਰੋਂ ਕਿਹੜੀ ਸ਼ਰਾਬ ਪੀਣੀ ਪਸੰਦ ਕਰਦਾ ਹਾਂ। ਪਰ ਦ੍ਰਿੜ ਇਰਾਦੇ ਨਾਲ ਮੈਂ ਆਪਣੀ ਮਰਜ਼ੀ ਦੀ ਸ਼ਰਾਬ ਪੀਣ ਦਾ ਲਾਲਚ ਤਿਆਗ ਕੇ ਉਹਨੂੰ ਨਹੀਂ ਵਿਚ ਉੱਤਰ ਦਿੱਤਾ ਅਤੇ ਔਰਤਾਂ ਕੋਲੋਂ ਰੋਜ਼ ਉਨ੍ਹਾਂ ਨਾਲ ਹੀ ਰੋਟੀ ਦੇ ਮੇਜ਼ ਤੋਂ ਉਠਣ ਦੀ ਆਗਿਆ ਲੈ ਲਈ। ਜਿੰਨੀ

ਦੇਰ ਮੈਂ ਲਿਮਰਿਜ ਹਾਊਸ ਵਿਚ ਰਹਿਣਾ ਸੀ, ਮੈਂ ਇਹੀ ਸਭਿਯ ਢੰਗ ਅਪਨਾਉਣਾ ਚਾਹੁੰਦਾ ਸਾਂ।

ਬਾਕੀ ਦੀ ਸ਼ਾਮ ਗੁਜ਼ਾਰਨ ਲਈ ਜਿਸ ਬੈਠਕ ਵਿਚ ਅਸੀਂ ਆਏ ਸਾਂ, ਇਹ ਕਮਰਾ ਵੀ ਹੇਠਲੀ ਮੰਜ਼ਿਲ ਤੇ ਹੀ ਸੀ, ਸ਼ਕਲ ਅਤੇ ਸਾਈਜ਼ ਵਿਚ ਬਰੈਕਫਾਸਟ-ਰੂਮ ਵਰਗਾ ਹੀ ਸੀ। ਕਮਰੇ ਦੇ ਥਲਵੇਂ ਹਿੱਸੇ ਵੱਲ ਸ਼ੀਸੇ ਦੇ ਦਰਵਾਜੇ ਸਨ, ਜਿਨ੍ਹਾਂ ਅੱਗੇ ਖੁੱਲ੍ਹੀ ਥਾਂ ਸੀ ਜੋ ਕਈ ਤਰ੍ਹਾਂ ਦੇ ਫੁੱਲਾਂ ਨਾਲ ਸਜਾਈ ਹੋਈ ਸੀ। ਜਿਸ ਵੱਲੋਂ ਅਸੀਂ ਕਮਰੇ ਵਿਚ ਦਾਖ਼ਲ ਹੋਏ, ਤਿਕਾਲਾਂ ਦਾ ਘੁਸਮੁਸਾ, ਕੋਮਲ ਹਨੇਰਾ ਛਾ ਰਿਹਾ ਸੀ; ਜਿਸ ਵਿਚ ਪੱਤੇ ਅਤੇ ਫੁੱਲ ਘੁਲਦੇ ਮਿਲਦੇ ਜਾ ਰਹੇ ਸਨ। ਸ਼ੀਸ਼ੇ ਦੇ ਖੁੱਲ੍ਹੇ ਦਰਵਾਜਿਆਂ ਰਾਹੀਂ ਸ਼ਾਮ ਦੀ ਸੁਗੰਧੀਆਂ ਭਰੀ ਪਵਨ ਨੇ ਸਾਡਾ ਸਵਾਗਤ ਕੀਤਾ। ਪਿਆਰੀ ਮਿਸੇਜ਼ ਵੈਸੀ ਕੋਨੇ ਵਿਚ ਪਈ ਇਕ ਆਰਾਮ ਕੁਰਸੀ ਤੇ ਬੰਨ ਕੇ ਉਂਘਲਾਉਣ ਲੱਗ ਪਈ। (ਉਹ ਹੀ ਸਭ ਤੋਂ ਪਹਿਲਾਂ ਬੈਠਦੀ ਸੀ)। ਮੇਰੇ ਬੇਨਤੀ ਕਰਨ ਤੇ ਮਿਸ ਫ਼ੇਅਰਲੀ ਪਿਆਨੋ ਵਜਾਉਣ ਲਈ ਜਾ ਬੈਠੀ, ਜਿਉਂ ਹੀ ਉਹਦੇ ਪਿੱਛੇ ਪਿੱਛੇ ਪਿਆਨੋ ਵੱਲ ਜਾ ਰਿਹਾ ਸਾਂ, ਮੈਂ ਵੇਖਿਆ ਕਿ ਮਿਸ ਹਾਲਕੌਂਬ ਇਕ ਪਾਸੇ ਦੀ ਖਿੜਕੀ ਕੋਲ ਖੜੀ ਹੋ ਕੇ ਆਪਣੀ ਮਾਂ ਦੀਆਂ ਚਿੱਠੀਆਂ ਸ਼ਾਮ ਦੀ ਉਸ ਮਧੱਮ ਰੋਸ਼ਨੀ ਵਿਚ ਪੜ੍ਹਨ ਲੱਗੀ ਹੈ ਤਾਂ ਜੋ ਉਸ ਭੇਤ ਦੀ ਕੋਈ ਉੱਘ ਸੁੱਘ ਨਿਕਲ ਸਕੇ।

ਇਹ ਸਤਰਾਂ ਲਿਖਦਿਆਂ ਲਿਖਦਿਆਂ ਉਸ ਬੈਠਕ ਦਾ ਉਹ ਸ਼ਾਂਤਮਈ ਘਰੋਗੀ ਦਰਿਸ਼ ਮੇਰੀਆਂ ਅੱਖਾਂ ਸਾਹਮਣੇ ਸਪੱਸ਼ਟ ਉੱਘੜ ਆਇਆ ਹੈ। ਜਿਥੇ ਮੈਂ ਬੈਠਾ ਸਾਂ, ਉਥੋਂ ਮੈਨੂੰ ਮਿਸ ਹਾਲਕੌਂਬ ਦਿਸ ਰਹੀ ਸੀ। ਉਸ ਭੇਦ-ਭਰੀ ਰੋਸ਼ਨੀ ਤੇ ਛਾਂ ਵਿਚ ਲਿਪਟਿਆ, ਉਹਦਾ ਸੁੰਦਰ ਆਕਾਰ ਉਨ੍ਹਾਂ ਚਿੱਠੀਆਂ ਉਤੇ ਪੂਰੀ ਲਗਨ ਨਾਲ ਝੁਕਿਆ ਮੈਂ ਵੇਖ ਸਕਦਾ ਸਾਂ। ਅਤੇ ਮੇਰੇ ਨੇੜੇ ਪਿਆਨੋ ਵਜਾਉਂਦੀ ਦੇ ਚਿਹਰੇ ਦੇ ਇਕ ਪਾਸੇ ਦਾ ਪ੍ਰਛਾਵਾਂ ਕਮਰੇ ਦੀ ਅੰਦਰਲੀ ਕੰਧ, ਜਿਸ ਉਪਰ ਹਨੇਰਾ ਘਣਾ ਹੁੰਦਾ ਜਾ ਰਿਹਾ ਸੀ, ਬੜੀ ਸੂਖਮਤਾ ਨਾਲ ਉਕਰਦਾ ਪਿਆ ਦਿਸਦਾ ਸੀ। ਬਾਹਰ ਖੁੱਲੀ ਥਾਂ ਉਤੇ, ਫੁੱਲਾਂ ਦੇ ਭੰਡ, ਲੰਮਾ ਲੰਮਾ ਘਾਹ ਅਤੇ ਵੇਲਾਂ, ਸ਼ਾਮ ਦੀ ਹਲਕੀ ਹਲਕੀ ਹਵਾ ਵਿਚ ਇੰਜ ਝੂਮ ਰਹੇ ਸਨ, ਕਿ ਉਨ੍ਹਾਂ ਦੀ ਰਤਾ ਜੇਹੀ ਆਵਾਜ਼ ਵੀ ਸਾਡੇ ਤੀਕ ਨਹੀਂ ਸੀ ਪਹੁੰਚ ਰਹੀ। ਆਕਾਸ਼ ਬਿਲਕੁਲ ਨਿਰਮਲ ਸੀ; ਅਤੇ ਪੂਰਬ ਵਲੋਂ ਭੇਦ-ਭਰੀ ਚੰਨ-ਚਾਨਣੀ ਕੰਬਦੀ ਹੋਈ ਪ੍ਰਗਟ ਹੋਣ ਲੱਗ ਪਈ। ਅਜਿਹਾ ਸ਼ਾਂਤ ਵਾਤਾਵਰਣ ਸੀ ਜਿਸ

ਵਿਚ ਸਭ ਸੋਚਾਂ ਭੁੱਲ ਜਾਂਦੀਆਂ ਹਨ; ਅਤੇ ਸਭ ਪਾਸੇ ਇਕ ਅਦਭੁਤ ਅਲੋਕਿਕ ਮਸਤੀ ਛਾਈ ਜਾਪਦੀ ਸੀ; ਅਤੇ ਇਹ ਸ਼ਾਂਤਮਈ, ਸੁਖਾਵਾਂ ਪ੍ਰਭਾਵ ਪਿਆਨੋ ਤੇ ਵਜਦੀ ਮੋਜ਼ਾਰਟ ਦੀ ਦੈਵੀ ਧੁਨ ਨਾਲ ਹੋਰ ਵੀ ਡੂੰਘਾ ਹੁੰਦਾ ਜਾ ਰਿਹਾ ਸੀ। ਅਜਿਹੀ ਸੁਰਾਂ ਤੇ ਰੰਗਾਂ ਦੀ ਸ਼ਾਮ ਸੀ ਜੋ ਕਦੀ ਨਹੀਂ ਭੁਲਾਈ ਜਾ ਸਕਦੀ।

ਅਸੀਂ ਸਾਰੇ ਆਪੋ ਆਪਣੀਆਂ ਥਾਵਾਂ ਤੇ ਚੁੱਪ ਚਾਪ ਬੈਠੇ ਸਾਂ। ਮਿਸਜ਼ ਵੈਸੀ ਅਜੇ ਵੀ ਸੁੱਤੀ ਹੋਈ ਸੀ, ਮਿਸ ਫ਼ੇਅਰਲੀ ਅਜੇ ਵੀ ਪਿਆਨੋ ਵਜਾ ਰਹੀ ਸੀ, ਮਿਸ ਹਾਲਕੌਂਬ ਅਜੇ ਵੀ ਉਸ ਮੱਧਮ ਰੋਸ਼ਨੀ ਵਿਚ ਪੜ੍ਹ ਰਹੀ ਸੀ। ਹੁਣ ਬਾਹਰ ਟੈਰਸ ਤੇ ਚੰਨ ਚਮਕਣ ਲੱਗ ਪਿਆ ਸੀ ਅਤੇ ਉਸਦੀ ਤਿਰਛੀ ਰੋਸ਼ਨੀ ਕਮਰੇ ਦੇ ਹੇਠਲੇ ਹਿੱਸੇ ਵਿਚ ਆ ਗਈ ਸੀ। ਤਿਕਾਲਾਂ ਦੇ ਉਸ ਘੁਸਮਸੇ ਹਨੇਰੇ ਮਗਰੋਂ ਇਹ ਪ੍ਰੀਵਰਤਨ ਬੜਾ ਹੀ ਸੁੰਦਰ ਲੱਗਾ ਤੇ ਅਸੀਂ ਸਾਰਿਆਂ ਨੇ ਇਕ ਮਤ ਹੋ ਲੈਂਪਾਂ ਉਸੇ ਨੌਕਰ ਹੱਥ ਵਾਪਸ ਭੇਜ ਦਿਤੀਆਂ, ਜੋ ਉਨ੍ਹਾਂ ਨੂੰ ਜਗਾਉਣ ਆਇਆ ਸੀ। ਪਿਆਨੋ ਤੇ ਦੋ ਮੋਮਬੱਤੀਆਂ ਜਗ ਰਹੀਆਂ ਸਨ।

ਅੱਧਾ ਘੰਟਾ ਹੋਰ ਪਿਆਨੋ ਵਜਦਾ ਰਿਹਾ। ਇਸ ਤੋਂ ਮਗਰੋਂ ਟੈਰਸ ਤੇ ਛਾਈ ਚੰਨ ਚਾਨਣੀ ਦੀ ਸੁੰਦਰਤਾ ਨੂੰ ਮਾਣਨ ਲਈ ਮਿਸ ਫ਼ੇਅਰਲੀ ਬਾਹਰ ਨਿਕਲੀ ਅਤੇ ਮੈਂ ਵੀ ਉਹਦੇ ਪਿੱਛੇ ਪਿੱਛੇ ਨਿਕਲ ਤੁਰਿਆ। ਪਿਆਨੋ ਉਤੇ ਮੋਮਬੱਤੀਆਂ ਲੱਗਣ ਮਗਰੋਂ ਮਿਸ ਹਾਲਕੌਂਬ ਨੇ ਆਪਣੀ ਥਾਂ ਬਦਲ ਲਈ ਸੀ ਤਾਂ ਜੋ ਉਨ੍ਹਾਂ ਦੇ ਚਾਨਣ ਵਿਚ ਚਿੱਠੀਆਂ ਪੜ੍ਹਨ ਦਾ ਕੰਮ ਜਾਰੀ ਰੱਖ ਸਕੇ। ਅਸੀਂ ਜਦੋਂ ਕਮਰੇ ਵਿਚੋਂ ਬਾਹਰ ਨਿਕਲੇ, ਉਹ ਪਿਆਨੋ ਦੇ ਨੇੜੇ ਇਕ ਨੀਵੀਂ ਕੁਰਸੀ ਤੇ ਆਪਣੇ ਕੰਮ ਵਿਚ ਏਨੀ ਡੂੰਘੀ ਜੁੜੀ ਬੈਠੀ ਸੀ ਕਿ ਉਹਨੂੰ ਸ਼ਾਇਦ ਸਾਡੇ ਬਾਹਰ ਜਾਣ ਦਾ ਪਤਾ ਵੀ ਨਹੀਂ ਸੀ ਲੱਗਾ।

ਮੇਰਾ ਖ਼ਿਆਲ ਹੈ ਕਿ ਅਸੀਂ ਦੋਵੇਂ ਸ਼ੀਸ਼ੇ ਦੇ ਦਰਵਾਜਿਆਂ ਦੇ ਸਾਹਮਣੇ ਟੈਰਸ ਤੇ ਕੁਲ ਪੰਜ ਮਿੰਟ ਹੀ ਖੜ੍ਹਤੇ ਹੋਵਾਂਗੇ; ਅਤੇ ਮਿਸ ਫ਼ੇਅਰਲੀ ਮੇਰੇ ਕਹਿਣ ਤੇ ਰਾਤ ਦੀ ਠੰਢੀ ਹਵਾ ਤੋਂ ਬਚਣ ਲਈ ਆਪਣੇ ਸਿਰ ਤੇ ਚਿੱਟਾ ਰੁਮਾਲ ਬੰਨ੍ਹ ਰਹੀ ਸੀ ਕਿ ਮਿਸ ਹਾਲਕੌਂਬ ਦੀ ਆਵਾਜ਼ ਮੇਰਿਆਂ ਕੰਨਾਂ ਵਿਚ ਪਈ। ਮਿਸ ਹਾਲਕੌਂਬ ਨੇ ਮੈਨੂੰ ਨਾਂ ਲੈ ਕੇ ਪ੍ਰਕਾਰਿਆ ਸੀ; ਅਤੇ ਉਹਦੀ ਆਵਾਜ਼ ਮੱਧਮ ਅਤੇ ਉਤਸੁਕਤਾ-ਭਰੀ ਸੀ, ਨਿਤ ਵਾਂਗ ਟਿਚਕਰਾਂ ਕਰਨ ਦੇ ਲਹਿਜੇ ਤੋਂ ਉੱਕਾ ਹੀ ਵੱਖਰਾ ਲਹਿਜਾ ਸੀ।

"ਮਿਸਟਰ ਹਾਰਟਰਾਈਟ ਕੀ ਇਕ ਮਿੰਟ ਲਈ ਤੁਸੀਂ ਇਥੇ ਆਉਗੇ? ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਦੀ ਹਾਂ," ਉਹ ਬੋਲੀ।

ਮੈਂ ਫ਼ੌਰਨ ਕਮਰੇ ਵਿਚ ਵਾਪਸ ਗਿਆ। ਅੰਦਰ ਕੰਧ ਕੋਲ ਪਿਆਨੋ, ਕਮਰੇ ਵਿਚਕਾਰ ਦੇ ਕਰਕੇ ਪਿਆ ਹੋਇਆ ਸੀ। ਪਿਆਨੋ ਦੇ ਕੋਲ ਟੈਰਸ ਤੋਂ ਕਾਫ਼ੀ ਦੂਰ ਮਿਸ ਹਾਲਕੌਂਬ ਆਪਣੀ ਝੋਲੀ ਵਿਚ ਚਿੱਠੀਆਂ ਖਿਲਾਰੀ ਬੈਠੀ ਸੀ। ਉਨ੍ਹਾਂ ਵਿਚੋਂ ਇਕ ਉਹਨੇ ਚੁਣ ਕੇ ਆਪਣੇ ਹੱਥ ਵਿਚ ਮੋਮਬੱਤੀ ਦੇ ਨੇੜੇ ਕਰ ਕੇ ਫੜੀ ਹੋਈ ਸੀ। ਟੈਰਸ ਦੇ ਨੇੜੇ ਵਾਲੇ ਪਾਸੇ ਇਕ ਗੱਦੀਦਾਰ ਚੌਂਕੀ ਸੀ, ਜਿਸ ਤੇ ਮੈਂ ਬੈਠ ਗਿਆ। ਇੱਥੋਂ ਮੈਂ ਸ਼ੀਸ਼ੇ ਦੇ ਦਰਵਾਜ਼ਿਆਂ ਤੋਂ ਬਹੁਤਾ ਦੂਰ ਨਹੀਂ ਸਾਂ, ਅਤੇ ਮਿਸ ਫ਼ੇਅਰਲੀ ਨੂੰ ਸਾਫ਼ ਵੇਖ ਸਕਦਾ ਸਾਂ, ਜੋ ਬਾਹਰ ਟੈਰਸ ਤੇ ਟਹਿਲਦੀ ਹੋਈ ਦਰਵਾਜ਼ੇ ਦੇ ਅਗੋਂ ਘੜੀ ਘੜੀ ਲੰਘ ਰਹੀ ਸੀ; ਉਹ ਪੂਰੇ ਚੰਨ ਦੀ ਚਾਨਣੀ ਵਿਚ ਹੌਲੀ ਹੌਲੀ ਟੈਰਸ ਦੇ ਇਕ ਸਿਰੇ ਤੋਂ ਦੂਜੇ ਤਕ ਆ ਜਾ ਰਹੀ ਸੀ। "ਮੈਂ" ਇਸ ਚਿੱਠੀ ਦਾ ਅਖੀਰਲਾ ਪੈਰ੍ਹਾ ਤੁਹਾਨੂੰ ਪੜ੍ਹ ਕੇ ਸੁਣਾਉਣਾ ਚਾਹੁੰਦੀ ਹਾਂ।" ਮਿਸ ਹਾਲਕੌਂਬ ਨੇ ਕਿਹਾ, "ਜੇ ਇਨ੍ਹਾਂ ਨਾਲ ਉਸ ਅਨੋਖੀ ਘਟਨਾ ਉਤੇ ਜੋ ਤੁਹਾਡੇ ਨਾਲ ਲੰਦਨ ਜਾਂਦਿਆਂ ਰਾਹ ਵਿਚ ਵਾਪਰੀ, ਕੋਈ ਰੋਸ਼ਨੀ ਪੈਂਦੀ ਦਿਸੇ ਤਾਂ ਮੈਨੂੰ ਦੱਸਣਾ। ਇਹ ਚਿੱਠੀ ਮੇਰੀ ਮਾਂ ਨੇ ਆਪਣੇ ਦੂਜੇ ਪਤੀ ਮਿਸਟਰ ਫ਼ੇਅਰਲੀ ਨੂੰ ਲਿਖੀ ਹੈ ਅਤੇ ਤਾਰੀਖ ਤੋਂ ਪਤਾ ਲਗਦਾ ਹੈ ਕਿ ਇਸਨੂੰ ਲਿਖਿਆਂ ਕੋਈ ਯਾਰਾ ਬਾਰਾਂ ਸਾਲ ਬੀਤ ਚੁਕੇ ਹਨ। ਉਸ ਸਮੇਂ ਮਿਸਟਰ ਅਤੇ ਮਿਸਜ਼ ਫ਼ੇਅਰਲੀ ਅਤੇ ਮੇਰੀ ਭੈਣ ਲਾਰਾ ਨੂੰ ਇਥੇ ਰਹਿੰਦਿਆਂ ਕਈ ਵਰ੍ਹੇ ਹੋ ਗਏ ਸਨ, ਅਤੇ ਮੈਂ ਉਨ੍ਹਾਂ ਤੋਂ ਦੂਰ ਪੈਰਸ ਦੇ ਇਕ ਸਕੂਲ ਵਿਚ ਵਿਦਿਆ ਪ੍ਰਾਪਤ ਕਰ ਰਹੀ ਸਾਂ।"

ਉਹ ਬੜੀ ਗੰਭੀਰਤਾ ਨਾਲ ਇਹ ਸਭ ਕਹਿ ਰਹੀ ਸੀ, ਅਤੇ ਮੈਨੂੰ ਲੱਗਾ ਜਿਵੇਂ ਉਹ ਥੋੜ੍ਹੀ ਜਿਹੀ ਬੇਚੈਨ ਵੀ ਸੀ। ਜਦੋਂ ਉਹਨੇ ਪੜ੍ਹਨ ਤੋਂ ਪਹਿਲਾਂ ਚਿੱਠੀ ਮੋਮਬੱਤੀ ਦੇ ਨੇੜੇ ਕੀਤੀ ਤਾਂ ਉਸ ਪਲ ਮਿਸ ਫ਼ੇਅਰਲੀ ਨੇ ਅੰਦਰ ਝਾਕ ਕੇ ਵੇਖਿਆ, ਸਾਨੂੰ ਇੰਜ ਰੁੱਝਿਆਂ ਵੇਖ ਕੇ ਉਹ ਹੌਲੀ ਜਿਹੀ ਅਗੇ ਲੰਘ ਗਈ।

ਮਿਸ ਹਾਲਕੌਂਬ ਨੇ ਪੜ੍ਹਨਾ ਸ਼ੁਰੂ ਕੀਤਾ :-

"ਹੁਣ ਤਕ ਤੁਸੀਂ ਮੇਰੇ ਸਕੂਲ ਅਤੇ ਵਿਦਿਆਰਥੀਆਂ ਬਾਰੇ ਪੜ੍ਹ ਪੜ੍ਹ ਕੇ ਅੱਕ ਚੁੱਕੇ ਹੋਵੋਗੇ, ਮੇਰੇ ਪਿਆਰੇ ਫਿਲਪ, ਪਰ ਕ੍ਰਿਪਾ ਕਰ ਕੇ ਇਸ ਦਾ ਸਾਰਾ ਦੋਸ਼ ਤੁਸੀਂ" ਲਿਮਰਿਜ ਦੀ ਇਕਸਾਰ ਅਤੇ ਨੀਰਸ ਜ਼ਿੰਦਗੀ ਨੂੰ ਦੇਣਾ, ਮੈਂ ਨਿਰਦੋਸ਼ ਹਾਂ। ਨਾਲੇ ਇਸ ਵਾਰ ਤਾਂ ਇਕ ਨਵੇਂ ਵਿਦਿਆਰਥੀ ਬਾਰੇ ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦੀ ਹਾਂ, ਜੋ ਸਚਮੁਚ ਹੀ ਬਹੁਤ ਦਿਲਚਸਪ ਹੈ।

ਤੁਸੀਂ ਪਿੰਡ ਦੀ ਦੁਕਾਨ ਵਾਲੀ ਮਿਸਜ਼ ਕੈਂਪ ਨੂੰ ਜਾਣਦੇ ਹੀ ਹੋ; ਵਰ੍ਹਿਆਂ ਦੀ ਲੰਮੀ ਬੀਮਾਰੀ ਮਗਰੋਂ ਡਾਕਟਰਾਂ ਉਹਨੂੰ ਹੁਣ ਅਖੀਰ ਜਵਾਬ ਦੇ ਦਿੱਤਾ ਹੈ ਕਿਉਂ ਜੋ ਉਹ ਹੌਲੀ ਹੌਲੀ ਖਤਮ ਹੋ ਰਹੀ ਹੈ। ਉਹਦੀ ਇਕ ਇਕ ਰਿਸ਼ਤੇਦਾਰ, ਉਹਦੀ ਭੈਣ ਉਸਦੀ ਸੇਵਾ ਲਈ ਆਈ ਹੋਈ ਹੈ। ਉਸਦਾ ਨਾਂ ਮਿਸਜ਼ ਕੈਥੋਰਿਕ ਹੈ, ਅਤੇ ਉਹ ਬੜੀ ਦੂਰੋਂ, ਹੈਂਪਸ਼ਾਇਰ ਤੋਂ ਆਈ ਹੈ। ਚਾਰ ਕੁ ਦਿਨ ਹੋਏ ਉਹ ਮੈਨੂੰ ਮਿਲਣ ਆਈ ਸੀ ਅਤੇ ਆਪਣੇ ਨਾਲ ਆਪਣੀ ਇਕਲੌਤੀ ਬੱਚੀ ਨੂੰ ਵੀ ਲਿਆਈ ਸੀ, ਕੁੜੀ ਸਾਡੀ ਪਿਆਰੀ ਲਾਰਾ ਤੋਂ ਸਾਲ ਕੁ ਵੱਡੀ ਹੋਵੇਗੀ, ਅਤੇ ਬੜੀ ਹੀ ਪਿਆਰੀ ਹੈ -" ਪੜ੍ਹਨ ਵਾਲੇ ਨੇ ਜਦੋਂ ਅਖੀਰਲਾ ਵਾਕ ਪੜ੍ਹਿਆ ਤਾਂ ਮਿਸ ਫ਼ੇਅਰਲੀ ਇਕ ਵਾਰ ਮੁੜ ਸਾਡੇ ਸਾਹਮਣਿਉਂ ਟੈਰਸ ਤੋਂ ਲੰਘੀ। ਉਹ ਉਨ੍ਹਾਂ ਸੁਰੀਲੀਆਂ ਸੁਰਾਂ ਵਿਚੋਂ ਇਕ ਹੌਲੀ ਹੌਲੀ ਗੁਣਗੁਣਾ ਰਹੀ ਸੀ, ਜੋ ਥੋੜ੍ਹੀ ਦੇਰ ਪਹਿਲਾਂ ਸ਼ਾਮੀਂ ਉਹਨੇ ਵਜਾਈਆਂ ਸਨ। ਮਿਸ ਹਾਲਕੌਂਬ ਨੇ ਚੁੱਪ ਹੋ ਕੇ ਉਹਦੋਂ ਲੰਘ ਜਾਣ ਦੀ ਇੰਤਜ਼ਾਰ ਕੀਤੀ; ਅਤੇ ਫਿਰ ਚਿੱਠੀ ਪੜ੍ਹਨੀ ਸ਼ੁਰੂ ਕਰ ਦਿਤੀ :--

"ਮਿਸਜ਼ ਕੈਥਰਿਕ, ਸਾਊ, ਭਲੀਮਾਣਸ ਅਤੇ ਸ਼ਰੀਫ ਔਰਤ ਹੈ; ਅਧਖੱੜ ਉਮਰ ਦੀ ਅਤੇ ਜਵਾਨੀ ਵੇਲੇ ਵੀ ਉਹ ਦਰਮਿਆਨੀ ਜਿਹੀ ਸ਼ਕਲ ਦੀ ਹੋਵੇਗੀ। ਪਰ ਉਹਦੇ ਵਤੀਰੇ ਅਤੇ ਸੂਰਤ ਵਿਚ ਕੁਝ ਅਜਿਹੀ ਗੱਲ ਹੈ, ਜੋ ਮੈਨੂੰ ਸਮਝ ਨਹੀਂ ਆ ਰਹੀ। ਉਹਨੇ ਆਪਣੇ ਬਾਰੇ ਇਕ ਭੇਦ-ਭਰੀ ਚੁੱਪ ਇਖਤਿਆਰ ਕੀਤੀ ਹੋਈ ਹੈ, ਅਤੇ ਉਹਦੇ ਮੂੰਹ ਤੇ ਅਜਿਹੀ ਤੱਕਣੀ ਹੈ, ਜਿਸਨੂੰ ਮੈਂ ਬਿਆਨ ਨਹੀਂ ਕਰ ਸਕਦੀ, ਪਰ ਜਿਸ ਤੋਂ ਮੈਨੂੰ ਇਹ ਜਾਪਦਾ ਹੈ ਕਿ ਉਹਦੇ ਦਿਮਾਗ ਤੇ ਕੋਈ ਭਾਰ ਹੈ। ਉਹ ਤੁਰਦੀ ਫਿਰਦੀ ਬੁਝਾਰਤ ਦਿੱਸਦੀ ਹੈ। ਲਿਮਰਿਜ ਹਾਊਸ ਵਿਚ ਉਹਨੂੰ ਕੋਈ ਖਾਸ ਕੰਮ ਨਹੀਂ ਸੀ। ਜਦੋਂ ਉਹ ਆਪਣੀ ਭੈਣ, ਮਿਸਜ਼ ਕੈਂਪ ਦੀ ਆਖ਼ਰੀ ਬੀਮਾਰੀ ਵਿਚ ਸੇਵਾ ਕਰਨ ਲਈ ਹੈਪਸ਼ਾਇਰ ਤੋਂ ਆਈ ਤਾਂ ਉਹਨੂੰ ਮਜਬੂਰੀ ਆਪਣੀ ਬੱਚੀ ਨੂੰ ਵੀ ਨਾਲ ਹੀ ਲਿਆਉਣਾ ਪਿਆ ਕਿਉਂ ਜੋ ਘਰ ਉਹਦੀ ਦੇਖ ਭਾਲ ਕਰਨ ਲਈ ਹੋਰ ਕੋਈ ਨਹੀਂ ਸੀ। ਮਿਸਜ਼ ਕੈਂਪ ਭਾਵੇਂ ਇਕ ਹਫਤੇ ਵਿਚ ਹੀ ਮਰ ਜਾਏ ਤੇ ਭਾਵੇਂ ਉਹ ਕਈ ਮਹੀਨੇ ਮੌਤ ਕਿਨਾਰ ਲਟਕਦੀ ਰਹੇ, ਇਸ ਦਾ ਕੋਈ ਪਤਾ ਨਹੀਂ; ਇਸ ਲਈ ਮਿਸਜ਼ ਕੈਥੇਰਿਕ ਮੇਰੇ ਕੋਲ ਆਪਣੀ ਬੱਚੀ ਨੂੰ ਸਕੂਲ ਵਿਚ ਦਾਖਲ ਕਰਵਾਉਣ ਆਈ ਸੀ, ਪਰ ਨਾਲ ਹੀ ਉਹਦੀ ਇਕ ਸ਼ਰਤ ਵੀ ਸੀ ਕਿ ਜਦੋਂ ਮਿਸਜ ਕੈਂਪ ਮਰ ਗਈ ਤਾਂ ਉਹ ਆਪਣੀ ਬੱਚੀ ਨੂੰ ਸਕੂਲ ਤੋਂ ਆਪਣੇ ਘਰ ਵਾਪਸ ਲੈ ਜਾਏਗੀ। ਮੈਂ ਇਕਦਮ ਉਹਦੀ ਗਲ ਮੰਨ ਲਈ ਅਤੇ ਜਦੋਂ ਮੈਂ ਤੇ

ਲਾਰਾ ਸੈਰ ਕਰਨ ਗਈਆਂ ਤਾਂ ਉਸ ਕੁੜੀ ਨੂੰ (ਜੋ ਯਾਰਾ ਸਾਲ ਦੀ ਹੈ) ਉਸੇ ਦਿਨ ਹੀ ਸਕੂਲ ਲੈ ਗਈਆਂ।"

ਇਕ ਵਾਰ ਮੁੜ ਮਿਸ ਫ਼ੇਅਰਲੀ ਦਾ ਕੋਮਲ ਅਤੇ ਨਾਜ਼ਕ ਆਕਾਰ, ਚਿੱਟੇ ਦੁੱਧ ਪਹਿਰਾਵੇ ਵਿਚ ਲਿਪਟਿਆ ਅਤੇ ਉਹਦੇ ਸਿਰ ਤੇ ਚਿੱਟਾ ਰੁਮਾਲ ਸੀ, ਜਿਸ ਦੀ ਉਹਨੇ ਠੋਡੀ ਹੇਠਾਂ ਗੰਢ ਮਾਰ ਲਈ ਸੀ, ਸਾਡੇ ਸਾਹਮਣਿਉਂ ਚੰਨ ਚਾਨਣੀ ਵਿਚ ਲੰਘਿਆ। ਇਕ ਵਾਰ ਮੁੜ ਮਿਸ ਹਾਲਕੌਂਬ ਨੇ ਉਹਦੇ ਅਖੀਉਂ ਓਹਲੇ ਹੋਣ ਦੀ ਉਡੀਕ ਕੀਤੀ ਅਤੇ ਫਿਰ ਪੜ੍ਹਨ ਲੱਗੀ:-

"ਮੈਨੂੰ ਆਪਣੀ ਇਸ ਨਵੀਂ ਵਿਦਿਆਰਥਣ ਨਾਲ ਇਕ ਦਮ ਤੀਬਰ ਪਿਆਰ ਹੋ ਗਿਆ ਹੈ, ਇਸ ਦਾ ਕਾਰਨ ਮੈਂ ਅਖੀਰ ਵਿਚ ਦਸਾਂਗੀ ਫਿਲਪ, ਤਾਂ ਜੋ ਤੁਹਾਨੂੰ ਖ਼ੂਬ ਹੈਰਾਨੀ ਹੋਵੇ। ਉਹਦੀ ਮਾਂ ਨੇ ਜਿਵੇਂ ਆਪਣੇ ਬਾਰੇ ਕੁਝ ਨਹੀਂ ਦੱਸਿਆ: ਉਵੇਂ ਹੀ ਆਪਣੀ ਬੱਚੀ ਬਾਰੇ ਵੀ ਕੋਈ ਗੱਲ ਨਹੀਂ ਕੀਤੀ। ਸੋ ਮੈਨੂੰ ਉਹਦੇ ਬਾਰੇ ਕੁਝ ਜਾਣਨ ਲਈ ਆਪ ਹੀ ਮਿਹਨਤ ਕਰਨੀ ਪਈ। (ਸੋ ਮੈਂ ਪਹਿਲੇ ਦਿਨ ਉਹਨੂੰ ਕੁਝ ਪੜ੍ਹਾ ਕੇ ਵੇਖ ਲਿਆ ਸੀ) ਉਸ ਵਿਚਾਰੀ ਦਾ ਦਿਮਾਗ ਉਨਾਂ ਕੰਮ ਨਹੀਂ ਕਰਦਾ, ਜਿੰਨਾ ਕਿ ਇਸ ਉਮਰ ਦੇ ਬੱਚੇ ਦਾ ਕਰਨਾ ਚਾਹੀਦਾ ਹੈ। ਜਦੋਂ ਮੈਨੂੰ ਇਹ ਗੱਲ ਪਤਾ ਲੱਗੀ ਤਾਂ ਮੈਂ ਅਗਲੇ ਦਿਨ ਉਹਨੂੰ ਘਰ ਲੈ ਆਈ ਅਤੇ ਡਾਕਟਰ ਦੇ ਆਉਣ ਲਈ ਵੀ ਸਮਾਂ ਨਿਯਤ ਕੀਤਾ ਤਾਂ ਜੋ ਉਹ ਆਕੇ ਉਹਨੂੰ ਵੇਖੇ ਅਤੇ, ਸਵਾਲ ਪੁੱਛੇ ਤੇ ਮੈਨੂੰ ਉਹਦੇ ਬਾਰੇ ਆਪਣੀ ਰਾਏ ਦਸ ਸਕੇ। ਉਹਦੀ ਰਾਏ ਹੈ ਕਿ ਉਹ ਹੌਲੀ ਹੌਲੀ ਠੀਕ ਹੋ ਜਾਏਗੀ, ਪਰ ਉਹ ਇਹ ਵੀ ਕਹਿੰਦਾ ਹੈ ਕਿ ਇਸ ਵੇਲੇ ਉਹਦਾ ਸਕੂਲ ਵਿਚ ਵਧੇਰੇ ਧਿਆਨ ਰੱਖਣਾ ਚਾਹੀਦਾ ਹੈ, ਕਿਉਂਕਿ ਜੇ ਉਹ ਨਵੇਂ ਵਿਚਾਰਾਂ ਨੂੰ ਆਮ ਬੱਚੇ ਤੋਂ ਵਧੇਰੇ ਸਮੇਂ ਵਿਚ ਗ੍ਰਹਿਣ ਕਰਦੀ ਹੈ ਤਾਂ ਉਹ ਉਨਾਂ ਨੂੰ ਭੁਲੇਗੀ ਵੀ ਦੇਰ ਨਾਲ। ਹੁਣ ਮੇਰੇ ਪਿਆਰੇ, ਆਪਣੇ ਕਾਹਲੇਪਨ ਨਾਲ ਕਿਧਰੇ ਇਹ ਨਾ ਸੋਚ ਲੈਣਾ ਕਿ ਮੈਂ ਇਕ ਬੁੱਧੂ ਬੱਚੇ ਨਾਲ ਪਿਆਰ ਪਾ ਬੈਠੀ ਹਾਂ। ਵਿਚਾਰੀ ਏਨ ਕੈਥੋਰਿਕ ਇਕ ਛੋਟੀ, ਮਾਸੂਮ, ਪਿਆਰ ਕਰਨ ਵਾਲੀ ਅਤੇ ਅਹਿਸਾਨ ਮੰਨਣ ਵਾਲੀ ਕੁੜੀ ਹੈ। ਉਹ ਪਿਆਰੀਆਂ ਪਿਆਰੀਆਂ ਗੱਲਾਂ ਇਕ ਅਨੋਖੇ ਢੰਗ ਨਾਲ ਕਰਦੀ ਹੈ ਜੋ ਖਾਸ ਉਹਦਾ ਆਪਣਾ ਹੈ- ਡਰੀ ਹੋਈ, ਹੈਰਾਨੀ ਨਾਲ ਅਤੇ ਬੜੀ ਅਚਾਨਕ ਹੀ ਉਹ ਕੋਈ ਗੱਲ ਕਰ ਦੇਂਦੀ ਹੈ। (ਜਿਸਦੀ ਉਦਾਹਰਣ ਮੈਂ ਤੁਹਾਨੂੰ ਹੁਣੇ ਦਿਆਂਗੀ ਅਤੇ ਜਿਸ ਤੋਂ ਤੁਸੀਂ ਆਪ ਅੰਦਾਜ਼ਾ ਲਾ ਸਕਦੇ ਹੋ) ਉਹਦੇ ਕੱਪੜੇ ਭਾਵੇਂ ਸਾਫ਼-ਸੁਥਰੇ ਹਨ ਪਰ ਨਾ ਤੇ ਉਨ੍ਹਾਂ

ਦਾ ਰੰਗ ਚੰਗਾ ਹੈ ਅਤੇ ਨਾ ਹੀ ਡੀਜ਼ਾਈਨ ਕਿਸੇ ਕੰਮ ਦਾ ਹੈ। ਸੋ ਮੈਂ ਕਲ ਇਹ ਪ੍ਰਬੰਧ ਕੀਤਾ ਕਿ ਸਾਡੀ ਪਿਆਰੀ ਲਾਰਾ ਦੇ ਕੁਝ ਪੁਰਾਣੇ ਚਿੱਟੇ ਫਰਾਕ ਅਤੇ ਚਿੱਟੇ ਹੈਟ ਉਹਦੇ ਮਾਪ ਦੇ ਕਰਵਾ ਦਿਆਂ; ਅਤੇ ਉਹਨੂੰ ਮੈਂ ਇਹ ਗੱਲ ਖੋਲ੍ਹ ਕੇ ਸਮਝਾਈ ਕਿ ਉਹਦੀ ਉਮਰ ਦੀਆਂ ਨਿਕੀਆਂ ਕੁੜੀਆਂ ਨੂੰ, ਜਿਨ੍ਹਾਂ ਦਾ ਰੰਗ ਉਹਦੇ ਰੰਗ ਵਰਗਾ ਹੁੰਦਾ ਹੈ, ਚਿੱਟਿਆਂ ਕੱਪੜਿਆਂ ਵਿਚ ਸਭ ਤੋਂ ਵੱਧ ਸੁਹਣੀਆਂ ਦਿਸਦੀਆਂ ਹਨ। ਉਹ ਇਕ ਪਲ ਕੁਝ ਹੱਕੀ ਬੱਕੀ ਦਿਸੀ : ਫਿਰ ਉਹਦਾ ਮੂੰਹ ਲਾਲ ਹੋ ਗਿਆ ਤੇ ਮੈਂ ਜਾਣ ਗਈ ਕਿ ਉਹਨੇ ਮੇਰੀ ਗੱਲ ਸਮਝ ਲਈ ਹੈ। ਉਹਨੇ ਆਪਣੇ ਨਿੱਕੇ ਜਿਹੇ ਹੱਥ ਨਾਲ ਅਚਾਨਕ ਮੇਰੇ ਹੱਥ ਨੂੰ ਘੁੱਟਿਆ, ਫਿਰ, ਉਹਨੇ ਮੇਰੇ ਹੱਥ ਨੂੰ ਚੁੰਮਿਆ ਅਤੇ ਬੋਲੀ, (ਇਹ ਗੱਲ ਉਹਨੇ ਦਿਲੋਂ ਕਹੀ) "ਮੈਂ ਜਿੰਨੀ ਦੇਰ ਜੀਵਾਂਗੀ, ਸਦਾ ਚਿੱਟੇ ਕੱਪੜੇ ਹੀ ਪਾਵਾਂਗੀ। ਇਸ ਲਈ ਮੈਂ ਸਦਾ ਤੁਹਾਨੂੰ ਯਾਦ ਰਖਾਂਗੀ, ਅਤੇ ਜਦੋਂ ਤੁਹਾਡੇ ਤੋਂ ਦੂਰ ਵੀ ਹੋਵਾਂਗੀ, ਚਿੱਟੇ ਕਪੜੇ ਪਾ ਕੇ ਮੈਂ ਇਹੀ ਸੋਚਾਂਗੀ ਕਿ ਮੈਂ ਤੁਹਾਨੂੰ ਖੁਸ਼ੀ ਦੇ ਰਹੀ ਹਾਂ।" ਇਹ ਉਹਦੀਆਂ ਕੀਤੀਆਂ ਅਨੋਖੀਆਂ ਗੱਲਾਂ ਵਿਚੋਂ ਸਿਰਫ ਇਕ ਉਦਾਹਰਣ ਮੈਂ ਤੁਹਾਨੂੰ ਦਸਿਆ ਹੈ। ਵਿਚਾਰੀ। ਉਹਨੂੰ ਮੈਂ ਬਹੁਤ ਸਾਰੇ ਚਿੱਟੇ ਫਰਾਕ, ਬਣਵਾ ਦਿਆਂਗੀ ਅਤੇ ਉਨ੍ਹਾਂ ਵਿਚ ਡੂੰਘੀਆਂ ਪਲੇਟਾਂ ਪਵਾਵਾਂਗੀ ਤਾਂ ਜੋ ਜਿਉਂ ਜਿਉਂ ਉਹ ਵੱਡੀ ਹੋਵੇਗੀ, ਪਲੇਟਾਂ ਖੁੱਲ ਸਕਣਗੀਆਂ..।"

ਮਿਸ ਹਾਲਕੌਂਬ ਰੁਕ ਗਈ ਅਤੇ ਪਿਆਨੋਂ ਦੇ ਉਪਰ ਉਹਨੇ ਮੇਰੇ ਵੱਲ ਵੇਖਿਆ।

"ਕੀ ਉਹ ਕਲਮਕੱਲੀ ਔਰਤ ਜੋ ਤੁਹਾਨੂੰ ਵੱਡੀ ਸੜਕ ਤੇ ਮਿਲੀ ਸੀ, ਜਵਾਨ ਸੀ?" ਉਹਨੇ ਪੁੱਛਿਆ। "ਕੀ ਉਹ ਬਾਈ ਤੇਈ ਸਾਲ ਦੀ ਉਮਰ ਦੇ ਲਗਭੱਗ ਸੀ?"

"ਹਾਂ ਮਿਸ ਹਾਲਕੌਂਬ, ਉਹ ਏਨੀ ਹੀ ਉਮਰ ਦੀ ਸੀ।"

"ਅਤੇ ਉਹ ਸਿਰ ਤੋਂ ਪੈਰਾਂ ਤੀਕ ਚਿਟਿਆਂ ਕਪੜਿਆਂ ਵਿਚ ਸੀ?"

"ਉਹਦੇ ਸਾਰੇ ਕੱਪੜੇ ਚਿੱਟੇ ਹੀ ਸਨ।"

ਅਜੇ ਮੈਂ ਉੱਤਰ ਦਿੱਤਾ ਹੀ ਸੀ ਕਿ ਮਿਸ ਫ਼ੇਅਰਲੀ ਤੀਜੀ ਵਾਰ ਸਾਡੇ ਸਾਹਮਣੇ ਟੈਰਸ ਤੇ ਆਈ। ਇਸ ਵਾਰ ਅੱਗੇ ਲੰਘ ਜਾਣ ਦੀ ਥਾਂ ਉਹ ਰੁਕ ਗਈ; ਉਹਦੀ ਪਿੱਠ ਸਾਡੇ ਵੱਲ ਸੀ: ਉਹ ਟੈਰਸ ਤੇ ਸਜਾਵਟ ਲਈ ਲੱਗੇ ਰੇਲਿੰਗ ਦੇ ਖੰਭ ਉਤੇ ਝਕੀ ਅਤੇ ਬਗੀਚੇ ਵੱਲ ਵੇਖਣ ਲਗ ਪਈ। ਮੇਰੀਆਂ ਅੱਖਾਂ ਉਹਦੇ ਚਿੱਟੇ ਕੱਪੜਿਆਂ ਅਤੇ ਸਿਰ ਉਤੇ ਬੱਝੇ ਚਿਟੇ ਰੁਮਾਲ

ਤੇ ਜਾ ਟਿਕੀਆਂ, ਜੋ ਚੰਨ ਚਾਨਣੀ ਵਿਚ ਚਮਕ ਰਹੇ ਸਨ। ਮੇਰੇ ਅੰਦਰ ਇਕ ਅਜਿਹੀ ਝਰਨਾਹਟ ਛਿੜੀ ਜਿਸ ਨੂੰ ਮੈਂ ਕੋਈ ਨਾਂ ਨਹੀਂ ਦੇ ਸਕਦਾ। ਅਜਿਹੀ ਝਰਨਾਹਟ ਜਿਸ ਨਾਲ ਮੇਰੀ ਨਬਜ਼ ਤਿੱਖੀ ਚੱਲਣ ਲਗਾ ਪਈ ਅਤੇ ਦਿਲ ਵਿਚ ਇਕ ਅਜੀਬ ਵਿਆਕੁਲਤਾ ਜਿਹੀ ਘਿਰਨ ਲੱਗੀ।

"ਸਾਰੇ ਦੇ ਸਾਰੇ ਕੱਪੜੇ ਚਿੱਟੇ ਸਨ?" ਮਿਸ ਹਾਲਕੌਂਬ ਨੇ ਆਪਣੀ ਗੱਲ ਦੁਹਰਾਈ, "ਸਭ ਤੋਂ ਮਹੱਤਵ-ਪੂਰਣ ਵਾਕ ਤਾਂ ਚਿੱਠੀ ਦੇ ਅੰਤ ਵਿਚ ਹਨ, ਮਿਸਟਰ ਹਾਰਟਰਾਈਟ, ਜੋ ਮੈਂ ਹੁਣੇ ਤੁਹਾਨੂੰ ਪੜ੍ਹ ਕੇ ਸੁਣਾਉਂਦੀ ਹਾਂ। ਪਰ ਮੈਂ ਉਸ ਔਰਤ ਦੇ ਚਿੱਟੇ ਕਪੜਿਆਂ ਤੇ, ਜੋ ਤੁਹਾਨੂੰ ਮਿਲੀ, ਅਤੇ ਉਨ੍ਹਾਂ ਚਿਟੇ ਫਰਾਕਾਂ ਦੇ ਅਜੀਬ ਇਤਫਾਕ ਤੇ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦੀ -ਚਿੱਟੇ ਫ਼ਰਾਕਾਂ ਦੀ ਗੱਲ ਤੇ ਉਸ ਨਿੱਕੀ ਵਿਦਿਆਰਥਣ ਦਾ ਉੱਤਰ ਕਿੰਨਾ ਅਜੀਬ ਹੈ। ਹੋ ਸਕਦਾ ਹੈ ਕਿ ਡਾਕਟਰ ਨੂੰ ਗਲਤੀ ਲਗੀ ਹੋਵੇ - ਜਦੋਂ ਉਹਨੇ ਇਹ ਗੱਲ ਕਹੀ ਸੀ, ਕਿ ਉਸ ਕੁੜੀ ਦੀ ਮਾਨਸਕ ਕਮਜ਼ੋਰੀ ਹੌਲੀ ਹੌਲੀ ਆਪੇ ਠੀਕ ਹੋ ਜਾਏਗੀ। ਉਹ ਸ਼ਾਇਦ ਕਦੀ ਵੀ ਠੀਕ ਨਾ ਹੋਈ ਹੋਵੇ; ਅਤੇ ਚਿੱਟੇ ਕਪੜਿਆ ਨਾਲ ਪਿਆਰ ਜੋ ਉਹਨੂੰ ਬਚਪਨ ਵਿਚ ਹੋਇਆ ਹੋਵੇ-ਹੁਣ ਵੱਡਿਆਂ ਹੋਣ ਉਤੇ ਉਹਦੇ ਲਈ ਇਕ ਬੜੀ ਗੰਭੀਰ ਭਾਵਨਾ ਹੋਵੇ।"

ਮੈਂ ਕੁਝ ਸ਼ਬਦ ਉੱਤਰ ਵਿਚ ਕਹੇ-ਪਰ ਪਤਾ ਨਹੀਂ ਉਹ ਕੀ ਸਨ। ਮੇਰਾ ਸਾਰਾ ਧਿਆਨ ਮਿਸ ਫ਼ੇਅਰਲੀ ਦੇ ਚਮਕਦੇ ਚਿੱਟੇ ਮਲਮਲ ਦੇ ਲਿਬਾਸ ਵੱਲ ਸੀ।

'ਚਿੱਠੀ ਦੇ ਅੰਤਲੇ ਵਾਕ ਨੂੰ ਸੁਣੋ," ਮਿਸ ਹਾਲਕੌਂਬ ਬੋਲੀ, "ਮੇਰਾ ਖ਼ਿਆਲ ਹੈ ਤੁਹਾਨੂੰ ਵੀ ਅਚੰਭਾ ਹੋਵੇਗਾ।"

ਉਹਨੇ ਜਿਉਂ ਹੀ ਚਿੱਠੀ ਮੋਮਬੱਤੀ ਦੇ ਨੇੜੇ ਕਰਕੇ ਉੱਚੀ ਕੀਤੀ, ਮਿਸ ਫ਼ੇਅਰਲੀ ਰੇਲਿੰਗ ਦੇ ਖੱਬੇ ਤੋਂ ਮੁੜੀ, ਉਹਨੇ ਟੈਰਸ ਦੇ ਦੋਵੇਂ ਪਾਸੇ ਦੁਬਿਧਾ ਭਰੀ ਨਜ਼ਰ ਨਾਲ ਵੇਖਿਆ: ਸ਼ੀਸ਼ੇ ਦੇ ਦਰਵਾਜ਼ਿਆਂ ਵੱਲ ਇਕ ਕਦਮ ਅੱਗੇ ਵਧੀ ਅਤੇ ਫਿਰ ਰੁਕ ਗਈ, ਉਹ ਹੁਣ ਬਿਲਕੁਲ ਸਾਡੇ ਸਾਹਮਣੇ ਸੀ।

ਇਸ ਦੌਰਾਨ ਵਿਚ ਮਿਸ ਹਾਲਕੌਂਬ ਨੇ ਮੈਨੂੰ ਅਖੀਰਲਾ ਵਾਕ ਪੜ੍ਹ ਕੇ ਸੁਣਾਇਆ, ਜਿਸਦੀ ਉਹਨੇ ਪਹਿਲਾਂ ਗੱਲ ਕੀਤੀ ਸੀ :-

"ਹੁਣ ਮੇਰੇ ਪਿਆਰੇ, ਮੈਂ ਚਿੱਠੀ ਖ਼ਤਮ ਕਰਨ ਲੱਗੀ ਹਾਂ, ਪਰ ਅੰਤ ਵਿਚ ਨਿਕੀ ਏਨ ਕੈਥੋਰਿਕ ਲਈ ਆਪਣੇ ਇਸ ਪਿਆਰ ਦਾ ਅਸਲ ਕਾਰਨ ਜ਼ਰੂਰ ਦਸਾਂਗੀ। ਮੇਰੇ ਪਿਆਰੇ ਫਿਲਪ ਭਾਵੇਂ ਉਹ ਅਧੀ ਵੀ ਉਨੀ ਸੁਹਣੀ ਨਹੀਂ, ਪਰ ਕਿਸੇ ਦੈਵੀ ਸੰਯੋਗ ਦੇ ਕਾਰਣ ਇਕ ਅਸਚਰਜਤਾ ਭਰੀ ਸਮਾਨਤਾ ਹੈ - ਉਹਦੇ ਵਾਲਾਂ ਦੀ, ਰੰਗ ਦੀ, ਅੱਖਾਂ ਦੀ ਮੂੰਹ ਦੀ।"

ਮੈਂ ਆਪਣੀ ਚੌਂਕੀ ਤੋਂ ਤਬਕ ਕੇ ਉਠਿਆ, ਮਿਸ ਹਾਲਕੌਂਬ ਦਾ ਵਾਕ ਅਜੇ ਪੂਰਾ ਨਹੀਂ ਸੀ ਹੋਇਆ। ਬਿਲਕੁਲ ਉਸੇ ਤਰ੍ਹਾਂ ਦੀ ਠੰਡੀ ਝਰਨਾਹਟ ਨੇ, ਜੋ ਉਸ ਵੇਲੇ ਮੈਨੂੰ ਅਨੁਭਵ ਹੋਈ ਸੀ, ਜਦੋਂ ਉਸ ਕਲਮਕੱਲੀ ਸੁੰਨੀ ਸੜਕ ਤੇ ਕਿਸੇ ਨੇ ਮੇਰੇ ਮੋਢੇ ਉਤੇ ਹੱਥ ਰਖਿਆ ਸੀ, ਮੈਨੂੰ ਹੁਣ ਫਿਰ ਠੰਡਾ ਠਾਰ ਕਰ ਦਿੱਤਾ ਸੀ।

ਸਾਹਮਣੇ ਚਾਨਣੀ ਵਿਚ ਇਕੱਲੀ ਮਿਸ ਫ਼ੇਅਰਲੀ ਖੜੀ ਸੀ। ਜਿਵੇਂ ਉਹ ਖਲੋਤੀ ਸੀ--, ਉਹਦਾ ਸਿਰ ਘੁਮਾ ਕੇ ਵੇਖਣ ਦਾ ਢੰਗ, ਉਹਦੇ ਮੂੰਹ ਦੀ ਕਾਟ, ਉਹਦੇ ਚਿਹਰੇ ਦਾ ਰੰਗ, ਅਤੇ ਜਿੰਨੀ ਵਿਥ ਅਤੇ ਦੂਰੀ ਤੋਂ ਉਹ ਖੜੋਤੀ ਸੀ, ਉਸ ਸਮੇਂ ਉਹ ਉਸ ਚਿੱਟੇ ਬਸਤਰਾਂ ਵਾਲੀ ਔਰਤ ਦਾ ਜੀਉਂਦਾ ਜਾਗਦਾ ਪ੍ਰਤੀਬਿੰਬ ਲੱਗ ਰਹੀ ਸੀ। ਉਹ ਸ਼ੱਕ ਅਤੇ ਦੁਬਿਧਾ ਜਿਸ ਨੇ ਪਿਛਲੇ ਕਈ ਘੰਟੇ ਮੇਰੇ ਦਿਮਾਗ ਵਿਚ ਹਲਚਲ ਮਚਾਈ ਹੋਈ ਸੀ, ਇਕ ਪਲ ਵਿਚ ਨਿਸ਼ਚੇ ਦੇ ਰੂਪ ਵਿਚ ਲਿਸ਼ਕ ਪਈ। ਉਹ ਜਿਹੜਾ 'ਕਿਸੇ ਕਮੀ' ਜਾਂ 'ਘਾਟ' ਦਾ ਅਨੁਭਵ ਮੈਨੂੰ ਪ੍ਰੇਸ਼ਾਨ ਕਰ ਰਿਹਾ ਸੀ, ਉਹ ਚਿੱਟੇ ਬਸਤਰਾਂ ਵਾਲੀ ਇਸਤਰੀ ਦੀ ਲਿਮਰਿਜ ਹਾਊਸ ਵਿਚ ਮੇਰੇ ਸ਼ਾਗਿਰਦ ਦੀ ਸ਼ਕਲ ਨਾਲ ਇਹ ਨਹਿਸ਼ ਸਮਾਨਤਾ ਦੀ ਮੇਰੀ ਪਛਾਣ ਹੀ ਸੀ।

"ਹੁਣ ਤੁਸੀਂ ਸਮਝ ਗਏ ਹੋ !" ਮਿਸ ਹਾਲਕੌਂਬ ਨੇ ਕਿਹਾ ਅਤੇ ਉਹ ਹੱਥਲੀ ਚਿੱਠੀ ਰੱਖ ਦਿੱਤੀ; ਉਹਦੀਆਂ ਅੱਖਾਂ ਜੋ ਮੇਰੀਆਂ ਅੱਖਾਂ ਨਾਲ ਮਿਲੀਆਂ, ਲਿਸ਼ਕ ਰਹੀਆਂ ਸਨ। "ਤੁਸ ਅੱਜ ਉਹੀ ਵੇਖ ਰਹੇ ਹੋ ਜੋ ਮੇਰੀ ਮਾਂ ਨੇ ਯਾਰਾਂ ਸਾਲ ਪਹਿਲਾਂ ਵੇਖਿਆ ਸੀ।"

"ਹਾਂ ਮੈਂ ਵੇਖ ਰਿਹਾ ਹਾਂ, ਭਾਵੇਂ ਮੈਂ ਇਹ ਕੁਝ ਦੇਖਣਾ ਨਹੀਂ ਚਾਹੁੰਦਾ ! ਉਸ ਇਕਲਾਪੀ ਬੇਸਹਾਰਾ ਔਰਤ ਨਾਲ ਮਿਸ ਫ਼ੇਅਰਲੀ ਨੂੰ ਕਿਸੇ ਸੰਯੋਗ ਨਾਲ ਵੀ ਰਲਾਉਣਾ ਮੈਨੂੰ ਇੰਜ ਜਾਪਦਾ ਹੈ ਜਿਵੇਂ ਉਸ ਦੇ ਸੁਹਣੇ ਭਵਿੱਖ ਹੈ, ਜੋ ਸਾਡੇ ਸਾਹਮਣੇ ਖੜੀ ਹੈ, ਪਰਛਾਵਾਂ ਪਾਉਣਾ ਹੈ। ਮੈਂ ਇਹ ਪ੍ਰਭਾਵ ਜਿੰਨੀ ਜਲਦੀ ਸੰਭਵ ਹੋ ਸਕੇ, ਭੁੱਲ ਜਾਣਾ ਚਾਹੁੰਦਾ ਹਾਂ ! ਕ੍ਰਿਪਾ

ਕਰ ਕੇ ਉਹਨੂੰ ਉਸ ਉਦਾਸ ਚੰਨ ਚਾਨਣੀ ਤੋਂ ਅੰਦਰ ਬੁਲਾ ਲਉ ! ਮਿਹਰਬਾਨੀ ਕਰ ਕੇ ਉਹਨੂੰ ਅੰਦਰ ਆਉਣ ਲਈ ਕਵ੍ਹੋ !"

"ਤੁਸੀਂ ਮੈਨੂੰ ਅਚੰਭੇ ਵਿਚ ਪਾ ਰਹੇ ਹੋ, ਮਿਸਟਰ ਹਾਰਟਰਾਈਟ। ਔਰਤਾਂ ਤੇ ਜੋ ਹਨ, ਸੋ ਹਨ ਹੀ, ਪਰ ਮੈਂ ਸੋਚਿਆ ਸੀ ਕਿ ਉਨੀਵੀਂ ਸਦੀ ਦੇ ਮਰਦ ਤਾਂ ਘੱਟ ਤੋਂ ਘੱਟ ਅੰਧ-ਵਿਸ਼ਵਾਸੀ ਨਹੀਂ।"

"ਕਿਰਪਾ ਕਰਕੇ ਉਹਨੂੰ ਅੰਦਰ ਬੁਲਾ ਲਓ !"

"ਸ਼ੀ ਸ਼ੀ, ਚੁੱਪ, ਉਹ ਆਪ ਆਪਣੀ ਮਰਜ਼ੀ ਨਾਲ ਹੀ ਅੰਦਰ ਆ ਰਹੀ ਹੈ। ਉਹਦੇ ਸਾਹਮਣੇ ਕੁਝ ਨਾ ਕਹਿਣਾ। ਇਹ ਸ਼ਕਲ ਮਿਲਣ ਦੀ ਗੱਲ ਮੇਰੇ ਤੇ ਤੁਹਾਡੇ ਵਿਚਕਾਰ ਇਕ ਭੇਤ ਹੀ ਰਵੇ। ਆ ਜਾ ਲਾਰਾ, ਅੰਦਰ ਆ ਕੇ ਮਿਸਜ਼ ਵੈਸੀ ਨੂੰ ਪਿਆਨੋ ਨਾਲ ਜਗਾ। ਮਿਸਟਰ ਹਾਰਟਰਾਈਟ ਵੀ ਇਹੀ ਪ੍ਰਾਥਨਾ ਕਰ ਰਹੇ ਹਨ, ਕਿ ਹੋਰ ਸੰਗੀਤ ਹੋ ਜਾਏ, ਅਤੇ ਹੁਣ ਉਹ ਖੁਸ਼ੀ ਭਰਿਆ ਸੰਗੀਤ ਸੁਣਨਾ ਚਾਹੁੰਦੇ ਹਨ।"

ਸੋ ਲਿਮਰਿਜ ਹਾਊਸ ਵਿਚ ਇਸ ਤਰ੍ਹਾਂ ਮੇਰਾ ਮਹੱਤਵ-ਪੂਰਣ ਪਹਿਲਾ ਦਿਨ ਬੀਤਿਆ।

ਮਿਸ ਹਾਲਕੌਂਬ ਨੇ ਅਤੇ ਮੈਂ ਇਸ ਭੇਤ ਨੂੰ ਸਾਂਭੀ ਰੱਖਿਆ। ਸ਼ਕਲ ਦੀ ਸਮਾਨਤਾ ਦੀ ਗੱਲ ਖੁੱਲ ਜਾਣ ਮਗਰੋਂ ਚਿੱਟੇ ਬਸਤਰਾਂ ਵਾਲੀ ਇਸਤਰੀ ਬਾਰੇ ਹੋਰ ਕੋਈ ਨਵੀਂ ਸੂਹ ਸਾਨੂੰ ਨਾ ਮਿਲ ਸਕੀ। ਪਹਿਲਾਂ ਨਿਸ਼ਚਿਤ ਮੌਕਾ ਮਿਲਦਿਆਂ ਹੀ ਮਿਸ ਹਾਲਕੌਂਬ ਨੇ ਆਪਣੀ ਭੈਣ ਨਾਲ ਬੜੀ ਸਾਵਧਾਨੀ ਨਾਲ ਗੱਲਾਂ ਗੱਲਾਂ ਵਿਚ ਹੀ ਪੁਰਾਣੇ ਬੀਤੇ ਸਮੇਂ ਦੀਆਂ ਏਨ ਕੈਥੇਰਿਕ ਅਤੇ ਆਪਣੀ ਮਾਂ ਬਾਰੇ ਗੱਲਾਂ ਪੁੱਛੀਆਂ। ਮਿਸ ਫ਼ੇਅਰਲੀ ਨੂੰ ਲਿਮਰਿਜ ਦੀ ਉਸ ਨਿੱਕੀ ਵਿਦਿਆਰਥਣ ਦੀ ਬੜੀ ਧੁੰਦਲੀ ਅਤੇ ਅਨਿਸ਼ਚਿਤ ਜਿਹੀ ਯਾਦ ਸੀ। ਉਹਦੀ ਅਤੇ ਉਹਦੀ ਮਾਂ ਦੀ ਤੇ ਪਿਆਰੀ ਸ਼ਾਗਿਰਦ ਦੀ ਸ਼ਕਲ ਮਿਲਦੀ ਸੀ, ਇਹ ਗੱਲ ਵੀ ਉਹਨੂੰ ਇੰਜ ਯਾਦ ਸੀ, ਜਿਵੇਂ ਉਹ ਸ਼ਕਲ ਸਿਰਫ ਉਦੋਂ ਹੀ ਮਿਲਦੀ ਸੀ; ਪਰ ਉਹਨੂੰ ਇਹ ਯਾਦ ਨਹੀਂ ਸੀ ਕਿ ਉਹ ਕੁੜੀ ਨੂੰ ਚਿੱਟੇ ਫਰਾਕਾਂ ਦੀ ਸੁਗਾਤ ਦਿੱਤੀ ਗਈ ਸੀ; ਜਾਂ ਉਸ ਬੱਚੀ ਨੇ ਕਿਵੇਂ ਅਨੋਖੇ ਸ਼ਬਦਾਂ ਵਿਚ ਆਪਣੇ ਉਪਰ ਕੀਤੇ ਅਹਿਸਾਨ ਦਾ ਧੰਨਵਾਦ ਪ੍ਰਗਟ ਕੀਤਾ ਸੀ। ਉਹਨੂੰ ਇਹ ਯਾਦ ਸੀ ਕਿ ਏਨ ਲਿਮਰਿਜ ਵਿਚ ਸਿਰਫ ਕੁਝ ਮਹੀਨੇ ਹੀ ਰਹੀ ਸੀ; ਫਿਰ ਉਹ ਆਪਣੇ ਘਰ ਹੈਂਪਸ਼ਾਇਰ ਚਲੀ ਗਈ ਸੀ; ਉਹ ਇਹ ਨਹੀਂ ਸੀ ਦੱਸ ਸਕਦੀ ਕਿ ਮੁੜ ਕਦੀ ਏਨ ਅਤੇ

ਉਹਦੀ ਮਾਂ ਉਥੇ ਪਰਤ ਕੇ ਆਈਆਂ ਸਨ ਕਿ ਨਹੀਂ; ਜਾਂ ਕਦੀ ਉਨ੍ਹਾਂ ਦੀ ਖ਼ਬਰ ਵੀ ਆਈ ਸੀ ਕਿ ਨਹੀਂ। ਮਿਸ ਕਾਲਕੌਂਬ ਨੇ ਮਿਸਜ਼ ਫ਼ੇਅਰਲੀ ਦੀਆਂ ਬਾਕੀ ਦੀਆਂ ਚਿੱਠੀਆਂ ਵੀ ਪੜ੍ਹੀਆਂ, ਪਰ ਉਨ੍ਹਾਂ ਤੋਂ ਵੀ ਇਸ ਉਲਝਣ ਦੇ ਸੁਲਝਾਉਣ ਵਿਚ, ਜਿਸ ਨਾਲ ਅਸੀਂ ਬੇਚੈਨ ਸਾਂ, ਵਿਚ ਕੋਈ ਸਹਾਇਤਾ ਨਾ ਮਿਲੀ।

ਅਸੀਂ ਇਹ ਤਾਂ ਸਮਝ ਹੀ ਲਿਆ ਸੀ ਕਿ ਉਹ ਦੁਖੀ ਔਰਤ ਜੋ ਉਸ ਰਾਤ ਮੈਨੂੰ ਮਿਲੀ ਸੀ; ਹੋਰ ਕੋਈ ਨਹੀਂ ਏਨ ਕੈਥੇਰਿਕ ਹੀ ਸੀ-ਇਸ ਤੋਂ ਅੱਗੇ ਅਸੀਂ ਇਸ ਸਿੱਟੇ ਤੇ ਵੀ ਪੁੱਜ ਗਏ ਸਾਂ ਕਿ ਸ਼ਾਇਦ ਬਚਪਨ ਦੀ ਉਸੇ ਮਾਨਸਿਕ ਕਮਜ਼ੋਰੀ ਕਰਕੇ ਉਹਨੇ ਉਹ ਗੱਲ ਪੱਕੀ ਯਾਦ ਰਖੀ ਸੀ ਅਤੇ ਮਿਸਜ਼ ਫੇਅਰਲੀ ਦੇ ਅਹਿਸਾਨ ਦੀ ਯਾਦ ਵਿਚ ਸਦਾ ਚਿੱਟੇ ਕੱਪੜੇ ਪਾਉਣ ਦਾ ਇਕਰਾਰ ਪੂਰਾ ਕਰ ਰਹੀ ਸੀ। ਬਸ ਇਥੇ ਆ ਕੇ ਸਾਡੀ ਖੋਜ ਦਾ ਅੰਤ ਹੋ ਜਾਂਦਾ ਸੀ - ਅਸੀਂ ਉਸ ਵੇਲੇ ਤੀਕ ਬਸ ਇੰਨਾ ਹੀ ਜਾਣਦੇ ਸਾਂ।

ਦਿਨ ਬੀਤਦੇ ਗਏ, ਹਫ਼ਤੇ ਬੀਤਦੇ ਗਏ; ਰੁੱਖਾਂ ਦੇ ਹਰਿਆਵਲੇ ਹੁਨਾਲੇ ਵਿਚੋਂ ਦੀ ਸੁਨਿਹਰੀ ਸ਼ਰਦ-ਰੁੱਤ ਪ੍ਰਤੱਖ ਆਪਣੀ ਪੈੜ ਛਡਦੀ ਆ ਰਹੀ ਸੀ। ਖੁਸ਼ੀਆਂ ਭਰੇ, ਸ਼ਾਂਤ ਸਮੇਂ ਦੀ ਵਹਿੰਦੀ ਤ੍ਰਿਖੀ ਧਾਰਾ! ਮੇਰੀ ਕਹਾਣੀ ਹੁਣ ਤੇਰੇ ਕਿਨਾਰੇ ਤੋਂ ਉਨੀ ਹੀ ਕਾਹਲੀ ਸਰਕ ਰਹੀ ਹੈ, ਜਿੰਨੀ ਕਾਹਲੀ ਨਾਲ ਤੂੰ ਇਕ ਦਿਨ ਮੇਰੇ ਕੋਲੋਂ ਸਰਕ ਗਈ ਸੈਂ ! ਉਸ ਖੁਸ਼ੀਆਂ ਦੇ ਖਜ਼ਾਨੇ ਵਿਚੋਂ ਜੋ ਤੂੰ ਇਕ ਦਿਨ ਮੇਰੇ ਦਿਲ ਵਿਚ ਖੁਲ੍ਹੇ-ਦਿਲ ਉਲੱਦ ਦਿੱਤੇ ਸਨ, ਕਿੰਨਾ ਕੁਝ ਕੀਮਤੀ ਬਚਿਆ ਹੈ ਜਿਸ ਬਾਰੇ ਮੈਂ ਇਸ ਪੰਨੇ ਤੇ ਕੁਝ ਲਿਖਾਂ? ਕੱਖ ਵੀ ਨਹੀਂ, ਬਸ ਸਭ ਤੋਂ ਵਧ ਦੁਖਦਾਈ ਪਛਤਾਵਾ, ਜਿਸ ਦਾ ਇਕ ਮਰਦ ਇਕਬਾਲ ਕਰ ਸਕਦਾ ਹੈ। ਆਪਣੀ ਬੇਵਕੂਫੀ ਦਾ ਪਛਤਾਵਾ!

ਇਸ ਬੇਵਕੂਫ਼ੀ ਨੂੰ ਸਵੀਕਾਰ ਕਰਦਿਆਂ ਜੋ ਭੇਤ ਖੁੱਲ੍ਹਦਾ ਹੈ, ਉਹ ਝਟਪਟ ਹੀ ਦੱਸ ਦੇਣਾ ਚਾਹੀਦਾ ਹੈ, ਕਿਉਂਕਿ ਅਪ੍ਰਗਟ ਰੂਪ ਵਿਚ ਉਹ ਮੇਰੇ ਮੂੰਹੋਂ ਨਿਕਲ ਹੀ ਚੁੱਕਾ ਹੈ। ਉਹੀ ਨਿਤਾਣੇ ਸ਼ਬਦ, ਜੋ ਮਿਸ ਫ਼ੇਅਰਲੀ ਪੂਰੀ ਤਰ੍ਹਾਂ ਉਲੀਕਣ ਵਿਚ ਅਸਫਲ ਰਹੇ ਹਨ, ਮੇਰੇ ਮਨ ਵਿਚ ਜੋ ਭਾਵਨਾਵਾਂ ਜਾਗੀਆਂ ਹਨ, ਉਨ੍ਹਾਂ ਨੂੰ ਚਿਤਰਣ ਵਿਚ ਉਹੀ ਪੂਰੀ ਤਰ੍ਹਾਂ ਸਫਲ ਹੋਏ ਹਨ। ਸਾਡੇ ਸਭ ਨਾਲ ਇੰਜ ਹੀ ਹੁੰਦਾ ਹੈ। ਸਾਡੇ ਸ਼ਬਦ ਜਦੋਂ ਸਾਨੂੰ ਕੋਈ ਸੱਟ ਲਾਉਂਦੇ ਹਨ, ਦੇਉ ਬਣ ਜਾਂਦੇ ਹਨ, ਪਰ ਜਦੋਂ ਸਾਡਾ ਕੋਈ ਕੰਮ ਸਵਾਰਦੇ ਹਨ, ਤਾਂ ਬੌਣੇ।

ਹਾਂ, ਮੈਂ ਉਸ ਨੂੰ ਪਿਆਰ ਕਰਦਾ ਸਾਂ।

ਆਹ ! ਮੈਂ ਕਿੰਨੀ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਨ੍ਹਾਂ ਸ਼ਬਦਾਂ ਵਿਚ ਕਿੰਨਾ ਦੁੱਖ ਅਤੇ ਕਿੰਨਾ ਤ੍ਰਿਸਕਾਰ ਛੁਪਿਆ ਹੋਇਆ ਹੈ। ਮੈਂ ਆਪਣੇ ਦਿਲ ਦਾ ਇਹ ਰਾਜ਼ ਦਸਦਿਆਂ, ਉਸੇ ਤਰ੍ਹਾਂ ਦੁੱਖ ਨਾਲ ਡੂੰਘਾ ਹਟਕੋਰਾ ਲੈ ਸਕਦਾ ਹਾਂ, ਜਿਵੇਂ ਕੋਈ ਬੜੇ ਹੀ ਨਰਮ ਦਿਲ ਵਾਲੀ ਔਰਤ ਇਸ ਨੂੰ ਪੜ੍ਹਕੇ ਮੇਰੇ ਤੇ ਤਰਸ ਕਰ ਲਵੇਗੀ। ਮੈਂ ਇਸ ਤੇ ਸਾੜਵੇਂ ਹਾਸੇ ਨਾਲ ਉਸੇ ਤਰ੍ਹਾਂ ਹੱਸ ਵੀ ਸਕਦਾ ਹਾਂ, ਜਿਵੇਂ ਕੋਈ ਪੱਥਰ ਦਿਲ ਮਰਦ ਇਸਨੂੰ ਪੜ੍ਹ ਕੇ ਇਕ ਪਾਸੇ ਭਵਾਂ ਕੇ ਸੁਟੇਗਾ ਤੇ ਹੱਸੇਗਾ। ਮੈਂ ਉਸ ਨੂੰ ਪਿਆਰ ਕਰਦਾ ਸਾਂ, ਭਾਵੇਂ ਮੇਰੇ ਤੇ ਤਰਸ ਕਰੋ ਭਾਵੇਂ ਮੈਨੂੰ ਘ੍ਰਿਣਾ ਕਰੋ, ਪਰ ਮੈਂ ਇਸ ਸਚਾਈ ਨੂੰ ਪੂਰੀ ਦ੍ਰਿੜ੍ਹਤਾ ਨਾਲ ਸਵੀਕਾਰ ਕਰਦਾ ਹਾਂ।

ਕੀ ਮੇਰੇ ਵਾਸਤੇ ਖਿਮਾਂ ਦੀ ਕੋਈ ਗੁੰਜਾਇਸ਼ ਨਹੀਂ? ਜਿਨ੍ਹਾਂ ਹਾਲਤਾਂ ਵਿਚ ਲਿਮਰਿਜ ਹਾਊਸ ਵਿਚ ਮੈਂ ਇਹ ਕੰਮ ਕਰਨ ਆਇਆ ਸਾਂ, ਉਨ੍ਹਾਂ ਕਾਰਣ ਕਰਕੇ ਮੈਨੂੰ ਜੇ ਬਹੁਤੀ ਨਹੀਂ ਤਾਂ ਕੁਝ ਨਾ ਕੁਝ ਖਿਮਾਂ ਦਿੱਤੀ ਜਾ ਸਕਦੀ ਹੈ।

ਹਰ ਰੋਜ਼ ਸਵੇਰ ਦਾ ਸਮਾਂ ਮੈਂ ਆਪਣੇ ਕਮਰੇ ਦੀ ਇਕਾਂਤ ਵਿਚ ਹੀ ਬਿਤਾਉਂਦਾ ਸਾਂ। ਮੇਰੇ ਕੋਲ ਕਾਫ਼ੀ ਕੰਮ ਸੀ, ਜਿਸ ਨੂੰ ਕਰਨ ਵਿਚ ਇਹ ਵਕਤ ਬੀਤਦਾ ਸੀ। ਆਪਣੇ ਮਾਲਕ ਦੀਆਂ ਤਸਵੀਰਾਂ ਨੂੰ ਚੌਖਟਿਆਂ ਵਿਚ ਲਾਉਂਦੇ ਮੇਰੇ ਹੱਥ ਅਤੇ ਅੱਖਾਂ ਇਹ ਸੁਖਾਵੇਂ ਕੰਮ ਵਿਚ ਰੁੱਝੇ ਹੁੰਦੇ ਅਤੇ ਮੇਰਾ ਦਿਮਾਗ ਆਪਣੇ ਬੇਲਗਾਮ ਖਿਆਲਾਂ ਦਾ ਆਰਾਮ ਮਾਣਦਾ। ਇਹ ਬੜਾ ਸੰਕਟ ਭਰਿਆ ਇਕਾਂਤ ਸੀ, ਕਿਉਂ ਜੁ ਇਹ ਏਨਾ ਲੰਮਾ ਹੁੰਦਾ ਸੀ ਕਿ ਮੇਰੇ ਵਿਚ ਨਵੀਂ ਸ਼ਕਤੀ ਅਤੇ ਨਵੇਂ ਵਿਚਾਰਾਂ ਦਾ ਸੰਚਾਰ ਤਾਂ ਹੋ ਜਾਂਦਾ, ਪਰ ਇਹ ਸਮਾਂ ਏਨਾ ਲੰਮਾ ਨਹੀਂ ਸੀ ਹੁੰਦਾ ਕਿ ਮੈਂ ਆਪਣੇ ਬਚਾ ਵਾਸਤੇ ਵੀ ਕੁਝ ਸੋਚ ਸਕਦਾ। ਇਹ ਜੋਖਮ ਭਰਿਆ ਇਕਾਂਤ ਸੀ, ਕਿਉਂ ਜੋ ਇਸ ਤੋਂ ਇਕਦਮ ਮਗਰੋਂ ਫ਼ੌਰਨ ਹੀ ਤਿਪਹਿਰਾਂ ਅਤੇ ਸ਼ਾਮਾਂ, ਇਕੱਲਿਆਂ ਉਨ੍ਹਾਂ ਦੋਹਾਂ ਔਰਤਾਂ ਦੇ ਸਾਥ ਵਿਚ ਬੀਤਦੀਆਂ ਸਨ, ਜਿਨ੍ਹਾਂ ਵਿਚੋਂ ਇਕ ਬੜੀ ਗੁਣਵਾਨ ਸੀ, ਉਹ ਬੁੱਧੀਮਾਨ, ਬਾਂਕੀ ਅਤੇ ਬੜੀ ਹਾਜ਼ਰ ਜਵਾਬ ਸੀ : ਦੂਜੀ ਬੜੀ ਸੋਹਣੀ, ਕਮਲ ਅਤੇ ਸੱਚ ਦੀ ਮੂਰਤ ਸੀ; ਜੋ ਕਿਸੇ ਵੀ ਮਰਦ ਦੇ ਦਿਲ ਨੂੰ ਨਿਰਮਲ ਅਤੇ ਵੱਸ ਵਿਚ ਕਰ ਸਕਦੀ ਸੀ। ਇਹੀ ਕ੍ਰਮ ਹਰ ਰੋਜ਼ ਕਈ ਹਫ਼ਤਿਆਂ ਤਕ ਚਲਦਾ ਰਿਹਾ। ਮਾਸਟਰ ਅਤੇ ਸ਼ਾਗਿਰਦ ਦੀ ਏਨੀ ਗੂੜ੍ਹੀ ਨੇੜਤਾ ਵਿਚ ਇਕ ਵੀ ਦਿਨ ਅਜਿਹਾ ਨਹੀਂ ਬੀਤਿਆ ਹੋਣਾ, ਜਿਸ ਵਿਚ ਮੇਰਾ ਹੱਥ ਮਿਸ ਫ਼ੇਅਰਲੀ

ਦੇ ਹੱਥ ਨੂੰ ਛੁਹਿਆ ਨਾ ਹੋਵੇ; ਜਿਸ ਵੇਲੇ ਅਸੀਂ ਉਹਦੀ ਸਕੈੱਚ-ਬੁੱਕ ਉਤੇ ਝੁਕੇ ਹੁੰਦੇ, ਮੇਰੀ ਗਲ੍ਹ ਉਹਦੀ ਗਲ੍ਹ ਦੇ ਨਾਲ ਲਗਦੀ ਜਾਪਦੀ। ਉਹ ਜਿੰਨੇ ਧਿਆਨ ਨਾਲ ਮੇਰੇ ਬੁਰਸ਼ ਦੀ ਹਿਲਜੁਲ ਵੇਖਦੀ, ਮੈਂ ਉਨੀ ਨੇੜਿਉਂ ਉਹਦੇ ਵਾਲਾਂ ਵਿਚੋਂ ਆਉਂਦੀ ਖੁਸ਼ਬੂ ਸੰਘਦਾ ਅਤੇ ਉਹਦੇ ਗਰਮ ਸਾਹਾਂ ਦੀ ਸੁਗੰਧੀ ਮੇਰੇ ਅੰਦਰ ਵਸ ਜਾਂਦੀ। ਇਹ ਮੇਰੀ ਨੌਕਰੀ ਦਾ ਇਕ ਹਿੱਸਾ ਸੀ, ਕਿ ਮੈਂ ਹਰ ਵੇਲੇ ਉਹਦੀਆਂ ਅੱਖਾਂ ਦੇ ਸਾਹਮਣੇ ਹੀ ਰਹਿੰਦਾ। ਕਦੀ ਉਹਦੇ ਉਪਰ-ਏਨਾ ਉਪਰ ਝੁਕਿਆ ਹੁੰਦਾ ਕਿ ਉਹਦੀ ਛੋਹ ਦੇ ਖ਼ਿਆਲ ਨਾਲ ਹੀ ਕੰਬ ਜਾਂਦਾ; ਅਤੇ ਕਦੀ ਉਹ ਮੇਰੇ ਉਤੇ ਝੁਕੀ ਇਹ ਵੇਖ਼ਦੀ ਹੁੰਦੀ ਕਿ ਮੈਂ ਕੀ ਉਲੀਕ ਰਿਹਾ ਸਾਂ, ਮੇਰੇ ਏਨੀ ਨੇੜੇ ਕਿ ਜਦੋਂ ਉਹ ਕੁਝ ਬੋਲਦੀ, ਉਹਦੀ ਆਵਾਜ਼ ਬੜੀ ਮੱਧਮ ਹੁੰਦੀ, ਅਤੇ ਹਵਾ ਨਾਲ ਉਹਦੇ ਰਿਬਨ ਮੇਰੀਆਂ ਗਲ਼ਾਂ ਨਾਲ, ਉਹਦੇ ਪਿਛੇ ਕਰਨ ਦੇ ਬਾਵਜੂਦ ਵੀ ਅਸਰਦੇ ਜਾਂਦੇ।

ਤਿਪਹਿਰਾਂ ਦੇ ਸਕੈੱਚ ਬਣਾਉਣ ਲਈ ਸੈਰ-ਸਪਾਟੇ ਮਗਰੋਂ ਸ਼ਾਮਾਂ ਵੇਲੇ ਵੀ ਇਸ ਨਿਰਦੋਸ਼ ਮਿੱਤਰਤਾ ਅਤੇ ਪਰਿਚੈ ਨੂੰ ਹੋਰ ਡੂੰਘਿਆਂ ਹੋਣ ਦੇ ਕਈ ਹੀ ਮੌਕੇ ਆਉਂਦੇ। ਸੰਗੀਤ ਨਾਲ ਮੇਰਾ ਕੁਦਰਤੀ ਪਿਆਰ ਸੀ ਅਤੇ ਉਹ ਵੀ ਨਾਰੀਤਵ ਦੇ ਸੂਖਮ ਅਨੁਭਵ ਨਾਲ ਅਜਿਹੀ ਭਾਵਨਾ ਵਿਚ ਡੁੱਬ ਕੇ ਸੁਰਾਂ ਵਜਾਉਂਦੀ ਮੈਨੂੰ ਉਹੀ ਖੁਸ਼ੀ ਦੇਂਦੀ ਜੋ ਮੈਂ ਉਹਨੂੰ ਆਪਣੀ ਕਲਾ ਰਾਹੀਂ ਦੇਂਦਾ ਸਾਂ। ਸਾਡੇ ਵਿਚਕਾਰ ਇਹ ਵੀ ਇਕ ਡੋਰ ਸੀ ਜੋ ਸਾਨੂੰ ਹੋਰ ਵੀ ਨੇੜੇ ਲਿਆਉਣ ਵਿਚ ਬੜੀ ਸਹਾਇਕ ਸਾਬਤ ਹੋਈ। ਵਾਰਤਾਲਾਪ ਅਤੇ ਗੱਲਾਂ ਬਾਤਾਂ ਦਾ ਸਿਲਸਲਾ; ਸਾਡੀਆਂ ਆਦਤਾਂ ਇਥੋਂ ਤਕ ਕਿ ਸਾਡੇ ਬੈਠਣ ਦੀ ਵੀ ਥਾਂ ਰੋਜ਼ ਉਹੀ ਹੋਣ ਲੱਗ ਪਈ; ਮਿਸ ਹਾਲਕੌਂਬ ਦੀ ਹਾਜ਼ਰ ਜਵਾਬੀ ਅਤੇ ਮਜ਼ਾਕੀਆ ਸੁਭਾ ਅਜੇ ਉਸਦਾ ਮੈਨੂੰ ਮਾਸਟਰ ਹੋਣ ਦੇ ਨਾਤੇ ਚਿੰਤਾ-ਮਗਨ ਹੋਣ ਉਤੇ ਟਿਚਕਰਾਂ ਕਰਨੀਆਂ, ਮਿਸ ਫ਼ੇਅਰਲੀ ਦੇ ਡਰਾਇੰਗ ਸਿੱਖਣ ਦੇ ਸ਼ੌਕ ਅਤੇ ਉਤਸਾਹ ਦੀ ਗਰਮਜੋਸੀ ਨਾਲ ਸ਼ਲਾਘਾ ਕਰਨੀ; ਮਿਸਜ਼ ਵੈਸੀ ਦਾ ਉਂਘਲਾਂਦਿਆਂ ਹੋਇਆ ਮੇਰੀ ਅਤੇ ਮਿਸ ਫ਼ੇਅਰਲੀ ਦੀ ਤਾਰੀਫ ਕਰਨੀ ਕਿਉਂ ਜੋ ਅਸੀਂ ਕਦੀ ਉਹਨੂੰ ਅਸਾਂਤ ਨਹੀਂ ਸਾਂ ਕਰਦੇ ਇਨ੍ਹਾਂ ਸਭਨਾਂ ਨਿਗੂਣੀਆਂ ਗੱਲਾਂ ਅਤੇ ਇਨ੍ਹਾਂ ਨਾਲ ਜੁੜੀਆਂ ਕਈ ਹੋਰ ਚੀਜ਼ਾਂ ਵੀ ਸਨ, ਜਿਨ੍ਹਾਂ ਨੇ ਸਾਨੂੰ ਉਸ ਘਰੋਗੀ ਪਰਵਾਰਿਕ ਵਾਤਾਵਰਣ ਵਿਚ ਇਕੱਠਿਆਂ ਕਰ ਦਿੱਤਾ ਅਤੇ ਸਾਨੂੰ ਦੋਹਾਂ ਨੂੰ ਹੀ ਉਸ ਨਿਰਾਸ਼ਾਜਨਕ ਅੰਤ ਵੱਲ ਅਚੇਤਨ ਹੀ ਵਧਦੇ ਜਾਣ ਦਿੱਤਾ।

ਮੈਨੂੰ ਆਪਣੀ ਹੈਸੀਅਤ ਯਾਦ ਰੱਖਣੀ ਚਾਹੀਦੀ ਸੀ, ਅਤੇ ਅੰਦਰ ਹੀ ਅੰਦਰ ਸਾਵਧਾਨ ਹੋ ਜਾਣਾ ਚਾਹੀਦਾ ਸੀ। ਮੈਂ ਚੌਕੰਨਾਂ ਤੇ ਹੋਇਆ ਹੀ, ਪਰ ਹੁਣ ਬਹੁਤ ਦੇਰ ਹੋ ਚੁੱਕੀ ਸੀ।

ਮੇਰੀ ਉਹ ਸਾਰੀ ਸੂਝ, ਸਿਆਣਪ ਅਤੇ ਅਨੁਭਵ, ਜਿਸ ਨਾਲ ਮੈਂ ਹੋਰ ਔਰਤਾਂ ਦੇ ਸਾਥ ਵਿਚ ਆਪਣੇ ਆਪ ਨੂੰ ਬਚਾਉਂਦਾ ਸਾਂ, ਅਤੇ ਕਈ ਲਾਲਚਾਂ ਤੋਂ ਸਹਿਜੇ ਹੀ ਬਚ ਨਿਕਲਦਾ ਸਾਂ, ਉਸ ਦੇ ਅਗੇ ਧਰੀ ਹੀ ਰਹਿ ਗਈ। ਪਿਛਲੇ ਕਈ ਵਰ੍ਹਿਆਂ ਤੋਂ ਮੇਰਾ ਉਪਜੀਵਿਕਾ ਕਮਾਉਣ ਦਾ ਧੰਦਾ ਹੀ ਅਜਿਹਾ ਸੀ, ਕਿ ਹਰ ਉਮਰ ਦੀਆਂ ਜਵਾਨ ਕੁੜੀਆਂ ਨਾਲ, ਜਿਨ੍ਹਾਂ ਵਿਚ ਕਈ ਅਤਿ ਸੁਹਣੀਆਂ ਹੁੰਦੀਆਂ ਸਨ, ਅਤੇ ਕਈ ਘੱਟ, ਮੇਰਾ ਬੜੀ ਨੇੜਤਾ ਦਾ ਸੰਬੰਧ ਹੁੰਦਾ ਸੀ। ਮੈਂ ਆਪਣੇ ਰੁਜ਼ਗਾਰ ਦਾ ਇਹ ਅੰਗ ਸਵੀਕਾਰ ਕਰ ਚੁੱਕਾ ਸਾਂ ਅਤੇ ਆਪਣੇ ਆਪ ਨੂੰ ਅਜਿਹੀ ਸਿਖਲਾਈ ਦਿਤੀ ਸੀ ਕਿ ਉਹ ਸਭ ਭਾਵਨਾਵਾਂ ਜੋ ਮੇਰੀ ਉਮਰ ਵਿਚ ਕੁਦਰਤੀ ਹੁੰਦੀਆਂ ਹਨ, ਮੈਂ ਆਪਣੇ ਮਾਲਕ ਦੇ ਬਾਹਰਲੇ ਕਮਰੇ ਵਿਚ ਇਸ ਤਰ੍ਹਾਂ ਸ਼ਾਂਤੀ ਨਾਲ ਛੱਡ ਆਉਂਦਾ ਸਾਂ, ਜਿਵੇਂ ਆਪਣੀ ਛੱਤਰੀ। ਮੈਨੂੰ ਬਹੁਤ ਪਹਿਲਾਂ ਹੀ ਇਸ ਗੱਲ ਦੀ ਸਮਝ ਆ ਚੁੱਕੀ ਸੀ ਕਿ ਮੇਰੀ ਡਰਾਇੰਗ ਮਾਸਟਰ ਦੀ ਸਥਿਤੀ ਹੀ ਆਪਣੇ ਆਪ ਵਿਚ ਇਕ ਗਾਰੰਟੀ ਹੈ ਕਿ ਮੇਰੀਆ ਸ਼ਗਿਰਦ ਕੁੜੀਆਂ ਮੇਰੇ ਵਿਚ ਉਨੀ ਹੀ ਦਿਲਚਸਪੀ ਲੈਣਗੀਆਂ ਜਿੰਨੀ ਕਿ ਕੰਮ ਸਿਖਣ ਲਈ ਆਵੱਸ਼ਕ ਹੈ। ਮੈਨੂੰ ਸੁੰਦਰ ਅਤੇ ਮਨ-ਮੋਹਣੀਆਂ ਇਸਤਰੀਆਂ ਦੇ ਕੋਲ ਇੰਜ ਹੀ ਆਉਣ ਜਾਣ ਦੀ ਆਗਿਆ ਹੈ ਜਿਵੇਂ ਉਨ੍ਹਾਂ ਦੇ ਪਾਲਤੂ ਜਾਨਵਰ ਆਉਂਦੇ ਜਾਂਦੇ ਹਨ। ਮੈਨੂੰ ਛੋਟੀ ਉਮਰ ਵਿਚ ਹੀ ਇਹ ਰੱਖਿਅਕ ਅਨੁਭਵ ਹੋ ਗਿਆ ਸੀ; ਇਸ ਅਤੇ ਇਸ ਰੱਖਿਅਕ ਅਸੂਲ ਨੇ ਮੈਨੂੰ ਸਖਤੀ ਨਾਲ ਸਦਾ ਆਪਣੇ ਸੀਮਿਤ ਘੇਰੇ ਵਿਚ ਹੀ ਰੱਖਿਆ ਅਤੇ ਮੈਂ ਅੱਜ ਤੀਕ ਨੱਕ ਦੀ ਸੇਧ ਸਿੱਧਾ ਤੁਰਦਾ ਰਿਹਾ ਸਾਂ ਤੇ ਕਦੇ ਸੱਜੇ ਖੱਬੇ ਝਾਕ ਕੇ ਵੀ ਨਹੀਂ ਸੀ ਦੇਖਿਆ। ਅਤੇ ਹੁਣ; ਮੈਂ ਅਤੇ ਮੇਰਾ ਰਾਖੀ ਕਰਨ ਵਾਲਾ ਵਿਸ਼ਵਯੋਗ ਜੰਤਰ ਪਹਿਲੀ ਵਾਰ ਨਿਖੜੇ ਸਾਂ। ਹਾਂ, ਮੇਰਾ ਸਵੈ-ਕਾਬੂ ਜੋ ਮੈਂ ਇੰਨੀ ਮਿਹਨਤ ਨਾਲ ਕਮਾਇਆ ਸੀ, ਮੇਰੇ ਕੋਲੋਂ ਇੰਜ ਗਵਾਚ ਗਿਆ ਸੀ ਕਿ ਜਿਵੇਂ ਕਦੀ ਮੇਰੇ ਕੋਲ ਹੈ ਹੀ ਨਹੀਂ ਸੀ, ਅੱਜ ਮੈਂ ਵੀ ਉਹਨੂੰ ਗਵਾ ਚੁਕਾ ਸਾਂ ਜਿਵੇਂ ਰੋਜ਼ ਹੋਰ ਮਰਦ, ਔਰਤਾਂ ਦੇ ਮਾਮਲੇ

ਵਿਚ, ਕਿਸੇ ਨਾਜ਼ੁਕ ਸਥਿਤੀ ਵਿਚ ਇਸ ਤੋਂ ਹੱਥ ਧੋ ਬਹਿੰਦੇ ਹਨ। ਹੁਣ ਤਾਂ ਮੈਂ ਜਾਣਦਾ ਹਾਂ, ਕਿ ਮੈਨੂੰ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਪ੍ਰਸ਼ਨ ਪੁੱਛਣੇ ਸਨ। ਮੈਨੂੰ ਪੁੱਛਣਾ ਚਾਹੀਦਾ ਸੀ, ਕਿ ਕਿਉਂ ਉਸ ਸਾਰੇ ਘਰ ਵਿਚ ਮੈਨੂੰ ਉਹ ਕਮਰਾ ਆਪਣੇ ਘਰ ਤੋਂ ਵੀ ਪਿਆਰਾ ਲੱਗਣ ਲੱਗ ਪੈਂਦਾ ਸੀ ਜਿਸ ਵਿਚ ਉਹ ਦਾਖਲ ਹੁੰਦੀ ਸੀ; ਅਤੇ ਜਦੋਂ ਉਹ ਚਲੀ ਜਾਂਦੀ, ਉਹੀ ਕਮਰਾ ਇਕ ਰੇਗਿਸਤਾਨ ਵਾਂਗ ਬੀਆਬਾਨ ਤੇ ਉਜਾਬ ਕਿਉਂ ਹੋ ਜਾਂਦਾ ਸੀ- ਮੈਂ ਕਿਉਂ ਉਹਦੇ ਪਹਿਰਾਵੇ ਅਤੇ ਲਿਬਾਸ ਦੀ ਨਿੱਕੀ ਨਿੱਕੀ ਤਬਦੀਲੀ ਨੋਟ ਕਰਦਾ ਅਤੇ ਯਾਦ ਰੱਖਦਾ ਸਾਂ- ਕਿਉਂ ਮੈਂ ਉਹਨੂੰ ਇਸ ਤਰ੍ਹਾਂ ਵੇਖਦਾ ਸੁਣਦਾ ਅਤੇ ਛੂੰਹਦਾ ਸਾਂ, (ਜਦੋਂ ਅਸੀ ਸਵੇਰੇ ਅਤੇ ਸਾਮੀ ਹੱਥ ਮਿਲਾਉਂਦੇ ਸਾਂ) ਜਿਵੇਂ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੀ ਕਿਸੇ ਔਰਤ ਨੂੰ ਨਾ ਵੇਖਿਆ, ਸੁਣਿਆ ਅਤੇ ਛੂਹਿਆ ਸੀ? ਮੈਨੂੰ ਆਪਣੇ ਦਿਲ ਅੰਦਰ ਝਾਤੀ ਮਾਰਨੀ ਚਾਹੀਦੀ ਸੀ, ਅਤੇ ਇਸ ਨਵੇਂ ਪਨਪ ਰਹੇ ਪੌਦੇ ਨੂੰ ਉਸੇ ਵੇਲੇ ਹੀ ਕੱਢ ਕੇ ਬਾਹਰ ਸੁੱਟਣਾ ਚਾਹੀਦਾ ਸੀ। ਆਪਣੇ ਆਪ ਨੂੰ ਇਹ ਪ੍ਰਸ਼ਨ ਪੁੱਛਣ ਦਾ ਕੰਮ ਜੋ ਏਨਾ ਸਾਦਾ ਅਤੇ ਆਸਾਨ ਹੈ, ਮੇਰੇ ਲਈ ਏਨਾ ਕਠਿਨ ਕਿਉਂ ਹੋ ਗਿਆ ਸੀ? ਇਸ ਦਾ ਉੱਤਰ ਉਪਰਲੇ ਸ਼ਬਦਾਂ ਵਿਚ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ, ਸੰਖੇਪ ਹੁੰਦੇ ਹੋਏ ਵੀ ਮੇਰੇ ਪਛਤਾਵੇ ਦਾ ਭਾਵ ਪ੍ਰਗਟ ਕਰਨ ਲਈ ਬਹੁਤ ਹਨ। ਮੈਂ ਉਸਨੂੰ ਪਿਆਰ ਕਰਦਾ ਸਾਂ।

ਦਿਨ ਲੰਘਦੇ ਗਏ, ਸਾਤੇ ਬੀਤਦੇ ਗਏ; ਹੁਣ ਕੰਬਰਲੈਂਡ ਵਿਚ ਮੈਨੂੰ ਆਇਆਂ ਤੀਜਾ ਮਹੀਨਾ ਸ਼ੁਰੂ ਹੋਣ ਲਗਾ ਸੀ। ਇਕਾਂਤ ਅਤੇ ਸ਼ਾਂਤ ਜ਼ਿੰਦਗੀ ਦੀ ਰਸ-ਭਰੀ-ਇਕਸਾਰਤਾ ਵਿਚ ਮੈਂ ਇੰਝ ਵਹਿੰਦਾ ਜਾ ਰਿਹਾ ਸਾਂ, ਜਿਵੇਂ ਸ਼ਾਂਤ ਅਤੇ ਰਵਾਂ ਨਦੀ ਵਿਚ ਕੋਈ ਤੇਰਾਕ ਧਾਰਾ ਦੇ ਨਾਲ ਨਾਲ ਤਿਲਕਦਾ ਜਾਂਦਾ ਹੋਵੇ। ਪਿਛਲੀਆਂ ਯਾਦਾਂ, ਭਵਿੱਖ ਦੇ ਵਿਚਾਰ, ਅਤੇ ਵਰਤਮਾਨ ਵਿਚ ਆਪਣੀ ਸਥਿਤੀ ਨੂੰ ਭੁੱਲ ਚੁਕਾ ਸਾਂ, ਅਤੇ ਇਹ ਸਭ ਸੋਚਾਂ ਇਕ ਧੋਖੇ ਭਰੀ ਚੁੱਪੀ ਸਾਧ ਕੇ ਮੇਰੇ ਅੰਦਰ ਸਾਹ ਰੋਕ ਕੇ ਬੈਠੀਆਂ ਸਨ। ਮੈਂ ਉਸ ਮਿੱਠੀ ਲੋਰੀ ਨੂੰ ਸੁਣ ਰਿਹਾ ਸਾਂ ਜੋ ਮੇਰਾ ਆਪਣਾ ਦਿਲ ਹੀ ਗਾ ਰਿਹਾ ਸੀ, ਮੇਰੀਆਂ ਅੱਖਾਂ ਹੋਰ ਹੋਰ ਦਰਿਸ਼ ਲਈ ਬੰਦ ਸਨ, ਅਤੇ ਕੰਨ ਖ਼ਤਰੇ ਦੀ ਕਿਸੇ ਆਵਾਜ਼ ਲਈ ਖੁੱਲ੍ਹੇ ਨਹੀਂ ਸਨ, ਇਸ ਤਰ੍ਹਾਂ ਮਸਤ ਮੈਂ ਹਰ ਪਲ, ਹਰ ਘੜੀ ਮਾਰੂ ਚਟਾਨਾਂ ਦੇ ਨੇੜੇ ਨੇੜੇ ਪੁੱਜਦਾ ਜਾ ਰਿਹਾ ਸਾਂ। ਉਸ ਖ਼ਤਰੇ ਦੀ ਸੂਚਨਾ, ਜਿਸ ਨਾਲ ਮੇਰੀ ਅੰਤ ਨੀਂਦ ਖੁੱਲੀ, ਅਤੇ ਮੈਨੂੰ ਅਚਾਨਕ ਆਪਣੀ ਕਮਜ਼ੋਰੀ ਦਾ ਅਹਿਸਾਸ

ਹੋਇਆ, ਜਿਸ ਦਾ ਇਲਜ਼ਾਮ ਮੈਂ ਆਪਣੇ ਆਪ ਨੂੰ ਹੀ ਦਿਤਾ, ਉਸ ਵਲੋਂ ਹੀ ਚੁੱਪ-ਚਪੀਤੀ ਆਈ। ਖ਼ਤਰੇ ਦੀ ਕੋਈ ਸੂਚਨਾ ਵੀ ਏਨੀ ਸੱਚੀ ਸਪਸ਼ਟ, ਅਤੇ ਮਿਹਰਭਰੀ ਨਹੀਂ ਹੋ ਸਕਦੀ।

ਇਕ ਰਾਤ ਅਸੀਂ ਨਿੱਤ ਵਾਂਗ ਹੀ ਵੱਖ ਹੋਏ ਸਾਂ। ਮੈਂ ਨਾ ਹੀ ਉਸ ਰਾਤ ਅਤੇ ਨਾ ਹੀ ਉਸ ਤੋਂ ਪਹਿਲਾਂ ਕੋਈ ਅਜਿਹਾ ਸ਼ਬਦ ਮੂੰਹੋਂ ਕਢਿਆ ਸੀ, ਜੋ ਮੇਰਾ ਭੇਤ ਖੋਲ੍ਹਦਾ, ਜਾਂ ਉਹਨੂੰ ਵੀ ਅਚਾਨਕ ਸਚਾਈ ਦਾ ਅਹਿਸਾਸ ਹੁੰਦਾ। ਪਰ ਅਗਲੀ ਸਵੇਰ ਜਦੋਂ ਅਸੀਂ ਮਿਲੇ, ਉਸ ਵਿਚ ਇਕ ਪ੍ਰੀਵਰਤਨ ਸੀ-ਅਜਿਹਾ ਪ੍ਰੀਵਰਤਨ, ਜਿਸਨੇ ਮੈਨੂੰ ਸਭ ਕੁਝ ਦੱਸ ਦਿਤਾ। ਮੈਂ ਉਸ ਵੇਲੇ ਵੀ ਸੰਕੋਚ ਕੀਤਾ -ਅਤੇ ਹੁਣ ਵੀ ਕਰ ਰਿਹਾ ਹਾਂ, ਅਤੇ ਉਸਦੇ ਦਿਲ ਵਿਚ ਛੁਪੇ ਮੰਦਿਰ ਦਾ ਭੇਤ ਉਸ ਤਰ੍ਹਾਂ ਕਿਸੇ ਅੱਗੇ ਖੋਲ੍ਹ ਕੇ ਨਹੀਂ ਰੱਖ ਸਕਦਾ, ਜਿਵੇਂ ਮੈਂ ਆਪਣਾ ਖੋਲ੍ਹਿਆ ਹੈ। ਬੱਸ ਏਨਾ ਹੀ ਕਾਫ਼ੀ ਸਮਝੋ ਕਿ ਜਿਸ ਸਮੇਂ ਉਹਨੂੰ ਆਪਣੇ ਰਾਜ ਦਾ ਪਤਾ ਲੱਗਾ, ਉਸੇ ਹੀ ਘੜੀ ਉਹਨੂੰ ਮੇਰ ਦਿਲ ਦੀ ਗੱਲ ਵੀ ਪਤਾ ਲੱਗ ਗਈ ਅਤੇ ਉਸ ਇਕ ਰਾਤ ਦੇ ਦੌਰਾਨ ਵਿਚ ਹੀ ਉਹ ਮੇਰੇ ਲਈ ਬਦਲ ਗਈ। ਉਹਦਾ ਸੱਚ ਨੂੰ ਪਿਆਰਨ ਵਾਲਾ ਸੁਭਾਅ ਜੋ ਕਿਸੇ ਨੂੰ ਧੋਖਾ ਨਹੀਂ ਦੇ ਸਕਦਾ ਸੀ, ਆਪਣੇ ਆਪ ਨੂੰ ਵੀ ਛਲ ਨਹੀਂ ਸਕਦਾ। ਜਦੋਂ ਉਹ ਸ਼ੱਕ, ਜਿਨ੍ਹਾਂ ਨੂੰ ਮੈਂ ਚੁੱਪ ਕਰਾਕੇ ਸੁਆ ਦਿੱਤਾ ਸੀ ਉਹਦੇ ਦਿਲ ਤੇ ਅਪਣਾ ਭਾਰ ਪਾਉਣ ਲੱਗਾ ਤਾਂ ਉਹਦਾ ਸੋਹਣਾ ਸੱਚਾ ਚਿਹਰਾ ਸਾਫ਼ ਸਾਫ਼ ਸਪਸ਼ਟ ਬੋਲ ਕੇ ਕਹਿ ਰਿਹਾ ਸੀ, "ਮੈਨੂੰ ਉਹਦੇ ਲਈ ਦੁੱਖ ਹੈ; ਮੈਨੂੰ ਆਪਣੇ ਲਈ ਦੁੱਖ ਹੈ।"

ਉਹਦਾ ਚਿਹਰਾ ਦਿਸਦੇ ਨਾਲ ਨਾਲ ਕੁਝ ਹੋਰ ਵੀ ਕਹਿ ਰਿਹਾ ਸੀ, ਜੋ ਮੈਂ ਉਸ ਵੇਲੇ ਸਮਝ ਨਹੀਂ ਸਾਂ ਸਕਿਆ। ਮੈਂ ਉਹਦੇ ਵਤੀਰੇ ਵਿਚ ਆਈ ਤਬਦੀਲੀ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਗਿਆ ਸਾਂ। ਉਹ ਹੁਣ ਮੇਰੇ ਨਾਲ ਪਹਿਲਾਂ ਨਾਲੋਂ ਵੀ ਵਧੇਰੇ ਮਿਠੀ ਸੀ, ਅਤੇ ਮੇਰੀ ਹਰ ਖਵਾਹਿਸ਼ ਨੂੰ ਅੱਗੇ ਨਾਲੋਂ ਵੀ ਜਲਦੀ ਸਮਝਦੀ ਸੀ; ਉਹ ਹੋਰ ਚੁੱਪ ਅਤੇ ਉਦਾਸ ਹੋ ਗਈ ਸੀ ਅਤੇ ਜਦੋਂ ਅਸੀਂ ਇਕੱਲੇ ਹੁੰਦੇ, ਉਹ ਕੋਈ ਨਾ ਕੋਈ ਅਜਿਹਾ ਕੰਮ ਲਭੱਣ ਲਈ ਚਿੰਤਿਤ ਹੁੰਦੀ, ਜਿਸ ਵਿਚ ਉਹ ਜਲਦੀ ਤੋਂ ਜਲਦੀ ਰੁੱਝ ਜਾਏ। ਮੈਂ ਸਮਝਦਾ ਸਾਂ ਕਿ ਉਹ ਕੋਮਲ ਬੁਲ੍ਹ ਹੁਣ ਕਿਉਂ ਏਨੇ ਸੰਜਮ ਨਾਲ ਅਤੇ ਕਦੇ ਕਦਾਈਂ ਹੀ ਮੁਸਕਰਾਂਦੇ ਹਨ; ਅਤੇ ਉਨ੍ਹਾਂ ਨੀਲੀਆਂ ਨਿਰਛਲ ਅੱਖਾਂ ਵਿਚ ਕਦੀ ਮੇਰੇ ਲਈ ਦੈਵੀ ਤਰਸ ਹੁੰਦਾ; ਕਦੀ ਉਨ੍ਹਾਂ ਵਿਚ ਇਕ ਅਨਭੋਲ

ਬੱਚੇ ਦੀ ਨਿਰਦੋਸ਼ਤਾ ਭਰੀ ਘਬਰਾਹਟ ਹੁੰਦੀ। ਪਰ ਜੋ ਪ੍ਰਵਰਤਨ ਆਇਆ ਸੀ, ਉਹ ਕੁੱਝ ਹੋਰ ਹੀ ਸੀ। ਉਹਦੇ ਹੱਥਾਂ ਵਿਚ ਇਕ ਠੰਢਕ ਸੀ-ਕੋਰਾਪਨ ਸੀ; ਉਹਦੇ ਚਿਹਰੇ ਤੇ ਇਕ ਅਜਿਹਾ ਅਹਿੱਲਤਾ ਸੀ: ਉਹਦੀ ਹਰ ਹਰਕਤ ਵਿਚ ਇਕ ਮੂਕ ਭਾਵ ਸੀ, ਇਕ ਡਰ ਸੀ, ਸਹਿਮ ਸੀ ਅਤੇ ਜਾਪਦਾ ਸੀ ਉਹ ਜਿਵੇਂ ਹਰ ਸਮੇਂ ਆਪਣੇ ਆਪ ਨੂੰ ਕੋਸ ਰਹੀ ਹੋਵੇ, ਧਿਕਾਰ ਰਹੀ ਹੋਵੇ। ਉਹ ਭਾਵਨਾਵਾਂ ਜੋ ਮੈਂ ਉਹਦੇ ਅਤੇ ਆਪਣੇ ਵਿਚਕਾਰ ਮਹਿਸੂਸ ਕਰਦਾ ਸਾਂ, ਉਹ ਭਾਵਨਾਵਾਂ ਜੋ ਅਸੀਂ ਇਕ ਦੂਜੇ ਦੇ ਸਾਹਮਣੇ ਸਵੀਕਾਰ ਨਹੀਂ ਸਨ ਕੀਤੀਆਂ, ਪਰ ਜੋ ਅਸੀਂ ਦੋਵੇਂ ਹੀ ਮਹਿਸੂਸ ਕਰਦੇ ਸਾਂ, ਉਹ ਤੇ ਇਹ ਨਹੀਂ ਸਨ। ਇਹ ਉਸ ਤਬਦੀਲੀ ਦਾ ਇਕ ਅੰਗ ਸੀ ਜੋ ਅਜੇ ਵੀ ਸਾਨੂੰ ਇਕ ਭੇਦ ਭਰੇ ਢੰਗ ਨਾਲ ਇਕ ਦੂਜੇ ਦੇ ਨੇੜੇ ਲਿਆ ਰਿਹਾ ਸੀ, ਅਤੇ ਇਸ ਪ੍ਰੀਵਰਤਨ ਵਿਚ ਕੁਝ ਅੰਸ਼ ਅਜਿਹੇ ਵੀ ਸਨ, ਜੋ ਅੰਦਰ ਹੀ ਅੰਦਰ ਸਾਨੂੰ ਇਕ ਦੂਜੇ ਤੋਂ ਦੂਰ ਕਰ ਰਹੇ ਸਨ।

ਮੈਂ ਦੁਬਿਧਾ ਗਤੇ ਘਬਰਾਹਟ ਵਿਚ ਸਾਂ, ਅਤੇ ਮੈਨੂੰ ਇਹ ਸ਼ੱਕ ਸੀ ਕਿ ਕੁਝ ਮੇਰੇ ਕੋਲੋਂ ਛੁਪਿਆ ਹੈ ਅਤੇ ਜਿਸਦਾ ਪਤਾ ਮੈਨੂੰ ਬਿਨਾਂ ਕਿਸੇ ਦੀ ਸਹਾਇਤਾ ਦੇ ਕੱਢਣਾ ਪਵੇਗਾ; ਮੈਂ ਮਿਸ ਹਾਲਕੌਂਬ ਦੇ ਚਿਹਰੇ ਨੂੰ ਵੇਖਦਾ ਅਤੇ ਉਹਦਾ ਨਿਰੀਖਣ ਕਰਦਾ ਕਿ ਸ਼ਾਇਦ ਉਹ ਮੈਨੂੰ ਕੋਈ ਸੂਹ ਦੇ ਸਕੇ। ਜਿੰਨੀ ਨੇੜਤਾ ਵਿਚ ਅਸੀਂ ਰਹਿ ਰਹੇ ਸਾਂ, ਉਸ ਵਿਚ ਇਹ ਸੰਭਵ ਨਹੀਂ ਸੀ ਕਿ ਇੱਕ ਵਿਚ ਕੁਝ ਗੰਭੀਰ ਪ੍ਰੀਵਰਤਨ ਆਉਂਦਾ ਅਤੇ ਦੂਜਿਆਂ ਉਤੇ ਉਸ ਦਾ ਕੋਈ ਪ੍ਰਭਾਵ ਨਾ ਪੈਂਦਾ | ਮਿਸ ਫ਼ੇਅਰਲੀ ਵਿਚ ਆਏ ਇਸ ਪ੍ਰੀਵਰਤਨ ਦਾ ਅਸਰ ਮਿਸ ਹਾਲਕੌਂਬ ਤੋਂ ਵੀ ਪ੍ਰਤੱਖ ਸੀ। ਭਾਵੇਂ ਮਿਸ ਹਾਲਕੌਂਬ ਦੇ ਮੂੰਹੋਂ ਇਕ ਵੀ ਸ਼ਬਦ ਅਜਿਹਾ ਨਹੀਂ ਸੀ ਨਿਕਲਿਆ ਜਿਸ ਨਾਲ ਇਹ ਪਤਾ ਲਗਦਾ ਕਿ ਉਹਦੇ ਦਿਲ ਵਿਚ ਮੇਰੇ ਲਈ ਹੁਣ ਪਹਿਲੇ ਵਾਲੀ ਗੱਲ ਨਹੀਂ ਰਹੀ। ਪਰ ਉਹਦੀਆਂ ਅੰਦਰ ਤੀਕ ਖੁੱਬਣ ਵਾਲੀਆਂ ਅੱਖਾਂ ਨੂੰ ਇਕ ਨਵੀਂ ਹੀ ਆਦਤ ਪਈ ਦਿਸਦੀ ਸੀ। ਉਹ ਹਰ ਸਮੇਂ ਮੈਨੂੰ ਹੀ ਵੇਖਦੀਆਂ ਰਹਿੰਦੀਆਂ। ਕਦੀ ਉਨ੍ਹਾਂ ਵਿਚ ਜ਼ਬਤ ਕੀਤਾ ਹੋਇਆ ਗੁੱਸਾ ਨਜ਼ਰ ਆਉਂਦਾ, ਕਦੀ ਕੋਈ ਦਬਾਇਆ ਹੋਇਆ ਡਰ; ਕਦੀ ਦੋਵੇਂ ਅਤੇ ਕਦੀ ਉਹ ਕੁਝ ਵੀ ਨਾ ਹੁੰਦਾ, ਜਿਸ ਨੂੰ ਮੈਂ ਸਮਝ ਸਕਦਾ। ਇਕ ਹਫਤਾ ਇਸ ਤਰ੍ਹਾਂ ਹੀ ਬੀਤ ਗਿਆ, ਅਤੇ ਅਸੀਂ ਤਿੰਨੋਂ ਇਕ ਦੂਜੇ ਵੱਲ ਅਜਿਹੀ ਰਾਜ ਭਰੀ ਚੁੱਪ ਸਾਧੀ ਬੈਠੇ ਸਾਂ ਕਿ ਘੁੱਟਣ ਹੁੰਦੀ ਸੀ। ਮੈਂ ਇਕ ਅਸਹਿ ਸਥਿੱਤੀ ਵਿਚ ਸਾ, ਕਿਉਂਕਿ ਹੁਣ ਮੈਨੂੰ ਆਪਣੀ ਕਮਜ਼ੋਰੀ ਦਾ

ਅਹਿਸਾਸ ਵੀ ਸੀ ਅਤੇ ਇਹ ਸ਼ਰਮਿੰਦਗੀ ਵੀ ਸੀ ਕਿ ਮੈਂ ਆਪਣੀ ਹੈਸੀਅਤ ਕਿਉਂ ਭੁੱਲ ਬੈਠਾ ਸੀ। ਇਹ ਖ਼ਿਆਲ ਭਾਵੇਂ ਮੇਰੀ ਚੇਤਨਾ ਵਿਚ ਦੇਰ ਨਾਲ ਜਾਗਿਆ ਸੀ, ਮੈਨੂੰ ਬਹੁਤ ਔਖਿਆ ਕਰ ਰਿਹਾ ਸੀ। ਮੈਂ ਮਹਿਸੂਸ ਕੀਤਾ ਕਿ ਜਿਸ ਘੁੱਟਣ ਅਤੇ ਸਖ਼ਤੀ ਵਿਚ ਮੈਂ ਜੀ ਰਿਹਾ ਹਾਂ। ਉਹ ਮੈਨੂੰ ਇਕ ਵਾਰ ਹੀ ਸਦਾ ਲਈ ਖ਼ਤਮ ਕਰ ਦੇਣੀ ਚਾਹੀਦੀ ਹੈ, ਪਰ ਇਸ ਲਈ ਕੀ ਕੀਤਾ ਜਾਣਾ ਚਾਹੀਦਾ ਹੈ ਅਤੇ ਕੀ ਕਰਨਾ ਚਾਹੀਦਾ ਹੈ, ਇਸ ਗੱਲ ਦੀ ਸਮਝ ਅਜੇ ਮੈਨੂੰ ਨਹੀਂ ਆ ਰਹੀ ਸੀ। ਇਸ ਨਿਢਾਲ ਅਤੇ ਹੀਣ ਅਵਸਥਾ ਵਿਚੋਂ ਮੈਨੂੰ ਮਿਸ ਹਾਲਕੌਂਬ ਨੇ ਕੱਢਿਆ। ਉਹਨੇ ਆਪਣੇ ਮੂੰਹੋਂ ਮੈਨੂੰ ਉਸ ਸਚਾਈ ਤੋਂ ਜਾਣੂ ਕਰਵਾਇਆ ਜੋ ਕੌੜੀ ਹੁੰਦੀ ਹੋਇਆਂ ਵੀ ਮੇਰੇ ਲਈ ਬੜੀ ਆਵਸ਼ੱਕ ਸੀ। ਮੈਂ ਉਸ ਧੱਕੇ ਲਈ ਤਿਆਰ ਨਹੀਂ ਸਾਂ। ਪਰ ਉਹਨੇ ਪਿਆਰ ਭਰੇ ਦਿਲ ਨਾਲ ਮੈਨੂੰ ਘੱਟ ਤੋਂ ਘੱਟ ਪੀੜ ਪਹੁੰਚਾਈ। ਇਹ ਉਹਦੀ ਸਿਆਣਪ ਅਤੇ ਹੌਂਸਲੇ ਦਾ ਸਿੱਟਾ ਹੀ ਸੀ ਕਿ ਉਹ ਘਟਨਾ ਜੋ ਲਿਮਰਿਜ ਹਾਊਸ ਵਿਚ ਮੇਰੇ ਅਤੇ ਹੋਰਨਾਂ ਲਈ ਇਕ ਬਿਪਤਾ ਦੇ ਰੂਪ ਵਿਚ ਆ ਸਕਦੀ ਸੀ, ਸਮੇਂ ਸਿਰ ਟਲ ਗਈ।

## (10)

ਵੀਰਵਾਰ ਦਾ ਦਿਨ ਸੀ, ਅਤੇ ਕੰਬਰਲੈਂਡ ਵਿਚ ਮੈਨੂੰ ਆਇਆ ਤਿੰਨ ਮਹੀਨੇ ਹੋਣ ਵਾਲੇ ਹੀ ਸਨ!

ਸਵੇਰੇ ਨਾਸ਼ਤੇ ਲਈ, ਰੋਜ਼ ਵਾਂਗ ਮੈਂ ਜਦੋਂ ਹੇਠਾਂ ਗਿਆ ਤਾਂ ਮਿਸ ਹਾਲਕੌਂਬ ਪਹਿਲੀ ਵਾਰੀ ਆਪਣੀ ਥਾਂ ਤੇ ਹਾਜ਼ਰ ਨਾ ਦਿਸੀ।

ਮਿਸ ਫ਼ੇਅਰਲੀ ਬਾਹਰ ਘਾਹ ਦੇ ਲਾਨ ਤੇ ਸੀ, ਉਸ ਨੇ ਮੈਨੂੰ ਸਿਰ ਝੁਕਾਇਆ ਪਰ ਅੰਦਰ ਨਾ ਆਈ। ਅਜੇ ਤਕ ਮੇਰੇ ਅਤੇ ਉਹਦੇ ਮੂੰਹ ਵਿਚੋਂ ਇਕ ਵੀ ਸ਼ਬਦ ਅਜਿਹਾ ਨਹੀਂ ਸੀ ਨਿਕਲਿਆ ਜੋ ਸਾਨੂੰ ਡਾਵਾਂ ਡੋਲ ਕਰ ਦਿੰਦਾ, ਪਰ ਤਾਂ ਵੀ ਅਸੀਂ ਦੋਵੇਂ ਇਕੱਲੇ ਮਿਲਣ ਉਤੇ ਘਬਰਾ ਜਾਂਦੇ ਸਾਂ। ਉਹ ਬਾਹਰ ਲਾਨ ਵਿਚ ਉਡੀਕਦੀ ਰਹੀ; ਅਤੇ ਮੈਂ ਅੰਦਰ ਬਰੇਕਫਾਸਟ ਰੂਮ ਵਿਚ ਤਾਂ ਜੋ ਮਿਸਜ਼ ਵੈਸੀ ਜਾਂ ਮਿਸ ਹਾਲਕੌਂਥ ਆ ਜਾਏ। ਸਿਰਫ ਪੰਦਰਾਂ ਹੀ ਦਿਨ ਪਹਿਲਾਂ ਮੈਂ ਕਿਵੇਂ ਉੱਡ ਕੇ ਉਹਦੇ ਕੋਲ ਲਾਨ ਵਿਚ ਚਲਾਂ ਜਾਂਦਾ, ਕਿੰਨੀ ਜਲਦੀ ਅਸੀਂ ਹੱਥ ਮਿਲਾਉਂਦੇ ਅਤੇ ਆਪਣੀਆਂ ਨਿੱਤ ਦੀਆਂ ਗੱਲਾਂ ਵਿਚ ਸਹਿਜੇ ਹੀ ਮਗਨ ਹੋ ਜਾਂਦੇ।

ਕੁਝ ਮਿੰਟਾਂ ਮਗਰੋਂ ਮਿਸ ਹਾਲਕੌਂਬ ਕਮਰੇ ਵਿਚ ਆਈ। ਉਹ ਸੋਚਾਂ ਵਿਚ ਡੁੱਬੀ ਦਿਸਦੀ ਸੀ, ਦੇਰ ਨਾਲ ਆਉਣ ਲਈ ਉਹਨੇ ਖਿਮਾਂ ਮੰਗੀ।

"ਮੈਨੂੰ ਤਾਂ ਦੇਰ ਹੋਈ ਹੈ," ਉਹ ਬੋਲੀ, "ਕਿਉਂ ਜੋ ਮਿਸਟਰ ਫ਼ੇਅਰਲੀ ਨੇ ਮੈਨੂੰ ਇਮ ਘਰੋਗੀ ਮਾਮਲੇ ਬਾਰੇ ਸਲਾਹ ਕਰਨ ਲਈ ਬਲਾ ਲਿਆ ਸੀ।"

ਮਿਸ ਫ਼ੇਅਰਲੀ ਵੀ ਬਗੀਚੇ ਵਿਚੋਂ ਹੁਣ ਅੰਦਰ ਆ ਗਈ ਸੀ ਅਤੇ ਅਸੀਂ ਰੋਜ਼ ਵਾਂਗ ਹੱਥ ਮਿਲਾਇਆ ਪਰ ਉਹਦਾ ਹੱਥ ਅੱਜ ਬਹੁਤ ਠੰਢਾ ਸੀ। ਉਹਨੇ ਮੇਰੇ ਵੱਲ ਵੇਖਿਆ ਨਹੀਂ ਅਤੇ ਉਹਦਾ ਰੰਗ ਏਨਾ ਪੀਲਾ ਸੀ, ਕਿ ਮਿਸਜ਼ ਵੈਸੀ ਜੋ ਉਸ ਤੋਂ ਇਕ ਮਿੰਟ ਮਗਰੋਂ ਹੀ ਕਮਰੇ ਵਿਚ ਆਈ, ਉਹਦੇ ਮੂੰਹ ਵੱਲ ਤਕ ਕੇ ਬੋਲੀ :

"ਮੇਰਾ ਖ਼ਿਆਲ ਹੈ ਕਿ ਮੌਸਮ ਦੀ ਤਬਦੀਲੀ ਹੀ ਇਹਦਾ ਕਾਰਨ ਹੈ। ਮੇਰੀ ਪਿਆਰੀ ਬੱਚੀ ਸਰਦੀ ਦੀ ਰੁੱਤ ਆ ਰਹੀ ਹੈ- ਹਾਂ ਜਲਦੀ ਹੀ ਆ ਰਹੀ ਹੈ।"

ਉਹਦੇ ਅਤੇ ਮੇਰੇ ਦਿਲ ਵਿਚ ਇਹ ਪਹਿਲਾਂ ਹੀ ਆ ਚੁੱਕੀ ਸੀ। ਸਾਡਾ ਸਵੇਰ ਦੇ ਨਾਸ਼ਤੇ ਦਾ ਵੇਲਾ ਜੋ ਪਹਿਲਾਂ ਏਨਾ ਮੇਜ਼ਦਾਰ ਹੁੰਦਾ ਸੀ, ਅਤੇ ਹਾਸੇ ਠੱਠੇ ਵਿਚ ਹੀ ਅਸੀਂ ਸਾਰੇ ਦਿਨ ਦਾ ਪਹਿਲਾਂ ਹੀ ਪ੍ਰੋਗਰਾਮ ਬਣਾ ਲੈਂਦੇ ਸਾਂ, ਅੱਜ ਉਦਾਸੀ ਭਰਿਆ ਸੀ। ਅੱਜ ਨਾਸ਼ਤਾ ਜਲਦੀ ਹੀ ਖ਼ਤਮ ਹੋ ਗਿਆ ਸੀ। ਗੱਲਬਾਤ ਤੁਰਦੀ ਹੀ ਨਹੀਂ ਸੀ, ਅਤੇ ਚੁੱਪ ਜਦੋਂ ਲੰਮੀ ਹੋ ਜਾਂਦੀ ਤਾਂ ਉਹਦੀ ਘੁੱਟਣ ਮਹਿਸੂਸ ਕਰਦੀ ਮਿਸ ਫ਼ੇਅਰਲੀ ਆਪਣੀ ਭੈਣ ਵੱਲ ਬੇਨਤੀ ਭਰੇ ਲਹਿਜੇ ਵਿਚ ਵੇਖਦੀ, ਤਾਂ ਜੋ ਉਹ ਉਸ ਚੁੱਪ ਨੂੰ ਤੋੜੇ। ਮਿਸ ਹਾਲਕੌਂਬ ਵੀ ਅੱਜ ਗੱਲ ਕਰਨ ਵੇਲੇ ਇਕ ਦੋ ਵਾਰੀ ਝਿਜਕੀ ਜੋ ਕਿ ਉਹਦੇ ਸਭਾ ਤੋਂ ਬਿਲਕੁਲ ਉਲਟ ਸੀ। ਅੰਤ ਉਹ ਬੋਲੀ।

"ਲਾਰਾ, ਅੱਜ ਮੈਂ ਤੇਰੇ ਅੰਕਲ ਨੂੰ ਮਿਲੀ ਹਾਂ" ਉਹਨੇ ਕਿਹਾ, " ਉਹਦੇ ਵਿਚਾਰ ਵਿਚ ਪਰਪਲ ਰੂਮ ਤਿਆਰ ਕਰਵਾਉਣਾ ਚਾਹੀਦਾ ਹੈ; ਅਤੇ ਉਹਨੇ ਵੀ ਉਹੀ ਗੱਲ ਕਹੀ ਹੈ ਜੋ ਮੈਂ ਤੈਨੂੰ ਕਹੀ ਸੀ। ਸੋਮਵਾਰ ਦਾ ਦਿਨ ਹੈ -ਮੰਗਲ ਨਹੀਂ।"

ਜਦੋਂ ਇਹ ਗੱਲ ਹੋ ਰਹੀ ਸੀ, ਤਾਂ ਮਿਸ ਫ਼ੇਅਰਲੀ ਦੀਆਂ ਨਜ਼ਰਾਂ ਮੰਚ ਉਤੇ ਸਨ। ਮੇਜ਼ਪੋਸ਼ ਉੱਤੇ ਜੋ ਡਬਲ ਰੋਟੀ ਦਾ ਭੋਰ ਚੂਰ ਖਿਲਰਿਆ ਸੀ, ਉਹ ਆਪਣੀਆਂ ਕੰਬਦੀਆਂ ਉਂਗਲੀਆਂ ਨਾਲ ਉਸਨੂੰ ਚਣਦੀ ਜਾ ਰਹੀ ਸੀ। ਉਹਦੀਆਂ ਗਲ੍ਹਾਂ ਦੀ ਪਲਿੱਤਣ ਉਹਦੇ ਬੁਲ੍ਹਾਂ ਤੀਕ ਫੈਲਦੀ ਜਾ ਰਹੀ ਸੀ, ਜੋ ਸਾਫ ਕੰਬਦੇ ਨਜ਼ਰ ਆ ਰਹੇ ਸਨ। ਮਿਸ ਹਾਲਕੌਂਬ ਨੇ ਇਹ ਵੀ ਵੇਖ ਲਿਆ ਸੀ ; ਇਸ ਲਈ ਉਹ ਇਕ ਦਮ ਮੰਚ ਤੋਂ ਉਠ ਖੜੋਤੀ, ਜਿਸ ਨਾਲ ਸਾਰੇ ਹੀ ਉਠ ਪਏ।

ਮਿਸਜ਼ ਵੈਸੀ ਅਤੇ ਮਿਸ ਫ਼ੇਅਰਲੀ ਦੋਵੇਂ ਇਕੱਠੀਆਂ ਹੀ ਕਮਰੇ ਵਿਚੋਂ ਬਾਹਰ ਨਿਕਲੀਆਂ ਇਕ ਪਲ ਲਈ ਉਨ੍ਹਾਂ ਨੀਲੀਆਂ ਉਦਾਸ ਅੱਖਾਂ ਨੇ ਮੇਰੇ ਵੱਲ ਵੇਖਿਆ; ਉਨ੍ਹਾਂ ਵਿਚ ਲੰਮੇ ਵਿਛੋੜੇ ਦਾ ਅਹਿਸਾਸ ਸੀ। ਮੇਰੇ ਦਿਲ ਵਿਚ ਵੀ ਪੀੜ ਦੀ ਲਹਿਰ ਉੱਤਰ ਵਜੋਂ ਉਠੀ-ਅਜਿਹੀ ਟਸਨ, ਜਿਸ ਨੇ ਮੈਨੂੰ ਦੱਸ ਦਿੱਤਾ ਕਿ ਮੈਂ ਹੁਣ ਉਹਨੂੰ ਹਮੇਸ਼ਾਂ ਲਈ ਗਵਾ ਬੈਠਾਂਗਾ-ਅਤੇ ਮੇਰਾ ਪਿਆਰ ਕਦੀ ਨਹੀਂ ਬਦਲੇਗਾ, ਸਗੋਂ ਹੋਰ ਵੀ ਸੰਘਣਾਂ ਹੋਵੇਗਾ।

ਉਹਦੇ ਜਾਣ ਮਗਰੋਂ ਮੈਂ ਵੀ ਬਗੀਰੇ ਵਿਚ ਜਾਣ ਲਈ ਨਿਕਲਣ ਲੱਗਾ ਸਾਂ। ਮਿਸ਼ ਹਾਲਕੌਂਬ ਉਸ ਵੱਡੀ ਖਿੜਕੀ ਕੋਲ ਖੜੀ ਸੀ, ਜਿਸ ਵਿਚੋਂ ਬਾਹਰ ਲਾਨ ਵੱਲ ਨੂੰ ਜਾਈਦਾ ਸੀ। ਉਸਨੇ ਆਪਣਾ ਫੈਟ ਹੱਥ ਵਿਚ ਫੜਿਆ ਸੀ ਅਤੇ ਸ਼ਾਲ ਬਾਂਹ ਤੇ ਸੁੱਟਿਆ ਹੋਇਆ ਸੀ। ਉਹ ਮੇਰੇ ਵੱਲ ਬੜੀ ਗਹੁ ਨਾਲ ਵੇਖ ਰਹੀ ਸੀ।

"ਕੀ ਤੁਹਾਡੇ ਕੱਲ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਥੋੜ੍ਹੀ ਵਿਹਲ ਹੈ? ਉਸ ਨੇ ਮੈਨੂੰ ਪੁਛਿਆ।"

"ਜ਼ਰੂਰ, ਮਿਸ ਹਾਲਕੌਂਬ। ਮੈਂ ਤੁਹਾਡੀ ਸੇਵਾ ਵਿਚ ਸਦਾ ਹਾਜ਼ਰ ਹਾਂ।"

"ਮੈਂ ਤੁਹਾਨੂੰ ਇਕਾਂਤ ਵਿਚ ਕੁਛ ਕਹਿਣਾ ਚਹਿੰਦੀ ਹਾਂ, ਮਿਸਟਰ ਹਾਰਟਰਾਈਟ। ਆਪਣਾ ਹੈਟ ਲੈ ਕੇ ਬਗੀਚੇ ਵਿਚ ਆ ਜਾਉ। ਮੇਰਾ ਖ਼ਿਆਲ ਹੈ, ਇਸ ਵੇਲੇ ਉਥੇ ਅਸੀਂ ਨਿਰਵਿਘਨ ਗੱਲ ਕਰ ਸਕਾਂਗੇ।"

ਜਿਉਂ ਹੀ ਅਸੀਂ ਲਾਨ ਵਿਚ ਦਾਖਲ ਹੋਏ, ਇਕ ਸਹਾਇਕ ਮਾਲੀ, ਜੋ ਛੋਕਰਾ ਜਿਹਾ ਹੀ ਸੀ ਹੱਥ ਵਿਚ ਇਕ ਚਿੱਠੀ ਫੜੀ ਘਰ ਵੱਲ ਨੂੰ ਜਾ ਰਿਹਾ ਸੀ। ਮਿਸ ਹਾਲਕੌਂਬ ਨੇ ਉਹਨੂੰ ਰੋਕ ਲਿਆ।

"ਕੀ ਇਹ ਚਿੱਠੀ ਮੇਰੇ ਲਈ ਹੈ?" ਉਹਨੇ ਮਾਲੀ ਨੂੰ ਪੁੱਛਿਆ।

"ਨਹੀਂ" ਬੀਬੀ ਜੀ, ਇਹ ਮੈਨੂੰ ਮਿਸ ਫ਼ੇਅਰਲੀ ਨੂੰ ਦੇਣ ਲਈ ਕਿਹਾ ਗਿਆ ਹੈ।" ਮੁੰਡੇ ਨੇ ਉੱਤਰ ਦਿੱਤਾ, ਅਤੇ ਇਹ ਕਹਿੰਦਿਆਂ ਚਿੱਠੀ ਵੀ ਦਿਖਾ ਦਿੱਤੀ।

ਮਿਸ ਚਾਲਕੌਂਬ ਨੇ ਚਿੱਠੀ ਉਹਦੇ ਹਥੋਂ ਫੜ ਕੇ ਚਿੱਠੀ ਦੇ ਉਪਰ ਲਿਖਿਆ ਪਤਾ ਵੇਖਿਆ।

"ਬੜੀ ਅਜੀਬ ਜਿਹੀ ਲਿਖਾਈ ਏ, "ਜਿਵੇਂ ਉਹਨੇ ਆਪਣੇ ਆਪ ਨੂੰ ਪੁੱਛਿਆ, "ਕੌਣ ਹੈ, ਜਿਸ ਨੇ ਲਾਰਾ ਨੂੰ ਇਹ ਚਿੱਠੀ ਲਿਖੀ ਹੈ? ਤੂੰ ਇਹ ਚਿੱਠੀ ਕਿਥੋਂ ਲਈ ਹੈ?" ਉਹ ਨੇ ਮਾਲੀ ਨੂੰ ਪੁੱਛਿਆ।

"ਜੀ ਮੈਨੂੰ ਇਕ ਔਰਤ ਨੇ ਦਿੱਤੀ ਹੈ।" ਮੁੰਡੇ ਨੇ ਜਵਾਬ ਵਿਚ ਕਿਹਾ।

"ਕਿਹੜੀ ਔਰਤ?"

"ਇਕ ਬੜੀ ਬੁੱਢੀ ਔਰਤ ਨੇ, ਬੀਬੀ ਜੀ।"

"ਬੁੱਢੀ ਔਰਤ। ਕੀ ਤੂੰ ਉਹਨੂੰ ਜਾਣਦਾ ਹੈ?"

"ਨਹੀਂ, ਮੈਂ ਤੇ ਉਹਨੂੰ ਪਹਿਲਾਂ ਕਦੇ ਵੀ ਨਹੀਂ ਵੇਖਿਆ।"

"ਉਹ ਕਿਹੜੇ ਪਾਸੇ ਨੂੰ ਗਈ ਹੈ? "

"ਉਸ ਫਾਟਕ ਵੱਲ।" ਮਾਲੀ ਮੁੰਡੇ ਨੇ ਬੜਾ ਸੋਚ ਕੇ ਉੱਤਰ ਦਿੱਤਾ ਅਤੇ ਦੱਖਣੀ ਪਾਸੇ ਵੱਲ ਆਪਣੀ ਬਾਂਹ ਇੰਜ ਉਲਾਰ ਕੇ ਇਸ਼ਾਰਾ ਕੀਤਾ ਕਿ ਉਹਦੀ ਵਲਗਣ ਅੰਦਰ ਸਾਰਾ ਦੱਖਣੀ ਇੰਗਲੈਂਡ ਸਮਾ ਗਿਆ।

"ਬੜੀ ਅਜੀਬ ਗੱਲ ਹੈ। ਮੇਰਾ ਖ਼ਿਆਲ ਹੈ ਇਹ ਕੁੱਝ ਮੰਗਣ ਲਈ ਚਿੱਠੀ ਲਿਖੀ ਗਈ ਹੈ।" ਮਿਸ ਹਾਲਕੌਂਬ ਨੇ ਕਿਹਾ। "ਹੱਛਾ" ਉਹ ਮਾਲੀ ਨੂੰ ਚਿੱਠੀ ਦਿੰਦਿਆਂ ਬੋਲੀ, 'ਇਹ ਚਿੱਠੀ ਫੜ ਲੈ ਤੇ ਘਰ ਵੱਲ ਜਾ, ਉਥੇ ਕਿਸੇ ਨੌਕਰ ਨੂੰ ਦੇਈਂ। ਅਤੇ ਹੁਣ ਮਿਸਟਰ ਹਾਰਟਰਾਈਟ, ਜੇ ਤੁਹਾਨੂੰ ਕੋਈ ਉਜ਼ਰਨਾ ਹੋਵੇ ਤਾਂ ਅਸੀਂ ਇਸ ਪਾਸ ਚਲਦੇ ਹਾਂ।" ਉਹ ਲਾਨ ਉਤੋਂ ਮੇਰੇ ਅੱਗੇ ਅੱਗੇ ਉਸ ਰਾਹ ਤੇ ਜਾ ਰਹੀ ਸੀ, ਜਿਸ ਉਤੇ ਮੈਂ ਲਿਮਰਿਜ ਆਉਣ ਤੋਂ ਪਹਿਲੇ ਦਿਨ ਉਹਦੇ ਨਾਲ ਗਿਆ ਸਾਂ। ਉਸ ਸਮਰ ਹਾਊਸ ਕੱਲ ਪੁੱਜ ਕੇ, ਜਿਥੇ ਮੈਂ ਅਤੇ ਲਾਰਾ ਫ਼ੇਅਰਲੀ ਪਹਿਲੀ ਵਾਰ ਮਿਲੇ ਸਾਂ ਉਹ ਰੁਕ ਗਈ। ਜਿਥੇ ਪਹੁੰਚ ਕੇ ਉਹ ਚੁੱਪ ਤੋੜੀ ਜੋ ਸਾਰਾ ਰਾਹ ਸਾਡੇ ਵਿਚਕਾਰ ਬਣੀ ਰਹੀ ਸੀ।

"ਮੈਂ" ਤੁਹਾਨੂੰ ਜੋ ਵੀ ਕਹਿਣਾ ਹੈ ਇਥੇ ਕਹਿ ਸਕਦੀ ਹਾਂ।" ਇੰਨਾ ਕਹਿ ਕੇ ਉਹ ਸਮਰ ਹਾਊਸ ਅੰਦਰ ਜਾ ਕੇ ਛੋਟੇ ਗੋਲ ਮੇਜ਼ ਦੁਆਲੇ ਪਈਆਂ ਕੁਰਸੀਆਂ ਵਿਚੋਂ ਇਕ ਉਤੇ ਬੈਠ ਗਈ, ਅਤੇ ਮੈਨੂੰ ਦੂਜੀ ਕੁਰਸੀ ਤੇ ਬੈਠਣ ਲਈ ਇਸ਼ਾਰਾ ਕੀਤਾ। ਜਦੋਂ ਬਰੇਕਫਾਸਟ ਰੂਮ

ਵਿਚ ਉਹਨੇ ਮੇਰੇ ਨਾਲ ਗੱਲ ਕੀਤੀ ਸੀ ਤਾਂ ਮੈਨੂੰ ਕੁਝ ਸ਼ੱਕ ਸੀ, ਪਰ ਹੁਣ ਮੈਨੂੰ ਪੱਕਾ ਪਤਾ ਸੀ ਕਿ ਉਹਨੇ ਕੀ ਕਹਿਣਾ ਹੈ।

"ਮਿਸਟਰ ਹਾਰਟਰਾਈਟ," ਉਹ ਬੋਲੀ, "ਮੈਂ ਤੁਹਾਡੇ ਨਾਲ ਸਾਰੀ ਗੱਲ ਸਪੱਸ਼ਟ ਸ਼ਬਦਾਂ ਵਿਚ ਕਰਾਂਗੀ, ਨਾ ਤੇ ਮੈਨੂੰ ਗੱਲਾਂ ਨੂੰ ਵਲਾ ਫਿਰਾ ਕੇ ਕਰਨਾ ਆਉਂਦਾ ਹੈ ਅਤੇ ਨਾ ਹੀ ਮੈਂ ਕਦੀ ਤੁਹਾਡੀ ਝੂਠੀ ਵਡਿਆਈ ਕਰਾਂਗੀ; ਇਨ੍ਹਾਂ ਦੋਹਾਂ ਚੀਜ਼ਾਂ ਤੋਂ ਮੈਨੂੰ ਨਫ਼ਰਤ ਹੈ। ਮੈਂ ਬਿਹੀ ਕਹਿਣ ਲੱਗੀ ਸਾਂ ਕਿ ਤੁਹਾਡੇ ਲਿਮਰਿਜ ਰਹਿਣ ਨਾਲ ਮੇਰੇ ਦਿਲ ਵਿਚ ਤੁਹਾਡੇ ਲਈ ਪਿਆਰ ਭਰੀ ਮਿੱਤਰਤਾ ਦੀ ਭਾਵਨਾ ਹੋ ਗਈ ਹੈ। ਇਹ ਭਾਵਨਾ ਤਾਂ ਮੇਰੇ ਦਿਲ ਵਿਚ ਉਦੋਂ ਹੀ ਹੋ ਗਈ ਸੀ ਜਦੋਂ ਤੁਸੀਂ ਅਭਾਗਣ ਔਰਤ ਨਾਲ ਆਪਣੇ ਵਰਤਾਉ ਬਾਰੇ ਮੈਨੂੰ ਦੱਸਿਆ ਸੀ। ਜਿਸਨੂੰ ਤੁਸੀਂ ਉਸ ਰਾਤ ਵਿਚਿਤ੍ਰ ਹਾਲਤ ਵਿਚ ਮਿਲੇ ਸੀ। ਤੁਸੀਂ ਜਿਸ ਤਰ੍ਹਾਂ ਉਸ ਮਾਮਲੇ ਨੂੰ ਸੰਭਾਲਿਆ, ਉਸ ਵਿਚ ਭਾਵੇਂ ਸਿਆਣਪ ਘੱਟ ਹੋਵੇਗੀ; ਪਰ ਉਸ ਤੋਂ ਤੁਹਾਡੇ ਸਭਾ ਵਿਚ ਜੋ ਸਾਉਪਣਾ ਹੈ --ਸ਼ਰਾਫ਼ਤ ਹੈ, ਉਹ ਝਲਕਦੀ ਹੈ, ਕਿਉਂਕਿ ਉਸ ਸਮੇਂ ਤੁਸੀਂ ਸਵੈ-ਕਾਬੂ, ਸ਼ਰਾਫ਼ਤ ਅਤੇ ਤਰਸ ਤੋਂ ਕੰਮ ਲਿਆ, ਉਹ ਤੁਹਾਡੇ ਵਰਗੇ ਇਕ ਸੱਜਣ ਪੁਰਸ਼ ਦੇ ਵੱਸ ਦੀ ਗੱਲ ਸੀ। ਇਸੇ ਲਈ ਮੈਂ ਤੁਹਾਡੇ ਤੋਂ ਹੋਰ ਚੰਗਿਆ ਕੰਮਾਂ ਦੀ ਆਸ ਰੱਖੀ; ਅਤੇ ਤੁਸੀਂ ਕਿਧਰੇ ਵੀ ਨਿਰਾਸ਼ ਨਹੀਂ ਕੀਤਾ।"

ਉਹ ਪਲ ਭਰ ਰੁਕੀ-ਪਰ ਉਹਨੇ ਆਪਣੇ ਹੱਥ ਨਾਲ ਇਸ਼ਾਰਾ ਕੀਤਾ, ਜਿਸਦਾ ਭਾਵ ਸੀ ਕਿ ਉਹ ਮੇਰੇ ਕੋਲੋਂ ਕਿਸੇ ਉੱਤਰ ਦੀ ਆਸ ਨਹੀਂ ਰੱਖਦੀ। ਜਦੋਂ ਮੈਂ ਸਮਰ ਹਾਉਸ ਵਿਚ ਦਾਖਲ ਹੋਇਆ ਸਾਂ, ਤਾਂ ਮੈਨੂੰ ਚਿੱਟੇ ਬਸਤਰਾਂ ਵਾਲੀ ਔਰਤ ਦੀ ਉੱਕਾ ਹੀ ਯਾਦ ਨਹੀਂ ਸੀ। ਪਰ ਹੁਣ ਮਿਸ ਹਾਲਕੌਂਬ ਦੇ ਏਨਾਂ ਕਹਿਣ ਤੇ ਮੈਨੂੰ ਉਸ ਘਟਨਾ ਦੀ ਯਾਦ ਤਾਜ਼ੀ ਹੋ ਆਈ, ਅਤੇ ਉਸ ਮੁਲਾਕਾਤ ਵਿਚ ਜੋ ਇਹ ਸਾਰਾ ਸਮਾਂ ਮੇਰੇ ਨਾਲ ਹੀ ਰਹੀ, ਇਸ ਦਾ ਵੀ ਫ਼ਲ ਨਿਕਲਿਆ। "ਮੈਂ ਇਕ ਮਿੱਤਰ ਦੇ ਨਾਤੇ, ਆਪਣੇ ਸਿੱਧੇ ਸਾਦੇ ਖਰਵੇ ਢੰਗ ਵਿਚ ਤੁਹਾਨੂੰ ਇਹ ਦੱਸਣ ਲੱਗੀ ਹਾਂ," ਉਹਨੇ ਅੱਗੇ ਗੱਲ ਤੋਰੀ, "ਕਿ ਮੈਨੂੰ ਬਿਨਾਂ ਕਿਸੇ ਦੀ ਸਹਾਇਤਾ ਦੇ, ਜਾਂ ਕਿਸੇ ਹੋਰ ਦੇ ਦੱਸਣ ਦੇ-ਇਹ ਯਾਦ ਰਖਣਾ, ਮਿਸਟਰ ਹਾਰਟਰਾਈਟ, ਮੈਨੂੰ ਆਪ ਹੀ ਤੁਹਾਡੇ ਭੇਤ ਦਾ ਪਤਾ ਲੱਗ ਗਿਆ ਹੈ। ਮਿਸਟਰ ਹਾਰਟਰਾਈਟ, ਤੁਸੀਂ ਸੋਚੇ ਸਮਝੇ ਬਿਨਾਂ ਮੇਰੀ ਭੈਣ ਨਾਲ ਪਿਆਰ, ਹਾਂ, ਗੰਭੀਰ ਅਤੇ ਡੂੰਘਾ ਪਿਆਰ ਪਾ ਬੈਠੇ ਹੋ! ਮੈਂ ਤੁਹਾਨੂੰ ਇਹ ਪੀੜ

ਨਹੀਂ ਪਹੁੰਚਾਉਣਾ ਚਾਹੁੰਦੀ ਕਿ ਤੁਸੀਂ ਬਹੁਤ ਸਾਰੇ ਸ਼ਬਦਾਂ ਵਿਚ ਮੇਰੇ ਅੱਗੇ ਇਹ ਗੱਲ ਸਵੀਕਾਰ ਕਰੋ। ਕਿਉਂਕਿ ਮੈਂ ਵੇਖ ਰਹੀ ਹਾਂ; ਅਤੇ ਜਾਣਦੀ ਹਾਂ, ਕਿ ਤੁਸੀਂ ਏਨੇ ਸੱਚੇ ਹੋ ਕਿ ਝੂਠ ਨਹੀਂ ਬਲੋਗੇ। ਮੈਂ ਤੁਹਾਨੂੰ ਕੋਈ ਇਲਜ਼ਾਮ ਵੀ ਨਹੀਂ ਦੇਂਦੀ-ਮੈਂ ਸਿਰਫ ਤੁਹਾਡੇ ਤੇ ਤਰਸ ਖਾਂਦੀ ਹਾਂ ਕਿ ਤੁਹਾਡਾ ਪਿਆਰ ਅਸਫ਼ਲ ਹੀ ਰਵੇਗਾ। ਤੁਸੀਂ ਕਿਸੇ ਤਰ੍ਹਾਂ ਵੀ ਕੋਈ ਨਾਜਾਇਜ਼ ਫਾਇਦਾ ਉਠਾਉਣ ਦਾ ਯਤਨ ਨਹੀਂ ਕੀਤਾ--ਤੁਸੀਂ ਵੱਧ ਤੋਂ ਵੱਧ, ਚੋਰੀ ਚੋਰੀ ਮੇਰੀ ਭੈਣ ਨਾਲ ਕੋਈ ਗੱਲ ਨਹੀਂ ਕੀਤੀ। ਤੁਹਾਡਾ ਦੋਸ਼ ਹੈ, ਤੁਹਾਡੀ ਕਮਜ਼ੋਰੀ, ਅਤੇ ਆਪਣੀ ਭਲਾਈ ਦਾ ਖ਼ਿਆਲ ਨਾ ਕਰਨਾ, ਇਸ ਤੋਂ ਵੱਧ ਹੋਰ ਕੁਝ ਨਹੀਂ। ਜੇ ਤੁਸੀਂ ਇਕ ਮਾਮਲੇ ਵਿਚ ਵੀ ਕੁਝ ਘਟ ਸ਼ਰਮ ਅਤੇ ਘਟ ਸ਼ਰਾਫਤ ਤੋਂ ਕੰਮ ਲਿਆ ਹੁੰਦਾ ਤਾਂ ਮੈਂ ਤੁਹਾਨੂੰ ਇਕ ਦਮ ਇਸ ਘਰ ਨੂੰ ਛੱਡ ਕੇ ਜਾਣ ਲਈ ਕਹਿ ਦੇਣਾ ਸੀ; ਇਸ ਲਈ ਮੈਂ ਇਕ ਮਿੰਟ ਦਾ ਨੋਟਿਸ ਵੀ ਤੁਹਾਨੂੰ ਨਹੀਂ ਸੀ ਦੇਣਾ ਅਤੇ ਨਾ ਹੀ ਮੈਂ ਕਿਸੇ ਕੋਲੋਂ ਕੋਈ ਸਲਾਹ ਪੁੱਛਣੀ ਸੀ। ਪਰ ਹੁਣ ਜੋ ਸਥਿੱਤੀ ਹੈ, ਉਸ ਵਿਚ ਮੈਂ ਸਿਰਫ਼ ਤੁਹਾਡੀ ਉਮਰ ਅਤੇ ਹੈਸੀਅਤ ਨੂੰ ਦੋਸ਼ ਦੇ ਸਕਦੀ ਹਾਂ-ਤੁਹਾਨੂੰ ਨਹੀਂ। ਮੇਰੇ ਨਾਲ ਹੱਥ ਮਿਲਾਉ-- ਮੈਂ ਤੁਹਾਨੂੰ ਪੀੜ ਪਹੁੰਚਾਈ ਹੈ, ਅਜੇ ਹੋਰ ਵੀ ਪਹੁੰਚਾਵਾਂਗੀ; ਪਰ ਇਸ ਤੋਂ ਸਿਵਾ ਹੋਰ ਕੋਈ ਰਸਤਾ ਨਹੀਂ-ਪਹਿਲਾਂ ਆਪਣੀ ਮਿੱਤਰ ਮੇਰੀਅਮ ਹਾਲਕੌਂਬ ਨਾਲ ਹੱਥ ਮਿਲਾਉ।

ਉਸਦੀ ਅਚਾਨਕ ਹੀ ਇਸ ਨਿੱਘੀ, ਨਿਡਰ ਅਤੇ ਮਹਾਨ ਹਮਦਰਦੀ, ਜਿਸ ਨੇ ਮੈਨੂੰ ਆਪਣੇ ਬਰਾਬਰ ਦਾ ਸਮਝਿਆ ਸੀ, ਅਤੇ ਮੇਰੀ ਇਜ਼ਤ, ਮੇਰੇ ਹੌਂਸਲੇ ਅਤੇ ਮੇਰੇ ਦਿਲ ਨੂੰ ਪ੍ਰੇਰ ਰਹੀ ਸੀ, ਨਾਲ ਮੈਂ ਇਕਦਮ ਹੀ ਚੁੱਪ ਹੋ ਗਿਆ। ਜਦੋਂ ਉਹਨੇ ਮੇਰਾ ਹੱਥ ਪਕੜਿਆ, ਤਾਂ ਮੈਂ ਉਹਦੇ ਵੱਲ ਵੇਖਣ ਦਾ ਯਤਨ ਕੀਤਾ, ਪਰ ਮੇਰੀਆਂ ਅੱਖਾਂ ਹੰਝੂਆਂ ਨਾਲ ਧੁੰਦਲੀਆਂ ਹੋ ਗਈਆਂ ਸਨ। ਮੈਂ ਉਹਦਾ ਧੰਨਵਾਦ ਕਰਨਾ ਚਾਹਿਆ, ਪਰ ਮੇਰੇ ਮੂੰਹੋਂ ਆਵਾਜ਼ ਨਾ ਨਿਕਲੀ।

“ਮੇਰੀ ਗੱਲ ਸੁਣੋ," ਮੇਰੀ ਆਪਾ ਭੁੱਲ ਜਾਣ ਦੀ ਸਥਿੱਤੀ ਨੂੰ ਅਣਵੇਖਿਆਂ ਕਰਦੀ ਉਹ ਬੋਲੀ, "ਮੇਰੀ ਗੱਲ ਸੁਣੋ, ਅਤੇ ਇਹ ਗੱਲ ਇਕ ਦਮ ਮੈਨੂੰ ਖ਼ਤਮ ਕਰਨ ਦਿਉ। ਮੇਰੇ ਮਨ ਨੂੰ ਇਹ ਧਰਵਾਸ ਹੈ ਕਿ ਜੋ ਕੁਝ ਮੈਂ ਕਹਿਣਾ ਹੈ, ਉਸ ਵਿਚ ਮੈਨੂੰ ਅਮੀਰੀ ਅਤੇ ਗ਼ਰੀਬੀ ਦੇ ਵਿਚਾਲੇ ਜੋ ਸਮਾਜਕ ਅਪਮਾਨਤਾ ਹੈ, ਉਸ ਬਾਰੇ ਕੋਈ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ। ਉਹੀ ਹਾਲਾਤ ਜੋ ਤੁਹਾਡੇ ਲਈ ਦੁਖਦਾਈ ਹਨ, ਮੈਨੂੰ ਇਸ ਨੀਚ ਮਜ਼ਬੂਰੀ ਤੋਂ ਵੀ ਮੁਕਤ

ਕਰਦੇ ਹਨ ਕਿ ਮੈਂ ਉਸੇ ਆਦਮੀ ਦੇ ਰੁਤਬੇ ਅਤੇ ਹੈਸੀਅਤ ਦਾ ਜ਼ਿਕਰ ਕਰਕੇ ਨਿਰਾਦਰੀ ਕਰਾਂ, ਜਿਸ ਨਾਲ ਏਨੀ ਪਿਆਰ ਭਰੀ ਨੇੜਤਾ ਵਿਚ ਇਕੋ ਛੱਤ ਹੇਠਾਂ ਏਨੇ ਚੰਗੇ ਦਿਨ ਬਿਤਾਏ ਹਨ। ਤੁਸੀਂ ਲਿਮਰਿਜ ਹਾਊਸ ਛੱਡ ਕੇ ਚਲੇ ਜਾਉ। ਮਿਸਟਰ ਹਾਰਟਰਾਈਟ, ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰ ਜਾਏ, ਤੁਸੀਂ ਇਥੋਂ ਚਲੇ ਜਾਓ।

ਇਹ ਮੇਰਾ ਫਰਜ਼ ਬਣਦਾ ਹੈ; ਜੇ ਤੁਸੀਂ ਇੰਗਲੈਂਡ ਦੇ ਕਿਸੇ ਬੜੇ ਅਮੀਰ ਅਤੇ ਪੁਰਾਣੇ ਖ਼ਾਨਦਾਨ ਦੇ ਵੀ ਹੁੰਦੇ ਤਾਂ ਵੀ ਮੇਰਾ ਇਹੀ ਕਰਤੱਵ ਬਣਦਾ ਸੀ ਕਿ ਤੁਹਾਨੂੰ ਜਾਣ ਲਈ ਕਵਾਂ। ਮੈਂ ਇਸ ਲਈ ਤੁਹਾਨੂੰ ਜਾਣ ਲਈ ਨਹੀਂ ਕਹਿ ਰਹੀ ਕਿ ਤੁਸੀਂ ਸਿਰਫ਼ ਇਕ ਡਰਾਇੰਗ ਮਾਸਟਰ ਹੋ.....।”

ਉਹ ਇਕ ਮਿੰਟ ਲਈ ਚੁੱਪ ਕਰ ਗਈ ; ਮੇਰੇ ਵੱਲ ਚੰਗੀ ਤਰ੍ਹਾਂ ਵੇਖਿਆ, ਅਤੇ ਮੇਜ਼ ਦੇ ਉਪਰੋਂ ਮੇਰੀ ਬਾਂਹ ਤੇ ਆਪਣਾ ਹੱਥ ਰਖਦੀ ਬੋਲੀ :-

"ਇਸ ਲਈ ਨਹੀਂ ਕਿ ਤੁਸੀਂ ਡਰਾਇੰਗ ਸਿਖਾਂਦੇ ਹੋ," ਉਹਨੇ ਆਪਣੀ ਗੱਲ ਦੁਹਰਾਈ, "ਪਰ ਇਸ ਲਈ ਕਿ ਲਾਰਾ ਫ਼ੇਅਰਲੀ ਦੀ ਕੁੜਮਾਈ ਹੋਈ ਹੋਈ ਹੈ।"

ਇਹ ਅਖੀਰਲਾ ਸ਼ਬਦ ਮੇਰੇ ਕਾਲਜੇ ਵਿਚ ਗੋਲੀ ਵਾਂਗ ਲਗਾ। ਮੇਰੀ ਬਾਂਹ ਜਿਵੇਂ ਉਹਦੇ ਹੱਥ ਦੀ ਛੋਹ ਨੂੰ ਮਹਿਸੂਸ ਨਹੀਂ ਸੀ ਕਰ ਰਹੀ। ਮੈਂ ਅਹਿੱਲ ਤੇ ਚੁੱਪ ਬੈਠਾ ਰਿਹਾ। ਪਤਝੜ ਦੀ ਤੇਜ਼ ਹਵਾ, ਜਿਸ ਨਾਲ ਮੁਰਛਾਏ-ਪੱਤੇ ਉਡਕੇ ਸਾਡੇ ਪੈਰਾਂ ਕੋਲੋਂ ਖਿਲਰ ਰਹੇ ਸਨ, ਅਚਾਨਕ ਮੇਰੇ ਲਈ ਏਨੀ ਠੰਢੀ ਹੋ ਗਈ, ਜਿਵੇਂ ਮੇਰੀਆਂ ਆਪਣੀਆਂ ਉਮੀਦਾਂ ਅਤੇ ਆਸਾਂ ਵੀ ਮੁਰਝਾਏ ਹੋਏ ਪੱਤੇ ਸਨ, ਜਿਨ੍ਹਾਂ ਨੂੰ ਉਹ ਹਵਾ ਖਿੰਡਰਾ-ਪੁੰਡਰਾ ਰਹੀ ਸੀ। ਆਸ਼ਾਵਾਂ-ਉਮੀਦਾਂ! ਭਾਵੇਂ ਉਹਦੀ ਕੁੜਮਾਈ ਹੋਈ ਸੀ ਜਾਂ ਨਹੀਂ ਮੇਰੇ ਲਈ ਉਹ ਬੜੀ ਦੂਰ ਸੀ! ਕੀ ਹੋਰ ਮਰਦ ਇਸ ਗੱਲ ਨੂੰ ਯਾਦ ਰਖਦੇ-? ਨਹੀਂ, ਜੇ ਉਨ੍ਹਾਂ ਉਹਨੂੰ ਮੇਰੇ ਜਿੰਨਾ ਪਿਆਰ ਕੀਤਾ ਹੁੰਦਾ ਉਹ ਕਦੀ ਵੀ ਨਾ ਯਾਦ ਰੱਖ ਸਕਦੇ।

ਉਹ ਤਿੱਖੀ ਕਸਕ-ਚੀਸ, ਮੁੱਕੀ ; ਹੁਣ ਇਕ ਸੁੰਨ ਅਤੇ ਮੱਧਮ ਪੀੜ ਰਹਿ ਗਈ ਸੀ। ਮੈਂ ਮਿਸ ਹਾਲਕੌਂਬ ਦੀ ਪਕੜ ਆਪਣੀ ਬਾਂਹ ਉਤੇ ਮਹਿਸੂਸ ਕੀਤੀ, ਉਸ ਨੇ ਮੈਨੂੰ ਘੁੱਟ ਕੇ ਪਕੜਿਆ ਸੀ। ਮੈਂ ਆਪਣਾ ਸਿਰ ਉੱਚਾ ਕਰਕੇ ਉਹਦੇ ਵੱਲ ਵੇਖਿਆ। ਉਹਦੀਆਂ ਕਾਲੀਆਂ

ਮੋਟੀਆਂ ਅੱਖਾਂ ਮੇਰੇ ਮੂੰਹ ਤੇ ਲੱਗੀਆਂ ਮੇਰੇ ਚਿਹਰੇ ਦੀ ਸਫੇਦੀ ਨੂੰ ਵੇਖ ਰਹੀਆਂ ਸਨ। ਮੇਰਾ ਰੰਗ ਬੱਗਾ ਪੂਣੀ ਵਰਗਾ ਹੋ ਗਿਆ ਸੀ, ਮੈਂ ਮਹਿਸੂਸ ਕਰ ਰਿਹਾ ਸਾਂ, ਉਹ ਵੇਖ ਰਹੀ ਸੀ।

"ਮਿੱਧ ਛਡੋ !" ਉਹਨੇ ਕਿਹਾ, "ਇਸੇ ਥਾਂ ਤੇ ਹੀ, ਜਿਥੇ ਤੁਸੀਂ ਉਹਨੂੰ ਪਹਿਲੀ ਵਾਰ ਵੇਖਿਆ ਸੀ, ਮਿੱਧ ਛਡੋ ! ਇਸ ਤੋਂ ਔਰਤਾਂ ਵਾਂਗ ਸੰਕੋਚ ਨਾ ਕਰੋ, ਉਖਾੜ ਦਿਉ, ਇਕ ਮਰਦ ਵਾਂਗ ਪੈਰਾਂ ਹੇਠ ਲਿਤਾੜ ਦਿਉ।"

ਜਿਸ ਦਬਾਏ ਹੋਏ ਜੋਸ਼ ਅਤੇ ਤੀਬਰਤਾ ਨਾਲ ਉਹਨੇ ਮੈਨੂੰ ਕਿਹਾ ; ਉਹਦੀ ਦ੍ਰਿੜਤਾ ਭਰੀ ਤਕਣੀ ਜੋ ਮੇਰੇ ਮੂੰਹ ਤੇ ਲੱਗੀ ਹੋਈ ਸੀ, ਅਤੇ ਮੇਰੀ ਬਾਂਹ ਦੀ ਪਕੜ -ਜੋ ਉਸਨੇ ਅਜੇ ਤੀਕ ਨਹੀਂ ਸੀ ਛੱਡੀ, ਸਭ ਨੇ ਮਿਲ ਕੇ ਮੈਨੂੰ ਹੌਂਸਲਾ ਦਿੱਤਾ, ਮੈਂ ਆਪਣੇ ਆਪ ਨੂੰ ਸੰਭਾਲਿਆ। ਅਸੀਂ ਦੋਵੇਂ ਇਕ ਪਲ ਚੁੱਪ ਚਾਪ ਬੈਠੇ ਰਹੇ। ਉਸ ਮਿੰਟ ਮਗਰੋਂ ਮੇਰ ਮਰਦਾਉਪਣ ਵਿਚ ਉਸ ਦਾ ਜੋ ਵਿਸ਼ਵਾਸ ਸੀ ਮੈਂ ਉਸ ਨੂੰ ਠੀਕ ਸਿੱਧ ਕੀਤਾ। ਬਾਹਰੋਂ ਵੇਖਣ ਨੂੰ ਤਾਂ ਮੈਂ ਹੁਣ ਪਹਿਲਾਂ ਵਾਂਗ ਹੀ ਸਾਂ।

"ਕੀ ਤੁਸੀਂ ਹੁਣ ਪਹਿਲਾਂ ਵਾਂਗ ਹੀ ਹੋ?"

“ਇਸ ਹੱਦ ਤੀਕ, ਠੀਕ ਹਾਂ, ਮਿਸ ਹਾਲਕੌਂਬ ਕਿ ਮੈਂ ਤੁਹਾਡੇ ਅਤੇ ਉਹਦੇ ਕੋਲੋਂ ਖਿਮਾਂ ਮੰਗ ਸਕਾਂ! ਮੈਂ ਏਨਾਂ ਕੁ ਸੰਭਲ ਗਿਆ ਹਾਂ, ਕਿ ਤੁਹਾਡੀ ਦਿੱਤੀ ਸਲਾਹ ਅਨੁਸਾਰ ਚਲ ਸਕਾਂ ਅਤੇ ਇਸੇ ਤਰ੍ਹਾਂ ਹੀ ਆਪਣਾ ਅਹਿਸਾਨ ਪ੍ਰਗਟ ਕਰਾਂ, ਜੇ ਧੰਨਵਾਦ ਕਰਨ ਦਾ ਹੋਰ ਕਈ ਵੀ ਤਰੀਕਾ ਮੈਨੂੰ ਨਹੀਂ ਆਉਂਦਾ !"

"ਤੁਸੀਂ ਇਨ੍ਹਾਂ ਸ਼ਬਦਾਂ ਨਾਲ ਆਪਣਾ ਅਹਿਸਾਸ ਅਤੇ ਧੰਨਵਾਦ ਪਹਿਲਾਂ ਹੀ ਪ੍ਰਗਟ ਕਰ ਚੁੱਕੇ ਹੋ, ਮਿਸਟਰ ਹਾਰਟਰਾਈਟ, ਸਾਡੇ ਵਿਚਕਾਰ ਹੁਣ ਕੋਈ ਲੁਕਾ ਨਹੀਂ, ਸੋ ਮੈਂ ਤੁਹਾਡੇ ਕੋਲ ਉਹ ਵੀ ਛੁਪਾਉਣ ਦਾ ਯਤਨ ਨਹੀਂ ਕਰਾਂਗੀ, ਜੋ ਮੇਰੀ ਭੈਣ ਤੋਂ ਅਚੇਤਨ ਹੀ ਪ੍ਰਗਟ ਹੋ ਗਿਆ ਹੈ। ਤੁਹਾਨੂੰ ਉਹਦੀ ਅਤੇ ਆਪਣੀ ਖ਼ਾਤਰ ਇਥੋਂ ਜਾਣਾ ਹੀ ਪਵੇਗਾ। ਇਥੇ ਤੁਹਾਡੀ ਮੌਜੂਦਗੀ, ਅਤੇ ਉਹ ਨੇੜਤਾ, ਜੋ ਜ਼ਰੂਰੀ ਸੀ, ਭਾਵੇਂ ਰੱਬ ਜਾਣਦਾ ਹੈ-ਨਿਸ਼ਕਪਟ ਅਤੇ ਅਨਭੋਲ ਹੈ, ਉਹਦੇ ਲਈ ਦੁੱਖ ਦਾ ਕਾਰਨ ਹੈ ! ਇਸ ਨਾਲ ਉਹ ਸੰਭਲ ਨਹੀਂ ਸਕਦੀ। ਮੈਂ ਜੋ ਉਹਨੂੰ ਆਪਣੀ ਜਾਨ ਤੋਂ ਵੀ ਵਧ ਪਿਆਰ ਕਰਦੀ ਹਾਂ-ਮੈਂ, ਜੋ ਉਹਦੀ ਸਚਾਈ ਅਤੇ ਨਿਰਦੋਸ਼ਤਾ ਵਿਚ ਉਸੇ ਤਰ੍ਹਾਂ ਵਿਸ਼ਵਾਸ ਕਰਦੀ ਹਾਂ, ਜਿਵੇਂ ਆਪਣੇ ਧਰਮ ਵਿਚ, ਮੈਂ ਬਹੁਤ

ਚੰਗੀ ਤਰ੍ਹਾਂ ਜਾਣਦੀ ਹਾਂ ਕਿ ਓਹ ਅੰਦਰੋਂ ਅੰਦਰ ਆਪਣੇ ਆਪ ਨੂੰ ਕਿੰਨਾ ਧਿਕਾਰ ਰਹੀ ਹੈ, ਜਿਸ ਦਿਨ ਤੋਂ ਹੀ ਉਸਨੂੰ ਇਹ ਸ਼ੱਕ ਹੋਇਆ ਹੈ ਕਿ ਉਹ ਆਪਣੇ ਮੰਗੇਤਰ ਨਾਲ ਧੋਖਾ ਕਰ ਰਹੀ ਹੈ। ਮੈਂ ਇਹ ਨਹੀਂ ਕਹਿੰਦੀ, ਹੁਣ ਇਹ ਕਹਿਣ ਦਾ ਯਤਨ ਕਰਨਾ ਵੀ ਵਿਅਰਥ ਹੋਵੇਗਾ ਕਿ ਉਹਦੀ ਕੁੜਮਾਈ ਨਾਲ ਉਹਦੇ ਪਿਆਰ ਦਾ ਵੀ ਕੋਈ ਸੰਬੰਧ ਸੀ। ਇਹ ਦਿੱਤੇ ਹੋਏ ਵਚਨ ਦੀ ਕੁੜਮਾਈ ਹੈ ; ਪਿਆਰ ਦੀ ਨਹੀਂ- ਉਹਦੇ ਪਿਤਾ ਨੇ ਮਰਨ ਵੇਲੇ ਇਹ ਖਵਾਹਿਸ਼ ਪ੍ਰਗਟ ਕੀਤੀ ਸੀ, ਦੋ ਸਾਲ ਹੋ ਗਏ ਹਨ ਉਹਨੇ ਨਾ ਤੇ ਨਾਂਹ ਹੀ ਕੀਤੀ ਅਤੇ ਨਾ ਹੀ ਬੜੀ ਖੁਸੀ ਭਰੇ ਦਿਲ ਨਾਲ ਹਾਂ ਕੀਤੀ। ਜਦੋਂ ਤਕ ਤੁਸੀਂ ਇਥੇ ਨਹੀ ਆਏ ਸੀ, ਉਹ ਹਜ਼ਾਰਾਂ ਹੋਰ ਔਰਤਾਂ ਦੀ ਸਥਿੱਤੀ ਵਿਚ ਸੀ, ਜੋ ਬਿਨਾਂ ਖਾਸ ਪਿਆਰ ਜਾਂ ਖਾਸ ਨਫਰਤ ਤੋਂ ਮਰਦਾਂ ਨਾਲ ਵਿਆਹ ਕਰ ਲੈਂਦੀਆਂ ਹਨ ਅਤੇ ਵਿਆਹ ਤੋਂ ਮਗਰੋਂ ਉਨ੍ਹਾਂ ਨੂੰ ਪਿਆਰ ਕਰਨਾ ਸਿਖਾਂਦੀਆਂ ਹਨ। (ਜਦੋਂ ਉਹ ਉਨ੍ਹਾਂ ਨੂੰ ਘ੍ਰਿਣਾ ਕਰ ਨਹੀ ਸਕਦੀਆਂ) ਮੈਂ ਦਿਲੋਂ ਆਸ ਕਰਦੀ ਹਾਂ, ਅਤੇ ਤੁਹਾਨੂੰ ਵੀ ਕੁਰਬਾਨੀ ਦੇਂਦਿਆਂ ਇਹ ਆਸ ਕਰਨੀ ਚਾਹੀਦੀ ਹੈ, ਕਿ ਇਹ ਨਵੇਂ ਵਿਚਾਰ ਅਤੇ ਭਾਵਨਾਂਵਾਂ, ਜਿਨ੍ਹਾਂ ਪੁਰਾਣੀ ਸ਼ਾਂਤੀ ਅਤੇ ਸੰਤੁਸ਼ਟਤਾਂ ਵਿਚ ਹਲਚਲ ਮਚਾ ਦਿੱਤੀ ਹੈ, ਏਨੇ ਡੂੰਘੇ ਨਹੀਂ ਹੋਣਗੇ ਕਿ ਕਦੀ ਨਾ ਭੁਲਾਏ ਜਾ ਸਕਣ! ਤੁਹਾਡੀ ਗੈਰ-ਹਾਜ਼ਰੀ (ਜੋ ਮੇਰਾ ਤੁਹਾਡੀ ਇੱਜਤ, ਤੁਹਾਡੇ ਹੌਂਸਲੇ ਅਤੇ ਸਿਆਣਪ ਵਿਚ ਡੂੰਘਾ ਵਿਸ਼ਵਾਸ ਨਾ ਹੁੰਦਾ ਤਾਂ ਮੈਂ ਇਹ ਗੱਲ ਕਦੀ ਵੀ ਨਾ ਕਹਿੰਦੀ) ਨਾਲ ਮੇਰਾ ਕੰਮ ਸੁਖਾਲਾ ਹੋ ਜਾਏਗਾ; ਅਤੇ ਸਮਾਂ ਸਾਡੀ ਤਿੰਨਾਂ ਦੀ ਸਹਾਇਤਾ ਕਰੇਗਾ। ਮੈਨੂੰ ਇਹ ਜਾਣ ਕੇ ਪ੍ਰਸੰਨਤਾ ਅਤੇ ਤਸੱਲੀ ਹੈ ਕਿ ਮੇਰਾ ਤੁਹਾਡੇ ਵਿਚ ਉਹ ਵਿਸ਼ਵਾਸ ਜੋ ਮੈਂ ਸ਼ੁਰੂ ਤੋਂ ਹੀ ਕੀਤਾ ਹੈ, ਵਿਅਰਥ ਨਹੀਂ ਜਾਏਗਾ। ਇਹ ਵੀ ਘਟਨਾ ਘੱਟ ਮਹੱਤਵਪੂਰਨ ਨਹੀਂ, ਕਿ ਤੁਸੀਂ ਆਪਣੇ ਉਸ ਸ਼ਾਗਿਰਦ ਵੱਲ, ਜਿਸ ਨਾਲ ਤੁਸੀਂ ਅਪਣਾ ਰਿਸ਼ਤਾ ਭੁੱਲ ਜਾਣ ਦੀ ਦੁੱਖ ਭਰੀ ਗਲਤੀ ਕੀਤੀ ਹੈ, ਈਮਾਨਦਾਰ, ਤਰਸ ਭਰਿਆ ਅਤੇ ਸੱਚੇ ਮਰਦ ਵਾਲਾ ਰਵੱਈਆ ਅਪਣਾਉਗੇ, ਉਸੇ ਤਰ੍ਹਾਂ ਜਿਸ ਤਰ੍ਹਾਂ ਤੁਸੀਂ ਉਸ ਦੁੱਖੀ, ਓਪਰੀ ਤੇ ਇਕਲਾਪੀ ਕੁੜੀ ਲਈ ਅਪਣਾਇਆ ਸੀ, ਜਿਸਦੀ ਬੇਨਤੀ ਤੁਸੀਂ ਸਵੀਕਾਰ ਕੀਤੀ ਸੀ।"

ਫਿਰ ਚਿੱਟੇ ਬਸਤਰਾਂ ਵਾਲੀ ਔਰਤ ਦਾ ਜ਼ਿਕਰ! ਕੀ ਇਹ ਸੰਭਵ ਨਹੀਂ ਸੀ ਕਿ ਮੇਰੀ ਅਤੇ ਮਿਸ ਫ਼ੇਅਰਲੀ ਦੀ ਕੋਈ ਗੱਲ ਇਸ ਤਰ੍ਹਾਂ ਕੀਤੀ ਜਾਂਦੀ, ਜਿਸ ਵਿਚ ਏਨ ਕੈਥੇਰਿਕ ਦੀ ਗੱਲ ਨਾ ਛਿੜਦੀ ਅਤੇ ਉਹ ਸਾਡੇ ਵਿਚਕਾਰ ਇਕ ਅਟੱਲ ਹੋਣੀ ਵਾਂਗ ਨਾ ਆ ਖੜੀ ਹੁੰਦੀ?

"ਮੈਨੂੰ ਦੱਸੋ ਕਿ ਮਿਸਟਰ ਫ਼ੇਅਰਲੀ ਨੂੰ ਮੈਂ ਕੀ ਬਹਾਨਾ ਦਸ ਕੇ ਵਿਚੋਂ ਹੀ ਜਾਣ ਲਈ ਖਿਮਾਂ ਮੰਗਾਂ?" ਮੈਂ ਪੁੱਛਿਆ, "ਮੈਨੂੰ ਦੱਸੋ ਕਿ ਜਦੋਂ ਉਹ ਮੇਰੀ ਮੰਗ ਪ੍ਰਵਾਨ ਕਰ ਲੈਣ ਤਾਂ ਮੈਂ ਉਸ ਤੋਂ ਮਗਰੋਂ ਕਦੋਂ ਜਾ ਸਕਦਾ ਹਾਂ। ਮੈਂ ਤੁਹਾਡੀ ਸਲਾਹ ਅਤੇ ਤੁਹਾਡੀ ਆਗਿਆ ਮੰਨਣ ਦਾ ਇਕਰਾਰ ਕਰਦਾ ਹਾਂ।"

"ਹੁਣ ਇਕ-ਇਕ ਪਲ ਕੀਮਤੀ ਹੈ!' ਉਹਨੇ ਉੱਤਰ ਦਿੱਤਾ। "ਤੁਸੀਂ ਅੱਜ ਸਵੇਰੇ ਮੈਨੂੰ ਅਗਲੇ ਸੋਮਵਾਰ ਦਾ ਜ਼ਿਕਰ ਕਰਦਿਆ ਸੁਣਿਆ ਸੀ, ਅਤੇ ਇਹ ਵੀ ਸੁਣਿਆ ਹੋਵੇਗਾ ਕਿ ਪਰਪਲ ਰੂਮ ਤਿਆਰ ਕਰਵਾਉਣ ਦੀ ਜ਼ਰੂਰਤ ਹੈ। ਅਗਲੇ ਸੋਮਵਾਰ ਨੂੰ ਜਿਸ ਪ੍ਰਾਹੁਣੇ ਦਾ ਇੰਤਜਾਰ ਹੈ.......।"

ਮੈਂ ਉਹਦੇ ਮੂੰਹੋਂ ਹੁਣ ਹੋਰ ਸਪੱਸ਼ਟ ਸ਼ਬਦਾਂ ਵਿਚ ਕੁਝ ਨਹੀਂ ਸਾਂ ਸੁਣਨਾ ਚਾਹੁੰਦਾ। ਇਹ ਸਭ ਕੁਝ ਜਾਣਨ ਦੇ ਮਗਰੋਂ ਮੈਨੂੰ ਸਵੇਰ ਨਾਸ਼ਤੇ ਦੇ ਵੇਲੇ ਮਿਸ ਫ਼ੇਅਰਲੀ ਦਾ ਵਤੀਰਾ ਅਤੇ ਉਹ ਤਕਣੀ ਯਾਦ ਆ ਗਈ, ਜਿਸਨੇ ਮੈਨੂੰ ਸਮਝਾ ਦਿੱਤਾ ਕਿ ਲਿਮਰਿਜ ਹਾਊਸ ਵਿਚ ਆ ਰਿਹਾ ਪ੍ਰਾਹੁਣਾ ਉਹਦਾ ਹੋਣ ਵਾਲਾ ਪਤੀ ਹੀ ਹੈ। ਮੈਂ ਇਸ ਗੱਲ ਨੂੰ ਆਪਣੇ ਦਿਮਾਗ ਵਿਚ ਧਕਣਾ ਚਾਹਿਆ, ਪਰ ਉਸ ਵੇਲੇ ਮੇਰੀ ਮਰਜ਼ੀ ਦੇ ਵਿਰੁੱਧ ਮੇਰੇ ਅੰਦਰੋਂ ਕੁਝ ਹੋਰ ਸੀ; ਜਿਸਨੂੰ ਮੈਂ ਚੁੱਪ ਨਾ ਕਰਾ ਸਕਿਆ, ਅਤੇ ਮੈਂ ਮਿਸ ਹਾਲਕੌਂਬ ਨੂੰ ਟੋਕਿਆ, "ਮੈਨੂੰ ਅੱਜ ਹੀ ਜਾਣ ਦਿਉ," ਮੈਂ ਕਠੋਰ ਅਤੇ ਦੁਖਾਵੇਂ ਲਹਿਜੇ ਵਿਚ ਬੋਲਿਆ, "ਜਿੰਨੀ ਜਲਦੀ ਚਲਾ ਜਾਵਾਂ, ਉਨ੍ਹਾਂ ਹੀ ਚੰਗਾ ਹੈ।"

"ਨਹੀਂ, ਅੱਜ ਨਹੀਂ" ਉਹਨੇ ਉੱਤਰ ਦਿੱਤਾ। "ਮਿਸਟਰ ਫ਼ੇਅਰਲੀ ਨੂੰ ਆਪਣੇ ਸਮੇਂ ਤੋਂ ਪਹਿਲਾਂ ਜਾਣ ਲਈ ਤੁਸੀਂ ਇਕੋ ਕਾਰਨ ਦਸ ਸਕਦੇ ਹੋ, ਕਿ ਕੋਈ ਬਹੁਤ ਜ਼ਰੂਰੀ ਕੰਮ, ਜਿਸ ਦਾ ਤੁਹਾਨੂੰ ਪਹਿਲਾਂ ਪਤਾ ਨਹੀਂ ਸੀ, ਆ ਪਿਆ ਹੈ, ਜਿਸ ਲਈ ਤੁਹਾਡਾ ਲੰਦਨ ਮੁੜਨਾ ਬਹੁਤ ਆਵੱਸ਼ਕ ਹੈ। ਤੁਸੀਂ ਉਨ੍ਹਾਂ ਨੂੰ ਇਹ ਦੱਸਣ ਲਈ ਕੱਲ੍ਹ ਉਸ ਸਮੇਂ ਤੀਕ ਉਡੀਕੋ, ਜਦ ਤਕ ਡਾਕ ਆਉਂਦੀ ਹੈ ; ਕਿਉਂਕਿ ਉਸ ਵੇਲੇ ਉਹ ਸਮਝ ਜਾਣਗੇ ਕਿ ਤੁਹਾਡੇ ਪ੍ਰੋਗਰਾਮ ਵਿਚ ਅਚਾਨਕ ਤਬਦੀਲੀ ਦੀ ਵਜਹ ਡਾਕ ਵਿਚ ਲੰਦਨ ਤੋਂ ਆਈ ਕਿਸੇ ਚਿੱਠੀ ਨਾਲ ਸਬੰਧਤ ਹੈ। ਇਹ ਗੱਲ ਸਚਮੁਚ ਦੁਖਾਵੀਂ ਅਤੇ ਜੀਅ ਖੱਟਾ ਕਰ ਦੇਣ ਵਾਲੀ ਹੈ ਕਿ ਧੋਖਾ ਦੇਣਾ ਪਵੇਗਾ ਭਾਵੇਂ ਇਸ ਛੱਲ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਪੁਜੇਗਾ; ਪਰ ਮੈਂ ਮਿਸਟਰ ਫ਼ੇਅਰਲੀ ਨੂੰ

ਜਾਣਦੀ ਹਾਂ, ਜੇ ਉਨ੍ਹਾਂ ਨੂੰ ਇਕ ਵਾਰ ਇਹ ਸ਼ੱਕ ਹੋ ਗਿਆ ਕਿ ਤੁਸੀਂ ਉਨ੍ਹਾਂ ਦਾ ਸਮਾਂ ਐਵੇਂ ਹੀ ਬਰਬਾਦ ਕਰ ਰਹੇ ਹੋ, ਤਾਂ ਉਨ੍ਹਾਂ ਕਦੀ ਤੁਹਾਨੂੰ ਜਾਣ ਨਹੀਂ ਦੇਣਾ। ਤੁਸੀਂ ਸ਼ੁਕਰਵਾਰ ਸਵੇਰ ਉਨ੍ਹਾਂ ਨਾਲ ਗੱਲ ਕਰਨੀਆਂਸ; ਉਸ ਤੋਂ ਮਗਰੋਂ ਤੁਸੀਂ ਆਪਣਾ ਕੰਮ ਜਿੰਨਾ ਸਾਂਭ ਸਕੋ ਸਾਂਭ ਸਿੱਕਰ ਕੇ ਜਾਣਾ, (ਤਾਂ ਜੋ ਬੁਰਾਝਾ ਮਾਲਕ ਤੁਹਾਡੇ ਨਾਲ ਖੁਸ਼ ਹੋ ਜਾਏ) ਅਤੇ ਪਿਛੋਂ ਘੱਟ ਤੋਂ ਘੱਟ ਗੜਬੜੀ ਹੋਵੇ; ਇਥੋਂ ਡਨਿਚਰਵਾਰ ਚਲੋ ਜਾਉ। ਫਿਰ ਬੜਾ ਵਕਤ ਹੋਵੇਗਾ, ਮਿਸਟਰ ਹਾਰਟਰਾਈਟ, ਤੁਹਾਡੇ ਲਈ ਵੀ, ਅਤੇ ਸਾਡੇ ਲਈ ਵੀ।"

ਇਸ ਤੋਂ ਪਹਿਲਾਂ ਕਿ ਮੈਂ ਉਹਨੂੰ ਤਸੱਲੀ ਦੇਂਦਾ ਕਿ ਮੈਂ ਉਹਦੇ ਕਹਿਣ ਅਨੁਸਾਰ, ਅਤੇ ਉਹਦੀ ਖਾਹਿਸ਼ ਅਨੁਸਾਰ, ਜਿਵੇਂ ਉਹਨੇ ਕਿਹਾ ਹੈ, ਇੰਨ ਬਿੰਨ ਉਹੀ ਕਰਾਂਗਾ, ਝਾੜੀਆਂ ਵਿਚੋਂ ਆਉਂਦੇ ਕਦਮਾਂ ਦੀ ਅੱਗੇ ਵਧਦੀ ਆਵਾਜ਼ ਨਾਲ ਸਾਡਾ ਦੋਹਾਂ ਦਾ ਤ੍ਰਾਹ ਨਿਕਲ ਗਿਆ। ਕੋਈ ਘਰ ਵਿਚੋਂ ਸਾਨੂੰ ਲਭਣ ਆ ਰਿਹਾ ਸੀ। ਮੈਨੂੰ ਲਗਾ, ਜਿਵੇਂ ਸਾਰਾ ਖੂਨ ਪਹਿਲਾਂ ਮੇਰੀਆਂ ਗੱਲਾਂ ਵਿਚ ਹੀ ਸਿਮਟ ਗਿਆ ਹੋਵੇ ਅਤੇ ਫਿਰ ਇਕ ਦਮ ਉਥੇ ਖੂਨ ਦੀ ਇਕ ਬੂੰਦ ਵੀ ਨਾ ਰਹੀ ਹੋਵੇ। ਕੀ ਉਹ ਤੀਜਾ ਬੰਦਾ, ਜੋ ਸਾਡੇ ਨੇੜੇ ਨੇੜੇ, ਅਜਿਹੇ ਹਾਲਾਤ ਅਤੇ ਅਜਿਹੇ ਸਮੇਂ ਵਿਚ ਪਹੁੰਚ ਰਿਹਾ ਹੈ, ਮਿਸ ਫ਼ੇਅਰਲੀ ਤਾਂ ਨਹੀਂ?

ਮੈਂ ਝੁਕਰ ਕੀਤਾ-ਮੇਰੀ ਸਥਿੱਤੀ ਉਸ ਲਈ ਹੁਣ ਏਨੀ ਨਿਰਾਸ਼ਾਜਨਕ ਹੋ ਗਈ ਸੀ ਕਿ ਮੈਂ ਸਚਮੁੱਚ ਸ਼ੁਕਰ ਕੀਤਾ, ਜਦੋਂ ਵੇਖਿਆ ਕਿ ਸਮਰ ਹਾਊਸ ਵਿਚ ਦਾਖ਼ਲ ਹੋ ਰਹੀ, ਮਿਸ ਫ਼ੇਅਰਲੀ ਨਹੀਂ ਸਗੋਂ ਉਹਦੀ ਨੌਕਰਾਣੀ ਸੀ।

"ਕੀ ਮੈਂ ਤੁਹਾਡੇ ਨਾਲ ਇਕ ਮਿੰਟ ਗੱਲ ਕਰ ਸਕਦੀ ਹਾਂ? ਬੀਬੀ ਜੀ?" ਕੁੜੀ ਨੇ ਘਬਰਾਏ ਹੋਏ ਲਹਿਜੇ ਨਾਲ ਕਿਹਾ।

ਮਿਸ ਹਾਲਕੌਂਬ ਪੌੜੀਆਂ ਉਤਰ ਕੇ ਝਾੜੀਆਂ ਵਿਚ ਚਲੀ ਗਈ ਅਤੇ ਨੌਕਰਾਣੀ ਦੇ ਨਾਲ ਨਾਲ ਕੁਝ ਕਦਮ ਟੁਰੀ। ਜਦੋਂ ਮੈਂ ਇਕੱਲਾ ਰਹਿ ਗਿਆ ਤਾਂ ਮੇਰੇ ਮਨ ਵਿਚ ਆਪਣੀ ਬਦਨਸੀਬੀ ਦੇ ਅਹਿਸਾਸ ਨਾਲ ਇਕ ਅਜਿਹੀ ਉਦਾਸੀ ਵਰਤ ਗਈ, ਜਿਸ ਨੂੰ ਮੈਂ ਸ਼ਬਦਾਂ ਵਿਚ ਅੰਕਿਤ ਕਰਨ ਤੋਂ ਅਸਮਰੱਥ ਹਾਂ, ਮੈਨੂੰ ਹੁਣ ਮੁੜ ਆਪਣੇ ਲੰਦਨ ਵਿਚਲੇ ਘਰ ਦੀ ਸੁਨਸਾਨ ਇਕਾਂਤ ਵਿਚ ਪਰਤਣਾ ਪਏਗਾ, ਇਸ ਵਿਚਾਰ ਨਾਲ ਮੈਂ ਹੋਰ ਵੀ ਦੁਖੀ ਹੋ ਗਿਆ। ਮੈਨੂੰ ਆਪਣੀ ਪਿਆਰੀ ਬੁੱਢੀ ਮਾਂ ਦਾ ਅਤੇ ਪਿਆਰੀ ਭੈਣ ਦਾ ਖ਼ਿਆਲ ਆਇਆ; ਕਿਵੇਂ ਉਨ੍ਹਾਂ ਦੋਹਵਾਂ ਮੇਰੇ ਕੰਬਰਲੈਂਡ ਆਉਣ ਦੀ

ਉਮੀਦ ਵਿਚ ਖੁਸ਼ੀ ਮਨਾਈ ਸੀ। ਇੰਨਾਂ ਚਿਰ ਮੈਂ ਉਨ੍ਹਾਂ ਨੂੰ ਆਪਣੇ ਦਿਲ ਵਿਚੋਂ ਦੇਸ਼-ਨਿਕਾਲਾ ਦਿੱਤਾ ਹੋਇਆ ਸੀ, ਇਸ ਗੱਲ ਉੱਤੇ ਮੈਨੂੰ ਸ਼ਰਮਿੰਦਗੀ ਹੋਈ ਅਤੇ ਮੈਂ ਆਪਣੇ ਆਪ ਨੂੰ ਧਿਰਾਰਿਆ; ਹੁਣ ਉਨ੍ਹਾਂ ਦੀ ਯਾਦ ਇੰਜ ਆਈ, ਜਿਵੇਂ ਪਿਆਰੇ, ਪੁਰਾਣੇ, ਭਲਾਏ ਹੋਏ ਮਿੱਤਰਾਂ ਦੀ ਆਉਂਦੀ ਹੈ। ਮੇਰੀ ਮਾਂ ਅਤੇ ਭੈਣ ਕੀ ਮਹਿਸੂਸ ਕਰਨਗੀਆਂ, ਜਦੋ ਮੈਂ ਆਪਣਾ ਸਮਾਂ ਖਤਮ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਕੋਲ ਆਪਣਾ ਦੁਖਦਾਈ ਭੇਤ ਲੈ ਕੇ ਪੁੱਜਾਂਗਾ-ਉਹ ਜਿਨ੍ਹਾਂ ਹੈਂਪਸਟੈਂਡ ਕਾਟੇਜ ਵਿਚ ਅਖੀਰਲੀ ਰਾਤ ਨੂੰ ਮੈਨੂੰ ਕਿੰਨੀ ਖੁਸ਼ੀ ਖੁਸ਼ੀ ਵਿਦਾਈ ਦਿੱਤੀ ਸੀ।

ਮੁੜ ਏਨ ਕੇਥੈਰਿਕ! ਆਪਣੀ ਮਾਂ ਅਤੇ ਭੈਣ ਨਾਲ ਬਿਤਾਈ ਉਸ ਅਖੀਰਲੀ ਸ਼ਾਮ ਦੀ ਯਾਦ ਨਾਲ਼ ਹੁਣ ਇਕ ਹੋਰ ਯਾਦ ਵੀ ਜੁੜ ਗਈ ਸੀ; ਚੰਨ-ਚਾਨਣੀ ਵਿਚ ਲੰਦਨ ਵੱਲ ਵਾਪਸੀ ਵੀ ਯਾਦ। ਇਸ ਦਾ ਕੀ ਭਾਵ ਸੀ? ਕੀ ਉਸ ਔਰਤ ਨੇ ਅਤੇ ਮੈਂ ਇਕ ਵਾਰ ਮੁੜ ਮਿਲਣਾ ਹੈ? ਹੋ ਸਕਦਾ ਹੈ। ਕੀ ਉਹ ਜਾਣਦੀ ਸੀ ਕਿ ਮੈਂ ਲੰਦਨ ਹੀ ਰਹਿੰਦਾ ਸਾਂ? ਹਾਂ, ਮੈਂ ਉਹਨੂੰ ਇਹ ਦੱਸਿਆ ਸੀ; ਇਹ ਯਾਦ ਨਹੀਂ ਕਿ ਇਹ ਗੱਲ ਮੈਂ ਉਹ ਨੂੰ ਉਹ ਦੇ ਅਜੀਬ ਪ੍ਰਸ਼ਨ ਤੋਂ ਮਗਰੋਂ ਦੱਸੀ ਸੀ ਜਾਂ ਪਹਿਲਾਂ। ਉਹ ਨੇ ਮੈਨੂੰ ਬੜੀ ਬੇਯਕੀਨੀ ਨਾਲ ਪੁੱਛਿਆ ਸੀ ਕਿ ਮੈਂ ਬੈਰਨ ਦੇ ਰੁਤਬੇ ਵਾਲੇ ਕਿੰਨੇ ਕੁ ਬੰਦਿਆਂ ਨੂੰ ਜਾਣਦਾ ਸਾਂ। ਮੇਰੇ ਦਿਮਾਗ ਵਿਚ ਹੁਣ ਏਨੀ ਸ਼ਾਂਤੀ ਨਹੀਂ ਸੀ ਕਿ ਮੈਂ ਧਿਆਨ ਨਾਲ ਸੋਚ ਸਕਦਾ ਕਿ ਇਹ ਗੱਲ ਮੈਂ ਉਹਦੇ ਇਸ ਪ੍ਰਸ਼ਨ ਕਰਨ ਤੇ ਪਹਿਲਾਂ ਦੱਸੀ ਸੀ ਜਾ ਮਗਰੋਂ।

ਕੁਝ ਮਿੰਟਾਂ ਵਿਚ ਮਿਸ ਹਾਲਕੌਂਬ ਨੌਕਰਾਣੀ ਨੂੰ ਭੇਜ ਕੇ ਮੇਰੇ ਕੋਲ ਮੁੜ ਪਰਤ ਆਈ ਹੁਣ ਉਹ ਵੀ ਘਬਰਾਈ ਹੋਈ ਅਤੇ ਡਾਵਾਂਡੋਲ ਲਗ ਰਹੀ ਸੀ।

"ਅਸੀਂ ਜੋ ਜ਼ਰੂਰੀ ਕੰਮ ਸੀ, ਉਸ ਦੀ ਵਿਵਸਥਾ ਕਰ ਲਈ ਹੈ, ਮਿਸਟਰ ਹਾਰਟਰਾਈਟ" ਉਹ ਬੋਲੀ, "ਅਸੀਂ ਇਕ ਦੂਜੇ ਨੂੰ ਚੰਗੇ ਮਿੱਤਰਾਂ ਵਾਂਗ ਸਮਝ ਲਿਆ ਹੈ; ਹੁਣ ਸਾਨੂੰ ਇਕ ਦਮ ਘਰ ਪਰਤਣਾ ਚਾਹੀਦਾ ਹੈ। ਤੁਹਾਨੂੰ ਸੱਚੀ ਗੱਲ ਦੱਸਾਂ, ਕਿ ਮੈਂ ਲਾਰਾ ਬਾਰੇ ਚਿੰਤਿਤ ਹਾਂ। ਉਹਨੇ ਸੁਨੇਹਾ ਭੇਜਿਆ ਹੈ, ਕਿ ਉਹ ਮੈਨੂੰ ਹੁਣ ਮਿਲਣਾ ਚਾਹੁੰਦੀ ਹੈ; ਅਤੇ ਨੌਕਰਾਣੀ ਦੇ ਕਹਿਣ ਅਨੁਸਾਰ ਉਹਦੀ ਮਾਲਕਨ ਨੂੰ ਇਕ ਚਿੱਠੀ ਮਿਲੀ ਹੈ, ਜਿਸ ਨੂੰ ਪੜ੍ਹ ਕੇ

ਉਹ ਬਹੁਤ ਹੀ ਉਤੇਜਿਤ ਹੋ ਗਈ ਹੈ; ਮੇਰਾ ਖ਼ਿਆਲ ਹੈ ਕਿ ਇਹ ਉਹੀ ਚਿੱਠੀ ਹੈ ਜਿਹੜੀ ਮੈਂ ਉਹ ਨੂੰ ਇਥੇ ਆਉਣ ਤੋਂ ਪਹਿਲਾਂ ਭੇਜੀ ਸੀ।"

ਅਸੀਂ ਝਾੜੀਆਂ ਵਿਚਲੀ ਪਗਡੰਡੀ ਤੋਂ ਵਾਪਸ ਮੁੜੇ। ਭਾਵੇਂ ਮਿਸ ਹਾਲਕੌਂਬ ਆਪਣੇ ਵਲੋਂ ਜੋ ਜ਼ਰੂਰੀ ਸਮਝਦੀ ਸੀ ਸਭ ਕਹਿ ਚੁੱਕੀ ਸੀ, ਮੈਂ ਅਜੇ ਆਪਣੀ ਗੱਲ ਪੂਰੀ ਤਰ੍ਹਾਂ ਨਹੀਂ ਸਾਂ ਕਹਿ ਚੁਕਿਆ। ਜਿਸ ਪਲ ਤੋਂ ਮੈਨੂੰ ਇਹ ਪਤਾ ਲੱਗਾ ਸੀ ਕਿ ਲਿਮਰਿਜ ਵਿਚ ਜਿਸ ਪ੍ਰਾਹੁਣੇ ਦੀ ਉਡੀਕ ਹੋ ਰਹੀ ਹੈ, ਉਹ ਮਿਸ ਫ਼ੇਅਰਲੀ ਦਾ ਹੋਣ ਵਾਲਾ ਪਤੀ ਹੈ, ਉਸ ਵੇਲੇ ਤੋਂ ਹੀ ਮੇਰੇ ਅੰਦਰ ਇਕ ਸਾੜਵੀਂ ਉਤਸੁਕਤਾ ਨੇ ਘਰ ਕਰ ਲਿਆ ਸੀ; ਈਰਖਾ ਵਿਚ ਲੂਸਦੀ ਇਹ ਜਾਣਨ ਦੀ ਵਿਆਕੁਲਤਾ ਸੀ, ਕਿ ਉਹ ਕੌਣ ਹੈ। ਹੋ ਸਕਦਾ ਸੀ, ਕਿ ਮੁੜ ਇਹ ਪ੍ਰਸ਼ਨ ਪੁੱਛਣ ਦਾ ਮੌਕਾ ਜਲਦੀ ਨਾ ਮਿਲੇ; ਸੋ ਮੈਂ ਘਰ ਵੱਲ ਵਾਪਸੀ ਤੋਂ ਇਹ ਪੁੱਛਣ ਦਾ ਜੇਰਾ ਕਰ ਹੀ ਲਿਆ।

"ਹੁਣ ਤੁਸੀਂ ਜਦ ਮਿਹਰਬਾਨੀ ਕਰਕੇ ਇਹ ਕਹਿ ਦਿਤਾ ਹੈ, ਕਿ ਅਸੀਂ ਇਕ ਦੂਜੇ ਨੂੰ ਮਿਤਰਾਂ ਵਾਂਗ ਸਮਝ ਲਿਆ ਹੈ, ਮਿਸ ਹਾਲਕੌਂਬ," ਮੈਂ ਕਿਹਾ, 'ਜਦ ਹੁਣ ਤੁਸੀਂ ਜਾਣਦੇ ਹੋ, ਕਿ ਤੁਹਾਡੀ ਸਹਿਣਸ਼ੀਲਤਾ ਲਈ ਤੁਹਾਡਾ ਇਹਸਾਨ ਮੈਂ ਕਦੀ ਨਹੀਂ ਭੁੱਲਾਂਗਾ, ਅਤੇ ਤੁਹਾਡੀ ਹਰ ਆਗਿਆ ਮੇਰੇ ਸਿਰ ਮੱਥੇ ਤੇ ਹੈ, ਕੀ ਹੁਣ ਮੈਂ ਇਹ ਪੁੱਛਣ ਦੀ ਦਲੇਰੀ ਕਰ ਸਕਦਾ ਹਾਂ, (ਮੈਂ ਝਿਜਕ ਰਿਹਾ ਸਾਂ ; ਉਹ ਦੇ ਬਾਰੇ ਸੋਚਣਾ ਵੀ ਔਖਾ ਸੀ ਅਤੇ ਹੁਣ ਉਹ ਦਾ ਹੋਣ ਵਾਲਾ ਪਤੀ ਕਹਿ ਕੇ ਉਹ ਦਾ ਜ਼ਿਕਰ ਕਰਨਾ ਹੋਰ ਵੀ ਕਠਿਨ ਸੀ) ਕਿ ਮਿਸ ਫ਼ੇਅਰਲੀ ਦਾ ਮੰਗਤਰ ਕੋਣ ਹੈ?"

ਸਪੱਸ਼ਟ ਸੀ ਕਿ ਉਹਦਾ ਧਿਆਨ ਉਸ ਸੁਨੇਹਾ ਵੱਲ ਹੀ ਸੀ, ਜੋ ਉਹ ਦੀ ਭੈਣ ਵਲੋਂ ਆਇਆ ਸੀ। ਉਹ ਨੇ ਕਾਹਲੀ ਨਾਲ ਅਤੇ ਬੇਧਿਆਨੀ ਵਿਚ ਹੀ ਉੱਤਰ ਦਿਤਾ- "ਹੈਪਸ਼ਾਇਰ ਇਕ ਬੜੀ ਵਡੀ ਜਾਇਦਾਦ ਦਾ ਮਾਲਿਕ ਹੈ।" ਹੈਂਪਸ਼ਾਇਰ ! ਏਨ ਕੈਥੇਰਿਕ ਦਾ ਘਰ ! ਫਿਰ ਮੁੜਕੇ ਚਿੱਟੇ ਬਸਤਰਾਂ ਵਾਲੀ ਔਰਤ! ਇਸ ਵਿਚ ਅਵੱਸ਼ ਕੋਈ ਅਟੱਲ ਹੋਣੀ ਛੁਪੀ ਹੈ। "ਅਤੇ ਉਹਦਾ ਨਾਂ ਕੀ ਹੈ?" ਮੈਂ ਬੜੀ ਹੌਲੀ ਅਤੇ ਬੇਪ੍ਰਵਾਹੀ ਨਾਲ ਪੁੱਛਣ ਦਾ ਢੌਂਗ ਕੀਤਾ।

"ਸਰ ਪਰਸੀਵਲ ਗਲਾਈਡ।"

"ਸਰ :-ਸਰ ਪਰਸੀਫਲ ! ਏਨ ਕੈਥੇਰਿਕ ਦਾ ਉਹ ਸ਼ੱਕ ਭਰਿਆ ਪ੍ਰਸ਼ਨ ਜੋ ਉਹਨੇ ਮੈਨੂੰ ਪੁਛਿਆ ਸੀ ਕਿ ਮੈਂ ਬੈਰਨ ਦੇ ਰੁਤਬੇ ਵਾਲੇ ਕਿੰਨੇ ਕੁ ਬੰਦਿਆਂ ਨੂੰ ਜਾਣਦਾ ਸਾਂ; ਸਮਰ ਹਾਊਸ ਵਿਚ ਮਿਸ ਹਾਲਕੌਂਬ ਦੇ ਪਰਤਣ ਵੇਲੇ ਜੋ ਅਜੇ ਮੇਰੇ ਦਿਮਾਗ ਵਿਚ ਘੁੰਮ ਹੀ ਰਿਹਾ ਸੀ, ਹੁਣ ਉਹ ਦੇ ਹੀ ਉੱਤਰ ਨਾਲ ਮੁੜ ਮੈਨੂੰ ਯਾਦ ਆ ਗਿਆ। ਮੈਂ ਅਚਾਨਕ ਉਥੇ ਹੀ ਰੁੱਕ ਗਿਆ ਅਤੇ ਉਹ ਦੇ ਵੱਲ ਵੇਖਣ ਲੱਗ ਪਿਆ।

"ਸਰ ਪਰਸੀਵਲ ਗਲਾਈਡ," ਉਹਨੇ ਆਪਣੀ ਗਲ ਦੁਹਰਾਈ, ਇਹ ਸੋਚ ਕੇ, ਕਿ ਮੈਂ ਸ਼ਾਇਦ ਪਹਿਲੀ ਵਾਰੀ ਉਹਦਾ ਦਿੱਤਾ ਉੱਤਰ ਨਹੀਂ ਸੁਣਿਆ।

"ਨਾਈਟ ਏ ਜਾਂ ਬੈਰੋਨੇਟ?" ਮੈਂ ਅਜਿਹੀ ਉਤੇਜਨਾਂ ਨਾਲ ਪੁੱਛਿਆ ਜੋ ਹੁਣ ਉਸ ਤੋਂ ਛੁਪੀ ਨਾ ਰਹੀ।

ਇਕ ਪਲ ਚੁੱਪ ਰਹਿ ਕੇ ਉਹ ਨੇ ਰੁਖਾਈ ਨਾਲ ਉੱਤਰ ਦਿਤਾ-

"ਬੇਸ਼ਕ ਉਹ ਇਕ ਬੈਰਨ ਹੈ।"

## (11)

ਇਸ ਤੋਂ ਮਗਰੋਂ', ਜਿੰਨੀ ਦੇਰ ਅਸੀਂ ਘਰ ਪਹੁੰਚਣ ਵਿਚ ਲਈ, ਸਾਡੇ ਦੋਹਾਂ ਵਿਚੋਂ ਕੋਈ ਵੀ ਇਕ ਸ਼ਬਦ ਨਾ ਬੋਲਿਆ। ਮਿਸ ਹਾਲਕੌਂਬ ਕਾਹਲੀ ਕਾਹਲੀ ਆਪਣੀ ਭੈਣ ਦੇ ਕਮਰੇ ਵਿਚ ਚਲੀ ਗਈ। ਅਤੇ ਮੈਂ ਆਪਣੇ ਸਟੂਡੀਓ ਵਿਚ ਗਿਆ, ਤਾਂ ਜੋ ਮਿਸਟਰ ਫ਼ੇਅਰਲੀ ਦੀਆਂ ਉਹ ਤਸਵੀਰਾਂ ਜੋ ਮੈਂ ਅਜੇ ਤਕ ਚੋਖਟਿਆਂ ਵਿਚ ਨਹੀਂ ਸਨ ਜੜ੍ਹੀਆਂ, ਅਤੇ ਠੀਕ-ਠਾਕ ਨਹੀਂ ਸਨ ਕੀਤੀਆਂ, ਉਨ੍ਹਾਂ ਦਾ ਜਿੰਨਾ ਕੁ ਕੰਮ ਹੋ ਸਕਦਾ ਸੀ, ਜਾਣ ਤੋਂ ਪਹਿਲਾਂ ਕਰਦਿਆਂ, ਅਤੇ ਕਿਸੇ ਹੋਰ ਦੇ ਹੱਥਾਂ ਵਿਚ ਸੌਂਪਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖ ਲਵਾਂ। ਉਹ ਸਭ ਸੋਚਾਂ ਜਿਨ੍ਹਾਂ ਨੂੰ ਅਜੇ ਤੀਕ ਮੈਂ ਕਾਬੂ ਵਿਚ ਰੱਖਿਆ ਸੀ, ਅਤੇ ਜਿਨ੍ਹਾਂ ਕਰਕੇ ਮੈਨੂੰ ਆਪਣੀ ਸਥਿੱਤੀ ਅਸਹਿ ਲਗ ਰਹੀ ਸੀ, ਮੈਨੂੰ ਇਕਲਿਆਂ ਵੇਖ ਕੇ ਸਭ ਨੇ ਮੈਨੂੰ ਘੇਰ ਲਿਆ।

ਉਸ ਦੀ ਕੁੜਮਾਈ ਹੋਈ ਹੋਈ ਸੀ, ਅਤੇ ਉਹਦਾ ਹੋਣ ਵਾਲਾ ਪਤੀ ਸਰ ਪਰਸੀਵਲ ਗਲਾਈਡ ਸੀ। ਉਹ ਬੜੇ ਉਚੇ ਰੁਤਬੇ ਵਾਲਾ ਬੈਰਨ ਸੀ; ਅਤੇ ਹੈਂਪਸ਼ਾਇਰ ਵਿਚ ਉਹਦੀ ਬਹੁਤ ਜਾਇਦਾਦ ਸੀ। ਇੰਗਲੈਂਡ ਵਿਚ ਕਈ ਸੈਂਕੜੇ ਬੈਰਨ ਸਨ, ਅਤੇ ਹੈਂਪਸ਼ਾਇਰ

ਵਿਚ ਕਈ ਲੋਕਾਂ ਦੀਆਂ ਜ਼ਮੀਨਾਂ ਸਨ। ਆਮ ਵੇਖਿਆ ਵੀ ਕੋਈ ਅਜਿਹੀ ਗੱਲ ਨਹੀਂ ਸੀ ਅਤੇ ਨਾ ਹੀ ਮੇਰੇ ਕੋਲ ਪੁਸ਼ਟੀ ਲਈ ਕੋਈ ਸਬੂਤ ਸੀ ਕਿ ਮੈਂ ਸਰ ਪਰਸੀਵਲ ਗਲਾਈਡ ਨੂੰ ਉਸ ਸ਼ੱਕੀ ਪ੍ਰਸ਼ਨ ਨਾਲ ਜੋੜਾਂ, ਜੋ ਚਿੱਟੇ ਬਸਤਰਾਂ ਵਾਲੀ ਔਰਤ ਨੇ ਮੈਨੂੰ ਪੁੱਛਿਆ ਸੀ। ਪਰ ਫਿਰ ਵੀ ਮੈਂ ਸਰ ਪਰਸੀਵਲ ਗਲਾਈਡ ਨੂੰ ਉਸੇ ਪ੍ਰਸ਼ਨ ਨਾਲ ਸੰਬੰਧਿਤ ਕਰ ਲਿਆ ਸੀ। ਕੀ ਮੈਂ ਅਜਿਹਾ ਇਸ ਲਈ ਕਰ ਰਿਹਾ ਸਾਂ, ਕਿ ਮੇਰੇ ਦਿਮਾਗ ਵਿਚ ਉਹਦਾ ਨਾਂ ਹੁਣ ਮਿਸ ਫ਼ੇਅਰਲੀ ਦੇ ਨਾਂ ਨਾਲ ਜੁੜ ਗਿਆ ਸੀ; ਅਤੇ ਮਿਸ ਫ਼ੇਅਰਲੀ ਉਸੇ ਰਾਤ ਦੀ ਏਨ ਕੈਥੇਰਿਕ ਨਾਲ ਸੰਬੰਧਿਤ ਸੀ, ਜਦੋਂ ਕਿ ਮੈਂ ਉਨ੍ਹਾਂ ਵਿਚਾਲੇ ਸਮਾਨਤਾ ਨੂੰ ਵੇਖਿਆ ਸੀ, ਕੀ ਸਵੇਰ ਦੀਆਂ ਘਟਨਾਵਾਂ ਨੇ ਮੈਨੂੰ ਹੁਣੇ ਹੀ ਅਜਿਹਾ ਦੁਰਬਲ ਕਰ ਦਿੱਤਾ ਸੀ ਕਿ ਮੈਂ ਹਰ ਵਹਿਮ ਦਾ ਸ਼ਿਕਾਰ ਹੋ ਰਿਹਾ ਸਾਂ, ਜੋ ਹੋਰ ਕੁਝ ਨਹੀਂ ਸਿਰਫ ਸੰਜੋਗਾਂ ਦਾ ਹੀ ਮੌਕਾ-ਮੇਲ ਸੀ। ਕੀ ਮੇਰੀ ਕਲਪਨਾ ਹੀ ਮੇਰੇ ਨਾਲ ਛਲ ਕਰ ਰਹੀ ਸੀ? ਕੁਝ ਵੀ ਕਹਿਣਾ ਅਸੰਭਵ ਸੀ। ਮੈਂ ਇਹੀ ਮਹਿਸੂਸ ਕਰਦਾ ਸਾਂ ਕਿ ਸਮਰ ਹਾਊਸ 'ਤੋਂ ਵਾਪਸ ਆਉਂਦਿਆਂ ਜੋ ਮੇਰੇ ਅਤੇ ਮਿਸ ਹਾਲਕੌਂਬ ਵਿਚਾਲੇ ਗੱਲਾਂ ਹੋਈਆਂ, ਉਨ੍ਹਾਂ ਦਾ ਮੇਰੇ ਉਤੇ ਅਨੋਖਾ ਪ੍ਰਭਾਵ ਪਿਆ ਸੀ। ਮੈਨੂੰ ਬੜੀ ਤੀਬਰਤਾ ਨਾਲ ਇੰਜ ਮਹਿਸੂਸ ਹੋ ਰਿਹਾ ਸੀ, ਕਿ ਭਵਿੱਖ ਦੇ ਹਨੇਰ ਵਿਚ ਕੋਈ ਖਤਰਾ ਹੈ ਜੋ ਅਜੇ ਛਪਿਆ ਹੋਇਆ ਹੈ; ਅਤੇ ਕੋਈ ਮੁਸੀਬਤ ਆਉਣ ਵਾਲੀ ਹੈ। ਮੇਰੇ ਮਨ ਵਿਚ ਇਹ ਸ਼ੱਕ ਘੜੀ ਘੜੀ ਘਿਰ ਆਉਂਦੇ -ਕਿ ਕੀ ਮੈਂ ਵੀ ਘਟਨਾਵਾਂ ਦੀ ਉਸ ਲੜੀ ਨਾਲ ਜੁੜਿਆ ਹੋਇਆ ਹਾਂ, ਜੋ ਮੇਰੇ ਕੰਬਰਲੈਂਡ ਤੋਂ ਚਲੇ ਜਾਣ ਤੇ ਵੀ ਟਲਣਗੀਆ ਨਹੀਂ; ਅਤੇ ਕੀ ਸਾਡੇ ਵਿਚੋਂ ਕੋਈ ਵੀ ਅੰਤ ਨੂੰ ਵੇਖ ਸਕਦਾ ਹੈ ਜਾਂ ਨਹੀਂ; ਮੇਰੇ ਸ਼ੋਖ ਛਿਣ ਭੰਗਰੇ ਪਿਆਰ ਦਾ ਅੰਤ ਭਾਵੇਂ ਕਿੰਨਾ ਹੀ ਦੁਖਦਾਈ, ਤਿੱਖਾ ਅਤੇ ਚੁਭਵਾਂ ਸੀ। ਕਿਸੇ ਅਣਜਾਣੇ ਸੰਕਟ, ਸਹਿਮ ਅਤੇ ਖਤਰੇ ਦੇ ਤੀਬਰ ਅਨੁਭਵ ਨੇ ਉਹਨੂੰ ਖੁੰਡਿਆਂ ਕਰ ਦਿਤਾ ਸੀ। ਮੈਨੂੰ ਅਨੁਭਵ ਹੋ ਰਿਹਾ ਸੀ ਕਿ ਸਮਾਂ ਸਾਡੇ ਸਿਰ ਤੇ ਕੋਈ ਮੁਸੀਬਤ ਲਈ ਮੰਡਲਾ ਰਿਹਾ ਹੈ।

ਅਜੇ ਮੈਨੂੰ ਕੋਈ ਅਧਾ ਕੁ ਘੰਟਾ ਹੀ ਤਸਵੀਰਾਂ ਵਿਚ ਰੁੱਝਿਆ ਹੋਇਆ ਹੋਵੇਗਾ ਕਿ ਕਿਸੇ ਨੇ ਮੇਰਾ ਬੂਹਾ ਖੜਕਾਇਆ। ਮੇਰੇ ਉੱਤਰ ਦੇਣ ਉਤੇ ਜਦੋਂ ਬੂਹਾ ਖੁੱਲਾ ਤਾਂ ਮੈਂ ਮਿਸ ਹਾਲਕੌਂਬ ਨੂੰ ਅੰਦਰ ਆਉਂਦਿਆਂ ਵੇਖ ਕੇ ਹੈਰਾਨ ਰਹਿ ਗਿਆ।

ਉਹਦੇ ਤੌਰ ਤਰੀਕੇ ਵਿਚ ਗੁੱਸਾ ਅਤੇ ਉਤੇਜਨਾ ਸੀ। ਇਸ ਤੋਂ ਪਹਿਲਾਂ ਕਿ ਮੈਂ ਉਹਨੂੰ ਕੁਰਸੀ ਉਤੇ ਬੈਠਣ ਲਈ ਬੇਨਤੀ ਕਰਦਾ, ਉਹ ਆਪੇ ਹੀ ਮੇਰੇ ਕੋਲ ਕੁਰਸੀ ਖਿੱਚ ਕੇ ਬੈਠ ਗਈ।

"ਮਿਸਟਰ ਹਾਰਟਰਾਈਟ, ਮੈਂ ਸੋਚਿਆ ਸੀ ਕਿ ਅਸੀਂ ਸਭ ਦੁਖਦਾਈ ਗੱਲਾਂ ਮੁਕਾ ਬੈਠੇ ਹਾਂ, ਘਟ ਤੋਂ ਘਟ ਅੱਜ ਲਈ, ਪਰ ਜਾਪਦਾ ਹੈ ਕਿ ਇਉਂ ਨਹੀਂ ਹੋਇਆ। ਮੇਰੀ ਭੈਣ ਨੂੰ ਕੋਈ ਕਪਟ ਅਤੇ ਕਮੀਨਗੀ ਨਾਲ ਉਹਦੇ ਆਉਂਦੇ ਵਿਆਹ ਬਾਰੇ ਡਰਾ ਰਿਹਾ ਹੈ। ਤੁਹਾਡੇ ਸਾਹਮਣੇ ਹੀ ਮੈਂ ਮਾਲੀ ਹੱਥ ਉਹ ਅਜੀਬ ਲਿਖਾਈ ਵਾਲੀ ਚਿੱਠੀ ਜਿਸ ਉਤੇ ਮਿਸ ਫ਼ੇਅਰਲੀ ਦਾ ਪਤਾ ਲਿਖਿਆ ਹੋਇਆ ਸੀ, ਅੰਦਰ ਭੇਜੀ ਸੀ ਨਾ?

"ਹਾਂ ਹਾਂ।"

ਉਹ ਚਿੱਠੀ ਇਕ ਗੁਮਨਾਮ ਚਿੱਠੀ ਹੈ, ਜਿਸ ਵਿਚ ਮੇਰੀ ਭੈਣ ਦੀਆਂ ਨਜ਼ਰਾਂ ਵਿਚ ਸਰ ਪਰਸੀਵਲ ਨੂੰ ਬਦਨਾਮ ਕਰਨ ਦਾ ਨੀਚ ਯਤਨ ਕੀਤਾ ਗਿਆ ਹੈ। ਉਸ ਚਿੱਠੀ ਨੂੰ ਪੜ੍ਹਕੇ ਉਹ ਏਨੀ ਜ਼ਿਆਦਾ ਡਰ ਅਤੇ ਘਬਰਾ ਗਈ ਹੈ ਕਿ ਮੈਂ ਬੜੀ ਔਖਿਆਈ ਨਾਲ ਉਹਨੂੰ ਸ਼ਾਂਤ ਕੀਤਾ ਹੈ। ਤਾਂ ਕਿਧਰੇ ਉਹਨੂੰ ਇਕੱਲੀ ਛੱਡ ਕੇ ਮੈਂ ਇਥੇ ਆਈ ਹਾਂ। ਮੈਂ ਇਹ ਜਾਣਦੀ ਹਾਂ, ਇਹ ਇਕ ਅਜਿਹਾ ਪਰਵਾਰਿਕ ਮਾਮਲਾ ਹੈ ਜਿਸ ਵਿਚ ਮੈਨੂੰ ਤੁਹਾਡੀ ਸਲਾਹ ਨਹੀਂ ਪੁੱਛਣੀ ਚਾਹੀਦੀ; ਅਤੇ ਜਿਸ ਵਿਚ ਤੁਹਾਨੂੰ ਕੋਈ ਹਮਦਰਦੀ ਨਹੀਂ ਹੋ ਸਕਦੀ।

"ਮੈਂ" ਖਿਮਾਂ ਮੰਗਦਾ ਹਾਂ, ਮਿਸ ਹਾਲਕੌਂਬ, ਪਰ ਜਿਸ ਮਾਮਲੇ ਕਾਰਣ ਤੁਹਾਡੀ ਅਤੇ ਮਿਸ ਫ਼ੇਅਰਲੀ ਦੀ ਖੁਸ਼ੀ ਅਤੇ ਏਨਾਂ ਅਸਰ ਪੈ ਸਕਦਾ ਹੈ, ਉਸ ਵਿਚ ਮੇਰੀ ਡੂੰਘੀ ਦਿਲਚਸਪੀ ਹੈ, ਅਤੇ ਉਸ ਨਾਲ ਮੈਂ ਪੂਰੀ ਤਰ੍ਹਾਂ ਸਬੰਧਿਤ ਹਾਂ।"

"ਤੁਹਾਨੂੰ ਇਹ ਕਹਿੰਦਿਆਂ ਸੁਣ ਕੇ ਮੈਨੂੰ ਖੁਸ਼ੀ ਹੋਈ ਹੈ। ਘਰ ਵਿਚ ਕੀ ਤੇ ਬਾਹਰ ਕੀ, ਮੈਨੂੰ ਇਕ ਤੁਸੀਂ ਹੀ ਦਿਸਦੇ ਹੋ, ਜਿਸ ਕੋਲ ਮੈਂ ਕੋਈ ਸਲਾਹ ਲੈ ਸਕਦੀ ਹਾਂ। ਮਿਸਟਰ ਫ਼ੇਅਰਲੀ ਦੀ ਜੋ ਸਿਹਤ ਹੈ, ਹਰ ਤਰ੍ਹਾਂ ਦੀਆਂ ਭੇਦ-ਭੇਰੀਆਂ ਗੱਲਾਂ ਅਤੇ ਤਕਲੀਫਾਂ ਤੇ ਜਿਸ ਤਰ੍ਹਾਂ ਉਹ ਰਹਿੰਦੇ ਹਨ, ਉਨ੍ਹਾਂ ਕੋਲ ਜਾਣ ਦਾ ਖ਼ਿਆਲ ਕਰਨਾ ਵੀ ਵਿਅਰਥ ਹੈ; ਤੇ ਪਾਦਰੀ ਵਿਚਾਰਾ ਨੇਕ ਅਤੇ ਨਿਤਾਣਾ ਬੰਦਾ ਹੈ; ਹੋਈ ਹੈ। ਪਰ ਉਹ ਆਪਣੇ ਕੰਮ ਤੋਂ ਸਿਵਾ ਹੋਰ ਕੁਝ ਨਹੀਂ ਜਾਣਦਾ; ਅਤੇ ਸਾਡੇ ਗਵਾਂਢੀ ਅਜਿਹੇ ਸੁੱਖ ਰਹਿਣੇ ਅਤੇ ਮਠੀ ਤੋਰੇ ਤੁਰਨ ਵਾਲੇ ਵਾਕਫ

ਹਨ, ਜਿਨ੍ਹਾਂ ਨੂੰ ਅਸੀਂ ਦੁੱਖ ਅਤੇ ਖ਼ਤਰੇ ਵੇਲੇ ਖੇਚਲ ਨਹੀਂ ਦੇ ਸਕਦੇ। ਮੈਂ ਜੋ ਜਾਣਨਾ ਚਾਹੁੰਦੀ ਹਾਂ ਉਹ ਇਹ ਹੈ; ਕੀ ਮੈਨੂੰ ਇਸ ਚਿੱਠੀ ਲਿਖਣ ਵਾਲੇ ਦੀ ਫੌਰਨ ਸੂਹ ਕਢਣੀ ਚਾਹੀਦੀ ਹੈ? ਜਾਂ ਉਡੀਕਣਾ ਚਾਹੀਦਾ ਹੈ ਅਤੇ ਕੱਲ ਮਿਸਟਰ ਫ਼ੇਅਰਲੀ ਦੇ ਵਕੀਲ ਨੂੰ ਚਿੱਠੀ ਲਿਖਣੀ ਚਾਹੀਦੀ ਹੈ? ਇਹ ਪ੍ਰਸ਼ਨ ਮਹੱਤਵਪੂਰਨ ਹੈ ਕਿਉਂਕਿ ਜਾਂ ਤੇ ਅਸੀਂ ਇਕ ਦਿਨ ਅਜਾਈ ਗਵਾਂਦੇ ਹਾਂ ਜਾਂ ਨਹੀਂ। ਤੁਹਾਡਾ ਕੀ ਵਿਚਾਰ ਹੈ, ਮਿਸਟਰ ਹਾਰਟਰਾਈਟ, ਜੇ ਨਾਜ਼ੁਕ ਹਾਲਾਤ ਕਾਰਣ ਮੈਂ ਪਹਿਲਾਂ ਹੀ ਤੁਹਾਨੂੰ ਆਪਣੇ ਵਿਸ਼ਵਾਸ ਵਿਚ ਲੈਣ ਲਈ ਮਜ਼ਬੂਰ ਨਾਂ ਹੋਈ ਹੁੰਦੀ ਤਾਂ ਅਜਿਹਾ ਕਰਨ ਲਈ ਸ਼ਾਇਦ ਇਹ ਲਾਚਾਰੀ ਵੀ ਮੇਰੇ ਲਈ ਕੋਈ ਬਹਾਨਾ ਨਹੀਂ ਸੀ ਬਣ ਸਕਦੀ। ਪਰ ਹੁਣ ਜੋ ਕੁਝ ਸਾਡੇ ਵਿਚਕਾਰ ਹੋ ਚੁੱਕਾ ਹੈ, ਉਸ ਤੋਂ ਮਗਰੋਂ ਮੈਂ ਇਹ ਭੁੱਲਣ ਵਿਚ ਕੋਈ ਗਲਤੀ ਨਹੀਂ ਕਰ ਰਹੀ ਕਿ ਸਾਡੀ ਮਿੱਤਰਤਾ ਸਿਰਫ ਤਿੰਨ ਮਹੀਨੇ ਪੁਰਾਣੀ ਹੈ।"

ਉਹਨੇ ਮੈਨੂੰ ਚਿੱਠੀ ਦਿੱਤੀ। ਚਿੱਠੀ ਦੇ ਸ਼ੁਰੂ ਵਿਚ ਕੋਈ ਸੰਬੋਧਨ ਨਹੀਂ ਸੀ, ਅਤੇ ਇਕ ਦਮ ਹੀ ਇੰਜ ਸ਼ੁਰੂ ਹੁੰਦੀ ਸੀ।

'ਕੀ ਤੁਸੀਂ ਸੁਪਨਿਆਂ ਵਿਚ ਵਿਸ਼ਵਾਸ ਕਰਦੇ ਹੋ? ਆਸ ਕਰਦੀ ਹਾਂ ਕਿ ਆਪਣੀ ਭਲਾਈ ਖਾਤਰ, ਤੁਸੀਂ ਸੁਪਨਿਆਂ ਤੇ ਯਕੀਨ ਕਰੋਗੇ। ਬਾਈਬਲ ਵਿਚ ਵੇਖੋ ਕਿ ਸੁਪਨਿਆਂ ਅਤੇ ਉਨ੍ਹਾਂ ਦੀ ਪੂਰਤੀ ਬਾਰੇ ਕੀ ਲਿਖਿਆ ਹੋਇਆ ਹੈ (ਵੇਖੋ ਪਹਿਲੀ ਕਿਤਾਬ X1 8:Xli,25, ਡੈਨੀਅਲ iv 18:25), ਮੇਰੇ ਕਹਿਣ ਤੇ ਖ਼ਤਰੇ ਤੋਂ ਸਾਵਧਾਨ ਹੋ ਜਾਉ, ਇਹ ਨਾ ਹੋਵੇ ਕਿ ਕਿਧਰੇ ਹੋਰ ਹੋ ਜਾਏ।

ਕੱਲ੍ਹ ਰਾਤੀ ਮੈਨੂੰ ਤੁਹਾਡਾ ਸੁਪਨਾ ਆਇਆ ਹੈ ਮਿਸ ਫ਼ੇਅਰਲੀ। ਮੈਨੂੰ ਸੁਪਨਾ ਆਇਆ ਕਿ ਇਕ ਗਿਰਜੇ ਦੇ ਅੰਦਰ ਪੂਜਾ ਦੇ ਸਥਾਨ ਤੇ ਖੜੀ ਹਾਂ। ਮੈਂ ਪੂਜਾ-ਸਥਾਨ ਦੇ ਇਕ ਪਾਸੇ ਹਾਂ; ਅਤੇ ਦੂਜੇ ਪਾਸੇ ਪਾਦਰੀ ਆਪਣਾ ਜਾਮਾ ਬਹਿਨ ਕੇ ਹੱਥ ਵਿਚ ਪਵਿੱਤਰ ਪੁਸਤਕ ਫੜੀ ਖੜੋਤਾ ਹੈ।

ਮੈਂ ਥੋੜੀ ਦੇਰ ਮਗਰੋਂ ਗਿਰਜੇ ਵਿਚ ਇਕ ਔਰਤ ਤੇ ਇਕ ਮਰਦ ਨੂੰ ਵਿਆਹ ਕਰਵਾਉਣ ਲਈ ਅਉਂਦਿਆਂ ਵੇਖਿਆ। ਉਹ ਔਰਤ ਤੁਸੀਂ ਹੀ ਸਾਉ। ਤੁਸੀਂ ਆਪਣੇ ਖੂਬਸੂਰਤ ਚਿੱਟੇ ਸਿਲਕ ਦੇ ਲਿਬਾਸ ਵਿਚ, ਬੜੇ ਸੁੰਦਰ ਲੱਗ ਰਹੇ ਸੀ ਅਤੇ ਚਿੱਟੀ ਲੰਮੀ

ਨਕਾਬ ਵਿਚ ਤੁਹਾਡਾ ਚਿਹਰਾ ਏਨਾ ਭੋਲਾ ਲੱਗ ਰਿਹਾ ਸੀ, ਕਿ ਤੁਹਾਡੇ ਲਈ ਮਹਿਸੂਸ ਕਰਦਿਆਂ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ।

ਉਹ ਹੰਝੂ ਉਸ ਤਰਸ ਵਿਚੋਂ ਉਗਮੇ ਸਨ, ਜੋ ਰੱਬ ਦੀ ਮਿਹਰ ਨਾਲ ਕਿਸੇ ਦੇ ਦਿਲ ਵਿਚ ਜਨਮ ਲੈਂਦਾ ਹੈ; ਅਤੇ ਉਨ੍ਹਾਂ ਹੰਝੂਆਂ ਵਾਂਗ ਜੋ ਰੋਜ਼ ਸਾਡੀਆਂ ਅੱਖਾਂ ਵਿਚੋਂ ਵਹਿੰਦੇ ਰਹਿੰਦੇ ਹਨ, ਉਹ ਐਵੇਂ ਹੀ ਨਹੀਂ ਵਹਿ ਗਏ, ਉਹ ਉਸ ਮਰਦ ਤੇ, ਜੋ ਪੂਜਾ-ਸਥਾਨ ਉਤੇ ਤੁਹਾਡੇ ਨੇੜੇ ਖੜਾ ਸੀ, ਚਾਨਣ ਦੀਆਂ ਦੋ ਤਿਰਛੀਆਂ ਕਿਰਨਾਂ ਦੇ ਰੂਪ ਵਿਚ ਪੈ ਰਹੇ ਸਨ; ਇਥੋਂ ਤਕ ਕਿ ਅੰਤ ਉਹ ਉਹਦੀ ਛਾਤੀ ਨੂੰ ਛੋਹਣ ਲਗ ਪਏ। ਦੋਵੇਂ ਕਿਰਨਾਂ ਧਨੁਸ਼ ਦੇ ਰੂਪ ਵਿਚ ਦੇ ਸਤ-ਰੰਗੀਆਂ ਪੀਂਘਾਂ ਬਣ ਕੇ ਉਹਦੇ ਅਤੇ ਮੇਰੇ ਵਿਚਕਾਰ ਫੈਲ ਗਈਆਂ ਮੈਂ ਉਨ੍ਹਾਂ ਕਿਰਨਾਂ ਦੇ ਨਾਲ ਨਾਲ ਵੇਖਿਆ; ਅਤੇ ਮੈਂ ਉਸ ਮਰਦ ਦੇ ਦਿਲ ਦੇ ਅੰਦਰ ਤਕ ਸਭ ਕੁਝ ਸਪਸ਼ਟ ਵੇਖਿਆ।

"ਜਿਸ ਮਰਦ ਨਾਲ ਤੁਸੀਂ ਵਿਆਹ ਕਰਨ ਆਏ ਸੀ ਵੇਖਣ ਨੂੰ ਉਹ ਮਾੜਾ ਨਹੀਂ ਸੀ। ਉਹ ਨਾਂ ਤੇ ਬਹੁਤਾ ਲੰਮਾ ਸੀ ਅਤੇ ਨਾ ਬਹੁਤਾ ਮੱਧਰਾ-ਆਮ ਉਚਾਈ ਤੋਂ ਉਹ ਰਤਾ ਕੁ ਹੀ ਛੋਟਾ ਸੀ। ਪਤਲਾ, ਹਲਕਾ ਅਤੇ ਹੌਸਲੇ ਵਾਲਾ ਦਿਸਦਾ ਸੀ, ਅਤੇ ਉਹਦੀ ਉਮਰ ਪਜੰਤਾਲੀ ਕੁ ਸਾਲ ਦੀ ਜਾਪਦੀ ਸੀ। ਉਹ ਦਾ ਮੂੰਹ ਪੀਲਾ ਸੀ ਅਤੇ ਮੱਥੇ ਤੋਂ ਗੰਜਾ ਸੀ, ਪਰ ਬਾਕੀ ਸਿਰ ਦੇ ਵਾਲ ਕਾਲੇ ਸਨ। ਠੋਡੀ ਤੋਂ ਉਹਨੇ ਦਾੜ੍ਹੀ ਸਾਫ ਕੀਤੀ ਹੋਈ ਸੀ, ਪਰ ਉਹਦੀਆਂ ਗੱਲਾਂ ਉਤੇ ਹੈ ਸੀ, ਜਿਸ ਦਾ ਰੰਗ ਗੂੜ੍ਹਾ ਭੂਰਾ ਸੀ; ਅਤੇ ੳਹਦੀਆਂ ਮੁਛਾਂ ਵੀ ਸਨ। ਉਹਦੀਆਂ ਅੱਖਾਂ ਵੀ ਨਸਵਾਰੀ ਰੰਗ ਦੀਆਂ ਸਨ, ਅਤੇ ਖੂਬ ਚਮਕ ਰਹੀਆਂ ਸਨ; ਨੱਕ ਪਤਲਾ ਅਤੇ ਏਨਾ ਸੁਹਣਾ ਸੀ, ਜਿਵੇਂ ਕਿਸੇ ਔਰਤ ਦਾ ਹੋਵੇ। ਉਹ ਦੇ ਹੱਥ ਵੀ ਇਹ ਜੇਹੇ ਸਨ। ਉਹ ਨੂੰ ਘੜੀ ਮੁੜੀ ਸੁੱਕੀ ਖੰਘ ਤੰਗ ਕਰ ਰਹੀ ਸੀ। ਅਤੇ ਜਦੋਂ ਉਹ ਸੱਜਾ ਗੋਰਾ ਹੱਥ ਆਪਣੇ ਮੂੰਹ ਅੱਗੇ ਰੱਖਦਾ, ਉਹਦੇ ਉਤੇ ਇਕ ਪੁਰਾਣੇ ਜ਼ਖਮ ਦਾ ਲਾਲ ਨਿਸ਼ਾਨ ਦਿਸਦਾ ਸੀ। ਕੀ ਮੈਨੂੰ ਸੁਪਨੇ ਵਿਚ ਠੀਕ ਉਹੀ ਮਰਦ ਹੀ ਦਿਸਿਆ ਹੈ? ਤੁਸੀਂ ਇਹ ਮੇਰੇ ਤੋਂ ਵੀ ਚੰਗੀ ਤਰ੍ਹਾਂ ਜਾਣਦੇ ਹੋ, ਮਿਸ ਫ਼ੇਅਰਲੀ; ਅਤੇ ਜੇ ਮੈਨੂੰ ਗਲਤੀ ਲਗੀ ਹੈ ਤਾਂ ਮੈਨੂੰ ਦਸ ਸਕਦੇ ਹੋ। ਅਗੋਂ

ਪੜ੍ਹੋ, ਕਿ ਮੈਂ ਉਸ ਮਰਦ ਦੇ ਦਿਲ ਅੰਦਰ ਕੀ ਵੇਖਿਆ, ਮੈਂ ਬੇਨਤੀ ਕਰਦੀ ਹਾਂ, ਕਿ ਅਗੋਂ ਪੜ੍ਹੋ ਅਤੇ ਉਸ ਦਾ ਪੂਰਾ ਲਾਭ ਉਠਾਉ।

"ਮੈਂ ਉਨ੍ਹਾਂ ਚਾਨਣ ਦੀਆਂ ਦੋ ਕਿਰਨਾਂ ਦੇ ਨਾਲ ਨਾਲ ਵੇਖਿਆ; ਅਤੇ ਮੈਂ ਉਸ ਦੇ ਧੁਰ ਅੰਦਰ ਵੇਖ ਸਕਦੀ ਸਾਂ। ਉਸ ਦਾ ਦਿਲ ਰਾਤ ਵਰਗਾ ਕਾਲਾ ਸੀ; ਅਤੇ ਉਸ ਉਪਰ ਲਾਲ ਸੁਰਖ ਅੱਖਰ ਸਨ, ਜੋ ਕਿਸੇ ਪੱਤਿਤ ਫਰਿਸ਼ਤੇ ਦੀ ਲਿਖਾਈ ਸੀ। "ਇਸ ਅੰਦਰ ਉੱਕਾ ਹੀ ਕੋਈ ਤਰਸ ਨਹੀਂ, ਕੋਈ ਪਸ਼ਚਾਤਾਪ ਨਹੀਂ। ਇਸ ਮਰਦ ਨੇ ਕਈਆਂ ਦੇ ਰਾਹਾਂ ਵਿਚ ਦੁੱਖ ਖਿਲਾਰੇ ਹਨ, ਅਤੇ ਇਹ ਇਸ ਔਰਤ ਦੇ ਰਾਹਾਂ ਵਿਚ ਵੀ ਦੁੱਖ ਹੀ ਖਿਲਾਰੇਗਾ, ਜੋ ਇਸ ਦੇ ਕੋਲ ਖੜੀ ਹੈ।" ਮੈਂ ਇਹ ਪੜ੍ਹਿਆ; ਓਹ ਚਾਨਣ ਦੀਆਂ ਕਿਰਨਾਂ ਨੇ ਇਕ ਵਾਰ ਫਿਰ ਆਪਣੀ ਥਾਂ ਬਦਲੀ ਅਤੇ ਉਸ ਮਰਦ ਦੇ ਮੋਢਿਆਂ ਵੱਲ ਘੁੰਮ ਗਈਆਂ; ਉਹਦੇ ਪਿਛੇ ਉਥੇ ਇਕ ਸ਼ੈਤਾਨ ਖੜਾ ਹੱਸ ਰਿਹਾ ਸੀ। ਚਾਨਣ ਦੀਆਂ ਕਿਰਨਾਂ ਨੇ ਮੁੜ ਆਪਣੀ ਜਗ੍ਹਾ ਬਦਲੀ ਅਤੇ ਹੁਣ ਤੁਹਾਡੇ ਮੋਢਿਆ ਪਿਛੇ ਉਨ੍ਹਾਂ ਦਾ ਇਸ਼ਾਰਾ ਪਾ ਕੇ ਮੈਂ ਵੇਖਿਆ, ਤੁਹਾਡੇ ਪਿਛੇ ਇਕ ਫ਼ਰਿਸ਼ਤਾ ਖੜਾ ਹੋ ਰਿਹਾ ਸੀ। ਹੁਣ ਤੀਜੀ ਵਾਰ ਕਿਰਨਾਂ ਨੇ ਆਪਣੀ ਥਾਂ ਬਦਲੀ, ਉਨ੍ਹਾਂ ਤੁਹਾਡੇ ਅਤੇ ਉਸ ਮਰਦ ਦੇ ਐਨ ਵਿਚਕਾਰ ਇਸ਼ਾਰਾ ਕੀਤਾ। ਉਹ ਫ਼ੈਲਦੀਆਂ ਹੀ ਗਈਆਂ। ਉਨ੍ਹਾਂ ਤੁਹਾਨੂੰ ਦੋਹਾਂ ਨੂੰ ਵੱਖ ਵੱਖ ਕਰ ਦਿੱਤਾ। ਪਾਦਰੀ ਵਿਆਹ ਕਰਵਾਉਣ ਲਈ ਪੁਸਤਕ ਵਿਚੋਂ ਵਿਆਹ ਬਾਰੇ ਪੰਨੇ ਲਭਦਾ ਹੀ ਰਿਹਾ ; ਪਰ ਪੁਸਤਕ ਵਿਚ ਉਹ ਪੰਨੇ ਹੈ ਹੀ ਨਹੀਂ ਸਨ; ਉਹਨੇ ਕਿਤਾਬ ਬੰਦ ਕਰ ਦਿੱਤੀ ਅਤੇ ਖਿੱਚ ਕੇ ਹੇਠਾਂ ਰੱਖ ਦਿਤੀ। ਜਦੋਂ ਮੈਂ ਜਾਗੀ, ਮੇਰੀਆਂ ਅੱਖਾਂ ਵਿਚ ਹੰਝੂ ਸਨ, ਅਤੇ ਮੇਰਾ ਦਿਲ ਧੜਕ ਰਿਹਾ ਸੀ, ਕਿਉਂਕਿ ਮੈਨੂੰ ਸੁਪਨਿਆਂ ਵਿਚ ਪੂਰਾ ਵਿਸ਼ਵਾਸ ਹੈ।

ਤੁਸੀਂ ਵੀ ਯਕੀਨ ਕਰੋ, ਮੈਂ ਤਰਲਾ ਪਾਂਦੀ ਹਾਂ ਕਿ ਮੇਰੀ ਖ਼ਾਤਰ ਨਹੀਂ, ਆਪਣੇ ਭਲੇ ਲਈ, ਸੁਪਨਿਆਂ ਵਿਚ ਮੇਰੇ ਵਾਂਗ ਹੀ ਵਿਸ਼ਵਾਸ ਕਰੋ। ਜੋਸਫ਼ ਡੈਨੀਅਲ ਅਤੇ ਬਾਈਬਲ ਵਿਚ ਹੋਰ ਸਭ ਸੁਪਨਿਆਂ ਵਿਚ ਯਕੀਨ ਕਰਦੇ ਸਨ। ਉਹ ਮਰਦ, ਜਿਸ ਦੇ ਹੱਥ ਉਤੇ ਨਾਲ ਨਿਸ਼ਾਨ ਹੈ, ਉਸ ਦੀ ਪਿਛਲੀ ਜ਼ਿੰਦਗੀ ਬਾਰੇ ਛਾਣ-ਬੀਣ ਕਰੋ, ਇਸ ਤੋਂ ਪਹਿਲਾਂ ਕਿ ਤੁਸੀ ਉਹ ਸ਼ਬਦ ਕਵ੍ਹੋ, ਜਿਸ ਨਾਲ ਤੁਸੀਂ ਉਸ ਦੀ ਦੁਖੀ ਪਤਨੀ ਬਣਨਾ ਹੈ, ਉਸ ਬਾਰੇ ਪੂਰਾ ਪਤਾ ਕਰੋ। ਮੈਂ ਆਪਣੇ ਸਵਾਰਥ ਲਈ ਨਹੀਂ ਸਗੋਂ ਤੁਹਾਡੀ ਖ਼ਾਤਰ ਤੁਹਾਨੂੰ ਸਾਵਧਾਨ ਕਰ ਰਹੀ ਹਾਂ।

ਜਿੰਨੀ ਦੇਰ ਮੇਰੇ ਵਿਚ ਸਾਹ ਹੈ, ਮੈਨੂੰ ਤੁਹਾਡੀ ਭਲਾਈ ਵਿਚ ਦਿਲਚਸਪੀ ਹੈ। ਤੁਹਾਡੀ ਮਾਂ ਸਦਕਾ, ਮੇਰੇ ਦਿਲ ਵਿਚ ਤੁਹਾਡੇ ਲਈ ਪਿਆਰ ਭਰੀ ਥਾਂ ਹੈ, ਕਿਉਂਕਿ ਤੁਹਾਡੀ ਮਾਂ,ਮੇਰੀ ਪਹਿਲੀ, ਸਭ ਤੋਂ ਚੰਗੀ, ਅਤੇ ਮੇਰੀ ਇਕੋ ਇਕ ਮਿੱਤਰ ਸੀ।"

ਇਥੇ ਉਹ ਅਜੀਬ ਚਿੱਠੀ, ਬਿਨਾਂ ਕਿਸੇ ਦੇ ਦਸਤਖਤਾਂ ਦੇ ਮੁੱਕਦੀ ਸੀ।

ਲਿਖਾਈ ਤੋਂ ਕੋਈ ਵੀ ਸੂਹ ਮਿਲਣ ਦੀ ਆਸ ਨਹੀਂ ਸੀ ਦਿਸਦੀ। ਲਕੀਰਾਂ ਉਤੇ ਮੁੜੇ ਤੇ ਉਹ ਜਿਹੇ ਸ਼ਬਦ ਸਨ, ਜੋ ਅਕਸਰ ਕਾਪੀਆਂ ਉਤੇ ਲਿਖੇ ਜਾਂਦੇ ਹਨ, ਅਤੇ ਜਿਨ੍ਹਾਂ ਨੂੰ 'ਛੋਟੀ ਲਿਖਾਈ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਲਿਖਾਈ ਬੜੀ ਫਿੱਕੀ ਅਤੇ ਜਲਦੀ ਹੀ ਮਿੱਟ ਜਾਣ ਵਾਲੀ ਸੀ; ਡੋਬਿਆਂ ਨਾਲ ਗੰਦੀ ਹੋਈ ਹੋਈ ਸੀ, ਪਰ ਹੋਰ ਕੋਈ ਅਜਿਹੀ ਗੱਲ ਨਹੀਂ ਸੀ ਜਿਸ ਤੇ ਉਸ ਨੂੰ ਪਛਾਣਨ ਵਿਚ ਸਹਾਇਤਾ ਮਿਲਦੀ।

"ਇਹ ਕਿਸੇ ਅਨਪੜ੍ਹ,, ਦੇ ਹੱਥਾਂ ਦੀ ਚਿੱਠੀ ਨਹੀਂ" ਮਿਸ ਹਾਲਕੌਂਬ ਨੇ ਕਿਹਾ, "ਪਰ ਨਾਲ ਹੀ ਇਹ ਇੰਨੀ ਪਿੰਡਰੀ ਪੰਡਰੀ ਅਤੇ ਪ੍ਰੇਸ਼ਾਨ ਜਿਹੀ ਚਿੱਠੀ ਹੈ ਕਿ ਕਿਸੇ ਅਮੀਰ

ਅਤੇ ਪੜ੍ਹ, ਲਿਖੇ ਬੰਦੇ ਦੀ ਨਹੀਂ ਹੋ ਸਕਦੀ। ਵਿਆਹ ਦੇ ਕਪੜਿਆਂ ਅਤੇ ਚਿੱਟੀ ਨਕਾਬ ਦਾ ਜ਼ਿਕਰ ਵੀ ਇਸ ਸ਼ੱਕ ਨੂੰ ਹੋਰ ਪੱਕਿਆ ਕਰਦਾ ਹੈ ਕਿ ਇਹ ਚਿੱਠੀ ਕਿਸੇ ਔਰਤ ਦੇ ਦਿਮਾਗ ਦੀ ਕਾਂਢ ਹੈ। ਤੁਹਾਡਾ ਕੀ ਖ਼ਿਆਲ ਹੈ, ਮਿਸਟਰ 'ਹਾਰਟਰਾਈਟ?" "ਮੇਰਾ ਵੀ ਇਹੀ ਖ਼ਿਆਲ ਹੈ। ਮੈਨੂੰ ਤੇ ਇਹ ਦਿਸਦਾ ਹੈ ਕਿ ਇਹ ਚਿੱਠੀ ਸਿਰਫ ਔਰਤ ਦੀ ਨਹੀਂ, ਸਗੋਂ ਉਸ ਔਰਤ ਦੀ ਹੈ ਜਿਸ ਦਾ ਦਿਮਾਗ - "

"ਕੁਝ ਹਿਲਿਆ ਹੋਇਆ ਹੈ?" ਮਿਸ ਹਾਲਕੌਂਬ ਨੇ ਇਹ ਸੁਝਾ ਦਿੱਤਾ। "ਮੈਨੂੰ ਵੀ ਪੜਦਿਆਂ ਇਹੀ ਖ਼ਿਆਲ ਆਇਆ ਸੀ।"

ਮੈਂ ਉੱਤਰ ਵਿਚ ਕੁਝ ਨਾ ਕਿਹਾ। ਜਦੋਂ ਮੈਂ ਗੱਲ ਕਰ ਰਿਹਾ ਸਾਂ, ਮੇਰੀ ਨਜ਼ਰ ਚਿੱਠੀ ਦੇ ਅੰਤਲੇ ਵਾਕ ਉਤੇ ਪਈ; "ਤੁਹਾਡੀ ਮਾਂ ਸਦਕਾ, ਮੇਰੇ ਦਿਲ ਵਿਚ ਤੁਹਾਡੇ ਲਈ ਪਿਆਰ

ਭਰੀ ਥਾਂ ਹੈ, ਕਿਉਂਕਿ ਤੁਹਾਡੀ ਮਾਂ, ਮੇਰੀ ਪਹਿਲੀ, ਸਭ ਤੋਂ ਚੰਗੀ ਅਤੇ ਮੇਰੀ ਇਕੋ ਇਕ ਮਿੱਤਰ ਸੀ।" ਇਨ੍ਹਾਂ ਸ਼ਬਦਾਂ ਅਤੇ ਲਿਖਣ ਵਾਲੇ ਦੇ ਦਿਮਾਗ ਦੇ ਪਾਗਲਪਨ ਬਾਰੇ ਸ਼ੱਕ ਜੋ ਮੈਂ ਪਲ ਕੁ ਪਹਿਲਾਂ ਪ੍ਰਗਟ ਕੀਤਾ ਸੀ, ਨਾਲ ਮੈਨੂੰ ਇਕ ਅਜਿਹਾ ਵਿਚਾਰ ਆਇਆ, ਜੋ ਮੈਂ ਕਿਸੇ ਨੂੰ ਦੱਸਣ ਤੋਂ ਡਰਦਾ ਸਾਂ ; ਅਤੇ ਜਿਸ ਬਾਰੇ ਮੈਂ ਆਪਣੇ ਦਿਲ ਵਿਚ ਵੀ ਬਹੁਤ ਸੋਚ ਵਿਚਾਰ ਨਹੀਂ ਸਾਂ ਚਾਹੁੰਦਾ। ਮੈਨੂੰ ਆਪਣੇ ਆਪ ਤੇ ਵੀ ਇਹ ਸ਼ੱਕ ਹੋਣ ਲੱਗ ਪਿਆ ਕਿ ਸ਼ਾਇਦ ਮੇਰਾ ਆਪਨਾ ਦਿਮਾਗ ਵੀ ਟਿਕਾਣੇ ਨਹੀਂ ਰਿਹਾ। ਇਹ ਇਕ ਖ਼ਬਤ ਜਾਪਦਾ ਕਿ ਹਰ ਅਜੀਬ ਘਟਨਾ ਜੋ ਵਾਪਰ ਰਹੀ ਸੀ, ਜਾ ਜੋ ਅਜੀਬ ਗੱਲ ਹੋਈ ਸੀ। ਉਸ ਲਈ ਉਹ ਇਕ ਨਹਿਸ਼ ਪ੍ਰਭਾਵ ਨੂੰ ਜ਼ਿੰਮੇਵਾਰ ਮਿੱਥ ਕੇ ਉਸ ਨੂੰ ਹੀ ਸਭ ਕੁਝ ਦੀ ਛੁਪੀ ਹੋਈ ਜੜ੍ਹ, ਮੰਨ ਰਿਹਾ ਸਾਂ। ਇਕ ਵਾਰ ਮੈਂ ਆਪਣੇ ਹੌਂਸਲੇ ਅਤੇ ਬੁੱਧੀ ਦਾ ਪੱਖ ਲੈਂਦਿਆਂ ਹੋਇਆਂ ਦ੍ਰਿੜ ਇਰਾਦਾ ਕੀਤਾ ਇਸ ਅਜਿਹਾ ਕੋਈ ਨਿਰਣਾ ਨਹੀਂ ਲਵਾਂਗਾ, ਜਿਸ ਦਾ ਸਾਹਮਣੇ ਕੋਈ ਸਬੂਤ ਨਾ ਹੋਵੇ। ਮੈਂ ਪੱਕੀ ਤਰ੍ਹਾਂ ਫੈਸਲਾ ਕਰ ਲਿਆ ਕਿ ਕੋਈ ਅਨੁਮਾਨ ਅਤੇ ਅੰਦਾਜ਼ਾ ਨਹੀਂ ਲਵਾਂਗਾ।

ਜੇ ਸਾਨੂੰ ਇਸ ਚਿੱਠੀ ਨੂੰ ਲਿਖਣ ਵਾਲੇ ਦਾ ਪਤਾ ਲਾਉਣ ਦਾ ਕੋਈ ਮੌਕਾ ਮਿਲੇ, "ਮੈਂ ਚਿੱਠੀ ਮਿਸ ਹਾਲਕੌਂਬ ਨੂੰ ਵਾਪਸ ਦੇਂਦਿਆਂ ਹੋਇਆ ਕਿਹਾ, "ਤਾਂ ਉਹ ਕਦੀ ਵੀ ਨਹੀਂ ਗਵਾਉਣਾ ਚਾਹੀਦਾ। ਮੇਰੇ ਖ਼ਿਆਲ ਵਿਚ ਸਾਨੂੰ ਉਸ ਮਾਲੀ ਨੂੰ ਉਸ ਬੁੱਢੀ ਔਰਤ ਬਾਰੇ ਪੁੱਛਣਾ ਚਾਹੀਦਾ ਹੈ, ਜੋ ਉਹਨੂੰ ਚਿੱਠੀ ਦੇ ਗਈ ਸੀ ਤੇ ਸਾਨੂੰ ਉਸ ਤੋਂ ਮਗਰੋਂ ਸਾਨੂੰ ਪਿੰਡ ਵਿਚ ਪੁੱਛ ਗਿੱਛ ਕਰਨੀ ਚਾਹੀਦੀ ਹੈ। ਪਰ ਮੈਨੂੰ ਪਹਿਲਾਂ ਇਕ ਪ੍ਰਸ਼ਨ ਪੁੱਛਣ ਦਿਉ। ਤੁਸੀਂ ਹੁਣੇ ਇਸ ਮੁਸ਼ਕਲ ਦੀ ਇਕ ਹੋਰ ਸੂਰਤ ਵੀ ਦੱਸੀ ਸੀ ਕਿ ਕਲ ਮਿਸਟਰ ਫ਼ੇਅਰਲੀ ਦੇ ਵਕੀਲ ਨਾਲ ਸਲਾਹ ਕਰ ਲਵੋਗੇ ! ਕੀ ਉਹਦੇ ਨਾਲ ਤੁਸੀਂ ਅਜੇ ਹੀ ਗੱਲ ਕਰ ਨਹੀਂ ਸਕਦੇ? ਕਿ ਉਹਦੀ ਰਾਇ ਲੈਣੀ ਸੰਭਵ ਨਹੀਂ?"

ਇਸ ਗੱਲ ਦਾ ਉਤਰ ਮੈਂ ਤਾਂ ਹੀ ਖੋਲ੍ਹ ਕੇ ਦੇ ਸਕਦੀ ਹਾਂ," ਮਿਸ ਹਾਲਕੌਂਬ ਨੇ ਕਿਹਾ, 'ਮੈਂ ਤੁਹਾਨੂੰ ਆਪਣੀ ਭੈਣ ਦੀ ਕੁੜਮਾਈ ਬਾਰੇ ਕੁਝ ਉਹ ਗੱਲਾਂ ਵੀ ਦੱਸਾਂ ਜੋ ਮੈਂ ਸਵੇਰੇ ਤੁਹਾਨੂੰ ਦਸਣੀਆਂ ਜ਼ਰੂਰੀ ਜਾਂ ਉਚਿੱਤ ਨਹੀਂ ਸਮਝੀਆਂ। ਪਰ ਪਰਸੀਵਲ ਗਲਾਈਡ ਦੇ ਸੋਮਵਾਰ ਇਥੇ ਆਉਣ ਦਾ ਇਕ ਕਾਰਨ ਹੈ ਕਿ ਓਹ ਉਹ ਵਿਆਹ ਦੀ ਤਾਰੀਖ ਨਿਸ਼ਚਿਤ

ਕਰਨੀ ਚਾਹੁੰਦਾ ਹੈ, ਜੋ ਅਜੇ ਤਕ ਤਹਿ ਨਹੀਂ ਹੋਈ ਸੀ। ਓਹ ਇਸ ਗੱਲ ਲਈ ਉਤਸੁਕ ਹੈ ਕਿ ਵਿਆਹ ਇਸ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਜਰੂਰ ਹੋ ਜਾਏ।'

"ਕੀ ਮਿਸ ਫ਼ੇਅਰਲੀ ਉਹਦੀ ਇਸ ਖਵਾਹਿਸ਼ ਤੋਂ ਜਾਣੂੰ ਹੈ?"

"ਨਹੀਂ, ਉਹਨੂੰ ਕੋਈ ਸ਼ੱਕ ਨਹੀਂ ਅਤੇ ਜੋ ਕੁਝ ਹੋ ਗਿਆ ਹੈ, ਉਸ ਤੋਂ ਪਿਛੋਂ ਮੈਂ ਉਹਨੂੰ ਇਹ ਗੱਲ ਦੱਸਣ ਦੀ ਜ਼ਿੰਮੇਵਾਰੀ ਨਹੀਂ ਲਵਾਂਗੀ। ਸਰ ਪਰਸੀਵਲ ਨੇ ਇਹ ਗੱਲ ਮਿਸਟਰ ਫ਼ੇਅਰਲੀ ਨਾਲ ਹੀ ਕੀਤੀ ਹੈ; ਮਿਸਟਰ ਫ਼ੇਅਰਲੀ ਨੇ ਲਾਰਾ ਦੇ ਗਾਰਡੀਅਨ ਹੋਣ ਦੀ ਹੈਸੀਅਤ ਵਿਚ ਮੇਰੇ ਨਾਲ ਇਹ ਗੱਲ ਕੀਤੀ ਹੈ ਕਿ ਲਾਰਾ ਦਾ ਗਾਰਡੀਅਨ ਹੋਣ ਕਰਕੇ ਉਹ ਜਾਇਦਾਦ ਉਨ੍ਹਾਂ ਨੂੰ ਲਿਖ ਕੇ ਦੇਣ ਲਈ ਤਿਆਰ ਹੈ। ਉਹਨੇ ਲੰਦਨ ਆਪਣੇ ਵਕੀਲ ਮਿਸਟਰ ਗਿਲਮੌਰ ਨੂੰ ਚਿੱਠੀ ਲਿਖ ਦਿੱਤੀ ਹੈ। ਮਿਸਟਰ ਗਿਲਮੌਰ ਕਿਸੇ ਕੰਮ ਕਰਕੇ ਗਲਾਸਗੋਂ ਗਏ ਹੋਏ ਸਨ, ਉਨ੍ਹਾਂ ਇਹ ਉੱਤਰ ਦਿੱਤਾ ਹੈ ਕਿ ਉਹ ਲੰਦਨ ਜਾਂਦੇ ਹੋਏ ਲਿਮਰਿਜ ਹਾਊਸ ਠਹਿਰਨਗੇ। ਉਹ ਕੱਲ ਆ ਰਹੇ ਹਨ ਅਤੇ ਸਾਡੇ ਕੋਲ ਕੁਝ ਦਿਨ ਰਹਿਣਗੇ, ਤਾਂ ਜੋ ਉਹ ਸਰ ਪਰਸੀਵਲ ਦੀ ਇਸ ਜਿੱਦ ਦੇ ਕਾਰਨ ਸੁਣ ਸਕਣ। ਜੇ ਉਹ ਆਪਣੀ ਗੱਲ ਮੰਨਵਾਉਣ ਵਿਚ ਰਾਜੀ ਹੋ ਗਿਆ ਤਾਂ ਮਿਸਟਰ ਗਿਲਮੌਰ ਮੇਰੀ ਭੈਣ ਦੀ ਜ਼ਾਇਦਾਦ ਦੀ ਲਿਖਤ ਪੜ੍ਹਤ ਬਾਰੇ ਇਥੋਂ ਜਰੂਰੀ ਹਿਦਾਇਤਾਂ ਲੈ ਕੇ ਜਾਣਗੇ। ਤੁਸੀਂ ਹੁਣ ਸਮਝ ਗਏ ਹੋ ਕਿ ਮੈਂ ਕਿਉਂ ਇਹ ਕਿਹਾ ਸੀ ਕਿ ਕੱਲ੍ਹ ਹੀ ਵਕੀਲ ਦੀ ਸਲਾਹ ਲਈ ਜਾ ਸਕਦੀ ਹੈ। ਮਿਸਟਰ ਗਿਲਸਰ ਫ਼ੇਅਰਲੀਆਂ ਦੀਆਂ ਦੇ ਪੀੜ੍ਹੀਆਂ ਦੇ ਵਕੀਲ ਅਤੇ ਪੁਰਾਣੇ ਮਿੱਤਰ ਹਨ ਅਤੇ ਅਸੀਂ ਉਨ੍ਹਾਂ ਤੇ ਹੋਰ ਕਿਸੇ ਨਾਲੋਂ ਵੀ ਬਹੁਤਾ ਵਿਸ਼ਵਾਸ ਕਰ ਸਕਦੇ ਹਾਂ।"

ਵਿਆਹ ਵੇਲੇ ਜਾਇਦਾਦ ਦੀ ਲਿਖਤ ਪੜ੍ਹਤ! ਇਨ੍ਹਾਂ ਸ਼ਬਦਾਂ ਨਾਲ ਜਿਵੇਂ ਮੈਨੂੰ ਈਰਖਾ ਭਰੀ ਨਿਰਾਸ਼ਾ ਨੇ ਡੰਗ ਲਿਆ ਅਤੇ ਮੇਰੀ ਸਿਆਣਪ ਅਤੇ ਬੁੱਧੀ ਉਤੇ ਇਸ ਡੰਗ ਦੇ ਜ਼ਹਿਰ ਦਾ ਅਸਰ ਹੋ ਗਿਆ। ਮੈਂ ਸੋਚਣਾ ਸ਼ੁਰੂ ਕਰ ਦਿਤਾ--ਇਹ ਗੱਲ ਮੰਨਣੀ ਭਾਵੇਂ ਬੜੀ ਔਖੀ ਹੈ, ਪਰ ਜੋ ਕਹਾਣੀ ਸੁਣਾਉਣ ਦਾ ਇਕਰਾਰ ਮੈਂ ਕੀਤਾ ਹੈ, ਉਸ ਵਿਚ ਮੈਂ ਸ਼ੁਰੂ ਤੋਂ ਅੰਤ ਤੀਕ ਕੁਛ ਵੀ ਨਹੀਂ ਛੁਪਾਵਾਂਗਾ। ਮੈਂ ਘਿਰਣਾ ਨਾਲ ਉਨ੍ਹਾਂ ਊਜਾਂ ਬਾਰੇ ਸੋਚਣਾ ਸ਼ੁਰੂ ਕਰ ਦਿਤਾ, ਜੋ ਉਸ ਗੁੰਮਨਾਮ ਚਿੱਠੀ ਵਿਚ ਸਰ ਪਰਸੀਵਲ ਉਤੇ ਥੱਪੀਆਂ ਗਈਆਂ ਸਨ। ਉਨ੍ਹਾਂ ਊਜਾਂ ਵਿਚ ਕੁਝ ਸਚਾਈ ਹੋਈ ਤਾਂ ਕੀ ਬਣੇਗਾ? ਜੇ ਕਦੀ ਵਿਆਹ ਦੀ ਰਸਮ ਹੋਣ ਤੋਂ ਪਹਿਲਾਂ ਅਤੇ ਮਿਸ ਫ਼ੇਅਰਲੀ ਦੇ ਹਾਂ ਕਹਿਣ ਤੋਂ ਪਹਿਲਾਂ ਹੀ ਇਨ੍ਹਾਂ ਦੀ ਸਚਾਈ ਸਾਬਤ ਹੋ ਸਕੇ ਅਤੇ ਵਿਆਹ ਲਈ ਜਾਇਦਾਦ ਦੀ ਲਿਖਤ ਪੜ੍ਹਤ ਕਰਨ ਤੋਂ ਪਹਿਲਾਂ ਹੀ ਸਰ

ਪਰਸੀਵਲ ਉਤੇ ਲਾਏ ਹੋਏ ਇਹ ਦੂਸਣ ਸੱਚ ਹੋ ਜਾਣ ਤਾਂ ਕੀ ਹੋਵੇਗਾ? ਮੈਂ ਉਸ ਵੇਲੇ ਇਹ ਸੋਚਣ ਦਾ ਵੀ ਯਤਨ ਕੀਤਾ ਕਿ ਮੈਂ ਇਹ ਸਭ ਇੰਨੀ ਤੀਬਰਤਾ ਨਾਲ ਤਾਂ ਅਨੁਭਵ ਕਰ ਰਿਹਾ ਹਾਂ ਕਿਉਂ ਕਿ ਮੈਂ ਮਿਸ ਫ਼ੇਅਰਲੀ ਦੀ ਭਲਾਈ ਲਈ ਹਦੋਂ ਵਧ ਚਿੰਤਿਤ ਹਾਂ। ਪਰ ਮੈਂ ਆਪਣੇ ਆਪ ਨੂੰ ਧੋਖਾ ਦੇਣ ਵਿਚ ਸਫ਼ਲ ਨਹੀਂ ਸਾਂ ਹੋਇਆ, ਅਤੇ ਇਸੇ ਲਈ ਮੈਨੂੰ ਹੁਣ ਕਿਸੇ ਹੋਰ ਨੂੰ ਵੀ ਧੋਖਾ ਦੇਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਮੈਂ ਇਹ ਤਾਂ ਅਨੁਭਵ ਕਰ ਰਿਹਾ ਸਾਂ ਕਿਉਂ ਜੋ ਮੈਂ ਉਸ ਆਦਮੀ ਨੂੰ, ਜਿਸ ਨਾਲ ਮਿਸ ਫ਼ੇਅਰਲੀ ਦਾ ਵਿਆਹ ਹੋਣਾ ਸੀ, ਬਦਲ ਭਰੀ, ਅੰਨ੍ਹੀ ਨਫਰਤ ਕਰਨ ਲੱਗ ਪਿਆ ਸਾਂ।

"ਜੇ ਅਸੀਂ ਕੁਝ ਸੂਹ ਕੱਢਣੀ ਹੈ," ਤਾਂ ਮੈਂ ਇਸ ਨਵੇਂ ਅਨੁਭਵ ਦੇ ਪ੍ਰਭਾਵ ਹੇਠਾਂ ਬੜਾ ਉਤੇਜਿਤ ਹੋ ਕੇ ਕਿਹਾ, "ਤਾਂ ਸਾਨੂੰ ਇਕ ਮਿੰਟ ਵੀ ਵਿਅਰਥ ਨਹੀਂ ਗਵਾਣਾ ਚਾਹੀਦਾ। ਮੈਂ ਇਕ ਵਾਰ ਮੁੜ ਮਾਲੀ ਮੁੰਡੇ ਨੂੰ ਪੁੱਛਣ ਲਈ ਕਵ੍ਹਾਂਗਾ ਅਤੇ ਉਸ ਤੋਂ ਮਗਰੋਂ ਪਿੰਡ ਵਿਚ ਪੁੱਛ ਗਿੱਛ ਕਰਨੀ ਚਾਹੀਦੀ ਹੈ।"

"ਮੇਰਾ ਖ਼ਿਆਲ ਹੈ ਕਿ ਇਨ੍ਹਾਂ ਦੋਹਾਂ ਕੰਮਾਂ ਵਿਚ ਮੈਂ ਤੁਹਾਡੀ ਸਹਾਇਤਾ ਕਰ ਸਕਦੀ ਹਾਂ," ਮਿਸ ਹਾਲਕੋਂਬ ਆਪਣੀ ਕੁਰਸੀ ਤੋਂ ਉਠਦੀ ਹੋਈ ਬੋਲੀ, 'ਚਲੋ ਮਿਸਟਰ ਹਾਰਟਰਾਈਟ, ਅਸੀਂ ਇਕੱਠੇ ਹੀ ਚਲੇ ਚਲਦੇ ਹਾਂ ਅਤੇ ਜੋ ਕੁਝ ਹੋ ਸਕਦਾ ਹੈ, ਕਰਦੇ ਹਾਂ।"

ਮੈਂ ਬੂਹਾ ਖੋਲ੍ਹਦਿਆਂ ਖੋਲ੍ਹਦਿਆਂ ਅਚਾਨਕ ਰੁਕ ਗਿਆ। ਬਾਹਰ ਜਾਣ ਤੋਂ ਪਹਿਲਾਂ ਮੈਨੂੰ ਇਕ ਜ਼ਰੂਰੀ ਗੱਲ ਪੁੱਛਣੀ ਯਾਦ ਆ ਗਈ ਸੀ।

"ਇਸ ਗੁੰਮਨਾਮ ਚਿੱਠੀ ਦੇ ਇਕ ਪੈਰੇ ਵਿਚ," ਮੈਂ ਕਿਹਾ, "ਸ਼ਕਲ ਸੂਰਤ ਬਾਰੇ ਕੁਝ ਸਤਰਾਂ ਹਨ। ਮੈਂ ਜਾਣਦਾ ਹਾਂ ਕਿ ਸਰ ਪਰਸੀਵਲ ਗਲਾਈਡ ਦਾ ਨਾਂ ਕਿਧਰੇ ਨਹੀਂ ਲਿਖਿਆ ਹੋਇਆ, ਪਰ ਕੀ ਉਸ ਵਰਨਣ ਨਾਲ ਉਸ ਦੀ ਕੁਝ ਸ਼ਕਲ ਮਿਲਦੀ ਹੈ?"

"ਬਿਲਕੁਲ, ਇਥੋਂ ਤੀਕ ਕਿ ਉਸਦੀ ਉਮਰ ਜੋ ਪੰਜਤਾਲੀ ਸਾਲ ਲਿਖੀ ਗਈ ਹੈ, ਉਹ ਵੀ-।"

ਪੰਜਤਾਲੀ ਸਾਲ ਅਤੇ ਉਹ ਅਜੇ ਇੱਕੀਆਂ ਦੀ ਵੀ ਨਹੀਂ ਹੋਈ ! ਉਸ ਦੀ ਉਮਰ ਦੇ ਮਰਦ ਨਿਤ ਉਹਦੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰਦੇ ਹਨ ਅਤੇ ਇਹ ਵੇਖਣ ਵਿਚ ਆਇਆ ਹੈ ਕਿ ਅਜਿਹੇ ਵਿਆਹ ਅਕਸਰ ਸਫਲ ਹੁੰਦੇ ਹਨ। ਮੈਂ ਇਹ ਜਾਣਦਾ ਸਾਂ-ਪਰ ਤਾਂ ਵੀ ਜਦੋਂ ਉਹਦੀ ਉਮਰ ਦੱਸੀ ਗਈ ਅਤੇ ਮੈਂ ਮਿਸ ਫ਼ੇਅਰਲੀ ਦੀ ਉਮਰ ਨਾਲ ਇਸ ਦਾ

ਅੰਤਰ ਵੇਖਿਆ ਤਾਂ ਮੇਰੀ ਉਹਦੇ ਲਈ ਘ੍ਰਿਣਾ ਹੋਰ ਵੀ ਵਧ ਗਈ ਅਤੇ ਮੈਂ ਉਹਦੇ ਤੇ ਕਦੀ ਵੀ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਸਾਂ।

"ਬਿਲਕੁਲ ਠੀਕ ਵਰਨਣ ਹੈ।" ਮਿਸ ਹਾਲਕੌਂਬ ਬੋਲਦੀ ਗਈ, 'ਇਥੋਂ ਤੀਕ ਕਿ ਉਹਦੇ ਸੱਜੇ ਹੱਥ ਉਤੇ ਜ਼ਖ਼ਮ ਦਾ ਨਿਸ਼ਾਨ ਵੀ ਠੀਕ ਬਿਆਨ ਕੀਤਾ ਹੋਇਆ ਹੈ। ਉਹ ਜ਼ਖਮ ਉਹਨੂੰ ਕਈ ਵਰ੍ਹੇ ਪਹਿਲਾਂ ਇਟਲੀ ਵਿਚ ਸਫ਼ਰ ਕਰਦਿਆਂ ਲੱਗਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚਿੱਠੀ ਲਿਖਣ ਵਾਲਾ ਉਹਦੀ ਸ਼ਕਲ ਸੂਰਤ ਤੋਂ ਬਹੁਤ ਚੰਗੀ ਤਰ੍ਹਾਂ ਵਾਕਫ ਹੈ।"

"ਕੀ ਉਹ ਖੰਘ, ਜਿਸ ਬਾਰੇ ਚਿੱਠੀ ਵਿਚ ਲਿਖਿਆ ਹੋਇਆ ਹੈ, ਵੀ ਉਸੇ ਤਰ੍ਹਾਂ ਦੀ ਹੀ ਹੈ - ਜੇ ਮੈਂ ਭੁਲਦਾ ਨਹੀਂ?"

"ਹਾਂ, ਉਸ ਬਾਰੇ ਵੀ ਬਿਲਕੁਲ ਠੀਕ ਲਿਖਿਆ ਹੋਇਆ ਹੈ। ਉਹ ਆਪ ਉਸ ਖੰਘ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ, ਭਾਵੇਂ ਉਹਦੇ ਮਿੱਤਰ ਉਹਦੇ ਲਈ ਕਈ ਵਾਰੀ ਚਿੰਤਿਤ ਹੋ ਜਾਂਦੇ ਹਨ।" "ਅਤੇ ਕੀ ਇਹ ਗੱਲ ਠੀਕ ਹੈ, ਕਿ ਉਹਦੀ ਕਦੀ ਕੋਈ ਗੱਲ ਨਹੀਂ ਉਡੀ?"

"ਮਿਸਟਰ ਹਾਰਟਰਾਈਟ, ਮੈਨੂੰ ਆਸ ਹੈ ਕਿ ਤੁਸੀਂ ਉਸ ਬਦਨਾਮੀ ਭਰੀ ਚਿੱਠੀ ਦੇ ਪ੍ਰਭਾਵ ਹੇਠਾਂ ਆ ਕੇ ਕਿਸੇ ਨਾਲ ਕੋਈ ਅਨਿਆਂ ਨਹੀਂ ਕਰੋਗੇ?"

ਮੈਨੂੰ ਲਗਾ ਜਿਵੇਂ ਮੇਰਾ ਸਾਰਾ ਖੂਨ ਮੇਰੀਆਂ ਗੱਲ੍ਹਾਂ ਵਿਚ ਸਿਮਟ ਗਿਆ ਹੈ, ਕਿਉਂਕਿ ਮੈਨੂੰ ਪਤਾ ਸੀ, ਮੈਂ ਉਸ ਚਿੱਠੀ ਦੇ ਅਸਰ ਹੇਠਾਂ ਆ ਚੁਕਾ ਸਾਂ। "ਨਹੀਂ-" ਮੈਂ ਘਬਰਾ ਕੇ ਉੱਤਰ ਦਿੱਤਾ, "ਸਾਇਦ ਮੈਨੂੰ ਇਹ ਪ੍ਰਸਨ ਪੁੱਛਣ ਦਾ ਕਈ ਹੱਕ ਨਹੀਂ ਸੀ!"

"ਮੈਨੂੰ ਇਸ ਗੱਲ ਦਾ ਦੁੱਖ ਨਹੀਂ ਕਿ ਤੁਸੀਂ ਇਹ ਪ੍ਰਸ਼ਨ ਕਿਉਂ ਪੁਛਿਆ ਹੈ", ਉਹ ਬੋਲੀ, "ਕਿਉਂਕਿ ਇਸ ਦਾ ਉੱਤਰ ਦੇਣ ਨਾਲ ਹੀ ਮੈਂ ਸਰ ਪਰਸੀਵਲ ਦੀ ਸ਼ੁਹਰਤ ਨਾਲ ਨਿਆਂ ਕਰ ਸਕਦੀ ਹਾਂ। ਉਹਦੇ ਚਾਲ ਚਲਣ ਬਾਰੇ ਕੋਈ ਵੀ ਗੱਲ ਨਾ ਮੇਰੇ ਅਤੇ ਨਾ ਹੀ ਸਾਡੇ ਘਰ ਵਿਚ ਹੋਰ ਕਿਸੇ ਦੇ ਕੰਨਾਂ ਤੀਕ ਕਦੀ ਪੁੱਜੀ ਹੈ। ਉਹਨੇ ਦੋ ਚੋਣਾਂ ਵਿਚ ਭਾਗ ਲਿਆ ਹੈ ਅਤੇ ਸਫ਼ਲ ਹੋਇਆ ਹੈ। ਇੰਗਲੈਂਡ ਵਿਚ ਜੇ ਆਦਮੀ ਚੋਣਾਂ ਦੀ ਪ੍ਰੀਖਿਆ ਵਿਚ ਕਾਮਯਾਬ ਹੋ ਜਾਂਦਾ ਹੈ, ਉਸ ਦੇ ਚਾਲ-ਚਲਨ ਤੇ ਕੀਰਤੀ ਵਿਚ ਕੋਈ ਸ਼ੱਕ ਨਹੀਂ ਕਰ ਸਕਦਾ।

ਮੈਂ ਚੁੱਪ ਹੋ ਗਿਆ, ਉਸੇ ਤਰ੍ਹਾਂ ਚੁਪਚਾਪ ਉਹਦੇ ਲਈ ਬੂਹਾ ਖੋਲ੍ਹਿਆ ਅਤੇ ਉਹਦੇ ਪਿੱਛੇ ਨਿਕਲ ਤੁਰਿਆ। ਮੈਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ, ਜੋ ਸਵਰਗ ਤੋਂ ਉਹ ਫਰਿਸ਼ਤਾ

ਵੀ ਇਸ ਵੇਲੇ ਆਉਂਦਾ ਜੋ ਹਰ ਇਕ ਮਨੁੱਖ ਦੇ ਕੀਤੇ ਕੰਮਾਂ ਦਾ ਰੀਕਾਰਡ ਰੱਖਦਾ ਹੈ, ਅਤੇ ਉਹ ਸਰ ਪਰਸੀਵਲ ਦਾ ਰੀਕਾਰਡ ਮੇਰੀਆਂ ਅੱਖਾਂ ਅੱਗੇ ਰੱਖ ਦੇਂਦਾ ਤਾਂ ਵੀ ਮੈਨੂੰ ਵਿਸ਼ਵਾਸ ਨਹੀਂ ਸੀ ਆ ਸਕਦਾ।

ਅਸੀਂ ਜਦੋਂ ਮਾਲੀ ਕੋਲ ਪੁੱਜੇ ਤਾਂ ਉਹ ਆਪਣੇ ਕੰਮ ਵਿਚ ਸਦਾ ਵਾਂਗ ਰੁੱਝਿਆ ਹੋਇਆ ਸੀ। ਬਹੁਤ ਸਵਾਲ ਪੁੱਛਣ ਮਗਰੋਂ ਵੀ ਉਸ ਬੁਧੂ ਮੁੰਡੇ ਕੋਲੋਂ ਅਸੀਂ ਇਕ ਵੀ ਠੀਕ ਉੱਤਰ ਨਾ ਕਢਵਾ ਸਕੇ। ਉਹ ਦੀ ਅਕਲ ਬਹੁਤ ਹੀ ਮੋਟੀ ਸੀ। ਜਿਸ ਔਰਤ ਨੇ ਉਹਨੂੰ ਚਿੱਠੀ ਦਿੱਤੀ ਸੀ, ਉਹ ਬੁੱਢੀ ਸੀ, ਉਹਨੇ ਇਕ ਵੀ ਗੱਲ ਨਹੀਂ ਸੀ ਕੀਤੀ ਅਤੇ ਉਹ ਬੜੀ ਕਾਹਲੀ ਕਾਹਲੀ ਦੱਖਣ ਵੱਲ ਚਲੀ ਗਈ ਸੀ। ਮਾਲੀ ਕੋਲੋਂ ਸਾਨੂੰ ਇਨ੍ਹਾਂ ਹੀ ਪਤਾ ਲੱਗ ਸਕਿਆ।

ਪਿੰਡ ਘਰ ਦੇ ਦੱਖਣ ਵਿਚ ਹੀ ਸੀ। ਸੋ ਅਸੀਂ ਹੁਣ ਪਿੰਡ ਵੱਲ ਵਧੇ।

## (12)

ਲਿਮਰਿਜ ਵਿਚ ਅਸੀ ਹਰ ਪਾਸੇ ਹਰ ਤਰ੍ਹਾਂ ਦੇ ਲੋਕਾਂ ਕੋਲੋਂ ਹਰ ਤਰ੍ਹਾਂ ਦੇ ਪ੍ਰਸ਼ਨ ਸਬਰ ਨਾਲ ਪੁੱਛੇ। ਪਰ ਇਹ ਪੁੱਛ ਗਿੱਛ ਵਿਅਰਥ ਹੀ ਗਈ। ਇਸਦਾ ਕੁਝ ਸਿੱਟਾ ਨਾ ਨਿਕਲਿਆ ਤਿੰਨ ਪੇਂਡੂਆਂ ਨੇ ਸਾਨੂੰ ਤਸੱਲੀ ਨਾਲ ਕਿਹਾ ਕਿ ਉਹਨੇ ਉਸ ਔਰਤ ਨੂੰ ਵੇਖਿਆ ਸੀ; ਪਰ ਉਹ ਤਿੰਨੇ ਹੀ ਉਹਦੇ ਬਾਰੇ ਕੁਝ ਦੱਸਣ ਤੋਂ ਅਸਮਰਥ ਸਨ, ਤਿੰਨਾਂ ਦੀ ਰਾਇ ਇਸ ਮਾਮਲੇ ਵਿਚ ਵੀ -ਵੱਖਰੀ ਵੱਖਰੀ ਸੀ ਕਿ ਉਹ ਔਰਤ ਕਿਸ ਪਾਸੇ ਨੂੰ ਜਾ ਰਹੀ ਸੀ, ਜਦੋਂ ਉਨ੍ਹਾਂ ਅਖੀਰ ਵਿਚ ਉਹ ਨੂੰ ਵੇਖਿਆ ਸੀ। ਸੋ ਇਨ੍ਹਾਂ ਤਿੰਨਾਂ ਵਲੋਂ ਵੀ ਸਾਨੂੰ ਕੋਈ ਸੂਹ ਨਾ ਮਿਲੀ ਅਤੇ ਸਾਡੇ ਲਈ ਇਹ  ਵੀ ਬਾਕੀ ਦੇ ਉਨ੍ਹਾਂ ਪੇਂਡੂਆਂ ਵਾਂਗ ਹੀ ਸਨ ਜੋ ਆਪਣੇ ਆਲੇ ਦੁਆਲੇ ਕੁਝ ਗਹੁ ਨਾਲ ਨਹੀਂ ਸਨ ਵੇਖਦੇ।

ਇਜ ਹੀ ਅਸੀਂ ਪੁਛਦੇ ਪੁਛਾਂਦੇ, ਭਾਵੇਂ ਇਸ ਦਾ ਸਿੱਟਾ ਕੱਖ ਵੀ ਨਹੀਂ ਸੀ ਨਿਕਲਿਆ, ਪਿੰਡ ਦੇ ਅਖੀਰਲੇ ਹਿੱਸੇ ਵੱਲ ਪਹੁੰਚ ਗਏ ਸਾਂ, ਜਿਥੇ ਮਿਸਜ਼ ਫ਼ੇਅਰਲੀ ਦੇ ਖੋਲ੍ਹੇ ਹੋਏ ਸਕੂਲ ਸਨ। ਜਿਸ ਵੇਲੇ ਅਸੀਂ ਉਸ ਇਮਾਰਤ ਕੋਲੋਂ ਲੰਘ ਰਹੇ ਸਾਂ, ਜੋ ਮੁੰਡਿਆਂ ਦਾ ਸਕੂਲ ਸੀ, ਤਾਂ ਮੈਂ ਇਹ ਸੁਝਾ ਦਿੱਤਾ ਕਿ ਹੁਣ ਅਖੀਰ ਵਿਚ ਅਸੀਂ ਸਕੂਲ ਮਾਸਟਰ ਕੋਲੋਂ ਕਿਉਂ ਨਾ ਪੁੱਛਦੇ ਜਾਈਏ; ਕਿਉਂਕਿ ਉਹ ਮਾਸਟਰ ਹੋਣ ਦੇ ਨਾਤੇ ਇਥੇ ਸਭ ਤੋਂ ਸਿਆਣਾ ਬੰਦਾ ਹੋਵੇਗਾ।

"ਪਰ ਮੈਨੂੰ ਡਰ ਹੈ ਕਿ ਜਿਸ ਵੇਲੇ ਉਹ ਔਰਤ ਪਿੰਡ ਵਿਚੋਂ ਲੰਘਕੇ ਵਾਪਸ ਮੁੜੀ ਹੋਵੇਗੀ, ਮਾਸਟਰ ਆਪਣੇ ਬੱਚਿਆ ਨਾਲ ਰੁੱਝਾ ਹੋਇਆ ਹੋਵੇਗਾ। ਖੈਰ, ਅਸੀਂ ਪੁੱਛ ਸਕਦੇ ਹਾਂ-ਕੋਸ਼ਿਸ ਕਰਨ ਵਿਚ ਕੋਈ ਹਰਜ ਨਹੀਂ।" ਮਿਸ ਹਾਲਕੌਂਬ ਨੇ ਕਿਹਾ।

ਅਸੀਂ ਖੇਡ ਦੇ ਮੈਦਾਨ ਵਿਚੋਂ ਲੰਘ ਕੇ ਸਕੂਲ ਦੇ ਕਮਰੇ ਦੀ ਖਿੜਕੀ ਕੋਲੋਂ ਦੀ ਹੁੰਦੇ ਹੋਏ ਦਰਵਾਜ਼ੇ ਵੱਲ ਵਧੇ, ਜੋ ਇਮਾਰਤ ਦੇ ਪਿਛਵਾੜੇ ਸੀ। ਮੈਂ ਇਕ ਮਿੰਟ ਰੁਕ ਕੇ ਖਿੜਕੀ ਵਿਚੋਂ ਅੰਦਰ ਝਾਤੀ ਮਾਰੀ।

ਸਕੂਲ ਦਾ ਮਾਸਟਰ ਮੇਰੇ ਵੱਲ ਪਿੱਠ ਕੀਤੀ, ਆਪਣੇ ਉਚੇ ਡੈਸਕ ਤੇ ਬੈਠਾ ਆਪਣੇ ਸ਼ਗਿਰਦਾ ਨੂੰ ਇਕ ਜ਼ੋਰਦਾਰ ਲੈਕਚਰ ਦੇ ਰਿਹਾ ਸੀ, ਇਕ ਦੇ ਸਿਵਾ ਸਾਰੇ ਉਹਦੇ ਆਲੇ ਦੁਆਲੇ ਝੁਰਮਟ ਪਾ ਕੇ ਖੜੇ ਸਨ, ਜੋ ਇਕੱਲਾ ਖੜੋਤਾ ਸੀ, ਉਹ ਮੁੰਡਾ ਤਕੜਾ ਸੀ ਅਤੇ ਉਹਦਾ ਸਿਰ ਚਿੱਟਾ ਸੀ। ਉਹ ਸਾਰਿਆਂ ਨਾਲੋਂ ਵਖਰਾ ਕਮਰੇ ਦੇ ਇਕ ਕੋਨੇ ਵਿਚ ਪਏ ਸਟੂਲ ਉਤੇ ਖੜਾ ਸੀ। ਉਹ ਕੱਲਮਕਲਾ ਕਰੂਸੋ ਵਾਂਗ ਲੱਗ ਰਿਹਾ ਸੀ, ਜੋ ਆਪਣੀ ਸਜ਼ਾ ਅਤੇ ਨਿਰਾਦਰੀ ਦੇ ਸੁੰਨੇ ਟਾਪੂ ਵਿਚ ਬਿਲਕੁਲ ਵੱਖ ਸੀ।

ਜਦੋਂ ਅਸੀਂ ਚੱਕਰ ਲਾ ਕੇ ਦਰਵਾਜ਼ੇ ਕੋਲ ਪੁੱਜੇ ਤਾਂ ਉਹ ਅੱਧਾ ਖੁਲ੍ਹਾ ਹੋਇਆ ਸੀ। ਅਸੀਂ ਦੋਵੇਂ ਬਾਹਰ ਪੋਰਚ ਵਿਚ ਇਕ ਪਲ ਠਹਿਰੇ ਤਾਂ ਉਥੇ ਸਾਨੂੰ ਮਾਸਟਰ ਦੀ ਆਵਾਜ਼ ਸਾਫ ਸੁਣਾਈ ਦੇ ਰਹੀ ਸੀ।

"ਹੁਣ ਮੰਡਿਉ," ਉਹ ਕਹਿ ਰਿਹਾ ਸੀ, "ਜੋ ਮੈਂ ਤੁਹਾਨੂੰ ਕਹਿ ਰਿਹਾ ਹਾਂ, ਉਸ ਨੂੰ ਚੰਗੀ ਤਰ੍ਹਾਂ ਸੁਣੋ, ਜੇ ਮੈਂ ਹੁਣ ਕਿਸੇ ਨੂੰ ਸਕੂਲ ਵਿਚ ਭੂਤਾਂ ਪਰੇਤਾਂ ਦੀਆਂ ਗੱਲਾਂ ਕਰਦਿਆਂ ਸੁਣਿਆਂ ਤਾਂ ਮੇਰੇ ਤੋਂ ਵਧ ਬੁਰਾ ਹੋਰ ਕੋਈ ਨਹੀਂ ਹੋਵੇਗਾ। ਭੂਤਾਂ ਪ੍ਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ,' ਸੋ ਜਿਹੜਾ ਮੁੰਡਾ ਭੂਤਾਂ ਵਿਚ ਵਿਸ਼ਵਾਸ ਰੱਖਦਾ ਹੈ, ਉਹ ਕਿਸੇ ਅਜਿਹੀ ਚੀਜ਼ ਨੂੰ ਮੰਨਦਾ ਹੈ, ਜੋ ਹੁੰਦੀ ਹੀ ਨਹੀਂ, ਅਤੇ ਜੇ ਲਿਮਰਿਜ ਸਕੂਲ ਦਾ ਕੋਈ ਲੜਕਾ ਇਹੋ ਜੇਹੀ ਅਸੰਭਵ ਹੋਂਦ ਵਿਚ ਵਿਸ਼ਵਾਸ ਕਰਦਾ ਹੈ ਤਾਂ ਉਹ ਬੁੱਧੀ ਅਤੇ ਅਨੁਸ਼ਾਸਨ ਤੋਂ ਬਗਾਵਤ ਕਰਦਾ ਹੈ ਇਸ ਲਈ ਉਹਨੂੰ ਉਹਦੇ ਕਸੂਰ ਦੀ ਸਜਾ ਦਿੱਤੀ ਜਾਏਗੀ। ਤੁਸੀਂ ਸਾਰੇ ਵੇਖ ਰਹੇ ਹੋ ਕਿ ਜੈਕਬ ਪੋਸਟਲੈਥਵੇਟ ਸਟੂਲ ਤੇ ਖੜਾ ਕੀਤਾ ਗਿਆ ਹੈ। ਉਸ ਨੂੰ ਇਸ ਲਈ ਸਜ਼ਾ ਨਹੀਂ ਦਿਤੀ ਗਈ ਕਿ ਉਹ ਕਹਿੰਦਾ ਹੈ ਕਿ ਰਾਤੀਂ ਉਹਨੇ ਭੂਤ ਵੇਖਿਆ ਹੈ, ਸਗੋਂ ਇਸ ਲਈ ਦਿੱਤੀ ਗਈ ਹੈ ਕਿ ਉਹ ਅਕਲ ਦੀ ਗੱਲ ਮੰਨਣ ਲਈ ਬਹੁਤ ਜ਼ਿੱਦੀ ਅਤੇ ਢੀਠ ਹੈ; ਮੈਂ

ਉਹਨੂੰ ਬਾਰ ਬਾਰ ਕਹਿ ਰਿਹਾ ਹਾਂ ਕਿ ਭੂਤ ਹੁੰਦੇ ਹੀ ਨਹੀਂ, ਪਰ ਉਹ ਮੰਨਦਾ ਹੀ ਨਹੀਂ ਤੇ ਇਹੀ ਰੱਟ ਲਾਈ ਜਾਂਦਾ ਹੈ ਕਿ ਉਹਨੇ ਭੂਤ ਵੇਖਿਆ ਹੈ। ਜੋ ਹੁਣ ਵੀ ਉਹ ਨਹੀਂ ਮੰਨੇਗਾ ਤਾਂ ਮੈਂ ਬੈਂਤ ਨਾਲ ਇਸਦਾ ਭੂਤ ਕੱਢਾਂਗਾ, ਅਤੇ ਜੇ ਤੁਸੀਂ ਸਾਰੇ ਵੀ ਇਸੇ ਤਰ੍ਹਾਂ ਕਵ੍ਹੋਗੇ ਤਾਂ ਮੈਂ ਲਿਹਾਜ਼ ਨਹੀਂ ਕਰਾਂਗਾ ਸਾਰੇ ਸਕੂਲ ਦੇ ਮੁੰਡਿਆਂ ਵਿਚੋਂ ਚੰਗੀ ਤਰ੍ਹਾਂ ਭੂਤ ਕਢਾਂਗਾ।"

"ਜਾਪਦਾ ਹੈ, ਸਾਡੇ ਆਉਣ ਦਾ ਸਮਾਂ ਅੱਜ ਕੁਝ ਔਖਾ ਹੈ," ਮਿਸ ਹਾਲਕੌਂਬ ਨੇ ਇਹ ਕਹਿ ਕੇ ਦਰਵਾਜ਼ੇ ਨੂੰ ਧੱਕਾ ਦੇ ਕੇ ਖੋਹਲ ਦਿੱਤਾ ਅਤੇ ਅੰਦਰ ਲੰਘ ਗਈ। ਹੁਣ ਤਕ ਮਾਸਟਰ ਦਾ ਲੈਕਚਰ ਖ਼ਤਮ ਹੋ ਚੁੱਕਾ ਸੀ।

ਸਾਡੇ ਅੰਦਰ ਪਹੁੰਚਣ ਨਾਲ ਮੁੰਡਿਆਂ ਉਤੇ ਚੋਖਾ ਪ੍ਰਭਾਵ ਪਿਆ। ਜਾਪਦਾ ਸੀ ਕਿ ਉਹ ਇਹ ਸਮਝ ਰਹੇ ਸਨ ਕਿ ਅਸੀਂ ਖਾਸ ਜੈਕਬ ਪੋਸਟਲੈਥਵੇਟ ਨੂੰ ਬੈਂਤ ਪੈਂਦਿਆਂ ਹੀ ਵੇਖਣ ਆਏ ਹਾਂ।

"ਤੁਸੀਂ ਸਾਰੇ ਘਰ ਘਰੀ ਰੋਟੀ ਖਾਣ ਜਾਉ," ਮਾਸਟਰ ਨੇ ਮੁੰਡਿਆਂ ਨੂੰ ਕਿਹਾ, 'ਜੈਕਬ ਇਥੇ ਹੀ ਖੜਾ ਰਵ੍ਹੇਗਾ ਜਿੱਥੇ ਹੈ; ਇਹਦੇ ਲਈ ਰੋਟੀ ਇਹਦਾ ਭੂਤ, ਜੋ ਇਸ ਦੇ ਉਤੇ ਇਨ੍ਹਾਂ ਮਿਹਰਬਾਨ ਹੈ, ਹੀ ਲਿਆਵੇਗਾ।"

ਜੈਕਬ ਨੇ ਜਦ ਵੇਖਿਆ ਕਿ ਉਸ ਦੇ ਸਾਥੀ ਵੀ ਚਲੇ ਗਏ ਹਨ, ਅਤੇ ਉਹਨੂੰ ਰੋਟੀ ਖਾਣ ਜਾਣ ਦੀ ਆਗਿਆ ਨਹੀਂ ਮਿਲੇਗੀ ਤਾਂ ਉਹ ਨਿਢਾਲ ਹੋ ਗਿਆ। ਉਹ ਆਪਣੀਆਂ ਜੇਬਾਂ ਵਿਚੋਂ ਹੱਥ ਬਾਹਰ ਕੱਢਕੇ ਉਂਗਲਾਂ ਦੀਆਂ ਗੰਢਾਂ ਨੂੰ ਬੜੀ ਨੀਝ ਨਾਲ ਵੇਖਣ ਲੱਗ ਪਿਆ; ਫਿਰ ਉਨ੍ਹਾਂ ਨੂੰ ਬੜੀ ਸੋਚ ਨਾਲ ਅੱਖਾਂ ਕੋਲ ਲਿਆਕੇ ਜ਼ੋਰ ਜ਼ੋਰ ਦੀ ਅੱਖਾਂ ਨੂੰ ਮਲਣ ਲੱਗ ਪਿਆ, ਨਾਲ ਹੀ ਉਹਦੇ ਸੁਬਕਣ ਦੀ ਆਵਾਜ਼ ਵੀ ਆਉਣ ਲਗ ਪਈ। ਥੋੜ੍ਹੇ ਥੋੜ੍ਹੇ ਚਿਰ ਪਿਛੋਂ ਉਹਦੇ ਨੱਕ ਵਿਚ ਸੁਰੜ ਸੁਰੜ ਦੀ ਆਵਾਜ਼ ਆ ਰਹੀ ਸੀ ਜੋ ਬਚਪਨ ਦੇ ਦੁੱਖ ਦੀਆਂ ਨਿੱਕੀਆਂ ਨਿੱਕੀਆਂ ਬਦੂੰਕਾਂ ਸਨ।

"ਅਸੀਂ ਤੁਹਾਨੂੰ ਕੁਝ ਪੁੱਛਣ ਲਈ ਆਏ ਸਾਂ, ਮਿਸਟਰ ਡੈਪੇਸਟਰ, ਮਿਸ ਹਾਲਕੌਂਬ ਨੇ ਸਕੂਲ ਦੇ ਮਾਸਟਰ ਨੂੰ ਸੰਬੋਧਨ ਕਰਕੇ ਕਿਹਾ, 'ਸਾਨੂੰ ਤੇ ਇਹ ਚਿਤ ਚੇਤਾ ਵੀ ਨਹੀਂ ਸੀ ਕਿ ਤੁਸੀਂ ਭੂਤ-ਪ੍ਰੇਤ ਉਤਾਰਨ ਵਿਚ ਰੁਝੇ ਹੋਵੋਗੇ। ਇਹ ਸਭ ਕੀ ਹੋ ਰਿਹਾ ਹੈ? ਆਖਿਰ ਗੱਲ ਕੀ ਹੋਈ ਹੈ?”

"ਇਹ ਸ਼ਰਾਰਤੀ ਲੜਕਾ ਸਾਰੇ ਸਕੂਲ ਨੂੰ ਇਹ ਕਹਿ ਕਹਿ ਕੇ ਡਰਾ ਰਿਹਾ ਹੈ ਮਿਸ ਹਾਲਕੌਂਬ," ਮਾਸਟਰ ਨੇ ਉੱਤਰ ਦਿੱਤਾ, "ਕਿ ਕੱਲ ਸ਼ਾਮੀਂ ਉਹਨੇ ਭੂਤ ਵੇਖਿਆ ਹੈ, ਇਹ ਅਜੇ ਵੀ ਆਪਣੀ ਬੇਤੁਕੀ ਕਹਾਣੀ ਨੂੰ ਨਹੀਂ ਛਡਦਾ, ਭਾਵੇਂ ਮੈਂ ਇਹਦੇ ਨਾਲ ਇੰਨਾਂ ਸਿਰ ਖਪਾਇਆ ਹੈ।"

"ਬਹੁਤ ਹੀ ਅਜੀਬ ਗੱਲ ਹੈ," ਮਿਸ ਹਾਲਕੌਂਬ ਬੋਲੀ, 'ਮੈਂ ਇਹ ਸੋਚ ਵੀ ਨਹੀਂ ਸਕਦੀ ਕਿ ਕਿਸੇ ਮੁੰਡੇ ਵਿਚ ਏਨੀ ਕਲਪਨਾ ਹੈ ਕਿ ਉਹ ਭੂਤ ਵੇਖ ਸਕੇ। ਲਿਮਰਿਜ ਦੇ ਬੱਚਿਆਂ ਨੂੰ ਪੜ੍ਹਾਉਣ ਦੀ ਮਿਹਨਤ ਦੇ ਨਾਲ ਇਹ ਇਕ ਹੋਰ ਨਵਾਂ ਕੰਮ ਵਧ ਗਿਆ ਹੈ; ਮੈਂ ਸੱਚਮੁਚ ਚਾਹੁੰਦੀ ਹਾਂ ਕਿ ਤੁਸੀਂ ਇਸ ਨੂੰ ਜਲਦੀ ਤੋਂ ਜਲਦੀ ਮੁਕਾ ਲਵੋ।

ਮੈਂ ਹੁਣ ਆਪਣੇ ਇਥੇ ਆਉਣ ਦਾ ਕਾਰਣ ਤੁਹਾਨੂੰ ਦਸਦੀ ਹਾਂ, ਮਿਸਟਰ ਡੈਂਪਸਟਰ ਅਤੇ ਇਹ ਵੀ ਦਸਦੀ ਹਾਂ ਕਿ ਮੈਨੂੰ ਤੁਹਾਡੇ ਨਾਲ ਕੀ ਕੰਮ ਹੈ।"

ਇਹ ਕਹਿਕੇ ਉਹ ਨੇ ਸਕੂਲ ਮਾਸਟਰ ਨੂੰ ਉਹੀ ਪ੍ਰਸ਼ਨ ਪੁੱਛਿਆ ਜੋ ਅਸੀਂ ਪਿੰਡ ਦੇ ਹਰ ਬੰਦੇ ਨੂੰ ਪਹਿਲਾਂ ਪੁੱਛ ਚੁੱਕੇ ਸਾਂ। ਇਥੇ ਵੀ ਉਹੀ ਨਿਰਾਸ਼ਾਜਨਕ ਉੱਤਰ ਮਿਲਿਆ। ਮਿਸਟਰ ਡੈਂਪਸਟਰ ਨੇ ਉਸ ਬੁੱਢੀ ਨੂੰ ਵੇਖਿਆ ਤਕ ਨਹੀਂ ਸੀ ਜਿਸ ਦੀ ਸਾਨੂੰ ਤਲਾਸ਼ ਸੀ।

"ਸਾਨੂੰ ਹੁਣ ਘਰ ਮੁੜਨਾ ਚਾਹੀਦਾ ਹੈ, ਮਿਸਟਰ ਹਾਰਟਰਾਈਟ,' ਮਿਸ ਹਾਲਕੌਂਬ ਨੇ ਮੈਨੂੰ ਕਿਹਾ, "ਕਿਉਂਕਿ ਜੋ ਸੂਹ ਅਸੀਂ ਕਢਣੀ ਚਾਹੁੰਦੇ ਹਾਂ, ਉਹ ਸਾਨੂੰ ਨਹੀਂ ਮਿਲ ਰਹੀ।"

ਉਹਨੇ ਮਿਸਟਰ ਡੈਂਪਸਟਰ ਨੂੰ ਸਿਰ ਝੁਕਾਇਆ ਅਤੇ ਕਮਰੇ ਵਿਚੋਂ ਬਾਹਰ ਨਿਕਲਣ ਹੀ ਲੱਗੀ ਸੀ, ਕਿ ਜੈਕਬ ਪੋਸਟਲੈਥਵੇਟ ਜੋ ਪਸ਼ਚਾਤਾਪ ਦੇ ਸਟੂਲ ਤੇ ਖੜਾ ਸੁਬਕ ਰਿਹਾ ਸੀ, ਅਤੇ ਸੁਰੜ ਸੁਰੜ ਕਰ ਰਿਹਾ ਸੀ, ਨੇ ਉਹ ਦਾ ਧਿਆਨ ਖਿੱਚ ਲਿਆ, ਉਹ ਉਹਦੇ ਕੋਲੋਂ ਲੰਘਦੀ ਲੰਘਦੀ ਖੜੀ ਹੋ ਗਈ ਅਤੇ ਉਸ ਨਿਕੇ ਕੈਦੀ ਨੂੰ ਬੂਹਾ ਖੋਲ੍ਹਣ ਤੋਂ ਪਹਿਲਾਂ ਕਹਿਣ ਲਗੀ :-

"ਤੂੰ ਬੜਾ ਮੂਰਖ ਮੁੰਡਾ ਏ!" ਤੂੰ ਮਿਸਟਰ ਡੈਂਪਸਟਰ ਕੋਲੋਂ ਖਿਮਾ ਕਿਉਂ ਨਹੀਂ ਮੰਗਦਾ ਅਤੇ ਭੂਤ ਬਾਰੇ ਗੱਲਾਂ ਕਰਨੀਆਂ ਬੰਦ ਕਿਉਂ ਨਹੀਂ ਕਰਦਾ?"

"ਹਾਇ! ਪਰ ਮੈਂ ਆਪ ਭੂਤ ਵੇਖਿਆ ਹੈ !" ਜੈਕਬ ਪੋਸਟਲੈਥਵੇਟ ਅਜੇ ਵੀ ਉਹੀ ਰਟ ਲਾ ਰਿਹਾ ਸੀ। ਉਹਦੀਆਂ ਅੱਖਾਂ ਵਿਚ ਭਿਆਨਕ ਡਰ ਸੀ ਅਤੇ ਉਹ ਰੋਣ ਲੱਗ ਪਿਆ।

"ਬਿਲਕੁਲ ਬੇਵਕੂਫ਼ ਹੈ। ਤੂੰ ਕੋਈ ਅਜਿਹੀ ਚੀਜ਼ ਨਹੀਂ ਵੇਖੀ! ਭੂਤ ! ਕਿਹੋ ਜਿਹਾ ਭੂਤ!"

"ਮੈਂ ਤੁਹਾਡੇ ਕੋਲੋਂ ਖਿਮਾਂ ਮੰਗਦਾ ਹਾਂ, ਮਿਸ ਹਾਲਕੌਂਬ," ਬੇਚੈਨ ਸਕੂਲ ਮਾਸਟਰ ਨੇ ਵਿਚੋਂ ਦੀ ਗੱਲ ਟੋਕ ਕੇ ਕਿਹਾ, 'ਪਰ ਮੇਰੇ ਖ਼ਿਆਲ ਵਿਚ ਤੁਸੀਂ ਇਸ ਮੁੰਡੇ ਨੂੰ ਕੁਝ ਨਾ ਹੀ ਪੁੱਛੋ ਤੇ ਚੰਗਾ ਹੋਵੇਗਾ। ਇਸ ਦੀ ਜ਼ਿੱਦ ਕਿ ਇਹਨੇ ਕੁਝ ਵੇਖਿਆ ਹੈ, ਨਿਰੀ ਮੂਰਖਤਾ ਹੈ; ਅਤੇ ਅਨਜਾਣੇ ਹੀ ਕਿਧਰੇ...।"

"ਅਨਜਾਣੇ ਹੀ ਕੀ?" ਮਿਸ ਹਾਲਕੌਂਬ ਤਿਖੇ ਲਹਿਜੇ ਵਿਚ ਬੋਲੀ।

"ਅਨਜਾਣੇ ਹੀ ਕਿਧਰੇ ਤੁਹਾਨੂੰ ਕੋਈ ਧੱਕਾ ਨਾ ਲੱਗੇ," ਮਿਸਟਰ ਡੈਂਪਸਟਰ ਘਬਰਾ ਜਿਹਾ ਗਿਆ ਸੀ।

"ਤੁਸੀਂ ਹੱਦ ਕਰ ਰਹੇ ਹੋ, ਮਿਸਟਰ ਡੈਂਪਸਟਰ, ਕੀ ਤੁਸੀਂ ਮੈਨੂੰ ਇੰਨਾ ਕਮਜ਼ੋਰ ਸਮਝਦੇ ਹੋ ਕਿ ਇਸ ਨਿੱਕੇ ਜਿਹੇ ਮੁੰਡੇ ਦੀਆਂ ਗੱਲਾਂ ਨਾਲ ਮੈਨੂੰ ਕੋਈ ਤਕਲੀਫ਼ ਪਹੁੰਚ ਸਕਦੀ ਹੈ !" ਉਹ ਵਿਅੰਗ ਅਤੇ ਉਪੇਖਿਆ ਦੇ ਲਹਿਜੇ ਵਿਚ ਜੈਕਬ ਵੱਲ ਮੁੜੀ ਅਤੇ ਉਹਨੂੰ ਸਿਧੀ ਤਰ੍ਹਾਂ ਸਵਾਲ ਪੁੱਛਣ ਲੱਗੀ। "ਹਾਂ" ਉਹ ਬੋਲੀ, "ਮੈਂ ਹੁਣ ਸਾਰੀ ਕਹਾਣੀ ਜਾਣਨਾ ਚਾਹੁੰਦੀ ਹਾਂ - ਤੂੰ ਸ਼ਰਾਰਤੀ ਹੈ-! ਤੂੰ ਭੂਤ ਕਦੋਂ ਵੇਖਿਆ ਹੈ-?

"ਮੈਂ ਕੱਲ੍ਹ ਸ਼ਾਮ ਦੇ ਘੁਸਮੁਸੇ ਵਿਚ ਉਹਨੂੰ ਵੇਖਿਆ ਸੀ।" ਜੈਕਬ ਨੇ ਉੱਤਰ ਦਿਤਾ।

"ਹੱਛਾ, ਤੂੰ ਕਲ ਸਾਮੀਂ ਤ੍ਰਿਕਾਲਾਂ ਵੇਲੇ ਉਹਨੂੰ ਵੇਖਿਆ ਹੈ? ਕਿਹੋ ਜਿਹਾ ਸੀ ਉਹ?”

"ਉਹਦੇ ਸਾਰੇ ਕੱਪੜੇ ਚਿੱਟੇ ਸਨ- ਜਿਵੇਂ ਇਕ ਭੂਤ ਦੇ ਹੋਣੇ ਚਾਹੀਦੇ ਹਨ।" ਭੂਤ ਵੇਖਣ ਵਾਲਾ ਅਜਿਹੇ ਵਿਸ਼ਵਾਸ ਨਾਲ ਗੱਲ ਕਰ ਰਿਹਾ ਸੀ, ਜੋ ਉਹਦੀ ਨਿੱਕੀ ਉਮਰ ਲਈ ਬਹੁਤਾ ਸੀ।

"ਅਤੇ ਭੂਤ ਹੈ ਕਿਥੇ ਸੀ?"

"ਦੂਰ ਕਬਰਸਤਾਨ ਵਿਚ ਜਿਥੇ ਭੂਤ ਨੂੰ ਹੋਣਾ ਚਾਹੀਦਾ ਹੈ।"

"ਜਿਵੇਂ ਭੂਤ ਨੂੰ ਹੋਣਾ ਚਾਹੀਦਾ ਹੈ, ਜਿਥੇ ਹੋਣਾ ਚਾਹੀਦਾ ਹੈ। ਤੂੰ ਤੇ ਇੰਜ ਗੱਲਾਂ ਕਰਦਾ ਹੈ, ਜਿਵੇਂ ਤੈਨੂੰ ਬਚਪਨ ਤੋਂ ਹੀ ਭੂਤਾਂ ਦੇ ਰਸਮਾਂ ਰਵਾਜਾਂ ਦੀ ਵਾਕਫ਼ੀ ਹੈ। ਸਾਰੀ

ਕਹਾਣੀ ਤੂੰ ਰਟੀ ਹੋਈ ਹੈ। ਹੁਣ ਤੇ ਮੈਨੂੰ ਵੀ ਇਹ ਆਸ ਹੈ ਕਿ ਤੂੰ ਇਹ ਵੀ ਦਸ ਸਕਦਾ ਹੈ ਕਿ ਉਹ ਭੂਤ ਕਿਸ ਦਾ ਸੀ,"

"ਹਾਂ ਮੈਂ ਸਚਮੁਚ ਦਸ ਸਕਦਾ ਹਾਂ।" ਜੈਕਬ ਨੇ ਉਦਾਸੀ ਭਰੀ ਜਿੱਤ ਦੇ ਲਹਿਜੇ ਵਿਚ ਸਿਰ ਹਿਲਾਉਦਿਆਂ ਕਿਹਾ। ਜਿੰਨੀ ਦੇਰ ਮਿਸ ਹਾਲਕੌਂਬ ਮਿਸਟਰ ਡੈਪਸਟਰ ਦੇ ਸ਼ਗਿਰਦ ਨੂੰ ਇਹ ਸਵਾਲ ਜਵਾਬ ਪੁੱਛਦੀ ਰਹੀ ਸੀ ਇਸ ਦੌਰਾਨ ਮਿਸਟਰ ਡੈਪਸਟਰ ਨੇ ਕਈ ਵਾਰ ਬੋਲਣ ਦੀ ਕੋਸ਼ਿਸ਼ ਕੀਤੀ ਸੀ, ਹੁਣ ਉਹ ਇਸ ਦ੍ਰਿੜਤਾ ਨਾਲ ਬੋਲਿਆ ਸੀ ਕਿ ਉਹਦੀ ਗੱਲ ਅਣਸੁਣੀ ਨਾ ਕੀਤੀ ਜਾਏ।

"ਖਿਮਾਂ ਕਰਨਾ, ਮਿਸ ਹਾਲਕੌਂਬ" ਉਹਨੇ ਕਿਹਾ, "ਜੇ ਮੈਂ ਇਹ ਕਹਿਣ ਦੀ ਦਲੇਰੀ ਕਰਾਂ ਕਿ ਤੁਸੀਂ ਅਜਿਹੇ ਪ੍ਰਸ਼ਨ ਪੁੱਛ ਕੇ ਮੁੰਡੇ ਦਾ ਹੌਂਸਲਾ ਵਧਾ ਰਹੇ ਹੋ।"

"ਮੈਂ ਸਿਰਫ਼ ਇਕ ਸਵਾਲ ਹੋਰ ਪੁਛਾਂਗੀ ਮਿਸਟਰ ਡੈਪਸਟਰ, ਬਸ ਫਿਰ ਮੇਰੀ ਤਸੱਲੀ ਹੋ ਜਾਏਗੀ।" ਉਹਨੇ ਮੁੰਡੇ ਵੱਲ ਮੁੜ ਕੇ ਫਿਰ ਸਵਾਲ ਕੀਤਾ, "ਹਾਂ. ਉਹ ਕਿਸ ਦਾ ਭੂਤ ਸੀ?"

"ਉਹ ਮਿਸਜ਼ ਫ਼ੇਅਰਲੀ ਦਾ ਭੂਤ ਸੀ," ਜੈਕਬ ਨੇ ਬੜੀ ਮੱਧਮ ਆਵਾਜ਼ ਵਿਚ ਉੱਤਰ ਦਿੱਤਾ।

ਉਹਦੇ ਏਨੇ ਅਜੀਬ ਉੱਤਰ ਦਾ ਜੋ ਪ੍ਰਭਾਵ ਮਿਸ ਹਾਲਕੌਂਬ ਉਤੇ ਪਿਆ, ਉਸ ਨਾਲ ਇਹ ਗੱਲ ਸਪਸ਼ਟ ਹੋ ਗਈ ਕਿ ਮਾਸਟਰ ਕਿਉਂ ਚਿੰਤਿਤ ਸੀ ਅਤੇ ਇਹ ਚਾਹੁੰਦਾ ਸੀ ਕਿ ਮਿਸ ਹਾਲਕੌਂਬ ਹੋਰ ਸਵਾਲ ਨਾ ਪੁਛੇ। ਮਿਸ ਹਾਲਕੌਂਬ ਦਾ ਚਿਹਰਾ ਰੋਹ ਨਾਲ ਲਾਲ ਹੋ ਗਿਆ। ਉਹ ਜੈਕਬ ਵੱਲ ਅਚਾਨਕ ਏਨੇ ਗੁੱਸੇ ਨਾਲ ਮੁੜੀ ਕਿ ਉਹ ਡਰ ਗਿਆ ਅਤੇ ਫਿਰ ਰੋਣ ਲੱਗ ਪਿਆ। ਮਿਸ ਹਾਲਕੌਂਬ ਪਹਿਲਾਂ ਮੁੰਡੇ ਨੂੰ ਕੁਝ ਕਹਿਣ ਲੱਗੀ ਪਰ ਉਹਨੇ ਆਪਣੇ ਆਪ ਤੇ ਕਾਬੂ ਪਾ ਕੇ ਮਾਸਟਰ ਨੂੰ ਸੰਬੋਧਨ ਕੀਤਾ।

"ਇਸ ਲੜਕੇ ਦਾ ਕੋਈ ਕਸੂਰ ਨਹੀਂ ਅਤੇ ਜੇ ਇਹ ਕਹਿ ਰਿਹਾ ਹੈ, ਇਸ ਦੀ ਜ਼ਿੰਮੇਵਾਰੀ ਇਸ ਦੇ ਸਿਰ ਤੇ ਨਹੀਂ। ਮੈਨੂੰ ਪੱਕਾ ਯਕੀਨ ਹੈ ਕਿ ਕਿਸੇ ਨੇ ਇਸ ਦੇ ਦਿਮਾਗ ਵਿਚ ਇਕ ਗੱਲ ਪਾਈ ਹੈ। ਮਿਸਟਰ ਡੈਪਸਟਰ, ਜੋ ਇਸ ਪਿੰਡ ਵਿਚ ਕੋਈ ਅਜਿਹਾ ਹੈ, ਜੋ ਮੇਰੀ ਮਾਂ ਨੂੰ ਸਤਿਕਾਰ ਅਤੇ ਇਹਸਾਨ ਨਾਲ ਯਾਦ ਨਹੀਂ ਕਰਦਾ, ਤਾਂ ਮੈਂ ਉਹਦਾ ਖੁਰਾ ਖੋਜ ਕੱਢ ਲਵਾਂਗੀ; ਅਤੇ ਜੋ ਮਿਸਟਰ ਫ਼ੇਅਰਲੀ ਤੇ ਮੇਰਾ ਜ਼ੋਰ ਅਤੇ ਪ੍ਰਭਾਵ ਹੈ ਤਾਂ ਉਹਨੂੰ ਆਪਣੇ ਕੀਤੇ ਦੀ ਸਜ਼ਾ ਜਰੂਰ ਭੁਗਤਣੀ ਪਵੇਗੀ "

"ਮੈਨੂੰ ਵਿਸ਼ਵਾਸ਼ ਹੈ, ਮਿਸ ਹਾਲਕੌਂਬ, ਕਿ ਤੁਹਨੂੰ ਗਲਤ ਫਹਿਮੀ ਹੋਈ ਹੈ!" ਸਕੂਲ ਮਾਸਟਰ ਨੇ ਕਿਹਾ, "ਇਹ ਗੱਲ ਇਸ ਮੁੰਡੇ ਦੀ ਮੂਰਖਤਾ ਅਤੇ ਜਿਦ ਨਾਲ ਹੀ ਸ਼ੁਰੂ ਹੋਈ ਹੈ। ਕਲ ਸਾਮੀਂ ਜਦੋਂ ਇਹ ਗਿਰਜੇ ਦੇ ਕਬਰਸਤਾਨ ਵਿਚੋਂ ਲੰਘਿਆ, ਤਾਂ ਇਹਨੇ ਵੇਖਿਆ, ਜਾਂ ਇਹਨੇ ਸੋਚਿਆ ਕਿ ਇਹਨੇ ਕਈ ਚਿੱਟੇ ਲਿਬਾਸ ਵਾਲੀ ਔਰਤ ਵੇਖੀ ਹੈ, ਉਹ ਸੰਗਮਰਮਰ ਦੇ ਉਸ ਕਰਾਸ ਕੋਲ ਖੜੀ ਸੀ, ਜੋ ਕਿ ਮਿਸਜ਼ ਫ਼ੇਅਰਲੀ ਦੀ ਕਬਰ ਉਤੇ ਬਣਿਆ ਹੋਇਆ ਹੈ, ਅਤੇ ਜਿਸ ਨੂੰ ਲਿਮਰਿਜ ਦਾ ਹਰ ਇਕ ਬੰਦਾ ਜਾਣਦਾ ਹੈ। ਇਨ੍ਹਾਂ ਦੋਹਾਂ ਚੀਜ਼ਾਂ ਦਾ ਰਲਵਾਂ ਮਿਲਵਾਂ ਪ੍ਰਭਾਵ ਹੈ, ਕਿ ਇਸ ਮੁੰਡੇ ਦੇ ਦਿਮਾਗ ਵਿਚ ਇਹ ਗੱਲ ਆਈ, ਜੋ ਉਹਨੇ ਤੁਹਾਨੂੰ ਹੁਣੇ ਦੱਸੀ ਹੈ; ਅਤੇ ਜਿਸ ਨੇ ਤੁਹਾਨੂੰ ਦੁੱਖ ਪਹੁੰਚਾਇਆ ਹੈ।"

ਭਾਵੇਂ ਜਾਪਦਾ ਸੀ, ਕਿ ਮਿਸ ਹਾਲਕੌਂਬ ਨੂੰ ਪੂਰਾ ਯਕੀਨ ਨਹੀਂ ਸੀ ਆਇਆ, ਪਰ ਤਾਂ ਵੀ ਉਹਨੇ ਮਹਿਸੂਸ ਕੀਤਾ ਕਿ ਮਾਸਟਰ ਜੋ ਕਹਿ ਰਿਹਾ ਹੈ, ਉਹ ਗੱਲ ਸ਼ਾਇਦ ਠੀਕ ਹੀ ਹੈ ਅਤੇ ਇਸ ਨੂੰ ਖੁੱਲਮਖੁੱਲਾ ਗਲਤ ਕਹਿਣਾ ਉਚਿਤ ਨਹੀਂ। ਉਹਨੇ ਮਾਸਟਰ ਦਾ ਧੰਨਵਾਦ ਕੀਤਾ, ਅਤੇ ਇਹ ਕਿਹਾ ਕਿ ਜਦੋਂ ਉਹਦੀ ਤਸੱਲੀ ਹੋ ਚੁੱਕੀ ਹੋਵੇਗੀ, ਉਹ ਮੁੜ ਉਹਨੂੰ ਮਿਲਣ ਜ਼ਰੂਰ ਆਵੇਗੀ। ਏਨਾ ਕਹਿਕੇ ਉਹਨੇ ਸਿਰ ਝੁਕਾਇਆ ਅਤੇ ਕਮਰੇ ਵਿਚੋਂ ਬਾਹਰ ਨਿਕਲ ਆਈ।

ਇਸ ਵਿਚਿੱਤਰ ਗੱਲਬਾਤ ਦੇ ਦੌਰਾਨ ਮੈਂ ਵੱਖਰਾ ਹੀ ਖੜਾ ਸਾਂ, ਅਤੇ ਆਪਣੇ ਮਨ ਵਿਚ ਵਖਰੇ ਸਿਟੇ ਕੱਢ ਰਿਹਾ ਸਾਂ। ਬਾਹਰ ਆ ਕੇ ਜਦੋਂ ਅਸੀਂ ਦੋਵੇਂ ਹੀ ਰਹਿ ਗਏ ਤਾਂ ਮਿਸ ਹਾਲਕੌਂਬ ਨੇ ਮੈਨੂੰ ਪੁੱਛਿਆ ਕਿ ਜੋ ਮੈਂ ਸੁਣਿਆ ਸੀ, ਉਸ ਬਾਰੇ ਮੇਰੀ ਕੀ ਰਾਏ ਸੀ?.

"ਮੇਰੀ ਰਾਏ ਤੇ ਬੜੀ ਨਿੱਗਰ ਹੈ," ਮੈਂ ਉਤਰ ਦਿੰਦਿਆਂ ਕਿਹਾ, "ਮੇਰਾ ਖ਼ਿਆਲ ਹੈ ਕਿ ਮੁੰਡੇ ਦੀ ਕਹਾਣੀ ਵਿਚ ਸਚਾਈ ਹੈ। ਮੈਂ ਮੰਨਦਾ ਹਾਂ ਕਿ ਮੈਂ ਮਿਸਜ਼ ਫ਼ੇਅਰਲੀ ਦੀ ਕਬਰ ਉਤੇ ਉਹ ਕਰਾਸ ਵੇਖਣ ਲਈ ਕਾਹਲਾ ਹਾਂ ਅਤੇ ਉਹਦੇ ਆਲੇ ਦੁਆਲੇ ਦੀ ਧਰਤੀ ਦਾ ਵੀ ਨਿਰੀਖਣ ਕਰਨਾ ਚਾਹੁੰਦਾ ਹਾਂ।'

"ਤੁਸੀਂ ਉਹ ਕਬਰ ਜ਼ਰੂਰ ਵੇਖੋਗੇ।"

ਇਹ ਕਹਿ ਕੇ ਉਹ ਚੁੱਪ ਕਰ ਗਈ ਉਹ ਸੋਚਾਂ ਵਿਚ ਸੀ, ਤੁਰਦਿਆਂ ਤੁਰਦਿਆਂ ਫਿਰ ਬੋਲੀ, "ਜੋ ਸਕੂਲ ਵਿਚ ਹੋਇਆ ਹੈ, ਉਸ ਨਾਲ ਮੇਰਾ ਧਿਆਨ ਚਿੱਠੀ ਵਲੋਂ ਹਟ ਗਿਆ

ਹੈ, ਅਤੇ ਹੁਣ ਮੁੜ ਉਸ ਚਿੱਠੀ ਬਾਰੇ ਸੋਚਣ ਨਾਲ ਪ੍ਰੇਸ਼ਾਨੀ ਮਹਿਸੂਸ ਹੁੰਦੀ ਹੈ। ਕੀ ਸਾਨੂੰ ਹੋਰ ਪੁੱਛ ਗਿੱਛ ਕਰਨੀ ਬੰਦ ਕਰਕੇ, ਕਲ ਤਕ ਉਡੀਕ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਗੱਲ ਮਿਸਟਰ ਗਿਲਮੌਰ ਦੀ ਸਿਆਣੀ ਸਲਾਹ ਤੇ ਛੱਡ ਦੇਈਏ?"

"ਬਿਲਕੁਲ ਨਹੀਂ, ਮਿਸ ਹਾਲਕੌਂਬ। ਜੋ ਕੁਝ ਸਕੂਲ ਵਿਚ ਹੋਇਆ ਹੈ, ਉਸ ਨੇ ਮੇਰਾ ਇਸ ਮਾਮਲੇ ਦੀ ਪੂਰੀ ਖੋਜ ਕਰਨ ਲਈ ਹੋਰ ਹੌਂਸਲਾ ਵਧਾ ਦਿੱਤਾ ਹੈ।"

"ਇਸ ਨਾਲ ਤੁਹਾਡਾ ਉਤਸ਼ਾਹ ਕਿਵੇਂ ਵਧਿਆ ਹੈ?

"ਕਿਉਂ ਕਿ ਮੇਰਾ ਉਹ ਸ਼ੱਕ ਪੱਕਾ ਹੋ ਰਿਹਾ ਹੈ, ਜੋ ਮੈਨੂੰ ਚਿੱਠੀ ਪੜ੍ਹ ਕੇ ਫੁਰਿਆ ਸੀ।"

"ਮੇਰਾ ਖ਼ਿਆਲ ਹੈ, ਕਿ ਤੁਸੀਂ ਇਹ ਸ਼ੱਕ ਜੋ ਮੇਰੇ ਕੋਲੋਂ ਹੁਣ ਤੀਕ ਛੁਪਾਈ ਰੱਖਿਆ ਹੈ, ਇਸ ਦਾ ਕੋਈ ਕਾਰਣ ਅਵੱਸ਼ ਹੋਵੇਗਾ?"

"ਮੈਂ ਆਪਣੇ ਦਿਲ ਵਿਚ ਵੀ ਇਸਨੂੰ ਪੱਲਰਣ ਨਹੀਂ ਸਾਂ ਦੇਣਾ ਚਾਹੁੰਦਾ। ਮੈਂ ਸਮਝਿਆ ਸੀ, ਇਹ ਐਵੇਂ ਊਲ-ਜਲੂਲ ਜਿਹਾ ਸ਼ੱਕ ਹੈ, ਅਤੇ ਮੇਰੀ ਕਲਪਨਾ ਦਾ ਫੋਕਾਂ ਵਹਿਮ ਹੈ। ਮੈਂ ਇਸ ਤੇ ਯਕੀਨ ਨਹੀਂ ਸਾਂ ਕਰਨਾ ਚਾਹੁੰਦਾ; ਪਰ ਹੁਣ ਮੈਂ ਦੇਖਦਾ ਹਾਂ ਕਿ ਇਹ ਐਵੇਂ ਬੇਥਵ੍ਹਾ ਸ਼ੱਕ ਨਹੀਂ। ਸਿਰਫ ਮੁੰਡੇ ਦੀਆਂ ਉਹ ਗੱਲਾਂ ਹੀ ਨਹੀਂ ਜੋ ਉਹ ਤੁਹਾਡੇ ਪ੍ਰਸ਼ਨਾ ਦੇ ਉੱਤਰ ਵਿਚ ਦਸਦਾ ਰਿਹਾ ਹੈ, ਸਗੋਂ ਉਹਦੇ ਮੂੰਹੋਂ ਅਚਾਨਕ ਹੀ ਨਿਕਲੀ ਇਕ ਗੱਲ ਨੇ ਮੇਰੇ ਦਿਮਾਗ ਵਿਚ ਮੇਰੇ ਸ਼ੱਕ ਨੂੰ ਇਕ ਨਵਾਂ ਬਲ ਦੇ ਦਿੱਤਾ ਹੈ। ਹੋ ਸਕਦਾ ਹੈ ਕਿ ਅਗੋਂ ਅਜਿਹੀਆਂ ਘਟਨਾਵਾਂ ਹੋਣ ਜਿਸ ਨਾਲ ਇਹ ਨਿਰਾ ਵਹਿਮ ਹੀ ਸਾਬਤ ਹੋਵੇ, ਪਰ ਮਿਸ ਹਾਲਕੌਂਬ, ਹਾਲ ਦੀ ਘੜੀ, ਮੈਨੂੰ ਇਹ ਵਿਸ਼ਵਾਸ ਹੋ ਰਿਹਾ ਹੈ ਕਿ ਕਬਰਸਤਾਨ ਵਿਚ ਵੇਖਿਆ ਗਿਆ ਭੂਤ ਅਤੇ ਗੁਮਨਾਮ ਚਿੱਠੀ ਲਿਖਣ ਵਾਲਾ ਇਕ ਹੀ ਬੰਦਾ ਹੈ।"

ਉਹ ਉਥੇ ਤੁਰਦੀ ਤੁਰਦੀ ਖੜੋ ਗਈ, ਉਹਦਾ ਰੰਗ ਪੀਲਾ ਪੈ ਗਿਆ, ਅਤੇ ਉਹਨ ਮੇਰੇ ਚਿਹਰੇ ਵੱਲ ਤੀਬਰਤਾ ਭਰੀ ਤੱਕਣੀ ਸੁੱਟੀ।

"ਕੌਣ ਹੈ ਉਹ ਬੰਦਾ?'

"ਸਕੂਲ ਮਾਸਟਰ ਨੇ ਅਨਜਾਨਿਆਂ ਹੀ ਤੁਹਾਨੂੰ ਦੱਸ ਦਿੱਤਾ ਹੈ। ਜਦੋਂ ਉਹਨੇ ਇਹ ਗੱਲ ਕਹੀ ਹੈ ਕਿ ਮੁੰਡੇ ਨੇ ਕਬਰਸਤਾਨ ਵਿਚ ਜਿਸ ਆਕਾਰ ਨੂੰ ਵੇਖਿਆ ਸੀ, ਉਹ ਚਿੱਟੇ ਲਿਬਾਸ ਵਿਚ ਸੀ।"

"ਏਨ ਕੈਥੇਰਿਕ ਤਾਂ ਨਹੀਂ?

"ਹਾਂ, ਏਨ ਕੈਥੇਰਿਕ ਹੀ।"

ਉਹਨੇ ਆਪਣਾ ਹੱਥ ਮੇਰੀ ਬਾਂਹ ਵਿਚੋਂ ਦੀ ਵਲਾ ਕੇ ਮੇਰੇ ਤੇ ਆਪਣਾ ਸਾਰਾ ਭਾਰ ਪਾ ਲਿਆ।

"ਮੈਂ ਨਹੀਂ ਜਾਣਦੀ ਕਿ ਕਿਉਂ," ਉਹ ਬੜੀ ਮਧੱਮ ਆਵਾਜ਼ ਵਿਚ ਬੋਲੀ, 'ਪਰ ਤੁਹਾਡੇ ਇਸ ਸ਼ੱਕ ਵਿਚ ਕੁਝ ਹੈ, ਜੋ ਮੇਰੇ ਅੰਦਰ ਘਬਰਾਹਟ ਪੈਦਾ ਕਰ ਰਿਹਾ ਹੈ; ਮੈਨੂੰ ਜਾਪਦਾ ਹੈ..." ਉਹ ਰੁਕ ਗਈ ਅਤੇ ਉਹਨੇ ਹੱਸ ਕੇ ਗੱਲ ਗਵਾਣੀ ਚਾਹੀ। 'ਮਿਸਟਰ ਹਾਰਟਰਾਈਟ, ਮੈਂ ਤੁਹਾਨੂੰ ਕਬਰ ਵਿਖਾ ਕੇ ਆਪ ਸਿਧੀ ਘਰ ਜਾਂ ਰਹੀ ਹਾਂ, ਮੈਨੂੰ ਲਾਰਾ ਨੂੰ ਬਹੁਤੀ ਦੇਰ ਇਕਲਿਆਂ ਨਹੀਂ ਛੱਡਣਾ ਚਾਹੀਦਾ। ਮੈਨੂੰ ਘਰ ਜਾ ਕੇ ਉਹਦੇ ਕੋਲ ਬੈਠਣਾ ਚਾਹੀਦਾ ਹੈ।”

ਅਸੀਂ ਹੁਣ ਗਿਰਜੇ ਦੇ ਕਬਰਸਤਾਨ ਦੇ ਨੇੜੇ ਪੁੱਜ ਗਏ ਸਾਂ। ਗਿਰਜਾ, ਇਕ ਭੂਰੇ ਰੰਗ ਦੇ ਪੱਥਰ ਦੀ ਬਣੀ ਹੋਈ ਵੀਰਾਨ ਇਮਾਰਤ ਸੀ, ਇਹ ਇਕ ਛੋਟੀ ਸਿਰੀ ਘਾਟੀ ਵਿਚ ਬਣੀ ਹੋਈ ਸੀ, ਤਾਂ ਜੋ ਉਸ ਬੰਜਰ ਇਲਾਕੇ ਵਿਚ ਜੋ ਹਵਾਵਾਂ ਹਰ ਸਮੇਂ ਚਲਦੀਆਂ ਸਨ, ਉਨ੍ਹਾਂ ਤੋਂ ਉਸ ਦਾ ਥੋੜਾ ਬਹੁਤਾ ਬਚਾਅ ਹੋ ਜਾਏ। ਗਿਰਜੇ ਦੇ ਇਕ ਪਾਸਿਉਂ ਪਹਾੜੀ ਦੇ ਉਪਰ ਵੱਲ ਜਾਂਦਿਆ ਕਬਰਸਤਾਨ ਸੀ, ਜਿਸ ਦੇ ਆਲੇ ਦੁਆਲੇ ਇਕ ਛੋਟੀ ਅਤੇ ਖੁਰਦਰੀ ਜਿਹੀ ਪੱਥਰ ਦੀ ਦੀਵਾਰ ਸੀ ਸਾਰੇ ਕਬਰਸਤਾਨ ਉਪਰ ਖੁਲ੍ਹਾ ਅਸਮਾਨ ਸੀ। ਬਸ ਇਕ ਸਿਰੇ ਤੇ ਇਕ ਛੋਟਾ ਜਿਹਾ ਨਾਲਾ 'ਪਥਰੀਲੀ ਪਹਾੜੀ ਤੋਂ ਥਲੇ ਵੱਲ ਵਹਿੰਦਾ ਜਾ ਰਿਹਾ ਸੀ ਅਤੇ ਮਧਰੇ ਮਧਰੇ ਦਰਖਤਾਂ ਦਾ ਇਕ ਝੁੰਡ ਸੀ, ਜਿਨ੍ਹਾਂ ਦੇ ਛੋਟੇ ਛੋਟੇ ਪ੍ਰਛਾਵੇਂ ਹੇਠਾਂ ਨਿੱਕੇ ਨਿੱਕੇ ਘਾਹ ਤੇ ਪੈ ਰਹੇ ਸਨ। ਕੰਧ ਦੇ ਵਿਚ ਵੱਖਰੀ ਵੱਖਰੀ ਥਾਂ ਤੇ ਤਿੰਨ ਭੋਣੀਆਂ ਸਨ, ਜਿਨ੍ਹਾਂ ਰਾਹੀਂ ਕਬਰਸਤਾਨ ਵਿਚ ਦਾਖਲ ਹੋਇਆ ਜਾ ਸਕਦਾ ਸੀ; ਇਨ੍ਹਾਂ ਵਿਚੋਂ ਇਕ ਭੋਣੀ ਤੋਂ ਥੋੜੀ ਦੂਰ, ਅਤੇ ਵਹਿੰਦੇ ਨਾਲੇ ਅਤੇ ਦਰਖਤਾਂ ਤੋਂ ਰਤਾਂ ਕੁ ਹੀ ਪਰੇ ਕਰਕੇ, ਚਿੱਟੇ ਸੰਗਮਰਮਰ ਦਾ ਉਹ ਕਰਾਸ ਦਿਸ ਰਿਹਾ ਸੀ, ਜੋ ਮਿਸਜ਼ ਫ਼ੇਅਰਲੀ ਦੀ ਕਬਰ ਨੂੰ ਆਲੇ ਦੁਆਲੇ ਹੋਰ ਗਰੀਬਾਂ ਦੀਆਂ ਕਬਰਾਂ ਤੋਂ ਵੱਖਰਾ ਕਰ ਰਿਹਾ ਸੀ।

"ਮੈਨੂੰ ਹੁਣ ਤੁਹਾਡੇ ਨਾਲ ਹੋਰ ਅੱਗੇ ਜਾਣ ਦੀ ਕੋਈ ਲੋੜ ਨਹੀ," ਮਿਸ ਹਾਲਕੌਂਬ ਨੇ ਕਬਰ ਨੂੰ ਇਸ਼ਾਰੇ ਨਾਲ ਦਸਦਿਆ ਹੋਇਆਂ ਕਿਹਾ, "ਜੇ ਤੁਹਾਨੂੰ ਕੋਈ ਅਜਿਹੀ ਚੀਜ਼ ਦਿਸੇ, ਜਿਸ ਨਾਲ ਤੁਹਾਡਾ ਇਹ ਸ਼ੱਕ ਪੱਕਾ ਹੁੰਦਾ ਜਾਪੇ, ਜੋ ਤੁਸੀਂ ਮੈਨੂੰ ਹੁਣੇ ਦੱਸਿਆ ਹੈ, ਤਾਂ ਮੈਨੂੰ ਜ਼ਰੂਰ ਖਬਰ ਦੇਣੀ, ਹੁਣ ਅਸੀਂ ਘਰ ਹੀ ਮਿਲਾਂਗੇ।"

ਉਹ ਮੈਨੂੰ ਉਥੇ ਛੱਡ ਕੇ ਚਲੀ ਗਈ। ਮੈਂ ਇਕ ਦਮ ਹੇਠਾਂ ਲਹਿ ਗਿਆ, ਅਤੇ ਉਸ ਭੌਣੀ ਰਾਹੀਂ ਜੋ ਮਿਸਜ਼ ਫ਼ੇਅਰਲੀ ਦੀ ਕਬਰ ਕੋਲ ਹੀ ਸੀ, ਕਬਰਸਤਾਨ ਅੰਦਰ ਦਾਖਲ ਹੋਇਆ।

ਕਬਰ ਦੇ ਆਲੇ ਦੁਆਲੇ ਘਾਹ ਬਹੁਤ ਨਿੱਕਾ ਨਿੱਕਾ ਸੀ ਅਤੇ ਜ਼ਮੀਨ ਬੜੀ ਸਖਤ ਸੀ। ਇਸ ਲਈ ਪੈਰਾਂ ਦੇ ਨਿਸ਼ਾਨ ਦਿਸਣੇ ਮੁਸ਼ਕਲ ਸਨ। ਇਸ ਪਾਸਿਉਂ ਨਿਰਾਸ਼ ਹੋ ਕੇ, ਮੈਂ ਨੀਤ ਨਾਲ ਕਰਾਸ ਨੂੰ ਅਤੇ ਉਸ ਹੇਠਾਂ ਲਗੀ ਸੰਗਮਰਮਰ ਦੀ ਸਿੱਲ ਨੂੰ ਤਕਿਆ ਜਿਸ ਉਤੇ ਸ਼ਿਲਾਲੇਖ ਉਕਰਿਆ ਹੋਇਆ ਸੀ।

ਕਰਾਸ ਦੀ ਕੁਦਰਤੀ ਚਿਟਿਆਈ ਮੌਸਮ ਦੇ ਪ੍ਰਭਾਵ ਨਾਲ ਥੋੜੀ ਥੋੜੀ ਮੈਲੀ ਹੋਈ ਸੀ। ਅਤੇ ਇਸ ਦੀ ਹੇਠਲੀ ਸਿੱਲ ਦਾ ਅਧੇ ਤੋਂ ਵਧ ਉਹ ਪਾਸਾ; ਜਿਸ ਉੱਤੇ ਲਿਖਿਆ ਹੋਇਆ ਸੀ, ਵੀ ਇਸੇ ਹੀ ਦਸ਼ਾ ਵਿਚ ਸੀ। ਦੂਜੇ ਪਾਸੇ ਉੱਤੇ ਇਕ ਵੀ ਦਾਸ਼ ਜਾਂ ਧੱਬਾ ਨਹੀਂ ਸੀ, ਇਸ ਲਈ ਮੇਰਾ ਧਿਆਨ ਉਧਰ ਗਿਆ। ਨੇੜੇ ਹੋ ਕੇ ਗਹੁ ਨਾਲ ਵੇਖਣ ਤੇ ਪਤਾ ਲੱਗਾ ਕਿ ਉਹ ਹਿੱਸਾ ਹੁਣੇ ਹੀ ਕਿਸੇ ਨੇ ਉਪਰੋਂ ਦੀ ਹੇਠਾਂ ਵਾਲੇ ਪਾਸੇ ਸਾਫ਼ ਕੀਤਾ ਹੈ। ਸਾਫ਼ ਕੀਤੇ ਹੋਏ ਅਤੇ ਦੂਜੇ ਹਿੱਸੇ ਵਿਚਕਾਰਲੀ ਲਾਈਨ ਉਥੇ ਸਪੱਸ਼ਟ ਦਿਸ ਰਹੀ ਸੀ, ਜਿਥੇ ਉਕਰੇ ਹੋਏ ਅਖਰਾਂ ਦੇ ਸੰਗਮਰਮਰ ਉਤੇ ਖਾਲੀ ਥਾਂ ਛੱਡੀ ਹੋਈ ਸੀ। ਇਹ ਲਾਈਨ ਉਪਰੋਂ ਖਿਚੀ ਹੋਈ ਜਾਪਦੀ ਸੀ-ਕਿਸ ਨੇ ਸੰਗਮਰਮਰ ਦੀ ਸਫਾਈ ਸ਼ੁਰੂ ਕੀਤੀ ਸੀ, ਅਤੇ ਕੌਣ ਇਸ ਕੰਮ ਨੂੰ ਅੱਧ ਵਿਚਾਲੇ ਹੀ ਛੱਡ ਕੇ ਚਲਾ ਗਿਆ ਹੈ?

ਮੈਂ ਇਸ ਸੱਚ ਵਿਚ ਕਿ ਇਸ ਪ੍ਰਸ਼ਨ ਦਾ ਉੱਤਰ ਕਿਸ ਕੋਲੋਂ ਲਭੇਗਾ, ਆਪਣੇ ਚਾਰੇ ਪਾਸੇ ਨਜ਼ਰ ਦੌੜਾਈ। ਜਿਸ ਥਾਂ ਤੇ ਮੈਂ ਖੜਾ ਸਾਂ, ਉਥੋਂ ਕਿਸੇ ਆਬਾਦੀ ਦੇ ਚਿੰਨ, ਨਜ਼ਰ ਨਹੀਂ ਸਨ ਆ ਰਹੇ; ਇਕਾਂਤ ਕਬਰਸਤਾਨ ਵਿਚ ਮੋਇਆਂ ਦਾ ਹੀ ਰਾਜ ਸੀ। ਮੈਂ ਗਿਰਜੇ ਵੱਲ ਵਾਪਸ ਆ ਗਿਆ; ਅਤੇ ਇਸ ਦਾ ਚੱਕਰ ਕਟਕੇ ਪਿਛਵਾੜੇ ਪਹੁੰਚਿਆ; ਇਸ ਵਾਰ ਦੂਜੀ

ਭੌਣੀ ਵਿਚੋਂ ਦੀ ਮੈਂ ਕੰਧ ਪਾਰ ਕੀਤੀ ਅਤੇ ਮੈਂ ਵੇਖਿਆ ਕਿ ਮੈਂ ਉਸ ਪਗਡੰਡੀ ਤੇ ਹਾਂ, ਜੋ ਹੇਠਾਂ ਪੱਥਰ ਦੀ ਵੀਰਾਨ ਖਾਣ ਵੱਲ ਨੂੰ ਜਾਂਦੀ ਪਈ ਸੀ। ਖਾਣ ਦੇ ਇਕ ਪਾਸੇ ਕਰਕੇ ਦੋ ਕਮਰਿਆਂ ਦੀ ਇਕ ਛੋਟੀ ਜਿਹੀ ਕਾਟੇਜ ਸੀ, ਇਸ ਦੇ ਬਾਹਰ ਇਕ ਬੁੱਢੀ ਕੱਪੜੇ ਧੋ ਰਹੀ ਸੀ।

ਮੈਂ ਉਹਦੇ ਕੋਲ ਪਹੁੰਚਾ ਗਿਰਜੇ ਅਤੇ ਕਬਰਸਤਾਨ ਦੀ ਗੱਲ ਛੇੜ ਦਿਤੀ। ਉਹ ਤੇ ਗੱਲਾਂ ਕਰਨ ਨੂੰ ਜਿਵੇਂ ਤਿਆਰ ਹੀ ਬੈਠੀ ਸੀ; ਅਤੇ ਸ਼ੁਰੂ ਵਿਚ ਹੀ ਉਹਨੇ ਮੈਨੂੰ ਦਸ ਦਿਤਾ ਕਿ ਉਹਦਾ ਪਤੀ ਗਿਰਜੇ ਵਿਚ ਕਲਰਕ ਵੀ ਹੈ ਅਤੇ ਕਬਰਪੁੱਟ ਵੀ। ਇਸਤੋਂ ਮਗਰੋਂ ਮੈਂ ਮਿਸਜ਼ ਫ਼ੇਅਰਲੀ ਦੀ ਕਬਰ ਦੀ ਤਾਰੀਫ ਕੀਤੀ। ਬੁੱਢੀ ਨੇ ਆਪਣਾ ਸਿਰ ਹਿਲਾਇਆ ਅਤੇ ਕਿਹਾ ਕਿ ਜੇ ਮੈਂ ਇਸ ਕਬਰ ਨੂੰ ਕਦੀ ਸਾਫ਼ ਸੁਥਰੀ ਹਾਲਤ ਵਿਚ ਵੇਖਦਾ ਤਾਂ ਇਸ ਦੀ ਸੁੰਦਰਤਾ ਦੀ ਤਾਰੀਫ ਕਰਦਾ। ਉਹਦਾ ਪਤੀ, ਜਿਸ ਦਾ ਕੰਮ ਉਹਦੀ ਦੇਖ ਭਾਲ ਕਰਨਾ ਸੀ, ਕਈ ਹਫ਼ਤਿਆਂ ਅਤੇ ਮਹੀਨਿਆਂ ਤੋਂ ਬੀਮਾਰ ਪਿਆ ਹੋਇਆ ਸੀ, ਅਤੇ ਉਹਦੇ ਲਈ ਐਤਵਾਰ ਵੀ ਗਿਰਜੇ ਵਿਚ ਜਾ ਕੇ ਆਪਣਾ ਕੰਮ ਕਰਨਾ ਔਖਾ ਹੋ ਗਿਆ ਸੀ। ਉਹ ਇਸੇ ਕਰਕੇ ਸਮਾਧੀ ਦੀ ਦੇਖ ਭਾਲ ਵਿਚ ਵੀ ਲਾਪ੍ਰਵਾਹੀ ਹੋ ਗਈ ਸੀ। ਪਰ ਹੁਣ ਉਹਦਾ ਪਤੀ ਠੀਕ ਹੋ ਰਿਹਾ ਸੀ ਅਤੇ ਆਸ ਸੀ ਕਿ ਅਠਾਂ ਦਸਾਂ ਦਿਨਾਂ ਤੀਕ ਉਹ ਏਨਾ ਤਕੜਾ ਹੋ ਜਾਏਗਾ ਕਿ ਸਮਾਧੀ ਦੀ ਸਫ਼ਾਈ ਕਰ ਸਕੇ।

ਇਹ ਸਾਰੀ ਖ਼ਬਰ ਮੈਨੂੰ ਉਸ ਬੁੱਢੀ ਨਾਲ ਬੜੀ ਦਰ ਦੀਆਂ ਇਧਰ ਉਧਰ ਦੀਆਂ ਗੱਲਾਂ ਕਰਕੇ ਮਿਲੀ; ਉਹ ਕੰਬਰਲੈਂਡ ਦੀ ਉਪ-ਭਾਸ਼ਾ ਵਿਚ ਬੜੀ ਦੇਰ ਬੇਥਵ੍ਹੀਆਂ ਮਾਰਦੀ ਰਹੀ। ਮੈਂ ਉਹਨੂੰ ਥੋੜੇ ਪੈਸੇ ਦਿੱਤੇ ਅਤੇ ਵਾਪਸ ਲਿਮਰਿਜ ਹਾਊਸ ਪਰਤ ਆਇਆ।

ਘਰ ਪਹੁੰਚ ਕੇ ਮੈਂ ਮਿਸ ਹਾਲਕੌਂਬ ਨੂੰ ਦੱਸਿਆ ਕਿ ਮੈਂ ਅਗੋਂ ਕੀ ਕਰਨਾ ਚਾਹੁੰਦਾ ਸਾਂ। ਉਹਨੇ ਬੜੀ ਬੇਚੈਨੀ ਅਤੇ ਹੈਰਾਨੀ ਨਾਲ ਮੇਰੀ ਗੱਲ ਸੁਣੀ; ਪਰ ਉਹਨੇ ਇਸ ਕੰਮ ਦੇ ਕਰਨ ਵਿਰੁੱਧ ਕੋਈ ਉਜ਼ਰ ਨਾ ਕੀਤੀ। ਉਹਨੇ ਸਿਰਫ ਇਹੀ ਕਿਹਾ, "ਮੈਨੂੰ ਉਮੀਦ ਹੈ, ਕਿ ਇਸਦਾ ਅੰਤ ਚੰਗਾ ਹੀ ਹੋਵੇਗਾ।" ਜਦੋਂ ਉਹ ਜਾਣ ਲੱਗੀ ਤਾਂ ਮੈਂ ਉਹਨੂੰ ਰੋਕ ਕੇ, ਜਿੰਨੀ ਸ਼ਾਂਤੀ ਨਾਲ ਪੁੱਛ ਸਕਦਾ ਸਾਂ, ਮਿਸ ਫ਼ੇਅਰਲੀ ਦੀ ਸਿਹਤ ਬਾਰੇ ਪੁਛਿਆ। ਉਹ ਹੁਣੇ ਅੱਗੇ ਨਾਲੋਂ ਠੀਕ ਸੀ; ਅਤੇ ਮਿਸ ਹਾਲਕੌਂਬ ਨੂੰ ਆਸ ਸੀ ਕਿ ਉਹ ਉਹਨੂੰ ਉੱਨੀ ਦੇਰ ਸੈਰ ਕਰਨ ਲਈ ਮਨਾ ਲਏਗੀ, ਜਿੰਨੀ ਦੇਰ ਤਿਪਹਿਰਾਂ ਦੀ ਧੁੱਪ ਬਾਕੀ ਸੀ।

ਮੈਂ ਆਪਣੇ ਕਮਰੇ ਵਿਚ ਪਰਤਿਆ ਤਾ ਜੋ ਤਸਵੀਰਾਂ ਨੂੰ ਠੀਕ ਕਰਨ ਦਾ ਕੰਮ ਮੁੜ ਸ਼ੁਰੂ ਕੀਤਾ ਜਾਏ। ਇਹ ਕੰਮ ਭਾਵੇਂ ਜ਼ਰੂਰੀ ਸੀ; ਪਰ ਹੁਣ ਇਸ ਲਈ ਇਹ ਬਹੁਤਾ ਜ਼ਰੂਰੀ ਹੋ ਗਿਆ ਸੀ, ਕਿਉਂਕਿ ਹੁਣ ਕੋਈ ਅਜਿਹਾ ਰੁਝੇਵਾਂ ਮੇਰੇ ਦਿਮਾਗ ਨੂੰ ਚਾਹੀਦਾ ਸੀ, ਜਿਸ ਨਾਲ ਮੇਰਾ ਧਿਆਨ ਆਪਣੇ ਵੱਲ ਤੇ ਆਪਣੇ ਨਿਰਾਸ਼ ਭੱਵਿਖ ਵਲੋਂ ਹਟ ਕੇ ਕਿਧਰੇ ਹੋਰ ਲੱਗ ਸਕੇ। ਵਿਚ ਵਿਚ ਮੈਂ ਆਪਣਾ ਕੰਮ ਛੱਡ ਕੇ ਖਿੜਕੀ ਵਿਚੋਂ ਦੀ ਝਾਕਦਾ ਅਤੇ ਸੂਰਜ ਨੂੰ ਵੇਖਦਾ ਜੋ ਦੁਮੇਲ ਦੇ ਨੇੜੇ ਨੇੜੇ ਹੋ ਰਿਹਾ ਸੀ। ਇਕ ਵਾਰੀ ਜਦੋਂ ਮੈਂ ਖਿੜਕੀ ਵਿਚੋਂ ਵੇਖਿਆ, ਤਾਂ ਮੇਰੀ ਖਿੜਕੀ ਦੇ ਹੇਠਾਂ ਬਜ਼ਰੀ ਵਾਲੀ ਚੌੜੀ ਸੜਕ ਉਤੇ ਮੈਨੂੰ ਇਕ ਆਕਾਰ ਨਜ਼ਰੀਂ ਆਇਆ। ਇਹ ਮਿਸ ਫ਼ੇਅਰਲੀ ਸੀ।

ਮੈਂ ਅੱਜ ਸਵੇਰ ਤੋਂ ਮਗਰੋਂ ਉਹਨੂੰ ਨਹੀਂ ਵੇਖਿਆ ਸੀ; ਅਤੇ ਉਸ ਵੇਲੇ ਮੈਂ ਉਸ ਨਾਲ ਕੋਈ ਖਾਸ ਗੱਲ ਨਹੀਂ ਸੀ ਕੀਤੀ। ਹੁਣ ਮੇਰੇ ਕੋਲ ਬਸ ਲਿਮਰਿਜ ਵਿਚ ਰਹਿਣ ਲਈ ਇਕ ਦਿਨ ਰਹਿ ਗਿਆ ਸੀ; ਅਤੇ ਉਸ ਤੋਂ ਮਗਰੋਂ ਸ਼ਾਇਦ ਮੈਂ ਉਹਨੂੰ ਕਦੀ ਵੀ ਨਾ ਵੇਖਾਂਗਾ। ਇਸ ਖ਼ਿਆਲ ਦਾ ਆਉਣਾ ਸੀ, ਕਿ ਮੈਂ ਖਿੜਕੀ ਵਿਚੋਂ ਹੀ ਨਾ ਹਿਲ ਸਕਿਆ ਮੈਨੂੰ ਉਸ ਦਾ ਏਨਾ ਖ਼ਿਆਲ ਸੀ ਕਿ ਮੈਂ ਪਰਦੇ ਨੂੰ ਇੰਜ ਅੱਗੇ ਕਰ ਲਿਆ ਕਿ ਜੇ ਕਿਧਰੇ ਉਹ ਉਪਰ ਵੇਖ ਤਾਂ ਮੈਨੂੰ ਨਾ ਵੇਖ ਸਕੇ; ਪਰ ਮੈਂ ਉਹਨੂੰ ਵੇਖਣਾ ਨਾ ਛੱਡ ਸਕਿਆ, ਅਤੇ ਮੇਰੀਆ ਅੱਖਾਂ ਉਹਦਾ ਸੈਰ ਕਰਦੀ ਦਾ ਪਿੱਛਾ ਕਰਦੀਆਂ ਹੀ ਰਹੀਆਂ।

ਉਹਨੇ ਭੂਰੇ ਰੰਗ ਦੇ ਚੋਗੇ ਹੇਠਾਂ ਕਾਲੀ ਸਿਲਕ ਦਾ ਸਾਦਾ ਜਿਹਾ ਗਾਉਨ ਪਾਇਆ ਹੋਇਆ ਸੀ; ਸਿਰ ਉਤੇ ਉਹੀ ਸਾਦਾ ਤੀਲਿਆਂ ਦਾ ਹੈਟ ਸੀ, ਜੋ ਉਹਨੇ ਉਸ ਸਵੇਰ ਨੂੰ ਪਾਇਆ ਹੋਇਆ ਸੀ, ਜਦੋਂ ਅਸੀਂ ਪਹਿਲੀ ਵਾਰ ਮਿਲੇ ਸਾਂ। ਇਸਦੇ ਨਾਲ ਹੁਣ ਇਕ ਤਿਲੀ ਵੀ ਸੀ, ਕਿ ਜੋ ਉਹਦੇ ਮੂੰਹ ਅਗੇ ਜਦੋਂ ਆ ਜਾਂਦੀ; ਉਹਦਾ ਚਿਹਰਾ ਮੈਨੂੰ ਦਿਸਣੇ ਬੰਦ ਹੋ ਜਾਂਦਾ। ਉਹਦੇ ਨਾਲ ਨਾਲ ਉਹਦਾ ਲੰਮੀਆਂ ਲੱਤਾਂ ਅਤੇ ਤੇਜ਼ ਨਜ਼ਰ ਵਾਲਾ ਪਾਲਤੂ ਇਤਾਲੀਅਨ ਕੁੱਤਾ ਵੀ ਘੁੰਮ ਰਿਹਾ ਸੀ; ਉਹ ਜੋ ਹਰ ਸੈਰ ਵਿਚ ਉਹਦਾ ਸਾਥੀ ਸੀ; ਉਹਦੇ ਪਿੰਡੇ ਉਤੇ ਉਨਾਬੀ ਰੰਗ ਦਾ ਕੱਪੜਾ ਬੱਝਾ ਹੋਇਆ ਸੀ, ਤਾਂ ਜੋ ਉਹ ਠੰਢੀ ਹਵਾ ਤੋਂ ਬਚਿਆ ਰਹੇ। ਜਾਪਦਾ ਸੀ, ਉਹਨੂੰ ਉਸ ਵੇਲੇ ਕੁੱਤੇ ਦੀ ਹੋਂਦ ਦਾ ਕੋਈ ਖ਼ਿਆਲ ਵੀ ਨਹੀਂ ਸੀ। ਉਹ ਸਿੱਧੀ ਸਿੱਧੀ ਤੁਰਦੀ ਜਾਂਦੀ, ਉਹਦਾ ਸਿਰ ਜਰਾ ਕੁ ਝੁਕ ਜਾਂਦਾ ਸੀ; ਅਤੇ ਉਹਨੇ ਚੋਗੇ ਹੇਠਾਂ

ਆਪਣੀਆਂ ਬਾਹਵਾਂ ਇਕੱਠੀਆਂ ਕੀਤੀਆਂ ਹੋਈਆਂ ਸਨ। ਉਹੀ ਮੁਰਝਾਏ ਹੋਏ ਪੱਤੇ ਜੋ ਸਵੇਰੇ ਉਸ ਵੇਲੇ ਜਦੋਂ ਮੈਂ ਉਹਦੀ ਕੁੜਮਾਈ ਦੀ ਖਬਰ ਸੁਣੀ ਸੀ, ਮੇਰੇ ਅੱਗੇ ਹਵਾ ਵਿਚ ਚੱਕਰ ਕੱਟ ਰਹੇ ਸਨ; ਹੁਣ ਹਵਾ ਵਿਚ ਉਹਦੇ ਅੱਗੇ ਮੰਡਲਾ ਰਹੇ ਸਨ; ਕਦੀ ਉਡਦੇ ਕਦੀ ਡਿਗਦੇ, ਅਤੇ ਉਹਦੇ ਪੈਰਾਂ ਕੋਲ ਖਿਲਰ ਖਿਲਰ ਪੈ ਰਹ ਸਨ ਜਿਸ ਵੇਲੇ ਉਹ ਪੀਲੀ ਪੈਂਦੀ ਧੁੱਪ ਵਿਚ ਇਧਰ ਉਧਰ ਸੈਰ ਕਰ ਰਹੀ ਸੀ।

ਕੁੱਤਾ ਕੰਬ ਰਿਹਾ ਸੀ; ਅਤੇ ਘੜੀ ਘੜੀ ਉਹਦੇ ਕੱਪੜਿਆਂ ਵਿਚ ਵੜਦਾ ਤਾਂ ਜੋ ਉਹ ਉਹਨੂੰ ਵੇਖੇ ਅਤੇ ਪਿਆਰ ਕਰੇ। ਪਰ ਉਹਨੇ ਇਕ ਵਾਰੀ ਵੀ ਉਸ ਵੱਲ ਧਿਆਨ ਨਾ ਦਿੱਤਾ। ਉਹ ਤੁਰਦੀ ਗਈ, ਮੇਰੇ ਤੋਂ ਦੂਰ ਅੱਗੇ ਹੀ ਵਧਦੀ ਗਈ ਅਤੇ ਉਹਦੇ ਰਾਹ ਤੇ ਮੁਰਝਾਏ ਪੱਤੇ ਹਵਾ ਵਿਚ ਚੱਕਰ ਲਾ ਲਾ ਕੇ ਡਿਗਦੇ ਰਹੇ; ਉਹ ਏਨੀ ਦੂਰ ਲੰਘ ਗਈ ਕਿ ਅੰਤ ਮੇਰੀਆਂ ਦਰਦ ਭਰੀਆਂ ਅੱਖਾਂ ਤੋਂ ਉਹਲੇ ਹੋ ਗਈ, ਅਤੇ ਮੈਂ ਮੁੜ ਆਪਣੇ ਬੋਝਿਲ ਦਿਲ ਨਾਲ ਇਕੱਲਾ ਹੀ ਰਹਿ ਗਿਆ।

ਇਕ ਘੰਟੇ ਮਗਰੋਂ ਮੈਂ ਆਪਣਾ ਕੰਮ ਮੁਕਾ ਲਿਆ; ਹੁਣ ਸੂਰਜ ਡੁੱਬਣ ਹੀ ਵਾਲਾ ਸੀ। ਮੈਂ ਹਾਲ ਵਿਚੋਂ ਆਪਣਾ ਹੈਟ ਤੇ ਕੋਟ ਲਿਆ ਅਤੇ ਚੁੱਪਚਾਪ ਘਰ ਵਿਚੋਂ ਦੀ ਨਿਕਲ ਤੁਰਿਆ, ਇਸ ਸਾਰੇ ਸਮੇਂ ਮੈਨੂੰ ਨਾ ਕੋਈ ਦਿਸਿਆ ਅਤੇ ਨਾ ਹੀ ਮਿਲਿਆ।

ਪੱਛਮ ਵਿਚ ਬੱਦਲ ਝੁਕ ਰਹੇ ਸਨ; ਅਤੇ ਸਮੁੰਦਰ ਵਲੋਂ ਠੰਢੀ ਹਵਾ ਚਲ ਰਹੀ ਸੀ। ਸਮੁੰਦਰ ਦਾ ਕਿਨਾਰਾ ਭਾਵੇਂ ਦੂਰ ਸੀ, ਪਰ ਵਿਚਕਾਰਲੀ ਬੰਜਰ ਧਰਤੀ ਤੇ ਲਹਿਰਾਂ ਦੇ ਟਕਰਾਉਣ ਦੀ ਆਵਾਜ਼ ਮੈਨੂੰ ਉਸ ਵੇਲੇ ਸੁਣਾਈ ਦੇਰ ਹੀ ਸੀ, ਜਦੋਂ ਮੈਂ ਕਬਰਸਤਾਨ ਵਿਚ ਦਾਖ਼ਲ ਹੋਇਆ। ਆਲੇ ਦੁਆਲੇ ਕੋਈ ਬੰਦਾ ਨਹੀਂ ਸੀ। ਉਸ ਵੇਲੇ ਜਦੋ ਮੈਂ ਇਕ ਥਾਂ ਚੁਣ ਕੇ, ਉਡੀਕਦਾ ਅਤੇ ਵੇਖਦਾ ਰਿਹਾ; ਇਹ ਥਾਂ ਮੈਨੂੰ ਅੱਗੇ ਨਾਲੋਂ ਵੀ ਵਧ ਉਜਾੜ ਲੱਗ ਰਹੀ ਸੀ; ਮੇਰੀਆਂ ਅੱਖਾਂ ਉਸ ਚਿੱਟੇ ਕਰਾਸ ਤੇ ਲੱਗੀਆਂ ਹੋਈਆਂ ਸਨ, ਜੋ ਮਿਸੇਜ਼ ਫ਼ੇਅਰਲੀ ਦੀ ਕਬਰ ਉਤੇ ਸੀ।

(13)

ਕਬਰਸਤਾਨ ਅਜਿਹੀ ਖੁੱਲੀ ਥਾਂ ਤੇ ਸੀ, ਕਿ ਮੈਨੂੰ ਆਪਣੀ ਥਾਂ ਚੁਣਨ ਵਿਚ ਇਹਤਿਆਤ ਵਰਤਣੀ ਪਈ।

ਗਿਰਜੇ ਦਾ ਮੁੱਖ ਦਰਵਾਜਾ ਉਸ ਪਾਸੇ ਸੀ, ਜਿਸ ਪਾਸੇ ਨੂੰ ਕਬਰਸਤਾਨ ਸੀ; ਅਤੇ ਦਰਵਾਜ਼ੇ ਅੱਗੇ ਇਕ ਪੋਰਚ ਦਾ ਓਹਲਾ ਸੀ, ਜਿਸ ਦੇ ਦੋਵੇਂ ਪਾਸੇ ਦੀਵਾਰ ਸੀ। ਮੈਨੂੰ ਇੰਜ ਛੁਪ ਕੇ ਬੈਠਣ ਵਿਚ ਕੁਝ ਹਿਚਕਿਚਾਹਟ ਹੋਈ, ਭਾਵੇਂ ਛੁਪਣਾ ਮੇਰੇ ਕੰਮ ਲਈ ਅਤਿ ਜ਼ਰੂਰੀ ਸੀ। ਇਸ ਝਿਜਕ ਤੋਂ ਮਗਰੋਂ ਮੈਂ ਪੋਰਚ ਵਿਚ ਰੁਕਣਾ ਹੀ ਉਚਿਤ ਸਮਝਿਆ। ਪੋਰਚ ਦੇ ਦੋਵੇਂ ਪਾਸੇ ਜੋ ਕੰਧਾਂ ਸਨ, ਉਨ੍ਹਾਂ ਦੋਹਾਂ ਵਿਚ ਇਕ ਇਕ ਮੋਘਾ ਸੀ। ਇਕ ਮੋਘੇ ਵਿਚੋਂ ਮੈਂ ਮਿਸੇਜ਼ ਫ਼ੇਅਰਲੀ ਦੀ ਕਬਰ ਵੇਖ ਸਕਦਾ ਸਾਂ। ਦੂਜੇ ਮੋਘੇ ਵਿਚ ਪੱਥਰ ਦੀ ਖਾਣ ਕੋਲ ਬਣੀ ਕਬਰ ਪੁੱਟ ਦੀ ਕਾਟੇਜ ਦਿਸ ਰਹੀ ਸੀ। ਪੋਰਚ ਦੇ ਅੱਗੇ ਮੇਰੇ ਸਾਹਮਣੇ ਕਰਕੇ, ਕਬਰਸਤਾਨ ਦਾ ਇਕ ਖਾਲੀ ਹਿੱਸਾ ਸੀ, ਜਿਸ ਦੇ ਆਲੇ ਦੁਆਲੇ ਪੱਥਰ ਦੀ ਛੋਟੀ ਜੇਹੀ ਕੰਧ ਸੀ; ਸਾਹਮਣੇ ਇਕ ਛੋਟੀ ਪਹਾੜੀ ਸੀ, ਜਿਸ ਉਪਰ ਤੇਜ਼ ਅਤੇ ਜ਼ੋਰਦਾਰ ਹਵਾ ਦੇ ਧੱਕੇ ਨਾਲ ਸ਼ਾਮ ਦੇ ਭਰੇ ਹੋਏ ਬੱਦਲ ਝੁਕ ਆਏ ਸਨ। ਕਈ ਜੀਉਂਦਾ ਬੰਦਾ ਸਾਹਮਣੇ ਨਹੀਂ ਸੀ ਦਿਸਦਾ ਅਤੇ ਨਾ ਹੀ ਕਿਸੇ ਦੀ ਆਵਾਜ਼ ਸੁਣ ਰਹੀ ਸੀ; ਕੋਈ ਪੰਛੀ ਤਕ ਨਹੀਂ ਸੀ ਫੜਕ ਰਿਹਾ; ਕਬਰ ਪੁੱਟ ਦੀ ਕਾਟੇਜ ਵਿਚੋਂ ਕੋਈ ਕੁੱਤਾ ਤਕ ਨਹੀਂ ਸੀ ਭੌਂਕ ਰਿਹਾ। ਜਦੋਂ ਲਹਿਰਾਂ ਦੀ ਮੱਧਮ ਆਵਾਜ਼ ਰਤਾ ਰੁਕਦੀ ਤਾਂ ਕਬਰ ਦੇ ਨੇੜੇ ਉਨ੍ਹਾਂ ਮਧਰੇ ਦਰਖਤਾਂ ਦੇ ਪੱਤਿਆਂ ਦੀ ਹਵਾ ਵਿਚ ਸਰ ਸਰ ਦੀ ਆਵਾਜ਼ ਦੇ ਨਾਲ ਨਾਲ ਪਥਰੀਲੀ ਜ਼ਮੀਨ ਉਤੇ ਨਾਲੇ ਦੇ ਵਹਿਣ ਦੀ ਆਵਾਜ਼ ਸੁਣਾਈ ਦੇ ਜਾਂਦੀ। ਇਹ ਉਦਾਸੀ ਭਰੀ ਵੀਰਾਨ ਥਾਂ ਸੀ, ਅਤੇ ਬੜਾ ਉਦਾਸ ਸਮਾਂ ਸੀ। ਗਿਰਜੇ ਦੇ ਪੋਰਚ ਵਿਚ ਛੁਪਿਆ ਖੜੋਤਾ ਜਦੋਂ ਮੈਂ ਇਕ ਇਕ ਮਿੰਟ ਗਿਣ ਰਿਹਾ ਸਾਂ, ਮੇਰੀ ਹਿੰਮਤ ਬੜੀ ਜਲਦੀ ਜਵਾਬ ਦੇਂਦੀ ਜਾ ਰਹੀ ਸੀ।

ਅਜੇ ਤਿਕਾਲਾਂ ਦਾ ਘੁਸਮੁਸਾ ਨਹੀਂ ਸੀ ਹੋਇਆ; ਡੁੱਬਦੇ ਸੂਰਜ ਦੀ ਰੋਸ਼ਨੀ ਅਜੇ ਵੀ ਪੱਛਮ ਵਿਚ ਹੈ ਸੀ; ਅਤੇ ਮੈਨੂੰ ਇਕੱਲਿਆਂ ਇਥੇ ਉਡੀਕਦਿਆਂ ਕੋਈ ਅਧੇ ਘੰਟੇ ਤੋਂ ਰਤਾ ਕੁ ਵੱਧ ਸਮਾਂ ਹੋਇਆ ਹੋਵੇਗਾ, ਜਦੋਂ ਮੈਂ ਕਦਮਾਂ ਦੀ ਬਿੜਕ ਅਤੇ ਆਵਾਜ਼ ਸੁਣੀ। ਗਿਰਜੇ ਦੇ ਦੂਜੇ ਪਾਸਿਉਂ ਕਦਮਾਂ ਦੀ ਆਵਾਜ਼ ਆ ਰਹੀ ਸੀ ਅਤੇ ਇਹ ਇਕ ਔਰਤ ਦੀ ਸੀ।

"ਤੂੰ ਚਿੱਠੀ ਬਾਰੇ ਚਿੰਤਾ ਨਾ ਕਰ," ਆਵਾਜ਼ ਆਈ। "ਮੈਂ ਆਪ ਮੁੰਡੇ ਨੂੰ ਫੜਾਈ ਸੀ, ਅਤੇ ਉਹਨੇ ਕੁਝ ਪੁਛੇ ਬਿਨਾਂ ਹੀ ਮੇਰੇ ਤੋਂ ਲੈ ਲਈ ਸੀ। ਉਹ ਆਪਣੇ ਰਾਹ ਤੁਰ ਗਿਆ ਤੇ ਮੈਂ ਆਪਣੇ ਰਸਤੇ ਪੈ ਗਈ; ਮੈਂ ਤੈਨੂੰ ਵਿਸ਼ਵਾਸ ਨਾਲ ਕਹਿ ਸਕਦੀ ਹਾਂ ਕਿ ਕਿਸੇ ਬੰਦੇ ਨੇ ਮੇਰਾ

ਪਿਛਾ ਨਹੀਂ ਕੀਤਾ।" ਇਨ੍ਹਾਂ ਸ਼ਬਦਾਂ ਨਾਲ ਕੁਝ ਪਤਾ ਲੱਗਣ ਦੀ ਆਸ਼ਾ ਇਸ ਸਿਖਰ ਤੇ ਪਹੁੰਚ ਗਈ ਕਿ ਮੈਨੂੰ ਸਾਹ ਲੈਣਾ ਵੀ ਔਖਾ ਲੱਗਣ ਲੱਗ ਪਿਆ। ਥੋੜੀ ਦੇਰ ਚੁੱਪ ਵਰਤੀ ਰਹੀ, ਪਰ ਕਦਮ ਅੱਗੇ ਵਧ ਰਹੇ ਸਨ। ਅਗਲੇ ਹੀ ਪਲ, ਦੋ ਔਰਤਾਂ ਉਸ ਥਾਂ ਤੋਂ ਲੰਘੀਆਂ ਜੋ ਮੈਨੂੰ ਮੋਘੇ ਵਿਚੋਂ ਦੀ ਦਿਸ ਰਹੀਆਂ ਸਨ। ਉਹ ਸਿਧੀਆਂ ਕਬਰ ਵੱਲ ਹੀ ਜਾ ਰਹੀਆਂ ਸਨ; ਇਸੇ ਲਈ ਉਨ੍ਹਾਂ ਦੀ ਮੇਰੇ ਵੱਲ ਪਿੱਠ ਸੀ।

ਇਕ ਔਰਤ ਨੇ ਸ਼ਾਲ ਵਲੇਟਿਆ ਹੋਇਆ ਸੀ, ਅਤੇ ਸਿਰ ਤੇ ਟੱਪੀ ਪਾਈ ਹੋਈ ਸੀ। ਦੂਜੀ ਨੇ ਗੂੜ੍ਹੇ ਨੀਲੇ ਰੰਗ ਦਾ ਸਫਰ ਕਰਨ ਵਾਲਾ ਲੰਮਾ ਚੋਗਾ ਪਾਇਆ ਹੋਇਆ ਸੀ ਅਤੇ ਉਹਦੀ ਹੁੱਡ ਉਹਦੇ ਮੋਢਿਆਂ ਉਤੇ ਪਈ ਸੀ। ਚੋਗੇ ਦੇ ਹੇਠੋਂ ਉਹਦਾ ਗਾਊਨ ਥੋੜਾ ਥੋੜਾ ਦਿਸ ਰਿਹਾ ਸੀ। ਤੇਜ਼ ਧੜਕਦੇ ਦਿਲ ਨਾਲ ਮੈਂ ਉਸ ਗਾਉਨ ਦਾ ਰੰਗ ਵੇਖਿਆ-ਉਹ ਚਿੱਟਾ ਸੀ।

ਜਦੋਂ ਉਹ ਗਿਰਜੇ ਅਤੇ ਕਬਰ ਦੇ ਵਿਚਕਾਰ ਪੁੱਜੀਆਂ ਤਾਂ ਰੁਕੀਆਂ; ਚੋਗੇ ਵਾਲੀ ਔਰਤ ਨੇ ਆਪਣੀ ਸਾਥਣ ਵੱਲ ਮੂੰਹ ਕੀਤਾ। ਉਹ ਦਾ ਚਿਹਰਾ ਇਕ ਪਾਸਿਉਂ ਹੁਣ ਮੈਨੂੰ ਦਿਸ ਸਕਦਾ ਸੀ, ਪਰ ਹੁਣ ਉਹ ਹੁੱਡ ਦੇ ਵਧੇ ਹੋਏ ਭਾਰੇ ਕਿਨਾਰੇ ਦੇ ਪ੍ਰਛਾਵੇਂ ਥੱਲੇ ਲੁਕਿਆ ਹੋਇਆ ਸੀ।

"ਤੂੰ ਇਹ ਗਰਮ ਅਤੇ ਅਰਾਮਦਾਇਕ ਚੋਗਾ ਯਾਦ ਨਾਲ ਉਪਰ ਲਈ ਰੱਖੀ” ਉਹੀ ਆਵਾਜ਼ ਆਈ, ਜੋ ਮੈਂ ਪਹਿਲਾਂ ਸੁਣੀ ਸੀ, ਇਹ ਸਾਲ ਵਾਲੀ ਔਰਤ ਕਹਿ ਰਹੀ ਸੀ, "ਮਿਸਜ਼ ਟਾਡ ਠੀਕ ਕਹਿ ਰਹੀ ਸੀ ਕਿ ਕਲ੍ਹ ਤੂੰ ਸਾਰੇ ਹੀ ਚਿੱਟੇ ਕੱਪੜਿਆਂ ਕਰਕੇ ਵੱਖਰੀ ਅਤੇ ਅਨੋਖੀ ਲਗਦੀ ਸੈਂ; ਜਿੰਨੀ ਦੇਰ ਤੂੰ ਇਥੇ ਹੈਂ ਮੈਂ ਨੇੜੇ ਹੀ ਰਵਾਂਗੀ, ਮੈਨੂੰ ਕਬਰਸਤਾਨ ਰਤਾ ਚੰਗੇ ਨਹੀਂ ਲਗਦੇ, ਤੈਨੂੰ ਭਾਵੇ ਕਿੰਨੇ ਹੀ ਪਸੰਦ ਕਿਉਂ ਨਾ ਹੋਣ। ਮੇਰੇ ਵਾਪਸ ਮੁੜਨ ਤੋਂ ਪਹਿਲਾਂ ਤੂੰ ਜੋ ਕਰਨਾ ਚਾਹੁੰਦੀ ਹੈ, ਮੁਕਾ ਲੈ, ਸਾਨੂੰ ਰਾਤ ਤੋਂ ਪਹਿਲਾਂ ਪਹਿਲਾਂ ਜ਼ਰੂਰ ਘਰ ਮੁੜ ਜਾਣਾ ਚਾਹੀਦਾ ਹੈ।"

ਇਨਾ ਕਹਿਕੇ ਉਹ ਵਾਂਪਸ ਉਨ੍ਹਾਂ ਹੀ ਕਦਮਾਂ ਤੇ ਮੁੜੀ ਅਤੇ ਇੰਜ ਉਹਦਾ ਮੂੰਹ ਮੇਰੇ ਵੱਲ ਸੀ। ਇਹ ਇਕ ਵਡੇਰੀ ਉਮਰ ਦੀ ਔਰਤ ਦਾ ਚਿਹਰਾ ਸੀ, ਭੂਰਾ, ਸਿਹਤਮੰਦ ਅਤੇ ਖੁਰਦਰਾ ਪਰ ਉਹ ਕੋਈ ਅਜਿਹੀ ਔਰਤ ਨਹੀਂ ਸੀ ਜਾਪਦੀ, ਜੋ ਕਿਸੇ ਨੂੰ ਧੋਖਾ ਦੇਵੇ, ਜਾਂ ਕਿਸੇ ਨਾਲ ਬੇਈਮਾਨੀ ਕਰੇ। ਗਿਰਜੇ ਦੇ ਨੇੜੇ ਆ ਕੇ ਉਹ ਸ਼ਾਲ ਨੂੰ ਚੰਗੀ ਤਰ੍ਹਾਂ ਲਪੇਟਣ ਲਈ ਰੁਕੀ।

"ਬੜੀ ਅਜੀਬ ਹੈ!" ਉਹ ਨੇ ਆਪਣੇ ਆਪ ਨਾਲ ਗੱਲ ਕੀਤੀ, "ਬੜੀਆਂ ਹੀ ਅਜੀਬ ਅਤੇ ਵਿਚਿਤ੍ਰ ਆਦਤਾਂ ਹਨ, ਇਸਦੀਆਂ। ਜਦੋਂ ਦੀ ਮੈਂ ਇਸਨੂੰ ਵੇਖਣ ਲੱਗੀ ਹਾਂ, ਇਹੋ ਜਿਹੀ ਅਜੀਬ ਏ, ਪਰ ਵਿਚਾਰੀ ਇਕ ਬੱਚੇ ਜਿੰਨੀ ਭੋਲੀ ਏ।"

ਉਹਨੇ ਇਕ ਹਉਕਾ ਭਰਿਆ ਕਬਰਸਤਾਨ ਵੱਲ ਕੁਝ ਘਬਰਾਈ ਹੋਈ ਨੇ ਵੇਖਿਆ, ਫਿਰ ਇੰਝ ਸਿਰ ਹਿਲਾਇਆ, ਜਿਵੇਂ ਉਸ ਉਜਾੜ ਦਰਿੱਸ਼ ਨੇ ਉਹਨੂੰ ਉਦਾਸ ਕਰ ਦਿੱਤਾ ਹੋਵੇ ਅਤੇ ਉਹ ਗਿਰਜੇ ਦੀ ਨੁੱਕਰ ਕੋਲੋਂ ਲੰਘ ਕੇ ਅਲੋਪ ਹੋ ਗਈ।

ਮੈਂ ਇਕ ਮਿੰਟ ਲਈ ਸ਼ਸ਼ੋਪੰਜ ਵਿਚ ਸਾਂ ਕਿ ਕੀ ਮੈਨੂੰ ਇਸ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਕਿ ਨਹੀਂ। ਪਰ ਮੈਨੂੰ ਉਸ ਦੀ ਦਾ ਪਿਛਾ ਕਰਕੇ ਇਸ ਸਾਥਣ ਨੂੰ ਮਿਲਣ ਦੀ ਤੀਬਰ ਚਾਹ ਸੀ, ਇਸ ਕਰਕੇ ਮੈਂ ਉਹਨੂੰ ਮਿਲਣ ਦਾ ਖ਼ਿਆਲ ਛੱਡ ਦਿੱਤਾ। ਜੇ ਮੈਂ ਸਾਲ ਵਾਲੀ ਔਰਤ ਨੂੰ ਮਿਲਣਾ ਚਾਹਵਾਂਗਾ ਤਾਂ ਮੈਂ ਕਬਰਸਤਾਨ ਦੇ ਨੇੜੇ ਉਹਦੇ ਆਉਣ ਦੀ ਉਡੀਕ ਕਰ ਸਕਦਾ ਸਾਂ, ਪਰ ਮੈਨੂੰ ਇਹ ਸ਼ੱਕ ਸੀ ਕਿ ਉਹ ਮੈਨੂੰ ਉਹ ਕੁਝ ਦੱਸ ਵੀ ਸਕੇਗੀ, ਜੋ ਮੈਨੂੰ ਜਾਣਨਾ ਚਾਹੁੰਦਾ ਸਾਂ। ਉਹ ਆਦਮੀ ਜਿਸ ਨੇ ਚਿੱਠੀ ਨੂੰ ਘਰ ਪੁਚਾਇਆ ਸੀ, ਉਸਦਾ ਕੋਈ ਮਹੱਤਵ ਨਹੀਂ ਸੀ। ਜਿਸ ਨੇ ਚਿੱਠੀ ਲਿਖੀ ਸੀ, ਉਹ ਹੀ ਦਿਲਚਸਪੀ ਦਾ ਕੇਂਦਰ ਸੀ ਅਤੇ ਉਸ ਵੱਲੋਂ ਹੀ ਸਭ ਕੁਝ ਪਤਾ ਲੱਗ ਸਕਦਾ ਸੀ ਅਤੇ ਹੁਣ ਮੈਨੂੰ ਪੂਰਾ ਵਿਸ਼ਵਾਸ ਸੀ ਕਿ ਉਹ ਮੇਰੇ ਸਾਹਮਣੇ ਕਬਰਸਤਾਨ ਵਿਚ ਹੈ।

ਅਜੇ ਮੈਂ ਇਨ੍ਹਾਂ ਸੋਚਾ ਵਿਚਾਰਾਂ ਵਿਚ ਹੀ ਸਾਂ, ਮੈਂ ਵੇਖਿਆ ਕਿ ਉਹ ਚੋਗੇ ਵਾਲੀ ਔਰਤ ਕਬਰ ਦੇ ਕੋਲ ਪਹੁੰਚ ਕੇ ਥੋੜ੍ਹਾ ਚਿਰ ਖੜੋਤੀ ਉਹਨੂੰ ਵੇਖਦੀ ਰਹੀ। ਫਿਰ ਉਹਨੇ ਚਾਰੋਂ ਪਾਸੇ ਵੇਖਿਆ ਅਤੇ ਆਪਣੇ ਚੋਗੇ ਵਿਚੋਂ ਰੁਮਾਲ ਜਾਂ ਕੋਈ ਚਿੱਟਾ ਕੱਪੜਾ ਕੱਢਕੇ ਨਾਲੇ ਵੱਲ ਚਲ ਗਈ ਉਹ ਛੋਟਾ ਨਾਲਾ ਕਬਰਸਤਾਨ ਵਿਚੋਂ ਦੀ ਕੰਧ ਦੇ ਥੱਲੇ ਕਰਕੇ ਇਕ ਡਾਟ ਵਿਚੋਂ ਦੀ ਲੰਘਦਾ ਸੀ ਅਤੇ ਕੁਝ ਗਜ਼ ਇਵੇਂ ਹੀ ਟੇਢਾ ਵਹਿੰਦਾ ਫਿਰ ਇਕ ਹੋਰ ਡਾਟ ਵਿਚੋਂ ਦੀ ਬਾਹਰ ਨੂੰ ਵਹਿ ਜਾਂਦਾ ਸੀ। ਉਹ ਕੱਪੜੇ ਨੂੰ ਪਾਣੀ ਵਿਚ ਭਿਓਂਕੇ ਵਾਪਸ ਕਬਰ ਕੋਲ ਆ ਗਈ। ਮੈਂ ਵੇਖਿਆ ਉਹਨੇ ਚਿੱਟੇ ਕਰਾਸ ਨੂੰ ਚੁੰਮਿਆ, ਫਿਰ ਉਹ ਸ਼ਿਲਾਲੇਖ ਕੋਲ ਗੋਡਿਆਂ ਪਰਨ ਬੈਠ ਕਈ ਅਤੇ ਗਿੱਲੇ ਕੱਪੜੇ ਨਾਲ ਉਹਨੂੰ ਸਾਫ਼ ਕਰਨ ਲੱਗ ਪਈ।

ਮੈਂ ਕੁਝ ਚਿਰ ਇਹ ਸੋਚਦਾ ਰਿਹਾ ਕਿ ਕਿਵੇਂ ਮੈਂ ਉਹਦੇ ਸਾਹਮਣੇ ਹੋਵਾਂ, ਤਾਂ ਜੋ ਉਹ ਘੱਟ ਤੋਂ ਘੱਟ ਡਰੇ। ਸੋ ਮੈਂ ਸੋਚਿਆ ਕਿ ਮੈਂ ਆਪਣੇ ਸਾਹਮਣੇ ਦੀ ਕੰਧ ਨੂੰ ਟੱਪ ਕੇ ਇਹਦੇ ਬਾਹਰੋਂ ਬਾਹਰ ਲੰਘ ਕੇ, ਮੁੜ ਕਬਰਸਤਾਨ ਵਿਚ ਉਸ ਭੌਣੀ ਰਾਹੀਂ ਦਾਖਲ ਹੋਵਾਂ, ਜੋ ਕਬਰ ਦੇ ਨੇੜੇ ਹੈ ਤਾਂ ਜੋ ਉਹ ਮੈਨੂੰ ਵੜਦਿਆਂ ਹੀ ਵੇਖ ਲਵੇ। ਉਹ ਆਪਣੇ ਕੰਮ ਵਿਚ ਏਨੀ ਰੁਝੀ ਹੋਈ ਸੀ ਕਿ ਉਹ ਨੇ ਮੇਰੇ ਕਦਮਾਂ ਦੀ ਉਦੋਂ ਤਕ ਕੋਈ ਅਵਾਜ਼ ਨਹੀਂ ਸੁਣੀ, ਜਦੋਂ ਤੀਕ ਮੈਂ ਭੈਣੀ ਵਿਚੋਂ ਦੀ ਨਹੀਂ ਲੰਘਿਆ। ਤਦੋਂ ਉਹਨੇ ਉਪਰ ਤੱਕਿਆ ਅਤੇ ਤੁਬਕ ਕੇ ਉਠ ਖੜੋਤੀ, ਉਹਦੇ ਮੂੰਹੋਂ ਇਕ ਹਲਕੀ ਜਿਹੀ ਚੀਕ ਨਿਕਲੀ। ਫਿਰ ਉਹ ਮੇਰੇ ਸਾਹਮਣੇ ਏਨੀ ਭੈ-ਭੀਤ ਖੜੀ ਸੀ ਕਿ ਉਸ ਲਈ ਬੋਲਣਾ ਜਾਂ ਹਿਲਣਾ ਅਸੰਭਵ ਸੀ।

"ਡਰਨ ਦੀ ਕੋਈ ਗੱਲ ਨਹੀਂ," ਮੈਂ ਕਿਹਾ, "ਤੁਸੀਂ ਮੈਨੂੰ ਭੁੱਲੇ ਨਹੀਂ ਹੋਵੇਗਾ?"

ਮੈਂ ਰੁਕ ਕੇ ਇਹ ਗੱਲ ਕੀਤੀ ਅਤੇ ਫਿਰ ਹੌਲੀ ਹੌਲੀ ਕੁਝ ਕਦਮ ਅੱਗੇ ਵਧਿਆ-ਫਿਰ ਰੁਕ ਗਿਆ ਅਤੇ ਇਕ ਇਕ ਕਦਮ ਕਰਕੇ ਉਹਦੇ ਨੇੜੇ ਪੁੱਜਾ। ਜੇ ਪਹਿਲਾਂ ਮੇਰੇ ਦਿਮਾਗ ਵਿਚ ਕੁਝ ਤੌਖਲਾ ਵੀ ਹੁੰਦਾ ਤਾਂ ਹੁਣ ਉਹ ਵੀ ਖ਼ਤਮ ਹੋ ਜਾਣਾ ਸੀ। ਉਹੀ ਚਿਹਰਾ ਸੀ ਅਤੇ ਉਸ ਉਤੇ ਇਕ ਡਰ ਛਾਇਆ ਹੋਇਆ ਸੀ, ਉਹੀ ਚਿਹਰਾ ਹੁਣ ਮੇਰੇ ਵੱਲ ਮਿਸੇਜ਼ ਫ਼ੇਅਰਲੀ ਦੀ ਕਬਰ ਉੱਤੋਂ ਦੀ ਝਾਕ ਰਿਹਾ ਸੀ, ਜਿਸ ਨੇ ਉਸ ਰਾਤ ਸੜਕ ਉਤੇ ਮੇਰੀਆਂ ਅੱਖਾਂ ਵਿਚ ਵੇਖਿਆ ਸੀ।

“ਕੀ ਤੁਹਾਨੂੰ ਮੇਰੀ ਯਾਦ ਹੈ?" ਮੈਂ ਕਿਹਾ, "ਅਸੀਂ ਰਾਤੀਂ ਦੇਰ ਨਾਲ ਮਿਲੇ ਸਾਂ ਅਤੇ ਮੈਂ ਤੁਹਾਨੂੰ ਲੰਦਨ ਦਾ ਰਾਹ ਲੱਭਣ ਵਿਚ ਸਹਾਇਤਾ ਕੀਤੀ ਸੀ। ਮੈਨੂੰ ਆਸ ਹੈ ਕਿ ਤੁਸੀਂ ਇਹ ਗੱਲ ਭੁਲੇ ਨਹੀਂ ਹੋਵੇਗੇ?"

ਉਹਦੇ ਨਕਸ ਕੁਝ ਢਿੱਲੇ ਹੋਏ ਅਤੇ ਉਹਨੇ ਸੁੱਖ ਦਾ ਇਕ ਡੂੰਘਾ ਸਾਹ ਲਿਆ। ਮੈਂ ਵੇਖਿਆ ਕਿ ਉਹਦੇ ਮੂੰਹ ਤੇ ਡਰ ਨਾਲ ਜੋ ਮੁਰਦਿਆਨੀ ਛਾ ਗਈ ਸੀ, ਉਹਦੇ ਵਿਚੋਂ ਧਛਾਣਦੀ ਇਕ ਨਵੀਂ ਜ਼ਿੰਦਗੀ ਹੌਲੀ ਹੌਲੀ ਜਾਗ ਰਹੀ ਸੀ।

"ਮੇਰੇ ਨਾਲ ਅਜੇ ਬੋਲਣ ਦੀ ਕੋਸ਼ਿਸ਼ ਨਾ ਕਰੋ," ਮੈਂ ਕਹਿੰਦਾ ਗਿਆ, "ਸਾਹ ਲਵੋ ਅਤੇ ਕੁਝ ਹੋਸ ਆ ਲੈਣ ਦਿਉ, ਏਨਾ ਸਮਾਂ ਲੈ ਲਵੋ, ਤਾਂ ਜੋ ਤੁਹਾਨੂੰ ਇਹ ਵਿਸ਼ਵਾਸ ਹੋ ਜਾਏ ਕਿ ਮੈਂ ਤੁਹਾਡਾ ਮਿੱਤਰ ਹਾਂ।"

"ਤੁਸੀਂ ਮੇਰੇ ਤੇ ਬੜੇ ਦਇਆਲੂ ਹੋ। ਉਹਨੇ ਮੂੰਹ ਵਿਚ ਹੀ ਹੌਲੀ ਜਿਹੀ ਕਿਹਾ, "ਹੁਣ ਵੀ ਉਸੇ ਤਰ੍ਹਾਂ ਜਿਸ ਤਰ੍ਹਾਂ ਉਸ ਦਿਨ ਸੀ।

ਉਹ ਚੁੱਪ ਕਰ ਗਈ ਅਤੇ ਮੈਂ ਵੀ ਚੁੱਪ ਹੀ ਰਿਹਾ। ਮੈਂ ਸਿਰਫ ਉਹਨੂੰ ਹੀ ਆਪਣਾ ਆਪ ਸੰਭਾਲਣ ਲਈ ਸਮਾਂ ਨਹੀਂ ਸਾਂ ਦੇ ਰਿਹਾ, ਸਗੋਂ ਮੈਨੂੰ ਆਪ ਵੀ ਕੁਛ ਵਕਤ ਚਾਹੀਦਾ ਸੀ! ਸੂਰਜ ਦੀ ਮੁਰਝਾਈ ਪੀਲੀ ਧੁੱਪ ਵਿਚ ਉਹ ਔਰਤ ਅਤੇ ਮੈਂ ਮੁੜ ਮਿਲ ਰਹੇ ਸਾਂ, ਸਾਡੇ ਵਿਚਕਾਰ ਕਬਰ ਸੀ, ਅਤੇ ਸਾਰੇ ਪਾਸੇ ਮਰ ਚੁਕੇ ਲੋਕ ਸਨ, ਸੁੰਨੀਆਂ ਪਹਾੜੀਆਂ ਨੇ ਸਾਨੂੰ ਚਾਰੋਂ ਪਾਸੇ ਘੇਰਿਆ ਹੋਇਆ ਸੀ। ਉਹ ਸਮਾਂ, ਥਾਂ ਅਤੇ ਹਾਲਾਤ ਬੜੇ ਉਦਾਸ ਸਨ, ਅਸੀਂ ਉਜਾੜ ਘਾਟੀ ਵਿਚ ਇਕ ਦੂਜੇ ਦੇ ਸਾਹਮਣੇ ਖੜੇ ਸਾਂ, ਸਾਰੀ ਜ਼ਿੰਦਗੀ ਸ਼ਾਇਦ ਉਨ੍ਹਾਂ ਸ਼ਬਦਾਂ ਤੇ ਨਿਰਭਰ ਕਰਦੀ ਸੀ, ਜੋ ਉਹਦੇ ਮੂੰਹੋਂ ਹੁਣੇ ਅਚਾਨਕ ਹੀ ਨਿਕਲ ਜਾਣ, ਹੋ ਸਕਦਾ ਹੈ ਕਿ ਲਾਰਾ ਫ਼ੇਅਰਲੀ ਦੀ ਆਉਣ ਵਾਲੀ ਜ਼ਿੰਦਗੀ ਦਾ ਚੰਗੇ ਜਾਂ ਮੰਦੇ ਲਈ ਫੈਸਲਾ ਇਸ ਗੱਲ ਉਤੇ ਹੋਣਾ ਹੋਵੇ ਕਿ ਮੈਂ ਇਸ ਕੱਲਮਕੱਲੀ ਔਰਤ ਦਾ, ਜੋ ਮੇਰੇ ਸਾਹਮਣੇ ਉਹਦੀ ਮਾਂ ਦੀ ਕਬਰ ਕੋਲ ਖੜੋਤੀ ਕੰਬ ਰਹੀ ਹੈ ਵਿਸ਼ਵਾਸ ਜਿੱਤ ਸਕਦਾ ਹਾਂ ਜਾਂ ਨਹੀਂ। ਇਨ੍ਹਾਂ ਸਭਨਾਂ ਸੋਚਾਂ ਕਰਕੇ ਮੇਰਾ ਵੀ ਆਪਣੇ ਆਪ ਤੇ ਉੱਨ੍ਹਾ ਕਾਬੂ ਨਹੀਂ ਸੀ ਰਿਹਾ, ਮੈਨੂੰ ਉਸ ਸਮੇਂ ਜਿਸਦੀ ਬੜੀ ਲੋੜ ਸੀ ਕਿਉਂਕਿ ਜੋ ਸਫਲਤਾ ਮੈਂ ਹਾਸਲ ਕਰਨੀ ਸੀ, ਉਹ ਮੇਰੀ ਆਪਣੀ ਸਥਿਰ ਸਥਿੱਤੀ ਤੇ ਹੀ ਨਿਰਭਰ ਕਰਦੀ ਸੀ। ਇਸ ਲਈ ਮੈਂ ਬੜੇ ਯਤਨ ਨਾਲ ਆਪਣੀ ਸਾਰੀ ਸ਼ਕਤੀ ਇਕੱਠੀ ਕੀਤੀ। ਉਸ ਵਕਤ ਦਾ ਮੈਂ ਵੱਧ ਤੋਂ ਵੱਧ ਲਾਭ ਉਠਾਇਆ।

"ਕੀ ਤੁਸੀਂ ਹੁਣ ਸ਼ਾਂਤ ਹੋ? ਜਦੋਂ ਮੈਂ ਸੋਚਿਆ ਕਿ ਹੁਣ ਮੁੜ ਬੋਲਣਾ ਉਚਿਤ ਹੈ, ਮੈਂ ਓਹਨੂੰ ਪੁੱਛਿਆ। 'ਕੀ ਤੁਸੀਂ ਬਿਨਾ ਡਰ ਮਹਿਸੂਸ ਕੀਤੇ ਅਤੇ ਬਿਨਾ ਇਹ ਭੁੱਲੇ ਕਿ ਮੈਂ ਤੁਹਾਡਾ ਮਿੱਤਰ ਹਾਂ, ਮੇਰੇ ਨਾਲ ਗੱਲ ਕਰ ਸਕਦੇ ਹੋ?"

"ਤੁਸੀਂ ਇਥੇ ਕਿਵੇਂ ਆਏ ਹੋ?" ਉਹਨੇ ਮੇਰੀ ਗੱਲ ਨੂੰ ਗੋਲੇ ਬਿਨਾਂ ਹੀ ਮੈਨੂੰ ਪੁੱਛਿਆ।

"ਕੀ ਤੁਹਾਨੂੰ ਯਾਦ ਨਹੀਂ ਕਿ ਜਦੋਂ ਅਸੀਂ ਪਿਛਲੀ ਵਾਰ ਮਿਲੇ ਸਾਂ, ਤਾਂ ਮੈਂ ਤੁਹਾਨੂੰ ਕਿਹਾ ਸੀ ਕਿ ਮੈਂ ਕੰਬਰਲੈਂਡ ਜਾ ਰਿਹਾ ਹਾਂ? ਮੈਂ ਉਦੋਂ ਦਾ ਹੀ ਕੰਬਰਲੈਂਡ ਵਿਚ ਹਾਂ ਅਤੇ ਮੈਂ ਇਹ ਸਾਰਾ ਵਕਤ ਲਿਮਰਿਜ ਵਿਚ ਹੀ ਰਹਿੰਦਾ ਰਿਹਾ ਹਾਂ।"

" ਲਿਮਰਿਜ ਹਾਊਸ!" ਉਹਦੇ ਪੀਲੇ ਮੂੰਹ ਉਤੇ ਇਹ ਸ਼ਬਦ ਦੁਹਰਾਂਦਿਆਂ ਇਕ ਚਮਕ ਆ ਗਈ। ਉਹਦੀਆਂ ਪ੍ਰੇਸ਼ਾਨ ਅੱਖਾਂ ਅਚਾਨਕ ਇਕ ਦਿਲਚਸਪੀ ਨਾਲ ਮੇਰੇ ਤੇ ਟਿਕ ਗਈਆ।

"ਹਾਇ। ਬਸੀ ਕਿੰਨੇ ਖੁਸ਼ ਹੋਵੇਗੇ।" ਉਹ ਮੇਰੇ ਵੱਲ ਤਾਂਘ ਨਾਲ ਵੇਖਦੀ ਰਹੀ ਹੁਣ ਉਹਦੇ ਮੂੰਹ ਤੇ ਪਹਿਲੇ ਵਾਲਾ ਸ਼ੱਕ ਅਤੇ ਡਰ ਰਤਾ ਨਹੀਂ ਸੀ।

ਮੈਂ ਉਹਦੀ ਇਸ ਨਵੀਂ ਜਾਗੀ ਤੀਬਰਤਾ ਅਤੇ ਮੇਰੇ ਵਿਚ ਜੋ ਵਿਸ਼ਵਾਸ ਉਸ ਦੇ ਦਿਲ ਵਿਚ ਹੋ ਗਿਆ ਸੀ, ਉਸ ਦਾ ਪੂਰਾ ਲਾਭ ਉਠਾਂਦਿਆਂ, ਉਹਦੇ ਚਿਹਰੇ ਨੂੰ ਉਤਸੁਕਤਾ ਪੂਰਬਕ ਧਿਆਨ ਨਾਲ ਵੇਖਿਆ, ਜੋ ਮੈਂ ਪਹਿਲਾਂ ਸਾਵਧਾਨੀ ਵਰਤਦਿਆਂ ਨਹੀਂ ਸਾਂ ਵੇਖ ਸਕਦਾ। ਮੇਰੇ ਦਿਮਾਗ ਵਿਚ ਉਹ ਪਿਆਰਾ ਚਿਹਰਾ ਸੀ, ਜਿਸ ਨੂੰ ਚੰਨ-ਚਾਨਣੀ ਵਿਚ ਟੈਰਸ ਤੇ ਘੁੰਮਦਿਆਂ ਵੇਖ ਕੇ ਮੈਨੂੰ ਇਸ ਦੀ ਯਾਦ ਆ ਗਈ ਸੀ।

ਪਹਿਲਾਂ ਮੈਂ ਏਨ ਕੈਥੇਰਿਕ ਦੀ ਸ਼ਕਲ ਮਿਸ ਫ਼ੇਅਰਲੀ ਨਾਲ ਮਿਲਦੀ ਵੇਖੀ ਸੀ! ਹੁਣ ਮੈਂ ਮਿਸ ਫ਼ੇਅਰਲੀ ਦੀ ਸ਼ਕਲ ਏਨ ਕੈਥੇਰਿਕ ਨਾਲ ਮਿਲਦੀ ਵੇਖ ਰਿਹਾ ਸਾਂ। ਹੁਣ ਸਗੋਂ ਵਧੇਰੇ ਸਪਸ਼ਟਤਾ ਨਾਲ ਵੇਖ ਰਿਹਾ ਸਾਂ ਕਿਉਂਕਿ ਦੋਹਾਂ ਵਿਚ ਜੋ ਜੋ ਚੀਜ਼ ਨਹੀਂ ਮਿਲਦੀ ਸੀ, ਉਸ ਦਾ ਵੀ ਪਤਾ ਲੱਗ ਗਿਆ ਸੀ, ਅਤੇ ਜੋ ਜੋ ਮਿਲਦੀ ਸੀ ਉਹ ਵੀ ਮੇਰੇ ਸਾਹਮਣੇ ਸੀ। ਚਿਹਰੇ-ਮੁਹਰੇ ਦੀ ਬਨਾਵਟ, ਨਕਸ਼ਾਂ ਦਾ ਪ੍ਰਸਪਰ ਸਬੰਧ, ਵਾਲਾਂ ਦਾ ਰੰਗ ਅਤੇ ਬੁਲ੍ਹਾਂ ਦੀ ਘਬਰਾਹਟ ਭਰੀ ਕੰਬਣੀ, ਕੱਦ ਕਾਠ, ਉਚਾਈ ਅਤੇ ਖੜੇ ਹੋਣ ਦਾ ਢੰਗ, ਦੋਹਾਂ ਦਾ ਬਹੁਤ ਮਿਲਦਾ ਜੁਲਦਾ ਜੀ। ਦੋਹਾਂ ਵਿਚਕਾਰ ਏਨੀ ਸਮਾਨਤਾ ਸੀ ਕਿ ਇਸ ਤੋਂ ਪਹਿਲਾਂ ਮੈਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਹੋਇਆ। ਪਰ ਇਥੇ ਹੀ ਸਮਾਨਤਾ ਖਤਮ ਹੋ ਜਾਂਦੀ ਸੀ। ਮਿਸ ਫ਼ੇਅਰਲੀ ਦੇ ਰੰਗ ਦੀ ਸੁੰਦਰਤਾ, ਉਹਦੀਆਂ ਅੱਖਾਂ ਦੀ ਨਿਰਮਲ ਨਿਰਛਲਤਾ, ਬੇਦਾਗ ਚਮੜੀ ਅਤੇ ਬੁਲ੍ਹਾਂ ਦਾ ਸੁੰਦਰ ਖਿੜਿਆ ਹੋਇਆ ਰੰਗ ਇਸ ਚਿਹਰੇ ਵਿਚ ਨਹੀਂ ਸੀ, ਜੋ ਉਸ ਵੇਲੇ ਮੇਰੇ ਸਾਹਮਣੇ ਸੀ। ਇਹ ਹਾਫਿਆ ਥਕਿਆ ਚਿਹਰਾ ਸੀ, ਭਾਵੇਂ ਮੈਂ ਆਪਣੇ ਆਪ ਨੂੰ ਅਜਿਹੀ ਗੱਲ ਸੋਚਣ ਲਈ ਧਿਰਾਰ ਆਈ ਤਾਂ ਵੀ ਜਿਸ ਵੇਲੇ ਮੈਂ ਆਪਣੇ ਸਾਹਮਣੇ ਉਸ ਔਰਤ ਨੂੰ ਵੇਖ ਰਿਹਾ ਸਾਂ, ਮੇਰੇ ਦਿਮਾਗ ਵਿਚ ਇਹ ਵਿਚਾਰ ਬਦੋਬਦੀ ਜ਼ੋਰ ਤਾਂ ਪਾ ਰਿਹਾ ਸੀ ਕਿ ਭਵਿੱਖ ਵਿਚ ਇਕ ਨਹਿਸ਼ ਤਬਦੀਲੀ ਹੀ ਦੋਹਾਂ ਵਿਚਕਾਰ ਸਮਾਨਤਾ ਨੂੰ ਪੂਰਾ ਕਰ

ਸਕਦੀ ਹੈ- ਉਹ ਸਮਾਨਤਾ ਜੋ ਅਜੇ ਕਈ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਅਧੂਰੀ ਦਿਸਦੀ ਹੈ। ਜੇ ਕਦੀ ਦੁੱਖ, ਤਕਲੀਫ਼ ਅਤੇ ਗ਼ਮ ਨੇ ਆਪਣੇ ਅਪਵਿੱਤਰ ਨਿਸ਼ਾਨ ਮਿਸ ਫ਼ੇਅਰਲੀ ਦੇ ਚਿਹਰੇ ਦੀ ਸੁੰਦਰਤਾ ਉਤੇ ਛੱਡੇ ਤਾਂ ਸਿਰਫ ਤਾਂ ਏਨ ਕੈਥੇਰਿਕ ਅਤੇ ਉਹ ਜੁੜਵਾਂ ਭੈਣਾਂ ਦਿਸਣਗੀਆਂ-ਜਿਨ੍ਹਾਂ ਦੀ ਸ਼ਕਲ ਕਿਸੇ ਇਤਫਾਕ ਨਾਲ ਮਿਲਦੀ ਹੈ - ਇਕ ਦੂਜੇ ਦੀ ਹੂਬਹੂ ਨਕਲ ਦਿਸੇਗੀ।

ਮੈਂ ਇਸ ਸੋਚ ਨਾਲ ਕੰਬ ਗਿਆ। ਆਉਣ ਵਾਲੇ ਸਮੇਂ ਲਈ ਇਸ ਅੰਧ-ਵਿਸ਼ਵਾਸ ਦਾ ਕੋਈ ਕਾਰਣ ਨਹੀਂ ਸੀ ਮਿਲਦਾ, ਤਾਂ ਵੀ ਜਦੋਂ ਇਸ ਦਾ ਵਿਚਾਰ ਮੇਰੇ ਮਨ ਵਿਚ ਆਇਆ ਤਾਂ ਉਹ ਸੱਚ ਬੜੀ ਭਿਆਨਕ ਸੀ। ਏਨ ਕੈਥੇਰਿਕ ਨੇ ਮੇਰੇ ਮੋਢੇ ਉਤੇ ਹੱਥ ਰੱਖਿਆ, ਜਿਸ ਨਾਲ ਮੈਂ ਆਪਣੇ ਖ਼ਿਆਲ ਵਿਚੋਂ ਤ੍ਰਬਕਿਆ ਅਤੇ ਇਹ ਸੁਖਾਵਾਂ ਵਿਘਨ ਸੀ ਜਿਸ ਨੇ ਮੇਰੀ ਸੋਚ ਲੜੀ ਨੂੰ ਤੋੜਿਆ। ਉਹਦੀ ਇਹ ਛੋਹ ਵੀ ਉਨੀ ਹੀ ਭੇਦ-ਭਰੀ ਅਤੇ ਅਚਾਨਕ ਸੀ, ਜਿੰਨੀ ਉਹ ਛੋਹ ਸੀ, ਜਿਸ ਨੂੰ ਮੈਨੂੰ ਪੈਰਾਂ ਤੋਂ ਸਿਰ ਤੀਕ ਸੁੰਨ ਕਰ ਦਿੱਤਾ ਸੀ, ਜਦੋਂ ਅਸੀਂ ਪਹਿਲੀ ਵਾਰ ਉਸ ਰਾਤ ਨੂੰ ਮਿਲੇ ਸਾਂ।

"ਤੁਸੀਂ ਵੇਖ ਮੇਰੇ ਵੱਲ ਰਹੇ ਹੋ, ਪਰ ਕਿਸੇ ਹੋਰ ਚੀਜ਼ ਬਾਰੇ ਸੋਚ ਰਹੇ ਹੋ ਹੋ," ਉਹਨੇ ਆਪਣੇ ਅਜੀਬ ਤਿਖੇ ਲਹਿਜੇ ਵਿਚ ਗੱਲ ਕੀਤੀ, "ਕਿਸ ਬਾਰੇ ਸੋਚ ਰਹੇ ਹੋ?"

"ਕੋਈ ਖਾਸ ਗੱਲ ਨਹੀਂ," ਮੈਂ ਉੱਤਰ ਦਿੱਤਾ. "ਮੈਂ" ਸਿਰਫ ਇਹੀ ਸੋਚ ਰਿਹਾ ਸਾਂ ਚਿ ਤੁਸੀਂ ਇਥੇ ਕਿਵੇਂ ਆਏ ਹੋ।"

"ਮੈਂ ਇਕ ਆਪਣੇ ਚੰਗੇ ਮਿੱਤਰ ਨਾਲ ਏਥੇ ਆਈ ਹਾਂ। ਮੈਨੂੰ ਇਥੇ ਆਦਿਆਂ ਕੁਲ ਦੋ ਹੀ ਦਿਨ ਹੋਏ ਹਨ।

"ਅਤੇ ਤੁਸੀਂ ਕਲ ਵੀ ਏਥੇ ਆਏ ਸੀ?"

"ਤੁਹਾਨੂੰ ਇਹ ਕਿਵੇਂ ਪਤਾ ਹੈ?"

"ਮੈਂ ਅਨੁਮਾਨ ਲਾਇਆ ਸੀ "

ਉਹ ਮੇਰੇ ਵਲੋਂ ਮੁੜਕੇ ਇਕ ਵਾਰੀ ਫਿਰ ਉਸ ਸਿਲਾਲੇਖ ਕੋਲ ਗੋਡਿਆਂ ਪਰਨੇ ਬੈਠ ਗਈ।

"ਇਹ ਥਾਂ ਛੱਡ ਕੇ ਮੈਂ ਹੋਰ ਕਿਥੇ ਜਾ ਸਕਦੀ ਹਾਂ?" ਉਹ ਬੋਲੀ 'ਜੋ ਮੇਰੇ ਲਈ ਮਾਂ ਤੋਂ ਵੀ ਵਧ ਸੀ, ਉਹੀ ਲਿਮਰਿਜ ਵਿਚ ਮੇਰੀ ਮਿੱਤਰ ਹੈ, ਜਿਸ ਕੋਲ ਮੈਂ ਆਉਂਦੀ ਹਾਂ। ਹਾਇ, ਉਹਦੀ ਕਬਰ ਤੇ ਇਕ ਵੀ ਦਾਗ ਵੇਖ ਕੇ ਮੇਰਾ ਦਿਲ ਦੁੱਖੀ ਹੋ ਉਠਦਾ ਹੈ। ਇਹ ਕਬਰ ਤਾਂ ਉਹਦੀ ਖਾਤਰ ਬਰਫ ਵਾਂਗ ਚਿੱਟੀ ਰਹਿਣੀ ਚਾਹੀਦੀ ਹੈ। ਮੈਂ ਕੱਲ੍ਹ ਹੀ ਇਸ ਨੂੰ ਸਾਫ਼ ਕਰਨ ਲੱਗੀ ਸਾਂ ਅਤੇ ਅੱਜ ਵੀ ਇਸ ਦੀ ਸਫ਼ਾਈ ਲਈ ਮੈਨੂੰ ਆਉਣਾ ਪਿਆ ਹੈ। ਕੀ ਇਹ ਕੋਈ ਗਲਤ ਕੰਮ ਹੈ? ਮੈਨੂੰ ਆਸ ਹੈ ਕਿ ਨਹੀਂ। ਜੋ ਕੁਛ ਵੀ ਮੈਂ ਮਿਸੇਜ਼ ਫ਼ੇਅਰਲੀ ਦੀ ਖ਼ਾਤਰ ਕਰਾਂਗੀ, ਉਹ ਕਦੀ ਵੀ ਗਲਤ ਨਹੀਂ ਹੋ ਸਕਦਾ।"

ਅਜੇ ਵੀ ਉਸ ਵਿਚਾਰੀ ਦੇ ਦਿਮਾਗ ਵਿਚ ਆਪਣੀ ਦਾਤੀ ਦੀਆਂ ਮਿਹਰਬਾਨੀਆਂ ਦੀ ਅਹਿਸਾਨ ਭਰੀ ਯਾਦ ਤਾਜ਼ੀ ਸੀ-ਉਸ ਦੇ ਵਿਚਾਰਾਂ ਦੀ ਸੀਮਾਂ ਐਨੀ ਵਿਸ਼ਾਲ ਨਹੀਂ ਸੀ ਹੋਈ ਕਿ ਉਹਦੇ ਬਚਪਨ ਦੀ ਉਹ ਖੁਸ਼ੀ ਭਰੀ ਯਾਦ ਫਿੱਕੀ ਅਤੇ ਧੁੰਦਲੀ ਪੈ ਜਾਂਦੀ ਮੈਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਮੈਂ ਉਹਦਾ ਵਿਸ਼ਵਾਸ ਇਕੋ ਢੰਗ ਨਾਲ ਜਿੱਤ ਸਕਦਾ ਹਾਂ ਅਤੇ ਉਹ ਇਹ ਹੈ ਕਿ ਉਹਨੂੰ ਉਹ ਛੋਟਾ ਜਿਹਾ ਕੰਮ ਕਰਨ ਲਈ ਉਤਸ਼ਾਹ ਦਿਆਂ, ਜਿਸਨੂੰ ਕਰਨ ਲਈ ਉਹ ਕਬਰਸਤਾਨ ਆਈ ਸੀ। ਮੇਰੇ ਕਹਿਣ ਤੇ ਕਿ ਉਹ ਆਪਣਾ ਕੰਮ ਜਾਰੀ ਰੱਖ ਸਕਦੀ ਹੈ, ਉਹ ਫਿਰ ਉਸ ਵਿਚ ਬੁਝ ਗਈ; ਉਹ ਸਖਤ ਸੰਗਮਰਮਰ ਨੂੰ ਇੰਜ ਛੋਹ ਰਹੀ ਸੀ, ਜਿਵੇਂ ਉਹ ਕੋਈ ਸੰਜੀਵ ਵਸਤੂ ਹੋਵੇ ਸ਼ਿਲਾਲੇਖ ਉਤੇ ਉਕਰੇ ਹੋਏ ਸ਼ਬਦ ਉਹ ਬਾਰ ਬਾਰ ਮੱਧਮ ਆਵਾਜ਼ ਵਿਚ ਦੁਹਰਾ ਰਹੀ ਸੀ, ਜਿਵੇਂ ਉਹ ਇਕ ਮੁੜ ਨਿੱਕੀ ਜਿਹੀ ਬਾਲੜੀ ਸੀ ਅਤੇ ਮਿਸੇਜ ਫ਼ੇਅਰਲੀ ਦੇ ਗੋਢੇ ਮੁੱਢ ਬੈਠੀ ਆਰਾਮ ਨਾਲ ਆਪਣਾ ਸਬਕ ਯਾਦ ਕਰ ਰਹੀ ਹੋਵੇ।

'ਕੀ ਤੁਸੀਂ ਇਹ ਸੁਣ ਕੇ ਬਹੁਤ ਹੈਰਾਨ ਹੋਵਗੇ;" ਮੈਂ ਉਹਨੂੰ ਆਪਣੇ ਅਗਲੇ ਪ੍ਰਸ਼ਨਾਂ ਲਈ ਬੜੀ ਸਾਵਧਾਨੀ ਨਾਲ ਤਿਆਰ ਕਰਨ ਦੇ ਇਰਾਦੇ ਨਾਲ ਕਿਹਾ, "ਜੇ ਮੈਂ ਇਹ ਕਵ੍ਹਾਂ ਕਿ ਮੈਨੂੰ ਤੁਰਾਨੂੰ ਇਥੋਂ ਵੇਖ ਕੇ ਹੈਰਾਨੀ ਦੇ ਨਾਲ ਨਾਲ ਬੱਡੀ ਤਸੱਲੀ ਵੀ ਹੋਈ ਹੈ? ਮੈਂ ਤੁਹਾਡੇ ਬੱਘੀ ਵਿਚ ਚਲੇ ਜਾਣ ਮਗਰੋਂ ਬਹੁਤ ਚਿੰਤਾ ਕੀਤੀ ਸੀ।"

ਕਾਹਲੀ ਜਿਹੀ ਵਿਚ ਉਹਨੇ ਫਿਰ ਸ਼ੱਕ ਭਰੀ ਨਜ਼ਰ ਨਾਲ ਮੇਰੇ ਵੱਲ ਵੇਖਿਆ।

"ਚਿੰਤਾ ਕੀਤੀ ਸੀ? ਕਿਉਂ?”

ਉਸ ਰਾਤ ਸਾਡੇ ਵੱਖਰੇ ਹੋਣ ਮਗਰੋਂ ਇਕ ਅਜੀਬ ਗੱਲ ਹੋਈ ਸੀ। ਇਕ ਖੁੱਲੀ ਛੋਟੀ ਬੱਘੀ ਵਿਚ ਦੋ ਬੰਦੇ ਮੇਰੇ ਪਿਛੋਂ ਦੀ ਆਏ। ਉਨ੍ਹਾਂ ਨੇ ਮੈਨੂੰ ਖੜੋਤਿਆਂ ਨਹੀਂ ਸੀ ਵੇਖਿਆ ਪਰ

ਉਹ ਮੇਰੇ ਨੇੜੇ ਹੀ ਰੁਕੇ ਅਤੇ ਸੜਕ ਦੇ ਦੂਜੇ ਪਾਸੇ ਖੜੋਤੇ ਸਿਪਾਹੀ ਨਾਲ ਗੱਲਬਾਤ ਕੀਤੀ ਸੀ।"

ਉਹਨੇ ਥੱਲਾ ਕੰਮ ਇਕ ਦਮ ਛੱਡ ਦਿੱਤਾ ਜਿਸ ਨਾਲ ਉਹ ਗਿੱਲੇ ਕੱਪੜੇ ਨਾਲ ਸ਼ਿਲਾਲੱਖ ਨੂੰ ਸਾਫ਼ ਕਰ ਰਹੀ ਸੀ ਉਹ ਉਹਦੇ ਪਾਸੇ ਨਾਲ ਲਟਕ ਗਿਆ ਅਤੇ ਦੂਜੇ ਹੱਥ ਨਾਲ ਉਸ ਸੰਗਮਰਮਰ ਦੇ ਕਰਾਸ ਨੂੰ ਘੁੱਟ ਕੇ ਫੜ ਲਿਆ ਉਹਨੇ ਆਪਣਾ ਮੂੰਹ ਹੌਲੀ ਹੌਲੀ ਮੇਰੇ ਵੱਲ ਕੀਤਾ, ਹੁਣ ਉਹ ਭਿਆਨਕ ਖ਼ੌਫ਼ ਨਾਲ ਫਿਰ ਅਹਿਲ ਹੋ ਗਿਆ ਸੀ, ਮੈਂ ਹੁਣ ਸੰਕਟ ਵਿਚ ਸਾਂ ਪਰ ਪਿਛੇ ਹਟਣਾ ਵੀ ਹੁਣ ਮੁਸ਼ਕਲ ਸੀ।

"ਉਨ੍ਹਾਂ ਦੋਹਾਂ ਆਦਮੀਆਂ ਨੇ ਸਿਪਾਹੀ ਨਾਲ ਗੱਲ ਕੀਤੀ," ਮੈਂ ਕਿਹਾ, "ਅਤੇ ਉਹਨੂੰ ਪੁਛਿਆ ਕਿ ਕੀ ਉਹਨੇ ਤੁਹਾਨੂੰ ਵੇਖਿਆ ਸੀ। ਉਹਨੇ ਤੁਹਾਨੂੰ ਨਹੀਂ ਸੀ ਵੇਖਿਆ ਅਤੇ ਤਦੋਂ ਹੀ ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਤੁਸੀਂ ਉਹਦੇ ਪਾਗਲਖਾਨੇ ਵਿਚੋਂ ਨੱਠ ਗਏ ਸੀ।"

ਉਹ ਕੁੱਦ ਕੇ ਖੜੀ ਹੋ ਗਈ, ਜਿਵੇਂ ਮੇਰੇ ਇਨ੍ਹਾਂ ਸ਼ਬਦਾਂ ਨਾਲ ਪਿੱਛਾ ਕਰਨ ਵਾਲਿਆਂ ਨੂੰ ਉਹਦੀ ਸੂਹ ਲੱਗ ਗਈ ਹੋਵੇ।

"ਠਹਿਰ ਜਾਉ! ਅਤੇ ਪੂਰੀ ਗੱਲ ਸੁਣ !" ਮੈਂ ਚੀਕ ਕੇ ਕਿਹਾ "ਰੁਕ ਜਾਉ ! ਤੁਹਾਨੂੰ ਇਹ ਤਾਂ ਪਤਾ ਲੱਗ ਜਾਏ ਕਿ ਮੈਂ ਤੁਹਾਡੇ ਨਾਲ ਉਸ ਦਿਨ ਕਿਸ ਤਰ੍ਹਾਂ ਮਿੱਤਰਤਾ ਨਿਭਾਈ ਸੀ। ਮੇਰੇ ਮੂੰਹੋਂ ਇਕ ਸ਼ਬਦ ਨਾਲ ਹੀ ਉਨ੍ਹਾਂ ਨੂੰ ਪਤਾ ਲੱਗ ਜਾਣਾ ਸੀ ਕਿ ਤੁਸੀਂ ਕਿਸ ਪਾਸੇ ਗਏ ਸੀ ਪਰ ਮੈਂ ਉਹ ਸ਼ਬਦ ਮੂੰਹੋਂ ਨਹੀਂ ਕੱਢਿਆ। ਮੈਂ ਤੁਹਾਨੂੰ ਬਚਾਉਣ ਵਿਚ ਸਹਾਇਤਾ ਕੀਤੀ ਤੁਹਾਡਾ ਬਚਾਅ ਅਵੱਸ਼ ਅਤੇ ਸੁਰੱਖਿਅਤ ਹੋਵੇ, ਮੈਂ ਇਸ ਗੱਲ ਦਾ ਵੀ ਇੰਤਜ਼ਾਮ ਕੀਤਾ। ਸੋਚੋ ਰਤਾ ਸੋਚਣ ਦੀ ਕੋਸ਼ਿਸ਼ ਕਰੋ ! ਸਮਝਣ ਦੀ ਕੋਸ਼ਿਸ਼ ਕਰੋ ਕਿ ਮੈਂ ਤੁਹਾਨੂੰ ਕੀ ਕਹਿ ਰਿਹਾ ਹਾਂ।"

ਮੇਰੀ ਗੱਲ ਨਾਲ ਉਹਨੂੰ ਮੇਰੇ ਕਹਿਣ ਦੇ ਢੰਗ ਦਾ ਵਧੇਰਾ ਪ੍ਰਭਾਵ ਹੋਇਆ ਉਹਨੇ ਇਸ ਨਵੀਂ ਗੱਲ ਨੂੰ ਸਮਝਣ ਦਾ ਯਤਨ ਕੀਤਾ। ਉਹ ਗਿੱਲੇ ਕੱਪੜੇ ਨੂੰ ਕਦੀ ਇਕ ਹੱਥ ਵਿਚ ਫੜਦੀ ਕਦੀ ਦੂਜੇ ਵਿਚ ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਉਸ ਰਾਤ ਆਪਣੇ ਬਟੂਏ ਨੂੰ ਕਦੀ ਇਕ ਹੱਥ ਵਿਚ ਫੜਦੀ ਸੀ ਅਤੇ ਕਦੀ ਦੂਜੇ ਵਿਚ ਜਦੋਂ ਮੈਂ ਉਹਨੂੰ ਪਹਿਲੀ ਵਾਰ ਵੇਖਿਆ ਸੀ। ਮੇਰੇ ਸ਼ਬਦਾਂ ਦਾ ਭਾਵ ਹੌਲੀ ਹੌਲੀ ਉਹਦੇ ਘਬਰਾਏ ਹੋਏ ਦਿਮਾਗ ਵਿਚ ਸਪਸ਼ਟ ਹੋ ਰਿਹਾ ਸੀ। ਫਿਰ ਉਹਦੇ ਨਕਸ਼ਾਂ ਦਾ ਤਣਾਉ ਢਿੱਲਾ ਹੋਇਆ ਅਤੇ ਅੱਖਾਂ ਵਿਚ ਹੁਣ ਡਰ ਘਟਦਾ ਜਾ ਰਿਹਾ ਸੀ, ਜਿਸ ਦੀ ਥਾਂ ਉਤਸੁਕਤਾ ਲੈ ਰਹੀ ਸੀ।

"ਤੁਸੀਂ ਇਹ ਤਾਂ ਨਹੀਂ ਸੋਚ ਰਹੇ ਕਿ ਮੈਨੂੰ ਵਾਪਸ ਪਾਗਲਖਾਨੇ ਵਿਚ ਹੋਣਾ ਚਾਹੀਦਾ ਹੈ? ਕੀ ਤੁਸੀਂ ਵੀ ਇਹੀ ਸੋਚਦੇ ਹੋ?" ਉਹ ਬੋਲੀ।

"ਬਿਲਕੁਲ ਨਹੀਂ, ਮੈਂ ਖੁਸ਼ ਹਾਂ ਕਿ ਤੁਸੀਂ ਉਥੋਂ ਨੱਠ ਆਏ ਹੋ, ਮੈਂ ਖ਼ੁਸ਼ ਹਾਂ ਕਿ ਇਸ ਕੰਮ ਵਿਚ ਮੈਂ ਤੁਹਾਡੀ ਸਹਾਇਤਾ ਕੀਤੀ ਹੈ।"

"ਹਾਂ, ਹਾਂ, ਤੁਸੀਂ ਸੱਚਮੁਚ ਮੇਰੀ ਬੜੀ ਸਹਾਇਤਾ ਕੀਤੀ ਸੀ। ਤੁਸੀਂ ਸਭ ਤੋਂ ਔਖੇ ਵੇਲੇ ਮੇਰੀ ਮਦਦ ਕੀਤੀ ਸੀ," ਉਹ ਸਖਣੀਆਂ ਤਕਣੀਆਂ ਨਾਲ ਕਹਿੰਦੀ ਗਈ, "ਉਥੇ ਨੱਠਣਾ ਆਸਾਨ ਸੀ, ਨਹੀਂ ਤਾਂ ਮੈਂ ਕਦੀ ਵੀ ਨਾ ਨਿਕਲ ਸਕਦੀ। ਉਨ੍ਹਾਂ ਮੇਰੇ ਤੇ ਕਦੀ ਵੀ ਉਸ ਤਰ੍ਹਾਂ ਸ਼ੱਕ ਨਹੀਂ ਸੀ ਕੀਤਾ ਜਿਵੇਂ ਉਹ ਹੋਰਨਾਂ ਤੇ ਕਰਦੇ ਸਨ। ਮੈਂ ਏਨੀ ਚੁਪ ਚੁਪੀਤੀ ਅਤੇ ਆਗਿਆਕਾਰ ਸਾਂ ਅਤੇ ਜਲਦੀ ਹੀ ਡਰ ਜਾਂਦੀ ਸੀ। ਲੰਦਨ ਨੂੰ ਲੱਭਣਾ ਹੀ ਔਖਾ ਸੀ ਅਤੇ ਤੁਸੀਂ ਉਸ ਸਮੇਂ ਮੇਰੀ ਸਹਾਇਤਾ ਕੀਤੀ। ਕੀ ਮੈਂ ਤੁਹਾਨੂੰ ਉਸ ਵੇਲੇ ਆਪਣਾ ਧੰਨਵਾਦ ਦਿੱਤਾ ਸੀ? ਮੈਂ ਹੁਣ ਤੁਹਾਡੀ ਦਇਆ ਲਈ ਤੁਹਾਡਾ ਧੰਨਵਾਦ ਕਰਦੀ ਹਾਂ।"

"ਕਿ ਜਿਥੇ ਤੁਸੀਂ ਮੈਨੂੰ ਮਿਲੇ ਸੀ, ਉਥੋਂ ਪਾਗਲਖਾਨਾ ਦੂਰ ਸੀ? ਹੁਣ ਤੁਸੀਂ ਇਸ ਦਾ ਸਬੂਤ ਦਿਓ ਕਿ ਤੁਸੀਂ ਮੈਨੂੰ ਆਪਣਾ ਮਿੱਤਰ ਸਮਝਦੇ ਹੋ ਦਸੋ ਪਾਗਲਖਾਨਾ ਕਿਥੇ ਸੀ?"

ਉਹਨੇ ਉਸ ਥਾਂ ਦਾ ਨਾਂ ਲਿਆ-ਇਕ ਨਿੱਜੀ ਪਾਗਲਖ਼ਾਨਾ, ਮੈਂ ਉਹਦੀ ਸਥਿਤੀ ਤੋਂ ਅਨੁਮਾਨ ਲਾਇਆ। ਜਿਸ ਥਾਂ ਤੇ ਉਹ ਮੈਨੂੰ ਮਿਲੀ ਸੀ, ਉਸ ਤੋਂ ਥੋੜ੍ਹੀ ਵਿੱਥ ਤੇ ਹੀ ਉਹ ਪ੍ਰਾਈਵੇਟ ਪਾਗਲਖਾਨਾ ਸੀ, ਫਿਰ ਉਹਨੂੰ ਸ਼ੱਕ ਹੋਇਆ ਕਿ ਮੈਂ ਉਹਦੇ ਉੱਤਰ ਦਾ ਕੋਈ ਹੋਰ ਫ਼ਾਇਦਾ ਨਾ ਉਠਾ ਲਵਾਂ, ਉਹਨੇ ਚਿੰਤਿਤ ਹੋ ਕੇ ਆਪਣੀ ਪੁੱਛ ਦੁਹਾਰਾਈ ! "ਤੁਸੀਂ ਇਹ ਤਾਂ ਨਹੀਂ ਸੋਚਦੇ ਕਿ ਮੈਨੂੰ ਉਥੇ ਵਾਪਸ ਲਿਜਾਣਾ ਚਾਹੀਦਾ ਹੈ? ਕੀ ਤੁਸੀਂ ਇਹ ਸੋਚਦੇ ਹੋ?'

"ਮੈਂ ਇਕ ਵਾਰ ਮੁੜ ਕਹਿੰਦਾ ਹਾਂ ਕਿ ਮੈਂ ਖੁਸ਼ ਹਾਂ ਤੁਸੀਂ ਉਥੋਂ ਨੱਠ ਕੇ ਬਚ ਨਿਕਲੇ ਹੋ! ਮੈਨੂੰ ਇਹ ਵੀ ਖੁਸ਼ੀ ਹੈ ਕਿ ਮੈਨੂੰ ਛੱਡ ਜਾਣ ਮਗਰੋਂ ਤੁਹਾਨੂੰ ਸਫਲਤਾ ਮਿਲੀ ਹੈ" ਮੈਂ ਉਹਨੂੰ ਉੱਤਰ ਦਿੱਤਾ, "ਤੁਸੀਂ ਕਿਹਾ ਸੀ ਕਿ ਲੰਦਨ ਵਿਚ ਤੁਹਾਡਾ ਕੋਈ ਮਿੱਤਰ ਹੈ? ਕੀ ਤੁਸੀਂ ਉਹਨੂੰ ਲੱਭਣ ਵਿਚ ਕਾਮਯਾਬ ਹੋਏ ਸੀ?

"ਹਾਂ ਬੜੀ ਦੇਰ ਹੋ ਚੁੱਕੀ ਸੀ, ਪਰ ਘਰ ਵਿਚ ਇਕ ਕੁੜੀ ਜੋ ਕੱਪੜੇ ਸੀ ਰਹੀ ਸੀ, ਜਾਗਦੀ ਪਈ ਸੀ, ਉਹਨੇ ਮੇਰੇ ਨਾਲ ਰਲ ਕੇ ਮਿਸੇਜ਼ ਕਲੀਮੈਂਟਸ ਨੂੰ ਜਗਾਇਆ। ਮਿਸੇਜ਼

ਕਲੀਮੈਂਟਸ ਮੇਰੀ ਮਿੱਤਰ ਹੈ। ਇਕ ਚੰਗੀ ਦਿਆਲੂ ਇਸਤਰੀ ਹੈ, ਮਰ ਮਿਸੇਜ਼ ਫ਼ੇਅਰਲੀ ਵਰਗੀ ਨਹੀਂ। ਨਹੀਂ ਮਿਸੇਜ਼ ਫ਼ੇਅਰਲੀ ਵਰਗਾ ਕੋਈ ਨਹੀਂ ਹੋ ਸਕਦਾ।"

"ਕੀ ਮਿਸੇਜ਼ ਕਲੀਮੈਂਟ ਤੁਹਾਡੀ ਪ੍ਰਾਣੀ ਮਿੱਤਰ ਹੈ? ਕੀ ਤੁਸੀਂ ਉਹਨੂੰ ਕਾਫੀ ਪਹਿਲਾਂ ਤੋਂ ਜਾਣਦੇ ਹੋ?"

"ਹਾਂ, ਕਦੀ ਹੈਂਪਸ਼ਾਇਰ ਵਿਚ ਉਹ ਸਾਡੀ ਗਵਾਂਢਣ ਸੀ, ਮੈਂ ਉਸਨੂੰ ਚੰਗੀ ਲਗਦੀ ਸਾਂ ਅਤੇ ਜਦੋਂ ਮੈਂ ਛੋਟੀ ਸਾਂ, ਉਹ ਮੇਰੀ ਦੇਖ-ਭਾਲ ਕਰਦੀ ਸੀ। ਕਈ ਵਰ੍ਹੇ ਪਹਿਲਾਂ ਜਦੋਂ ਉਹ ਸਾਡੇ ਕੋਲੋਂ ਚਲੀ ਗਈ ਸੀ ਅਤੇ ਉਦੋਂ ਉਹਨੇ ਮੇਰੀ ਪ੍ਰਾਰਥਨਾ ਦੀਆਂ ਕਿਤਾਬਾਂ ਵਿਚ ਆਪਣਾ ਲੰਦਨ ਦਾ ਪਤਾ ਲਿਖ ਦਿੱਤਾ ਸੀ ਅਤੇ ਕਿਹਾ ਸੀ, ਜਦ ਤੈਨੂੰ ਕੋਈ ਤਕਲੀਫ ਹੋਈ ਤਾਂ ਏਨ ਉਦੋਂ ਤੂੰ ਮੇਰੇ ਕੋਲ ਆ ਜਾਈ। ਮੇਰਾ ਪਤੀ ਨਹੀਂ ਜੋ ਮੈਨੂੰ ਕਿਸੇ ਗੱਲ ਲਈ ਮਨ੍ਹਾਂ ਕਰੇ, ਨਾ ਹੀ ਮੇਰੇ ਬੱਚੇ ਹਨ; "ਜਿਨ੍ਹਾਂ ਦੀ ਮੈਂ ਦੇਖ-ਭਾਲ ਕਰਨੀ ਹੈ, ਮੈਂ ਤੇਰਾ ਧਿਆਨ ਰੱਖਾਂਗੀ। ਦਯਾ ਭਿੱਜੇ ਸ਼ਬਦ ਸਨ- ਹੈ ਨਾ? ਮੇਰਾ ਖ਼ਿਆਲ ਹੈ ਕਿ ਇਹ ਸ਼ਬਦ ਮਿੱਠੇ ਸਨ ਤਾਂ ਹੀ ਮੈਨੂੰ ਯਾਦ ਰਹਿ ਗਏ ਹਨ। ਇਸ ਤੋਂ ਸਿਵਾ ਮੈਨੂੰ ਬਹੁਤ ਥੋੜ੍ਹਾ ਕੁਝ ਯਾਦ ਹੈ-ਬਹੁਤ ਹੀ ਥੋੜ੍ਹਾ।'

"ਕੀ ਤੁਹਾਡੇ ਮਾਤਾ ਪਿਤਾ ਨਹੀਂ ਹਨ, ਜੋ ਤੁਹਾਡੀ ਦੇਖ ਭਾਲ ਕਰ ਸਕਣ?"

"ਪਿਤਾ? ਮੈਂ ਉਹਨੂੰ ਅਜੇ ਤੱਕ ਨਹੀਂ ਵੇਖਿਆ। ਮੈਂ ਮਾਂ ਕੋਲੋਂ ਉਹਦੀ ਕੋਈ ਗੱਲ ਵੀ ਕਦੀ ਨਹੀਂ ਸੁਣੀ। ਪਿਤਾ? ਮੇਰਾ ਖ਼ਿਆਲ ਹੈ ਉਹ ਮਰ ਚੁੱਕਾ ਹੈ-।

"ਅਤੇ ਤੁਹਾਡੀ ਮਾਤਾ?"

"ਮੇਰੀ ਉਹਦੇ ਨਾਲ ਬਹੁਤੀ ਨਹੀਂ ਬਣਦੀ। ਅਸੀਂ ਦੋਵੇਂ ਇਕ ਦੂਜੇ ਲਈ ਮੁਸੀਬਤ ਹਾਂ ਅਤੇ ਇਕ ਦੂਜੇ ਕੋਲੋਂ ਡਰਦੀਆਂ ਹਾਂ।"

ਇਕ ਦੂਜੇ ਲਈ ਮੁਸੀਬਤ ਅਤੇ ਇਕ ਦੂਜੇ ਕੋਲੋਂ ਡਰਦੀਆਂ ਹਾਂ। ਉਹਦੀ ਇਸ ਗੱਲ ਨਾਲ ਮੇਰੇ ਦਿਮਾਗ਼ ਵਿਚ ਇਕ ਸ਼ੰਕਾ ਉਤਪੰਨ ਹੋਈ ਕਿ ਹੋ ਸਕਦਾ ਹੈ, ਉਹਦੀ ਮਾਂ ਨੇ ਹੀ ਉਹਨੂੰ ਜ਼ਬਰੀ ਬੰਦ ਕਰਵਾਇਆ ਹੋਵੇ।

"ਮੈਨੂੰ ਮਾਂ ਬਾਰੇ ਕੁਝ ਨਾ ਪੁਛੋ, ਉਹ ਕਹਿੰਦੀ ਗਈ। "ਉਸ ਨਾਲੋਂ ਤੇ ਮੈਂ ਮਿਸਜ ਕਲੀਮੈਂਟਸ ਦੀ ਗੱਲ ਕਰਨੀ ਪਸੰਦ ਕਰਾਂਗੀ। ਮਿਸ਼ਜ ਕਲੀਮੈਂਟਸ ਤੁਹਾਡੇ ਵਰਗੀ ਹੈ, ਅਤੇ ਇਹ ਨਹੀਂ ਸੋਚਦੀ ਕਿ ਮੁੜ ਮੈਨੂੰ ਪਾਗਲਖ਼ਾਨੇ ਵਿਚ ਹੋਣਾ ਚਾਹੀਦਾ ਹੈ, ਉਹ ਵੀ ਤੁਹਾਡੇ

ਵਾਂਗ ਇਸ ਗੱਲ ਤੇ ਬੜੀ ਖੁਸ਼ ਹੈ ਕਿ ਮੈਂ ਉਥੋਂ ਨੱਠ ਕੇ ਬੱਚ ਨਿਕਲੀ ਸਾਂ। ਉਹ ਮੇਰੀ ਬਦਕਿਸਮਤੀ ਉਤੇ ਰੋਂਦੀ ਰਹੀ ਅਤੇ ਕਹਿਣ ਲੱਗੀ ਕਿ ਇਹ ਗੱਲ ਇਕ ਰਾਜ ਹੀ ਰਹਿਣੀ ਚਾਹੀਦੀ ਹੈ।"

"ਉਹਦੀ ਬਦਕਿਸਮਤੀ।" ਉਹ ਇਨ੍ਹਾਂ ਸ਼ਬਦਾਂ ਨੂੰ ਕਿਸ ਭਾਵ ਨਾਲ ਵਰਤ ਰਹੀ ਸੀ? ਕੀ ਇਹ ਭਾਵ ਸੀ, ਜਿਸ ਨਾਲ ਗੁਮਨਾਮ ਚਿੱਠੀ ਲਿਖਣ ਦਾ ਉਸਦਾ ਮੰਤਵ ਸਪੱਸ਼ਟ ਹੋ ਜਾਂਦਾ ਸੀ? ਕੀ ਇਨ੍ਹਾਂ ਸ਼ਬਦਾਂ ਤੋਂ ਉਸਦਾ ਉਹ ਮਤਲਬ ਸੀ, ਜਿਸ ਕਰਕੇ ਅਕਸਰ ਹੀ ਬਹੁਤ ਔਰਤਾਂ ਨੂੰ ਉਸ ਮਰਦ ਦੇ ਵਿਆਹ ਵਿਚ ਕਈ ਗੁਮਨਾਮ ਅੜਚਣਾਂ ਪਾਉਣੀਆਂ ਪੈਂਦੀਆਂ ਹਨ, ਜਿਸ ਵਿਚ ਉਨ੍ਹਾਂ ਦੀ ਜ਼ਿੰਦਗੀ ਬਰਬਾਦ ਕੀਤੀ ਹੁੰਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਆਪਸ ਵਿਚ ਹਰ ਗੱਲਾਂ ਕਰਦੇ, ਮੈਂ ਆਪਣੀ ਇਸ ਸ਼ੰਕਾ ਦਾ ਸਮਾਧਾਨ ਕਰਨ ਦਾ ਨਿਸ਼ਚਾ ਕੀਤਾ।

"ਕਿਹੜੀ ਬਦਕਿਸਮਤੀ?' ਮੈਂ ਪੁੱਛਿਆ।

"ਮੇਰੇ ਬੰਦ ਕੀਤੇ ਜਾਣ ਦੀ ਬਦਕਿਸਮਤੀ," ਉਹਨੇ ਮੇਰੇ ਪ੍ਰਸ਼ਨ ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ। "ਇਸ ਤੋਂ ਹੋਰ ਕਿਹੜੀ ਵਧ ਬਦਕਿਸਮਤੀ ਹੋ ਸਕਦੀ ਹੈ?"

ਮੈਂ ਬੜੇ ਸਬਰ ਅਤੇ ਭੱਦਰਤਾ ਨਾਲ ਉਹਦੇ ਕੋਲੋਂ ਪੁੱਛਣ ਦੀ ਜ਼ਿੰਦ ਉਤੇ ਡਟੇ ਰਹਿਣ ਦੀ ਸੋਚੀ! ਇਹ ਗੱਲ ਬੜੀ ਮਹੱਤਵਪੂਰਣ ਸੀ ਕਿ ਮੈਂ ਜਿਸ ਛਾਣਬੀਣ ਵਿਚ ਅੱਗੇ ਵਧ ਰਿਹਾ ਸਾਂ, ਉਸ ਵਿਚ ਹਰ ਕਦਮ ਉਤੇ ਮੈਨੂੰ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਸੀ।

"ਇਕ ਹੋਰ ਬਦਕਿਸਮਤੀ ਵੀ ਹੁੰਦੀ ਹੈ," ਮੈਂ ਕਿਹਾ, "ਜਿਸ ਕਾਰਣ ਇਕ ਔਰਤ ਦੇਣਦਾਰ ਹੋ ਜਾਂਦੀ ਹੈ ਅਤੇ ਸਾਰੀ ਉਮਰ ਲਈ ਦੁੱਖ ਅਤੇ ਸਰਮਿੰਦਗੀ ਝਲਦੀ ਹੈ।

"ਉਹ ਕਿਹੜੀ ਹੈ" ਉਹਨੇ ਉਤਸੁਕਤਾ ਨਾਲ ਪੁੱਛਿਆ।

'ਆਪਣੀ ਚੰਗਿਆਈ ਵਿਚ, ਅਤੇ ਜਿਸ ਨੂੰ ਉਹ ਪਿਆਰ ਕਰਦੀ ਹੈ, ਉਸ ਦੇ ਪਿਆਰ ਅਤੇ ਇੱਜ਼ਤ ਵਿਚ ਭੋਲੇ ਭਾਅ ਵਿਸ਼ਵਾਸ ਕਰ ਲੈਣਾ," ਮੈਂ ਉੱਤਰ ਦਿੱਤਾ,

ਉਹਨੇ ਮੇਰੇ ਵੱਲ ਵੇਖਿਆ। ਉਹਦੇ ਮੂੰਹ ਤੇ ਇਕ ਬੱਚੇ ਵਰਗੀ ਘਬਰਾਹਟ ਸੀ। ਰਤਾ ਵੀ ਪ੍ਰਸ਼ਾਨੀ ਨਹੀਂ ਸੀ, ਨਾ ਹੀ ਉਹਦੇ ਚਿਹਰੇ ਦਾ ਰੰਗ ਬਦਲਿਆ ਸੀ, ਨਾ ਹੀ ਕੋਈ ਦਿਲ ਵਿਚ ਛੁਪੀ ਹੋਈ ਸ਼ਰਮਿੰਦਗੀ ਦਾ ਅਹਿਸਾਸ ਉਹਦੇ ਮੂੰਹ ਤੇ ਸੀ; ਹਾਲਾਂ ਕਿ ਉਹਦੇ ਮੂੰਹ ਤੋਂ

ਸਪੱਸ਼ਟ ਹੀ ਉਹਦੇ ਦਿਲ ਦੇ ਭਾਵ ਪ੍ਰਗਟ ਹੋ ਜਾਂਦੇ ਸਨ। ਉਹਦੀਆਂ ਤਕਣੀਆਂ ਅਤੇ ਵਤੀਰੇ ਤੋਂ ਮੈਨੂੰ ਇੰਨਾ ਪੱਕਾ ਵਿਸ਼ਵਾਸ ਹੋ ਗਿਆ ਜਿੰਨਾ ਸ਼ਾਇਦ ਉਹਦੇ ਮੂੰਹ ਤੋਂ ਨਿਕਲੇ ਸ਼ਬਦਾਂ ਨਾਲ ਵੀ ਨਾ ਹੁੰਦਾ, ਕਿ ਉਹਦੇ ਮਿਸ ਫ਼ੇਅਰਲੀ ਨੂੰ ਚਿੱਠੀ ਲਿਖਣ ਅਤੇ ਭੇਜਣ ਦਾ ਜੋ ਮੈਂ ਮਤਲਬ ਲਿਆ ਸੀ, ਉਹ ਬਿਲਕੁਲ ਹੀ ਗਲਤ ਸੀ। ਖੈਰ, ਮੇਰੀ ਸ਼ੰਕਾ ਦਾ ਸਮਾਧਾਨ ਹੋ ਚੁੱਕਾ ਸੀ, ਪਰ ਇਸ ਸ਼ੱਕ ਦੇ ਦੂਰ ਹੁੰਦਿਆਂ ਹੀ ਹੁਣ ਮੈਂ ਫਿਰ ਸ਼ੰਕਿਆਂ ਅਤੇ ਦੁਚਿੱਤੀਆਂ ਵਿਚ ਸਾਂ। ਮੈਨੂੰ ਨਿਸ਼ਚਿਤ ਸਬੂਤਾਂ ਅਤੇ ਪ੍ਰਮਾਣਾਂ ਤੋਂ ਪਤਾ ਸੀ, ਕਿ ਚਿੱਠੀ ਵਿਚ ਪਰਸੀਵਲ ਗਲਾਈਡ ਵੱਲ ਹੀ ਇਸ਼ਾਰਾ ਕੀਤਾ ਗਿਆ ਸੀ, ਭਾਵੇਂ ਉਹ ਦਾ ਨਾਂ ਸਪਸ਼ਟ ਰੂਪ ਵਿਚ ਨਹੀਂ ਸੀ ਲਿਖਿਆ ਗਿਆ। ਮਿਸ ਫ਼ੇਅਰਲੀ ਕੋਲ ਭੇਤਭਰੇ ਢੰਗ ਨਾਲ ਇੰਨੇ ਸਖਤ ਸ਼ਬਦਾ ਵਿਚ ਜਿਹੜੇ ਉਹਨੇ ਸਰ ਪਰਸੀਵਲ ਨੂੰ ਨਿੰਦਣ ਲਈ ਵਰਤੇ ਹਨ, ਅਵੱਸ਼ ਕੋਈ ਬੜਾ ਹੀ ਨਿੱਗਰ ਕਾਰਣ ਹੋਵੇਗਾ, ਜਿਸ ਦੀ ਤਹਿ ਵਿਚ ਕਿਸੇ ਡੂੰਘੀ ਸੱਟ ਦਾ ਅਹਿਸਾਸ ਹੋਵੇਗਾ ਪਰ ਇਸ ਮੰਤਵ ਦਾ ਅਤੇ ਏਨ ਕੈਥੇਰਿਕ ਦੇ ਚਾਲ-ਚਲਣ ਅਤੇ ਉਸਦੇ ਨਿਰਦੋਸ਼ ਹੋਣ ਦਾ ਆਪਸ ਵਿਚ ਕੋਈ ਸਬੰਧ ਨਹੀਂ, ਇਹ ਗੱਲ ਤਾਂ ਸੋਲਾਂ ਆਨੇ ਸੱਚੀ ਸੀ। ਜੋ ਵੀ ਵਧੀਕੀ ਉਹ ਨੇ ਇਸ ਨਾਲ ਕੀਤੀ ਸੀ, ਉਹ ਅਜਿਹੀ ਨਹੀਂ ਸੀ। ਤਾਂ ਉਹ ਕੀ ਸੀ?

"ਮੈਨੂੰ ਤੁਹਾਡੀ ਗੱਲ ਦੀ ਸਮਝ ਨਹੀਂ ਆ ਰਹੀ", ਉਹ ਬੜੀ ਦੇਰ ਮੇਰੀ ਗੱਲ ਨੂੰ ਸਮਝਣ ਦਾ ਯਤਨ ਕਰਦੀ ਰਹੀ ਸੀ। ਪਰ ਉਹਦੇ ਪਿੜ ਪੱਲੇ ਕੱਖ ਨਹੀਂ ਸੀ ਪਿਆ।

"ਉਹਨੂੰ ਭੁੱਲ ਜਾਉ," ਮੈਂ ਉੱਤਰ ਦਿੱਤਾ, "ਅਸੀਂ ਜੋ ਪਹਿਲਾਂ ਗੱਲਾਂ ਕਰ ਰਹੇ ਸਾਂ, ਉਹ ਮੁੜ ਕਰਦੇ ਹਾਂ। ਮੈਨੂੰ ਦੱਸੋ, ਤੁਸੀਂ ਲੰਦਨ ਵਿਚ ਮਿਸੇਜ਼ ਕਲੀਮੈਂਟਸ ਕੋਲ ਕਿੰਨੀ ਦੇਰ ਰਹੇ ਅਤੇ ਇਥੇ ਕਿਸ ਤਰ੍ਹਾਂ ਆਏ?"

"ਕਿੰਨੀ ਦੇਰ?" ਉਹਨੇ ਗੱਲ ਦੁਹਰਾਈ। "ਮੈਂ ਮਿਸੇਜ਼ ਕਲੀਮੈਂਟਸ ਕੋਲ ਹੀ ਠਹਿਰੀ ਹੋਈ ਸਾਂ, ਅਸੀਂ ਦੋਵੇਂ ਹੀ ਦੋ ਦਿਨ ਪਹਿਲਾਂ ਇਥੇ ਆਈਆਂ ਹਾਂ।"

"ਤਾਂ ਤੁਸੀ ਪਿੰਡ ਵਿਚ ਹੀ ਠਹਿਰੇ ਹੋ?" ਮੈਂ ਕਿਹਾ। "ਇਹ ਅਜੀਬ ਗੱਲ ਹੈ ਕਿ ਮੈਂ ਤੁਹਾਡੇ ਬਾਰੇ ਕਿਸੇ ਕੋਲੋਂ ਸੁਣਿਆ ਨਾ ਹੋਵੇ ਭਾਵੇਂ ਤੁਹਾਨੂੰ ਇਥੇ ਆਇਆ ਅਜੇ ਦੋ ਹੀ ਦਿਨ ਹੋਏ ਹਨ।"

"ਨਹੀਂ, ਨਹੀਂ, ਅਸੀਂ ਪਿੰਡ ਵਿਚ ਨਹੀਂ ਹਾਂ। ਤਿੰਨ ਮੀਲ ਦੂਰ ਇਕ ਫਾਰਮ ਵਿਚ ਹਾਂ। ਕੀ ਤੁਸੀਂ ਉਸ ਫਾਰਮ ਨੂੰ ਜਾਣਦੇ ਹੋ? ਉਹਨੂੰ ਲੋਕ ਟਾਡੇਸ ਕਾਰਨਰ ਕਹਿੰਦੇ ਹਨ।"

ਮੈਨੂੰ ਉਹ ਥਾਂ ਚੰਗੀ ਤਰ੍ਹਾਂ ਯਾਦ ਸੀ; ਜਦੋਂ ਅਸੀਂ ਸੈਰ ਕਰਨ ਜਾਂਦੇ ਸਾਂ, ਤਾਂ ਅਸੀਂ ਅਕਸਰ ਇਸ ਕੋਲ ਲੰਘਿਆ ਕਰਦੇ ਸਾਂ। ਇਹ ਉਸ ਇਲਾਕੇ ਦਿਆਂ ਪੁਰਾਣੀਆਂ ਫਾਰਮਾਂ ਵਿਚੋਂ ਇਕ ਸੀ, ਇਕਲਵਾਂਜੇ ਅਤੇ ਇਕ ਛਪੀ ਹੋਈ ਥਾਂ, ਜਿਥੇ ਦੋ ਪਹਾੜੀਆਂ ਮਿਲਦੀਆਂ ਸਨ, ਇਹ ਫ਼ਾਰਮ ਸਥਿਤ ਸੀ।

"ਟਾਡੇਸ ਕਾਰਨਰ ਵਿਚ ਮਿਸੇਜ਼ ਕਲੀਮੈਂਟਸ ਦੇ ਸਬੰਧੀ ਹਨ," ਉਹ ਕਹਿੰਦੀ ਗਈ, "ਅਤੇ ਉਨ੍ਹਾਂ ਕਈ ਵਾਰ ਉਹਨੂੰ ਮਿਲਣ ਲਈ ਬੁਲਾਇਆ ਹੈ। ਉਹ ਕਹਿਣ ਲੱਗੀ ਕਿ ਉਹ ਮੈਨੂੰ ਲੈ ਕੇ, ਜਾਏਗੀ ਤਾਂ ਜੋ ਮੇਰੇ ਲਈ ਹਵਾ ਪਾਣੀ ਬਦਲਿਆ ਜਾਏ। ਉਹਨੂੰ ਮੇਰਾ ਕਿੰਨਾ ਖ਼ਿਆਲ ਹੈ, ਨਹੀਂ ਕੀ -? ਮੈਂ ਕਿਸੇ ਵੀ ਥਾਂ ਤੇ ਚਲੀ ਜਾਂਦੀ-ਤਾਂ ਜੋ ਇਕ ਪਾਸੇ ਹੋਣ ਨਾਲ ਮੈਂ ਹਰ ਸੁਰੱਖਿਅਤ ਹੋ ਜਾਂਦੀ। ਪਰ ਜਦੋਂ ਮੈਂ ਇਹ ਸੁਣਿਆ ਕਿ ਟਾਡਸ ਕਾਰਨਰ ਲਿਮਰਿਜ ਦੇ ਨੇੜੇ ਹੈ -ਹਾਇ ! ਮੈਂ ਏਨੀ ਖ਼ੁਸ ਹੋਈ ਕਿ ਮੈਂ ਸਾਰਾ ਰਾਹ ਨੰਗੀ ਪੈਰੀਂ ਚਲ ਕੇ ਇਥੇ ਆ ਸਕਦੀ ਸਾਂ, ਤਾਂ ਜੋ ਇਹ ਸਕੂਲ ਅਤੇ ਇਸ ਪਿੰਡ ਨੂੰ ਮੁੜ ਵੇਖ ਸਕਾਂ। ਟਾਡੇਸ ਕਾਰਨਰ ਵਿਚ ਸਾਰੇ ਬੜੇ ਚੰਗੇ ਲੋਕ ਹਨ। ਮੈਨੂੰ ਆਸ ਹੈ ਕਿ ਮੈਂ ਇਥੇ ਕਾਫ਼ੀ ਚਿਰ ਰਵਾਂਗੀ। ਬਸ ਮੈਨੂੰ ਇਕ ਚੀਜ਼ ਉਨ੍ਹਾਂ ਬਾਰੇ ਪਸੰਦ ਨਹੀਂ- ਅਤੇ ਨਾ ਹੀ ਉਹ ਮਿਸੇਜ਼ ਕਲੀਮੈਂਟਸ ਵਿਚ ਚੰਗੀ ਲਗਦੀ ਹੈ"

"ਉਹ ਕੀ ਹੈ?"

"ਉਹ ਮੈਨੂੰ ਨਿਰਾ ਚਿੱਟਾ ਲਿਬਾਸ ਪਹਿਨਣ ਲਈ ਛੇੜਦੇ ਹਨ- ਉਹ ਕਹਿੰਦੇ ਹਨ ਕਿ ਇਸ ਲਿਬਾਸ ਨਾਲ ਮੈਂ ਅਨੋਖੀ ਜੇਹੀ ਲਗਦੀ ਹਾਂ। ਇਨ੍ਹਾਂ ਲੋਕਾਂ ਨੂੰ ਕੀ ਪਤਾ ਹੈ? ਮਿਸੇਜ਼ ਫ਼ੇਅਰਲੀ ਸਭ ਤੋਂ ਵਧ ਜਾਣਦੀ ਸੀ। ਮਿਸਜ਼ ਫ਼ੇਅਰਲੀ ਮੈਨੂੰ ਕਦੀ ਵੀ ਇਹ ਗੰਦਾ ਜਿਹਾ ਨੀਲਾ ਚੋਗਾ ਨਾ ਪਾਣ ਦੇਂਦੀ। ਉਹ ਆਪਣੀ ਸਾਰੀ ਜ਼ਿੰਦਗੀ ਚਿੱਟੇ ਰੰਗ ਨੂੰ ਪਿਆਰ ਕਰਦੀ ਰਹੀ ਸੀ; ਅਤੇ ਹੁਣ ਉਹਦੀ ਕਬਰ ਉਤੇ ਇਹ ਚਿੱਟਾ ਪੱਥਰ ਹੈ -ਮੇਂ ਉਸ ਦੀ ਖ਼ਾਤਰ ਇਸਨੂੰ ਹੋਰ ਚਿੱਟਾ ਕਰ ਰਹੀ ਹਾਂ। ਉਹ ਅਕਸਰ ਚਿੱਟੇ ਕੱਪੜੇ ਪਾਂਦੀ; ਅਤੇ ਆਪਣੀ ਛੋਟੀ ਬੱਚੀ ਨੂੰ ਸਦਾ ਚਿੱਟੇ ਲਿਬਾਸ ਵਿਚ ਰੱਖਦੀ ਸੀ। ਕੀ ਮਿਸ ਫ਼ੇਅਰਲੀ ਠੀਕ ਅਤੇ ਖੁਸ਼ ਹੈ? ਕੀ ਹੁਣ ਵੀ ਉਸੇ ਤਰ੍ਹਾਂ ਚਿੱਟੇ ਕੱਪੜੇ ਪਾਂਦੀ ਹੈ, ਜਿਵੇਂ ਬਚਪਨ ਵਿਚ ਪਾਇਆ ਕਰਦੀ ਸੀ?"

ਜਦੋਂ ਉਹ ਨੇ ਮਿਸ ਫ਼ੇਅਰਲੀ ਬਾਰੇ ਇਹ ਪ੍ਰਸ਼ਨ ਪੁੱਛੇ ਤਾਂ ਉਹਦੀ ਆਵਾਜ਼ ਬੜੀ ਮੱਧਮ ਹੋ ਗਈ ਸੀ; ਅਤੇ ਉਹ ਆਪਣਾ ਸਿਰ ਮੇਰੇ ਤੋਂ ਪਰ੍ਹੇ ਮੋੜਦੀ ਗਈ। ਮੈਨੂੰ ਲਗਾ, ਜਿਵੇਂ ਮੈਨੂੰ ਉਹਦੇ ਵਤੀਰੇ ਦੀ ਇਸ ਤਬਦੀਲੀ ਵਿਚੋਂ ਇਕ ਬੈਚੇਨੀ ਦਿੱਸੀ ਹੋਵੇ; ਗੁੰਮਨਾਮ ਚਿੱਠੀ ਨੂੰ ਭੇਜ ਕੇ ਜੋ ਖ਼ਤਰਾ ਉਹਨੇ ਸਹੇੜਿਆ ਸੀ, ਉਹਦੇ ਅਹਿਸਾਸ ਨਾਲ ਉਹ ਕੁਝ ਘਬਰਾ ਰਹੀ ਸੀ; ਮੈਂ ਇਕ ਦਮ ਉਹਨੂੰ ਅਜਿਹਾ ਉੱਤਰ ਦੇਣ ਦਾ ਸੋਚਿਆ, ਜਿਸ ਨਾਲ ਉਹ ਚਿੱਠੀ ਭੇਜਣ ਦੀ ਗੱਲ ਸਵੀਕਾਰ ਕਰ ਲਵੇ।

"ਮਿਸ ਫ਼ੇਅਰਲੀ ਅੱਜ ਸਵੇਰ ਦੀ ਹੀ ਬਹੁਤ ਠੀਕ ਨਹੀਂ ਅਤੇ ਨਾ ਹੀ ਬਹੁਤੀ ਖੁਸ਼ ਹੈ," ਮੈਂ ਕਿਹਾ। ਉਹ ਆਪਣੇ ਮੂੰਹ ਵਿਚ ਹੀ ਕੁਝ ਬੋਲੀ; ਪਰ ਉਹਦੀ ਆਵਾਜ ਬੜੀ ਮੱਧਮ ਸੀ, ਅਤੇ ਘਬਰਾਏ ਹੋਏ ਲਹਿਜੇ ਵਿਚ ਉਹਨੇ ਜੋ ਵੀ ਕੁਝ ਕਿਹਾ, ਮੈਂ ਉਹਦਾ ਅਨੁਮਾਨ ਲਾਉਣ ਤੋਂ ਵੀ ਅਸਮਰੱਥ ਸਾਂ।

"ਕੀ ਤੁਸੀਂ ਮੈਨੂੰ ਇਹ ਪੁੱਛਿਆ ਹੈ ਕਿ ਮਿਸ ਫ਼ੇਅਰਲੀ ਅੱਜ ਸਵੇਰ ਤੋਂ ਪ੍ਰੇਸ਼ਾਨ ਅਤੇ ਠੀਕ ਕਿਉਂ ਨਹੀਂ?" ਮੈਂ ਆਪਣੀ ਗੱਲ ਜਾਰੀ ਰੱਖੀ।

"ਨਹੀਂ"," ਉਹਨੇ ਕਾਹਲੀ ਨਾਲ ਆਖਿਆ, "ਨਹੀਂ, ਮੈਂ ਤਾਂ ਇਹ ਨਹੀਂ ਪੁੱਛਿਆ।"

"ਮੈਂ ਤੁਹਾਨੂੰ ਬਿਨਾਂ ਪੁੱਛੇ ਹੀ ਦੱਸਦਾ ਹਾਂ," ਮੈਂ ਕਹਿੰਦਾ ਗਿਆ, "ਮਿਸਜ਼ ਫ਼ੇਅਰਲੀ ਨੂੰ ਤੁਹਾਡੀ ਚਿੱਠੀ ਮਿਲ ਗਈ ਸੀ।"

ਉਹ ਪਿਛਲੇ ਕੁਝ ਸਮੇਂ ਤੋਂ ਗੋਡਿਆ ਪਰਨੇ ਬੈਠੀ ਸ਼ਿਲਾਲੇਖ ਤੋਂ ਮੀਂਹ ਝੱਖੜ ਦੇ ਧੱਬਿਆਂ ਨੂੰ ਬੜੇ ਧਿਆਨ ਨਾਲ ਉਤਾਰ ਰਹੀ ਸੀ ਅਤੇ ਇਸ ਦੇ ਨਾਲ ਹੀ ਅਸੀਂ ਗੱਲਾਂ ਕਰ ਰਹੇ ਸਾਂ। ਮੈਂ ਜੋ ਗੱਲ ਹੁਣੇ ਕਹੀ ਸੀ, ਇਸ ਦੇ ਪਹਿਲੇ ਵਾਕ ਨਾਲ ਹੀ ਉਹ ਆਪਣਾ ਕੰਮ ਕਰਦੀ ਕਰਦੀ ਰੁਕ ਗਈ, ਅਤੇ ਗੋਡਿਆਂ ਭਾਰ ਬੈਠੀ ਬੈਠੀ ਨੇ ਹੀ ਹੌਲੀ ਹੌਲੀ ਮੇਰੇ ਵੱਲ ਆਪਣਾ ਚਿਹਰਾ ਘੁਮਾਇਆ। ਮੇਰੇ ਦੂਜੇ ਵਾਕ ਨਾਲ ਤਾਂ ਜਿਵੇਂ ਉਹ ਸੁੰਨ ਹੀ ਹੋ ਗਈ। ਉਸਦੇ ਹੱਥਾਂ ਵਿਚੋਂ ਕੱਪੜਾ ਹੇਠਾਂ ਡਿੱਗ ਪਿਆ। ਉਸਦੇ ਬੁੱਲ੍ਹ ਖੁੱਲੇ ਦੇ ਖੁੱਲੇ ਰਹਿ ਗਏ ਅਤੇ ਉਹਦੇ ਮੂੰਹ ਤੇ ਰਤਾ ਮਾਸਾ ਜਿਹੜਾ ਰੰਗ ਸੀ, ਉਹ ਵੀ ਪਲਕ ਝਲਕਾਰੇ ਵਿਚ ਹੀ ਉੱਡ ਗਿਆ।

"ਤੁਹਾਨੂੰ ਕਿਵੇਂ ਪਤਾ ਹੈ?" ਉਹ ਬੜੀ ਧੀਮੀ ਆਵਾਜ਼ ਵਿਚ ਬੋਲੀ। "ਉਹ ਤੁਹਾਨੂੰ ਕਿਸ ਨੇ ਵਿਖਾਈ ਹੈ?" ਉਹਦੇ ਚਿਹਰੇ ਤੇ ਹੁਣ ਸਾਰਾ ਖ਼ੂਨ ਇਕੱਠਾ ਹੋ ਗਿਆ ਸੀ-ਜਿਉਂ ਹੀ

ਉਹਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਹਦੇ ਆਪਣੇ ਸ਼ਬਦਾਂ ਨੇ ਹੀ ਉਹਨੂੰ ਧੋਖਾ ਦਿੱਤਾ ਹੈ ਤਾਂ ਸਾਰਾ ਖ਼ੂਨ ਬੜੀ ਤੀਬਰਤਾ ਨਾਲ ਉਹਦੇ ਮੂੰਹ ਉਤੇ ਹੀ ਸਿਮਟ ਗਿਆ। ਉਹਨੇ ਘਬਰਾ ਕੇ ਦੋਵੇ ਹੱਥ ਮਲੇ। ਮੈਂ ਬਿਲਕੁਲ ਕੋਈ ਚਿੱਠੀ ਨਹੀਂ ਲਿਖੀ," ਡਰ ਨਾਲ ਹੋਕਦੀ ਹੋਈ ਬੋਲੀ; "ਮੈਂ" ਉਸ ਬਾਰੇ ਕੁਝ ਨਹੀਂ ਜਾਣਦੀ !" "ਹਾਂ," ਮੈਂ ਕਿਹਾ, "ਤੁਸੀਂ ਹੀ ਉਹ ਚਿੱਠੀ ਲਿਖੀ ਹੈ, ਅਤੇ ਤੁਹਾਨੂੰ ਇਸ ਬਾਰੇ ਪਤਾ ਹੈ। ਅਜਿਹੀ ਚਿੱਠੀ ਭੇਜਣੀ ਗਲਤੀ ਸੀ, ਮਿਸ ਫ਼ੇਅਰਲੀ ਨੂੰ ਡਰਾਉਣਾ ਗਲਤ ਕੰਮ ਸੀ, ਜੇ ਤੁਸੀਂ ਕੋਈ ਅਜਿਹੀ ਗੱਲ ਕਹਿਣੀ ਸੀ ਜੋ ਉਸ ਲਈ ਸੁਣਨੀ ਜ਼ਰੂਰੀ ਅਤੇ ਉਚਿੱਤ ਸੀ ਤਾਂ ਤੁਸੀਂ ਆਪ ਲਿਮਰਿਜ ਹਾਊਸ ਚਲੇ ਜਾਣਾ ਸੀ, ਤੁਸੀਂ ਆਪਣੇ ਮੂੰਹ ਨਾਲ ਮਿਸ ਫ਼ੇਅਰਲੀ ਨੂੰ ਸਾਰੀ ਗੱਲ ਦੱਸਣੀ ਸੀ।'

ਉਹ ਕਬਰ ਦੇ ਚੜੇ ਪੱਥਰ ਉਤੇ ਸਾਰੀ ਦੀ ਸਾਰੀ ਝੁੱਕ ਗਈ, ਇਥੋਂ ਤੀਕ ਕਿ ਮੈਨੂੰ ਉਹਦਾ ਮੂੰਹ ਵੀ ਨਹੀਂ ਸੀ ਦਿਸਦਾ ਅਤੇ ਉਹਨੇ ਕਈ ਉੱਤਰ ਨਾ ਦਿੱਤਾ।

"ਮਿਸ ਫ਼ੇਅਰਲੀ ਵੀ ਤੁਹਾਡੇ ਨਾਲ ਆਪਣੀ ਮਾਂ ਵਾਂਗ ਹੀ ਦਯਾਵਾਨ ਅਤੇ ਚੰਗੀ ਸਾਬਤ ਹੋਵੇਗੀ; ਅਤੇ ਤੁਹਾਨੂੰ ਉਹ ਕੋਈ ਹਰਜ ਮਰਜ ਵੀ ਨਹੀਂ ਹੋਣ ਦੇਵੇਗੀ।" ਮੈਂ ਕਿਹਾ, "ਤੁਹਾਡੇ ਭੇਤ ਨੂੰ ਉਹ ਸਾਂਭ ਕੇ ਰਖੇਗੀ; ਕੀ ਤੁਸੀਂ ਕਲ ਫਾਰਮ ਉਤੇ ਉਹਨੂੰ ਮਿਲ ਸਕਦੇ ਹੋ? ਜਾਂ ਕੀ ਤੁਸੀਂ ਲਿਮਰਿਜ ਹਾਊਸ ਦੇ ਬਗੀਚੇ ਵਿਚ ਉਹਨੂੰ ਕੱਲ੍ਹ ਮਿਲੋਗੇ?"

"ਕਾਸ਼, ਮੈਂ ਮਰ ਜਾਂਦੀ ਅਤੇ ਤੁਹਾਡੇ ਨਾਲ ਹੀ ਇਥੇ ਆਰਾਮ ਕਰਦੀ ਅਤੇ ਛੁੱਪ ਜਾਂਦੀ।' ਉਹਨੇ ਕਬਰ ਦੇ ਪੱਥਰ ਨੇੜੇ ਇਹ ਸ਼ਬਦ ਕਹੇ; ਇਹ ਸ਼ਬਦ ਕਬਰ ਵਿਚਲੇ ਮਰ ਚੁਕੇ ਨੂੰ ਬੜੇ ਪਿਆਰ ਨਾਲ ਸੰਬੋਧਨ ਕੀਤੇ ਸਨ। "ਤੁਸੀਂ ਜਾਣਦੇ ਹੋ, ਮਿਸਜ ਫੇਅਰਲੀ, ਤੁਹਾਡੀ ਖ਼ਾਤਰ ਮੈਂ ਤੁਹਾਡੀ ਬੱਚੀ ਨੂੰ ਕਿੰਨਾ ਪਿਆਰ ਕਰਦੀ ਹਾਂ; ਹਾਇ, ਮਿਸ਼ਜ ਫ਼ੇਅਰਲੀ! ਮਿਸੇਜ਼ ਫ਼ੇਅਰਲੀ, ਮੈਂਨੂੰ ਦੱਸੋ, ਕਿ ਮੈਂ ਉਹਨੂੰ ਕਿਵੇਂ ਬਚਾਵਾਂ। ਇਕ ਵਾਰ ਮੁੜ ਮੇਰੀ ਪਿਆਰੀ ਮਾਂ ਬਣੋ ਅਤੇ ਦੱਸੋ ਕਿ ਮੈਂ ਕੀ ਕਰਾਂ ਕਿ ਸਭ ਕੁਛ ਠੀਕ ਹੋ ਜਾਏ।"

ਮੈਨੂੰ ਉਹਦੇ ਪੱਥਰ ਨੂੰ ਚੁੰਮਣ ਦੀ ਆਵਾਜ਼ ਆਈ; ਮੈਂ ਉਹਨੂੰ ਕਬਰ ਉਤੇ ਜ਼ੋਰ ਜ਼ੋਰ ਦੀ ਹੱਥ ਮਾਰਦਿਆਂ ਵੇਖਿਆ। ਇਸ ਦ੍ਰਿਸ਼ ਅਤੇ ਆਵਾਜ਼ ਨੇ ਮੇਰੇ ਦਿਲ ਨੂੰ ਹਿਲਾ ਦਿੱਤਾ। ਮੈਂ ਝੁਕ ਕੇ, ਉਨ੍ਹਾਂ ਨਿਢਾਲ ਅਤੇ ਸ਼ਿਥਿਲ ਹੱਥਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਉਹਨੂੰ ਧਰਵਾਸ ਦੇਣ ਦਾ ਯਤਨ ਕੀਤਾ।

ਮੇਰੀ ਇਹ ਕੋਸ਼ਿਸ਼ ਵਿਅਰਥ ਸੀ। ਉਹਨੇ ਆਪਣੇ ਹੱਥ ਮੇਰਿਆਂ ਹੱਥਾਂ ਵਿਚੋਂ ਛੁਡਾ ਲਏ ਅਤੇ ਪੱਥਰ ਤੋਂ ਆਪਣਾ ਮੂੰਹ ਨਾ ਚੁਕਿਆ। ਮੈਂ ਉਹਨੂੰ ਹੁਣ ਕਿਸੇ ਨਾ ਕਿਸੇ ਤਰਾਂ ਸ਼ਾਂਤ ਕਰਨਾ ਚਾਹੁੰਦਾ ਸਾਂ, ਕਿਉਂਕਿ ਇਹ ਗੱਲ ਬੜੀ ਜ਼ਰੂਰੀ ਸੀ। ਇਸ ਲਈ ਮੈਂ ਉਹਦੀ ਉਸ ਚਿੰਤਾਂ ਨੂੰ ਛੇੜਿਆ ਜੋ ਮੇਰੀ ਇਸ ਰਾਇ ਬਾਰੇ ਸੀ। ਕਿ ਮੈਂ ਉਹਨੂੰ ਪਾਗਲ ਤਾਂ ਨਹੀਂ ਸਾਂ ਸਮਝਦੀ। ਉਹਨੂੰ ਮੈਨੂੰ ਇਹੀ ਮੰਨਵਾਉਣ ਦੀ ਚਿੰਤਾ ਸੀ, ਕਿ ਉਹ ਆਜ਼ਾਦ ਹੋਣ ਦੇ ਯੋਗ ਹੈ।

"ਉਠੋ, ਉਠੋ," ਮੈਂ ਪਿਆਰ ਨਾਲ ਕਿਹਾ, "ਆਪਣੇ ਆਪ ਨੂੰ ਸ਼ਾਂਤ ਕਰਨ ਦੀ ਕਸ਼ਿਸ਼ ਕਰੋ; ਨਹੀਂ ਤੇ ਮੈਂ ਆਪਣੀ ਰਾਇ ਬਦਲਣ ਲਈ ਮਜ਼ਬੂਰ ਹੋ ਜਾਵਾਂਗਾ। ਮੈਨੂੰ ਇਹ ਸੋਚਣ ਲਈ ਮਜ਼ਬੂਰ ਨਾ ਕਰੋ ਕਿ ਜਿਸ ਬੰਦੇ ਨੇ ਤੁਹਾਨੂੰ ਪਾਗਲਖ਼ਾਨੇ ਵਿਚ ਭੇਜਿਆ ਸੀ, ਉਹਨੂੰ ਜ਼ਰੂਰ ਕੋਈ ਸ਼ਿਕਾਇਤ-"

ਇਸ ਤੋਂ ਅੱਗੇ ਮੈਂ ਕੁਝ ਨਾ ਕਹਿ ਸਕਿਆ। ਜਿਉਂ ਹੀ ਮੈਂ ਉਸ ਕੋਲ ਪਾਗਲਖ਼ਾਨੇ ਵਿਚ ਬੰਦ ਕਰਨ ਵਾਲੇ ਬੰਦੇ ਦਾ ਜ਼ਿਕਰ ਕੀਤਾ, ਉਹ ਛਾਲ ਮਾਰ ਕੇ ਉਠੀ। ਉਹਦੇ ਵਿਚ ਬਹੁਤ ਹੀ ਹੈਰਾਨ ਕਰ ਦੇਣ ਵਾਲਾ ਪ੍ਰੀਵਰਤਨ ਆ ਗਿਆ ਸੀ। ਉਹਦਾ ਚਿਹਰਾ ਜੋ ਉਂਜ ਕਮਜ਼ੋਰੀ, ਘਬਰਾਹਟ ਅਤੇ ਫ਼ਿਕਰਾਂ ਵਿਚ ਡੁੱਬਾ ਜਾਪਦਾ ਸੀ, ਅਤੇ ਜਿਸਨੂੰ ਵੇਖ ਕੇ ਤਰਸ ਆ ਜਾਂਦਾ ਸੀ, ਹੁਣ ਉਸ ਉਤੇ ਇਕ ਹਿੰਸਕ ਘ੍ਰਿਣਾ ਅਤੇ ਡਰ ਦਾ ਭਾਵ ਆ ਗਿਆ; ਜਿਸ ਨਾਲ ਉਹਦਾ ਹਰ ਇਕ ਨਕਸ਼ ਤਣਾਉ ਨਾਲ ਖਿੱਚਿਆ ਗਿਆ ਜਾਪਦਾ ਸੀ। ਸ਼ਾਮ ਦੀ ਉਸ ਧੁੰਦਲੀ ਰੋਸ਼ਨੀ ਵਿਚ ਉਹ ਦੀਆਂ ਅੱਖਾਂ ਇਕ ਜੰਗਲੀ ਜਾਨਵਰ ਵਾਂਗ ਚਮਕ ਪਈਆਂ। ਉਹਨੇ ਉਸ ਕਪੜੇ ਨੂੰ ਚੁੱਕ ਲਿਆ ਜੋ ਉਹਦੇ ਕੋਲ ਡਿੱਗਾ ਪਿਆ ਸੀ, ਅਤੇ ਉਹਨੂੰ ਆਪਣੇ ਹੱਥਾਂ ਵਿਚ ਏਨੀ ਜ਼ੋਰ ਦੀ ਮਲਿਆ, ਜਿਵੇਂ ਉਹ ਕੋਈ ਜਾਨਦਾਰ ਵਸਤੂ ਹੋਵੇ; ਉਸ ਕੱਪੜੇ ਨੂੰ ਏਨੀ ਜ਼ੋਰ ਦੀ ਘੁੱਟਿਆ ਕਿ ਉਹਦੇ ਵਿਚ ਜੋ ਥੋੜ੍ਹਾ ਬਹੁਤਾ ਪਾਣੀ ਸੀ, ਉਹ ਹੇਠਲੇ ਪੱਥਰ ਉਤੇ ਨੁੱਚੜ ਕੇ ਵਹਿ ਗਿਆ। 'ਕੋਈ ਹੋਰ ਗੱਲ ਕਰੋ," ਉਹ ਮੀਟੇ ਹੋਏ ਦੰਦਾਂ ਵਿਚੋਂ ਦੀ ਹੀ ਬੋਲੀ। "ਜੇ ਤੁਸੀਂ ਇਹ ਗੱਲ ਕੀਤੀ ਤਾਂ ਮੈਨੂੰ ਆਪਣੀ ਹੋਸ਼ ਨਹੀਂ ਰਹਿਣੀ।"

ਇਕ ਮਿੰਟ ਪਹਿਲਾਂ ਜੋ ਕੋਮਲ ਭਾਵਨਾਵਾਂ ਉਹਦੇ ਦਿਲ ਦਿਮਾਗ ਵਿਚ ਉਮੜੀਆਂ ਹੋਈਆਂ ਸਨ, ਉਹ ਹੁਣ ਅਲੋਪ ਹੋ ਗਈਆਂ ਸਨ। ਇਹ ਸਪੱਸ਼ਟ ਸੀ, ਕਿ ਉਹਦੀ ਯਾਦ ਵਿਚ ਮਿਸੇਜ ਫ਼ੇਅਰਲੀ ਦੀ ਦਯਾ ਅਤੇ ਪਿਆਰ ਦਾ ਪ੍ਰਭਾਵ ਹੀ ਇਕੋ ਇਕ ਗੂੜਾ ਪ੍ਰਭਾਵ ਨਹੀਂ ਸੀ, ਜਿਵੇਂ ਕਿ ਮੈਂ ਸੋਚਦਾ ਸਾਂ। ਲਿਮਰਿਜ ਵਿਚ ਬਿਤਾਏ ਹੋਏ ਸਕੂਲ ਦੇ ਦਿਨਾਂ ਦੀ ਕ੍ਰਿਤਗ ਯਾਦ

ਦੇ ਨਾਲ ਨਾਲ, ਪਾਗਲਖਾਨੇ ਵਿਚ ਜ਼ਬਰਦਸਤੀ ਬੰਦ ਕੀਤੇ ਜਾਣ ਦੀ ਰੜਕਵੀਂ ਯਾਦ ਵੀ ਬੜੀ ਤੀਬਰ ਸੀ। ਕਿਸਨੇ ਇਹ ਵਧੀਕੀ ਕੀਤੀ ਸੀ? ਕੀ ਸਚਮੁਚ ਉਹਦੀ ਮਾਂ ਦਾ ਹੀ ਇਹ ਕੰਮ ਸੀ?

ਇਸ ਪੁੱਛ ਗਿੱਛ ਨੂੰ ਪੂਰੀ ਕਰਨ ਬਿਨਾਂ ਛਡਣਾ ਬੜਾ ਅੱਖਾ ਸੀ, ਪਰ ਮੈਨੂੰ ਇਸ ਨੂੰ ਜਾਰੀ ਰੱਖਣ ਦਾ ਖ਼ਿਆਲ ਛੱਡਣਾ ਪਿਆ। ਉਸ ਨੂੰ ਇਸ ਹਾਲ ਵਿਚ ਵੇਖ ਕੇ, ਜਿਵੇਂ ਕਿ ਮੈਂ ਹੁਣ ਵੇਖ ਰਿਹਾ ਸਾਂ, ਉਹਨੂੰ ਮੁੜ ਸ਼ਾਂਤ ਕਰਨਾ ਸਭ ਤੋਂ ਜ਼ਰੂਰੀ ਸੀ। ਇਨਸਾਨੀਅਤ ਦੇ ਨਾਤੇ ਇਸ ਵੱਲੋਂ ਕੁਝ ਹੋਰ ਸੱਚਣਾ ਵੀ ਉਹਦੇ ਤੇ ਜ਼ੁਲਮ ਕਰਨਾ ਸੀ।

"ਮੈਂ" ਕੋਈ ਅਜਿਹੀ ਗੱਲ ਨਹੀਂ ਕਰਾਂਗਾ, ਜਿਸ ਨਾਲ ਤੈਨੂੰ ਦੁੱਖ ਪੁੱਜੇ" ਮੈਂ ਉਸ ਨੂੰ ਧੀਰਜ ਦੇਂਦਿਆਂ ਕਿਹਾ।

"ਤੁਹਾਨੂੰ ਕੁਝ ਚਾਹੀਦਾ ਹੈ," ਉਹਨੇ ਸ਼ੱਕ ਭਰੇ ਅਤੇ ਤਿਖੇ ਲਹਿਜੇ ਵਿਚ ਉੱਤਰ ਦਿੱਤਾ "ਮੇਰੇ ਵੱਲ ਇੰਜ ਨਾ ਵੇਖੋ, ਮੇਰੇ ਨਾਲ ਗੱਲ ਕਰੋ, ਮੈਨੂੰ ਦੱਸੋ, ਤੁਹਾਨੂੰ ਕੀ ਚਾਹੀਦਾ ਹੈ?"

"ਮੈਂ ਸਿਰਫ ਇਹ ਚਾਹੁੰਦਾ ਹਾਂ ਕਿ ਤੁਸੀਂ ਸ਼ਾਤ ਹੋ ਜਾਉ, ਜਦੋਂ ਤੁਸੀਂ ਹੁਣ ਨਾਲ ਵਧੇਰੇ ਸ਼ਾਂਤ ਹੋਵੇਗੇ, ਮੇਰੀ ਕਹੀ ਹੋਈ ਗੱਲ ਨੂੰ ਮੁੜ ਸੋਚਣਾ।"

"ਕੀ ਕਿਹਾ ਹੈ? ਉਹ ਚੁੱਪ ਹੋ ਗਈ; ਹੱਥਲੇ ਕੱਪੜੇ ਨੂੰ ਪੁੱਠੇ ਸਿੱਧੇ ਵੱਲ ਦੇਂਦੀ ਹੋਈ ਉਹਨੇ ਜਿਵੇਂ ਆਪਣੇ ਆਪ ਨੂੰ ਧੀਮੀ ਆਵਾਜ਼ ਵਿਚ ਕਿਹਾ, "ਇਹਨੇ ਕੀ ਕਿਹਾ ਹੈ? ਫਿਰ ਉਹ ਮੇਰੇ ਵੱਲ ਮੁੜੀ ਅਤੇ ਉਹਨੇ ਬੇਸਬਰੀ ਨਾਲ ਸਿਰ ਹਿਲਾਇਆ, "ਤੁਸੀਂ ਮੇਰੀ ਸਹਾਇਤਾ ਕਿਉਂ ਨਹੀਂ ਕਰਦੇ?" ਉਹਨੇ ਅਚਾਨਕ ਹੀ ਬੜੇ ਗੁੱਸੇ ਨਾਲ ਪੁੱਛਿਆ। "ਹਾਂ ਹਾਂ" ਮੈਂ ਕਿਹਾ, 'ਮੈਂ ਤੁਹਾਡੀ ਸਹਾਇਤਾ ਕਰਾਂਗਾ; ਅਤੇ ਤੁਹਾਨੂੰ ਝੱਟ ਯਾਦ ਆ ਜਾਏਗਾ। ਮੈਂ ਤੁਹਾਨੂੰ ਮਿਸ ਫ਼ਅਰਲੀ ਨੂੰ ਕੱਲ੍ਹ ਮਿਲਣ ਲਈ ਕਹਿ ਰਿਹਾ ਸਾਂ, ਤੁਸੀਂ ਉਹਨੂੰ ਚਿੱਠੀ ਬਾਰੇ ਸੱਚੀ ਗੱਲ ਦਸ ਦੇਣਾ।"

"ਹਾਇ ! ਮਿਸ ਫ਼ੇਅਰਲੀ ਫ਼ੇਅਰਲੀ ਫ਼ੇਅਰਲੀ -"

ਪਿਆਰੇ ਅਤੇ ਜਾਣੇ ਪਛਾਣੇ ਨਾਂ ਦੇ ਲੈਂਦਿਆਂ ਹੀ ਉਹਨੂੰ ਕੁਝ ਸ਼ਾਂਤੀ ਆਈ ਮੂੰਹ ਮੁੜ ਪਹਿਲੇ ਵਰਗਾ ਕੋਮਲ ਹੋ ਗਿਆ।

"ਤੁਹਾਨੂੰ ਮਿਸ ਫ਼ੇਅਰਲੀ ਕੋਲੋਂ ਡਰਨ ਦੀ ਕੋਈ ਲੋੜ ਨਹੀਂ," ਮੈਂ ਆਪਣੀ ਗੱਲ ਕਹਿੰਦਾ ਗਿਆ, "ਅਤੇ ਇਹ ਵੀ ਨਾ ਡਰੋ ਕਿ ਤੁਸੀਂ ਚਿੱਠੀ ਕਰਕੇ ਕਿਸੇ ਤਕਲੀਫ ਵਿਚ ਪੈ ਜਾਉਗੇ। ਉਹ ਪਹਿਲਾਂ ਹੀ ਇਸ ਬਾਰੇ ਏਨਾ ਜਾਣਦੀ ਹੈ ਕਿ ਤੁਹਾਨੂੰ ਸਭ ਕੁਝ ਦੱਸਣ, ਵਿਚ ਰਤਾ ਵੀ ਔਖਿਆਈ ਨਹੀਂ ਹੋਵੇਗੀ। ਉਥੇ ਕੁਝ ਵੀ ਛਪਾਉਣ ਦੀ ਲੋੜ ਨਹੀਂ, ਜਿਥੇ ਛੁਪਾਉਣ ਲਈ ਹੁਣ ਕੁਝ ਬਚਿਆ ਹੀ ਨਹੀਂ ਤੁਸੀਂ ਚਿੱਠੀ ਵਿਚ ਨਾਂ ਨਹੀਂ ਲਿਖੇ, ਪਰ ਮਿਸ ਫ਼ੇਅਰਲੀ ਜਾਣਦੀ ਹੈ। ਕਿ ਤੁਸੀਂ ਜਿਸ ਮਰਦ ਬਾਰੇ ਲਿਖਿਆ ਹੈ ਉਹ ਸਰ ਪਰਸੀਵਲ ਗਲਾਈਡ-”

ਜਿਸ ਛਿਣ ਇਹ ਨਾਂ ਮੇਰੇ ਮੂੰਹ ਨਿਕਲਿਆ। ਉਹ ਤ੍ਰਬਕ ਕੇ ਉਠੀ; ਇਕ ਚੀਕ ਉਹਦੇ ਮੂੰਹੋਂ ਨਿਕਲੀ ਅਤੇ ਕਬਰਸਤਾਨ ਵਿਚ ਗੂੰਜ ਉੱਠੀ, ਡਰ ਨਾਲ ਮੇਰਾ ਦਿਲ ਮੂੰਹ ਵਿਚ ਆ ਗਿਆ। ਉਹ ਕਰੂਪ ਅਤੇ ਕੋਝਾਂ ਭਾਵ ਜੋ ਹੁਣੇ ਹੀ ਉਹਦੇ ਚਿਹਰੇ ਤੋਂ ਹਟਿਆ ਸੀ, ਹੁਣ ਪਹਿਲਾਂ ਤੋਂ ਵੀ ਚਾਰ ਗੁਣਾ ਵਧੇਰੇ ਸੰਘਣਾ ਹੋ ਕੇ ਉਹਦੇ ਮੂੰਹ ਤੇ ਛਾ ਗਿਆ ਸੀ। ਨਾਂ ਦੇ ਲੈਂਦਿਆਂ ਹੀ ਚੀਕ, ਨਫ਼ਰਤ ਅਤੇ ਡਰ ਭਰੀ ਤਕੱਣੀ ਜੋ ਪਲ ਪਿਛੋਂ ਹੀ ਉਹਦੇ ਚਿਹਰੇ ਤੇ ਆਈ, ਨੇ ਸਭ ਕੁਝ ਦੱਸ ਦਿੱਤਾ ਸੀ। ਹੁਣ ਰਤਾ ਵੀ ਸ਼ੰਕਾ ਨਹੀਂ ਸੀ ਰਹਿ ਗਈ। ਉਹਦੀ ਮਾਂ ਦਾ ਉਹਨੂੰ ਪਾਗਲਖਾਨੇ ਵਿਚ ਬੰਦ ਕਰਵਾਉਣ ਵਿਚ ਕੋਈ ਹੱਥ ਨਹੀਂ ਸੀ। ਇਕ ਮਰਦ ਨੇ ਉਹਨੂੰ ਬੰਦ ਕਰਵਾਇਆ ਸੀ ਅਤੇ ਉਹ ਮਰਦ ਸੀ ਸਰ ਪਰਸੀਵਲ ਗਲਾਈਡ।

ਉਹਦੀ ਚੀਕ ਮੇਰੇ ਕੰਨਾਂ ਦੇ ਨਾਲ ਹਰ ਕੰਨਾਂ ਤਕ ਵੀ ਪਹੁੰਚ ਗਈ ਸੀ। ਇਕ ਪਾਸੇ ਮੈਂ ਕਬਰਪੁੱਟ ਦਾ ਬੂਹਾ ਖੁਲਦਿਆਂ ਸੁਣਿਆ; ਅਤੇ ਦੂਜੇ ਪਾਸੇ ਮੈਨੂੰ ਉਹਦੀ ਸਾਥਣ ਦੀ ਆਵਾਜ਼ ਸੁਣੀ, ਸ਼ਾਲ ਵਾਲੀ ਔਰਤ ਦੀ, ਉਸ ਔਰਤ ਦੀ, ਜਿਸ ਨੂੰ ਉਹ ਮਿਸੇਜ਼ ਕਲੀਮੈਂਟਸ ਕਹਿ ਕੇ ਬੁਲਾ ਰਹੀ ਸੀ।

"ਮੈਂ ਆਈ! ਮੈਂ ਆਈ!" ਮਧਰੇ ਦਰਖਤਾਂ ਦੇ ਝੁੰਡ ਪਿਛੋਂ ਇਹ ਆਵਾਜ਼ ਆਈ।

ਇਕ ਮਿੰਟ ਮਗਰੋਂ ਮਿਸੇਜ਼ ਕਲੀਮੈਂਟਸ ਕਾਹਲੀ ਕਾਹਲੀ ਸਾਹਮਣੇ ਪਹੁੰਚ ਗਈ ਸੀ।

"ਤੂੰ ਕੌਣ ਹੈ?" ਉਹਨੇ ਭੌਣੀ ਤੇ ਪੈਰ ਰਖਦਿਆਂ ਹੀ ਮੇਰੇ ਵੱਲ ਮੂੰਹ ਕਰਕੇ ਪੁੱਛਿਆ।

"ਤੂੰ ਕਿਵੇਂ ਇਕ ਨਿਤਾਣੀ ਅਤੇ ਕਮਜ਼ੋਰ ਇਸਤਰੀ ਨੂੰ ਡਰਾਉਣ ਦਾ ਜੇਰਾ ਕਰ ਰਿਹਾ ਏ?"

ਮੇਰੇ ਉੱਤਰ ਦੇਣ ਤੋਂ ਪਹਿਲਾਂ ਹੀ ਉਹਨੇਂ ਏਨ ਕੈਥੇਰਿਕ ਕੋਲ ਆ ਕੇ ਇਕ ਬਾਂਹ ਉਹਦੇ ਉਦਾਲੇ ਵਲਾ ਲਈ ਸੀ। "ਕੀ ਹਾਲ ਏ, ਮੇਰੀ ਬੱਚੀ?" ਉਹਨੇ ਕਿਹਾ।

"ਇਹਨੇ ਤੈਨੂੰ ਕੀ ਕੀਤਾ ਹੈ?"

'ਕੁਛ ਵੀ ਨਹੀਂ," ਉਸ ਵਿਚਾਰੀ ਨੇ ਉੱਤਰ ਦਿੱਤਾ। "ਕੁਝ ਵੀ ਨਹੀਂ। ਮੈਂ ਸਿਰਫ ਡਰ ਗਈ ਹਾਂ।"

ਮਿਸੇਜ਼ ਕਲੀਮੈਂਟਸ ਨੇ ਮੇਰੇ ਵੱਲ ਇਕ ਨਿਰਭੈਤਾ ਭਰੇ ਗੁੱਸੇ ਨਾਲ ਵੇਖਿਆ, ਜਿਸ ਲਈ ਮੈਂ ਦਿਲ ਵਿਚ ਉਸ ਲਈ ਇਜ਼ਤ ਮਹਿਸੂਸ ਕੀਤੀ।

"ਤੁਸੀਂ ਮੈਨੂੰ ਇਸ ਤਰ੍ਹਾਂ ਗੁੱਸੇ ਨਾਲ ਨਾਂਹ ਵੇਖੋ, ਮੈਂ ਕੋਈ ਅਜਿਹਾ ਕੰਮ ਨਹੀਂ ਕੀਤਾ-ਜੇ ਕੀਤਾ ਹੁੰਦਾ ਤਾਂ ਮੈਂ ਉਸ ਲਈ ਆਪ ਹੀ ਬੇਹਦ ਸ਼ਰਮਿੰਦਾ ਹੁੰਦਾ," ਮੈਂ ਕਿਹਾ। "ਪਰ ਤੁਹਾਨੂੰ ਇਸ ਤਰ੍ਹਾਂ ਗੁੱਸੇ ਨਹੀਂ ਹੋਣਾ ਚਾਹੀਦਾ। ਬਦਕਿਸਮਤੀ ਨਾਲ ਮੈਂ ਉਹਨੂੰ ਅਨਜਾਣਿਆ ਹੀ ਡਰਾ ਬੈਠਾ ਹਾਂ। ਉਹ ਮੈਨੂੰ ਅੱਜ ਪਹਿਲੀ ਵਾਰੀ ਹੀ ਨਹੀਂ ਮਿਲ ਰਹੀ। ਤੁਸੀਂ ਆਪ ਉਹ ਨੂੰ ਪੁੱਛ ਲਵੋ, ਉਹ ਤੁਹਾਨੂੰ ਦਸੇਗੀ ਕਿ ਮੈਂ ਉਹਨੂੰ ਜਾ ਕਿਸੇ ਹੋਰ ਔਰਤ ਨੂੰ ਜਾਣ ਬੁਝ ਕੇ ਕਦੀ ਤੰਗ ਨਹੀਂ ਕਰ ਸਕਦਾ।"

ਮੈਂ ਇਹ ਗੱਲ ਬੜੇ ਸਪਸ਼ਟ ਢੰਗ ਨਾਲ ਕੀਤੀ, ਤਾਂ ਜੋ ਏਨ ਕੈਥੇਰਿਕ ਸੁਣ ਲਵੇ ਅਤੇ ਮੈਨੂੰ ਸਮਝ ਲਵੇ; ਅਤੇ ਮੈਂ ਵੇਖਿਆ ਕਿ ਉਹਨੇ ਸਾਰੀ ਗੱਲ ਸੁਣੀ ਅਤੇ ਸਮਝ ਲਈ ਸੀ। "ਹਾਂ, ਹਾਂ" ਉਹ ਬੋਲੀ, "ਇਨ੍ਹਾਂ ਇਕ ਵਾਰ ਮੇਰੇ ਨਾਲ ਬੜੀ ਭਲਾਈ ਕੀਤੀ ਸੀ; ਇਨ੍ਹਾਂ ਹੀ ਮੇਰੀ ਸਹਾਇਤਾ ਕੀਤੀ-ਬਾਕੀ ਦੀ ਗੱਲ ਉਹਨੇ ਆਪਣੇ ਮਿੱਤਰ ਦੇ ਕੰਨ ਵਿਚ ਕੀਤੀ। "ਸਚਮੁੱਚ ਬੜੀ ਅਜੀਬ ਗੱਲ ਹੈ !" ਮਿਸਜ਼ ਕਲੀਮੈਂਟਸ ਨੇ ਪ੍ਰੇਸ਼ਾਨ ਫੱਕਣੀਆਂ ਨਾਲ ਕਿਹਾ।

"ਭਾਵੇਂ ਇਸ ਗੱਲ ਨਾਲ ਤਾਂ ਸਭ ਕੁਝ ਹੀ ਬਦਲ ਜਾਂਦਾ ਹੈ, ਮੈਨੂੰ ਬੜਾ ਦੁੱਖ ਹੈ ਸ੍ਰੀਮਾਨ ਜੀ, ਮੈਂ ਤੁਹਾਡੇ ਨਾਲ ਇੰਨੀ ਭੈੜੀ ਤਰ੍ਹਾਂ ਬੋਲੀ ਹਾਂ। ਪਰ ਤੁਸੀਂ ਇਹ ਤਾਂ ਮੰਨੋਗੇ ਕਿ ਇਕ ਅਨਜਾਣ ਵਿਅਕਤੀ ਦੀਆਂ ਅੱਖਾਂ ਧੋਖਾ ਖਾ ਸਕਦੀਆਂ ਹਨ। ਤੁਹਾਡੇ ਨਾਲੋਂ ਵਧ

ਗਲਤੀ ਮੇਰੀ ਹੀ ਹੈ, ਜੋ ਇਸਦੀ ਹਰ ਇਕ ਖ਼ਬਤੀ ਜ਼ਿੱਦ ਮੰਨ ਜਾਂਦੀ ਹਾਂ, ਅਤੇ ਇਹੋ ਜਿਹੀ ਸੁੰਨਸਾਨ ਥਾਂ ਤੇ ਇਹਨੂੰ ਕਲਿਆਂ ਛੱਡ ਗਈ ਹਾਂ। ਚੱਲ, ਚੱਲ, ਹੁਣ ਘਰ ਚੱਲ।"

ਮੈਨੂੰ ਜਾਪਿਆ ਕਿ ਉਹ ਭੋਲੀ ਔਰਤ ਵਾਪਸ ਜਾਣ ਦੇ ਖ਼ਿਆਲ ਨਾਲ ਕੁੱਝ ਘਬਰਾ ਰਹੀ ਸੀ। ਸੋ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਉਨ੍ਹਾਂ ਦੇ ਨਾਲ ਘਰ ਤਕ ਜਾ ਸਕਦਾ ਸਾਂ। ਮਿਸੇਜ ਕਲੀਮੈਂਟਸ ਨੇ ਮੇਰਾ ਧੰਨਾਵਦ ਚੰਗੀ ਤਰ੍ਹਾਂ ਕੀਤਾ ਪਰ ਮੈਨੂੰ ਨਾਲ ਲੈ ਜਾਣ ਤੇ ਨਾਂਹ ਕਰ ਦਿੱਤੀ। ਉਹਨੇ ਕਿਹਾ ਕਿ ਜਿਉਂ ਹੀ ਉਹ ਬੀੜ ਕੋਲ ਪੁੱਜਣਗੀਆਂ, ਉਨ੍ਹਾਂ ਨੂੰ ਫ਼ਾਰਮ ਦੇ ਕਈ ਮਜ਼ਦੂਰ ਆਵੱਸ਼ ਮਿਲ ਜਾਣਗੇ।

"ਮੈਨੂੰ ਖਿਮਾਂ ਕਰਨ ਦੀ ਕੋਸ਼ਿਸ਼ ਕਰਨਾ ਮੈਂ ਏਨ ਕੈਥੇਰਿਕ ਨੂੰ ਕਿਹਾ, ਉਹ ਆਪਣੀ ਮਿੱਤਰ ਦੀ ਬਾਂਹ ਫੜੀ ਜਾਣ ਲੱਗੀ ਸੀ। ਭਾਵੇਂ ਮੇਰੀ ਰਤਾ ਵੀ ਇਹ ਮਰਜੀ ਨਹੀਂ ਸੀ ਕਿ ਮੈਂ ਓਹਨੂੰ ਡਰਾਵਾਂ ਜਾਂ ਘਬਰਾਹਟ ਵਿਚ ਪਾਵਾ, ਅਤੇ ਮੈਂ ਨਿਰਦੋਸ਼ ਸਾਂ; ਪਰ ਮੈਂ ਉਹਦਾ ਪੀਲਾ, ਕਮਜ਼ੋਰ ਅਤੇ ਡਰਿਆ ਹੋਇਆ ਚਿਹਰਾ ਵੇਖ ਕੇ ਬਹੁਤ ਦੁੱਖ ਮਹਿਸੂਸ ਕਰ ਰਿਹਾ ਸਾਂ।

“ਮੈਂ ਕੋਸ਼ਿਸ਼ ਕਰਾਂਗੀ," ਉਹਨੇ ਉੱਤਰ ਦਿੱਤਾ। ' ਪਰ ਤੁਸੀਂ ਬਹੁਤ ਕੁਝ ਜਾਣਦੇ ਹੋ; ਮੈਨੂੰ ਡਰ ਹੈ ਕਿ ਤੁਹਾਡੇ ਕੋਲ ਮੈਂ ਹੁਣ ਹਮੇਸ਼ਾ ਤ੍ਰਹਿੰਦੀ ਰਵ੍ਹਾਂਗੀ। ਮਿਸੇਜ਼ ਕਲੀਮੈਂਟਸ ਨੇ ਮੇਰੇ ਵੱਲ ਵੇਖ ਕੇ ਤਰਸ ਨਾਲ ਸਿਰ ਹਿਲਾਇਆ।

"ਸੁਭ ਰਾਤਰੀ, ਸ੍ਰੀ ਮਾਨ ਜੀ," ਉਹਨੇ ਕਿਹਾ। "ਤੁਹਾਡਾ ਇਸ ਵਿਚ ਕੋਈ ਦੋਸ਼ ਨਹੀਂ ਮੈਂ ਜਾਣਦੀ ਹਾਂ; ਕਾਸ਼, ਤੁਸੀਂ ਉਹਦੀ ਥਾਂ ਤੇ ਮੈਨੂੰ ਡਰਾਇਆ ਹੁੰਦਾ!"

ਉਹ ਕੁਝ ਕਦਮ ਅੱਗੇ ਗਈਆਂ। ਮੈਂ ਸੋਚਿਆਂ ਹੁਣ ਉਨ੍ਹਾਂ ਮੈਨੂੰ ਅਲਵਿਦਾ ਕਹਿ ਦਿੱਤੀ ਹੈ; ਪਰ ਏਨ ਅਚਾਨਕ ਰੁਕ ਗਈ ਅਤੇ ਆਪਣੀ ਮਿੱਤਰ ਤੋਂ ਵੱਖਰੀ ਹੋ ਗਈ।

"ਇਕ ਪਲ ਰੁਕ, ਮੈਂ ਅਲਵਿਦਾ ਕਹਿ ਲਵਾਂ।"

ਉਹ ਕਬਰ ਕੋਲ ਪਰਤੀ ਸੰਗਮਰਮਰ ਦੇ ਕਰਾਸ ਤੇ ਦੋਵੇਂ ਹੱਥ ਬੜੀ ਕੋਮਲਤਾ ਨਾਲ ਟਿਕਾ ਕੇ ਉਹਨੇ ਕਰਾਸ ਨੂੰ ਚੁੰਮਿਆ।

"ਮੈਂ" ਹੁਣ ਪਹਿਲਾਂ ਨਾਲੋਂ ਠੀਕ ਹਾਂ," ਉਹਨੇ ਮੇਰੇ ਵੱਲ ਵੇਖ ਕੇ ਕਿਹਾ। "ਮੈਂ ਤੁਹਾਨੂੰ ਖਿਮਾ ਕਰਦੀ ਹਾਂ।" ਉਹ ਫਿਰ ਆਪਣੀ ਸਾਥਣ ਨਾਲ ਜਾ ਮਿਲੀ, ਅਤੇ ਉਹ ਦੋਵੇਂ ਕਬਰਸਤਾਨ ਵਿਚੋਂ ਬਾਹਰ ਨਿਕਲ ਗਈਆਂ। ਮੈਂ ਵੇਖਿਆ, ਉਹ ਗਿਰਜੇ ਦੇ ਨੇੜੇ ਰੁਕੀਆਂ, ਅਤੇ ਕਬਰਪੁੱਟ

ਦੀ ਵਹੁਟੀ ਨੂੰ, ਜੋ ਆਪਣੀ ਕਾਟੇਜ ਤੋਂ ਬਾਹਰ ਨਿਕਲ ਕੇ ਸਾਨੂੰ ਦੂਰੋਂ ਵੇਖ ਰਹੀ ਸੀ, ਕੁਝ ਕਿਹਾ। ਇਸ ਮਗਰੋਂ ਉਹ ਉਸ ਪਗਡੰਡੀ ਵੱਲ ਪੈ ਗਈਆਂ ਜੋ ਬੀੜ ਨੂੰ ਜਾਂਦੀ ਸੀ। ਮੈਂ ਜਾਂਦੀ ਹੋਈ ਏਨ ਕੈਥੇਰਿਕ ਨੂੰ ਉਦੋਂ ਤਕ ਵੇਖਦਾ ਰਿਹਾ, ਜਦ ਤਕ ਤ੍ਰਿਕਾਲਾ ਦੇ ਧੁੰਦਲਕੇ ਵਿਚ ਉਹਦਾ ਆਕਾਰ ਘੁਲ ਮਿਲ ਨਾ ਗਿਆ –ਮੈਂ ਏਨੀ ਚਿੰਤਾ ਅਤੇ ਦੁੱਖ ਭਰੇ ਦਿਲ ਨਾਲ ਵੇਖ ਰਿਹਾ ਸਾਂ, ਜਿਵੇਂ ਚਿੱਟੇ ਬਸਤਰਾਂ ਵਾਲੀ ਔਰਤ ਨੂੰ ਇਸ ਜ਼ਾਲਮ ਦੁਨੀਆਂ ਵਿਚ ਅੰਤਲੀ ਵਾਰ ਵੇਖ ਰਿਹਾ ਹੋਵਾਂ।

(14)

ਇਸ ਤੋਂ ਅੱਧਾ ਘੰਟਾ ਮਗਰੋਂ ਮੈਂ ਘਰ ਪਹੁੰਚ ਚੁੱਕਾ ਸਾਂ, ਅਤੇ ਮਿਸ ਹਾਲਕੌਂਬ ਨੂੰ ਸਾਰੀ ਘਟਨਾ ਜੋ ਵਾਪਰੀ ਸੀ, ਦਸ ਰਿਹਾ ਸਾਂ।

ਸ਼ੁਰੂ ਤੋਂ ਅੰਤ ਤਕ ਉਹਨੇ ਸਾਰੀ ਗੱਲ ਚੁੱਪ ਚੁਪੀਤੇ ਉਹਦੇ ਸੁਭਾਵ ਅਤੇ ਤਬੀਅਤ ਨੂੰ ਧਿਆਨ ਵਿਚ ਰੱਖਦਿਆਂ ਅਤੇ ਪੂਰੇ ਧਿਆਨ ਨਾਲ ਸੁਣੀ, ਇਹ ਸਭ ਤੋਂ ਵੱਡਾ ਸਬੂਤ ਸੀ ਕਿ ਉਹਨੂੰ ਇਸ ਵਰਣਨ ਨੇ ਕਿੰਨੀ ਗੰਭੀਰਤਾ ਨਾਲ ਪ੍ਰਭਾਵਤ ਕੀਤਾ ਸੀ।

"ਮੇਰਾ ਮੱਥਾ ਠਣਕਦਾ ਹੈ," ਮੇਰੀ ਗੱਲ ਪੂਰੀ ਸੁਣ ਲੈਣ ਮਗਰੋਂ ਉਹਨੇ ਇੰਨਾ ਹੀ ਕਿਹਾ, "ਪਤਾ ਨਹੀਂ ਕਿਉਂ ਭਵਿੱਖ ਬਾਰੇ ਮੇਰਾ ਮੱਥਾ ਠਣਕਦਾ ਹੈ। '

"ਭਵਿੱਖ ਸ਼ਾਇਦ ਸਾਡੇ ਵਰਤਮਾਨ ਦਾ ਪੂਰਾ ਫ਼ਾਇਦਾ ਉਠਾਉਣ ਤੇ ਹੀ ਨਿਰਭਰ ਕਰਦਾ ਹੋਵੇ।" ਮੈਂ ਸੁਝਾ ਦੇਂਦਿਆਂ ਕਿਹਾ, "ਇਹ ਕੋਈ ਵੱਡੀ ਗੱਲ ਨਹੀਂ ਹੋਵੇਗੀ, ਜੇ ਏਨ ਕੈਥੇਰਿਕ ਇਕ ਔਰਤ ਨਾਲ ਵਧੇਰੇ ਖੁਲ੍ਹੀ ਤਰਾਂ ਅਤੇ ਜਲਦੀ ਗੱਲ ਕਰਨ ਨੂੰ ਤਿਆਰ ਹੋ ਜਾਏ, ਜਾਂ ਕਿ ਉਹ ਮੇਰੇ ਨਾਲ ਨਹੀਂ ਕਰ ਸਕੀ, ਜੇ ਮਿਸ ਫ਼ੇਅਰਲੀ--"

"ਇਹ ਤਾਂ ਤੁਸੀਂ ਇਕ ਪਲ ਲਈ ਵੀ ਨਾ ਸੋਚੋ," ਮਿਸ ਹਾਲਕੌਂਬ ਮੈਨੂੰ ਟੋਕ ਕੇ ਆਪਣੇ ਨਿਸ਼ਚਿਤ ਲਹਿਜੇ ਵਿਚ ਬੋਲੀ।

"ਤਾਂ ਮੈਨੂੰ ਇਕ ਸੁਝਾ ਹੋਰ ਦੇਣ ਦਿਉ" ਮੈਂ ਆਪਣੀ ਗੱਲ ਜਾਰੀ ਰਖੀ, "ਤੁਸੀਂ ਆਪ ਜਾ ਕੇ ਏਨ ਕੈਥੇਰਿਕ ਨੂੰ ਮਿਲੋਂ, ਅਤੇ ਉਹਦਾ ਵਿਸ਼ਵਾਸ ਜਿੱਤਣ ਦੀ ਪੂਰੀ ਕੋਸ਼ਿਸ਼ ਕਰੋ। ਮੈਂ ਤਾਂ ਹੁਣ ਉਸ ਨਿਤਾਣੀ ਕੁੜੀ ਨੂੰ ਮੁੜ ਤ੍ਰਭਕਾਉਣ ਦਾ ਖ਼ਿਆਲ ਹੀ ਨਹੀਂ ਕਰ ਸਕਦਾ, ਕਿਉਂਕਿ

ਮੰਦੇ ਭਾਗਾਂ ਨੂੰ ਉਹ ਮੇਰੇ ਕੋਲੋਂ ਪਹਿਲਾਂ ਹੀ ਡਰ ਚੁੱਕੀ ਹੈ। ਕੀ ਤੁਹਾਨੂੰ ਕਲ ਫਾਰਮ ਉਤੇ ਉਹਨੂੰ ਮਿਲਣ ਜਾਣ ਵਿਚ ਕੋਈ ਉਜਰ ਹੈ?"

"ਬਿਲਕੁਲ ਕੋਈ ਉਜਰ ਨਹੀਂ। ਮੈਂ ਲਾਰਾ ਦੀ ਖਾਤਰ ਕਿਧਰੇ ਵੀ ਜਾ ਸਕਦੀ ਹਾਂ ਅਤੇ ਸਭ ਕੁਝ ਕਰ ਸਕਦੀ ਹਾਂ। ਤੁਸੀਂ ਉਸ ਥਾਂ ਦਾ ਕੀ ਨਾਂ ਦਸਿਆ ਸੀ?"

"ਤੁਹਾਨੂੰ ਇਹ ਚੰਗੀ ਤਰ੍ਹਾਂ ਯਾਦ ਰੱਖਣਾ ਚਾਹੀਦਾ ਹੈ। ਉਹਨੂੰ ਟਾਡੇਸ ਕਾਰਨਰ ਕਹਿੰਦੇ ਹਨ।"

"ਮੈਂ ਜਾਣਦੀ ਹਾਂ। ਟਾਡੇਸ ਕਾਰਨਰ ਮਿਸਟਰ ਫ਼ੇਅਰਲੀ ਦਾ ਹੀ ਇਕ ਫਾਰਮ ਹੈ। ਸਾਡੀ ਡੇਰੀ ਦਾ ਜਿਹੜੀ ਕੁੜੀ ਕੰਮ ਕਰਦੀ ਹੈ, ਉਹ ਉਸ ਕਿਸਾਨ ਦੀ ਦੂਜੀ ਧੀ ਹੈ, ਉਹ ਕੁੜੀ ਇਸ ਘਰ ਅਤੇ ਆਪਣੇ ਪਿਤਾ ਦੇ ਘਰ ਵਿਚਾਲੇ ਲਗਾਤਾਰ ਆਉਂਦੀ ਜਾਂਦੀ ਰਹਿੰਦੀ ਹੈ, ਹੋ ਸਕਦਾ ਹੈ ਉਹਨੇ ਕੁਝ ਅਜਿਹੀ ਗੱਲ ਸੁਣੀ ਹੋਵੇ, ਜਾਂ ਡਿੱਠੀ ਹੋਵੇ, ਜੋ ਸਾਡੇ ਲਈ ਜਾਣਨੀ ਲਾਭਦਾਇਕ ਹੋਵੇ। ਕੀ ਮੈਂ ਪਤਾ ਕਰਾਂ ਕਿ ਉਹ ਕੁੜੀ ਹੇਠਾਂ ਹੈ ਜਾਂ ਨਹੀਂ?"

ਉਹ ਨੇ ਫੋਰਨ ਘੰਟੀ ਵਜਾਈ, ਅਤੇ ਨੌਕਰ ਨੂੰ ਆਪਣਾ ਸੁਨੇਹਾ ਦੇ ਕੇ ਭੇਜਿਆ। ਉਹਨੇ ਪਰਤ ਕੇ ਇਹ ਖ਼ਬਰ ਦਿਤੀ ਕਿ ਉਸ ਵੇਲੇ ਕੁੜੀ ਫਾਰਮ ਗਈ ਹੋਈ ਸੀ। ਕਿਉਂ ਜੋ ਉਹ ਪਿਛਲੇ ਤਿੰਨ ਦਿਨਾਂ ਤੋਂ ਘਰ ਨਹੀਂ ਸੀ ਗਈ, ਇਸ ਲਈ ਉਸ ਸ਼ਾਮ ਉਹਨੂੰ ਹਾਊਸਕੀਪਰ ਨੇ ਇਕ ਦੋ ਘੰਟੇ ਦੀ ਛੁੱਟੀ ਘਰ ਜਾਣ ਲਈ ਦਿੱਤੀ ਸੀ।

"ਮੈਂ ਉਹਦੇ ਨਾਲ ਕੱਲ ਗੱਲ ਕਰ ਸਕਦੀ ਹਾਂ," ਨੌਕਰ ਦੇ ਚਲੇ ਜਾਣ ਮਗਰੋਂ ਮਿਸ ਹਾਲਕੌਂਬ ਨੇ ਕਿਹਾ। ' ਇੰਨਾ ਚਿਰ ਮੈਨੂੰ ਇਹ ਪੱਕਾ ਪਤਾ ਹੋਣਾ ਚਾਹੀਦਾ ਹੈ ਕਿ ਏਨ ਕੈਥੇਰਿਕ ਨਾਲ ਮੁਲਾਕਾਤ ਕਰਨ ਵਿਚ ਮੇਰਾ ਕੀ ਮਨੋਰਥ ਹੈ। ਕੀ ਤੁਹਾਨੂੰ ਇਸ ਵਿਚ ਕੋਈ ਸ਼ੱਕ ਨਹੀਂ ਰਿਹਾ ਕਿ ਉਹਨੂੰ ਪਾਗਲਖਾਨੇ ਵਿਚ ਬੰਦ ਕਰਨ ਵਾਲਾ ਸਰ ਪਰਸੀਵਲ ਗਲਾਈਡ ਹੀ ਹੈ?"

"ਇਸ ਵਿਚ ਹੁਣ ਮਾਸਾ ਵੀ ਸ਼ੱਕ ਨਹੀਂ। ਭੇਤ ਸਿਰਫ ਇਹ ਹੈ ਕਿ ਉਹਦਾ ਏਨ ਕੈਥੇਰਿਕ ਨੂੰ ਬੰਦ ਕਰਨ ਪਿੱਛੇ ਕੀ ਮੰਤਵ ਸੀ? ਉਨ੍ਹਾਂ ਦੋਹਾਂ ਦੀ ਹੈਸੀਅਤ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ, ਇਹ ਵੇਖਦਿਆਂ ਹੋਇਆਂ ਉਨ੍ਹਾ ਵਿਚਕਾਰ ਕੋਈ ਦੂਰ ਨੇੜੇ ਦੀ ਵੀ ਸਾਕੇਦਾਰੀ ਨਹੀਂ ਹੋ ਸਕਦੀ। ਇਹ ਜਾਣਨਾ ਅਤਿ ਆਵਸ਼ਕ ਹੈ, ਜੇ ਅਸੀਂ ਇਹ ਵੀ ਵਿਚਾਰ ਸਾਹਮਣੇ ਰਖੀਏ, ਕਿ ਏਨ ਕੈਥੇਰਿਕ ਨੂੰ ਸੱਚਮੁਚ ਪਾਗਲਖਾਨੇ ਜਾਣ ਦੀ ਜ਼ਰੂਰਤ ਸੀ ਤਾਂ ਵੀ

ਸਰ ਪਰਸੀਵਲ ਨੂੰ ਕੀ ਲੋੜ ਸੀ ਕਿ ਉਹਨੂੰ ਬੰਦ ਕਰਾਉਣ ਦੀ ਭਾਰੀ ਜ਼ਿੰਮੇਵਾਰੀ ਨੂੰ ਉਹੀ ਚੁੱਕੇ।"

"ਉਹ ਇਕ ਪ੍ਰਾਈਵੇਟ ਪਾਗਲਖਾਨਾ ਸੀ--ਤੁਸੀਂ ਸ਼ਾਇਦ ਇਹ ਹੀ ਕਿਹਾ ਸੀ?"

"ਹਾਂ, ਇਕ ਪ੍ਰਾਈਵੇਟ ਪਾਗਲਖਾਨਾ, ਜਿਥੇ ਉਹਨੂੰ ਰੱਖਣ ਲਈ ਕਾਫੀ ਰਕਮ ਦਿਤੀ ਗਈ ਹੋਣੀ ਹੈ, ਜੋ ਕਿ ਕੋਈ ਵੀ ਗਰੀਬ ਆਦਮੀ ਨਹੀਂ ਦੇ ਸਕਦਾ।"

"ਮੈਂ ਸਮਝ ਗਈ ਹਾਂ ਕਿ ਤੁਹਾਨੂੰ ਕੀ ਸ਼ੱਕ ਤੁਹਾਡੀ ਇਸ ਸ਼ੰਕਾ ਦਾ ਸਮਾਧਾਨ ਕੀਤਾ ਜਾਵੇਗਾ ਹੈ; ਅਤੇ ਮੈਂ ਇਹ ਇਕਰਾਰ ਕਰਦੀ ਹਾਂ ਕਿ ਭਾਵ ਏਨ ਕੈਥੇਰਿਕ ਕੱਲ ਮੇਰੀ ਸਹਾਇਤਾ ਕਰੇ ਜਾਂ ਨਾ। ਸਰ ਪਰਸੀਵਲ ਗਲਾਈਡ ਇਸ ਘਰ ਵਿਚ ਬਹੁਤੀ ਦੇਰ ਰੁਕ ਨਹੀਂ ਸਕਦੇ, ਜਦ ਤਕ ਉਹ ਮਿਸਟਰ ਗਿਲਮੋਰ ਦੀ ਅਤੇ ਮੇਰੀ ਪੂਰੀ ਤਸੱਲੀ ਨਾ ਕਰੇ। ਮੇਰੀ ਭੈਣ ਦਾ ਭਵਿੱਖ ਮੇਰੀ ਜ਼ਿੰਦਗੀ ਦਾ ਸਭ ਤੋਂ ਪਿਆਰਾ ਫ਼ਿਕਰ ਹੈ; ਅਤੇ ਉਸ ਉਤੇ ਮੇਰਾ ਏਨਾ ਪ੍ਰਭਾਵ ਹੈ ਕਿ ਉਹਨੇ ਮੈਨੂੰ ਆਪਣੇ ਵਿਆਹ ਦੇ ਮਾਮਲੇ ਵਿਚ ਪੂਰਾ ਹੱਕ ਦਿੱਤਾ ਹੋਇਆ ਹੈ।"

ਅਸੀਂ ਰਾਤ ਲਈ ਵੱਖ ਹੋ ਗਏ। ਅਗਲੀ ਸਵੇਰ, ਨਾਸ਼ਤੇ ਤੋਂ ਮਗਰੋਂ, ਇਕ ਅਜਿਹਾ ਵਿਘਨ ਆ ਪਿਆ, ਜਿਸ ਨੂੰ ਮੈਂ ਸ਼ਾਮ ਦੀਆਂ ਘਟਨਾਵਾਂ ਕਾਰਣ ਭੁੱਲ ਹੀ ਚੁੱਕਾ ਸਾਂ, ਸੋ ਅਸੀਂ ਫਾਰਮ ਵੱਲ ਇਕਦਮ ਨਾ ਜਾ ਸਕੇ। ਲਿਮਰਿਜ ਹਾਊਸ ਵਿਚ ਮੇਰਾ ਇਹ ਅਖੀਰਲਾ ਦਿਨ ਸੀ ਇਹ ਜ਼ਰੂਰੀ ਸੀ, ਕਿ ਜਿਉਂ ਹੀ ਡਾਕ ਪਹੁੰਚੇ, ਮੈਂ ਮਿਸ ਹਾਲਕੌਂਬ ਦੀ ਸਲਾਹ ਅਨੁਸਾਰ, ਮਿਸਟਰ ਫੈਅਰਲੀ ਕੋਲੋਂ ਇਕ ਅਤਿ ਜ਼ਰੂਰੀ ਕੰਮ ਲਈ ਇਕ ਮਹੀਨਾ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਜਾਣ ਦੀ ਆਗਿਆ ਮੰਗਾਂ ਅਤੇ ਕਵਾਂ ਕਿ ਮੇਰਾ ਲੰਦਨ ਜਾਣਾ ਅਵੱਸ਼ਕ ਹੈ।

ਚੰਗੇ ਭਾਗਾਂ ਨੂੰ, ਉਸ ਦਿਨ, ਘਟੋ-ਘੱਟ, ਇਸ ਬਹਾਨੇ ਦੇ ਵਿਖਾਵੇ ਲਈ ਹੀ ਮੈਨੂੰ ਲੰਦਨ ਤੋਂ ਦੋ ਮਿੱਤਰਾਂ ਦੀਆਂ ਚਿੱਠੀਆਂ ਆਈਆਂ। ਮੈਂ ਉਨ੍ਹਾਂ ਨੂੰ ਫੋਰਨ ਆਪਣੇ ਕਮਰੇ ਵਿਚ ਲੈ ਗਿਆ ਨੌਕਰ ਦੇ ਹੱਥ ਮਿਸਟਰ ਫ਼ੇਅਰਲੀ ਨੂੰ ਇਹ ਬੇਨਤੀ ਕੀਤੀ ਕਿ ਮੈਂ ਉਹਨੂੰ ਇਕ ਕੰਮ ਲਈ ਕਿਸ ਵੇਲੇ ਮਿਲ ਸਕਦਾ ਹਾਂ।

ਮੈਂ ਨੌਕਰ ਦੀ ਉਡੀਕ ਕਰਦਿਆਂ ਰਤਾ ਵੀ ਇਹ ਚਿੰਤਾ ਨਾ ਕੀਤੀ, ਕਿ ਉਹਦਾ ਮਾਲਕ ਮੇਰੀ ਇਹ ਬੇਨਤੀ ਕਿਵੇਂ ਸਵੀਕਾਰ ਕਰੇਗਾ। ਭਾਵੇਂ ਮਿਸਟਰ ਫ਼ੇਅਰਲੀ ਆਗਿਆ ਦੇਵ ਜਾਂ ਨਾਂ, ਮੈਂ ਤੇ ਜਾਣਾ ਹੀ ਸੀ। ਇਸ ਗੱਲ ਦੇ ਅਹਿਸਾਸ ਨੇ, ਕਿ ਮੈਂ ਹੁਣ ਉਸ ਸੰਨੇ ਰਾਹ ਉਤੇ

ਪਹਿਲਾ ਕਦਮ ਰਖਿਆ ਹੈ, ਜਿਸ ਨੇ ਮੈਨੂੰ ਅਤੇ ਮਿਸ ਫ਼ੇਅਰਲੀ ਨੂੰ ਵੱਖ ਕਰ ਦੇਣਾ ਹੈ, ਆਪਣੇ ਆਪ ਹੀ ਆਪਣੀ ਸੰਵੇਦਨਾ ਨੂੰ ਖੁੰਢਿਆਂ ਕਰ ਦਿੱਤਾ ਸੀ। ਗਰੀਬਾਂ ਕੋਲ ਜੋ ਝੱਟ ਹੀ ਭੜਕ ਪੈਣ ਵਾਲਾ ਸਵੈਮਾਨ ਹੁੰਦਾ ਹੈ, ਮੈਂ ਉਹਦਾ ਖ਼ਾਤਮਾ ਕਰ ਚੁੱਕਾ ਸਾਂ, ਮੇਰੇ ਅੰਦਰ ਕਲਾਕਾਰ ਹੋਣ ਦੇ ਨਾਤੇ ਜੋ ਕੁਦਰਤੀ ਘੁਮੰਡ ਸੀ, ਉਹ ਵੀ ਹੁਣ ਮੁੱਕ ਗਿਆ ਸੀ। ਮਿਸਟਰ ਫ਼ੇਅਰਲੀ ਜੋ ਹੁਣ ਮੇਰਾ ਅਪਮਾਨ ਕਰਨ ਤੇ ਤੁੱਲ ਹੀ ਪਏ, ਤਾਂ ਉਹਦੀ ਕੋਈ ਗੁਸਤਾਖੀ ਜਾਂ ਬਦਤਮੀਜ਼ੀ ਮੈਨੂੰ ਕੋਈ ਪੀੜ ਨਹੀਂ ਪਹੁੰਚਾ ਸਕਦਾ ਸੀ।

ਨੌਕਰ ਜੋ ਸੁਨੇਹਾ ਲੈ ਕੇ ਪਰਤਿਆ, ਮੈਂ ਉਸ ਲਈ ਤਿਆਰ ਸਾਂ। ਮਿਸਟਰ ਫ਼ੇਅਰਲੀ ਨੂੰ ਦੁੱਖ ਸੀ, ਕਿ ਉਸ ਖ਼ਾਸ ਦਿਨ ਉਸ ਦੀ ਸਿਹਤ ਅਤੇ ਤਬੀਅਤ ਏਨੀ ਢਿੱਲੀ ਸੀ ਕਿ ਉਹ ਮੈਨੂੰ ਮਿਲਣ ਦੀ ਖੁਸ਼ੀ ਹਾਸਲ ਕਰਨ ਦੀ ਆਸ ਹੀ ਨਹੀਂ ਸੀ ਰੱਖ ਸਕਦਾ; ਇਸ ਲਈ ਉਹਦੀ ਬੇਨਤੀ ਸੀ, ਕਿ ਮੈਂ ਉਸ ਦੀ ਖਿਮਾਂ ਸਵੀਕਾਰ ਕਰਦਾ ਹੋਇਆ, ਚਿੱਠੀ ਰਾਹੀਂ ਆਪਣਾ ਸੁਨੇਹਾ ਉਸ ਨੂੰ ਭੇਜ ਦਿਆਂ। ਇਸ ਘਰ ਵਿਚ ਜਿਹੜੇ ਤਿੰਨ ਮਹੀਨੇ ਮੈਂ ਬਿਤਾਏ ਸਨ, ਉਨ੍ਹਾਂ ਵਿਚ ਅਜਿਹੇ ਕਈ ਸੁਨੇਹਾ ਮੈਨੂੰ ਸਮੇਂ ਸਮੇਂ ਤੇ ਮਿਲਦੇ ਰਹੇ ਸਨ। ਇਹ ਸਾਰਾ ਸਮਾਂ ਉਹ ਮੈਨੂੰ "ਹਾਸਲ" ਕਰਕੇ ਬੜੀ ਖੁਸ਼ੀ ਮਨਾਉਂਦਾ ਰਿਹਾ ਸੀ, ਪਰ ਦੂਜੀ ਵਾਰ ਮਿਲਣ ਲਈ ਉਹ ਕਦੀ ਠੀਕ ਨਹੀਂ ਸੀ ਹੋਇਆ। ਜੋ ਤਸਵੀਰਾਂ ਮੈਂ ਮੁੜ ਠੀਕ ਹਾਲਤ ਵਿਚ ਕਰਦਾ ਅਤੇ ਚੋਖਟਿਆਂ ਵਿਚ ਜੜ੍ਹ ਲੈਂਦਾ, ਉਨ੍ਹਾਂ ਨੂੰ ਨੌਕਰ ਹੱਥ ਆਪਣੇ ਸਤਿਕਾਰ ਸਮੇਤ ਉਹਦੇ ਮਾਲਕ ਨੂੰ ਭੇਜਦਾ, ਅਤੇ ਨੌਕਰ ਖਾਲੀ ਹੱਥ, ਮਿਸਟਰ ਫ਼ੇਅਰਲੀ ਵਲੋਂ 'ਧੰਨਵਾਦ, ਸ਼ੁਭ ਇਛਾਵਾਂ' ਅਤੇ ਇਸ ਗੱਲ ਦਾ ਦੁਖ ਲੈ ਕੇ ਮੁੜਦਾ, ਕਿ ਮਿਸਟਰ ਫ਼ੇਅਰਲੀ ਦੀ ਸਿਹਤ ਸੱਚਮੁਚ ਅਜੇ ਵੀ ਏਨੀ ਖ਼ਰਾਬ ਸੀ ਕਿ ਉਹ ਆਪਣੇ ਹੀ ਕਮਰੇ ਵਿਚ ਇਕਲਿਆਂ ਇਕ ਕੈਦੀ ਵਾਂਗ ਰਹਿਣ ਲਈ ਮਜ਼ਬੂਰ ਸੀ। ਇਸ ਤੋਂ ਤਸੱਲੀਜਨਕ ਇੰਤਜ਼ਾਮ, ਜੋ ਦੋਹਾਂ ਧਿਰਾਂ ਲਈ ਹੀ ਠੀਕ ਸੀ, ਹੋਰ ਨਹੀਂ ਸੀ ਹੋ ਸਕਦਾ। ਇਹ ਕਹਿਣਾ ਤਾਂ ਔਖਾ ਹੋਵੇਗਾ ਕਿ ਇਨ੍ਹਾਂ ਹਾਲਤਾਂ ਵਿਚ ਸਾਡੇ ਦੋਹਾਂ ਵਿਚੋਂ ਮਿਸਟਰ ਫ਼ੇਅਰਲੀ ਦੇ ਨਰਵਜ਼ ਵੱਲ ਕਿਹੜਾ ਵੱਧ ਇਹਸਾਨਮੰਦ ਹੋਵੇਗਾ। ਮੈਂ ਉਸੇ ਵੇਲੇ ਚਿੱਠੀ ਲਿਖਣ ਬੈਠ ਗਿਆ, ਅਤੇ ਜਿੰਨੀ ਨਿਮਰਤਾ, ਸਪਸ਼ਟਤਾ ਅਤੇ ਸੰਖੇਪਤਾ ਨਾਲ ਆਪਣੀ ਗੱਲ ਲਿਖ ਸਕਦਾ ਸਾਂ, ਲਿਖੀ। ਮਿਸਟਰ ਫ਼ੇਅਰਲੀ ਨੇ ਚਿੱਠੀ ਲਿਖਣ ਵਿਚ ਕਾਹਲੀ ਨਹੀਂ ਸੀ ਕੀਤੀ। ਇਕ ਘੰਟੇ ਦੇ ਮਗਰੋਂ ਮੇਰੇ ਹੱਥਾਂ ਵਿਚ ਉਸ ਦਾ ਭੇਜਿਆ ਉੱਤਰ

ਆਇਆ। ਚਿੱਠੀ ਬੜੇ ਸੁਹਣੇ, ਸਾਫ਼ ਅਤੇ ਸੁਡੋਲ  ਅੱਖਰਾਂ ਵਿਚ ਜਾਮਨੀ ਰੰਗ ਦੀ ਸਿਆਹੀ ਨਾਲ ਲਿਖੀ ਗਈ ਸੀ। ਕਾਗਜ ਹਾਥੀਦੰਦ ਵਾਂਗ ਮੁਲਾਇਮ ਅਤੇ ਇਕ ਗੱਤੇ ਵਾਂਗ ਮੋਟਾ ਸੀ, ਅਤੇ ਇਹ ਮੈਨੂੰ ਇਜ ਸੰਬੋਧਨ ਕੀਤੀ ਗਈ ਸੀ :-

"ਮਿਸਟਰ ਫ਼ੇਅਰਲੀ ਦੀ ਮਿਸਟਰ ਹਾਰਟਰਾਈਟ ਨੂੰ ਨਮਸਕਾਰ। ਮਿਸਟਰ ਫ਼ੇਅਰਲੀ ਮਿਸਟਰ ਹਾਰਟਰਾਈਟ ਦੀ ਚਿੱਠੀ ਪੜ੍ਹਕੇ ਏਨੇ ਹੈਰਾਨ ਅਤੇ ਨਿਰਾਸ਼ ਹੋਏ ਹਨ ਕਿ ਉਹ (ਇਸ ਵੇਲੇ ਆਪਣੀ ਸਿਹਤ ਵੇਖਦਿਆਂ ਹੋਇਆਂ) ਦਸ ਨਹੀਂ ਸਕਦੇ। ਮਿਸਟਰ ਫ਼ੇਅਰਲੀ ਭਾਵੇਂ ਕਾਰੋਬਾਰੀ ਮਨੁੱਖ ਨਹੀਂ ਹਨ, ਪਰ ਉਨ੍ਹਾਂ ਨੇ ਆਪਣੇ ਮੁਖਤਾਰ ਕੋਲੋਂ ਜੋ ਕਿ ਕਾਰੋਬਾਰੀ ਬੰਦਾ ਹੈ, ਸਲਾਹ ਲਈ ਹੈ : ਅਤੇ ਉਹਦੀ ਰਾਏ ਮਿਸਟਰ ਫ਼ੇਅਰਲੀ ਦੀ ਰਾਏ ਨਾਲ ਮਿਲਦੀ ਹੈ ਕਿ ਮਿਸਟਰ ਹਾਰਟਰਾਈਟ ਦੀ ਇਹ ਬੇਨਤੀ ਕਿ ਉਹਨੂੰ ਸਮੇਂ ਤੋਂ ਪਹਿਲਾਂ ਜਾਣ ਦੀ ਆਗਿਆ ਦਿੱਤੀ ਜਾਏ, ਸਿਰਫ ਤਾਂ ਹੀ ਮੰਨੀ ਜਾ ਸਕਦੀ ਹੈ, ਜੇ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੋਵੇ ਮਿਸਟਰ ਫ਼ੇਅਰਲੀ ਦੀ ਦੁੱਖ ਭਰੀ ਜ਼ਿੰਦਗੀ ਦੀ ਇਕ ਖੁਸ਼ੀ ਅਤੇ ਆਰਾਮ ਹੈ, ਕਲਾ ਨੂੰ ਸਲਾਹੁਣਾ ਅਤੇ ਕਲਾਕਾਰਾਂ ਨੂੰ ਸ਼ਲਾਘਾ ਦੇਣੀ; ਮਿਸਟਰ ਹਾਰਟਰਾਈਟ ਦਾ ਹੁਣ ਦਾ ਵਤੀਰਾ ਇਸ ਭਾਵਨਾ ਨੂੰ ਹਿਲਾ ਸਕਦਾ ਸੀ, ਪਰ ਇਹ ਕੁਝ ਨਹੀਂ ਹੋ ਸਕਿਆ ਸਿਵਾਏ ਮਿਸਟਰ ਹਾਰਟਰਾਈਟ ਦੇ ਮਾਮਲੇ ਵਿਚ ਹੀ ਇਹ ਸੰਭਵ ਹੋਇਆ ਹੈ।

ਆਪਣੀ ਰਾਏ ਦੱਸਣ ਮਗਰੋਂ ਜਿੰਨੀ ਕੁ ਇਹ ਡਾਢੀ ਘਬਰਾਹਟ ਭਰੀ ਤਕਲੀਫ ਵਿਚ ਦੱਸਣਾ ਸੰਭਵ ਹੈ, ਮਿਸਟਰ ਫ਼ੇਅਰਲੀ ਨੇ ਹੋਰ ਕੁਝ ਨਹੀਂ ਕਹਿਣਾ ਇਸ ਵਿਧੀ-ਵਿਰੁੱਧ ਅਰਜ਼ੀ ਬਾਰੇ ਬਸ ਆਪਣਾ ਨਿਰਣਾ ਦੱਸਣਾ ਹੈ। ਸ਼ਰੀਰਕ ਅਤੇ ਮਾਨਸਿਕ ਆਰਾਮ ਦੀ ਜ਼ਰੂਰਤ ਕਰਕੇ ਮਿਸਟਰ ਫ਼ੇਅਰਲੀ ਹੁਣ ਮਿਸਟਰ ਹਾਰਟਰਾਈਟ ਨੂੰ ਇਸ ਘਰ ਵਿਚ ਨਹੀਂ ਰਹਿਣ ਦੇਣਾ ਚਾਹੁਣਗੇ ਕਿਉਂਕਿ ਇਸ ਤਰ੍ਹਾਂ ਦੋਹਾਂ ਧਿਰਾਂ ਨੂੰ ਹੀ ਖਿੱਝ ਉਤਪੰਨ ਹੋਵੇਗੀ। ਇਸੇ ਲਈ ਮਿਸਟਰ ਫ਼ੇਅਰਲੀ ਹੁਣ ਆਪ ਨਾਂਹ ਕਰਨ ਦਾ ਅਧਿਕਾਰ ਨਾ ਵਰਤਦੇ ਹੋਏ ਸਿਰਫ਼ ਆਪਣੀ ਸ਼ਾਂਤੀ ਨੂੰ ਸਥਿਰ ਰੱਖਣ ਦੇ ਵਿਚਾਰ ਨਾਲ ਮਿਸਟਰ ਹਾਰਟਰਾਈਟ ਨੂੰ ਖਬਰ ਭੇਜਦੇ ਹਨ, ਕਿ ਉਹ ਜਾ ਸਕਦਾ ਹੈ।

ਮੈਂ ਚਿੱਠੀ ਨੂੰ ਤਹਿ ਕਰਕੇ ਆਪਣੇ ਹੋਰ ਕਾਗਜ਼ਾਂ ਵਿਚ ਰੱਖ ਲਿਆ। ਕੋਈ ਸਮਾਂ ਸੀ, ਜਦੋਂ ਮੈਂ ਅਜਿਹੀ ਚਿੱਠੀ ਨੂੰ ਆਪਣੀ ਬੇਇਜ਼ਤੀ ਮੰਨਦਾ ਪਰ ਹੁਣ ਨੌਕਰੀ ਤੋਂ ਰਿਹਾਈ ਦਾ

ਲਿਖਤੀ ਪ੍ਰਮਾਣ ਸਮਝ ਕੇ ਸਵੀਕਾਰ ਕਰ ਲਈ। ਮੇਰੇ ਮਨ ਤੇ ਇਸ ਦਾ ਕੋਈ ਭਾਰ ਨਹੀਂ ਸੀ ਅਤੇ ਜਦੋਂ ਤੱਕ ਮੈਂ ਹੇਠਾਂ ਬਰਕਫਸਟ ਰੂਮ ਵਿਚ ਮਿਸ ਹਾਲਕੌਂਬ ਨੂੰ ਇਹ ਕਹਿਣ ਗਿਆ ਕਿ ਮੈਂ ਉਹਦੇ ਨਾਲ ਫਾਰਮ ਤਕ ਜਾਣ ਲਈ ਤਿਆਰ ਸਾਂ, ਮੈਨੂੰ ਇਸਦੀ ਯਾਦ ਵੀ ਭੁੱਲ ਚੁੱਕੀ ਸੀ।

"ਕੀ ਮਿਸਟਰ ਫ਼ੇਅਰਲੀ ਨੇ ਤੁਹਾਨੂੰ ਕਈ ਤਸੱਲੀਜਨਕ ਉੱਤਰ ਦਿੱਤਾ ਹੈ?' ਜਦੋਂ ਉਹਨੇ ਇਹ ਪੁੱਛਿਆ, ਅਸੀਂ ਘਰ ਨਿਕਲ ਰਹੇ ਸਾਂ।

"ਉਨ੍ਹਾਂ ਮੈਨੂੰ ਜਾਣ ਦੀ ਆਗਿਆ ਦੇ ਦਿੱਤੀ ਹੈ, ਮਿਸ ਹਾਲਕੌਂਬ।" ਉਹਨੇ ਮੇਰੇ ਵੱਲ ਕਾਹਲੀ ਨਾਲ ਵੇਖਿਆ ਅਤੇ ਉਸ ਵੇਲੇ, ਜਦੋਂ ਦਾ ਮੈਂ ਉਹਨੂੰ ਜਾਣਿਆ ਸੀ, ਪਹਿਲੀ ਵਾਰ ਉਹਨੇ ਆਪਣੀ ਮਰਜ਼ੀ ਨਾਲ ਮੇਰੀ ਬਾਂਹ ਫੜੀ। ਕੋਈ ਸ਼ਬਦ ਵੀ ਇੰਨੀ ਸੂਖਮਤਾ ਅਤੇ ਨਜ਼ਾਕਤ ਨਾਲ ਇਹ ਵਯੱਕਤ ਨਹੀਂ ਕਰ ਸਕਦੇ ਕਿ ਉਹ ਸਮਝ ਗਈ ਸੀ ਕਿ ਮੈਨੂੰ ਨੌਕਰੀ ਛੱਡਣ ਦੀ ਆਗਿਆ ਕਿਵੇਂ ਮਿਲੀ ਹੈ ਮੈਨੂੰ ਉਹ ਆਪਣੀ ਪੂਰੀ ਹਮਦਰਦੀ ਦੇ ਰਹੀ ਸੀ- ਇਕ ਮਾਲਕ ਵਾਂਗ ਨਹੀਂ ਸਗੋਂ ਇਕ ਮਿੱਤਰ ਵਾਂਗ। ਮੈਨੂੰ ਉਸ ਆਦਮੀ ਦੀ ਅਪਮਾਨ ਜਨਕ ਚਿੱਠੀ ਨਾਲ ਏਨੀ ਪੀੜ ਨਹੀਂ ਸੀ ਹੋਈ, ਹੈ ਅਤੇ ਪਰ ਇਸ ਔਰਤ ਦੀ ਪਛਤਾਵੇ ਭਰੀ ਦਯਾ ਨੂੰ ਮੈਂ ਦਿਲੋਂ ਮਹਿਸੂਸ ਕੀਤਾ।

ਫ਼ਾਰਮ ਵੱਲ ਜਾਂਦਿਆਂ ਅਸੀਂ ਇਹ ਸਲਾਹ ਬਣਾਈ ਕਿ ਮਿਸ ਹਾਲਕੌਂਬ ਇਕੱਲੀ ਹੀ ਘਰ ਦੇ ਅੰਦਰ ਜਾਏਗੀ ਅਤੇ ਮੈਂ ਬਾਹਰ ਉੱਨੀ ਕੁ ਦੂਰੀ ਤੇ ਰਵ੍ਹਾਂਗਾ ਜਿਥੋਂ ਉਹਦੀ ਆਵਾਜ਼ ਸੁਣ ਸਕਾਂ। ਅਸੀਂ ਇਹ ਸਲਾਹ ਇਸ ਡਰ ਤੋਂ ਬਣਾਈ ਸੀ ਕਿ ਮੈਨੂੰ ਵੇਖ ਕੇ ਜੇ ਏਨ ਕੈਥੇਰਿਕ ਨੂੰ ਉਹ ਕਬਰਸਤਾਨ ਵਾਲੀ ਘਟਨਾ ਯਾਦ ਆ ਗਈ, ਅਤੇ ਉਹ ਉਸੇ ਤਰ੍ਹਾਂ ਮੁੜ ਡਰ ਗਈ, ਤਾਂ ਉਹ ਉਸ ਨਾਵਾਕਿਫ਼ ਔਰਤ ਉਤੇ ਵੀ ਵਿਸ਼ਵਾਸ ਨਹੀਂ ਕਰ ਸਕੇਗੀ ਅਤੇ ਉਹਨੂੰ ਕੁਝ ਵੀ ਨਹੀਂ ਦਸੇਗੀ। ਮਿਸ ਹਾਲਕੌਂਬ ਮੈਨੂੰ ਛੱਡ ਕੇ ਪਹਿਲਾਂ ਕਿਸਾਨ ਦੀ ਪਤਨੀ ਨੂੰ ਮਿਲਣ ਦੇ ਖ਼ਿਆਲ ਨਾਲ ਅੰਦਰ ਗਈ (ਉਸਨੂੰ ਵਿਸ਼ਵਾਸ ਸੀ ਕਿ ਕਿਸਾਨ ਦੀ ਪਤਨੀ ਸਦਾ ਉਹਦੀ ਮਦਦ ਕਰਨ ਨੂੰ ਤਿਆਰ ਸੀ) ਅਤੇ ਮੈਂ ਘਰ ਦੇ ਬਾਹਰ ਹੀ ਉਡੀਕਦਾ ਰਿਹਾ।

ਮੈਨੂੰ ਆਸ ਸੀ, ਕਿ ਮੈਨੂੰ ਕਾਫੀ ਚਿਰ ਇਕੱਲਿਆਂ ਰਹਿਣਾ ਪਵੇਗਾ। ਪਰ ਮੈਂ ਹੈਰਾਨ ਰਹਿ ਗਿਆ, ਜਦੋਂ ਪੰਜ ਮਿੰਟਾਂ ਤੋਂ ਵੀ ਪਹਿਲਾਂ ਮਿਸ ਹਾਲਕੌਂਬ ਮੁੜ ਆਈ।

'ਕੀ ਏਨ ਕੈਥੇਰਿਕ ਨੇ ਤੁਹਾਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਹੈ?" ਮੈਂ ਹੈਰਾਨੀ ਵਿਚ ਪੁੱਛਿਆ।

"ਏਨ ਕੈਥੇਰਿਕ ਚਲੀ ਗਈ ਹੈ," ਮਿਸ ਹਾਲਕੌਂਬ ਨੇ ਉੱਤਰ ਦਿੱਤਾ।

"ਚਲੀ ਗਈ ਹੈ !"

"ਉਹ ਮਿਸੇਜ਼ ਕਲੀਮੈਂਟਸ ਨਾਲ ਚਲੀ ਗਈ ਹੈ। ਉਹ ਦੋਵੇਂ ਅੱਜ ਸਵੇਰੇ ਅੱਠ ਵਜੇ ਹੀ ਫਾਰਮ ਤੋਂ ਚਲੀਆਂ ਗਈਆਂ ਹਨ।"

ਮੈਂ ਹੋਰ ਕੁਝ ਨਾ ਕਹਿ ਸਕਿਆ ਮੈਂ ਸਿਰਫ ਇਹ ਹੀ ਮਹਿਸੂਸ ਕਰ ਸਕਦਾ ਸਾਂ ਕਿ ਕੁਝ ਖੁਰਾ ਖੋਜ ਕੱਢਣ ਦਾ ਸਾਡਾ ਅਖੀਰਲਾ ਮੌਕਾ ਵੀ ਉਨ੍ਹਾਂ ਦੇ ਨਾਲ ਹੀ ਹਥੋਂ ਨਿਕਲ ਗਿਆ ਸੀ।

"ਜੋ ਕੁਝ ਵੀ ਮਿਸੇਜ਼ ਟਾਡ ਨੂੰ ਆਪਣੇ ਪ੍ਰਾਹੁਣਿਆਂ ਬਾਰੇ ਪਤਾ ਹੈ, ਉਹ ਮੈਨੂੰ ਵੀ ਪਤਾ ਲੱਗ ਗਿਆ ਹੈ," ਮਿਸ ਹਾਲਕੌਂਬ ਕਹਿੰਦੀ ਗਈ, "ਅਤੇ ਉਹ ਵੀ ਮੇਰੇ ਵਾਂਗ ਹਨੇਰੇ ਵਿਚ ਹੀ ਹੈ। ਉਹ ਦੋਵੇਂ ਰਾਤੀ ਤੁਹਾਨੂੰ ਮਿਲਣ ਮਗਰੋਂ ਠੀਕ ਠਾਕ ਆਈਆਂ ਅਤੇ ਸ਼ਾਮ ਦਾ ਪਹਿਲਾ ਹਿੱਸਾ ਰੋਜ਼ ਵਾਂਗ ਮਿਸਟਰ ਟਾਡ ਦੇ ਟੱਬਰ ਨਾਲ ਰਲ ਕੇ ਗੁਜ਼ਾਰਿਆ। ਪਰ ਰੋਟੀ ਤੋਂ ਪਹਿਲਾਂ ਏਨ ਕੈਥੇਰਿਕ ਅਚਾਨਕ ਬੇਹੋਸ਼ ਹੋ ਗਈ, ਜਿਸ ਨਾਲ ਉਹ ਸਾਰੇ ਘਬਰਾ ਗਏ। ਜਿਸ ਦਿਨ ਉਹ ਫ਼ਾਰਮ ਤੇ ਪੁੱਜੀ ਸੀ, ਉਹਨੂੰ ਉਸ ਦਿਨ ਵੀ ਇਹ ਜਿਹਾ ਇਕ ਦੌਰਾ ਪਿਆ ਸੀ; ਪਰ ਉਹ ਏਨਾ ਗੰਭੀਰ ਨਹੀਂ ਸੀ। ਉਸ ਦਿਨ ਮਿਸੇਜ਼ ਟਾਡ ਨੂੰ ਲਗਾ ਸੀ ਕਿ ਏਨ ਕੈਥੇਰਿਕ ਲੋਕਲ ਅਖਬਾਰ ਪੜ੍ਹ ਰਹੀ ਸੀ ਅਤੇ ਪੜ੍ਹਦੀ ਹੀ ਬੇਹੋਸ਼ ਹੋ ਗਈ ਸੀ। ਅਖ਼ਬਾਰ ਮੇਜ਼ ਤੇ ਪਈ ਸੀ, ਅਤੇ ਉਹਨੇ ਇਕਦੇ ਮਿੰਟ ਪਹਿਲਾਂ ਹੀ ਇਹਨੂੰ ਹੱਥ ਵਿਚ ਲਿਆ ਸੀ।"

"ਕੀ ਮਿਸੇਜ਼ ਟਾਡ ਜਾਣਦੀ ਹੈ ਕਿ ਅਖ਼ਬਾਰ ਵਿਚ ਇਹੋ ਜਿਹੀ ਕਿਹੜੀ ਖ਼ਬਰ ਸੀ ਜਿਸ ਨੇ ਉਹਨੂੰ ਇਸ ਤਰ੍ਹਾਂ ਪ੍ਰਭਾਵਤ ਕੀਤਾ?" ਮੈਂ ਪੁੱਛਿਆ।

'ਨਹੀਂ' ਮਿਸ ਹਾਲਕੌਂਬ ਨੇ ਉੱਤਰ ਦਿੱਤਾ। "ਉਹਨੇ ਅਖ਼ਬਾਰ ਨੂੰ ਮੁੜ ਵੇਖਿਆ, ਪਰ ਉਸ ਵਿਚ ਉਹਨੂੰ ਕੋਈ ਅਜਿਹੀ ਗੱਲ ਨਹੀਂ ਦਿਸੀ, ਜਿਸ ਨਾਲ ਕੋਈ ਘਬਰਾ ਜਾਏ। ਮੈਂ ਵੀ ਉਹ ਅਖ਼ਬਾਰ ਵੇਖਣ ਦੀ ਆਗਿਆ ਲਈ; ਅਤੇ ਜਿਉਂ ਹੀ ਖੁੱਲੀ ਮੈਂ ਵੇਖਿਆ ਕਿ ਐਡੀਟਰ ਨੇ ਆਪਣੀਆਂ ਖ਼ਬਰਾਂ ਦੇ ਖਜ਼ਾਨੇ ਨੂੰ ਅਮੀਰ ਕਰਨ ਲਈ ਸਾਡੇ ਘਰੇਗੀ ਮਾਮਲਿਆਂ ਦਾ ਆਸਰਾ

ਲਿਆ ਹੋਇਆ ਸੀ। ਐਡੀਟਰ ਨੇ ਮੇਰੀ ਭੈਣ ਦੀ ਕੁੜਮਾਈ ਦੀ ਖ਼ਬਰ ਜੋ ਲੰਦਨ ਦੀਆਂ ਅਖ਼ਬਾਰਾਂ ਵਿਚ ਅਮੀਰ ਘਰਾਣੇ ਵਿਚ ਵਿਆਹ ਦੇ ਸਿਰਲੇਖ ਹੇਠਾਂ ਛਪ ਚੁੱਕੀ ਸੀ, ਆਪਣੀਆਂ ਹੋਰ ਖ਼ਬਰਾਂ ਨਾਲ ਛਾਪੀ ਹੋਈ ਸੀ। ਮੈਂ ਇਕਦਮ ਇਸ ਸਿੱਟੇ ਤੇ ਪੁੱਜੀ ਕਿ ਏਨ ਕੈਥੇਰਿਕ ਨੂੰ ਉਸੇ ਪੈਰ੍ਹੇ ਨੇ ਹੀ ਇੰਨੀ ਅਨੋਖੀ ਤਰ੍ਹਾਂ ਪ੍ਰਭਾਵਤ ਕੀਤਾ ਹੋਵੇਗਾ, ਅਤੇ ਫਿਰ ਮੈਂ ਸਮਝ ਗਈ ਕਿ ਉਹਦਾ ਦੂਜੇ ਦਿਨ ਸਾਡੇ ਘਰ ਚਿੱਠੀ ਭੇਜਣ ਦਾ ਇਹੀ ਮੂਲ ਸਰੋਤ ਸੀ।"

"ਇਸ ਗੱਲ ਬਾਰੇ ਤਾਂ ਹੁਣ ਰਤਾ ਵੀ ਸ਼ੱਕ ਨਹੀਂ ਰਿਹਾ। ਪਰ ਤੁਸੀਂ ਕੱਲ੍ਹ ਸ਼ਾਮ ਦੇ ਬੇਹੋਸ਼ੀ ਦੇ ਦੌਰੇ ਬਾਰੇ ਕੀ ਸੁਣਿਆ?'

"ਕੁਝ ਵੀ ਨਹੀਂ। ਇਸਦਾ ਕਾਰਨ ਤਾਂ ਇਕ ਭੇਤ ਹੈ। ਕਮਰੇ ਵਿਚ ਕਈ ਓਪਰਾ ਮਨੁੱਖ ਨਹੀਂ ਸੀ। ਇਕੋ ਇਕ ਪ੍ਰਾਹੁਣਾ ਉਹ ਹੀ ਕੁੜੀ ਸੀ ਜੋ ਸਾਡੀ ਡੇਰੀ ਵਿਚ ਕੰਮ ਕਰਦੀ ਹੈ, ਅਤੇ ਜਿਵੇਂ ਮੈਂ ਤੁਹਾਨੂੰ ਦੱਸ ਚੁੱਕੀ ਹਾਂ ਉਹ ਮਿਸਟਰ ਟਾਡ ਦੀ ਹੀ ਧੀ ਹੈ; ਉਹ ਆਂਢ ਗੁਆਂਡ ਬਾਰੇ ਗੱਪਾਂ ਮਾਰ ਰਹੀਆਂ ਸਨ। ਉਨ੍ਹਾਂ ਏਨ ਦੀ ਚੀਕ ਸੁਣੀ ਅਤੇ ਉਨ੍ਹਾਂ ਵੇਖਿਆ, ਕਿ ਉਹ ਬਿਨਾਂ ਕਿਸੇ ਪ੍ਰਗਟ ਕਾਰਣ ਦੇ ਪੀਲੀ ਭੂਕ ਹੋ ਗਈ ਸੀ। ਮਿਸੇਜ਼ ਟਾਡ ਅਤੇ ਮਿਸੇਜ਼ ਕਲੀਮੈਂਟਸ ਦੋਵੇਂ ਰਲ ਕੇ ਉਹਨੂੰ ਉਪਰ ਲੈ ਗਈਆਂ; ਅਤੇ ਮਿਸਜ਼ ਕਲੀਮੈਂਟਸ ਉਹਦੇ ਕੋਲ ਹੀ ਰਹੀ। ਬੜੀ ਦੇਰ ਤੀਕ। ਇਥੋਂ ਤਕ ਕਿ ਰੋਜ਼ ਦਾ ਸੌਣ ਦਾ ਵੇਲਾ ਵੀ ਲੰਘ ਚੁੱਕਾ ਸੀ, ਕਿ ਉਨ੍ਹਾਂ ਦੀ ਗੱਲਾਂ ਕਰਨ ਦੀ ਆਵਾਜ਼ ਆਉਂਦੀ ਰਹੀ; ਅਤੇ ਅੱਜ ਤੜਕੇ ਹੀ ਮਿਸਜ਼ ਕਲੀਮੈਂਟਸ ਨੇ ਮਿਸੇਜ਼ ਟਾਡ ਨੂੰ ਇਕ ਪਾਸੇ ਲਿਜਾ ਕੇ ਕਿਹਾ ਕਿ ਉਨ੍ਹਾਂ ਨੂੰ ਜਾਣਾ ਪੈਣਾ ਹੈ; ਇਸ ਤੋਂ ਮਿਸੇਜ਼ ਟਾਡ ਏਨੀ ਹੈਰਾਨ ਹੋ ਗਈ ਕਿ ਕੁਝ ਬੋਲ ਨਾ ਸਕੀ। ਅਚਾਨਕ ਜਾਣ ਦਾ ਕਾਰਣ ਉਸ ਨੇ ਆਪਣੇ ਪ੍ਰਾਹੁਣੇ ਤੋਂ ਪੁੱਛਿਆ ਜਿਸ ਏਨਾਂ ਹੀ ਦਸਿਆ ਕਿ ਕਈ ਅਜਿਹੀ ਘਟਨਾ ਘਟੀ ਹੈ, ਜਿਸ ਨਾਲ ਫਾਰਮ ਵਾਲਿਆਂ ਦਾ ਕੋਈ ਸੰਬੰਧ ਨਹੀਂ, ਪਰ ਉਹ ਘਟਨਾ ਏਨੀ ਗੰਭੀਰ ਹੈ ਕਿ ਏਨ ਕੈਥੇਰਿਕ ਨੇ ਲਿਮਰਜ ਤੋਂ ਫੋਰਨ ਚਲੇ ਜਾਣ ਦਾ ਇਰਾਦਾ ਕਰ ਲਿਆ ਹੈ। ਮਿਸੇਜ਼ ਕਲੀਮੈਂਟਸ ਨੂੰ ਹੋਰ ਪ੍ਰਸ਼ਨ ਪੁੱਛਣ ਦਾ ਕੋਈ ਫਾਇਦਾ ਨਾ ਹੋਇਆ। ਉਹਨੇ ਸਿਰਫ਼ ਆਪਣਾ ਸਿਰ ਹਿਲਾਇਆ, ਅਤੇ ਕਹਿਣ ਲੱਗੀ ਕਿ ਏਨ ਦੀ ਖ਼ਾਤਰ ਉਹ ਬੇਨਤੀ ਕਰਦੀ ਹੈ ਕਿ ਉਹਨੂੰ ਹੋਰ ਸਵਾਲ ਨਾ ਪੁੱਛੇ ਜਾਣ। ਉਹ ਆਪ ਵੀ ਬੜੀ ਘਬਰਾਈ ਹੋਈ ਅਤੇ ਪ੍ਰੇਸ਼ਾਨ ਦਿਸਦੀ ਸੀ। ਉਹ ਬਾਰ ਬਾਰ ਇਹੀ ਕਹਿੰਦੀ ਸੀ, ਕਿ ਏਨ ਨੂੰ ਜਾਣਾ ਹੀ ਚਾਹੀਦਾ ਹੈ; ਅਤੇ

ਉਹ ਆਪ ਵੀ ਉਹਦੇ ਨਾਲ ਜਾਏਗੀ। ਜਿਸ ਥਾਂ ਤੇ ਉਨਾਂ ਦੋਹਾਂ ਜਾਣਾ ਸੀ, ਉਸ ਬਾਰੇ ਉਹ ਕੁਝ ਵੀ ਕਿਸੇ ਨੂੰ ਦੱਸਣ ਲਈ ਤਿਆਰ ਨਹੀਂ ਸਨ। ਉਹ ਗੱਲ ਉਹ ਸਭ ਤੋਂ ਛਪਾ ਕੇ ਰੱਖਣਾ ਚਾਹੁੰਦੀ ਸੀ। ਮੈਂ ਤੁਹਾਨੂੰ ਹੁਣ ਇਹ ਲੰਮੀ ਕਹਾਣੀ ਨਹੀਂ ਦੱਸਦੀ ਕਿ ਮਿਸੇਜ਼ ਟਾਡ ਨੇ ਪ੍ਰਾਹੁਣਚਾਰੀ ਦੇ ਨਾਤੇ ਕਿੰਨੇ ਹੀ ਤਰਲੇ ਪਾਏ, ਅਤੇ ਕਿੰਨੀ ਵਾਰੀ ਜਾਣ ਦੀ ਆਗਿਆ ਨਾ ਦਿੱਤੀ। ਪਰ ਅੰਤ ਉਹ ਉਨ੍ਹਾਂ ਦੋਹਾਂ ਨੂੰ ਸਭ ਤੋਂ ਨੇੜੇ ਸਟੇਸ਼ਨ ਤੀਕ ਬੱਘੀ ਵਿਚ ਲੈ ਗਈ ਇਸ ਘਟਨਾ ਨੂੰ ਤਿੰਨ ਘੰਟੇ ਹੋ ਚੁਕੇ ਹਨ। ਸਾਰਾ ਰਾਹ ਉਹਨੇ ਅੱਡੀ ਚੋਟੀ ਦਾ ਜ਼ੋਰ ਲਾਇਆ ਕਿ ਉਹ ਉਹਦੇ ਨਾਲ ਖੁੱਲ੍ਹ ਕੇ ਗੱਲ ਕਰਨ; ਪਰ ਸਭ ਵਿਅਰਥ। ਉਹਨੇ ਉਨ੍ਹਾਂ ਨੂੰ ਸਟੇਸ਼ਨ ਦੇ ਬਾਹਰਲੇ ਫਾਟਕ ਤੇ ਛੱਡ ਦਿਤਾ; ਉਹਨੂੰ ਇਸ ਗੱਲ ਦਾ ਦੁੱਖ ਵੀ ਸੀ ਅਤੇ ਗੁੱਸਾ ਵੀ ਕਿ ਉਨ੍ਹਾਂ ਝਟਪਟ ਹੀ ਜਾਣ ਦੀ ਸਲਾਹ ਬਣਾ ਲਈ ਸੀ ਅਤੇ ਉਹ ਮਿਤੱਰਾਂ ਵਾਂਗ ਉਸ ਤੇ ਵਿਸ਼ਵਾਸ ਕਰਨੋਂ ਝਿਝਕਦੀਆਂ ਸਨ। ਉਹਨੂੰ ਇਸ ਗੱਲ ਦਾ ਏਨਾ ਗੁੱਸਾ ਆਇਆ ਕਿ ਉਹ ਉਨ੍ਹਾਂ ਨੂੰ ਅਲਵਿਦਾ ਕਹਿਣ ਲਈ ਵੀ ਨਾ ਰੁਕੀ ਅਤੇ ਵਾਪਸ ਘਰ ਆ ਗਈ। ਇਹ ਸਾਰੀ ਗੱਲ ਇਸ ਤਰ੍ਹਾਂ ਵਾਪਰੀ ਹੈ। ਮਿਸਟਰ ਹਾਰਟਰਾਈਟ, ਤੁਸੀਂ ਫਿਰ ਚੰਗੀ ਤਰ੍ਹਾਂ ਯਾਦ ਕਰੋ, ਅਤੇ ਮੈਨੂੰ ਦਸ, ਕਿ ਕੱਲ੍ਹ ਸ਼ਾਮ ਨੂੰ ਕਬਰਸਤਾਨ ਵਿਚ ਕੋਈ ਅਜਿਹੀ ਗੱਲ ਤਾਂ ਨਹੀਂ ਹੋਈ, ਜੋ ਇਨਾਂ ਦੋਹਾਂ ਔਰਤਾਂ ਦੇ ਇੰਜ ਅਚਾਨਕ ਅਤੇ ਅਜੀਬ ਢੰਗ ਨਾਲ ਜਾਣ ਦਾ ਕਾਰਣ ਬਣੀ ਹੋਵੇ।"

"ਸਭ ਤੋਂ ਪਹਿਲਾਂ, ਮਿਸ ਹਾਲਕੌਂਬ ਮੈਂ ਇਹ ਜਾਣਨਾ ਚਾਹਵਾਂਗਾ ਕਿ ਉਸ ਸਮੇਂ ਜਦ ਸਾਨੂੰ ਵਿਛੜਿਆਂ ਵੀ ਕਈ ਘੰਟੇ ਬੀਤ ਚੁੱਕੇ ਸਨ ਜੋ ਉਸ ਘਬਰਾਹਟ, ਜਾਂ ਮੰਦੇ ਭਾਗਾਂ ਨੂੰ ਮੇਰੇ ਕਾਰਣ ਉਹਨੂੰ ਹੋਈ ਸੀ, ਸ਼ਾਂਤ ਕਰਨ ਲਈ ਕਾਫ਼ੀ ਸਨ, ਏਨ ਕੈਥੇਰਿਕ ਨੂੰ ਅਚਾਨਕ ਹੀ ਫਾਰਮ ਹਾਊਸ ਵਿਚ ਬਹੋਸੀ ਕਿਉਂ ਹੋਈ? ਕੀ ਤੁਸੀਂ ਖਾਸ ਕਰਕੇ ਉਨ੍ਹਾਂ ਗੱਪਾਂ ਗੱਲਾਂ ਬਾਰੇ ਨਹੀਂ ਪੁੱਛਿਆ ਜੋ ਉਹਦੇ ਬੇਹੋਸ਼ ਹੋਣ ਸਮੇਂ ਕਮਰੇ ਵਿਚ ਚਲ ਰਹੀਆਂ ਸਨ।"

"ਹਾਂ, ਮਿਸੇਜ਼ ਟਾਡ ਆਪਣੇ ਘਰ ਦੇ ਕੰਮ ਵਿਚ ਰੁੱਝੀ ਹੋਈ ਸੀ, ਸੋ ਉਹਦਾ ਧਿਆਨ ਬਹੁਤ ਗੱਲਾਂ ਵੱਲ ਨਹੀਂ ਸੀ। ਉਹ ਮੈਨੂੰ ਸਿਰਫ਼ ਇਹ ਹੀ ਦੱਸ ਸਕੀ ਹੈ ਖ਼ਬਰਾਂ ਅਤੇ ਨਵੀਆਂ ਗੱਲਾਂ ਬਾਰੇ ਹੀ ਗੱਪ ਸ਼ਪ ਹੋ ਰਹੀ ਸੀ ਕਿ ਉਥੇ ਰੋਜ਼ ਦੀਆਂ ਜਿਸ ਤੋਂ ਮੇਰਾ ਖ਼ਿਆਲ ਹੋ ਉਹਦਾ ਭਾਵ ਇਹੀ ਹੈ, ਕਿ ਉਹ ਰੋਜ਼ ਹੀ ਇਕ ਦੂਜੇ ਬਾਰੇ ਗੱਲਾਂ ਕਰਦੇ ਹਨ।'

"ਉਹ ਕੁੜੀ ਜੋ ਤੁਹਾਡੀ ਡੇਰੀ ਵਿਚ ਕੰਮ ਕਰਦੀ ਹੈ, ਹੋ ਸਕਦਾ ਹੈ ਉਹਦੀ ਯਾਦਦਾਸ਼ਤ ਆਪਣੀ ਮਾਂ ਤੋਂ ਚੰਗੀ ਸਾਬਤ ਹੋਵੇ," ਮੈਂ ਕਿਹਾ। "ਇਹ ਠੀਕ ਹੋਵੇਗਾ, ਮਿਸ ਹਾਲਕੌਂਬ, ਕਿ ਜਦੋਂ ਅਸੀਂ ਘਰ ਵਾਪਸ ਜਾਈਏ, ਤੁਸੀਂ ਉਸ ਕੁੜੀ ਨਾਲ ਉਸੇ ਵੇਲੇ ਗੱਲ ਕਰਨਾ।" ਜਿਸ ਪਲ ਅਸੀਂ ਘਰ ਪਹੁੰਚੇ, ਮਿਸ ਹਾਲਕੌਂਬ ਨੇ ਮੇਰੇ ਸੁਝਾ ਤੇ ਅਮਲ ਕੀਤਾ। ਮਿਸ ਹਾਲਕੌਂਬ ਮੇਰੇ ਅੱਗੇ ਅੱਗੇ ਨੌਕਰਾਂ ਦੇ ਦਫਤਰਾਂ ਵੱਲ ਗਈ, ਅਤੇ ਅਸੀਂ ਵੇਖਿਆ ਕਿ ਉਹ ਕੁੜੀ ਆਪਣੀਆਂ ਬਾਹਾਂ ਛੁੰਗੀ ਇਕ ਵਡਾ ਦੁੱਧ ਦਾ ਪਤੀਲਾ ਸਾਫ ਕਰ ਰਹੀ ਸੀ ਅਤੇ ਕੰਮ ਕਰਦੀ ਕਰਦੀ ਪ੍ਰਸੰਨ ਚਿੱਤ ਕੋਈ ਗੀਤ ਗਾ ਰਹੀ ਸੀ।

'ਮੈਂ ਇਨ੍ਹਾਂ ਨੂੰ ਤੇਰੀ ਡੇਰੀ ਵਿਖਾਉਣ ਲਈ ਲਿਆਈ ਹਾਂ, ਹੈ ਨਾ ਮਿਸ ਹਾਲਕੌਂਬ ਨੇ ਕਿਹਾ। "ਘਰ ਵਿਚ ਇਹ ਇਕ ਵੇਖਣ ਵਾਲੀ ਥਾਂ ਹੈ, ਅਤੇ ਇਸਦਾ ਸਿਹਰਾ ਤੇਰੇ ਹੀ ਸਿਰ ਹੈ।" ਕੁੜੀ ਨੇ ਲਾਲ ਹੋ ਕੇ ਸਤਿਕਾਰ ਵਜੋਂ ਸਿਰ ਝੁਕਾਇਆ ਅਤੇ ਸ਼ਰਮਾਉਂਦੀ ਹੋਈ ਨੇ ਕਿਹਾ ਕਿ ਉਹ ਹਮੇਸ਼ਾ ਹੀ ਸਫਾਈ ਰੱਖਣ ਦੀ ਕੋਸਿਸ਼ ਕਰਦੀ ਹੈ।

"ਅਸੀ" ਹੁਣੇ ਤੇਰੇ ਪਿਤਾ ਦੇ ਘਰੋਂ ਆ ਰਹੇ ਹਾਂ," ਮਿਸ ਹਾਸਕੌਂਬ ਨੇ ਆਪਣੀ ਗੱਲ ਤੋਰੀ। "ਮੈਨੂੰ ਪਤਾ ਲੱਗਾ ਹੈ ਕਿ ਕੱਲ੍ਹ ਸ਼ਾਮੀਂ ਤੂੰ ਉਥੇ ਸੈਂ; ਕੀ ਤੁਹਾਡੇ ਘਰ ਪ੍ਰਾਹਣੇ ਆਏ ਹੋਏ ਸਨ?"

"ਹਾਂ ਜੀ।"

"ਉਨ੍ਹਾਂ ਵਿਚੋਂ ਇਕ ਬੇਹੋਸ਼ ਅਤੇ ਬੀਮਾਰ ਹੋ ਗਈ ਸੀ ਮੈਨੂੰ ਇਹ ਵੀ ਪਤਾ ਲੱਗਾ ਹੈ। ਮੈਨੂੰ ਆਸ ਹੈ ਕਿ ਕੋਈ ਅਜਿਹੀ ਗੱਲ ਨਹੀਂ ਕੀਤੀ ਗਈ ਹੋਵੇਗੀ ਜਿਸ ਨਾਲ ਉਹ ਡਰ ਗਈ ਹੋਵੇ? ਤੂੰ ਕੋਈ ਭਿਆਨਕ ਗੱਲਾਂ ਤਾਂ ਨਹੀਂ ਸੈਂ ਕਰ ਰਹੀ?"

"ਜੀ ਬਿਲਕੁਲ ਨਹੀਂ ਬੀਬੀ ਜੀ," ਕੁੜੀ ਨੇ ਹਸਦਿਆਂ ਉੱਤਰ ਦਿੱਤਾ। "ਅਸੀਂ ਤਾਂ ਆਪਸ ਵਿਚ ਖਬਰਾਂ ਦਸ ਰਹੀਆਂ ਸਾਂ।"

"ਤੇਰੀਆਂ ਭੈਣਾਂ ਤੈਨੂੰ ਟਾਡੇਸ ਕਾਰਨਰ ਦੀਆਂ ਖ਼ਬਰਾਂ ਦੱਸ ਰਹੀਆਂ ਹੋਣਗੀਆਂ?"

"ਜੀ ਹਾਂ, ਬੀਬੀ ਜੀ।"

"ਅਤੇ ਤੂੰ ਉਨ੍ਹਾਂ ਨੂੰ ਲਿਮਰਿਜ ਹਾਊਸ ਦੀਆਂ ਖ਼ਬਰਾਂ ਦੱਸੀਆਂ ਹੋਣਗੀਆਂ?"

“ਹਾਂ ਜੀ, ਪਰ ਮੈਨੂੰ ਪੱਕਾ ਪਤਾ ਹੈ, ਕਿ ਉਸ ਵਿਚਾਰੀ ਨੂੰ ਡਰਾਉਣ ਲਈ ਕੋਈ ਗੱਲ ਨਹੀਂ ਸੀ ਕਹੀ ਗਈ, ਕਿਉਂਕਿ ਜਦੋਂ ਉਹ ਬੇਹੋਸ਼ ਹੋਈ ਸੀ, ਮੈਂ ਹੀ ਗੱਲ ਕਰ ਰਹੀ ਸਾਂ। ਮੈਂ ਉਹਨੂੰ ਬੇਹੋਸ਼ ਹੁੰਦੀ ਵੇਖ ਕੇ ਡਰ ਗਈ ਸਾਂ, ਕਿਉਂਕਿ ਮੇਰੇ ਆਪਣੇ ਨਾਲ ਕਦੀ ਇੰਝ ਨਹੀਂ ਹੋਇਆ।"

ਇਸ ਤੋਂ ਪਹਿਲਾਂ ਕਿ ਉਹਨੂੰ ਹੋਰ ਪ੍ਰਸ਼ਨ ਪੁੱਛੇ ਜਾਂਦੇ ਉਹਨੂੰ ਦਰਵਾਜ਼ੇ ਤੋਂ ਆਵਾਜ਼ ਪਈ ਕਿ ਉਹ ਅੰਡਿਆਂ ਦੀ ਟੋਕਰੀ ਲੈ ਜਾਏ। ਉਹ ਜਿਉਂ ਹੀ ਗਈ ਮੈਂ ਮਿਸ ਹਾਲਕਬ ਨੂੰ ਮੱਧਮ ਆਵਾਜ਼ ਵਿਚ ਕਿਹਾ-

"ਉਹਨੂੰ ਇਹ ਪੁੱਛੋ ਕਿ ਕਿਧਰੇ ਰਾਤੀ ਉਹਨੇ ਇਹ ਗੱਲ ਵੀ ਕੀਤੀ ਹੈ ਕਿ ਲਿਮਰਿਜ ਹਾਊਸ ਵਿਚ ਪ੍ਰਾਹੁਣੇ ਆਉਣ ਵਾਲੇ ਹਨ।"

ਮਿਸ ਹਾਲਕੌਂਬ ਨੇ ਮੇਰੇ ਵੱਲ ਵੇਖਿਆ; ਉਹਦੀ ਤੱਕਣੀ ਤੋਂ ਸਪਸ਼ਟ ਸੀ ਕਿ ਉਹ ਮੇਰੀ ਗੱਲ ਸਮਝ ਗਈ ਸੀ, ਅਤੇ ਉਸ ਕੁੜੀ ਦੇ ਵਾਪਸ ਆਉਣ ਉਤੇ ਉਹਨੇ ਇਹੀ ਪ੍ਰਸ਼ਨ ਉਹਨੂੰ ਪੁੱਛਿਆ।

"ਹਾਂ, ਬੀਬੀ ਜੀ, ਮੈਂ ਇਹ ਤਾਂ ਕਿਹਾ ਸੀ," ਕੁੜੀ ਨੇ ਭੁੱਲੇ ਭਾਅ ਕਿਹਾ। "ਮਹਿਮਾਨਾਂ ਦੀ ਅਤੇ ਚਿਤਰੀ ਗਾਂ ਦੀ ਦੁਰਘਟਨਾ ਤੋਂ ਸਿਵਾ ਹੋਰ ਕੋਈ ਨਵੀਂ ਗੱਲ ਹੀ ਨਹੀਂ ਸੀ ਜਿਸਦੀ ਖ਼ਬਰ ਮੈਂ ਫਾਰਮ ਤੇ ਲੈ ਕੇ ਜਾਂਦੀ।"

"ਕੀ ਤੂੰ ਕਿਸੇ ਦਾ ਨਾਂ ਵੀ ਲਿਆ ਸੀ? ਕੀ ਤੂੰ ਇਹ ਕਿਹਾ ਸੀ, ਕਿ ਸਰ ਪਰਸੀਵਲ ਗਲਾਈਡ ਸੋਮਵਾਰ ਨੂੰ ਆ ਰਿਹਾ ਹੈ?" "ਹਾਂ, ਬੀਬੀ ਜੀ, ਮੈਂ ਕਿਹਾ ਸੀ ਕਿ ਸਰ ਪਰਸੀਵਲ ਗਲਾਈਡ ਆ ਰਹੇ ਹਨ। ਮੈਨੂੰ ਨਹੀਂ ਸੀ ਪਤਾ ਕਿ ਮੈਂ ਕੋਈ ਗਲਤੀ ਕਰ ਰਹੀ ਹਾਂ, ਕੀ ਕੋਈ ਗਲਤ ਕੰਮ ਹੋ ਗਿਆ ਹੈ ਮੇਰੇ ਕੋਲੋਂ?"

"ਔਹ! ਨਹੀਂ, ਨਹੀਂ, ਉੱਕਾ ਹੀ ਨਹੀਂ, ਆਉ ਮਿਸਟਰ ਹਾਰਟਰਾਈਟ, ਅਸੀਂ ਹੁਣ ਚਲੀਏ, ਨਹੀਂ ਤੇ ਇਨ੍ਹਾਂ ਦੇ ਕੰਮ ਵਿਚ ਹੋਰ ਹਰਜ ਹੋਵੇਗਾ।"

ਜਿਸ ਪਲ ਹੀ ਅਸੀਂ ਇਕੱਲੇ ਹੋਏ ਤਾਂ ਅਸੀਂ ਰੁਕ ਕੇ ਇਕ ਦੂਜੇ ਵੱਲ ਵੇਖਿਆ।

"ਕੀ ਹੁਣ ਵੀ ਤੁਹਾਡੇ ਦਿਮਾਗ ਵਿਚ ਕੋਈ ਸ਼ੱਕ ਹੈ। ਮਿਸ ਹਾਲਕੌਂਬ?"

"ਇਹ ਸ਼ੱਕ ਸਰ ਪਰਸੀਵਲ ਮਿਟਾਏਗਾ ਮਿਸਟਰ ਹਾਰਟਰਾਈਟ --ਨਹੀਂ ਤੇ ਲਾਰਾ ਫ਼ੇਅਰਲੀ ਕਦੀ ਉਹਦੀ ਪਤਨੀ ਨਹੀਂ ਬਣੇਗੀ।"

(15)

ਜਿਉਂ ਹੀ ਅਸੀਂ ਘਰ ਦਾ ਚੱਕਰ ਕੱਟਕੇ ਅੱਗੇ ਵੱਲ ਆਏ ਤਾਂ ਰੇਲਵੇ ਸਟੇਸ਼ਨ ਤੋਂ ਇਕ ਕਿਰਾਏ ਦੀ ਇਕ ਘੋੜੇ ਵਾਲੀ ਬੱਘੀ ਘਰ ਦੀ ਸੜਕ ਤੇ ਆਉਂਦੀ ਦਿੱਸੀ। ਉਹ ਹਾਲਕੌਂਬ ਪੌੜੀਆਂ ਤੇ ਖੜੀ ਉਦੋਂ ਤਕ ਉਡੀਕਦੀ ਰਹੀ, ਜਦੋਂ ਤੀਕ ਉਹ ਬੱਘੀ ਰੁਕ ਨਾ ਗਈ; ਅਤੇ ਫਿਰ ਉਹਨੇ ਉਸ ਬੁੱਢੇ ਆਦਮੀ ਨਾਲ ਹੱਥ ਮਿਲਾਇਆ, ਜੋ ਬੱਘੀ ਦੇ ਰੁਕਦਿਆਂ ਸਾਰ ਹੀ ਬੜੀ ਚੁਸਤੀ ਨਾਲ ਉਹਦੇ ਵਿਚੋਂ ਉਤਰਿਆ ਸੀ। ਮਿਸਟਰ ਗਿਲਮਰ ਪਹੁੰਚ ਗਿਆ ਸੀ।

ਜਦੋਂ ਸਾਡੀ ਆਪਸ ਵਿਚ ਜਾਣ ਪਛਾਣ ਕਰਵਾਈ ਗਈ ਤਾਂ ਮੈਂ ਉਹਨੂੰ ਅਜਿਹੀ ਦਿਲਚਸਪੀ ਅਤੇ ਉਤਸੁਕਤਾ ਨਾਲ ਵੇਖਿਆ ਜੋ ਮੇਰੇ ਕੋਲੋਂ ਛੁਪਾਈ ਵੀ ਨਹੀਂ ਸੀ ਜਾ ਰਹੀ। ਇਹ ਬੁੱਢਾ ਆਦਮੀ ਮੇਰੇ ਚਲੇ ਜਾਣ ਮਗਰੋਂ ਲਿਮਰਿਜ ਹਾਊਸ ਵਿਚ ਰਹੇਗਾ; ਉਹ ਸਰ ਪਰਸੀਵਲ ਦੀ ਜਵਾਬਦੇਹੀ ਸੁਣੇਗਾ ਅਤੇ ਉਹੀ ਮਿਸ ਹਾਲਕੌਂਬ ਦੀ ਆਪਣੇ ਅਨੁਭਵ ਰਾਹੀਂ ਸਹਾਇਤਾ ਕਰੇਗਾ ਤਾਂ ਜੋ ਉਹ ਕੋਈ ਨਿਰਣਾ ਲੈ ਸਕੇ; ਉਹ ਉਨ੍ਹਾਂ ਚਿਰ ਏਥੇ ਹੀ ਰਹੇਗਾ ਜਦ ਤਕ ਵਿਆਹ ਦਾ ਫੈਸਲਾ ਨਹੀਂ ਹੋ ਜਾਂਦਾ; ਜੋ ਇਹ ਵਿਆਹ ਹੋਣਾ ਹੀ ਹੋਇਆ, ਤਾਂ ਇਸੇ ਆਦਮੀ ਦੇ ਹੱਥੋਂ ਉਹ ਕਾਨੂੰਨੀ ਕਾਗਜ਼ ਲਿਖਿਆ ਜਾਏਗਾ, ਜੋ ਮਿਸ ਫ਼ੇਅਰਲੀ ਨੂੰ ਸਦਾ ਲਈ ਇਸ ਬੰਧਨ ਵਿਚ ਬੰਨ੍ਹ ਦੇਵੇਗਾ। ਉਦੋਂ ਜਦੋਂ ਮੈਂ ਹੁਣ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਸਾ ਜਾਣਦਾ, ਮੈਂ ਉਸ ਘਰ ਦੇ ਵਕੀਲ ਨੂੰ ਏਨੇ ਧਿਆਨ ਨਾਲ ਵੇਖ ਰਿਹਾ ਸਾਂ, ਜਿਸ ਤਰ੍ਹਾਂ ਮੈਂ ਅੱਗੇ ਕਦੇ ਕਿਸੇ ਓਪਰੇ ਮਨੁੱਖ ਨੂੰ ਨਹੀਂ ਸੀ ਵੇਖਿਆ।

ਵੇਖਣ ਵਿਚ ਉਹ ਵਕੀਲ ਦੀ ਰਵਾਇਤੀ ਰੂਪ ਰੇਖਾ ਤੋਂ ਬਿਲਕੁਲ ਉਲਟ ਜਾਪਦਾ ਸੀ। ਉਹਦਾ ਰੰਗ ਲਾਲ ਸੀ; ਵਾਲ ਚਿੱਟੇ ਪਰ ਲੰਮੇ ਸਨ ਅਤੇ ਚੰਗੀ ਤਰ੍ਹਾਂ ਬਰੱਸ਼ ਕੀਤੇ ਹੋਏ ਸਨ; ਉਹਦਾ ਕਾਲਾ ਕੋਟ, ਵਾਸਕਟ ਅਤੇ ਪੈਂਟ ਉਹਨੂੰ ਬੜੀ ਸੁਹਣੀ ਤਰ੍ਹਾਂ ਫੱਬ ਰਹੇ ਸਨ। ਚਿੱਟੀ ਟਾਈ ਬੜੇ ਧਿਆਨ ਨਾਲ ਬੰਨ੍ਹੀ ਹੋਈ ਸੀ; ਅਤੇ ਉਹਦੇ ਹਲਕੇ ਲਾਲ ਰੰਗ ਦੇ ਦਸਤਾਨੇ ਜੇ ਕੋਈ ਫੈਸ਼ਨ-ਏਬਲ ਪਾਦਰੀ ਵੀ ਪਾ ਲੈਂਦਾ ਤਾਂ ਉਹਨੂੰ ਵੀ ਪਾਏ ਹੋਏ ਅਜੀਬ ਨਾ ਲਗਦੇ; ਅਤੇ ਕੋਈ ਉਹਦੀ ਨਿੰਦਿਆ ਨਾ ਕਰਦਾ। ਉਹਦੇ ਸ਼ਿਸ਼ਟਾਚਾਰ ਅਤੇ ਤੌਰ ਤਰੀਕੇ ਵਿਚ ਉਹ ਸੁੰਦਰਤਾ ਅਤੇ ਨਿਮਰਤਾ ਸੀ ਜੋ ਪੁਰਾਣੇ ਲੋਕਾਂ ਦੇ ਵਿਉਹਾਰ ਵਿਚ ਹੋਇਆ ਕਰਦੀ ਸੀ; ਇਸਦੇ ਨਾਲ ਨਾਲ ਉਹ ਚੁਸਤੀ ਵੀ ਸੀ ਜੋ ਉਸ ਪੁਰਸ਼ ਵਿਚ ਅਕਸਰ ਆ ਜਾਂਦੀ ਹੈ ਜਿਸਦਾ

ਕੰਮ ਉਹਨੂੰ ਆਪਣੀ ਮਾਨਸਕ ਸੂਝ ਬੂਝ ਨੂੰ ਚੇਤੰਨ ਰੱਖਣ ਲਈ ਜ਼ਰੂਰੀ ਹੈ। ਜ਼ਿੰਦਗੀ ਦੇ ਸ਼ੁਰੂ ਵਿਚ ਹੀ ਚੰਗੇ ਕੰਮ ਕਾਜ ਅਤੇ ਉਨਤੀ ਦੀ ਉਮੀਦ ਦੇ ਨਾਲ ਆਸ਼ਾਵਾਦੀ ਸਭਾ ਹੋਣਾ; ਇਸ ਤੋਂ ਮਗਰੋਂ ਸਾਰੀ ਉਮਰ ਉਹੀ ਕੰਮ ਕਰਨਾ, ਜਿਸ ਵਿਚ ਨਾਮਣਾ ਵੀ ਹੋਇਆ ਹੋਵੇ ਅਤੇ ਕਮਾਈ ਵੀ: ਖੁਸ਼ ਰਹਿਣਾ, ਮਿਹਨਤੀ ਅਤੇ ਇੱਜ਼ਤ ਭਰਿਆ ਬਢਾਪਾ। ਮਿਸਟਰ ਗਿਲਮੋਰ ਨੂੰ ਮਿਲ ਕੇ ਇਹੀ ਪ੍ਰਭਾਵ ਮੇਰੇ ਮਨ ਤੇ ਉਹਦੇ ਬਾਰੇ ਪਿਆ, ਅਤੇ ਇਹ ਕਹਿਣਾ ਵੀ ਨਿਆਂ ਕਰਨਾ ਹੀ ਹੋਵੇਗਾ ਕਿ ਪਿਛੋਂ ਜਦੋਂ ਮੈਂ ਉਹਨੂੰ ਹੋਰ ਚੰਗੀ ਤਰ੍ਹਾਂ ਜਾਣਿਆਂ ਤਾਂ ਮੇਰੇ ਮਨ ਤੇ ਪਏ ਉਹਦੇ ਬਾਰੇ ਇਹ ਪ੍ਰਭਾਵ ਹੋਰ ਪਕੇਰੇ ਹੋ ਗਏ।

ਮੈਂ ਉਸ ਬਜ਼ੁਰਗ ਅਤੇ ਮਿਸ ਹਾਲਕੌਂਬ ਨੂੰ ਇਕੱਲਿਆਂ ਛੱਡ ਦਿੱਤਾ ਤਾਂ ਜੋ ਉਹ ਆਪਣੇ ਘਰੋਗੀ ਮਾਮਲਿਆਂ ਬਾਰੇ ਗੱਲਾਂ ਕਰ ਸਕਣ ਜੋ ਇਕ ਓਪਰੇ ਦੀ ਮੌਜੂਦਗੀ ਵਿਚ ਨਹੀਂ ਸਨ ਹੋ ਸਕਦੀਆਂ। ਡਰਾਇੰਗ-ਰੂਮ ਵੱਲ ਜਾਂਦਿਆਂ ਉਹ ਹਾਲ ਵਿਚੋਂ ਦੀ ਲੰਘੇ, ਅਤੇ ਮੈਂ ਪੌੜੀਆਂ ਉਤਰ ਕੇ ਬਗੀਚੇ ਵਿਚ ਇਕੱਲਾ ਹੀ ਘੁੰਮਣ ਲਈ ਨਿਕਲ ਪਿਆ।

ਲਿਮਰਿਜ ਹਾਊਸ ਵਿਚ ਮੈਂ ਹੁਣ ਕੁਝ ਹੀ ਘੰਟੇ ਹੋਰ ਸਾਂ; ਅਗਲੀ ਸਵੇਰ ਮੇਰਾ ਜਾਣਾ ਅਟੱਲ ਸੀ; ਇਹ ਛਾਣ ਬੀਣ ਜਿਸ ਵਿਚ ਗੁੰਮਨਾਮ ਚਿੱਠੀ ਕਾਰਣ, ਮੇਰਾ ਹਿੱਸਾ ਲੈਣਾ ਜ਼ਰੂਰੀ ਹੋ ਗਿਆ ਸੀ, ਹੁਣ ਖ਼ਤਮ ਹੋ ਗਈ ਸੀ। ਹੁਣ ਜੇ ਇਕ ਵਾਰ ਮੁੜ ਮੈਂ ਆਪਣੇ ਦਿਲ ਨੂੰ ਉਨ੍ਹਾਂ ਜ਼ਾਲਮ ਬੰਧਨਾਂ ਤੋਂ ਮੁਕਤ ਕਰਾਂ, ਜੋ ਮੈਂ ਹਾਲਾਤ ਤੋਂ ਮਜਬੂਰ ਹੋ ਕੇ ਉਸ ਉਤੇ ਲਾਏ ਸਨ ਅਤੇ ਉਨ੍ਹਾਂ ਨਜ਼ਾਰਿਆਂ ਤੋਂ ਅਲਵਿਦਾ ਲਵਾਂ, ਜੋ ਮੇਰੀ ਖੁਸ਼ੀ ਅਤੇ ਪਿਆਰ ਦੇ ਉਸ ਛਿਣ ਭੰਗਰੇ ਸਮੇਂ ਨਾਲ ਜੁੜੇ ਹੋਏ ਹਨ ਜੋ ਸੁਪਨੇ ਵਾਂਗ ਜਾਪਦਾ ਹੈ, ਤਾਂ ਕਿਸੇ ਹੋਰ ਨੂੰ ਕੋਈ ਨੁਕਸਾਨ ਨਹੀਂ ਪੁੱਜੇਗਾ।

ਮੇਰੇ ਕਦਮ ਆਪ ਮੁਹਾਰੇ ਹੀ ਮੈਨੂੰ ਉਸ ਥਾਂ ਤੇ ਲੈ ਗਏ, ਜੋ ਮੇਰੀ ਸਟੱਡੀ ਦੀ ਖਿੜਕੀ ਦੇ ਹੇਠਾਂ ਸੀ; ਜਿਥੇ ਮੈਂ ਕੱਲ ਸ਼ਾਮੀ ਉਹਨੂੰ ਉਹਦੇ ਨਿਕੇ ਜਿਹੇ ਕੁੱਤੇ ਨਾਲ ਵੇਖਿਆ ਸੀ; ਮੈਂ ਵੀ ਉਸੇ ਰਾਹ ਤੇ ਤੁਰਨ ਲਗ ਪਿਆ ਜਿਥੇ ਉਹਦੇ ਪਿਆਰੇ ਕਦਮ ਅਕਸਰ ਤੁਰਿਆ ਕਰਦੇ ਸਨ। ਤੁਰਦਾ ਤੁਰਦਾ ਮੈਂ ਉਸ ਛੋਟੇ ਫਾਟਕ ਕੋਲ ਆ ਗਿਆ ਜੋ ਉਹਦੇ ਗੁਲਾਬ ਦੇ ਬਗੀਚੇ ਵਿਚ ਜਾਂਦਾ ਸੀ। ਉਸ ਉਪਰ ਹੁਣ ਸਰਦੀਆਂ ਦੀ ਵੀਰਾਨੀ ਛਾਈ ਹੋਈ ਸੀ। ਉਹ ਫੁੱਲ ਜਿਨ੍ਹਾਂ ਦੇ ਵੱਖਰੇ ਵੱਖਰੇ ਨਾਂ ਉਹ ਮੈਨੂੰ ਦਸਿਆ ਕਰਦੀ ਸੀ, ਉਹ ਫੁੱਲ ਜਿਨ੍ਹਾਂ ਤੋਂ ਮੈਂ ਉਹਨੂੰ ਤਸਵੀਰ ਬਣਾਉਣੀ ਸਿਖਾਇਆ ਕਰਦਾ ਸਾਂ, ਹੁਣ ਮੁਰਝਾ ਚੁਕੇ ਸਨ ਕਿਆਰੀਆਂ ਵਿਚਕਾਰ ਜੋ

ਪਤਲੀਆਂ ਨਿੱਕੀਆਂ ਨਿੱਕੀਆਂ ਪਗਡੰਡੀਆਂ ਸਨ, ਹੁਣੇ ਹੀ ਤ੍ਰੇਲ ਨਾਲ ਗਿੱਲੀਆਂ ਅਤੇ ਸਾਵੀਆਂ ਹੋਈਆਂ ਹੋਈਆਂ ਸਨ। ਮੈਂ ਦਰੱਖਤਾਂ ਦੇ ਉਸ ਝੁੰਡ ਕੋਲ ਗਿਆ, ਜਿਥੇ ਅਸੀਂ ਅਗਸਤ ਦੀ ਸੁਗੰਧਿਤ ਅਤੇ ਨਿੱਘੀ ਹਵਾ ਵਿਚ ਇਕੱਠਿਆਂ ਸਾਲ ਲਏ ਸਨ, ਜਿਥੇ ਅਸੀਂ ਧੁੱਪ ਛਾਂ ਦੇ ਉਹ ਅਨੋਖੇ ਅਣਗਣਿਤ ਡੀਜ਼ਾਈਨ ਇਕੱਠਿਆਂ ਸਾਲਹੇ ਸਨ ਜੋ ਸਾਡੇ ਪੈਰਾਂ ਸਾਹਮਣੇ ਧਰਤੀ ਤੇ ਬਣ ਰਹੇ ਸਨ। ਮੇਰੇ ਆਲੇ ਦੁਆਲੇ ਕਰਾਹੁੰਦੀਆਂ ਦੀਆਂ ਟਾਹਣੀਆਂ ਤੋਂ ਪੱਤੇ ਡਿਗ ਰਹੇ ਸਨ; ਸਾਰਾ ਵਾਤਾਵਰਣ ਹੀ ਅਵਸਾਦ ਗ੍ਰਸਤ ਸੀ, ਜਿਸ ਕਾਰਣ ਇਕ ਠੰਢੀ ਸੀਤ ਲਹਿਰ ਮੇਰੀਆਂ ਹੱਡੀਆਂ ਤੀਕ ਲਹਿ ਗਈ। ਥੋੜਾ ਅੱਗੇ ਜਾ ਕੇ ਮੈਂ ਉਸ ਬਗੀਚੇ ਵਿਚੋਂ ਬਾਹਰ ਆ ਗਿਆ ਅਤੇ ਤੁਰਦਾ ਤੁਰਦਾ ਉਸ ਪਗਡੰਡੀ ਤੇ ਪੈ ਗਿਆ ਜੋ ਹੌਲੀ ਹੌਲੀ ਉਪਰ ਸਭ ਤੋਂ ਨੇੜੇ ਦੀਆਂ ਪਹਾੜੀਆ ਵੱਲ ਜਾ ਰਹੀ ਸੀ। ਪਗਡੰਡੀ ਦੇ ਕੋਲ ਉਹੀ ਕੱਟਿਆ ਹੋਇਆ ਦਰੱਖਤ ਜਿਸ ਉਤੇ ਬੈਠ ਕੇ ਅਸੀਂ ਕਦੀ ਆਰਾਮ ਕੀਤਾ ਸੀ, ਬਾਰਸ਼ ਨਾਲ ਗੋਤ ਹੋਇਆ ਪਿਆ ਸੀ ਅਤੇ ਸਾਹਮਣੀ ਪੱਥਰ ਦੀ ਕੰਧ ਹੇਠਾਂ ਘਾਹ ਦੇ ਗੁੱਛੇ ਜੋ ਮੈਂ ਉਸ ਲਈ ਪੈਂਟ ਕੀਤੇ ਸਨ, ਹੁਣ ਪਾਣੀ ਦੇ ਛੱਪੜ ਵਿਚ ਡੁੱਬੇ ਹੋਏ ਸਨ, ਜੋ ਇਕ ਟਾਪੂ ਵਾਂਗ ਮੇਰੇ ਸਾਹਮਣੇ ਸੀ ਅਤੇ ਉਸ ਵਿਚ ਘਾਹ-ਪੱਤੀਆਂ ਸਥਿਰ ਤਰ ਰਹੀਆਂ ਸਨ। ਮੈਂ ਪਹਾੜੀ ਦੇ ਸਿਖਰ ਤੇ ਚੜ੍ਹ ਗਿਆ ਅਤੇ ਉਸ ਦ੍ਰਿਸ਼ ਨੂੰ ਵੇਖਿਆ, ਜਿਸ ਨੂੰ ਉਸ ਖੁਸ਼ੀ ਦੇ ਜ਼ਮਾਨੇ ਵਿਚ ਅਸੀਂ ਬਹੁਤ ਵਾਰੀ ਸਲਾਹੁੰਦੇ ਹੁੰਦੇ ਸਾਂ। ਪਰ ਅੱਜ ਉਹ ਵੀਰਾਨ ਅਤੇ ਉਜਾੜ ਸੀ। ਹੁਣ ਇਹ ਉਹ ਦ੍ਰਿਸ਼ ਨਹੀਂ ਸੀ ਜੋ ਮੈਨੂੰ ਯਾਦ ਸੀ। ਉਹਦੀ ਹੋਂਦ ਦਾ ਸੂਰਜ ਮੇਰੇ ਤੋਂ ਬਹੁਤ ਦੂਰ ਸੀ; ਉਹਦੀ ਆਵਾਜ਼ ਦਾ ਜਾਦੂ ਅੱਜ ਮੇਰੀਆਂ ਕੰਨਾਂ ਵਿਚ ਨਹੀਂ ਸੀ ਪੈ ਰਿਹਾ। ਇਸ ਥਾਂ ਤੇ ਹੀ ਜਿਥੋਂ ਮੈਂ ਹੁਣ ਹੇਠਾਂ ਵੇਖ ਰਿਹਾ ਹਾਂ, ਉਹਨੇ ਆਪਣੇ ਪਿਤਾ ਦੀਆਂ ਗੱਲਾਂ ਕੀਤੀਆਂ ਸਨ, ਜੋ ਉਹਦੀ ਮਾਂ ਦੇ ਸਵਰਗਵਾਸ ਹੋਣ ਮਗਰੋਂ ਜੀਉਂਦਾ ਸੀ; ਉਹਨੇ ਮੈਨੂੰ ਦਸਿਆ ਸੀ ਕਿ ਉਨ੍ਹਾਂ ਦੋਹਾਂ ਦਾ ਆਪਸ ਵਿਚ ਕਿੰਨਾਂ ਪਿਆਰ ਸੀ, ਅਤੇ ਉਹ ਹੁਣ ਵੀ ਜਦੋਂ ਘਰ ਦੇ ਕਈ ਕਮਰਿਆਂ ਵਿਚ ਵੜਦੀ ਹੈ ਤਾਂ ਉਹਨੂੰ ਆਪਣੇ ਪਿਤਾ ਦੀ ਯਾਦ ਆ ਜਾਂਦੀ ਹੈ; ਅਤੇ ਜਦੋਂ ਉਹ ਖੇਡਾਂ ਖੇਡਣ ਲਗਦੀ ਹੈ ਜਾਂ ਉਹ ਕੰਮ ਕਰਨ ਲਗਦੀ ਹੈ, ਜੋ ਉਹਦੇ ਪਿਤਾ ਦੀ ਯਾਦ ਨਾਲ ਜੁੜੇ ਹੋਏ ਸਨ, ਤਾਂ ਉਹ ਉਦਾਸ ਹੋ ਜਾਂਦੀ ਹੈ। ਕੀ ਉਨ੍ਹਾਂ ਸ਼ਬਦਾਂ ਨੂੰ ਸੁਣਦਿਆਂ ਹੋਇਆਂ ਮੈਂ ਇਹੀ ਦ੍ਰਿਸ਼ ਵੇਖ ਰਿਹਾ

ਸਾਂ, ਜੋ ਹੁਣ ਮੇਰੇ ਸਾਹਮਣੇ ਹੈ, ਅਤੇ ਜੋ ਮੈਂ ਇਕੱਲਾ ਪਹਾੜੀ ਦੀ ਚੋਟੀ ਉਤੇ ਖੜਾ ਵੇਖ ਰਿਹਾ ਹਾਂ? ਮੈਂ ਮੁੜ ਪਿਆ, ਅਤੇ ਵਾਪਸ ਆਪਣੇ ਰਾਹ ਤੇ ਤੁਰ ਪਿਆ ਮੈਂ ਬੀੜ ਉਤੋਂ ਦੀ ਹੁੰਦਾ ਹੋਇਆ, ਰੇਤ ਦੇ ਟਿੱਲਿਆਂ ਦੁਆਲਿਉਂ ਲੰਘ ਕੇ ਸਮੁੰਦਰ ਦੇ ਕਿਨਾਰੇ ਆ ਪਹੁੰਚਾ। ਸਮੁੰਦਰ ਦੀਆਂ ਛੱਲਾ ਆਪਣੇ ਪੂਰ ਗੁੱਸੇ ਵਿਚ ਸਨ; ਉਛਲਦੀਆਂ ਲਹਿਰਾਂ ਆਪਣੇ ਵਿਵਿਧ ਰੂਪਾਂ ਵਿਚ ਸੁੰਦਰ ਦਿਸ ਰਹੀਆਂ ਸਨ; ਪਰ ਉਹ ਥਾਂ ਕਿਥੇ ਗਈ, ਜਿਥੇ ਉਹਨੇ ਰੇਤ ਵਿਚ ਆਪਣੀ ਛੱਤਰੀ ਨਾਲ ਕਝ ਐਵੇਂ ਹੀ ਚਿਤਰਿਆ ਸੀ; ਜਦੋਂ ਉਹ ਮੇਰੇ ਨਾਲ ਮੇਰੇ ਅਤੇ ਮੇਰੇ ਘਰ ਬਾਰੇ ਗੱਲਾਂ ਕਰ ਰਹੀ ਸੀ? ਉਹਨੇ ਇਕ ਔਰਤ ਦੀ ਤੀਖਣ ਸੂਝ ਅਤੇ ਹੁਸ਼ਿਆਰੀ ਨਾਲ ਮੈਨੂੰ ਮੇਰੀ ਮਾਂ ਅਤੇ ਭੈਣ ਬਾਰੇ ਪ੍ਰਸ਼ਨ ਪੁੱਛੇ ਅਤੇ ਬੜੇ ਭੋਲੇਪਨ ਅਤੇ ਮਾਸੂਮੀਅਤ ਨਾਲ ਇਹ ਵੀ ਕਿਹਾ ਸੀ ਕਿ ਕੀ ਮੈਂ ਵਿਆਹ ਕਰਕੇ ਕਦੀ ਆਪਣਾ ਘਰ ਵੀ ਵਸਾਵਾਂਗਾ ਜਾਂ ਨਹੀਂ। ਰੇਤ ਦੇ ਉਤੇ ਉਹਦੇ ਪਾਏ ਹੋਏ ਨਿਸ਼ਾਨਾਂ ਨੂੰ ਲਹਿਰਾਂ ਅਤੇ ਹਵਾਵਾਂ ਨੇ ਰਲਕੇ ਕਦੋਂ ਦਾ ਮਿਟਾ ਦਿਤਾ ਸੀ। ਮੈਂ ਉਸ ਫੈਲੇ ਹੋਏ ਅਕਾ ਦੇਣ ਵਾਲੇ ਸਮੁੰਦਰ ਵੱਲ ਵੇਖਿਆ; ਪਰ ਮੈਨੂੰ ਉਹ ਥਾਂ ਕਿਧਰੇ ਨਾਂ ਲੱਭੀ! ਜਿਥੇ ਅਸੀਂ ਉਹ ਧੁਪੀਲੇ ਘੰਟੇ ਬਿਤਾਏ ਸਨ। ਮੈਨੂੰ ਲੱਗ ਰਿਹਾ ਸੀ, ਜਿਵੇਂ ਮੈਂ ਕਿਸੇ ਅਜਿਹੀ ਉਪਰੀ ਥਾਂ ਤੇ ਖੜਾ ਸੀ ਜੋ ਮੇਰੇ ਲਈ ਬਿਲਕੁਲ ਨਵੀਂ ਸੀ; ਜਿਵੇਂ ਮੈਂ ਹੁਣੇ ਹੀ ਪਰਦੇਸ਼ ਵਿਚ ਸਾਂ।

ਸਮੁੰਦਰ ਦੇ ਕਿਨਾਰੇ ਦੀ ਚੁੱਪ ਨਾਲ ਮੇਰੇ ਦਿਲ ਵਿਚ ਮੌਤ ਵਰਗਾ ਸੰਨਾਟਾ ਛਾ ਗਿਆ। ਮੈਂ ਘਰ ਵਾਪਸ ਆਇਆ ਅਤੇ ਉਸ ਬਾਗੀਚੇ ਵਿਚ ਪਰਤਿਆ ਜਿਥੇ ਹਰ ਮੋੜ ਤੇ ਉਹਦੇ ਨਿਸ਼ਾਨ ਸਨ।

ਪੱਛਮੀ ਪਾਸੋਂ ਦੀ ਸੜਕ ਤੇ ਮੈਨੂੰ ਮਿਸਟਰ ਗਿਲਮੌਰ ਮਿਲਿਆ। ਉਹਨੇ ਮੈਨੂੰ ਵੇਖਦਿਆ ਹੀ ਆਪਣੀ ਚਾਲ ਤਿੱਖੀ ਕਰ ਲਈ, ਜਿਸ ਤੋਂ ਸਪਸ਼ਟ ਸੀ ਕਿ ਉਹ ਮੇਰੀ ਭਾਲ ਵਿਚ ਹੀ ਸੀ। ਭਾਵੇਂ ਮੈਂ ਉਸ ਵੇਲੇ ਕਿਸੇ ਅਜਨਬੀ ਮਨੁੱਖ ਨਾਲ ਗੱਲ ਕਰਨ ਦੇ ਰੌਅ ਵਿਚ ਨਹੀਂ ਸਾਂ, ਪਰ ਹੁਣ ਇਹ ਮੁਲਾਕਾਤ ਟੱਲ ਨਹੀਂ ਸੀ ਸਕਦੀ, ਇਸ ਲਈ ਮੈਂ ਆਪਣੀ ਪੂਰੀ ਕੋਸ਼ਿਸ਼ ਨਾਲ ਉਸ ਨੂੰ ਮਿਲਣ ਲਈ ਅੱਗੇ ਵਧਿਆ।

"ਮੈਂ ਤੁਹਾਨੂੰ ਹੀ ਲੱਭ ਰਿਹਾ ਸਾਂ, ਉਸ ਬਜ਼ੁਰਗ ਨੇ ਕਿਹਾ, "ਮੈਂ ਤੁਹਾਡੇ ਨਾਲ ਇਕ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ ਅਤੇ ਜੇ ਤੁਹਾਨੂੰ ਕੋਈ ਉਜਰ ਨਾ ਹੋਵੇ ਤਾਂ ਮੈਂ ਇਸ ਮੌਕੇ ਤੋਂ ਹੀ

ਕਿਉਂ ਨਾ ਫਾਇਦਾ ਉਠਾ ਲਵਾਂ? ਸਾਫ਼ ਗੱਲ ਤੇ ਇਹ ਹੈ ਕਿ ਮੈਂ ਅਤੇ ਮਿਸ ਹਾਲਕੌਂਬ ਘਰੰਗੀ ਮਾਮਲਿਆਂ ਬਾਰੇ ਹੀ ਗੱਲਬਾਤ ਕਰ ਰਹੇ ਸਾਂ-ਉਹੀ, ਜਿਨ੍ਹਾਂ ਕਾਰਨ ਮੈਂ ਇਥੇ ਆਇਆ ਹਾਂ, ਸੋ ਇਸ ਦੌਰਾਨ ਵਿਚ ਉਹਨੇ ਮੈਨੂੰ ਗੁਮਨਾਮ ਚਿੱਠੀ ਬਾਰੇ ਦਸਿਆ ਹੈ ਅਤੇ ਉਹਨੇ ਇਹ ਵੀ ਦਸਿਆ ਹੈ ਕਿ ਤੁਸੀਂ ਮਾਮਲੇ ਦੀ ਛਾਣਬੀਣ ਵਿਚ ਬੜਾ ਹਿੱਸਾ ਲਿਆ ਹੈ। ਇਸੇ ਕਰਕੇ ਹੀ ਤੁਹਾਨੂੰ ਇਹ ਵੀ ਦਿਲਚਸਪੀ ਹੋ ਚੁੱਕੀ ਹੋਵੇਗੀ ਕਿ ਅੱਗੋਂ ਇਸ ਬਾਰੇ ਹਕੀਕਤ ਕਿਸ ਤਰ੍ਹਾਂ ਕੀਤੀ ਜਾਵੇਗੀ। ਇਹ ਮਾਮਲਾ ਹੁਣ ਸੁਰੱਖਿਅਤ ਹੱਥਾਂ ਵਿਚ ਹੋਵੇਗਾ। ਸ੍ਰੀਮਾਨ ਜੀ, ਹੁਣ ਤੁਸੀਂ ਇਸ ਬਾਰੇ ਚਿੰਤਾ ਨਾ ਕਰੋ-ਇਹ ਸਾਰੀ ਛਾਣਬੀਣ ਹੁਣ ਮੇਰੇ ਹੱਥਾਂ ਵਿਚ ਹੈ।"

"ਤੁਸੀਂ ਹਰ ਤਰ੍ਹਾਂ ਮੇਰੇ ਤੋਂ ਵਧੇਰੇ ਚੰਗੀ ਸਲਾਹ ਦੇ ਸਕਦੇ ਹੋ, ਮਿਸਟਰ ਗਿਲਮੌਰ ਅਤੇ ਮੇਰੇ ਤੋਂ ਵਧੇਰੇ ਠੀਕ ਕਦਮ ਲੈ ਸਕਦੇ ਹੋ। ਜੇ ਤੁਸੀਂ ਬੁਰਾ ਨਾ ਮਨਾਉ ਤਾਂ ਕੀ ਮੈਂ ਇਹ ਪੁੱਛ ਸਕਦਾ ਹਾਂ ਕਿ ਤੁਸੀਂ ਕੀ ਕਰਨ ਦਾ ਸੋਚਿਆ ਹੈ।'

"ਜੇ ਅਜੇ ਕੋਈ ਨਿਰਣਾ ਲੈਣਾ ਸੰਭਵ ਹੈ ਤਾਂ ਮੈਂ ਫੈਸਲਾ ਕਰ ਲਿਆ ਹੈ ਮਿਸਟਰ ਹਾਰਟਰਾਈਟ। ਮੇਰਾ ਖ਼ਿਆਲ ਹੈ ਕਿ ਇਸ ਚਿੱਠੀ ਦੀ ਇਕ ਨਕਲ ਅਤੇ ਨਾਲ ਹੀ ਸਭ ਹਾਲਾਤ ਵੀ, ਲਿਖਕੇ ਲੰਦਨ ਵਿਚ ਸਰ ਪਰਸੀਵਲ ਗਲਾਈਡ ਦੇ ਵਕੀਲ ਨੂੰ ਭੇਜਾਂ ਜਿਸ ਨੂੰ ਮੈਂ ਥੋੜ੍ਹਾ ਬਹੁਤਾ ਜਾਣਦਾ ਹਾਂ। ਅਸਲ ਚਿੱਠੀ ਮੈਂ ਹੀ ਰਖਾਂਗਾ ਤਾਂ ਜੋ ਉਹ ਸਰ ਪਰਸੀਵਲ ਨੂੰ ਉਸ ਦੇ ਇਥੇ ਪਹੁੰਚਣ ਉਤੇ ਵਿਖਾਈ ਜਾ ਸਕੇ। ਉਨ੍ਹਾਂ ਦੋਹਾਂ ਔਰਤਾਂ ਦਾ ਪਿੱਛਾ ਕਰਨ ਲਈ ਮੈਂ ਮਿਸਟਰ ਫ਼ੇਅਰਲੀ ਦੇ ਇਕ ਵਿਸ਼ਵਾਸਯੋਗ ਨੌਕਰ ਨੂੰ ਪਹਿਲਾਂ ਹੀ ਸਟੇਸ਼ਨ ਵੱਲ ਰਵਾਨਾ ਕਰ ਚੁੱਕਾ ਹਾਂ, ਨੌਕਰ ਨੂੰ ਮਿਸਟਰ ਫ਼ੇਅਰਲੀ ਨੇ ਪੈਸੇ, ਵੀ ਦੇ ਦਿੱਤੇ ਹਨ, ਅਤੇ ਉਹਨੂੰ ਪੂਰੀਆਂ ਹਦਾਇਤਾਂ ਵੀ ਹਨ, ਕਿ ਜੇ ਉਹਨੂੰ ਕੋਈ ਉੱਘ ਸੁੱਘ ਮਿਲੇ ਤਾਂ ਉਹ ਉਨ੍ਹਾ ਔਰਤਾਂ ਦਾ ਪਿੱਛਾ ਕਰੇ। ਸੋਮਵਾਰ ਨੂੰ ਸਰ ਪਰਸੀਵਲ ਦੇ ਇਥੇ ਪੁਜਣ ਤੀਕ ਅਸੀਂ ਇਹੀ ਕਰ ਸਕਦੇ ਹਾਂ। ਮੈਨੂੰ ਤਾਂ ਇਸ ਗੱਲ ਬਾਰੇ ਰੱਤਾ ਵੀ ਸ਼ੱਕ ਨਹੀਂ, ਇਕ ਸਰੀਫ਼ ਇਜ਼ਤਦਾਰ ਆਦਮੀ ਦੇ ਕੋਲੋਂ ਜਿਸ ਉੱਤਰ ਦੀ ਆਸ਼ਾ ਕੀਤੀ ਜਾਂਦੀ ਹੈ, ਉਹ ਸਰ ਪਰਸੀਵਲ ਝੱਟ ਦੇਵੇਗਾ। ਸਰ ਪਰਸੀਵਲ ਦੀ ਬਹੁਤ ਇੱਜ਼ਤ ਹੈ-ਸ੍ਰੀਮਾਨ ਜੀ, ਉਸ ਦੀ ਸ਼ੋਹਰਤ ਇਨ੍ਹਾਂ ਸ਼ੰਕਿਆਂ ਤੋਂ ਬਹੁਤ ਉਪਰ ਹੈ-ਇਸ ਗੱਲ ਦਾ ਕੀ ਬਣੇਗਾ ਇਸ ਬਾਰੇ ਮੈਨੂੰ ਕੋਈ ਤੋਖਲਾ ਨਹੀਂ। ਬਿਲਕੁਲ ਕੋਈ ਡਰ ਨਹੀਂ, ਅਤੇ ਮੈਂ ਤੁਹਾਨੂੰ ਵੀ ਇਹ ਵਿਸ਼ਵਾਸ ਖੁਸ਼ੀ ਨਾਲ ਦੇਂਦਾ ਹਾਂ। ਮੇਰਾ ਆਪਣਾ ਤਜਰਬਾ ਹੈ ਅਤੇ ਅਨੁਭਵ ਹੈ ਕਿ ਅਜਿਹੀਆਂ ਗੱਲਾਂ ਆਮ ਵਾਪਰਦੀਆਂ ਰਹਿੰਦੀਆਂ ਹਨ।

ਗੁੰਮਨਾਮ ਚਿੱਠੀਆਂ-ਬਦਕਿਸਮਤ ਔਰਤਾਂ-ਸਾਡੇ ਸਮਾਜ ਦੀ ਇਹ ਅਧੋਗਤੀ ਹੈ। ਮੈਂ ਇਸ ਤੋਂ ਇਨਕਾਰ ਨਹੀਂ ਕਰਦਾ ਕਿ ਇਸ ਮਾਮਲੇ ਵਿਚ ਵਿਸ਼ੇਸ਼ ਉਲਝਣਾਂ ਅਤੇ ਗੁੰਝਲਾਂ ਹਨ, ਪਰ ਇਹ ਘਟਨਾ ਜਾਂ ਮੰਦੇ ਭਾਗਾਂ ਨੂੰ ਬਹੁਤ ਆਮ ਵਾਪਰਦੀ ਹੈ ਅਕਸਰ ਹੀ ਇੰਜ ਹੁੰਦਾ ਹੈ।"

"ਮੈਨੂੰ ਡਰ ਹੈ, ਮਿਸਟਰ ਗਿਲਮੌਰ, ਕਿ ਇਹ ਮੇਰਾ ਦੁਰਭਾਗ ਹੈ ਕਿ ਮੈਂ ਤੁਹਾਡੀ ਰਾਏ ਨਾਲ ਇੱਥੇ ਸਹਿਮਤ ਨਹੀਂ। ਮੈਂ ਇਸ ਘਟਨਾ ਨੂੰ ਤੁਹਾਡੇ ਦ੍ਰਿਸ਼ਟੀਕਣ ਨਾਲ ਨਹੀਂ ਵੇਖ ਸਕਦਾ।"

"ਬਿਲਕੁਲ ਠੀਕ ਕਿਹਾ ਹੈ ਤੁਸੀਂ ਸ੍ਰੀਮਾਨ ਜੀ। ਮੈਂ ਇਕ ਬੁੱਢਾ ਆਦਮੀ ਹਾਂ, ਅਤੇ ਮੈਂ ਵਿਹਾਰਕ ਦ੍ਰਿਸ਼ਟੀਕੋਣ ਤੋਂ ਹਰ ਇਕ ਘਟਨਾ ਨੂੰ ਵੇਖਦਾ ਹਾਂ। ਤੁਸੀਂ ਜਵਾਨ ਹੋ, ਤੁਸੀਂ ਰੋਮਾਂਚਕ ਦ੍ਰਿਸ਼ਟੀਕੋਣ ਤੋਂ ਵੇਖ ਰਹੇ ਹੋ। ਸਾਨੂੰ ਆਪਣੀ ਆਪਣੀ ਰਾਏ ਬਾਰੇ ਝਗੜਨਾ ਨਹੀਂ ਚਾਹੀਦਾ। ਉਂਜ ਤੇ ਮਿਸਟਰ ਹਾਰਟਰਾਈਟ ਮੇਰਾ ਕੰਮ ਹੀ ਝਗੜੇ ਦੇ ਵਾਤਾਵਰਣ ਵਿਚ ਰਹਿਣਾ ਹੈ, ਅਤੇ ਮੈਂ ਉਸ ਤੋਂ ਬਚ ਕੇ ਇਥੇ ਆ ਕੇ ਖ਼ੁਸ਼ ਹਾਂ। ਅਸੀਂ ਵੇਖਾਂਗੇ ਕਿ ਅੱਗੋਂ ਕੀ ਹੁੰਦਾ ਹੈ- ਹਾਂ ਹੈ, ਅਸੀ ਠੀਕ ਕਰਾਂਗੇ ਕਿ ਅੱਗੇ ਕਿਹੜੀ ਘਟਨਾ ਹੁੰਦੀ ਹੈ। ਇਹ ਸੋਹਣੀ ਥਾਂ ਹੈ। ਕੀ ਇਥੇ ਚੰਗਾ ਸ਼ਿਕਾਰ ਮਿਲਦਾ ਹੈ? ਸ਼ਾਇਦ ਨਹੀਂ, ਕਿਉਂਕਿ ਮਿਸਟਰ ਫ਼ੇਅਰਲੀ ਦੀ ਜ਼ਮੀਨ ਦੀ ਕੋਈ ਸਾਂਭ ਸੰਭਾਲ ਹੀ ਨਹੀਂ। ਪਰ ਥਾਂ ਚੰਗੀ ਹੈ ਅਤੇ ਲੋਕ ਵੀ ਇਹ ਚੰਗੇ ਹਨ। ਮੈਂ ਸੁਣਿਆ ਹੈ ਮਿਸਟਰ ਹਾਰਟਰਾਈਟ, ਕਿ ਤੁਸੀਂ ਡਰਾਇੰਗ ਅਤੇ ਪੇਂਟਿੰਗ ਕਰਦੇ ਹੋ? ਮੈਨੂੰ ਤੁਹਾਡੇ ਨਾਲ ਈਰਖਾ ਹੋ ਰਹੀ ਹੈ। ਕਿਹੜੀ ਸ਼ੈਲੀ ਹੈ ਤੁਹਾਡੀ?"

ਅਸੀਂ ਇਸ ਤਰ੍ਹਾਂ ਹੋਰ ਗੱਲਾਂ ਕਰਨ ਲੱਗ ਪਏ-ਸਗੋਂ ਇੰਜ ਹੋਇਆ ਕਿ ਮਿਸਟਰ ਗਿਲਮੌਰ ਗੱਲਾਂ ਕਰਦਾ ਰਿਹਾ ਅਤੇ ਮੈਂ ਸੁਣਦਾ ਰਿਹਾ। ਮੇਰਾ ਧਿਆਨ ਨਾ ਤਾਂ ਉਸ ਵੱਲ ਹੀ ਸੀ ਅਤੇ ਨਾਂ ਹੀ ਉਸ ਵਿਸ਼ੇ ਵੱਲ ਸੀ, ਜਿਸ ਉਤੇ ਬੜੀ ਰਵਾਨਗੀ ਨਾਲ ਗੱਲਾਂ ਕਰੀ ਜਾ ਰਿਹਾ ਸੀ ਪਿਛਲੇ ਦੋ ਘੰਟਿਆਂ ਦੀ ਇਕਾਂਤ ਦੀ ਸੈਰ ਦਾ ਮੇਰੇ ਤੇ ਬਹੁਤ ਪ੍ਰਭਾਵ ਪਿਆ ਸੀ--ਇਸ ਸੈਰ ਕਰਕੇ ਮੇਰੇ ਦਿਮਾਗ ਵਿਚ ਇਹ ਵਿਚਾਰ ਪ੍ਰਬਲ ਹੋ ਉਠਿਆ ਸੀ ਕਿ ਮੈਨੂੰ ਜਲਦੀ ਤੋਂ ਜਲਦੀ ਲਿਮਰਿਜ ਹਾਉਸ ਤੋਂ ਚਲੇ ਜਾਣਾ ਚਾਹੀਦਾ ਹੈ ਮੈਂ ਵਿਦਾ ਕਹਿਣ ਤੇ !-- ਔਖੇ ਇਮਤਿਹਾਨ ਨੂੰ ਹੋਰ ਕਿਉਂ ਲਮਕਾਵਾਂ? ਹੁਣ ਮੇਰੀ ਸੇਵਾ ਦੀ ਇਥੇ ਕਿਸ ਨੂੰ ਲੋੜ ਸੀ ਕੰਬਰਲੈਂਡ ਵਿਚ ਰਹਿਣ ਦਾ ਹੁਣ ਕੋਈ ਲਾਭ ਨਹੀਂ? ਮੇਰੇ- ਮਾਲਕ ਨੇ ਜੋ ਆਗਿਆ-ਪੱਤਰ

ਮੈਨੂੰ ਜਾਣ ਲਈ ਦਿੱਤਾ ਸੀ, ਉਸ ਵਿਚ ਸਮੇਂ ਦੀ ਕੋਈ ਪਾਬੰਦੀ ਨਹੀਂ ਸੀ ਲਾਈ। ਸੋ ਇਸ ਨੂੰ ਹੀ ਕਿਉਂ ਨਾ ਖਤਮ ਕਰਾਂ?

ਮੈਂ ਇਹ ਇਰਾਦਾ ਕਰ ਲਿਆ ਕਿ ਮੈਂ ਹੁਣੇ ਹੀ ਸਭ ਕੁਝ ਖਤਮ ਕਰ ਦਿਆਂਗਾ। ਅਤੇ ਦਿਨ ਦਾ ਚਾਨਣ ਕੁਛ ਘੰਟੇ ਹੋਰ ਹੈ ਸੀ - ਸੋ ਕੋਈ ਕਾਰਣ ਨਹੀਂ ਸੀ ਕਿ ਲੰਦਨ ਨੂੰ ਮੇਰੀ ਵਾਪਸੀ ਉਸੇ ਦੁਪਹਿਰ ਹੀ ਸ਼ੁਰੂ ਨਹੀਂ ਸੀ ਹੋ ਸਕਦੀ। ਮੈਂ ਮਿਸ਼ਟਰ ਗਿਲਮੌਰ ਕੋਲ ਕੋਈ ਢੁਕਦਾ  ਬਹਾਨਾ ਪਾ ਕੇ, ਪਹਿਲਾ ਮੌਕਾ ਮਿਲਦਿਆਂ ਸਾਰ ਹੀ ਉਸ ਕੋਲੋਂ ਆਗਿਆ ਲਈ ਅਤੇ ਘਰ ਵਾਪਸ ਆਇਆ।

ਆਪਣੇ ਕਮਰੇ ਵੱਲ ਉਪਰ ਜਾਂਦਿਆਂ, ਮੈਨੂੰ ਮਿਸ ਹਾਲਕੌਂਬ ਰਾਹ ਵਿਚ ਮਿਲੀ। ਮੈਨੂੰ ਕਾਹਲੀ ਕਾਹਲੀ ਜਾਂਦਿਆਂ ਵੇਖ ਕੇ ਉਹਨੇ ਅੰਦਾਜ਼ਾ ਲਾਇਆ ਕਿ ਮੈਂ ਕੋਈ ਨਵੀਂ ਸੋਚ ਸੋਚੀ ਹੈ ਸੋ ਉਹਨੇ ਮੈਨੂੰ ਪੁਛਿਆ ਕਿ ਕੀ ਮਾਮਲਾ ਸੀ।

ਮੈਂ ਉਸ ਨੂੰ ਉਹ ਕਾਰਣ, ਜਿਨ੍ਹਾਂ ਕਰਕੇ ਮੈਂ ਆਪਣੀ ਵਾਪਸੀ ਲਈ ਕਾਹਲਾ ਪਿਆ ਸਾਂ, ਉਂਜ ਹੀ ਦੱਸੇ, ਜਿਵੇਂ ਮੈਂ ਇਥੇ ਬਿਆਨ ਕਰ ਚੁੱਕਾ ਹਾਂ।

"ਨਹੀਂ, ਨਹੀਂ " ਉਹ ਪਿਆਰ ਨਾਲ ਅਤੇ ਸਚਮੁੱਚ ਮਹਿਸੂਸ ਕਰਦੀ ਬੋਲੀ, "ਇਕ ਮਿੱਤਰ ਵਾਂਗ ਵਿਦਾ ਹੋਵੋ; ਇਕ ਵਾਰ ਮੁੜ ਸਾਡੇ ਨਾਲ ਰੋਟੀ ਖਾਓ। ਅੱਜ ਦਾ ਦਿਨ ਰੁਕ ਜਾਉ-ਰੁਕ ਜਾਉ, ਅਤੇ ਸਾਡੇ ਨਾਲ ਅਖੀਰਲੀ ਸ਼ਾਮ ਅੱਜ ਉਂਜ ਹੀ ਖੁਸ਼ੀ ਖੁਸ਼ੀ ਬਿਤਾਉ, ਜਿਵੇਂ ਅਸੀਂ ਪਹਿਲੀ ਸ਼ਾਮ ਬਿਤਾਈ ਸੀ; ਇਹ ਮੇਰਾ ਨਿਮੰਤਰਣ ਹੈ, ਮਿਸੇਜ਼ ਵੈਸੀ ਦਾ ਨਿਮੰਤਰਣ ਹੈ-ਉਹ ਰਤਾ ਕੁ ਰੁਕ ਗਈ ਅਤੇ ਝੁਕ ਕੇ ਫਿਰ ਕਹਿਣ ਲੱਗੀ, 'ਅਤੇ ਲਾਰਾ ਦਾ ਨਿਮੰਤਰਣ ਵੀ ਹੈ।"

ਮੈਂ ਉਹਦੇ ਨਾਲ ਰੁਕ ਜਾਣ ਦਾ ਇਕਰਾਰ ਕੀਤਾ। ਰੱਬ ਜਾਣਦਾ ਹੈ, ਮੈਂ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਦੁੱਖ ਭਰੇ ਪ੍ਰਭਾਵ ਦੀ ਛਾਯਾ ਵੀ ਨਹੀਂ ਸਾਂ ਛੱਡਣੀ ਚਾਹੁੰਦਾ :

ਜਦੋਂ ਤਕ ਰੋਟੀ ਖਾਣ ਦੀ ਘੰਟੀ ਵਜਦੀ, ਮੇਰਾ ਆਪਣਾ ਕਮਰਾ ਹੀ ਮੇਰੇ ਲਈ ਸਭ ਤੋਂ ਚੰਗੀ ਥਾਂ ਸੀ। ਮੈਂ ਉਥੇ ਬੈਠ ਕੇ ਉਡੀਕ ਕਰਦਾ ਰਿਹਾ, ਜਦੋਂ ਤੀਕ ਥਲੇ ਜਾਣ ਦਾ ਵਕਤ ਨਾ ਹੋਇਆ। ਮੈਂ ਮਿਸ ਫ਼ੇਅਰਲੀ ਨਾਲ ਕੋਈ ਗੱਲ ਨਹੀਂ ਸੀ ਕੀਤੀ-ਮੈਂ ਉਹ ਸਾਰਾ ਦਿਨ ਉਹਨੂੰ ਵੇਖਿਆ ਤਕ ਨਹੀਂ ਸੀ। ਡਰਾਇੰਗ ਰੂਮ ਵਿਚ ਵੜਦਿਆਂ ਹੀ ਉਹਦੇ ਨਾਲ ਪਹਿਲੀ

ਮਿਲਣੀ ਸਾਡੇ ਦੋਹਾਂ ਦੇ ਸਵੈ-ਕਾਬੂ ਦਾ ਇਮਤਿਹਾਨ ਸੀ। ਉਹਨੇ ਵੀ ਪੂਰੇ ਯਤਨ ਨਾਲ ਅਖੀਰਲੀ ਸ਼ਾਮ ਰਾਹੀਂ, ਆਪਣੇ ਬੀਤੇ ਹੋਏ ਸੁਨਹਿਰੀ ਦਿਨ ਮੋੜ ਲਿਆਉਣੇ ਚਾਹੇ ਸਨ -ਉਹ ਸਮਾਂ ਜੋ ਹੁਣ ਕਦੀ ਵਾਪਸ ਨਹੀਂ ਆ ਸਕਦਾ ਸੀ ! ਉਹਨੇ ਉਹੀ ਲਿਬਾਸ ਪਹਿਨਿਆ ਸੀ, ਜੋ ਮੈਨੂੰ ਉਹਦੇ ਸਭ ਕੱਪੜਿਆਂ ਵਿਚੋਂ ਬਹੁਤ ਪਸੰਦ ਸੀ; ਇਕ ਗੂੜ੍ਹੇ ਨੀਲੇ ਰੰਗ ਦਾ ਸੂਟ, ਜਿਸ ਨੂੰ ਇਕ ਪੁਰਾਣੇ ਫੈਸ਼ਨ ਦੀ ਲੇਸ ਸੋਹਣੀ ਤਰ੍ਹਾਂ ਲੱਗੀ ਹੋਈ ਸੀ; ਉਸ ਪਹਿਲਾਂ ਵਾਂਗ ਹੀ ਆਪਣਾ ਹੱਥ ਨਿਰਛਲਤਾ ਨਾਲ ਮੇਰੇ ਵੱਲ ਵਧਾਇਆ ਠੰਢੀਆਂ ਠਾਰ ਉਂਗਲੀਆਂ ਜੋ ਮੇਰੀਆਂ ਉਂਗਲਾਂ ਦੁਆਲੇ ਕੰਬ ਰਹੀਆਂ ਸਨ; ਪੀਲੀਆਂ ਗੱਲਾਂ ਜਿਨ੍ਹਾਂ ਵਿਚਕਾਰ ਲਾਲੀ ਮੱਘ ਉਠਦੀ; ਫਿੱਕੀ ਮੁਸਕਾਨ ਜੋ ਬੁੱਲ੍ਹਾਂ ਉਤੇ ਰਹਿਣ ਲਈ ਬੜਾ ਜ਼ੋਰ ਲਾਉਂਦੀ ਪਰ ਜਦੋਂ ਮੈਂ ਵੇਖਦਾ ਉਹ ਖਤਮ ਹੋ ਜਾਂਦੀ-ਇਹ ਸਭ ਕੁਛ ਤਾਂ ਮੈਂ ਜਾਣਦਾ ਸਾਂ ਕਿ ਉਹ ਕਿਸ ਔਖਿਆਈ ਨਾਲ ਬਾਹਲੀ ਸ਼ਾਂਤੀ ਰੱਖ ਰਹੀ ਹੈ। ਮੇਰਾ ਦਿਲ ਨੇੜੇ ਹੋਕੇ ਉਸ ਨੂੰ ਘੁੱਟ ਨਹੀਂ ਸੀ ਸਕਦਾ ਨਹੀਂ ਤੇ ਮੈਂ ਉਹਨੂੰ ਉਸ ਵੇਲੇ ਇੰਨਾ ਪਿਆਰ ਕਰਦਾ, ਜਿੰਨਾ ਅਜੇ ਤੀਕ ਕਦੀ ਨਹੀਂ ਕੀਤਾ।

ਮਿਸਟਰ ਗਿਲਮੌਰ ਸਾਡੀ ਬੜੀ ਸਹਾਇਤਾ ਕਰ ਰਿਹਾ ਸੀ। ਉਹ ਆਪਣੇ ਲੋਰ ਵਿਚ ਸੀ ਅਤੇ ਬੜੇ ਜੋਸ਼ ਨਾਲ ਉਹੀ ਸਾਰਾ ਵਕਤ ਗੱਲ ਸ਼ੁਰੂ ਕਰਦਾ ਰਿਹਾ। ਮਿਸ ਹਾਲਕੌਂਬ ਵੀ ਨਿਸ਼ਚੇ  ਨਾਲ ਉਹਦੀ ਹਰ ਗੱਲ ਦਾ ਸਮਰਥਨ ਕਰਦੀ ਅਤੇ ਮੈਂ ਵੀ ਉਹਦੇ ਵੱਲ ਵੇਖ ਕੇ ਗੱਲਬਾਤ ਨੂੰ ਤੋਰਨ ਵਿਚ ਆਪਣਾ ਹਿੱਸਾ ਪਾਇਆ। ਨੀਲੀਆਂ ਪਿਆਰ-ਭਿੱਜੀਆਂ ਅੱਖਾਂ, ਜਿਨ੍ਹਾਂ ਦੇ ਭਾਰ ਵਿਚ ਸੂਖਮ ਤੋਂ ਸੂਖਮ ਪਰਿਵਰਤਨ ਮੈਂ ਚੰਗੀ ਤਰ੍ਹਾਂ ਸਮਝ ਜਾਂਦਾ ਸਾਂ, ਨੇ ਮੇਰੇ ਵੱਲ ਮਿੰਨਤ ਭਰੀ ਤੱਕਣੀ ਨਾਲ ਉਸ ਵੇਲੇ ਵੇਖਿਆ ਜਦੋਂ ਅਸੀਂ ਰੋਟੀ ਖਾਣ ਲਈ ਮੇਜ਼ ਤੇ ਬੈਠੇ। ਉਹਦਾ ਪਿਆਰਾ ਅਤੇ ਚਿੰਤਾਤੁਰ ਚਿਹਰਾ ਕਹਿ ਰਿਹਾ ਸੀ ਮੇਰੀ ਭੈਣ ਦੀ ਸਹਾਇਤਾ ਕਰੋ-ਇਸ ਤਰ੍ਹਾਂ ਤੁਸੀਂ ਮੇਰੀ ਹੀ ਸਹਾਇਤਾ ਕਰ ਰਹੇ ਹੋਵੋਗੇ।

ਇੰਝ ਅਸੀਂ ਰੋਟੀ ਮੁਕਾਈ, ਘੱਟ ਤੋਂ ਘੱਟ ਵੇਖਣ ਨਾਲ ਤਾਂ ਇਹੀ ਦਿਸਦਾ ਸੀ, ਕਿ ਅਸੀਂ ਹਸਦਿਆਂ ਖੇਡਦਿਆਂ ਖੁਸ਼ੀ ਨਾਲ ਸਮਾਂ ਲੰਘਾਇਆ ਸੀ। ਜਦੋਂ ਔਰਤਾਂ ਮੇਜ਼ ਤੋਂ ਉੱਠ ਪਈਆਂ, ਮੈਂ ਅਤੇ ਮਿਸਟਰ ਗਿਲਮੌਰ ਖਾਣ ਦੇ ਕਮਰੇ ਵਿਚ ਇਕੱਲੇ ਰਹਿ ਗਏ, ਤਾਂ ਸਾਡਾ ਧਿਆਨ ਮੱਲਣ ਲਈ ਇਕ ਹੋਰ ਕੰਮ ਆ ਪਿਆ। ਜਿਸ ਨਾਲ ਸਾਨੂੰ ਚੁੱਪ ਰਹਿਣ ਦਾ ਉਹ ਮੌਕਾ ਮਿਲ ਗਿਆ ਜੋ ਮੈਨੂੰ ਅਤੀ ਸੁਖਾਵਾਂ ਲੱਗ ਰਿਹਾ ਸੀ, ਅਤੇ ਜਿਸ ਵਿਚ ਮੈਂ ਆਪਣੇ ਆਪ ਨੂੰ ਸ਼ਾਂਤ ਕਰ ਸਕਦਾ ਸਾਂ। ਜਿਹੜਾ ਨੌਕਰ ਕੈਥੇਰਿਕ ਅਤੇ ਮਿਸੇਜ਼ ਕਲੀਮੈਂਟਸ ਦਾ ਪਤਾ

ਲਾਉਣ ਲਈ ਭੇਜਿਆ ਗਿਆ ਸੀ, ਉਹ ਆਪਣੀ ਰੀਪੋਰਟ ਲੈ ਕੇ ਪਰਤ ਆਇਆ ਸੀ, ਉਹਨੂੰ ਫੌਰਨ ਖਾਣ ਵਾਲੇ ਕਮਰੇ ਵਿਚ ਬੁਲਾਇਆ ਗਿਆ।

"ਹੱਛਾ," ਮਿਸਟਰ ਗਿਲਮੌਰ ਨੇ ਕਿਹਾ, "ਕੀ ਖ਼ਬਰ ਲਿਆਇਆ ਹੈ?''

"ਮੈਨੂੰ ਇਹ ਪਤਾ ਲਗਾ ਹੈ ਜਨਾਬ ਕਿ ਉਨ੍ਹਾਂ ਦੋਹਾਂ ਔਰਤਾਂ ਨੇ ਸਾਡੇ ਸਟੇਸ਼ਨ ਤੋਂ ਕਾਰਲਿਸਲੀ ਦੀਆਂ ਟਿਕਟਾਂ ਲਈਆਂ ਸਨ।

'ਤੇ ਤੂੰ ਇਹ ਖਬਰ ਮਿਲਣ ਮਗਰੋਂ ਕਾਰਲਿਸਲੀ ਅਵੱਸ਼ ਪਹੁੰਚਿਆ ਹੋਵੇਗਾ।"

"ਜੀ ਹਾਂ ਮੈਂ ਗਿਆ ਸਾਂ; ਪਰ ਮੈਨੂੰ ਅਫਸੋਸ ਹੈ ਕਿ ਮੈਨੂੰ ਉਨ੍ਹਾਂ ਦਾ ਹੋਰ ਬਹੁ ਪਤਾ ਨਹੀਂ ਲੱਗਾ।"

"ਤੂੰ ਰੇਲਵੇ ਤੇ ਪੁੱਛਿਆ ਹੋਵੇਗਾ?"

"ਜੀ ਹਾਂ।"

"ਅਤੇ ਵੱਖ-ਵੱਖ ਸਰਾਵਾਂ ਵਿਚ ਵੀ ਪਤਾ ਕੀਤਾ ਹੋਵੇਗਾ?"

"ਜੀ ਜਨਾਬ।"

"ਅਤੇ ਜੋ ਮੈਂ ਲਿਖ ਕੇ ਦਿੱਤਾ ਸੀ, ਉਹ ਪੁਲੀਸ ਸਟੇਸ਼ਨ ਤੇ ਛੱਡ ਆਇਆ ਹੈ?"

"ਜੀ ਜ਼ਨਾਬ ਮੈਂ ਉਹ ਲਿਖਤ ਥਾਣੇ ਦੇ ਆਇਆ ਹਾਂ।"

"ਤਾਂ ਠੀਕ ਹੈ ਮੇਰੇ ਮਿੱਤਰ, ਤੂੰ ਜੋ ਕਰ ਸਕਦਾ ਸੈਂ- ਕੀਤਾ ਹੈ- ਅਤੇ ਜੋ ਮੈਂ ਕਰ ਸਕਦਾ ਸਾਂ, ਮੈਂ ਕੀਤਾ ਹੈ। ਹੁਣ ਇਥੇ ਹੀ ਇਸ ਗੱਲ ਤੇ ਇਹ ਮੁਆਮਲਾ ਕੁਛ ਚਿਰ ਲਈ ਛੱਡਣਾ ਪਵੇਗਾ। ਅਸੀਂ ਆਪਣੀ ਆਖਰੀ ਚਾਲ ਚਲ ਚੁਕੇ ਹਾਂ, ਮਿਸਟਰ ਹਾਰਟਰਾਈਟ" ਉਸ ਬਜ਼ੁਰਗ ਨੇ ਨੌਕਰ ਦੇ ਚਲੇ ਜਾਣ ਪਿਛੋਂ ਆਪਣੀ ਗੱਲ ਜਾਰੀ ਰਖਦਿਆਂ ਕਿਹਾ, "ਇਸ ਵੇਲੇ ਤਾਂ ਸਾਨੂੰ ਉਨ੍ਹਾਂ ਔਰਤਾਂ ਨੇ ਮਾਤ ਦਿੱਤੀ ਹੈ; ਅਤੇ ਹੁਣ ਸਾਡਾ ਇਕੋ ਹੀ ਸਾਧਨ ਰਹਿ ਗਿਆ ਹੈ ਕਿ ਅਸੀਂ ਸਰ ਪਰਸੀਵਲ ਦੇ ਆਉਣ ਦੀ ਸੋਮਵਾਰ ਤਕ ਉਡੀਕ ਕਰੀਏ। ਕੀ ਤੁਸੀਂ ਆਪਣਾ ਗਲਾਸ ਮੁੜ ਨਹੀਂ ਭਰੋਗੇ? ਇਹ ਪੋਰਟ ਚੰਗੀ ਹੈ ਪੁਰਾਣੀ ਸ਼ਰਾਬ ਜਾਪਦੀ ਹੈ। ਭਾਵੇਂ ਮੇਰੇ ਕੋਲ ਇਸ ਤੋਂ ਵੀ ਚੰਗੀ ਹੈ!"

ਅਸੀਂ ਡਰਾਇੰਗ ਰੂਮ ਵਿਚ ਵਾਪਸ ਪਹੁੰਚੇ-ਇਹ ਉਹ ਕਮਰਾ ਸੀ, ਜਿਸ ਵਿਚ ਮੇਰੀ ਜ਼ਿੰਦਗੀ ਦੀਆਂ ਸਭ ਤੋਂ ਖੁਸ਼ੀ ਭਰੀਆਂ ਸ਼ਾਮਾਂ ਬਤੀਤ ਹੋਈਆਂ ਸਨ; ਉਹ ਕਮਰਾ ਜਿਸ ਨੂੰ ਅੱਜ ਦੀ ਅਖੀਰਲੀ ਰਾਤ ਮਗਰੋਂ ਮੈਂ ਕਦੀ ਵੀ ਨਾ ਵੇਖ ਸਕਾਂਗਾ। ਜਦੋਂ ਦੀ ਸਰਦੀ ਸ਼ੁਰੂ ਹੋਈ ਸੀ ਅਤੇ ਦਿਨ ਛੋਟੇ ਹੋਏ ਸਨ, ਇਸ ਦੇ ਸਵਰੂਪ ਵਿਚ ਕੁਝ ਪਰੀਵਰਤਨ ਕੀਤਾ ਗਿਆ ਸੀ। ਟੈਰਸ ਵੱਲ ਜਿਹੜੇ ਸ਼ੀਸ਼ੇ ਦੇ ਦਰਵਾਜ਼ੇ ਖੁਲਦੇ ਸਨ, ਉਹ ਬੰਦ ਕਰ ਦਿਤੇ ਗਏ ਸਨ, ਅਤੇ ਉਨ੍ਹਾਂ ਅਗੇ ਹੁਣ ਮੋਟੇ ਪਰਦੇ ਸਨ। ਤ੍ਰਿਕਾਲਾਂ ਦੀ ਉਸ ਮੱਧਮ ਅਤੇ ਧੁੰਦਲੀ ਰੋਸ਼ਨੀ, ਜਿਸ ਵਿਚ ਅਸੀਂ ਬੈਠਿਆ ਕਰਦੇ ਸਾਂ, ਦੀ ਥਾਵੇਂ ਹੁਣ ਲੈਂਪਾਂ ਦੀ ਚਮਕੀਲੀ ਰੋਸ਼ਨੀ ਸੀ, ਜੋ ਮੇਰੀਆਂ ਅੱਖਾਂ ਚੁੰਧਿਆ ਰਹੀ ਸੀ। ਸਭ ਕੁਝ ਬਦਲ ਗਿਆ ਸੀ ਅੰਦਰ ਵੀ ਅਤੇ ਬਾਹਰ ਵੀ ਸਭ ਕੁਛ ਹੀ ਹੋਰ ਦਾ ਹੋਰ ਹੋ ਗਿਆ ਸੀ।

ਮਿਸ ਹਾਲਕੌਂਬ ਅਤੇ ਮਿਸਟਰ ਗਿਲਮੌਰ ਤਾਸ਼ ਖੇਡਣ ਦੇ ਮੇਜ਼ ਉਤੇ ਬੈਠ ਗਏ, ਮਿਸੇਜ ਵੈਸੀ ਆਪਣੀ ਹਮੇਸ਼ਾਂ ਵਾਲੀ ਕੁਰਸੀ ਤੇ ਬੈਠ ਗਈ। ਉਨ੍ਹਾਂ ਨੂੰ ਕੋਈ ਬੰਦਸ਼ ਨਹੀਂ ਸੀ ਕਿ ਉਹ ਆਪਣੀ ਸ਼ਾਮ ਕਿਵੇਂ ਲੰਘਾਉਣ, ਇਹ ਵੇਖ ਕੇ ਮੈਨੂੰ ਆਪਣੇ ਤੇ ਲਗੀ ਰੁਕਾਵਟ ਹੁਣ ਹੋਰ ਵੀ ਜ਼ਿਆਦਾ ਬੁਰੀ ਤਰ੍ਹਾਂ ਮਹਿਸੂਸ ਹੋ ਰਹੀ ਸੀ। ਮੈਂ ਮਿਸ ਫ਼ੇਅਰਲੀ ਨੂੰ ਸੰਗੀਤ ਸਟੈਂਡ ਦੇ ਨੇੜੇ ਖੜੀ ਨੂੰ ਵੇਖਿਆ। ਜੇ ਕੋਈ ਹੋਰ ਸਮਾਂ ਹੁੰਦਾ ਤਾਂ ਮੈਂ ਵੀ ਉਹਦੇ ਕੋਲ ਜਾ ਖੜੋਂਦਾ। ਮੈਂ ਦੁਚਿੱਤੀਆਂ ਵਿਚ ਉਡੀਕ ਰਿਹਾ ਸਾਂ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਕਿਧਰ ਜਾਵਾਂ ਜਾਂ ਅਗੋਂ ਕੀ ਕਰਾਂ। ਉਠ ਕੇ ਮੇਰੇ ਵੱਲ ਇਕ ਉਡਦੀ ਨਜ਼ਰ ਸੁੱਟੀ, ਲਿਖੀ ਹੋਈ ਸੰਗੀਤ ਦੀ ਇਕ ਧੁਨ ਅਚਾਨਕ ਸਟੈਡ ਤੋਂ ਚੁੱਕ ਕੇ ਆਪਣੀ ਮਰਜ਼ੀ ਨਾਲ ਉਹ ਮੇਰੇ ਕੋਲ ਆਈ।

"ਕੀ ਮੈਂ ਮੋਜ਼ਾਰਟ ਦੀਆਂ ਉਹ ਛੋਟੀਆਂ-ਛੋਟੀਆਂ ਸੁਰਾਂ ਅੱਜ ਵਜਾਵਾਂ ਜੋ ਤੁਹਾਨੂੰ ਇੰਨੀਆਂ ਚੰਗੀਆਂ ਲੱਗੀਆਂ ਕਰਦੀਆਂ ਸਨ?" ਉਹਨੇ ਕਾਪੀ ਖੋਲਦਿਆਂ ਰਤਾ ਘਬਰਾਹਟ ਨਾਲ ਮੇਰੇ ਤੋਂ ਪੁੱਛਿਆ, ਅਤੇ ਫਿਰ ਕਾਪੀ ਵੱਲ ਵੇਖਣ ਲੱਗ ਪਈ।

ਇਸ ਤੋਂ ਪਹਿਲਾਂ ਕਿ ਮੈਂ ਉਹਦਾ ਧੰਨਵਾਦ ਕਰਦਾ, ਉਹ ਕਾਹਲੀ-ਕਾਹਲੀ ਪਿਆਨੋ ਕੋਲ ਪਹੁੰਚ ਗਈ ਸੀ। ਉਸ ਦੇ ਨੇੜੇ ਦੀ ਕੁਰਸੀ ਜਿਸ ਤੇ ਸਦਾ ਮੈਂ ਬੈਠਿਆ ਕਰਦਾ ਸਾਂ, ਹੁਣ ਖਾਲੀ ਪਈ ਸੀ। ਉਹਨੇ ਕੁਛ ਸੁਰਾਂ ਛੇੜੀਆਂ-ਫਿਰ ਮੁੜ ਕੇ ਮੇਰੇ ਵੱਲ ਵੇਖਿਆ-ਅਤੇ ਫਿਰ ਆਪਣੀ ਸੰਗੀਤ ਦੀ ਕਾਪੀ ਵੱਲ ਨਜ਼ਰ ਮਾਰੀ।

"ਕੀ ਤੁਸੀਂ ਆਪਣੀ ਪੁਰਾਣੀ ਥਾਂ ਤੇ ਨਹੀਂ ਬੈਠੋਗੇ?" ਉਹ ਬੜੀ ਅਚਾਨਕ ਅਤੇ ਧੀਮੀ ਆਵਾਜ਼ ਵਿਚ ਬੋਲੀ।

"ਮੈਂ ਅਖੀਰਲੀ ਰਾਤ ਇਸ ਤੇ ਬੈਠ ਸਕਦਾ ਹਾਂ।" ਮੈਂ ਉੱਤਰ ਦਿੱਤਾ।

ਉਹਨੇ ਕੁਝ ਨਾ ਕਿਹਾ, ਹੁਣ ਉਹਨੇ ਆਪਣਾ ਸਾਰਾ ਧਿਆਨ ਸੰਗੀਤ ਦੀ ਕਾਪੀ ਵੱਲ ਲਾਇਆ ਹੋਇਆ ਸੀ ਉਹ ਧੁਨਾ ਉਹਨੂੰ ਜ਼ੁਬਾਨੀ ਯਾਦ ਸਨ, ਅਤੇ ਕਾਪੀ ਦੀ ਸਹਾਇਤਾ ਤੋਂ ਬਿਨਾਂ ਹੀ ਉਹ ਪਹਿਲਾਂ ਉਨ੍ਹਾਂ ਨੂੰ ਕਈ ਕਈ ਵਾਰ ਵਜਾਇਆ ਕਰਦੀ ਸੀ। ਮੈਂ ਸਿਰਫ ਏਨਾਂ ਜਾਣਦਾ ਸਾ, ਕਿ ਉਹਨੇ ਮੇਰੀ ਗੱਲ ਸੁਣੀ ਸੀ; ਮੈਂ ਸਿਰਫ ਏਨਾ ਜਾਣਦਾ ਸਾਂ, ਕਿ ਉਹਨੂੰ ਮੇਰੀ ਨੇੜਤਾ ਦਾ ਅਹਿਸਾਸ ਸੀ; ਕਿਉਂਕਿ ਉਹਦੀਆਂ ਗੱਲਾਂ ਪਹਿਲਾਂ ਤਾਂ ਲਾਲ ਹੋਈਆਂ, ਫਿਰ ਉਹਦਾ ਸਾਰਾ ਚਿਹਰਾ ਪੀਲਾ ਪੈ ਗਿਆ।

"ਮੈਨੂੰ ਬੜਾ ਦੁੱਖ ਹੈ ਕਿ ਤੁਸੀ ਜਾ ਰਹੇ ਹੋ," ਉਹ ਬੋਲੀ, ਉਹਦੀ ਆਵਾਜ਼ ਬੜੀ ਹੀ ਮੱਧਮ ਸੀ; ਉਹਦੀਆਂ ਅੱਖਾਂ ਬੜੀ ਗੌਰ ਨਾਲ ਸੰਗੀਤ ਦੀ ਕਾਪੀ ਨੂੰ ਵੇਖ ਰਹੀਆਂ ਸਨ, ਉਹ ਦੀਆਂ ਉਂਗਲਾਂ ਪਿਆਨੋ ਦੀਆਂ ਸੁਰਾਂ ਤੇ ਜਿਵੇਂ ਉੱਡ ਰਹੀਆਂ ਸਨ। ਉਹ ਅਨੋਖੇ ਜ਼ੋਸ ਨਾਲ ਵਜਾ ਰਹੀ ਸੀ, ਮੈਂ ਉਸ ਨੂੰ ਇਸ ਤਰ੍ਹਾਂ ਵਜਾਦਿਆਂ ਪਹਿਲਾ ਕਦੀ ਨਹੀਂ ਸੀ ਵੇਖਿਆ।

"ਮੈਂ ਤੁਹਾਡੇ ਇਹ ਪਿਆਰੇ ਸ਼ਬਦ, ਉਦੋਂ ਵੀ ਯਾਦ ਰਖਾਂਗਾ, ਮਿਸ ਫ਼ਅਰਲੀ ਜਦ ਇਹ ਆਉਣ ਵਾਲਾ ਕੱਲ ਬੀਤੇ ਨੂੰ ਵੀ ਚਿਰ ਹੋ ਗਿਆ ਹੋਵੇਗਾ।" ਉਹਦੇ ਮੂੰਹ ਦੀ ਪਲਿੱਤਣ ਹੁਣ ਸਫੇਦੀ ਵਿਚ ਬਦਲ ਗਈ ਅਤੇ ਉਹਨੇ ਆਪਣਾ ਚਿਹਰਾ ਮੇਰੇ ਤੋਂ ਹੋਰ ਪਰੇ ਕਰ ਲਿਆ।

"ਅਜੇ ਆਉਣ ਵਾਲੇ ਕੱਲ੍ਹ ਦੀ ਗੱਲ ਨਾ ਕਰੋ," ਉਹ ਬੋਲੀ "ਅੱਜ ਦੀ ਰਾਤ ਸੰਗੀਤ ਸੁਣੇ -ਇਹਦੀ ਬੋਲੀ ਸਾਡੀ ਬੋਲੀ ਨਾਲੋਂ ਵਧੇਰੇ ਖੁਸ਼ੀ ਭਰੀ ਹੈ।"

ਉਹਦੇ ਬੁਲ੍ਹ ਕੰਬੇ ਅਤੇ ਉਨ੍ਹਾਂ ਵਿਚੋਂ ਇਕ ਹਉਕਾ ਹੌਲੀ ਜਿਹੀ ਨਿਕਲਿਆ, ਜਿਸ ਨੂੰ ਉਹਨੇ ਵਿਅਰਥ ਹੀ ਦਬਾਣ ਦੀ ਕੋਸ਼ਿਸ਼ ਕੀਤੀ। ਉਹਦੀਆ ਉਂਗਲਾਂ ਪਿਆਨੋ ਤੇ ਕੰਬ ਰਹੀਆਂ ਸਨ, ਉਹਨੇ ਇਕ ਗਲਤ ਸੁਰ ਤੇ ਹੱਥ ਰੱਖਿਆ। ਉਸ ਨੂੰ ਠੀਕ ਕਰਨ ਦੀ ਕੋਸ਼ਿਸ਼ ਵਿਚ ਇਕ ਹੋਰ ਗਲਤੀ ਕੀਤੀ--ਅਤੇ ਗੁੱਸੇ ਵਿਚ ਆ ਕੇ ਆਪਣੇ ਹੱਥ ਆਪਣੀ ਝੋਲੀ ਵਿਚ ਪਟਕਾ ਦਿਤੇ। ਮਿਸ ਹਾਲਕੌਂਬ ਅਤੇ ਮਿਸਟਰ ਗਿਲਮੌਰ ਨੇ ਤਾਸ਼ ਖੇਡਦਿਆਂ ਹੈਰਾਨੀ ਨਾਲ ਉਸ ਵੱਲ ਤਕਿਆ। ਇਥੋਂ ਤੀਕ ਕਿ ਮਿਸੇਜ਼ ਵੈਸੀ ਨੇ ਵੀ ਜੋ ਆਪਣੀ ਕੁਰਸੀ ਵਿਚ ਬੈਠੀ

ਉਂਘਲਾ ਰਹੀ ਸੀ; ਸੰਗੀਤ ਦੇ ਇਕ ਦਮ ਖ਼ਤਮ ਹੋਣ ਨਾਲ ਜਾਗ ਕੇ ਪੁੱਛਿਆ ਕਿ ਕੀ ਹੋਇਆ ਸੀ:

"ਤੁਸੀਂ ਤਾਸ਼ ਖੇਡੋਗੇ, ਮਿਸਟਰ ਹਾਰਟਰਾਈਟ?" ਮਿਸ ਹਾਲਕੌਂਬ ਨੇ ਮੇਰੇ ਵੱਲ ਭਾਵ- ਪੂਰਤ ਅੱਖੀਆਂ ਨਾਲ ਵੇਖਕੇ ਪੁੱਛਿਆ।

ਮੈਂ ਜਾਣਦਾ ਸਾਂ ਕਿ ਉਹਦਾ ਕੀ ਭਾਵ ਹੈ, ਮੈਂ ਇਹ ਵੀ ਜਾਣਦਾ ਸਾਂ ਕਿ ਉਹ ਠੀਕ ਕਰ ਰਹੀ ਹੈ, ਸੋ ਮੈਂ ਇਕ ਦਮ ਉਠ ਕੇ ਤਾਸ਼ ਦੇ ਮੇਜ਼ ਵੱਲ ਗਿਆ। ਜਿਉਂ ਹੀ ਮੈਂ ਉਥੋਂ ਉਠਿਆ, ਮਿਸ ਫ਼ੇਅਰਲੀ ਨੇ ਸੰਗੀਤ ਕਾਪੀ ਦਾ ਇਕ ਪੰਨਾ ਪਲਟ ਕੇ, ਪਿਆਨੋ ਦੀਆਂ ਸੁਰਾਂ ਨੂੰ ਨਿਸ਼ਚੇ ਨਾਲ ਛੋੜਿਆ।

"ਮੈਂ ਅੱਜ ਇਹ ਵਜਾਵਾਂਗੀ" ਉਹਨੇ ਆਵਸ ਵਿਚ ਆ ਕੇ ਸੁਰਾਂ ਨੂੰ ਛੇੜਿਆਂ- ਮੈਂ ਅੱਜ ਅਖੀਰਲੀ ਰਾਤ ਜ਼ਰੂਰ ਵਜਾਵਾਂਗੀ।"

"ਆਉ ਮਿਸੇਜ਼ ਵੈਸੀ," ਮਿਸ ਹਾਲਕੌਂਬ ਬੋਲੀ "ਮਿਸਟਰ ਗਿਲਮੌਰ ਅਤੇ ਮੈਂ ਦੋਵੇਂ ਇਸ ਖੇਡ ਤੋਂ ਅੱਕ ਗਏ ਹਾਂ, ਹੁਣ ਤੁਸੀਂ ਮਿਸਟਰ ਹਾਰਟਰਾਈਟ ਦੇ ਸਾਥੀ ਬਣੋ।"

ਬਜ਼ੁਰਗ ਵਕੀਲ ਵਿਅੰਗ ਨਾਲ ਮੁਸਕਰਾਇਆ। ਉਹ ਜਿਤਦਾ ਜਾ ਰਿਹਾ ਸੀ ਅਤੇ ਹੁਣੇ ਹੁਣੇ ਉਹ ਇਕ ਰਾਜਾ ਬਣਿਆ ਸੀ। ਉਹਨੇ ਜਿਸ ਹਾਲਕੌਂਬ ਨੂੰ ਤਾਜ ਵਿਚ ਅਚਾਨਕ ਇਹ ਅਦਲ ਬਦਲ ਕਰਦਿਆਂ ਇਹੀ ਸਮਝਿਆ ਕਿ ਔਰਤਾਂ ਹਾਰਦਿਆਂ ਹੋਇਆਂ ਨਹੀਂ ਖੇਡ ਸਕਦੀਆਂ।

ਬਾਕੀ ਦੀ ਸਾਰੀ ਸ਼ਾਮ ਉਹਨੇ ਨਾ ਹੀ ਮੇਰੇ ਵੱਲ ਵੇਖਿਆ ਅਤੇ ਨਾ ਹੀ ਕੋਈ ਗੱਲ ਕੀਤੀ। ਉਹ ਪਿਆਨੋ ਕੋਲ ਆਪਣੀ ਥਾਂ ਤੇ ਬੈਠੀ ਰਹੀ ਅਤੇ ਮੈਂ ਤਾਸ਼ ਦੇ ਮੇਜ਼ ਤੇ ਹੀ ਬੈਠਾ ਰਿਹਾ। ਉਹ ਲਗਾਤਾਰ ਪਿਆਨੋ ਵਜਾਉਂਦੀ ਰਹੀ ਇਸ ਤਰ੍ਹਾਂ ਜਿਵੇਂ ਸੰਗੀਤ ਨਾਲ ਉਹ ਆਪਣਾ ਆਪ ਭੁੱਲ ਜਾਣਾ ਚਾਹੁੰਦੀ ਹੋਵੇ। ਉਹਦੀਆਂ ਉਂਗਲਾਂ ਸੁਰਾਂ ਨੂੰ ਪਿਆਰ ਨਾਲ ਛੇੜ ਰਹੀਆਂ ਸਨ, ਕੋਮਲ ਵਿਲਕਦੀਆਂ ਸੁਰਾਂ ਜਿਨ੍ਹਾਂ ਦੀ ਸੁੰਦਰਤਾ ਸ਼ਬਦ ਪ੍ਰਗਟਾਉਣ ਤੋਂ ਅਸਮਰਥ ਸਨ ਅਤੇ ਜਿਨ੍ਹਾਂ ਨੂੰ ਸੁਣਕੇ ਅਜੀਬ ਜਿਹੀ ਉਦਾਸੀ ਛਾਂ ਰਹੀ ਸੀ, ਕਦੀ ਉਹਦੇ ਹੱਥ ਕੰਬ ਜਾਂਦੇ ਅਤੇ ਕਦੀ ਪਿਆਨੋ ਉਤੇ ਆਪ ਮੁਹਾਰੇ ਹੀ ਇੰਜ ਚਲਦੇ, ਜਿਵੇਂ ਪਿਆਨੋ ਵਜਾਉਣਾ ਉਸ ਲਈ ਔਖਾ ਕੰਮ ਹੋਵੇ। ਉਹਦੀਆਂ ਸੁਰਾਂ ਭਾਵੇਂ ਕੰਬਦੀਆਂ ਰਹੀਆਂ ਪਰ

ਉਹਦਾ ਵਜਾਉਣ ਦਾ ਇਰਾਦਾ ਦ੍ਰਿੜ ਸੀ। ਉਹ ਵੀ ਉਦੋਂ ਹੀ ਪਿਆਨੋ ਤੋਂ ਉਠੀ ਜਦੋਂ ਅਸੀਂ ਸਾਰੇ ਉਠੇ।

ਮਿਸੇਜ਼ ਵੈਸੀ ਦਰਵਾਜ਼ੇ ਦੇ ਸਭ ਤੋਂ ਨੇੜੇ ਸੀ, ਅਤੇ ਉਸ ਨੇ ਸਭ ਤੋਂ ਪਹਿਲਾਂ ਮੇਰੇ ਨਾਲ ਹੱਥ ਮਿਲਾਇਆ।

"ਮੈਂ ਤੁਹਾਨੂੰ ਹੁਣ ਨਹੀਂ ਮਿਲਾਂਗੀ, ਮਿਸਟਰ ਹਾਰਟਰਾਈਟ," ਉਹ ਬੋਲੀ "ਮੈਨੂੰ ਸਚਮੁੱਚ ਦੁੱਖ ਹੈ ਕਿ ਤੁਸੀਂ ਜਾ ਰਹੇ ਹੋ। ਤੁਸੀਂ ਮੇਰਾ ਬੜਾ ਧਿਆਨ ਰੱਖਿਆ ਹੈ ਅਤੇ ਮੇਰੇ ਨਾਲ ਬੜੇ ਦਇਆਲੂ ਰਹੇ ਹੋ। ਮੇਰੇ ਵਰਗੀ ਬੁੱਢੀ ਔਰਤ ਇਹ ਮਹਿਸੂਸ ਕਰ ਸਕਦੀ ਹੈ। ਤੁਹਾਨੂੰ ਰੱਬ ਖੁਸ਼ੀਆਂ ਦੇਵ ਮੈਂ ਤੁਹਾਨੂੰ ਪਿਆਰ ਭਰੀ ਅਲਵਿਦਾ ਕਹਿੰਦੀ ਹਾਂ!" ਹੁਣ ਮਿਸਟਰ ਗਿਲਮੌਰ ਦੀ ਵਾਰੀ ਸੀ।

"ਮੈਨੂੰ ਉਮੀਦ ਹੈ ਕਿ ਭਵਿੱਖ ਵਿਚ ਜ਼ਰੂਰ ਇਕ ਦੂਜੇ ਨੂੰ ਹੋਰ ਚੰਗੀ ਤਰ੍ਹਾਂ ਜਾਣਨ ਦਾ ਮੌਕਾ ਸਾਨੂੰ ਮਿਲੇਗਾ। ਮੇਰਾ ਖਿਆਲ ਹੈ, ਕਿ ਤੁਸੀਂ ਸਮਝਦੇ ਹੋ ਕਿ ਉਹ ਛੋਟੀ ਜੇਹੀ ਗੱਲ ਹੁਣ ਮੇਰਿਆਂ ਹੱਥਾਂ ਵਿਚ ਹੈ? ਹਾਂ, ਹਾਂ ਤੁਸੀਂ ਜ਼ਰੂਰ ਸਮਝਦੇ ਹੋ। ਰੱਬ ਮੇਰਾ ਭਲਾ ਕਰੇ, ਕਿੰਨੀ ਸਰਦੀ ਹੈ, ਮੈਂ ਤਹਾਨੂੰ ਦਰਵਾਜ਼ੇ ਤੇ ਹੋਰ ਨਹੀਂ ਅਟਕਾਵਾਂਗਾ -ਤੁਹਾਡੇ ਚੰਗੇ ਸਫਰ ਲਈ ਮੇਰੀਆਂ ਸ਼ੁਭ ਇਛਾਵਾਂ ਹਾਜ਼ਰ ਹਨ।"

ਮਿਸ ਹਾਲਕੌਂਬ ਨੇ ਮਿਸਟਰ ਗਿਲਮੌਰ ਮਗਰੋਂ ਕਿਹਾ।

'"ਕਲ੍ਹ ਸਵੇਰ ਸਾਢੇ ਸੱਤ ਵਜੇ," ਫਿਰ ਉਹ ਆਵਾਜ਼ ਨੂੰ ਧੀਮਾ ਕਰਕੇ ਕਹਿਣ ਲੱਗੀ, "ਤੁਸੀਂ ਨਹੀਂ ਜਾਣਦੇ ਮੈਂ ਅੱਜ ਕੀ ਵੇਖਿਆ ਅਤੇ ਕਿੰਨਾ ਕੁਛ ਸੁਣਿਆ ਹੈ। ਤੁਹਾਡੇ ਅੱਜ ਰਾਤ ਦੇ ਵਤੀਰੇ ਕਾਰਣ ਤੋਂ ਸਾਰੀ ਜ਼ਿੰਦਗੀ ਲਈ ਤੁਹਾਡੀ ਮਿੱਤਰ ਬਣ ਗਈ ਹਾਂ।"

ਮਿਸ ਫ਼ੇਅਰਲੀ ਸਭ ਤੋਂ ਪਿਛੋਂ ਆਈ। ਜਦੋਂ ਮੈਂ ਉਹਦਾ ਹੱਥ ਫੜੀ ਅਗਲੀ ਸਵੇਰ ਦਾ ਸੋਚਿਆ, ਮੇਰੇ ਵਿਚ ਏਨਾਂ ਵਿਸ਼ਵਾਸ ਨਹੀਂ ਸੀ ਰਹਿ ਗਿਆ ਕਿ ਮੈਂ ਉਹਦੇ ਚਿਹਰੇ ਵੱਲ ਵੇਖ ਸਕਾ !

"ਮੈਂ ਕਲ੍ਹ ਸਵੇਰ ਬੜੀ ਜਲਦੀ ਜਾਣਾ ਹੈ," ਮੈਂ ਕਿਹਾ। "ਮਿਸ ਫ਼ੇਅਰਲੀ, ਮੈਂ ਚਲਾ ਜਾਵਾਂਗਾ ਅਤੇ ਤੁਸੀਂ-'

"ਨਹੀਂ, ਨਹੀਂ," ਉਹਨੇ ਕਾਹਲੀ ਨਾਲ ਮੇਰੀ ਗੱਲ ਟੁਕਦਿਆਂ ਕਿਹਾ।

"ਮੇਰੇ ਆਉਣ ਤੋਂ ਪਹਿਲਾਂ ਨਾ ਜਾਣਾ। ਮੈਂ ਵੀ ਮੇਰੀਅਨ ਨਾਲ ਹੀ ਨਾਸ਼ਤਾ ਲਵਾਂਗੀ।

ਮੈਂ ਏਨੀ ਅਕ੍ਰਿਤਘਣ ਨਹੀਂ ਅਤੇ ਪਿਛਲੇ ਤਿੰਨ ਮਹੀਨਿਆਂ ਨੂੰ ਇੰਜ ਤਾਂ ਨਹੀਂ ਭੁਲਾ ਸਕਦੀ --"

ਇਸ ਤੋਂ ਅਗੋਂ ਉਹਦੀ ਆਵਾਜ਼ ਭਰ ਆਈ, ਉਹਨੇ ਮੇਰੇ ਹੱਥ ਨੂੰ ਘੁੱਟਿਆ ਅਤੇ ਛੱਡ ਦਿੱਤਾ। ਮੈਂ ਅਜੇ ਉਹਨੂੰ 'ਗੁੱਡ ਨਾਈਟ' ਵੀ ਨਹੀਂ ਸੀ ਕਿਹੀ-ਕਿ ਉਹ ਚਲੀ ਵੀ ਗਈ ਸੀ। ਹੁਣ ਅਖੀਰਲੀ ਘੜੀ ਆ ਪਹੁੰਚੀ ਹੈ, ਇਹ ਅਟੱਲ ਘੜੀ ਪਹੁੰਚ ਰਹੀ ਹੈ ਜਿਉਂ ਜਿਉਂ ਲਿਮਰਿਜ ਹਾਉਸ ਵਿਚ ਮੇਰੀ ਅਖੀਰਲੀ ਸਵੇਰ ਦੀ ਪਹੁ ਫੁੱਟੀ ਹੈ !

ਅਜੇ ਸਾਢੇ ਸੱਤ ਵੀ ਨਹੀਂ ਸਨ ਹੋਏ ਕਿ ਮੈਂ ਹੇਠਾਂ ਪਹੁੰਚ ਗਿਆ ਉਹ ਦੋਵੇਂ ਨਾਸ਼ਤੇ ਲਈ ਮੇਰਾ ਇਤਜ਼ਾਰ ਕਰ ਰਹੀਆ ਸਨ। ਮੱਠੀ ਰੋਸ਼ਨੀ ਵਿਚ, ਠੰਢੀ ਠਾਰ ਹਵਾ ਵਿਚ ਅਤੇ ਸਵੇਰ ਦੀ ਉਦਾਸੀ ਭਰੀ ਚੁੱਪ ਵਿਚ ਅਸੀਂ ਤਿੰਨੇ ਨਾਸ਼ਤੇ ਲਈ ਬੈਠੇ, ਅਸੀਂ ਤਿੰਨਾਂ ਨੇ ਗੱਲਾ ਕਰਨ ਦਾ ਯਤਨ ਕੀਤਾ-ਕੁਝ ਖਾਣ ਦੀ ਕੋਸ਼ਿਸ਼ ਕੀਤੀ। ਪਰ ਇਹ ਵਿਖਾਉਣ ਦੀ ਕੋਸ਼ਿਸ਼ ਕਿ ਸਭ ਕੁਝ ਠੀਕ ਠਾਕ ਹੈ, ਵਿਅਰਥ ਸੀ। ਇਸੇ ਲਈ ਮੈਂ ਉਠ ਪਿਆ। ਜਦੋਂ ਮੈਂ ਆਪਣਾ ਹੱਥ ਅਗੇ ਵਧਾਇਆ, ਮਿਸ ਹਾਲਕੌਂਬ ਜੋ ਮੇਰੇ ਨੇੜੇ ਖੜੀ ਸੀ, ਨੇ ਆਪਣੇ ਹੱਥਾਂ ਵਿਚ ਲੈ ਲਿਆ, ਮਿਸ ਫ਼ੇਅਰਲੀ ਅਚਾਨਕ ਹੀ ਮੁੜ ਕੇ ਕਮਰੇ ਵਿਚੋਂ ਕਾਹਲੀ ਕਾਹਲੀ ਬਾਹਰ ਨਿਕਲ ਗਈ।

"ਚੰਗਾ ਹੋਇਆ ਹੈ," ਮਿਸ ਹਾਲਕੌਂਬ ਨੇ ਬੂਹਾ ਬੰਦ ਹੋ ਜਾਣ ਮਗਰੋਂ ਕਿਹਾ, "ਇਹ ਤੁਹਾਡੇ ਤੇ ਉਹਦੇ ਲਈ- ਦੋਹਾਂ ਲਈ ਇੰਜ ਹੀ ਠੀਕ ਹੈ।"

ਮੈਂ ਕੁਝ ਚਿਰ ਚੁੱਪ ਰਿਹਾ ਤਾਂ ਕਿਧਰੇ ਬੋਲਣ ਜੋਗਾ ਹੋਇਆ, ਉਸ ਨੂੰ ਇਸ ਤਰ੍ਹਾਂ ਗਵਾ ਦੇਣਾ ਬੜਾ ਔਖਾ ਸੀ, ਵਿਛੜਨ ਵੱਲੋਂ ਇਕ ਸ਼ਬਦ ਵੀ ਸਾਂਝਾ ਨਾ ਕਰਨਾ - ਇਕ ਤਕਣੀ ਵੀ ਸਾਂਝੀ ਨਾ ਕਰਨੀ! ਪਰ ਮੈਂ ਆਪਣੇ ਆਪ ਨੂੰ ਸੰਭਾਲਿਆ ਮੈਂ ਮਿਸ ਹਾਲਕੌਂਬ ਨੂੰ ਚੰਗੀ ਤਰਾਂ ਅਲਵਿਦਾ ਕਹਿਣੀ ਚਾਹੀ ਸੀ, ਪਰ ਜੋ ਕੁਝ ਵੀ ਮੈਂ ਕਹਿਣਾ ਚਾਹੁੰਦਾ ਸਾਂ, ਉਹ ਇਕੋ ਹੀ ਵਾਕ ਵਿਚ ਸਿਮਟ ਕੇ ਰਹਿ ਗਿਆ।

"ਕੀ ਮੈਂ ਆਪਣੇ ਆਪ ਨੂੰ ਇਸ ਯੋਗ ਸਾਬਤ ਕੀਤਾ ਹੈ ਕਿ ਤੁਸੀਂ ਮੈਨੂੰ ਚਿੱਠੀ ਲਿਖੋ?" ਮੈਂ ਇਹੀ ਕਹਿ ਸਕਿਆ।

"ਤੁਸੀਂ ਉਸ ਸਭ ਕੁਛ ਦੇ ਯੋਗ ਹੋ, ਜੋ ਮੈਂ ਤੁਹਾਡੇ ਲਈ ਕਰ ਸਕਾਂਗੀ ਜਦੋਂ ਤਕ ਅਸੀਂ ਦੋਵੋਂ' ਜੀਆਂਗੇ। ਜੋ ਵੀ ਨਤੀਜਾ ਨਿਕਲੇਗਾ, ਮੈਂ ਤੁਹਾਨੂੰ ਖ਼ਬਰ ਕਰਾਂਗੀ।"

"ਜੇ ਭਵਿੱਖ ਵਿਚ ਮੈਂ ਕਦੀ ਤੁਹਾਡੇ ਕਿਸੇ ਕੰਮ ਆ ਸਕਦਾ ਹੋਵਾਂ ਮੇਰੀ ਗਲਤੀ ਅਤੇ ਗੁਸਤਾਖੀ ਨੂੰ ਭੁਲਾ ਬੈਠੇ ਹੋਵੋ "--ਉਦੋਂ ਜਦੋਂ ਤੁਸੀਂ ਮੇਰੀ ਗਲਤੀ ਅਤੇ ਗੁਸਤਾਖੀ ਨੂੰ ਭੁੱਲਾ ਬੈਠੇ ਹੋਵੋਂ"

ਇਸ ਤੋਂ ਅੱਗੇ ਮੇਰੇ ਕੋਲੋਂ ਹੋਰ ਕੁਝ ਨਾ ਕਿਹਾ ਗਿਆ। ਮੇਰੇ ਰੋਕਦਿਆਂ ਰੋਕਦਿਆਂ ਮੇਰੀ ਆਵਾਜ਼ ਕੰਬ ਗਈ ਅਤੇ ਮੇਰੀਆਂ ਅੱਖਾਂ ਗਿੱਲੀਆਂ ਹੀ ਉੱਠੀਆਂ।

ਉਹਨੇ ਮੇਰੇ ਦੋਵੇ ਹੱਥ ਫੜ ਲਏ ਉਹਨੇ ਇਕ ਮਰਦ ਦੀ ਤਕੜੀ ਪਕੜ ਨਾਲ ਉਨ੍ਹਾਂ ਨੂੰ ਘੁੱਟਿਆ - ਉਹਦੀਆਂ ਕਾਲੀਆਂ ਅੱਖਾਂ ਲਿਸਕੀਆਂ ਉਹਦਾ ਭੂਰਾ ਰੰਗ ਗੂੜਾ ਹੋ ਉਠਿਆ, ਉਹਦਾ ਚਿਹਰਾ ਉਹਦੇ ਦਿਲ ਦਯਾ ਅਤੇ ਉਦਾਰਤਾ ਨਾਲ ਖ਼ੂਬਸੂਰਤ ਹੋ ਕੇ ਚਮਕ ਪਿਆ।

"ਮੈਂ ਤੁਹਾਡੇ ਉਤੇ ਵਿਸਵਾਸ ਕਰਾਂਗੀ ਜੋ ਕਦੀ ਅਜਿਹਾ ਸਮਾਂ ਆਇਆ ਤਾਂ ਮੈਂ ਤੁਹਾਨੂੰ ਆਪਣਾ ਅਤੇ ਉਹਦਾ ਮਿੱਤਰ ਜਾਣ ਕੇ ਆਪਣਾ ਭਰਾ ਅਤੇ ਉਹਦਾ ਭਰਾ ਸਮਝਕੇ ਤੁਹਾਡੇ ਤੇ ਪੂਰਾ ਵਿਸ਼ਵਾਸ ਕਰਾਂਗੀ।" ਉਹ ਰੁਕੀ, ਮੈਨੂੰ ਆਪਣੇ ਨੇੜੇ ਖਿੱਚ ਕੇ -ਮੇਰਾ ਮੱਥਾ ਉਹਨੇ ਇਕ ਭੈਣ ਵਾਂਗ ਚੁੰਮਿਆਂ, ਅਤੇ ਮੈਨੂੰ ਮੇਰੇ ਨਾਂ ਨਾਲ ਬੁਲਾਕੇ ਬੋਲੀ, 'ਰੱਬ ਤੇਰੀ ਰਖਿਆ ਕਰੇ ਵਾਲਟਰ ਇਥੇ ਕੁਝ ਪਲ ਇੱਕਲਿਆਂ ਰੁਕ ਕੇ ਆਪਣੇ ਆਪ ਨੂੰ ਸ਼ਾਂਤ ਕਰ ਲੈ, ਮੈਂ ਹੁਣ ਇਥੇ ਨਹੀਂ ਰੁਕਦੀ - ਆਪਣੀ ਅਤੇ ਤੇਰੀ ਖਾਤਰ-ਮੈਂ ਤੈਨੂੰ ਹੁਣ ਬਾਲਕਨੀ ਤੋਂ ਜਾਂਦਿਆਂ ਵੇਖਾਂਗੀ।"

ਉਹ ਕਮਰੇ ਵਿਚੋਂ ਚਲੀ ਗਈ। ਮੈਂ ਖਿੜਕੀ ਵੱਲ ਮੁੜਿਆ ਜਿਥੇ ਮੇਰੇ ਸਾਹਮਣੇ ਪਤਝੜ ਦੇ ਉਦਾਸ਼ ਦ੍ਰਿਸ ਦੇ ਸਿਵਾ ਹੋਰ ਕੁਝ ਵੀ ਨਹੀਂ ਸੀ, ਮੈਂ ਵੀ ਆਪਣੇ ਆਪ ਨੂੰ ਸੰਭਾਲਣ ਦੇ ਯਤਨ ਵਿਚ ਮੁੜਿਆ ਸਾਂ ਸਦਾ ਲਈ ਇਸ ਕਮਰੇ ਨੂੰ ਛੱਡਣ ਤੋਂ ਪਹਿਲਾਂ ਮੈਂ ਆਪਣੇ ਆਪ ਤੇ ਕਾਬੂ ਪਉਣਾ ਚਾਹੁੰਦਾ ਸੀ।

ਇਕ ਮਿੰਟ ਬੀਤ ਗਿਆ-ਇਸ ਤੋਂ ਵਧ ਸਮਾਂ ਨਹੀਂ ਲੰਘਿਆ ਹੋਵੇਗਾ, ਜਦੋਂ ਮੈਨੂੰ ਮੁੜ ਹੋਲੀ ਜਿਹੀ ਦਰਵਾਜ਼ਾ ਖੁਲ੍ਹਣ ਦੀ ਆਵਾਜ਼ ਆਈ ਅਤੇ ਇਕ ਔਰਤ ਦੇ ਲਿਬਾਸ ਦੀ ਸਰਸਰਾਹਟ ਦੀ ਆਵਾਜ਼ ਗਲੀਚੇ ਤੇ ਹੋਈ, ਉਹ ਮੇਰੇ ਵੱਲ ਆ ਰਹੀ ਸੀ। ਮੈਂ ਜਦੋਂ ਮੁੜਿਆ, ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ। ਮਿਸ ਫ਼ੇਅਰਲੀ ਮੇਰੇ ਵੱਲ ਕਮਰੇ ਦੇ ਪਾਰਲੇ ਪਾਸਿਉਂ ਆ ਰਹੀ ਸੀ।

ਸਾਡੀਆਂ ਨਜ਼ਰਾਂ ਮਿਲੀਆਂ, ਉਹ ਰੁਕੀ ਅਤੇ ਝਿਜਕੀ, ਜਦੋਂ ਉਹਨੇ ਵੇਖਿਆ ਕਿ ਅਸੀਂ ਦੋਵੇਂ ਹਾਂ, ਫਿਰ ਉਸ ਹੌਂਸਲੇ ਨਾਲ, ਜੋ ਔਰਤਾਂ ਮਾੜੀ ਮੋਟੀ ਮੁਸੀਬਤ ਵੇਲੇ ਗਵਾ ਬਹਿੰਦੀਆ ਹਨ, ਪਰ ਵੱਡੀ ਬਿਪਤਾ ਵਿਚ ਸਦਾ ਕੋਲ ਰਖਦੀਆਂ ਹਨ, ਅੱਗੇ ਮੇਰੇ ਨੇੜੇ ਆਈ। ਉਹ ਬੜੀ ਸ਼ਾਂਤ ਅਤੇ ਬੜੀ ਪੀਲੀ ਲੱਗ ਰਹੀ ਸੀ, ਉਹ ਇਕ ਹੱਥ ਮੇਜ਼ ਦੇ ਨਾਲ ਨਾਲ ਤੁਰਦੀ ਹਿਲਾ ਰਹੀ ਸੀ ਅਤੇ ਉਹਦੇ ਦੂਜੇ ਹੱਥ ਵਿਚ ਕੁਝ ਹੈ ਸੀ, ਜੋ ਕਿ ਉਹਦੇ ਲਿਬਾਸ ਦੀਆਂ ਤੈਹਾਂ ਵਿਚ ਲੁਕਿਆ ਹੋਇਆ ਸੀ।

"ਮੈਂ ਡਰਾਇੰਗ ਰੂਮ ਵਿਚ ਇਸ ਨੂੰ ਲੈਣ ਹੀ ਗਈ ਸਾਂ।" ਉਹਨੇ ਕਿਹਾ "ਇਸ ਨਾਲ ਤੁਹਾਨੂੰ ਇਥੋਂ ਦੀ ਯਾਦ ਆਉਂਦੀ ਰਵੇਗੀ ਅਤੇ ਨਾਲ ਹੀ ਉਨ੍ਹਾਂ ਮਿੱਤਰਾਂ ਦੀ, ਜਿਨ੍ਹਾਂ ਨੂੰ ਇਥੇ ਛੱਡ ਚਲੇ ਹੋ। ਜਦੋਂ ਮੈਂ ਇਹ ਡਰਾਇੰਗ ਕੀਤੀ ਸੀ ਤਾਂ ਤੁਸੀਂ ਮੈਨੂੰ ਕਿਹਾ ਸੀ ਕਿ ਮੈਂ ਅੱਗੇ ਨਾਲੋਂ ਚੰਗੀ ਡਰਾਇੰਗ ਕਰਨ ਲੱਗ ਪਈ ਸਾਂ, ਮੈਂ ਸੋਚਿਆ ਕਿ ਸ਼ਾਇਦ ਤੁਹਾਨੂੰ ਇਹ ਚੰਗੀ ਲੱਗੇ --"

ਉਹ ਆਪਣਾ ਸਿਰ ਪਿਛੇ ਕੀਤਾ ਅਤੇ ਮੈਨੂੰ ਇਕ ਸਕੈੱਚ ਦਿੱਤਾ, ਜੋ ਉਹਨੇ ਸਾਰੇ ਦਾ ਸਾਰਾ ਆਪਣੀ ਪੈਨਸਿਲ ਨਾਲ ਬਣਾਇਆ ਸੀ। ਇਹ ਉਸ ਸਮਰ ਹਾਊਸ ਦਾ ਸਕੱਚ ਸੀ, ਜਿਸ ਵਿਚ ਅਸੀਂ ਪਹਿਲੀ ਵਾਰ ਮਿਲੇ ਸਾਂ। ਕਾਗਜ ਉਹਦੇ ਹੱਥਾਂ ਵਿਚ ਕੰਬ ਰਿਹਾ ਸੀ, ਜਦੋਂ ਉਹਨੇ ਮੈਨੂੰ ਦਿੱਤਾ, ਅਤੇ ਜਦ ਮੈਂ ਉਹਦੇ ਹੱਥਾਂ ਵਿਚੋਂ ਲਿਆ, ਇਹ ਮੇਰਿਆਂ ਹੱਥਾਂ ਵਿਚ ਕੰਬ ਰਿਹਾ ਸੀ।

ਮੈਂ ਜੋ ਮਹਿਸੂਸ ਕਰ ਰਿਹਾ ਸਾਂ, ਉਹ ਕਹਿਣ ਤੋਂ ਡਰਦਾ ਸਾਂ-ਮੈਂ ਸਿਰਫ ਇਹੀ ਉੱਤਰ ਦਿੱਤਾ, "ਇਹ ਸਦਾ ਮੇਰੇ ਕੋਲ ਹੀ ਰਵੇਗਾ, ਸਾਰੀ ਜ਼ਿੰਦਗੀ ਮੇਰੇ ਲਈ ਇਹ ਮੇਰਾ ਅਮੁੱਲ ਖਜ਼ਾਨਾ ਹੋਵੇਗਾ। ਮੈਂ ਇਸ ਸੁਗਾਤ ਲਈ ਤੁਹਾਡਾ ਰਿਣੀ ਹਾਂ, ਅਤੇ ਤੁਹਾਡਾ ਬਹੁਤ ਰਿਣੀ ਹਾਂ ਕਿ ਤੁਸੀਂ ਮੈਨੂੰ ਜਾਣ ਤੋਂ ਪਹਿਲਾਂ ਵਿਦਾ ਕਹਿਣ ਦਾ ਮੌਕਾ ਦਿੱਤਾ ਹੈ।"

"ਓਹ!" ਉਹਨੇ ਭੋਲੇਪਨ ਨਾਲ ਕਿਹਾ, "ਤੁਹਾਨੂੰ ਇਸ ਤਰ੍ਹਾਂ ਕਿਵੇਂ ਜਾਣ ਦੇਂਦੀ - ਏਨੇ ਖੁਸ਼ੀਆਂ ਭਰੇ ਦਿਨ ਇਕੱਠਿਆਂ ਬਿਤਾਣ ਮਗਰੋਂ ਇਹ ਕਿਸ ਤਰ੍ਹਾਂ ਸੰਭਵ ਸੀ?"

ਉਹ ਦਿਨ ਹੁਣ ਕਦੀ ਨਾ ਮੁੜਨਗੇ, ਮਿਸ ਫ਼ੇਅਰਲੀ ਤੁਹਾਡਾ ਅਤੇ ਮੇਰਾ ਜੀਵਨ ਰਾਹ ਬਿਲਕੁਲ ਵੱਖ ਵੱਖ ਹਨ। ਪਰ ਜੇ ਕਦੀ ਅਜਿਹਾ ਸਮਾਂ ਆਇਆ, ਕਿ ਮੇਰੇ ਪੂਰੇ ਦਿਲ, ਅਤੇ ਆਤਮਾ ਦੀ ਪੂਜਾ ਅਤੇ ਤਾਕਤ ਤੁਹਾਨੂੰ ਇਕ ਪਲ ਦੀ ਖੁਸ਼ੀ ਦੇ ਸਕੇ ਜਾਂ ਤੁਹਾਨੂੰ ਇਕ

ਪਲ ਲਈ ਵੀ ਗਮ ਤੋਂ ਬਚਾ ਸਕੇ, ਤਾਂ ਕੀ ਤੁਸੀਂ ਆਪਣੇ ਗਰੀਬ ਡਰਾਇੰਗ-ਮਾਸਟਰ ਨੂੰ ਯਾਦ ਕਰੋਗੇ। ਜਿਸ ਨੇ ਤੁਹਾਨੂੰ ਕਦੀ ਸਿਖਾਇਆ ਸੀ? ਮਿਸ ਹਾਲਕੌਂਬ ਨੇ ਮੇਰੇ ਤੇ ਵਿਸ਼ਵਾਸ ਕਰਨ ਦਾ ਇਕਰਾਰ ਕੀਤਾ ਹੈ, ਕੀ ਤੁਸੀਂ ਵੀ ਅਜਿਹਾ ਇਕਰਾਰ ਦਿਉਗੇ?"

ਉਹਦੀਆਂ ਕੋਮਲ ਅਤੇ ਨੀਲੀਆਂ ਅੱਖਾਂ ਵਿਚ ਵਿਛੜਨ ਦੀ ਉਦਾਸੀ ਉਨ੍ਹਾਂ ਜੁੜ ਰਹੇ ਹੰਝੂਆਂ ਵਿਚੋਂ ਝਲਕ ਰਹੀ ਸੀ।

"ਮੈਂ ਇਹ ਇਕਰਾਰ ਕਰਦੀ ਹਾਂ," ਉਹਨੇ ਲੜਖੜਾਉਂਦੀ ਆਵਾਜ਼ ਵਿਚ ਕਿਹਾ, "ਮੇਰੇ ਵੱਲ ਇੰਜ ਨਾ ਵੇਖੋ! ਮੈਂ ਆਪਣੇ ਪੂਰੇ ਦਿਲ ਨਾਲ ਇਹ ਇਕਰਾਰ ਕਰਦੀ ਹਾਂ।"

"ਮੈਂ ਉਸਦੇ ਰਤਾ ਹੋਰ ਨੇੜੇ ਹੋਣ ਦਾ ਜੇਰਾ ਕੀਤਾ ਅਤੇ ਆਪਣਾ ਹੱਥ ਉਸ ਵੱਲ ਵਧਾਇਆ।"

"ਤੁਹਾਡੇ ਬੜੇ ਮਿੱਤਰ ਹਨ, ਮਿਸ ਫ਼ੇਅਰਲੀ, ਜੋ ਤੁਹਾਨੂੰ ਪਿਆਰ ਕਰਦੇ ਹਨ। ਬਹੁਤ ਸਾਰੇ ਤੁਹਾਡਾ ਭਲਾ ਚਾਹੁੰਦੇ ਹਨ। ਕੀ ਵਿਛੜਨ ਵੇਲ ਮੈਂ ਇੰਨਾ ਕਹਿ ਸਕਦਾ ਹਾਂ ਕਿ ਤੁਹਾਡੇ ਭਲਾ ਹੀ ਮੇਰੀਆਂ ਆਸ਼ਾਵਾਂ ਦਾ ਵੀ ਕੇਂਦਰ ਹੈ?"

ਹੰਝੂ ਉਹਦੀਆਂ ਗੱਲ੍ਹਾਂ ਤੋਂ ਤੇਜੀ ਨਾਲ ਵਹਿ ਰਹੇ ਸਨ। ਉਹਨੇ ਆਪਣਾ ਇਕ ਕੰਬਦਾ ਹੱਥ ਮੇਜ਼ ਤੇ ਆਪਣੇ ਆਪ ਨੂੰ ਸਹਾਰਾ ਦੇਣ ਲਈ ਰਖਿਆ ਅਤੇ ਦੂਜਾ ਹੱਥ ਮੇਰੇ ਹੱਥ ਵਿਚ ਦਿੱਤਾ।

ਮੈਂ ਉਸ ਹੱਥ ਨੂੰ ਆਪਣੇ ਹੱਥ ਵਿਚ ਲਿਆ, ਮੈਂ ਉਸ ਹੱਥ ਨੂੰ ਘੁੱਟ ਕੇ ਪਕੜਿਆ। ਮੇਰਾ ਸਿਰ ਉਸ ਉਤੇ ਝੁਕ ਗਿਆ, ਮੇਰੇ ਹੰਝੂ ਉਸ ਉਤੇ ਛਲਕ ਪਏ, ਮੇਰੇ ਬਲ੍ਹਾਂ ਨੇ ਉਹਨੂੰ ਛੋਹ ਲਿਆ।

ਪਿਆਰ ਵਿਚ ਨਹੀਂ ਉਫ ! ਉਸ ਅਖੀਰਲੀ ਘੜੀ, ਪਿਆਰ ਵਿਚ ਨਹੀਂ ਸਗੋਂ ਆਪਣੀ ਪੀੜ ਵਿਚ ਕਲਵੱਲ ਹੋਕੇ, ਦੁੱਖ ਨਾਲ ਬਿਹਬਲ ਹੋ ਕੇ, ਮੈਂ ਉਸਦੇ ਹੱਥ ਨੂੰ ਆਪਣੇ ਬੁਲ੍ਹ ਛੁਹਾ ਦਿੱਤੇ ਸਨ।

"ਰੱਬ ਦਾ ਵਾਸਤਾ ਜੇ, ਮੈਨੂੰ ਛੱਡ ਦਿਉ!" ਉਹਨੇ ਝੀਣੀ ਆਵਾਜ਼ ਵਿਚ ਕਿਹਾ। ਇਨ੍ਹਾਂ ਮਿੰਨਤ ਭਰੇ ਸ਼ਬਦਾਂ ਰਾਹੀ ਉਹਦੇ ਦਿਲ ਦਾ ਭੇਤ ਬਾਹਰ ਆ ਗਿਆ ਸੀ। ਮੈਨੂੰ ਕੋਈ ਅਧਿਕਾਰ ਨਹੀਂ ਸੀ ਕਿ ਮੈਂ ਉਨ੍ਹਾਂ ਨੂੰ ਸੁਣਦਾ, ਕੋਈ ਅਧਿਕਾਰ ਨਹੀਂ ਸੀ ਕਿ ਮੈਂ ਕੋਈ ਉੱਤਰ

ਦੇਂਦਾ, ਇਹ ਉਹ ਸ਼ਬਦ ਸਨ, ਜਿਨ੍ਹਾਂ ਨੇ ਮੈਨੂੰ ਉਸ ਦੀ ਕਮਜ਼ੋਰੀ ਦਾ ਵਾਸਤਾ ਪਾ ਕੇ ਉਸ ਕਮਰੇ ਵਿਚੋਂ ਬਾਹਰ ਕੱਢ ਦਿੱਤਾ। ਹੁਣ ਸ਼ੱਕ ਖਤਮ ਹੋ ਚੁਕਾ ਸੀ। ਮੈਂ ਉਹਦਾ ਹੱਥ ਛੱਡ ਦਿੱਤਾ, ਮੈਂ ਹੋਰ ਕੁਝ ਨਾ ਕਿਹਾ। ਮੇਰੇ ਹੰਝੂਆਂ ਦੇ ਹੜ੍ਹ ਨੇ ਮੇਰੇ ਲਈ ਸਭ ਧੁੰਦਲਾ ਕਰ ਦਿੱਤਾ ਪਰ ਮੈਂ ਉਨ੍ਹਾਂ ਨੂੰ ਪੂੰਝਿਆ ਤਾਂ ਜੋ ਅੰਤਲੀ ਵਾਰ ਉਹਨੂੰ ਵੇਖ ਸਕਾਂ। ਇਕ ਤੱਕਣੀ ਨਾਲ ਜਿਵੇਂ ਉਹ ਇਕ ਕੁਰਸੀ ਵਿਚ ਡੁੱਬ ਗਈ, ਉਹਦੀਆਂ ਬਾਹਾਂ ਮੇਜ਼ ਤੇ ਜਿਵੇਂ ਡਿੱਗ ਪਈਆਂ ਹੋਣ ਅਤੇ ਉਨ੍ਹਾਂ ਉਪਰ ਉਸ ਦਾ ਸੁਹਣਾ ਸਿਰ ਜਿਵੇਂ ਥੱਕ ਕੇ ਟਿਕਿਆ ਹੋਵੇ। ਇਕ ਅਖੀਰਲੀ ਤੱਕਣੀ ! ਅਤੇ ਦਰਵਾਜ਼ਾ ਬੰਦ ਹੋ ਗਿਆ ਹੈ ਉਹਦੇ ਅਤੇ ਮੇਰੇ ਵਿਚਕਾਰ ਵਿਛੋੜੇ ਦੀ ਵਿਸ਼ਾਲ ਖਾਈ ਹੈ 'ਲਾਰਾ ਫ਼ੇਅਰਲੀ ਦਾ ਪ੍ਰਤੀਬਿੰਬ ਹੁਣੇ ਹੀ ਅਤੀਤ ਦੀ ਇਕ ਯਾਦ ਬਣ ਗਿਆ ਹੈ।

(ਹਾਰਟਰਾਈਟ ਦੇ ਵਰਨਣ ਦਾ ਅੰਤ)

ਚਾਨਸਰੀ ਲੇਨ ਦੇ ਵਕੀਲ ਵਿਨਸੈਂਟ ਗਿਲਮੌਰ ਦੀ ਜ਼ਬਾਨੀ ਕਹਾਣੀ ਦਾ ਵਰਨਣ।

(1)

ਇਹ ਸਤਰਾਂ ਮੈਂ ਆਪਣੇ ਮਿੱਤਰ ਵਾਲਟਰ ਹਾਰਟਰਾਈਟ ਦੀ ਬੇਨਤੀ ਤੇ ਲਿਖ ਰਿਹਾ ਹਾਂ। ਇਨ੍ਹਾਂ ਰਾਹੀਂ ਕੁਝ ਉਨ੍ਹਾਂ ਵਿਸ਼ੇਸ਼ ਘਟਨਾਵਾਂ ਦਾ ਵਰਨਣ ਕੀਤਾ ਜਾਏਗਾ ਜਿਨ੍ਹਾਂ ਦਾ ਮਿਸ ਫ਼ੇਅਰਲੀ ਨਾਲ ਗੰਭੀਰ ਸੰਬੰਧ ਸੀ, ਅਤੇ ਜੋ ਮਿਸਟਰ ਹਾਰਟਰਾਈਟ ਦੇ ਲਿਮਰਿਜ ਹਾਉਸ ਤਾਂ ਚਲੇ ਜਾਣ ਮਗਰੋਂ ਵਾਪਰੀਆ।

ਇਥੋਂ ਮੇਰੇ ਇਹ ਕਹਿਣ ਦੀ ਕੋਈ ਲੋੜ ਨਹੀਂ ਭਾਸਦੀ ਕਿ ਇਸ ਅਦਭੁਤ ਕਹਾਣੀ ਨੂੰ ਬਿਆਨ ਕਰਨ ਵਿਚ ਮੇਰੀ ਆਪਣੀ ਨਿਜੀ ਰਾਏ ਕੀ ਹੈ ਅਤੇ ਮੈਂ ਇਸ ਨੂੰ ਸੁਣਾਉਣ ਦੇ ਹੱਕ ਵਿਚ ਹਾਂ ਜਾਂ ਨਹੀਂ ਕਿਉਂਕਿ ਮੇਰਾ ਵਰਨਣ ਇਸ ਕਹਾਣੀ ਦਾ ਇਕ ਮਹੱਤਵਪੂਰਣ ਭਾਗ ਹੈ। ਮਿਸਟਰ ਹਾਰਟਰਾਈਟ ਨੇ ਇਸ ਦੀ ਜ਼ਿੰਮੇਵਾਰੀ ਆਪਣੇ ਉਤੇ ਲਈ ਹੈ; ਅਤੇ ਜੋ ਹਾਲਾਤ ਅਜੇ ਦੱਸੇ ਜਾਣੇ ਹਨ, ਉਨ੍ਹਾਂ ਨੂੰ ਮੁੱਖ ਰੱਖਦਿਆਂ ਇਹ ਉਚਿੱਤ ਜਾਪਦਾ ਹੈ ਕਿ ਉਹਦਾ ਇਹ ਅਧਿਕਾਰ ਯਗ ਹੈ ਅਤੇ ਉਹ ਜੇ ਚਾਹੇ ਤਾਂ ਇਸਨੂੰ ਵਰਤੋਂ ਵਿਚ ਲਿਆ ਸਕਦਾ ਹੈ। ਇਹ ਕਹਾਣੀ ਹੋਰਨਾਂ ਦੇ ਸਾਹਮਣੇ ਪੇਸ਼ ਕਰਨ ਲਈ ਜੋ ਸਕੀਮ ਉਹਨੇ ਬਣਾਈ ਹੈ, ਉਸ ਅਨੁਸਾਰ ਇਸ ਨੂੰ ਸਭ ਤੋਂ ਸੱਚ ਰੂਪ ਵਿਚ ਤਾਂ ਹੀ ਪੇਸ਼ ਕੀਤਾ ਜਾ ਸਕਦਾ ਹੈ, ਜੋ ਸਭ ਘਟਨਾਵਾਂ ਜਿਵੇਂ

ਜਿਵੇਂ ਵਾਪਰੀਆਂ, ਉਸੇ ਉਸੇ ਤਰ੍ਹਾਂ, ਉਨ੍ਹਾਂ ਬੰਦਿਆਂ ਦੀ ਜ਼ੁਬਾਨੀ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਸਿੱਧੀ ਤਰ੍ਹਾਂ ਉਨ੍ਹਾਂ ਘਟਨਾਵਾਂ ਨਾਲ ਉਸ ਸਮੇਂ ਸੰਬੰਧਿਤ ਸਨ। ਇਸੇ ਸਕੀਮ ਦਾ ਸਦਕਾ ਮੈਂ ਵੀ ਇੱਥੇ ਇਕ ਵਰਨਣਕਾਰ ਦੀ ਹੈਸੀਅਤ ਵਿਚ ਸਾਹਮਣੇ ਆਇਆ ਹੈ। ਮੈਂ ਕੰਬਰਲੈਂਡ ਵਿਚ ਸਰ ਪਰਸੀਵਲ ਗਲਾਈਡ ਦੇ ਨਾਲ ਠਹਿਰਿਆ ਸਾਂ, ਅਤੇ ਮਿਸਟਰ ਫ਼ੇਅਰਲੀ ਦੇ ਘਰ ਰਹਿਣ ਨਾਲ ਜੋ ਮਹੱਤਵਪੂਰਣ ਸਿੱਟਾ ਨਿਕਲਿਆ ਸੀ ਮੇਰਾ ਉਸ ਨਾਲ ਸਿੱਧਾ ਸਬੰਧ ਸੀ। ਇਹ ਮੇਰਾ ਫਰਜ਼ ਬਣਦਾ ਹੈ ਕਿ ਮੈਂ ਘਟਨਾਵਾਂ ਦੀ ਲੜੀ ਨੂੰ ਉਥੋਂ ਹੀ ਸ਼ੁਰੂ ਕਰਾਂ, ਜਿਥੇ ਮਿਸਟਰ ਹਾਰਟਰਾਈਟ ਨੇ ਉਨ੍ਹਾਂ ਨੂੰ ਛੱਡਿਆ ਹੈ।

ਮੈਂ 2 ਨਵੰਬਰ ਸ਼ੁਕਰਵਾਰ ਨੂੰ ਲਿਮਰਿਜ ਹਾਊਸ ਪਹੁੰਚਿਆ।

ਮੈਂ ਉਥੇ ਸਰ ਪਰਸੀਵਲ ਨੂੰ ਉਡੀਕਣਾ ਸੀ। ਜੇ ਸਰ ਪਰਸੀਵਲ ਦੇ ਪਹੁੰਚਣ ਮਗਰੋਂ ਅਜਿਹੀ ਗੱਲਬਾਤ ਹੋਵੇ ਕਿ ਸਰ ਪਰਸੀਵਲ ਅਤੇ ਮਿਸ ਫ਼ੇਅਰਲੀ ਦੇ ਵਿਆਹ ਲਈ ਕੋਈ ਖਾਸ ਦਿਨ ਨੀਯਤ ਕੀਤਾ ਜਾਵੇ ਤਾਂ ਮੈਂ ਜ਼ਰੂਰੀ ਹਿਦਾਇਤਾਂ ਲੈ ਕੇ ਲੰਦਨ ਵਾਪਸ ਪਹੁੰਚਣਾ ਸੀ ਅਤੇ ਮਿਸ ਫ਼ੇਅਰਲੀ ਦੇ ਵਿਆਹ ਦੇ ਉਹ ਕਾਗਜ ਤਿਆਰ ਕਰਨ ਵਿਚ ਜੁੱਟ ਪੈਣਾ ਸੀ ਜਿਨ੍ਹਾਂ ਰਾਹੀਂ ਉਹਦੀ ਜਾਇਦਾਦੇ ਉਹਨੂੰ ਅਤੇ ਉਹਦੇ ਹੋਣ ਵਾਲੇ ਬੱਚਿਆਂ ਨੂੰ ਮਿਲੇ।

ਸ਼ੁੱਕਰਵਾਰ ਨੂੰ ਮਿਸਟਰ ਫ਼ੇਅਰਲੀ ਨਾਲ ਮੇਰੀ ਮੁਲਾਕਾਤ ਨਾ ਹੋ ਸਕੀ। ਉਹ ਪਿਛਲੇ ਕਈ ਵਰ੍ਹਿਆਂ ਤੋਂ ਜਾਂ ਤੇ ਸੱਚਮੁੱਚ ਬੀਮਾਰ ਹੈ, ਜਾਂ ਆਪਣੇ ਆਪ ਨੂੰ ਰੋਗੀ ਸਮਝਦਾ ਹੈ; ਸੋ ਉਹ ਏਨਾ ਠੀਕ ਨਹੀਂ ਸੀ ਕਿ ਮੈਨੂੰ ਮਿਲ ਸਕਦੇ। ਸਾਰੇ ਟੱਬਰ ਵਿਚ ਸਭ ਤੋਂ ਪਹਿਲਾਂ ਮੈਂ" ਜਿਸ ਹਾਲਕੌਂਬ ਨੂੰ ਵੇਖਿਆ। ਉਹ ਮੈਨੂੰ ਘਰ ਦੇ ਦਰਵਾਜ਼ੇ ਤੇ ਹੀ ਮਿਲੀ; ਅਤੇ ਉਹਨੇ ਮੇਰੀ ਜਾਣ ਪਛਾਣ ਮਿਸਟਰ ਹਰਟਰਾਈਟ ਨਾਲ ਕਰਵਾਈ ਜੋ ਪਿਛਲੇ ਕੁਝ ਸਮੇਂ ਤੋਂ ਲਿਮਰਿਜ ਵਿਚ ਟਿਕਿਆ ਹੋਇਆ ਸੀ।

ਮਿਸ ਫ਼ੇਅਰਲੀ ਨੂੰ ਤੇ ਮੈਂ ਭੱਟੀ ਵੇਲੇ ਤੀਕ ਨਹੀਂ ਸੀ ਵੇਖਿਆ। ਉਹ ਕੁਝ ਠੀਕ ਨਹੀਂ ਸੀ ਲੱਗ ਰਹੀ, ਅਤੇ ਇਹ ਵੇਖ ਕੇ ਮੈਨੂੰ ਦੁੱਖ ਹੋਇਆ। ਉਹ ਇਕ ਪਿਆਰੀ ਅਤੇ ਮਿਲਾਪੜੀ ਕੁੜੀ ਸੀ, ਅਤੇ ਆਪਣੀ ਮਾਂ ਵਾਂਗ ਹਰ ਇਕ ਦਾ ਧਿਆਨ ਰਖਿਆ ਕਰਦੀ ਸੀ ਸ਼ਕਲ ਸੂਰਤ ਤੋਂ ਉਹ ਆਪਣੇ ਪਿਤਾ ਤੇ ਗਈ ਸੀ। ਮਿਸੇਜ਼ ਫ਼ੇਅਰਲੀ ਦੀਆਂ ਅੱਖਾਂ ਦਾ ਅਤੇ ਵਾਲਾਂ ਦਾ ਰੰਗ ਕਾਲਾ ਸੀ; ਅਤੇ ਉਹਦੀ ਵੱਡੀ ਲੜਕੀ, ਮਿਸ ਹਾਲਕੌਂਬ ਨੂੰ ਵੇਖ ਕੇ ਮੈਨੂੰ ਉਹਦੀ ਬਹੁਤ ਯਾਦ

ਆਉਂਦੀ ਹੈ। ਮਿਸ ਫ਼ੇਅਰਲੀ ਨੇ ਸ਼ਾਮੀ ਸਾਨੂੰ ਪਿਆਨੋ ਵਜਾ ਕੇ ਸੁਣਇਆ ਮੈਨੂੰ ਲਗਾ ਕਿ ਉਸ ਦਿਨ ਉਹ ਸਦਾ ਵਾਂਗ ਚੰਗੀ ਤਰ੍ਹਾਂ ਨਹੀਂ ਸੀ ਵਜਾ ਰਹੀ। ਅਸੀਂ ਵਿਸ਼ਟ ਦੀਆਂ ਤਿੰਨ ਬਾਜੀਆਂ ਖੇਡੀਆਂ ਪਰ ਖੇਡ ਕੀ ਸੀ, ਇਹ ਤਾਂ ਉਸ ਸ਼ਾਨਦਾਰ ਖੇਡ ਦਾ ਨਿਰਾਦਰ ਕਰਨ ਵਾਲੀ ਗੱਲ ਸੀ। ਪਹਿਲਾ ਜਦੋਂ ਮੇਰੀ ਜਾਣ ਪਛਾਣ ਮਿਸਟਰ ਹਾਰਟਰਾਈਟ ਨਾਲ ਹੋਈ, ਤਾਂ ਮੇਰੇ ਉਤੇ ਉਹਦਾ ਚੰਗਾ ਪ੍ਰਭਾਵ ਪਿਆ ਸੀ; ਪਰ ਮੈਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਉਸ ਵਿਚ ਵੀ ਉਹ ਕਮਜ਼ੋਰੀਆਂ ਹਨ, ਜੋ ਉਹਦੀ ਉਮਰ ਦੇ ਆਮ ਨੌਜਵਾਨਾਂ ਵਿਚ ਹੁੰਦੀਆਂ ਹਨ। ਅੱਜ ਕੱਲ੍ਹ ਦੇ ਨੌਜਵਾਨ ਤਿੰਨ ਗੱਲਾਂ ਵਿਚ ਬਿਲਕੁਲ ਉਣੇ ਹਨ। ਇਕ ਤਾਂ ਉਹ ਬੈਠਕੇ ਸ਼ਰਾਬ ਨਹੀਂ ਪੀ ਸਕਦੇ, ਉਹ ਵਿਸ਼ਟ ਨਹੀਂ ਖੇਡ ਸਕਦੇ; ਅਤੇ ਉਹ ਕਿਸੇ ਔਰਤ ਦੀ ਤਾਰੀਫ਼ ਨਹੀਂ ਕਰ ਸਕਦੇ। ਮਿਸਟਰ ਹਾਰਟਰਾਈਟ ਵਿਚ ਵੀ ਸਭ ਵਾਂਗ ਇਹ ਨੁਕਸ ਹੈ ਸਨ। ਉਂਜ ਉਹ ਉਸ ਸਮੇਂ ਅਤੇ ਉਸ ਥੋੜਾ ਚਿਰੀ ਜਾਣ-ਪਛਾਣ ਮਗਰੋਂ ਹੀ ਮੈਨੂੰ ਇਕ ਸ਼ਰੀਫ ਅਤੇ ਬੀਬਾ ਨੌਜਵਾਨ ਲਗਾ ਸੀ।

ਇੰਜ਼ ਸ਼ੁਕਰਵਾਰ ਬੀਤ ਗਿਆ। ਮੈਂ ਉਨਾਂ ਗੰਭੀਰ ਗੱਲਾਂ ਬਾਰੇ ਇਥੇ ਅਜੇ ਕੁਝ ਨਹੀਂ ਕਹਿ ਰਿਹਾ, ਜਿਨ੍ਹਾਂ ਵੱਲ ਮੇਰਾ ਪੂਰਾ ਧਿਆਨ ਸੀ- ਮਿਸ ਫ਼ੇਅਰਲੀ ਨੂੰ ਗੁਮਨਾਮ ਚਿੱਠੀ ਆਉਣੀ ਅਤੇ ਜਦੋਂ ਮੈਨੂੰ ਇਹ ਖਬਰ ਮਿਲੀ ਤਾਂ ਮੈਂ ਇਸ ਮੁਆਮਲੇ ਵਿਚ ਕੀ ਕੀ ਕਰਨਾ ਉਚਿਤ ਸਮਝਿਆ ਅਤੇ ਮੇਰੇ ਦਿਲ ਵਿਚ ਇਹ ਵਿਸ਼ਵਾਸ ਹੋਣਾ ਕਿ ਸਰ ਪਰਸੀਵਲ ਗਲਾਈਡ ਹਰ ਸੰਭਵ ਢੰਗ ਨਾਲ ਇਸ ਦੀ ਜਵਾਬ-ਦੇਹੀ ਕਰੇਗਾ ਆਦਿ, ਮੈਨੂੰ ਪਤਾ ਲੱਗਾ ਹੈ ਕਿ ਇਹ ਸਭ ਗੱਲਾਂ ਵੇਰਵੇ ਸਹਿਤ ਮੇਰੇ ਤੋਂ ਪਹਿਲੇ ਵਰਨਣ ਵਿਚ ਬਿਆਨ ਕੀਤੀਆਂ ਜਾ ਚੁਕੀਆਂ ਹਨ।

ਸ਼ਨੀਚਰਵਾਰ ਜਦ ਮੈਂ ਨਾਸ਼ਤੇ ਲਈ ਹੇਠਾਂ ਗਿਆ ਤਾਂ ਮਿਸਟਰ ਹਾਰਟਰਾਈਟ ਜਾ ਚੁਕਾ ਸੀ। ਮਿਸ ਫ਼ਅਰਲੀ ਸਾਰਾ ਦਿਨ ਆਪਣੇ ਕਮਰੇ ਵਿਚ ਹੀ ਰਹੀ, ਅਤੇ ਮਿਸ ਹਾਲਕੌਂਬ ਮੈਨੂੰ ਕੁਝ ਢਿੱਲੀ ਜੇਹੀ ਲੱਗ ਰਹੀ ਸੀ। ਹੁਣ ਘਰ ਉਸ ਤਰ੍ਹਾਂ ਨਹੀਂ ਸੀ, ਜਿਵੇਂ ਮਿਸਟਰ ਅਤੇ ਮਿਸਜ਼ ਫਿਲਿਪ ਫ਼ੇਅਰਲੀ ਦੇ ਵੇਲੇ ਹੋਇਆ ਕਰਦਾ ਸੀ। ਦੁਪਿਹਰ ਤੋਂ ਪਹਿਲਾਂ ਮੈਂ ਇਕੱਲਾ ਹੀ ਸੈਰ ਕਰਨ ਚਲਾ ਗਿਆ; ਅਤੇ ਉਨ੍ਹਾਂ ਥਾਵਾਂ ਤੇ ਗਿਆ ਜੋ ਮੈਂ ਤੀਹ ਸਾਲ ਪਹਿਲਾਂ ਵੇਖੀਆਂ

ਸਨ, ਜਦੋਂ ਮੈਂ ਕਿਸੇ ਕੰਮ ਲਈ ਲਿਮਰਿਜ ਆਇਆ ਸਾਂ। ਉਹ ਥਾਵਾਂ ਵੀ ਹੁਣ ਪਹਿਲਾਂ ਵਰਗੀਆ ਨਹੀਂ ਸਨ ਰਹੀਆਂ।

ਦੋ ਵਜੇ ਮਿਸਟਰ ਫ਼ੇਅਰਲੀ ਦਾ ਸੁਨੇਹਾ ਆਇਆ ਕਿ ਉਹਦੀ ਤਬੀਅਤ ਹੁਣ ਏਨੀ ਕੁ ਠੀਕ ਹੈ ਕਿ ਉਹ ਮੈਨੂੰ ਮਿਲ ਸਕੇ। ਜਦੋਂ ਦਾ ਮੈਂ ਉਹਨੂੰ ਜਾਣਨ ਲੱਗਾ ਹਾਂ, ਉਹ ਬਿਲਕੁਲ ਨਹੀਂ ਬਦਲਿਆ। ਉਹਦੀ ਗੱਲਬਾਤ ਵੀ ਹਮੇਸ਼ਾ ਉਹੀ ਹੋਇਆ ਕਰਦੀ ਹੈ-ਆਪਣੇ ਅਤੇ ਆਪਣੀਆ ਬੀਮਾਰੀਆਂ ਬਾਰੇ; ਆਪਣੇ ਕੀਮਤੀ ਸਿੱਕਿਆਂ ਬਾਰੇ; ਅਤੇ ਸ਼ਾਨਦਾਰ ਰੈਮਬਰੈਂਮਟ ਦੇ ਚਿੱਤਰਾਂ ਬਾਰੇ! ਜਿਉਂ ਹੀ ਮੈਂ ਉਹ ਗੱਲ ਛੇੜੀ, ਜਿਸ ਲਈ ਮੈਂ ਖਾਸ ਉਹਦੇ ਘਰ ਪਹੁੰਚਿਆ ਸਾਂ, ਉਹਨੇ ਅੱਖਾਂ ਬੰਦ ਕਰ ਕੇ ਕਿਹਾ ਕਿ ਮੈਂ ਉਹਨੂੰ 'ਪ੍ਰੇਸ਼ਾਨ' ਕਰ ਰਿਹਾ ਸਾਂ। ਮੈਂ ਘੜੀ ਘੜੀ ਉਹੀ ਗੱਲ ਕਰਕੇ ਉਹਨੂੰ ਪ੍ਰੇਸ਼ਾਨ ਕਰਦਾ ਰਿਹਾ। ਮੈਨੂੰ ਇਕੋ ਹੀ ਗੱਲ ਪੱਕੇ ਤੌਰ ਤੇ ਪਤਾ ਲੱਗੀ ਕਿ ਉਹਦੇ ਲਈ ਉਹਦੀ ਭਤੀਜੀ ਦਾ ਵਿਆਹ ਨਸ਼ਿਚਿਤ ਹੋਇਆ ਹੈ; ਕਿਉਂਜੋ ਇਹ ਵਿਆਹ ਉਹਦੇ ਪਿਤਾ ਨੇ ਤਹਿ ਕੀਤਾ ਸੀ, ਇਸੇ ਲਈ ਮਿਸਟਰ ਫ਼ੇਅਰਲੀ ਦੀ ਵੀ ਉਹੀ ਰਾਏ ਹੈ; ਇਹ ਵਿਆਹ ਹੋਣਾ ਹੀ ਚਾਹੀਦਾ ਹੈ ਅਤੇ ਜਦੋਂ ਸੰਪੂਰਨ ਹੋ ਗਿਆ ਤਾਂ ਉਹ ਇਸ ਗੱਲ ਦੀ ਖੁਸ਼ੀ ਮਨਾਏਗਾ ਕਿ ਉਹਦੀ ਇਹ ਚਿੰਤਾ ਲਹਿ ਗਈ ਹੈ। ਵਿਆਹ ਦੇ ਕਾਗਜ਼ਾਤ ਬਾਰੇ ਉਹਨੇ ਇਹੀ ਕਿਹਾ ਕਿ ਮੈਂ ਉਹਦੀ ਭਤੀਜੀ ਨੂੰ ਮਿਲਕੇ, ਉਹਦੇ ਨਾਲ ਸਲਾਹ ਕਰਕੇ ਘਰ ਦੇ ਸਾਰੇ ਹਾਲਾਤ ਨੂੰ ਜਾਣਦਿਆਂ ਹੋਇਆਂ ਆਪਣੀ ਮਰਜ਼ੀ ਵਰਤਾਂ ਅਤੇ ਜੋ ਠੀਕ ਸਮਝਾ ਕਰਾਂ, ਉਹਨੂੰ ਬਸ ਇੰਨੀ ਹੀ ਖੇਚਲ ਦਿਆਂ ਕਿ ਉਹ ਠੀਕ ਸਮੇਂ ਸਿਰ, ਇਕ ਗਾਰਡੀਅਨ ਦੇ ਤੌਰ ਤੇ ਹਾਂ ਕਹਿ ਦੇਵੇ - ਉਹ ਮੇਰੀ ਹਰ ਰਾਏ ਨਾਲ ਸਹਿਮਤ ਹੋਵੇਗਾ, ਮੇਰੀ ਹੀ ਕਿਉਂ, ਉਹ ਹਰ ਇਕ ਦੀ ਰਾਏ ਮੰਨ ਜਾਏਗਾ-ਇਸੇ ਵਿਚ ਹੀ ਉਹਨੂੰ ਬਹੁਤ ਖੁਸ਼ੀ ਹੋਵੇਗੀ। ਅਜੇ ਉਹ ਵਿਚਾਰਾ ਬੀਮਾਰ ਹੈ, ਅਤੇ ਆਪਣੇ ਹੀ ਕਮਰੇ ਵਿਚ ਬੰਦ ਰਹਿਣ ਲਈ ਮਜ਼ਬੂਰ ਹੈ। ਕੀ ਮੇਰੇ ਖਿਆਲ ਵਿਚ ਉਹ ਇੰਨਾਂ ਠੀਕ ਲਗ ਰਿਹਾ ਸੀ, ਕਿ ਉਹਨੂੰ ਤੰਗ ਕੀਤਾ ਜਾਏ? ਨਹੀਂ ਤਾਂ ਫਿਰ ਕਿਉਂ ਉਸਨੂੰ ਖਾਹਮਖਾਹ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ?

ਜੇ ਮੈਂ ਉਸ ਟੱਬਰ ਦੇ ਸਾਰੇ ਹਾਲਾਤ ਤੋਂ ਵਾਕਿਫ਼ ਨਾ ਹੁੰਦਾ ਤਾਂ, ਸ਼ਾਇਦ ਮੈਂ ਮਿਸਟਰ ਫ਼ੇਅਰਲੀ ਦੇ ਇਸ ਅਨੋਖੇ ਵਤੀਰੇ ਤੇ ਕੁਝ ਹੈਰਾਨ ਹੁੰਦਾ; ਉਹ ਗਾਰਡੀਅਨ ਹੁੰਦਿਆਂ ਹੁੰਦਿਆਂ ਵੀ ਆਪਣਾ ਕੋਈ ਹੱਕ ਜਾਂ ਦਾਹਵਾ ਨਹੀਂ ਸੀ ਜਮਾ ਰਿਹਾ, ਅਤੇ ਸਭ ਕੁਝ ਮੇਰੇ ਤੇ ਹੀ ਛੱਡ

ਰਿਹਾ ਸੀ, ਪਰ ਮੈਨੂੰ ਪਤਾ ਸੀ ਕਿ ਉਹ ਕੁਆਰਾ ਸੀ ਅਤੇ ਲਿਮਰਿਜ ਦੀ ਜਾਇਦਾਦ ਉਤੇ ਉਸਦਾ ਉਨੀ ਦੇਰ ਹੀ ਹੱਕ ਸੀ, ਜਿੰਨੀ ਦੇਰ ਉਹਦੀ ਜਿੰਦਗੀ ਸੀ। ਇਸੇ ਲਈ ਹਾਲਾਤ ਨੂੰ ਸਮਝਦਿਆਂ ਹੋਇਆ ਮੈਂ ਇਸ ਮੁਲਾਕਾਤ ਦੇ ਸਿੱਟੇ ਸੀ ਨਾ ਤੇ ਹੈਰਾਨ ਹੀ ਹੋਇਆ ਅਤੇ ਨਾ ਹੀ ਨਿਰਾਸ਼। ਮੈਨੂੰ ਪਹਿਲਾਂ ਹੀ ਇਹੀ ਆਸ ਸੀ, ਸੋ ਇਹ ਗੱਲ ਇਸ ਤਰ੍ਹਾਂ ਹੀ ਮੁਕੀ। ਐਤਵਾਰ ਦਾ ਦਿਨ ਬੜਾ ਉਦਾਸ ਸੀ-ਨਾ ਅੰਦਰ ਦਿਲ ਲੱਗ ਸਕਦਾ ਸੀ ਅਤੇ ਨਾ ਹੀ ਬਾਹਰ। ਸਰ ਪਰਸੀਵਲ ਗਲਾਈਡ ਦੇ ਵਕੀਲ ਵਲੋਂ ਇਕ ਚਿੱਠੀ ਆਈ, ਜਿਸ ਵਿਚ ਉਹਨੇ ਮੇਰੀ ਭੇਜੀ ਹੋਈ ਗੁੰਮਨਾਮ ਚਿੱਠੀ ਦੀ ਕਾਪੀ ਅਤੇ ਉਸਦੇ ਨਾਲ ਜੋ ਮੈਂ ਪੱਤਰਕਾ ਭੇਜੀ ਸੀ, ਉਸਦੀ ਪਹੁੰਚ ਸਵੀਕਾਰ ਕੀਤੀ ਸੀ। ਦੁਪਹਿਰ ਦੇ ਮਗਰੋਂ ਮਿਸ ਫ਼ੇਅਰਲੀ ਸਾਡੇ ਕੋਲ ਆ ਬੈਠੀ, ਉਹ ਬੜੀ ਉਦਾਸ ਅਤੇ ਪੀਲੀ ਦਿਸ ਰਹੀ ਸੀ। ਪਹਿਲਾਂ ਉਹ ਕਦੀ ਇਸ ਤਰ੍ਹਾਂ ਨਹੀਂ ਸੀ ਹੁੰਦੀ। ਮੈਂ ਉਹਦੇ ਨਾਲ ਕੁਝ ਚਿਰ ਗੱਲਾਂ ਕਰਦਾ ਰਿਹਾ ਅਤੇ ਵਿਚ ਵਿਚ ਸਰ ਪਰਸੀਵਲ ਬਾਰੇ ਗੱਲ ਛੇੜਨ ਦੀ ਹਿੰਮਤ ਵੀ ਕੀਤੀ। ਉਹ ਬਿਨਾਂ ਕੁਝ ਬੋਲੇ ਸੁਣਦੀ ਰਹੀ। ਹੋਰ ਹੋਰ ਵਿਸ਼ੇ ਉਤੇ ਉਹ ਆਪਣੇ ਆਪ ਗੱਲਾਂ ਕਰਦੀ ਰਹੀ। ਪਰ ਇਸ ਬਾਰੇ ਉਹਨੇ ਗੱਲ ਨੂੰ ਅੱਗੇ ਨਾ ਤਰਿਆ। ਮੈਨੂੰ ਇਹ ਸ਼ੱਕ ਹੋਇਆ ਕਿ ਕਿਧਰੇ ਉਹ ਆਪਣੀ ਕੁੜਮਾਈ ਤੇ ਪਛਤਾ ਤਾਂ ਨਹੀਂ ਰਹੀ-ਜਿਵੇਂ ਜਵਾਨ ਕੁੜੀਆਂ ਪਛਤਾਉਂਦੀਆਂ ਹਨ, ਅਤੇ ਜਦੋਂ ਪਛਤਾਵਾ ਕਰਨ ਦਾ ਵੀ ਕਈ ਲਾਭ ਨਹੀਂ ਹੁੰਦਾ, ਕਿਉਂਕਿ ਪਾਣੀ ਸਿਰ ਉਤੋਂ ਲੰਘ ਚੁੱਕਾ ਹੁੰਦਾ ਹੈ।

ਸੋਮਵਾਰ ਨੂੰ ਸਰ ਪਰਸੀਵਲ ਗਲਾਈਡ ਆ ਪਹੁੰਚਿਆ। ਮੈਨੂੰ ਉਹ ਆਪਣੇ ਵਿਓਹਾਰ ਅਤੇ ਸ਼ਿਸ਼ਟਾਚਾਰ ਨਾਲ ਹਰ ਇਕ ਨੂੰ ਆਪਣਾ ਬਣਾ ਲੈਣ ਵਾਲਾ ਬੰਦਾ ਦਿਸਿਆ। ਉਮਰ ਵਿਚ ਉਹ ਮੇਰੀ ਉਮੀਦ ਤੋਂ ਵੱਧ ਵੱਡਾ ਸੀ; ਉਹਦੇ ਮਥੇ ਤੇ ਕੋਈ ਵਾਲ ਨਹੀਂ ਸੀ ਅਤੇ ਚਿਹਰਾ ਥੱਕਿਆ ਹੋਇਆ ਸੀ। ਪਰ ਉਹਦੀ ਚਾਲ ਢਾਲ ਹੱਸਣਾ ਖੇਡਣਾ ਸਭ ਨੌਜ਼ਵਾਨਾਂ ਵਾਂਗ ਸੀ। ਮੈਂ ਮਿਸ ਹਾਲਕੌਂਬ ਨੂੰ ਜਿਸ ਤਰ੍ਹਾਂ ਖੁੱਲ੍ਹ ਕੇ ਬਿਨਾਂ ਝਿਜਕ ਤੋਂ ਮਿਲਿਆ, ਉਸ ਨੂੰ ਵੇਖ ਕੇ ਬੜੀ ਖੁਸ਼ੀ ਹੋਈ; ਅਤੇ ਮੇਰੇ ਨਾਲ ਜਾਣ ਪਛਾਣ ਹੋਣ ਮਗਰੋਂ ਉਹ ਏਨਾ ਘੁਲ ਮਿਲ ਗਿਆ, ਜਿਵੇਂ ਅਸੀਂ ਬੜੇ ਪੁਰਾਣੇ ਮਿੱਤਰ ਹੋਈਏ। ਜਦੋਂ ਉਹ ਆਇਆ ਮਿਸ ਫ਼ੇਅਰਲੀ ਸਾਡੇ ਕੋਲ ਨਹੀਂ ਸੀ, ਉਹ ਦਸ ਮਿੰਟ ਪਿਛੋਂ ਪਹੁੰਚੀ। ਸਰ ਪਰਸੀਵਲ ਨੇ ਉਠ ਕੇ ਬੜੇ ਸੁਹਣੇ ਅੰਦਾਜ਼ ਨਾਲ ਉਹਦਾ ਸਵਾਗਤ ਕੀਤਾ। ਉਸ ਜਵਾਨ ਕੁੜੀ ਦੀ ਸਿਹਤ ਵਿਚ ਜੋ ਫ਼ਰਕ

ਪਿਆ ਦਿਸਦਾ ਸੀ, ਉਸਦਾ ਉਹਨੇ ਬੜੀ ਚਿੰਤਾ ਨਾਲ ਜ਼ਿਕਰ ਕੀਤਾ; ਉਸ ਦੇ ਲਹਿਜੇ ਅਤੇ ਆਵਾਜ਼ ਵਿਚ ਸਤਿਕਾਰ ਅਤੇ ਪਿਆਰ ਸੀ ਅਤੇ ਉਹਦੇ ਕਹਿਣ ਦਾ ਢੰਗ ਹੀ ਦਸ ਰਿਹਾ ਸੀ ਕਿ ਉਹ ਬੜੇ ਉਚੇ ਖ਼ਾਨਦਾਨ ਦਾ ਹੈ ਅਤੇ ਬੜੀ ਸੂਝ ਬੂਝ ਦਾ ਮਾਲਕ ਹੈ। ਏਸ ਹਾਲਤ ਵਿਚ ਸਗੋਂ ਮੈਂ ਹੈਰਾਨ ਸਾਂ ਕਿ ਮਿਸ ਫ਼ੇਅਰਲੀ ਪਹਿਲਾਂ ਵਾਂਗ ਹੀ ਉਹਦੀ ਮੌਜੂਦਗੀ ਵਿਚ ਬੱਝੀ ਅਤੇ ਔਖੀ ਮਹਿਸੂਸ ਕਰ ਰਹੀ ਸੀ, ਅਤੇ ਪਹਿਲਾ ਮੌਕਾ ਮਿਲਦਿਆਂ ਹੀ ਉਹ ਕਮਰੇ ਵਿਚੋਂ ਚਲੀ ਗਈ। ਸਰ ਪਰਸੀਵਲ ਨੇ ਨਾ ਹੀ ਉਹਦੀ ਚੁੱਪ ਨੂੰ ਗੋਲਿਆ ਅਤੇ ਨਾ ਹੀ ਉਹਦੇ ਅਚਾਨਕ ਜਾਣ ਦਾ ਧਿਆਨ ਕੀਤਾ। ਜਦੋਂ ਉਹ ਕਮਰੇ ਵਿਚ ਸੀ ਤਾਂ ਵੀ ਸਰ ਪਰਸੀਵਲ ਨੇ ਉਸ ਨੂੰ ਕੋਈ ਫਾਲਤੂ ਗੱਲ ਕਹਿ ਕੇ ਉਹਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਨਾ ਕੀਤੀ, ਅਤੇ ਨਾ ਹੀ ਉਹਦੇ ਜਾਣ ਮਗਰੋਂ ਉਹਨੇ ਮਿਸ ਹਾਲਕੌਂਬ ਨਾਲ ਉਹਦੇ ਇਸ ਵਤੀਰੇ ਦਾ ਕੋਈ ਜ਼ਿਕਰ ਛੇੜਿਆ, ਜਿਸ ਨਾਲ ਉਹਦੀ ਸਥਿਤੀ ਔਖੀ ਹੁੰਦੀ। ਲਿਮਰਿਜ ਹਾਊਸ ਵਿਚ ਜਿੰਨੀ ਦੇਰ ਮੈਂ ਉਹਦੇ ਨਾਲ ਰਿਹਾ। ਮੈਂ ਨਾ ਤੇ ਇਸ ਮੌਕੇ ਉਤੇ ਅਤੇ ਨਾ ਹੀ ਕਿਸੇ ਹੋਰ ਵੇਲੇ ਉਹਦੇ ਸਲੀਕੇ ਅਤੇ ਰੁਚੀ ਵਿਚ ਕੋਈ ਉਣਤਾਈ ਵੇਖੀ।

ਮਿਸ ਫ਼ੇਅਰਲੀ ਜਿਉਂ ਹੀ ਕਮਰੇ ਵਿਚੋਂ ਗਈ ਸਾਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਗੁੰਮ- ਨਾਮ ਚਿੱਠੀ ਬਾਰੇ ਉਹਨੇ ਆਪ ਹੀ ਗੱਲ ਸ਼ੁਰੂ ਕੀਤੀ। ਹੈਂਪਸ਼ਾਇਰ ਤੋਂ ਆਉਂਦਿਆਂ ਉਹ ਲੰਦਨ ਰੁਕਿਆ ਸੀ; ਅਤੇ ਆਪਣੇ ਵਕੀਲ ਨੂੰ ਮਿਲਿਆ ਸੀ, ਉਹਨੇ ਉਹ ਕਾਗਜ਼ ਪੜ੍ਹੇ ਸਨ, ਜੋ ਮੈਂ ਭੇਜੇ ਸਨ, ਉਹ ਉਸੇ ਵੇਲੇ ਕੰਬਰਲੈਂਡ ਵੱਲ ਚਲ ਪਿਆ ਸੀ ਤਾਂ ਜੋ ਜਲਦੀ ਤੋਂ ਜਲਦੀ ਸਾਡੀ ਉਨੀ ਤਸੱਲੀ ਕਰਾ ਸਕੇ ਜਿਨੀ ਕਿ ਸ਼ਬਦ ਕਰਾਉਣ ਦੇ ਯੋਗ ਹਨ। ਉਹਦੀ ਇਹ ਗੱਲ ਸੁਣ ਕੇ ਮੈਂ ਉਹਨੂੰ ਅਸਲੀ ਚਿੱਠੀ ਪੜ੍ਹਨ ਲਈ ਦਿਤੀ ਜੋ ਮੈਂ ਉਹਦੇ ਲਈ ਹੀ ਰੱਖੀ ਹੋਈ ਸੀ। ਉਹਨੇ ਮੇਰਾ ਧੰਨਵਾਦ ਕਰਕੇ ਚਿੱਠੀ ਨੂੰ ਵੇਖਣ ਤੋਂ ਨਾਂਹ ਕਰ ਦਿਤੀ, ਅਤੇ ਇਹ ਕਿਹਾ ਕਿ ਉਹਨੇ ਉਸ ਚਿੱਠੀ ਦੀ ਨਕਲ ਪੜ੍ਹ ਲਈ ਹੈ ਅਤੇ ਅਸਲ ਚਿੱਠੀ ਸਾਡੇ ਹੱਥਾ ਵਿਚ ਹੀ ਸੁਰੱਖਿਅਤ ਰਵੇ ਤਾਂ ਠੀਕ ਹੈ।

ਇਸ ਚਿੱਠੀ ਦੀ ਸਫ਼ਾਈ ਦੇਦਿਆ ਜੋ ਕੁਝ ਉਹਨੇ ਕਿਹਾ, ਉਹ ਉੱਨਾ ਹੀ ਸਪੱਸ਼ਟ ਅਤੇ ਤਸੱਲੀਬਖਸ਼ ਸੀ, ਜਿੰਨੀ ਕਿ ਮੈਨੂੰ ਸਾਰਾ ਸਮਾਂ ਉਮੀਦ ਸੀ। ਉਸ ਨੇ ਦਸਿਆ ਕਿ ਮਿਸੇਜ ਕੈਥੇਰਿਕ ਨੇ ਉਸ ਦੀ ਅਤੇ ਉਸ ਦੇ ਰਿਸ਼ਤੇਦਾਰਾਂ ਦੀ ਬੜੀ ਵਫਾਦਾਰੀ ਨਾਲ ਕਈ ਵਰ੍ਹੇ ਸੇਵਾ ਕੀਤੀ ਸੀ, ਜਿਸ ਕਰਕੇ ਉਹ ਉਹਦਾ ਅਹਿਸਾਨ ਮਹਿਸੂਸ ਕਰਦਾ ਸੀ। ਉਸ ਵਿਚਾਰੀ ਦੇ ਮੰਦੇ

ਭਾਗ ਸਨ, ਇਕ ਤੇ ਉਹਦਾ ਪਤੀ ਉਹਨੂੰ ਛੱਡ ਕੇ ਚਲਾ ਗਿਆ ਸੀ ਅਤੇ ਦੂਜਾ ਉਸ ਦੀ ਇਕਲੌਤੀ ਬੱਚੀ ਦਾ ਦਿਮਾਗ ਬਚਪਨ ਤੋਂ ਹੀ ਟਿਕਾਣੇ ਨਹੀਂ ਸੀ। ਭਾਵੇਂ ਵਿਆਹ ਮਗਰੋਂ ਉਹਨੂੰ ਹੈਂਪਸ਼ਾਇਰ ਦੇ ਉਸ ਹਿੱਸੇ ਵਿਚ ਜਾਣਾ ਪਿਆ ਸੀ, ਜੋ ਕਿ ਸਰ ਪਰਸੀਵਲ ਦੀ ਜ਼ਮੀਨ ਅਤੇ ਘਰ ਤੋਂ ਦੂਰ ਸੀ, ਪਰ ਤਾਂ ਵੀ ਸਰ ਪਰਸੀਵਲ ਨੇ ਉਹਨੂੰ ਭੁਲਾਇਆ ਨਹੀਂ ਸੀ; ਉਹਦੀ ਸੇਵਾ ਨੂੰ ਧਿਆਨ ਵਿਚ ਰਖਦਿਆਂ ਉਸ ਗਰੀਬੜੀ ਵੱਲ ਜੋ ਮਿੱਤਰਤਾ ਦੀ ਭਾਵਨਾ ਸੀ, ਹੁਣ ਉਹਦਾ ਹੌਸਲਾ ਅਤੇ ਸਬਰ ਜਿਸ ਨਾਲ ਉਹ ਆਪਣੀਆਂ ਮੁਸੀਬਤਾਂ ਨੂੰ ਝੱਲ ਰਹੀ ਸੀ, ਵੇਖਕੇ ਪ੍ਰਸੰਸਾ ਨਾਲ ਹੋਰ ਪਕੇਰੀ ਹੋ ਗਈ ਸੀ। ਸਮੇਂ ਦੇ ਬੀਤਣ ਨਾਲ, ਉਸ ਦੀ ਦੁਖੀ ਬੱਚੀ ਦੀ ਮਾਨਸਿਕ ਤਕਲੀਫ ਇੰਨਾ ਗੰਭੀਰ ਰੂਪ ਧਾਰਨ ਕਰ ਗਈ ਸੀ ਕਿ ਉਹਨੂੰ ਡਾਕਟਰੀ ਸਹਾਇਤਾ ਜ਼ਰੂਰੀ ਹੋ ਗਈ ਸੀ। ਮਿਸਿਜ਼ ਕੈਥੇਰਿਕ ਨੇ ਆਪ ਹੀ ਇਸ ਲੋੜ ਨੂੰ ਮਹਿਸੂਸ ਕੀਤਾ ਸੀ; ਪਰ ਆਪਣੀ ਪੱਧਰ ਦੇ ਹੋਰ ਸਾਊ ਲੋਕਾਂ ਵਾਂਗ ਆਪਣੀ ਬੱਚੀ ਨੂੰ ਮੰਗਤਿਆਂ ਵਾਂਗ ਇਕ ਜਨਤਕ ਪਾਗਲਖਾਨੇ ਵਿਚ ਭਰਤੀ ਕਰਵਾਉਣ ਲਈ ਉਹਦੇ ਮਨ ਵਿਚ ਵੀ ਵਹਿਮ ਸੀ। ਸਰ ਪਰਸੀਵਲ ਉਹਦੇ ਇਸ ਵਹਿਮ ਦਾ ਸਤਿਕਾਰ ਕਰਦਾ ਸੀ, ਕਿਉਂ ਜੋ, ਉਹ ਈਮਾਨਦਾਰ ਭਾਵਨਾ ਦੀ ਇੱਜਤ ਕਰਦਾ ਸੀ, ਭਾਵੇਂ ਉਹ ਕਿਸੇ ਵੀ ਸਮਾਜਿਕ ਪੱਧਰ ਦੇ ਬੰਦੇ ਦੀ ਹੋਵੇ। ਸਰ ਪਰਸੀਵਲ ਨੇ ਮਿਸਿਜ਼ ਕੈਥੇਰਿਕ ਦੀ ਕੀਤੀ ਸੇਵਾ ਦੇ ਅਹਿਸਾਨ ਦੀ ਭਾਵਨਾ ਨੂੰ ਪ੍ਰਗਟਾਉਣ ਲਈ ਉਹਦੀ ਧੀ ਨੂੰ ਇਕ ਵਿਸ਼ਵਾਸ ਯੋਗ ਪ੍ਰਾਈਵੇਟ ਪਾਗਲਖਾਨੇ ਵਿਚ ਭਰਤੀ ਕਰਵਾ ਕੇ ਉਹਦਾ ਖਰਚਾ ਦੇਣਾ ਆਪਣੇ ਜ਼ਿੰਮੇ ਲੈ ਲਿਆ ਸੀ। ਪਰ ਉਸ ਅਭਾਗਣ ਕੁੜੀ ਨੂੰ ਜਦੋਂ ਇਹ ਪਤਾ ਲਗਾ ਕਿ ਉਹਨੂੰ ਬੰਧਨ ਵਿਚ ਪਾਉਣ ਲਈ ਉਹਦਾ ਕੀ ਭਾਗ ਸੀ ਤਾਂ ਉਹਦੇ ਦਿਲ ਵਿਚ ਸਰ ਪਰਸੀਵਲ ਲਈ ਬੜੀ ਘੋਰ ਘ੍ਰਿਣਾ ਅਤੇ ਬੇਯਕੀਨੀ ਪੈਦਾ ਹੋ ਗਈ ਸੀ, ਅਤੇ ਇਸ ਗੱਲ ਨਾਲ ਉਹਦੀ ਮਾਂ ਅਤੇ ਸਰ ਪਰਸੀਵਲ ਨੂੰ ਬਹੁਤ ਦੁੱਖ ਪਹੁੰਚਿਆ ਸੀ। ਇਹ ਉਸ ਨਫ਼ਰਤ ਦਾ ਸਿੱਟਾ ਸੀ, ਜੋ ਕਿ ਪਾਗਲਖਾਨੇ ਵਿਚ ਵੀ ਉਹ ਕਈ ਤਰ੍ਹਾਂ ਪ੍ਰਗਟਾਉਂਦੀ ਰਹੀ ਸੀ ਕਿ ਉਹਨੇ ਉਥੋਂ ਭੱਜ ਨਿਕਲਣ ਤੋਂ ਮਗਰੋਂ ਇਹ ਗੁੰਮਨਾਮ ਚਿੱਠੀ ਲਿਖੀ ਸੀ। ਜੇ ਮਿਸ ਹਾਲਕੌਂਬ, ਜਾਂ ਮਿਸਟਰ ਗਿਲਮੋਰ ਚਿੱਠੀ ਪੜ੍ਹਨ ਮਗਰੋਂ ਇਸ ਰਾਏ ਨਾਲ ਸਹਿਮਤ ਨਹੀਂ ਹੁੰਦੇ ਜਾਂ ਉਨ੍ਹਾਂ ਨੂੰ ਪਾਗਲਖਾਨੇ ਬਾਰੇ ਹੋਰ ਪੁੱਛ ਗਿੱਛ ਕਰਨੀ ਚਾਹੁੰਦੇ ਹਨ (ਤਾਂ ਉਹਨੇ ਪਾਗਲਖਾਨੇ ਦਾ ਪਤਾ ਦਸਿਆ ਅਤੇ ਇਸਦੇ ਨਾਲ ਹੀ ਉਨ੍ਹਾਂ ਦੇ ਡਾਕਟਰਾਂ ਦੇ ਪਤੇ

ਅਤੇ ਨਾਂ ਦਸੇ, ਜਿਨ੍ਹਾਂ ਦੇ ਸਰਟੀਫਿਕੇਟ ਦੇਣ ਤੇ ਬੀਮਾਰ ਨੂੰ ਪਾਗਲਖ਼ਾਨੇ ਵਿਚ ਦਾਖਲ ਕੀਤਾ ਗਿਆ ਸੀ) ਤਾਂ ਉਹ ਉਨ੍ਹਾਂ ਦੇ ਹਰ ਇਕ ਪ੍ਰਸ਼ਨ ਦਾ ਉੱਤਰ ਦੇਣ, ਅਤੇ ਹਰ ਇਕ ਸ਼ੱਕ ਨੂੰ ਦੂਰ ਕਰਨ ਲਈ ਤਿਆਰ ਹੈ। ਉਹਨੇ ਆਪਣਾ ਕਰਤੱਵ ਪੂਰਾ ਕਰਦਿਆਂ ਹੋਇਆ ਆਪਣੇ ਵਕੀਲ ਨੂੰ ਹਿਦਾਇਤ ਦਿੱਤੀ ਹੈ ਕਿ ਉਹ ਕਿਸੇ ਖ਼ਰਚ ਦੀ ਪ੍ਰਵਾਹ ਕੀਤੇ ਬਿਨ੍ਹਾਂ ਉਸ ਕੁੜੀ ਨੂੰ ਲੱਭਣ ਦਾ ਯਤਨ ਕਰੇ ਤਾਂ ਜੋ ਉਹ ਮੁੜ ਡਾਕਟਰੀ ਦੇਖ-ਭਾਲ ਵਿਚ ਪਹੁੰਚਾਈ ਜਾ ਸਕੇ, ਅਤੇ ਹੁਣ ਉਹਨੂੰ ਇਕ ਹੀ ਚਿੰਤਾ ਸੀ ਕਿ ਉਹ ਮਿਸ ਫ਼ੇਅਰਲੀ ਅਤੇ ਉਸਦੇ ਟੱਬਰ ਵੱਲ ਆਪਣਾ ਫਰਜ਼ ਉਸੇ ਤਰ੍ਹਾਂ ਸਿਧੇ ਸਾਦੇ ਢੰਗ ਨਾਲ ਪੂਰਾ ਕਰ ਸਕੇ।

ਮੈਂ ਹੀ ਪਹਿਲਾਂ ਉਹਦੀ ਇਸ ਬੇਨਤੀ ਦਾ ਉੱਤਰ ਦਿੱਤਾ। ਮੈਨੂੰ ਆਪਣਾ ਪਤਾ ਸੀ ਕਿ ਮੈਂ ਕੀ ਕਰਨਾ ਚਾਹੁੰਦਾ ਸਾਂ। ਕਾਨੂੰਨ ਦੀ ਇਹ ਖ਼ੂਬਸੂਰਤੀ ਹੈ ਕਿ ਇਹ ਮਨੁੱਖ ਦੇ ਕਿਸੇ ਵੀ ਬਿਆਨ ਨੂੰ, ਜੋ ਕਿਸੇ ਵੀ ਹਾਲਾਤ ਵਿਚ ਦਿਤੇ ਗਏ ਹੋਣ, ਗਲਤ ਸਾਬਤ ਕਰ ਸਕਦਾ ਹੈ, ਅਤੇ ਜਿਸ ਰੂਪ ਵਿਚ ਚਾਹੇ, ਬਦਲ ਸਕਦਾ ਹੈ। ਜੇ ਮੈਨੂੰ ਇਕ ਵਕੀਲ ਦੀ ਤਰ੍ਹਾਂ ਸਰ ਪਰਸੀਵਲ ਗਲਾਈਡ ਦੇ ਵਿਰੁੱਧ ਕੇਸ ਤਿਆਰ ਕਰਨ ਲਈ ਬੁਲਾਇਆ ਜਾਂਦਾ ਤਾਂ ਬਿਨਾਂ ਸ਼ੱਕ ਦੇ ਉਸ ਦੇ ਆਪਣੇ ਦਿੱਤੇ ਹੋਏ ਬਿਆਨ ਦੇ ਆਧਾਰ ਤੇ ਹੀ ਇਹ ਮੁਕੱਦਮਾ ਤਿਆਰ ਕਰ ਲੈਂਦਾ। ਪਰ ਉਸ ਵੇਲੇ ਮੇਰਾ ਇਹ ਫ਼ਰਜ ਨਹੀਂ ਸੀ ਬਣਦਾ, ਮੇਰਾ ਕੰਮ ਉਸ ਵੱਲ ਜੱਜ ਦਾ ਕੰਮ ਸੀ। ਮੈਂ ਉਹਦੀ ਦਿੱਤੀ ਹੋਈ ਸਫ਼ਾਈ ਨੂੰ ਨਿਆਂ ਦੇ ਪਲੜੇ ਵਿਚ ਤਲਣਾ ਸੀ, ਜਿਹੜਾ ਸ਼ਰੀਫ ਆਦਮੀ ਬਿਆਨ ਦੇ ਰਿਹਾ ਸੀ, ਉਹਦੀ ਬਣੀ ਹੋਈ ਏਨੀ ਸੁਹਰਤ ਦਾ ਵੀ ਧਿਆਨ ਰੱਖਣਾ ਸੀ; ਅਤੇ ਇਹ ਨਿਰਣਾ ਕਰਨਾ ਸੀ ਕਿ ਸਰ ਪਰਸੀਵਲ ਦੇ ਆਪਣੇ ਹੀ ਬਿਆਨ ਅਨੁਸਾਰ, ਮਾਮਲੇ ਦੀਆਂ ਸੰਭਾਵਨਾਵਾਂ ਉਹਦੇ ਪੱਖ ਵਿਚ ਹਨ, ਜਾਂ ਉਹਦੇ ਵਿਰੁੱਧ। ਮੈਨੂੰ ਇਹ ਵਿਸ਼ਵਾਸ ਸੀ, ਕਿ ਸੰਭਾਵਨਾਵਾਂ ਉਸੇ ਦਾ ਪੱਖ ਪੂਰ ਰਹੀਆਂ ਸਨ ਅਤੇ ਇਸੇ ਕਾਰਣ ਮੈਂ ਸਾਫ਼ ਕਹਿ ਦਿੱਤਾ ਕਿ ਮੇਰੇ ਵਿਚਕਾਰ ਵਿਚ ਉਹਦੀ ਜਵਾਬਦੇਹੀ ਤਸੱਲੀਬਖ਼ਸ਼ ਹੈ।

ਮਿਸ ਹਾਲਕੌਂਬ ਨੇ ਮੇਰੇ ਵੱਲ ਬੜੇ ਧਿਆਨ ਨਾਲ ਵੇਖਿਆ ਅਤੇ ਉਹਨੇ ਵੀ ਕੁਝ ਸ਼ਬਦ ਕਹੇ, ਜਿਨ੍ਹਾਂ ਦਾ ਭਾਵ ਤਾਂ ਮੇਰੇ ਭਾਵ ਵਾਂਗ ਹੀ ਸੀ, ਪਰ ਉਹ ਕੁਝ ਅਜਿਹੀ ਝਿਜਕ ਨਾਲ ਬੋਲੀ ਜੋ ਮੇਰੇ ਖਿਆਲ ਵਿਚ, ਹਾਲਾਤ ਨੂੰ ਮੁਖ ਰੱਖਦਿਆਂ, ਠੀਕ ਨਹੀਂ ਸੀ। ਮੈਂ ਪੱਕੀ ਤਰ੍ਹਾਂ ਨਹੀਂ ਕਹਿ ਸਕਦਾ ਕਿ ਸਰ ਪਰਸੀਵਲ ਨੇ ਇਹ ਹਿਚਾਕਚਾਹਟ ਵੇਖੀ ਜਾਂ ਨਹੀਂ। ਪਰ

ਜਦੋਂ ਉਸਨੇ ਜਾਣ ਬੁਝ ਕੇ ਇਹੀ ਗੱਲ ਮੁੜ ਸ਼ੁਰੂ ਕੀਤੀ, ਤਾਂ ਮੇਰੀ ਰਾਏ ਵਿਚ ਉਹਨੇ ਮਿਸ ਹਾਲਕੌਂਬ ਦੀ ਦੁਚਿੱਤੀ ਜ਼ਰੂਰ ਨੋਟ ਕੀਤੀ ਹੋਵੇਗੀ; ਨਹੀਂ ਤੇ ਇਹੀ ਉਚਿਤ ਸੀ। ਕਿ ਇਹ ਗੱਲ ਇਥੇ ਹੀ ਛੱਡ ਦਿੱਤੀ ਜਾਂਦੀ।

"ਜੇ ਮੈਂ ਆਪਣਾ ਇਹ ਸਪੱਸ਼ਟ ਬਿਆਨ ਸਿਰਫ਼ ਮਿਸਟਰ ਗਿਲਮੌਰ ਨੂੰ ਹੀ ਸੰਬੋਧਨ ਕਰ ਰਿਹਾ ਹੁੰਦਾ," ਉਹ ਬੋਲਿਆ, "ਤਾਂ ਇਸ ਨਾ ਮੁਰਾਦ ਮੁਆਮਲੇ ਬਾਰੇ ਹੋਰ ਕੁਝ ਕਹਿਣਾ ਮੈਂ ਰਤਾ ਵੀ ਜ਼ਰੂਰੀ ਨਾ ਸਮਝਦਾ। ਮੈਂ ਮਿਸਟਰ ਗਿਲਮੌਰ ਕੋਲੋਂ ਇਹੀ ਆਸ ਕਰਦਾ ਹਾਂ ਕਿ ਮੈਨੂੰ ਇਕ ਸ਼ਰੀਫ ਆਦਮੀ ਸਮਝਦਿਆਂ ਹੋਇਆਂ ਉਹ ਮੇਰੇ ਕਹਿਣ ਤੇ ਹੀ ਮੇਰਾ ਵਿਸ਼ਵਾਸ ਕਰ ਲੈਣਗੇ; ਅਤੇ ਜਦੋਂ ਉਨ੍ਹਾਂ ਮੇਰੇ ਨਾਲ ਇਹ ਨਿਆਂ ਕੀਤਾ ਹੈ, ਤਾਂ ਸਾਡੇ ਵਿਚਾਲੇ ਇਸ ਬਾਰੇ ਹੋਰ ਬਹਿਸ ਨਹੀਂ ਹੋਵੇਗੀ। ਪਰ ਮੇਰੀ ਸਥਿੱਤੀ ਇਕ ਔਰਤ ਸਾਹਮਣੇ ਇਸ ਤੋਂ ਭਿੰਨ ਹੈ। ਮੈਂ ਉਸ ਦਾ ਦੇਣਦਾਰ ਹਾਂ- ਅਤੇ ਮੈਂ ਉਸ ਨੂੰ ਉਹ ਦਿਆਂਗਾ, ਜੋ ਮੈਂ ਹੋਰ ਕਿਸੇ ਜੀਉਂਦੇ ਮਰਦ ਨੂੰ ਨਾ ਦਿਆਂ ਇਹ ਸਬੂਤ ਕਿ ਮੈਂ ਸੱਚ ਬੋਲ ਰਿਹਾ ਹਾਂ। ਤੁਸੀਂ ਇਹ ਸਬੂਤ ਮੰਗ ਨਹੀਂ ਸਕਦੇ, ਮਿਸ ਹਾਲਕੌਂਬ, ਇਸ ਲਈ ਮੇਰਾ ਇਹ ਫਰਜ਼ ਹੈ ਕਿ ਤੁਹਾਨੂੰ ਅਤੇ ਤੁਹਾਡੇ ਤੋਂ ਵੀ ਵਧ ਮਿਸ ਫ਼ੇਅਰਲੀ ਨੂੰ, ਇਹ ਸਬੂਤ ਮੈਂ ਆਪ ਪੇਸ਼ ਕਰਾਂ। ਕੀ ਮੈਂ ਤੁਹਾਨੂੰ ਇਹ ਬੇਨਤੀ ਕਰ ਸਕਦਾ ਹਾਂ ਮਿਸ ਹਾਲਕੌਂਬ, ਕਿ ਤੁਸੀਂ ਫੋਰਨ ਹੀ ਇਸ ਅਭਾਗਣ ਔਰਤ ਦੀ ਮਾਂ, ਮਿਸਿਜ਼ ਕੈਥੇਰਿਕ ਨੂੰ ਲਿਖੋਗੇ ਅਤੇ ਜੋ ਮੈਂ ਹੁਣੇ ਕਹਿ ਕੇ ਹਟਿਆ ਹਾਂ, ਉਸਦੀ ਗਵਾਹੀ ਉਸ ਬਾਰੇ ਮੰਗੋਗੇ?" ਮੈਂ ਵੇਖਿਆ, ਕਿ ਮਿਸ ਹਾਲਕੌਂਬ ਦਾ ਰੰਗ ਬਦਲ ਰਿਹਾ ਸੀ ਅਤੇ ਉਹ ਥੋੜ੍ਹੀ ਜਿਹੀ ਬੇਚੈਨ ਸੀ। ਸਰ ਪਰਸੀਵਲ ਦਾ ਇਹ ਸੁਝਾ ਜੋ ਭਾਵੇਂ ਉਹਨੇ ਬੜੇ ਨਰਮ ਸ਼ਬਦਾਂ ਵਿਚ ਪੇਸ਼ ਕੀਤਾ ਸੀ, ਉਹਨੂੰ ਇੰਜ਼ ਜਾਪਿਆ ਅਤੇ ਮੈਨੂੰ ਵੀ ਇਹੀ ਮਹਿਸੂਸ ਹੋਇਆ ਕਿ ਉਸ ਝਿਜਕ ਵੱਲ ਇਸ਼ਾਰਾ ਕਰ ਰਿਹਾ ਸੀ, ਜੋ ਦੋ ਮਿੰਟ ਪਹਿਲਾਂ ਉਹਦੇ ਵਤੀਰੇ ਵਿਚੋਂ ਝਲਕਦੀ ਸੀ।

ਮੈਨੂੰ ਆਸ ਹੈ ਸਰ ਪਰਸੀਵਲ, ਕਿ ਤੁਸੀਂ ਮੇਰੇ ਨਾਲ ਇਹ ਸੋਚ ਕੇ ਅਨਿਆਂ ਨਹੀਂ " ਕਰ ਰਹੇ ਕਿ ਮੈਂ ਤੁਹਾਡੇ ਤੇ ਇਤਬਾਰ ਨਹੀਂ ਕਰ ਰਹੀ?" ਉਹਨੇ ਕਾਹਲੀ ਨਾਲ ਉੱਤਰ ਦਿੱਤਾ।

"ਬਿਲਕੁਲ ਨਹੀਂ, ਮਿਸ ਹਾਲਕੌਂਬ! ਮੈਂ ਇਹ ਸੁਝਾ ਸਿਰਫ ਇਸ ਲਈ ਦੇ ਰਿਹਾ ਹਾਂ ਕਿ ਮੈਨੂੰ ਤੁਹਾਡਾ ਖਿਆਲ ਹੈ। ਕੀ ਤੁਸੀਂ ਮੈਨੂੰ ਮੇਰੀ ਜ਼ਿਦ ਲਈ ਖਿਮਾਂ ਕਰੋਗੇ, ਜੇ ਮੈਂ ਇਹੀ ਗੱਲ ਮੁੜ ਕਹਿਣ ਦੀ ਦਲੇਰੀ ਕਰਾਂ?"

ਇਹ ਕਹਿੰਦਿਆਂ ਹੋਇਆਂ ਉਹ ਰਾਈਟਿੰਗ ਟੇਬਲ ਕੋਲ ਗਿਆ; ਇਕ ਕੁਰਸੀ ਉਸ ਦੇ ਨੇੜੇ ਖਿਚੀ; ਅਤੇ ਕਾਗਜ਼ਾਂ ਦਾ ਡੱਬਾ ਕੱਢਿਆ।

"ਮੈਨੂੰ, ਇਹ ਬੇਨਤੀ ਕਰਨ ਦੀ ਆਗਿਆ ਦਿਓ ਤੇ ਤੁਸੀਂ ਇਹ ਚਿੱਠੀ ਮੇਰੀ ਖ਼ਾਤਰ ਲਿਖੋ। ਇਸ ਤੇ ਤੁਹਾਡੇ ਕੁਝ ਹੀ ਮਿੰਟ ਲੱਗਣਗੇ। ਤੁਸੀਂ ਮਿਸਿਜ਼ ਕੈਥੇਰਿਕ ਕੋਲੋਂ ਦੋ ਹੀ ਪ੍ਰਸ਼ਨ ਪੁੱਛਣੇ ਹਨ। ਪਹਿਲਾਂ ਤਾਂ ਇਹ ਕਿ ਕੀ ਉਹਦੀ ਬੱਚੀ ਉਹਦੀ ਮਰਜ਼ੀ ਨਾਲ ਪਾਗਲਖਾਨੇ ਵਿਚ ਭੇਜ ਗਈ ਸੀ। ਦੂਜਾ, ਇਹ ਕਿ ਮੇਰਾ ਇਸ ਕੰਮ ਵਿਚ ਜੋ ਹਿੱਸਾ ਸੀ, ਕੀ ਉਸ ਲਈ ਅਹਿਸਾਨਮੰਦ ਸੀ ਜਾਂ ਨਹੀਂ? ਮਿਸਟਰ ਗਿਲਮੌਰ ਨੂੰ ਇਸ ਮੁਆਮਲੇ ਵਿਚ ਹੁਣ ਪੂਰੀ ਤਸੱਲੀ ਹੈ, ਅਤੇ ਤੁਹਾਨੂੰ ਵੀ ਹੁਣ ਕਈ ਬੇਚੈਨੀ ਨਹੀਂ- ਕਿਰਪਾ ਕਰਕੇ ਇਹ ਚਿੱਠੀ ਲਿਖੋ ਤਾਂ ਜੋ ਮੇਰਾ ਮਨ ਵੀ ਇਸ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਲਵੇ।

"ਤੁਸੀਂ ਮੈਨੂੰ ਆਪਣੀ ਬੇਨਤੀ ਮੰਨਣ ਲਈ ਮਜ਼ਬੂਰ ਕਰ ਰਹੇ ਹੋ, ਸਰ ਪਰਸੀਵਲ, ਜਦ ਕਿ ਮੈਂ ਨਾਂਹ ਕਰਕੇ ਹੀ ਖੁਸ਼ ਹੁੰਦੀ।" ਇਹ ਸ਼ਬਦ ਕਹਿ ਕੇ ਮਿਸ ਹਾਲਕੌਂਬ ਆਪਣੀ ਥਾਂ ਤੋਂ ਉਠ ਕੇ ਰਾਈਟਿੰਗ ਟੇਬਲ ਤੇ ਜਾ ਬੈਠੀ। ਸਰ ਪਰਸੀਵਲ ਨੇ ਉਹਦਾ ਧੰਨਵਾਦ ਕਰਦਿਆਂ, ਉਹਨੂੰ ਇਕ ਪੈਨ ਦਿੱਤਾ ਅਤੇ ਆਪ ਅੰਗੀਠੀ ਕੋਲ ਚਲਾ ਗਿਆ। ਮਿਸ ਫ਼ੇਅਰਲੀ ਦਾ ਨਿੱਕਾ ਇਤਾਲਵੀ ਕੁੱਤਾ ਗਲੀਚੇ ਤੇ ਲੇਟਿਆ ਹੋਇਆ ਸੀ। ਉਹਨੇ ਆਪਣਾ ਹੱਥ ਵਧਾਇਆ ਅਤੇ ਕੁੱਤੇ ਨੂੰ ਪਿਆਰ ਨਾਲ ਬੁਲਾਇਆ।

"ਆ ਜਾ ਮੀਨਾ", ਉਹਨੇ ਕਿਹਾ, "ਅਸੀਂ ਇਕ ਦੂਜੇ ਨੂੰ ਜਾਣਦੇ ਹਾਂ. ਹੈ ਨਾਂ?'

ਉਸ ਨਿੱਕੇ ਜਿਹੇ ਜਾਨਵਰ ਨੇ ਜੋ ਸਭ ਪਾਲਤੂ ਕੁੱਤਿਆਂ ਵਾਂਗ ਡਰਪੋਕ ਅਤੇ ਢੀਠ ਸੀ, ਉਹਦੇ ਵੱਲ ਸਿਰ ਚੁੱਕ ਕੇ ਵੇਖਿਆ, ਉਹਦੇ ਅਗਾਂਹ ਵਧੇ ਹੋਏ ਹੱਥ ਤੋਂ ਪਿਛੋਂ ਤਹਿ ਕੇ ਸਿਮਟਿਆ, ਕੰਬਿਆ ਅਤੇ ਇਕ ਚਾਂਗਰ ਮਾਰਕੇ, ਇਕ ਸੋਫੇ ਹੇਠਾਂ ਵੜ ਕੇ ਬੈਠ ਗਿਆ। ਇਸ ਗੱਲ ਦੀ ਤਾਂ ਰਤਾ ਵੀ ਸੰਭਾਵਨਾ ਨਹੀਂ ਸੀ ਹੋ ਸਕਦੀ ਕਿ ਉਹਨੂੰ ਇਸ ਨਿਗੁਣੀ ਗੱਲ ਤੇ ਗੁੱਸਾ ਆ ਜਾਂਦਾ, ਪਰ ਤਾਂ ਵੀ ਮੈਂ ਵੇਖਿਆ ਕਿ ਕੁੱਤੇ ਦੇ ਇਸ ਸਵਾਗਤ ਨਾਲ ਉਹ ਅਚਾਨਕ

ਹੀ ਖਿੜਕੀ ਕੋਲ ਚਲਾ ਗਿਆ। ਸ਼ਾਇਦ ਕਈ ਵਾਰ ਉਹਨੂੰ ਗੁੱਸਾ ਆ ਜਾਂਦਾ ਹੈ, ਅਤੇ ਜੇ ਆਉਂਦਾ ਹੈ, ਤਾਂ ਮੇਰੀ ਹਮਦਰਦੀ ਉਸ ਨਾਲ ਹੈ। ਮੈਨੂੰ ਵੀ ਕਈ ਵਾਰ ਗੁੱਸਾ ਚੜ੍ਹ ਜਾਂਦਾ ਹੈ।

ਮਿਸ ਹਾਲਕੌਂਬ ਨੇ ਚਿੱਠੀ ਲਿਖਣ ਵਿਚ ਬੜ੍ਹਾ ਹੀ ਸਮਾਂ ਲਾਇਆ। ਜਦੋਂ ਉਹ ਲਿਖ ਚੁੱਕੀ ਤਾਂ ਉਹ ਰਾਈਟਿੰਗ ਟੇਬਲ ਤੋਂ ਉਠ ਬੈਠੀ ਅਤੇ ਉਹ ਖੁਲ੍ਹਾ ਕਾਗਜ਼ ਉਹਨੇ ਸਰ ਪਰਸੀਵਲ ਨੂੰ ਪਕੜਾ ਦਿਤਾ। ਉਹਨੇ ਸਿਰ ਝੁਕਾਇਆ; ਉਹ ਕਾਗਜ਼ ਉਸ ਕੋਲੋਂ ਪਕੜਿਆ; ਪੜ੍ਹੇ ਬਿਨਾਂ ਫੌਰਨ ਹੀ ਤਹਿ ਕੀਤਾ; ਬੰਦ ਕਰਕੇ ਪਤਾ ਲਿਖਿਆ ਅਤੇ ਉਸੇ ਤਰ੍ਹਾਂ ਚੁੱਪ ਚਾਪ ਉਹਨੂੰ ਵਾਪਸ ਦੇ ਦਿੱਤਾ। ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਕੋਈ ਕੰਮ ਏਨੀ ਜੁਹਣੇ ਅਤੇ ਬਣਦੇ ਫਬਦੇ ਢੰਗ ਨਾਲ ਹੁੰਦਾ ਹੋਇਆ ਨਹੀਂ ਵੇਖਿਆ।

'ਤੁਸੀਂ ਇਸ ਗੱਲ ਤੇ ਜ਼ੋਰ ਪਾਉਂਦੇ ਹੋ ਕਿ ਇਹ ਚਿੱਠੀ ਮੈਂ ਡਾਕ ਵਿਚ ਪਾਵਾਂ, ਸਰ ਪਰਸੀਵਲ?" ਮਿਸ ਹਾਲਕੌਂਬ ਨੇ ਕਿਹਾ

'ਮੈਂ ਬੇਨਤੀ ਕਰਦਾ ਹਾਂ, ਕਿ ਇਸ ਨੂੰ ਤੁਸੀਂ ਡਾਕ ਵਿਚ ਪਾਓ।" ਉਹਨੇ ਉੱਤਰ ਦਿੱਤਾ। "ਅਤੇ ਹੁਣ ਜਦ ਇਹ ਚਿੱਠੀ ਲਿਖੀ ਗਈ ਹੈ ਅਤੇ ਬੰਦ ਕੀਤੀ ਗਈ ਹੈ। ਮੈਨੂੰ ਆਗਿਆ ਦਿਓ ਕਿ ਮੈਂ ਇਸ ਬਦਕਿਸਮਤ ਔਰਤ ਬਾਰੇ ਇਕ ਦੋ ਪ੍ਰਸ਼ਨ ਪੁਛ ਲਵਾਂ। ਮੈਂ ਉਹ ਚਿੱਠੀ ਵੀ ਪੜ੍ਹੀ ਹੈ ਜੋ ਮਿਸਟਰ ਗਿਲਮੌਰ ਨੇ ਮੇਰੇ ਵਕੀਲ ਨੂੰ ਲਿਖੀ ਹੈ ਅਤੇ ਜਿਸ ਵਿਚ ਉਨ੍ਹਾਂ ਇਹ ਦਸਿਆ ਹੈ ਕਿ ਗੁੰਮਨਾਮ ਚਿੱਠੀ ਲਿਖਣ ਵਾਲਾ ਕਿਵੇਂ ਪਛਾਣਿਆ ਗਿਆ। ਪਰ ਉਸ ਵਿਚ ਕੋਈ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ। ਕੀ ਏਨ ਕੈਥੇਰਿਕ ਮਿਸ ਫ਼ੇਅਰਲੀ ਨੂੰ ਮਿਲੀ ਸੀ?"

"ਬਿਲਕੁਲ ਨਹੀਂ।" ਮਿਸ ਹਾਲਕੌਂਬ ਬੋਲੀ।

"ਕੀ ਉਹ ਤੁਹਾਨੂੰ ਮਿਲੀ ਸੀ?"

"ਨਹੀਂ।"

"ਤਾਂ ਉਸ ਨੂੰ ਘਰ ਦਾ ਕੋਈ ਜੀਅ ਨਹੀਂ ਮਿਲਿਆ। ਉਹ ਕੀ ਸਿਰਫ ਇਕ ਮਿਸਟਰ ਹਾਰਟਰਾਈਟ ਨੂੰ ਮਿਲੀ ਹੈ ਜਿਸ ਨਾਲ ਕਬਰਸਤਾਨ ਵਿਚ ਉਹਦੀ ਅਚਾਨਕ ਮੁਲਾਕਾਤ ਹੋ ਗਈ ਸੀ?

“ਹਾਂ, ਉਹ ਹੋਰ ਕਿਸੇ ਨੂੰ ਨਹੀਂ ਮਿਲੀ।"

' ਮਿਸਟਰ ਹਾਰਟਰਾਈਟ, ਲਿਮਰਿਜ਼ ਵਿਚ ਡਰਾਇੰਗ ਮਾਸਟਰ ਹੀ ਸੀ ਨਾ? ਕੀ ਉਹ ਕਿਸੇ ਵਾਟਰ ਕਲਰ ਸੁਸਾਇਟੀ ਦਾ ਸਦੱਸਯ ਹੋ?”

"ਮੇਰਾ ਖ਼ਿਆਲ ਹੈ, ਉਹ ਸਦੱਸਯ ਹੈ।" ਮਿਸ ਹਾਲਕੌਂਬ ਨੇ ਉੱਤਰ ਦਿੱਤਾ। ਉਹ ਇਕ ਪਲ ਰੁਕਿਆ, ਜਿਵੇਂ ਅਖ਼ੀਰਲੇ ਉੱਤਰ ਬਾਰੇ ਕੁਝ ਸੋਚ ਰਿਹਾ ਹੈ ਅਤੇ ਫਿਰ ਬੋਲਿਆ-

'ਕੀ ਤੁਸੀਂ ਇਹ ਪਤਾ ਲਾਇਆ ਸੀ, ਕਿ ਏਨ ਕੈਥਰਿਕ ਜਦੋਂ ਏਥੇ ਗਵਾਂਢ ਵਿਚ ਸੀ, ਕਿਥੇ ਠਹਿਰੀ ਸੀ।"

'ਹਾਂ, ਉਹ ਏਥੇ ਇਕ ਫਾਰਮ ਟਾਡੇਸ ਕਾਰਨਰ ਵਿਚ ਠਹਿਰੀ ਸੀ।"

"ਇਹ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਉਸ ਅਭਾਗਣ ਦੀ ਖੋਜ ਕਢੀਏ।" ਸਰ ਪਰਸੀਵਲ ਕਹਿੰਦਾ ਗਿਆ। "ਉਹ ਨੇ ਸ਼ਾਇਦ ਟਾਸ ਕਾਰਨਰ ਵਿਚ ਕੁਝ ਕਿਹਾ ਹੋਵੇ, ਜਿਸ ਨਾਲ ਸਾਨੂੰ ਉਹਨੂੰ ਲੱਭਣ ਵਿਚ ਸਹਾਇਤਾ ਮਿਲ ਸਕਦੀ ਹੋਵੇ। ਮੈਂ ਉਥੇ ਜਾਵਾਂਗਾ ਅਤੇ ਪੁੱਛ ਗਿੱਛ ਕਰਾਂਗਾ। ਇਸ ਦੌਰਾਨ ਵਿਚ ਕਿਉਂਕਿ ਮੈਂ ਆਪਣੇ ਆਪ ਨੂੰ ਇਸ ਗੱਲ ਲਈ ਨਹੀਂ ਮਨਾ ਸਕਦਾ ਕਿ ਇਸ ਮੁਆਮਲੇ ਬਾਰੇ ਮਿਸ ਫ਼ੇਅਰਲੀ ਨਾਲ ਮੈਂ ਆਪ ਗੱਲ ਕਰਾਂ, ਸੋ ਮਿਸ ਹਾਲਕੌਂਬ, ਕੀ ਮੈਂ ਬੇਨਤੀ ਕਰ ਸਕਦਾ ਹਾਂ, ਕਿ ਤੁਸੀਂ ਕਿਰਪਾ ਕਰਕੇ ਮੇਰੀ ਜ਼ਰੂਰੀ ਸਫ਼ਾਈ ਉਸ ਅੱਗੇ ਪੇਸ਼ ਕਰੋਗੇ, ਪਰ ਉਦੋਂ ਹੀ ਜਦੋਂ ਇਸ ਚਿੱਠੀ ਦਾ ਉੱਤਰ ਆ ਜਾਏ?"

ਮਿਸ ਹਾਲਕੌਂਬ ਨੇ ਉਹਦੀ ਇਹ ਬੇਨਤੀ ਮੰਨਣ ਦਾ ਇਕਰਾਰ ਕੀਤਾ। ਉਹਨੇ ਉਹਦਾ ਧੰਨਵਾਦ ਕੀਤਾ; ਖੁਸ਼ੀ ਖੁਸ਼ੀ ਸਿਰ ਹਿਲਾਇਆ-ਅਤੇ ਸਾਨੂੰ ਉਥੇ ਛੱਡ ਕੇ ਆਪਣੇ ਕਮਰੇ ਵਿਚ ਜਾਣ ਲਈ ਨਿਕਲਿਆ। ਜਿਉਂ ਹੀ ਉਹਨੇ ਦਰਵਾਜ਼ਾ ਖੋਲ੍ਹਿਆ, ਤਾਂ ਉਹੀ ਢੀਠ ਕੁੱਤਾ ਸੋਫੇ ਹੇਠ ਆਪਣੀ ਪਤਲੀ ਥੂਥਨੀ ਕੱਢ ਕੇ ਭੌਂਕਿਆ ਅਤੇ ਗੁੱਸੇ ਨਾਲ ਉਹਨੂੰ ਪਿਆ।

"ਅੱਜ ਸਵੇਰੇ ਸਵੇਰੇ ਚੰਗਾ ਕੰਮ ਹੋ ਗਿਆ ਹੈ, ਮਿਸ ਹਾਲਕੌਂਬ", ਮੈਂ ਉਹਦੇ ਜਾਣ ਮਗਰੋਂ ਕਿਹਾ। "ਇਕ ਚਿੰਤਾ ਭਰੇ ਦਿਨ ਦਾ ਅੰਤ ਚੰਗਾ ਹੋਇਆ ਹੈ।" "ਹਾਂ," ਉਹਨੇ ਉੱਤਰ ਦਿੱਤਾ। "ਇਸ ਵਿਚ ਕਈ ਸ਼ੱਕ ਨਹੀਂ। ਮੈਂ ਬੜੀ ਖੁਸ਼ ਹਾਂ ਕਿ ਤਹਾਨੂੰ ਤਸੱਲੀ ਹੋ ਗਈ ਹੈ।"

'ਮੇਰੀ ਤਸੱਲੀ! ਹੱਥ ਵਿਚ ਜਿਹੜੀ ਇਹ ਚਿੱਠੀ ਫੜੀ ਜੇ, ਉਸ ਨਾਲ ਤਾਂ ਤੁਹਾਡੀ ਵੀ ਤਸੱਲੀ ਹੋ ਗਈ ਹੁੰਦੀ ਹੈ?'”

"ਹਾਂ, ਹਾਂ, ਹੁੰਦੀ ਵੀ ਕਿਉਂ ਨਾ? ਮੈਂ ਜਾਣਦੀ ਸਾ, ਹੋਰ ਕੁਝ ਹੋ ਹੀ ਨਹੀਂ ਸਕਦਾ," ਉਹ ਇਵੇਂ ਕਹਿ ਰਹੀ ਸੀ, ਜਿਵੇਂ ਮੇਰੇ ਨਾਲੋਂ ਵੱਧ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੋਵੇ, "ਪਰ ਕਾਸ, ਵਾਲਟਰ ਹਾਰਟਰਾਈਟ ਥੋੜ੍ਹੀ ਦੇਰ ਹੋਰ ਰੁਕਦਾ ਤਾਂ ਜੋ ਇਸ ਮੌਕੇ ਉਤੇ ਹਾਜ਼ਰ ਹੋ ਕੇ, ਉਹ ਚਿੱਠੀ ਮੇਰੇ ਹੱਥੋਂ ਲਿਖਵਾਈ ਜਾਣ ਦਾ ਪ੍ਰਸਤਾਵ ਆਪਣੇ ਕੰਨਾਂ ਨਾਲ ਸੁਣਦਾ।" ਮੈਨੂੰ ਥੋੜ੍ਹੀ ਜਿਹੀ ਹੈਰਾਨੀ ਹੋਈ ਅਖੀਰਲੇ ਸ਼ਬਦ ਸੁਣ ਕੇ ਰਤਾ ਕੁ ਖਿਝ ਵੀ ਆ ਗਈ।

"ਇਹ ਸੱਚ ਹੈ ਕਿ ਘਟਨਾਵਾਂ ਨੇ ਮਿਸਟਰ ਹਾਰਟਰਾਈਟ ਨੂੰ ਚਿੱਠੀ ਦੇ ਮੁਆਮਲੇ ਨਾਲ ਬਹੁਤ ਸਬੰਧਤ ਕਰ ਦਿੱਤਾ ਹੈ, ਮੈਂ ਕਿਹਾ," ਅਤੇ ਮੈਂ ਇਹ ਸਵੀਕਾਰ ਕਰਨ ਨੂੰ ਤਿਆਰ ਹਾ ਕਿ ਸਭ ਗੱਲਾਂ ਨੂੰ ਵੇਖਦਿਆ ਹੋਇਆਂ ਉਹਨੇ ਇਸ ਮੁਆਮਲੇ ਵਿਚ ਬੜੀ ਸਿਆਣਪ ਅਤੇ ਕੁਸ਼ਲਤਾ ਤੋਂ ਕੰਮ ਲਿਆ ਹੈ। ਪਰ ਮੈਂ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਸਰ ਪਰਸੀਵਲ ਦੀ ਜਵਾਬ-ਦੇਹੀ ਦਾ ਜੋ ਪ੍ਰਭਾਵ ਤੁਹਾਡੇ ਜਾਂ ਮੇਰੇ ਮਨ ਉੱਤੇ ਪਿਆ ਹੈ ਉਸ ਉੱਤੇ ਉਹਦੀ ਮੌਜੂਦਗੀ ਦਾ ਕੀ ਅਸਰ ਹੋ ਸਕਦਾ ਸੀ?"

"ਹਾਂ, ਇਹ ਐਵੇਂ ਹੀ ਮੇਰੇ ਮਨ ਦਾ ਵਹਿਮ ਸੀ।" ਉਹਨੇ ਬੇਧਿਆਨੀ ਨਾਲ ਉੱਤਰ ਦਿਤਾ। "ਹੁਣ ਇਸ ਬਾਰੇ ਬਹਿਸ ਕਰਨ ਦੀ ਕੀ ਲੋੜ ਹੈ ਮਿਸਟਰ ਗਿਲਮੌਰ। ਤੁਹਾਡਾ ਅਨੁਭਵ ਹੀ ਮੈਨੂੰ ਸਭ ਤੋਂ ਚੰਗੀ ਤਰ੍ਹਾਂ ਰਾਹ ਵਿਖਾ ਸਕਦਾ ਹੈ-ਅਤੇ ਇਸ ਤੋਂ ਵਧ ਮੈਂ ਹੋਰ ਆਸ ਨਹੀਂ ਕਰਦੀ।"

ਮੈਨੂੰ ਇਹ ਗੱਲ ਬਿਲਕੁਲ ਚੰਗੀ ਨਾ ਲੱਗੀ, ਕਿ ਉਹ ਸਾਰੀ ਦੀ ਸਾਰੀ ਜ਼ਿੰਮੇਵਾਰੀ ਸਾਫ ਸਾਫ ਇੰਜ ਮੇਰੇ ਮੋਢਿਆਂ ਉਤੇ ਸੁੱਟ ਰਹੀ ਸੀ। ਜੋ ਮਿਸਟਰ ਫ਼ੇਅਰਲੀ ਨੇ ਇੰਜ ਕੀਤਾ ਹੁੰਦਾ ਤਾ ਮੈਂ ਰਤਾ ਵੀ ਹੈਰਾਨ ਨਹੀਂ ਸੀ ਹੋਣਾ। ਪਰ ਮਿਸ ਹਾਲਕੌਂਬ ਕੋਲੋਂ ਜੋ ਦ੍ਰਿੜ ਇਰਾਦੇ ਅਤੇ ਸੁਲਝੇ ਹੋਏ ਵਿਚਾਰਾਂ ਵਾਲੀ ਸੀ, ਮੈਂ ਇਹ ਆਸ ਨਹੀਂ ਸੀ ਲਾਈ ਹੋਈ। ਆਪਣੀ ਰਾਏ ਨੂੰ ਪ੍ਰਗਟ ਕਰਨ ਤੋਂ ਝੁਕਣ ਵਾਲੀ ਉਹ ਨਹੀਂ ਸੀ।

"ਜੇ ਤੁਹਾਡੇ ਦਿਲ ਵਿਚ ਅਜੇ ਵੀ ਕੋਈ ਤੌਖਲਾ ਹੈ," ਮੈਂ ਕਿਹਾ, "ਤਾਂ ਤੁਸੀਂ ਮੈਨੂੰ ਇਕ ਦਮ ਕਿਉਂ ਨਹੀਂ ਦਸ ਦੇਂਦੇ? ਮੈਨੂੰ ਸਾਫ਼ ਸਾਫ਼ ਦੱਸ ਕਿ ਕੀ ਸਰ ਪਰਸੀਵਲ ਉੱਤੇ ਸ਼ੱਕ ਕਰਨ ਦਾ ਤੁਹਾਡੇ ਕੋਲ ਕੋਈ ਕਾਰਣ ਹੈ?"

"ਬਿਲਕੁਲ ਕੋਈ ਨਹੀਂ।"

"ਕੀ ਤੁਹਾਨੂੰ ਉਹਦੀ ਦੱਸੀ ਹੋਈ ਗੱਲ ਵਿਚ ਕੋਈ ਅਸੰਭਵ ਜਾਂ ਆਪਣੇ ਆਪ ਨੂੰ ਹੀ ਝੂਠਿਆਂ ਕਰਨ ਵਾਲੀ ਕੋਈ ਚੀਜ਼ ਦਿਸੀ ਹੈ?' "ਮੈਂ ਹੁਣ ਇਹ ਕਿਵੇਂ" ਕਹਿ ਸਕਦੀ ਹਾਂ, ਜਦ ਕਿ ਉਹਨੇ ਆਪਣੀ ਸਚਾਈ ਦਾ ਸਬੂਤ ਵੀ ਪੇਸ਼ ਕਰ ਦਿਤਾ ਹੈ? ਕੀ ਇਸ ਤੋਂ ਹੋਰ ਵੱਡੀ ਗਵਾਹੀ ਵੀ ਉਹਦੇ ਪੱਖ ਵਿਚ ਹੋ ਸਕਦੀ ਹੈ। ਮਿਸਟਰ ਗਿਲਮੌਰ, ਜੋ ਇਸ ਔਰਤ ਦੀ ਮਾਂ ਦੇਵੇਗੀ?"

"ਨਹੀਂ, ਇਸ ਤਾਂ ਚੰਗੀ ਗਵਾਹੀ ਹੋਰ ਨਹੀਂ ਹੋ ਸਕਦੀ। ਜੇ ਤੁਹਾਡੀ ਚਿੱਠੀ ਦਾ ਉੱਤਰ ਤਸੱਲੀ ਬਖਸ਼ ਹੋਇਆ, ਤਾਂ ਘੱਟ ਤੋਂ ਘੱਟ ਮੈਂ ਤਾਂ ਨਹੀਂ ਸਮਝ ਸਕਦਾ ਕਿ ਸਰ ਪਰਸੀਵਲ ਦਾ ਕੋਈ ਵੀ ਮਿੱਤਰ ਉਸ ਤੋਂ ਇਸ ਤੋਂ ਵਧ ਹੋਰ ਕੀ ਉਮੀਦ ਕਰ ਸਕਦਾ ਹੈ।"

"ਤਾਂ ਮੈਂ ਇਹ ਚਿੱਠੀ ਡਾਕ ਵਿਚ ਪਾ ਦਿਆਂਗੀ," ਉਹ ਕਮਰੇ ਵਿਚੋਂ ਬਾਹਰ ਜਾਣ ਲਈ ਉਠਦੀ ਹੋਈ ਬੋਲੀ, 'ਅਤੇ ਹੁਣ ਇਸ ਵਿਸ਼ੇ ਬਾਰੇ ਉਦੋਂ ਤਕ ਕੋਈ ਗੱਲ ਨਹੀਂ ਕਰਾਂਗੇ, ਜਦ ਤਕ ਇਸ ਦਾ ਉੱਤਰ ਨਾ ਆ ਜਾਏ। ਮੇਰੀ ਹਿਚਕਿਚਾਹਟ ਨੂੰ ਤੁਸੀਂ ਖਿਆਲ ਵਿਚ ਹੀ ਨਾਂ ਲਿਆਉ। ਮੈਂ ਇਸ ਦਾ ਇਹੀ ਕਾਰਣ ਦਸ ਸਕਦੀ ਹਾਂ ਕਿ ਹੁਣ ਕੁਝ ਸਮੇਂ ਤਾਂ ਮੈਂ ਲਾਰਾ ਬਾਰੇ ਲੋੜ ਤੋਂ ਵਧ ਚਿੰਤਿਤ ਹਾਂ; ਅਤੇ ਤੁਸੀਂ ਜਾਣਦੇ ਹੋ ਮਿਸਟਰ ਗਿਲਮੌਰ ਕਿ ਚਿੰਤਾ ਬੜੇ ਬੜੇ ਝਗੜਿਆਂ ਨੂੰ ਹਿਲਾ ਫੜਦੀ ਹੈ "

ਇਹ ਕਹਿ, ਉਹ ਉਥੋਂ ਇਕਾਇਕ ਚਲੀ ਗਈ; ਇਹ ਸ਼ਬਦ ਕਹਿੰਦਿਆਂ ਉਹਦੀ ਆਵਾਜ਼ ਜੋ ਸਦਾ ਦ੍ਰਿੜ ਹੋਇਆ ਕਰਦੀ ਸੀ, ਕੰਬ ਰਹੀ ਸੀ। ਉਹ ਇਕ ਭਾਵਕ, ਜੋਸ਼ੀਲੀ ਅਤੇ ਸੂਖਮ ਬੁੱਧੀ ਵਾਲੀ ਔਰਤ ਸੀ ਅੱਜ ਕੱਲ੍ਹ ਦੇ ਬਨਾਵਟੀ ਸਮੇਂ ਵਿਚ ਉਹੋ ਜਿਹੀ ਕੋਈ ਹਜ਼ਾਰਾਂ ਵਿਚੋਂ ਇਕ ਹੁੰਦੀ ਹੈ। ਮੈਂ ਉਹਨੂੰ ਉਹਦੇ ਬਚਪਨ ਤੋਂ ਹੀ ਜਾਣਦਾ ਹਾਂ। ਘਰ ਵਿਚ ਕਦੀ ਔਕੜਾ ਵੇਲੇ ਵੀ ਮੈਂ ਉਹਦਾ ਜਿਗਰਾ ਵੇਖ ਚੁੱਕਾ ਸਾਂ ਅਤੇ ਮੇਰਾ ਲੰਮਾ ਤਜਰਬਾਂ ਅਤੇ ਅਨੁਭਵ, ਅਜਿਹੇ ਹਾਲਾਤ ਵਿਚ ਉਹਦੀ ਦੁਚਿੱਤੀ ਅਤੇ ਸ਼ਸ਼ੋਪੰਜ ਨੂੰ ਨਿਗੂਣੀ ਜੇਹੀ ਗੱਲ ਕਹਿ ਕੇ ਨਹੀਂ ਸੀ ਟਾਲ ਸਕਦਾ ਜੇ ਉਹਦੀ ਥਾਵੇ ਕੋਈ ਹੋਰ ਔਰਤ ਝਿਜਕਦੀ ਹੁੰਦੀ ਤਾਂ ਮੈਂ ਸ਼ਾਇਦ ਗੋਲਦਾ ਵੀ ਨਾਂ। ਮੈਨੂੰ ਕੋਈ ਕਾਰਣ ਨਜ਼ਰ ਨਹੀਂ ਸੀ ਆਉਂਦਾ, ਜਿਸ ਕਰਕੇ ਕੋਈ ਬੈਚੇਨੀ ਜਾਂ ਸ਼ੱਕ ਹੋਵੇ; ਪਰ ਉਹਦੇ ਕਰਕੇ ਮੈਂ ਵੀ ਬੈਚੇਨ ਅਤੇ ਸ਼ੱਕੀ ਹੋ ਗਿਆ ਸਾਂ। ਜੇ ਮੈਂ ਜਵਾਨ ਹੁੰਦਾ ਤਾਂ

ਆਪਣੇ ਮਨ ਦੀ ਇਸ ਦਸ਼ਾ ਉਤੇ ਖਿੱਝਦਾ ਅਤੇ ਕਰਿਝਦਾ। ਪਰ ਇਸ ਉਮਰ ਵਿਚ ਮੈਨੂੰ ਵਧੇਰੇ ਕੁਝ ਪਤਾ ਸੀ; ਅਤੇ ਗੁੱਸੇ ਦਾ ਭਾਰ ਆਪਣੇ ਮਨ ਤੋਂ ਲਾਹੁਣ ਲਈ ਮੈਂ ਇਕ ਦਾਰਸ਼ਨਿਕ ਵਾਂਗ ਸੈਰ ਕਰਨ ਲਈ ਬਾਹਰ ਨਿਕਲ ਤੁਰਿਆ।

(2)

ਮੁੜ ਅਸੀਂ ਰੋਟੀ ਵੇਲੇ ਸਾਰੇ ਇਕੱਠੇ ਹੋਏ।

ਸਰ ਪਰਸੀਵਲ ਏਨਾ ਰੌਲਾ ਪਾਉਣ ਵਾਲੇ ਮੂਡ ਵਿਚ ਸੀ ਕਿ ਮੈਂ ਤਾਂ ਉਹਨੂੰ ਪਛਾਣ ਹੀ ਨਾ ਸਕਿਆ। ਉਹ ਸਵੇਰ ਵਾਲਾ ਮਰਦ, ਜਿਸਦੇ ਸੁਖਮਤਾ ਭਰੇ ਵਤੀਰੇ ਸਲੀਕੇ ਅਤੇ ਸਿਆਣਪ ਨਾਲ ਮੈਂ ਅਤਿ ਪ੍ਰਭਾਵਤ ਹੋਇਆ ਸਾਂ, ਇਹ ਨਹੀਂ ਸੀ। ਉਹਦੇ ਉਸ ਸਵੇਰ ਵਾਲੇ ਰੂਪ ਦੀ ਇਕ ਇਕ ਨਿਸ਼ਾਨੀ ਜੋ ਮੈਂ ਪਛਾਣ ਸਕਦਾ ਸਾਂ, ਉਦੋਂ ਸਾਹਮਣੇ ਆਉਂਦੀ ਜਦੋਂ ਉਹ ਮਿਸ ਫ਼ੇਅਰਲੀ ਨਾਲ ਗੱਲਬਾਤ ਕਰਦਾ। ਮਿਸ ਫ਼ੇਅਰਲੀ ਦੀ ਇਕ ਤੱਕਣੀ ਜਾਂ ਇਕ ਸ਼ਬਦ ਹੀ ਉਹਦੇ ਉੱਚੇ ਤੋਂ ਉੱਚੇ ਹਾਸ ਨੂੰ ਰੋਕ ਦੇਂਦੀ, ਉਹਦੀਆਂ ਬੇਮੁਹੀਆਂ ਗੱਲਾਂ ਨੂੰ ਬੰਦ ਕਰ ਦੇਂਦੀ ਅਤੇ ਉਹ ਸਾਰੇ ਦਾ ਸਾਰਾ ਧਿਆਨ ਉਹਨੂੰ ਦੇਂਦਾ-ਇਕ ਪਲ ਵਿਚ ਹੀ ਉਹ ਇਹ ਭੁੱਲ ਜਾਂਦਾ ਕਿ ਮੇਜ਼ ਤੇ ਕਈ ਹੋਰ ਵੀ ਬੈਠਾ ਸੀ। ਭਾਵੇਂ ਉਹ ਜਾਣ ਬੁੱਝ ਕੇ ਉਹਨੂੰ ਸੰਬੋਧਨ ਕਰ ਕੇ ਗੱਲਾਂ ਨਹੀਂ ਸੀ ਕਰ ਰਿਹਾ, ਪਰ ਸੰਜੋਗ ਨਾਲ ਜੇ ਮਿਸ ਫ਼ੇਅਰਲੀ ਉਹਨੂੰ ਅਜਿਹਾ ਕੋਈ ਮੌਕਾ ਦੇਂਦੀ, ਜਿਸ ਨਾਲ ਉਹ ਸਿੱਧਾ ਉਹਨੂੰ ਕੁਝ ਸੰਬੋਧਨ ਕਰਕੇ ਕਹਿ ਸਕਦਾ ਤਾਂ ਹੀ ਉਹ ਉਹਦੇ ਨਾਲ ਗੱਲ ਕਰਦਾ।

ਉਹਦੀ ਥਾਂ ਤੇ ਜੇ ਕੋਈ ਘੱਟ ਸਿਆਣਾ ਅਤੇ ਸਲੀਕੇ ਵਾਲਾ ਮਰਦ ਹੁੰਦਾ ਤਾਂ ਉਹ ਉਹਨੂੰ ਖਾਸ ਸੰਬੋਧਨ ਕਰਕੇ ਉਹ ਗੱਲਾਂ ਉਦੋਂ ਉਦੋਂ ਕਰਦਾ ਜਾਂਦਾ, ਜਿਉਂ ਜਿਉਂ ਉਹਨੂੰ ਖਿਆਲ ਆਉਂਦਾ। ਮੈਨੂੰ ਇਹ ਵੇਖ ਕੇ ਵੀ ਹੈਰਾਨੀ ਹੋਈ, ਕਿ ਮਿਸ ਫ਼ੇਅਰਲੀ ਵੀ ਉਹਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ; ਭਾਵੇਂ ਉਹ ਪ੍ਰਭਾਵਤ ਨਹੀਂ ਸੀ ਹੋ ਰਹੀ। ਜਦੋਂ ਜਦੋਂ ਉਹ ਉਸ ਵੱਲ ਵੇਖਦਾ, ਜਾਂ ਉਸ ਨੂੰ ਕੁਝ ਕਹਿੰਦਾ ਤਾਂ ਉਹ ਕੁਝ ਘਬਰਾ ਜਿਹੀ ਜਾਂਦੀ; ਪਰ ਉਹ ਉਸ ਦੇ ਦਿਲ ਵਿਚ ਉਸ ਲਈ ਕੋਈ ਨਿੱਘ ਨਹੀਂ ਸੀ। ਉੱਚਾ ਰੁਤਬਾ, ਧਨ ਦੌਲਤ, ਖਾਨਦਾਨ, ਸੁਹਣੀ ਸ਼ਕਲ ਸੂਰਤ, ਇਕ ਸਾਊ ਸਰੀਫ਼ ਪੁਰਸ਼ ਸਤਿਕਾਰ, ਅਤੇ ਇਕ ਪ੍ਰੇਮੀ ਦਾ

ਪਿਆਰ, ਸਭ ਮਿਸ ਫ਼ੇਅਰਲੀ ਦੇ ਕਦਮਾਂ ਤੇ ਬੜੀ ਨਿਮਰਤਾ ਨਾਲ ਨਜ਼ਰ ਕੀਤਾ ਜਾ ਰਿਹਾ ਸੀ, ਪਰ ਜਿਥੋਂ ਤਕ ਦਿਸਦਾ ਸੀ, ਸਭ ਵਿਅਰਥ ਹੀ ਜਾ ਰਿਹਾ ਸੀ।

ਅਗਲੇ ਦਿਨ ਸਵੇਰੇ, ਮੰਗਲਵਾਰ ਨੂੰ, ਸਰ ਪਰਸੀਵਲ (ਇਕ ਨੌਕਰ ਨੂੰ ਨਾਲ ਰਸਤਾ ਵਿਖਾਉਣ ਲਈ ਲੈ ਕੇ) ਟਾਡੇਸ ਕਾਰਨਰ ਗਿਆ। ਉਹਨੇ ਜੋ ਉਥੇ ਪੁੱਛ ਗਿੱਛ ਕੀਤੀ, ਮੈਨੂੰ ਪਿਛੋਂ ਪਤਾ ਲਗਾ ਕਿ ਉਹਦਾ ਕੋਈ ਸਿੱਟਾ ਨਹੀਂ ਸੀ ਨਿਕਲਿਆ। ਉਥੋਂ ਪਰਤ ਕੇ, ਉਹਨੇ ਮਿਸਟਰ ਫ਼ੇਅਰਲੀ ਨਾਲ ਮੁਲਾਕਾਤ ਕੀਤੀ; ਅਤੇ ਤਿਪਹਿਰਾਂ ਨੂੰ ਉਹ ਅਤੇ ਮਿਸ ਹਾਲਕੌਂਬ ਇਕੱਠੇ ਘੋੜਿਆ ਤੇ ਬਾਹਰ ਗਏ। ਹੋਰ ਕੋਈ ਖਾਸ ਗੱਲ ਉਸ ਦਿਨ ਨਹੀਂ ਹੋਈ। ਸ਼ਾਮ ਵੀ ਹੋਰਨਾਂ ਸ਼ਾਮਾਂ ਵਾਂਗ ਹੀ ਬਤੀਤ ਹੋਈ। ਸਰ ਪਰਸੀਵਲ ਵੀ ਪਹਿਲਾਂ ਵਾਂਗ ਹੀ ਸੀ, ਅਤੇ ਮਿਸ ਫੇਅਰਲੀ ਵਿਚ ਵੀ ਕੋਈ ਪ੍ਰੀਵਰਤਨ ਨਹੀਂ ਸੀ ਹੋਇਆ।

ਬੁੱਧਵਾਰ, ਡਾਕ ਆਉਣ ਦੇ ਨਾਲ ਇਕ ਘਟਨਾ ਹੋਈ ਮਿਸਜ਼ ਕੈਥੇਰਿਕ ਦੀ ਚਿੱਠੀ ਵੀ ਆਈ ਸੀ। ਮੈਂ ਉਸ ਚਿੱਠੀ ਦੀ ਇਕ ਨਕਲ ਲਈ ਸੀ, ਜੋ ਮੈਂ ਸਾਂਭ ਕੇ ਰੱਖੀ ਸੀ ਅਤੇ ਇਥੇ ਲਿਖਣੀ ਉਚਿਤ ਸਮਝਦਾ ਹਾਂ। ਇਹ ਚਿੱਠੀ ਇਸ ਤਰਾਂ ਸੀ:

"ਸ੍ਰੀਮਤੀ ਜੀ,

ਮੈਨੂੰ ਤੁਹਾਡੀ ਚਿੱਠੀ ਮਿਲੀ ਹੈ, ਜਿਸ ਵਿਚ ਤੁਸੀਂ ਇਹ ਪੁੱਛਿਆ ਹੈ ਕਿ ਕੀ ਮੇਰੀ ਲੜਕੀ ਏਨ, ਮੇਰੀ ਜਾਣਕਾਰੀ ਅਤੇ ਸਹਿਮਤੀ ਨਾਲ ਡਾਕਟਰੀ ਦੇਖ ਭਾਲ ਅੰਦਰ ਰੱਖੀ ਗਈ ਸੀ; ਅਤੇ ਕੀ ਸਰ ਪਰਸੀਵਲ ਗਲਾਈਡ ਨੇ ਜੋ ਭਾਗ ਇਸ ਕੰਮ ਵਿਚ ਲਿਆ, ਕੀ ਉਸ ਲਈ ਮੈਂ ਉਹਦੀ ਅਹਿਸਾਨਮੰਦ ਹਾਂ। ਤੁਹਾਡਾ ਇਨ੍ਹਾਂ ਦੋਹਾਂ ਪ੍ਰਸ਼ਨਾਂ ਦਾ ਉੱਤਰ ਮੇਰੀ ਹਾਂ ਵਿਚ ਹੈ। ਮੈਂ ਹਾਂ ਤੁਹਾਡੀ ਆਗਿਆਕਾਰੀ ਨੌਕਰ।

ਜੇਨ ਏਨ ਕੈਥੇਰਿਕ। "

ਬੜੀ ਸੰਖੇਪ, ਤਿੱਖੀ, ਅਤੇ ਕੋਈ ਫਾਲਤੂ ਗੱਲ ਨਹੀਂ ਅਜਿਹਾ ਅਮਲੀ, ਸਿੱਧਾ ਅਤੇ ਸਪੱਸ਼ਟ ਪੱਤਰ ਆਮ ਤੌਰ ਤੇ ਔਰਤਾਂ ਨਹੀਂ ਲਿਖਦੀਆਂ, ਵਿਸ਼ੇ-ਵਸਤੂ ਵਲੋਂ ਸਰ ਪਰਸੀਵਲ ਗਲਾਈਡ ਦੇ ਕਥਨ ਦੀ ਉਨੀ ਹੀ ਪ੍ਰੋੜਤਾ, ਜਿੰਨੀ ਕਿ ਉਮੀਦ ਕੀਤੀ ਜਾ ਸਕਦੀ ਸੀ। ਮੇਰੀ ਤਾਂ ਇਹ ਹੀ ਰਾਏ ਸੀ, ਅਤੇ ਮੋਟੇ ਤੌਰ ਤੇ ਮਿਸ ਹਾਲਕੌਂਬ ਦਾ ਵੀ ਇਹੀ ਵਿਚਾਰ ਸੀ। ਸਰ ਪਰਸੀਵਲ ਨੂੰ ਜਦੋਂ ਇਹ ਚਿੱਠੀ ਵਿਖਾਈ ਗਈ ਤਾਂ ਉਹਨੇ ਚਿੱਠੀ ਦੀ ਸੰਖੇਪਤਾ ਅਤੇ

ਤਿਖੇਪਨ ਵੱਲ ਕੋਈ ਖਿਆਲ ਹੀ ਨਾ ਕੀਤਾ। ਉਹਨੇ ਸਾਨੂੰ ਦਸਿਆ ਕਿ ਮਿਸਿਜ਼ ਕੈਥੇਰਿਕ ਬੋਲਦੀ ਵੀ ਥੋੜਾ ਸੀ; ਅਤੇ ਉਹਨੂੰ ਹਰ ਗੱਲ ਨੂੰ ਬੜੇ ਅਤੇ ਸਪੱਸ਼ਟ ਸ਼ਬਦਾਂ ਵਿਚ ਕਹਿਣ ਦੀ ਆਦਤ ਸੀ; ਅਤੇ ਉਹ ਕਲਪਨਾਸ਼ੀਲ ਰਤਾ ਨਹੀਂ ਸੀ। ਉਹ ਉਵੇਂ ਹੀ ਲਿਖਦੀ ਸੀ ਸੰਖੇਪ ਅਤੇ ਸ਼ਪੱਸ਼ਟ, ਜਿਵੇਂ ਉਹ ਬਲਦੀ ਸੀ। ਉੱਤਰ ਮਿਲਣ ਤੇ ਸਾਡਾ ਹੁਣ ਅਗਲਾ ਫਰਜ਼ ਇਹ ਬਣਦਾ ਸੀ ਕਿ ਅਸੀਂ ਮਿਸ ਫ਼ੇਅਰਲੀ ਨੂੰ ਸਰ ਪਰਸੀਵਲ ਦੀ ਦੱਸੀ ਹੋਈ ਗੱਲ ਤੋਂ ਜਾਣੂੰ ਕਰਵਾਈਏ। ਮਿਸ ਹਾਲਕੌਂਬ ਨੇ ਇਹ ਕੰਮ ਆਪਣੇ ਜ਼ਿੰਮੇ ਲਿਆ ਸੀ, ਅਤੇ ਉਹ ਆਪਣੀ ਭੈਣ ਕੋਲ ਜਾਣ ਲਈ ਕਮਰੇ ਵਿਚੋਂ ਬਾਹਰ ਚਲੀ ਗਈ ਸੀ; ਪਰ ਉਹ ਅਚਾਨਕ ਹੀ ਫਿਰ ਪਰਤ ਆਈ ਅਤੇ ਮੇਰੀ ਆਰਾਮ ਕੁਰਸੀ ਦੇ ਨੇੜੇ ਆ ਕੇ ਬੈਠ ਗਈ, ਜਿਥੇ ਬੈਠਾ ਮੈਂ ਅਖਬਾਰ ਪੜ੍ਹ ਰਿਹਾ ਸਾਂ। ਸਰ ਪਰਸੀਵਲ ਇਕ ਮਿੰਟ ਪਹਿਲਾਂ ਹੀ ਬਾਹਰ ਅਸਤਬਲ ਵੱਲ ਗਿਆ ਸੀ, ਅਤੇ ਅਸੀ ਕਮਰੇ ਵਿਚ ਇਕੱਲੇ ਹੀ ਰਹਿ ਗਏ ਸਾਂ।

"ਮੇਰਾ ਖ਼ਿਆਲ ਹੈ ਕਿ ਅਸੀਂ ਜੋ ਕਰ ਸਕਦੇ ਸਾਂ, ਸੱਚਮੁਚ ਕਰ ਚੁੱਕੇ ਹਾਂ?" ਉਹ ਮਿਸਿਜ਼ ਕੈਥੇਰਿਕ ਦੀ ਚਿੱਠੀ ਨੂੰ ਹੱਥਾਂ ਵਿਚ ਮਰੋੜਦੀ ਹੋਈ ਬੋਲੀ।

"ਜੇ ਅਸੀਂ ਸਰ ਪਰਸੀਵਲ ਦੇ ਮਿੱਤਰ ਹਾਂ, ਜੋ ਉਹਨੂੰ ਜਾਣਦੇ ਹਾਂ ਅਤੇ ਉਹਦੇ ਤੇ ਵਿਸ਼ਵਾਸ ਕਰਦੇ ਹਾਂ, ਤਾਂ ਅਸੀਂ ਸਭ ਕੁਝ ਕਰ ਚੁਕੇ ਹਾਂ-ਸਗੋਂ ਲੋੜ ਤੋਂ ਵਧ ਕਰ ਚੁਕੇ ਹਾਂ, ' ਮੈਂ ਉੱਤਰ ਦਿਤਾ, ਮੈਨੂੰ ਉਹਨੂੰ ਮੁੜ ਦੁਚਿੱਤੀਆ ਵਿਚ ਪਈ ਵੇਖ ਕੇ ਗੁੱਸਾ ਆ ਗਿਆ। ਪਰ ਅਸੀਂ ਉਹਦੇ ਦੁਸ਼ਮਣ ਹਾਂ ਜੋ ਉਹਦੇ ਤੇ ਸ਼ੱਕ ਕਰਦੇ।"

"ਇਕ ਹੋਰ ਵਿਚਾਰ ਤਾਂ ਸੋਚਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ," ਉਹ ਮੇਰੀ ਗੱਲ ਟੁੱਕ ਕੇ ਬੋਲੀ! "ਅਸੀਂ ਸਰ ਪਰਸੀਵਲ ਦੇ ਮਿੱਤਰ ਹਾਂ। ਉਹਦੀ ਉਦਾਰਤਾ ਅਤੇ ਸਹਿਨਸ਼ੀਲਤਾ ਵੇਖ ਕੇ ਸਾਡਾ ਉਹਦੇ ਲਈ ਸਤਿਕਾਰ ਵਧਣਾ ਚਾਹੀਦਾ ਹੈ; ਸਾਨੂੰ ਮਿਤਰ ਹੋਣ ਦੇ ਨਾਲ ਨਾਲ ਉਹਦੇ ਪ੍ਰਸੰਸਕ ਵੀ ਹੋਣਾ ਚਾਹੀਦਾ ਹੈ। ਤੁਹਾਨੂੰ ਪਤਾ ਹੈ ਕਿ ਕੱਲ੍ਹ ਉਹ ਮਿਸਟਰ ਫ਼ੇਅਰਲੀ ਨੂੰ ਮਿਲਣ ਮਗਰੋਂ ਮੇਰੇ ਨਾਲ ਘੋੜੇ ਤੇ ਸੱਰ ਕਰਨ ਗਿਆ ਸੀ?"

"ਹਾਂ ਮੈਂ ਤੁਹਾਨੂੰ ਦੋਹਾਂ ਨੂੰ ਘੋੜਿਆ ਤੇ ਜਾਂਦਿਆਂ ਵੇਖਿਆ ਸੀ।"

"ਸੈਰ ਦੇ ਸ਼ੁਰੂ ਵਿਚ ਏਨ ਕੈਥੇਰਿਕ ਦੀ ਗੱਲ ਛਿੜ ਪਈ, ਅਤੇ ਅਸੀਂ ਮਿਸਟਰ ਹਾਰਟਰਾਈਟ ਅਤੇ ਏਨ ਦੀ ਅਨੋਖੀ ਮੁਲਾਕਾਤ ਬਾਰੇ ਗੱਲਾਂ ਕਰਦੇ ਰਹੇ। ਪਰ ਫਿਰ ਅਸੀਂ ਇਸ ਵਿਸ਼ੇ ਨੂੰ ਛੱਡ ਹੀ ਦਿਤਾ। ਇਸ ਤੋਂ ਮਗਰੋਂ ਸਰ ਪਰਸੀਵਲ ਨੇ ਲਾਰਾਂ ਨਾਲ ਆਪਣੀ ਕੁੜਮਾਈ ਬਾਰੇ ਬੜੇ ਬੇ-ਗਰਜ ਢੰਗ ਨਾਲ ਗੱਲ ਕੀਤੀ। ਉਹਨੇ ਕਿਹਾ ਕਿ ਉਹਨੂੰ ਲਾਰਾ ਕੁਝ ਸੁਸਤ ਦਿਸਦੀ ਸੀ, ਅਤੇ ਉਹ ਉਹਦੇ ਵਤੀਰੇ ਵਿਚ ਤਬਦੀਲੀ ਦਾ ਕਾਰਣ ਉਹਦੀ ਸਿਹਤ ਹੀ ਸਮਝੇਗਾ। ਪਰ ਜੇ ਇਸ ਪ੍ਰੀਵਰਤਨ ਦਾ ਕੋਈ ਹੋਰ ਗੰਭੀਰ ਕਾਰਣ ਹੈ ਤਾਂ ਉਹ ਮਿੰਨਤ ਕਰੇਗਾ, ਕਿ ਨਾ ਤੇ ਮਿਸਟਰ ਫ਼ੇਅਰਲੀ ਅਤੇ ਨਾ ਹੀ ਮੈਂ ਉਹਦੇ ਉਤੇ ਕੋਈ ਫਾਲਤੂ ਜ਼ੋਰ ਪਾਈਏ। ਜੇ ਕੋਈ ਅਜਿਹੀ ਗੱਲ ਹੈ ਤਾਂ ਉਹ ਇਹੀ ਕਹੇਗਾ ਕਿ ਮਿਸ ਫ਼ੇਅਰਲੀ ਇਕ ਵਾਰ ਉਹ ਹਾਲਾਤ ਯਾਦ ਕਰੇ, ਜਦ ਉਨ੍ਹਾਂ ਦੀ ਕੁੜਮਾਈ ਹੋਈ ਸੀ, ਅਤੇ ਇਕ ਵਾਰ ਸ਼ੁਰੂ ਤੋਂ ਅੱਜ ਤੀਕ ਉਹ ਉਹਦੇ ਵਤੀਰੇ ਵੱਲ ਨਜ਼ਰ ਮਾਰੇ। ਇਨ੍ਹਾਂ ਦੋਹਾਂ ਗੱਲਾਂ ਤੇ ਵਿਚਾਰ ਕਰਨ ਮਗਰੋਂ ਉਹਦੀ ਇਹ ਮਰਜੀ ਹੋਈ ਕਿ ਉਹ ਉਹਨੂੰ ਆਪਣਾ ਪਤੀ ਬਣਾਉਣ ਦਾ ਮਾਣ ਨਹੀਂ ਬਖਸ਼ ਸਕਦੀ ਤਾਂ ਉਹ ਆਪਣੇ ਬੁਲ੍ਹਾਂ ਨਾਲ ਸਪੱਸ਼ਟ ਇਹ ਗੱਲ ਕਹਿ ਦੇਵੇ ਤਾਂ ਉਹ ਆਪਣੀ ਕੁਰਬਾਨੀ ਦੇ ਕੇ ਵੀ ਉਹਨੂੰ ਇਸ ਕੁੜਮਾਈ ਤੋਂ ਰਿਹਾ ਕਰ ਦੇਵੇਗਾ।"

"ਕਈ ਮਰਦ ਇਸ ਤੋਂ ਵਧ ਨਹੀਂ ਕਹਿ ਸਕਦਾ, ਮਿਸ ਹਾਲਕੌਂਬ ਮੇਰਾ ਤਜਰਬਾ ਹੈ, ਕਿ ਉਹਦੀ ਸਥਿੱਤੀ ਵਿਚ ਕੋਈ ਵਿਰਲਾ ਮਰਦ ਹੀ ਏਨੀ ਗੱਲ ਵੀ ਕਹਿੰਦਾ।"

ਮੇਰੀ ਗੱਲ ਸੁਣ ਕੇ ਉਹ ਚੁੱਪ ਕਰ ਗਈ ਅਤੇ ਮੇਰੇ ਵੱਲ ਅਜੀਬ ਦੁੱਖ ਭਰੀ ਘਬਰਾਹਟ ਨਾਲ ਵੇਖਣ ਲੱਗ ਪਈ।

"ਮੈਂ ਕਿਸੇ ਨੂੰ ਦੋਸ਼ ਨਹੀਂ ਦੇਂਦੀ, ਅਤੇ ਨਾ ਹੀ ਮੈਂ ਕਿਸ ਉਤੇ ਸ਼ੱਕ ਕਰਦੀ ਹਾਂ।" ਉਹ ਅਚਾਨਕ ਹੀ ਚੁੱਪ ਕਰ ਗਈ, "ਪਰ ਮੈਂ ਇਹ ਜ਼ਿੰਮੇਵਾਰੀ ਨਹੀਂ ਲੈ ਸਕਦੀ ਕਿ ਲਾਰਾ ਨੂੰ ਇਸ ਵਿਆਹ ਲਈ ਮੰਨਾਵਾਂਗੀ।"

"ਇਸੇ ਨੂੰ ਕਰਨ ਲਈ ਤਾਂ ਸਰ ਪਰਸੀਵਲ ਨੇ ਤੁਹਾਨੂੰ ਬੇਨਤੀ ਕੀਤੀ ਹੈ;" ਮੈਂ ਹੈਰਾਨ ਹੋ ਕੇ ਉੱਤਰ ਦਿਤਾ। "ਉਹਨੇ ਇਹੀ ਤਾਂ ਤੁਹਾਨੂੰ ਕਿਹਾ ਹੈ ਕਿ ਤੁਸੀਂ ਉਹਦੀ ਮਰਜ਼ੀ ਵਿਰੁਧ ਕੁੱਝ ਕਰਨ ਤੇ ਜ਼ੋਰ ਨਾ ਪਾਉ।"

"ਅਤੇ ਜੇ ਮੈਂ ਉਹਨੂੰ ਉਸ ਦਾ ਸੁਨੇਹਾ ਦਿਆਂਗੀ, ਤਾਂ ਤੇ ਇਕ ਤਰਾਂ ਨਾਲ ਲਾਰਾ ਨੂੰ ਮਜ਼ਬੂਰ ਹੀ ਕਰ ਰਹੀ ਹੋਵਾਂਗੀ।""

"ਇਹ ਕਿਵੇਂ ਸੰਭਵ ਹੈ?'

"ਤੁਸੀਂ ਆਪ ਲਾਰਾ ਨੂੰ ਜਾਣਦੇ ਹੋ, ਮਿਸਟਰ ਗਿਲਮੋਰ। ਜੇ ਮੈਂ ਉਹਨੂੰ ਇਹ ਕਵਾਂਗੀ ਕਿ ਉਹ ਆਪਣੀ ਕੁੜਮਾਈ ਦਾ ਸਮਾਂ ਯਾਦ ਕਰੇ, ਤਾਂ ਮੈਂ ਉਹਦੇ ਮਨ ਦੀਆਂ ਉਨ੍ਹਾਂ ਭਾਵਨਾਵਾਂ ਨੂੰ ਜਗਾ ਦਿਆਂਗੀ, ਉਹਦੇ ਪਿਤਾ ਦੀ ਯਾਦ ਅਤੇ ਉਹਦਾ ਸਚਾਈ ਲਈ ਪਿਆਰ। ਤੁਸੀਂ ਜਾਣਦੇ ਹੀ ਹੋ ਕਿ ਉਹਨੇ ਆਪਣੀ ਜ਼ਿੰਦਗੀ ਵਿਚ ਕੋਈ ਇਕਰਾਰ ਨਹੀਂ ਤੋੜਿਆ, ਅਤੇ ਤੁਸੀਂ ਇਹ ਵੀ ਜਾਣਦੇ ਹੋ ਕਿ ਉਹ ਇਸ ਕੁੜਮਾਈ ਲਈ ਤਾਂ ਮੰਨੀ ਸੀ ਜਦ ਉਹਦਾ ਪਿਤਾ ਬੀਮਾਰ ਪਿਆ ਸੀ, ਅਤੇ ਉਹ ਮਰਨ ਵੇਲੇ ਤੀਕ ਸਰ ਪਰਸੀਵਲ ਅਤੇ ਉਹਦੇ ਵਿਆਹ ਬਾਰੇ ਆਸ ਭਰੀ ਖੁਸ਼ੀ ਨਾਲ ਗੱਲਾਂ ਕਰ ਰਿਹਾ ਸੀ। " ਮੈਂ ਸਵੀਕਾਰ ਕੀਤਾ ਕਿ ਇਸ ਦ੍ਰਿਸ਼ਟੀਕੋਣ ਤੋਂ ਵੇਖਿਆ ਉਹ ਠੀਕ ਕਹਿ ਰਹੀ ਸੀ ਅਤੇ ਮੈਨੂੰ ਰਤਾ ਕੁ ਧੱਕਾ ਲੱਗਾ।

"ਤਾਂ, ਕੀ ਤੁਹਾਡਾ ਇਹ ਭਾਵ ਹੈ ਕਿ ਕੱਲ੍ਹ ਜਦ ਸਰ ਪਰਸੀਵਲ ਨੇ ਤੁਹਾਨੂੰ ਇਹ ਕਿਹਾ ਸੀ ਤਾਂ ਉਹਨੂੰ ਅਜਿਹੇ ਸਿੱਟੇ ਬਾਰੇ ਪਤਾ ਸੀ, ਜਿਸ ਦਾ ਤੁਸੀਂ ਹੁਣੇ ਜ਼ਿਕਰ ਕੀਤਾ ਹੈ?"

ਉਹਦੇ ਬੋਲਣ ਤੋਂ ਪਹਿਲਾਂ ਹੀ ਉਹਦਾ ਨਿਡਰ ਅਤੇ ਨਿਰਛਲ ਚਿਹਰਾ ਮੇਰਾ ਉੱਤਰ ਦੇ ਚੁੱਕਾ ਸੀ।

"ਕੀ ਤੁਹਾਡਾ ਖ਼ਿਆਲ ਹੈ ਕਿ ਮੈਂ ਇਕ ਮਿੰਟ ਵੀ ਉਸ ਆਦਮੀ ਦੇ ਸਾਥ ਵਿਚ ਰਹਿੰਦੀ, ਜੋ ਅਜਿਹੀ ਕਮੀਨੀ ਗੱਲ ਸੋਚਦਾ?' ਉਹਨੇ ਗੁੱਸੇ ਵਿਚ ਭਰਕੇ ਕਿਹਾ। ਉਹਦਾ ਇੰਜ ਮੈਨੂੰ ਗੁੱਸੇ ਹੋ ਕੇ ਪੈਣਾ ਚੰਗਾ ਲੱਗਾ। ਆਪਣੇ ਕੰਮ ਵਿਚ ਅਸੀਂ ਈਰਖਾ ਤੇ ਬਦਨੀਤੀ ਹੀ ਵੇਖਦੇ ਹਾਂ- ਗੁੱਸਾ ਅਤੇ ਰੋਸ ਬਹੁਤ ਘੱਟ ਸਾਡੇ ਸਾਹਮਣੇ ਆਉਂਦਾ ਹੈ।

"ਤਾਂ ਇਸ ਹਾਲਤ ਵਿਚ," ਮੈਂ ਕਿਹਾ, "ਖਿਮਾਂ ਕਰਨਾ ਜੇ ਮੈਂ ਤੁਹਾਨੂੰ ਇਹ ਕਵ੍ਹਾਂ ਕਿ ਸਾਡੀ ਵਕੀਲਾਂ ਦੀ ਬੋਲੀ ਅਨੁਸਾਰ, ਤੁਸੀਂ ਗੱਲ ਤੋਂ ਪਰਲੇ ਪਾਸੇ ਜਾ ਰਹੇ ਹੋ। ਭਾਵੇਂ ਕੋਈ ਵੀ ਨਤੀਜਾ ਨਿਕਲੇ, ਸਰ ਪਰਸੀਵਲ ਨੂੰ ਇਹ ਅਧਿਕਾਰ ਹੈ, ਕਿ ਉਹ ਤੁਹਾਡੀ ਭੈਣ ਕੋਲੋਂ ਇਹ ਆਸ ਕਰੇ ਕਿ ਉਹ ਅਪਣੀ ਕੁੜਮਾਈ ਨੂੰ ਹਰ ਇਕ ਦ੍ਰਿਸ਼ਟੀਕੋਣ ਤੋਂ ਵੇਖ ਲਵੇ, ਇਸ ਤੋਂ ਪਹਿਲਾਂ ਕਿ ਉਹ ਇਸ ਕੁੜਮਾਈ ਨੂੰ ਤੋੜਨ ਦੀ ਮੰਗ ਕਰੇ। ਜੇ ਉਸ ਬਦਸਗਨੀ ਚਿੱਠੀ ਕਾਰਣ ਤੁਹਾਡੀ ਭੈਣ ਸਰ ਪਰਸੀਵਲ ਵਿਰੁਧ ਕੁਝ ਵਹਿਮਾਂ ਜਾਂ ਭਰਮਾ ਵਿਚ ਪੈ ਗਈ ਹੈ ਤਾਂ ਉਹਨੂੰ ਜਾ ਕੇ ਫੋਰਨ ਦੱਸ ਦਿਉ ਕਿ ਸਰ ਪਰਸੀਵਲ ਨੇ ਮੇਰੀ ਅਤੇ ਤੁਹਾਡੀ ਤਸੱਲੀ ਕਰਾ

ਦਿੱਤੀ ਹੈ। ਇਸ ਤੋਂ ਮਗਰੋਂ ਉਹਨੂੰ ਹੋਰ ਕੀ ਉਜਰ ਹੋ ਸਕਦਾ ਹੈ? ਜਿਸ ਨੂੰ ਉਹ ਲਗਭਗ ਦੋ ਵਰ੍ਹਿਆਂ ਤੋਂ ਆਪਣਾ ਪਤੀ ਹੀ ਮੰਨ ਚੁੱਕੀ ਹੈ। ਹੁਣ ਉਸ ਬਾਰੇ ਬਦਲ ਜਾਣ ਲਈ ਉਹ ਕਿਹੜਾ ਬਹਾਨਾ ਲੱਭ ਰਹੀ ਹੈ?"

"ਦਲੀਲ ਅਤੇ ਕਾਨੂੰਨ ਦੀਆ ਅੱਖਾਂ ਸਾਹਮਣੇ ਉਹਦੇ ਕੋਲ, ਠੀਕ ਹੈ, ਕੋਈ ਬਹਾਨਾ ਨਹੀਂ ਮਿਸਟਰ ਗਿਲਮੌਰ। ਜੇ ਹੁਣ ਵੀ ਉਹ ਤਿਹਕਦੀ ਹੈ ਅਤੇ ਮੈਂ ਵੀ ਸ਼ਸ਼ੋਪੰਜ ਵਿਚ ਹਾਂ ਤਾਂ ਤੁਸੀਂ ਸਾਡਾ ਇਹ ਅਨੋਖਾ ਵਤੀਰਾ ਸਾਡੇ ਮਨਾਂ ਦਾ ਭਰਮ ਹੀ ਕਹਿ ਲਵੋ, ਅਤੇ ਅਸੀਂ ਦੋਵੇਂ ਇਹ ਦੂਸ਼ਣ ਆਪਣੇ ਮੱਥੇ ਲੈਣ ਨੂੰ ਤਿਆਰ ਹਾਂ।"

ਇਹ ਗੱਲ ਕਹਿ ਕੇ ਉਹ ਇਕਾਇਕ ਚਲੀ ਗਈ। ਜਦੋਂ ਇਕ ਸਿਆਣੀ ਅਤੇ ਸਮਝਦਾਰ ਔਰਤ ਕਿਸੇ ਪ੍ਰਸ਼ਨ ਗੰਭੀਰ ਦਾ ਉੱਤਰ ਲਾਪ੍ਰਵਾਹੀ ਨਾਲ ਦੇਵੇਂ ਤਾਂ ਇਹ ਇਸ ਗੱਲ ਦਾ ਗੰਭੀਰ ਚਿੰਨ ਹੈ ਕਿ ਨੜਿੰਨਵੇਂ ਫੀਸਦੀ ਉਹ ਕੁਝ ਨਾ ਕੁਝ ਛੁਪਾ ਰਹੀ ਹੈ। ਮੈਂ ਮੁੜ ਆਪਣੀ ਅਖਬਾਰ ਪੜ੍ਹਨ ਵਿਚ ਰੁੱਝ ਗਿਆ, ਅਤੇ ਮੇਰੇ ਦਿਲ ਵਿਚ ਹੁਣ ਇਹ ਸ਼ੱਕ ਪੱਕਾ ਹੋ ਗਿਆ ਸੀ, ਕਿ ਮਿਸ ਹਾਲਕੌਂਬ ਅਤੇ ਮਿਸ ਫ਼ੇਅਰਲੀ ਵਿਚਕਾਰ ਕੋਈ ਭੇਤ ਹੈ ਜੋ ਉਹ ਸਰ ਪਰਸੀਵਲ ਤੋਂ ਅਤੇ ਮੇਰੇ ਤੋਂ ਵੀ ਛੁਪਾ ਰਹੀਆਂ ਹਨ। ਮੈਂ ਸੋਚਿਆ, ਇਹ ਸਾਡੇ ਨਾਲ ਵਧੀਕੀ ਹੋ ਰਹੀ ਸੀ ਖ਼ਾਸ ਕਰਕੇ ਸਰ ਪਰਸੀਵਲ ਨਾਲ। ਮੇਰਾ ਸ਼ੱਕ, ਅਤੇ ਜੇ ਮੈਂ ਠੀਕ ਸ਼ਬਦ ਵਰਤਾਂ ਤਾਂ ਮੇਰਾ ਵਿਸ਼ਵਾਸ ਮਿਸ ਹਾਲਕੌਂਬ ਦੇ ਉਸ ਵਤੀਰੇ ਅਤੇ ਗੱਲਾਂ ਨਾਲ ਬਿਲਕੁਲ ਪੱਕਾ ਹੋ ਗਿਆ, ਜਦੋਂ ਉਹ ਦੁਪਿਹਰੀ ਮੈਨੂੰ ਮੁੜ ਕੇ ਮਿਲੀ। ਉਹ ਆਪਣੀ ਭੈਣ ਨਾਲ ਹੋਈ ਮੁਲਾਕਾਤ ਬੜੀ ਸੰਖੇਪ ਵਿਚ ਦਸ ਰਹੀ ਸੀ ਅਤੇ ਕੁਝ ਨਾ ਕੁਝ ਛੁਪਾ ਵੀ ਰਹੀ ਸੀ। ਜਦ ਮਿਸ ਫ਼ੇਅਰਲੀ ਨੂੰ ਚਿੱਠੀ ਦੀ ਸਾਰੀ ਗੱਲ ਠੀਕ ਦ੍ਰਿਸ਼ਟੀਕਣ ਤੋਂ ਦੱਸੀ ਗਈ ਤਾਂ ਜਾਪਦਾ ਹੈ, ਉਹ ਚੁੱਪ ਚਾਪ ਸੁਣਦੀ ਰਹੀ, ਪਰ ਜਦੋਂ ਮਿਸ ਹਾਲਕੌਂਬ ਨੇ ਉਹਨੂੰ ਇਹ ਦੱਸਿਆ ਕਿ ਸਭ ਪਰਸੀਵਲ ਦਾ ਲਿਮਰਿਜ ਆਉਣ ਦਾ ਇਹ ਮਨੋਰਥ ਹੈ ਕਿ ਉਹ ਉਹਨੂੰ ਵਿਆਹ ਲਈ ਕੋਈ ਦਿਨ ਨੀਯਤ ਕਰਨ ਲਈ ਮਨਾਉਣਾ ਚਾਹੁੰਦਾ ਹੈ; ਤਾਂ ਮਿਸ ਫ਼ੇਅਰਲੀ ਨੇ ਇੰਨਾ ਕਹਿ ਕੇ ਗੱਲ ਖ਼ਤਮ ਕਰ ਦਿੱਤੀ ਕਿ ਉਹਨੂੰ ਇਸ ਵਿਸ਼ੇ ਬਾਰੇ ਸੋਚਣ ਲਈ ਥੋੜਾ ਸਮਾਂ ਹੋਰ ਚਾਹੀਦਾ ਹੈ। ਜੇ ਸਰ ਪਰਸੀਵਲ ਇਸ ਵੇਲੇ ਉਹਨੂੰ ਇਹ ਗੱਲ ਨਾ ਪੁੱਛਣ ਦੀ ਕਿਰਪਾ ਕਰੇ ਤਾਂ ਉਹ ਇਸ ਸਾਲ ਦੇ

ਮੁਕਣ ਤੋਂ ਪਹਿਲਾਂ ਉਹਨੂੰ ਆਪਣਾ ਉੱਤਰ ਅਵੱਸ ਦੇ ਦੇਵੇਂਗੀ। ਉਹਨੇ ਇੰਨੀ ਘਬਰਾਹਟ ਅਤੇ ਚਿੰਤਾ ਨਾਲ ਇਸ ਸਮੇਂ ਦੀ ਮੰਗ ਕੀਤੀ ਸੀ ਕਿ ਮਿਸ ਹਾਲਕੌਂਬ ਨੇ ਸਰ ਪਰਸੀਵਲ ਨੂੰ ਇਹ ਗੱਲ ਮੰਨਵਾ ਲੈਣ ਦਾ ਇਕਰਾਰ ਕੀਤਾ, ਅਤੇ ਮਿਸ ਫ਼ੇਅਰਲੀ ਦੀ ਬੇਨਤੀ ਤੇ ਵਿਆਹ ਬਾਰੇ ਅੱਗੋਂ ਹੋਰ ਕੋਈ ਗੱਲ ਨਾ ਛੇੜੀ ਗਈ।

ਇਹ ਬਿਲਕੁਲ ਕੰਮ-ਚਲਾਉ, ਵਿਵਸਥਾ, ਉਸ ਮੁਟਿਆਰ ਲਈ ਤਾਂ ਜ਼ਰੂਰ ਇਕ ਸਰਲ ਅਤੇ ਸੁਖਾਲਾ ਕੰਮ ਹੋਵੇਗਾ, ਪਰ ਇਨ੍ਹਾਂ ਸਤਰਾਂ ਦੇ ਲਿਖਾਰੀ ਲਈ ਇਹ ਉਲਝਣਾ ਭਰਿਆ ਇੰਤਜ਼ਾਮ ਸੀ। ਉਸ ਸਵੇਰ ਦੀ ਡਾਕ ਰਾਹੀਂ ਮੇਰੇ ਭਾਈਵਾਲ ਦੀ ਇਕ ਚਿੱਠੀ ਆਈ ਸੀ, ਜਿਸ ਕਾਰਨ ਮੈਨੂੰ ਅਗਲੇ ਦਿਨ ਦੁਪਹਿਰ ਦੀ ਗੱਡੀ ਲਿਮਰਿਜ ਤੋਂ ਜ਼ਰੂਰ ਜਾਣਾ ਪੈਣਾ ਸੀ। ਇਹ ਬੜੀ ਵੱਡੀ ਸੰਭਾਵਨਾ ਸੀ ਕਿ ਮੈਨੂੰ ਲਿਮਰਿਜ ਆਉਣ ਦਾ ਦੂਜਾ ਮੌਕਾ ਇਸ ਸਾਲ ਵਿਚ ਨਹੀਂ ਮਿਲੇਗਾ ਅਤੇ ਜੇ ਮਿਸ ਫ਼ੇਅਰਲੀ ਆਪਣੀ ਇਸ ਕੁੜਮਾਈ ਨੂੰ ਹੀ ਮੰਨਣ ਦਾ ਨਿਰਣਾ ਕਰ ਲਵੇ, ਤਾਂ ਮੇਰਾ ਉਹਦੀ ਜਾਇਦਾਦ ਦੇ ਕਾਗਜ਼ ਤਿਆਰ ਕਰਨ ਤੋਂ ਪਹਿਲਾਂ, ਉਹਨੂੰ ਮਿਲਣਾ ਲਗਭਗ ਅਸੰਭਵ ਹੀ ਸੀ। ਉਸ ਵੇਲੇ ਸਾਨੂੰ ਉਹ ਪ੍ਰਸ਼ਨ ਲਿਖਕੇ ਹੀ ਪੁਛਣੇ ਪੈਣਗੇ ਜੋ ਇਕ ਦੂਜੇ ਦੇ ਆਹਮਣੇ ਸਾਹਮਣੇ ਬੈਠ ਕੇ ਪੁੱਛੇ ਜਾਣੇ ਚਾਹੀਦੇ ਹਨ। ਜਦੋਂ ਤੀਕ ਸਰ ਪਰਸੀਵਲ ਨਾਲ ਇਸ ਫੈਸਲੇ ਨੂੰ ਅੱਗੇ ਪਾਉਣ ਦੀ ਚਰਚਾ ਨਾ ਕਰ ਲਈ ਜਾਏ, ਮੈਂ ਆਪਣੀ ਔਖਿਆਈ ਬਾਰੇ ਚੁੱਪ ਰਿਹਾ; ਉਹ ਏਨਾ ਸ਼ਰੀਫ਼ ਅਤੇ ਸ਼ਾਨਦਾਰ ਆਦਮੀ ਸੀ ਕਿ ਏਸ ਬੇਨਤੀ ਨੂੰ ਝੱਟ ਹੀ ਮੰਨ ਗਿਆ। ਜਦ ਮਿਸ ਹਾਲਕੌਂਬ ਨੇ ਮੈਨੂੰ ਇਹ ਖਬਰ ਦਿਤੀ ਤਾਂ ਮੈਂ ਉਹਨੂੰ ਦੱਸਿਆ ਕਿ ਮੈਂ ਲਿਮਰਿਜ ਤੋਂ ਜਾਣ ਤੋਂ ਪਹਿਲਾਂ ਉਹਦੀ ਭੈਣ ਨੂੰ ਜ਼ਰੂਰ ਮਿਲਣਾ ਚਾਹੁੰਦਾ ਹਾਂ। ਇਸ ਲਈ ਇਹ ਵਿਵਸਥਾ ਕੀਤੀ ਗਈ ਕਿ ਮੈਂ ਅਗਲੀ ਸਵੇਰ ਨੂੰ ਮਿਸ ਫ਼ੇਅਰਲੀ ਨੂੰ ਉਸਦੀ ਬੈਠਕ ਵਿਚ ਹੀ ਮਿਲਾਂਗਾ। ਉਹ ਰੋਟੀ ਖਾਣ ਵੀ ਨਾ ਆਈ ਅਤੇ ਨਾ ਹੀ ਉਹ ਸਾਮੀਂ ਸਾਡੇ ਨਾਲ ਰਲ ਕੇ ਬੈਠੀ। ਉਹਦੀ ਤਬੀਅਤ ਖਰਾਬ ਦੱਸੀ ਗਈ ਸੀ, ਅਤੇ ਮੈਨੂੰ ਲਗਾ ਕਿ ਜਦੋਂ ਸਰ ਪਰਸੀਵਲ ਨੇ ਇਹ ਸੁਣਿਆ, ਉਹ ਕੁਝ ਗੁੱਸੇ ਵਿਚ ਸੀ।

ਅਗਲੀ ਸਵੇਰ ਨੂੰ, ਜਿਉਂ ਹੀ ਨਾਸ਼ਤਾ ਖਤਮ ਹੋਇਆ, ਮੈਂ ਮਿਸ ਫ਼ੇਅਰਲੀ ਦੀ ਬੈਠਕ ਵਿਚ ਗਿਆ। ਉਹ ਵਿਚਾਰੀ ਕੁੜੀ ਏਨੀ ਪੀਲੀ ਅਤੇ ਉਦਾਸ ਦਿਸ ਰਹੀ ਸੀ, ਅਤੇ

ਉਹ ਮੈਨੂੰ ਇੰਜ ਪਿਆਰ ਨਾਲ ਅਤੇ ਸੋਹਣੀ ਤਰ੍ਹਾਂ ਮਿਲੀ ਕਿ ਮੇਰਾ ਉਹਨੂੰ ਉਹਦੀ ਇਸ ਸਨਕ ਅਤੇ ਦੁਬਿਧਾ ਉਤੇ ਲੈਕਚਰ ਦੇਣ ਦਾ ਉਹ ਪੱਕਾ ਇਰਾਦਾ ਜੋ ਮੈਂ ਉੱਪਰ ਆਉਂਦਿਆਂ ਰਾਹ ਵਿਚ ਬਣਾਇਆ ਸੀ, ਉਥੇ ਦਾ ਉਥੇ ਧਰਿਆ ਰਹਿ ਗਿਆ। ਮੈਂ ਉਹਨੂੰ ਸਹਾਰਾ ਦੇ ਕੇ ਉਸੇ ਕੁਰਸੀ ਤੇ ਬਿਠਾਇਆਂ ਜਿਥੋਂ ਉਹ ਉੱਠੀ ਸੀ ਅਤੇ ਉਹਦੇ ਸਾਹਮਣੇ ਪਈ ਕਰਸੀ ਤੇ ਆਪ ਬੈਠ ਗਿਆ। ਉਹਦਾ ਕੁੱਤਾ ਕਮਰੇ ਵਿਚ ਹੀ ਸੀ, ਮੈਨੂੰ ਪੂਰੀ ਆਸ ਸੀ ਕਿ ਉਹ ਜ਼ਰੂਰ ਭੌਂਕ ਕੇ ਮੇਰਾ ਸਵਾਗਤ ਕਰੇਗਾ। ਪਰ ਅਜੀਬ ਗੱਲ ਸੀ ਸਨਕੀ ਜਾਨਵਰ ਮੰਗੀ ਆਸ ਨੂੰ ਝੂਠਿਆ, ਕੁੱਦ ਕੇ ਮੇਰੇ ਬੈਠਦਿਆਂ ਹੀ ਮੇਰੀ ਝੋਲੀ ਵਿਚ ਆ ਕੇ ਆਪਣੀ ਪਤਲੀ ਥੂਥਨੀ ਮੇਰਿਆਂ ਹੱਥਾਂ ਵਿਚ ਇੰਜ ਘਸੇੜਨ ਲੱਗ ਪਿਆ, ਜਿਵੇਂ ਮੇਰਾ ਪੁਰਾਣਾ ਵਾਕਿਫ ਹੋਵੇ।

'ਜਦੋਂ ਤੂੰ ਛੋਟੀ ਹੁੰਦੀ ਸੈਂ, ਤਾਂ ਮੇਰੀ ਝੋਲੀ ਵਿਚ ਬੈਠਿਆ ਕਰਦੀ ਸੈਂ, ਹੁਣ ਤੇਰਾ ਕੁੱਤਾ ਇਸ ਖਾਲੀ ਸਿੰਘਾਸਨ ਨੂੰ ਮੱਲਣ ਉਤੇ ਡੱਟਿਆ ਹੋਇਆ ਹੈ। ਕੀ ਉਹ ਡਰਾਇੰਗ ਤੇਰੀ ਬਣਾਈ ਹੋਈ ਹੈ?" ਮੈਂ ਬੋਲਿਆ।

ਮੈਂ ਇਹ ਅੰਤਲੀ ਗੱਲ ਉਸ-ਛੋਟੀ ਜਿਹੀ ਐਲਬਮ ਵੱਲ ਇਸ਼ਾਰਾ ਕਰ ਕੇ ਕਹੀ ਸੀ, ਜੋ ਉਹਦੇ ਕੋਲ ਇਕ ਮੇਜ਼ ਉਤੇ ਪਈ ਸੀ, ਅਤੇ ਸਪੱਸ਼ਟ ਸੀ ਕਿ ਉਹ ਮੇਰੇ ਆਉਣ ਤੋਂ ਪਹਿਲਾਂ ਇਹਨੂੰ ਹੀ ਵੇਖ ਰਹੀ ਹੋਵੇਗੀ। ਜਿਹੜਾ ਸਫ਼ਾ ਖੁਲਿਆ ਪਿਆ ਸੀ, ਉਹ ਵਾਟਰ ਕਲਰ ਵਿਚ ਇਕ ਦਰਿੱਸ਼ ਸੀ ਅਤੇ ਉਸਦੇ ਆਲੇ ਦੁਆਲੇ ਸੁਹਣਾ ਕਾਗਜ ਲੱਗਾ ਹੋਇਆ ਸੀ। ਇਸੇ ਦਰਿੱਸ਼ ਨੂੰ ਵੇਖ ਕੇ ਮੈਂ ਉਹਨੂੰ ਡਰਾਇੰਗ ਬਾਰੇ ਪੁਛਿਆ ਸੀ; ਮੇਰਾ ਪ੍ਰਸ਼ਨ ਐਵੇਂ ਹੀ ਵਿਹਲਾ ਪ੍ਰਸ਼ਨ ਸੀ ਕਿਉਂਕਿ ਗੱਲ ਵੀ ਤਾਂ ਕਿਸੇ ਤਰ੍ਹਾਂ ਸ਼ੁਰੂ ਕਰਨੀ ਸੀ ਮੈਂ ਬੁੱਲ੍ਹ ਖੋਲਦਿਆਂ ਸਾਰ ਹੀ ਉਸ ਨਾਲ ਕੰਮ ਦੀ ਗੱਲ ਹੀ ਕਿਵੇਂ ਕਰ ਸਕਦਾ ਸਾਂ?

"ਨਹੀਂ," ਉਹ ਚਿੱਤਰ ਤੋਂ ਪਰ੍ਹੇ ਪਰ੍ਹੇ ਵੇਖਦੀ ਘਬਰਾਈ ਹੋਈ ਬੋਲੀ, 'ਇਹ ਮੇਰੀ ਡਰਾਇੰਗ ਨਹੀਂ।"

ਉਹਦੀਆਂ ਉਂਗਲਾਂ ਨੂੰ ਇਕ ਆਦਤ ਸੀ, ਮੈਨੂੰ ਯਾਦ ਹੈ, ਬਚਪਨ ਵਿਚ ਵੀ, ਜਦੋਂ ਉਹ ਗੱਲ ਕਰਦੀ, ਜਿਹੜੀ ਚੀਜ਼ ਉਹਦੇ ਨੇੜੇ ਹੁੰਦੀ ਉਹ ਉਸ ਨਾਲ ਖੇਡਦੀਆਂ ਰਹਿੰਦੀਆਂ। ਉਸ ਸਮੇਂ, ਉਹ ਐਲਬਮ ਨੂੰ ਛੋਹ ਰਹੀਆਂ ਸਨ; ਅਤੇ ਉਸ ਛੋਟੀ ਜੇਹੀ ਵਾਟਰ ਕਲਰ ਦੀ

ਡਰਾਇੰਗ ਦੇ ਹਾਸ਼ੀਏ ਨਾਲ ਖੇਡਣ ਲੱਗ ਪਈਆਂ। ਉਹਦੇ ਮੂੰਹ ਤੇ ਉਦਾਸੀ ਹੋਰ ਗੂੜ੍ਹੀ ਹੋ ਗਈ। ਉਹ ਨਾ ਹੀ ਮੇਰੇ ਵੱਲ ਵੇਖ ਰਹੀ ਸੀ ਅਤੇ ਨਾ ਹੀ ਡਰਾਇੰਗ ਵੱਲ। ਉਹਦੀਆਂ ਅੱਖਾਂ ਕਮਰੇ ਦੀ ਹਰ ਵਸਤੂ ਨੂੰ ਵਾਰੀ ਵਾਰੀ ਬੈਚੇਨੀ ਨਾਲ ਵੇਖ ਰਹੀਆਂ ਸਨ। ਉਹਦੀ ਤੱਕਣੀ ਤੋਂ ਸਾਫ਼ ਸੀ ਕਿ ਉਹ ਮੇਰਾ ਉਥੇ ਉਹਨੂੰ ਮਿਲਣ ਅਉਣ ਦਾ ਮੰਤਵ ਸਮਝ ਰਹੀ ਸੀ। ਇਹ ਵੇਖ ਕੇ ਮੈਂ ਝਟਪਟ ਕੰਮ ਦੀ ਗੱਲ ਕਰਨ ਦਾ ਸੋਚਿਆ

'ਇਕ ਕੰਮ ਤਾਂ, ਜਿਸ ਲਈ ਮੈਂ ਇਥੇ ਆਇਆ ਹਾਂ ਤੈਨੂੰ ਵਿਦਾ ਕਹਿਣੀ ਹੈ," ਮੈਂ ਗੱਲ ਸ਼ੁਰੂ ਕੀਤੀ। "ਮੈਂ ਅੱਜ ਵਾਪਸ ਲੰਦਨ ਪਹੁੰਚਣਾ ਹੈ, ਅਤੇ ਜਾਣ ਤੋਂ ਪਹਿਲਾਂ ਮੈਂ ਤੇਰੇ ਨਾਲ ਤੇਰੇ ਮੁਆਮਲਿਆਂ ਬਾਰੇ ਕੁਛ ਕਹਿਣਾ ਚਾਹੁੰਦਾ ਹਾਂ।" ਮੈਨੂੰ ਬੜਾ ਦੁੱਖ ਹੈ ਕਿ ਤੁਸੀ" ਜਾ ਰਹੇ ਹੋ ਜਿਸਟਰ ਗਿਲਮੌਰ" ਉਹ ਮੇਰੇ ਵੱਲ ਪਿਆਰ ਨਾਲ ਵੇਖਦੀ ਹੋਈ ਬੋਲੀ, "ਤਹਾਨੂੰ ਇਥੇ ਵੇਖਕੇ ਮੈਨੂੰ ਮੁੜ ਪੁਰਾਣਾ ਖੁਸ਼ੀ ਭਰਿਆ ਜਮਾਨਾ ਯਾਦ ਆ ਜਾਂਦਾ ਹੈ।"

ਜਦੋਂ "ਮੈਂ ਆਸ ਕਰਦਾ ਹਾਂ, ਕਿ ਮੈਂ ਮੁੜ ਆਵਾਂਗਾ ਅਤੇ ਇਕ ਵਾਰ ਮੁੜ ਉਹ ਪੁਰਾਣੀਆਂ ਯਾਦਾਂ ਤਾਜ਼ਾ ਕਰਾਂਗਾ, ਮੈਂ ਆਪਣੀ ਗੱਲ ਕਹੀ ਗਿਆ, "ਪਰ ਕਿਉਂਕਿ ਭਵਿੱਖ ਦਾ ਪੱਕਾ ਕੁਝ ਪਤਾ ਨਹੀਂ ਇਸ ਲਈ ਮੈਂ ਤੇਰੇ ਨਾਲ ਗੱਲ ਕਰਨ ਦਾ ਇਹ ਮੌਕਾ ਹੱਥੋਂ ਗਵਾਉਣਾ ਨਹੀਂ ਚਾਹੁੰਦਾ ! ਮੈਂ ਤੇਰਾ ਪੁਰਾਣਾ ਵਕੀਲ ਹਾਂ ਅਤੇ ਤੇਰਾ ਪੁਰਾਣਾ ਮਿੱਤਰ। ਮੈਨੂੰ ਵਿਸ਼ਵਾਸ ਹੈ ਕਿ ਜੇ ਮੈਂ ਤੈਨੂੰ ਇਹ ਯਾਦ ਕਰਾਵਾਂ ਕਿ ਤੇਰਾ ਵਿਆਹ ਸਰ ਪਰਸੀਵਲ ਗਲਾਈਡ ਨਾਲ ਹੋਣਾ ਸੰਭਵ ਹੈ, ਤਾਂ ਤੂੰ ਬੁਰਾ ਨਹੀਂ ਮਨਾਏਂਗੀ?"

ਉਹਨੇ ਉਸ ਛੋਟੀ ਜਿਹੀ ਐਲਬਮ ਤੋਂ ਹੱਥ ਇੰਜ ਚੁੱਕਿਆ, ਜਿਵੇਂ ਉਹ ਏਨੀ ਗਰਮ ਹੋ ਗਈ ਹੋਵੇ ਕਿ ਉਹਦਾ ਹੱਥ ਸੜਨ ਲੱਗ ਪਿਆ ਸੀ। ਉਹਦੀ ਝੋਲੀ ਵਿਚ ਉਹਦੀਆਂ ਉਂਗਲਾ ਨੇ ਘਬਰਾਹਟ ਵਿਚ ਕਰਿੰਗੜੀ ਪਾ ਲਈ ਸੀ; ਉਹ ਹੇਠਾਂ ਫਰਸ਼ ਵੱਲ ਦੇਖ ਰਹੀ ਸੀ, ਅਤੇ ਉਹਦੇ ਮੂੰਹ ਉਤੇ ਏਨਾਂ ਖਿਚਾਉ ਸੀ ਕਿ ਜਾਪਦਾ ਸੀ, ਉਹਨੂੰ ਦਰਦ ਹੋ ਰਹੀ ਹੈ।

' ਕੀ ਮੇਰੀ ਕੁੜਮਾਈ ਦੀ ਗੱਲ ਕਰਨੀ ਇਸ ਵੇਲੇ ਬਹੁਤ ਆਵੱਸ਼ਕ ਹੈ?"

'ਇਸ ਦਾ ਸਿਰਫ ਜ਼ਿਕਰ ਇਸ ਵੇਲੇ ਜਰੂਰੀ ਹੈ ਅਤੇ ਮੈਂ ਇਸ ਦਾ ਵਿਸਤਾਰ ਪੂਰਵਕ ਵਰਨਣ ਨਹੀਂ ਕਰਗਾ। ਅਸੀਂ ਨਿਰਾ ਏਨਾ ਹੀ ਕਵਾਂਗੇ ਕਿ ਤੂੰ ਵਿਆਹ ਕਰ ਵੀ ਸਕਦੀ ਹੈ ਅਤੇ ਨਹੀਂ ਵੀ। ਅਤੇ ਜੇ ਤੂੰ ਵਿਆਹ ਕਰੇ, ਤਾਂ ਮੈਨੂੰ ਤੇਰੀ ਜਾਇਦਾਦ ਦੇ ਕਾਗਜਾਤ

ਤਿਆਰ ਕਰਨ ਲਈ ਪਹਿਲਾਂ ਤੋਂ ਹੀ ਤਿਆਰ ਰਹਿਣਾ ਚਾਹੀਦਾ ਹੈ ਅਤੇ ਸ਼ਿਸ਼ਟਾਚਾਰ ਅਨੁਸਾਰ ਉਹ ਤੇਰੀ ਸਲਾਹ ਬਿਨਾਂ ਮੈਨੂੰ ਕਦੀ ਵੀ ਨਹੀਂ ਕਰਨ ਚਾਹੀਦੇ। ਮੈਨੂੰ ਤੇਰੀ ਇੱਛਾ ਜਾਣਨ ਦਾ ਸ਼ਾਇਦ ਇਹੀ ਮੌਕਾ ਮਿਲੇ। ਸੋ ਹਾਲ ਦੀ ਘੜੀ ਅਸੀਂ ਇਹ ਸੋਚ ਲੈਂਦੇ ਹਾਂ ਕਿ ਤੂੰ ਵਿਆਹ ਕਰ ਹੀ ਰਹੀ ਹੈ; ਅਤੇ ਮੈਂ ਤੈਨੂੰ ਬਹੁਤ ਹੀ ਸੰਖੇਪ ਸ਼ਬਦਾਂ ਵਿਚ ਦੱਸਣਾ ਚਾਹੁੰਦਾ ਹਾਂ ਕਿ ਤੇਰੀ ਸਥਿੱਤੀ ਹੁਣ ਕੀ ਹੈ ਅਤੇ ਭਵਿੱਖ ਵਿਚ ਤੂੰ ਇਹਨੂੰ ਆਪਣੀ ਮਰਜ਼ੀ ਨਾਲ ਕੀ ਬਣਾ ਸਕਦੀ

ਮੈਂ ਉਹਨੂੰ ਉਹਦੀ ਵਿਆਹ ਦੀ ਵਸੀਅਤ ਦਾ ਮਤਲਬ ਸਮਝਾਇਆ, ਮੈਂ ਉਸਨੂੰ ਬਿਲਕੁਲ ਠੀਕ ਠੀਕ ਦਸਿਆ ਕਿ ਉਹਦੇ ਹਾਲਾਤ ਕੀ ਸਨ; ਪਹਿਲਾਂ ਤਾਂ ਉਦੋਂ ਉਹ ਬਾਲਗ ਹੋਵੇਗੀ; ਦੂਜਾ ਉਹਦੇ ਚਾਚੇ ਦੀ ਮੌਤ ਮਗਰੋਂ ਇਸ ਤਰ੍ਹਾਂ ਮੈਂ ਉਸ ਜਾਇਦਾਦ ਨੂੰ ਵਖਰਾਇਆ, ਜਿਸ ਦੀ ਉਹ ਆਪਣੀ ਜ਼ਿੰਦਗੀ ਵਿਚ ਮਾਲਕ ਤਾਂ ਹੋਵੇਗੀ, ਪਰ ਆਪਣੀ ਮਰਜ਼ੀ ਨਾਲ ਉਹਨੂੰ ਹੋਰ ਕਿਸੇ ਨੂੰ ਨਹੀਂ ਦੇ ਸਕਦੀ; ਅਤੇ ਉਹ ਜਾਇਦਾਦ ਜਿਸ ਦੀ ਉਹ ਹਰ ਤਰ੍ਹਾਂ ਮਾਲਕ ਹੋਵੇਗੀ ਅਤੇ ਜਿਵੇਂ ਚਾਹੇ ਵਰਤ ਸਕਦੀ ਹੈ। ਉਹ ਬੜੇ ਧਿਆਨ ਨਾਲ ਮੇਰੀ ਗੱਲ ਸੁਣਦੀ ਰਹੀ ਉਸਦੇ ਮੂੰਹ ਤੋਂ ਅਜੇ ਵੀ ਖਿਚਾਉ ਸੀ ਅਤੇ ਉਹਦੇ ਹੱਥ ਘਬਰਾਹਟ ਵਿਚ ਅਜੇ ਵੀ ਉਹਦੀ ਝੋਲੀ ਵਿਚ ਇਕ ਕਰਿੰਗੜੀ ਵਿਚ ਹੀ ਸਨ।

ਅਤੇ ਹੁਣ," ਮੈਂ ਗੱਲ ਖਤਮ ਕਰਦਿਆਂ ਕਿਹਾ 'ਤੂੰ ਮੈਨੂੰ ਦਸ ਦੇ, ਜੇ ਤੂੰ ਵਿਆਹ ਕਰਾਏਂ ਤਾਂ ਤੂੰ ਆਪਣੇ ਗਾਰਡੀਅਨ ਦੀ ਮਰਜ਼ੀ ਅਤੇ ਸਹਿਮਤੀ ਨਾਲ ਕੋਈ ਸ਼ਰਤ ਰੱਖਣ ਚਾਹੇਗੀ ਗਾਰਡੀਅਨ ਦੀ ਮਰਜ਼ੀ ਮੈਂ ਤਾਂ ਕਿਹਾ ਹੈ, ਕਿਉਂਕਿ ਤੂੰ ਅਜੇ ਬਾਲਗ ਨਹੀਂ ਹੋਈ।"

ਉਹ ਆਪਣੀ ਕੁਰਸੀ ਵਿਚ ਬੜੀ ਬੈਚੇਨੀ ਨਾਲ ਹਿਲੀ-ਫਿਰ ਉਹਨੇ ਅਚਾਨਕ ਹੀ ਮੇਰੇ ਵੱਲ ਬੜੀ ਵਿਆਕੁਲਤਾ ਨਾਲ ਵੇਖਿਆ।

"ਜੇ ਇਹ ਹੋਇਆ," ਉਹਨੇ ਬੜੀ ਮੱਧਮ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ:" "ਜੇ ਮੈਂ-।"

"ਜੇ ਤੇਰਾ ਵਿਆਹ ਹੋ ਜਾਏ," ਮੈਂ ਉਹਦੀ ਸਹਾਇਤਾ ਕਰਦਿਆਂ ਕਿਹਾ।

"ਤਾਂ ਉਹ ਮੇਰੀਅਨ ਤੋਂ ਮੈਨੂੰ ਵੱਖ ਨਾ ਕਰ ਸਕੇ," ਅਚਾਨਕ ਹੀ ਉਹਨੇ ਜ਼ੋਸ ਵਿਚ ਕਿਹਾ "ਓ, ਮਿਸਟਰ ਗਿਲਮੌਰ, ਇਹ ਕਾਨੂੰਨ ਬਣਾ ਦਿਉ, ਮੈਂ ਬੇਨਤੀ ਕਰਦੀ ਹਾਂ ਕਿ ਮੇਰੀਅਨ ਮੇਰੇ ਨਾਲ ਹੀ ਰਹੇ!"

ਮੇਰੇ ਪ੍ਰਸ਼ਨ ਦਾ ਜਿਵੇਂ ਉਹਨੇ ਨਿਰਾ ਇਕ ਔਰਤ ਦੇ ਦ੍ਰਿਸ਼ਟੀਕੋਣ ਤੋਂ ਅਰਥ ਕੱਢਿਆ ਸੀ, ਕੋਈ ਹੋਰ ਸਮਾਂ ਹੁੰਦਾ ਤਾਂ, ਮੈਨੂੰ ਇਸ ਤੇ ਹਾਸਾ ਆਉਂਦਾ। ਪਹਿਲਾਂ ਜੋ ਮੈਂ ਵਿਸਤਾਰ ਪੂਰਵਕ ਸਮਝਾਇਆ ਸੀ, ਉਸ ਦਾ ਉਹਨੇ ਇਹੀ ਅਰਥ ਕੱਢਿਆ ਸੀ ਪਰ ਉਹਦੀ ਤੱਕਣੀ ਅਤੇ ਬੋਲਣ ਦਾ ਲਹਿਜਾ ਅਜਿਹਾ ਸੀ ਕਿ ਮੈਂ ਨਿਰਾ ਗੰਭੀਰ ਹੀ ਨਾ ਹੋ ਗਿਆ, ਸਗੋਂ ਦੁਖੀ ਵੀ ਹੋਇਆ। ਉਹ ਦੇ ਇਹ ਥੋੜ੍ਹੇ ਜੇਹੇ ਸ਼ਬਦ ਦਸ ਰਹੇ ਸਨ ਕਿ ਉਹ ਬੀਤੇ ਹੋਏ ਸਮੇਂ ਨਾਲ ਹੀ ਬੱਝੀ ਰਹਿਣਾ ਚਾਹੁੰਦੀ ਹੈ, ਅਤੇ ਇਹ ਗੱਲ ਭਵਿੱਖ ਲਈ ਚੰਗਾ ਸ਼ਗਨ ਨਹੀਂ।

"ਮੇਰੀਅਨ ਹਾਲਕੌਂਬ ਤੇਰੇ ਨਾਲ ਹੀ ਰਵੇ ਇਹ ਗੱਲ ਤਾਂ ਤੁਹਾਡੇ ਨਿੱਜੀ ਫੈਸਲੇ ਨਾਲ ਝਟਪਟ ਨਿਸ਼ਚਿਤ ਕੀਤੀ ਜਾ ਸਕਦੀ ਹੈ, ਮੈਂ" ਕਿਹਾ "ਮੇਰਾ ਖਿਆਲ ਹੈ ਕਿ ਤੂੰ ਮੇਰੇ ਪ੍ਰਸ਼ਨ ਨੂੰ ਰਤਾ ਵੀ ਨਹੀਂ ਸਮਝਿਆ। ਮੈਂ ਤੇਰੀ ਜਾਇਦਾਦ ਬਾਰੇ ਗੱਲ ਕਰ ਰਿਹਾ ਸਾਂ-ਤੇਰੇ ਪੈਸੇ ਦੇ ਨਿਪਟਾਰੇ ਬਾਰੇ। ਫਰਜ਼ ਕਰ ਲੈ ਕਿ ਜਦੋਂ ਤੂੰ ਬਾਲਗ ਹੋਏਂਗੀ ਅਤੇ ਇਕ ਵਸੀਅਤ ਬਣਾਏ, ਤਾਂ ਤੂੰ ਕੀ ਚਾਹੇਂਗੀ? ਤੂੰ ਕਿਸ ਨੂੰ ਆਪਣੀ ਦੌਲਤ ਦੇਣੀ ਚਾਹੇ'ਗੀ?"

'ਮੇਰੀਅਨ ਮੇਰੀ ਭੈਣ ਵੀ ਹੈ ਅਤੇ ਮਾਂ ਵੀ," ਉਸ ਨੇਕ ਅਤੇ ਪਿਆਰ ਭਰੀ ਕੁੜੀ ਨੇ ਲਿਸ਼ਕਦੀਆਂ ਅੱਖਾਂ ਨਾਲ ਕਿਹਾ। "ਕੀ ਮੈਂ ਮੇਰੀਅਨ ਨੂੰ ਆਪਣੀ ਦੌਲਤ ਦੇ ਸਕਦੀ ਹਾਂ, ਮਿਸਟਰ ਗਿਲਮੌਰ?"

"ਕਿਉਂ ਨਹੀਂ, ਮੇਰੀ ਪਿਆਰੀ ਬੱਚੀ

?" ਮੈਂ ਉੱਤਰ ਦਿਆ। "ਪਰ ਯਾਦ ਰੱਖ ਕਿ ਇਹ ਦੋਲਤ ਬਹੁਤ ਸਾਰੀ ਹੈ। ਕੀ ਤੂੰ ਸਾਰੀ ਦੀ ਸਾਰੀ ਮਿਸ ਹਾਲਕੌਂਬ ਨੂੰ ਦੇਣਾ ਚਾਹੇਗੀ?" ਉਹ ਝਿਜਕੀ; ਉਹ ਦਾ ਮੂੰਹ ਪਹਿਲਾ ਲਾਲ ਅਤੇ ਮੁੜ ਪੀਲਾ ਹੋ ਗਿਆ। ਉਹਦਾ ਹੱਥ ਮੁੜ ਐਲਬਮ ਨਾਲ ਖੇਡ ਰਿਹਾ ਸੀ।

"ਨਹੀਂ ਸਾਰੀ ਨਹੀਂ." ਉਹ ਬੋਲੀ। "ਮੇਰੀਅਨ ਤੋਂ ਇਲਾਵਾ ਕੋਈ ਹੋਰ ਵੀ ਹੈ "ਉਹ ਰੁਕ ਗਈ; ਉਹ ਦਾ ਰੰਗ ਲਾਲ ਹੋ ਗਿਆ: ਅਤੇ ਉਹ ਹੱਥ ਜੋ ਐਲਬਮ ਉਤੇ ਸੀ, ਹੁਣ

ਡਰਾਇੰਗ ਦੇ ਹਾਸੀਏ ਤੇ ਹੌਲੀ-ਹੌਲੀ ਇਕ ਤਾਲ ਨਾਲ ਵੱਜ ਰਿਹਾ ਸੀ। ਜਿਵੇਂ ਕਿਸੇ ਪਿਆਰੀ ਸੁਰ ਦੀ ਯਾਦ ਤਾਜਾ ਹੋ ਗਈ ਹੋਵੇ।

"ਕੀ ਮਿਸ ਹਾਲਕੌਂਬ ਦੇ ਨਾਲ ਟੱਬਰ ਦੇ ਕਿਸੇ ਹੋਰ ਬੰਦੇ ਨੂੰ ਵੀ ਕੁਛ ਦੇਣਾ ਚਾਹੁੰਦੀ ਹੈ?" ਉਹਨੂੰ ਗੱਲ ਨਾ ਸੁਝਦੀ ਵੇਖ ਕੇ ਮੈਂ ਆਪਣਾ ਸੁਝਾਅ ਦਿੱਤਾ।

ਲਾਲੀ ਉਹਦੇ ਮਥੇ ਅਤੇ ਗਰਦਨ ਤੀਕ ਫੈਲ ਗਈ, ਅਤੇ ਉਂਗਲਾਂ ਨੇ ਘਬਰਾਹਟ ਵਿਚ ਕਿਤਾਬ ਦੇ ਕਿਨਾਰੇ ਨੂੰ ਘੁੱਟ ਲਿਆ।

"ਕੋਈ ਹੋਰ ਵੀ ਹੈ," ਉਹ ਨੇ ਮੇਰੀ ਅਖੀਰਲੀ ਗੱਲ ਦਾ ਧਿਆਨ ਨਾ ਕਰਦਿਆਂ ਹੋਇਆਂ ਕਿਹਾ, ਭਾਵੇਂ ਉਹਨੇ ਸੁਣੀ ਜ਼ਰੂਰ ਸੀ; "ਕੋਈ ਹੋਰ ਵੀ ਹੈ, ਜੋ ਮੇਰੀ ਨਿਸ਼ਾਨੀ ਸਮਝਕੇ ਸਵੀਕਾਰ ਕਰੇਗਾ-ਜੋ ਮੈਂ ਕੁਛ ਛੱਡ ਜਾਵਾਂ ਤਾਂ ਕੋਈ ਹਰਜ਼ ਨਹੀਂ ਹੋਵੇਗਾ, ਜੇ ਮੈਂ ਪਹਿਲਾਂ ਮਰ ਗਈ-'

ਕਹਿੰਦੀ-ਕਹਿੰਦੀ ਉਹ ਫਿਰ ਰੁਕ ਗਈ। ਉਹਦੀਆਂ ਗੱਲ੍ਹਾਂ ਤੇ ਜਿਹੜਾ ਰੰਗ ਆਇਆ ਸੀ, ਅਚਾਨਕ ਹੀ ਅਲੋਪ ਹੋ ਗਿਆ। ਹੱਥ ਨੇ ਐਲਬਮ ਦੀ ਪਕੜ ਢਿੱਲੀ ਕਰ ਦਿੱਤੀ, ਰਤਾ ਕੁ ਕੰਬਿਆ, ਅਤੇ ਆਪਣੇ ਤੋਂ ਐਲਬਮ ਨੂੰ ਪਰ੍ਹੇ ਧੱਕ ਦਿੱਤਾ। ਇਕ ਛਿਣ ਲਈ ਉਹਨੇ ਮੇਰੇ ਵੱਲ ਵੇਖਿਆ-ਅਤੇ ਫਿਰ ਸਿਰ ਕੁਰਸੀ ਦੇ ਇਕ ਪਾਸੇ ਨੂੰ ਟਿੱਕਾ ਦਿੱਤਾ। ਜਿਉਂ ਹੀ ਉਹਨੇ ਪਾਸਾ ਬਦਲਿਆ, ਉਹਦਾ ਰੁਮਾਲ ਹੇਠਾਂ ਫਰਸ਼ ਤੇ ਡਿੱਗ ਪਿਆ ਅਤੇ ਉਹਨੇ ਕਾਹਲੀ ਨਾਲ ਆਪਣਾ ਚਿਹਰਾ ਮੇਰੇ ਤੋਂ ਲੁਕਾਣ ਲਈ ਆਪਣੇ ਹੱਥਾਂ ਵਿਚ ਕੱਜ ਲਿਆ।

ਉਹ ਦੁਖੀ ਸੀ। ਜਿਥੋਂ ਤੀਕ ਮੈਨੂੰ ਯਾਦ ਹੈ। ਉਹ ਬਚਪਨ ਵਿਚ ਬੜੀ ਹੀ ਖੁਸ਼ ਰਹਿਣੀ ਅਤੇ ਸਦਾ ਹੱਸਣ ਵਾਲੀ ਕੁੜੀ ਸੀ; ਅਤੇ ਹੁਣ ਉਹ ਭਰ ਜਵਾਨੀ ਅਤੇ ਅੰਤਾਂ ਦੀ ਸੁੰਦਰਤਾ ਨਾਲ ਵੀ ਇੰਜ ਕੁਮਲਾ ਗਈ ਸੀ ਅਤੇ ਹਾਰ ਗਈ ਸੀ।

ਉਹਦਾ ਦੁਖ ਵੇਖ ਕੇ ਮੈਂ ਉਹ ਸਾਲ ਭੁਲ ਗਿਆ ਜੋ ਬੀਤ ਚੁਕੇ ਸਨ, ਅਤੇ ਜਿਨ੍ਹਾਂ ਨਾਲ ਸਾਡੀ ਸਥਿੱਤੀ ਵਿਚ ਇਕ ਦੂਜੇ ਵੱਲ ਤਬਦੀਲੀ ਹੋ ਚੁਕੀ ਸੀ। ਮੈਂ ਆਪਣੀ ਕੁਰਸੀ ਉਹਦੀ ਕੁਰਸੀ ਦੇ ਨੇੜੇ ਖਿੱਚ ਲਈ; ਗਲੀਚੀ ਤੋਂ ਉਹਦਾ ਰੁਮਾਲ ਚੁਕਿਆ ਅਤੇ ਉਹਦੇ ਮੂੰਹ ਤੋਂ ਪਿਆਰ ਨਾਲ ਉਹਦੇ ਹੱਥ ਪਰਾ ਕੀਤੇ। 'ਮੇਰੀ ਪਿਆਰੀ ਧੀ," ਮੈਂ ਆਪਣੇ ਹੱਥਾਂ ਨਾਲ ਉਹਦੇ ਹੰਝੂ ਇੰਜ ਪੂੰਝਦਿਆਂ ਕਿਹਾ, ਉਹ ਦਸ ਸਾਲ ਪਹਿਲਾਂ ਦੀ ਲਾਰਾ ਫ਼ੇਅਰਲੀ ਹੋਵੇ।

ਉਹਨੂੰ ਸ਼ਾਂਤ ਕਰਨ ਦਾ ਮੇਰੇ ਕੋਲ ਇਸ ਤੋਂ ਚੰਗਾ ਢੰਗ ਹੋਰ ਕੋਈ ਨਹੀਂ ਸੀ। ਉਹਨੇ ਆਪਣਾ ਸਿਰ ਮੇਰੇ ਮੋਢੇ ਉਤੇ ਰੱਖ ਦਿੱਤਾ ਅਤੇ ਆਪਣੇ ਹੰਝੂਆ ਵਿਚੋਂ ਮਾੜਾ ਜਿਹਾ ਮੁਸਕਰਾਈ। "ਮੈਨੂੰ ਬੜਾ ਦੁੱਖ ਹੈ ਕਿ ਮੈਂ ਆਪਣਾ ਆਪ ਭੁੱਲ ਗਈ ਸਾਂ,' ਉਹਨੇ ਭੋਲੇਪਨ ਨਾਲ ਕਿਹਾ "ਕੁਝ ਚਿਰ ਤੋਂ ਮੈਨੂੰ ਆਪਣੇ ਆਪ ਵਿਚ ਕਮਜ਼ੋਰੀ ਅਤੇ ਘਬਰਾਹਟ ਮਹਿਸੂਸ ਹੁੰਦੀ ਹੈ; ਅਤੇ ਮੈਂ ਬਿਨਾਂ ਕਿਸੇ ਕਾਰਨ ਤੋਂ ਹੀ ਜਦੋਂ ਇਕੱਲੀ ਹੁੰਦੀ ਹਾਂ ਰੋਂਦੀ ਹਾਂ; ਹੁਣ ਮੈਂ ਅੱਗੇ ਨਾਲੋਂ ਠੀਕ ਹਾਂ, ਅਤੇ ਮੈਂ ਤੁਹਾਨੂੰ ਉਂਜ ਹੀ ਉੱਤਰ ਦਿਆਂਗੀ ਮਿਸਟਰ ਗਿਲਮੌਰ, ਜਿਵੇਂ ਮੈਨੂੰ ਦੇਣੇ ਚਾਹੀਦੇ ਹਨ; ਹੁਣ ਮੈਂ ਸਚਮੁੱਚ ਦੇ ਸਕਦੀ ਹਾਂ।" "ਨਹੀਂ, ਨਹੀਂ, ਬੱਚੀ" ਮੈਂ ਉਹਨੂੰ ਉੱਤਰ ਦੇਂਦਿਆ ਕਿਹਾ, ਹੁਣ ਅਸੀਂ ਇਸ ਵਿਸ਼ੇ ਤੇ ਹੋਰ ਕੋਈ ਗੱਲ ਨਹੀਂ ਕਰਾਂਗੇ। ਤੂੰ ਜੋ ਕਿਹਾ ਹੈ, ਉਹ ਇਸ ਲਈ ਬਥੇਰਾ ਹੈ, ਕਿ ਮੈਂ ਤੇਰਾ ਵਧ ਤੋਂ ਵਧ ਖਿਆਲ ਰੱਖ ਸਕਾਂ, ਅਸੀਂ ਕਿਸੇ ਹੋਰ ਵੇਲੇ ਨਿੱਕੀਆਂ-ਨਿੱਕੀਆਂ ਗੱਲਾਂ ਤਹਿ ਕਰ ਲਵਾਂਗੇ। ਹੁਣ ਇਹ ਭੁੱਲ ਕੇ ਅਸੀਂ ਹੋਰ ਗੱਲਾਂ ਕਰਾਂਗੇ।"

ਮੈਂ ਉਹਦੇ ਨਾਲ ਝਟਪਟ ਹੀ ਕਿਸੇ ਹੋਰ ਵਿਸ਼ੇ ਤੇ ਚਰਚਾ ਸ਼ੁਰੂ ਕਰ ਦਿੱਤੀ ਅਤੇ ਉਹ ਦੱਸ ਮਿੰਟਾਂ ਦੇ ਅੰਦਰ ਹੀ ਕੁਝ ਖੁਸ਼ ਦਿਸਣ ਲੱਗ ਪਈ, ਫਿਰ ਮੈਂ ਉਹਦੇ ਕੋਲੋਂ ਆਗਿਆ ਲੈ ਕੇ ਉਠਿਆ।

"ਮੁੜ ਜ਼ਰੂਰ ਇਥੇ ਆਉਣਾ," ਉਹਨੇ ਤਾਂਘ ਨਾਲ ਕਿਹਾ।

ਹੁਣ ਜਦੋਂ ਤੁਸੀਂ ਆਉਗੇ ਤਾਂ ਮੈਂ ਇਹ ਯਾਦ ਰਖਾਂਗੀ ਕਿ ਤੁਹਾਨੂੰ ਮੇਰਾ ਕਿੰਨਾ ਖਿਆਲ ਹੈ ਅਤੇ ਤੁਹਾਨੂੰ ਪੂਰਾ ਧਿਆਨ ਦੇ ਸਕਾਂਗੀ।"

ਉਹ ਅਜੇ ਵੀ ਬੀਤੇ ਸਮੇਂ ਵਿਚ ਜੀ ਰਹੀ ਸੀ ਉਹ ਅਤੀਤ, ਜਿਸ ਦਾ ਮੈਂ ਆਪਣੇ ਢੰਗ ਨਾਲ ਇਕ ਪ੍ਰਤੀਨਿਧ ਸਾਂ, ਅਤੇ ਮਿਸ ਹਾਲਕੌਂਬ ਆਪਣੇ ਢੰਗ ਨਾਲ। ਮੈਨੂੰ ਸਚਮੁੱਚ ਇਹ ਵੇਖ ਕੇ ਬੜੀ ਤਕਲੀਫ ਹੋਈ ਕਿ ਉਹ ਇਸ ਚੜਦੀ ਉਮਰ ਵਿਚ ਹੀ ਉਸੇ ਤਰ੍ਹਾਂ ਪਿਛੇ ਵੱਲ ਵੱਖ ਰਹੀ ਹੈ, ਜਿਵੇਂ ਮੈਂ ਆਪਣੀ ਉਮਰ ਦੇ ਅਖੀਰ ਵਿਚ ਵੇਖ ਰਿਹਾ ਹਾਂ।

"ਜੇ ਮੈਂ ਮੁੜ ਆਇਆ, ਤਾਂ ਮੈਨੂੰ ਆਸ ਹੈ ਕਿ ਤੂੰ ਹੁਣ ਨਾਲੋਂ ਠੀਕ ਹੋਵੇਗੀ-ਅਤੇ ਵਧੇਰੇ ਖੁਸ਼। ਰੱਬ ਤੇਰੀ ਰਖਿਆ ਕਰੇ, ਮੇਰੀ ਪਿਆਰੀ ਬੱਚੀ।" ਉਹਨੇ ਉੱਤਰ ਵਿਚ ਆਪਣੀ

ਗਲ੍ਹ ਮੇਰੇ ਅਗੇ ਚੰਮਣ ਲਈ ਕਰ ਦਿੱਤੀ। ਵਕੀਲਾਂ ਦੇ ਵੀ ਦਿਲ ਹੁੰਦੇ ਹਨ; ਅਤੇ ਜਦੋਂ ਮੈਂ ਉਹਦੇ ਕੋਲੋਂ ਨਿਖੜਿਆ; ਮੇਰੇ ਦਿਲ ਵਿਚ ਚੀਸ ਉਠ ਰਹੀ ਸੀ।

ਸਾਡੀ ਇਸ ਮੁਲਾਕਾਤ ਨੂੰ ਮੁਸ਼ਕਲ ਨਾਲ ਅੱਧਾ ਕੁ ਘੰਟਾ ਲਗਾ ਹੋਵੇਗਾ, ਭਾਵੇਂ ਮੇਰੀ ਮੌਜੂਦਗੀ ਵਿਚ ਉਹਨੇ ਇਕ ਵੀ ਸ਼ਬਦ ਅਜਿਹਾ ਨਹੀਂ ਸੀ ਕਿਹਾ, ਜਿਸ ਨਾਲ ਇਹ ਭੇਤ ਖੁਲ੍ਹਦਾ ਕਿ ਉਹ ਆਪਣੇ ਵਿਆਹ ਬਾਰੇ ਏਨੀ ਦੁਖੀ ਅਤੇ ਉਦਾਸ ਕਿਉਂ ਹੈ, ਪਰ ਤਾਂ ਵੀ ਉਹ ਮੈਨੂੰ ਆਪਣੇ ਪੱਖ ਵਿਚ ਜਿੱਤ ਚੁੱਕੀ ਸੀ। ਮੈਂ ਇਹ ਨਹੀਂ ਸਾਂ ਜਾਣਦਾ ਕਿ ਕਿਵੇਂ ਅਤੇ ਕਿਉਂ ! ਜਦੋਂ ਕਮਰੇ ਵਿਚ ਦਾਖਲ ਹੋਇਆ ਸਾਂ ਤਾਂ ਇਹ ਮਹਿਸੂਸ ਕਰ ਰਿਹਾ ਸਾਂ ਕਿ ਸਰ ਪਰਸੀਵਲ ਗਲਾਈਡ ਸੱਚਾ ਹੀ ਹੈ, ਜੋ ਮਿਸ ਫ਼ੇਅਰਲੀ ਦੇ ਇਸ ਵਤੀਰੇ ਬਾਰੇ ਸ਼ਿਕਾਇਤ ਕਰ ਰਿਹਾ ਹੈ। ਜਦੋਂ ਮੈਂ ਕਮਰੇ ਵਿਚੋਂ ਬਾਹਰ ਨਿਕਲਿਆ ਤਾਂ ਮੈਂ ਦਿਲ ਹੀ ਦਿਲ ਵਿਚ ਇਹ ਆਸ ਕਰਦਾ ਸਾਂ ਕਿ ਮਿਸ ਫ਼ੇਅਰਲੀ ਉਹਦੀ ਗੱਲ ਮੰਨ ਕੇ ਇਹ ਕੁੜਮਾਈ ਤੋੜ ਦੇਵੇ। ਮੇਰੀ ਉਮਰ ਵਿਚ, ਅਤੇ ਮੇਰੇ ਤਜਰਬੇ ਨਾਲ ਮੈਨੂੰ ਇਹ ਸ਼ੋਭਾ ਨਹੀਂ ਸੀ ਦੇਂਦਾ ਕਿ ਮੈਂ ਇਸ ਤਰ੍ਹਾਂ ਬੇਤੁਕੇਪਣ ਨਾਲ ਦੁਚਿੱਤੀਆਂ ਵਿਚ ਡਾਵਾਂਡੋਲ ਹਵਾਂ, ਪਰ ਮੈਂ ਸਚ ਕਹਿ ਰਿਹਾ ਹਾਂ-ਹਾਲਤ ਇਹੀ ਸੀ।

ਮੇਰੇ ਜਾਣ ਦਾ ਸਮਾਂ ਨੇੜੇ ਆ ਰਿਹਾ ਸੀ। ਮੈਂ ਮਿਸਟਰ ਫ਼ੇਅਰਲੀ ਨੂੰ ਕਹਿ ਭੇਜਿਆ ਕਿ ਜੇ ਉਹ ਚਾਹੇ ਤਾਂ ਮੈਂ ਉਹਨੂੰ ਜਾਣ ਤੋਂ ਪਹਿਲਾਂ ਮਿਲ ਸਕਦਾ ਹਾਂ, ਪਰ ਮੈਨੂੰ ਜਲਦੀ ਹੈ, ਇਸ ਲਈ ਖਿਮਾ ਚਾਹੁੰਦਾ ਹਾਂ। ਉਹਨੇ ਕਾਗਜ਼ ਦੀ ਇਕ ਚਿੱਟ ਤੇ ਪੈਨਸਿਲ ਨਾਲ ਵਾਪਸ ਮੈਨੂੰ ਲਿਖ ਭੇਜਿਆ; "ਪਿਆਰ ਅਤੇ ਸੁਭ ਇਛਾਵਾਂ, ਪਿਆਰੇ ਗਿਲਮੌਰ, ਕਿਸੇ ਤਰ੍ਹਾਂ ਦੀ ਵੀ ਕਾਹਲੀ ਮੇਰੇ ਲਈ ਏਨੀ ਹਾਨੀਕਾਰਕ ਹੈ, ਕਿ ਮੈਂ ਬਿਆਨ ਨਹੀਂ ਕਰ ਸਕਦਾ। ਮੇਰੀ ਬੇਨਤੀ ਹੈ, ਕਿ ਆਪਣਾ ਧਿਆਨ ਰਖੋ। ਗੁਡ ਬਾਏ।"

ਜਾਣ ਤੇ ਰਤਾ ਕੁ ਪਹਿਲਾਂ ਮੈਂ ਜਿਸ ਹਾਲਕੌਂਬ ਨੂੰ ਇਕ ਪਲ ਲਈ ਇਕੱਲਿਆਂ ਮਿਲਿਆ।

"ਕੀ ਤੁਸੀਂ ਲਾਰਾ ਨੂੰ ਜੋ ਕਹਿਣਾ ਸੀ, ਕਹਿ ਲਿਆ ਹੈ?" ਉਹਨੇ ਮੈਨੂੰ ਪੁੱਛਿਆ।

"ਹਾਂ," ਮੈਂ" ਉੱਤਰ ਵਿਚ ਕਿਹਾ। 'ਉਹ ਕਮਜ਼ੋਰ ਹੈ, ਅਤੇ ਘਬਰਾਹਟ ਵਿਚ ਹੈ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੁਸੀਂ ਉਹਦੀ ਦੇਖ ਭਾਲ ਲਈ ਇਥੇ ਹੋ।"

ਮਿਸ ਹਾਲਕੌਂਬ ਦੀਆਂ ਤਿੱਖੀਆ ਅੱਖਾਂ ਨੇ ਮੇਰੇ ਚਿਹਰੇ ਵੱਲ ਨੀਝ ਲਾ ਕੇ ਵੇਖਿਆ।

"ਤੁਸੀਂ ਲਾਰਾ ਬਾਰੇ ਆਪਣੀ ਰਾਏ ਬਦਲ ਲਈ ਹੈ;" ਉਹ ਬੋਲੀ। "ਕੱਲ੍ਹ ਤੁਸੀਂ ਉਹਦਾ ਰਤਾ ਵੀ ਲਿਹਾਜ਼ ਨਹੀਂ ਸੀ ਕਰ ਰਹੇ।"

ਕੋਈ ਸਿਆਣਾ ਮਰਦ ਕਿਸੇ ਔਰਤ ਨਾਲ ਕੋਈ ਬਹਿਸ ਬਿਨਾਂ ਤਿਆਰੀ ਤੋਂ ਸ਼ੁਰੂ ਨਹੀਂ ਕਰਦਾ। ਮੈਂ ਸਿਰਫ ਇਹੀ ਉੱਤਰ ਦਿਤਾ-

"ਮੈਨੂੰ ਖ਼ਬਰ ਦੇਣੀ ਕਿ ਕੀ ਹੁੰਦਾ ਹੈ ਜਦੋਂ ਤੀਕ ਤੁਹਾਡੀ ਚਿੱਠੀ ਨਹੀਂ ਆਏਗੀ, ਮੈਂ ਕੁਛ ਨਹੀਂ ਕਰਾਂਗਾ।"

ਉਹ ਅਜੇ ਵੀ ਨੀਝ ਨਾਲ ਮੇਰੇ ਵੱਲ ਵੇਖ ਰਹੀ ਸੀ। "ਮੈਂ ਚਾਹੁੰਦੀ ਹਾਂ ਕਿ ਇਸ ਦਾ ਫੈਸਲਾ ਜਲਦੀ ਹੋਵੇ ਅਤੇ, ਜੋ ਵੀ ਹੋਵੇ ਭਲੇ ਲਈ ਹੋਵੇ, ਮਿਸਟਰ ਗਿਲਮੌਰ ਅਤੇ ਤੁਹਾਡੀ ਵੀ ਇਹੀ ਖਵਾਇਸ਼ ਹੈ।" ਇਹ ਕਹਿਕੇ ਉਹ ਚਲੀ ਗਈ।

ਸਰ ਪਰਸੀਵਲ ਨੇ ਮੈਨੂੰ ਬੱਘੀ ਤੀਕ ਛੱਡਣ ਲਈ ਬੜੀ ਨਿਮਰਤਾ ਨਾਲ ਜ਼ਿੱਦ ਕੀਤੀ। "ਜੇ ਤੁਸੀਂ ਕਦੀ ਸਾਡੇ ਗਵਾਂਢ ਆਏ," ਉਹ ਬੋਲਿਆ, "ਹਾਂ ਮੇਰੀ ਬੇਨਤੀ ਹੈ ਕਿ ਇਸ ਗੱਲ ਨੂੰ ਨਾ ਭੁੱਲਣਾ ਕਿ ਮੈਂ ਤੁਹਾਡੇ ਨਾਲ ਆਪਣੀ ਜਾਣ ਪਛਾਣ ਹੋਰ ਡੂੰਘੀ ਕਰਨ ਦਾ ਚਾਹਵਾਨ ਹਾਂ। ਇਸ ਟੱਬਰ ਦੇ ਪੁਰਾਣੇ ਅਤੇ ਵਫਦਾਰ ਮਿੱਤਰ ਦਾ ਮੇਰ ਘਰ ਵਿਚ ਸਦਾ ਹਸਕੇ ਸਵਾਗਤ ਕੀਤਾ ਜਾਏਗਾ।'"

ਸਚਮੁਚ ਉਹ ਬੜਾ ਨਰਮ, ਧਿਆਨ ਰਖਣਾ ਵਾਲਾ, ਅਤੇ ਬੜਾ ਸਲੀਕੇ ਦਾਰ ਪੁਰਸ਼ ਸੀ,- ਉਸ ਵਿਚ ਰਤਾ ਵੀ ਵਾਧੂ ਫੂੰਫਾਂ ਅਤੇ ਆਕੜ ਨਹੀਂ ਸੀ। ਜਦੋਂ ਮੈਂ ਸਟੇਸ਼ਨ ਵੱਲ ਜਾ ਰਿਹਾ ਸਾਂ, ਤਾ ਮੈਂ ਮਹਿਸੂਸ ਕੀਤਾ ਕਿ ਮੈਂ ਸਰ ਪਰਸੀਵਲ ਗਲਾਈਡ ਦੇ ਪੱਖ ਵਿਚ ਕੁਝ ਵੀ ਕਰ ਸਕਦਾ ਹਾਂ। ਸਿਰਫ ਉਹਦੀ ਪਤਨੀ ਦੀ ਜਾਇਦਾਦ ਦੇ ਕਾਗਜ਼ਾਤ ਤਿਆਰ ਨਹੀਂ ਕਰ ਸਕਦਾ।

(3)

ਮੈਨੂੰ ਲੰਦਨ ਪਹੁੰਚਿਆਂ, ਇਕ ਸਾਤਾ ਬੀਤ ਚੁੱਕਾ ਸੀ, ਪਰ ਮਿਸ ਹਾਲਕੌਂਬ ਵਲੋਂ ਕੋਈ ਚਿੱਠੀ ਪੱਤਰ ਨਹੀਂ ਸੀ ਆਇਆ।

ਅਠਵੇਂ ਦਿਨ, ਉਹਦੀ ਲਿਖਾਈ ਵਿਚ ਇਕ ਚਿੱਠੀ ਮੈਨੂੰ ਮੇਜ਼ ਤੇ ਆਪਣੀਆਂ ਚਿੱਠੀਆਂ ਵਿਚ ਪਈ ਦਿੱਸੀ। ਇਸ ਤੋਂ ਇਹ ਪਤਾ ਲਗਾ ਕਿ ਸਰ ਪਰਸੀਵਲ ਦੀ ਮੰਗ ਹੁਣ ਪੱਕੇ ਤੌਰ ਤੇ ਸਵੀਕਾਰ ਕੀਤੀ ਗਈ ਹੈ, ਅਤੇ ਵਿਆਹ ਉਹਦੀ ਮਰਜ਼ੀ ਦੇ ਅਨੁਸਾਰ ਇਸ

ਸਾਲ ਦੇ ਮੁੱਕਣ ਤੋਂ ਪਹਿਲਾਂ ਹੀ ਹੋਵੇਗਾ। ਬਹੁਤੀ ਸੰਭਾਵਨਾ ਇਸ ਗੱਲ ਦੀ ਹੈ ਕਿ ਵਿਆਹ ਦਸੰਬਰ ਦੇ ਅਖੀਰਲੇ ਚੰਦਰਵਾੜੇ ਵਿਚ ਹੋਵੇਗਾ। ਮਿਸ ਫ਼ੇਅਰਲੀ ਦਾ ਇਕੀਵਾਂ ਜਨਮ ਦਿਨ ਮਾਰਚ ਦੇ ਅਖੀਰ ਵਿਚ ਸੀ। ਸੋ ਇਸ ਤਰ੍ਹਾਂ ਉਹ ਸਰ ਪਰਸੀਵਲ ਦੀ ਪਤਨੀ ਬਣਨ ਵੇਲੇ ਨਾਬਾਲਿਗ ਹੀ ਹੋਵੇਗੀ;

ਮੈਨੂੰ ਕੋਈ ਹੈਰਾਨੀ ਨਹੀਂ ਸੀ ਹੋਣੀ ਚਾਹੀਦੀ, ਮੈਨੂੰ ਕੋਈ ਦੁੱਖ ਵੀ ਨਹੀਂ ਸੀ ਹੋਣਾ ਚਾਹੀਦਾ ਪਰ ਤਾਂ ਵੀ ਮੈਂ ਹੈਰਾਨ ਵੀ ਹੋਇਆ ਅਤੇ ਦੁੱਖੀ ਵੀ ਮਿਸ ਹਾਲਕੌਂਬ ਦੀ ਚਿੱਠੀ ਦੀ ਸੰਖੇਪਤਾ ਤੋਂ ਵੀ ਕੁਝ ਨਿਰਾਸ਼ਾ ਜਿਹੀ ਹੋਈ, ਅਤੇ ਇਨ੍ਹਾਂ ਸਭ ਗੱਲਾਂ ਨੇ ਮਿਲ ਕੇ ਉਸ ਦਿਨ ਲਈ ਤਾਂ ਮੇਰੀ ਸ਼ਾਂਤੀ ਭੰਗ ਕਰ ਦਿਤੀ। ਪਹਿਲੀਆਂ ਛੇ ਸਤਰਾਂ ਵਿਚ ਉਹਨੇ ਮੈਨੂੰ ਆਉਣ ਵਾਲੇ ਵਿਆਹ ਦੀ ਖ਼ਬਰ ਦਿਤੀ ਸੀ; ਅਗਲੀਆਂ ਤਿੰਨ ਸਤਰਾਂ ਵਿਚ ਉਹਨੇ ਸਰ ਪਰਸੀਵਲ ਦੀ ਕੰਬਰਲੈਂਡ ਤੋਂ ਹੈਂਪਸ਼ਾਇਰ ਜਾਣ ਦੀ ਖ਼ਬਰ ਦਿਤੀ ਸੀ; ਅਤੇ ਅਖੀਰਲੇ ਦੋ ਵਾਕਾਂ ਵਿਚ ਉਹਨੇ ਇਕ ਤਾਂ ਇਹ ਦੱਸਿਆ ਸੀ ਕਿ ਲਾਰਾ ਨੂੰ ਹਵਾ ਪਾਣੀ ਅਤੇ ਆਲਾ ਦੁਆਲਾ ਬਦਲਣ ਦੀ ਬਹੁਤ ਜ਼ਰੂਰਤ ਹੈ; ਅਤੇ ਦੂਜੀ ਗੱਲ ਇਹ ਦੱਸੀ ਸੀ ਕਿ ਉਹ ਇਸੇ ਕਾਰਣ ਆਪਣੀ ਭੈਣ ਨੂੰ ਯਾਰਕਸ਼ਾਇਰ ਕੁਝ ਪੁਰਾਣੇ ਮਿੱਤਰਾਂ ਦੇ ਘਰ ਲਿਜਾ ਰਹੀ ਹੈ। ਇੰਨੇ ਵਿਚ ਹੀ ਚਿੱਠੀ ਸਮਾਪਤ ਹੋ ਗਈ ਅਤੇ ਇਕ ਵੀ ਸ਼ਬਦ ਨਹੀਂ ਸੀ, ਜੋ ਮੈਨੂੰ ਖੁੱਲ੍ਹ ਕੇ ਦੱਸਿਆ ਕਿ ਕਿਨ੍ਹਾਂ ਹਾਲਤਾਂ ਵਿਚ ਮਿਸ ਫ਼ੇਅਰਲੀ ਨੇ ਸਰ ਪਰਸੀਵਲ ਨੂੰ ਸਵੀਕਾਰ ਕਰ ਲਿਆ ਸੀ; ਜਾਂ ਮੇਰੇ ਆਉਣ ਮਗਰੋਂ ਇਕ ਹਫਤੇ ਦੇ ਥੋੜ੍ਹੇ ਸਮੇਂ ਵਿਚ ਹੀ ਇਹ ਫ਼ੈਸਲਾ ਕਿਵੇਂ ਹੋ ਗਿਆ ਸੀ।

ਪਿਛੋਂ ਇਕ ਖਾਸ ਸਮੇਂ, ਮੈਨੂੰ ਇਸ ਅਚਾਨਕ ਫ਼ੈਸਲੇ ਦਾ ਕਾਰਣ ਵਿਸਥਾਰ ਸਹਿਤ ਦੱਸਿਆ ਗਿਆ। ਪਰ ਮੇਰਾ ਇਹ ਕੰਮ ਨਹੀਂ ਕਿ ਮੈਂ ਉਸਨੂੰ ਬਿਆਨ ਕਰਾਂ ਕਿਉਂਕਿ ਉਹ ਇਕ ਸੁਣੀ ਸੁਣਾਈ ਗੱਲ ਹੋਵੇਗੀ ਮੇਰਾ ਨਿੱਜੀ ਅਨੁਭਵ ਨਹੀਂ। ਉਹ ਮਿਸ ਹਾਲਕੌਂਬ ਦੀ ਸਿਧੀ ਜਾਣਕਾਰੀ ਅਤੇ ਅਨੁਭਵ ਸੀ; ਅਤੇ ਜਦੋਂ ਮੇਰੇ ਵਰਨਣ ਪਿਛੋਂ ਉਹਦੀ ਵਾਰੀ ਆਏਗੀ ਤਾਂ ਉਹ ਪੂਰਾ ਵਿਵਰਣ ਦਏਗੀ, ਅਤੇ ਹਰ ਇਕ ਨਿੱਕੀ ਨਿੱਕੀ ਘਟਨਾ ਉਵੇਂ ਹੀ ਬਿਆਨ ਕਰੇਗੀ, ਜਿਵੇਂ ਉਹ ਵਾਪਰੀ ਸੀ। ਇਸ ਤੋਂ ਪਹਿਲਾਂ ਕਿ ਮੈਂ ਆਪਣੀ ਕਲਮ ਇਕ ਪਾਸੇ ਰੱਖ ਕੇ ਕਹਾਣੀ ਤੋਂ ਉਹਲੇ ਹੋਵਾਂ, ਮੈਂ ਇਕ ਰਹਿੰਦੀ ਘਟਨਾ ਦਾ ਵਰਨਣ ਕਰਾਂਗਾ, ਜੋ ਮਿਸ ਫ਼ੇਅਰਲੀ ਦੇ ਵਿਆਹ ਨਾਲ ਸੰਬੰਧਤ ਸੀ ਅਤੇ ਜਿਸ ਦਾ ਮੇਰੇ ਨਾਲ ਵੀ ਸੰਬੰਧ ਸੀ-ਵਿਆਹ ਤੇ ਜਾਇਦਾਦ ਬਾਰੇ ਫ਼ੈਸਲਾ ਕਰਕੇ ਕਾਗਜ਼ਾਤ ਤਿਆਰ ਕਰਨੇ।

ਇਸ ਦਸਤਾਵੇਜ਼ ਦਾ ਜ਼ਿਕਰ ਉਦੋਂ ਤੀਕ ਸਪਸ਼ਟ ਨਹੀਂ ਹੋ ਸਕਦਾ ਜਦੋਂ ਤੀਕ ਮਿਸ ਫ਼ੇਅਰਲੀ ਦੀ ਇਕ ਲਾੜੀ ਦੇ ਤੌਰ ਤੇ ਆਰਥਿਕ ਸਥਿਤੀ ਬਾਰੇ ਪੂਰਾ ਵੇਰਵਾ ਨਾ ਦਸਿਆ ਜਾਏ ਮੈਂ ਯਤਨ ਕਰਾਂਗਾ ਕਿ ਇਹ ਵੇਰਵਾ ਸਪਸ਼ਟ ਅਤੇ ਸੰਖੇਪ ਹੋਵੇ, ਅਤੇ ਇਸ ਵਿਚ ਕੋਈ ਕਾਨੂੰਨੀ ਘੁੰਡੀ ਜਾਂ ਤਕਨੀਕੀ ਗੁੰਝਲਾਂ ਨਾ ਹੋਣ। ਮੈਂ ਇਥੇ ਸਭ ਪਾਠਕਾਂ ਨੂੰ ਚਿਤਾਵਨੀ ਦੇਂਦਾ ਹਾਂ ਕਿ ਮਿਸ ਫ਼ੇਅਰਲੀ ਦੀ ਇਹ ਵਿਰਾਸਤ ਉਹਦੀ ਕਹਾਣੀ ਦਾ ਇਕ ਹਿੱਸਾ ਹੈ; ਅਤੇ ਮਿਸਟਰ ਗਿਲਮੌਰ ਦੇ ਅਨੁਭਵ ਅਤੇ ਤਜ਼ਰਬੇ ਨੂੰ ਉਹ ਆਪਣਾ ਅਨੁਭਵ ਮੰਨਣ, ਤਾਂ ਹੀ ਉਨ੍ਹਾਂ ਨੂੰ ਉਹ ਵਰਨਣ ਸਮਝ ਵਿਚ ਆਉਣਗੇ, ਜੋ ਮੇਰੀ ਕਹਾਣੀ ਦੇ ਮਗਰ ਪੇਸ਼ ਕੀਤੇ ਜਾਣਗੇ।

ਮਿਸ ਫ਼ੇਅਰਲੀ ਦੀ ਵਿਰਾਸਤ ਦੋ ਪ੍ਰਕਾਰ ਦੀ ਸੀ; ਇਕ ਤੇ ਉਹ ਜਾਇਦਾਦ ਜਾਂ ਜ਼ਮੀਨ ਸੀ, ਜੋ ਉਹਦੇ ਚਾਚੇ ਦੀ ਮੌਤ ਮਗਰੋਂ ਉਹਦੀ ਹੋਣ ਦੀ ਸੰਭਾਵਨਾ ਸੀ; ਅਤੇ ਦੂਜੀ ਉਹਦੀ ਨਿੱਜੀ ਸੰਪੱਤੀ ਸੀ, ਜਾ ਪੈਸਾ ਸੀ, ਜੋ ਉਹਦੇ ਬਾਲਗ ਹੋਣ ਤੇ ਉਹਨੂੰ ਮਿਲਣਾ ਸੀ।

ਅਸੀਂ ਪਹਿਲਾਂ ਜ਼ਮੀਨ ਬਾਰੇ ਵਿਚਾਰ ਕਰਾਂਗੇ; ਮਿਸ ਫ਼ੇਅਰਲੀ ਦੇ ਦਾਦੇ ਦੇ ਵੇਲੇ ਲਿਮਰਿਜ ਅਸਟੇਟ ਦਾ ਸ਼ਰਤ ਸਹਿਤ ਵਿਰਸਾ ਇਸ ਤਰ੍ਹਾਂ ਸੀ-

ਮਿਸਟਰ ਫ਼ੇਅਰਲੀ, ਮਿਸ ਫ਼ੇਅਰਲੀ ਦਾ ਦਾਦਾ ਤਿੰਨ ਪੁੱਤਰ ਛੱਡ ਕੇ ਮਰਿਆ, ਫਿਲਿਪ ਫਰੈਡਰਿਕ ਅਤੇ ਆਰਥਰ ' ਫਿਲਿਪ ਵੱਡਾ ਸੀ, ਇਸ ਲਈ ਉਹ ਸਾਰੀ ਜਾਇਦਾਦ ਦਾ ਮਾਲਕ ਬਣਿਆ। ਪਰ ਨਾਲ ਹੀ ਇਹ ਸ਼ਰਤ ਸੀ ਕਿ ਜੇ ਉਹ ਬਿਨਾਂ ਪੁੱਤਰ ਦੇ ਹੀ ਮਰ ਜਾਏ ਤਾਂ ਸਾਰੀ ਜਾਇਦਾਦ ਦੂਜੇ ਭਰਾ ਫਰੈਡਰਿਕ ਦੀ ਹੋਵੇਗੀ, ਅਤੇ ਜੇ ਫਰੈਡਰਿਕ ਦੇ ਘਰ ਵੀ ਕੋਈ ਪੁੱਤਰ ਨਾ ਹੋਏ ਤਾਂ ਜਾਇਦਾਦ ਦਾ ਮਾਲਕ ਤੀਜਾ ਭਰਾ ਆਰਥਰ ਹੋਵੇਗਾ।

ਘਟਣਾ ਚੱਕਰ ਇਉਂ ਸੀ, ਕਿ ਮਿਸਟਰ ਫਿਲਿਪ ਫ਼ੇਅਰਲੀ ਇਕ ਲੜਕੀ ਛੱਡ ਕੇ ਮਰਿਆ, ਉਹ ਲੜਕੀ ਹੀ ਇਸ ਕਹਾਣੀ ਦੀ ਲਾਰਾ ਫ਼ੇਅਰਲੀ ਹੈ ਅਤੇ ਜਾਇਦਾਦ ਦਾ ਮਾਲਕ ਕਾਨੂੰਨ ਦੇ ਅਨੁਸਾਰ ਦੂਜਾ ਭਰਾ ਫਰੈਡਰਿਕ ਬਣ ਗਿਆ ਜੋ ਕਿ ਕੁਵਾਰਾ ਹੀ ਸੀ। ਤੀਜਾ ਭਰਾ ਆਰਥਰ ਫ਼ਿਲਿਪ ਤੋਂ ਵੀ ਪਹਿਲਾਂ ਇਕ ਪੁੱਤਰ, ਅਤੇ ਇਕ ਧੀ ਛਡ ਕੇ ਮਰ ਗਿਆ ਸੀ। ਆਰਥਰ ਦੇ ਇਸ ਪੁੱਤਰ ਦੀ ਅਠਾਰਾਂ ਸਾਲ ਦੀ ਉਮਰ ਵਿਚ ਔਕਸਫੋਰਡ ਵਿਚ ਡੁੱਬਣ ਨਾਲ ਮੌਤ ਹੋ ਚੁੱਕੀ ਸੀ। ਉਸਦੇ ਮਰਨ ਮਗਰੋਂ ਲਾਰਾ ਹੀ ਇਸ ਜਾਇਦਾਦ ਦੀ ਹੋਣ

ਵਾਲੀ ਇਕ ਸੰਭਵ ਵਾਰਸ ਰਹਿ ਗਈ ਸੀ। ਅਤੇ ਜੇ ਹਾਲਾਤ ਜਿਹੋ ਜਿਹੇ ਹੈ ਸਨ. ਇੰਜ ਹੀ ਰਹਿਣ ਤਾਂ ਉਹ ਆਪਣੇ ਚਾਚੇ ਫ਼ਰੈਡਰਿਕ ਦੀ ਮੌਤ ਮਗਰੋਂ ਇਸ ਜਾਗੀਰ ਦੀ ਅਵੱਸ਼ ਮਾਲਕ ਬਣ ਜਾਏਗੀ.ਗ; ਪਰ ਜੇ ਫ਼ਰੈਰਿਕ ਦਾ ਕੋਈ ਪੁੱਤਰ ਹੋ ਜਾਏ ਤਾਂ ਨਹੀਂ।

ਸੋ ਜੇ ਮਿਸਟਰ ਫਰੈਡਰਿਕ ਫ਼ੇਅਰਲੀ ਵਿਆਹ ਕਰਵਾ ਲਵੇ, ਅਤੇ ਇਕ ਵਾਰਸ ਨੂੰ ਛੱਡ ਜਾਏ (ਇਹ ਦੋ ਗੱਲਾਂ ਉਹ ਸਨ, ਜਿਨ੍ਹਾਂ ਨੂੰ ਉਹ ਕਦੀ ਵੀ ਨਹੀਂ ਸੀ ਕਰ ਸਕਦਾ) ਤਾਂ ਹੀ ਲਾਰਾ ਜਾਇਦਾਦ ਤੋਂ ਵੱਖ ਕੀਤੀ ਜਾ ਸਕਦੀ ਸੀ। ਨਹੀਂ ਤੇ ਉਹ ਹੀ ਇਸ ਜਾਗੀਰ ਦੀ ਇਕੱਲੀ ਮਾਲਕ ਬਣੇਗੀ। ਪਰ ਇਥੇ ਇਹ ਗੱਲ ਯਾਦ ਰਖਣੀ ਜ਼ਰੂਰੀ ਹੈ ਕਿ ਇਸ ਜਾਗੀਰ ਦੀ ਉਹ ਉਦੋਂ ਤੀਕ ਮਾਲਕ ਰਹੇਗੀ, ਜਦ ਤਕ ਜੀਵੇਗੀ। ਜੇ ਲਾਰਾ ਵਿਆਹ ਨਾ ਕਰੇ, ਜਾਂ ਉਸਦੇ ਘਰ ਕੋਈ ਬੱਚਾ ਨਾ ਹੋਵੇ ਤਾਂ ਇਹ ਸਾਰੀ ਜਾਗੀਰ ਉਹਦੇ ਚਾਚੇ ਆਰਥਰ ਦੀ ਲੜਕੀ ਮੰਗਡੋਲਨ ਨੂੰ ਵਾਪਸ ਮਿਲ ਜਾਏਗੀ ਅਤੇ ਜੇ ਉਹ ਵਿਆਹ ਕਰੇ ਅਤੇ ਇਸ ਵਿਆਹ ਵਿਚ ਉਹ ਦਸਤਾਵੇਜ ਤਿਆਰ ਕੀਤੀ ਜਾਏ, ਜੋ ਮੈਂ ਉਸ ਲਈ ਬਣਾਉਣੀ ਚਾਹੁੰਦਾ ਸਾਂ, ਤਾਂ ਇਸ ਜਾਗੀਰ ਦੀ ਆਮਦਨ (ਜੋ ਸਾਲ ਦੀ ਤਿੰਨ ਹਜ਼ਾਰ ਪੌਂਡ ਸੀ ਅਤੇ ਚੰਗੀ ਵਧੀਆ ਆਮਦਨ ਸੀ) ਉਹਦੇ ਜੀਵਨ ਕਾਲ ਵਿਚ ਸਿਰਫ ਉਹਦੀ ਹੈ। ਉਹ ਜਿਵੇਂ ਚਾਹੇ ਇਸ ਪੈਸੇ ਨੂੰ ਵਰਤ ਸਕਦੀ ਹੈ ਅਤੇ ਜੇ ਉਹ ਆਪਣੇ ਪਤੀ ਤੋਂ ਪਹਿਲਾਂ ਹੀ ਕਾਲ-ਵੱਸ ਹੋ ਜਾਏ ਤਾਂ ਇਹ ਆਮਦਨ ਉਹਦੇ ਪਤੀ ਦੀ ਉਨਾਂ ਚਿਰ ਹੋਵੇਗੀ ਜਿੰਨੀ ਦੇਰ ਉਹ ਜੀਵੇਗਾ। ਜੇ ਲਾਰਾ ਫ਼ੇਅਰਲੀ ਦਾ ਕੋਈ ਲੜਕਾ ਹੋਵੇ ਤਾਂ ਇਹ ਲੜਕਾ ਹੀ ਉਨ੍ਹਾਂ ਦਾ ਵਾਰਸ ਬਣੇਗਾ ਅਤੇ ਲਾਰਾ ਦੀ ਚਚੇਰੀ ਭੈਣ ਦਾ ਇਸ ਆਮਦਨ ਤੇ ਕੋਈ ਹੱਕ ਨਹੀਂ ਰਹਿ ਜਾਵੇਗਾ। ਇਸ ਤਰ੍ਹਾਂ ਵੇਖਿਆ ਸਰ ਪਰਸੀਵਲ ਨੂੰ ਮਿਸ ਫ਼ੇਅਰਲੀ ਨਾਲ ਵਿਆਹ ਕਰਨ ਦੇ ਮਿਸਟਰ ਫਰੈਡਰਿਕ ਫ਼ੇਅਰਲੀ ਦੀ ਮੌਤ ਮਗਰੋਂ ਦੋ ਲਾਭ ਸਨ; ਪਹਿਲਾ ਤਿੰਨ ਹਜ਼ਾਰ ਪੌਂਡ ਦੀ ਸਾਲਾਨਾ ਆਮਦਨ ਨੂੰ ਵਰਤ ਸਕਦਾ (ਜਦੋਂ ਤੀਕ ਉਹਦੀ ਪਤਨੀ ਜੀਉਂਦੀ-ਰਵੇ, ਉਹਦੀ ਆਗਿਆ ਨਾਲ; ਅਤੇ ਉਹਦੇ ਮਰਨ ਮਗਰੋਂ, ਜੇ ਉਹ ਜੀਉਂਦਾ ਰਹੇ ਤਾਂ ਉਹ ਆਮਦਨ ਉਹਦੀ ਆਪਣੀ ਹੋ ਜਾਂਦੀ ਸੀ), ਦੂਜਾ, ਜੇ ਉਨ੍ਹਾਂ ਦੇ ਘਰ ਲੜਕਾ ਹੋਵੇ ਤਾਂ ਉਹ ਲੜਕਾ ਲਿਮਰਿਜ ਅਸਟੇਟ ਦਾ ਵਾਰਸ ਬਣਦਾ ਸੀ।

ਇਹ ਵਿਸਤਾਰ ਤਾਂ ਜ਼ਮੀਨ ਅਤੇ ਉਸਦੀ ਆਮਦਨ ਬਾਰੇ ਦਿਤਾ ਹੈ। ਇਥੋਂ ਤੀਕ ਮੇਰੇ ਅਤੇ ਸਰ ਪਰਸੀਵਲ ਦੇ ਵਕੀਲ ਵਿਚਕਾਰ ਕਿਸੇ ਮਤਭੇਦ ਦੀ ਸੰਭਾਵਨਾ ਨਹੀਂ ਸੀ ਜੋ

ਮਿਸ ਫ਼ੇਅਰਲੀ ਦੀ ਜਾਇਦਾਦ ਦੀ ਦਸਤਾਵੇਜ਼ ਬਣਾਉਣ ਬਾਰੇ ਕੋਈ ਸਮੱਸਿਆ ਨਹੀਂ ਸੀ ਹੋਣੀ। ਹੁਣ ਮਿਸ ਫ਼ੇਅਰਲੀ ਦੀ ਨਿੱਜੀ ਸੰਪਤੀ ਬਾਰੇ ਜਾਂ ਉਸ ਦੌਲਤ, ਜਿਸ ਦੀ ਉਹ ਬਾਲਗ ਹੋਣ ਤੇ ਮਾਲਕ ਬਣੇਗੀ ਬਾਰੇ ਵਿਚਾਰ ਕਰਨ ਦੀ ਲੋੜ ਹੈ।

ਉਹਦੇ ਵਿਰਸੇ ਦਾ ਇਹ ਭਾਗ ਆਪਣੇ ਆਪ ਵਿਚ ਹੀ ਇਕ ਚੰਗੀ ਚੋਖੀ ਜਾਇਦਾਦ ਸੀ। ਇਹ ਉਹਦੇ ਪਿਤਾ ਦੀ ਵਸੀਅਤ ਅਨੁਸਾਰ ਉਹਨੂੰ ਮਿਲਣੀ ਸੀ ਅਤੇ ਇਹ ਰਕਮ ਵੀਹ ਹਜ਼ਾਰ ਪੌਂਡ ਸੀ। ਇਸਦੇ ਨਾਲ ਹੀ ਦਸ ਹਜ਼ਾਰ ਪੌਂਡ ਰਕਮ ਹੋਰ ਸੀ। ਜਿਸ ਦੀ ਆਮਦਨ ਉਹ ਸਾਰੀ ਜ਼ਿੰਦਗੀ ਲੈ ਸਕਦੀ ਸੀ; ਅਤੇ ਇਹ ਰਕਮ ਉਸ ਦੇ ਮਰਨ ਮਗਰੋਂ, ਉਸਦੀ ਭੂਆ ਏਲੀਨਰ ਨੂੰ ਮਿਲਣੀ ਸੀ, ਜੋ ਉਹਦੇ ਪਿਤਾ ਦੀ ਇਕ ਭੈਣ ਸੀ। ਜੇ ਪਾਠਕ ਅਗੇ ਸਭ ਕੁੱਝ ਸਪਸ਼ਟ ਰੂਪ ਵਿਚ ਰਖਿਆ ਜਾਏ ਤਾਂ ਉਹਨੂੰ ਇਹ ਘਰੋਗੀ ਮੁਆਮਲੇ ਪੂਰੀ ਤਰ੍ਹਾਂ ਸਮਝ ਵਿਚ ਆ ਜਾਣਗੇ। ਇਸ ਗੱਲ ਨੂੰ ਸਮਝ ਵਿਚ ਆਉਣ ਲਈ ਹੋਰ ਵੀ ਸਹਾਇਤਾ ਮਿਲੇਗੀ, ਜੇ ਮੈਂ ਇਥੋਂ ਇਕ ਮਿੰਟ ਚਕ ਕੇ ਇਹ ਦੱਸ ਦਿਆਂ, ਕਿ ਭੂਆ ਨੂੰ ਆਪਣੀ ਜਾਇਦਾਦ ਲੈਣ ਲਈ ਭਤੀਜੀ ਦੀ ਮੌਤ ਤਕ ਕਿਉਂ ਉਡੀਕਣਾ ਪੈ ਰਿਹਾ ਸੀ।

ਮਿਸਟਰ ਫਿਲਿਪ ਫ਼ੇਅਰਲੀ ਦਾ ਆਪਣੀ ਭੈਣ ਨਾਲ ਉਦੋਂ ਤੀਕ ਬਹੁਤ ਪਿਆਰ ਸੀ ਜਦੋਂ ਤੀਕ ਉਹ ਕੁਆਰੀ ਸੀ। ਪਰ ਜਦੋਂ ਉਹਨੇ ਵਿਆਹ ਕਰਵਾਇਆ: ਇਹ ਵਿਆਹ ਵੀ ਉਹਨੇ ਕਾਫੀ ਉਮਰ ਵਿਚ ਕਰਵਾਇਆ ਸੀ, ਤਾਂ ਮਿਸਟਰ ਫ਼ੇਅਰਲੀ ਨੂੰ ਏਨਾ ਰੋਹ ਚੜ੍ਹਿਆ ਕਿ ਉਹਨੇ ਆਪਣੀ ਭੈਣ ਨਾਲ ਹਰ ਤਰ੍ਹਾਂ ਦਾ ਮੇਲ ਜਲ ਬੰਦ ਕਰ ਦਿਤਾ, ਅਤੇ ਆਪਣੀ ਵਸੀਅਤ ਵਿਚੋਂ ਉਹਦਾ ਨਾਂ ਵੀ ਕੱਟਣ ਨੂੰ ਤਿਆਰ ਹੋ ਗਿਆ। ਇਲੀਨਰ ਨੇ ਇਕ ਇਤਾਲੀਅਨ ਪੁਰਸ਼, ਛੱਸਕੇ ਨਾਲ ਜੋ ਕਿ ਆਪਣੇ ਆਪ ਨੂੰ ਉਚੇ ਰੁਤਬੇ ਦਾ ਦੱਸਦਾ ਸੀ ਅਤੇ 'ਕਾਉਂਟ ਫੌਜਕ ਕਹਾਉਂਦਾ ਸੀ, ਵਿਆਹ ਕਰਵਾਇਆ ਸੀ। ਜਦੋਂ ਮਿਸਟਰ ਫ਼ਿਲਿਪ ਫੇਅਹਲੀ ਦੀ ਆਪਣੀ ਵਸੀਅਤ ਵਿਚੋਂ ਬਲੀਨਰ ਦਾ ਨਾਂ ਕੱਟਣ ਦੀ ਮਰਜ਼ੀ ਹੋਈ ਤਾਂ ਬਾਕੀ ਸਾਰੇ ਟੱਬਰ ਦੀ ਰਾਏ ਵਿਚ, ਗੁੱਸੇ ਦਾ ਇਸ ਹਦ ਤੀਕ ਪ੍ਰਦਰਸ਼ਨ, ਮਿਸਟਰ ਫਿਲਿਪ ਦੀ ਵਧੀਕੀ ਸੀ। ਕਾਂਉਟ ਫਸਕੇ ਭਾਵੇਂ ਅਮੀਰ ਆਦਮੀ ਨਹੀਂ ਸੀ, ਪਰ ਉਹ ਫਕੀਰ ਵੀ ਤਾਂ ਨਹੀਂ ਸੀ। ਉਹਦੀ ਆਪਣੀ ਚੰਗੀ ਆਮਦਨ ਸੀ : ਅਤੇ ਉਹ ਕਈ ਵਰ੍ਹੇ ਇੰਗਲੈਂਡ ਵਿਚ ਰਹਿ ਚੱਕਾ ਸੀ; ਅਤੇ ਸਮਾਜ ਵਿਚ ਉਹਦੀ ਬੜੀ ਇੱਜ਼ਤ ਸੀ। ਪਰ ਮਿਸਟਰ ਫ਼ੇਅਰਲੀ ਨੂੰ ਇਹ ਕੋਈ ਗੱਲ ਵੀ ਪੋਹਦੀ ਨਹੀਂ ਸੀ। ਉਹ ਆਪਣੇ ਕਈ ਅਸੂਲਾਂ ਵਿਚ ਪੁਰਾਣੇ ਅੰਗਰੇਜ਼ਾਂ ਵਾਂਗ ਸੀ; ਅਤੇ ਉਹ

ਇਕ ਬਿਦੇਸ਼ੀ ਨੂੰ ਸਿਰਫ ਇਸੇ ਕਾਰਣ ਕਰਕੇ ਨਫਰਤ ਕਰਦਾ ਸੀ, ਕਿ ਉਹ ਇਕ ਬਿਦੇਸ਼ੀ ਸੀ। ਪਿਛੋਂ ਕਈ ਸਾਲ ਮਨਾਉਣ ਮਗਰ' ਅਤੇ ਉਹ ਵੀ ਤਾਂ ਕਿ ਲਾਰਾ ਛੇਅਰਲੀ ਨੇ ਬਹੁਤ ਮਿੰਨਤ ਸਮਾਜਤ ਕੀਤੀ, ਉਹ ਇਸ ਗੱਲ ਤੇ ਰਾਜ਼ੀ ਹੋਇਆ ਕਿ ਆਪਣੀ ਭੈਣ ਦਾ ਨਾਂ ਮੁੜ ਆਪਣੀ ਵਸੀਅਤ ਵਿਚ ਲਿਖ ਦੇਵੇਗਾ। ਪਰ ਉਹਨੇ ਨਾਲ ਇਹ ਵੀ ਸ਼ਰਤ ਰਖ ਦਿਤੀ ਕਿ ਦਸ ਹਜ਼ਾਰ ਪੌਂਡ ਦੀ ਆਮਦਨ ਲਾਰਾ ਫ਼ੇਅਰਲੀ ਖਾਵੇਗੀ ਅਤੇ ਜੇ ਏਲੀਨਰ ਪਹਿਲਾਂ ਮਰ ਜਾਏ ਤਾਂ ਇਹ ਦਸ ਹਜਾਰ ਪੌਂਡ ਆਰਬਰ ਦੀ ਲੜਕੀ ਮੰਗਡੇਲਨ ਨੂੰ ਮਿਲਣਗੇ। ਹੁਣ ਦੋਹਾਂ ਦੀਆਂ ਉਮਰਾਂ ਦਾ ਮੁਕਾਬਲਾ ਕਰਦਿਆਂ ਭੂਆ ਨੂੰ ਦਸ ਹਜ਼ਾਰ ਪੌਂਡ ਮਿਲਣ ਦੀ ਸੰਭਾਵਨਾ ਬਹੁਤ ਹੀ ਘਟ ਹੋ ਗਈ ਸੀ ; ਅਤੇ ਮੈਡਮ ਫੱਸਕੇ ਆਪਣੇ ਭਰਾ ਦੇ ਇਸ ਵਤੀਰੇ ਨੂੰ ਆਪਣੇ ਨਾਲ ਵਧੀਕੀ ਅਤੇ ਬੇਇਨਸਾਫੀ ਮੰਨਦੀ ਹੋਈ, ਜਿਵੇਂ ਕਿ ਅਕਸਰ ਅਜਿਹੇ ਮੁਆਮਲਿਆਂ ਵਿਚ ਹੁੰਦਾ ਹੀ ਹੈ ; ਹੁਣ ਆਪਣੀ ਭਤੀਜੀ ਨੂੰ ਮਿਲਣ ਤੋਂ ਇਨਕਾਰ ਕਰਦੀ ਸੀ ਅਤੇ ਇਸ ਗੱਲ ਤੇ ਵੀ ਵਿਸ਼ਵਾਸ ਨਹੀਂ ਕਰਦੀ ਸੀ ਕਿ ਮਿਸ ਫ਼ੇਅਰਲੀ ਦੇ ਕਹਿਣ ਸੁਣਨ ਤੇ ਹੀ ਕਦੀ ਮਿਸਟਰ ਫ਼ੇਅਰਲੀ ਨੇ ਵਸੀਅਤ ਵਿਚ ਉਹਦਾ ਨਾਂ ਮੁੜ ਲਿਖਣਾ ਮੰਨਿਆ ਸੀ।

ਦਸ ਹਜ਼ਾਰ ਪੌਂਡ ਦਾ ਇਹ ਇਤਿਹਾਸ ਸੀ। ਇਥੇ ਵੀ ਸਰ ਪਰਸੀਵਲ ਦੇ ਵਕੀਲ ਨਾਲ ਮੇਰਾ ਕੋਈ ਮਤਭੇਦ ਨਹੀਂ ਸੀ ਹੋ ਸਕਦਾ। ਆਮਦਨ ਪਤਨੀ ਨੂੰ ਪਹੁੰਚੇਗੀ ਅਤੇ ਮੂਲ ਧਨ, ਉਹਦੀ ਭੂਆ ਨੂੰ-ਜਾਂ ਭੂਆ ਦੀ ਮੌਤ ਤੇ ਉਹਦੇ ਚਾਚੇ ਦੀ ਧੀ ਨੂੰ ਮਿਲੇਗਾ।

ਹੁਣ ਇਹ ਪ੍ਰਾਰੰਭਿਕ ਵੇਰਵਾ ਦੇਣ ਮਗਰੋਂ ਮੈਂ ਅੰਤ ਵਿਚ ਮਾਮਲੇ ਦੀ ਅਸਲ ਗੁੰਝਲ ਵੱਲ ਆਉਂਦਾ ਹਾਂ- ਵੀਹ ਹਜ਼ਾਰ ਪੌਂਡ।

ਇਹ ਰਕਮ ਸਮੁੱਚੇ ਤੌਰ ਤੇ ਮਿਸ ਫ਼ੇਅਰਲੀ ਦੀ ਆਪਣੀ ਬਣ ਜਾਣੀ ਸੀ। ਜਦੋਂ ਉਹਨੇ ਆਪਣਾ ਇਕੀਵਾਂ ਸਾਲ ਪੂਰਾ ਕਰਨਾ ਸੀ; ਅਤੇ ਭਵਿਸ਼ ਵਿਚ ਇਸ ਰਕਮ ਨੂੰ ਕਿਵੇਂ ਵਰਤਿਆ ਜਾਣਾ ਸੀ; ਇਹ ਸਭ ਉਨ੍ਹਾਂ ਸ਼ਰਤਾਂ ਤੇ ਨਿਰਭਰ ਕਰਦਾ ਸੀ, ਜੋ ਮੈਂ ਉਹਦੇ ਵਿਆਹ ਦੀ ਦਸਤਾਵੇਜ਼ ਵਿਚ ਲਿਖਵਾਉਣ ਵਿਚ ਸਫਲ ਹੋ ਸਕਦਾ ਸੀ। ਇਸ ਦਸਤਾਵੇਜ਼ ਵਿਚ ਹੋਰ ਸ਼ਰਤਾਂ ਸਭ ਆਮ ਵਿਹਾਰ ਦੇ ਮੁਤਾਬਿਕ ਸਨ, ਅਤੇ ਉਨ੍ਹਾਂ ਦੇ ਇਥੇ ਲਿਖਣ ਦੀ ਕੋਈ ਲੋੜ ਨਹੀਂ। ਪਰ ਇਹ ਸ਼ਰਤ ਜੋ ਇਸ ਰਕਮ ਨਾਲ ਸੀ, ਇਹ ਬੜੀ ਮਹੱਤਵਪੂਰਣ ਹੈ ਅਤੇ ਇਸ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਕੁਝ ਸਤਰਾਂ ਵਿਚ ਹੀ ਮੈਂ ਇਸਦਾ ਸਾਰ ਪੇਸ਼ ਕਰਦਾ ਹਾਂ।

ਵੀਹ ਹਜ਼ਾਰ ਪੌਂਡ ਦੇ ਨਾਲ ਮੇਰੀ ਸ਼ਰਤ ਸਿਰਫ ਇਹ ਸੀ; ਇਹ ਸਾਰੀ ਰਕਮ ਇਸ ਤਰ੍ਹਾਂ ਕਿਧਰੇ ਲਾਈ ਜਾਏ ਕਿ ਇਸ ਦੀ ਸਾਰੀ ਆਮਦਨ ਮਿਸ ਫ਼ੇਅਰਲੀ ਨੂੰ ਸਾਰੀ ਜ਼ਿੰਦਗੀ ਮਿਲਦੀ ਰਵ੍ਹੇ; ਉਹਦੇ ਮਗਰੋਂ ਸਰ ਪਰਸੀਵਲ ਨੂੰ ਸਾਰੀ ਜਿੰਦਗੀ ਮਿਲੇ, ਅਤੇ ਮੂਲ ਧਨ ਦੇ ਵਾਰਸ ਬੱਚੇ ਹੋਣਗੇ। ਜੇ ਕੋਈ ਸੰਤਾਨ ਨਾ ਹੋਵੇ ਤਾਂ ਇਹ ਮੂਲ-ਧਨ ਮਿਸ ਫ਼ੇਅਰਲੀ ਆਪਣੀ ਮਰਜ਼ੀ ਨਾਲ ਜਿਵੇਂ ਚਾਹੇ ਵਰਤੇ ਅਤੇ ਉਹ ਆਪਣੀ ਵਸੀਅਤ ਬਣਾ ਸਕਦੀ ਹੈ। ਇਨ੍ਹਾਂ ਸ਼ਰਤਾਂ ਦਾ ਪ੍ਰਭਾਵ ਸੰਖੇਪ ਵਿਚ ਇੰਜ ਵਰਣਨ ਕੀਤਾ ਜਾ ਸਕਦਾ ਹੈ। ਜੇ ਲੇਡੀ ਗੁਲਾਈਡ ਦੀ ਕੋਈ ਸੰਤਾਨ ਨਾ ਹੋਵੇ ਤਾਂ ਉਹਦੀ ਮਤਰੇਈ ਭੈਣ, ਮਿਸ ਹਾਲਕੌਂਬ ਜਾਂ ਹੋਰ ਰਿਸ਼ਤੇਦਾਰ ਜਾਂ ਮਿੱਤਰ, ਜਿਨ੍ਹਾਂ ਨੂੰ ਲੇਡੀ ਗਲਾਈਡ ਕੁਛ ਦੇਣਾ ਚਾਹੁੰਦੀ ਹੋਵੇਗੀ, ਆਪਸ ਵਿਚ ਉਹ ਰਕਮ ਉਸੇ ਹਿਸਾਬ ਨਾਲ ਵੰਡ ਲੈਣਗੇ ਜਿਵੇਂ ਲੇਡੀ ਗਲਾਈਡ ਦੀ ਮਰਜੀ ਹੋਵੇਗੀ। ਅਤੇ ਜੇ ਉਸਦੇ ਬੱਚੇ ਹੋਣ, ਤਾਂ ਉਨ੍ਹਾਂ ਦਾ ਹੱਕ ਇਸ ਰਕਮ ਤੇ ਪਹਿਲਾ ਹੋਵੇਗਾ। ਮੇਰੀ ਲਾਈ ਹੋਈ ਇਹੀ ਸ਼ਰਤ ਸੀ; ਅਤੇ ਜੋ ਵੀ ਇਸਨੂੰ ਪੜ੍ਹੇਗਾ, ਮੇਰੇ ਵਿਚਾਰ ਵਿਚ ਮੇਰੇ ਨਾਲ ਸਹਿਮਤ ਹੋਵੇਗਾ ਕਿ ਇਸ ਤਰ੍ਹਾਂ ਹਰ ਇਕ ਨਾਲ ਬਰਾਬਰ ਦਾ ਨਿਆ ਹੋ ਰਿਹਾ ਸੀ।

ਹੁਣ ਅਸੀਂ ਵੇਖਾਂਗੇ ਕਿ ਪਤੀ ਦੇ ਪਾਸਿਉਂ ਇਨ੍ਹਾਂ ਸਰਤਾਂ ਦਾ ਕੀ ਸਵਾਗਤ ਹੋਇਆ। ਜਿਸ ਸਮੇਂ ਮੈਨੂੰ ਮਿਸ ਹਾਲਕੌਂਬ ਦੀ ਚਿੱਠੀ ਮਿਲੀ, ਉਦੋਂ ਮੈਨੂੰ ਕੰਮ ਕੁਝ ਆਮ ਨਾਲ ਵਧੇਰੇ ਹੀ ਸੀ। ਪਰ ਮੈਂ ਦਸਤਾਵੇਜ ਬਣਾਉਣ ਲਈ ਕੁਝ ਸਮਾਂ ਕੱਢ ਹੀ ਲਿਆ। ਮਿਸ ਹਾਲਕੌਂਬ ਤੋਂ ਇਹ ਪਤਾ ਲਗਣ ਤੇ ਹੀ ਕਿ ਵਿਆਹ ਹੋਣਾ ਨਿਸ਼ਚਿਤ ਹੈ, ਮੈਂ ਇਸ ਦਸਤਾਵੇਜ ਨੂੰ ਹਫਤੇ ਤੋਂ ਵੀ ਘੱਟ ਸਮੇਂ ਵਿਚ ਤਿਆਰ ਕਰ ਕੇ, ਸਰ ਪਰਸੀਵਲ ਦੇ ਵਕੀਲ ਨੂੰ ਸਮਰਥਨ ਲਈ ਭੇਜ ਦਿੱਤਾ।

ਦੋ ਦਿਨਾਂ ਦੇ ਵਕਫੇ ਮਗਰੋਂ ਇਸ ਦਸਤਾਵੇਜ਼ ਬੈਰਨ ਦੇ ਵਕੀਲ ਨੇ ਆਪਣੀ ਟੀਕ-ਟਿੱਪਣੀ ਸਮੇਤ ਮੈਨੂੰ ਵਾਪਸ ਭੇਜ ਦਿਤੀ। ਆਮ ਤੌਰ ਤੇ ਉਹਨੇ ਜੋ ਜੋ ਇਤਰਾਜ ਕੀਤੇ ਸਨ, ਉਹ ਬਹੁਤ ਹੀ ਮਾਮੂਲੀ ਕਿਸਮ ਦੇ ਸਨ ਅਤੇ ਬਹੁਤੇ ਤਕਨੀਕੀ ਹੀ ਸਨ। ਪਰ ਉਹਨੇ ਵੀਹ ਹਜ਼ਾਰ ਪੌਂਡ ਦੀ ਸ਼ਰਤ ਦੇ ਨੇੜੇ ਲਾਲ ਸਿਆਹੀ ਵਿਚ ਦੂਹਰੀਆਂ ਦੂਹਰੀਆਂ ਲਾਈਨਾ ਖਿਚੀਆਂ ਹੋਈਆਂ ਸਨ, ਅਤੇ ਹੇਠਾਂ ਇਹ ਨੋਟ ਲਿਖਿਆ ਹੋਇਆ ਸੀ:-

'ਇਹ ਨਹੀਂ ਮੰਨਿਆ ਜਾ ਸਕਦਾ। ਜੋ ਸਰ ਪਰਸੀਵਲ ਗਲਾਈਡ, ਲੇਡੀ ਗਲਾਈਡ ਮਗਰੋਂ ਜੀਉਂਦਾ ਰਵ੍ਹੇ, ਅਤੇ ਕੋਈ ਸੰਤਾਨ ਨਾ ਹੋਵੇ ਤਾਂ ਮੂਲ-ਧਨ ਸਰ ਪਰਸੀਵਲ ਨੂੰ ਮਿਲੇਗਾ।"

ਇਸ ਤੋਂ ਇਹੀ ਭਾਵ ਸੀ ਕਿ ਇਕ ਪੈਸਾ ਵੀ ਮਿਸ ਹਾਲਕੌਂਬ, ਜਾਂ ਕਿਸੇ ਹੋਰ ਰਿਸ਼ਤੇਦਾਰ ਜਾ ਕਿਸੇ ਹੋਰ ਮਿੱਤਰ ਨੂੰ ਨਹੀਂ ਮਿਲੇਗਾ।

ਜੇ ਕੋਈ ਬੱਚਾ ਨਾ ਹੋਇਆ ਤਾਂ ਸਾਰੀ ਦੀ ਸਾਰੀ ਜਾਇਦਾਦ ਦੀ ਰਕਮ ਮਿਸ ਫ਼ੇਅਰਲੀ ਦੇ ਪਤੀ ਦੀ ਜੇਬ ਵਿਚ ਪੈ ਜਾਏਗੀ।

ਇਸ ਗੁਸਤਾਖ ਚਿੱਠੀ ਦਾ ਉਤਰ ਮੈਂ ਵੀ ਉਨਾਂ ਹੀ ਤਿੱਖਾ ਅਤੇ ਸੰਖੇਪ ਰੂਪ ਵਿਚ ਦਿਤਾ, ਜਿੰਨਾ ਕਿ ਦੇ ਸਕਦਾ ਸੀ। 'ਮੇਰੇ ਪਿਆਰੇ ਸ੍ਰੀ ਮਾਨ ਜੀਉ, ਮਿਸ ਫ਼ੇਅਰਲੀ ਦੀ ਜਾਇਦਾਦ ਦੀ ਦਸਤਾਵੇਜ਼ ਮਿਲੀ। ਮੈਂ ਇਹ ਸ਼ਰਤ, ਜਿਸ ਤੇ ਤੁਸੀਂ ਉਜ਼ਰ ਕੀਤਾ ਹੈ। ਇਸੇ ਹੀ ਰੂਪ ਵਿਚ ਰਖਾਂਗਾ, ਆਪਦਾ ਦਾਸ।" ਚਾਲੂ ਮੋਟੀ ਬੋਲੀ ਦੇ ਅਨੁਸਾਰ ਅਸੀਂ ਹੁਣ ਅੜਚਣ ਵਿਚ ਵਸ ਗਏ ਸਾਂ, ਅਤੇ ਇਸ ਤੋਂ ਨਿਕਲਣ ਦਾ ਇਹੀ ਰਾਹ ਰਹਿ ਗਿਆ ਸੀ ਕਿ ਅਸੀਂ ਆਪਣੀਆਂ ਆਪਣੀਆਂ ਸਾਮੀਆਂ ਨੂੰ ਮਿਲੀਏ।

ਹਾਲਾਤ ਇਹ ਸਨ; ਮੇਰਾ ਸਾਇਲ, ਮਿਸਟਰ ਫਰੈਡਰਿਕ ਫ਼ੇਅਰਲੀ ਸੀ, ਕਿਉਂ ਜੋ ਮਿਸ ਫ਼ੇਅਰਲੀ ਅਜੇ ਇਕੀਆਂ ਸਾਲਾਂ ਦੀ ਨਹੀਂ ਸੀ ਹੋਈ ਅਤੇ ਮਿਸਟਰ ਫੇਅਰਲੀ ਉਹਦਾ ਗਾਰਡੀਅਨ ਜਾਂ ਸਰਪ੍ਰਸਤ ਸੀ, ਮੈਂ ਉਹਨੂੰ ਉਸੇ ਦਿਨ ਦੀ ਡਾਕ ਰਾਹੀਂ ਚਿੱਠੀ ਭੇਜੀ ਜਿਸ ਵਿਚ ਸਾਰਾ ਮਾਮਲਾ ਖੋਲ ਕੇ ਉਹਦੇ ਸਾਹਮਣੇ ਰਖਿਆ; ਉਹਨੂੰ ਮੈਂ ਇਹ ਸ਼ਰਤ ਇਸੇ ਹੀ ਰੂਪ ਵਿਚ ਰੱਖਣ ਲਈ ਸਿਰਫ ਹਰ ਇਕ ਦਲੀਲ ਹੀ ਨਹੀਂ ਦਿਤੀ, ਸਗੋਂ ਸਪਸ਼ਟ ਸ਼ਬਦਾਂ ਵਿਚ ਇਹ ਵੀ ਲਿਖਿਆ ਕਿ ਜਿਵੇਂ ਮੈਂ ਵੀਹ ਹਜ਼ਾਰ ਪੌਂਡ ਦਾ ਨਿਰਣਾ ਕਰਨਾ ਚਾਹੁੰਦਾ ਹਾਂ, ਉਸ ਨੂੰ ਸਾਡਾ ਵਿਰੋਧੀ ਧੜਾ ਤਾਂ ਹੀ ਸਵੀਕਾਰ ਨਹੀਂ ਕਰ ਰਿਹਾ ਕਿਉਂਕਿ ਉਨ੍ਹਾਂ ਦਾ ਮਨੋਰਥ ਇਸ ਰਕਮ ਨੂੰ ਪ੍ਰਾਪਤ ਕਰਨਾ ਹੈ। ਜਦੋਂ ਸਰ ਪਰਸੀਵਲ ਦੀ ਜਾਇਦਾਦ ਦੇ ਕਾਗਜ ਮੇਰੇ ਨਿਰੀਖਣ ਲਈ ਮੈਨੂੰ ਮੇਰੀ ਵਾਰੀ ਆਉਣ ਤੇ ਭਿਜਵਾਏ ਗਏ ਸਨ, ਤਾਂ ਮੈਨੂੰ ਪਤਾ ਲਗਾ ਸੀ ਕਿ ਉਹਦੀ ਅਸਟੇਟ ਤੇ ਬਹੁਤ ਕਰਜ਼ਾ ਹੈ; ਅਤੇ ਉਹਦੀ ਆਮਦਨ ਭਾਵੇਂ ਥੋੜ੍ਹੀ ਨਾਂ ਨੂੰ ਤਾਂ ਨਹੀਂ ਸੀ, ਪਰ ਉਹਦੀ ਹੈਸੀਅਤ ਦੇ ਲਈ ਕੱਖ ਵੀ ਨਹੀਂ ਸੀ। ਸਰ ਪਰਸੀਵਲ ਨੂੰ ਨਕਦ ਰਕਮ ਦੀ ਬੜੀ ਸਖਤ ਜ਼ਰੂਰਤ ਸੀ ; ਉਹਦੇ ਵਕੀਲ ਦਾ ਮਿਸ ਫ਼ੇਅਰਲੀ ਦੀ ਜਾਇਦਾਦ ਦੀ ਦਸਤਾਵੇਜ਼ ਤੇ

ਵੀਹ ਹਜ਼ਾਰ ਪੌਂਡ ਦੀ ਸ਼ਰਤ ਤੇ। ਇਹ ਨੋਟ ਉਨ੍ਹਾਂ ਦੀ ਇਸ ਸੇੜਦਾ ਸਪੱਸ਼ਟ ਅਤੇ ਸਵਾਰਥ ਭਰਿਆ ਪ੍ਰਗਟਾ ਸੀ।

ਵਾਪਸੀ ਡਾਕ ਹੀ ਮੈਨੂੰ ਮਿਸਟਰ ਫ਼ੇਅਰਲੀ ਦਾ ਉੱਤਰ ਮਿਲਿਆ, ਜੋ ਕਿ ਉੱਕਾ ਹੀ ਊਟ-ਪਟਾਂਗ ਅਤੇ ਬੇਹੱਦ ਬੇਤੁਕਾ ਸੀ। ਸਪੱਸ਼ਟ ਸ਼ਬਦਾਂ ਵਿਚ ਉਹਦਾ ਇਹ ਭਾਵ ਸੀ; ਕਿ ਪਿਆਰਾ ਗਿਲਮੌਰ ਏਨੀ ਕਿਰਪਾ ਕਰੇਗਾ, ਕਿ ਆਪਣੇ ਮਿੱਤਰ ਅਤੇ ਸਾਇਲ ਨੂੰ ਏਨੀ ਮਾਮੂਲੀ ਗਲ ਲਈ ਅਤੇ ਅਜਿਹੇ ਅਸੰਭਵ ਇਤਫਾਕ ਲਈ ਖੇਚਲ ਨਾ ਦੇਵੇ? ਕੀ ਇਹ ਸੰਭਵ ਹੋ ਸਕਦਾ ਹੈ ਕਿ ਇੱਕੀ ਸਾਲ ਦੀ ਜਵਾਨ ਔਰਤ ਪੰਜਤਾਲੀ ਸਾਲ ਦੇ ਮਰਦ ਕੋਲ ਪਹਿਲਾਂ ਮਰ ਜਾਏ ਅਤੇ ਉਹ ਵੀ ਬਾਲ ਬੱਚਿਆਂ ਤੋਂ ਬਿਨਾਂ? ਇਸ ਦੁਖੀ ਸੰਸਾਰ ਵਿਚ ਕੀ ਸ਼ਾਂਤੀ ਅਤੇ ਏਕਾਂਤ ਦੀ ਕਦਰ ਪਾਉਣੀ ਸੰਭਵ ਹੈ? ਜੇ ਇਹ ਦੈਵੀ ਸੁੱਖ ਨਿਗੂਣੇ ਵੀਹ ਹਜ਼ਾਰ ਖੇਡ ਦੀ ਕੀਮਤ ਤੇ ਮਿਲ ਸਕਣ ਤਾਂ ਕੀ ਇਹ ਸੌਦਾ ਲਾਹੇਵੰਦ ਨਹੀਂ? ਮੈਂ ਕਹਿੰਦਾ ਹਾਂ ਹੈ ! ਫਿਰ ਤੁਸੀਂ ਇਹ ਸੌਦਾ ਕਰ ਕਿਉਂ ਨਹੀਂ ਲੈਂਦੇ?"

ਮੈਂ ਉਸ ਨਿਰਾਸ਼ਾ ਵਿਚ ਚਿੱਠੀ ਵਗਾਹ ਕੇ ਸੁੱਟੀ। ਜਿਉਂ ਹੀ ਇਹ ਚਿੱਠੀ ਫਰਸ਼ ਤੇ ਉਡ ਕੇ ਡਿੱਗੀ, ਮੇਰੇ ਦਰਵਾਜ਼ੇ ਨੂੰ ਕਿਸੇ ਨੇ ਖਟਖਟਾਇਆ, ਅਤੇ ਸਰ ਪਰਸੀਵਲ ਦਾ ਵਕੀਲ ਮਿਸਟਰ ਮੈਰੀਮੈਨ ਅੰਦਰ ਦਾਖਲ ਹੋਇਆ: ਦੁਨੀਆਂ ਵਿਚ ਬੜੇ ਬੜੇ ਚਾਲਾਕ ਵਕੀਲ ਹਨ ; ਪਰ ਉਨ੍ਹਾਂ ਵਿਚੋਂ ਸਭ ਤੋਂ ਮੁਸ਼ਕਲ ਕੰਮ ਉਨ੍ਹਾਂ ਕੋਲੋਂ ਕੱਢਿਆ ਜਾ ਸਕਦਾ ਹੈ, ਜੋ ਤੁਹਾਨੂੰ ਸਦਾ ਹੱਸਦੇ ਹੱਸਦੇ ਧੋਖਾ ਦੇਣ ਦਾ ਯਤਨ ਕਰਦੇ ਹਨ। ਮਿਸਟਰ ਮੈਰੀਮੈਨ ਮੋਟਾ, ਪਲਿਆ ਹੋਇਆ, ਮੁਸਕਰਾਉਂਦਾ ਹੋਇਆ ਉਸੇ ਹੀ ਸ਼ਰੇਣੀ ਦਾ ਇਕ ਵਕੀਲ ਸੀ, ਜੋ ਹਰ ਕੰਮ ਵਿਚ ਮਿੱਤਰਤਾ ਵਰਸਾਉਣ ਦੇ ਬਾਵਜੂਦ ਵੀ, ਆਪਣੇ ਕੰਮ ਵਿਕ ਬੜਾ ਕੱਟੜ ਸੀ, ਅਤੇ ਉਸ ਕੋਲੋਂ ਕੋਈ ਗੱਲ ਮੰਨਵਾਈ ਨਹੀਂ ਸੀ ਜਾ ਸਕਦੀ।

"ਪਿਆਰੇ ਗਿਲਮੌਰ ਦਾ ਕੀ ਹਾਲ ਹੈ?" ਉਹਨੇ ਆਪਣੇ ਮਿਲਾਪੜੇਪਨ ਦੇ ਨਿੱਘ ਨਾਲ ਭਰ ਕੇ ਕਿਹਾ। "ਬੜੀ ਖੁਸ਼ੀ ਹੋਈ ਹੈ ਜਨਾਬ ਤੁਹਾਡੀ ਚੰਗੀ ਸਿਹਤ ਵੇਖ ਕੇ; ਮੈਂ ਇਧਰੋਂ ਲੰਘ ਰਿਹਾ ਸੀ। ਮੈਂ ਸੋਚਿਆ, ਚਲੋ ਤੁਹਾਨੂੰ ਮਿਲਦਾ ਚਲਾ, ਸ਼ਾਇਦ ਤੁਸੀਂ ਮੈਨੂੰ ਕੁਝ ਕਹਿਣਾ ਹੀ ਹੋਵੇ। ਮੈਂ ਹੁਣ ਬੇਨਤੀ ਕਰਦਾ ਹਾਂ, ਕਿ ਇਹ ਨਿਗੂਣਾ ਮਤ-ਭੇਦ ਅਸੀਂ ਜ਼ਬਾਨੀ ਆਹਮੋ

ਸਾਹਮਣੇ ਬੈਠ ਕੇ ਹੀ ਕਿਉਂ ਨਾ ਮੁਕਾ ਲਈਏ? ਕੀ ਤੁਹਾਨੂੰ ਆਪਣੇ ਸਾਇਲ ਦੀ ਕੋਈ ਚਿੱਠੀ ਆਈ ਹੈ?!

"ਹਾਂ, ਤੇ ਕੀ ਤੁਹਾਨੂੰ ਆਪਣੇ ਸਾਇਲ ਵਲੋਂ ਕੋਈ ਖ਼ਬਰ ਆਈ ਹੈ?"

"ਨਹੀਂ, ਮੇਰੇ ਚੰਗੇ ਸ੍ਰੀਮਾਨ ਜੀਓ, ਸਗੋਂ ਮੈਂ ਤੇ ਚਾਹੁੰਦਾ ਹਾਂ ਕਿ ਮੈਨੂੰ ਉਹਦੀ ਕੋਈ ਵੀ ਚਿੱਠੀ ਆਵੇ ਸਹੀ, ਭਾਵੇਂ ਉਹ ਕੁਝ ਵੀ ਨਾ ਲਿਖੇ; ਮੈਂ ਸਚਮੁਚ ਦਿਲੋਂ ਚਾਹੁੰਦਾ ਹਾਂ ਕਿ ਇਹ ਜ਼ਿੰਮੇਵਾਰੀ ਮੇਰੇ ਮੋਢਿਆਂ ਉਤੇ ਨਾ ਰਵ੍ਹੇ, ਪਰ ਉਹ ਬੜਾ ਜਿੱਦੀ ਹੈ- ਸਗੋਂ ਕਹਿਣਾ ਚਾਹੀਦਾ ਹੈ ਕਿ ਬੜੇ ਪੱਕੇ ਨਿਸ਼ਚੇ ਵਾਲਾ ਹੈ ਉਹ ਮੇਰੇ ਸਿਰੋਂ ਇਹ ਭਾਰ ਕਦੀ ਨਹੀਂ ਲਾਹੇਗਾ। ਮੈਰੀਮੇਨ- ਨਿੱਕੀਆਂ ਨਿੱਕੀਆਂ ਸਭ ਗੱਲਾ ਮੈਂ ਤੇਰੇ ਤੇ ਛੱਡਦਾ ਹਾਂ। ਜੋ ਮੇਰੇ ਭਵਿੱਖ ਲਈ ਠੀਕ ਸਮਝੋ, ਉਹੀ ਕਰੋ, ਅਤੇ ਮੈਂ ਇਸ ਕੰਮ ਵਿਚ ਕੋਈ ਹਿੱਸਾ ਨਹੀਂ ਲੈਣਾ, ਜਦ ਤਕ ਇਹ ਮੁੱਕ ਨਹੀਂ ਜਾਂਦਾ।' ਪੰਦਰਾਂ ਦਿਨ ਪਹਿਲਾਂ ਸਰ ਪਰਸੀਵਲ ਨੇ ਇਹ ਸ਼ਬਦ ਮੈਨੂੰ ਕਹੇ ਸਨ; ਅਤੇ ਹੁਣ ਵੀ ਉਹਨੇ ਇਨ੍ਹਾਂ ਨੂੰ ਹੀ ਦੁਹਰਾਇਆ ਹੈ। ਤੁਸੀਂ ਜਾਣਦੇ ਹੀ ਹੋ, ਮਿਸਟਰ ਗਿਲਮੋਰ, ਕਿ ਮੈਂ ਕੋਈ ਐਸਾ ਪੱਥਰ ਦਿਲ ਨਹੀਂ, ਜੋ ਮੇਰੀ ਆਪਣੀ ਰਾਏ ਪੁੱਛੇ, ਤਾਂ ਮੈਂ ਹੁਣੇ ਏਸੇ ਪਲ ਆਪਣੇ ਉਸ ਨੋਟ ਨੂੰ ਮਿਟਾਦਿਆਂ। ਪਰ ਜੇ ਸਰ ਪਰਸੀਵਲ ਇਸ ਕੰਮ ਵਿਚ ਆਪ ਕੋਈ ਹਿੱਸਾ ਨਾ ਲਵੇ ; ਅਤੇ ਅੱਖਾਂ ਮੀਟ ਕੇ ਸਭ ਕੁਝ ਮੈਨੂੰ ਸੌਂਪ ਦੇਵੇ ਤਾਂ ਮੇਰੇ ਲਈ ਹੋਰ ਕਿਹੜਾ ਰਾਹ ਰਹਿ ਜਾਂਦਾ ਹੈ? ਮੈਨੂੰ ਉਹਦੇ ਭਲੇ ਲਈ ਸਭ ਕੁਝ ਕਰਨਾ ਪੈ ਰਿਹਾ ਹੈ। ਮੇਰੇ ਹੱਥ ਬੱਝੇ ਹੋਏ ਹਨ; ਕੀ ਤੁਸੀਂ ਨਹੀਂ ਵੇਖ ਸਕਦੇ, ਸ੍ਰੀਮਾਨ ਜੀ-ਮੇਰੇ ਹੱਥ ਬਝੇ ਹੋਏ ਹਨ।"

"ਤਾਂ ਤੁਸੀਂ ਅਜੇ ਵੀ ਆਪਣੇ ਉਸ ਨੋਟ ਦੀ ਗੱਲ ਤੇ ਅੜੇ ਹੋਏ ਹੈ? ਮੈਂ ਪੁਛਿਆ !

"ਹਾਂ, ਇਸ ਨੂੰ ਰੱਬ ਦੀ ਮਾਰ, ਪਰ ਮੇਰੇ ਲਈ ਹਰ ਕੋਈ ਚਾਰਾ ਨਹੀਂ।" ਇਹ ਕਹਿ ਕੇ ਉਹ ਅੰਗੀਠੀ ਕੋਲ ਜਾ ਕੇ ਆਪਣੇ ਹੱਥ ਸੇਕਦਾ, ਆਪਣੀ ਮੋਟੀ ਆਵਾਜ਼ ਵਿਚ ਬੜੀ ਮੋਜ ਨਾਲ ਇਕ ਪੁਰਾਣੇ ਗੀਤ ਦੀ ਤੁਕ ਗੁਣਗੁਣਾਉ ਦਾ ਬੋਲਿਆ। ਤੁਹਾਡੇ ਪਾਸੇ ਵਾਲੇ ਕੀ ਕਹਿੰਦੇ ਹਨ?" ਉਹ ਕਹਿੰਦਾ ਗਿਆ; "ਹੁਣ ਕਿਰਪਾ ਕਰਕੇ ਦਸੋ ਕਿ ਤੁਹਾਡਾ ਸਾਇਲ ਕੀ ਕਹਿੰਦਾ ਹੈ?

ਮੈਂ ਏਨਾ ਸ਼ਰਮਿੰਦਾ ਸਾਂ, ਕਿ ਉਹਨੂੰ ਕੀ ਦਸਾਂ। ਮੈਂ ਕੁਝ ਸਮਾਂ ਹੋਰ ਸੋਚਣ ਦਾ ਯਤਨ ਕੀਤਾ ਨਹੀਂ ਮੈਂ ਇਸ ਤੋਂ ਵੀ ਮੰਦਾ ਕੰਮ ਕੀਤਾ। ਮੇਰੀ ਵਕਾਲਤ ਦੀ ਅਨੁਭਵਤਾ ਦਾ ਅਹਿਸਾਸ ਹੋਰ ਤਿੱਖਾ ਹੋ ਗਿਆ; ਅਤੇ ਮੈਂ ਉਸ ਨਾਲ ਸੌਦਾ ਕਰਨ ਦੀ ਕੋਸ਼ਿਸ਼ ਕੀਤੀ।

'ਵੀਹ ਹਜ਼ਾਰ ਪੌਂਡ ਕੋਈ ਮਾਮੂਲੀ ਰਕਮ ਨਹੀਂ ਅਤੇ ਮਿਸ ਫ਼ੇਅਰਲੀ ਦੇ ਮਿੱਤਰ, ਦੋ ਦਿਨਾਂ ਦੇ ਨੋਟਿਸ ਤੇ ਹੀ ਇੰਨਾਂ ਵੱਡੀ ਰਕਮ ਦੇਣ ਲਈ ਨਹੀਂ ਮੰਨ ਸਕਦੇ।" ਮੈਂ ਕਿਹਾ!

"ਤੁਸੀਂ ਠੀਕ ਕਹਿ ਰਹੇ ਹੋ, ਮਿਸਟਰ ਮੈਰੀਮੈਨ ਆਪਣੇ ਬੂਟਾਂ ਨੂੰ ਸੋਚਾਂ ਵਿਚ ਵੇਖਦਾ ਹੋਇਆ ਬੋਲਿਆ। "ਸ਼੍ਰੀਮਾਨ ਜੀ, ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ, ਬਿਲਕੁਲ ਠੀਕ।"

'ਜੋ ਮੈਂ ਉਹਨੂੰ ਕੋਈ ਸਮਝੌਤੇ ਦੀ ਗੱਲ ਲਿਖਦਾ, ਜਿਸ ਨਾਲ ਦੋਹਾਂ ਧਿਰਾਂ ਦਾ ਭਲਾ ਹੁੰਦਾ ਤਾਂ ਸ਼ਾਇਦ ਮੇਰਾ ਕਲਾਇੰਟ ਏਨਾ ਨਾ ਡਰਦਾ," ਮੈਂ ਆਪਣੀ ਗੱਲ ਕਹਿੰਦਾ ਗਿਆ। "ਆਉ, ਇਸ ਸਮੱਸਿਆ ਨੂੰ ਅਸੀਂ ਸਮਝੌਤੇ ਨਾਲ ਹੀ ਕਿਉਂ ਨਾ ਸੁਲਝਾ ਲਈਏ? ਤੁਸੀਂ ਘੱਟ ਤੋਂ ਘੱਟ ਕੀ ਲੈਣਾ ਚਾਹੁੰਦੇ ਹੋ?'

"ਘੱਟ ਤੇ ਘੱਟ ਅਸੀਂ"," ਮਿਸਟਰ ਮੈਰੀਮੈਨ ਬੋਲਿਆ, " ਉਨੀ ਹਜ਼ਾਰ, ਨੌਂ ਸੋ ਅਤੇ ਨੜਿਨੱਵੇਂ ਪੌਂਡ, ਉੱਨੀ ਸ਼ਲਿੰਗ-ਅਤੇ ਬਾਰਾਂ ਪੈਨਸ -ਤਿੰਨ ਫਾਰਟਿੰਗ" ਹਾ! ਹਾ!, ਹਾ! ਖਿਮਾਂ ਕਰਨਾ, ਮਿਸਟਰ ਗਿਲਮੌਰ, ਮੈਨੂੰ ਇਹ ਲਤੀਫੇ ਤੇ ਹੱਸ ਲੈਣ ਦਿਉ।"

"ਤੁਸੀਂ ਬਹੁਤ ਹੀ ਥੋੜਾ ਮੰਗਿਆ ਹੈ।" ਮੈਂ" ਕਿਹਾ। "ਤੁਹਾਡਾ ਇਹ ਲਤੀਫਾ ਇਕ ਕੌਡੀ ਦਾ ਵੀ ਨਹੀਂ।"

ਮਿਸਟਰ ਮੈਰੀਮੈਨ ਬੜਾ ਖੁਸ਼ ਸੀ। ਉਹ ਮੇਰੇ ਤਾਅਨੇ ਉਤੇ ਏਨਾ ਹੱਸਿਆ ਕਿ ਸਾਰਾ ਕਮਰਾ ਗੂੰਜ ਉਠਿਆ। ਮੈਂ ਉੱਕਾ ਹੀ ਮਖੌਲ ਕਰਨ ਜਾਂ ਸੁਣਨ ਦੇ ਮੂਡ ਵਿਚ ਨਹੀਂ ਸਾਂ। ਮੈਂ ਕੰਮ ਦੀ ਗੱਲ ਕਰਕੇ ਇਸ ਮਿਲਣੀ ਦਾ ਅੰਤ ਕੀਤਾ।

"ਅੱਜ ਸ਼ੁਕਰਵਾਰ ਹੈ," ਮੈਂ ਕਿਹਾ। "ਸਾਨੂੰ ਆਪਣੇ ਫੈਸਲੇ ਲਈ ਅਗਲੇ ਮੰਗਲਵਾਰ ਤਕ ਸਮਾਂ ਦਿਉ।"

'ਕਿਉਂ ਨਹੀਂ-," ਮਿਸਟਰ ਮੈਰੀਮੈਨ ਨੇ ਉੱਤਰ ਦਿੱਤਾ। ਜੇ ਤੁਸੀਂ ਚਾਹੋ, ਤਾਂ ਹੋਰ ਵੀ ਸਮਾਂ ਲੈ ਸਕਦੇ ਹੋ।" ਉਹਨੇ ਜਾਣ ਲਈ ਆਪਣਾ ਹੈਟ ਚੁੱਕਿਆ ਅਤੇ ਫਿਰ ਮੈਨੂੰ ਸੰਬੋਧਨ ਕਰਕੇ

ਬੋਲਿਆ, “ਕੀ ਕੰਬਰਲੈਂਡ ਵਿਚ ਤੁਹਾਡੇ ਕਲਾਇੰਟ ਨੂੰ ਉਸ ਔਰਤ ਬਾਰੇ ਕੁਝ ਹੋਰ ਪਤਾ ਲੱਗਾ ਹੈ, ਜਿਸ ਨੇ ਉਹ ਗੁੰਮਨਾਮ ਚਿੱਠੀ ਲਿਖੀ ਸੀ?

"ਨਹੀਂ',"' ਮੈਂ ਉੱਤਰ ਦਿੱਤਾ। ''ਕੀ ਤੁਹਾਨੂੰ ਉਸ ਦੀ ਕੋਈ ਉੱਘ ਸੁੱ ਮਿਲੀ ਹੈ?"

"ਅਜੇ ਨਹੀਂ" ਮੇਰੇ ਵਕੀਲ ਮਿੱਤਰ ਨੇ ਕਿਹਾ। "ਪਰ ਅਸੀਂ ਨਿਰਾਸ਼ ਨਹੀਂ ਹੋਏ। ਸਰ ਪਰਸੀਵਲ ਨੂੰ ਸ਼ੱਕ ਹੈ, ਕਿ ਉਸ ਔਰਤ ਨੂੰ ਕਿਸੇ ਨੇ ਛੁਪਾਇਆ ਹੋਇਆ ਹੈ; ਅਤੇ ਅਸੀਂ ਉਸ ਦੀ ਨਿਗਰਾਨੀ ਕਰ ਰਹੇ ਹਾਂ।"

"ਕੀ ਤੁਸੀਂ ਉਸ ਬੁੱਢੀ ਦੀ ਗੱਲ ਕਰ ਰਹੇ ਹੋ, ਜੋ ਉਸ ਨਾਲ ਕੰਬਰਲੈਂਡ ਵਿਚ ਸੀ?" ਮੈਂ ਪੁਛਿਆ। "ਨਹੀਂ ਇਹ ਕੋਈ ਹੋਰ ਸਾਮੀ ਹੈ, ਜਨਾਬ," ਮਿਸਟਰ ਮੈਰੀਮੈਨ ਨੇ ਉੱਤਰ ਦਿੱਤਾ। "ਸਾਨੂੰ ਉਸ ਬੁੱਢੀ ਦਾ ਤੇ ਕੋਈ ਪਤਾ ਨਹੀਂ ਲਗਾ, ਪਰ ਅਸੀਂ ਜਿਸ ਦਾ ਪਿੱਛਾ ਕਰ ਰਹੇ ਹਾਂ ਉਹ ਇਕ ਮਰਦ ਹੈ, ਅਸੀਂ ਲੰਦਨ ਵਿਚ ਹੀ ਉਹਦੇ ਪਿੱਛੇ ਲੱਗੇ ਹਏ ਹਾਂ। ਸਾਨੂੰ ਸ਼ੱਕ ਹੈ, ਕਿ ਉਹਨੇ ਹੀ ਪਹਿਲਾਂ ਪਾਗਲਖਾਨੇ ਵਿਚੋਂ ਉਸ ਔਰਤ ਨੂੰ ਭੱਜ ਨਿਕਲਣ ਵਿਚ ਸਹਾਇਤਾ ਕੀਤੀ ਸੀ। ਸਰ ਪਰਸੀਵਲ ਤਾਂ ਉਹਨੂੰ ਫੌਰਨ ਪੁੱਛ ਗਿੱਛ ਕਰਨੀ ਚਾਹੁੰਦਾ ਸੀ, ਪਰ ਮੈਂ ਕਿਹਾ, 'ਨਹੀਂ, ਇਸ ਤਰ੍ਹਾਂ ਉਹ ਸਾਵਧਾਨ ਹੋ ਜਾਏਗਾ; ਉਹਦਾ ਪਿੱਛਾ ਕਰੋ ਅਤੇ ਇੰਤਜ਼ਾਰ ਕਰੋ।' ਹੁਣ ਵੇਖੋ ਕੀ ਹੁੰਦਾ ਹੈ। ਇਕ ਖ਼ਤਰਨਾਕ ਔਰਤ ਆਜ਼ਾਦ ਘੁੰਮ ਰਹੀ ਹੈ, ਮਿਸਟਰ ਗਿਲਮੌਰ, ਕੋਈ ਨਹੀਂ ਜਾਣਦਾ ਕਿ ਉਹ ਅਗੋਂ ਕੀ ਕਰੇਗੀ। ਹੱਛਾ ਜਨਾਬ ਗੁਡ ਮੌਰਨਿੰਗ, ਅਗਲੇ ਮੰਗਲਵਾਰ ਮੈਨੂੰ ਤੁਹਾਡੇ ਨਾਲ ਗੱਲ ਕਰਨ ਦਾ ਸੁਭਾਗ ਪ੍ਰਾਪਤ ਹੋਵੇਗਾ।” ਉਹ ਮੰਤਰੀ ਭਾਵ ਭਰੀ ਮੁਸਕਾਨ ਮੁਸਕਰਾਉਂਦਾ ਚਲਾ ਗਿਆ।

ਮੇਰੀ ਉਸ ਵਕੀਲ ਮਿੱਤਰ ਨਾਲ ਜੋ ਇਹ ਅਖੀਰਲੀਆਂ ਗੱਲਾਂ ਹੁੰਦੀਆਂ ਸਨ, ਉਨ੍ਹਾਂ ਵੱਲ ਮੈਂ ਬਹੁਤਾ ਧਿਆਨ ਨਹੀਂ ਸਾਂ ਦੇ ਸਕਿਆ। ਮੈਂ ਦਸਤਾਵੇਜ਼ ਬਾਰੇ ਇੰਨਾ ਚਿੰਤਿਤ ਸਾਂ, ਕਿ ਹੋਰ ਕਿਸੇ ਵਿਸ਼ੇ ਨੂੰ ਧਿਆਨ ਨਹੀਂ ਸਾਂ ਦੇ ਸਕਦਾ; ਅਤੇ ਜਿਸ ਪਲ ਮੈਂ ਮੁੜ ਇਕੱਲਾ ਹੋਇਆ, ਮੈਂ ਇਹ ਸੋਚਣਾ ਸ਼ੁਰੂ ਕੀਤਾ ਕਿ ਹੁਣ ਮੇਰਾ ਅਗਲਾ ਕਦਮ ਕੀ ਹੋਣਾ ਚਾਹੀਦਾ ਹੈ।

ਜੇ ਕੋਈ ਹੋਰ ਸਾਇਲ ਹੁੰਦਾ, ਤਾਂ ਮੈਂ ਉਸ ਦੀਆਂ ਹਿਦਾਇਤਾਂ ਅਨੁਸਾਰ ਕੰਮ ਕਰ ਦੇਂਦਾ, ਭਾਵੇਂ ਨਿਜੀ ਤੌਰ ਤੇ ਮੈਨੂੰ ਉਹ ਕੰਮ ਕਿਨਾ ਵੀ ਮੰਦਾ ਕਿਉਂ ਨਾ ਜਾਪਦਾ ਅਤੇ ਵੀਹ ਹਜ਼ਾਰ ਪੌਂਡ ਦੀ ਜ਼ਿੱਦ ਉਸ ਘੜੀ ਹੀ ਛੱਡ ਦੇਂਦਾ। ਪਰ ਮੈਂ ਮਿਸ ਫ਼ੇਅਰਲੀ ਨਾਲ ਇੰਨੀ ਬੇਰੁਖੀ ਨਹੀਂ ਸਾਂ ਵਰਤ ਸਕਦਾ। ਮੇਰੇ ਦਿਲ ਵਿਚ ਸਚਮੁਚ ਉਸ ਲਈ ਪਿਆਰ ਅਤੇ ਪ੍ਰਸੰਸਾ ਸੀ। ਮੇਰੇ ਦਿਲ ਵਿਚ ਉਹਦੇ ਪਿਤਾ ਦੀ, ਇਹਸਾਨ ਭਰੀ ਯਾਦ ਸੀ; ਉਹ ਜਿਹਾ ਉਪਕਾਰਕ ਸਰਪ੍ਰਸਤ ਅਤੇ ਚੰਗਾ ਮਿੱਤਰ ਸ਼ਾਇਦ ਕਿਸੇ ਨੂੰ ਹੀ ਮਿਲਿਆ ਹੋਵੇਗਾ। ਮੈਂ ਇਹ ਦਸਤਾਵੇਜ਼ ਬਣਾਉਣ ਵੇਲੇ ਜੋ ਮਹਿਸੂਸ ਕਰ ਰਿਹਾ ਸਾਂ, ਉਹ ਜੇ ਮੈਂ ਵਿਆਹ ਕਰਾਇਆ ਹੁੰਦਾ ਤਾਂ ਆਪਣੀ ਬੱਚੀ ਲਈ ਮਹਿਸੂਸ ਕਰਦਾ, ਅਤੇ ਮੈਂ ਇਹ ਨਿਸ਼ਚਾ ਕਰ ਲਿਆ ਸੀ ਕਿ ਮਿਸ ਫ਼ੇਅਰਲੀ ਦੇ ਭਲੇ ਲਈ ਮੈਂ ਹਰ ਤਰ੍ਹਾਂ ਦੀ ਜ਼ਾਤੀ ਕੁਰਬਾਨੀ ਵੀ ਦਿਆਂਗਾ, ਅਤੇ ਉਹਦੀ ਸੇਵਾ ਵਿਚ ਕੋਈ ਕਸਰ ਨਹੀਂ ਰਹਿਣ ਦਿਆਂਗਾ। ਮਿਸਟਰ ਫ਼ੇਅਰਲੀ ਨੂੰ ਦੂਜੀ ਵਾਰ ਚਿੱਠੀ ਲਿਖਣ ਦਾ ਤੇ ਖਿਆਲ ਵੀ ਕਰਨਾ ਵਿਅਰਥ ਸੀ; ਇਸ ਤਰ੍ਹਾਂ ਉਹਨੂੰ ਮੇਰੇ ਹਥੋਂ ਨਿਕਲਣ ਦਾ ਇਕ ਹੋਰ ਮੌਕਾ ਮਿਲ ਜਾਏਗਾ। ਉਹਨੂੰ ਆਪ ਜਾ ਕੇ ਮਿਲਣ ਅਤੇ ਸਮਝਾਉਣ ਨਾਲ ਸ਼ਾਇਦ ਵਧੇਰੇ-ਫ਼ਾਇਦਾ ਹੋ ਸਕੇ। ਅਗਲਾ ਦਿਨ ਸ਼ਨੀਚਰਵਾਰ ਸੀ। ਮੈਂ ਵਾਪਸੀ ਟਿਕਟ ਖਰੀਦਣ ਅਤੇ ਆਪਣੀਆਂ ਬੁੱਢੀਆਂ ਹੱਡੀਆਂ ਨੂੰ ਮੁੜ ਕੰਬਰਲੈਂਡ ਘਸੀਟਣ ਦਾ ਇਰਾਦਾ ਕੀਤਾ; ਤਾਂ ਜੋ ਮਿਸਟਰ ਫ਼ੇਅਰਲੀ ਨੂੰ ਇਕ ਨਿਆ ਭਰਿਆ, ਆਜ਼ਾਦ ਅਤੇ ਸਨਮਾਨ ਭਰਿਆ ਰਾਹ ਅਪਨਾਉਣ ਲਈ ਪੂਰਾ ਜ਼ੋਰ ਲਾ ਸਕਾਂ। ਪਰ ਭਾਵੇਂ ਮੈਨੂੰ ਉਹਦੇ ਕੋਲੋਂ ਹਾਂ ਦੀ ਬੜੀ ਘੱਟ ਉਮੀਦ ਸੀ, ਪਰ ਮੈਂ ਕੋਸ਼ਿਸ਼ ਕਰਕੇ ਆਪਣੀ ਜ਼ਮੀਰ ਨੂੰ ਸ਼ਾਂਤ ਕਰਨੀ ਚਾਹੁੰਦਾ ਸਾਂ। ਇਹ ਕੰਮ ਕਰਨ ਮਗਰੋਂ ਮੈਂ ਉਹ ਸਭ ਕੁਝ ਕਰ ਚੁੱਕਾ ਹੋਵਾਂਗਾ, ਜੋ ਕਿ ਆਪਣੇ ਮਿੱਤਰ ਦੀ ਇਕਲੌਤੀ ਧੀ ਲਈ ਕਰਨਾ ਮੇਰੇ ਵੱਸ ਦੀ ਗੱਲ ਸੀ।

ਸ਼ਨੀਚਰਵਾਰ ਨੂੰ ਮੌਸਮ ਬੜਾ ਸੁਹਾਵਣਾ ਸੀ, ਪੱਛਮੀ ਹਵਾ ਸੀ ਅਤੇ ਸੂਰਜ ਚਮਕ ਰਿਹਾ ਸੀ। ਕੁਝ ਚਿਰ ਤੋਂ ਮੁੜ ਮੈਨੂੰ ਆਪਣੇ ਸਿਰ ਵਿਚ ਉਹੀ ਘੁਟਨ ਅਤੇ ਭਾਰਾਪਨ ਮਹਿਸੂਸ ਹੋ ਰਿਹਾ ਸੀ, ਜਿਸ ਦੀ ਚੇਤਾਵਨੀ ਮੈਨੂੰ ਦੋ ਵਰ੍ਹੇ ਹੋਏ, ਮੇਰੇ ਡਾਕਟਰ ਨੇ ਗੰਭੀਰਤਾ ਨਾਲ ਦਿਤੀ ਸੀ; ਇਸੇ ਲਈ ਥੋੜੀ ਕਸਰਤ ਕਰਨ ਦੇ ਖਿਆਲ ਨਾਲ ਮੈਂ ਆਪਣਾ ਬੈਗ ਪਹਿਲਾਂ ਹੀ ਭੇਜ ਦਿਤਾ ਅਤੇ ਆਪ ਅਸਟਨ ਸੁਕੇਅਰ ਦੇ ਸਟੇਸ਼ਨ ਵੱਲ ਪੈਦਲ ਹੀ ਹੋ ਤੁਰਿਆ। ਜਿਉਂ ਹੀ

ਮੈਂ ਹੋਲਬੋਰਨ ਪੁੱਜਾ ਇਕ ਨੌਜਵਾਨ ਜੋ ਕਾਹਲੀ-ਕਾਹਲੀ ਕਰਦਾ ਆ ਰਿਹਾ ਸੀ, ਰੁਕਿਆ, ਅਤੇ ਮੈਨੂੰ ਬੁਲਾਇਆ। ਇਹ ਮਿਸਟਰ ਵਾਲਟਰ ਹਾਰਟਰਾਈਟ ਸੀ।

ਜੇ ਉਹ ਆਪ ਹੀ ਪਹਿਲਾਂ ਮੇਰੇ ਨਾਲ-ਗੱਲ ਨਾ ਕਰਦਾ, ਤਾਂ ਮੈਂ ਉਹਦੇ ਕੋਲੋਂ ਇੰਜ ਹੀ ਲੰਘ ਜਾਣਾ ਸੀ। ਉਹ ਏਨਾ ਬਦਲਿਆ ਹੋਇਆ ਸੀ, ਕਿ ਮੈਂ ਉਹਨੂੰ ਪਛਾਣ ਹੀ ਨਾ ਸਕਿਆ। ਉਹਦਾ ਚਿਹਰਾ ਪੀਲਾ ਅਤੇ ਥੱਕਿਆ ਹੋਇਆ ਸੀ -ਉਹਦਾ ਅੰਦਾਜ ਬੜਾ ਕਾਹਲਾ ਅਤੇ ਦੁਚਿੱਤੀਆਂ ਭਰਿਆ ਸੀ - ਅਤੇ ਉਹਦਾ ਲਿਬਾਸ, ਜੋ ਮੈਨੂੰ ਯਾਦ ਹੈ, ਲਿਮਰਿਜ ਵਿਚ ਸਾਫ-ਸੁਥਰਾ ਅਤੇ ਸ਼ਰੀਫਾਂ ਵਾਲਾ ਸੀ, ਉਸ ਵੇਲੇ ਏਨਾ ਮੇਲਾ ਅਤੇ ਵੱਟੋ ਵੱਟ ਸੀ, ਕਿ ਜੇ ਮੇਰਾ ਕੋਈ ਕਲਰਕ ਵੀ ਅਜਿਹੇ ਲਿਬਾਸ ਵਿਚ ਹੁੰਦਾ ਤਾਂ ਮੈਂ ਸ਼ਰਮਸਾਰ ਹੋ ਜਾਂਦਾ।

"ਕੀ ਤੁਹਾਨੂੰ ਕੰਬਰਲੈਂਡ ਤੋਂ ਆਇਆ ਕਾਫ਼ੀ ਚਿਰ ਹੋ ਗਿਆ ਹੈ?' ਉਹਨੇ ਪੁੱਛਿਆ। "ਮੈਨੂੰ ਮਿਸ ਹਾਲਕੌਂਬ ਦੀ ਚਿੱਠੀ ਪਿਛੇ ਜਿਹੇ ਮਿਲੀ ਸੀ, ਅਤੇ ਮੈਨੂੰ ਪਤਾ ਲੱਗਾ ਹੈ ਕਿ ਸਰ ਪਰਸੀਵਲ ਗਲਾਈਡ ਦੀ ਗੱਲ ਨਾਲ ਸਭ ਨੂੰ ਤਸੱਲੀ ਹੋ ਗਈ ਹੈ। ਕੀ ਵਿਆਹ ਜਲਦੀ ਹੀ ਹੋਣ ਵਾਲਾ ਹੈ? ਕੀ ਤੁਹਾਨੂੰ ਕੁਝ ਪਤਾ ਹੈ ਮਿਸਟਰ ਗਿਲਮੌਰ?"

ਉਹ ਏਨੀ ਤੇਜ਼ ਬੋਲ ਰਿਹਾ ਸੀ, ਅਤੇ ਇਕ ਘਬਰਾਹਟ ਵਿਚ ਬਹੁਤ ਸਾਰੇ ਪ੍ਰਸ਼ਨ ਇੰਜ ਵਿਚਿੱਤ੍ਰ ਢੰਗ ਨਾਲ ਇਕਠਿਆਂ ਹੀ ਪੱਛ ਰਿਹਾ ਸੀ, ਕਿ ਮੈਨੂੰ ਉਹਦੀ ਸਮਝ ਹੀ ਨਹੀਂ ਸੀ ਆ ਰਹੀ। ਜੋ ਉਹ ਇਕ ਸੰਜੋਗ ਨਾਲ ਲਿਮਰਿਜ ਵਿਚ ਰਹਿੰਦਿਆਂ ਉਸ ਟੱਬਰ ਨਾਲ ਘੁਣਮਿਲ ਗਿਆ ਵੀ ਸੀ, ਤਾਂ ਹੁਣ ਉਹਨੂੰ ਉਨ੍ਹਾਂ ਬਾਰੇ ਗੱਲਾਂ ਪੁੱਛਣ ਦਾ ਕੋਈ ਅਧਿਕਾਰ ਮੈਨੂੰ ਨਜ਼ਰ ਨਹੀਂ ਸੀ ਆ ਰਿਹਾ। ਇਹੀ ਸੋਚ ਮਿਸ ਫ਼ੇਅਰਲੀ ਦੇ ਵਿਆਹ ਬਾਰੇ ਮੈਂ ਉਹਨੂੰ ਟਾਲਣਾ ਹੀ ਉਚਿਤ ਸਮਝਿਆ।

'ਸਮੇਂ ਸਿਰ ਸਭ ਪਤਾ ਲਗ ਜਾਵੇਗਾ, ਮਿਸਟਰ ਹਾਰਟਰਾਈਟ,' ਮੈਂ ਕਿਹਾ। 'ਸਮਾਂ ਸਭ ਦੱਸ ਦਏਗਾ। ਜੇ ਅਸੀਂ ਅਖ਼ਬਾਰ ਵਿਚ ਵਿਆਹ ਦੀਆਂ ਖਬਰਾਂ ਵੇਖਦੇ ਰਹੀਏ ਤਾਂ ਜਲਦੀ ਹੀ ਪਤਾ ਲੱਗ ਜਾਏਗਾ। ਖਿਮਾਂ ਕਰਨਾ, ਪਰ ਮੈਂ ਵੇਖ ਰਿਹਾ ਹਾਂ ਕਿ ਤੁਹਾਡੀ ਸਿਹਤ ਉਸ ਤਰ੍ਹਾਂ ਠੀਕ ਨਹੀਂ ਦਿਸਦੀ, ਜਿਵੇਂ ਸਾਡੀ ਪਹਿਲੀ ਮੁਲਾਕਾਤ ਵੇਲੇ ਸੀ।"

ਇਕ ਪਲ ਉਹਦੇ ਵਾਲ ਇਕ ਘਬਰਾਹਟ ਨਾਲ ਕੰਬੇ ਅਤੇ ਉਹਦੀਆਂ ਅੱਖਾਂ ਵਿਚ ਇਕ ਛਿਣ ਲਈ ਕੁਝ ਆਇਆ, ਜਿਸ ਨੂੰ ਵੇਖ ਕੇ ਮੈਂ ਆਪਣੇ ਆਪ ਨੂੰ ਉਹਦੇ ਨਾਲ ਇਸ ਤਰ੍ਹਾਂ ਰੁੱਖੇ ਅਤੇ ਭੇਦਭਰੇ ਢੰਗ ਨਾਲ ਬੋਲਣ ਲਈ ਧਿਰਕਾਰਿਆ।

"ਮੈਨੂੰ ਕੋਈ ਅਧਿਕਾਰ ਨਹੀਂ ਸੀ ਕਿ ਮੈਂ ਉਹਦੇ ਵਿਆਹ ਬਾਰੇ ਤੁਹਾਨੂੰ ਪਛਦਾ," ਉਹਨੇ ਕੁੜੱਤਣ ਨਾਲ ਉੱਤਰ ਦਿਤਾ। "ਮੈਨੂੰ ਵੀ ਲੋਕਾਂ ਵਾਂਗ ਅਖ਼ਬਾਰ ਵਿਚੋਂ ਹੀ ਇਹ ਖ਼ਬਰ ਪੜ੍ਹਨ ਲਈ ਉਡੀਕਣਾ ਪਵੇਗਾ, ਹਾਂ," ਉਹ ਕਹਿੰਦਾ ਗਿਆ, ਅਤੇ ਇਸ ਤੋਂ ਪਹਿਲਾਂ ਕਿ ਮੈਂ ਉਸ ਕੋਲੋਂ ਖਿਮਾਂ ਮੰਗ ਸਕਾ, ਉਹਨੇ ਕਿਹਾ, "ਮੈਂ ਕੁਝ ਚਿਰ ਤੋਂ ਢਿੱਲਾ ਹਾਂ। ਮੈਂ ਕਿਸੇ ਹੋਰ ਦੇਸ਼ ਵਿਚ ਆਬੋ ਹਵਾ ਬਦਲਣ ਲਈ ਜਾ ਰਿਹਾ ਹਾਂ ਅਤੇ ਆਪਣਾ ਕੰਮ ਵੀ ਬਦਲ ਲਵਾਂਗਾ। ਮਿਸ ਹਾਲਕੌਂਬ ਨੇ ਮਿਹਰਬਾਨੀ ਕਰਕੇ, ਆਪਣੀ ਜਾਣ ਪਛਾਣ ਵਰਤੀ ਹੈ ਅਤੇ ਮੇਰੇ ਸਰਟੀਫਿਕੇ ਤਸੱਲੀਬਖਸ਼ ਸਾਬਤ ਹੋ ਗਏ ਹਨ। ਮੈਂ ਬੜੀ ਦੂਰ ਜਾ ਰਿਹਾ ਹਾਂ, ਪਰ ਮੈਨੂੰ ਕੋਈ ਪ੍ਰਵਾਹ ਨਹੀਂ ਕਿ ਮੈਂ ਕਿਥੇ ਜਾ ਰਿਹਾ ਹਾਂ, ਜਾਂ ਉਥੇ ਦੀ ਆਬੋ ਹਵਾ ਕਿਹੋ ਜਿਹੀ ਹੈ, ਜਾਂ ਮੈਂ" ਕਿੰਨੇ ਚਿਰ ਲਈ ਇਥੋਂ ਬਾਹਰ ਚਲਿਆ ਹਾਂ।" ਇਹ ਗੱਲ ਕਰਦਿਆਂ ਉਹਨੇ ਆਪਣੇ ਆਲੇ ਦੁਆਲੇ ਦੀ ਚੁੰਡ ਵੱਲ ਅਨੁੱਖੇ ਅਤੇ ਸ਼ੱਕੀ ਢੰਗ ਨਾਲ ਵੇਖਿਆ, ਜਿਵੇਂ ਉਹਦੇ ਵਿਚਾਰ ਵਿਚ ਕੋਈ ਸਾਡੀ ਨਿਗਰਾਨੀ ਕਰ ਰਿਹਾ ਹੋਵੇ।

ਮੇਰੀਆਂ ਸੁਭ ਇਛਾਵਾਂ ਤੁਹਾਡੇ ਨਾਲ ਹਨ, ਅਤੇ ਮੈਂ ਆਸ ਕਰਦਾ ਹਾਂ, ਤੁਹਾਨੂੰ ਸਫਲਤਾ ਹੋਵੇ ਅਤੇ ਤੁਸੀਂ ਰਾਜੀ ਖੁਸ਼ੀ ਵਾਪਸ ਆਵੋ," ਮੈਂ ਕਿਹਾ, ਫਿਰ ਇਹ ਸੋਚ ਕੇ ਕਿ ਉਹਨੂੰ ਫ਼ੇਅਰਲੀਆਂ ਦੇ ਵਿਸ਼ੇ ਤੇ ਏਨੀ ਵਿੱਥ ਤੇ ਰੱਖਣਾ ਮੈਨੂੰ ਉਚਿਤ ਨਹੀਂ ਲਗ ਰਿਹਾ ਸੀ, ਮੈਂ ਬੋਲਿਆ, "ਮੈਂ ਕਿਸੇ ਕੰਮ ਲਈ ਅੱਜ ਲਿਮਰਿਜ ਜਾ ਰਿਹਾ ਹਾਂ। ਮਿਸ ਹਾਲਕੌਂਬ ਅਤੇ ਮਿਸ ਫ਼ੇਅਰਲੀ ਆਪਣੇ ਮਿੱਤਰਾਂ ਦੇ ਘਰ ਯੋਰਕਸ਼ਾਇਰ ਗਈਆਂ ਹੋਈਆਂ ਹਨ।"

ਉਹਦੀਆਂ ਅੱਖਾਂ ਵਿਚ ਇਕ ਲਿਸ਼ਕ ਆਈ ਅਤੇ ਉਹ ਉੱਤਰ ਵਿਚ ਕੁਝ ਕਹਿਣ ਹੀ ਲਗਾ ਸੀ; ਪਰ ਮੁੜ ਉਹਦੇ ਚਿਹਰੇ ਤੇ ਇਕ ਪਲ ਲਈ ਖਿਚਾਉ ਆ ਗਿਆ ਜਿਵੇਂ ਕੋਈ ਬੜੀ ਘਬਰਾਹਟ ਹੋਵੇ। ਉਹਨੇ ਮੇਰਾ ਹੱਥ ਲਿਆ, ਜ਼ੋਰ ਦੀ ਘੁੱਟਿਆ ਅਤੇ ਫਿਰ ਇਕ ਸ਼ਬਦ ਬੋਲੇ ਬਿਨਾਂ ਉਸ ਭੀੜ ਵਿਚ ਅਲੋਪ ਹੋ ਗਿਆ। ਭਾਵੇਂ ਉਹ ਮੇਰੇ ਲਈ ਇਕ ਅਜਨਬੀ ਤੋਂ ਵਧ ਨਹੀਂ ਸੀ, ਤਾਂ ਵੀ ਮੈਂ ਉਹਦੀ ਮਿੰਟ ਕੁ ਇੰਤਜ਼ਾਰ ਕੀਤੀ ਅਤੇ ਮੇਰੇ ਦਿਲ ਵਿਚ ਉਸ ਲਈ

ਦੁੱਖ ਦੀ ਭਾਵਨਾ ਸੀ। ਮੈਨੂੰ ਆਪਣੇ ਪੇਸ਼ੇ ਵਿਚ ਕਾਫੀ ਤਜਰਬਾ ਹੋ ਚੁਕਾ ਸੀ, ਅਤੇ ਮੈਂ ਨੌਜਵਾਨਾਂ ਨੂੰ ਵੇਖ ਕੇ ਦਸ ਸਕਦਾ ਸਾਂ ਕਿ ਉਨ੍ਹਾਂ ਦੇ ਰਾਹ ਪੈਣ ਦੇ ਕਿਹੜੇ ਚਿੰਨ੍ਹ ਹੁੰਦੇ ਹਨ; ਅਤੇ ਜਦੋਂ ਮੈਂ ਰੇਲਵੇ ਸਟੇਸ਼ਨ ਤੇ ਜਾਣ ਲਈ ਮੁੜ ਤੁਰਨਾ ਸ਼ੁਰੂ ਕੀਤਾ ਤਾਂ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਮੈਨੂੰ ਮਿਸਟਰ ਹਾਰਟਰਾਈਟ ਦੇ ਭਵਿੱਸ਼ ਬਾਰੇ ਲੋੜੋਂ ਵਧ ਸ਼ੱਕ ਮਹਿਸੂਸ ਹੋ ਰਿਹਾ ਸੀ।

(4)

ਪਹਿਲੀ ਗੱਡੀ ਫੜਨ ਕਾਰਨ ਮੈਂ ਰੋਟੀ ਵੇਲੇ ਲਿਮਰਿਜ ਪੁੱਜ ਗਿਆ ਸਾਂ। ਘਰ ਸਖਣਾ ਅਤੇ ਭਾਂ ਭਾਂ ਕਰ ਰਿਹਾ ਸੀ। ਮੈਨੂੰ ਆਸ ਸੀ ਕਿ ਜਵਾਨ ਕੁੜੀਆਂ ਦੀ ਗੈਰ-ਹਾਜ਼ਰੀ ਵਿਚ ਵੀ ਮਿਸਜ਼ ਵੈਸੀ ਦਾ ਸਾਥ ਤਾਂ ਮੈਨੂੰ ਜ਼ਰੂਰ ਮਿਲੇਗਾ ਪਰ ਉਹ ਜੁਕਾਮ ਕਰਕੇ ਆਪਣੇ ਕਮਰੇ ਵਿਚ ਹੀ ਸੀ। ਨੌਕਰ ਮੈਨੂੰ ਵੇਖ ਕੇ ਏਨਾ ਹੈਰਾਨ ਸਨ ਕਿ ਬਿਨਾਂ ਜ਼ਰੂਰਤ ਤੋਂ ਹੀ ਪਾਗਲਾਂ ਵਾਂਗ ਕਾਹਲੀ ਕਾਹਲੀ ਇਧਰ ਤੋਂ ਉਧਰ ਆ ਜਾ ਰਹੇ ਸਨ; ਅਤੇ ਹਰ ਤਰ੍ਹਾਂ ਦੀਆਂ ਖਿਝਾਉਣ ਵਾਲੀਆਂ ਗਲਤੀਆਂ ਕਰ ਰਹੇ ਸਨ। ਇਥੋਂ ਤੀਕ ਕਿ ਖਾਨਸਾਮਾ ਜੋ ਏਨਾਂ ਪੁਰਾਣਾ ਸੀ ਅਤੇ ਜਿਸਨੂੰ ਸਭ ਪਤਾ ਹੋਣਾ ਚਾਹੀਦਾ ਸੀ ਮੇਰੇ ਲਈ ਪੋਰਟ ਦੀ ਉਹ ਬੋਤਲ ਲਿਆਇਆ ਜੋ ਬਰਫ ਵਿਚ ਲਗੀ ਹੋਈ ਸੀ। ਮਿਸਟਰ ਫ਼ੇਅਰਲੀ ਦੀ ਸਿਹਤ ਬਾਰੇ ਹਮੇਸ਼ਾ ਵਰਗੀ ਹੀ ਖਬਰ ਮਿਲੀ ਅਤੇ ਜਦੋਂ ਮੈਂ ਆਪਣੇ ਪਹੁੰਚਣ ਦੀ ਚਿਟ ਲਿਖ ਕੇ ਭੇਜੀ ਤਾਂ ਮੈਨੂੰ ਇਹ ਦੱਸਿਆ ਗਿਆ ਕਿ ਉਹ ਮੈਨੂੰ ਅਗਲੀ ਸਵੇਰ ਮਿਲਣ ਦੀ ਖੁਸ਼ੀ ਪ੍ਰਾਪਤ ਕਰੇਗਾ, ਪਰ ਮੇਰੇ ਅਚਾਨਕ ਪਹੁੰਚਣ ਦੀ ਖ਼ਬਰ ਨਾਲ ਉਹਨੂੰ ਧੁੜਕਣੀ ਸ਼ੁਰੂ ਹੋ ਗਈ ਸੀ, ਜਿਸ ਕਰਕੇ ਉਹ ਸਾਰੀ ਸ਼ਾਮ ਉਠ ਨਹੀਂ ਸਕੇਗਾ। ਸਾਰੀ ਰਾਤ ਹਵਾ ਚਾਗਰਾ ਮਾਰਦੀ ਰਹੀ ਅਤੇ ਖਾਲੀ ਘਰ ਵਿਚੋਂ ਅਜੀਬ ਤਰ੍ਹਾਂ ਕਰਾਹੁਣ ਦੀਆਂ ਅਵਾਜ਼ਾ ਮੈਨੂੰ ਰਾਤ ਭਰ ਆਉਂਦੀਆਂ ਰਹੀਆਂ। ਮੈਨੂੰ ਬੜੀ ਹੀ ਟੁੱਟੀ ਭੱਜੀ ਨੀਂਦਰ ਪਈ ਅਤੇ ਇਕ ਭੈੜੇ ਹੀ ਮੂਡ ਵਿਚ ਸਾਂ, ਜਦੋਂ ਮੈਂ ਨਾਸਤਾ ਕਰਨ ਲਈ ਅਗਲੀ ਸਵੇਰ ਨੂੰ ਕਲਕੱਲਾਂ ਹੇਠਾਂ ਉਤਰਿਆ।

ਦਸ ਵਜੇ ਤਕ ਮੈਨੂੰ ਮਿਸਟਰ ਫ਼ੇਅਰਲੀ ਦੇ ਕਮਰਿਆ ਵੱਲ ਲਿਜਾਇਆ ਗਿਆ। ਉਹ ਸਦਾ ਵਾਂਗ ਆਪਣੇ ਉਸੇ ਕਮਰੇ ਵਿਚ, ਉਸ ਕੁਰਸੀ ਵਿਚ ਆਪਣੀਆਂ ਉਹੀ ਮਾਨਸਿਕ ਅਤੇ ਜਿਸਮਾਨੀ ਬੀਮਾਰੀਆਂ ਲੈ ਕੇ ਬੈਠਾ ਹੋਇਆ ਸੀ। ਜਦੋਂ ਮੈਂ ਅੰਦਰ ਦਾਖਲ ਹੋਇਆ,

ਉਹਦਾ ਨੌਕਰ ਉਹਦੇ ਸਾਹਮਣੇ ਉਹਦੇ ਨਿਰੀਖਣ ਲਈ ਇਕ ਭਾਰੀ ਗਰੰਥ ਲੈ ਕੇ ਖੜਾ ਹੋਇਆ ਸੀ; ਇਹ ਤੇਜਾਬ ਨਾਲ ਤਰਾਸ਼ੇ ਹੋਏ ਚਿੱਤਰ ਸਨ ਜੋ ਏਨੇ ਲੰਮੇ ਅਤੇ ਏਨੇ ਚੋੜੇ ਸਨ, ਜਿੰਨਾ ਕੁ ਮੇਰਾ ਦਫਤਰ ਦਾ ਮੇਜ਼ ਸੀ। ਦੁਖੀ ਬਿਦੇਸ਼ੀ ਨੌਕਰ ਬੜੀ ਹੀਣਤਾ ਨਾਲ ਖਿਖਿਆ ਕੇ ਮੁਸਕਰਾ ਰਿਹਾ ਸੀ ਅਤੇ ਜਾਪਦਾ ਸੀ ਕਿ ਉਹ ਹੁਣੇ ਥਕਾਵਟ ਨਾਲ ਡਿਗ ਪਏਗਾ; ਉਹਦਾ ਮਾਲਕ ਬੜੇ ਆਰਾਮ ਨਾਲ ਆਪਣੇ ਵੱਡੇ ਦਰਸ਼ੀ ਸ਼ੀਸ਼ੇ ਦੀ ਸਹਾਇਤਾ ਨਾਲ ਵਾਰੀ ਵਾਰੀ ਉਹ ਚਿੱਤਰ ਵੇਖ ਰਿਹਾ ਸੀ,ਤਾਂ ਜੋ ਉਨ੍ਹਾਂ ਦੀ ਛਪੀ ਹੋਈ ਸੁੰਦਰਤਾ ਦੀ ਪ੍ਰਸੰਸਾ ਕਰ ਸਕੇ।

"ਤੂੰ ਪੁਰਾਣੇ ਮਿੱਤਰਾਂ ਵਿਚ ਸਭ ਤੋਂ ਚੰਗਾ ਹੈ," ਮੇਰੇ ਵੱਲ ਵੇਖਣ ਤੋਂ ਪਹਿਲਾਂ ਮਿਸਟਰ ਫ਼ੇਅਰਲੀ ਆਪਣੀ ਕੁਰਸੀ ਵਿਚ ਢੋਅ ਲਾਂਦਾ ਬੋਲਿਆ, "ਕੀ ਤੂੰ ਬਿਲਕਲ ਠੀਕ ਠਾਕ ਹੈ? ਤੂੰ ਕਿੰਨਾ ਚੰਗਾ ਹੈ ਗਿਲਮੌਰ ਕਿ ਇਸ ਇਕਾਂਤ ਵਿਚ ਮੈਨੂੰ ਮਿਲਣ ਲਈ ਆਇਆ ਹੈ !

ਮੈਂ ਸੋਚਿਆ ਸੀ, ਕਿ ਮੇਰੇ ਪਹੁੰਚਣ ਤੇ ਉਹ ਨੌਕਰ ਨੂੰ ਬਾਹਰ ਭੇਜ ਦੇਵੇਗਾ ਪਰ ਉਹਨੇ ਕੋਈ ਅਜਿਹੀ ਹਰਕਤ ਨਾ ਕੀਤੀ। ਨੌਕਰ ਆਪਣੇ ਮਾਲਕ ਦੀ ਕੁਰਸੀ ਸਾਹਮਣ ਖੜਾ ਤਸਵੀਰਾਂ ਦੇ ਭਾਰ ਹੇਠਾਂ ਕੰਬ ਰਿਹਾ ਸੀ, ਅਤੇ ਮਿਸਟਰ ਫ਼ੇਅਰਲੀ, ਆਪਣੀਆਂ ਚਿੱਟੀਆਂ ਉਂਗਲਾਂ ਅਤੇ ਅੰਗੂਠੇ ਵਿਚਕਾਰ ਵਡਦਰਸ਼ੀ ਸੀ ਘੁਮਾਉਂਦਾ ਬਿਲਕੁਲ ਸ਼ਾਂਤ ਬੈਠਾ ਸੀ।

'ਮੈਂ ਤੁਹਾਡੇ ਨਾਲ ਇਕ ਮਹੱਤਵਪੂਰਣ ਵਿਸ਼ੇ ਤੇ ਗੱਲਬਾਤ ਕਰਨ ਲਈ ਆਇਆ ਹਾਂ," ਮੈਂ ਕਿਹਾ, "ਇਸ ਲਈ ਆਸ ਹੈ ਤੁਸੀਂ ਖਿਮਾਂ ਕਰੋਗੇ ਜੋ ਮੈਂ ਇਹ ਕਹਾਂ ਕਿ ਸਾਨੂੰ ਇਕੱਲਿਆਂ ਹੀ ਇਹ ਗੱਲਬਾਤ ਕਰਨੀ ਚਾਹੀਦੀ ਹੈ।

ਮੰਦ ਭਾਗੇ ਨੌਕਰ ਨੇ ਮੇਰੇ ਵੱਲ ਕ੍ਰਿਤਗੱਤਾ ਨਾਲ ਵੇਖਿਆ। ਮਿਸਟਰ ਫ਼ੇਅਰਲੀ ਨੇ ਹੋਲੀ ਜੇਹੀ ਮੇਰੇ ਅਖੀਰਲੇ ਸ਼ਬਦ ਦੁਹਰਾਏ "ਇਕੱਲਿਆਂ ਹੀ ਇਹ ਗਲੱਬਾਤ ਕਰਨੀ ਚਾਹੀਦੀ ਹੈ।" ਅਤੇ ਇੰਜ ਕਰਦਿਆਂ ਉਹ ਬੜੀ ਹੈਰਾਨੀ ਦਾ ਵਿਖਾਲਾ ਕਰ ਰਿਹਾ ਸੀ।

ਮੈਂ ਫਜ਼ੂਲ ਗੱਲਾਂ ਸੁਣਨ ਦੇ ਮੂਡ ਵਿਚ ਨਹੀਂ ਸਾਂ। ਮੈਂ ਸੋਚ ਲਿਆ ਸੀ, ਕਿ ਜੋ ਮੈਂ ਕਹਿਣਾ ਚਾਹੁੰਦਾ ਹਾਂ, ਉਹ ਉਹਨੂੰ ਅੱਜ ਜਰੂਰ ਸਮਝਣਾ ਪਏਗਾ।

"ਮੇਰੇ ਤੇ ਅਹਿਸਾਨ ਕਰੋ, ਅਤੇ ਇਸ ਆਦਮੀ ਨੂੰ ਬਾਹਰ ਜਾਣ ਦੀ ਆਗਿਆ ਦਿਉ," ਮੈਂ ਨੌਕਰ ਵੱਲ ਇਸ਼ਾਰਾ ਕਰਦਿਆਂ ਕਿਹਾ।

ਮਿਸਟਰ ਫ਼ੇਅਰਲੀ ਨੇ ਆਪਣੇ ਭਰਵੱਟੇ ਕਮਾਨ ਦੀ ਸ਼ਕਲ ਵਿਚ ਉੱਚੇ ਚੁੱਕ ਅਤੇ ਵਿਅੰਗ ਭਰੀ ਹੈਰਾਨੀ ਨਾਲ ਬੁਲ੍ਹ ਸੁਕੇੜੇ।

"ਆਦਮੀ?" ਉਹਨੇ ਦੁਹਰਾਇਆ। 'ਤੂੰ ਬੜਾ ਖਿਝਾਉਂਦਾ ਹੈ ਗਿਲਮੌਰ, ਉਹਨੂੰ ਆਦਮੀ ਕਹਿਣ ਵਿਚ ਤੇਰਾ ਕੀ ਭਾਵ ਹੈ? ਉਹ ਕੋਈ ਆਦਮੀ ਸ਼ਾਦਮੀ ਨਹੀਂ। ਅੱਧਾ ਘੰਟਾ ਪਹਿਲਾਂ ਉਹ ਆਦਮੀ ਹੋਵੇਗਾ, ਜਦੋਂ ਕਿ ਮੈਨੂੰ ਇਹ ਚਿੱਤਰ ਨਹੀਂ ਸਨ ਚਾਹੀਦੇ, ਅਤੇ ਹੁਣ ਤੋਂ ਅੱਧਾ ਘੰਟਾ ਮਗਰੋਂ ਵੀ, ਜਦੋਂ ਮੈਂ ਇਹ ਚਿੱਤਰ ਨਹੀਂ ਵੇਖਾਂਗਾ, ਸ਼ਾਇਦ ਉਹ ਆਦਮੀ ਹੋਵੇਗਾ, ਪਰ ਹੁਣ ਤਾਂ ਉਹ ਇਕ ਸਟੈਂਡ ਹੈ। ਤੈਨੂੰ ਇਕ ਸਟੈਂਡ ਇਥੇ ਹੋਣ ਵਿਚ ਕੀ ਇਤਰਾਜ਼ ਹੈ ਗਿਲਮੌਰ?"

"ਮੈਨੂੰ ਇਤਰਾਜ਼ ਹੈ, ਮਿਸਟਰ ਫ਼ੇਅਰਲੀ, ਮੈਂ ਤੀਜੀ ਵਾਰ ਬੇਨਤੀ ਕਰ ਰਿਹਾ ਹਾਂ, ਕਿ ਸਾਨੂੰ ਇਕਾਂਤ ਚਾਹੀਦੀ ਹੈ।"

ਮੇਰੇ ਲਹਿਜੇ ਅਤੇ ਅੰਦਾਜ਼ ਨਾਲ ਹੁਣ ਉਹਨੂੰ ਮੇਰੀ ਗੱਲ ਮੰਨਣ ਤੋਂ ਛੁਟ ਹੋਰ ਕੋਈ ਰਾਹ ਨਹੀਂ ਸੀ ਦਿਸ ਰਿਹਾ। ਉਹਨੇ ਨੌਕਰ ਵੱਲ ਵੇਖ ਕੇ ਆਪਣੇ ਕੋਲ ਪਈ ਇਕ ਕੁਰਸੀ ਵੱਲ ਬੜੇ ਚਿੜਚਿੜੇ ਢੰਗ ਨਾਲ ਇਸ਼ਾਰਾ ਕੀਤਾ।

"ਇਹ ਚਿੱਤਰ ਇਥੇ ਰੱਖ ਦੇ ਅਤੇ ਚਲਾ ਜਾਹ," ਉਹ ਬੋਲਿਆ। "ਮੈਂ" ਜਿਥੋਂ" ਵੇਖ ਰਿਹਾ ਸਾਂ, ਉਹ ਥਾਂ ਭੁੱਲੀਂ, ਨਹੀਂ ਤੇ ਮੈਨੂੰ ਗੁੱਸਾ ਚੜ੍ਹ ਜਾਏਗਾ। ਕੀ ਤੂੰ ਉਹ ਥਾਂ ਗਵਾ ਦਿਤੀ ਹੈ ਕਿ ਨਹੀਂ? ਕੀ ਤੈਨੂੰ ਪੱਕਾ ਪਤਾ ਹੈ ਕਿ ਤੂੰ ਨਹੀਂ ਭੁੱਲਿਆ? ਕੀ ਵਜਾਉਣ ਵਾਲੀ ਮੇਰੀ ਘੰਟੀ ਮੇਰੇ ਨੇੜੇ ਰੱਖ ਦਿੱਤੀ ਹੈ? ਹਾਂ? ਤਾਂ ਨਾ ਮੁਰਾਦ ਤੂੰ ਜਾਂਦਾ ਕਿਉਂ ਨਹੀਂ?"

ਨੌਕਰ ਚਲਾ ਗਿਆ। ਮਿਸਟਰ ਫ਼ੇਅਰਲੀ ਨੇ ਆਪਣੀ ਕੁਰਸੀ ਵਿਚ ਪਾਸਾ ਮੋੜਿਆ, ਆਪਣੇ ਕੈਬਰਿਕ ਦੇ ਸੁਹਣੇ ਰੁਮਾਲ ਨਾਲ ਵਡਦਰਸ਼ੀ ਸ਼ੀਸੇ ਨੂੰ ਪਾਲਸ਼ ਕੀਤਾ ਅਤੇ ਇਕ ਪਾਸੇ ਵਲੋਂ ਤਸਵੀਰਾਂ ਦੀ ਖੁਲ੍ਹੀ ਪਈ ਕਿਤਾਬ ਨੂੰ ਵੇਖਣਾ ਸ਼ੁਰੂ ਕਰ ਦਿੱਤਾ। ਅਜਿਹੇ ਸਮੇਂ ਮੇਰੇ ਲਈ ਆਪਣੇ ਗੁੱਸੇ ਨੂੰ ਕਾਬੂ ਕਰਨਾ ਬੜਾ ਔਖਾ ਸੀ, ਪਰ ਮੈਂ ਆਪਣੇ ਆਪ ਨੂੰ ਸ਼ਾਂਤ ਕੀਤਾ।

"ਮੈਂ ਬੜਾ ਔਖਾ ਹੋ ਕੇ ਇਥੇ ਆਇਆ ਹਾਂ," ਮੈਂ ਕਿਹਾ, "ਸਿਰਫ ਤੇਰੇ ਟੱਬਰ ਅਤੇ ਤੇਰੀ ਭਤੀਜੀ ਦੇ ਭਲੇ ਲਈ; ਅਤੇ ਮੇਰਾ ਖਿਆਲ ਹੈ ਕਿ ਇਸ ਦੇ ਬਦਲੇ ਮੇਰਾ ਕੁਝ ਹੱਕ ਬਣਦਾ ਹੈ ਕਿ ਤੁਸੀਂ ਆਪਣਾ ਧਿਆਨ ਮੇਰੀ ਗੱਲ ਵੱਲ ਦਿਉ।"

"ਮੈਨੂੰ ਧਮਕੀ ਨਾ ਦਿਉ!" ਮਿਸਟਰ ਫ਼ੇਅਰਲੀ ਨੇ ਨਿਢਾਲ ਹੋ ਕੇ ਆਪਣੀ ਕੁਰਸੀ ਵਿਚ ਪਿਛੇ ਡਿਗਦਿਆਂ ਹੋਇਆਂ, ਅਤੇ ਅੱਖਾਂ ਬੰਦ ਕਰਦਿਆਂ ਕਿਹਾ। "ਮੇਹਰਬਾਨੀ ਕਰਕੇ ਮੈਨੂੰ ਧਮਕਾਉ ਨਾ। ਮੇ ਏਨਾ ਤਗੜਾ ਨਹੀਂ !"

ਮੈਂ ਲਾਰਾ ਛੇਅਰਲੀ ਦੀ ਖਾਤਰ ਇਹ ਪੱਕਾ ਨਿਸ਼ਚਾ ਕੀਤਾ ਸੀ ਕਿ ਉਹਦੀ ਕਿਸੇ ਵੀ ਗੱਲ ਤੇ ਗੁੱਸੇ ਵਿਚ ਨਹੀਂ ਆਵਾਂਗਾ। ਮੇਰਾ ਇਥੇ ਆਉਣ ਦਾ ਮਨੋਰਥ ਇਹ ਹੈ," ਮੈਂ ਬੋਲਦਾ ਗਿਆ, "ਕਿ ਤੁਹਾਡੀ ਮਿੰਨਤ ਕਰਾਂ ਕਿ ਤੁਸੀਂ ਮੁੜ ਸੋਚੋ ਅਤੇ ਆਪਣੀ ਭਤੀਜੀ ਅਤੇ ਉਹਦੇ ਮਿੱਤਰਾ ਦੇ ਅਧਿਕਾਰਾਂ ਨੂੰ ਛੱਡਣ ਲਈ ਮੈਨੂੰ ਮਜਬੂਰ ਨਾ ਕਰੋ; ਅੱਜ ਮੈਂ ਮੁੜ ਇਕ ਵਾਰ ਅਤੇ ਅਖੀਰਲੀ ਵਾਰ ਸਾਰੀ ਗੱਲ ਤੁਹਾਨੂੰ ਖੋਲ੍ਹ ਕੇ ਸਮਝਾਉਂਦਾ ਹਾਂ।

ਮਿਸਟਰ ਫ਼ੇਅਰਲੀ ਨੇ ਆਪਣਾ ਸਿਰ ਹਿਲਾਇਆ ਅਤੇ ਠੰਢਾ ਹਉਕਾ ਭਰਿਆ।

"ਗਿਲਮੌਰ, ਇਹ ਤੇਰੀ ਜਿਆਦਤੀ ਹੈ-ਬਹੁਤ ਵਧੀਕੀ," ਉਹ ਬੋਲਿਆ। "ਕੋਈ ਗੱਲ ਨਹੀਂ; ਤੂੰ ਕਹਿੰਦਾ ਜਾ।"

ਮੈਂ ਬੜੇ ਧਿਆਨ ਨਾਲ ਉਹਨੂੰ ਇਕ ਇਕ ਗੱਲ ਸਮਝਾਈ; ਮੈਂ ਹਰ ਤਰ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਇਹ ਮੁਆਮਲਾ ਉਹਦੇ ਸਾਹਮਣੇ ਪੇਸ਼ ਕੀਤਾ। ਜਿੰਨੀ ਦੇਰ ਮੈਂ ਬੋਲਦਾ ਰਿਹਾ, ਉਹ ਅੱਖਾਂ ਬੰਦ ਕਰਕੇ ਕੁਰਸੀ ਦੀ ਪਿੱਠ ਨਾਲ ਸਿਰ ਲਾਈ ਬੈਠਾ ਰਿਹਾ। ਜਦੋਂ ਮੈਂ ਗੱਲ ਖ਼ਤਮ ਕਰ ਚੁੱਕਾ ਤਾਂ ਉਹਨੇ ਹੌਲੀ ਜਿਹੀ ਸੁਸਤੀ ਨਾਲ ਅੱਖਾਂ ਖੋਲ੍ਹ ਕੇ, ਮੇਜ਼ ਤੋਂ ਆਪਣੀ ਚਾਂਦੀ ਦੀ ਸੁੰਘਣ ਵਾਲੀ ਸ਼ੀਸ਼ੀ ਚੁੱਕੀ ਅਤੇ ਸਵਾਦ ਲੈਂਦਾ ਹੋਇਆ ਉਹਨੂੰ ਨੱਕ ਨਾਲ ਲਾ ਕੇ ਬੋਲਿਆ "ਸ਼ਾਬਾਸ਼ ਗਿਲਮੌਰ।" ਉਹ ਵਿਚ ਵਿਚ ਸੁੰਘਦਾ ਜਾ ਰਿਹਾ ਸੀ, "ਤੂੰ ਕਿੰਨਾ ਚੰਗਾ ਹੈ। ਤੂੰ ਮਨੁੱਖੀ ਸੁਭਾ ਨਾਲ ਕਿਸ ਤਰ੍ਹਾਂ ਸਮਝੌਤਾ ਕਰਦਾ ਹੈ।'

"ਮੇਰੇ ਸਪੱਸ਼ਟ ਪ੍ਰਸ਼ਨ ਦਾ ਸਪੱਸ਼ਟ ਅਤੇ ਸਾਫ਼ ਉੱਤਰ ਦਿਉ, ਮਿਸਟਰ ਫ਼ੇਅਰਲੀ। ਮੈਂ ਤੁਹਾਨੂੰ ਮੁੜ ਦਸਦਾ ਹਾਂ, ਕਿ ਸਰ ਪਰਸੀਵਲ ਗਲਾਈਡ ਦਾ ਇਸ ਤੋਂ ਜਿਆਦਾ ਹੋਰ ਕਈ ਹੱਕ ਨਹੀਂ ਬਣਦਾ ਕਿ ਉਹ ਰਕਮ ਦੀ ਆਮਦਨ ਲੈ ਸਕੇ। ਜੇ ਤੁਹਾਡੀ ਭਤੀਜੀ ਦੀ ਕੋਈ ਸੰਤਾਨ ਨਾ ਹੋਵੇ ਤਾਂ ਸਾਰੀ ਰਕਮ ਉਹਦੇ ਕੋਲ ਹੀ ਰਹਿਣੀ ਚਾਹੀਦੀ ਹੈ, ਅਤੇ ਮੁੜ ਵਾਪਸ ਇਸੇ ਟੱਬਰ ਵਿਚ ਆਉਣੀ ਚਾਹੀਦੀ ਹੈ। ਜੇ ਤੁਸੀਂ ਦ੍ਰਿੜ ਹੋ ਜਾਉ ਤਾਂ ਸਰ ਪਰਸੀਵਲ ਨੂੰ ਝੁਕਣਾ ਹੀ ਪਏਗਾ ਉਹਨੂੰ ਤੁਹਾਡੀ ਗੱਲ ਮੰਨਣੀ ਹੀ ਪਏਗੀ, ਨਹੀਂ ਤਾਂ ਮੈਂ ਕਹਿੰਦਾ ਹਾਂ ਕਿ

ਇਹ ਪ੍ਰਤੱਖ ਹੈ ਕਿ ਉਹ ਸਿਰਫ ਪੈਸੇ ਅਤੇ ਜਾਇਦਾਦ ਦੇ ਲਾਭ ਕਰਕੇ ਮਿਸ ਫ਼ੇਅਰਲੀ ਨਾਲ ਵਿਆਹ ਕਰ ਰਿਹਾ ਹੈ।

ਮਿਸਟਰ ਫ਼ੇਅਰਲੀ ਨੇ ਚਾਂਦੀ ਦੀ ਸੁੰਘਣੀ ਮੇਰੇ ਅੱਗੇ ਮਖੌਲ ਨਾਲ ਹਿਲਾਉਦਿਆਂ ਕਿਹਾ।

"ਔਹ, ਪਿਆਰ ਗਿਲਮੌਰ: ਤੂੰ ਅਮੀਰਾਂ ਅਤੇ ਉੱਚੇ ਖ਼ਾਨਦਾਨਾਂ ਨੂੰ ਕਿੰਨੀ ਘ੍ਰਿਣਾ ਕਰਦਾ ਹੈ! ਕੀ ਤੂੰ ਨਹੀਂ ਕਰਦਾ? ਤੇ ਗਲਾਈਡ ਨੂੰ ਕਿੰਨੀ ਨਫ਼ਰਤ ਕਰਦਾ ਹੈ, ਸਿਰਫ ਇਸ ਲਈ ਕਿ ਉਹ ਬੈਰਨ ਹੈ। ਤੂੰ ਕਿੰਨਾ ਸੁਧਾਰਵਾਦੀ ਹੈ! ਤੂੰ ਕਿੰਨਾ ਸੁਧਾਰਵਾਦੀ ਹੈ !''

ਇਕ ਸੁਧਾਰਵਾਦੀ! ਮੈਂ ਬੜੀ ਦੇਰ ਗੁੱਸਾ ਪੀ ਸਕਦਾ ਸਾਂ, ਪਰ ਸਾਰੀ ਉਮਰ ਪੁਰਾਣੇ ਖਿਆਲਾਂ ਅਤੇ ਅਸੂਲਾ ਦਾ ਹਾਮੀ ਹੋ ਕੇ, ਹੁਣ ਮੈਂ ਇਹ ਬਰਦਾਸ਼ਤ ਨਹੀਂ ਸਾਂ ਕਰ ਸਕਦਾ ਕਿ ਕੋਈ ਮੈਨੂੰ ਸੁਧਾਰਵਾਦੀ ਕਵ੍ਹੇ। ਮੇਰਾ ਖ਼ੂਨ ਜਿਵੇਂ ਉਬਲ ਗਿਆ ਮੈਂ ਆਪਣੀ ਕੁਰਸੀ ਵਿਚੋਂ ਉਠ ਪਿਆ ਅਤੇ ਗੁੱਸੇ ਵਿਚ ਮਰੇ ਮੂੰਹੋਂ ਕੋਈ ਗੱਲ ਨਾ ਨਿਕਲੀ।

"ਕਮਰੇ ਨੂੰ ਨਾ ਹਿਲਾ!" ਮਿਸਟਰ ਫ਼ੇਅਰਲੀ ਚੀਕਿਆ, ' ਰੱਬ ਦਾ ਵਾਸਤਾ ਹੈ, ਕਮਰੇ ਨੂੰ ਨਾ ਹਿਲਾ। ਉਹ ਸਭ ਤੋਂ ਚੰਗੇ ਗਿਲਮੌਰ, ਮੇਰਾ ਮਤਬਲ ਤੇਰਾ ਦਿਲ ਦੁਖਾਉਣ ਦਾ ਨਹੀਂ ਸੀ। ਮੇਰੇ ਆਪਣੇ ਵਿਚਾਰ ਵੀ ਏਨੇ ਖੁੱਲੇ ਹਨ ਕਿ ਮੈਨੂੰ ਲਗਦਾ ਹੈ, ਮੈਂ ਵੀ ਸੁਧਾਰਵਾਦੀ ਹਾਂ! ਹਾਂ ਅਸੀਂ ਦੋਵੇਂ ਹੀ ਸੁਧਾਰਵਾਦੀ ਹਾਂ। ਮਿਹਰਬਾਨੀ ਕਰਕੇ ਨਾਰਾਜ਼ ਨਾ ਹੋ। ਮੇਰੇ ਵਿਚ ਲੜਨ ਦੀ ਹਿੰਮਤ ਨਹੀਂ।"

"ਕੀ ਅਸੀਂ ਇਸ ਗੱਲ ਨੂੰ ਇਥੇ ਹੀ ਛੱਡ ਦੇਈਏ? ਹਾਂ, ਆ ਇਹ ਤੇਜ਼ਾਬ ਨਾਲ ਚਿਤਰੀਆਂ ਹੋਈਆਂ ਤਸਵੀਰਾਂ ਵੇਖੀਆਂ, ਮੈਂ ਤੈਨੂੰ ਸਿਖਾਵਾਂ ਕਿ ਇਨ੍ਹਾਂ ਦੀ ਦੇਵੀ ਸੁੰਦਰਤਾ ਦੀ ਪ੍ਰਸੰਸਾ ਕਿਵੇਂ ਕੀਤੀ ਜਾਂਦੀ ਹੈ! ਆ, ਮੇਰੇ ਚੰਗੇ ਗਿਲਮੌਰ।" ਜਿਸ ਵੇਲੇ ਉਹਨੇ ਇਹ ਬੇਥਵ੍ਹੀਆਂ ਮਾਰਨੀਆਂ ਸ਼ੁਰੂ ਕੀਤੀਆਂ ਚੰਗੇ ਭਾਗਾਂ ਨੂੰ, ਮੈਂ ਆਪਣੀ ਹੋਸ਼ ਵਿਚ ਪਰਤ ਰਿਹਾ ਸਾਂ। ਜਦੋਂ ਮੈਂ ਮੁੜ ਬੋਲਿਆ, ਮੈਂ ਏਨਾਂ ਕੁ ਸੰਭਲ ਚੁੱਕਾ ਸਾਂ ਕਿ ਉਹਦੀ ਢੀਠਤਾਈ ਨੂੰ ਉਸ ਘ੍ਰਿਣਾ ਨਾਲ ਲਵਾਂ, ਜਿਸਦੇ ਉਹ ਯੋਗ ਸੀ।

"ਤੁਸੀਂ ਬਿਲਕੁਲ ਗਲਤ ਕਹਿ ਰਹੇ ਹੋ, ਸ੍ਰੀ ਮਾਨ ਜੀ, ਮੈਂ ਕਿਹਾ, "ਜੇ ਤੁਸੀਂ" ਇਹ ਸਮਝਦੇ ਹੋ ਕਿ ਮੈਨੂੰ ਸਰ ਪਰਸੀਵਲ ਗਲਾਈਡ ਵਿਰੁੱਧ ਕੋਈ ਵਹਿਮ ਹੈ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਇਸ ਮਾਮਲੇ ਵਿਚ ਉਹਨੇ ਉੱਕਾ ਪੁੱਕਾ ਸਭ ਕੁਝ ਆਪਣੇ ਵਕੀਲ ਦੇ ਸਿਰ ਤੇ ਛੱਡ ਦਿੱਤਾ ਹੈ ਕਿ ਉਹਨੂੰ ਕੁਝ ਕਹਿਣਾ ਹੀ ਅਸੰਭਵ ਹੋ ਗਿਆ ਹੈ ਪਰ ਮੈਨੂੰ ਉਹਦੇ ਖ਼ਿਲਾਫ਼ ਕੋਈ ਵਹਿਮ ਨਹੀਂ। ਜੋ ਮੈਂ ਹੁਣ ਕਿਹਾ ਹੈ, ਉਹ ਜੇ ਇਸ ਹਾਲਾਤ ਵਿਚ ਹੋਰ ਕੋਈ ਪੁਰਸ਼ ਵੀ ਹੁੰਦਾ, ਉਹਦੇ ਲਈ ਵੀ ਮੈਂ ਇਹੀ ਕਹਿਣਾ ਸੀ, ਇਥੇ ਇਹ ਫਰਕ ਨਹੀਂ ਕਿ ਕੋਈ ਗਰੀਬ ਹੈ ਜਾਂ ਅਮੀਰ। ਇਹ ਅਸੂਲ ਸਭ ਦੁਨੀਆ ਜਾਣਦੀ ਹੈ, ਜੇ ਤੁਸੀਂ ਇਥੇ ਸਭ ਤੋਂ ਨੇੜੇ ਦੇ ਕਸਬੇ ਵਿਚ ਜਾ ਕੇ ਕਿਸੇ ਵਕੀਲ ਨੂੰ ਪੁਛੋ ਤਾਂ ਉਹ ਤੁਹਾਨੂੰ ਇਕ ਅਜਨਬੀ ਹੁੰਦਾ ਹੋਇਆ ਵੀ ਇਹੀ ਗੱਲ ਦਸੇਗਾ, ਜੋ ਮੈਂ ਇਕ ਮਿੱਤਰ ਦੀ ਹੈਸੀਅਤ ਵਿਚ ਤੁਹਾਨੂੰ ਦਸ ਰਿਹਾ ਹਾਂ। ਉਹ ਤੁਹਾਨੂੰ ਦਸੇਗਾ ਕਿ ਇਹ ਹਰ ਨਿਯਮ ਦੇ ਵਿਰੁੱਧ ਹੈ ਕਿ ਔਰਤ ਦੀ ਸਮੁੱਲੜੀ ਜਾਇਦਾਦ ਉਸ ਪੁਰਸ਼ ਦੀ ਹੋ ਜਾਏ ਜਿਸ ਨਾਲ ਉਹ ਵਿਆਹ ਕਰੇ। ਉਹ ਕਾਨੂੰਨ ਵਲੋਂ ਇਹ ਸਾਵਧਾਨੀ ਵੀ ਵਰਤੇਗਾ ਕਿ ਪਤੀ ਪਤਨੀ ਦੀ ਮੌਤ ਮਗਰੋਂ ਵੀਹ ਹਜ਼ਾਰ ਪੌਂਡ ਉਤੇ ਸੂਦ ਵੀ ਨਾ ਮਿਲੇ।

"ਕੀ ਉਹ ਸੱਚਮੁਚ ਇਹ ਕਰੇਗਾ, ਗਿਲਮੌਰ?" ਮਿਸਟਰ ਫ਼ੇਅਰਲੀ ਬੋਲਿਆ "ਜੇ ਉਹ ਕੋਈ ਅਜਿਹੀ ਗੱਲ ਕਰੇਗਾ, ਜੋ ਇਸ ਤੋਂ ਅੱਧੀ ਭਿਆਨਕ ਵੀ ਹੋਵੇ ਤਾਂ ਮੈਂ ਆਪਣੀ ਹੀ ਘੰਟੀ ਲੂਈ ਲਈ ਵਜਾ ਕੇ ਉਹਨੂੰ ਫੋਰਨ ਇਸ ਘਰ ਵਿਚੋਂ ਬਾਹਰ ਕੱਢ ਦਿਆਂਗਾ।"

"ਤੁਸੀਂ ਮੈਨੂੰ ਅੱਜ ਖਿਝਾ ਨਹੀਂ ਸਕਦੇ, ਮਿਸਟਰ ਫ਼ੇਅਰਲੀ-ਤੁਹਾਡੀ ਭਤੀਜੀ ਅਤੇ ਉਹਦੇ ਪਿਤਾ ਦੀ ਖ਼ਾਤਰ ਮੈਂ ਅੱਜ ਨਹੀਂ ਖਿੱਝ ਸਕਦਾ। ਇਸ ਤੋਂ ਪਹਿਲਾਂ ਕਿ ਮੈਂ ਇਸ ਕਮਰੇ ਵਿਚ ਜਾਵਾਂ, ਤੁਹਾਨੂੰ ਇਸ ਸੰਦੇਹ-ਜਨਕ ਦਸਤਾਵੇਜ਼ ਦੀ ਜ਼ਿੰਮੇਵਾਰੀ ਆਪਣੇ ਸਿਰ ਤੋਂ ਲੈਣੀ ਹੀ ਪਵੇਗੀ।”

"ਮਿਹਰਬਾਨੀ ਕਰਕੇ ਇਹ ਨਾ ਕਹਿ ! ਨਾ ਕਹਿ !" ਮਿਸਟਰ ਫ਼ੇਅਰਲੀ ਨੇ ਕਿਹਾ, 'ਗਿਲਮੌਰ, ਰਤਾ ਸੋਚ ਕਿ ਤੇਰਾ ਸਮਾ ਕਿੰਨਾ ਕੀਮਤੀ ਹੈ; ਇਸ ਨੂੰ ਅਜਾਈਂ ਨਾ ਗਵਾ! ਮੈਂ ਤੇਰੇ ਨਾਲ ਝਗੜਾ ਕਰਦਾ, ਜੇ ਕਰਨ ਦੇ ਯੋਗ ਹੁੰਦਾ! ਪਰ ਮੈਂ ਕਰ ਨਹੀਂ ਸਕਦਾ, ਮੇਰੇ ਵਿਚ ਏਨੀ ਹਿੰਮਤ ਨਹੀਂ! ਤੂੰ ਕੀ ਚਾਹੁੰਨਾ ਏ? ਮੈਨੂੰ ਪਰੇਸ਼ਾਨ ਕਰਨਾ, ਗ਼ਲਾਈਡ ਨੂੰ ਪਰਸ਼ਾਨ ਕਰਨਾ; ਅਤੇ ਲਾਰਾ ਨੂੰ ਪਰੇਸ਼ਾਨ ਕਰਨਾ ਅਤੇ ਰੱਬ ਤੈਨੂੰ ਬਖਸ਼ੇ! ਉਸ ਗੱਲ ਦੀ ਖ਼ਾਤਰ, ਜੋ ਹੋਣੀ ਹੀ

ਅਸੰਭਵ ਹੈ। ਨਹੀਂ ਪਿਆਰੇ ਮਿੱਤਰ ਸ਼ਾਂਤੀ ਅਤੇ ਇਕਾਂਤ ਦਾ ਧਿਆਨ ਧਰਕੇ ਮੈਂ ਕਹਾਂਗਾ, ਕਦੀ ਨਹੀਂ।"

"ਤਾਂ ਕੀ ਮੈਂ ਇਹ ਸਮਝ ਲਵਾਂ ਕਿ ਤੁਸੀਂ ਜੋ ਚਿੱਠੀ ਵਿਚ ਲਿਖਿਆ ਸੀ, ਉਸੇ ਹੀ ਇਰਾਦੇ ਤੇ ਡਟੇ ਰਵ੍ਹੋਗੇ?"

“ਹਾਂ, ਬੜੀ ਖੁਸ਼ੀ ਦੀ ਗੱਲ ਹੈ ਕਿ ਅਖੀਰ ਅਸੀਂ ਇਕ ਦੂਜੇ ਨੂੰ ਸਮਝਣ ਵਿਚ ਕਾਮਯਾਬ ਹੋ ਗਏ ਹਾਂ। ਮੁੜ ਬੈਠ ਜਾ।"

ਮੈਂ ਫੌਰਨ ਦਰਵਾਜ਼ੇ ਵੱਲ ਤੁਰਿਆ; ਅਤੇ ਮਿਸਟਰ ਫ਼ੇਅਰਲੀ ਨੇ ਆਪਣੀ ਹੱਥ ਘੰਟੀ  ਵਜਾਈ। ਕਮਰੇ ਵਿਚੋਂ ਨਿਕਲਣ ਤੋਂ ਪਹਿਲਾਂ ਮੈਂ ਉਹਦੇ ਵੱਲ ਮੁੜ ਕੇ ਉਹਨੂੰ ਆਖਰੀ ਵਾਰ ਕਿਹਾ

"ਜੋ ਕੁਛ ਵੀ ਭਵਿੱਸ਼ ਵਿਚ ਹੋਵੇਗਾ। ਸ੍ਰੀ ਮਾਨ ਜੀ," ਮੈਂ ਕਿਹਾ, 'ਇਹ ਯਾਦ ਰੱਖਣਾ ਕਿ ਮੈਂ ਤੁਹਾਨੂੰ ਚੇਤਾਵਨੀ ਦੇ ਕੇ ਆਪਣਾ ਫਰਜ਼ ਪੂਰਾ ਕਰ ਦਿੱਤਾ ਸੀ। ਇਸ ਘਰ ਦਾ ਵਫਾਦਾਰ ਮਿੱਤਰ ਅਤੇ ਨੌਕਰ ਹੋਣ ਦੀ ਹੈਸੀਅਤ ਵਿਚ ਮੈਂ ਨਿਖੜਨ ਵੇਲੇ, ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਕਦੀ ਵੀ ਆਪਣੀ ਕਿਸੇ ਧੀ ਦਾ ਵਿਆਹ, ਕਿਸੇ ਜੀਉਂਦੇ ਪੁਰਸ਼ ਨਾਲ ਅਜਿਹੀ ਦਸਤਾਵੇਜ਼ ਅਤੇ ਸ਼ਰਤਾਂ ਦੇ ਨਾਲ ਕਰਨ ਨੂੰ ਰਾਜ਼ੀ ਨਾ ਹੁੰਦਾ, ਜਿਹੜੀ ਤੁਸੀਂ ਮੈਨੂੰ ਮਿਸ ਫ਼ੇਅਰਲੀ ਲਈ ਬਣਾਉਣ ਲਈ ਮਜ਼ਬੂਰ ਕਰ ਰਹੇ ਹੋ।"

ਮੇਰੇ ਪਿਛੇ ਦਰਵਾਜ਼ਾ ਖੁਲ੍ਹਿਆ, ਅਤੇ ਨੌਕਰ ਦਹਿਲੀਜ਼ ਤੇ ਖੜਾ ਉਡੀਕ ਰਿਹਾ ਸੀ।

"ਲੂਈ" ਮਿਸਟਰ ਫ਼ੇਅਰਲੀ ਬੋਲਿਆ, "ਮਿਸਟਰ ਗਿਲਮੌਰ, ਨੂੰ ਬੂਹਾ ਖੋਲ੍ਹ ਕੇ ਵਾਪਸ ਆ ਕੇ ਮੇਰੇ ਲਈ ਇਹ ਚਿੱਤਰ ਫੜ ਕੇ ਖੜਾ ਹੋ ਜਾ। ਗਿਲਮੌਰ ਤੂੰ ਹੇਠਾਂ ਨੌਕਰਾਂ ਨੂੰ ਕਹਿ ਕਿ ਤੈਨੂੰ ਚੰਗੀ ਤਰ੍ਹਾਂ ਰੋਟੀ ਖੁਆਉਣ; ਮੇਰੇ ਸੁਸਤ ਨੌਕਰ, ਜੋ ਜਾਨਵਰਾਂ ਵਾਂਗ ਹਨ, ਉਨ੍ਹਾਂ ਕੋਲੋਂ ਇਸ ਤਰ੍ਹਾਂ ਰੋਟੀ ਖਾਕੇ ਜਾਹ !"

ਮੈਂ ਏਨਾ ਨਿਰਾਸ਼ ਹੋ ਚੁੱਕਾ ਸਾਂ ਕਿ ਉਹਨੂੰ ਕਈ ਉੱਤਰ ਨਾ ਦੇ ਸਕਿਆ; ਮੈਂ ਉਥੋਂ ਮੁੜਿਆ ਅਤੇ ਚੁੱਪ ਚਾਪ ਆ ਗਿਆ। ਤਿਪਹਿਰਾਂ ਵੇਲੇ ਦੋ ਵਜੇ ਗੱਡੀ ਉਥੋਂ ਚਲਦੀ ਸੀ; ਅਤੇ ਮੈਂ ਉਸ ਗੱਡੀ ਤੇ ਲੰਦਨ ਵਾਪਿਸ ਪਹੁੰਚ ਗਿਆ।

ਮੰਗਲਵਾਰ ਨੂੰ ਮੈਂ ਬਦਲ ਕੇ ਦਸਤਾਵੇਜ਼ ਭੇਜ ਦਿੱਤੀ। ਜਿਸ ਨਾਲ ਹੁਣ ਬੰਦੇ ਜਿਨ੍ਹਾਂ ਨੂੰ, ਮਿਸ ਫ਼ੇਅਰਲੀ ਆਪਣੇ ਵਾਰਸ ਬਣਾਉਣਾ ਚਾਹੁੰਦੀ ਸੀ ਕਦੀ ਵੀ ਜਾਇਦਾਦ ਹਾਸਲ ਨਹੀਂ ਸਨ ਕਰ ਸਕਦੇ। ਅਤੇ ਮੈਂ ਉਹਦੇ ਮੂੰਹੋਂ ਸੁਣ ਚੁਕਾ ਸਾਂ ਕਿ ਉਹ ਚਿੰਤਿਤ ਸੀ ਕਿ ਉਨ੍ਹਾਂ ਨੂੰ ਅਵੱਸ ਕੁਝ ਮਿਲੇ। ਪਰ ਮੇਰੇ ਲਈ ਹੋਰ ਕੋਈ ਰਾਹ ਨਹੀਂ ਸੀ। ਜੇ ਮੈਂ ਇਹ ਦਸਤਾਵੇਜ਼ ਤਿਆਰ ਨਾ ਕਰਦਾ, ਕੋਈ ਹੋਰ ਵਕੀਲ ਇਹ ਕੰਮ ਕਰ ਦੇਂਦਾ।

ਮੇਰਾ ਕੰਮ ਖ਼ਤਮ ਹੋ ਚੁੱਕਾ ਹੈ। ਇਸ ਘਰ ਦੀ ਕਹਾਣੀ ਅਤੇ ਘਟਨਾਵਾਂ ਵਿਚ ਮੇਰਾ ਹਿੱਸਾ ਇਸੇ ਨੁਕਤੇ ਤਕ ਹੀ ਹੈ, ਜਿਥੇ ਮੈਂ ਪੁੱਜ ਚੁੱਕਾ ਹਾਂ। ਹੁਣ ਕਈਆਂ ਹੋਰਨਾਂ ਦੀਆਂ ਕਲਮਾਂ ਉਨ੍ਹਾਂ ਵਿਚਿੱਤ ਘਟਨਾਵਾਂ ਦਾ ਵਰਨਣ ਕਰਨਗੀਆਂ ਜੋ ਇਸ ਤੋਂ ਮਗਰੋਂ ਵਾਪਰੀਆਂ। ਬੜੀ ਗੰਭੀਰਤਾ ਅਤੇ ਦੁਖ ਭਰੇ ਦਿਲ ਨਾਲ ਮੈਂ ਇਹ ਸੰਖੇਪ ਵਰਨਣ ਦਾ ਅੰਤ ਕਰਦਾ ਹਾਂ, ਮੈਂ ਇਥੇ ਉਹ ਸ਼ਬਦ ਦੁਹਰਾਂਦਾ ਹਾਂ, ਜੋ ਮੈਂ ਅਖ਼ੀਰ ਵਿਚ ਲਿਮਰਿਜ ਹਾਊਸ ਵਿਚ ਕਹੇ ਸਨ; ਮੈਂ ਕਦੀ ਵੀ ਆਪਣੀ ਕਿਸੇ ਧੀ ਦਾ ਵਿਆਹ, ਕਿਸੇ ਵੀ ਜੀਉਂਦੇ ਪੁਰਸ਼ ਨਾਲ ਅਜਿਹੀ ਦਸਤਾਵੇਜ਼ ਅਤੇ ਸ਼ਰਤਾਂ ਦੇ ਨਾਲ ਕਰਨ ਨੂੰ ਰਾਜ਼ੀ ਨਾ ਹੁੰਦਾ, ਜਿਹੜੀ ਮੈਂ ਲਾਰਾ ਫ਼ੇਅਰਲੀ ਲਈ ਬਣਾਉਣ ਲਈ ਮਜ਼ਬੂਰ ਕੀਤਾ ਕੀਤਾ ਗਿਆ ਸੀ।

(ਮਿਸਟਰ ਗਿਲਮੌਰ ਦੇ ਵਰਨਣ ਦੀ ਸਮਾਪਤੀ)

ਮਰੀਅਨ ਹਾਲਕੌਂਬ ਦੀ ਜ਼ੁਬਾਨੀ ਕਹਾਣੀ ਦਾ ਅੱਗੇ ਤੁਰਨਾ, ਇਹ ਉਸ ਦੀ ਡਾਇਰੀ ਦੀ ਨਕਲ ਹੈ। ਡਾਇਰੀ ਦੇ ਉਹ ਪੰਨੇ ਜੋ ਇੱਥੇ ਹੋਰ ਕਿਧਰੇ ਛੱਡੇ ਗਏ ਹਨ, ਸਿਰਫ ਉਹ ਹਨ, ਜਿਨ੍ਹਾਂ ਵਿਚ ਮਿਸ ਫ਼ੇਅਰਲੀ ਅਤੇ ਉਸ ਨਾਲ ਸੰਬੰਧਤ ਲੋਕਾਂ ਦਾ ਜਿਕਰ ਨਹੀਂ ਆਉਂਦਾ।

(1)

………..ਲਿਮਰਿਜ ਹਾਊਸ, ਨਵੰਬਰ, ਅੱਠ।

ਅੱਜ ਸਵੇਰੇ ਮਿਸਟਰ ਗਿਲਮੌਰ ਸਾਡੇ ਕੋਲੋਂ ਚਲੇ ਗਏ ਹਨ।

ਲਾਰਾ ਨਾਲ ਮੁਲਾਕਾਤ ਕਰਕੇ ਉਹ ਲੋੜ ਤੇ ਵਧ ਦੁਖੀ ਅਤੇ ਹੈਰਾਨ ਹੋਏ ਸਨ, ਭਾਵੇਂ ਉਹ ਇਸ ਗੱਲ ਨੂੰ ਮੰਨਣਾ ਪਸੰਦ ਨਹੀਂ ਕਰਨਗੇ ਜਦ ਅਸੀਂ ਨਿਖੜੇ ਤਾਂ ਉਨ੍ਹਾਂ ਦੇ ਚਿਹਰੇ ਅਤੇ ਵਤੀਰੇ ਤੋਂ ਮੈਂ ਡਰ ਰਹੀ ਸਾਂ, ਕਿ ਮੇਰੀ ਲਾਰਾ ਕੋਲੋਂ ਅਣਭੋਲ ਹੀ ਕਿਧਰੇ ਆਪਣੇ

ਦੁੱਖ ਦਾ, ਅਤੇ ਮੇਰੀ ਚਿੰਤਾ ਦਾ ਰਾਜ਼ ਖੁੱਲ੍ਹ ਤਾਂ ਨਹੀਂ ਗਿਆ। ਉਨ੍ਹਾਂ ਦੇ ਜਾਣ ਮਗਰੋਂ, ਮੈਨੂੰ ਇਸ ਸ਼ੱਕ ਕਾਰਣ ਬੜੀ ਧੁਖਧੁਖੀ ਲਗੀ ਹੋਈ ਸੀ, ਸੋ ਮੈਂ ਸਰ ਪਰਸੀਵਲ ਨਾਲ ਘੋੜ-ਸਵਾਰੀ ਲਈ ਜਾਣ ਦੀ ਨਾਂਹ ਕਰਕੇ ਲਾਰਾ ਦੇ ਕਮਰੇ ਵਿਚ ਉਪਰ ਚਲੀ ਗਈ।

ਇਸ ਕਠਿਨ ਅਤੇ ਦੁਖਦਾਈ ਮਾਮਲੇ ਵਿਚ ਮੈਨੂੰ ਉਦੋਂ ਦੀ ਆਪਣੇ ਆਪ ਉਤੇ ਬੇ-ਇਤਬਾਰੀ ਜਿਹੀ ਹੋ ਗਈ ਸੀ; ਜਦੋਂ ਮੈਨੂੰ ਇਹ ਪਤਾ ਲੱਗਾ ਸੀ ਕਿ ਮੈਂ ਲਾਰਾ ਦੇ ਇਸ ਅਸਫਲ ਪਿਆਰ ਦੀ ਤਾਕਤ ਤੋਂ ਅਨਜਾਣ ਰਹੀ ਹਾਂ। ਮੈਨੂੰ ਪਤਾ ਹੋਣਾ ਚਾਹੀਦਾ ਸੀ ਹਾਰਟਰਾਈਟ ਦੀ ਉਹ ਉਦਾਰਤਾ, ਭੱਦਰਤਾ ਅਤੇ ਸਹਿਨਸ਼ੀਲਤਾ, ਜਿਸ ਕਾਰਨ ਮੇਰੇ ਦਿਲ ਵਿਚ ਉਸ ਲਈ ਹੀ ਏਨੀ ਇਜ਼ਤ ਹੋ ਗਈ ਸੀ, ਅਤੇ ਮੈਂ ਉਸ ਦੀ ਦਿਲੋਂ ਪ੍ਰਸੰਸਾ ਕਰਨ ਲੱਗ ਪਈ ਸੀ; ਉਹੀ ਗੁਣ ਸਨ ਜੋ ਲਾਰਾ ਦੇ ਸੁਭਾ ਦੀ ਸੰਵੇਦਨਸ਼ੀਲਤਾ ਅਤੇ ਉਦਾਰਤਾ ਨੂੰ ਬਿਨਾਂ ਕਿਸੇ ਰੋਕ ਟੋਕ ਦੇ ਆਪਣੇ ਵੱਲ ਖਿੱਚ ਲੈਣਗੇ। ਪਰ ਤਾਂ ਵੀ, ਜਦੋਂ ਤੀਕ ਉਹਨੇ ਆਪਣੀ ਮਰਜ਼ੀ ਨਾਲ ਮੇਰੇ ਅੱਗੇ ਆਪਣਾ ਦਿਲ ਖੋਲ ਕੇ ਨਾ ਰਖਿਆ, ਮੈਨੂੰ ਸ਼ੱਕ ਵੀ ਨਹੀਂ ਸੀ ਕਿ ਇਸ ਨਵੀਂ ਭਾਵਨਾ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਹਨ। ਮੈਂ ਕਦੀ ਇਹ ਸੋਚਿਆ ਸੀ ਕਿ ਵਕਤ ਬੀਤਣ ਨਾਲ ਉਹ ਇਹ ਸਭ ਕਝ ਭੁੱਲ ਜਾਏਗੀ; ਪਰ ਹੁਣ ਮੈਨੂੰ ਇਹ ਡਰ ਹੈ ਕਿ ਇਹ ਸਦਾ ਉਹਦੇ ਨਾਲ ਹੀ ਰਵ੍ਹੇਗਾ ਅਤੇ ਉਹਨੂੰ ਜੀਵਨ ਭਰ ਲਈ ਬਦਲ ਦੇਵੇਗਾ। ਜਦੋਂ ਦਾ ਮੈਨੂੰ ਇਹ ਅਹਿਸਾਸ ਹੋਇਆ ਹੈ ਕਿ ਮੈਂ ਆਪਣੇ ਅਨੁਮਾਨ ਵਿਚ ਏਨੀ ਗਲਤੀ ਕਰ ਚੁੱਕੀ ਹਾਂ, ਉਦੋਂ ਦੀ ਮੈਂ ਹਰ ਗੱਲ ਵਿਚ ਝਿੱਜਕਣ ਲਗ ਪਈ ਹਾਂ। ਮੈਂ ਸਪਸ਼ਟ ਸਬੂਤਾ ਦੀ ਮੌਜੂਦਗੀ ਵਿਚ ਵੀ ਸਰ ਪਰਸੀਵਲ ਬਾਰੇ ਦੁਚਿੱਤੀਆਂ ਵਿਚ ਹਾਂ। ਮੈਂ ਲਾਰਾ ਨਾਲ ਗੱਲ ਕਰਨ ਲਈ ਵੀ ਸ਼ਸ਼ੋਪੰਜ ਵਿਚ ਹਾਂ। ਅੱਜ ਸਵੇਰੇ ਹੀ, ਜਦੋਂ ਮੇਰਾ ਹੱਥ ਉਹਦੇ ਬੂਹੇ ਤੇ ਸੀ; ਮੈਂ ਇਨ੍ਹਾਂ ਸੋਚ ਵਿਚ ਹੀ ਸਾਂ ਕਿ ਉਹਨੂੰ ਮੈਂ ਉਹ ਪ੍ਰਸ਼ਨ ਪੁੱਛਾਂ ਕਿ ਨਾ, ਜੋ ਮੈਂ ਉਹਨੂੰ ਪੁੱਛਣ ਲਈ ਗਈ ਸਾਂ।

ਜਦੋਂ ਮੈਂ ਉਹਦੇ ਕਮਰੇ ਵਿਚ ਦਾਖਲ ਹੋਈ, ਤਾਂ ਮੈਂ ਵੇਖਿਆ ਕਿ ਉਹ ਬੜੀ ਬੇਸਬਰੀ ਵਿਚ ਕਮਰੇ ਵਿਚ ਇਧਰ ਤੋਂ ਉਧਰ ਟਹਿਲ ਰਹੀ ਹੈ। ਉਹ ਬੜੀ ਲਾਲ ਅਤੇ ਉਤੇ ਜਿਤ ਲਰਾ ਰਹੀ ਸੀ; ਅਤੇ ਉਹ ਇਕ ਦਮ ਅਗੇ ਵਧੀ, ਅਤੇ ਮੇਰੇ ਬੁਲ੍ਹ ਖੁਲ੍ਹਣ ਤੋਂ ਪਹਿਲਾਂ ਹੀ ਬੋਲੀ

"ਮੈਨੂੰ ਤੇਰੀ ਲੋੜ ਸੀ," ਉਹਨੇ ਕਿਹਾ।"ਆ ਮੇਰੇ ਕੋਲ ਸੋਫੇ ਉਤੇ ਬੈਠ ਮੇਰੀਅਨ ਮੈਂ ਇਸਨੂੰ ਹੋਰ ਸਹਿਨ ਨਹੀਂ ਕਰ ਸਕਦੀ ਮੈਨੂੰ ਇਹ ਸਭ ਖਤਮ ਕਰਨਾ ਹੀ ਚਾਹੀਦਾ ਹੈ ਅ ਮੈਂ ਕਰਾਂਗੀ।" ਉਹਦੀਆਂ ਗੱਲ੍ਹਾਂ ਬਹੁਤ ਲਾਲ ਸਨ, ਉਹਦੇ ਬੋਲਣ ਦੇ ਢੰਗ ਵਿਚ ਬੜਾ ਜੋਸ਼ ਸੀ ਅਤੇ ਉਹਦੀ ਆਵਾਜ ਵਿਚ ਬੜੀ ਦ੍ਰਿੜਤਾ ਸੀ। ਹਾਰਟਰਾਈਟ ਦੀਆਂ ਤਸਵੀਰਾਂ ਦੀ ਉਹ ਛੋਟੀ ਐਲਬਮ-ਉਹ ਕਿਤਾਬ ਜਿਸ ਨਾਲ ਉਹਨੇ ਇਕਾਂਤ ਵਿਚ ਕਈ ਸੁਪਨੇ ਵੇਖੇ ਸਨ, ਉਹਦੇ ਇਕ ਹੱਥ ਵਿਚ ਸੀ। ਮੈਂ ਹੌਲੀ ਜਿਹੀ ਉਹ ਐਲਬਮ ਉਹਦੇ ਕੋਲ ਲੈ ਕੇ, ਅੱਖਾਂ ਤੋਂ ਉਹਲੇ ਇਕ ਪਾਸੇ ਮੇਜ਼ ਤੇ ਰੱਖ ਦਿੱਤੀ।

"ਮੈਨੂੰ ਆਰਾਮ ਨਾਲ ਦਸ, ਮੇਰੀ ਪਿਆਰੀ ਭੈਣ, ਕਿ ਤੂੰ ਕੀ ਕਰਨਾ ਚਾਹੁੰਦੀ ਹੈ", ਮੈਂ ਕਿਹਾ। ਕੀ ਮਿਸਟਰ ਗਿਲਮੋਰ ਨੇ ਤੈਨੂੰ ਕਈ ਸਲਾਹ ਦਿੱਤੀ ਹੈ?"

ਉਹਨੇ ਆਪਣਾ ਸਿਰ ਹਿਲਾਇਆ। "ਨਹੀਂ ਉਨ੍ਹਾਂ ਮੇਰੇ ਇਸ ਮਾਮਲੇ ਵਿਚ ਕੋਈ ਸਲਾਹ ਨਹੀਂ ਦਿੱਤੀ, ਜੋ ਮੈਂ ਸੋਚ ਰਹੀ ਹਾਂ। ਉਹ ਮੇਰੇ ਨਾਲ ਬੜੀ ਚੰਗੀ ਤਰ੍ਹਾਂ ਪੇਸ਼ ਆਏ ਹਨ। ਮੇਰੀਅਨ ਅਤੇ ਮੈਨੂੰ ਇਹ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਮੈਂ ਰੋ ਰੋ ਕੇ ਉਨ੍ਹਾਂ ਨੂੰ ਦੁਖੀ ਕੀਤਾ ਹੈ। ਮੈਂ ਬਿਲਕੁਲ ਬੇਵੱਸ ਹੋ ਗਈ ਹਾਂ; ਮੇਰਾ ਆਪਣੇ ਆਪ ਤੇ ਕੋਈ ਕਾਬੂ ਹੀ ਨਹੀਂ ਰਿਹਾ। ਮੇਰੀ ਆਪਣੀ ਖ਼ਾਤਰ;ਸਾਡੇ ਸਭ ਦੀ ਖ਼ਾਤਰ, ਮੇਰੇ ਵਿਚ ਏਨੀ ਹਿੰਮਤ ਹੋਣੀ ਚਾਹੀਦੀ ਹੈ, ਕਿ ਮੈਂ ਇਸ ਦਾ ਖ਼ਾਤਮਾ ਕਰ ਸਕਾਂ।"

"ਕੀ ਤੇਰਾ ਭਾਵ ਇਹ ਹੈ, ਕਿ ਤੇਰੇ ਵਿਚ ਆਪਣੀ ਕੁੜਮਾਈ ਤੋੜਨ ਦੀ ਹਿੰਮਤ ਆ ਗਈ।"

"ਨਹੀਂ", ਉਹਨੇ ਨਿਡਰਤਾ ਨਾਲ ਕਿਹਾ, "ਹਿੰਮਤ ਸਚ ਸਚ ਦਸਣ ਦੀ ਹਿੰਮਤ।"

ਉਹਨੇ ਮੇਰੇ ਗਲੇ ਦਵਾਲੇ ਬਾਹਾਂ ਪਾ ਲਈਆਂ, ਅਤੇ ਆਪਣਾ ਸਿਰ ਮੇਰੀ ਛਾਤੀ ਤੇ ਰੱਖ ਦਿੱਤਾ। ਸਾਹਮਣੀ ਕੰਧ ਉਤੇ ਉਹਦੇ ਪਿਤਾ ਦੀ ਇਕ ਛੋਟੀ ਜਿਹੀ ਤਸਵੀਰ ਲੱਗੀ ਹੋਈ ਸੀ। ਮੈਂ ਉਹਦੇ ਉਤੇ ਝੁੱਕ ਕੇ ਵੇਖਿਆ, ਉਹ ਆਪਣਾ ਸਿਰ ਮੇਰੀ ਛਾਤੀ ਤੇ ਟਿਕਾਈ ਉਸ ਤਸਵੀਰ ਵੱਲ ਵੇਖ ਰਹੀ ਸੀ।

"ਮੈਂ ਆਪਣੀ ਕੁੜਮਾਈ ਦੇ ਬੰਧਨ ਤੋਂ ਕਦੀ ਰਿਹਾਈ ਨਹੀਂ ਮੰਗ ਸਕਦੀ, ਉਹ ਬੋਲਦੀ ਗਈ "ਇਸਦਾ ਜੋ ਵੀ ਅੰਤ ਹੋਵੇ, ਮੇਰੇ ਲਈ ਤਾਂ ਹਰ ਹਾਲਤ ਵਿਚ ਦੁਖਦਾਈ ਹੀ

ਹੋਵੇਗਾ। ਮੇਰੀਅਨ ਮੈਂ ਹੁਣ ਜੋ ਕਰ ਸਕਦੀ ਹਾਂ, ਉਹ ਇਹੀ ਹੈ ਕਿ ਮੇਰੀ ਯਾਦ ਵਿਚ ਇਹ ਗੱਲ ਨਾ ਜੁੜੇ ਕਿ ਮੈਂ ਆਪਣੇ ਇਕਰਾਰ ਵਿਚ ਝੂਠੀ ਪਈ ਹਾਂ, ਅਤੇ ਆਪਣੇ ਪਿਤਾ ਦੇ ਅਖੀਰੀ ਸ਼ਬਦ ਭੁੱਲ ਗਈ ਹਾਂ ; ਇੰਜ ਹੋਇਆ ਤਾਂ ਮੇਰੀ ਇਹ ਭੈੜੀ ਕਿਸਮਤ ਹੋਰ ਵੀ ਭੈੜੀ ਹੋ ਜਾਏਗੀ !''

"ਤਾਂ ਤੂੰ ਹੁਣ ਕੀ ਕਰਨਾ ਚਾਹੁੰਨੀ ਏਂ?" ਮੈਂ ਪੁੱਛਿਆ।

"ਮੈਂ ਸਰ ਪਰਸੀਵਲ ਨੂੰ ਆਪਣੇ ਮੂੰਹੋਂ ਸਚਾਈ ਦੱਸਣਾ ਚਾਹੁੰਦੀ ਹਾਂ",

ਉਹਨੇ ਉੱਤਰ ਦਿੱਤਾ, "ਅਤੇ ਜੇ ਉਹ ਮੈਨੂੰ ਆਜ਼ਾਦ ਕਰਨਾ ਚਾਹੇ ਤਾਂ ਕਰ ਦੇਵੇਂ ਇਸ ਲਈ ਨਹੀਂ ਕਿ ਮੈਂ ਉਹਨੂੰ ਕਵ੍ਹਾਂਗੀ, ਸਗੋਂ ਇਸ ਲਈ ਕਿ ਉਹਨੂੰ ਸਭ ਕੁਝ ਪਤਾ ਹੋਵੇਗਾ।"

"ਸਭ ਕੁਝ ਤੋਂ ਤੇਰਾ ਕੀ ਭਾਵ ਹੈ, ਲਾਰਾ? ਸਰ ਪਰਸੀਵਲ ਲਈ ਇੰਨਾ ਹੀ ਕਾਫ਼ੀ ਹੈ। (ਇਹ ਮੈਨੂੰ ਉਹਨੇ ਆਪ ਦੱਸਿਆ ਹੈ) ਕਿ ਉਹ ਜਾਣ ਜਾਏ, ਕਿ ਇਹ ਕੁੜਮਾਈ ਤੇਰੀ ਖ਼ਵਾਹਿਸ਼ ਦੇ ਵਿਰੁੱਧ ਹੈ।"

"ਕੀ ਮੈਂ ਉਹਨੂੰ ਇਹ ਕਹਿ ਸਕਦੀ ਹਾਂ, ਜਦੋਂ ਕਿ ਇਹ ਕੁੜਮਾਈ ਮੇਰੇ ਪਿਤਾ ਨੇ ਮੇਰੀ ਮਰਜ਼ੀ ਨਾਲ ਕੀਤੀ ਸੀ? ਮੈਂ ਆਪਣਾ ਇਕਰਾਰ ਪੂਰਾ ਕਰ ਲੈਂਦੀ : ਭਾਵੇਂ ਖੁਸ਼ੀ ਖੁਸ਼ਾਈ ਨਾਂ ਸਹੀ, ਪਰ ਫਿਰ ਵੀ ਮਨ ਵਿਚ ਸੰਤੁਸ਼ਟਤਾ ਰੱਖ ਕੇ ਕਰ ਲੈਂਦੀ"-; ਉਹ ਕਹਿੰਦੀ ਕਹਿੰਦੀ ਰੁਕ ਗਈ, ਮੇਰੇ ਵੱਲ ਮੂੰਹ ਫੇਰ ਕੇ ਉਹ ਆਪਣੀ ਗੱਲ ਨਾਲ ਗੱਲ, ਜੋੜਕੇ ਬੋਲੀ, "ਮੈਂ ਆਪਣੀ ਇਹ ਕੁੜਮਾਈ ਸਿਰੇ ਚਾੜ ਲੈਂਦੀ ਮੇਰੀਅਨ, ਜੇ ਮੇਰੇ ਦਿਲ ਵਿਚ ਹੋਰ ਪਿਆਰ ਨਾ ਪੁੰਗਰ ਪੈਂਦਾ ਜੋ ਉਸ ਵੇਲੇ ਮੇਰੇ ਦਿਲ ਵਿਚ ਨਹੀਂ ਸੀ, ਜਦੋਂ ਮੈਂ ਸਰ ਪਰਸੀਵਲ ਦੀ ਪਤਨੀ ਬਣਨ ਦਾ, ਇਕਰਾਰ ਕੀਤਾ ਸੀ।"

"ਲਾਰਾ, ਤੂੰ ਉਹਨੂੰ ਸਭ ਕੁਝ ਦਸ ਕੇ ਕਦੀ ਆਪਣੇ ਆਪ ਨੂੰ ਨੀਵਿਆਂ ਨਹੀਂ ਕਰੇਂਗੀ।" 'ਜੇ ਮੈਂ ਉਹਦੇ ਕੋਲੋਂ ਸਭ ਕੁਝ ਛਪਾ ਕੇ ਇਹ ਕੁੜਮਾਈ ਤੋੜਾਂਗੀ, ਤਾਂ ਤੇ ਮੈਂ ਹੋਰ ਵੀ ਹੀਣ ਮਹਿਸੂਸ ਕਰਾਂਗੀ। ਤੁਹਾਨੂੰ ਇਹ ਜਾਣਨ ਦਾ ਹੱਕ ਹੈ।"

"ਉਹਨੂੰ ਇਹ ਜਾਣਨ ਦਾ ਰੱਤੀ ਵੀ ਅਧਿਕਾਰ ਨਹੀਂ !"

'ਗਲਤ, ਮੇਰੀਅਨ, ਗਲਤ। ਮੈਨੂੰ ਕਿਸੇ ਨੂੰ ਵੀ ਧੋਖਾ ਨਹੀਂ ਦੇਣਾ ਚਾਹੀਦਾ- ਅਤੇ ਸਭ ਤੋਂ ਘਟ ਉਸ ਆਦਮੀ ਨੂੰ ਜਿਸ ਨਾਲ ਮੇਰੇ ਪਿਤਾ ਨੇ ਮੇਰੀ ਕੁੜਮਾਈ ਕੀਤੀ ਹੈ ਅਤੇ ਜਿਸਨੂੰ ਮੈਂ ਸਵੀਕਾਰ ਕਰ ਚੁੱਕੀ ਹਾਂ।" ਉਹਨੇ ਮੇਰੇ ਬੁਲ੍ਹਾ ਉੱਤੇ ਬੁਲ੍ਹ ਰੱਖ ਕੇ ਮੈਨੂੰ ਚੁੰਮਿਆ, "ਮੇਰੀ ਪਿਆਰੀ, ਪਿਆਰੀ ਦੀਦੀ, ਤੂੰ ਮੈਨੂੰ ਇੰਨਾ ਜ਼ਿਆਦਾ ਪਿਆਰ, ਅਤੇ ਮੇਰਾ ਏਨਾ ਜ਼ਿਆਦਾ ਮਾਣ ਕਰਦੀ ਹੈ ਕਿ ਮੇਰੀ ਵਾਰੀ ਤੂੰ ਉਹ ਸਭ ਕੁਝ ਭੁੱਲ ਜਾਂਦੀ ਹੈ, ਜੋ ਤੂੰ ਕਦੀ ਆਪਣੇ ਆਪ ਲਈ ਨਹੀਂ ਭੁੱਲ ਸਕਦੀ। ਇਹ ਵਧੇਰੇ ਚੰਗਾ ਹੋਵੇਗਾ, ਕਿ ਸਰ ਪਰਸੀਵਲ ਮੇਰ ਤੇ ਸ਼ੱਕ ਕਰੇ, ਅਤੇ ਜੇ ਉਹਦੀ ਮਰਜ਼ੀ ਹੈ, ਮੇਰੇ ਚਾਲਚਲਣ ਬਾਰੇ ਗਲਤ ਅਨੁਮਾਨ ਪਿਆ ਲਾਏ, ਪਰ ਮੈਂ ਇਹ ਨਹੀਂ ਕਰ ਸਕਦੀ ਕਿ ਪਹਿਲਾਂ ਉਹਦੇ ਨਾਲ ਖਿਆਲਾਂ ਵਿਚ ਝੂਠੀ ਹੋਵਾਂ, ਅਤੇ ਵਿਚ ਆਪਣਾ ਝੂਠ ਛੁਪਾ ਕੇ ਆਪਣਾ ਮਤਲਬ ਪੂਰਾ ਕਰਨ ਦੀ ਨੀਚ ਹਰਕਤ ਕਰਾਂ।"

ਮੈਂ ਹੈਰਾਨ ਹੋ ਕੇ ਉਹਨੂੰ ਆਪਣੇ ਤੋਂ ਪਰ੍ਹੇ ਕੀਤਾ। ਆਪਣੀ ਜ਼ਿੰਦਗੀ ਵਿਚ ਅਸੀਂ ਦੋਵਾਂ ਨੇ ਪਹਿਲੀ ਵਾਰੀ ਥਾਂ ਬਦਲ ਲਈ ਸੀ; ਅੱਜ ਉਹ ਦ੍ਰਿੜ ਇਰਾਦਾ ਕਰ ਚੁੱਕੀ ਸੀ, ਅਤੇ ਮੈਂ ਦੁਚਿੱਤੀਆਂ ਵਿਚ ਸਾਂ। ਮੈਂ ਉਹਦੇ ਪੀਲੇ, ਸ਼ਾਂਤ ਅਤੇ ਸਥਿਰ ਚਿਹਰੇ ਵੱਲ ਵੇਖਿਆ; ਮੈਂ ਉਹਨਾਂ ਪਿਆਰ ਭਰੀਆਂ ਅੱਖਾਂ ਵਿਚ ਉਹਦਾ ਨਿਰਛਲ ਅਤੇ ਨਿਰਦੋਸ਼ ਦਿਲ ਛਲਕਦਾ ਵੇਖਿਆ; ਅਤੇ ਦੁਨੀਆਦਾਰੀ ਦੀਆਂ ਚੇਤਾਵਨੀਆਂ ਅਤੇ ਉਜ਼ਰ ਜੋ ਮੇਰੇ ਬੁੱਲਾਂ ਤੀਕ ਆਏ, ਆਪਣੇ ਸਖਣੇਪਨ ਵਿਚ ਹੀ ਉਨ੍ਹਾਂ ਨੇ ਦਮ ਤੋੜ ਦਿੱਤਾ। ਮੈਂ ਚੁੱਪ ਕਰਕੇ ਸਿਰ ਨੀਵਾਂ ਕਰ ਲਿਆ। ਜੇ ਉਹਦੀ ਥਾਂਵੇ ਮੈਂ ਹੁੰਦੀ ਤਾਂ ਉਹ ਮਾੜਾ ਜਿਹਾ ਹੰਕਾਰ, ਜਿਸ ਕਰਕੇ ਬਹੁਤ ਸਾਰੀਆਂ ਔਰਤਾਂ ਧੋਖਾ ਦੇ ਦੇਂਦੀਆਂ ਹਨ, ਮੇਰਾ ਵੀ ਹੰਕਾਰ ਹੁੰਦਾ ਅਤੇ ਮੈਂ ਵੀ ਛਲ ਕਰਦੀ।

"ਮੇਰੇ ਨਾਲ ਨਾਰਾਜ਼ ਨਾਂ ਹੋ, ਮੇਰੀਅਨ", ਉਹਨੇ ਮੇਰੀ ਚੁੱਪ ਦਾ ਗਲਤ ਮਤਲਬ ਲੈਂਦਿਆਂ ਕਿਹਾ।

ਮੈਂ ਉੱਤਰ ਵਿਚ ਮੁੜ ਉਹਨੂੰ ਆਪਣੇ ਨੇੜੇ ਖਿਚਿਆ। ਮੈਨੂੰ ਡਰ ਸੀ ਕਿ ਜੇ ਮੈਂ ਕੁਛ ਬੋਲਣ ਦਾ ਯਤਨ ਕੀਤਾ ਤਾਂ ਮੈਂ ਰੋ ਪਵਾਂਗੀ। ਮੇਰੇ ਹੰਝੂ ਵਹਿਣ ਵਿਚ ਕਾਹਲ ਨਹੀਂ ਕਰਦੇ-- ਉਹ ਇਕ ਮਰਦ ਦੇ ਹੰਝੂਆਂ ਵਾਂਗ ਵਹਿ ਨਿਕਲਦੇ ਹਨ, ਅਤੇ ਉਨ੍ਹਾਂ ਦੇ ਨਾਲ ਉਹ ਹਉਕੇ ਹੁੰਦੇ ਹਨ, ਜੋ ਜਾਪਦਾ ਹੈ, ਮੇਰੇ ਟੁਕੜੇ ਟੁਕੜੇ ਕਰ ਦੇਣਗੇ ਅਤੇ ਜੋ ਲੋਕ ਮੇਰੇ ਨੇੜੇ ਹੁੰਦੇ ਹਨ, ਉਹ ਸਭ ਡਰ ਜਾਂਦੇ ਹਨ।

ਮੈਂ ਇਸ ਬਾਰੇ ਬੜੇ ਦਿਨਾਂ ਤੋਂ ਸੋਚ ਰਹੀ ਹਾਂ, ਪਿਆਰੀ ਦੀਦੀ," ਉਹ ਮੇਰੇ ਵਾਲਾਂ ਨੂੰ ਆਪਣੀਆਂ ਉਨ੍ਹਾਂ ਉਂਗਲਾਂ ਨਾਲ ਵੱਲ ਪਾਦੀ ਅਤੇ ਉਲਝਾਂਦੀ ਜਾ ਰਹੀ ਸੀ, ਜਿਨ੍ਹਾਂ ਦੀ ਇਸ ਬੈਚੇਨੀ ਨੂੰ ਮਿਸਿਜ਼ ਵੈਸੀ ਨੇ ਠੀਕ ਕਰਨ ਦੀ ਬੜੇ ਸਬਰ ਨਾਲ ਕੋਸ਼ਿਸ਼ ਕੀਤੀ ਸੀ, ਪਰ ਅਸਫਲ ਰਹੀ ਸੀ, "ਮੈਂ ਬੜੀ ਗੰਭੀਰਤਾ ਨਾਲ ਇਸ 'ਤੇ ਵਿਚਾਰ ਕਰ ਚੁੱਕੀ ਹਾਂ, ਅਤੇ ਜਦ ਮੇਰੀ ਜ਼ਮੀਰ ਇਹ ਕਹਿ ਰਹੀ ਹੈ ਕਿ ਮੈਂ ਠੀਕ ਕਰ ਰਹੀ ਹਾਂ, ਤਾਂ ਮੇਰੇ ਵਿਚ ਹਿੰਮਤ ਵੀ ਜ਼ਰੂਰ ਆ ਜਾਏਗੀ। ਮੈਂ ਤੇਰੇ ਸਾਹਮਣੇ ਕੱਲ੍ਹ ਉਹਦੇ ਨਾਲ ਗੱਲ ਕਰਨੀ ਚਾਹੁੰਦੀ ਹਾਂ, ਮੇਰੀਅਨ। ਮੈਂ ਕੋਈ ਗਲਤ ਗੱਲ ਜਾ ਅਜਿਹੀ ਗੱਲ ਨਹੀਂ ਕਰਾਂਗੀ, ਜਿਸ ਨਾਲ ਤੈਨੂੰ ਜਾਂ ਮੈਨੂੰ ਕੋਈ ਸ਼ਰਮਿੰਦਗੀ ਉਠਾਣੀ ਪਵੇ! ਪਰ ਇਹ ਦੁਖਦਾਈ ਉਹਲਾ ਖ਼ਤਮ ਕਰਨ ਨਾਲ ਮੇਰੇ ਦਿਲ ਨੂੰ ਤਸੱਲੀ ਹੋਵੇਗੀ। ਮੈਨੂੰ ਬਸ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਮੇਰੇ ਵਲੋਂ ਕਿਧਰੇ ਕੋਈ ਧੋਖਾ ਨਹੀਂ ਹੋਇਆ, ਅਤੇ ਉਦੋਂ ਜਦੋਂ ਉਹ ਮੇਰੇ ਮੂੰਹੋਂ ਸਭ ਕੁਝ ਸੁਣ ਲਵੇਗਾ, ਤਾਂ ਜਿਵੇਂ ਉਹਦੀ ਮਰਜੀ ਹੋਵੇਗੀ, ਉਹ ਕਰੇ।"

ਉਹਨੇ ਇਕ ਹਉਕਾ ਭਰਿਆ ਅਤੇ ਮੁੜ ਆਪਣਾ ਸਿਰ ਆਪਣੀ ਪੁਰਾਣੀ ਥਾਂ, ਮੇਰੀ ਛਾਤੀ ਤੇ ਟਿਕਾ ਲਿਆ। ਇਸ ਦਾ ਅੰਤ ਕੀ ਹੋਵੇਗਾ, ਇਸ ਬਾਰੇ ਕਈ ਸੰਦੇਹਜਨਕ ਤੋਖ਼ਲੇ ਮੇਰੇ ਦਿਮਾਗ ਨੂੰ ਬੋਝਿਲ ਕਰ ਰਹੇ ਸਨ; ਪਰ ਮੈਂ ਅਜੇ ਵੀ ਆਪਣੇ ਆਪ ਤੇ ਵਿਸ਼ਵਾਸ਼ ਨਹੀਂ ਸੀ ਕਰ ਸਕਦੀ ਸੋ ਮੈਂ ਉਹਨੂੰ ਕਿਹਾ ਕਿ ਉਹ ਜਿਵੇਂ ਕਹੇਗੀ, ਮੈਂ ਉਵੇਂ ਹੀ ਕਰਾਂਗੀ। ਉਹਨੇ ਮੇਰਾ ਧੰਨਵਾਦ ਕੀਤਾ ਅਤੇ ਫਿਰ ਅਸੀਂ ਹੌਲੀ ਹੌਲੀ ਹੋਰ ਗੱਲਾਂ ਵਿਚ ਰੁਝ ਗਈਆਂ।

ਰੋਟੀ ਵਲੋਂ ਉਹ ਸਾਡੇ ਕੋਲ ਆ ਗਈ, ਅਤੇ ਉਹ ਹੁਣ ਪਹਿਲਾਂ ਨਾਲ ਬੇਫਿਕਰ ਜਾਪਦੀ ਸੀ; ਅਤੇ ਜਦੋਂ ਦੀ ਮੈਂ ਵੇਖਣ ਲੱਗੀ ਸਾਂ, ਉਹ ਪਹਿਲੀ ਵਾਰੀ ਸਰ ਪਰਮੀਵੱਲ ਨਾਲ ਆਪਣੇ ਪਹਿਲੇ ਰੂਪ ਵਿਚ ਬੋਲ ਚਾਲ ਰਹੀ ਸੀ। ਸ਼ਾਮ ਵੇਲੇ, ਉਹ ਆਪਣੀ ਮਰਜ਼ੀ ਨਾਲ ਹੀ ਪਿਆਨੋ ਕੋਲ ਗਈ, ਅਤੇ ਉਹ ਨਵਾਂ ਹੀ ਸੰਗੀਤ ਜਿਸ ਵਿਚ ਕੋਈ ਲੈ ਨਹੀਂ ਸੀ, ਬਸ ਤੇਜ਼ ਤੇ ਅਲੰਕਾਰ- ਮਈ ਸੀ, ਵਜਾਉਣ ਲੱਗ ਪਈ। ਮੋਜ਼ਾਰਟ ਦੀਆਂ ਪੁਰਾਣੀਆ ਪਿਆਰੀਆਂ ਧੁਨਾਂ, ਜੋ ਵਿਚਾਰੇ ਹਾਰਟਰਾਈਟ ਨੂੰ ਬੜੀਆਂ ਚੰਗੀਆਂ ਲਗਦੀਆਂ ਸਨ, ਲਾਰਾ ਨੇ ਉਹਦੇ ਜਾਣ ਮਗਰੋਂ ਕਦੀ ਨਹੀ ਸਨ ਵਜਾਈਆਂ। ਸੰਗੀਤ-ਸਟੈਂਡ ਤੇ ਹੁਣ ਉਹ ਕਿਤਾਬ ਹੀ ਨਹੀਂ ਹੈ। ਲਾਰਾ

ਨੇ ਇਸ ਪੁਸਤਕ ਨੂੰ ਆਪੇ ਹੀ ਪਰ੍ਹੇ ਰੱਖ ਦਿਤਾ ਹੈ, ਤਾਂ ਜੋ ਕੋਈ ਉਸ ਨੂੰ ਲੱਭ ਕੇ, ਉਸ ਵਿਚੋਂ ਕੋਈ ਲੈ ਵਜਾਉਣ ਦੀ ਫਰਮਾਇਸ਼ ਹੀ ਨਾ ਕਰ ਬੈਠੇ।

ਮੈਨੂੰ ਉਦੋਂ ਤਕ ਇਹ ਜਾਣਨ ਦਾ ਮੌਕਾ ਮੁੜ ਨਹੀਂ ਸੀ ਮਿਲਿਆ, ਕਿ ਉਹ ਆਪਣੇ ਸਵੇਰ ਵਾਲੇ ਨਿਸ਼ਚੇ ਤੇ ਅਟੱਲ ਹੈ ਕਿ ਨਹੀਂ, ਜਦੋਂ ਤਕ ਉਹਨੇ ਪਰਸੀਵਲ ਨੂੰ ਰਾਤ ਲਈ ਸੁਭ ਇਛਾਵਾਂ ਨਾਂ ਦਿਤੀਆ-ਅਤੇ ਤਦੋਂ ਹੀ ਉਹਦੇ ਸ਼ਬਦਾਂ ਤੋਂ ਮੈਨੂੰ ਪਤਾ ਲੱਗਾ ਕਿ ਉਹਦਾ ਉਹੀ ਇਰਾਦਾ ਹੈ ਅਤੇ ਉਸ ਵਿਚ ਕੋਈ ਪ੍ਰੀਵਰਤਨ ਨਹੀਂ ਹੋਇਆ। ਉਹਨੇ ਬੜੀ ਮੱਧਮ ਅਤੇ ਸ਼ਾਂਤ ਆਵਾਜ਼ ਵਿਚ ਕਿਹਾ ਕਿ ਉਹ ਸਰ ਪਰਸੀਵਲ ਨੂੰ ਸਵੇਰੇ ਨਾਸ਼ਤੇ ਮਗਰੋਂ ਮਿਲਣਾ ਚਾਹੁੰਦੀ ਹੈ, ਅਤੇ ਉਹ ਸਵੇਰੇ ਮੇਰੇ ਨਾਲ ਆਪਣੀ ਬੈਠਕ ਵਿਚ ਉਹਨੂੰ ਮਿਲੇਗੀ। ਸਰ ਪਰਸੀਵਲ ਦਾ ਰੰਗ ਇਹ ਗੱਲ ਸੁਣਦਿਆਂ ਇਕਾਇਕ ਪੀਲਾ ਪੈ ਗਿਆ, ਅਤੇ ਜਦੋਂ ਉਹਨੇ ਮੇਰੇ ਨਾਲ ਹੱਥ ਮਿਲਾਇਆ ਸੀ ਮੈਨੂੰ ਮਹਿਸੂਸ ਹੋਇਆ ਕਿ ਉਹਦਾ ਹੱਥ ਥੋੜਾ ਕੰਬਿਆ। ਕੱਲ੍ਹ ਸਵੇਰੇ ਉਹਦੇ ਭਵਿੱਸ਼ ਦਾ ਫੈਸਲਾ ਹੋ ਜਾਏਗਾ, ਅਤੇ ਸਪਸ਼ਟ ਸੀ ਕਿ ਉਹ ਇਹ ਗੱਲ ਜਾਣਦਾ ਸੀ।

ਮੈਂ ਨਿੱਤ ਵਾਂਗ ਉਸ ਦਰਵਾਜ਼ੇ ਵਿਚ, ਜੋ ਸਾਡੇ ਦੋਹਾਂ ਭੈਣਾਂ ਦੇ ਸੌਣ-ਕਮਰਿਆਂ ਦੇ ਵਿਚਕਾਰ ਸੀ, ਲਾਰਾ ਨੂੰ ਸੌਣ ਤੋਂ ਪਹਿਲਾਂ ਗੁਡ ਨਾਈਟ ਕਹਿਣ ਗਈ। ਜਦੋਂ ਮੈਂ ਤੱਕ ਕੇ ਉਹਨੂੰ ਚੁੰਮਿਆ, ਤਾਂ ਮੈਂ ਵੇਖਿਆ ਕਿ ਹਾਰਟਰਾਈਟ ਦੀ ਨਿੱਕੀ ਜਿਹੀ ਐਲਬਮ ਉਹਦੇ ਸਿਰਹਾਣੇ ਨਾਲ ਅੱਧ-ਕੱਜੀ ਉਸ ਥਾਂ ਤੇ ਪਈ ਸੀ ਜਿਥੇ ਉਹ ਨਿੱਕਿਆ ਹੁੰਦਿਆਂ ਸਦਾ ਆਪਣੇ ਪਿਆਰੇ ਖਿਡਾਉਣ ਰੱਖਿਆ ਕਰਦੀ ਸੀ। ਮੇਰਾ ਦਿਲ ਏਨਾ ਭਰਿਆ ਹੋਇਆ ਸੀ ਕਿ ਮੈਂ ਉਹਨੂੰ ਕੁਛ ਕਹਿ ਨਾ ਸਕੀ; ਪਰ ਮੈਂ ਉਸ ਕਿਤਾਬ ਵੱਲ ਇਸ਼ਾਰਾ ਕੀਤਾ ਅਤੇ ਆਪਣਾ ਸਿਰ ਹਿਲਾਇਆ। ਉਹਨੇ ਮੇਰੀਆਂ ਗੱਲਾਂ ਤੋਂ ਦੋਵੇਂ ਹੱਥ ਰਖ ਕੇ, ਮੇਰੇ ਮੂੰਹ ਨੂੰ ਹੇਠਾਂ ਖਿਚਿਆ ਅਤੇ ਮੈਨੂੰ ਚੁੰਮਿਆ।

"ਅੱਜ ਦੀ ਰਾਤ ਇਹਨੂੰ ਇਥੇ ਹੀ ਰਹਿਣ ਦੇ", ਉਹਨੇ ਮੇਰਿਆਂ ਕੰਨਾਂ ਵਿਚ ਕਿਹਾ, ‘ਹੋ ਸਕਦਾ ਹੈ ਕੱਲ੍ਹ ਦਾ ਦਿਨ ਜ਼ਾਲਮ ਸਾਬਤ ਹੋਵੇ ਅਤੇ ਮੈਨੂੰ ਸਦਾ ਲਈ ਇਹਨੂੰ ਅਲਵਿਦਾ ਕਹਿਣੀ ਪਏ!"

ਨੌ ਨਵੰਬਰ ਨੂੰ ਸਵੇਰੇ ਸਭ ਤੋਂ ਪਹਿਲਾਂ ਹੀ ਅਜਿਹੀ ਗੱਲ ਹੋਈ, ਜਿਸ ਨਾਲ ਮੈਂ ਚੜਦੀਆਂ ਕਲਾਂ ਵਿਚ ਬਿਲਕੁਲ ਨਾ ਰਹੀ ਵਿਚਾਰੇ ਵਾਲਟਰ ਹਾਰਟਰਾਈਟ ਦੀ ਇਕ ਚਿੱਠੀ ਮੈਨੂੰ

ਆਈ। ਇਹ ਮੇਰੀ ਉਸ ਚਿੱਠੀ ਦੇ ਉੱਤਰ ਵਿਚ ਸੀ, ਜਿਸ ਵਿਚ ਮੈਂ ਇਹ ਲਿਖਿਆ ਸੀ ਕਿ ਕਿਵੇਂ ਸਰ ਪਰਸੀਵਲ ਨੇ ਆਪਣੇ ਆਪ ਨੂੰ ਉਨ੍ਹਾਂ ਸ਼ੱਕਿਆਂ ਤੋਂ ਸੁਰਖਰੂ ਕੀਤਾ ਸੀ, ਜੋ ਏਨ ਕੈਥੇਰਿਕ ਦੀ ਚਿੱਠੀ ਨਾਲ ਅਸੀਂ ਉਹਦੇ ਤੋਂ ਕੀਤੇ ਸਨ। ਹਾਰਟਰਾਈਟ ਨੇ ਸਰ ਪਰਸੀਵਲ ਦੀ ਜਵਾਬ-ਦੇਹੀ ਬਾਰੇ ਬੜੇ ਸੰਖੇਪਤਾ ਅਤੇ ਕੁੜਿੱਤਣ ਨਾਲ ਲਿਖਿਆ ਇਹ ਸਹੀ ਹੈ, ਕਿ ਉਹਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੇ ਤੋਂ ਅਮੀਰਾ ਦੇ ਚਾਲਚਲਣ ਅਤੇ ਵਤੀਰੇ ਬਾਰੇ ਕੋਈ ਰਾਏ ਪ੍ਰਗਟ ਕਰੇ। ਇਹ ਬੜੀ ਉਦਾਸੀ ਭਰੀ ਗੱਲ ਹੈ; ਪਰ ਉਹਨੇ ਜੋ ਕੁਝ ਆਪਣੇ ਬਾਰੇ ਲਿਖਿਆ ਹੈ, ਉਹਨੂੰ ਪੜ੍ਹ ਕੇ ਮੈਂ ਹੋਰ ਵੀ ਦੁਖੀ ਹੋ ਗਈ ਹਾਂ; ਉਹ ਲਿਖਦਾ ਹੈ ਕਿ ਪੁਰਾਣੀਆਂ ਆਦਤਾਂ ਨੂੰ ਅਪਣਾਉਣਾ ਅਤੇ ਪੁਰਾਣੇ ਕੰਮ ਨੂੰ ਕਰਨਾ ਉਹਨੂੰ ਬੜਾ ਮੁਸ਼ਕਲ ਲੱਗ ਰਿਹਾ ਹੈ; ਅਤੇ ਉਹਨੇ ਤਰਲਾ ਪਾ ਕੇ ਮੈਨੂੰ ਲਿਖਿਆ ਹੈ ਕਿ ਜੇ ਮੇਰੀ ਕਿਧਰੇ ਜਾਣ ਪਛਾਣ ਹੈ ਤਾਂ ਮੈਂ ਉਹਨੂੰ ਕੋਈ ਅਜਿਹੀ ਨੌਕਰੀ ਲੱਭਣ ਵਿਚ ਸਹਾਇਤਾ ਕਰਾਂ, ਜਿਹੜੀ ਉਹਨੂੰ ਇੰਗਲੈਂਡ ਤੋਂ ਬਾਹਰ ਨਵੀਂ ਥਾਂ ਅਤੇ ਨਵੇਂ ਲੋਕਾਂ ਵਿਚਕਾਰ ਲੈ ਜਾਏ। ਉਹਦੀ ਚਿੱਠੀ ਦਾ ਅੰਤਲਾ ਪੈਰ੍ਹਾਂ ਪੜਕੇ ਤਾਂ ਮੈਂ ਉਹਦੀ ਇਸ ਬੇਨਤੀ ਨੂੰ ਜਲਦੀ ਤੋਂ ਜਲਦੀ ਮੰਨਣ ਲਈ ਤਿਆਰ ਹੋ ਗਈ ਹਾਂ, ਕਿਉਂਕਿ ਮੈਂ ਇਹ ਸਤਰਾਂ ਪੜ੍ਹ ਕੇ ਚਿੰਤਿਤ ਹੋ ਉਠੀ ਹਾਂ।

ਇਹ ਲਿਖਦਾ ਲਿਖਦਾ, ਕਿ ਉਹਨੂੰ ਏਨ ਕੈਥੇਰਿਕ ਦੀ ਕੋਈ ਖਬਰ ਨਹੀਂ ਅਤੇ ਨਾਂ ਹੀ ਉਹਨੇ ਉਹਨੂੰ ਕਿਧਰੇ ਵੇਖਿਆ ਜਾਂ ਸੁਣਿਆ ਹੈ, ਉਹ ਅਚਾਨਕ ਹੀ ਗੱਲ ਨੂੰ ਛੱਡ ਕੇ ਭੇਤ-ਭਰੇ ਢੰਗ ਨਾਲ ਇਕਾਇਕ ਇਹ ਲਿਖਦਾ ਹੈ ਕਿ ਜਦੋਂ ਦਾ ਉਹ ਲੰਦਨ ਪਰਤਿਆ ਹੈ ਕਈ ਅਜਨਬੀ ਆਦਮੀ ਉਹਦੀ ਨਿਗਰਾਨੀ ਕਰ ਰਹੇ ਹਨ; ਅਤੇ ਉਹਦਾ ਪਿੱਛਾ ਕਰਦੇ ਹਨ। ਉਹ ਇਹ ਮੰਨਦਾ ਹੈ ਕਿ ਉਹ ਕਿਸੇ ਖ਼ਾਸ ਆਦਮੀ ਦਾ ਨਾਂ ਲੈ ਕੇ ਆਪਣਾ ਇਹ ਸ਼ੱਕ ਸਾਬਤ ਨਹੀਂ ਕਰ ਸਕਦਾ; ਪਰ ਇਹ ਗੱਲ ਪੱਕੀ ਹੈ ਕਿ ਉਹਨੂੰ ਦਿਨ ਰਾਤ ਇਹ ਸ਼ੱਕ ਰਹਿੰਦਾ ਹੈ। ਮੈਂ ਇਹ ਪੜ੍ਹਕੇ ਡਰ ਗਈ ਹਾ, ਕਿਉਂਕਿ ਮੈਨੂੰ ਲਗਦਾ ਹੈ ਕਿ ਲਾਰਾ ਦਾ ਧਿਆਨ ਉਹਨੂੰ ਕਿਧਰੇ ਪਾਗਲ ਹੀ ਨਾ ਕਰ ਦੇਵੇ। ਲੰਦਨ ਵਿਚ ਮੈਂ ਆਪਣੀ ਮਾਂ ਦੇ ਪੁਰਾਣੇ ਮਿੱਤਰਾਂ ਨੂੰ ਫ਼ੌਰਨ ਲਿਖਾਗੀ; ਜੋ ਆਪਣੇ ਪ੍ਰਭਾਵ ਨਾਲ ਉਹਦੇ ਲਈ ਕੁਝ ਕਰ ਸਕਣਗੇ। ਉਹਦੀ ਜ਼ਿੰਦਗੀ ਦੇ ਇਸ ਨਾਜ਼ੁਕ ਮੋੜ ਅਤੇ ਥਾਂ ਉਹਦੇ ਕੰਮ ਨੂੰ ਬਦਲਣਾ ਹੀ ਉਹਦੇ ਲਈ ਮੁਕਤੀ ਦਾ ਵਰ-ਦਾਨ ਹੋਵੇਗਾ।

ਮੈਂ ਸੌਖਾ ਸਾਹ ਲਿਆ, ਜਦੋਂ ਸਰ ਪਰਸੀਵਲ ਨੇ ਇਹ ਸੁਨੇਹਾ ਭੇਜਿਆ ਕਿ ਉਹ ਸਾਡੇ ਨਾਲ ਨਾਸ਼ਤਾ ਨਹੀਂ ਕਰੇਗਾ। ਉਹਨੇ ਸਵੇਰੇ ਹੀ ਆਪਣੇ ਕਮਰੇ ਵਿਚ ਕਾਫੀ ਦੀ ਇਕ ਪਿਆਲੀ ਪੀ ਲਈ ਸੀ ਅਤੇ ਉਹ ਉਥੇ ਬੈਠਾ ਚਿੱਠੀਆਂ ਲਿਖਣ ਵਿਚ ਰੁੱਝਾ ਹੋਇਆ ਸੀ। ਯਾਰਾਂ ਵਜੇ, ਜੇ ਇਹ ਸਮਾਂ ਸਾਨੂੰ ਠੀਕ ਜਚੇ, ਤਾਂ ਉਹ ਮਿਸ ਫ਼ੇਅਰਲੀ ਅਤੇ ਹਾਲਕੌਂਬ ਨੂੰ ਮਿਲਣ ਦਾ ਸਨਮਾਨ ਪ੍ਰਾਪਤ ਕਰੇਗਾ।

ਜਦੋਂ ਇਹ ਸੁਨੇਹਾ ਸਾਨੂੰ ਦਿੱਤਾ ਜਾ ਰਿਹਾ ਸੀ, ਮੈਂ ਲਾਰਾ ਦੇ ਚਿਹਰੇ ਵੱਲ ਵੇਖਿਆ। ਸਵੇਰੇ ਜਿਸ ਵੇਲੇ ਮੈਂ ਉਹਦੇ ਕਮਰੇ ਵਿਚ ਗਈ ਸਾਂ, ਉਹ ਹੱਦ ਤੋਂ ਵਧ ਸ਼ਾਂਤ ਅਤੇ ਸੰਭਲੀ ਹੋਈ ਸੀ; ਅਤੇ ਨਾਸਤੇ ਦੇ ਵੇਲੇ ਵੀ ਉਹ ਇਸੇ ਤਰ੍ਹਾਂ ਹੀ ਰਹੀ। ਉਦੋਂ ਵੀ; ਜਦੋਂ ਅਸੀਂ ਦੋਵੇਂ ਉਹਦੇ ਕਮਰੇ ਵਿਰ ਸੋਫੇ ਉਤੇ ਬੈਠੀਆਂ ਸਰ ਪਰਸੀਵਲ ਦੇ ਆਉਣ ਦੀ ਉਡੀਕ ਕਰ ਰਹੀਆਂ ਸਾਂ, ਉਹਦਾ ਆਪਣੇ ਆਪ ਤੇ ਪੂਰਾ ਕਾਬੂ ਸੀ।

"ਮੇਰੇ ਲਈ ਤੂੰ ਡਰ ਨਾ ਮੇਰੀਅਨ, ਬੱਸ ਉਹਨੇ ਇਹੀ ਕਿਹਾ।

"ਮੈਂ ਮਿਸਟਰ ਗਿਲਮੋਰ ਵਰਗੇ ਪੁਰਾਣੇ ਮਿੱਤਰ ਕੋਲ ਜਾਂ ਤੇਰੇ ਵਰਗੀ ਪਿਆਰੀ ਭੈਣ ਕੋਲ ਆਪਣੇ ਆਪ ਨੂੰ ਭਾਵੇਂ ਭੁੱਲ ਜਾਵਾਂ, ਪਰ ਸਰ ਪਰਸੀਵਲ ਗਲਾਈਡ ਸਾਹਮਣੇ ਮੈਂ ਆਪਣਾ ਆਪ ਕਦੀ ਨਹੀਂ ਭੁੱਲਾਂਗੀ।"

ਮੈਂ ਉਹਦੇ ਵੱਲ ਵੇਖ ਕੇ ਦਿਲ ਹੀ ਦਿਲ ਵਿਚ ਹੈਰਾਨ ਹੁੰਦੀ ਰਹੀ। ਇੰਨੇ ਸਾਲ ਇੱਕਠਿਆਂ ਰਹਿਣ ਤੇ ਵੀ ਮੈਨੂੰ ਉਹਦੀ ਸ਼ਖਸੀਅਤ ਵਿਚ ਇਹ ਸ਼ਕਤੀ ਕਦੀ ਨਹੀਂ ਸੀ ਦਿਸੀ-ਅਤੇ ਇਹ ਉਹਦੇ ਕੋਲੋਂ ਵੀ ਉਦੋਂ ਤਕ ਛਪੀ ਹੀ ਰਹੀ ਸੀ, ਜਦੋਂ ਤੀਕ ਪਿਆਰ ਨੇ ਉਹਨੂੰ ਲੱਭਿਆ ਨਹੀਂ ਸੀ; ਅਤੇ ਦੁੱਖ ਨੇ ਇਹ ਨੂੰ ਝੂਣ ਕੇ ਜਗਾਇਆ ਨਹੀਂ ਸੀ।

ਜਿਉਂ ਹੀ ਅੰਗੀਠੀ ਤੇ ਪਈ ਘੜੀ ਨੇ ਯਾਰਾ ਵਜਾਏ, ਸਰ ਪਰਸੀਵਲ ਬੂਹਾ ਖੜਕਾ ਕੇ ਅੰਦਰ ਆਇਆ। ਉਹਦੇ ਚਿਹਰੇ ਦੀ ਹਰ ਲਕੀਰ ਵਿਚੋਂ ਚਿੰਤਾ ਅਤੇ ਘਬਰਾਹਟ ਝਲਕ ਰਹੀ ਸੀ। ਉਹਦੀ ਸੁੱਕੀ ਖੰਘ ਜੋ ਅਕਸਰ ਉਹਨੂੰ ਆਉਂਦੀ ਹੀ ਰਹਿੰਦੀ ਸੀ, ਉਸ ਵੇਲੇ ਉਹਨੂੰ ਪਹਿਲਾਂ ਨਾਲੋਂ ਵੀ ਵਧੇਰੇ ਤੰਗ ਕਰ ਰਹੀ ਜਾਪਦੀ ਸੀ। ਉਹ ਸਾਡੇ ਸਾਹਮਣੇ ਮੇਜ਼ ਦੇ ਦੂਜੇ

ਪਾਸੇ ਬੈਠ ਗਿਆ ਅਤੇ ਲਾਰਾ ਮੇਰੇ ਨਾਲ ਹੀ ਬੈਠੀ ਰਹੀ। ਮੈਂ ਬੜੇ ਧਿਆਨ ਨਾਲ ਦੋਹਾ ਵੱਲ ਵੇਖਿਆ, ਦੋਹਾਂ ਵਿਚੋਂ ਸਰ ਪਰਸੀਵਲ ਹੀ ਬਹੁਤਾ ਪੀਲਾ ਦਿਸ ਰਿਹਾ ਸੀ।

ਉਹ ਮੂੰਹ ਵਿਚ ਹੀ ਕੁਝ ਸ਼ਬਦ ਬੋਲਿਆ; ਉਹ ਉਹਦਾ ਆਪਣੇ ਵਤੀਰੇ ਨੂੰ ਸਦਾ ਵਾਂਗ ਰੱਖਣ ਦਾ ਇਕ ਪ੍ਰਤੱਖ ਯਤਨ ਸੀ। ਪਰ ਉਹਦੀ ਆਵਾਜ਼ ਅਡੋਲ ਨਹੀਂ ਸੀ, ਅਤੇ ਉਹਦੀਆਂ ਅੱਖਾਂ ਦੀ ਬੇਚੈਨੀ ਕਿਸੇ ਤਰ੍ਹਾਂ ਨਹੀਂ ਸੀ ਛੁਪ ਰਹੀ। ਉਹਨੇ ਆਪ ਵੀ ਮਹਿਸੂਸ ਕੀਤਾ ਹੋਵੇਗਾ; ਕਿਉਂਕਿ ਉਹ ਗੱਲ ਕਰਦਿਆਂ ਕਰਦਿਆਂ ਹੀ ਰੁਕ ਗਿਆ, ਅਤੇ ਉਹਨੇ ਆਪਣੀ ਘਬਰਾਹਟ ਛੁਪਾਉਣ ਦੀ ਕੋਸ਼ਿਸ਼ ਵੀ ਛੱਡ ਦਿੱਤੀ।

ਲਾਰਾ ਦੇ ਉਹਨੂੰ ਕੁਝ ਕਹਿਣ ਤੋਂ ਪਹਿਲਾਂ ਇਕ ਪਲ ਬਿਲਕੁਲ ਚੁੱਪ ਚਾਪ ਰਹੀ।' ਮੈਂ ਤੁਹਾਡੇ ਨਾਲ ਉਸ ਵਿਸ਼ੇ ਬਾਰੇ ਗੱਲ ਕਰਨਾ ਚਾਹੁੰਦੀ ਹਾਂ," ਉਹ ਬੋਲੀ, 'ਜੋ ਸਾਡੇ ਦੋਹਾਂ ਲਈ ਹੀ ਮਹੱਤਵ ਪੂਰਨ ਹੈ। ਮੇਰੀ ਭੈਣ ਇਥੇ ਹੈ, ਕਿਉਂਕਿ ਉਹਦੀ ਮੌਜੂਦਗੀ ਮੈਨੂੰ ਸਹਾਇਤਾ ਦੇਂਦੀ ਹੈ, ਅਤੇ ਮੇਰੇ ਵਿਚ ਵਿਸਵਾਸ਼ ਆਉਂਦਾ ਹੈ। ਜੋ ਕੁਝ ਮੈਂ ਕਹਿਣਾ ਹੈ, ਇਸ ਵਿਚ ਉਹਦੇ ਸੁਝਾਅ ਦਾ ਇਕ ਸ਼ਬਦਵੀ ਨਹੀਂ ਮੈਂ ਆਪਣੇ ਹੀ ਵਿਚਾਰ ਪ੍ਰਗਟ ਕਰ ਰਹੀ ਹਾਂ-ਉਹਦੇ ਨਹੀਂ। ਮੈਨੂੰ ਵਿਸ਼ਵਾਸ ਹੈ, ਕਿ ਇਸ ਤੋਂ ਪਹਿਲਾਂ ਕਿ ਅਸੀ ਅੱਗੇ ਤੁਰੀਏ ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਲਵੋਗੇ।"

ਸਰ ਪਰਸੀਵਲ ਨੇ ਹਾਂ ਵਿਚ ਆਪਣਾ ਸਿਰ ਝੁਕਾਇਆ। ਅਜੇ ਤੀਕ ਲਾਰਾ ਨੇ ਜੋ ਕੁਝ ਕਿਹਾ ਸੀ, ਬੜੇ ਸ਼ਾਂਤਮਈ ਅਤੇ ਸੁਹਣੇ ਨਮਰ ਢੰਗ ਵਿਚ ਕਿਹਾ ਸੀ। ਉਹਦੇ ਮੂੰਹ ਤੇ ਕੋਈ ਘਬਰਾਹਟ ਨਹੀਂ ਸੀ। ਉਹਨੇ ਸਰ ਪਰਸੀਵਲ ਵੱਲ ਵੇਖਿਆ ਅਤੇ ਸਰ ਪਰਸੀਵਲ ਨੇ ਉਹਦੇ ਵੱਲ। ਸਪਸ਼ਟ ਸੀ ਕਿ ਉਹ ਦੋਵੇਂ ਸ਼ੁਰੂ ਵਿਚ, ਇਕ ਦੂਜੇ ਨੂੰ ਸਮਝਣ ਲਈ ਤਿਆਰ ਸਨ।

"ਮੈਨੂੰ ਮੇਰੀਅਨ ਨੇ ਦੱਸਿਆ ਹੈ, ਕਿ ਜੇ ਮੈਂ ਕੁੜਮਾਈ ਤੋੜਨੀ, ਚਾਹਾਂ, ਤਾਂ ਤੁਹਾਨੂੰ ਬੱਸ ਕਹਿ ਦਿਆਂ, ਸਰ ਪਰਸੀਵਲ ਇਹ ਤੁਹਾਡੀ ਉਦਾਰਤਾ ਅਤੇ ਸਹਿਨਸ਼ੀਲਤਾ ਹੀ ਹੈ, ਜਿਸ ਕਰਕੇ ਤੁਸੀਂ ਇਹ ਸੁਨੇਹਾ ਮੈਨੂੰ ਭੇਜਿਆ ਹੈ; ਮੈਂ ਤੁਹਾਡੇ ਇਸ ਸੁਨੇਹੇ ਲਈ ਤੁਹਾਡੀ ਰਿਣੀ ਹਾਂ, ਇਹੀ ਕਹਿ ਕੇ ਮੈਂ ਤੁਹਾਡੇ ਨਾਲ ਨਿਆਂ ਕਰ ਸਕਦੀ ਹਾਂ, ਅਤੇ ਮੈਂ ਆਸ ਅਤੇ

ਵਿਸ਼ਵਾਸ ਕਰਦੀ ਹਾਂ ਕਿ ਮੈਂ ਇਹ ਕਹਿ ਕੇ ਆਪਣੇ ਆਪ ਨਾਲ ਨਿਆਂ ਕਰ ਰਹੀ ਹਾਂ, ਕਿ ਮੈਂ ਤੁਹਾਡੀ ਇਹ ਸਲਾਹ ਮੰਨ ਨਹੀਂ ਸਕਦੀ।"

ਸਰ ਪਰਸੀਵਲ ਦੇ ਚਿਹਰੇ ਉੱਤੇ ਤਣਾਉ ਕੁਝ ਢਿੱਲਾ ਪਿਆ। ਪਰ ਮੈਂ ਵੇਖਿਆ ਕਿ ਮੇਜ਼ ਹੇਠਾਂ ਗਲੀਚੇ ਉੱਤੇ ਉਹਦੇ ਪੈਰ ਆਪਣੇ ਆਪ ਲਗਾਤਾਰ ਵਜਦੇ ਜਾ ਰਹੇ ਸਨ, ਅਤੇ ਮੈਂ ਮਹਿਸੂਸ ਕੀਤਾ ਕਿ ਅਜੇ ਅੰਦਰੋਂ ਅੰਦਰ ਉਹ ਪਹਿਲਾਂ ਜਿੰਨਾਂ ਹੀ ਚਿੰਤਿਤ ਹੈ।

"ਮੈਂ ਇਹ ਗੱਲ ਨਹੀਂ ਭੁੱਲੀ," ਉਹ ਬੋਲੀ, "ਕਿ ਤੁਸੀਂ ਮੇਰੇ ਪਿਤਾ ਦੀ ਆਗਿਆ ਨਾਲ ਹੀ ਮੈਨੂੰ ਆਪਣੇ ਨਾਲ ਵਿਆਹ ਕਰਨ ਲਈ ਕਹਿਣ ਦਾ ਮਾਣ ਦਿੱਤਾ ਸੀ ਅਤੇ ਸ਼ਾਇਦ ਤੁਸੀਂ ਵੀ ਨਾ ਭੁੱਲੇ ਹੋਵੇਗੇ ਕਿ ਜਦੋਂ ਮੈਂ ਕੁੜਮਾਈ ਲਈ ਹਾਂ ਕੀਤੀ ਸੀ, ਮੈਂ ਕੀ ਕਿਹਾ ਸੀ? ਮੈਂ ਤੁਹਾਨੂੰ ਇਹ ਦੱਸਣ ਦੀ ਦਲੇਰੀ ਕੀਤੀ ਸੀ, ਕਿ ਤਹਾਨੂੰ ਇਕਰਾਰ ਦੇਣ ਲੱਗਿਆ ਆਪਣੇ ਪਿਤਾ ਦੀ ਸਲਾਹ ਅਤੇ ਪ੍ਰਭਾਵ ਨਾਲ ਹੀ ਮੈਂ ਉਹ ਨਿਰਣਾ ਕੀਤਾ ਸੀ। ਮੈਂ ਆਪਣੇ ਪਿਤਾ ਦੀ ਗੱਲ ਇਸ ਲਈ ਮੰਨੀ ਸੀ ਕਿ ਉਹ ਮੈਨੂੰ ਸਭ ਤੋਂ ਚੰਗੀ ਸਲਾਹ ਦੇ ਸਕਦੇ ਸਨ; ਅਤੇ ਉਹ ਸਭਨਾਂ ਤੋਂ ਵਧ ਪਿਆਰ ਨਾਲ ਮੇਰੀ ਰੱਖਿਆ ਕਰਦੇ ਸਨ, ਅਤੇ ਮੇਰੇ ਸਭ ਤੋਂ ਚੰਗੇ ਮਿੱਤਰ ਸਨ; ਹੁਣ ਉਹ ਮੇਰੇ ਕੋਲ ਨਹੀਂ; ਸਿਰਫ ਉਨ੍ਹਾਂ ਦੀ ਯਾਦ ਰਹਿ ਗਈ ਹੈ; ਪਰ ਮੇਰਾ ਉਨ੍ਹਾਂ ਵਿਚ ਵਿਸ਼ਵਾਸ ਅਡੋਲ ਹੈ ਮੈਂ ਇਸ ਪਲ ਵੀ ਇਹੀ ਯਕੀਨ ਕਰ ਰਹੀ ਹਾਂ, ਜੋ ਸਦਾ ਕਰਦੀ ਆਈ ਹਾਂ, ਕਿ ਉਹ ਜਾਣਦੇ ਸਨ, ਕੀ ਮੇਰੇ ਵਾਸਤੇ ਸਭ ਤੋਂ ਠੀਕ ਸੀ; ਅਤੇ ਉਨ੍ਹਾਂ ਦੀਆਂ ਆਸ਼ਾਵਾਂ ਅਤੇ ਖਵਾਇਸ਼ਾਂ ਹੀ ਮੇਰੀਆਂ ਆਸ਼ਾਵਾਂ ਅਤੇ ਖਵਾਹਿਸ਼ਾਂ ਹਨ।"

ਇਹ ਕਹਿੰਦਿਆਂ ਪਹਿਲੀ ਵਾਰੀ ਉਹਦੀ ਆਵਾਜ਼ ਕੰਬੀ। ਉਹਦੀਆਂ ਬੈਚੇਨ ਉਂਗਲੀਆਂ ਨੇ ਮੇਰੀ ਝੋਲੀ ਵਿਚ ਚੁੱਪ ਕਰਕੇ ਮੇਰੇ ਹੱਥਾਂ ਨੂੰ ਘੁੱਟ ਕੇ ਪਕੜ ਲਿਆ। ਹੁਣ ਇਕ ਪਲ ਫਿਰ ਚੁੱਪ ਰਹੀ; ਜਿਸ ਤੋਂ ਮਗਰੋਂ ਸਰ ਪਰਸੀਵਲ ਬੋਲਿਆ।

'ਕੀ ਮੈਂ ਪੁਛ ਸਕਦਾ ਹਾਂ, "ਉਹਨੇ ਕਿਹਾ, "ਕਿ ਕੀ ਮੈਂ ਕਦੀ ਤੁਹਾਡੇ ਇਸ ਵਿਸ਼ਵਾਸ ਲਈ ਅਯੋਗ ਸਾਬਤ ਹੋਇਆ ਹਾਂ, ਜਿਸ ਨੂੰ ਪ੍ਰਾਪਤ ਕਰਨਾ ਮੇਰੇ ਲਈ ਸਭ ਤੋਂ ਵਡਾ ਸਨਮਾਨ ਅਤੇ ਮੇਰੀ ਸਭ ਤੋਂ ਵੱਡੀ ਖੁਸ਼ੀ ਹੈ?"

"ਮੈਨੂੰ ਤੁਹਾਡੇ ਨਾਲ ਕੋਈ ਸ਼ਿਕਾਇਤ ਨਹੀਂ, ਉਹਨੇ ਉੱਤਰ ਦਿੱਤਾ। "ਤੁਸੀਂ ਸਦਾ ਮੇਰੇ ਨਾਲ ਉਹੀ ਸਹਿਨਸ਼ੀਲਤਾ ਵਰਤਦੇ ਰਹੇ ਹੋ ਅਤੇ ਸਦਾ ਮੇਰਾ ਧਿਆਨ ਰਖਦੇ ਰਹੇ ਹੋ। ਤੁਸੀਂ ਮੇਰੇ ਵਿਸ਼ਵਾਸ ਦੇ ਯੋਗ ਰਹੇ ਹੋ ; ਅਤੇ ਮੇਰੀਆਂ ਨਜ਼ਰਾਂ ਵਿਚ ਮਹੱਤਵਪੂਰਣ ਗੱਲ ਇਹੀ ਹੈ, ਕਿ ਤੁਸੀਂ ਮੇਰੇ ਪਿਤਾ ਦੇ ਵਿਸ਼ਵਾਸ ਪਾਤਰ ਸਾਓ; ਜਿਸ ਖ਼ਾਤਰ ਮੈਂ ਤੁਹਾਡੇ ਤੇ ਵਿਸ਼ਵਾਸ ਕੀਤਾ ਸੀ। ਜੇ ਮੈਂ ਤੁਹਾਡੇ ਵਤੀਰੇ ਨਾਲ ਕੋਈ ਸ਼ਿਕਾਇਤ ਵੀ ਕਰਨੀ ਚਾਹਾਂ ਤਾਂ ਵੀ ਮੈਨੂੰ ਕੋਈ ਗਿਲਾ ਨਹੀਂ ਦਿਸਦਾ। ਤੁਸੀਂ ਮੈਨੂੰ ਕੋਈ ਕਾਰਣ ਨਹੀਂ ਦਿੱਤਾ, ਜੋ ਮੈਂ ਆਪਣੇ ਇਕਰਾਰ ਨੂੰ ਤੋੜਨ ਲਈ ਬਹਾਨੇ ਦੇ ਤੌਰ ਤੇ ਵਰਤ ਸਕਾਂ। ਜੋ ਕੁਝ ਮੈਂ ਹੁਣ ਤਕ ਕਿਹਾ ਹੈ, ਉਹ ਤੁਹਾਨੂੰ ਆਪਣੀ ਕ੍ਰਿਤਗਤਾ ਪ੍ਰਗਟ ਕਰਨ ਲਈ ਕਿਹਾ ਹੈ। ਮੈਨੂੰ ਆਪਣੇ ਇਸ ਅਹਿਸਾਸ ਦਾ; ਆਪਣੇ ਪਿਤਾ ਦੀ ਯਾਦ ਦਾ ਅਤੇ ਆਪਣੇ ਕੀਤੇ ਹੋਏ ਇਕਰਾਰ ਦਾ ਏਨਾ ਸਤਿਕਾਰ ਹੈ ਕਿ ਮੈਂ ਆਪਣੇ ਪਾਸਿਉਂ, ਆਪਣੀ ਇਸ ਮੌਜੂਦਾ ਸਥਿੱਤੀ ਤੋਂ ਹਟਣ ਦਾ ਉਦਾਹਰਣ ਦੇਣ ਤੋਂ ਹਿਚ- ਕਿਚਾਉਂਦੀ ਹਾਂ। ਜੇ ਕੁੜਮਾਈ ਟੁੱਟੇਗੀ ਤਾਂ ਇਹ ਤੁਹਾਡੀ ਮਰਜ਼ੀ ਅਤੇ ਤੁਹਾਡਾ ਹੀ ਕੰਮ ਹੋਵੇਗਾ ਸਰ ਪਰਸੀਵਲ, ਮੇਰਾ ਨਹੀਂ।"

ਸਰ ਪਰਸੀਵਲ ਦੇ ਬੇਚਨ ਪੈਰ ਵਜਦੇ ਵਜਦੇ ਇਕਾ ਇਕ ਰੁਕ ਗਏ; ਅਤੇ ਉਹ ਮੇਜ਼ ਤਾਂ ਬੜੀ ਤਾਂਘ ਨਾਲ ਅੱਗੇ ਝੁਕਿਆ।

" ਮੇਰਾ ਕੰਮ?" ਮੇਰੇ ਕੋਲ ਕੀ ਕਾਰਣ ਹੋ ਸਕਦਾ ਹੈ, ਕਿ ਆਪਣੀ ਇਸ ਸਥਿੱਤੀ ਤੋਂ ਪਿੱਛੇ ਹੱਟ ਜਾਵਾਂ?"

ਮੈਂ ਲਾਰਾ ਦਾ ਸਾਹ ਤੇਜ਼ ਹੁੰਦਿਆ ਸੁਣਿਆ; ਮੈਂ ਉਹਨੂੰ ਠੰਢਿਆਂ ਹੁੰਦਿਆਂ ਮਹਿਸੂਸ ਕੀਤਾ; ਜਦੋਂ ਅਸੀਂ ਇਕੱਲੀਆਂ ਸਾਂ, ਉਸ ਨੇ ਮੈਨੂੰ ਜੋ ਕੁਝ ਕਿਹਾ ਸੀ, ਉਹਦੇ ਬਾਵਜੂਦ ਮੈਂ ਉਹਦੇ ਲਈ ਡਰ ਰਹੀ ਸਾਂ। ਪਰ ਮੈਂ ਗਲਤ ਸਾਂ।

"ਉਹ ਕਾਰਣ, ਜੋ ਤਹਾਨੂੰ ਦੱਸਣਾ ਔਖਾ ਹੈ," ਉਹਨੇ ਉੱਤਰ ਦਿੱਤਾ। 'ਮੇਰੇ ਵਿਚ ਇਕ ਤਬਦੀਲੀ ਆ ਚੁੱਕੀ ਹੈ, ਸਰ ਪਰਸੀਵਲ, ਅਜਿਹੀ ਗੰਭੀਰਤਾ ਪ੍ਰਿਵਰਤਨ, ਜਿਸ ਕਾਰਣ ਜੇ ਕੁੜਮਾਈ ਤੋੜੋਗੇ ਤਾਂ ਮੇਰੇ ਨਾਲ ਆਪਣੇ ਆਪ ਨਾਲ ਨਿਆਂ ਕਰ ਰਹੇ ਹੋਵੋਗੇ।"

ਸਰ ਪਰਸੀਵਲ ਦਾ ਮੂੰਹ ਮੁੜ ਏਨਾ ਪੀਲਾ ਪੈ ਗਿਆ ਕਿ ਉਹਦੇ ਹੋਠ ਵੀ ਪੀਲੇ ਹੋ ਗਏ। ਉਸਨੇ ਮੇਜ਼ ਉੱਤੇ ਆਪਣੀ ਬਾਂਹ ਚੁੱਕੀ; ਆਪਣੀ ਕੁਰਸੀ ਰਤਾ ਕੁ ਪਾਸਾ ਮੋੜਿਆ; ਅਤੇ ਆਪਣੇ ਹੱਥਾਂ ਉਤੇ ਆਪਣੇ ਸਿਰ ਨੂੰ ਇੰਜ ਟਿਕਾ ਲਿਆ ਕਿ ਉਹਦੇ ਚਿਹਰੇ ਦਾ ਇਕੋ ਪਾਸਾ ਪਾਸਾ ਵਿਖਾਈ ਦੇ ਰਿਹਾ ਸੀ।

"ਕਿਹੋ ਜਿਹੀ ਤਬਦੀਲੀ?" ਉਹਨੇ ਪੁੱਛਿਆ। ਉਹਦੇ ਇਹ ਪ੍ਰਸ਼ਨ ਪੁੱਛਣ ਦਾ ਲਹਿਜਾ ਮੈਨੂੰ ਅਖਰਿਆ। ਉਸ ਵਿਚ ਏਨਾ ਜ਼ਬਤ ਸੀ ਜੋ ਦੁਖਦਾਈ ਸੀ। ਲਾਰਾ ਨੇ ਠੰਢਾ ਹਉਕਾ ਭਰਿਆ, ਅਤੇ ਉਹ ਮੇਰੇ ਵੱਲ ਥੋੜਾ ਕੁ ਝੁਕੀ ਤਾਂ ਜੋ ਮੇਰੇ ਮੱਢੇ ਨਾਲ ਮੁੱਢਾ ਜੋੜ ਸਕੇ। ਮੈਂ ਉਹ ਦੀ ਕੰਬਣੀ ਮਹਿਸੂਸ ਕੀਤੀ ਅਤੇ ਉਹ ਦੀ ਥਾਂ ਤੇ ਚੱਲਣ ਦੀ ਕੋਸ਼ਿਸ਼ ਕੀਤੀ ਪਰ ਉਹਨੇ ਚੇਤਾਵਨੀ ਦੇ ਤੌਰ ਤੇ ਮੇਰਾ ਹੱਥ ਘੁੱਟਿਆ ਅਤੇ ਫਿਰ ਸਰ ਪਰਸੀਵਲ ਨੂੰ ਮੁੜ ਸੰਬੰਧਨ ਕੀਤਾ ਪਰ ਇਸ ਵਾਰ ਉਹ ਉਹਦੇ ਵੱਲ ਵੇਖ ਨਹੀਂ ਸੀ ਰਹੀ।

"ਮੈਂ ਸੁਣਿਆ ਹੋਇਆ ਹੈ," ਉਹਨੇ ਕਿਹਾ, "ਅਤੇ ਮੇਰਾ ਵੀ ਇਹ ਵਿਸ਼ਵਾਸ ਹੈ, ਕਿ ਸਭ ਤੋਂ ਸੱਚਾ ਪਿਆਰ ਉਹੀ ਹੈ ਜੋ ਇਕ ਔਰਤ ਆਪਣੇ ਪਤੀ ਨੂੰ ਕਰਦੀ ਹੈ, ਅਤੇ ਕਰਨਾ ਚਾਹੀਦਾ ਹੈ। ਜਦੋਂ ਸਾਡੀ ਕੁੜਮਾਈ ਹੋਈ ਹੀ ਸੀ, ਉਦੋਂ ਮੈਂ ਇਹੀ ਪਿਆਰ ਤੁਹਾਨੂੰ ਦੇਣਾ ਸੀ ਅਤੇ ਤੁਸੀਂ ਇਹੀ ਪਿਆਰ ਜਿੱਤਣ ਦੀ ਕੋਸ਼ਿਸ਼ ਕਰਨੀ ਸੀ। ਕੀ ਤੁਸੀਂ ਮੈਨੂੰ ਖਿਮਾ ਕਰੋਗੇ, ਸਰ ਪਰਸੀਵਲ, ਜੇ ਮੈਂ ਇਹ ਸਵੀਕਾਰ ਕਰਾਂ ਕਿ ਹੁਣ ਇਹ ਕੁਝ ਸੰਭਵ ਨਹੀਂ?"

ਉਹਦੀਆਂ ਅੱਖਾਂ ਵਿਚ ਕੁਝ ਹੰਝੂ ਇਕੱਠੇ ਹੋਏ ਅਤੇ ਹੌਲੀ ਹੌਲੀ ਉਹਦੀਆਂ ਗੱਲ੍ਹਾਂ ਉੱਤੇ ਵਹਿਣ ਲੱਗ ਪਏ, ਅਤੇ ਉਹ ਇੰਨਾ ਕਹਿ ਕੇ ਸਰ ਪਰਸੀਵਲ ਦੇ ਉੱਤਰ ਦੀ ਉਡੀਕ ਵਿਚ ਚੁੱਪ ਕਰ ਗਈ। ਸਰ ਪਰਸੀਵਲ ਇਕ ਸ਼ਬਦ ਵੀ ਨਾ ਬੋਲਿਆ। ਜਦੋਂ ਲਾਰਾ ਨੇ ਗੱਲ ਕਰਨੀ ਸ਼ੁਰੂ ਕੀਤੀ ਸੀ, ਤਾਂ ਸਰ ਪਰਸੀਵਲ ਨੇ ਉਹ ਹੱਥ ਜਿਸ ਉਤੇ ਉਹ ਦਾ ਸਿਰ ਟਿਕਿਆ ਹੋਇਆ ਸੀ, ਇੰਜ ਚੁੱਕ ਲਿਆ ਸੀ ਕਿ ਉਹ ਦਾ ਮੂੰਹ ਉਸ ਹੱਥ ਦੇ ਉਹਲੇ ਹੋ ਗਿਆ ਸੀ। ਮੈਨੂੰ ਉਸ ਦੇ ਆਕਾਰ ਦਾ ਨਿਰਾ ਉਪਰਲਾ ਹਿੱਸਾ ਹੀ ਦਿਸ ਰਿਹਾ ਸੀ। ਉਹ ਅਹਿਲ ਬੈਠਾ ਰਿਹਾ। ਉਸ ਹੱਥ ਦੀਆਂ ਉਂਗਲਾਂ, ਜਿਸ ਉਤੇ ਉਹ ਦੇ ਸਿਰ ਦਾ ਭਾਰ ਸੀ, ਉਹ ਦੇ ਵਾਲਾਂ ਵਿਚ ਡੂੰਘੀਆਂ ਖੁਭੀਆਂ ਹੋਈਆਂ ਸਨ। ਇਸ ਤੋਂ ਉਸ ਦਾ ਗੁੱਸਾ ਵੀ ਪ੍ਰਗਟ ਹੋ ਸਕਦਾ ਸੀ-ਅਤੇ ਦੁੱਖ

ਵੀ -ਪਰ ਕੀ ਪ੍ਰਗਟ ਹੋ ਰਿਹਾ ਸੀ, ਇਹ ਕਹਿਣਾ ਅਤਿ ਮੁਸਕਲ ਸੀ, ਪਰ ਉਹ ਉਂਗਲਾਂ ਇੰਨੀਆਂ ਕੰਬ ਨਹੀਂ ਸਨ ਰਹੀਆਂ ਜੋ ਮੈਨੂੰ ਦਿਸ ਪੈਂਦੀਆਂ। ਉਸ ਪਲ ਉਹਦੀਆਂ ਸੋਚਾਂ ਦਾ ਭੇਤ ਖੋਲਣ ਲਈ ਬਿਲਕੁਲ ਕੋਈ ਹਰਕਤ ਨਹੀਂ ਸੀ ਅਤੇ ਇਹ ਪਲ ਉਹਦੀ ਅਤੇ ਲਾਰਾ ਦੀ ਜ਼ਿੰਦਗੀ ਦਾ ਸਭ ਤੋਂ ਔਖਾ ਸੰਕਟ ਭਰਿਆ ਪਲ ਸੀ।

ਮੈਂ ਲਾਰਾ ਦੀ ਖਾਤਰ ਇਹ ਨਿਸ਼ਚਾ ਕੀਤਾ ਕਿ ਉਹ ਅਵੱਸ ਆਪਣੇ ਮੂੰਹੋਂ ਇਹ ਗੱਲ ਕਰਵਾਵੇਗੀ।

"ਸਰ ਪਰਸੀਵਲ!" ਮੈਂ ਤਿੱਖੇ ਲਹਿਜੇ ਵਿਚ ਬੋਲੀ, "ਜਦੋਂ ਮੇਰੀ ਭੈਣ ਏਨਾਂ ਕੁਝ ਕਹਿ ਚੁੱਕੀ ਹੈ, ਕੀ ਤੁਸੀਂ ਕੁਝ ਵੀ ਨਾ ਕਹੋਗੇ? ਮੇਰੀ ਰਾਏ ਵਿਚ," ਮੇਰਾ ਗੁੱਸਾ ਮੇਰੇ ਤੇ ਹਾਵੀ ਹੋ ਰਿਹਾ ਸੀ, "ਜੋ ਉਹਨੇ ਕਿਹਾ ਹੈ, ਤੁਹਾਨੂੰ ਜਾ ਕਿਸੇ ਹੋਰ ਪੁਰਸ਼ ਨੂੰ ਉਹ ਦੇ ਕੋਲੋਂ ਸੁਣਨ ਦਾ ਕੋਈ ਹੱਕ ਨਹੀਂ।"

ਮੇਰੀ ਕਾਹਲੀ ਵਿਚ ਕਹੀ ਹੋਈ ਅਖੀਰਲੀ ਗੱਲ ਅਜਿਹੀ ਸੀ, ਜਿਸ ਰਾਹੀਂ, ਜੇ ਉਹ ਉੱਤਰ ਨਾਂ ਦੇਣਾ ਚਾਹੇ ਤਾਂ ਬਚ ਸਕਦਾ ਸੀ, ਅਤੇ ਉਹ ਨੇ ਇਸ ਦਾ ਇਕ ਦਮ ਪੂਰਾ ਫਾਇਦਾ ਉਠਾਇਆ।

"ਖਿਮਾ ਕਰਨਾ, ਮਿਸ ਹਾਲਕੌਂਬ," ਉਹ ਨੇ ਅਜੇ ਵੀ ਆਪਣੇ ਮੂੰਹ ਤੇ ਆਪਣਾ ਹੱਥ ਰਖਿਆ ਹੋਇਆ ਸੀ "ਜੇ ਮੈਂ ਤੁਹਾਨੂੰ ਇਹ ਯਾਦ ਕਰਾਵਾਂ ਕਿ ਮੈਂ ਕਈ ਅਜਿਹੇ ਹੱਕ ਦੀ ਮੰਗ ਨਹੀਂ ਸੀ ਕੀਤੀ।"

ਮੈਂ ਉਹਨੂੰ ਉਹ ਸ਼ਬਦ ਸਪਸ਼ਟ ਰੂਪ ਵਿਚ ਕਹਿਣ ਹੀ ਲੱਗੀ ਸਾਂ, ਜਿਸ ਨਾਲ ਉਹ ਗੱਲ ਨੂੰ ਇਧਰ ਉੱਧਰ ਘੁਮਾਣ ਦੀ ਥਾਵੇਂ ਸਾਫ ਉੱਤਰ ਦੇਂਦਾ, ਕਿ ਲਾਰਾ ਆਪ ਬੋਲ ਪਈ।

"ਮੈਨੂੰ ਆਸ ਹੈ, ਕਿ ਮੈਂ ਅਜਾਂਈ ਹੀ ਆਪਣੀ ਦੁੱਖ ਭਰੀ ਗੱਲ ਤੁਹਾਨੂੰ ਨਹੀਂ ਦੱਸੀ। ਮੈਨੂੰ ਆਸ ਹੈ, ਕਿ ਮੈਂ ਤੁਹਾਨੂੰ ਪੂਰੇ ਵਿਸ਼ਵਾਸ ਨਾਲ ਸਾਰੀ ਗੱਲ ਦਸ ਸਕਦੀ ਹਾਂ?"

"ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਤੁਹਾਡੇ ਵਿਚ ਪੂਰਾ ਵਿਸ਼ਵਾਸ ਹੈ।" ਉਹ ਨੇ ਇਹ ਸੰਖੇਪ ਉੱਤਰ ਇਕ ਨਿੱਘ ਨਾਲ ਦਿੱਤਾ ਅਤੇ ਆਪਣਾ ਹੱਥ ਮੁੜ ਮੇਜ਼ ਉਤੇ ਰੱਖ ਦਿੱਤਾ ਸੀ। ਜੋ ਵੀ ਤਬਦੀਲੀ ਉਹਦੇ ਵਿਚ ਆਈ ਸੀ, ਹੁਣ ਖਤਮ ਹੋ ਗਈ ਸੀ। ਹੁਣ ਉਹਦੇ ਮੂੰਹ ਤੋਂ ਕੁਝ

ਜਾਣਨ ਦੀ ਤੀਬਰਤਾ ਸੀ- ਹੋਰ ਕੁਝ ਪ੍ਰਗਟ ਨਹੀਂ ਸੀ ਹੋ ਰਿਹਾ, ਬਸ ਲਾਰਾ ਦੇ ਅਗਲੇ ਸ਼ਬਦ ਸੁਣਨ ਦੀ ਸੰਘਣੀ ਚਿੰਤਾ ਛਾਈ ਹੋਈ ਸੀ।

"ਮੇਰੀ ਖਵਾਹਿਸ਼ ਹੈ ਕਿ ਤੁਸੀਂ ਇਹ ਸਮਝ ਲਵੋ ਕਿ ਮੈਂ ਕਿਸੇ ਨਿੱਜੀ ਸਵਾਰਥ ਲਈ ਕੁਝ ਨਹੀਂ ਕਹਿ ਰਹੀ" ਉਹ ਬੋਲੀ। "ਜੇ ਤੁਸੀਂ ਜੋ ਕੁਝ ਹੁਣ ਸੁਣਿਆਂ ਹੈ, ਸੁਣ ਕੇ ਮੈਨੂੰ ਛੱਡ ਦਿਉ, ਤਾਂ ਇਹ ਨਾ ਸਮਝੋ, ਕਿ ਮੈਂ ਕਿਸੇ ਹੋਰ ਪੁਰਸ਼ ਨਾਲ ਵਿਆਹ ਕਰਾਂਗੀ, ਇਸ ਤਰ੍ਹਾਂ ਤੁਸੀਂ ਮੈਨੂੰ ਸਾਰੀ ਉਮਰ ਕੁਆਰੀ ਰਹਿਣ ਦੀ ਆਗਿਆ ਹੀ ਦੇ ਰਹੇ ਹੋਵੋਗੇ। ਮੇਰੇ ਵਿਚ ਇਹ ਪ੍ਰੀਵਰਤਨ ਸਿਰਫ਼ ਖਿਆਲਾ ਹੀ ਖਿਆਲਾਂ ਵਿਚ ਆਇਆ ਹੈ। ਇਸ ਤੋਂ ਅੱਗੇ ਇਹ ਭਾਵਨਾ ਕਦੀ ਜਾ ਹੀ ਨਹੀਂ ਸਕਦੀ। ਕੋਈ ਸ਼ਬਦ ਸਾਡੇ ਵਿਚਕਾਰ ਨਹੀਂ ਬੋਲਿਆ ਗਿਆ-" ਉਹ ਇਹ ਸੋਚ ਕੇ ਝਿਜਕੀ ਕਿ ਅਗੋਂ ਕਿਹੜਾ ਸ਼ਬਦ ਵਰਤੇ ਪਲ ਭਰ ਦੀ ਘਬਰਾਹਟ ਭਰੀ ਚੁੱਪ ਸੀ, ਜੋ ਮੇਰੇ ਲਈ ਬੜੀ ਉਦਾਸ ਅਤੇ ਦੁਖਾਵੀ ਸੀ। "ਸਾਡੇ ਵਿਚਕਾਰ ਕਦੀ ਕੋਈ ਗੱਲ ਨਹੀਂ ਹੋਈ," ਉਹਨੇ ਮੁੜ ਦਰਿੜੱਤਾ ਅਤੇ ਸ਼ਾਂਤੀ ਨਾਲ ਗੱਲ ਸ਼ੁਰੂ ਕੀਤੀ, “ਮੇਰੇ ਅਤੇ ਉਸਦੇ ਵਿਚਕਾਰ, ਜਿਸਦੀ ਗੱਲ ਮੈਂ ਤੁਹਾਡੇ ਸਾਹਮਣੇ ਪਹਿਲੀ ਅਤੇ ਅਖੀਰਲੀ ਵਾਰ ਕਰ ਰਹੀ ਹਾਂ,-ਆਪਸੀ ਭਾਵਨਾਵਾਂ ਬਾਰੇ ਕਦੀ ਵੀ ਗੱਲ ਨਹੀਂ ਹੋਈ ਕਿ ਮੈਂ ਉਸ ਲਈ ਕੀ ਮਹਿਸੂਸ ਕਰ ਰਹੀ ਹਾਂ, ਜਾਂ ਉਹ ਮੇਰੇ ਲਈ ਕੀ ਮਹਿਸੂਸ ਕਰਦਾ ਹੈ- ਸਾਡਾ ਇਸ ਦੁਨੀਆਂ ਵਿਚ ਮੁੜ ਕਦੀ ਮਿਲਣਾ ਸੰਭਵ ਨਹੀਂ। ਮੈਂ ਦਿਲੋਂ ਮਿੰਨਤ ਕਰਦੀ ਹਾਂ, ਸਰ ਪਰਸੀਵਲ ਕਿ ਹੋਰ ਕੁਝ ਨਾ ਪੁੱਛਣਾ, ਅਤੇ ਜੋ ਮੈਂ ਕਹਿ ਰਹੀ ਹਾਂ, ਉਸ ਤੇ ਪੂਰਾ ਵਿਸ਼ਵਾਸ ਕਰਨਾ! ਸਰ ਪਰਸੀਵਲ, ਇਹ ਸਚਾਈ ਹੈ ਉਹ ਸਚਾਈ, ਜਿਸ ਨੂੰ ਮੇਰਾ ਖਿਆਲ ਹੈ, ਕਿ ਮੇਰੇ ਹੋਣ ਵਾਲੇ ਪਤੀ ਨੂੰ ਜਾਣ ਲੈਣਾ ਚਾਹੀਦਾ ਹੈ, ਭਾਵੇਂ ਇਹ ਦਸਦਿਆ ਮੈਨੂੰ ਕਿੰਨੀ ਵੀ ਤਕਲੀਫ਼ ਹੋਈ ਹੋਵੇ। ਮੈਂ ਉਹਦੀ ਉਦਾਰਤਾ ਤੇ ਵਿਸਵਾਸ਼ ਕਰਦੀ ਹਾਂ, ਕਿ ਉਹ ਮੈਨੂੰ ਖਿਮਾਂ ਕਰ ਦੇਵੇਗਾ; ਅਤੇ ਮੈਨੂੰ ਉਹਦੀ ਇੱਜ਼ਤ ਤੇ ਇਹ ਪੂਰਾ ਭਰੋਸਾ ਹੈ ਕਿ ਉਹ ਮੇਰਾ ਇਹ ਭੇਤ ਸਾਂਭ ਕੇ ਰਖੇਗਾ।"

"ਮੇਰੇ ਲਈ ਤੁਹਾਡੇ ਇਹ ਦੋਵੇਂ ਵਿਸ਼ਵਾਸ ਬੜੇ ਪਵਿੱਤਰ ਹਨ।" ਉਹ ਬੋਲਿਆ, "ਅਤੇ ਇਹ ਦੋਵੇਂ ਪਵਿੱਤਰਤਾ ਨਾਲ ਸਾਂਭੇ ਰਹਿਣਗੇ।"

ਇਸ ਤਰ੍ਹਾਂ ਉੱਤਰ ਦੇ ਕੇ, ਉਹ ਚੁੱਪ ਕਰ ਗਿਆ, ਅਤੇ ਉਹਨੇ ਲਾਰਾ ਵੱਲ ਇੰਜ ਵੇਖਿਆ, ਜਿਵੇਂ ਉਹ ਕੁਝ ਹੋਰ ਸੁਣਨ ਦੀ ਇੰਤਜਾਰ ਵਿਚ ਸੀ।

"ਮੈਂ" ਜੋ ਕਹਿਣਾ ਚਾਹੁੰਦੀ ਸਾਂ, ਕਹਿ ਚੁੱਕੀ ਹਾਂ," ਉਹ ਨੇ ਸ਼ਾਂਤ ਲਹਿਜੇ ਵਿਚ ਕਿਹਾ, 'ਮੈਂ ਏਨਾਂ ਕੁਝ ਕਹਿ ਚੁੱਕੀ ਹਾਂ, ਜਿਸ ਨਾਲ ਤੁਹਾਨੂੰ ਕੁੜਮਾਈ ਤੋੜਨੀ ਉਚਿਤ ਲੱਗੇ ਅਤੇ ਤੁਸੀਂ ਆਪਣੇ ਨਾਲ ਨਿਆਂ ਕਰ ਸਕੋ।"

"ਤੁਸੀਂ ਲੋੜ ਤੋਂ ਵਧ ਕਹਿ ਚੁੱਕੇ ਹੋ, ਉਨ੍ਹੇ ਉੱਤਰ ਦਿਤਾ, "ਜਿਸ ਨਾਲ ਮੇਰੀ ਜਿੰਦਗੀ ਦਾ ਸਭ ਤੋਂ ਪਿਆਰਾ ਮਨੋਰਥ ਇਹੀ ਹੈ ਕਿ ਇਹ ਕੁੜਮਾਈ ਤੋੜ ਚੜ੍ਹੇ !" ਇਹ ਕਹਿੰਦਿਆਂ ਉਹ ਆਪਣੀ ਕੁਰਸੀ ਤੋਂ ਉਠਿਆ, ਅਤੇ ਉਸ ਥਾਂ ਵੱਲ ਵਧਿਆ ਜਿਥੇ ਉਹ ਬੈਠੀ ਹੋਈ ਸੀ।

ਉਹ ਤ੍ਰਭਕ ਕੇ ਉਠੀ ਅਤੇ ਹੈਰਾਨੀ ਨਾਲ ਇਕ ਹਲਕੀ ਜਿਹੀ ਚੀਕ ਉਹਦੇ ਮੂੰਹੋਂ ਨਿਕਲੀ। ਹਰ ਇਕ ਸ਼ਬਦ ਜੋ ਉਹਨੇ ਕਿਹਾ ਸੀ, ਉਹਦੀ ਸਚਾਈ ਅਤੇ ਨਿਰਦੋਸ਼ਤਾ ਦੀ ਗਵਾਹੀ ਉਸ ਪੁਰਸ਼ ਨੂੰ ਦੇ ਰਿਹਾ ਸੀ, ਜਿਸਨੂੰ ਇਕ ਸੱਚੀ ਅਤੇ ਸੁਚੀ ਔਰਤ ਦੀ ਅਨਮੋਲ ਕੀਮਤ ਦੀ ਕਦਰ ਸੀ। ਲਾਰਾ ਦਾ ਆਪਣਾ ਸੁੱਚਾ ਵਤੀਰਾ ਅਤੇ ਤੌਰ ਤਰੀਕਾ ਸ਼ੁਰੂ ਤੋਂ ਹੀ ਉਸਦਾ ਦੁਸ਼ਮਣ ਰਿਹਾ ਸੀ, ਅਤੇ ਉਹਨੇ ਇਸ ਤੇ ਕਿੰਨੀਆਂ ਉਮੀਦਾਂ ਲਾਈਆਂ ਹੋਈਆਂ ਸਨ ! ਮੈਨੂੰ ਸ਼ੁਰੂ ਤੋਂ ਹੀ ਇਸੇ ਗੱਲ ਦਾ ਹੀ ਡਰ ਸੀ। ਜੇ ਮੈਨੂੰ ਉਹ ਰਤਾ ਜਿਨਾਂ ਵੀ ਮੌਕਾ ਦੇਂਦੀ ਤਾਂ ਮੈਂ ਇਹ ਅੰਤ ਟਾਲ ਸਕਦੀ ਸਾਂ। ਹੁਣ ਜਦੋਂ, ਜਿਹੜਾ ਨੁਕਸਾਨ ਹੋਣਾ ਸੀ, ਹੋ ਚੁਕਾ ਸੀ, ਮੈਂ ਉਡੀਕ ਰਹੀ ਸਾਂ, ਅਤੇ ਵੇਖ ਰਹੀ ਸਾਂ, ਕਿ ਸਰ ਪਰਸੀਵਲ ਦੇ ਮੂੰਹ ਕੋਈ ਅਜਿਹੀ ਗੱਲ ਨਿਕਲੇ, ਕਿ ਮੈਂ ਉਹਨੂੰ ਗਲਤ ਕਹਿ ਸਕਾਂ।

"ਤੁਸੀਂ ਮੇਰੇ ਤੇ ਇਹ ਗੱਲ ਛੱਡੀ ਹੈ, ਮਿਸ ਫ਼ੇਅਰਲੀ, ਕਿ ਮੈਂ ਇਹ ਬੰਧਨ ਤੋੜਦਿਆਂ, ਉਹ ਕਹਿੰਦਾ ਗਿਆ। “ਮੈਂ ਏਨਾ ਪੱਥਰ ਦਿਲ ਨਹੀਂ ਕਿ ਉਸ ਔਰਤ ਨੂੰ ਛੱਡਦਿਆਂ, ਜਿਸਨੇ ਹੁਣੇ ਆਪਣੇ ਆਪ ਨੂੰ ਸਭ ਔਰਤਾਂ ਤੋਂ ਉੱਚਾ ਅਤੇ ਮਹਾਨ ਸਾਬਤ ਕਰਕੇ ਵਿਖਾਇਆ ਹੈ।"

ਉਹ ਏਨੇ ਆਵੇਸ ਅਤੇ ਨਿੱਘ ਵਿਚ ਇਹ ਕਹਿ ਰਿਹਾ ਸੀ, ਤਾਂ ਵੀ ਏਨੀ ਕੋਮਲਤਾ ਨਾਲ ਕਿ ਲਾਰਾ ਨੇ ਆਪਣਾ ਸਿਰ ਉੱਚਾ ਕੀਤਾ ਉਹਦਾ, ਮੂੰਹ ਲਾਲ ਹੋ ਗਿਆ ਸੀ ਅਤੇ ਉਹਨੇ ਸਰ ਪਰਸੀਵਲ ਵੱਲ ਬੜੇ ਉਤਸ਼ਾਹ ਨਾਲ ਵੇਖਿਆ।

"ਨਹੀਂ !" ਉਹ ਦਰਿੱੜਤਾ ਨਾਲ ਬੋਲੀ। "ਉਹ ਔਰਤ ਪੂਰੀ ਇਸਤਰੀ ਜਾਤੀ ਵਿਚੋਂ ਸਭ ਤੋਂ ਦੁਖੀ ਹੈ ਕਿਉਂਕਿ ਉਹ ਵਿਆਹ ਕਰਕੇ ਆਪਣੇ ਪਤੀ ਨੂੰ ਪਿਆਰ ਨਹੀਂ ਦੇ ਸਕਦੀ।" "ਕੀ ਉਹ ਇਹ ਪਿਆਰ ਤਾਂ ਵੀ ਨਹੀਂ ਦੇ ਸਕੇਗੀ" ਉਹਨੇ ਪੁੱਛਿਆ, ' ਜਦੋਂ ਉਹਦੇ ਪਤੀ ਦੇ ਜੀਵਨ ਦਾ ਇਹੀ ਮੰਤਵ ਹੋਵੇਗਾ ਕਿ ਉਹ ਇਸ ਪਿਆਰ ਦੇ ਯੋਗ ਬਣੇ?"

"ਕਦੀ ਨਹੀਂ!" ਲਾਰਾ ਨੇ ਉੱਤਰ ਦਿੱਤਾ। "ਜੇ ਤੁਸੀਂ ਅਜੇ ਇਸ ਕੁੜਮਾਈ ਨੂੰ ਇਵੇਂ ਹੀ ਰੱਖਣਾ ਚਾਹੁੰਦੇ ਓ, ਤਾਂ ਮੈਂ ਤੁਹਾਡੀ ਵਫਾਦਾਰ ਅਤੇ ਸੱਚੀ ਪਤਨੀ ਤਾਂ ਬਣ ਸਕਦੀ ਹਾਂ, ਪਰ ਤੁਹਾਨੂੰ ਪਿਆਰ ਕਰਨ ਵਾਲੀ ਪਤਨੀ ਕਦੀ ਨਹੀਂ ਬਣ ਸਕਦੀ, ਜੇ ਮੈਨੂੰ ਆਪਣੇ ਦਿਲ ਦਾ ਕੁਝ ਪਤਾ ਹੈ ਤਾਂ ਇਹ ਗੱਲ ਕਦੀ ਨਹੀਂ ਹੋਵੇਗੀ "

ਉਹ ਇਹ ਦਲੇਰ ਸ਼ਬਦ ਕਹਿੰਦਿਆਂ ਏਨੀ ਸੁਹਣੀ ਲਗ ਰਹੀ ਸੀ, ਕਿ ਕੋਈ ਜੀਉਂਦਾ ਪੁਰਸ਼ ਉਹਦੇ ਅੱਗੇ ਠਹਿਰ ਨਹੀਂ ਸੀ ਸਕਦਾ। ਮੈਂ ਬੜੀ ਕੋਸ਼ਿਸ਼ ਕੀਤੀ ਕਿ ਇਹ ਮਹਿਸੂਸ ਕਰ ਸਕਾਂ ਕਿ ਸਰ ਪਰਸੀਵਲ ਹੀ ਦੋਸ਼ੀ ਹੈ ਅਤੇ ਉਹਨੂੰ ਇਹ ਕਹਿ ਵੀ ਸਕਾਂ, ਪਰ ਮੈਂ ਇਕ ਔਰਤ ਸਾਂ, ਇਸ ਲਈ ਇਹ ਚਾਹੁੰਦੀ ਹੋਈ ਵੀ ਉਹਦੇ ’ਤੇ ਤਰਸ ਹੀ ਖਾਂਦੀ ਰਹੀ।

"ਮੈਂ ਧੰਨਵਾਦ ਸਹਿਤ ਤੁਹਾਡੀ ਸਚਾਈ ਨੂੰ ਸਵੀਕਾਰ ਕਰਦਾ ਹਾਂ", ਉਹਨੇ ਕਿਹਾ। "ਤੁਸੀਂ ਜੋ ਘੱਟ ਤੋਂ ਘੱਟ ਦੇ ਸਕੋਗੇ, ਉਹ ਮੇਰੇ ਲਈ ਉਸ ਤੋਂ ਕਿਤੇ ਵਧੇਰੇ ਹੋਵੇਗਾ ਜਿਸਦੀ ਆਸ ਮੈਂ ਦੁਨੀਆਂ ਤੇ ਕਿਸੇ ਹੋਰ ਔਰਤ ਕੋਲੋਂ ਕਰਾਂਗਾ!"

ਉਹਦਾ ਖੱਬਾ ਹੱਥ ਅਜੇ ਵੀ ਮੇਰੇ ਹੱਥ ਵਿਚ ਸੀ, ਪਰ ਸੱਜਾ ਹੱਥ ਨਿਤਾਣਾ ਹੋ ਕੇ ਇਕ ਪਾਸੇ ਲਟਕ ਰਿਹਾ ਸੀ। ਸਰ ਪਰਸੀਵਲ ਲਾਰਾ ਦੇ ਸੱਜੇ ਹੱਥ ਨੂੰ ਆਪਣੇ ਬੁਲ੍ਹਾਂ ਤੀਕ ਲੈ ਗਿਆ, ਅਤੇ ਉਹਨੂੰ ਬੜੀ ਕੋਮਲਤਾ ਨਾਲ ਆਪਣੇ ਬੁਲਾਂ ਦੀ ਛੋਹ ਲਾਈ ਚੁੰਮਿਆ ਨਹੀਂ-ਅਤੇ ਮੈਨੂੰ ਸਿਰ ਝੁਕਾ ਕੇ, ਬੜੀ ਹੌਲੀ ਅਤੇ ਵਿਚਾਰਸ਼ੀਲਤਾ ਨਾਲ ਚੁਪਚਾਪ ਕਮਰੇ ਵਿਚੋਂ ਬਾਹਰ ਚਲਾ ਗਿਆ।

ਉਹਦੇ ਜਾਣ ਮਗਰੋਂ, ਨਾ ਉਹ ਬੋਲੀ, ਨਾ ਉਹ ਹਿੱਲੀ ਉਹ ਮੇਰੇ ਕੱਲ ਬੈਠੀ ਰਹੀ ਅਹਲ ਅਤੇ ਠੰਡੀਠਾਰ, ਉਹਦੀਆਂ ਅੱਖਾਂ ਹੇਠਾਂ ਜ਼ਮੀਨ ਵਿਚ ਗੱਡੀਆਂ ਹੋਈਆਂ ਸਨ। ਮੈਂ ਵੇਖ ਲਿਆ ਕਿ ਉਸ ਵੇਲੇ ਕੁਝ ਕਹਿਣਾ ਵਿਅਰਥ ਸੀ; ਅਤੇ ਮੈਂ ਉਹਦੇ ਦੁਆਲੇ ਆਪਣੀ ਬਾਂਹ ਵਲਾ ਕੇ, ਉਹਨੂੰ ਆਪਣੇ ਨੇੜੇ ਘੁੱਟ ਕੇ ਚੁੱਪ ਚਾਪ ਬੈਠੀ ਰਹੀ ਅਸੀਂ ਇੰਜ ਹੀ ਇਕੱਠੀਆਂ ਬੈਠੀਆਂ ਰਹੀਆਂ, ਜਾਪਦਾ ਸੀ, ਬਹੁਤ ਸਮਾਂ ਬੀਤ ਗਿਆ ਸੀ, ਇੰਨਾ ਲੰਮਾਂ ਕਿ ਮੈਂ ਥੱਕ ਅਤੇ ਅੱਕ ਗਈ ਬੇਚੈਨ ਹੋ ਕੇ ਹੌਲੀ ਜਿਹੀ ਕੁਝ ਕਿਹਾ, ਤਾਂ ਜੋ ਉਹਦੇ ਵਿਚ ਕੋਈ ਪ੍ਰਿਵਰਤਨ ਆਵੇ।

ਮੇਰੀ ਗੱਲ ਦੀ ਆਵਾਜ਼ ਨਾਲ ਉਹਦੀ ਚੇਤਨਾ ਪਰਤ ਆਈ। ਉਹਨੇ ਅਚਾਨਕ ਆਪਣੇ ਆਪ ਨੂੰ ਮੇਰੇ ਤੋਂ ਪਰ ਕੀਤਾ ਅਤੇ ਉਠ ਪਈ।

"ਮੈਂ ਜਿੰਨੀ ਚੰਗੀ ਤਰ੍ਹਾਂ ਹੋ ਸਕੇ ਬਰਦਾਸ਼ਤ ਕਰਾਂਗੀ ਮੇਰੀਅਨ,' ਉਹਨੇ ਕਿਹਾ। "ਮੇਰੀ ਨਵੀਂ ਜਿੰਦਗੀ ਦੇ ਬੜੇ ਸਖਤ ਕਰੱਤਵ ਹਨ, ਅਤੇ ਉਨ੍ਹਾਂ ਵਿਚ ਇਕ ਅੱਜ ਤੋਂ ਹੀ ਸ਼ੁਰੂ ਹੁੰਦਾ ਹੈ।"

ਇਹ ਕਹਿੰਦੀ ਉਹ ਖਿੜਕੀ ਦੇ ਨੇੜੇ ਪਏ ਇਕ ਮੇਜ਼ ਕੋਲ ਗਈ, ਜਿਸ ਤੋਂ ਉਸਦਾ ਸਕੈਚਇੰਗ ਦਾ ਸਾਮਾਨ ਆਦਿ ਪਿਆ ਹੋਇਆ ਸੀ; ਉਹਨੇ ਉਸ ਸਾਮਾਨ ਨੂੰ ਬੜੇ ਧਿਆਨ ਨਾਲ ਇਕੱਠਿਆਂ ਕਰਕੇ ਆਪਣੀ ਅਲਮਾਰੀ ਦੇ ਇਕ ਦਰਾਜ ਵਿਚ ਰੱਖ ਦਿਤਾ। ਦਰਾਜ ਨੂੰ ਤਾਲਾ ਮਾਰਕੇ ਉਹ ਚਾਬੀ ਨੂੰ ਮੇਰੇ ਕੋਲ ਲੈ ਆਈ।

"ਮੈਨੂੰ ਉਨ੍ਹਾਂ ਸਭ ਚੀਜ਼ਾ ਤੋਂ ਨਿਖੜਨਾ ਚਾਹੀਦਾ ਹੈ, ਜੋ ਮੈਨੂੰ ਉਹਦੀ ਯਾਦ ਦਵਾਂਦੀਆਂ ਹਨ।" ਉਹ ਬੋਲੀ। "ਜਿਥੇ ਮਰਜ਼ੀ ਹੈ ਇਸ ਚਾਬੀ ਨੂੰ ਰੱਖ ਦੇ, ਹੁਣ ਮੈਨੂੰ ਇਸ ਦੀ ਕਦੀ ਲੋੜ ਨਹੀਂ ਪਵੇਗੀ।"

ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦੀ, ਉਹ ਆਪਣੀ ਕਿਤਾਬਾਂ ਦੀ ਅਲਮਾਰੀ ਕੋਲ ਗਈ, ਉਥੇ ਉਸਨੇ ਉਹ ਐਲਬਮ ਚੁੱਕੀ, ਜਿਸ ਵਿਚ ਹਾਰਟਰਾਈਟ ਦੀਆਂ ਬਣਾਈਆਂ 30 ਤਸਵੀਰਾਂ ਸਨ। ਉਹ ਇਕ ਪਲ ਲਈ ਦੁਚਿੱਤੀਆਂ ਵਿਚ ਖੜੀ ਰਹੀ, ਉਸ ਛੋਟੀ ਕਿਤਾਬ ਨੂੰ ਉਹਨੇ ਹੱਥਾਂ ਵਿਚ ਪਿਆਰ ਨਾਲ ਪਲੋਸਿਆ, ਅਤੇ ਫਿਰ ਆਪਣੇ ਬੁਲ੍ਹਾਂ ਕੋਲ ਲਿਜਾ ਕੇ ਚੁੰਮਿਆਂ।

"ਔਹ, ਲਾਰਾ! ਲਾਰਾ !" ਮੈਂ ਕਿਹਾ, ਪਰ ਨਾਂ ਮੈਂ ਗੁੱਸੇ ਨਾਲ ਕਹਿ ਰਹੀ ਸਾਂ, ਅਤੇ ਨਾਂ ਹੀ ਪਿਆਰ ਨਾਲ-ਮੇਰੀ ਆਵਾਜ਼ ਵਿਚ ਦੁੱਖ ਤੋਂ ਸਿਵਾ ਹੋਰ ਕੁਝ ਨਹੀਂ ਸੀ-ਅਤੇ ਮੇਰੇ ਦਿਲ ਵਿਚ ਦੁੱਖ ਤੋਂ ਸਿਵਾ ਹੋਰ ਕੁਝ ਨਹੀਂ ਸੀ ਰਹਿ ਗਿਆ।

"ਇਹ ਅਖੀਰਲੀ ਵੇਰ ਹੈ, ਮੇਰੀਅਨ" ਉਹਨੇ ਤਰਲਾ ਪਾ ਕੇ ਕਿਹਾ।

"ਮੈਂ ਇਸਨੂੰ ਸਦਾ ਲਈ ਅਲਵਿਦਾ ਕਹਿ ਰਹੀ ਹਾਂ !'

ਉਹਨੇ ਉਹ ਪੁਸਤਕ ਮੇਜ਼ ਤੇ ਰੱਖ ਦਿੱਤੀ, ਅਤੇ ਆਪਣੇ ਵਾਲਾਂ ਵਿਚ ਉਹ ਕੰਘੀ ਖਿੱਚੀ, ਜਿਸ ਨਾਲ ਉਹ ਬੱਝੇ ਹੋਏ ਸਨ। ਉਹਦੇ ਵਾਲ ਆਪਣੀ ਪੂਰੀ ਅਲੌਕਿਕ ਸੁੰਦਰਤਾ ਵਿਚ ਉਹਦੀ ਪਿੱਠ ਅਤੇ ਮੋਢਿਆਂ ਉਤੇ ਖਿਲਰਦੇ, ਉਹਦੇ ਲੱਕ ਦੇ ਹੇਠਾਂ ਤੀਕ ਫੈਲ ਗਏ। ਉਹਨੇ ਇਕ ਪਤਲੀ ਲੰਮੀ ਲਿਟ ਸਭ ਤੋਂ ਵੱਖਰੀ ਕਰਕੇ ਕਿਤਾਬ ਦੇ ਪਹਿਲੇ ਖਾਲੀ ਸਫੇ ਤੇ ਇਕ ਗੋਲਧਾਰੇ ਦੇ ਆਕਾਰ ਵਿਚ ਪਿੰਨਾਂ ਨਾਲ ਬੜੇ ਧਿਆਨ ਨਾਲ ਟਾਂਕ ਦਿਤੀ। ਇਹ ਲਾ ਕੇ ਉਹਨੇ ਕਾਹਲੀ ਨਾਲ ਐਲਬਮ ਬੰਦ ਕਰਕੇ ਮੇਰੇ ਹੱਥਾਂ ਵਿਚ ਰੱਖ ਦਿਤੀ।

"ਤੂੰ ਉਹਨੂੰ ਲਿਖਦੀ ਹੈ, ਅਤੇ ਉਹ ਤੈਨੂੰ" ਉਹ ਬੋਲੀ। 'ਜਦ ਤੀਕ ਮੈਂ ਜੀਉਂਦੀ ਹਾਂ, ਜੇ ਉਹ ਮੇਰਾ ਹਾਲ ਪੁੱਛੇ ਤਾਂ ਉਹਨੂੰ ਸਦਾ ਇਹੀ ਕਹਿਣਾ ਕਿ ਮੈਂ ਠੀਕ ਹਾਂ ਅਤੇ ਇਹ ਕਦੀ ਨਾ ਕਹਿਣਾ ਕਿ ਮੈਂ ਨਾ-ਖੁਸ਼ ਹਾਂ। ਮੇਰੀਅਨ, ਮੇਰੀ ਖਾਤਰ ਉਹਨੂੰ ਦੁਖੀ ਨਾ ਕਰਨਾ, ਉਹਨੂੰ ਕਦੀ ਦੁਖੀ ਨਾ ਕਰਨਾ। ਜੇ ਮੈਂ ਪਹਿਲਾਂ ਮਰ ਜਾਵਾਂ, ਤਾਂ ਮੇਰੀਅਨ, ਮੇਰੇ ਨਾਲ ਇਕਰਾਰ ਕਰ, ਕਿ ਤੂੰ ਉਹਨੂੰ ਇਹ ਪੁਸਤਕ ਜਿਸ ਵਿਚ ਮੇਰੇ ਵਾਲ ਹਨ, ਦੇ ਦੇਵੇਂਗੀ। ਜਦੋਂ ਮੈਂ ਚਲੀ ਗਈ ਹੋਵਾਂਗੀ ਤਾਂ ਉਹਨੂੰ ਇਹ ਦੱਸਣ ਵਿਚ ਕੋਈ ਹਰਜ ਨਹੀਂ ਕਿ ਇਹ ਵਾਲ ਮੈਂ ਆਪਣੇ ਹੱਥਾ ਨਾਲ ਇਥੇ ਟਾਂਕੇ ਸਨ, ਅਤੇ ਕਹਿ ਦੇਣਾ, ਮੇਰੀਅਨ ਉਫ਼ ਮੇਰੀ ਖਾਤਰ ਉਹ ਗੱਲ ਉਦੋਂ ਕਹਿ ਦੇਣਾ, ਜੋ ਮੈਂ ਆਪਣੇ ਆਪ ਲਈ ਕਦੀ ਨਹੀਂ ਕਹਿ ਸਕਦੀ। ਕਹਿ ਦੇਣਾ ਕਿ ਮੈਂ ਉਹਨੂੰ ਪਿਆਰ ਕਰਦੀ ਸਾਂ !"

ਉਹਨੇ ਮੇਰੇ ਦੁਆਲੇ ਬਾਹਾਂ ਸੁੱਟ ਦਿੱਤੀਆਂ, ਅਤੇ ਇਹ ਸ਼ਬਦ ਮੇਰੇ ਕੰਨਾਂ ਵਿਚ ਕਹੇ, ਅਤੇ ਇਹ ਕਹਿਣ ਤੇ ਉਹ ਏਨੀ ਖੁਸ਼ੀ ਭਰੇ ਆਵੇਸ਼ ਵਿਚ ਆ ਗਈ ਕਿ ਮੇਰਾ ਸੁਣਕੇ ਦਿਲ ਟੁਟਦਾ ਜਾ ਰਿਹਾ ਸੀ। ਸਬਰ ਦਾ ਉਹ ਬੰਨ੍ਹ, ਜੋ ਉਹਨੇ ਬੜੀ ਦੇਰ ਤੋਂ ਬੰਨ੍ਹਿਆ ਹੋਇਆ ਸੀ, ਪਿਆਰ ਦੇ ਇਸ ਪਹਿਲੇ ਅਤੇ ਅੰਤਮ ਪ੍ਰਗਟਾਵੇ ਦੇ ਨਾਲ ਪਾਟ ਗਿਆ। ਉਹ ਪਾਗਲਪਨ ਦੇ

ਜੋਸ਼ ਨਾਲ ਮੇਰੇ ਤੋਂ ਵੱਖ ਹੋ ਗਈ ਅਤੇ ਸਫੇ ਤੇ ਡਿੱਗ ਕੇ ਇਸ ਤਰ੍ਹਾਂ ਰੋਣ ਲਗ ਪਈ ਕਿ ਸਿਸਕੀਆਂ ਅਤੇ ਹੰਝੂਆਂ ਨਾਲ ਉਹਦਾ ਸਾਰਾ ਅਕਾਰ ਸਿਰ ਤੋਂ ਪੈਰਾ ਤੀਕ ਕੰਬ ਰਿਹਾ ਸੀ।

ਮੇਰੀ ਉਹਨੂੰ ਚੁੱਪ ਕਰਾਉਣ ਦੀ ਅਤੇ ਕੁਝ ਸਮਝਾਉਣ ਦੀ ਕੋਸ਼ਿਸ਼ ਵਿਅਰਥ ਸੀ। ਉਹ ਹੁਣ ਉਸ ਥਾਂ ਤੋਂ ਅੱਗੇ ਲੰਘ ਚੁੱਕੀ ਸੀ, ਜਿਥੇ ਸਮਝਾਣ ਦਾ ਕੋਈ ਅਸਰ ਹੁੰਦਾ ਹੈ। ਅੱਜ ਦੇ ਯਾਦਗਾਰੀ ਦਿਨ ਦਾ ਇਹ ਅੰਤ ਸਾਡੇ ਦੋਹਾਂ ਲਈ ਬੜਾ ਉਦਾਸ ਅਤੇ ਆਕਸਮਿਕ ਸੀ। ਜਦੋਂ ਇਹ ਰੋਣ ਦਾ ਜ਼ੋਸ ਮੱਠਾ ਹੋਇਆ ਤਾਂ ਉਹ ਬਕਾਵਟ ਨਾਲ ਟੁੱਟ ਚੁੱਕੀ ਸੀ। ਉਹ ਦੁਪਹਿਰ ਨੂੰ ਉਘਲਾ ਗਈ; ਮੈਂ ਵਾਲਟਰ ਹਾਰਟਰਾਈਟ ਦੀ ਉਹ ਐਲਬਮ ਇਕ ਪਾਸੋਂ ਰੱਖ ਦਿਤੀ ਤਾਂ ਜੋ ਉਹ ਜਾਗਣ ਤੇ ਮੁੜ ਇਹਨੂੰ ਨਾ ਵੇਖੇ। ਜਦੋਂ ਉਹਨੇ ਉੱਠ ਕੇ ਅੱਖਾਂ ਖੱਲੀਆਂ, ਅਤੇ ਮੇਰੇ ਮੂੰਹ ਵੱਲ ਵੇਖਿਆ ਤਾਂ ਮੇਰਾ ਚਿਹਰਾ ਤਾਂ ਸ਼ਾਂਤ ਸੀ, ਭਾਵੇਂ ਮੇਰੇ ਦਿਲ ਦਾ ਜੋ ਹਾਲ ਸੀ, ਉਹ ਮੈਂ ਹੀ ਜਾਣਦੀ ਹਾਂ। ਅਸੀਂ ਸਵੇਰ ਦੀ ਉਸ ਦੁਖਦਾਈ ਮੁਲਾਕਾਤ ਦਾ ਆਪਸ ਵਿਚ ਮੁੜ ਜ਼ਿਕਰ ਨਾ ਕੀਤਾ। ਸਰ ਪਰਸੀਵਲ ਦੀ ਕੋਈ ਗੱਲ ਨਾ ਕੀਤੀ ਅਤੇ ਵਾਲਟਰ ਹਾਰਟਰਾਈਟ ਦਾ ਨਾ ਅਸੀਂ ਬਾਕੀ ਸਾਰੇ ਦਿਨ ਵਿਚ ਇਕ ਵਾਰ ਵੀ ਨਾਂ ਲਿਆ।

ਦਸ ਨਵੰਬਰ-ਅਜ ਸਵੇਰ ਜਦ ਮੈਂ ਵੇਖਿਆ ਕਿ ਉਹ ਹੁਣ ਪਹਿਲਾਂ ਨਾਲੋਂ ਵਧੇਰੇ ਸ਼ਾਂਤ ਅਤੇ ਪਹਿਲਾਂ ਵਰਗੀ ਹੈ, ਤਾਂ ਮੈਂ ਕੱਲ੍ਹ ਦੇ ਉਸ ਦੁਖਦਾਈ ਵਿਸ਼ੇ ਬਾਰੇ ਗੱਲ ਛੇੜੀ, ਮੇਰਾ ਮਨੋਰਥ ਇਹ ਸੀ, ਕਿ ਉਹ ਮੈਨੂੰ ਇਹ ਆਗਿਆ ਦੇਵੇ ਕਿ ਮੈਂ ਸਰ ਪਰਸੀਵਲ ਅਤੇ ਮਿਸਟਰ ਫੇਅਰਲੀ ਨਾਲ ਇਸ ਤਰ੍ਹਾਂ ਸਪਸ਼ਟ ਅਤੇ ਜ਼ੋਰ ਪਾ ਕੇ ਇਸ ਵਿਆਹ ਬਾਰੇ ਗੱਲ ਕਰਾਂ, ਜਿਸ ਤਰ੍ਹਾਂ ਉਹ ਆਪ ਨਹੀਂ ਕਰ ਸਕਦੀ ਸੀ। ਪਰ ਉਹ ਮੇਰੇ ਮਿੰਨਤਾਂ ਤਰਲਿਆਂ ਨੂੰ ਟੋਕਦੀ, ਵਿਚਕਾਰ ਹੀ ਬੋਲ ਪਈ।

"ਮੈਂ ਕੱਲ੍ਹ ਦਾ ਦਿਨ ਇਸ ਫ਼ੈਸਲੇ ਲਈ ਚੁਣਿਆ ਸੀ, ਉਹਨੇ ਕਿਹਾ, "ਅਤੇ ਕੱਲ੍ਹ ਨੇ ਆਪਣਾ ਨਿਰਣਾ ਦੇ ਦਿੱਤਾ ਹੈ। ਹੁਣ ਵਾਪਸ ਮੁੜਨ ਲਈ ਬਹੁਤ ਦੇਰ ਹੋ ਚੁਕੀ ਹੈ।

ਸਰ ਪਰਸੀਵਲ ਨੇ ਅਜ ਦੁਪਹਿਰੀ ਮੇਰੇ ਨਾਲ ਕਲ ਸਵੇਰੇ ਜੋ ਲਾਰਾ ਦੇ ਕਮਰੇ ਵਿਚ ਹੋਇਆ ਸੀ, ਉਸ ਬਾਰੇ ਗੱਲ ਕੀਤੀ ਹੈ। ਉਸਨੇ ਮੈਨੂੰ ਤਸੱਲੀ ਦਵਾਈ ਹੈ ਕਿ ਜੋ ਅਨੋਖਾ ਵਿਸ਼ਵਾਸ ਲਾਰਾ ਨੇ ਉਸ ਵਿਚ ਕੀਤਾ ਹੈ, ਉਸ ਨਾਲ ਸਰ ਪਰਸੀਵਲ ਦੇ ਦਿਲ ਵਿਚ ਉਹਦੀ ਨਿਰਦੇਸ਼ਤਾ ਅਤੇ ਸਚਾਈ ਦਾ ਯਕੀਨ ਜਾਗ ਉਠਿਆ ਹੈ, ਉਹਨੇ ਕਿਹਾ, ਕਿ ਉਹਦੇ ਮਨ

ਵਿਚ ਇਕ ਪਲ ਲਈ ਵੀ ਈਰਖਾ ਦੀ ਹੀਣ ਭਾਵਨਾ ਨਹੀਂ ਆਈ, ਨਾਂ ਹੀ ਉਦੋਂ ਜਦੋਂ ਉਹ ਲਾਰਾ ਦੇ ਸਾਹਮਣੇ ਸੀ ਅਤੇ ਨਾ ਹੀ ਪਿਛੋਂ, ਜਦੋਂ ਉਹ ਇਕੱਲਾ ਸੀ। ਉਹ ਇਸ ਮੰਦਭਾਗ ਪਿਆਰ ਲਈ ਬੜਾ ਦੁਖ ਪ੍ਰਗਟ ਕਰ ਰਿਹਾ ਸੀ। ਕਿਉਂਕਿ ਉਂਜ ਸ਼ਾਇਦ ਉਹ ਲਾਰਾ ਦੇ ਦਿਲ ਵਿਚ ਆਪਣੇ ਲਈ ਕੋਈ ਥਾਂ ਬਣਾ ਸਕਦਾ; ਪਰ ਉਹਨੂੰ ਫਿਰ ਵੀ ਇਹ ਵਿਸ਼ਵਾਸ ਸੀ ਕਿ ਲਾਰਾ ਦਾ ਇਹ ਪਿਆਰ ਜਿਵੇਂ ਪਹਿਲਾਂ ਚੁੱਪ ਰਿਹਾ ਸੀ, ਆਉਣ ਵਾਲੇ ਸਮੇਂ ਵਿਚ ਵੀ, ਇਹੀ ਸੰਭਾਵਨਾ ਸੀ, ਕਿ ਉਹ ਇਸ ਤਰ੍ਹਾਂ ਹੀ ਮੌਨ ਰਵ੍ਹੇਗਾ। ਇਹ ਉਹਨੂੰ ਪੱਕਾ ਯਕੀਨ ਸੀ; ਇਸਦਾ ਸਭ ਤੋਂ ਵੱਡਾ ਸਬੂਤ ਉਹ ਇਸ ਤਸੱਲੀ ਨਾਲ ਦਿੰਦਾ ਸੀ, ਕਿ ਉਹਨੂੰ ਇਹ ਜਾਣਨ ਦੀ ਕੋਈ ਚਾਹ ਨਹੀਂ ਸੀ ਕਿ ਇਹ ਪਿਆਰ ਹੁਣੇ-ਹੁਣੇ ਪਿਆ ਸੀ ਜਾਂ ਨਹੀਂ; ਜਾਂ ਇਹ ਪ੍ਰੇਮੀ ਕੌਣ ਸੀ। ਮਿਸ ਫੇਅਰਲੀ ਉਤੇ ਉਹਨੂੰ ਏਨਾ ਇਤਬਾਰ ਸੀ ਕਿ ਜੋ ਕੁਝ ਉਹਨੇ ਠੀਕ ਸਮਝ ਕੇ ਕਿਹਾ ਸੀ, ਉਹਨੂੰ ਉਸ ਨਾਲ ਪੂਰੀ ਤਸੱਲੀ ਸੀ, ਅਤੇ ਉਹ ਇਸ ਤੋਂ ਵੱਧ ਸੁਨਣ ਲਈ ਫਿਕਰਮੰਦ ਨਹੀਂ ਸੀ।

ਇਹ ਸ਼ਬਦ ਕਹਿ ਕੇ ਉਹ ਚੁੱਪ ਹੋ ਗਿਆ ਅਤੇ ਮੇਰੇ ਵੱਲ ਵੇਖਣ ਲੱਗ ਪਿਆ। ਮੈਨੂੰ ਇਸ ਗੱਲ ਦਾ ਅਹਿਸਾਸ ਹੋ ਰਿਹਾ ਸੀ, ਕਿ ਮੇਰੇ ਮਨ ਵਿਚ ਉਸ ਦੇ ਵਿਰੁੱਧ ਜੋ ਵਹਿਮ ਸੀ, ਉਹ ਕਿੰਨਾਂ ਗਲਤ ਸੀ-ਉਹ ਸ਼ੱਕ ਕਿ ਇਹ ਸ਼ਾਇਦ ਆਪਣੇ ਮਨ ਵਿਚ ਇਹ ਖਿਆਲ ਕਰੀ ਬੈਠਾ ਹੋਵੇ ਕਿ ਮੇਰੇ ਮੂੰਹੋਂ ਆਪ ਮੁਹਾਰੇ ਹੀ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਨਿਕਲ ਪੈਣਗੇ। ਜਿਨ੍ਹਾਂ ਬਾਰੇ ਉਹ ਇਹ ਕਹਿ ਰਿਹਾ ਹੈ ਕਿ ਉਹਨੇ ਕਦੀ ਨਹੀਂ ਪੁੱਛਣੇ -, ਮੇਰੇ ਦਿਲ ਵਿਚ ਆਉਣਾ ਉਸ ਨਾਲ ਵਧੀਕੀ ਕਰਨੀ ਸੀ।

ਇਸੇ ਲਈ ਮੈਂ ਕੁਛ ਘਬਰਾਹਟ ਵਿਚ ਆ ਕੇ ਇਸ ਵਿਸ਼ੇ ਬਾਰੇ ਕੋਈ ਗੱਲ ਨਾ ਕੀਤੀ। ਪਰ ਨਾਲ ਹੀ ਮੈਂ ਲਾਰਾ ਦੀ ਸਹਾਇਤਾ ਕਰਨ ਦਾ ਇਹ ਛੋਟਾ ਜਿਹਾ ਮੌਕਾ ਵੀ ਨਹੀਂ ਸਾਂ ਗਵਾਉਣਾ ਚਾਹੁੰਦੀ; ਇਸ ਲਈ ਮੈਂ ਉਹਨੂੰ ਨਿਡਰ ਹੋ ਕੇ ਕਿਹਾ ਕਿ ਮੈਨੂੰ ਦੁੱਖ ਸੀ, ਉਹਦੀ ਉਦਾਰਤਾ ਇਕ ਕਦਮ ਹੋਰ ਅਗੇ ਨਹੀਂ ਗਈ, ਜਿਸ ਨਾਲ ਉਹ ਕੁੜਮਾਈ ਤੋਂ ਇਕਦਮ ਪਿਛੇ ਹਟ ਜਾਂਦਾ।

ਇਥੇ ਮੁੜ ਉਹਨੇ ਆਪਣੇ ਆਪ ਨੂੰ ਬਚਾਉਣ ਦਾ ਕੋਈ ਯਤਨ ਨਾ ਕੀਤਾ, ਜਿਸ ਨਾਲ ਮੈਂ ਵੀ ਨਿਹੱਥੀ ਹੋ ਗਈ। ਉਹਨੇ ਮੈਨੂੰ ਇਹ ਬੇਨਤੀ ਕੀਤੀ ਕਿ ਜੇ ਮਿਸ ਫ਼ੇਅਰਲੀ ਉਹਨੂੰ

ਆਪਣੀ ਮਰਜ਼ੀ ਨਾਲ ਤਿਆਗ ਦਿੰਦੀ ਤਾਂ ਉਹਨੇ ਮੰਨ ਜਾਣਾ ਸੀ, ਪਰ ਜੇ ਹੁਣ ਉਹ ਮਜਬੂਰ ਹੋ ਕੇ ਮਿਸ ਫ਼ੇਅਰਲੀ ਨੂੰ ਤਿਆਗ ਦੇਵੇ, ਤਾਂ ਤੇ ਆਪਣੀ ਹੱਥੀਂ ਆਪਣੀਆਂ ਆਸਾਂ ਦਾ ਖ਼ੂਨ ਕਰਨਾ ਸੀ; ਮਿਸ ਫ਼ੇਅਰਲੀ ਦੇ ਇਕ ਦਿਨ ਪਹਿਲਾਂ ਦੇ ਵਤੀਰੇ ਨੇ ਉਹਦੇ ਦੋ ਸਾਲਾਂ ਦੇ ਪਿਆਰ ਅਤੇ ਪ੍ਰਸੰਸਾ ਨੂੰ ਹੋਰ ਵੀ ਮਜ਼ਬੂਤ ਕਰ ਦਿਤਾ ਸੀ; ਹੁਣ ਉਹ ਆਪਣੀਆਂ ਉਨ੍ਹਾਂ ਭਾਵਨਾਵਾਂ ਦੇ ਵਿਰੁੱਧ ਕੁਛ ਨਹੀਂ ਸੀ ਕਰ ਸਕਦਾ। ਮੈਂ ਜ਼ਰੂਰ ਉਹਨੂੰ ਕਮਜ਼ੋਰ ਅਤੇ ਉਸ ਔਰਤ ਲਈ ਸਵਾਰਥੀ ਖਿਆਲ ਕਰਦੀ ਹੋਵਾਂਗੀ, ਜਿਸਨੂੰ ਉਹ ਦੇਵੀ ਮੰਨ ਕੇ ਪਿਆਰ ਕਰਦਾ ਸੀ, ਪਰ ਉਹ ਮੇਰੀ ਹਾਂ ਵਿਚ ਹਾਂ ਮਿਲਾਕੇ ਹਾਰ ਮੰਨ ਲਵੇਗਾ; ਨਾਲ ਹੀ ਨਾਲ ਉਹ ਮੈਨੂੰ ਇਹ ਕਹੀ ਜਾ ਰਿਹਾ ਸੀ ਕਿ ਜੇ ਲਾਰਾ ਵਿਆਹ ਨਾ ਕਰਵਾਏ, ਅਤੇ ਕਵਾਰੀ ਰਹਿ ਕੇ ਉਸ ਅਭਾਗੇ ਪਿਆਰ ਪਿਛੇ, ਜਿਸਨੂੰ ਉਹ ਖੁੱਲਮਖੁੱਲਾ ਸਵੀਕਾਰ ਨਹੀਂ ਕਰ ਸਕਦੀ, ਤਿਲ ਤਿਲ ਕਰਕੇ ਆਪਣੀ ਜਾਨ ਦੇਵੇ ਤਾਂ ਕੀ ਉਹ ਖੁਸ਼ ਰਵ੍ਹੇਗੀ? ਜਾਂ ਉਹ ਉਸ ਆਦਮੀ ਨਾਲ ਵਿਆਹ ਕਰਵਾ ਕੇ ਰਵ੍ਹੇ, ਜੋ ਉਸ ਧਰਤੀ ਨੂੰ ਪੂਜਦਾ ਹੈ, ਜਿਥੇ ਉਹ ਕਦਮ ਰਖਦੀ ਹੈ, ਉਹਦੇ ਖੁਸ਼ ਰਹਿਣ ਦੀ ਵਧੇਰੇ ਸੰਭਾਵਨਾ ਹੈ? ਜੇ ਉਹ ਦੂਜਾ ਕੰਮ ਕਰੇ ਤਾਂ ਆਸ ਤੇ ਹੈ, ਭਾਵੇਂ ਥੋੜੀ ਹੀ ਸਹੀ, ਪਰ ਜੇ ਉਹ ਕਵਾਰੀ ਹੀ ਰਵ੍ਹੇ ਤਾਂ ਉਹਦੇ ਆਪਣੇ ਕਹਿਣ ਅਨੁਸਾਰ ਹੀ ਬਿਲਕੁਲ ਕੋਈ ਉਮੀਦ ਨਹੀਂ।

ਮੈਂ ਉਹਨੂੰ ਉੱਤਰ ਦਿਤਾ, ਇਸ ਲਈ ਨਹੀਂ ਕਿ ਮੇਰੇ ਕੋਲ ਉਹਨੂੰ ਆਪਣੀ ਮਰਜ਼ੀ ਅਨੁਸਾਰ ਮੰਨਵਾਉਣ ਲਈ ਕੋਈ ਗੱਲ ਹੈ-ਸੀ, ਸਗੋਂ ਇਸ ਲਈ ਕਿ ਮੇਰੀ ਜ਼ੁਬਾਨ ਇਕ ਔਰਤ ਦੀ ਜ਼ੁਬਾਨ ਹੈ ਅਤੇ ਇਹ ਉੱਤਰ ਦਿਤੇ ਬਿਨਾਂ ਰਹਿ ਹੀ ਨਹੀਂ ਸਕਦੀ। ਇਹ ਬਿਲਕੁਲ ਸਾਫ ਸੀ ਕਿ ਲਾਰਾ ਨੇ ਜੋ ਤਰੀਕਾ ਕੱਲ੍ਹ ਅਪਨਾਇਆ ਸੀ, ਉਸ ਨਾਲ ਉਸ ਨੂੰ ਫ਼ਾਇਦਾ ਉਠਾਣ ਦਾ ਮੌਕਾ ਮਿਲ ਸਕਦਾ ਸੀ, ਅਤੇ ਉਸ ਨੇ ਇਹ ਲਾਭ ਉਠਾਉਣ ਦਾ ਫੈਸਲਾ ਕਰ ਲਿਆ ਸੀ। ਮੈਂ ਉਸ ਸਮੇਂ ਵੀ ਇਹ ਗੱਲ ਮਹਿਸੂਸ ਕੀਤੀ ਸੀ ਅਤੇ ਹੁਣ ਜਿਸ ਵੇਲੇ ਆਪਣੇ ਕਮਰੇ ਵਿਚ ਬੈਠੀ ਇਹ ਸਤਰਾਂ ਲਿਖ ਰਹੀ ਹਾਂ, ਇਸ ਗੱਲ ਨੂੰ ਉਸੇ ਤੀਬਰਤਾ ਨਾਲ ਮਹਿਸੂਸ ਕਰਦੀ ਪਈ ਹਾਂ।

ਹੁਣ ਇਕ ਹੀ ਆਸ ਰਹਿ ਗਈ ਹੈ, ਕਿ ਇਸ ਕੁੜਮਾਈ ਰਖਣ ਦਾ ਉਹਦਾ ਇਹ ਮੰਤਵ, ਜਿਵੇਂ ਉਹ ਕਹਿੰਦਾ ਹੈ, ਉਹਦੇ ਲਾਰਾ ਨਾਲ ਡੂੰਘੇ ਪਿਆਰ ਵਿਚੋਂ ਉਗਮਿਆ ਹੈ।

ਅੱਜ ਦੀ ਰਾਤ ਆਪਣੀ ਡਾਇਰੀ ਬੰਦ ਕਰਨ ਤੋਂ ਪਹਿਲਾਂ ਮੈਨੂੰ ਇਹ ਨੋਟ ਕਰਨਾ ਚਾਹੀਦਾ ਹੈ ਕਿ ਅੱਜ ਵਿਚਾਰੇ ਹਾਰਟਰਾਈਟ ਲਈ ਮੈਂ ਆਪਣੀ ਮਾਂ ਦੇ ਦੋ ਪੁਰਾਣੇ ਮਿੱਤਰਾਂ ਨੂੰ ਲੰਦਨ ਵਿਚ ਚਿੱਠੀਆਂ ਲਿਖੀਆਂ ਹਨ, ਇਹ ਦੋਵੇਂ ਬੰਦੇ ਬੜੇ ਉਚੇ ਰੁਤਬੇ ਦੇ ਹਨ ਅਤੇ ਪਹੁੰਚ ਵਾਲੇ ਹਨ। ਜੇ ਉਹ ਉਹਦੇ ਲਈ ਕੁਛ ਕਰ ਸਕਦੇ ਹੋਣਗੇ ਤਾਂ ਮੈਨੂੰ ਆਸ ਹੈ ਕਿ ਜ਼ਰੂਰ ਕਰਨਗੇ। ਲਾਰਾ ਨੂੰ ਛੱਡ ਕੇ, ਮੈਨੂੰ ਹੁਣ ਵਾਲਟਰ ਦੀ ਸਭ ਤੋਂ ਵਧ ਚਿੰਤਾ ਹੈ। ਉਹਦੇ ਜਾਣ ਮਗਰੋਂ ਜੋ ਕੁਛ ਹੋਇਆ ਹੈ, ਉਸ ਨਾਲ ਮੇਰੇ ਦਿਲ ਵਿਚ ਉਹਦੇ ਲਈ ਸਤਿਕਾਰ ਅਤੇ ਪਿਆਰ ਦੂਣਾ ਹੋ ਗਿਆ ਹੈ। ਮੈਨੂੰ ਆਸ ਹੈ ਕਿ ਮੈਂ ਉਹਦੇ ਲਈ ਵਿਦੇਸ਼ ਵਿਚ ਨੌਕਰੀ ਲੱਭਣ ਲਈ ਜੋ ਯਤਨ ਕਰ ਰਹੀ ਹਾਂ। ਠੀਕ ਹੀ ਕਰ ਰਹੀ ਹਾਂ-ਅਤੇ ਮੈਂ ਆਸ ਕਰਦੀ ਹਾਂ, ਬੜੀ ਤੀਬਰਤਾ ਅਤੇ ਫਿਕਰ ਨਾਲ, ਕਿ ਇਸ ਦਾ ਅੰਤ ਸੁਖਦਾਈ ਹੀ ਹੋਵੇ।

ਯਾਰਾਂ ਨਵੰਬਰ ਸਰ ਪਰਸੀਵਲ ਮਿਸਟਰ ਫ਼ੇਅਰਲੀ ਨੂੰ ਮਿਲਿਆ ਹੈ ਅਤੇ ਮੈਨੂੰ ਵੀ ਉਨ੍ਹਾਂ ਬੁਲਾ ਭੇਜਿਆ ਸੀ। ਮੈਂ ਵੇਖਿਆ ਕਿ ਮਿਸਟਰ ਫ਼ੇਅਰਲੀ 'ਟੱਬਰ ਦਾ ਫਿਕਰ' ਲਹਿ ਜਾਣ ਦੇ ਖਿਆਲ ਨਾਲ (ਉਹ ਆਪਣੀ ਭਤੀਜੀ ਦੇ ਵਿਆਹ ਨੂੰ 'ਫਿਕਰ' ਹੀ ਕਿਹਾ ਕਰਦਾ ਸੀ) ਬੜਾ ਸੁਖਾਲਾ ਮਹਿਸੂਸ ਕਰ ਰਿਹਾ ਸੀ। ਵਿਆਹ ਤਹਿ ਹੋ ਜਾਣ ਨਾਲ ਉਹਦਾ ਭਾਰ ਲਥ ਗਿਆ ਸੀ। ਇਥੋਂ ਤਕ ਤੇ ਮੈਂ ਉਹਦੀ ਗੱਲ ਬਾਰੇ ਆਪਣੀ ਰਾਏ ਪ੍ਰਗਟ ਨਹੀਂ ਸੀ ਕੀਤੀ; ਪਰ ਜਦੋਂ ਉਹਨੇ ਆਪਣੇ ਬੜੇ ਹੀ ਖਿਝਾਉਣ ਵਾਲੇ ਸੁਸਤ ਢੰਗ ਨਾਲ ਇਹ ਸੁਝਾ ਦਿਤਾ ਕਿ ਵਿਆਹ ਦੀ ਤਾਰੀਖ਼ ਸਰ ਪਰਸੀਵਲ ਦੀ ਮਰਜ਼ੀ ਅਨੁਸਾਰ ਨੀਯਤ ਕੀਤੀ ਜਾਵੇ, ਤਾਂ ਮੈਂ ਵੀ ਇਸ ਦਾ ਵਿਰੋਧ ਚੰਗੇ ਜ਼ੋਰਦਾਰ ਤਰੀਕੇ ਨਾਲ ਕਰਕੇ ਮਿਸਟਰ ਫ਼ੇਅਰਲੀ ਦੇ 'ਨਰਵਜ਼' ਨੂੰ ਚੰਗਾ ਧੱਕਾ ਪਹੁੰਚਾਉਣ ਦੀ ਤਸੱਲੀ ਹਾਸਲ ਕੀਤੀ, ਅਤੇ ਕਿਹਾ ਕਿ ਇਸ ਤਰ੍ਹਾਂ ਉਹ ਲਾਰਾ ਦੀ ਮਰਜ਼ੀ ਦੇ ਖ਼ਿਲਾਫ਼ ਕਾਹਲੀ ਨਹੀਂ ਕਰ ਸਕਦਾ। ਸਰ ਪਰਸੀਵਲ ਨੇ ਮੈਨੂੰ ਫੌਰਨ ਧਰਵਾਸ ਦਿਤੀ ਕਿ ਉਹ ਮੇਰੇ ਇਤਰਾਜ਼ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਇਹ ਵਿਸ਼ਵਾਸ ਕਰਨ ਲਈ ਬੇਨਤੀ ਕੀਤੀ ਕਿ ਇਸ ਸਲਾਹ ਬਾਰੇ ਉਹਨੇ ਦਖਲ ਨਹੀਂ ਸੀ ਦਿਤਾ। ਮਿਸਟਰ ਫ਼ੇਅਰਲੀ ਆਪਣੀ ਕੁਰਸੀ ਵਿਚ ਢੋਅ ਲਾ ਕੇ ਲੇਟ ਗਿਆ ਅਤੇ ਅੱਖਾਂ ਬੰਦ ਕਰਕੇ ਬੋਲਿਆ ਕਿ ਅਸੀਂ ਦੋਵੇਂ

ਮਨੁੱਖੀ ਸਭਾ ਦੇ ਚੰਗੇ ਨਮੂਨੇ ਸਾਂ ਅਤੇ ਫਿਰ ਮੁੜ ਕੇ ਉਹਨੇ ਉਹੀ ਸੁਝਾਅ ਇੰਜ ਪੇਸ਼ ਕੀਤਾ ਜਿਵੇਂ ਮੈਂ ਅਤੇ ਸਰ ਪਰਸੀਵਲ ਨੇ ਉਹਦੇ ਵਿਰੋਧ ਵਿਚ ਕੁਝ ਕਿਹਾ ਹੀ ਨਹੀਂ ਸੀ। ਇਸ ਦਾ ਅੰਤ ਇਹ ਹੋਇਆ ਕਿ ਮੈਂ ਬਿਲਕੁਲ ਸਾਫ ਨਾਂਹ ਕਰ ਦਿੱਤੀ ਕਿ ਮੈਂ ਲਾਰਾ ਨੂੰ ਇਹਦੇ ਬਾਰੇ ਕੁਝ ਕਹਾਂਗੀ, ਜਦੋਂ ਤੀਕ ਉਹ ਆਪ ਹੀ ਆ ਕੇ ਮੈਨੂੰ ਨਾ ਪੁਛੇ। ਮੈਂ ਇਹ ਕਹਿ ਕੇ ਕਮਰੇ ਵਿਚੋਂ ਫ਼ੋਰਨ ਬਾਹਰ ਆ ਗਈ। ਸਰ ਪਰਸੀਵਲ ਬੜਾ ਦੁੱਖੀ ਅਤੇ ਉਲਝਣ ਵਿਚ ਪਿਆ ਦਿੱਸਦਾ ਸੀ। ਮਿਸਟਰ ਫੇਅਰਲੀ ਨੇ ਆਪਣੀਆਂ ਸਮੇਤ ਲੱਤਾਂ ਆਪਣੇ ਵੈਲਵੈਟ ਦੇ ਸਟੂਲ ਤੇ ਲੰਬੀਆਂ ਕੀਤੀਆਂ ਅਤੇ ਕਿਹਾ, "ਪਿਆਰੀ ਮੇਰੀਅਨ ! ਮੈਨੂੰ ਤੇਰੇ ਤਗੜੇ 'ਨਰਵਜ' ਨਾਲ ਸਾੜਾ ਹੁੰਦਾ ਹੈ। ਦਰਵਾਜ਼ੇ ਨੂੰ ਜ਼ੋਰ ਨਾਲ ਬੰਦ ਨਾ ਕਰੀ !"

ਲਾਰਾ ਦੇ ਕਮਰੇ ਵਿਚ ਜਾਣ ਤੇ ਪਤਾ 'ਲੱਗਾ ਕਿ ਉਹ ਮੈਨੂੰ ਲੱਭ ਰਹੀ ਸੀ, ਅਤੇ ਮਿਸੇਜ਼ ਵੈਸੀ ਨੇ ਉਹਨੂੰ ਦੱਸਿਆ ਸੀ ਕਿ ਮੈਂ ਮਿਸਟਰ ਫ਼ੇਅਰਲੀ ਕੋਲ ਸਾਂ। ਉਹਨੇ ਇਹ ਪੁੱਛਿਆ ਕਿ ਮੈਂ ਉਥੇ ਕਿਉਂ ਗਈ ਸੀ; ਅਤੇ ਮੈਂ ਉਹਨੂੰ ਉਹ ਸਭ ਦੱਸ ਦਿੱਤਾ ਜੋ ਉਥੋਂ ਹੋਇਆ ਸੀ, ਅਤੇ ਉਹਦੇ ਕੋਲੋਂ ਉਹ ਗੁੱਸਾ ਵੀ ਛਪਾਉਣ ਦੀ ਕੋਈ ਕੋਸ਼ਿਸ਼ ਨਾਂ ਕੀਤੀ, ਜੋ ਮੈਨੂੰ ਚੜਿਆ ਸੀ। ਉਹਦੇ ਉੱਤਰ ਨਾਲ ਮੈਨੂੰ ਹੈਰਾਨੀ ਵੀ ਹੋਈ ਅਤੇ ਦੁੱਖ ਵੀ ਏਨਾ ਕਿ ਮੈਂ ਦੱਸ ਨਹੀਂ ਸਕਦੀ; ਉਹਦੇ ਕੋਲੋਂ ਮੈਨੂੰ ਇਸ ਉੱਤਰ ਦੀ ਕਦੀ ਵੀ ਆਸ ਨਹੀਂ ਸੀ ਹੋ ਸਕਦੀ।

"ਮੇਰਾ ਚਾਚਾ ਠੀਕ ਹੀ ਕਹਿੰਦਾ ਹੈ, ਉਹ ਬੋਲੀ, 'ਮੈਂ ਤੁਹਾਡੇ ਸਭ ਲਈ ਬਹੁਤ ਜ਼ਿਆਦਾ ਤਕਲੀਫ਼ ਅਤੇ ਚਿੰਤਾ ਦਾ ਕਾਰਣ ਬਣ ਚੁੱਕੀ ਹਾਂ ਅਤੇ ਹੁਣ ਮੈਂ ਕਿਸੇ ਨੂੰ ਕੋਈ ਤਕਲੀਫ ਨਾ ਦਿਆਂਗੀ।"

ਉਹ ਕਦੀ ਹਰ ਇਕ ਗੱਲ ਮੰਨ ਲਿਆ ਕਰਦੀ ਸੀ; ਪਰ ਹੁਣ ਉਹ ਆਪਣੀ ਡੋਰੀ ਰੱਬ ਤੇ ਸੁੱਟ ਬੜੀ ਦ੍ਰਿੜ ਹੋ ਗਈ ਸੀ--ਮੈਂ ਤੇ ਇਹ ਕਹਾਂਗੀ ਕਿ ਉਹ ਆਪਣੇ ਦੁੱਖ ਅਤੇ ਨਿਰਾਸ਼ਾ ਵਿਚ ਕਰੜੀ ਹੋ ਗਈ ਸੀ। ਮੈਂ ਉਸਨੂੰ ਭਾਵੇਂ ਕਿੰਨਾਂ ਹੀ ਪਿਆਰ ਕਰਦੀ ਹਾਂ, ਪਰ ਮੈਨੂੰ ਘੱਟ ਪੀੜ ਹੁੰਦੀ, ਜੇ ਉਹ ਰੋਂਦੀ ਧੋਂਦੀ ਅਤੇ ਘਬਰਾਉਂਦੀ; ਇਹ ਉਹਦੇ ਸਭਾ ਵਿਚ ਹੀ ਨਹੀਂ ਸੀ ਕਿ ਉਹ ਇੰਜ ਆਪਣੇ ਆਪ ਨਾਲ ਬੇਰੁੱਖੀ ਵਰਤੇ ਅਤੇ ਕੋਈ ਪ੍ਰਵਾਹ ਨਾ ਕਰੇ - ਇਹ ਰੂਪ ਉਹਦੇ ਅਸਲ ਰੂਪ ਤੋਂ ਬਿਲਕੁਲ ਇਕ ਭਿੰਨ ਰੂਪ ਸੀ।

ਬਾਰਾਂ ਨਵੰਬਰ- ਸਰ ਪਰਸੀਵਲ ਨੇ ਨਾਸ਼ਤੇ ਵੇਲੇ ਮੇਰੇ ਤੋਂ ਲਾਰਾ ਬਾਰੇ ਕੁਝ ਪ੍ਰਸ਼ਨ ਪੁੱਛੇ, ਜਿਸ ਕਰਕੇ ਮੈਨੂੰ ਉਹ ਸਭ ਦੱਸਣਾ ਪਿਆ ਜੋ ਲਾਰਾ ਨੇ ਕਿਹਾ ਸੀ।

ਅਜੇ ਅਸੀਂ ਗੱਲਾਂ ਕਰ ਹੀ ਰਹੇ ਸਾਂ, ਕਿ ਉਹ ਆਪ ਹੀ ਹੇਠਾਂ ਆ ਗਈ ਅਤੇ ਸਾਡੇ ਕੋਲ ਆ ਬੈਠੀ। ਉਹ ਸਰ ਪਰਸੀਵਲ ਦੀ ਹਾਜ਼ਰੀ ਵਿਚ ਵੀ ਉਵੇਂ ਹੀ ਆਪਣੇ ਸੁਭਾ ਤੋਂ ਉਲਟ ਬੜੀ ਸ਼ਾਂਤ ਬੈਠੀ ਰਹੀ, ਜਿਵੇਂ ਮੇਰੇ ਨਾਲ ਕੱਲ੍ਹ ਸੀ ਜਦੋਂ ਨਾਸ਼ਤਾ ਖਤਮ ਹੋ ਗਿਆ ਤਾਂ ਸਰ ਪਰਸੀਵਲ ਨੂੰ ਮੌਕਾ ਮਿਲ ਗਿਆ ਕਿ ਉਹ ਉਹਦੇ ਨਾਲ ਇਕੱਲਿਆਂ ਗੱਲ ਕਰ ਸਕੇ,- ਇਕ ਖਿੜਕੀ ਦੇ ਕੋਲ ਉਹ ਦੋ ਤਿੰਨ ਮਿੰਟ ਖੜੇ ਰਹੇ; ਵੱਖ ਹੋਣ ਤੇ ਉਹ ਮਿਸਿਜ਼ ਵੈਸੀ ਨਾਲ ਚਲੀ ਗਈ ਅਤੇ ਸਰ ਪਰਸੀਵਲ ਮੇਰੇ ਕੋਲ ਆ ਗਿਆ। ਉਹਨੇ ਮੈਨੂੰ ਦੱਸਿਆ ਕਿ ਉਹ ਲਾਰਾ ਨੂੰ ਮਿੰਨਤ ਕਰ ਰਿਹਾ ਸੀ, ਕਿ ਉਹ ਵਿਆਹ ਦੀ ਤਾਰੀਖ਼ ਆਪਣੀ ਮਰਜ਼ੀ ਅਤੇ ਖੁਸ਼ੀ ਨਾਲ ਪੱਕੀ ਕਰੇ। ਉੱਤਰ ਵਿਚ ਉਹਨੇ ਧੰਨਵਾਦ ਕੀਤਾ ਹੈ ਅਤੇ ਇਹ ਕਿਹਾ ਹੈ ਕਿ ਸਰ ਪਰਸੀਵਲ ਆਪਣੀ ਮਰਜ਼ੀ ਮਿਸ ਹਾਲਕੌਂਬ ਨੂੰ ਦੱਸ ਦੇਵੇ।

ਮੇਰੇ ਵਿਚ ਹੁਣ ਹੋਰ ਲਿਖਣ ਦਾ ਸਬਰ ਨਹੀਂ। ਇਸ ਮਾਮਲੇ ਵਿਚ ਵੀ ਹੋਰ ਗੱਲਾਂ ਵਾਂਗ ਸਰ ਪਰਸੀਵਲ ਆਪਣੀ ਜ਼ਿੱਦ ਵਿਚ ਜਿੱਤ ਗਿਆ ਹੈ, ਅਤੇ ਮੈਂ ਜੋ ਵੀ ਕਵਾਂ, ਜਾਂ ਕਰਾਂ-ਉਹਦੇ ਬਾਵਜੂਦ ਵੀ ਸਰ ਪਰਸੀਵਲ ਨੇ ਆਪਣੇ ਸਿਰ ਤੇ ਕੋਈ ਗੱਲ ਨਹੀਂ ਆਣ ਦਿੱਤੀ; ਅਤੇ ਬੜੀ ਸੂਝ ਨਾਲ ਉਹਨੇ ਆਪਣੀ ਹਰ ਇਕ ਗੱਲ ਮੰਨਵਾ ਲਈ ਹੈ। ਉਹਦੀ ਖਵਾਹਿਸ਼ ਹੁਣ ਵੀ ਉਹੀ ਹੈ। ਜੋ ਉਦੋਂ ਸੀ, ਜਦੋਂ ਉਹ ਪਹਿਲਾਂ ਇੱਥੇ ਆਇਆ ਸੀ; ਅਤੇ ਲਾਰਾ ਵਿਆਹ ਦੀ ਕੁਰਬਾਨੀ ਦੇਣੀ ਮੰਨ ਕੇ ਹੁਣ ਬਿਲਕੁਲ ਚੁੱਪ ਚਾਪ ਅਤੇ ਬੇਪਰਵਾਹ ਹੋ ਗਈ ਹੈ ਜਾਪਦਾ ਹੈ ਉਹਨੇ ਉਹ ਕੰਮ ਛੱਡ ਕੇ ਅਤੇ ਉਨ੍ਹਾਂ ਨਿਸ਼ਾਨੀਆਂ ਤੋਂ ਵੱਖ ਹੋ ਕੇ, ਜਿਸ ਨਾਲ ਉਹਨੂੰ ਹਾਰਟਰਾਈਟ ਦੀ ਯਾਦ ਆਉਂਦੀ ਸੀ, ਆਪਣੀ ਕੋਮਲਤਾ, ਪਿਆਰ ਅਤੇ ਪ੍ਰਭਾਵ ਪਾਉਣ ਦੀ ਸ਼ਕਤੀ ਨੂੰ ਵੀ ਆਪਣੇ ਤੋਂ ਵੱਖ ਕਰ ਦਿੱਤਾ ਹੈ। ਮੇਰੇ ਇਹ ਸਤਰਾਂ ਲਿਖਦਿਆਂ ਅਜੇ ਦੁਪਿਹਰ ਦੇ ਤਿੰਨ ਹੀ ਵਜੇ ਹਨ, ਅਤੇ ਸਰ ਪਰਸੀਵਲ ਇਕ ਲਾੜੇ ਦੀ ਖ਼ੁਸ਼ੀ ਭਰੀ ਕਾਹਲੀ ਨਾਲ ਹੈਂਪਸ਼ਾਇਰ ਚਲਾ ਗਿਆ ਹੈ, ਤਾਂ ਜੋ ਉਹ ਆਪਣੀ ਪਤਨੀ ਦਾ ਸਵਾਗਤ ਕਰਨ ਲਈ ਆਪਣਾ ਘਰ ਤਿਆਰ ਕਰਵਾ ਸਕੇ। ਜੇ ਹੁਣ ਕੋਈ ਵਿਜਿਤ ਘਟਨਾ ਵਾਪਰੇ ਤਾਂ ਉਹਨਾਂ ਦਾ ਵਿਆਹ ਬਿਲਕੁਲ ਉਸੇ ਸਮੇਂ ਹੋਵੇਗਾ, ਜਦੋਂ ਸਰ ਪਰਸੀਵਲ ਚਾਹੁੰਦਾ

ਸੀ-ਇਸ ਸਾਲ ਦੇ ਅੰਤ ਤੋਂ ਪਹਿਲਾਂ ਪਹਿਲਾਂ। ਇਹ ਲਿਖਦਿਆਂ ਲਿਖਦਿਆਂ ਮੇਰੀਆਂ ਉਂਗਲਾਂ ਬਲ ਰਹੀਆਂ ਹਨ।

ਤੇਰਾਂ ਨਵੰਬਰ ਲਾਰਾ ਦੀ ਚਿੰਤਾ ਵਿਚ ਮੈਨੂੰ ਨੀਂਦ ਨਹੀਂ ਆਈ। ਪਹੁ ਫੁੱਟਣ ਵੇਲੇ ਤੀਕ ਮੈਂ ਇਹ ਸੋਚ ਲਿਆ ਸੀ ਕਿ ਮੈਂ ਹੁਣ ਲਾਰਾ ਨੂੰ ਕਿਧਰੇ ਹੋਰ ਲੈ ਜਾਵਾਂਗੀ। ਸ਼ਾਇਦ ਉਹ ਕੁਝ ਆਪਣੇ ਆਲੇ ਦੁਆਲੇ ਨੂੰ ਬਦਲਿਆਂ ਵੇਖ ਕੇ ਆਪਣੇ ਲਈ ਕੁਝ ਕਰੇ। ਉਹ ਸਦਾ ਹੁਣ ਇਸ ਅਭਿੱਜਤਾ ਅਤੇ ਚੇਤਨਹੀਨਤਾ ਦੀ ਬੇਹੋਸ਼ੀ ਵਿਚ ਨਹੀਂ ਡੁੱਬੀ ਰਹਿ ਸਕਦੀ, ਮੈਂ ਉਹਨੂੰ ਪੁਰਾਣੇ ਮਿੱਤਰਾਂ ਦੇ ਵਿਚ ਲੈ ਜਾਵਾਂ ਤਾਂ ਸ਼ਾਇਦ ਉਹ ਠੀਕ ਹੋ ਜਾਏ। ਕੁਝ ਸੋਚ ਵਿਚਾਰ ਕਰਨ ਮਗਰੋਂ ਮੈਂ ਯੋਰਕਸ਼ਾਇਰ ਵਿਚ ਆਰਨੋਲਡ ਟੱਬਰ ਨੂੰ ਚਿੱਠੀ ਲਿੱਖੀ। ਉਹ ਸਿਧੇ ਸਾਦੇ, ਚੰਗੇ ਦਿਲ ਵਾਲੇ ਅਤੇ ਹੱਸ ਕੇ ਜੀ ਆਇਆਂ ਕਹਿਣ ਵਾਲੇ ਲੋਕ ਹਨ; ਅਤੇ ਲਾਰਾ ਉਨ੍ਹਾਂ ਨੂੰ ਬਚਪਨ ਤੋਂ ਜਾਣਦੀ ਹੈ। ਮੈਂ ਚਿੱਠੀ ਡਾਕ ਵਿਚ ਪਾਣ ਦੇ ਮਗਰੋਂ ਉਹਨੂੰ ਦੱਸਿਆ ਕਿ ਮੈਂ ਕੀ ਕਰ ਕੇ ਆਈ ਹਾਂ। ਜੇ ਉਹ ਕੋਈ ਇਤਰਾਜ ਮੇਰੇ ਅੱਗੇ ਰੱਖਦੀ ਅਤੇ ਨਾ ਜਾਣ ਲਈ ਜ਼ਿੱਦ ਕਰਦੀ ਤਾਂ ਵੀ ਮੈਨੂੰ ਕੁਝ ਆਰਾਮ ਆਉਂਦਾ; ਪਰ ਨਹੀਂ ਉਹ ਸਿਰਫ ਏਨਾ ਹੀ ਬੋਲੀ, ਮੈਂ ਤੇਰੇ ਨਾਲ ਕਿਧਰ ਵੀ ਚਲੀ ਚਲਾਂਗੀ, ਮੈਰੀਅਮ। ਸ਼ਾਇਦ ਤੂੰ ਠੀਕ ਹੀ ਕਹਿ ਰਹੀ ਹੈ, ਸ਼ਾਇਦ ਕਿਧਰੇ ਬਾਹਰ ਜਾਣਾ ਮੇਰੇ ਲਈ ਚੰਗਾ ਹੀ ਸਾਬਤ ਹੋਵੇ।"

ਚੌਦਾਂ ਨਵੰਬਰ-ਮੈਂ ਮਿਸਟਰ ਗਿਲਮੌਰ ਨੂੰ ਚਿੱਠੀ ਲਿਖੀ, ਅਤੇ ਇਹ ਖ਼ਬਰ ਦਿੱਤੀ ਕਿ ਇਹ ਵਿਆਹ ਹੋਣਾ ਨਿਯਤ ਹੋ ਚੁੱਕਾ ਹੈ, ਅਤੇ ਮੈਂ ਲਾਰਾ ਦਾ ਹਵਾ ਪਾਣੀ ਬਦਲਣ ਦੇ ਵਿਚਾਰ ਨਾਲ ਬਾਹਰ ਜਾ ਰਹੀ ਹਾਂ। ਸਭ ਗੱਲਾਂ ਖੋਲ ਕੇ ਲਿਖਣ ਦਾ ਮੇਰਾ ਹੌਸਲਾ ਹੀ ਨਹੀਂ ਸੀ ਪੈ ਰਿਹਾ। ਜਦੋਂ ਸਾਲ ਦੇ ਅੰਤ ਵਿਚ ਅਸੀਂ ਮਿਲਾਗੇ, ਉਦੋਂ ਇਨ੍ਹਾਂ ਗੱਲਾਂ ਲਈ ਬਥੇਰਾ ਸਮਾਂ ਹੋਵੇਗਾ।

ਪੰਦਰਾਂ ਨਵੰਬਰ ਮੇਰੇ ਲਈ ਤਿੰਨ ਚਿੱਠੀਆਂ ਆਈਆਂ ਹਨ। ਪਹਿਲੀ ਆਰਨੋਲਡ ਦੀ ਹੈ ਜਿਸ ਸਾਨੂੰ ਮਿਲਣ ਦੇ ਖਿਆਲ ਨਾਲ ਖੁਸ਼ੀ ਪ੍ਰਗਟ ਕੀਤੀ ਹੈ; ਦੂਜੀ ਉਸ ਬੰਦੇ ਦੀ ਹੈ, ਜਿਸਨੂੰ ਮੈਂ ਹਾਰਟਰਾਈਟ ਬਾਰੇ ਲਿਖਿਆ ਸੀ, ਜਿਸ ਵਿਚ ਉਹਨੇ ਲਿਖਿਆ ਹੈ ਕਿ ਉਹਨੂੰ ਮੇਰੀ ਗੱਲ ਮੰਨਣ ਦਾ ਮੌਕਾ ਮਿਲ ਗਿਆ ਸੀ। ਤੀਜੀ ਚਿੱਠੀ ਵਾਲਟਰ ਦੀ ਹੈ, ਅਤੇ ਉਹਨੇ ਬੜੇ ਨਿੱਘ ਨਾਲ ਮੇਰਾ ਧੰਨਵਾਦ ਕੀਤਾ ਹੈ ਕਿ ਮੈਂ ਉਹਨੂੰ ਆਪਣਾ ਘਰ, ਮਿੱਤਰ ਅਤੇ ਦੇਸ਼ ਨੂੰ ਛੱਡਣ ਦਾ ਮੌਕਾ ਲੱਭ ਕੇ ਦਿੱਤਾ ਹੈ। ਮੱਧ-ਅਮਰੀਕਾ ਦੇ ਖੰਡਹਰ ਸ਼ਹਿਰਾਂ ਦੀ ਖੁਦਾਈ ਕਰਨ

ਲਈ ਕਈ ਪ੍ਰਾਈਵੇਟ ਮੁਹਿੰਮ ਲਿਵਰਪੂਲ ਤੋਂ ਜਹਾਜ਼ ਰਾਹੀਂ ਜਾ ਰਹੀ ਸੀ। ਜਿਹੜਾ ਨਕਸ਼ਾ ਨਵੀਸ ਨੌਕਰ ਰੱਖਿਆ ਗਿਆ ਸੀ, ਉਹ ਸਮੇਂ ਸਿਰ ਦਿਲ ਹਾਰ ਬੈਠਾ ਅਤੇ ਉਹਨੂੰ ਜਾਣ ਲਈ ਨਾਂਹ ਕਰ ਦਿੱਤੀ ਅਤੇ ਵਾਲਟਰ ਨੂੰ ਉਸਦੀ ਥਾਂ ਦੇ ਦਿੱਤੀ ਗਈ ਸੀ। ਉਹਨੂੰ ਛੇ ਮਹੀਨੇ ਲਈ ਨੌਕਰ ਰੱਖਿਆ ਗਿਆ, ਅਤੇ ਇਹ ਸਮਾਂ ਉਹਦੇ ਹੋਂਡੂਰਸ ਪੁੱਜਣ ਤੇ ਗਿਣਿਆ ਜਾਏਗਾ। ਜੇ ਖੁਦਾਈ ਵਿਚ ਇਹ ਮੁਹਿੰਮ ਸਫਲ ਹੋਈ ਅਤੇ ਪੈਸੇ ਪੂਰੇ ਹੋਏ, ਇਹ ਨੌਕਰੀ ਇਕ ਸਾਲ ਤਕ ਵੀ ਚਲ ਸਕਦੀ ਸੀ। ਉਹ ਚਿੱਠੀ ਦੇ ਅੰਤ ਵਿਚ ਇਕਰਾਰ ਕਰਦਾ ਹੈ, ਕਿ ਉਹ ਜਦੋਂ ਜਹਾਜ਼ ਤੇ ਚੜੇਗਾ ਤਾਂ ਵਿਦਾਈ ਦੀ ਚਿੱਠੀ ਜਰੂਰ ਲਿਖੇਗਾ। ਮੈਂ ਸਿਰਫ ਆਸ ਅਤੇ ਦਿਲੋਂ ਅਰਦਾਸ ਹੀ ਕਰ ਸਕਦੀ ਹਾਂ, ਕਿ ਅਸੀਂ ਦੋਵੇ ਉਹੀ ਕਰ ਰਹੇ ਹਾਂ ਜਿਸ ਵਿਚ ਸਭ ਦਾ ਭਲਾ ਹੈ। ਉਹ ਬੜਾ ਹੀ ਗੰਭੀਰ ਕਦਮ ਚੁੱਕ ਰਿਹਾ ਹੈ, ਅਤੇ ਇਸ ਦਾ ਖਿਆਲ ਕਰਕੇ ਹੀ ਮੈਂ ਤੇ ਤ੍ਰਭਕਦੀ ਹਾਂ। ਪਰ ਤਾਂ ਵੀ, ਉਹਦੀ ਇਹ ਦੁੱਖ ਭਰੀ ਸਥਿੱਤੀ ਵਿਚ ਮੈਂ ਇਹ ਖਵਾਹਿਸ਼ ਵੀ ਕਿਵੇਂ ਕਰ ਸਕਦੀ ਹਾਂ, ਕਿ ਉਹ ਘਰ ਹੀ ਰਵ੍ਹੇ?

ਸੌਲਾਂ ਨਵੰਬਰ-ਬੱਘੀ ਦਰਵਾਜ਼ੇ ਤੇ ਪੁੱਜ ਚੁੱਕੀ ਹੈ। ਅੱਜ ਲਾਰਾ ਅਤੇ ਮੈਂ ਦੋਵੇਂ ਆਰਨਲਡ ਦੇ ਘਰ ਜਾ ਰਹੇ ਹਾਂ।

ਪੋਲਿਸਡੀਨਲਜ ਯੋਰਕਾਸ਼ਾਇਰ

ਤਈ ਨਵੰਬਰ-ਇਸ ਨਵੀਂ ਥਾਂ ਅਤੇ ਇਨ੍ਹਾਂ ਲੋਕਾਂ ਵਿਚਕਾਰ ਆ ਕੇ ਲਾਰਾ ਵਿਚ ਕੁਝ ਫਰਕ ਪਿਆ ਹੈ। ਪਰ ਜਿੰਨੀ ਮੈਨੂੰ ਆਸ ਸੀ ਉਨ੍ਹਾਂ ਨਹੀਂ। ਮੈਂ ਸੋਚਿਆ ਹੈ ਕਿ ਅਸੀਂ ਇਕ ਹਫਤਾ ਹੋਰ ਇਥੇ ਰਵਾਂਗੀਆਂ। ਲਿਮਰਿਜ ਵਾਪਸ ਜਾਣਾ ਉਦੋਂ ਤੀਕ ਵਿਅਰਥ ਹੈ, ਜਦੋਂ ਤਕ ਸਾਡਾ ਵਾਪਸ ਜਾਣਾ ਉਨਾ ਹੀ ਜ਼ਰੂਰੀ ਨਹੀਂ ਹੋ। ਜਾਂਦਾ।

ਚੌਵੀ ਨਵੰਬਰ - ਅੱਜ ਦੀ ਚਿੱਠੀ ਰਾਹੀਂ ਦੁੱਖਭਰੀ ਖ਼ਬਰ ਆਈ ਹੈ। ਮੱਧ-ਅਮਰੀਕਾ ਨੂੰ ਮੁਹਿੰਮ ਇੱਕੀ ਤਾਰੀਖ ਰਵਾਨਾ ਹੋ ਗਈ ਹੈ। ਅੱਜ ਅਸੀਂ ਇਕ ਸੱਚੇ ਆਦਮੀ ਤੋਂ ਨਿਖੜ ਗਈਆਂ ਹਾਂ; ਅਸੀਂ ਇਕ ਸੱਚਾ ਅਤੇ ਵਫ਼ਾਦਾਰ ਮਿੱਤਰ ਗਵਾ ਬੈਠੀਆਂ ਹਾਂ। ਵਾਲਟਰ ਹਾਰਟਰਾਈਟ ਇੰਗਲੈਂਡ ਤੋਂ ਬਾਹਰ ਚਲਾ ਗਿਆ ਹੈ।

ਪੰਝੀ ਨਵੰਬਰ-ਕੱਲ੍ਹ ਉਦਾਸ ਖ਼ਬਰ ਸੀ; ਅੱਜ ਨਹਿਸ਼ ਖਬਰ ਆਈ ਹੈ। ਸਰ ਪਰਸੀਵਲ ਗਲਾਈਡ ਨੇ ਮਿਸਟਰ ਫ਼ੇਅਰਲੀ ਨੂੰ ਚਿੱਠੀ ਲਿਖੀ ਸੀ, ਅਤੇ ਮਿਸਟਰ ਫੇਅਰਲੀ ਨੇ ਸਾਨੂੰ ਚਿੱਠੀ ਲਿਖ ਕੇ ਫ਼ੌਰਨ ਲਿਮਰਿਜ ਵਾਪਸ ਬੁਲਾਇਆ ਹੈ।

ਇਸ ਦਾ ਕੀ ਮਤਲਬ ਹੈ? ਕੀ ਵਿਆਹ ਦੀ ਤਾਰੀਖ ਸਾਡੀ ਗੈਰ-ਹਾਜ਼ਰੀ ਵਿਚ ਹੀ ਤਹਿ ਕੀਤੀ ਜਾ ਚੁੱਕੀ ਹੈ?

11 ਲਿਮਰਿਜ ਹਾਊਸ

ਸਤਾਈ ਨਵੰਬਰ-ਅੱਜ ਹੀ ਮੇਰਾ ਮੱਥਾ ਨਹੀਂ ਸੀ ਠਣਕ ਰਿਹਾ; ਵਿਆਹ ਦੀ ਤਾਰੀਖ ਬਾਈ ਦਸੰਬਰ ਨੀਯਤ ਕੀਤੀ ਜਾ ਚੁੱਕੀ ਹੈ

ਸਾਡੇ ਪੌਲਿਸਡੀਨ ਲੌਜ ਜਾਣ ਦੇ ਦੂਜੇ ਦਿਨ ਹੀ ਜਾਪਦਾ ਹੈ ਕਿ ਸਰ ਪਰਸੀਵਲ ਨੇ ਮਿਸਟਰ ਫ਼ੇਅਰਲੀ ਨੂੰ ਚਿੱਠੀ ਲਿਖੀ ਅਤੇ ਦੱਸਿਆ ਕਿ ਹੈਂਪਾਸ਼ਾਇਰ ਵਿਚ ਉਹਦੇ ਘਰ ਵਿਚ ਮੁਰੰਮਤ ਅਤੇ ਤੋੜ ਫੋੜ ਹੋ ਰਹੀ ਹੈ। ਜਿਸ ਵਿਚ ਉਹਦੀ ਉਮੀਦ ਤੋਂ ਵਧੇਰ ਸਮਾਂ ਲਗੇਗਾ। ਜਿੰਨੀ ਜਲਦੀ ਸੰਭਵ ਹੋ ਸਕੇਗਾ ਮੁਰੰਮਤ ਉਤੇ ਖਰਚ ਦਾ ਠੀਕ ਠੀਕ ਅਨੁਮਾਨ ਉਹਨੂੰ ਦਿੱਤਾ ਜਾਵੇਗਾ, ਅਤੇ ਉਹਨੂੰ ਠੇਕੇਦਾਰ ਨਾਲ ਇੰਤਜਾਮ ਕਰਨ ਲਈ ਇਹ ਪਤਾ ਹੋਣਾ ਚਾਹੀਦਾ ਹੈ ਕਿ ਵਿਆਹ ਕਦੋਂ ਤੱਕ ਹੋਣਾ ਹੈ। ਇਸ ਤਰ੍ਹਾਂ ਉਹ ਸਮੇਂ ਦਾ ਠੀਕ ਹਿਸਾਬ ਕਿਤਾਬ ਲਾ ਕੇ, ਉਨ੍ਹਾਂ ਮਿੱਤਰਾਂ ਨੂੰ ਖਿਮਾਂ ਮੰਗਦਿਆਂ ਚਿੱਠੀਆਂ ਲਿਖ ਦੇਏਂਗਾ, ਜਿਨ੍ਹਾਂ ਨੇ ਉਸ ਕੋਲ ਸਰਦੀਆਂ ਵਿਚ ਆਉਣਾ ਸੀ, ਪਰ ਉਹ ਉਨ੍ਹਾਂ ਦਾ ਸਵਾਗਤ ਕਰਨ ਤੋਂ ਅਸਮਰੱਥ ਹੋਵੇਗਾ, ਕਿਉਂਕਿ ਮਕਾਨ ਵਿਚ ਮਿਸਤਰੀ ਲੱਗੇ ਹੋਣਗੇ।

ਮਿਸਟਰ ਫ਼ੇਅਰਲੀ ਨੇ ਇਸ ਚਿੱਠੀ ਦੇ ਉੱਤਰ ਵਿਚ ਸਰ ਪਰਸੀਵਲ ਨੂੰ ਇਹ ਬੇਨਤੀ ਕੀਤੀ ਕਿ ਉਹ ਆਪ ਲਿਖ ਭੇਜੇ ਕਿ ਵਿਆਹ ਦਾ ਦਿਨ ਕਿਹੜਾ ਨੀਯਤ ਕਰਨਾ ਚਾਹੀਦਾ ਹੈ। ਮਿਸਟਰ ਫ਼ੇਅਰਲੀ ਨੇ ਇਹ ਵੀ ਲਿਖਿਆ ਕਿ ਉਹ ਇਸ ਤਾਰੀਖ ਲਈ ਮਿਸ ਫ਼ੇਅਰਲੀ ਦੀ ਰਜ਼ਾਮੰਦੀ ਹਾਸਲ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਸਰ ਪਰਸੀਵਲ ਨੇ ਵਾਪਸੀ ਡਾਕ ਦਸੰਬਰ ਦਾ ਅਖੀਰਲਾ ਪੰਦਰਵਾੜਾ ਸੁਝਾਇਆ, (ਉਹਦੀ ਪਹਿਲੇ ਦਿਨ ਤੋਂ ਇਹੀ ਮਰਜ਼ੀ ਅਤੇ ਸਲਾਹ ਸੀ) ਤਾਰੀਖ ਭਾਵੇਂ ਬਾਈ, ਚੌਵੀਂ ਜਾਂ ਕੋਈ ਹੋਰ ਜਿਹੜੀ, ਮਿਸ

ਫ਼ੇਅਰਲੀ ਅਤੇ ਉਹਦੇ ਗਾਰਡੀਅਨ ਚਾਹੁੰਣ। ਮਿਸ ਫ਼ੇਅਰਲੀ ਘਰ ਨਹੀਂ ਸੀ ਜੋ ਆਪਣੀ ਸਲਾਹ ਦੇਂਦੀ, ਸੋ ਉਹਦੇ ਗਾਰਡੀਅਨ ਨੇ ਸਭ ਤੋਂ ਪਹਿਲੀ ਤਾਰੀਖ ਬਾਈ ਹੀ ਤਹਿ ਕਰਕੇ ਸਾਨੂੰ ਲਿਮਰਿਜ ਵਾਪਸ ਬੁਲਾ ਲਿਆ ਸੀ।

ਇਹ ਸਭ ਗੱਲਾਂ ਕੱਲ੍ਹ ਮਿਸਟਰ ਫ਼ੇਅਰਲੀ ਨੇ ਮੈਨੂੰ ਬੁਲਾ ਕੇ ਦੱਸੀਆਂ ਅਤੇ ਫਿਰ ਆਪਣੇ ਬੜੇ ਹੀ ਪਿਆਰੇ ਲਹਿਜੇ ਵਿਚ ਇਹ ਸੁਝਾਇਆ ਕਿ ਮੈਂ ਅੱਜ ਹੀ ਜ਼ਰੂਰੀ ਗੱਲਬਾਤ ਕਰਾਂ ਇਹ ਮਹਿਸੂਸ ਕਰਕੇ ਕਿ ਉਦੋਂ ਤਕ ਨਾਂਹ ਕਰਨ ਦਾ ਕੋਈ ਫ਼ਾਇਦਾ ਨਹੀਂ ਜਦੋਂ ਤੀਕ ਮੈਂ ਪਹਿਲਾਂ ਲਾਰਾ ਦੀ ਅਨੁਮਤੀ ਹਾਸਲ ਨਾ ਕਰ ਲਵਾਂ, ਮੈਂ ਇਹ ਤਾਂ ਮੰਨ ਲਿਆ, ਕਿ ਮੈਂ ਲਾਰਾ ਨਾਲ ਗੱਲ ਕਰਾਂਗੀ, ਪਰ ਇਹ ਵੀ ਘੋਸ਼ਣਾ ਕਰ ਦਿੱਤੀ, ਕਿ ਮੈਂ ਸਰ ਪਰਸੀਵਲ ਦੀ ਗੱਲ ਉਹਦੇ ਕੋਲੋਂ ਮੰਨਵਾਉਣ ਦੀ ਜਿੰਮੇਵਾਰੀ ਨਹੀਂ ਲੈਂਦੀ। ਮਿਸਟਰ ਫੇਅਰਲੀ ਨੇ ਮੇਰੀ "ਬੜੀ ਚੰਗੀ ਜ਼ਮੀਰ" ਦੀ ਉਂਜ ਹੀ ਤਾਰੀਫ ਕੀਤੀ, ਜਿਵੇਂ ਅਸੀਂ ਬਾਹਰ ਸੈਰ ਕਰ ਰਹੇ ਹੁੰਦੇ, ਉਹ ਮੇਰੀ "ਬੜੀ ਚੰਗੀ ਸਿਹਤ" ਦੀ ਕਰਦਾ, ਅਤੇ ਉਹ ਇਹ ਜ਼ਿੰਮੇਵਾਰੀ ਆਪਣੇ ਇਰ ਤੋਂ ਲਾਹ ਕੇ ਮੇਰੇ ਮੋਢਿਆਂ ਉਤੇ ਪਾ ਕੇ ਬਹੁਤ ਖ਼ੁਸ਼ ਜਾਪਦਾ ਸੀ।

ਆਪਣੇ ਇਕਰਾਰ ਮੂਜਬ ਮੈਂ ਅੱਜ ਸਵੇਰੇ ਲਾਰਾ ਨਾਲ ਗੱਲ ਕੀਤੀ। ਉਹਦੀ ਉਹ ਸ਼ਾਂਤੀ ਜਿਸਨੂੰ ਮੈਂ ਅਭਿੱਜਤਾ ਅਤੇ ਚੇਤਨਹੀਨਤਾ ਕਹਿੰਦੀ ਹਾਂ, ਜਿਸਦਾ ਆਵਰਣ ਉਹਨੇ ਉਸ ਸਮੇਂ ਤੋਂ ਅਨੋਖੀ ਤਰ੍ਹਾਂ ਆਪਣੇ ਉਪਰ ਲਿਆ ਹੋਇਆ ਸੀ, ਇਸ ਖ਼ਬਰ ਦਾ ਧੱਕਾ ਬਰਦਾਸਤ ਨਾ ਕਰ ਸਕੀ। ਜਦੋਂ ਦਾ ਸਰ ਪਰਸੀਵਲ ਗਿਆ ਸੀ, ਉਹ ਉਦਾਸੀਨਤਾ ਅੱਜ ਮੁੱਕਦੀ ਦਿਸੀ। ਉਹਦਾ ਰੰਗ ਪੀਲਾ ਪੈ ਗਿਆ, ਅਤੇ ਉਹ ਬੁਰੀ ਤਰ੍ਹਾਂ ਕੰਬ ਗਈ।

"ਹਾਏ ਏਨੀ ਜਲਦੀ ਨਹੀਂ!" ਉਹਨੇ ਤਰਲਾ ਲੈ ਕੇ ਕਿਹਾ। ਉਂ ਮੇਰੀਅਨ, ਏਨੀ ਜਲਦੀ ਨਹੀਂ।"

ਮੇਰੇ ਲਈ ਉਹਦਾ ਇਹ ਨਿੱਕਾ ਜਿਹਾ ਇਸ਼ਾਰਾ ਹੀ ਬਹੁਤ ਸੀ। ਮੈਂ ਉਸੇ ਵੇਲੇ ਕਮਰੇ ਵਿਚੋਂ ਬਾਹਰ ਜਾਣ ਲਈ ਉਠੀ ਕਿ ਉਹਦੀ ਲੜਾਈ ਜਾਕੇ ਮਿਸਟਰ ਫੇਅਰਲੀ ਨਾਲ ਲੜਾਂ। ਮੇਰਾ ਹੱਥ ਅਜੇ ਦਰਵਾਜ਼ੇ ਉਤੇ ਸੀ, ਕਿ ਉਹਨੇ ਮੇਰਾ ਗਾਉਨ ਫੜਕੇ ਖਿਚਿਆ ਅਤੇ ਮੈਨੂੰ ਰੋਕ ਲਿਆ। "ਮੈਨੂੰ ਜਾਣ ਦੇ !" ਮੈਂ ਕਿਹਾ। 'ਤੇਰੇ ਚਾਚੇ ਨੂੰ ਇਹ ਕਹਿਣ ਲਈ ਮੇਰੀ ਜੀਭ ਤਰਲੋ

ਮੱਛੀ ਹੋ ਰਹੀ ਹੈ, ਕਿ ਹਰ ਕੰਮ ਵਿਚ ਉਹਦੀ ਅਤੇ ਸਰ ਪਰਸੀਵਲ ਦੀ ਮਰਜ਼ੀ ਹੀ ਨਹੀਂ ਚਲ ਸਕਦੀ।"

ਉਹਨੇ ਇਕ ਡੂੰਘਾ ਹਉਕਾ ਭਰਿਆ, ਪਰ ਉਹਨੇ ਮੇਰਾ ਗਾਉਨ ਪਕੜੀ ਰਖਿਆ।

"ਨਹੀਂ ਮੇਰੀਅਨ," ਉਹ ਬੜੀ ਹੀ ਮੱਧਮ ਆਵਾਜ਼ ਵਿਚ ਬੋਲੀ। "ਬੜੀ ਦੇਰ ਹੋ ਚੁਕੀ ਹੈ, ਮੇਰੀਅਨ, ਬੜੀ ਦੇਰ!" "ਇਕ ਮਿੰਟ ਵੀ ਦੇਰ ਨਹੀਂ ਹੁੰਦੀ!" ਮੈਂ ਗੁੱਸੇ ਵਿਚ ਭਰ ਕੇ ਉੱਤਰ ਦਿੱਤਾ। ਸਮੇਂ ਦਾ ਪ੍ਰਸ਼ਨ ਸਾਡਾ ਪ੍ਰਸ਼ਨ ਹੈ, ਅਤੇ ਲਾਰਾ ਮੇਰੇ ਉਤੇ ਵਿਸ਼ਵਾਸ ਕਰ ਕਿ ਮੈਂ ਇਕ ਔਰਤ ਹੋਣ ਦੇ ਨਾਤੇ ਇਸ ਤੋਂ ਪੂਰਾ ਲਾਭ ਉਠਾ ਸਕਦੀ ਹਾਂ।" ਇਹ ਕਹਿਕੇ ਮੈਂ ਆਪਣਾ ਗਾਉਨ ਉਹਦੇ ਹੱਥ ਵਿਚੋਂ ਛੁਡਾਇਆ; ਪਰ ਉਹਨੇ ਉਸੇ ਪਲ ਮੇਰ ਲੱਕ ਦੁਆਲੇ ਆਪਣੀਆਂ ਬਾਹਾਂ ਪਾ ਕੇ ਮੈਨੂੰ ਪਹਿਲਾਂ ਨਾਲੋਂ ਵੀ ਪੱਕਾ ਪਕੜਾ ਲਿਆ।

"ਇਸ ਨਾਲ ਸਾਡੀ ਤਕਲੀਫ ਅਤੇ ਘਬਰਾਹਟ ਹੋਰ ਵੀ ਵੱਧ ਜਾਏਗੀ," ਉਹਨੇ ਕਿਹਾ। 'ਇਸ ਨਾਲ ਤੇਰੇ ਅਤੇ ਮੇਰੇ ਚਾਚੇ ਵਿਚਕਾਰ ਮਤਭੇਦ ਹੋਵੇਗਾ, ਜਿਸ ਕਾਰਣ ਸਰ ਪਰਸੀਵਲ ਹੋਰ ਨਵੀਆਂ ਸ਼ਿਕਾਇਤਾਂ ਲੈ ਕੇ ਮੁੜ ਇਥੇ ਆ ਜਾਏਗਾ

"ਇਹ ਸਗੋਂ ਹੀ ਚੰਗਾ ਹੋਵੇਗਾ!" ਮੈਂ ਭਰੀ ਪੀਤੀ ਬੋਲੀ,, "ਕਿਸਨੂੰ ਪ੍ਰਵਾਹ ਹੈ ਉਹਦੀਆਂ ਸ਼ਿਕਾਇਤਾਂ ਦੀ? ਕੀ ਤੂੰ ਆਪਣਾ ਦਿਲ ਤੋੜ ਕੇ ਉਹਨੂੰ ਆਰਾਮ ਵਿਚ ਦੇਖਣਾ ਚਾਹੁੰਦੀ ਹੈ? ਕੋਈ ਪੁਰਸ਼ ਵੀ ਸਾਡੇ ਔਰਤਾਂ ਕੋਲ ਇੰਨੀ ਕੁਰਬਾਨੀ ਲੈਣ ਦੇ ਯੋਗ ਨਹੀਂ। ਮਰਦ! ਉਹ ਸਾਡੀ ਸ਼ਾਂਤੀ ਅਤੇ ਨਿਰਛਲਤਾ ਦੇ ਵੈਰੀ ਹਨ -ਉਹ ਸਾਡਾ ਤਨ, ਮਨ ਅਤੇ ਆਤਮਾ ਸਭ ਲੈ ਲੈਂਦੇ ਹਨ, ਅਤੇ ਆਪਣੇ ਨਾਲ ਸਾਡੀਆਂ ਬੇਸਹਾਰਾ ਜ਼ਿੰਦਗੀਆਂ ਨੂੰ ਇੰਜ ਬੰਨ੍ਹੀ ਰਖਦੇ ਹਨ, ਜਿਵੇਂ ਕੋਈ ਕੁੱਤੇ ਨੂੰ ਜ਼ੰਜੀਰ ਨਾਲ ਕੁੱਤੇ-ਖਾਨੇ ਵਿਚ ਬੰਨ੍ਹਦਾ ਹੈ ਅਤੇ ਉਨ੍ਹਾਂ ਵਿਚ ਸਭ ਤੋਂ ਚੰਗਾ ਮਰਦ ਵੀ ਸਾਨੂੰ ਬਦਲੇ ਵਿਚ ਕੀ ਦੇਂਦਾ ਹੈ? ਲਾਰਾ, ਮੈਨੂੰ ਜਾਣ ਦੇ, ਮੈਂ ਜਦ ਇਹ ਕੁਝ ਸੋਚਦੀ ਹਾਂ ਪਾਗਲ ਹੋ ਜਾਂਦੀ ਹਾਂ।"

ਮੇਰੀਆਂ ਅੱਖਾਂ ਵਿਚ ਹੰਝੂ-ਇਕ ਔਰਤ ਦੇ ਕਮਜ਼ੋਰ, ਨਿਤਾਣੇ ਅਤੇ ਗੁੱਸੇ ਭਰੀ ਖਿੱਝ ਦੇ ਹੰਝੂ ਭਰ ਆਏ। ਉਹ ਇਕ ਉਦਾਸ ਮੁਸਕਾਨ ਮੁਸਕਾਈ ਅਤੇ ਮੇਰੇ ਚਿਹਰੇ ਤੇ ਇਕ ਰੁਮਾਲ ਰਖ ਦਿੱਤਾ, ਤਾਂ ਜੋ ਮੇਰੀ ਕਮਜ਼ੋਰੀ ਦੀ ਨਿਸ਼ਾਨੀ ਮੇਰੇ ਤੋਂ ਛੁਪੀ ਰਹੇ- ਉਹ ਕਮਜ਼ੋਰੀ ਜਿਸ ਨੂੰ ਹੋਰਨਾਂ ਵਿਚ ਵੇਖ ਕੇ ਮੈਂ ਬਹੁਤ ਘਿਰਣਾ ਕਰਦੀ ਸਾਂ!

" ਔਹ ਮੇਰੀਅਨ, ! ਤੂੰ ਅਤੇ ਹੰਝੂ" ਉਹ ਬੋਲੀ। ਰਤਾਂ ਸੋਚ ਕਿ ਜੇ ਮੈਂ ਤੇਰੀ ਥਾਂ ਤੇ ਹੋਵਾਂ ਤਾਂ ਤੂੰ ਕੀ ਕਰੇਂਗੀ। ਤੇਰਾ ਪਿਆਰ, ਹੌਂਸਲਾ, ਅਤੇ ਮੇਰੇ ਤੋਂ ਇਹ ਸਦਕੇ ਹੋਣਾ ਇਸ ਹੋਣੀ ਨੂੰ ਨਹੀਂ ਬਦਲ ਸਕਦਾ; ਜੋ ਅਟੱਲ ਹੈ, ਅਤੇ ਅੱਜ ਕੱਲ੍ਹ ਵਰਤ ਕੇ ਹੀ ਰਹੇਗੀ। ਮੇਰੇ ਚਾਚੇ ਨੂੰ ਆਪਣੀ ਮਰਜੀ ਕਰਨ ਦੇ। ਮੇਰੀ ਕੁਰਬਾਨੀ ਨਾਲ ਜੇ ਕੋਈ ਤਕਲੀਫ਼ ਅਤੇ ਸ਼ਿਕਾਇਤ ਦੂਰ ਹੋ ਸਕਦੀ ਹੈ ਤਾਂ ਹੋਣ ਦੇ ! ਮੇਰੀਅਨ, ਤੂੰ ਇਹ ਕਹਿ ਦੇ ਕਿ ਜਦੋਂ ਮੇਰਾ ਵਿਆਹ ਹੋ ਗਿਆ ਤੇ ਮੇਰੇ ਨਾਲ ਹੀ ਰਵ੍ਹੇਗੀ-ਬਸ ਹੋਰ ਕੁਝ ਨਾ ਕਹਿ।"

ਪਰ ਮੈਂ ਹੋਰ ਕੁਝ ਵੀ ਕਿਹਾ। ਮੈਂ ਆਪਣੇ ਘ੍ਰਿਣਾ ਜਨਕ ਹੰਝੂਆਂ ਨੂੰ ਵਾਪਸ ਪੀੱਕਿਆ। ਜਿਨ੍ਹਾਂ ਨਾਲ ਮੈਨੂੰ ਕੋਈ ਆਰਾਮ ਨਹੀਂ ਸੀ ਆਇਆ ਅਤੇ ਜਿਨ੍ਹਾਂ ਨੂੰ ਵੇਖ ਕੇ ਉਹ ਦੁਖੀ ਹੀ ਹੋਈ ਸੀ, ਮੈਂ ਉਹਦੇ ਨਾਲ ਬੜੀ ਸ਼ਾਂਤੀ ਨਾਲ ਗੱਲ ਕੀਤੀ ਅਤੇ ਦਲੀਲਾਂ ਦੇ ਕੇ ਉਹਨੂੰ ਸਮਝਾਉਣ ਦਾ ਯਤਨ ਕੀਤਾ; ਪਰ ਇਸ ਦਾ ਕੋਈ ਅਸਰ ਨਾ ਹੋਇਆ। ਉਹਨੇ ਮੇਰੇ ਕੋਲੋਂ ਦੋ ਵਾਰੀ ਇਹ ਇਕਰਾਰ ਲਿਆ ਕਿ ਮੈਂ ਉਹਦੇ ਵਿਆਹ ਮਗਰੋਂ ਉਹਦੇ ਨਾਲ ਹੀ ਰਹਾਂਗੀ ਅਤੇ ਉਸ ਤੋਂ ਮਗਰੋਂ ਅਚਾਨਕ ਹੀ ਇਕ ਸਵਾਲ ਪੁੱਛਿਆ, ਜਿਸ ਨਾਲ ਉਸ ਲਈ ਮੇਰੇ ਦੁੱਖ ਅਤੇ ਹਮਦਰਦੀ ਨੇ ਇਕ ਨਵਾਂ ਮੋੜ ਲਿਆ।

"ਜਦੋਂ ਅਸੀਂ ਪੋਲਿਸਡੀਨ ਵਿਚ ਸਾਂ" ਉਹ ਬੋਲੀ, "ਤਾਂ ਤੈਨੂੰ ਇਕ ਚਿੱਠੀ ਆਈ ਸੀ। ਮੇਰੀਅਨ-"

ਉਹਦਾ ਬਦਲਿਆ ਹੋਇਆ ਲਹਿਜਾ; ਅਚਾਨਕ ਹੀ ਉਹਦਾ ਮੇਰੇ ਤੋਂ ਆਪਣੇ ਚਿਹਰੇ ਨੂੰ ਪਰ ਕਰ ਕੇ ਮੇਰੇ ਮੋਢਿਆਂ ਵਿਚ ਛੁਪਾ ਲੈਣਾ; ਉਹ ਝਿਜਕ ਜਿਸ ਨਾਲ ਉਹਨੇ ਗੱਲ ਅੱਧ ਵਿਚਾਲੇ ਹੀ ਛੱਡ ਦਿੱਤੀ, ਸਭ ਸਪਸ਼ਟ ਤੌਰ ਤੇ ਦਿਸ ਰਿਹੇ ਸਨ ਕਿ ਉਹਦਾ ਇਸ਼ਾਰਾ ਕਿਸ ਵੱਲ ਹੈ।

"ਮੈਂ ਸੋਚਿਆ ਸੀ, ਲਾਰਾ, ਕਿ ਅਸੀਂ ਉਹਦਾ ਜ਼ਿਕਰ ਕਦੀ ਨਹੀਂ ਸੀ ਕਰਨਾ," ਮੈਂ ਪਿਆਰ ਨਾਲ ਕਿਹਾ।

"ਤੈਨੂੰ ਉਹਦੀ ਚਿੱਠੀ ਆਈ ਸੀ?" ਉਹਨੇ ਮੁੜ ਕਿਹਾ।

'ਹਾਂ ! ਜੇ ਤੂੰ ਜਾਣਨਾ ਹੀ ਚਾਹੁੰਦੀ ਹੈ।"

"ਕੀ ਤੂੰ ਉਹਨੂੰ ਮੁੜ ਲਿਖੇਂਗੀ?"

"ਮੈਂ ਸ਼ਸ਼ੋਪੰਜ ਵਿਚ ਸਾਂ। ਮੈਂ ਲਾਰਾ ਨੂੰ ਇਹ ਨਹੀਂ ਸੀ ਦੱਸਿਆ ਕਿ ਹਾਰਟਰਾਈਟ ਇੰਗਲੈਂਡ ਵਿਚ ਨਹੀਂ ਹੈ, ਅਤੇ ਨਾ ਹੀ ਇਹ ਦੱਸਿਆ ਸੀ ਕਿ ਉਹ ਮੇਰੀ ਕੋਸ਼ਿਸ਼ ਨਾਲ ਹੀ ਇਹ ਨੌਕਰੀ ਲੱਭ ਕੇ, ਇਕ ਨਵੀਂ ਆਸ ਅਤੇ ਨਵੇਂ ਕੰਮ ਲਈ ਬਾਹਰ ਗਿਆ ਹੈ, ਮੈਂ ਹੀ ਉਹਦੇ ਜਾਣ ਨਾਲ ਸੰਬੰਧਿਤ ਹਾਂ। ਮੈਂ ਕੀ ਉੱਤਰ ਦੇਂਦੀ? ਉਹ ਜਿਥੇ ਗਿਆ ਸੀ ਜਿਥੇ ਕੋਈ ਚਿੱਠੀ ਪਹੁੰਚਦਿਆਂ ਮਹੀਨੇ ਜਾਂ ਸ਼ਾਇਦ ਸਾਲ ਹੀ ਲੱਗ ਜਾਣ। "

ਜੇ ਮੈਂ ਉਹਨੂੰ ਮੁੜ ਲਿਖਾਂ ਤਦ-?" ਮੈਂ ਅੰਤ ਕਿਹਾ। "ਤਦ ਫਿਰ ਕੀ ਲਾਰਾ?" ਉਹਦੀ ਗੱਲ੍ਹ ਜੋ ਮੇਰੀ ਗਰਦਨ ਨਾਲ ਸੀ, ਗਰਮ ਭਖਦੀ ਪਈ ਸੀ; ਉਹਦੀਆਂ ਬਾਹਾਂ ਮੇਰੇ ਦੁਆਲੇ ਹੋਰ ਘੁੱਟੀਆਂ ਗਈਆਂ, ਅਤੇ ਉਨ੍ਹਾਂ ਦੀ ਪਕੜ ਹੋਰ ਪੱਕੀ ਹੋ ਗਈ।

"ਉਹਨੂੰ ਬਾਈ ਤਾਰੀਖ ਬਾਰੇ ਨਾ ਲਿਖਣਾ," ਉਹ ਹੌਲੀ ਜਿਹੀ ਫ਼ੁਸਫ਼ਸਾਈ। "ਇਕਰਾਰ ਕਰ ਮੇਰੀਅਨ, ਮੈਂ ਤੇਰੀ ਮਿੰਨਤ ਕਰਦੀ ਹਾਂ, ਕਿ ਤੂੰ ਜਦੋਂ ਹੁਣ ਲਿਖੇਗੀ, ਮੇਰਾ ਨਾਂ ਵੀ ਉਸ ਵਿਚ ਨਹੀਂ ਲਿਖੇਗੀ।"

ਮੈਂ ਇਹ ਇਕਰਾਰ ਉਹਦੇ ਨਾਲ ਕੀਤਾ। ਮੈਂ ਇਹ ਇਕਰਾਰ ਏਨੀ ਉਦਾਸੀ ਨਾਲ ਕੀਤਾ ਸੀ ਜੋ ਸ਼ਬਦਾਂ ਵਿਚ ਅੰਕਿਤ ਨਹੀਂ ਕੀਤਾ ਜਾ ਸਕਦਾ। ਉਹਨੇ ਮੇਰੇ ਲੱਕ ਦੁਆਲਿਉ ਆਪਣੀ ਬਾਂਹ ਖਿੱਚ ਲਈ, ਅਤੇ ਖਿੜਕੀ ਕੋਲ ਜਾ ਕੇ ਮੇਰੇ ਵੱਲ ਪਿੱਠ ਕਰਕੇ ਬਾਹਰ ਵੇਖਣ ਲਗ ਪਈ। ਇਕ ਮਿੰਟ ਮਗਰੋਂ, ਉਹ ਫਿਰ ਬੋਲੀ, ਪਰ ਉਸੇ ਤਰ੍ਹਾਂ ਖੜੀ ਰਹੀ, ਅਤੇ ਮੈਂ ਉਹਦਾ ਚਿਹਰਾ ਬਿਲਕੁਲ ਨਹੀਂ ਸਾਂ ਵੇਖ ਸਕਦੀ।

"ਕੀ ਤੂੰ ਮੇਰੇ ਚਾਚੇ ਦੇ ਕਮਰੇ ਵਿਚ ਜਾ ਰਹੀ ਹੈ?" ਉਹਨੇ ਪੁੱਛਿਆ। "ਕੀ ਤੂੰ ਇਹ ਕਹਿ ਦੇਏਗੀ, ਕਿ ਉਹ ਜੋ ਵੀ ਇੰਤਜ਼ਾਮ ਕਰਨ, ਮੈਂ ਰਜ਼ਾਮੰਦ ਹਾਂ। ਮੇਰੀਅਨ, ਤੂੰ ਮੇਰਾ ਖਿਆਲ ਨਾ ਕਰ ਕਿ ਮੈਂ ਇਕੱਲੀ ਹਾਂ, ਮੈਂ ਸਗੋਂ ਥੋੜ੍ਹਾ ਚਿਰ ਇਕਾਂਤ ਵਿਚ ਠੀਕ ਹੋ ਜਾਵਾਂਗੀ "

ਮੈਂ ਬਾਹਰ ਨਿਕਲ ਗਈ। ਜੇ ਬਾਹਰ ਬਰਾਂਡੇ ਵਿਚ ਆ ਕੇ ਮੈਂ ਮਿਸਟਰ ਫ਼ੇਅਰਲੀ, ਅਤੇ ਸਰ ਪਰਸੀਵਲ ਨੂੰ ਆਪਣੀ ਇਕ ਉਂਗਲ ਦੇ ਇਸ਼ਾਰੇ ਨਾਲ ਦੁਨੀਆਂ ਦੇ ਪਰਲੇ ਪਾਰ ਭੇਜ ਸਕਦੀ ਹੁੰਦੀ ਤਾਂ ਮੈਂ ਇਕ ਛਿਣ ਵੀ ਦੇਰ ਨਾ ਕਰਦੀ। ਇਕ ਵਾਰ ਤਾਂ ਮੇਰਾ ਗੁੱਸਾ ਹੀ ਮੇਰਾ ਸੱਜਣ ਬਣਿਆ। ਮੈਂ ਬੜਾ ਜ਼ੋਰ ਜ਼ੋਰ ਦੀ ਰੋਣਾ ਸੀ, ਅਤੇ ਉੱਕਾ ਹੀ ਨਿਢਾਲ ਹੋ ਜਾਣਾ ਸੀ, ਜੋ ਮੇਰੇ ਹੰਝੂ ਗੁੱਸੇ ਦੀ ਅੱਗ ਵਿਚ ਸੜ ਨਾ ਚੁਕੇ ਹੁੰਦੇ। ਪਰ ਮੈਂ ਮਿਸਟਰ ਫੇਅਰਲੀ ਦੇ

ਕਮਰੇ ਵਿਚ ਜ਼ੋਰ ਦੀ ਗਈ, ਅਤੇ ਜਿੰਨੀ ਸਖਤੀ ਨਾਲ ਕਹਿ ਸਕਦੀ ਸਾਂ, ਕਿਹਾ ਕਿ, "ਲਾਰਾ ਬਾਈ ਤਾਰੀਖ ਲਈ ਰਾਜ਼ੀ ਹੈ" ਅਤੇ ਫਿਰ ਉਸੇ ਤਰ੍ਹਾਂ ਪੈਰ ਪਟਕਦੀ ਉੱਤਰ ਉਡੀਕੇ ਬਿਨਾਂ ਵਾਪਸ ਪਰਤ ਆਈ। ਮੈਂ ਨਿਕਲਦਿਆਂ ਬੂਹੇ ਨੂੰ ਜ਼ੋਰ ਨਾਲ ਬੰਦ ਕੀਤਾ ਅਤੇ ਮੈਨੂੰ ਆਸ ਹੈ ਕਿ ਬਾਕੀ ਸਾਰੇ ਦਿਨ ਲਈ ਮਿਸਟਰ ਫ਼ੇਅਰਲੀ ਦੇ ਨਰਵਜ਼ ਚੰਗੀ ਤਰ੍ਹਾਂ ਫੀਤਾ ਫੀਤਾ ਹੋ ਚੁਕੇ ਹੋਣਗੇ।

ਅਠਾਈ ਨਵੰਬਰ -ਅੱਜ ਸਵੇਰੇ, ਮੈਂ ਹਾਰਟਰਾਈਟ ਦੀ ਅਖੀਰਲੀ ਚਿੱਠੀ ਜੋ ਉਹਨੇ ਵਿਦਾਈ ਵੇਲੇ ਲਿਖੀ ਸੀ, ਮੁੜ ਪੜ੍ਹੀ ਕਿਉਂ ਕਿ ਮੇਰੇ ਦਿਮਾਗ ਵਿਚ ਇਹ ਸ਼ੱਕ ਪੈ ਗਿਆ ਸੀ ਕਿ ਮੈਂ ਲਾਰਾ ਕੋਲ ਉਹਦੇ ਇੰਗਲੈਂਡ ਤੋਂ ਜਾਣ ਦੀ ਗੱਲ ਛੁਪਾਕੇ ਸਿਆਣਪ ਕੀਤੀ ਹੈ ਜਾਂ ਨਹੀਂ। ਕਾਫੀ ਸੋਚਣ ਮਗਰੋਂ, ਮੈਂ ਅਜੇ ਵੀ ਸੋਚਦੀ ਹਾਂ, ਕਿ ਮੈਂ ਠੀਕ ਕਰ ਰਹੀ ਹਾਂ। ਮਧ-ਅਮਰੀਕਾ ਦੇ ਜ਼ਿਕਰ ਵਿਚ ਮੁਹਿੰਮ ਦੀਆਂ ਤਿਆਰੀਆਂ ਬਾਰੇ ਜੋ ਜੋ ਉਹਨੇ ਲਿਖਿਆ ਹੈ, ਉਸ ਤੋਂ ਸਾਫ ਦਿਸਦਾ ਹੈ, ਕਿ ਉਸ ਮੁਹਿੰਮ ਦੇ ਨੇਤਾ ਜਾਣਦੇ ਹਨ, ਕਿ ਇਹ ਖਤਰਨਾਕ ਕੰਮ ਹੈ; ਅਤੇ ਜੇ ਇਹ ਜਾਣ ਕੇ ਮੈਂ ਚਿੰਤਿੰਤ ਹਾਂ, ਤਾਂ ਉਹਦਾ ਕੀ ਹਾਲ ਹੋਵੇਗਾ। ਇਹ ਮਹਿਸੂਸ ਕਰਕੇ ਹੀ ਬੜਾ ਮੰਦਾ ਲੱਗ ਰਿਹਾ ਹੈ ਕਿ ਸਾਡਾ ਉਹ ਮਿੱਤਰ ਸਾਡੇ ਤੋਂ ਦੂਰ ਚਲਾ ਗਿਆ ਹੈ, ਜਿਸ ਤੇ ਅਸੀਂ ਮੁਸੀਬਤ ਦੀ ਘੜੀ, ਜੇ ਕੋਈ ਅਜਿਹਾ ਸਮਾਂ ਆ ਜਾਏ, ਪੂਰਾ ਵਿਸ਼ਵਾਸ ਕਰ ਸਕਦੇ ਹਾਂ, ਉਹਦੇ ਜਾਣ ਨਾਲ ਅਸੀਂ ਉਹ ਮਿੱਤਰ ਗਵਾ ਬੈਠੇ ਹਾਂ, ਜੋ ਸਾਡੇ ਬੇਬੱਸ ਹੋ ਜਾਣ ਤੇ ਸਾਡੇ ਕੰਮ ਆਉਣਾ ਸੀ। ਪਰ ਇਹ ਜਾਣ ਕੇ ਹੋਰ ਵੀ ਦਿਲ ਦੁਖੀ ਹੋ ਰਿਹਾ ਸੀ ਕਿ ਉਹ ਸਾਡੇ ਓ ਦੂਰ ਇਕ ਭੈੜੀ ਖਤਰਨਾਕ ਆਬ ਹਵਾ, ਇਕ ਜੰਗਲੀ ਮੁਲਕ, ਅਤੇ ਅਸੱਭਿਅ ਲੋਕਾਂ ਦੇ ਵਿਚਕਾਰ ਚਲਾ ਗਿਆ ਹੈ। ਇਹ ਸੱਚਮੁਚ ਹੀ ਲਾਰਾ ਨਾਲ ਜ਼ੁਲਮ ਹੋਵੇਗਾ, ਜੇ ਮੈਂ ਉਹਨੂੰ ਇਹ ਗੱਲ ਦੱਸਦਿਆਂ, ਜਦ ਕਿ ਇਹ ਦੱਸਣ ਦੀ ਅਜੇ ਕੋਈ ਬਹੁਤੀ ਜ਼ਰੂਰਤ ਵੀ ਨਹੀਂ।

ਮੈਂ ਇਕ ਸ਼ੱਕ ਵਿਚ ਵੀ ਪਈ ਹੋਈ ਸਾਂ, ਕਿ ਇਕ ਕਦਮ ਹੋਰ ਅਗੇ ਜਾਕੇ ਮੈਂ ਇਸ ਚਿੱਠੀ ਨੂੰ ਸਾੜ ਹੀ ਕਿਉਂ ਨਾ ਦਿਆਂ, ਕਿਉਂ ਕਿ ਮੈਨੂੰ ਇਹ ਵੀ ਡਰ ਸੀ, ਕਿ ਕਿਧਰੇ ਇਹ ਗਲਤ ਹੱਥਾਂ ਵਿਚ ਨਾ ਪੈ ਜਾਏ। ਇਸ ਵਿਚ ਉਹਨੇ ਨਿਰਾ ਲਾਰਾ ਦਾ ਹੀ ਉਨ੍ਹਾਂ ਸ਼ਬਦਾ ਵਿਚ ਜ਼ਿਕਰ ਨਹੀਂ ਕੀਤਾ ਜੋ ਉਹਦੇ ਅਤੇ ਮੇਰੇ ਵਿਚਕਾਰ ਸਦਾ ਇਕ ਰਾਜ ਰਹਿਣਾ ਚਾਹੀਦਾ ਹੈ, ਸਗੋਂ ਆਪਣੇ ਇਸ ਸ਼ੱਕ ਨੂੰ ਫਿਰ ਦੁਹਰਾਉਂਦਾ ਹੈ ਕਿ ਉਹ ਜਦੋਂ ਦਾ ਲਿਮਰਿਜ ਤੋਂ ਗਿਆ ਹੈ,

ਕਈ ਆਦਮੀ ਉਹਦਾ ਪਿਛਾ ਅਤੇ ਨਿਗਰਾਨੀ ਕਰਦੇ ਰਹੇ ਹਨ। ਉਹ ਇਹ ਵੀ ਲਿਖਦਾ ਹੈ, ਕਿ ਉਹਨੇ ਉਨਾਂ ਦੋਹਾਂ ਅਜਨਬੀ ਆਦਮੀਆਂ ਨੂੰ, ਉਹਦਾ ਪਿਛਾ ਕਰਦੇ ਰਹੇ ਸਨ, ਲਿਵਰਪੂਲ ਵਿਚ ਉਸ ਵੇਲੇ ਵੀ ਲੋਕਾਂ ਦੀ ਭੀੜ ਵਿਚ ਵੇਖਿਆ ਹੈ, ਜੋ ਮੁਹਿੰਮ ਨੂੰ ਜਹਾਜ਼ ਤੇ ਚੜਦਿਆਂ ਵੇਖਣ ਆਏ ਹੋਏ ਸਨ ਅਤੇ ਜਿਉਂ ਹੀ ਉਹ ਬੇੜੀ ਵਿਚ ਸਵਾਰ ਹੋਇਆ, ਉਹਨੂੰ ਆਪਣ ਪਿਛੋਂ ਏਨ ਕੈਥੇਰਿਕ ਦਾ ਨਾਂ ਲੈਣ ਦੀ ਆਵਾਜ਼ ਆਈ। ਉਹਨੂੰ ਪੱਕਾ ਵਿਸ਼ਵਾਸ ਹੈ ਅਤੇ ਉਹਦੇ ਸ਼ਬਦਾਂ ਵਿਚ ਇਨ੍ਹਾਂ, ਘਟਨਾਵਾਂ ਦਾ ਜ਼ਰੂਰ ਕੋਈ ਮਤਲਬ ਹੈ, ਅਤੇ ਇਨ੍ਹਾਂ ਦਾ ਸਿੱਟਾ ਵੀ ਜ਼ਰੂਰ ਨਿਕਲੇਗਾ। ਏਨ ਕੈਥੇਰਿਕ ਦਾ, ਰਾਜ ਅਜੇ ਪੂਰੀ ਤਰ੍ਹਾਂ ਨਹੀਂ ਖੁੱਲਿਆ। ਉਹ ਮੇਰੇ ਰਾਹ ਤੇ ਮੁੜ ਸ਼ਾਇਦ ਕਦੀ ਨਾ ਆਵੇ; ਪਰ ਜੇ ਉਹ ਕਦੀ ਤੁਹਾਨੂੰ ਮਿਲੇ ਤਾਂ ਮਿਸ ਹਾਲਕੌਂਬ, ਉਸ ਮੌਕੇ ਦਾ ਉਸ ਤੋਂ ਵਧ ਫ਼ਾਇਦਾ ਉਠਾਉਣਾ; ਜਿੰਨਾਂ ਕਿ ਮੈਂ ਉਠਾ ਸਕਿਆ ਸਾਂ। ਮੈਂ ਆਪਣੇ ਪੂਰੇ ਯਕੀਨ ਨਾਲ ਇਹ ਕਹਿੰਦਾ ਹਾਂ: ਅਤੇ ਮੈਂ ਤਰਲਾ ਪਾਕੇ ਕਹਿੰਦਾ ਹਾਂ ਕਿ ਇਸ ਗੱਲ ਨੂੰ ਸਦਾ ਯਾਦ ਰਖਣਾ।" ਇਹ ਉਹਦੇ ਸ਼ਬਦ ਹਨ। ਮੇਰੇ ਇਨ੍ਹਾਂ ਨੂੰ ਭੁੱਲ ਜਾਣ ਦਾ ਕੋਈ ਖਤਰਾ ਨਹੀਂ। ਹਾਰਟਰਾਈਟ ਦੇ ਕੋਈ ਵੀ ਉਹ ਸ਼ਬਦ ਜੋ ਏਨ ਕੈਥੇਰਿਕ ਬਾਰੇ ਹਨ, ਮੇਰੀ ਯਾਦਾਸ਼ਤ ਵਿਚ ਸਦਾ ਤਾਜ਼ੇ ਰਹਿਣਗੇ। ਪਰ ਇਸ ਚਿੱਠੀ ਨੂੰ ਕੋਲ ਰੱਖਣ ਵਿਚ ਖਤਰਾ ਹੈ। ਇਹ ਕਿਸੇ ਨਿਕੇ ਜਿਹੇ ਇਤਫਾਕ ਨਾਲ ਕਿਸੇ ਅਜਨਬੀ ਕੋਲ ਪਹੁੰਚ ਸਕਦੀ ਹੈ। ਮੈਂ ਬੀਮਾਰ ਹੋ ਸਕਦੀ ਹਾਂ। ਮੈਂ ਮਰ ਵੀ ਸਕਦੀ ਹਾਂ। ਚੰਗਾ ਹੀ ਹੋਵੇਗਾ, ਜੋ ਮੈਂ ਇਹ ਨੂੰ ਸਾੜਦਿਆਂ ਅਤੇ ਇਸ ਤਰ੍ਹਾਂ ਇਕ ਫ਼ਿਕਰ ਤਾਂ ਘੱਟ ਹੋ ਜਾਵੇਗਾ।

ਚਿੱਠੀ ਸੜ ਗਈ ਹੈ ! ਉਹ ਦੇ ਵਿਦਾਇਗੀ ਪੱਤਰ ਦੀ ਸਵਾਹ ਸਾਇਦ ਇਹ ਉਹਦੀ ਅਖਰੀਲੀ ਚਿੱਠੀ ਹੀ ਹੋਵੇ, ਕਾਲੇ ਕਾਲੇ ਧੱਬਿਆਂ ਦੇ ਰੂਪ ਵਿਚ ਅੰਗੀਠੀ ਅਗੇ ਪਈ ਹੈ। ਕੀ ਉਸ ਉਦਾਸ ਕਹਾਣੀ ਦਾ ਇਹੀ ਦਰਦ ਭਰਿਆ ਅੰਤ ਹੈ? ਔਹ ! ਨਹੀਂ ਨਹੀਂ ਇਹ ਅੰਤ ਨਹੀਂ-ਅਜੇ ਅੰਤ ਨਹੀਂ ਹੋ ਸਕਦਾ। ਉਨੇਤੀ ਨਵੰਬਰ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਦਰਜ਼ੀ ਲਾਰਾ ਦੇ ਕਪੜਿਆ ਬਾਰੇ ਹਿਦਾਇਤ ਲੈਣ ਪਹੁੰਚ ਗਿਆ ਹੈ। ਲਾਰਾ ਬਿਲਕੁਲ ਅਣਭਿੱਜ ਹੈ, ਅਤੇ ਪੂਰੇ ਤੌਰ ਤੇ ਉਸ ਚੀਜ ਬਾਰੇ ਲਾਪ੍ਰਵਾਹ ਹੈ, ਜਿਸ ਵਿਚ ਹਰ ਔਰਤ ਦਿਲਚਸਪੀ ਲੈਂਦੀ ਹੈ। ਉਹਨੇ ਸਭ ਕੁਝ ਮੇਰੇ ਅਤੇ ਦਰਜੀ ਤੇ ਛੱਡ ਦਿਤਾ ਹੈ। ਜੇ ਕਿਧਰੇ ਹਾਰਟਰਾਈਟ ਉਹ ਬੈਰਨ ਹੁੰਦਾ, ਜੋ ਲਾਰਾ ਦੇ ਪਿਤਾ ਦੀ ਮਰਜ਼ੀ ਅਨੁਸਾਰ ਉਹਦਾ

ਪਤੀ ਸੀ ਤਾਂ ਅੱਜ ਉਹ ਕਿਸ ਤਰ੍ਹਾਂ ਕਰ ਰਹੀ ਹੁੰਦੀ। ਉਹ ਕਿੰਨੀ ਉਤੇਜਿਤ ਅਤੇ ਵਹਿਮੀ ਹੁੰਦੀ ਅਤੇ ਚੰਗੇ ਤੋਂ ਚੰਗੇ ਦਰਜੀ ਲਈ ਵੀ ਉਹਨੂੰ ਖੁਸ਼ ਕਰਨਾ ਇਕ ਬੜਾ ਹੀ ਮੁਸ਼ਕਲ ਕੰਮ ਹੁੰਦਾ।

ਤੀਹ ਨਵੰਬਰ-ਸਾਨੂੰ ਸਰ ਪਰਸੀਵਲ ਦੀ ਰੋਜ਼ ਹੀ ਚਿੱਠੀ ਆਉਂਦੀ ਹੈ। ਅਖੀਰਲੀ ਖਬਰ ਜੋ ਆਈ ਹੈ ਉਹ ਇਹੀ ਹੈ ਕਿ ਉਹਦੇ ਘਰ ਦੀ ਮੁਰੰਮਤ ਨੂੰ ਪੂਰਿਆ ਹੁੰਦਿਆਂ ਚਾਰ ਛੇ ਮਹੀਨੇ ਲੱਗ ਜਾਣਗੇ। ਜੋ ਘਰਾਂ ਨੂੰ ਪੇਟ ਪਾਲਸ਼ ਕਰਨ ਵਾਲੇ, ਕਾਗਜਾਂ ਨਾਲ ਸਜਾਉਣ ਵਾਲੇ, ਪਰਦਿਆਂ ਅਤੇ ਹੋਰ ਫਰਨੀਚਰ ਨਾਲ ਘਰਾਂ ਨੂੰ ਸਜਾਉਣ ਵਾਲੇ ਘਰ ਦੀ ਸਜਾਵਟ ਦੇ ਨਾਲ ਨਾਲ ਖੁਸ਼ੀ ਵੀ ਲਿਆ ਸਕਦੇ ਹੋਣ ਤਾਂ ਤੇ ਮੈਂ ਲਾਰਾ ਦੇ ਹੋਣ ਵਾਲੇ ਘਰ ਦੀ ਸਜਾਵਟ ਵਿਚ ਕੁਝ ਦਿਲਚਸਪੀ ਲੈਂਦੀ ! ਅਤੇ ਮੈਨੂੰ ਹੁਣ ਕੋਈ ਦਿਲਚਸਪੀ ਨਹੀਂ; ਸਰ ਪਰਸੀਵਲ ਦੀ ਚਿੱਠੀ ਦਾ ਇਕ ਭਾਗ ਹੈ, ਜਿਸ ਨੂੰ ਪੜ ਕੇ ਮੈਂ ਉਹ ਦੀਆਂ ਸਲਾਹਾ ਅਤੇ ਸਕੀਮਾਂ ਤੋਂ ਉਦਾਸੀਨ ਨਹੀਂ ਰਹਿ ਸਕੀ; ਉਹ ਉਹ ਸਤਰ੍ਹਾਂ ਹਨ, ਜਿਨ੍ਹਾਂ ਵਿਚ ਉਸ ਨੇ ਵਿਆਹ ਮਗਰੋਂ ਆਪਣੀ ਸੈਰ ਦਾ ਪ੍ਰੋਗਰਾਮ ਬਣਾਇਆ ਹੈ। ਲਾਰਾ ਦੀ ਸਿਹਤ ਵੇਖਦਿਆਂ, ਉਹਨੇ ਇਹ ਸਲਾਹ ਬਣਾਈ ਹੈ, ਕਿ ਸਰਦੀ ਵਿਚ ਜੋ ਇਸ ਵਾਰੀ ਅੱਗੇ ਨਾਲੋਂ ਵੀ ਵਧੇਰੇ ਜਾਪਦੀ ਹੈ, ਉਹ ਲਾਰਾ ਨੂੰ ਲੈਕੇ ਰੋਮ ਚਲਾ ਜਾਵੇਗਾ, ਅਤੇ ਗਰਮੀਆਂ ਦੇ ਸ਼ੁਰੂ ਤੀਕ ਇਟਲੀ ਵਿਚ ਹੀ ਰਹੇਗਾ। ਜੇ ਉਹਦਾ ਇਸ ਸਲਾਹ ਵਿਚ ਅਸੀਂ ਰਾਜੀ ਨਾ ਹੋਈਏ ਤਾਂ ਉਹ ਲੰਦਨ ਵਿਚ ਕੋਈ ਚੰਗਾ ਸਜਿਆ ਹੋਇਆ ਮਕਾਨ ਕਿਰਾਏ ਤੇ ਲੈ ਲਵੇਗਾ, ਕਿਉਂ ਜੋ ਉਹਦਾ ਆਪਣਾ ਮਕਾਨ ਤੇ ਸ਼ਹਿਰ ਵਿਚ ਹੈ ਨਹੀਂ ਅਤੇ ਹੈਂਪਸ਼ਾਇਰ ਵਾਲਾ ਘਰ ਉਦੋਂ ਤੀਕ ਤਿਆਰ ਨਹੀਂ ਹੋਏਗਾ।

ਮੈਂ ਆਪਣੀਆਂ ਭਾਵਨਾਵਾਂ ਅਤੇ ਆਪਣੇ ਆਪ ਨੂੰ ਇਕ ਪਾਸੇ ਕਰਕੇ (ਇਹ ਮੇਰਾ ਫਰਜ਼ ਬਣਦਾ ਹੈ ਅਤੇ ਮੈਂ ਇਹੀ ਕਰ ਰਹੀ ਹਾਂ, ਇਹੀ ਸੋਚਦੀ ਹਾਂ ਕਿ ਇਨ੍ਹਾਂ ਦੋਹਾਂ ਵਿਚੋਂ ਪਹਿਲਾ ਕੰਮ ਹੀ ਵਧੇਰੇ ਠੀਕ ਹੈ। ਦੋਹਾਂ ਹਾਲਤਾਂ ਵਿਚ, ਮੇਰਾ ਅਤੇ ਲਾਰਾ ਵਿਚ ਵਿਛੋੜਾ ਅਵੱਸ਼ ਪੈਣਾ ਹੈ। ਜੇ ਉਹ ਬਾਹਰ ਚਲੇ ਜਾਣ ਤਾਂ ਇਹ ਵਿਛੋੜਾ ਲੰਮਾ ਹੋਏਗਾ, ਅਤੇ ਜੇ ਉਹ ਲੰਦਨ ਰਹਿਣ ਤਾਂ ਇਹ ਏਨਾਂ ਲੰਮਾ ਨਹੀਂ, ਪਰ ਸਾਨੂੰ ਇਸ ਦੇ ਨਾਲ ਉਹ ਫਾਇਦਾ ਟੋਲਣਾ ਚਾਹੀਦਾ ਹੈ, ਜੋ ਲਾਰਾ ਨੂੰ ਉਸ ਆਬੋਹਵਾ ਵਿਚ ਹੋਵੇਗਾ, ਜੋ ਇਥੇ ਵਰਗੀ ਠੰਢੀ ਨਹੀਂ ਹੋਵੇਗੀ। ਸਭ ਤੋਂ ਵੱਡੀ ਗੱਲ ਤਾਂ ਇਹ ਹੋਵੇਗੀ ਕਿ ਦੁਨੀਆਂ ਦੇ ਸਭ ਤੋਂ ਵਧ ਦਿਲਚਸਪ ਦੇਸ਼

ਵਿਚ ਪਹਿਲੀ ਵਾਰ ਸੈਰ ਕਰਨ ਦਾ ਮੌਕਾ ਮਿਲਣ ਨਾਲ ਉਹ ਦੀ ਤਬੀਅਤ ਜਲਦੀ ਸੁਧਰੇਗੀ ਅਤੇ ਉਹ ਆਪਣੀ ਨਵੀਂ ਸਥਿਤੀ ਨਾਲ ਸਮਝੌਤਾ ਜ਼ਰਾ ਸੁਖਾਲੇ ਕਰ ਸਕੇਗੀ। ਲੰਦਨ ਵਿਚ ਉਹ ਆਮ ਪਾਰਟੀਆਂ ਆਦਿ ਵਿਚ ਖੂਬ ਨਹੀਂ ਰਹਿ ਸਕੇਗੀ। ਇਸ ਦੁਖਦਾਈ ਵਿਆਹ ਦੀ ਪਹਿਲੀ ਘੁਟਨ ਉਹਨੂੰ ਲੰਦਨ ਵਿਚ ਹੋਰ ਵੀ ਦੁਖਦਾਈ ਲਗੇਗੀ। ਮੈਂ ਉਹਦੀ ਨਵੀਂ ਜ਼ਿੰਦਗੀ ਬਾਰੇ ਏਨਾ ਡਰਦੀ ਹਾਂ ਕਿ ਸਬਦਾਂ ਵਿਚ ਦਸਣੋ ਅਸਮਰੱਥ ਹਾਂ ਪਰ ਜੇ ਉਹ ਯਾਤਰਾ ਕਰੇਗੀ, ਤਾਂ ਤੇ ਮੇਰੇ ਦਿਲ ਵਿਚ ਉਹਦੇ ਲਈ ਕੁਝ ਆਸ ਹੈ ਅਤੇ ਜੋ ਉਹ ਘਰ ਹੀ ਰਹਿੰਦੀ ਹੈ ਤਾਂ ਬਿਲਕੁਲ ਕੋਈ ਉਮੀਦ ਨਹੀਂ ਨਜ਼ਰ ਆਉਂਦੀ।

ਮੈਨੂੰ ਆਪਣੀ ਡਾਇਰੀ ਦੀਆਂ ਇਹ ਸਤਰਾਂ ਪੜ੍ਹ ਕੇ ਬੜਾ ਅਜੀਬ ਲਗਾ ਹੈ, ਮੈਂ ਲਾਰਾ ਦੇ ਵਿਆਹ ਅਤੇ ਉਹਦੇ ਵਿਛੋੜੇ ਦੀਆਂ ਗੱਲਾਂ ਇੰਜ਼ ਲਿਖ ਰਹੀ ਹੈ ਜਿਵੇਂ ਲੋਕ ਪਹਿਲਾਂ ਨਿਸ਼ਚਿਤ ਹੋਏ ਮਾਮਲੇ ਬਾਰੇ ਕਰਦੇ ਹਨ। ਇਸ ਤਰ੍ਹਾਂ ਸ਼ਾਂਤ ਢੰਗ ਨਾਲ ਭਵਿੱਸ਼ ਨੂੰ ਵੇਖਣਾ ਕਿਨ੍ਹਾਂ ਹੀ, ਜ਼ਾਲਮ ਅਤੇ ਭਾਵਨਾਂ ਰਹਿਤ ਜਾਪਦਾ ਹੈ, ਪਰ ਹੁਣ ਜਦ ਉਹ ਸਮਾਂ ਏਨੀ ਨੇੜੇ ਆ ਰਿਹਾ ਹੈ, ਤਾਂ ਹੋਰ ਕਿਸ ਤਰ੍ਹਾਂ ਵੇਖਣਾ ਸੰਭਵ ਹੈ? ਇਕ ਮਹੀਨਾ ਬੀਤਣ ਤੋਂ ਪਹਿਲਾਂ ਹੀ ਲਾਰਾ 'ਮੇਰੀ ਨਹੀਂ' ਉਹਦੀ ਹੋ ਜਾਏਗੀ। ਉਹਦੀ ਲਾਰਾ ! ਮੈਨੂੰ ਸਮਝ ਨਹੀਂ ਆ ਰਹੀ ਕਿ ਇਨ੍ਹਾਂ ਸ਼ਬਦਾਂ ਦਾ ਕੀ ਭਾਵ ਹੈ ! ਮੇਰਾ ਦਿਮਾਗ ਇਸ ਨਾਲ ਸੁੰਨ ਹੋ ਗਿਆ ਹੈ, ਜਿਵੇਂ ਉਹਦੇ ਵਿਆਹ ਬਾਰੇ ਲਿਖਣਾ ਉਹਦੀ ਮੌਤ ਬਾਰੇ ਲਿਖਣ ਦੇ ਬਰਾਬਰ ਹੋਵੇ।

ਪਹਿਲੀ ਦਸੰਬਰ-ਬੜਾ ਹੀ ਗਮਗੀਨ ਦਿਨ-ਉਦਾਸੀ ਭਰਿਆ ਦਿਨ; ਇਸ ਦਿਨ ਬਾਰੇ ਕੁਝ ਖੋਲ੍ਹ ਕੇ ਲਿਖਣ ਦੀ ਮੇਰੇ ਦਿਲ ਵਿਚ ਤਾਕਤ ਨਹੀਂ! ਹਫਤਾ ਟਾਲਣ ਮਗਰੋਂ, ਮੈਨੂੰ ਉਹਦੇ ਨਾਲ ਸਰ ਪਰਸੀਵਲ ਦੀ ਰੋਮ ਜਾਣ ਦੀ ਸਲਾਹ ਬਾਰੇ ਅੱਜ ਸਵੇਰੇ ਉਹਦੇ ਨਾਲ ਗੱਲ ਕਰਨੀ ਹੀ ਪਈ।

ਉਹਨੂੰ ਇਹੀ ਯਕੀਨ ਸੀ, ਕਿ ਉਹ ਜਿਥੇ ਵੀ ਜਾਏਗੀ ਮੈਂ ਉਹਦੇ ਨਾਲ ਹੀ ਹੋਵਾਂਗੀ ਉਹ ਵਿਚਾਰੀ ਬੱਚੀ, ਉਹ ਅਜੇ ਵੀ ਬਹੁਤ ਗੱਲਾਂ ਵਿਚ ਬੱਚੀ ਹੀ ਹੈ, ਫਲੋਰਿੰਸ, ਰੋਮ ਅਤੇ ਨੇਪਲਜ਼ ਜਾਣ ਦੇ ਖਿਆਲ ਨਾਲ ਖੁਸ਼ ਹੋਈ। ਮੈਨੂੰ ਉਹਦਾ ਭਰਮ ਤੋੜਨਾ ਹੀ ਪਿਆ ਜਿਸ ਨਾਲ ਮੇਰਾ ਦਿਲ ਚੀਤਕਾਰ ਕਰ ਉਠਿਆ ਅਤੇ ਉਹਨੂੰ ਸੱਚੀ ਗੱਲ ਦੱਸਣੀ ਹੀ ਪਈ। ਮੈਂ ਉਹਨੂੰ ਇਹ ਦੱਸਣ ਲਈ ਮਜ਼ਬੂਰ ਹੋ ਗਈ ਕਿ ਕੋਈ ਮਰਦ ਵੀ ਕਿਸੇ ਸ਼ਰੀਕ ਨੂੰ ਸਹਿਨ ਨਹੀਂ ਕਰਦਾ, ਭਾਵੇਂ ਉਹ ਸ਼ਰੀਕ ਇਕ ਔਰਤ ਹੀ ਕਿਉਂ ਨਾਂ ਹੋਵੇ, ਜੋ ਉਹਦੀ ਪਤਨੀ ਦੇ

ਪਿਆਰ ਵਿਚ ਹਿੱਸਾ ਮੰਗੇ। ਪਿਛੋਂ ਭਾਵੇਂ ਉਹ ਕੁਝ ਵੀ ਕਰੇ, ਪਰ ਵਿਆਹ ਦੇ ਪਹਿਲੇ ਦਿਨਾਂ ਵਿਚ ਕੋਈ ਵੀ ਹੋਰ ਕਿਸੇ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਉਹਨੂੰ ਇਹ ਵੀ ਚੇਤਾਵਨੀ ਦਿਤੀ ਕਿ ਮੇਰਾ ਉਹਦੇ ਘਰ ਵਿਚ ਪੱਕਾ ਰਹਿਣਾ ਵੀ ਇਸ ਗੱਲ ਤੇ ਬਹੁਤ ਨਿਰਭਰ ਕਰਦਾ ਹੈ ਕਿ ਸਰ ਪਰਸੀਵਲ ਮੇਰੇ ਨਾਲ ਈਰਖਾ ਨਾ ਕਰੇ, ਅਤੇ ਇਹ ਨਾ ਸੋਚੇ ਕਿ ਮੈਂ ਉਨ੍ਹਾਂ ਦੋਹਾਂ ਪਤੀ ਪਤਨੀ ਵਿਚਕਾਰ ਇਸ ਸਥਿੱਤੀ ਵਿਚ ਹਾਂ, ਕਿ ਉਹਦੀ ਪਤਨੀ ਮੈਨੂੰ ਆਪਣੇ ਸਾਰੇ ਭੇਦ ਦਸਦੀ ਹੈ। ਇਸ ਦੁਨੀਆਂ ਦੀ ਸਿਆਣਪ ਦਾ ਕੌੜਾ ਜ਼ਹਿਰ ਮੈਂ ਉਹਦੇ ਨਿਰਦੋਸ਼ ਅਤੇ ਸੱਚੇ ਦਿਲ ਵਿਚ ਇਕ ਇਕ ਬੂੰਦ ਕਰਕੇ ਪਾਇਆ, ਅਤੇ ਮੇਰੇ ਦਿਲ ਦੀ ਹਰ ਸੁੱਚੀ ਅਤੇ ਉੱਚੀ ਭਾਵਨਾਂ ਇਸ ਕੰਮ ਤੋਂ ਝਿਜਕ ਰਹੀ ਸੀ। ਹੁਣ ਇਹ ਕੰਮ ਸਮਾਪਤ ਹੋ ਚੁਕਾ ਹੈ। ਉਹਨੇ ਆਪਣਾ ਮੁਸ਼ਕਲ ਸਬਕ ਸਿੱਖ ਲਿਆ ਹੈ -ਉਹ ਸਬਕ ਜੋ ਹਰ ਹਾਲ ਵਿਚ ਸਿਖਣਾ ਹੀ ਪੈਣਾ ਸੀ। ਉਹਦੇ ਬਚਪਨ ਦੇ ਭਰਮ ਖਤਮ ਹੋ ਗਏ ਹਨ; ਅਤੇ ਇਹ ਮੇਰਾ ਹੀ ਹੱਥ ਸੀ, ਜਿਸਨੇ ਇਹ ਪਰਦਾ ਲਾਹਿਆ ਹੈ। ਪਰ ਮੈਨੂੰ ਇਹ ਤਸੱਲੀ ਹੈ ਕਿ ਇਹ ਹੱਥ ਸਰ ਪਰਸੀਵਲ ਦਾ ਨਹੀਂ; ਮੇਰਾ ਹੈ ਅਤੇ ਇਹ ਵਧੇਰੇ ਚੰਗਾ ਹੈ ਕਿ ਇਹ ਹੱਥ ਉਹਦਾ ਨਹੀਂ ਮੇਰਾ ਹੈ।

ਸੋ ਪਹਿਲੀ ਯੋਜਨਾ ਹੀ ਸਵੀਕਾਰ ਹੋਈ ਹੈ। ਉਹ ਇਟਲੀ ਜਾਣਗੇ, ਅਤੇ ਮੈਂ ਸਰ ਪਰਸੀਵਲ ਦੀ ਮਰਜ਼ੀ ਨਾਲ ਇਹ ਇੰਤਜ਼ਾਮ ਕਰਨਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਹੀ ਮਿਲਾਂ ਅਤੇ ਜਦੋਂ ਉਹ ਇੰਗਲੈਂਡ ਆ ਜਾਣ ਉਨ੍ਹਾਂ ਦੇ ਨਾਲ ਉਥੇ ਹੀ ਰਹਾਂ। ਦੂਜੇ ਸ਼ਬਦਾਂ ਵਿਚ, ਜਿੰਦਗੀ ਵਿਚ ਪਹਿਲੀ ਵਾਰੀ ਮੈਨੂੰ ਆਪਣੇ ਲਈ ਕਿਸੇ ਕੋਲੋਂ ਕੁਝ ਮੰਗਣਾ ਪੈਣਾ ਹੈ। ਅਤੇ ਇਹ ਉਸ ਪੁਰਸ਼ ਕੋਲੋਂ, ਜਿਸ ਦਾ ਅਹਿਸਾਨ ਮੈਂ' ਕਦੀ ਵੀ ਲੈਣਾ ਨਹੀਂ ਚਾਹੁੰਦੀ। ਖੈਰ ! ਮੇਰਾ ਖਿਆਲ ਹੈ ਕਿ ਲਾਰਾ ਦੀ ਖ਼ਾਤਰ ਮੈਂ ਇਸ ਤੋਂ ਵੀ ਵਧ ਕਰ ਸਕਦੀ ਹਾਂ।

ਦੋ ਦਸੰਬਰ - ਪਿਛੇ ਵੇਖਣ ਨਾਲ, ਮੈਂ ਵੇਖਿਆ ਹੈ ਕਿ ਮੈਂ ਸਰ ਪਰਸੀਵਲ ਦਾ ਜਿਥੇ ਵੀ ਜ਼ਿਕਰ ਕੀਤਾ ਹੈ, ਉਹਦਾ ਤ੍ਰਿਸਕਾਰ ਹੀ ਕੀਤਾ ਹੈ। ਪਰ ਹੁਣ ਘਟਨਾਵਾਂ ਨੇ ਜਿਵੇਂ ਮੋੜਾ ਖਾਧਾ ਹੈ, ਮੈਨੂੰ ਆਪਣੇ ਦਿਲ ਵਿਚੋਂ ਇਹ ਵਹਿਮ ਕਢਣਾ ਹੀ ਚਾਹੀਦਾ ਹੈ, ਅਤੇ ਮੈਂ ਜ਼ਰੂਰ ਕਢਾਂਗੀ। ਮੈਨੂੰ ਇਹ ਨਹੀਂ ਪਤਾ ਕਿ ਮੇਰੇ ਮਨ ਵਿਚ ਉਹਦੇ ਵਿਰੁੱਧ ਇਹ ਵਹਿਮ ਕਿਵੇਂ ਪਿਆ। ਪਹਿਲਾਂ ਤਾਂ ਇਹ ਗੱਲ ਨਹੀਂ ਸੀ।

ਲਾਰਾ ਦੀ ਮਰਜ਼ੀ ਇਸ ਵਿਆਹ ਤੇ ਨਹੀਂ ਸੀ -ਕੀ ਮੇਰਾ ਸਰ ਪਰਸੀਵਲ ਦੇ ਵਿਰੁੱਧ ਹੋਣ ਦਾ ਇਹ ਕਾਰਣ ਤਾਂ ਨਹੀਂ? ਕੀ ਹਾਰਟਾਈਟ ਦੇ ਉਹ ਵਹਿਮ ਜੋ ਸਮਝੇ ਜਾ

ਸਕਦੇ ਹਨ, ਮੇਰੇ ਉਤੇ ਵੀ ਪ੍ਰਭਾਵ ਪਾ ਚੁਕੇ ਹਨ --? ਕੀ ਏਨ ਕੈਥੇਰਿਕ ਦੀ ਉਸ ਚਿੱਠੀ ਦੇ ਅਸਰ ਹੇਠ ਮੇਰੇ ਦਿਲ ਵਿਚ ਅਜੇ ਵੀ ਕੋਈ ਬਇਤਬਾਰੀ ਛਪੀ ਬੈਠੀ ਹੈ; ਭਾਵੇਂ ਸਰ ਪਰਸੀਵਲ ਨੇ ਆਪਣੀ ਸਫਾਈ ਸਬੂਤ ਸਮੇਤ ਦਿਤੀ ਹੈ, ਜੋ ਮੇਰੇ ਕੋਲ ਪਿਆ ਹੋਇਆ ਹੈ। ਮੈਂ ਆਪਣੀਆਂ ਭਾਵਨਾਵਾਂ ਦੀ ਸਥਿਤੀ ਦਾ ਕੋਈ ਕਾਰਣ ਨਹੀਂ ਲੱਭ ਸਕਦੀ; ਪਰ ਇਸ ਗੱਲ ਬਾਰੇ ਮੈਨੂੰ ਪੱਕਾ ਪਤਾ ਹੈ; ਕਿ ਇਹ ਮੇਰਾ ਕਰਤੱਵ ਹੈ, ਕਿ ਸਰ ਪਰਸੀਵਲ ਉਤੇ ਬੇ-ਯਕੀਨੀ ਕਰ ਕੇ ਉਹਦੇ ਨਾਲ ਅਨਿਆਂ ਨਾ ਕਰਾਂ। ਜੇ ਇਹ ਮੇਰੀ ਆਦਤ ਹੀ ਬਣ ਗਈ ਹੈ ਕਿ ਮੈਂ ਉਹਦੀ ਗੱਲ ਸ਼ੱਕ ਨਾਲ ਹੀ ਲਿਖਾ ਤਾਂ ਮੈਂ ਆਪਣੀ ਇਸ ਆਦਤ ਨੂੰ ਹਟਾਵਾਂਗੀ ਭਾਵੇਂ ਮੈਨੂੰ ਉਦੋਂ ਤੀਕ ਡਾਇਰੀ ਲਿਖਣੀ ਹੀ ਬੰਦ ਕਿਉਂ ਨਾ ਕਰਨੀ ਪਵੇ, ਜਦੋਂ ਤੀਕ ਵਿਆਹ ਨਹੀਂ ਹੋ ਜਾਂਦਾ। ਮੈਨੂੰ ਆਪਣੇ ਆਪ ਨਾਲ ਗਹਿਰੀ ਅਸੰਤੁਸ਼ਟਤਾ ਹੈ, ਮੈਂ ਅਜੇ ਹੋਰ ਨਹੀਂ ਲਿਖਾਂਗੀ।

ਸੋਲਾਂ ਦਸੰਬਰ-ਇਕ ਪੰਦਰਵਾੜਾ ਬੀਤ ਗਿਆ ਹੈ; ਅਤੇ ਮੈਂ ਇਕ ਵਾਰ ਵੀ ਇਹ ਪੰਨੇ ਨਹੀਂ ਖੋਲ੍ਹੇ। ਮੈਂ ਆਪਣੀ ਡਾਇਰੀ ਤੋਂ ਕਾਫੀ ਦਿਨ ਦੂਰ ਰਹੀ ਹਾਂ ਅਤੇ ਹੁਣ ਮੈਂ ਵਧੇਰੇ ਸਿਹਤਮੰਦ ਵਿਚਾਰਾਂ ਨਾਲ ਇਹਨੂੰ ਲਿਖ ਸਕਾਂਗੀ, ਅਤੇ ਖਾਸ ਕਰਕੇ ਜਿਥੋਂ ਤੀਕ ਸਰ ਪਰਸੀਵਲ ਦਾ ਸੰਬੰਧ ਹੈ।

ਪਿਛਲੇ ਪੰਦਰਾਂ ਦਿਨਾਂ ਵਿਚ ਕੋਈ ਖਾਸ ਗੱਲ ਨਹੀਂ ਹੋਈ, ਜਿਸ ਬਾਰੇ ਲਿਖਿਆ ਜਾਏ। ਕੱਪੜੇ ਸਭ ਤਿਆਰ ਹੀ ਹਨ; ਅਤੇ ਲੰਦਨ ਤੋਂ ਨਵੇਂ ਟਰੰਕ ਇਥੇ ਪਹੁੰਚ ਗਏ ਹਨ। ਵਿਚਾਰੀ ਪਿਆਰੀ ਲਾਰਾ ਸਾਰਾ ਦਿਨ ਮੇਰੇ ਨਾਲ ਹੀ ਰਹਿੰਦੀ ਹੈ, ਅਤੇ ਕੱਲ ਰਾਤ ਜਦੋਂ ਸਾਨੂੰ ਦੋਹਾਂ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਆ ਕੇ ਮੇਰੇ ਬਿਸਤਰੇ ਵਿਚ ਵੜ ਗਈ ਕਿ ਮੇਰੇ ਨਾਲ ਉਸ ਗੱਲਾਂ ਕਰੇਗੀ।

"ਮੇਰੀਅਨ ਤੂੰ ਜਲਦੀ ਹੀ ਮੇਰੇ ਕੱਲੋਂ ਦੂਰ ਹੋ ਜਾਣਾ ਹੈ," ਉਹ ਬੋਲੀ, "ਇਸ ਲਈ ਮੈਂ ਹੁਣ ਤੇਰਾ ਵਿਸਾਹ ਨਹੀਂ ਖਾਂਦੀ।"

ਉਨ੍ਹਾਂ ਦਾ ਵਿਆਹ ਲਿਮਰਿਜ ਦੇ ਗਿਰਜੇ ਵਿਚ ਹੋਣਾ ਹੈ ਅਤੇ ਰੱਬ ਦਾ ਸ਼ੁਕਰ ਹੈ ਕਿ ਕਦੀ ਵੀ ਗਵਾਂਢੀ ਵਿਆਹ ਦੀ ਰਸਮ ਵੇਲੇ ਨਹੀਂ ਬਲਾਇਆ ਜਾਵੇਗਾ। ਇਕ ਪ੍ਰਾਹੁਣਾ ਪੋਲਿਸ- ਡੀਨ ਦਾ ਮਿਸਟਰ ਆਰਨਲਡ ਹੋਵੇਗਾ, ਜੋ ਲਾਰਾ ਦਾ 'ਕੰਨਿਆ ਦਾਨ' ਕਰੇਗਾ; ਉਹਦਾ ਚਾਚਾ ਏਨੀ ਸਰਦੀ ਵਿਚ ਬਾਹਰ ਨਿਕਲਣ ਲਈ ਬਹੁਤ ਨਾਜ਼ਕ ਹੈ। ਜੇ ਮੈਂ ਹੁਣ ਇਹ

ਨਿਸ਼ਚਾ ਨਾਂ ਕੀਤਾ ਹੁੰਦਾ ਕਿ ਅੱਜ ਤੋਂ ਮੈਂ ਇਸ ਤਸਵੀਰ ਦਾ ਚਾਨਣਾ ਪੱਖ ਹੀ ਵੇਖਾਂਗੀ ਤਾਂ ਲਾਰਾ ਦੇ ਵਿਆਹ ਤੇ ਕਿਸੇ ਮਰਦ ਰਿਸ਼ਤੇਦਾਰ ਦਾ ਨਾ ਹੋਣਾ ਮੈਨੂੰ ਉਦਾਸ ਕਰ ਦੇਂਦਾ ਅਤੇ ਭਵਿੱਸ ਲਈ ਇਕ ਅਵਿਸ਼ਵਾਸ ਮੇਰੇ ਮਨ ਵਿਚ ਜ਼ਰੂਰ ਆਉਂਦਾ।

ਪਰ ਮੈਂ ਹੁਣ ਦੁੱਖ ਅਤੇ ਬੇ-ਯਕੀਨੀ ਨੂੰ ਛੱਡ ਚੁੱਕੀ ਹਾਂ, ਮੇਰਾ ਭਾਵ ਹੈ ਕਿ ਮੈਂ ਇਨ੍ਹਾਂ ਦੋਹਾ ਬਾਰੇ ਆਪਣੀ ਡਾਇਰੀ ਵਿਚ ਕੁਝ ਨਹੀਂ ਲਿਖਾਂਗੀ।

ਸਰ ਪਰਸੀਵਲ ਨੇ ਅੱਜ ਆਉਣਾ ਹੈ। ਉਹਨੇ ਇਹ ਲਿਖ ਭੇਜਿਆ ਹੈ ਕਿ ਜੇ ਅਸੀਂ ਕੱਟੜ ਰਵਾਜ ਅਤੇ ਸਿਸ਼ਟਾਚਾਰ ਨੂੰ ਮੰਨਣਾ ਹੈ ਤਾਂ ਉਹ ਵਿਆਹ ਤੋਂ ਪਹਿਲਾਂ ਜਦੋਂ ਲਿਮਰਿਜ ਪਹੁੰਚੇਗਾ, ਇਥੇ ਦੀ ਧਰਮਸ਼ਾਲਾ ਵਿਚ ਠਹਿਰ ਜਾਏਗਾ, ਅਤੇ ਇਸ ਲਈ ਉਹਨੇ ਸਾਨੂੰ ਪਾਦਰੀ ਨੂੰ ਚਿੱਠੀ ਲਿਖ ਕੇ ਉਹਦੀ ਆਗਿਆ ਲੈਣ ਲਈ ਕਿਹਾ ਸੀ। ਪਰ ਇਸ ਹਾਲਾਤ ਨੂੰ ਵੇਖਦਿਆਂ ਨਾਂ ਮਿਸਟਰ ਫੇਅਰਲੀ ਨੇ ਅਤੇ ਨਾਂ ਹੀ ਮੈਂ ਇਹ ਜਿਹੀਆਂ ਛੋਟੀਆਂ ਛੋਟੀਆਂ ਰਸਮਾਂ ਵੱਲ ਧਿਆਨ ਦੇਣਾ ਜ਼ਰੂਰੀ ਸਮਝਿਆ ਹੈ। ਸਾਡੇ ਇਸ ਉਜਾੜ ਪਾਸੇ ਅਤੇ ਇਸ ਵੱਡੇ ਸਾਰੇ ਇਕਾਂਤ ਘਰ ਵਿਚ ਉਨ੍ਹਾਂ ਰਸਮਾਂ ਰਵਾਜਾਂ ਦਾ ਬੰਧਨ ਉਨਾਂ ਮਜ਼ਬੂਤ ਨਹੀਂ ਰਹਿ ਜਾਂਦਾ, ਜੋ ਹੋਰ ਥਾਵਾਂ ਤੇ ਲੋਕ ਨੂੰ ਮੰਨਣਾ ਪੈਂਦਾ ਹੈ। ਮੈਂ ਸਰ ਪਰਸੀਵਲ ਨੂੰ ਉਹਦੇ ਇਸ ਵਿਚਾਰ ਲਈ ਧੰਨਵਾਦ ਕੀਤਾ ਅਤੇ ਇਹ ਵੀ ਲਿਖਿਆ ਕਿ ਉਹ ਸਦਾ ਵਾਂਗ ਲਿਮਰਿਜ ਹਾਊਸ ਵਿਚ ਆਪਣੇ ਪੁਰਾਣੇ ਕਮਰਿਆਂ ਵਿਚ ਹੀ ਠਹਿਰੇਗਾ।

ਸਤਾਰਾਂ ਦਸੰਬਰ ਉਹ ਅੱਜ ਸਵੇਰੇ ਪਹੁੰਚ ਗਿਆ ਹੈ, ਮੈਨੂੰ ਉਹ ਕੁਝ ਥੱਕਿਆ ਹੋਇਆ ਦਿਸਦਾ ਹੈ, ਪਰ ਤਾਂ ਵੀ ਉਹ ਬਹੁਤ ਖੁਸ਼ ਹੈ ਅਤੇ ਇਕ ਅਤੀ ਪ੍ਰਸੰਨ ਆਦਮੀ ਵਾਂਗ ਗੱਲਾਂ ਕਰਦਾ ਅਤੇ ਹੱਸਦਾ ਹੈ। ਉਹ ਆਪਣੇ ਨਾਲ ਕੁਝ ਖੂਬਸੂਰਤ ਗਹਿਣੇ ਸੁਗਾਤ ਵਜੋਂ ਲਿਆਇਆ ਹੈ ਜੋ ਲਾਰਾ ਨੇ ਬੜੇ ਸੁੰਦਰ ਅੰਦਾਜ਼ ਨਾਲ ਸਵੀਕਾਰ ਕੀਤੇ, ਅਤੇ ਪ੍ਰਗਟ ਰੂਪ ਵਿਚ ਉਹਦਾ ਆਪਣੇ ਆਪ ਉਤੇ ਪੂਰਾ ਕਾਬੂ ਸੀ। ਉਹ ਆਪਣੇ ਆਪ ਨਾਲ ਕਿੰਨਾ ਸੰਘਰਸ਼ ਕਰ ਰਹੀ ਸੀ, ਕਿ ਬਾਹਰੋਂ ਵੇਖਣ ਨੂੰ ਉਹ ਇਸ ਔਖੇ ਸਮੇਂ ਸ਼ਾਂਤ ਦਿਸੇ, ਉਹਦੀ ਇਕ ਨਿਸ਼ਾਨੀ ਮੈਨੂੰ ਇਹ ਦਿੱਸੀ ਕਿ ਅਚਾਨਕ ਹੀ ਉਹ ਇਕੱਲ ਤਾਂ ਘਬਰਾਉਣ ਲਗ ਪਈ ਸੀ। ਪਹਿਲਾਂ ਵਾਂਗ ਉਹ ਆਪਣੇ  ਕਮਰੇ ਵਿਚ ਨਹੀਂ ਜਾਂਦੀ ਸੀ, ਸਗੋਂ ਉਥੇ ਜਾਣ ਤੋਂ ਜਿਵੇਂ ਡਰਨ ਲੱਗ ਪਈ ਸੀ। ਦੁਪਿਹਰ ਦੀ ਰੋਟੀ ਮਗਰੋਂ ਜਦ ਮੈਂ ਉਪਰ ਆਪਣੇ ਕਮਰੇ ਵਿਚ ਸੈਰ ਲਈ ਆਪਣੀ ਟੋਪੀ ਲੈਣ ਗਈ ਤਾਂ ਉਹ ਵੀ ਮੇਰੇ ਨਾਲ ਜਾਣ ਲਈ ਤਿਆਰ ਹੋ ਪਈ, ਅਤੇ ਰਾਤੀ ਰੋਟੀ ਤੋਂ

ਪਹਿਲਾਂ ਉਹਨੇ ਉਹ ਦਰਵਾਜਾ ਖੱਲ੍ਹ ਦਿੱਤਾ ਜੋ ਸਾਡੇ ਦੋਹਾਂ ਦੇ ਕਮਰਿਆਂ ਦੇ ਵਿਚਕਾਰ ਸੀ, ਤਾਂ ਜੋ ਅਸੀਂ ਕਪੜੇ ਪਾਂਦੀਆ ਆਪਸ ਵਿਚ ਗੱਲਾਂ ਵੀ ਕਰ ਸਕੀਏ। "ਮੈਨੂੰ ਹਰ ਸਮੇਂ ਕੁਝ ਨਾ ਕੁਝ ਕਰਵਾਦੀ ਰਿਹਾ ਕਰ," ਉਹ ਬੋਲੀ, "ਮੈਨੂੰ ਹਰ ਵਕਤ ਕਿਸੇ ਨਾਂ ਕਿਸੇ ਦਾ ਸਾਥ ਚਾਹੀਦਾ ਹੈ। ਮੈਨੂੰ ਸੋਚਣ ਦਾ ਮੌਕਾ ਨਾ ਮਿਲ, ਮੇਰੀਅਨ, ਮੈਂ ਹੁਣ ਇਹ ਹੀ ਮੰਗਦੀ ਹਾਂ ਮੈਨੂੰ ਸੋਚਣ ਨਾ ਦੇ।"

ਉਹਦੇ ਵਿਚ ਇਹ ਦੁਖਦਾਈ ਪ੍ਰੀਵਰਤਨ ਆਉਣ ਨਾਲ, ਸਰ ਪਰਸੀਵਲ ਲਈ ਉਹ ਹੋਰ ਵੀ ਆਕਰਸ਼ਕ ਹੋ ਗਈ ਹੈ। ਉਹ ਇਸਦਾ ਮਤਲਬ ਆਪਣੇ ਫਾਇਦੇ ਲਈ ਕੱਢਦਾ ਹੈ। ਲਾਰਾ ਦੀਆਂ ਗੱਲ੍ਹਾਂ ਉਤੇ ਬੁਖਾਰ ਦੀ ਲਾਲੀ ਹੈ, ਅੱਖਾਂ ਵਿਚ ਬੁਖਾਰ ਦੀ ਚਮਕ ਹੈ ਜਿਸਨੂੰ ਸਰ ਪਰਸੀਵਲ ਇਹ ਸਮਝਦਾ ਹੈ ਕਿ ਉਹਦੀ ਸੁੰਦਰਤਾ ਮੁੜ ਮਹਿਕ ਉਠੀ ਹੈ ਅਤੇ ਉਹ ਹੁਣ ਖੁਸ਼ ਹੈ। ਅੱਜ ਰੋਟੀ ਵੇਲੇ ਉਹ ਜਿਸ ਖੁਸ਼ੀ ਅਤੇ ਲਾਪ੍ਰਵਾਹੀ ਨਾਲ ਟਹਿਕ ਰਹੀ ਸੀ, ਉਹ ਉਹਦੇ ਸਭਾ ਦੇ ਬਿਲਕੁਲ ਉਲਟ ਹੈ, ਅਤੇ ਇਹ ਖੁਸ਼ੀ ਝੂਠੀ ਖੁਸ਼ੀ ਸੀ। ਮੇਰਾ ਦਿਲ ਕਰਦਾ ਸੀ ਕਿ ਮੈਂ ਉਹਨੂੰ ਚੁੱਪ ਕਰਾਦਿਆਂ ਅਤੇ ਉਥੋਂ ਲੈ ਜਾਵਾ। ਸਰ ਪਰਸੀਵਲ ਦੀ ਖੁਸ਼ੀ ਅਤੇ ਹੈਰਾਨੀ ਕਿਸੇ ਤਰ੍ਹਾਂ ਵੀ ਬਿਆਨ ਨਹੀਂ ਕੀਤੀ ਜਾ ਸਕਦੀ। ਉਹ ਫ਼ਿਕਰ ਅਤੇ ਚਿੰਤਾ, ਜੋ ਉਹਦੇ ਮੂੰਹ ਉਤੇ ਉਦੋਂ ਸੀ, ਜੱਦ ਉਹ ਆਇਆ ਸੀ, ਹੁਣ ਬਿਲਕੁਲ ਅਲੋਪ ਸੀ; ਅਤੇ ਉਹ ਮੇਰੀਆਂ ਅੱਖਾਂ ਨੂੰ ਅਗੇ ਨਾਲੋਂ ਦਸ ਸਾਲ ਛੋਟਾ ਲਗ ਰਿਹਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਭਾਵੇਂ ਮੈਂ ਆਪਣੇ ਅਵੱਲੇਪਨ ਕਰਕੇ ਇਹ ਵੇਖਣ ਤੋਂ ਅਸਮਰੱਥ ਹਾਂ ਕਿ ਲਾਰਾ ਦਾ ਹੋਣ ਵਾਲਾ ਪਤੀ ਸਚਮੁਚ ਬੜਾ ਸੁਹਣਾ ਹੈ। ਸਭ ਤੋਂ ਪਹਿਲਾਂ ਉਹਦੇ ਸਾਰੇ ਨਕਸ਼ ਸੁਡੋਲ ਹਨ, ਜੋ ਕਿ ਸੁੰਦਰ ਹੋਣ ਲਈ ਸਭ ਤੋਂ ਜ਼ਰੂਰੀ ਹਨ। ਚਮਕਦੀਆਂ ਭੂਰੀਆਂ ਅੱਖਾਂ, ਭਾਵੇਂ ਮਰਦ ਦੀਆਂ ਹੋਣ ਭਾਵੇਂ ਔਰਤ ਦੀਆਂ, ਬੜੀ ਖਿੱਚ ਰੱਖਦੀਆਂ ਹਨ, ਅਤੇ ਉਹਦੀਆਂ ਇਹੀ ਹਨ; ਇਥੋਂ ਤੀਕ ਕਿ ਗੰਜਾਪਨ, ਉਦੋਂ ਜਦੋਂ ਇਹ ਸਿਰਫ ਮਥੇ ਤੇ ਹੀ ਹੋਵੇ, ਜਿਵੇਂ ਉਹਦੇ ਤੇ ਹੈ, ਇਕ ਮਰਦ ਵਿਚ ਸੋਹਣਾ ਲਗਦਾ ਹੈ, ਕਿਉਂਕਿ ਇਵੇਂ ਮੱਥਾ ਵੱਡਾ ਹੋ ਜਾਂਦਾ ਹੈ ਅਤੇ ਮੂੰਹ ਦੀ ਸਿਆਣਪ ਵਧ ਜਾਂਦੀ ਹੈ। ਉਹ ਤੁਰਦਾ ਫਿਰਦਾ ਵੀ ਇਕ ਸੁਹਣੀ ਅਦਾ ਨਾਲ ਹੈ, ਬੜਾ ਗਰਮ ਜੋਸ਼ੀ ਵਾਲਾ ਤੌਰ ਤਰੀਕਾ, ਹਾਜ਼ਰ ਜਵਾਬੀ, ਅਤੇ ਗੱਲਬਾਤ ਵਿਚ ਚੁਸਤੀ- ਇਹ ਗੁਣ ਸਭ ਉਹਦੇ ਵਿਚ ਹਨ, ਮਿਸਟਰ ਗਿਲਮੌਰ ਜੋ ਕਿ ਲਾਰਾ ਦੇ ਭੇਤ

ਤੋਂ ਅਨਜਾਣ ਸੀ, ਠੀਕ ਹੀ ਹੈਰਾਨ ਸੀ ਕਿ ਉਹ ਕਿਉਂ ਆਪਣੀ ਕੁੜਮਾਈ ਉਤੇ ਪਛਤਾ ਰਹੀ ਹੈ ਉਹਦੀ ਥਾਂ ਤੇ ਕੋਈ ਹੋਰ ਵੀ ਹੁੰਦਾ, ਤਾਂ ਉਹਦੀ ਵੀ ਇਹੀ ਰਾਏ ਹੁੰਦੀ ਜੋ ਕਿ ਸਾਡੇ ਬਜੁਰਗ ਮਿੱਤਰ ਦੀ ਸੀ। ਜੇ ਮੈਨੂੰ ਇਕ ਮਿੰਟ ਇਹ ਪੁੱਛਿਆ ਜਾਏ ਕਿ ਸਰ ਪਰਸੀਵਲ ਵਿਚ ਮੈਨੂੰ ਕੀ ਨੁਕਸ ਦਿਸੇ ਹਨ, ਤਾਂ ਮੈਂ ਸਿਰਫ ਦੋਹਾਂ ਵੱਲ ਇਸ਼ਾਰਾ ਕਰ ਸਕਦੀ ਹਾਂ। ਇਕ ਉਹਦੀ ਹਰ ਸਮੇਂ ਦੀ ਬੱਚੇਨੀ ਅਤੇ ਉਹਦਾ ਹਰ ਵੇਲੇ ਉਤੇਜਿਤ ਰਹਿਣਾ-ਇਕ ਸ਼ਾਇਦ ਉਹਦੀ ਸ਼ਕਤੀ ਕਾਰਣ ਹੀ ਹੈ। ਦੂਜਾ ਉਹਦਾ ਤਿੱਖਾ, ਸੰਖੇਪ ਅਤੇ ਨੇਤਾ ਢੰਗ, ਜਿਸ ਨਾਲ ਉਹ ਨੌਕਰਾਂ ਨਾਲ ਬੋਲਦਾ ਹੈ-ਹੋ ਸਕਦਾ ਹੈ, ਇਹ ਇਕ ਭੈੜੀ ਆਦਤ ਹੀ ਹੋਵੇ। ਨਹੀਂ, ਮੈਂ ਇਹਦੇ ਬਾਰੇ ਬਹਿਸ ਨਹੀਂ ਕਰ ਸਕਦੀ ਅਤੇ ਨਾ ਹੀ ਕਰਾਂਗੀ ਸਰ ਪਰਸੀਵਲ ਬਹੁਤ ਸੋਹਣਾ ਅਤੇ ਬੜਾ ਚੰਗਾ ਆਦਮੀ ਹੈ। ਵੇਖੋ! ਮੈਂ ਅੰਤ ਇਹ ਲਿਖ ਦਿਤਾ ਹੈ, ਅਤੇ ਮੈਂ ਖੁਸ਼ ਹਾਂ ਕਿ ਮੈਂ ਇਹ ਕੰਮ ਕਰ ਲਿਆ ਹੈ।

ਅਠਾਰਾਂ ਦਸੰਬਰ- ਅੱਜ,ਸਵੇਰ ਮੈਂ ਬੜੀ ਉਦਾਸ ਅਤੇ ਥੱਕੀ ਹੋਈ ਮਹਿਸੂਸ ਕਰ ਰਹੀ ਸਾ, ਸੋ ਮੈਂ ਲਾਰਾ ਨੂੰ ਮਿਸਿਜ਼ ਵੈਸੀ ਕੋਲ ਛੱਡ ਕੇ ਇਕੱਲੀ ਹੀ ਦੁਪਹਿਰ ਤੋਂ ਪਹਿਲਾਂ ਸੈਰ ਕਰਨ ਨਿਕਲ ਪਈ। ਮੇਰੀ ਇਹ ਸੈਰ ਪਿਛਲੇ ਕਈ ਦਿਨਾਂ ਤੇ ਖੁੰਝ ਰਹੀ ਸੀ। ਮੈਂ ਵੀਰਾਨ ਜ਼ਮੀਨ ਦੇ ਉਤੇ ਦੀ ਉਸ ਸੁੱਕੀ ਅਤੇ ਹਵਾਦਾਰ ਸੜਕ ਤੇ ਪੈ ਗਈ ਜਾਂ ਟਾਡਸ ਕਾਰਨਰ ਵੱਲ ਜਾਂਦੀ ਸੀ। ਕੋਈ ਅਧਾ ਕੁ ਘੰਟਾ ਤੁਰੀ ਹੋਵਾਂਗੀ, ਕਿ ਮੈਨੂੰ ਬੜੀ ਹੈਰਾਨੀ ਹੋਈ, ਜਦ ਮੈਂ ਵੇਖਿਆ ਕਿ ਸਰ ਪਰਸੀਵਲ ਫਾਰਮ ਵਾਲੇ ਪਾਸਿਉਂ ਮੇਰੇ ਵੱਲ ਤੁਰਦਾ ਆ ਰਿਹਾ ਸੀ। ਉਹ ਬੜੀ ਕਾਹਲੀ ਕਾਹਲੀ ਸੋਟੀ ਨੂੰ ਹਿਲਾਦਾ ਤੁਰ ਰਿਹਾ ਸੀ; ਉਸਦਾ ਸਿਰ ਸਦਾ ਵਾਂਗ ਉੱਚਾ ਸੀ ਅਤੇ ਉਹਦੇ ਸ਼ਿਕਾਰ ਵਾਲੀ ਜੈਕੇਟ ਖੁਲੀ ਹੋਈ ਹਵਾ ਵਿਚ ਉਡ ਰਹੀ ਸੀ। ਜਦੋਂ ਅਸੀਂ ਮਿਲੇ, ਉਹਨੇ ਇਹ ਉਡੀਕ ਨਾਂ ਕੀਤੀ ਕਿ ਮੈਂ ਉਹਨੂੰ ਪ੍ਰਸ਼ਨ ਪੁੱਛਾਂ ਉਹਨੇ ਮੈਨੂੰ ਇਕਦਮ ਇਹ ਕਿਹਾ ਕਿ ਉਹ ਫਾਰਮ ਉਤੇ ਮਿਸਟਰ ਜਾਂ ਮਿਸਿਜ਼ ਟਾਡ ਨੂੰ ਇਹ ਪੁੱਛਣ ਗਿਆ ਸੀ ਕਿ ਕੀ ਉਨ੍ਹਾਂ ਨੂੰ ਏਨ ਕੈਥੇਰਿਕ ਦੀ ਕਈ ਖ਼ਬਰ ਮਿਲੀ ਹੈ ਜਾਂ ਨਹੀਂ।

"ਅਤੇ ਤੁਹਾਨੂੰ ਪਤਾ ਲਗਾ ਹੋਵੇਗਾ ਕਿ ਉਨ੍ਹਾਂ ਨੂੰ ਕੋਈ ਖ਼ਬਰ ਨਹੀਂ?" ਮੈਂ ਕਿਹਾ।'

ਹਾਂ ਉਨ੍ਹਾਂ ਨੂੰ ਕੋਈ ਖਬਰ ਨਹੀਂ," ਉਹਨੇ ਉਤਰ ਦਿੱਤਾ। "ਮੈਨੂੰ ਹੁਣ ਸਚਮੁਚ ਡਰ ਲੱਗਣ ਲਗ ਪਿਆ ਹੈ ਕਿ ਉਹ ਸਾਡੇ ਹੱਥੋਂ ਨਿਕਲ ਗਈ ਹੈ। ਕੀ ਤੁਸੀਂ ਜਾਣਦੇ ਹੋ," ਉਹ ਮੇਰੇ

ਮੂੰਹ ਵੱਲ ਬੜੇ ਧਿਆਨ ਨਾਲ ਵੇਖਦਿਆਂ ਮੁੜ ਬੋਲਿਆ, "ਕੀ ਉਹ ਕਲਾਕਾਰ-ਮਿਸਟਰ ਹਾਰਟਰਾਈਟ ਸਾਨੂੰ ਕੁਝ ਉਹਦਾ ਪਤਾ ਦੇ ਸਕੇਗਾ-?"

"ਉਹਨੇ ਕੰਬਰਲੈਂਡ ਜਾਣ ਤੋਂ ਮਗਰੋਂ ਏਨ ਕੈਥੇਰਿਕ ਨਾਂ ਵੇਖੀ ਹੈ, ਅਤੇ ਨਾਂ ਹੀ ਕੋਈ ਉਹਦੀ ਖ਼ਬਰ ਸੁਣੀ ਹੈ -?" ਮੈਂ ਉੱਤਰ ਦਿਤਾ।

"ਬੜੇ ਅਫਸੋਸ ਦੀ ਗੱਲ ਹੈ," ਸਰ ਪਰਸੀਵਲ ਨੇ ਇੰਜ ਕਿਹਾ ਜਿਵੇਂ ਉਹਨੂੰ ਬੜੀ ਨਿਰਾਸ਼ਾ ਹੋਈ ਹੋਵੇ, ਅਤੇ ਭਾਵੇਂ ਇਹ ਅਜੀਬ ਸੀ, ਪਰ ਨਾਲ ਹੀ ਇਹ ਲਗਦਾ ਸੀ ਕਿ ਉਹਨੂੰ ਸੋਖਾ ਸਾਹ ਵੀ ਆਇਆ ਸੀ, "ਇਹ ਕਹਿਣਾ ਅਸੰਭਵ ਹੈ ਕਿ ਉਸ ਬਦਨਸੀਬ ਨੂੰ ਕਿਹੜੀ ਕਿਹੜੀ ਤਕਲੀਫ ਪੇਸ਼ ਨਾ ਆਈ ਹੋਵੇਗੀ। ਮੈਨੂੰ ਬਹੁਤ ਗੁੱਸਾ ਹੈ, ਕਿ ਮੈਂ ਕਿੰਨੇ ਹੀ ਯਤਨ ਕਰ ਚੁੱਕਾ ਹਾਂ ਕਿ ਉਹਨੂੰ ਵਾਪਸ ਉਥੇ ਹੀ ਦੇਖਭਾਲ ਲਈ ਭੇਜ ਸਕਾਂ, ਜਿਸਦੀ ਉਹਨੂੰ ਸਖ਼ਤ ਲੋੜ ਹੈ, ਪਰ ਮੈਂ ਨਿਰਾਸ਼ ਹੀ ਹੋਇਆਂ ਹਾਂ।"

ਇਸ ਵਾਰੀ ਉਹ ਬੜੇ ਗੁੱਸੇ ਵਿਚ ਲਗ ਰਿਹਾ ਸੀ। ਮੈਂ ਕੁਝ ਸ਼ਬਦਾਂ ਰਾਹੀਂ ਉਹਦੇ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਫਿਰ ਅਸੀਂ ਹੋਰ ਗੱਲਾਂ ਕਰਦੇ ਵਾਪਸ ਘਰ ਪੁੱਜ ਗਏ। ਮੇਰੀ ਇਸ ਅਚਾਨਕ ਮਿਲਣੀ ਨਾਲ ਉਹਦੀ ਸ਼ਖਸੀਅਤ ਦਾ ਇਕ ਹੋਰ ਚੰਗਾ ਪੱਖ ਸਾਹਮਣੇ ਉਘੜ ਆਇਆ ਸੀ। ਸਚਮੁਚ ਹੀ ਉਹ ਇੰਨਾ ਖਿਆਲ ਰੱਖਣ ਵਾਲਾ ਅਤੇ ਨਿਰਸਵਾਰਥੀ ਸੀ, ਕਿ ਆਪਣੇ ਵਿਆਹ ਦੇ ਨੇੜੇ ਵੀ ਏਨ ਕੈਥੇਰਿਕ ਬਾਰੇ ਸੋਚ ਕੇ ਟਾਡਸ ਕਾਰਨਰ ਤਕ ਪੈਦਲ ਜਾ ਕੇ ਪੁੱਛ ਗਿਛ ਕਰ ਰਿਹਾ ਸੀ, ਜਦੋਂ ਕਿ ਉਹ ਇਹ ਸਮਾਂ ਲਾਰਾ ਦੇ ਸਾਥ ਵਿਚ ਵਧੇਰੇ ਚੰਗੀ ਤਰ੍ਹਾਂ ਬਤੀਤ ਕਰ ਸਕਦਾ ਸੀ। ਇਹ ਸੋਚ ਕੇ ਕਿ ਉਹਨੇ ਸਿਰਫ ਪਰਉਪਕਾਰ ਦੇ ਖਿਆਲ ਕਰਕੇ ਹੀ ਅਜਿਹਾ ਕੀਤਾ ਹੋਵੇਗਾ, ਉਹਦਾ ਇਹ ਵਤੀਰਾ ਦਿਸ ਰਿਹਾ ਸੀ, ਕਿ ਉਹ ਗਰੀਬਾਂ ਦਾ ਧਿਆਨ ਰੱਖਦਾ ਸੀ ਅਤੇ ਤਾਰੀਫ਼ ਦੇ ਯੋਗ ਸੀ। ਖੈਰ ! ਮੈਂ ਉਹਦੀ ਬਹੁਤ ਤਾਰੀਫ਼ ਕਰਦੀ ਹਾਂ ਅਤੇ ਇਥੋਂ ਇਸ ਗੱਲ ਨੂੰ ਖਤਮ ਕਰਦੀ ਹਾਂ।

ਉਨੀ ਦਸੰਬਰ--ਸਰ ਪਰਸੀਵਲ ਦੇ ਗੁਣਾ ਦੀ ਖਾਨ ਵਿਚੋਂ ਹੋਰ ਚੰਗਿਆਈਆਂ ਪ੍ਰਗਟ ਹੋਈਆਂ ਹਨ।

ਅੱਜ ਮੈਂ ਉਹਦੇ ਘਰ ਰਹਿਣ ਦੇ ਵਿਸ਼ੇ ਬਾਰੇ ਉਹਦੇ ਨਾਲ ਗੱਲ ਕੀਤੀ ਹੈ, ਕਿ ਜਦੋਂ ਉਹ ਅਤੇ ਉਹਦੀ ਪਤਨੀ ਵਾਪਸ ਇਗਲੈਂਡ ਆਉਣਗੇ। ਮੈਂ ਉਹਨਾਂ ਦੇ ਨਾਲ ਹੀ ਰਹਿਣਾ

ਚਾਹੁੰਦੀ ਹਾਂ। ਮੈਂ ਅਜੇ ਗੱਲ ਸ਼ੁਰੂ ਹੀ ਕੀਤੀ ਸੀ ਕਿ ਉਹਨੇ ਮੇਰਾ ਬੜੇ ਨਿੱਘ ਨਾਲ ਹੱਥ ਪਕੜ ਕੇ ਕਿਹਾ ਕਿ ਮੈਂ ਉਹੀ ਗੱਲ ਕੀਤੀ ਹੈ, ਜੋ ਉਹ ਆਪ ਕਰਨ ਲਈ ਫਿਕਰਮੰਦ ਸੀ, ਅਤੇ ਉਹ ਮੈਨੂੰ ਕਹਿਣ ਹੀ ਵਾਲਾ ਸੀ। ਸਭ ਲੋਕਾਂ ਵਿਚੋਂ ਉਹ ਮੈਨੂੰ ਹੀ ਆਪਣੀ ਪਤਨੀ ਦਾ ਸਾਥੀ ਵੇਖਣਾ ਲੋਚਦਾ ਸੀ; ਅਤੇ ਉਹਨੇ ਮੈਨੂੰ ਇਸ ਗੱਲ ਉਤੇ ਵਿਸ਼ਵਾਸ ਕਰਨ ਦੀ ਬੇਨਤੀ ਕੀਤੀ ਕਿ ਮੈਂ ਇਹ ਸਝਾਅ ਕਿ ਮੈਂ ਉਨ੍ਹਾਂ ਦੇ ਵਿਆਹ ਮਗਰੋਂ ਲਾਰਾ ਨਾਲ ਹੀ ਰਹਿਣਾ ਚਾਹੁੰਦੀ ਹਾਂ ਜਿਵੇਂ ਅਸੀਂ ਪਹਿਲਾਂ ਰਹਿੰਦੀਆਂ ਹਾਂ ਪੇਸ਼ ਕਰਕੇ ਉਸ ਸਾਰੀ ਜ਼ਿੰਦਗੀ ਲਈ ਅਹਿਸਾਨ ਕੀਤਾ ਹੈ।

ਜਦੋਂ ਮੈਂ ਆਪਣੇ ਅਤੇ ਲਾਰਾ ਵਲੋਂ ਉਹਨੂੰ ਧੰਨਵਾਦ ਕੀਤਾ ਕਿ ਉਹਨੇ ਇਹ ਗੱਲ ਮੰਨ ਕੇ ਸਾਡਾ ਦੋਹਾਂ ਦਾ ਖਿਆਲ ਕੀਤਾ ਹੈ, ਤਾਂ ਮੈਂ ਉਹਦੇ ਵਿਆਹ ਦੇ ਮਗਰੋਂ ਸੈਰ ਦੇ ਪ੍ਰੋਗਰਾਮ ਬਾਰੇ ਗੱਲ ਛੇੜੀ। ਉਹਨੇ ਰੋਮ ਵਿਚ ਰਹਿੰਦੇ ਅੰਗਰੇਜ਼ ਲੋਕਾਂ ਦੀ ਗੱਲ ਕੀਤੀ, ਜਿਨ੍ਹਾਂ ਨੂੰ ਲਾਰਾ ਮਿਲੇਗੀ। ਉਹਨੇ ਕਈ ਮਿੱਤਰਾਂ ਦੇ ਨਾਂ ਦਸੇ, ਜਿਨ੍ਹਾਂ ਨੇ ਉਹਨੂੰ ਇਨਾਂ ਸਰਦੀਆਂ ਵਿਚ ਉਥੇ ਮਿਲਣਾ ਸੀ। ਉਹ ਸਾਰੇ ਹੀ ਅੰਗਰੇਜ਼ ਸਨ, ਪਰ ਇਕ ਨਾ ਕੋਈ ਵਿਦੇਸ਼ੀ ਸੀ-! ਉਹ ਵਿਦੇਸ਼ੀ ਕਾਂਊਟ ਫ਼ੋਸਕੋ ਸੀ।

ਕਾਂਊਟ ਦਾ ਨਾਂ ਲੈਣ ਨਾਲ ਇਹ ਵੀ ਪਤਾ ਲਗਾ ਕਿ ਕਾਂਊਟ ਅਤੇ ਉਹਦੀ ਪਤਨੀ ਨਵ-ਵਿਆਹੀ ਜੋੜੀ ਨੂੰ ਰੋਮ ਵਿਚ ਮਿਲਣਗੇ। ਇਸ ਖਬਰ ਨਾਲ ਪਹਿਲੀ ਵਾਰੀ ਲਾਰਾ ਦੇ ਵਿਆਹ ਨੂੰ ਮੈਂ ਪ੍ਰਸੰਸਾਤਮਕ ਦ੍ਰਿਸ਼ਟੀਕੋਣ ਤੋਂ ਵੇਖਿਆ। ਇਸ ਤਰ੍ਹਾਂ ਸੰਭਵ ਹੋ ਸਕਦਾ ਹੈ ਕਿ ਪੁਰਾਣੀ ਦੁਸ਼ਮਣੀ ਦਾ ਅੰਤ ਹੋ ਜਾਏ। ਅਜੇ ਤਕ ਤਾਂ ਮੈਡਮ ਫ਼ੋਸਕੋ ਮਿਸਟਰ ਫੇਅਰਲੀ ਨਾਲ ਵਸੀਅਤ ਦੇ ਮੁਆਮਲੇ ਕਰਕੇ ਏਨੀ ਗੁੱਸੇ ਸੀ, ਕਿ ਉਹ ਲਾਰਾ ਨੂੰ ਆਪਣੀ ਭਤੀਜੀ ਮੰਨਣ ਨੂੰ ਤਿਆਰ ਹੀ ਨਹੀਂ ਸੀ। ਪਰ ਹੁਣ ਉਹ ਇਸ ਤਰ੍ਹਾਂ ਨਹੀਂ ਕਰ ਸਕੇਗੀ। ਸਰ ਪਰਸੀਵਲ ਅਤੇ ਕਾਂਊਟ ਫ਼ੋਸਕੋ ਪੁਰਾਣੇ ਅਤੇ ਗੂੜੇ ਮਿੱਤਰ ਹਨ; ਅਤੇ ਉਨ੍ਹਾਂ ਦੀਆਂ ਵਹੁਟੀਆਂ ਨੂੰ ਵੀ ਇਕ ਦੂਜੇ ਨਾਲ ਪਿਆਰ ਭਰੀ ਭਾਵਨਾ ਨਾਲ ਮਿਲਣਾ ਜੁਲਣਾ ਪਏਗਾ। ਮੈਡਮ ਫੋਸਕੋ ਜਦੋਂ ਕੁਆਰੀ ਸੀ ਤਾਂ ਰੱਜ ਕੇ ਢੀਠ ਸੀ; ਉਹੋ ਜਿਹੀ ਗੁਸਤਾਖ, ਕਰੜੀ ਅਤੇ ਆਕੜ ਬਾਜ਼ ਔਰਤ ਮੈਂ ਅੱਜ ਤੀਕ ਨਹੀਂ ਵੇਖੀ। ਜੋ ਉਹਦਾ ਪਤੀ ਉਹਨੂੰ ਕੁਝ ਅਕਲ ਸਿਖਾਉਣ ਵਿਚ ਸਫਲ ਹੋਇਆ ਹੈ ਤਾਂ ਸਾਡਾ ਸਾਰਾ ਟੱਬਰ ਉਹਦਾ ਸ਼ੁਕਰ ਗੁਜਾਰ ਹੈ ਅਤੇ ਸਭ ਤੋਂ ਪਹਿਲਾਂ ਮੈਂ ਆਪ ਉਹਨੂੰ ਧੰਨਵਾਦ ਦਿਆਂਗੀ।

ਮੈਂ ਕਾਂਊਟ ਨੂੰ ਮਿਲਣ ਲਈ ਉਤਸਕ ਹੋ ਰਹੀ ਹਾਂ। ਉਹ ਲਾਰਾ ਦੇ ਪਤੀ ਦਾ ਗੂੜਾ ਮਿੱਤਰ ਹੈ; ਅਤੇ ਇਸ ਕਰਕੇ ਮੈਂ ਉਹਦੇ ਵਿਚ ਏਨੀ ਦਿਲਚਸਪੀ ਲੈ ਰਹੀ ਹਾਂ। ਨਾਂ ਲਾਰਾ ਨੇ ਵੀ ਅਤੇ ਨਾਂ ਹੀ ਮੈਂ ਉਹਨੂੰ ਅਜੇ ਤੱਕ ਵੇਖਿਆ ਹੈ। ਮੈਂ ਬੱਸ ਇਹੀ ਜਾਣਦੀ ਹਾਂ ਕਿ ਕਈ ਸਾਲ ਪਹਿਲਾਂ, ਰੋਮ ਦੇ ਮਸ਼ਹੂਰ ਗਿਰਜੇ ਦੀਆਂ ਪੌੜੀਆਂ ਉਤੇ ਉਹ ਖੜਾ ਸੀ ਅਤੇ ਉਹਨੇ ਸਰ ਪਰਸੀਵਲ ਨੂੰ ਚੋਰੀ ਅਤੇ ਕਤਲ ਹੋਣ ਤੋਂ ਉਸ ਔਖੇ ਵੇਲੇ ਬਚਾਇਆ ਸੀ ਜਦੋਂ ਉਹਦਾ ਹੱਥ ਫੱਟੜ ਹੋ ਚੁਕਾ ਸੀ, ਅਤੇ ਅਗਲੇ ਹੀ ਪਲ ਉਹੀ ਚਾਕੂ ਉਹਦੇ ਦਿਲ ਵਿਚ ਖੁੱਭ ਜਾਣਾ ਸੀ। ਮੈਨੂੰ ਇਹ ਵੀ ਯਾਦ ਹੈ, ਕਿ ਜਦੋਂ ਮਿਸਟਰ ਫ਼ੇਅਰਲੀ ਆਪਣੀ ਭੈਣ ਦੇ ਵਿਆਹ ਤੇ ਨਾਰਾਜ਼ ਹੋ ਗਿਆ ਸੀ, ਉਦੋਂ ਕਾਂਊਟ ਨੇ ਉਹਨੂੰ ਇਕ ਬੜਾ ਸਿਆਣਪ ਭਰਿਆ ਪੱਤਰ ਲਿਖਿਆ ਸੀ ਅਤੇ ਇਹ ਕਹਿੰਦਿਆ ਮੈਨੂੰ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ, ਕਿ ਜਿਸਦਾ ਉੱਤਰ ਅਜੇ ਤੀਕ ਨਹੀਂ ਦਿਤਾ ਗਿਆ। ਮੈਂ ਸਰ ਪਰਸੀਵਲ ਦੇ ਮਿੱਤਰ ਬਾਰੇ ਇਹੀ ਕੁਝ ਜਾਣਦੀ ਹਾਂ। ਮੈਂ ਸੋਚਦੀ ਹਾਂ ਕਿ ਕੀ ਉਹ ਕਦੀ ਇੰਗਲੈਂਡ ਆਏਗਾ? ਮੈਂ ਇਹ ਵੀ ਸੋਚਦੀ ਹਾਂ ਕਿ ਕੀ ਮੈਂ ਉਹਨੂੰ ਪਸੰਦ ਕਰਾਂਗੀ ਕਿ ਨਹੀ?

ਮੇਰੀ ਕਲਮ ਹੁਣ ਐਵੇਂ ਖ਼ਿਆਲੀ ਘੋੜੇ ਦੁੜਾ ਰਹੀ ਹੈ। ਮੈਨੂੰ ਸਚਾਈ ਵੱਲ ਅਤੇ ਅਸਲੀਅਤ ਵੱਲ ਮੁੜਨਾ ਚਾਹੀਦਾ ਹੈ। ਇਹ ਠੀਕ ਹੈ ਕਿ ਸਰ ਪਰਸੀਵਲ ਨੇ ਮੇਰੇ ਇਸ ਦਲੇਰ ਸੁਝਾ ਨੂੰ ਕਾਫੀ ਦਯਾ ਨਾਲ ਸਵੀਕਾਰ ਕਰ ਲਿਆ ਸੀ, ਸਗੋਂ ਦਯਾ ਨਾਲ ਹੀ ਨਹੀਂ, ਬੜੇ ਪਿਆਰ ਨਾਲ ਮੰਨ ਲਿਆ ਸੀ। ਮੈਨੂੰ ਵਿਸ਼ਵਾਸ਼ ਹੈ ਕਿ ਲਾਰਾ ਦੇ ਪਤੀ ਨੂੰ ਕਦੀ ਮੇਰੇ ਵਿਰੁੱਧ ਕੋਈ ਸ਼ਿਕਾਇਤ ਨਹੀਂ ਹੋਵੇਗੀ, ਜੇ ਮੈਂ ਇਸ ਤਰ੍ਹਾਂ ਹੀ ਸੋਚਦੀ ਰਹੀ, ਜਿਵੇਂ ਮੈਂ ਸ਼ੁਰੂ ਕੀਤਾ ਹੈ ! ਮੈਂ ਪਹਿਲਾਂ ਹੀ ਕਹਿ ਚੁਕੀ ਹਾਂ, ਕਿ ਉਹ ਸੋਹਣਾ ਹੈ, ਚੰਗਾ ਹੈ, ਬਦਕਿਸਮਤਾਂ ਲਈ ਉਹਦੇ ਦਿਲ ਵਿਚ ਦਰਦ ਹੈ ਅਤੇ ਮੇਰੇ ਨਾਲ ਉਹਦਾ ਵਤੀਰਾ ਪਿਆਰ ਭਰਿਆ ਹੈ। ਸੱਚਮੁਚ, ਮੈਂ ਆਪਣੇ ਆਪ ਨੂੰ ਆਪਣੇ ਇਸ ਨਵੇਂ ਰੂਪ ਵਿਚ ਪਛਾਣ ਹੀ ਨਹੀਂ ਸਕਦੀ-ਇਹ ਰੂਪ ਜੋ ਸਰ ਪਰਸੀਵਲ ਦਾ ਮਿੱਤਰ ਹੈ।

ਵੀਹ ਦਸੰਬਰ ਮੈਨੂੰ ਸਰ ਪਰਸੀਵਲ ਨਾਲ ਘ੍ਰਿਣਾ ਹੈ। ਮੈਂ ਉਹਨੂੰ ਬੜੇ ਹੀ ਭੈੜੇ ਸੁਭਾ ਦਾ ਮੰਨਦੀ ਹਾਂ, ਉਹ ਬੜਾ ਹੀ ਬਦਤਮੀਜ਼ ਹੈ ਅਤੇ ਦਯਾ ਉਹਦੇ ਵਿਚ ਨਾਂ ਨੂੰ ਨਹੀਂ। ਨਾਂ ਹੀ ਉਹ ਕਿਸੇ ਨਾਲ ਪਿਆਰ ਕਰ ਸਕਦਾ ਹੈ। ਕਲ ਰਾਤੀ ਵਿਆਹੇ ਹੋਏ ਜੋੜੇ ਦੇ ਨਾਵਾਂ ਦੇ ਕਾਰਡ ਛਪ ਕੇ ਆਏ। ਲਾਰਾ ਨੇ ਪੈਕਟ ਖੋਲਿਆ ਅਤੇ ਪਹਿਲੀ ਵਾਰ ਆਪਣਾ ਨਵਾਂ ਨਾਂ

ਛਪਿਆ ਹੋਇਆ ਵੇਖਿਆ। ਸਰ ਪਰਸੀਵਲ ਨੇ ਉਹਦੇ ਮੋਢੇ ਉਤੋਂ ਦੀ ਉਸ ਕਾਰਡ ਨੂੰ ਵੇਖਿਆ ਜਿਸ ਨੇ ਲਾਰਾ ਨੂੰ ਮਿਸ ਫੇਅਰਲੀ ਤੋਂ ਲੇਡੀ ਗਲਾਈਡ ਵਿਚ ਬਦਲ ਦਿੱਤਾ ਹੈ - ਉਹ ਬੜੀ ਤਸੱਲੀ ਭਰੀ ਇਕ ਘ੍ਰਿਣਤ ਮੁਸਕਾਨ ਮੁਸਕਰਾਇਆ ਅਤੇ ਉਹਨੇ ਲਾਰਾ ਦੇ ਕੰਨ ਵਿਚ ਕੁਝ ਕਿਹਾ। ਮੈਂ ਨਹੀਂ ਜਾਣਦੀ ਕਿ ਉਹਨੇ ਕੀ ਕਿਹਾ,-ਕਿਉਂਕਿ ਲਾਰਾ ਨੇ ਮੈਨੂੰ ਦੱਸਣ ਤੋਂ ਨਾਂਹ ਕਰ ਦਿਤੀ ਹੈ-ਪਰ ਮੈਂ ਵੇਖਿਆ ਉਹਦੇ ਮੂੰਹ ਦੇ ਮੁਰਦਿਆਣੀ ਛਾ ਗਈ ਅਤੇ ਉਹਦਾ ਰੰਗ ਇਜ਼ ਬੱਗਾ ਪੂਣੀ ਵਰਗਾ ਹੋ ਗਿਆ ਕਿ ਮੈਂ ਸੋਚਿਆ ਉਹ ਬੇਹੋਸ਼ ਹੋਣ ਲੱਗੀ ਹੈ। ਸਰ ਪਰਸੀਵਲ ਨੇ ਲਾਰਾ ਵਿਚ ਇਸ ਪ੍ਰੀਵਰਤਨ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਉਹ ਜੰਗਲੀਆਂ ਵਾਂਗ ਇਸ ਗੱਲ ਤੋਂ ਅਨਜਾਣ ਬਣਿਆ ਹੋਇਆ ਸੀ ਕਿ ਉਹਨੇ ਕੁਝ ਅਜਿਹੀ ਗੱਲ ਕੀਤੀ ਹੈ, ਜਿਸ ਨਾਲ ਲਾਰਾ ਨੂੰ ਕੋਈ ਤਕਲੀਫ ਹੋਈ ਹੈ ਉਸੇ ਪਲ ਮੇਰੀ ਉਸ ਵੱਲ ਪੁਰਾਣੀ ਦੁਸ਼ਮਣੀ ਦਾ ਭਾਵ ਫਿਰ ਜਾਗ ਪਿਆ ਹੈ; ਅਤੇ ਉਸ ਤੋਂ ਮਗਰੋਂ ਹੁਣ ਜਿੰਨੇ ਵੀ ਘੰਟੇ ਬੀਤ ਚੁਕੇ ਹਨ, ਕੋਈ ਗੱਲ ਇਹੋ ਜਿਹੀ ਨਹੀਂ ਹੋਈ, ਜਿਸ ਨਾਲ ਮੇਰੇ ਦਿਲ ਵਿਚ ਉਹਦੇ ਲਈ ਕੋਈ ਹੋਰ ਤਰ੍ਹਾਂ ਦਾ ਅਹਿਸਾਸ ਹੋਵੇ। ਮੈਂ ਜਾਣਦੀ ਹਾਂ, ਕਿ ਮੇਰੇ ਗੁੱਸੇ ਦਾ ਸ਼ਾਇਦ ਕੋਈ ਕਾਰਣ ਨਾ ਹੋਵੇ, ਅਤੇ ਮੈਂ ਉਸ ਨਾਲ ਅਨਿਆ ਹੀ ਕਰ ਰਹੀ ਹੋਵਾਂ, ਪਰ ਮੇਰੀ ਕਲਮ ਇਹ ਸ਼ਬਦ ਕਿਵੇਂ ਕਾਹਲੀ ਨਾਲ ਲਿਖਦੀ ਹੈ ਮੈਂ ਉਸਨੂੰ ਘ੍ਰਿਣਾ ਕਰਦੀ ਹਾਂ।

ਇਕੀ ਦਸੰਬਰ -ਕੀ ਇਸ ਔਖੇ ਸਮੇਂ ਦੀਆਂ ਚਿੰਤਾਵਾਂ ਅਤੇ ਫ਼ਿਕਰਾਂ ਨੇ ਮੇਰੇ ਤੇ ਅਸਰ ਕਰ ਦਿਤਾ ਹੈ? ਪਿਛਲੇ ਕੁਝ ਦਿਨਾਂ ਤੋਂ ਮੈਂ ਇਕ ਹੋਛੇਪਨ ਨਾਲ ਆਪਣੀ ਡਾਇਰੀ ਲਿਖ ਰਹੀ ਹਾਂ, ਜੋ ਰੱਬ ਜਾਣਦਾ ਹੈ ਮੇਰੇ ਸੁਭਾ ਵਿਚ ਨਹੀਂ ਹੈ, ਅਤੇ ਜਦੋਂ ਅੱਜ ਮੈਂ ਪਿਛਲੇ ਕੁਝ ਪੰਨੇ ਪੜ੍ਹੇ ਹਨ, ਤਾਂ ਮੈਨੂੰ ਇਕ ਧੱਕਾ ਲੱਗਾ ਹੈ।

ਸ਼ਾਇਦ ਪਿਛਲੇ ਹਫਤੇ ਤੋਂ ਲਾਰਾ ਦੀ ਉਤੇਜਨਾ ਨੇ ਮੈਨੂੰ ਵੀ ਉਤੇਜਤ ਕਰ ਦਿਤਾ ਹੈ। ਜੇ ਇਹ ਗੱਲ ਹੈ, ਤਾਂ ਇਹ ਦੌਰਾ ਵੀ ਖਤਮ ਹੋ ਚੁੱਕਾ ਹੈ, ਅਤੇ ਹੁਣ ਮੈਂ ਇਕ ਅਜੀਬ ਪ੍ਰਸਥਿਤੀ ਵਿਚ ਹਾਂ। ਕੱਲ੍ਹ ਰਾਤ ਦਾ ਇਹ ਖਿਆਲ ਮੈਨੂੰ ਘੜੀ ਘੜੀ ਆ ਰਿਹਾ ਹੈ ਕਿ ਕੁਝ ਨਾ ਕੁਝ ਜ਼ਰੂਰ ਹੋਵੇਗਾ, ਜਿਸ ਨਾਲ ਇਹ ਵਿਆਹ ਟਲ ਜਾਏਗਾ। ਮੈਨੂੰ ਇਹ ਅਜੀਬ ਖਿਆਲ ਕਿਉਂ ਆ ਰਿਹਾ ਸੀ? ਕੀ ਲਾਰਾ ਦੇ ਭੱਵਿਸ਼ ਦੀ ਚਿੰਤਾ ਕਾਰਣ ਹੀ ਮੇਰੇ ਮਨ ਵਿਚ ਇਹ ਵਿਚਾਰ ਉਪਜ ਰਿਹਾ ਸੀ? ਜਾਂ ਜਿਉਂ ਜਿਉਂ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ, ਸਰ

ਪਰਸੀਵਲ ਦੀ ਵਧਦੀ ਬੇਚੈਨੀ ਅਤੇ ਖਿੱਚ ਨੂੰ ਵੇਖ ਵੇਖ ਕੇ ਮੇਰਾ ਦਿਮਾਗ ਵੀ ਉਤੇਜਿਤ ਹੋ ਕੇ ਅਜਿਹੀਆਂ ਗੱਲਾਂ ਸੋਚ ਰਿਹਾ ਸੀ? ਕੁਝ ਵੀ ਪੱਕੀ ਤਰ੍ਹਾਂ ਨਹੀਂ ਸੀ ਕਿਹਾ ਜਾ ਸਕਦਾ। ਹਾਂ, ਮੈਂ ਇਹ ਕਹਿ ਸਕਦੀ ਹਾਂ ਕਿ ਕਿਸੇ ਵੀ ਔਰਤ ਦੇ ਦਿਮਾਗ ਵਿਚ ਅਜਿਹੇ ਹਾਲਾਤ ਵਿਚ ਅਜਿਹਾ ਖਿਆਲ ਨਹੀਂ ਆਇਆ ਹੋਣਾ ਪਰ ਮੈਂ ਇਸਦਾ ਕਾਰਣ ਯਤਨ ਕਰਨ ਦੇ ਬਾਵਜੂਦ ਵੀ ਨਹੀਂ ਖੋਜ ਸਕੀ।

ਅਖੀਰਲਾ ਦਿਨ ਬੜੀ ਹੀ ਪਰੇਸ਼ਾਨੀ ਦਾ ਦਿਨ ਸੀ। ਮੈਂ ਇਸ ਦਿਨ ਬਾਰੇ ਕਿੰਨਾ ਲਿਖ ਸਕਦੀ ਹਾਂ? ਪਰ ਤਾਂ ਵੀ ਮੈਨੂੰ ਲਿਖਣਾ ਹੀ ਪਏਗਾ। ਆਪਣੀਆਂ ਦੁਖਦਾਈ ਸੋਚਾਂ ਵਿਚ ਡੁੱਬੀ ਰਹਿਣ ਤੋਂ ਕੁਝ ਵੀ ਹੋਰ ਕਰਨਾ ਵਧੇਰੇ ਚੰਗਾ ਹੈ।

ਪਿਆਰੀ ਮਿਸਿਜ਼ ਵੈਸੀ ਨੇ, ਜਿਸ ਨੂੰ ਅਸੀਂ ਕਿੰਨੇ ਚਿਰ ਤੋਂ ਭੁੱਲੇ ਹੀ ਬੈਠੇ ਸਾਂ; ਸਵੇਰੇ ਹੀ ਸਵੇਰੇ ਸਾਨੂੰ ਉਦਾਸ ਕਰ ਦਿੱਤਾ। ਉਹ ਪਿਛਲੇ ਕਈ ਮਹੀਨਿਆਂ ਤੋਂ' ਚੋਰੀ-ਚੋਰੀ ਸੈਟਲੈਂਡ ਉੱਨ ਦਾ ਇਕ ਸ਼ਾਲ ਆਪਣੀ ਪਿਆਰੀ ਲਾਰਾ ਲਈ ਬਣਾ ਰਹੀ ਸੀ ਜੋ ਉਸ ਦੀ ਪ੍ਰੇਮ ਅਤੇ ਆਦਤਾਂ ਨੂੰ ਵੇਖਦਿਆਂ ਹੋਇਆਂ, ਅਸਲੋਂ ਹੀ ਬੜਾ ਔਖਾ ਕੰਮ ਸੀ, ਇਹ ਬੜੀ ਹੀ ਖ਼ੂਬਸੂਰਤ ਅਤੇ ਅਦੁੱਤੀ ਸੁਗਾਤ ਸੀ ਅਤੇ ਅੱਜ ਸਵੇਰੇ ਹੀ ਇਹ ਸੁਗਾਤ ਦਿੱਤੀ ਗਈ ਅਤੇ ਜਦੋਂ ਇਹ ਸ਼ਾਲ ਉਹਦੀ ਪੁਰਾਣੀ ਮਿੱਤਰ ਅਤੇ ਉਹਦੇ ਅਨਾਥ ਬਚਪਨ ਦੀ ਗਾਰਡੀਅਨ ਨੇ ਲਾਰਾ ਦੇ ਮੋਢਿਆਂ ਉਤੇ ਪਾਈ ਤਾਂ ਉਹ ਪਿਆਰ ਭਿੱਜੀ ਕੁੜੀ ਰੋਣ ਲਗ ਪਈ। ਮੈਂ ਉਨ੍ਹਾਂ ਦੋਵਾਂ ਨੂੰ ਚੁੱਪ ਵੀ ਨਹੀਂ ਸਾਂ ਕਰਾ ਸਕੀ ਅਤੇ ਅਜੇ ਆਪਣੀਆਂ ਅੱਖਾਂ ਪੂੰਝ ਹੀ ਰਹੀ ਸਾਂ ਕਿ ਮਿਸਟਰ ਫ਼ੇਅਰਲੀ ਨੇ ਮੈਨੂੰ ਸੱਦ ਭੇਜਿਆ, ਅਤੇ ਇਕ ਲੰਮੀ ਫਹਿਰਸਤ ਉਸ ਇੰਤਜ਼ਾਮ ਦੀ ਮੈਨੂੰ ਸੁਣਾ ਦਿਤੀ, ਜਿਸ ਨਾਲ ਵਿਆਹ ਵਾਲੇ ਦਿਨ ਉਹਦੀ ਸ਼ਾਂਤੀ ਵਿਚ ਕੋਈ ਵਿਘਨ ਨਾ ਪਾਇਆ ਜਾਏ।

"ਪਿਆਰੀ ਲਾਰਾ" ਨੇ ਆਪਣੇ ਪਿਆਰੇ ਚਾਚੇ ਦੀ ਸੁਗਾਤ ਇਕ ਮੈਲੀ ਜਿਹੀ ਛਾਪ, ਜਿਸ ਵਿਚ ਕਿਸੇ ਕੀਮਤੀ ਪੱਥਰ ਦੀ ਥਾਂ ਸਜਾਵਟ ਲਈ ਉਹਦੇ ਵਾਲ ਸਨ ਅਤੇ ਉਹਦੇ ਅੰਦਰ ਫਰੈਂਚ ਵਿਚ ਪਿਆਰ ਅਤੇ ਸਦੀਵੀ ਮਿੱਤਰਤਾ ਬਾਰੇ ਕੁਝ ਉਕਰਿਆ ਹੋਇਆ ਸੀ, ਹੁਣੇ ਹੀ ਮੇਰੇ ਹੱਥੋਂ ਲੈਣੀ ਸੀ, ਜਿਸ ਨਾਲ ਕਿ ਉਹਨੂੰ ਏਨਾਂ ਕੁ ਸਮਾਂ ਮਿਲ ਜਾਏ ਕਿ ਜੋ ਘਬਰਾਹਟ ਉਹਨੂੰ ਅੰਗੂਠੀ ਵੇਖ ਕੇ ਹੋਵੇਗੀ, ਉਹ ਮਿਸਟਰ ਫੇਅਰਲੀ ਦੇ ਕੋਲ ਮਿਲਣ ਲਈ ਆਉਣ ਤੀਕ ਸ਼ਾਂਤ ਹੋ ਜਾਵੇਗੀ। "ਪਿਆਰੀ ਲਾਰਾ" ਨੇ ਉਸੇ ਸ਼ਾਮ ਮਿਸਟਰ ਫ਼ੇਅਰਲੀ ਨੂੰ ਥੋੜੇ

ਚਿਰ ਲਈ ਮਿਲਣ ਆਉਣਾ ਸੀ, ਪਰ ਉਹ ਏਨੀ ਚੰਗੀ ਹੋਵੇ, ਕਿ ਉਹਦੇ ਕੋਲ ਆ ਕੇ ਰੋਣਾ ਧੋਣਾ ਨਾ ਸ਼ੁਰੂ ਕਰ ਦੇਏ! "ਪਿਆਰੀ ਲਾਰਾ" ਨੇ ਮੁੜ ਉਹਨੂੰ ਆਪਣੇ ਵਿਆਹ ਦਾ ਲਿਬਾਸ ਪਾ ਕੇ ਮਿਲਣ ਆਉਣਾ ਸੀ, ਅਤੇ ਮੁੜ ਚਿਤਾਵਨੀ ਦਿੱਤੀ ਗਈ ਕਿ ਉਹ ਮਿਸਟਰ ਫ਼ੇਅਰਲੀ ਦੇ ਸਾਹਮਣੇ ਰੋਏ ਬਿਲਕੁਲ ਹੀ ਨਾ। ਤੀਜੀ ਵਾਰ "ਪਿਆਰੀ ਲਾਰਾ" ਨੇ ਵਿਆਹ ਮਗਰੋਂ ਜਾਣ ਤੋਂ ਪਹਿਲਾਂ ਮਿਸਟਰ ਫ਼ੇਅਰਲੀ ਨੂੰ ਮਿਲਣਾ ਸੀ, ਪਰ ਉਹ ਇਹ ਬਿਲਕੁਲ ਨਾ ਦੱਸੇ ਕਿ ਉਹ ਕਦੋਂ ਜਾਏਗੀ ਅਤੇ ਬਿਲਕੁਲ ਹੰਝੂ ਨਾ ਵਹਾਏ- "ਹਰ ਇਕ ਚੀਜ਼ ਦਾ ਵਾਸਤਾ ਏ ਮੇਰੀਅਨ, ਮੇਰੇ ਤੇ ਤਰਸ ਖਾ ਕੇ ਉਹ ਬੜੇ ਪਿਆਰ ਨਾਲ, ਖੁਸ਼ੀ ਨਾਲ, ਸੁਹਣੀ ਤਰ੍ਹਾਂ, ਸ਼ਾਂਤ ਹੋ ਕੇ ਮੇਰੇ ਕੋਲ ਆਏ, ਅਤੇ ਉਹਦੀਆਂ ਅੱਖਾਂ ਵਿਚ ਹੰਝੂ ਬਿਲਕੁੱਲ ਹੀ ਨਾ ਹੋਣ।" ਉਸ ਸਮੇਂ ਮੈਨੂੰ ਉਸ ਸਵਾਰਥੀ ਪੁਰਸ਼ ਦੀਆਂ ਗੱਲਾਂ ਨਾਲ ਏਨਾ ਗੁੱਸਾ ਚੜਿਆ, ਕਿ ਮੈਂ ਖਰੀਆਂ ਖਰੀਆਂ ਸੁਣਾ ਕੇ ਇਕ ਵਾਰੀ ਤਾਂ ਉਹਨੂੰ ਚੰਗੀ ਤਰ੍ਹਾਂ ਧੱਕਾ ਲਾਂਦੀ ਪਰ ਉਸ ਵੇਲੇ ਪੋਲਿਸਡੀਨ ਮਿਸਟਰ ਆਰਨੋਲਡ ਦੇ ਆਉਣ ਦੀ ਖਬਰ ਮੈਨੂੰ ਮਿਲੀ ਅਤੇ ਮੈਂ ਹੇਠਾਂ ਚਲੀ ਗਈ।

ਬਾਕੀ ਦਾ ਦਿਨ ਕਿਵੇਂ ਬੀਤਿਆ, ਬਿਆਨ ਨਹੀਂ ਕੀਤਾ ਜਾ ਸਕਦਾ। ਮੇਰਾ ਖਿਆਲ ਹੈ, ਕਿ ਘਰ ਵਿਚ ਕੋਈ ਵੀ ਨਹੀਂ ਜਾਣਦਾ ਕਿ ਇਹ ਦਿਨ ਕਿਵੇਂ ਬੀਤਿਆ। ਨਿਕੇ ਨਿਕੇ ਕੰਮਾਂ ਦੀ ਭੀੜ ਜੋ ਸਾਰੇ ਕਰਨ ਲਈ ਅਜੇ ਬਾਕੀ ਸਨ, ਇਕੱਠੇ ਹੋ ਗਏ ਅਤੇ ਇਸ ਨਾਲ ਸਭ ਹੀ ਘਬਰਾਏ ਹੋਏ ਸਨ। ਕਈ ਕਪੜੇ ਘਰ ਭੇਜੇ ਗਏ, ਜੋ ਪਹਿਲਾਂ ਭੁੱਲੇ ਹੋਏ ਸਨ; ਟਰੱਕਾਂ ਵਿਚ ਸਾਮਾਨ ਪਾਇਆ ਗਿਆ; ਕਢਿਆ ਗਿਆ ਅਤੇ ਮੁੜ ਪਾ ਕੇ ਬੰਦ ਕੀਤਾ ਗਿਆ। ਹਰ ਪਾਸਿਉਂ ਹਰ ਤਰ੍ਹਾਂ ਦੇ ਮਿੱਤਰਾਂ ਵਲੋਂ ਤੋਹਫੇ ਸਨ। ਅਸੀ ਸਾਰੇ ਐਵੇਂ ਹੀ ਕਾਹਲ ਕਰ ਰਹੇ ਸਾਂ, ਸਾਰੇ ਕੱਲ ਦੀ ਉਡੀਕ ਇਕ ਘਬਰਾਹਟ ਨਾਲ ਕਰ ਰਹੇ ਸਾਂ, ਖਾਸ ਕਰਕੇ ਸਰ ਪਰਸੀਵਲ ਤਾਂ ਹੁਣ ਏਨਾ ਬੇਚੈਨ ਸੀ ਕਿ ਉਹ ਪੰਜ ਮਿੰਟਾਂ ਤੋਂ ਵਧ ਇਕ ਥਾਂ ਤੇ ਨਹੀਂ ਸੀ ਖਲੋ ਸਕਦਾ। ਅੱਜ ਉਹਦੀ ਸੁਕੀ ਖੰਘ ਵੀ ਉਹਨੂੰ ਪਹਿਲਾਂ ਤੋਂ ਵਧ ਤੰਗ ਕਰ ਰਹੀ ਸੀ। ਉਹ ਸਾਰਾ ਦਿਨ ਕਦੀ ਬਾਹਰ ਜਾਂਦਾ, ਕਦੀ ਅੰਦਰ ਆਉਂਦਾ; ਉਹ ਇਕਦਮ ਹੀ ਏਨਾ ਸ਼ੱਕੀ ਹੋ ਗਿਆ ਜਾਪਦਾ ਸੀ ਕਿ ਹਰ ਉਸ ਬੰਦੇ ਨੂੰ ਪ੍ਰਸ਼ਨ ਪੁੱਛਦਾ, ਜੋ ਛੋਟੇ ਮੋਟੇ ਕੰਮ ਕਰਨ ਘਰ ਆਉਂਦਾ ਸੀ। ਇਨ੍ਹਾਂ ਸਭ ਗੱਲਾਂ ਦੇ ਨਾਲ ਮੇਰੇ ਅਤੇ ਲਾਰਾ ਦੇ ਮਨ ਵਿਚ ਇਹ ਖਿਆਲ ਬਾਰ ਬਾਰ ਆ ਰਿਹਾ ਸੀ ਕਿ ਅਸੀਂ ਅਗਲੇ ਦਿਨ ਵਿਛੜਨਾ ਸੀ ਅਤੇ ਇਸ ਵਿਛੋੜ ਤੋਂ ਸਾਨੂੰ ਏਨਾ ਡਰ ਲਗ ਰਿਹਾ ਸੀ,

ਜਿਸਨੂੰ ਅਸੀਂ ਪ੍ਰਗਟ ਨਹੀਂ ਸਾਂ ਕਰ ਸਕਦੀਆਂ, ਅਣਬੋਲਿਆਂ ਵਿਚਾਰ ਹੋਰ ਵੀ ਸਾਨੂੰ ਤੰਗ ਕਰ ਰਿਹਾ ਸੀ, ਕਿ ਕਿਧਰੇ ਇਹ ਦੁਖਦਾਈ ਵਿਆਹ ਉਹਦੀ ਜਿੰਦਗੀ ਦੀ ਇਕ ਭਾਰੀ ਗਲਤੀ ਅਤੇ ਮੇਰੀ ਜ਼ਿੰਦਗੀ ਦਾ ਇਕ ਭਾਰਾ ਦੁੱਖ ਹੀ ਨਾ ਬਣ ਕੇ ਰਹਿ ਜਾਏ ! ਏਨੇ ਵਰ੍ਹਿਆਂ ਦੀ ਏਨੀ ਗੁੜ੍ਹਤਾ ਅਤੇ ਇਕੱਠਿਆਂ ਰਹਿਣ ਦੇ ਏਨੇ ਸਾਲਾਂ ਮਗਰੋਂ ਅੱਜ ਪਹਿਲੀ ਵਾਰੀ, ਅਸੀਂ ਇਕ ਦੂਜੇ ਕੋਲੋਂ ਕਤਰਾਂ ਰਹੀਆਂ ਸਾਂ; ਅਤੇ ਸਾਰੀ ਸ਼ਾਮ ਅਸੀਂ ਦੋਵਾਂ ਨੇ ਸਾਂਝੀ ਮਰਜ਼ੀ ਨਾਲ ਇਕਾਂਤ ਵਿਚ ਕੋਈ ਗੱਲ ਨਾ ਕੀਤੀ। ਮੈਂ ਇਸ ਬਾਰੇ ਹੁਣ ਹੋਰ ਨਹੀਂ ਲਿਖ ਸਕਦੀ। ਭਵਿੱਸ ਵਿਚ ਭਾਵੇਂ ਮੇਰੇ ਲਈ ਕਿੰਨੇ ਹੀ ਦੁੱਖ ਕਿਉਂ ਨਾ ਹੋਣ, ਪਰ ਮੈਂ ਇਸ ਇਕੀ ਦਸੰਬਰ ਦੇ ਦਿਨ ਨੂੰ ਆਪਣੇ ਜੀਵਨ ਦਾ ਸਭ ਤੋਂ ਦੁਖਦਾਈ ਅਤੇ ਔਖਾ ਦਿਨ ਮੰਨਾਗੀ।

ਮੈਂ ਇਹ ਸਤਰਾਂ ਆਪਣੇ ਕਮਰੇ ਦੇ ਇਕਾਂਤ ਵਿਚ ਲਿਖ ਰਹੀ ਹਾਂ ਅੱਧੀ ਰਾਤ ਤੋਂ ਵੱਧ ਸਮਾਂ ਹੋ ਗਿਆ ਨੂੰ ; ਮੈਂ ਹੁਣੇ ਸੁੱਤੀ ਪਈ ਲਾਰਾ ਨੂੰ ਚੋਰੀ ਨਾਲ ਵੇਖ ਕੇ ਆਈ ਹਾਂ ਉਹ ਆਪਣੇ ਛੋਟੇ ਚਿੱਟੇ ਬਿਸਤਰ ਤੇ ਸੁੱਤੀ ਪਈ ਹੈ ਜਿਥੇ ਉਹ ਨਿੱਕਿਆਂ ਹੁੰਦਿਆਂ ਤੋਂ ਸੌਂਦੀ ਰਹੀ ਹੈ।

ਉਹ ਲੇਟੀ ਹੋਈ ਸੀ, ਇਸ ਗੱਲ ਤੋਂ ਅਚੇਤ ਕਿ ਮੈਂ ਉਹਦੇ ਵੱਲ ਵੇਖ ਰਹੀ ਸਾਂ ਅਤੇ ਉਹ ਮੇਰੀ ਉਮੀਦ ਤੋਂ ਵਧ ਸ਼ਾਂਤ ਸੀ, ਪਰ ਉਹ ਸੁਤੀ ਹੋਈ ਨਹੀਂ ਸੀ ਰਾਤ ਦੀ ਬੱਤੀ ਦੀ ਰੌਸ਼ਨੀ ਵਿਚ ਮੈਂ ਵੇਖਿਆ ਕਿ ਉਹਦੀਆਂ ਅੱਖਾਂ ਸਿਰਫ ਅੱਧੀਆਂ ਬੰਦ ਸਨ ਅਤੇ ਉਨ੍ਹਾਂ ਵਿਚ ਹੰਝੂਆਂ ਦੇ ਨਿਸ਼ਾਨ ਲਿਸ਼ਕ ਰਹੇ ਸਨ। ਮੇਰੀ ਨਿਸ਼ਾਨੀ ਇਕ ਛੋਟਾ ਜਿਹਾ ਬਰੋਚ, ਉਹਦੇ ਬਿਸਤਰੇ ਦੇ ਕੋਲ ਪਏ ਇਕ ਮੇਜ਼ ਉਤੇ ਉਹਦੀ ਪ੍ਰਾਰਥਨਾ ਦੀ ਕਿਤਾਬ ਨਾਲ ਪਿਆ ਹੋਇਆ ਸੀ, ਨਾਲ ਹੀ ਉਹਦੇ ਪਿਤਾ ਦੀ ਉਹ ਛੋਟੀ ਜਿਹੀ ਤਸਵੀਰ ਵੀ ਸੀ, ਜੋ ਉਹ ਜਿਥੇ ਜਾਂਦੀ ਹੈ ਆਪਣੇ ਨਾਲ ਲੈ ਜਾਂਦੀ ਹੈ। ਮੈਂ ਉਹਦੇ ਸਿਰਾਹਾਣਿਉ ਉਹਨੂੰ ਚੁੱਪ ਕਰਕੇ ਵੇਖਦੀ ਰਹੀ, ਉਹਦੀ ਇਕ ਬਾਂਹ ਅਤੇ ਹੱਥ ਚਿੱਟੇ ਗਿਲਾਫ ਦੇ ਉੱਪਰ ਸੀ; ਉਹ ਏਨੀ ਸ਼ਾਂਤ ਅਤੇ ਸਥਿਰ ਪਈ ਹੋਈ ਸੀ ਕਿ ਉਹਦੇ ਨਾਈਟ ਸੂਟ ਦੀ ਲੇਸ ਵੀ ਅਡੋਲ ਈ-ਮੈਂ ਉਡਕਦੀ ਰਹੀ ਅਤੇ ਉਹਨੂੰ ਵੇਖਦੀ ਰਹੀ ਜਿਵੇਂ ਮੈਂ ਪਹਿਲਾਂ ਹਜ਼ਾਰ ਵਾਰ ਉਹਨੂੰ ਵੇਖ ਚਕੀ ਹਾਂ, ਅਤੇ ਜਿਵੇਂ ਹੁਣ ਮੁੜ ਕਦੀ ਉਹਨੂੰ ਨਾ ਵੇਖ ਸਕਾਂਗੀ, ਫਿਰ ਹੌਲੀ ਹੌਲੀ ਆਪਣੇ ਕਮਰੇ ਵਿਚ ਪਰਤ ਆਈ। ਮੇਰੀ ਪਿਆਰੀ, ਪਿਆਰੀ ਭੈਣ ! ਏਨੀ ਸੁੰਦਰਤਾ ਅਤੇ ਏਨੀ ਦੌਲਤ ਦੇ ਹੁੰਦਿਆਂ ਹੋਇਆ ਵੀ

ਤੂੰ ਅਜ ਕਿਨੀ ਬੇਸਹਾਰਾ ਹੈ? ਉਹ ਇਕ ਆਦਮੀ ਜੋ ਆਪਣੀ ਜ਼ਿੰਦਗੀ ਦੇ ਕੇ ਵੀ ਤੇਰੇ ਕੰਮ ਆਉਣਾ ਚਾਹੁੰਦਾ ਹੈ, ਉਹ ਇਸ ਭਿਆਨਕ ਰਾਤ ਨੂੰ ਤੂਫਾਨੀ ਸਮੁੰਦਰ ਦੀ ਛਾਤੀ ਤੋਂ ਹਿਚਕੋਲੇ ਖਾ ਰਿਹਾ ਹੈ ! ਹੋਰ ਤੇਰਾ ਕੌਣ ਹੈ? ਪਿਉ ਨਹੀਂ, ਭਰਾ ਨੇਹੀਂ, ਸਿਵਾਏ ਮੇਰੇ ਵਰਗੀ ਨਕਾਰੀ ਔਰਤ ਜੋ ਇਹ ਦੁੱਖ ਭਰੀਆਂ ਸਤਰਾਂ ਲਿਖ ਰਹੀ ਹੈ, ਅਤੇ ਤੈਨੂੰ ਵੇਖ ਰਹੀ ਹਾਂ-- ਅਤੇ ਜਿਸ ਦੇ ਮਨ ਵਿਚ ਉਹ ਦੁੱਖ ਹੈ ਜੋ ਅੰਕਿਤ ਨਹੀਂ ਕੀਤਾ ਜਾ ਸਕਦਾ ਅਤੇ ਉਹ ਸ਼ੱਕ ਹਨ ਜੋ ਖ਼ਤਮ ਨਹੀਂ ਹੁੰਦੇ। ਉਫ ! ਕੱਲ੍ਹ ਉਸ ਆਦਮੀ ਦੇ ਹੱਥ ਵਿਚ ਮੈਂ ਕੀ ਹਵਾਲੇ ਕਰਨ ਜਾ ਰਹੀ ਹਾਂ ! ਜੇ ਕਦੀ ਉਹ ਭੁਲ ਗਿਆ ! ਜੇ ਕਵੀ ਉਹਨੇ ਇਸਦੇ ਸਿਰ ਦਾ ਇਕ ਵਾਲ ਵੀ ਬਾਂਕਾ ਕੀਤਾ :-

ਬਾਈ ਦਸੰਬਰ- ਸੱਤ ਵਜੇ ਬੜੀ ਤੂਫਾਨੀ ਹਵਾ ਹੈ। ਉਹ ਉਣੇ ਹੀ ਉਠੀ ਹੈ-ਪਹਿਲਾਂ ਨਾਲ ਠੀਕ ਅਤੇ ਸ਼ਾਂਤ ਹੈ, ਕੱਲ੍ਹ ਤੋਂ ਹੁਣ ਸਮਾਂ ਆਉਣ ਨਾਲ ਉਹਦਾ ਆਪਣੇ ਆਪ ਤੇ ਕਾਬੂ ਹੈ।

ਦਸ ਵਜੇ-ਉਹ ਤਿਆਰ ਹੋ ਗਈ ਹੈ। ਅਸੀਂ ਇਕ ਦੂਜੇ ਨੂੰ ਚੁੰਮਿਆ ਹੈ ; ਅਸੀਂ ਇਕ ਦੂਜੇ ਨਾਲ ਇਕਰਾਰ ਕੀਤਾ ਹੈ ਕਿ ਹੌਂਸਲਾ ਨਹੀ ਹਾਰਾਂਗੀਆਂ। ਮੈਂ ਇਕ ਮਿੰਟ ਲਈ ਆਪਣੇ ਕਮਰੇ ਵਿਚ ਆਈ ਹਾਂ। ਆਪਣੇ ਵਿਚਾਰਾਂ ਦੇ ਇਸ ਭੀੜ-ਭੜੱਕੇ ਵਿਚ ਮੈਂ ਅਜੇ ਵੀ ਉਹ ਖਿਆਲ ਮੈਨੂੰ ਆ ਰਿਹਾ ਹੈ ਕਿ ਕੋਈ ਵਿਘਨ ਪਏਗਾ ਅਤੇ ਇਹ ਵਿਆਹ ਰੁਕ ਜਾਏਗਾ। ਕੀ ਇਹ ਡਰ ਜਾਂ ਵਹਿਮ ਸਰ ਪਰਸੀਵਲ ਦੇ ਦਿਮਾਗ ਵਿਚ ਵੀ ਹੈ? ਮੈਂ ਖਿੜਕੀ ਵਿਚੋਂ ਦੇਖ ਰਹੀ ਹਾਂ ਕਿ ਉਹ ਦਰਵਾਜ਼ੇ ਅੱਗੇ ਖੜੋਤੀਆਂ ਬੱਘੀਆਂ ਕੋਲ ਇਧਰ ਤੋਂ ਉਧਰ, ਅਤੇ ਉਧਰ ਤੋਂ ਇਧਰ ਬੜੀ ਬੈਚੇਨੀ ਨਾਲ ਚੱਕਰ ਕਟ ਰਿਹਾ ਹੈ। ਮੈਂ ਇਹ ਪਾਗਲਾਂ ਵਾਂਗ ਕੀ ਲਿਖ ਰਹੀ ਹਾਂ! ਇਹ ਵਿਆਹ ਹੁਣ ਹੋ ਕੇ ਹੀ ਰਹੇਗਾ ! ਅਸੀਂ ਅੱਧਾ ਘੰਟਾ ਬੀਤਣ ਤੋਂ ਪਹਿਲਾਂ ਹੀ ਗਿਰਜੇ ਵੱਲ ਚਲੇ ਜਾਵਾਂਗੇ।

ਯਾਰਾਂ ਵਜੇ ਸਭ ਕੁਝ ਹੋ ਚੁੱਕਾ ਹੈ। ਉਨ੍ਹਾਂ ਦਾ ਵਿਆਹ ਸੰਪੂਰਨ ਹੋ ਗਿਆ ਹੈ। ਤਿੰਨ ਵਜੇ- ਉਹ ਚਲੇ ਗਏ ਹਨ। ਮੈਂ ਰੋ ਰੋ ਕੇ ਅੰਨੀ ਹੋ ਰਹੀ ਹਾਂ- ਮੈਂ ਹੁਣ ਹੋਰ ਨਹੀਂ ਲਿਖ ਸਕਦੀ।

(ਕਹਾਣੀ ਦਾ ਪਹਿਲਾ ਦੌਰ ਇਥੇ ਸਮਾਪਤ ਹੁੰਦਾ ਹੈ।

## ਦੂਜਾ ਦੌਰ

ਮੇਰੀਅਨ ਹਾਲਕਬ ਦੀ ਜ਼ਬਾਨੀ ਕਹਾਣੀ ਦਾ ਵਰਨਣ।

(1)

ਬਲੈਕਵਾਟਰ ਪਾਰਕ, ਹੈਂਪਸ਼ਾਇਰ

ਯਾਰਾਂ ਜੂਨ, 1850 ਛੇ ਮਹੀਨੇ ਹੋ ਗਏ ਹਨ-ਲੰਮੇ ਵੀਰਾਨ ਅਤੇ ਉਦਾਸੀ ਭਰ ਛੇ ਮਹੀਨੇ ਮੈਨੂੰ ਲਾਰਾ ਤੋਂ ਨਿਖੜਿਆਂ ਹੋ ਚੁਕੇ ਹਨ।

ਹੁਣ ਕਿੰਨੇ ਦਿਨ ਮੈਨੂੰ ਹੋਰ ਉਡੀਕ ਕਰਨੀ ਪਏਗੀ? ਸਿਰਫ ਇਕ ! ਕੱਲ੍ਹ ਬਾਰਾਂ ਤਰੀਕ ਯਾਤਰੀ ਇੰਗਲੈਂਡ ਨੂੰ ਵਾਪਸ ਆ ਰਹੇ ਹਨ। ਮੈਂ ਸੋਚ ਨਹੀਂ ਸਕਦੀ ਕਿ ਮੈਂ ਕਿੰਨੀ ਖੁਸ਼ ਹਾਂ। ਮੈਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆ ਰਿਹਾ ਕਿ ਇਨ੍ਹਾਂ ਚੌਵੀਂ ਘੰਟਿਆਂ ਮਗਰੋਂ ਮੇਰੇ ਅਤੇ ਲਾਰਾ ਦੇ ਲੰਮੇ ਵਿਛੋੜੇ ਦੀ ਮਿਆਦ ਸਮਾਪਤ ਹੋ ਜਾਏਗੀ।

ਉਹ ਅਤੇ ਉਸਦਾ ਪਤੀ ਸਾਰੀਆਂ ਸਰਦੀਆਂ ਇਟਲੀ ਅਤੇ ਪਿਛੋਂ ਟਾਈਰਲ ਵਿਚ ਰਹੇ ਹਨ। ਉਨ੍ਹਾਂ ਨਾਲ ਕਾਂਊਟ ਫੋਸਕੋ ਅਤੇ ਉਹਦੀ ਪਤਨੀ ਵੀ ਆ ਰਹੇ ਹਨ, ਜਿਨ੍ਹਾਂ ਦੀ ਸਲਾਹ ਲੰਦਨ ਦੇ ਨੇੜੇ ਤੇੜੇ ਰਹਿਣ ਦੀ ਹੈ, ਪਰ ਜਿੰਨੀ ਦੇਰ ਉਹ ਰਹਿਣ ਦਾ ਇੰਤਜ਼ਾਮ ਨਹੀਂ ਕਰ ਲੈਂਦੇ ਉਨੀ ਦੇਰ ਗਰਮੀਆਂ ਵਿਚ ਬਲੈਕਵਾਟਰ ਪਾਰਕ ਹੀ ਰਹਿਣਗੇ। ਲਾਰਾ ਵਾਪਸ ਆ ਜਾਏ, ਭਾਵੇਂ ਉਹਦੇ ਨਾਲ ਕੋਈ ਵੀ ਆਏ। ਇਸ ਨਾਲ ਮੈਨੂੰ ਕੋਈ ਵਰਕ ਨਹੀਂ ਪੈਂਦਾ। ਸਰ ਪਰਸੀਵਲ ਦੀ ਜੋ ਮਰਜ਼ੀ ਹੋਵੇ ਤਾਂ ਉਹ ਆਪਣਾ ਘਰ ਛੱਤ ਤੋਂ ਲੈ ਕੇ ਫਰਸ ਤੀਕ ਲੋਕਾਂ ਨਾਲ ਭਰ ਲਵੇ, ਪਰ ਮੈਨੂੰ ਅਤੇ ਲਾਰਾ ਨੂੰ ਇਕੱਠਿਆ ਰਹਿਣ ਦੇਏ।

ਇਸ ਦੌਰਾਨ ਵਿਚ ਮੈਂ ਬਲੈਕਵਾਟਰ ਪਾਰਕ ਆ ਚੁੱਕੀ ਹਾਂ; (ਜੋ ਕਿ ਇਥੋਂ ਦੇ ਇਤਿਹਾਸ ਅਨੁਸਾਰ) 'ਬੈਰਨ ਸਰ ਪਰਸੀਵਲ ਗਲਾਈਡ ਦਾ ਖਾਨਦਾਨੀ ਘਰ" ਹੈ; ਅਤੇ (ਮੈਂ ਇਹ ਆਪਣੇ ਕੋਲੋਂ ਲਿਖਣ ਦੀ ਦਲੇਰੀ ਕਰ ਰਹੀ ਹਾਂ) ਸਿੱਧੀ ਸਾਦੀ ਅਣਵਿਆਹੀ, ਮੇਰੀਅਨ

ਹਾਲਕੌਂਬ ਦਾ ਭੱਵਿਸ਼ ਵਿਚ ਇਹੀ ਟਿਕਾਣਾ ਹੈ, ਜੋ ਹੁਣ ਇਸ ਛੋਟੀ ਜਿਹੀ ਬੈਠਕ ਵਿਚ, ਇਕ ਚਾਹ ਦੀ ਪਿਆਲੀ ਕੋਲ ਰਖਕੇ, ਆਪਣਾ ਸਾਰਾ ਸਾਮਾਨ ਜੋ ਤਿੰਨ ਟਰੱਕ ਅਤੇ ਇਕ ਬੈਗ ਵਿਚ ਹੈ, ਖਿਲਾਰ ਕੇ ਇਥੇ ਬੈਠੀ ਹੋਈ ਹੈ।

ਮੈਂ ਲਿਮਰਿਜ ਤੋਂ ਕੱਲ੍ਹ ਆਈ ਹਾਂ; ਪਰਸੋਂ ਲਾਰਾ ਦੀ ਖੁਸ਼ੀ ਭਰੀ ਖਬਰ ਵਾਲੀ ਚਿੱਠੀ ਪੈਰਸ ਤੋਂ ਮੈਨੂੰ ਮਿਲ ਚੁਕੀ ਸੀ। ਪਹਿਲਾਂ ਮੈਂ ਇਨ੍ਹਾਂ ਦੁਚਿਤੀਆਂ ਵਿਚ ਸਾਂ, ਕਿ ਮੈਂ ਉਨ੍ਹਾਂ ਨੂੰ ਕਿਥੇ ਮਿਲਾਂ, ਲੰਦਨ ਵਿਚ ਕਿ ਹੈਂਪਸ਼ਾਇਰ ਵਿਚ, ਪਰ ਅਖੀਰਲੀ ਚਿੱਠੀ ਰਾਹੀਂ ਉਨ੍ਹਾਂ ਮੈਨੂੰ ਲਿਖ ਭੇਜਿਆ ਕਿ ਸਰ ਪਰਸੀਵਲ ਦੀ ਸਾਊਥੱਪਟਨ ਹੀ ਉਤਰਨ ਦੀ ਸਲਾਹ ਹੈ, ਜਿਥੋਂ ਉਹ ਸਿੱਧਾ ਆਪਣੇ ਘਰ ਪਹੁੰਚੇਗਾ। ਉਹਨੇ ਬਾਹਰ ਏਨਾਂ ਖਰਚ ਕਰ ਦਿਤਾ ਹੈ ਕਿ ਹੁਣ ਲੰਦਨ ਵਿਚ ਖਰਚਣ ਲਈ ਉਸ ਕੋਲ ਕੁਝ ਨਹੀਂ ਰਹਿ ਗਿਆ, ਸੋ ਹੁਣ ਉਹਦੀ ਸਲਾਹ ਇਹੀ ਹੈ ਕਿ ਉਹ ਬਲੈਕਵਾਟਰ ਪਾਰਕ ਵਿਚ ਗਰਮੀਆਂ ਅਤੇ ਪਤਝੜ ਦੀ ਰੁੱਤ ਘੱਟ ਖਰਚ ਨਾਲ ਚੁਪਚਾਪ ਬਿਤਾਏ। ਲਾਰਾ ਵੀ ਬਥੇਰਾ ਘੁੰਮ ਲਿਆ ਸੀ ਅਤੇ ਕਾਫੀ ਚਿਰ ਘਰ ਤੋਂ ਦੂਰ ਰਹਿ ਚੁਕੀ ਸੀ। ਸੋ ਹੁਣ ਉਹ ਵੀ ਪਿੰਡ ਦੀ ਇਕਾਂਤ ਜ਼ਿੰਦਗੀ ਦਾ ਖਿਆਲ ਕਰਕੇ ਖੁਸ਼ ਹੈ ਜੋ ਉਸਦੇ ਪਤੀ ਦੀ ਦੂਰ ਅੰਦੇਸ਼ੀ ਸਦਕਾ ਉਹਨੂੰ ਰਹਿਣ ਲਈ ਮਿਲੇਗੀ। ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਉਹਦੇ ਨਾਲ ਕਿਧਰੇ ਵੀ ਰਹਿਕੇ ਖੁਸ਼ ਹਾਂ। ਸੋ ਸ਼ੁਰੂ ਵਿਚ ਅਸੀਂ ਸਾਰੇ ਆਪੋ ਆਪਣੀ ਥਾਂ ਤੋਂ ਸੰਤੁਸ਼ਟ ਹਾਂ। ਕੱਲ੍ਹ ਰਾਤ ਮੈਂ ਲੰਦਨ ਵਿਚ ਸੁੱਤੀ ਸਾਂ ਅਤੇ ਅੱਜ ਉਥੇ ਕਈ ਕੰਮਾਂ ਕਰਕੇ ਮੈਨੂੰ ਇੰਨੀ ਦੇਰ ਹੋ ਗਈ, ਕਿ ਮੈਂ ਕਿਧਰੇ ਅੱਜ ਸ਼ਾਮੀ ਹਨੇਰੇ ਪਏ ਬਲੈਕਵਾਟਰ ਪਾਰਕ ਪੁੱਜੀ ਹਾਂ।

ਅਜੇ ਓਪਰੀ ਓਪਰੀ ਦ੍ਰਿਸ਼ਟੀ ਨਾਲ ਮੈਨੂੰ ਇਹ ਘਰ, ਬਿਲਕੁਲ ਲਿਮਰਿਜ ਤੋਂ ਉਲਟ ਲਗਾ ਹੈ।

ਘਰ ਬਿਲਕੁਲ ਪੱਧਰ ਜ਼ਮੀਨ ਤੇ ਬਣਿਆ ਹੋਇਆ ਹੈ, ਅਤੇ ਮੈਨੂੰ ਜੋ ਉਤਰੀ ਪਿੰਡਾਂ ਵਿਚ ਰਹਿਣ ਗਿੱਝੀ ਹੋਈ ਹਾਂ, ਜਾਪਦਾ ਹੈ ਕਿ ਘਰ ਦੇ ਆਲੇ ਦੁਆਲੇ ਏਨੇ ਜ਼ਿਆਦਾ ਦਰੱਖਤ ਹਨ, ਕਿ ਘਰ ਉਨ੍ਹਾਂ ਵਿਚ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ, ਕਿ ਘੁੱਟਣ ਮਹਿਸੂਸ ਹੁੰਦੀ ਹੈ। ਮੈਂ ਅਜੇ ਉਸ ਨੌਕਰ, ਜਿਸਨੇ ਮੈਨੂੰ ਦਰਵਾਜ਼ਾ ਖੋਲ੍ਹਿਆ ਸੀ, ਅਤੇ ਉਸ ਹਾਊਸਕੀਪਰ ਜੋ ਬੜੀ ਨਰਮ ਔਰਤ ਦਿਸਦੀ ਹੈ, ਅਤੇ ਜਿਸਨੇ ਮੈਨੂੰ ਮੇਰਾ ਕਮਰਾ ਵਿਖਾਉਣ ਮਗਰੋਂ ਮੈਨੂੰ ਚਾਹ ਭਿਜਵਾਈ ਹੈ, ਦੇ ਸਿਵਾ ਹੋਰ ਕਿਸੇ ਨੂੰ ਨਹੀਂ ਵੇਖਿਆ। ਪਹਿਲੀ ਮੰਜਿਲ ਤੇ ਇਕ ਲੰਮੀ

ਗੈਲਰੀ ਦੇ ਅਖੀਰ ਵਿਚ ਮੇਰਾ ਇਕ ਡਰੈਸਿੰਗ ਰੂਮ ਅਤੇ ਇਕ ਸੌਣ ਵਾਲਾ ਕਮਰਾ ਹੈ। ਦੂਜੀ ਮੰਜ਼ਿਲ ਉੱਤੇ ਨੌਕਰ ਅਤੇ ਕੁਝ ਖਾਲੀ ਕਮਰੇ ਹਨ ਅਤੇ ਬਾਕੀ ਸਾਰੇ ਕਮਰੇ ਹੇਠਾਂ ਦੇ ਵਰਤੇ ਜਾਂਦੇ ਹਨ। ਮੈਂ ਅਜੇ ਇਕ ਵੀ ਕਮਰਾ ਨਹੀਂ ਵੇਖਿਆ ਅਤੇ ਨਾ ਹੀ ਮੈਨੂੰ ਕੁਝ ਘਰ ਦਾ ਪਤਾ ਹੈ ਪਰ ਇਹ ਜਾਣਦੀ ਹਾਂ, ਕਿ ਇਸ ਘਰ ਦਾ ਇਕ ਪਾਸਾ ਪੰਜ ਸੋ ਸਾਲ ਪੁਰਾਣਾ ਕਿਹਾ ਜਾਂਦਾ ਹੈ ਜਿਸਦੇ ਅਲੇ ਦੁਆਲੇ ਇਕ-ਖੰਦਕ ਸੀ, ਅਤੇ ਪਾਰਕ ਦੇ ਵਿਚ ਇਕ ਝੀਲ ਸੀ, ਜਿਸ ਤੋਂ ਹੀ ਇਸ ਘਰ ਦਾ ਨਾਂ ਬਲੈਕਵਾਟਰ ਪਿਆ ਸੀ।

ਘਰ ਦੇ ਵਿਚਕਾਰ ਉਸ ਬੁਰਜ ਦੀ ਘੜੀ ਤੋਂ ਜੋ ਮੈਂ ਆਉਂਦੀ ਆਉਂਦੀ ਵੇਖਿਆ ਸੀ, ਬੜੇ ਭੁਤਹਾ ਅਤੇ ਗੰਭੀਰ ਢੰਗ ਨਾਲ ਬਾਰਾਂ ਖੜਕੇ ਹਨ; ਜਿਸ ਦੇ ਖੜਾਕ ਨਾਲ ਇਕ ਵੱਡੇ ਸਾਰੇ ਕੱਤੇ ਦੀ ਨੀਂਦ ਖੁਲ ਗਈ ਹੈ ਅਤੇ ਉਹ ਕਿਧਰੇ ਘਰ ਦੇ ਕਿਸੇ ਮੋੜ ਤੇ ਉਬਾਸੀਆਂ ਮਾਰ ਕੇ ਚੀਕ ਰਿਹਾ ਹੈ। ਥਲੋਂ ਗੈਲਰੀਆਂ ਅਤੇ ਬਰਾਮਦਿਆਂ ਵਿਚੋਂ ਕਦਮਾਂ ਦੀ ਆਵਾਜ਼ ਗੁੰਜਦੀ ਸੁਣਾਈ ਦੇ ਰਹੀ ਹੈ, ਅਤੇ ਘਰ ਦੇ ਦਰਵਾਜ਼ੇ ਦੀਆਂ ਕੁੰਡੀਆਂ ਬੰਦ ਹੋਣ ਦੀ ਆਵਾਜ਼ ਵੀ ਆਦੀ ਹੈ ਸਪੱਸ਼ਟ ਹੈ ਕਿ ਨੌਕਰ ਸੌਣ ਲਈ ਜਾ ਰਹੇ ਹਨ। ਕੀ ਮੈਂ ਵੀ ਉਨ੍ਹਾਂ ਦੀ ਉਦਾਹਰਣ ਦਾ ਅਨੁਸਰਣ ਕਰ?

ਨਹੀਂ; ਮੈਨੂੰ ਅਜੇ ਨੀਂਦ ਨਹੀਂ ਆਈ। ਮੈਂ ਕੀ ਕਿਹਾ? ਨੀਂਦ ਨਹੀਂ ਆਈ! ਮੈਨੂੰ ਜਾਪਦਾ ਹੈ ਕਿ ਮੈਂ ਕਦੀ ਮੁੜ ਆਪਣੀਆਂ ਅੱਖਾਂ ਬੰਦ ਨਹੀਂ ਕਰਾਂਗੀ। ਉਸ ਪਿਆਰੇ ਚਿਹਰੇ ਨੂੰ ਮੁੜ ਵੇਖਣ ਅਤੇ ਉਸਦੀ ਪਿਆਰੀ ਆਵਾਜ਼ ਮੁੜ ਸੁਣਨ ਦੇ ਖਿਆਲ ਨਾਲ ਮੈਂ ਏਨੀ ਉਤੇਜਿਤ ਹਾਂ ਕਿ ਜਿਵੇਂ ਮੈਨੂੰ ਬੁਖਾਰ ਹੋਇਆ ਹੋਵੇ। ਜੇ ਮੈਂ ਅੱਜ ਮਰਦ ਹੁੰਦੀ ਤਾਂ ਇਸੇ ਪਲ ਸਰ ਪਰਸੀਵਲ ਦਾ ਸਭ ਤੋਂ ਚੰਗਾ ਘੋੜਾ ਤਿਆਰ ਕਰਵਾ ਕੇ; ਉਸ ਉਤੇ ਉਡਦੀ ਹੋਈ ਪੂਰਬ ਵੱਲ ਨੂੰ ਚੜ੍ਹਦੇ ਸੂਰਜ ਨੂੰ ਮਿਲਣ ਲਈ ਨਿਕਲ ਜਾਂਦੀ, ਅਤੇ ਕਈ ਘੰਟੇ ਲਗਾਤਾਰ ਸਵਾਰੀ ਕਰਦੀ, ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਪ੍ਰਸਿੱਧ ਡਾਕੂ ਬੋਰਕ ਵਲ ਘੰਟਿਆਂ ਬੱਧੀ ਘੋੜ ਸਵਾਰੀ ਕਰਿਆ ਕਰਦਾ ਸੀ। ਪਰ ਮੈਂ ਇਕ ਔਰਤ ਹਾਂ, ਜੋ ਸਾਰੀ ਜ਼ਿੰਦਗੀ ਸਬਰ ਕਰਦੀ ਅਤੇ ਦੁਨੀਆਂ ਦਾਰੀ ਦੇ ਰਿਵਾਜਾਂ ਨਾਲ ਬੱਝੀ ਬੇਬਸ ਰਹਿੰਦੀ ਹੈ, ਮੈਨੂੰ ਹਾਊਸਕੀਪਰ ਦੀ ਗੱਲ ਮੰਨ ਕੇ ਆਪਣੇ ਆਪ ਨੂੰ ਸ਼ਾਂਤ ਕਰਨਾ ਚਾਹੀਦਾ ਹੈ, ਅਤੇ ਔਰਤਾਂ ਵਾਂਗ ਉਡੀਕਣਾ ਚਾਹੀਦਾ ਹੈ।

ਪੜ੍ਹਨਾ ਮੇਰੇ ਵੱਸ ਦਾ ਕੰਮ ਨਹੀਂ- ਮੈਂ ਆਪਣਾ ਧਿਆਨ ਪੁਸਤਕਾਂ ਵੱਲ ਨਹੀਂ ਲਾ ਸਕਦੀ। ਮੈਂ ਕੋਸ਼ਿਸ਼ ਕਰਦੀ ਹਾਂ ਕਿ ਏਨਾਂ ਲਿਖਾਂ, ਕਿ ਮੈਨੂੰ ਥੱਕ ਕੇ ਨੀਂਦ ਆ ਜਾਏ! ਕਿੰਨੇ ਸਮੇਂ ਤੋਂ ਮੈਂ ਆਪਣੀ ਡਾਇਰੀ ਵੱਲ ਪੂਰਾ ਧਿਆਨ ਨਹੀਂ ਦਿਤਾ। ਹੁਣ ਇਕ ਨਵੀਂ ਜ਼ਿੰਦਗੀ ਦੀਆ ਬਰੂੰਹਾਂ ਤੇ ਖੜੀ, ਮੈਂ ਹੁਣ ਕੀ ਯਾਦ ਕਰ ਸਕਦੀ ਹਾਂ- ਪਿਛਲੇ ਛੇ ਮਹੀਨਿਆਂ ਦੇ ਸੱਖਣੇਪਨ ਵਿਚ ਕੀ ਕਿ ਹੋਇਆ ਅਤੇ ਕੀ ਕੀ ਤਬਦੀਲੀਆਂ ਆਈਆਂ? ਲਾਰਾ ਦੇ ਵਿਆਹ ਮਗਰੋਂ ਇਸ ਸਮੇਂ ਵਿਚ ਕਿੰਨਾਂ ਬੰਦਿਆਂ ਅਤੇ ਘਟਨਾਵਾਂ ਨਾਲ ਮੇਰਾ ਵਾਹ ਪਿਆ -?

ਸਭ ਤੋਂ ਪਹਿਲਾਂ ਤਾਂ ਮੇਰੀ ਯਾਦ ਵਿਚ ਵਾਲਟਰ ਹਾਰਟਰਾਈਟ ਹੈ; ਅਤੇ ਮੇਰੇ ਗੈਰ-ਹਾਜ਼ਰ ਮਿੱਤਰਾਂ ਦੀ ਕਤਾਰ ਵਿਚ ਉਹ ਹੀ ਸਭ ਤੋਂ ਪਹਿਲਾਂ ਮੇਰੇ ਸਾਹਮਣੇ ਆਉਂਦਾ ਹੈ। ਮੈਨੂੰ ਉਸ ਮੁਹਿੰਮ ਦੇ ਹੋਡੂੰਰਸ ਪੁੱਜਣ ਮਗਰੋਂ ਉਹਦੀਆਂ ਕੁਝ ਸਤਰਾਂ ਮਿਲੀਆਂ ਹਨ, ਅਤੇ ਉਸ ਦੀ ਇਹ ਚਿੱਠੀ ਉਹਦੀਆਂ ਪਹਿਲੀਆਂ ਸਭਨਾਂ ਚਿੱਠੀਆਂ ਨਾਲੋਂ ਵਧੇਰੇ ਆਸਵੰਦ ਹੈ। ਇਸ ਤੋਂ ਮਹੀਨਾ ਕੁ ਜਾਂ ਛੇ ਹਫ਼ਤਿਆਂ ਮਗਰੋਂ ਮੈਂ ਇਕ ਅਮਰੀਕਨ ਅਖਬਾਰ ਵਿਚ ਇਹ ਖਬਰ ਪੜੀ ਸੀ ਕਿ ਯਾਤਰੀਆਂ ਨੇ ਜੰਗਲਾਂ ਦੇ ਅੰਦਰ ਆਪਣੀ ਯਾਤਰਾ ਸ਼ੁਰੂ ਕਰ ਦਿਤੀ ਸੀ, ਅਤੇ ਉਹ ਇਕ ਪ੍ਰਾਚੀਨ ਅਤੇ ਜੰਗਲੀ ਜਾਨਵਰਾਂ ਨਾਲ ਭਰੇ ਹੋਏ ਜੰਗਲ ਵਿਚ ਵੜਦੇ ਵੇਖੇ ਗਏ ਸਨ; ਉਨ੍ਹਾਂ ਵਿਚੋਂ ਹਰ ਇਕ ਦੇ ਮੋਢੇ ਉਤੇ ਬੰਦੂਕ ਸੀ, ਅਤੇ ਹਰ ਇਕ ਦਾ ਸਾਮਾਨ ਆਪੋ ਆਪਣੀ ਪਿੱਠ ਉਤੇ ਲੱਦਿਆ ਹੋਇਆ ਸੀ। ਉਸ ਤੋਂ ਮਗਰੋਂ ਸਭਯ ਸਮਾਜ ਨੂੰ ਉਨ੍ਹਾਂ ਦੀ ਕਦੀ ਉੱਘ ਸੁੱਘ ਨਹੀਂ ਸੀ। ਵਾਲਟਰ ਦੀ ਇਕ ਲਾਈਨ ਵੀ ਮੇਰੇ ਵੱਲ ਨਹੀਂ ਆਈ, ਅਤੇ ਨਾ ਹੀ ਕਿਸੇ ਵੀ ਅਖਬਾਰ ਵਿਚ ਉਸ ਮੁਹਿੰਮ ਸਾਲੇ ਹੀ ਕੁਝ ਛਪਿਆ ਹੈ।

ਇਹੀ ਸੰਘਣੀ ਅਤੇ ਦਿਲ ਢਾਹੂ ਧੁੰਦ ਏਨ ਕੈਥੇਰਿਕ ਅਤੇ ਉਹਦੀ ਸਾਥਣ ਮਿਸਿਜ਼ ਕਲੀਐਂਟਸ ਦੀ ਖਬਰ ਉਤੇ ਛਾਈ ਹੋਈ ਹੈ। ਉਨ੍ਹਾਂ ਦੋਹਾਂ ਦੀ ਕੋਈ ਖਬਰ ਸਾਨੂੰ ਨਹੀਂ ਮਿਲੀ। ਉਹ ਇਸ ਦੇਸ਼ ਵਿਚ ਹਨ, ਕਿ ਬਾਹਰ ਚਲੀਆਂ ਗਈਆਂ ਹਨ, ਉਹ ਜੀਉਂਦੀਆਂ ਹਨ ਕਿ ਮਰ ਗਈਆਂ ਹਨ, ਉਨ੍ਹਾਂ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ। ਇਥੋਂ ਤਕ ਕਿ ਸਰ ਪਰਸੀਵਲ ਦੇ ਵਕੀਲ ਨੂੰ ਵੀ ਹੁਣ ਉਨ੍ਹਾਂ ਦੇ ਲੱਭਣ ਦੀ ਕੋਈ ਉਮੀਦ ਨਹੀਂ, ਅਤੇ ਉਹਨੇ ਉਨ੍ਹਾਂ ਦੀ ਖੋਜ ਕਰਨੀ ਬੰਦ ਕਰਵਾ ਦਿੱਤੀ ਹੈ।

ਸਾਡੇ ਪੁਰਾਣੇ ਬਜ਼ੁਰਗ ਮਿੱਤਰ ਮਿਸਟਰ ਗਿਲਮੌਰ ਨੂੰ ਅਚਾਨਕ ਬੀਮਾਰੀ ਕਰਕੇ ਕੰਮ ਛੱਡਣਾ ਪਿਆ ਹੈ। ਬਸੰਤ ਦੇ ਸ਼ੁਰੂ ਵਿਚ ਸਾਨੂੰ ਇਹ ਖਬਰ ਸੁਣਕੇ ਬੜਾ ਦੁੱਖ ਲੱਗਾ ਕਿ ਉਹ ਆਪਣੇ ਮੇਜ਼ ਤੇ ਹੀ ਬੇਹੋਸ਼ ਹੋ ਗਿਆ ਸੀ ਅਤੇ ਉਸ ਨੂੰ ਅਧਰੰਗ ਹੋ ਗਿਆ ਸੀ। ਉਹ ਬੜੀ ਦੇਰ ਤੋਂ ਸਿਰ ਵਿਚ ਭਾਰੀਪਨ ਅਤੇ ਘੁਟਨ ਦੀ ਸ਼ਿਕਾਇਤ ਕਰ ਰਹੇ ਸਨ; ਅਤੇ ਡਾਕਟਰ ਨੇ ਉਹਨੂੰ ਸਾਵਧਾਨ ਕਰ ਦਿੱਤਾ ਸੀ ਕਿ ਜੇ ਉਹ ਇੰਜ਼ ਹੀ ਸਵੇਰੇ ਹਨੇਰੇ ਕੰਮ ਵਿਚ ਰੁਝਿਆ ਰਿਹਾ, ਜਿਵੇਂ ਕਿ ਉਹ ਜਵਾਨ ਹੈ ਤਾਂ ਇਸ ਦਾ ਨਤੀਜਾ ਚੰਗਾ ਨਹੀਂ ਹੋਵੇਗਾ ਅਤੇ ਹੁਣ ਸਿੱਟਾ ਇਹ ਨਿਕਲਿਆ ਹੈ ਕਿ ਉਹ ਘੱਟ ਤੋਂ ਘੱਟ ਇਕ ਸਾਲ ਲਈ ਦਫਤਰ ਨਹੀਂ ਜਾ ਸਕੇਗਾ ਅਤੇ ਉਹਨੂੰ ਆਪਣਾ ਨਿਤਨੇਮ ਉਕਾ ਹੀ ਬਦਲ ਕੇ ਉਹ ਜਿਸਮਾਨੀ ਅਤੇ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਆਰਾਮ ਕਰਨ ਲਈ ਹਿਦਾਇਤਾਂ ਦਿਤੀਆਂ ਗਈਆਂ ਹਨ। ਦਫਤਰ ਦਾ ਕੰਮ ਕਾਜ ਉਹਦਾ ਭਾਈਵਾਲ ਹੀ ਕਰੇਗਾ ਅਤੇ ਮਿਸਟਰ ਗਿਲਮੌਰ ਆਪਣੇ ਕੁਝ ਰਿਸਤੇਦਾਰਾਂ ਕੋਲ ਜਰਮਨੀ ਗਿਆ ਹੋਇਆ ਹੈ। ਸੋ ਸਾਡਾ ਇਕ ਹੋਰ ਸੱਚਾ ਮਿੱਤਰ, ਜਿਸਤੇ ਅਸੀਂ ਨਿਰਭਰ ਕਰ ਸਕਦੀਆਂ ਸਾਂ, ਅਤੇ ਜਿਸਦੀ ਸਲਾਹ ਪੁੱਛ ਸਕਦੀਆਂ ਸਾਂ, ਸਾਡੇ ਕੋਲੋਂ ਦੂਰ ਚਲਾ ਗਿਆ ਹੈ। ਮੈਂ ਆਸ ਅਤੇ ਅਰਦਾਸ ਕਰਦੀ ਹਾਂ ਕਿ ਉਹ ਸਿਰਫ ਥੋੜੇ ਚਿਰ ਹੀ ਲਈ ਸਾਡੇ ਤੋਂ ਦੂਰ ਹੋਇਆ ਹੈ। ਵਿਚਾਰੀ ਮਿਸਿਜ਼ ਵੈਸੀ ਮੇਰੇ ਨਾਲ ਲੰਦਨ ਠੀਕ ਆਈ ਸੀ। ਲਾਰਾ ਅਤੇ ਮੇਰੇ ਦੋਹਾਂ ਦੇ ਲਿਮਰਿਜ ਤੋਂ ਆਉਣ ਮਗਰੋਂ ਇਹ ਅਸੰਭਵ ਸੀ ਕਿ ਉਸ ਵਿਚਾਰੀ ਨੂੰ ਉਸ ਉਜਾੜ ਵਿਚ ਇਕੱਲਿਆਂ ਛੱਡਿਆ ਜਾਂਦਾ, ਸੋ ਅਸੀਂ ਇਹ ਇੰਤਜ਼ਾਮ ਕੀਤਾ ਕਿ ਉਹ ਕਲੈਫਮ ਵਿਚ ਆਪਣੀ ਛੋਟੀ ਕੁਆਰੀ ਭੈਣ ਕੋਲ ਰਵੇ ਜਿਹੜੀ ਉਥੇ ਇਕ ਸਕੂਲ ਚਲਾ ਰਹੀ ਸੀ। ਉਹ ਬਲੈਕਵਾਟਰ ਪਾਰਕ ਇਸ ਪਤਝੜ ਵਿਚ ਲਾਰਾ ਨੂੰ ਮਿਲਣ ਆਏਗੀ ਜੋ ਕਿ ਇਕ ਤਰ੍ਹਾਂ ਨਾਲ ਉਹਦੀ ਹੀ ਬੱਚੀ ਹੈ। ਮੈਂ ਉਸ ਨੂੰ ਉਸਦੇ ਟਿਕਾਣੇ ਪੁਚਾਕੇ ਆਈ ਸਾਂ, ਅਤੇ ਉਹਦੀ ਭੈਣ ਨੂੰ ਉਹਦੀ ਸੌਂਪਣੀ ਕਰ ਆਈ ਹਾਂ। ਉਹ ਇਸ ਖਿਆਲ ਨਾਲ ਖੁਸ਼ ਸੀ ਕਿ ਲਾਰਾ ਉਹਨੂੰ ਕੁਝ ਮਹੀਨਿਆ ਮਗਰੋਂ ਮਿਲ ਪਏਗੀ।

ਮਿਸਟਰ ਫ਼ੇਅਰਲੀ ਨਾਲ ਮੈਂ ਕੋਈ ਅਨਿਆਂ ਨਹੀਂ ਕਰ ਰਹੀ ਹੋਵਾਂਗੀ, ਜੇ ਮੈਂ ਇਹ ਕਹਾਂ, ਕਿ ਉਹਨੇ ਸ਼ੁਕਰ ਕੀਤਾ ਹੋਣਾ ਹੈ, ਜਦੋਂ ਘਰ ਵਿਚੋਂ ਸਾਰੀਆਂ ਔਰਤਾਂ ਚਲੀਆਂ ਗਈਆਂ ਹੋਣਗੀਆਂ। ਉਹ ਆਪਣੀ ਭਤੀਜੀ ਨੂੰ ਯਾਦ ਕਰਦਾ ਹੋਵੇਗਾ ਇਹ ਖਿਆਲ ਕਰਨਾ ਵੀ

ਅਸੁਭਾਵਕ ਹੈ; ਜਿਉਂਜੋ ਪਹਿਲਾਂ ਵੀ ਕਈ ਮਹੀਨੇ ਲੰਘ ਜਾਇਆ ਕਰਦੇ ਸਨ ਅਤੇ ਉਹਨੇ ਕਦੀ ਲਾਰਾ ਨੂੰ ਮਿਲਣ ਲਈ ਨਹੀਂ ਬਲਇਆ ਸੀ ਅਤੇ ਮੇਰੇ ਤੇ ਮਿਸਿਜ਼ ਵੈਸੀ ਨੂੰ ਉਹਦਾ ਇਹ ਕਹਿਣਾ ਕਿ ਸਾਡੇ ਉਥੋਂ ਚਲੇ ਆਉਣ ਨਾਲ, ਉਹਦਾ ਦਿਲ ਟੁੱਟ ਗਿਆ ਹੈ, ਇਹ ਕਹਿਣ ਦੇ ਸਮਾਨ ਸੀ, ਕਿ ਉਹ ਅੰਦਰੋਂ ਸਾਡੇ ਮਗਰੋਂ ਲਹਿਰ ਤੇ ਬਹੁਤ ਖੁਸ਼ ਸੀ। ਉਹਨੂੰ ਇਸ ਵੇਲੇ ਇਹ ਖਬਰ ਸੀ। ਉਹਨੇ ਦੋ ਫੋਟੋਗਰਾਫਰਾਂ ਨੂੰ ਇਸ ਕੰਮ ਤੇ ਲਾਇਆ ਹੁੰਦਿਆ ਸੀ, ਕਿਉਂਹ ਜੋ ਕੁਝ ਕੀਮਤੀ ਚੀਜ਼ਾਂ ਉਹਦੇ ਕੋਲ ਹੈ ਸਨ, ਉਨ੍ਹਾਂ ਦੀਆਂ ਤਸਵੀਰਾਂ ਖਿੱਚਣ। ਇਨ੍ਹਾਂ ਤਸਵੀਰਾਂ ਦਾ ਇਕ ਪੂਰਾ ਸੈੱਟ ਕਾਰਲਿਸਲੀ ਦੇ ਮਕੈਨਿਕਜ਼ ਇਨਸਟੀਚੀਊਟ ਨੂੰ ਦਿੱਤਾ ਜਾਣਾ ਸੀ। ਤਸਵੀਰਾਂ ਵਧੀਆ ਗੱਤੇ ਦੇ ਉਪਰ ਲਾ ਕੇ ਹੇਠਾਂ ਲਾਲ ਸੁਰਖੀਆਂ ਵਿਚ ਇੰਜ਼ ਲਿਖਿਆ ਜਾਣਾ ਸੀ, "ਮੈਰੋਨਾ ਅਤੇ ਬੱਚਾ, ਰੈਫਲ," ਇਹ ਤਸਵੀਰ ਇਸ ਸਮੇਂ ਮਿਸਟਰ ਫਰੈਡਰਿਕ ਫ਼ੇਅਰਲੀ ਦੀ ਮਲਕੀਅਤ ਹੈ। 'ਜਾਂ "ਟਿਗਰਥ ਪਾਈਲਸੀਰ ਦੇ ਸਮੇਂ ਦਾ ਤਾਂਬੇ ਦਾ ਸਿੱਕਾ, ਜੋ ਇਸ ਸਮੇਂ ਮਿਸਟਰ ਫਰੈਡਰਿਕ ਫੇਅਰਲੀ ਕੋਲ ਹੈ, ਜਾਂ "ਰੈਂਮਚਰੈਂਡਟ ਅਲੌਕਿਕ ਤਰਾਸ਼ੀ ਹੋਈ ਪੇਂਟਿੰਗ, ਜੋ ਯੂਰਪ ਵਿਚ 'ਦੀ ਸਮੱਜ, ਦੇ ਨਾਂ ਨਾਲ ਪ੍ਰਸਿੱਧ ਹੈ, ਅਤੇ ਇਸ ਦੇ ਇਕ ਕੋਨੇ ਵਿਚ ਉਹ ਧੱਬਾ ਹੈ ਜੋ ਕਿਸੇ ਹੋਰ ਕਾਪੀ ਵਿਚ ਨਹੀਂ ਹੈ। ਕੀਮਤ ਤਿੰਨ ਸੌ ਗਿਨੀ। ਇਸ ਸਮੇਂ ਮਿਸਟਰ ਫਰੈਡਰਿਕ ਫੇਅਰਲੀ ਦੇ ਕਬਜ਼ੇ ਵਿਚ ਹੈ।" ਇਸ ਤਰ੍ਹਾਂ ਕਈ ਦਰਜਨ ਤਸਵੀਰਾਂ, ਜਿਨ੍ਹਾਂ ਵਿਚ ਹਰ ਇਕ ਦੇ ਹੇਠਾਂ ਇਸ ਕਿਸਮ ਦੀਆਂ ਸੁਰਖੀਆਂ ਦਿਤੀਆਂ ਗਈਆਂ ਸਨ, ਮੇਰੇ ਕੰਬਰਲੈਂਡ ਤੋਂ ਆਉਣ ਦੇ ਸਮੇਂ ਤੀਕ ਤਿਆਰ ਹੋ ਚੁੱਕੀਆਂ ਸਨ, ਅਤੇ ਕਈ ਸੈਂਕੜੇ ਅਜੇ ਤਿਆਰ ਕਰਨੀਆਂ ਸਨ। ਆਪਣੀ ਇਸ ਨਵੀਂ ਸਨਕ ਨਾਲ ਮਿਸਟਰ ਫੇਅਰਲੀ ਕਈ ਮਹੀਨੇ ਰੁੱਝਾ ਅਤੇ ਖੁਸ਼ ਰਵੇਗਾ। ਅਤੇ ਦੋਹਾਂ ਬਦਕਿਸਮਤ ਫੋਟੋਗਰਾਫਰਾਂ ਨੂੰ ਵੀ ਉਹੀ ਸਮਾਜਕ ਸ਼ਹੀਦੀ ਸਹਿਣੀ ਪਵੇਗੀ, ਜੋ ਅੱਗੇ ਉਸ ਦਾ ਨੌਕਰ ਸਹਿਣ ਕਰ ਚੁਕਾ ਹੈ।

ਇਹ ਤੇ ਸੀ ਉਨ੍ਹਾਂ ਬੰਦਿਆਂ ਅਤੇ ਘਟਨਾਵਾਂ ਬਾਰੇ, ਜਿਨ੍ਹਾਂ ਦੀ ਥਾਂ ਮੇਰੀ ਯਾਦ ਵਿਚ ਅੱਗੇ ਅੱਗੇ ਹੈ। ਹਾਂ, ਉਸ ਬਾਰੇ ਕੀ ਲਿਖਾਂ, ਜੋ ਮੇਰੇ ਦਿਲ ਵਿਚ ਸਭ ਤੋਂ ਵਧੀਕ ਥਾਂ ਮਲ ਕੇ ਬੈਠਾ ਹੋਇਆ ਹੈ? ਜਿੰਨਾਂ ਚਿਰ ਮੈਂ ਇਹ ਲਿਖਦੀ ਰਹੀ ਹਾਂ, ਲਾਰਾ ਬਾਰੇ ਮੈਂ ਸੋਚਦੀ ਜਾ ਰਹੀ

ਸਾਂ। ਪਿਛਲੇ ਛੇ ਮਹੀਨਿਆਂ ਵਿਚ ਮੈਂ ਉਹਦਾ ਕੀ ਯਾਦ ਕਰ ਸਕਦੀ ਹਾਂ, ਜੋ ਮੈਂ ਆਪਣੀ ਡਾਇਰੀ ਬੰਦ ਕਰਨ ਤੋਂ ਪਹਿਲਾਂ ਇਸ ਵਿਚ ਲਿਖ ਲਵਾਂ।

ਮੈਂ ਸਿਰਫ਼ ਉਸਦੀਆਂ ਚਿੱਠੀਆ ਤੋਂ ਹੀ ਅਨੁਮਾਨ ਲਾ ਸਕਦੀ ਹਾਂ, ਅਤੇ ਸਭ ਤੋਂ ਜਰੂਰੀ ਪ੍ਰਸ਼ਨ ਜੋ ਅਸੀਂ ਚਿੱਠੀਆਂ ਵਿਚ ਪੁੱਛ ਸਕਦੀਆਂ ਸਾਂ, ਉਸ ਬਾਰੇ ਉਹਦੀ ਕਿਸੇ ਚਿੱਠੀ ਵਿਚ ਕਦੀ ਉੱਤਰ ਨਹੀਂ ਦਿੱਤਾ ਗਿਆ।

ਕੀ ਸਰ ਪਰਸੀਵਲ ਉਹਦੇ ਨਾਲ ਚੰਗਾ ਵਰਤਾਉ ਕਰਦਾ ਹੈ? ਕੀ ਹੁਣ ਉਹ ਵਿਆਹ ਵਾਲੇ ਦਿਨ ਨਾਲੋਂ ਵਧੇਰੇ ਖ਼ੁਸ਼ ਹੈ? ਮੇਰੀਆਂ ਸਭ ਚਿੱਠੀਆਂ ਵਿਚ ਇਹ ਪ੍ਰਸ਼ਨ ਕਿਸੇ ਨਾ ਕਿਸੇ ਰੂਪ ਵਿਚ ਪੁੱਛੇ ਗਏ ਹਨ; ਪਰ ਇਨ੍ਹਾਂ ਵਿਚੋਂ ਇਕ ਗੱਲ ਦਾ ਵੀ ਉੱਤਰ ਮੈਨੂੰ ਨਹੀਂ ਦਿਤਾ ਗਿਆ; ਜਾਂ ਇੰਜ਼ ਦਿਤਾ ਗਿਆ ਹੈ, ਜਿਵੇਂ ਮੈਂ ਸਿਰਫ ਉਹਦੀ ਸਿਹਤ ਬਾਰੇ ਪੁੱਛ ਰਹੀ ਹੋਵਾਂ। ਉਹ ਮੈਨੂੰ ਬਾਰ ਬਾਰ ਇਹ ਲਿਖਦੀ ਹੈ ਕਿ ਉਹ ਬਿਲਕੁਲ ਠੀਕ ਹੈ, ਸਫਰ ਉਹਨੂੰ ਬੜਾ ਰਾਸ ਆਇਆ ਹੈ; ਅਤੇ ਜਿੰਦਗੀ ਵਿਚ ਪਹਿਲੀ ਵਾਰੀ ਇਸ ਸਰਦੀ ਦੇ ਦੌਰਾਨ ਉਹਨੂੰ ਜੁਕਾਮ ਨਹੀਂ ਲਗਾ-ਪਰ ਇਕ ਵੀ ਸ਼ਬਦ ਨਹੀਂ ਜੋ ਮੈਨੂੰ ਸਪਸ਼ਟ ਦਸ ਸਕੇ ਕਿ ਉਹ ਇਸ ਵਿਆਹ ਨਾਲ ਸਮਝੌਤਾ ਕਰਨ ਵਿਚ ਸਫਲ ਹੈ, ਅਤੇ ਉਹ ਬਾਈ ਦਸੰਬਰ ਨੂੰ ਬਿਨਾਂ ਕਿਸੇ ਪਛਤਾਵੇ ਜਾਂ ਦੁੱਖ ਦੇ ਯਾਦ ਕਰ ਸਕਦੀ ਹੈ। ਉਹ ਆਪਣੇ ਪਤੀ ਦਾ ਨਾਂ ਚਿੱਠੀਆਂ ਵਿਚ ਇੰਜ ਲਿਖਦੀ ਹੈ, ਜਿਵੇਂ ਉਹ ਕਿਸੇ ਉਸ ਮਿੱਤਰ ਦਾ ਨਾਂ ਹੋਵੇ, ਜੋ ਉਨ੍ਹਾਂ ਨਾਲ ਯਾਤਰਾ ਕਰ ਰਿਹਾ ਹੋਵੇ, ਅਤੇ ਜਿਸਨੇ ਸਫਰ ਦਾ ਸਾਰਾ ਇੰਤਜ਼ਾਮ ਕੀਤਾ ਹੋਵੇ। "ਸਰ ਪਰਸੀਵਲ" ਨੇ ਇਹ ਫੈਸਲਾ ਕੀਤਾ ਹੈ ਕਿ ਅਸੀਂ ਫਲਾਣੇ ਦਿਨ ਚਲਣਾ ਹੈ, ਸਰ ਪਰਸੀਵਲ ਨੇ ਤਹਿ ਕੀਤਾ ਹੈ ਕਿ ਅਸੀਂ ਇਕ ਖਾਸ ਸੜਕ ਤੋਂ ਜਾਈਏ ਕਦੀ ਕਦੀ ਉਹ ਸਿਰਫ "ਪਰਸੀਵਲ" ਲਿਖਦੀ ਹੈ, ਪਰ ਬਹੁਤ ਘਟ ਦਸ ਵਿਚੋਂ ਨੌਂ ਵਾਰੀ ਉਹ "ਸਰ" ਜਰੂਰ ਨਾਲ ਲਿਖਦੀ ਹੈ।

ਮੈਨੂੰ ਇਹ ਮਹਿਸੂਸ ਹੋ ਰਿਹਾ ਹੈ, ਕਿ ਸਰ ਪਰਸੀਵਲ ਨਾਲ ਰਹਿਣ ਕਰਕੇ ਲਾਰਾ ਦੀਆਂ ਆਦਤਾਂ ਜਾਂ ਸੋਚਾਂ ਵਿਚ ਕੋਈ ਫਰਕ ਪਿਆ ਹੋਵੇ। ਕਿਸੇ ਗੱਲ ਵਿਚ ਵੀ ਸਰ ਪਰਸੀਵਲ ਦਾ ਪ੍ਰਭਾਵ ਉਸ ਤੇ ਨਹੀਂ ਪਿਆ ਦਿਸਦਾ। ਅਕਸਰ ਵਿਆਹ ਮਗਰੋਂ, ਕਿਸੇ ਜਵਾਨ ਅਤੇ ਭਾਵਕ ਕੁੜੀ ਵਿਚ ਜੋ ਤਬਦੀਲੀ ਅਚਾਨਕ ਆਪ ਮੁਹਾਰੇ ਆ ਜਾਂਦੀ ਹੈ,

ਉਹਲਾਣਾ ਵਿਚ ਨਹੀਂ ਆਈ ਸੀ। ਜੋ ਕੁਝ ਅਨੋਖਾ ਉਹ ਵੇਖਦੀ ਹੈ, ਉਸ ਬਾਰੇ ਆਪਣੀਆਂ ਸੋਚਾ, ਅਤੇ ਆਪਣੇ ਹੀ ਪ੍ਰਤੀਕਰਮ ਲਿਖਦੀ ਹੈ; ਅਤੇ ਜੋ ਉਹਦੇ ਪਤੀ ਦੀ ਥਾਂ ਮੈਂ ਉਹਦੇ ਨਾਲ ਯਾਤਰਾ ਕਰ ਰਹੀ ਹੁੰਦੀ, ਤਾਂ ਉਹ ਇਵੇਂ ਹੀ ਬਿਲਕੁਲ ਕਿਸੇ ਹੋਰ ਨੂੰ ਲਿਖਦੀ। ਮੈਨੂੰ ਕਿਧਰੇ ਵੀ ਕਈ ਅਜਿਹੀ ਗੱਲ ਨਹੀਂ ਦਿਸੀ, ਜਿਸ ਨਾਲ ਮੈਂ ਇਹ ਸੋਚਾਂ ਕਿ ਉਨ੍ਹਾਂ ਦੋਹਾਂ ਦੇ ਪਿਆਰ ਦਾ ਇਹ ਚਿੰਨ ਹੈ। ਉਦੋਂ ਜਦ ਉਹ ਆਪਣੀ ਯਾਤਰਾ ਦੇ ਵਿਸ਼ੇ ਨੂੰ ਛੱਡ ਕੇ ਉਨ੍ਹਾਂ ਕੰਮਾਂ ਬਾਰੇ ਲਿਖਦੀ ਹੈ, ਜੋ ਉਹਨੇ ਇੰਗਲੈਂਡ ਆ ਕੇ ਕਰਨੇ ਹਨ ਤਾਂ ਵੀ ਉਹ ਇੰਜ ਹੀ ਮਿਲਦੀ ਹੈ, ਕਿ ਅਸੀਂ ਦੋਵੇਂ ਭੈਣਾ ਕੀ ਕੀ ਕਰਾਂਗੀਆਂ। ਸਰ ਪਰਸੀਫਲ ਦੀ ਪਤਨੀ ਦੀ ਜ਼ਿੰਦਗੀ ਕਿਵੇਂ ਹੋਵੇਗੀ, ਉਹ ਇਸ ਗੱਲ ਨੂੰ ਭੁੱਲ ਜਾਂਦੀ ਹੈ। ਪਰ ਇਨ੍ਹਾਂ ਚਿੱਠੀਆਂ ਵਿਚ ਕਿਧਰੇ ਕੋਈ ਸ਼ਿਕਾਇਤ ਦੀ ਰੌਅ ਨਹੀਂ ਵਹਿੰਦੀ ਦਿਸਦੀ, ਕਿ ਉਹ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਨਾ-ਖੁਸ਼ ਹੈ। ਉਹਦੀਆਂ ਚਿੱਠੀਆਂ ਵਿਚ ਰੱਬ ਦਾ ਸ਼ੁਕਰ ਹੈ, ਕਿ ਇਹ ਪ੍ਰਭਾਵ ਨਹੀਂ ਪੈਂਦਾ, ਕਿ ਮੈਂ ਇਸ ਨਤੀਜੇ ਤੇ ਅਪੜਾਂ: ਹਾਂ ਮੈਂ ਇਕ ਉਦਾਸੀਨਤਾ, ਅਤੇ ਬੇਰੁਖੀ ਤਾਂ ਵੇਖ ਸਕਦੀ ਹਾਂ; ਜਦੋਂ ਮੈਂ ਉਹਦੀਆਂ ਚਿੱਠੀਆਂ ਦੇ ਰਾਹੀਂ ਉਹਦੇ ਤੇ ਨਜ਼ਰ ਮਾਰਦੀ ਹਾਂ, ਤਾਂ ਹੁਣ ਭੈਣ ਦੇ ਰੂਪ ਵਿਚ ਹੀ ਲਿਖਦੀ ਹੈ, ਇਕ ਪਤਨੀ ਦੇ ਰੂਪ ਵਿਚ ਨਹੀਂ। ਦੂਜੇ ਸ਼ਬਦਾਂ ਵਿਚ, ਪਿਛਲੇ ਛੇ ਮਹੀਨਿਆਂ ਤੋਂ, ਇਹ ਲਾਰਾ ਫੇਅਰਲੀ ਹੀ ਹੈ, ਜੋ ਮੈਨੂੰ ਚਿੱਠੀਆਂ ਲਿਖਦੀ ਰਹੀ ਹੈ, ਪਰ ਇਹ ਲੇਡੀ ਗਲਾਈਡ ਕਦੀ ਨਹੀਂ ਹੋਈ।

ਉਹ ਅਨੋਖੀ ਚੁੱਪ ਜੋ ਉਹਨੇ ਆਪਣੇ ਪਤੀ ਦੇ ਵਤੀਰੇ ਅਤੇ ਚਾਲ ਚਲਣ ਬਾਰੇ ਸਾਧੀ ਰੱਖੀ ਹੈ, ਉਹੀ ਚੁੱਪ ਉਹਨੇ ਆਪਣੇ ਪਤੀ ਦੇ ਗੂੜੇ ਮਿੱਤਰ ਕਾਂਊਟ ਫ਼ੋਸਕੋ ਬਾਰੇ ਵੀ ਧਾਰਨ ਕੀਤੀ ਹੋਈ ਹੈ। ਜਿਥੇ ਕਿਧਰ ਉਸਦਾ ਜਿਕਰ ਆਇਆ ਹੈ, ਉਹ ਬੜਾ ਹੀ ਸੰਖੇਪ ਸੀ।

ਕਿਸੇ ਅਣਦੱਸੇ ਕਾਰਣ ਕਰਕੇ, ਅਚਾਨਕ ਹੀ ਕਾਂਊਟ ਅਤੇ ਉਹਦੀ ਪਤਨੀ ਦਾ ਪ੍ਰੋਗਰਾਮ ਬਦਲ ਗਿਆ ਸੀ ਅਤੇ ਪਿਛਲੀ ਪਤਝੜ ਵਿਹ ਉਹ ਰੋਮ ਜਾਣ ਦੀ ਥਾਂ ਵੀਆਨਾ ਚਲੇ ਗਏ ਸਨ, ਉਂਜ ਸਰ ਪਰਸੀਵਲ ਨੂੰ ਉਨ੍ਹਾਂ ਉਸ ਸਮੇਂ ਰੋਮ ਵਿਚ ਮਿਲਣਾ ਸੀ, ਜਦੋਂ ਉਹ ਵਿਆਹ ਕਰਕੇ ਇੰਗਲਡ ਤੋਂ ਉਥੇ ਗਿਆ ਸੀ। ਕਾਂਊਟ ਫ਼ੋਸਕੋ ਅਤੇ ਉਹਦੀ ਪਤਨੀ ਬਸੰਤ ਵਿਚ ਵੀਆਨਾ ਤੋਂ ਆਏ ਅਤੇ ਉਹ ਸਰ ਪਰਸੀਵਲ ਅਤੇ ਲਾਰਾ ਨੂੰ ਉਨ੍ਹਾਂ ਦੇ ਵਾਪਸੀ ਸਫ਼ਰ

ਤੇ ਟਾਈਰੋਲ ਮਿਲੇ ਸਨ। ਲਾਰਾ, ਮੈਡਮ ਫ਼ੋਸਕੋ ਨਾਲ ਆਪਣੀ ਮਿਲਣੀ ਬਾਰੇ ਤਾਂ ਲਿਖਦੀ ਹੈ, ਅਤੇ ਕਹਿੰਦੀ ਹੈ ਕਿ ਉਹਦੀ ਭੂਆ ਪਹਿਲਾਂ ਨਾਲੋਂ ਚੰਗੀ, ਸਿਆਣੀ ਅਤੇ ਚੁਪੀਤੀ ਹੋ ਗਈ ਹੈ; ਅਤੇ ਮੈਂ ਜਦੋਂ ਉਹਨੂੰ ਵੇਖਾਂਗੀ ਪਛਾਣਾਂਗੀ ਵੀ ਨਹੀਂ। ਪਰ ਕਾਂਊਟ ਫ਼ੋਸਕੋ ਬਾਰੇ ਉਹ ਸਿਰਫ ਇਹ ਲਿਖਦੀ ਹੈ ਕਿ ਉਹ ਉਹਦੇ ਲਈ ਇਕ ਬੁਝਾਰਤ ਹੈ, ਅਤੇ ਜਦੋਂ ਤੀਕ ਮੈਂ ਆਪ ਉਹਨੂੰ ਵੇਖ ਕੇ ਉਹਦੇ ਬਾਰੇ ਕੋਈ ਰਾਏ ਨਹੀਂ, ਕਾਇਮ ਕਰ ਲੈਂਦੀ, ਉਦੋਂ ਤੀਕ ਉਹ ਉਹਦੇ ਬਾਰੇ ਆਪਣੀ ਰਾਏ ਨਹੀਂ ਦਸੇਗੀ।

ਇਹ ਗੱਲ ਮੇਰੇ ਵਿਚਾਰ ਵਿਚ, ਕਾਂਊਟ ਬਾਰੇ ਕੋਈ ਚੰਗਾ ਪ੍ਰਭਾਵ ਨਹੀਂ ਪਾਉਂਦੀ ਲਾਰਾ ਕੋਲ ਅਜੇ ਵੀ ਉਹ ਕੁਦਰਤੀ ਸੂਝ ਹੈ, ਜੋ ਬੱਚਿਆਂ ਵਿਚ ਹੁੰਦੀ ਹੈ, ਜਿਸ ਨਾਲ ਉਹ ਕਿਸੇ ਮਿੱਤਰ ਨੂੰ ਸਹਿਜੇ ਹੀ ਪਛਾਣ ਲੈਂਦੇ ਹਨ। ਇਹ ਕੁਦਰਤੀ ਸੂਝ ਅਸੀਂ ਜਿਉਂ-ਜਿਉਂ ਵਡੇ ਹੁੰਦੇ ਹਾਂ, ਘਟ ਤਿੱਖੀ ਰਹਿ ਜਾਂਦੀ ਹੈ, ਪਰ ਹੋਰ ਲੋਕਾਂ ਦੇ ਮੁਕਾਬਲੇ ਤੇ ਲਾਰਾ ਦੀ ਇਹ ਅੰਤਰ-ਪ੍ਰੇਰਣਾ ਅਜੇ ਵੀ ਕਾਫੀ ਤਿੱਖੀ ਅਤੇ ਸੂਖਮ ਹੈ ਅਤੇ ਜੇ ਮੈਂ ਇਹ ਸੋਚ ਲੈਂਦੀ ਹਾਂ ਕਿ ਉਹਦਾ ਕਾਂਊਟ ਬਾਰੇ ਪਹਿਲਾ ਪ੍ਰਭਾਵ ਬਹੁਤਾ ਚੰਗਾ ਨਹੀਂ, ਤਾਂ ਮੈਂ ਇਕ ਸ਼ਾਨਦਾਰ ਬਿਦੇਸ਼ੀ ਉਤੇ ਉਹਨੂੰ ਵੇਖਣ ਤੋਂ ਪਹਿਲਾਂ ਹੀ ਸ਼ੱਕ ਕਰ ਰਹੀ ਹੋਵਾਂਗੀ। ਪਰ ਸਬਰ ਸਬਰ; ਚਾਹੀਦਾ ਹੈ, ਇਹ ਸ਼ੰਕਾ ਅਤੇ ਹੋਰ ਕਈ ਸੰਕਾਵਾਂ ਜਲਦੀ ਹੀ ਦੂਰ ਹੋ ਜਾਣਗੀਆ। ਕੱਲ੍ਹ ਸੰਭਾਵਨਾ ਹੈ ਕਿ ਮੇਰੇ ਇਹ ਸਾਰੇ ਵਹਿਮ ਅਤੇ ਸ਼ੱਕ ਸਪਸ਼ਟ ਹੋ ਜਾਣਗੇ।

ਬਾਰਾਂ ਖੜਕ ਚੁਕੇ ਹਨ; ਅਤੇ ਮੈਂ ਆਪਣੀ ਖੁਲੀ ਖਿੜਕੀ ਵਿਚੋਂ ਬਾਹਰ ਝਾਕ ਕੇ ਹੁਣ ਇਹ ਡਾਇਰੀ ਬੰਦ ਕਰਨ ਆਈ ਹਾਂ।

ਅੱਜ ਬੜਾ ਹੁੰਮ ਹੈ, ਹਵਾ ਠਹਿਰੀ ਹੋਈ ਹੈ ਅਤੇ ਰਾਤ ਕਾਲੀ ਹੈ। ਤਾਰੇ ਵੀ ਟਾਵੇਂ-ਟਾਵੇਂ ਹਨ। ਘਰ ਦੇ ਚਾਰੇ ਪਾਸੇ ਜੋ ਦਰਖ਼ਤ ਹਨ, ਉਨ੍ਹਾਂ ਕਰਕੇ ਕੁਝ ਵੀ ਨਹੀਂ ਦਿਸਦਾ ਅਤੇ ਇੰਜ ਜਾਪਦਾ ਹੈ, ਜਿਵੇਂ ਚਟਾਨੀ ਕੰਬ ਘਰ ਦੇ ਚਾਰੋਂ ਪਾਸੇ ਹੈ। ਦੂਰ ਕਿਧਰੋਂ ਡੱਡੂਆਂ ਦੀ ਆਵਜ਼ ਮੈਨੂੰ ਸੁਣਾਈ ਦੇ ਰਹੀ ਹੈ, ਅਤੇ ਘੜਿਆਲ ਦੇ ਖੜਕਣ ਦੀ ਟਨ ਟਨ ਅਜੇ ਵੀ ਸਥਿਰ ਠਹਿਰ ਸ਼ਾਂਤ ਵਾਯੂਮੰਡਲ ਵਿਚ ਗੂੰਜ ਰਹੀ ਹੈ; ਪਤਾ ਨਹੀਂ ਬਲੈਕਵਾਟਰ ਪਾਰਕ ਦਿਨ ਵਿਰ ਕਿਹੋ ਜਿਹਾ ਦਿਸਦਾ ਹੋਵੇਗਾ? ਰਾਤ ਵੇਲੇ ਤਾਂ ਮੈਨੂੰ ਇਹ ਬਿਲਕੁਲ ਪਸੰਦ ਨਹੀਂ ਆਇਆ।

ਬਾਰਾਂ ਜੂਨ-ਅੱਜ ਦਾ ਦਿਨ ਮੈਂ ਪੁੱਛ ਗਿੱਛ ਕਰਦੀ ਰਹੀ ਅਤੇ ਮੈਨੂੰ ਕਈ ਨਵੀਆਂ ਗੱਲਾਂ ਪਤਾ ਲੱਗੀਆਂ ਹਨ। ਮੈਨੂੰ ਉਮੀਦ ਨਹੀਂ ਸੀ ਕਿ ਇਹ ਦਿਨ ਏਨਾ ਦਿਲਚਸਪ ਹੋਵੇਗਾ। ਮੈਂ ਘਰ ਨੂੰ ਹੀ ਸਭ ਤੋਂ ਪਹਿਲਾਂ ਵੇਖਣਾ ਸ਼ੁਰੂ ਕੀਤਾ।

ਘਰ ਦੀ ਅਸਲੀ ਇਮਾਰਤ ਉਸ ਔਰਤ ਦੇ ਵੱਲੋਂ ਦੀ ਬਣੀ ਹੋਈ ਹੈ, ਜਿਸਦੀ ਲੋੜ ਤੋਂ ਵਧੇਰੇ ਮੁਲਾਂਕਣ ਕੀਤਾ ਗਿਆ ਹੈ-ਰਾਣੀ ਅਲਿਜ਼ਬਥ ਦੇ ਜ਼ਮਾਨੇ ਦੀ। ਥਲਵੇਂ ਹਿੱਸੇ ਵਿਚ ਦੋ ਬਹੁਤ ਲੰਮੀਆਂ ਗੈਲਰੀਆਂ ਹਨ, ਜਿਨ੍ਹਾਂ ਦੀਆਂ ਛੱਤਾਂ ਨੀਵੀਆਂ ਹਨ, ਅਤੇ ਇਹ ਇਕ ਦੂਜੇ ਦੇ ਬਰਾਬਰ ਬਣੀਆਂ ਹਨ, ਇਨ੍ਹਾਂ ਦੀਆਂ ਕੰਧਾਂ ਉਤੇ ਬਜ਼ੁਰਗਾਂ ਦੀਆਂ ਤਸਵੀਰਾਂ ਲਗੀਆਂ ਹੋਈਆਂ ਹਨ, ਜਿਨ੍ਹਾਂ ਨਾਲ ਇਹ ਗੈਲਰੀਆਂ ਹੋਰ ਵੀ ਹਨੇਰੀਆਂ ਅਤੇ ਭਿਆਨਕ ਦਿਸਦਿਆਂ ਹਨ, ਇਨ੍ਹਾਂ ਤਸਵੀਰਾਂ ਨੂੰ ਮੇਰਾ ਦਿਲ ਕਰਦਾ ਹੈ, ਸਾੜ ਸੁੱਟਾਂ। ਪਹਿਲੀ ਮੰਜਿਲ ਉੱਤੇ ਜਿਹੜੇ ਕਮਰੇ ਗੈਲਰੀਆਂ ਉੱਤੇ ਹਨ, ਉਹ ਕੁਝ ਮੁਰੰਮਤ ਆਦਿ ਕਰਵਾਉਣ ਮਗਰੋਂ ਠੀਕ ਹਾਲਤ ਵਿਚ ਹਨ, ਪਰ ਇਹ ਬਹੁਤ ਘਟ ਵਰਤੇ ਜਾਂਦੇ ਹਨ। ਹਾਊਸਕੀਪਰ ਨੇ, ਜੋ ਕਿ ਬਹੁਤ ਹੀ ਸਲੀਕੇਦਾਰ ਔਰਤ ਹੈ। ਮੈਨੂੰ ਨਿਮਰਤਾ ਨਾਲ ਕਿਹਾ ਸੀ ਕਿ ਉਹ ਤਾਂ ਮੈਨੂੰ ਇਹ ਕਮਰੇ ਵਿਖਾਉਣ ਨੂੰ ਤਿਆਰ ਹੈ, ਪਰ ਮੇਰਾ ਖਿਆਲ ਰੱਖਦਿਆਂ ਨਾਲ ਇਹ ਵੀ ਕਹਿ ਦਿਤਾ ਕਿ ਉਨ੍ਹਾਂ ਦੀ ਸਫਾਈ ਆਦਿ ਨਹੀਂ ਹੋਈ ਹੋਈ, ਮੈਨੂੰ ਇਸ ਰਾਜ ਦੇ ਸਾਰੇ ਅਜਿਬੱਬ ਦੇ ਵੇਲੇ ਦੇ ਬਣੇ ਹੋਏ ਸੌਣ ਵਾਲੇ ਕਮਰਿਆਂ ਤੇ ਵਧੇਰੇ ਆਪਣੀਆਂ ਜੁਰਾਬਾਂ ਅਤੇ ਪੈਟੀਕਟ ਦਾ ਧਿਆਨ ਹੈ, ਇਸ ਲਈ ਇਹ ਉਪਰਲੇ ਕਮਰੇ ਵੇਖਣ ਤੋਂ ਸਾਫ ਇਨਕਾਰ ਕਰ ਦਿਤਾ, ਜਿਨ੍ਹਾਂ ਵਿਚ ਜਾਣ ਨਾਲ ਮੇਰੇ ਸਾਫ ਸੁਥਰੇ ਕਪੜੇ ਮੈਲੇ ਹੋ ਜਾਣੇ ਸਨ। ਹਾਊਸਕੀਪਰ ਨੇ ਕਿਹਾ, "ਮੈਂ ਵੀ ਤੁਹਾਡੀ ਰਾਏ ਨਾਲ ਸਹਿਮਤ ਹਾਂ ਮਿਸ, ' ਅਤੇ ਮੈਨੂੰ ਜਾਪਿਆ, ਕਿ ਉਹ ਮੈਹੈ ਅਜਿਹੀ ਸਿਘਾਣੀ ਔਰਤ ਸਮਝ ਰਹੀ ਸੀ, ਜਿਹੇ ਜਿਹੀ ਉਹਨੂੰ ਚਿਰਾਂ ਤੋਂ ਨਹੀਂ ਸੀ ਮਿਲੀ।

ਇਹ ਤੇ ਹੋਈ ਅਸਲੀ ਇਮਾਰਤ ਦੀ ਗੱਲ। ਦੋਹਾਂ ਬਾਹੀਆਂ ਵੱਲ ਨਵੇਂ ਕਮਰੇ ਬਣਾਏ ਗਏ ਸਨ। ਖੱਬੀ ਬਾਰੀ ਦਾ ਅੱਧਾ ਖੰਡਰ ਹੋਇਆ ਪਾਸਾ (ਜਿਉਂ ਹੀ ਤੁਸੀਂ ਘਰ ਵਿਚ ਦਾਖ਼ਲ ਹੋਵੋ) ਕਦੀ ਰਹਿਣ ਲਈ ਇਕ ਵੱਖਰਾ ਹਿੱਸਾ ਸੀ ਅਤੇ ਇਹ ਚੌਧਵੀਂ ਸਦੀ ਵਿਚ ਬਣਾਇਆ ਗਿਆ ਸੀ। ਸਰ ਪਰਸੀਵਲ ਦੀ ਮਾਂ ਦੇ ਖ਼ਾਨਦਾਨ ਵਿਚੋਂ, ਮੈਨੂੰ ਇਹ ਨਹੀਂ ਸੀ ਪਤਾ ਅਤੇ ਨਾ ਹੀ ਜਾਨਣ ਦੀ ਪ੍ਰਵਾਹ ਕੀਤੀ ਕਿਸੇ ਨੂੰ ਇਹ ਹਿੱਸਾ ਘਰ ਦੀ ਮੁੱਖ ਇਮਾਰਤ

ਨਾਲ ਨੱਥੀ ਕਰ ਦਿਤਾ ਸੀ। ਹਾਊਸਕੀਪਰ ਨੇ ਮੈਨੂੰ ਦਸਿਆ ਕਿ "ਪੁਰਾਣੀ ਬਾਹੀ" ਦੀ ਨਿਹਮਾਣ-ਵਿਧੀ ਅੰਦਰੋਂ ਅਤੇ ਬਾਹਰੋਂ' ਵੀ ਲੋਕ ਸਲਾਹੁੰਦੇ ਸਨ ਪਰ ਮੈਂ ਜ਼ਰਾ ਹੋਰ ਟੁਰ ਫਿਰ ਕੇ ਜਾਂਚ ਕੀਤੀ ਤਾਂ ਮੈਨੂੰ ਇਹ ਪਤਾ ਲੱਗ ਗਿਆ ਕਿ ਜਿਹੜੇ ਲੋਕ ਇਸ ਪਾਸੇ ਦੀ ਸ਼ਿਲਪ ਕਲਾ ਦੀ ਤਾਰੀਫ ਕਰਦੇ ਸਨ, ਉਹ ਜਰੂਰ ਸਿੱਲ੍ਹ, ਹਨੇਰੇ ਅਤੇ ਚੂਹਿਆਂ ਤੋਂ ਨਹੀਂ ਡਰਦੇ ਹੋਣਗੇ। ਇਨ੍ਹਾਂ ਹਾਲਤਾਂ ਵਿਚ ਮੈਂ ਬਿਨਾਂ ਕਿਸੇ ਝਿਜਕ ਤੋਂ ਇਹ ਐਲਾਨ ਕਰ ਸਕਦੀ ਹਾਂ ਕਿ ਮੈਂ ਕੋਈ ਪਾਰਖੂ ਨਹੀਂ; ਅਤੇ ਮੈਂ ਇਹ ਸੁਝਾਅ ਦਿਤਾ ਕਿ ਜਿਵੇਂ ਮੈਂ ਅਲਿਜ਼ਬੱਥ ਦੇ ਜ਼ਮਾਨੇ ਦੇ ਬੈਡ-ਰੂਮ ਨਹੀਂ ਵੇਖੇ, ਇਸੇ ਤਰ੍ਹਾਂ ਇਸ ਬਾਹੀ ਨੂੰ ਵੀ ਛੱਡ ਹੀ ਦੇਈਏ। ਇਕ ਵਾਰ ਮੁੜ ਹਾਊਸਕੀਪਰ ਨੇ ਕਿਹਾ, 'ਮੈਂ ਤੁਹਾਡੀ ਰਾਏ ਨਾਲ ਸਹਿਮਤ ਹਾਂ, ਮਿਸ;" ਅਤੇ ਇਕ ਵਾਰ ਮੁੜ ਉਹਨੇ ਮੇਰੇ ਵੱਲ ਇੰਜ਼ ਵੇਖਿਆ, ਜਿਵੇਂ ਉਹ ਮੇਰੀ ਸਿਆਣਪ ਦੀ ਪ੍ਰਸੰਸਾ ਕਰ ਰਹੀ ਹੋਵੇ।

ਇਸ ਤੋਂ ਮਗਰੋਂ ਅਸੀਂ ਸੱਜੇ ਪਾਸੇ ਦੀ ਬਾਹੀ ਵੱਲ ਮੁੜੀਆਂ, ਜੋ ਕਿ ਬਲੈਕਵਾਟਰ ਪਾਰਕ ਦੇ ਅਜੀਬ ਨਿਰਮਾਣ ਅਤੇ ਬੇ-ਤਰਤੀਬੇ ਸ਼ਿਲਪ ਕਲਾ ਨੂੰ ਪੂਰਾ ਕਰਨ ਲਈ ਦੂਜੇ ਜਾਰਜ ਦੇ ਸਮੇਂ ਉਸਾਰਿਆ ਗਿਆ ਸੀ। ਇਹ ਉਹ ਭਾਗ ਸੀ, ਜਿਸ ਦੀ ਲਾਰਾ ਦਾ ਸਵਾਗਤ ਕਰਕੇ, ਮੁਰੰਮਤ ਕਰਵਾਈ ਗਈ ਸੀ ਅਤੇ ਮੁੜ ਕੇ ਸਜਾਇਆ ਗਿਆ ਸੀ। ਮੇਰੇ ਦੋ ਕਮਰੇ, ਅਤੇ ਹੋਰ ਵੀ ਚੰਗੇ ਸੌਣ ਵਾਲੇ ਕਮਰ ਪਹਿਲੀ ਮੰਜ਼ਲ ਦੇ ਹੀ ਸਨ; ਅਤੇ ਹੇਠਾਂ ਇਕ ਬੈਠਕ, ਖਾਣ ਵਾਲਾ ਕਮਰਾ, ਮੌਰਨਿੰਗ ਰੂਮ, ਲਾਇਬਰੇਰੀ ਅਤੇ ਲਾਰਾ ਲਈ ਇਕ ਸੁਹਣਾ ਡਰੈਸਿੰਗ ਰੂਮ ਸੀ, ਇਹ ਸਭ ਆਧੁਨਿਕ ਢੰਗ ਨਾਲ ਸੁਹਣੀ ਤਰ੍ਹਾਂ ਸਜਾਏ ਗਏ ਸਨ ਅਤੇ ਇਨ੍ਹਾਂ ਵਿਚ ਆਧੁਨਿਕ ਜੀਵਨ ਦੀ ਸੁਖਵਿਧਾ ਲਈ ਸਾਰਾ ਸਾਮਾਨ ਸੀ, ਜੋ ਕਿ ਕੀਮਤੀ ਸੀ। ਪਰ ਇਨ੍ਹਾਂ ਵਿਚੋਂ ਇਕ ਵੀ ਕਮਰਾ ਉਹ ਜਿਹਾ ਹਵਾਦਾਰ ਅਤੇ ਖੁਲ੍ਹਾ ਨਹੀਂ ਸੀ, ਜਿਹੋ ਜਿਹੇ ਲਿਮਰਿਜ ਵਿਚ ਸਨ; ਪਰ ਫਿਰ ਵੀ ਇਹ ਰਹਿਣ ਲਈ ਚੰਗੇ ਦਿਸਦੇ ਸਨ। ਮੈਂ ਬਲੈਕਵਾਟਰ ਪਾਰਕ ਬਾਰੇ ਜੋ ਸੁਣਿਆ ਹੋਇਆ ਸੀ, ਉਸ ਤੋਂ ਮੈਨੂੰ ਇਹੀ ਡਰ ਸੀ; ਕਿ ਇਥੋਂ ਪੁਰਾਣੇ ਡੀਜ਼ਾਈਨ ਦੀਆਂ ਥਕਾ ਦੇਣਵਾਲੀਆਂ ਕੁਰਸੀਆਂ; ਧੱਬੇਦਾਰ ਸ਼ੀਸ਼ੇ ਮੇਲੇ ਕੁਚੈਲੇ ਉੱਲੀ ਵਾਲੇ ਪਰਦੇ ਅਤੇ ਉਹ ਸਭ ਫ਼ਾਲਤੂ ਸਾਮਾਨ ਹੋਵੇਗਾ, ਜੋ ਉਹ ਲੋਕ ਆਪਣੇ ਆਲੇ ਦੁਆਲੇ ਇਕੱਠਾ ਕਰ ਲੈਂਦੇ ਹਨ, ਜਿਨ੍ਹਾਂ ਨੂੰ ਆਰਾਮ ਦੇ ਅਹਿਸਾਸ ਦੀ ਪ੍ਰਵਾਹ ਨਹੀਂ ਹੁੰਦੀ, ਅਤੇ ਨਾ ਹੀ ਉਹ ਆਪਣੇ

ਮਿੱਤਰਾਂ ਦੀ ਸੁਖ ਸੁਵਿਧਾ ਦਾ ਧਿਆਨ ਰੱਖਦੇ ਹਨ। ਪਰ ਮੈਨੂੰ ਇਹ ਜਾਣ ਕੇ ਅਕਹਿ ਸੁੱਖ ਹੋਇਆ ਕਿ ਉਨੀਵੀਂ ਸਦੀ ਦੇ ਪ੍ਰਭਾਵ ਨੇ ਇਸ ਘਰ ਉਤੇ ਆਪਣਾ ਪ੍ਰਭਾਵ ਪਾ ਲਿਆ ਸੀ; ਅਤੇ ਪੁਰਾਣੇ ਸਮੇਂ ਦੀਆਂ ਸਭ ਗੰਦੀਆਂ ਚੀਜ਼ਾਂ ਸਾਡੀ ਰੋਜ਼ਾਨਾ ਜ਼ਿੰਦਗੀ ਤੋਂ ਦੂਰ ਕਰ ਦਿੱਤੀਆਂ ਸਨ।

ਮੈਂ ਸਾਰੀ ਸਵੇਰ ਇੰਜ਼ ਹੀ ਵਿਅਰਥ ਆਵਾਰਾ ਘੁੰਮ ਕੇ ਗਵਾ ਦਿਤੀ--ਕੁਝ ਸਮਾਂ ਹੇਠਾਂ ਕਮਰਿਆਂ ਵਿਚ ਅਤੇ ਕੁਝ ਬਾਹਰ ਉਥੇ ਜਿਥੇ ਤਿੰਨ ਪਾਸੇ ਤਾਂ ਘਰ ਦੀਆਂ ਕੰਧਾਂ ਹਨ; ਅਤੇ ਸਾਹਮਣੇ ਉੱਚਾ ਉੱਚਾ ਲੋਹੇ ਦਾ ਜੰਗਲਾ ਅਤੇ ਫਾਟਕ ਹੈ। ਇਸ ਵਿਹੜੇ ਦੇ ਵਿਚਕਾਰ ਇਕ ਵੱਡਾ ਸਾਰਾ ਮੱਛੀਆਂ ਦਾ ਤਾਲਾਬ ਹੈ, ਜਿਸ ਦੇ ਪਾਸਿਆਂ ਤੇ ਪੱਥਰ ਲਗਾ ਹੋਇਆ ਹੈ ਅਤੇ ਵਿਚਕਾਰ ਇਕ ਦੇਉ ਦਾ ਬੁੱਤ ਬਣਿਆ ਹੋਇਆ ਹੈ। ਤਾਲਾਬ ਵਿਚ ਸੁਨਿਹਰੀ ਅਤੇ ਚਾਂਦੀ ਰੰਗੀਆਂ ਮੱਛੀਆਂ ਹਨ; ਅਤੇ ਇਸ ਦੇ ਆਲੇ ਦੁਆਲੇ ਏਨੇ ਮੁਲਾਇਮ ਘਾਹ ਦੀ ਪਗਡੰਡੀ ਹੈ, ਜਿੰਨਾਂ ਕਿ ਮੈਂ ਬਹੁਤ ਘੱਟ ਵੇਖਿਆ ਹੈ। ਮੈਂ ਦੁਪਿਹਰ ਦੀ ਰੋਟੀ ਤਕ ਇਥੋਂ ਛਾਵੇਂ ਘੁੰਮਦੀ ਰਹੀ, ਜਿਥੇ ਕਿ ਚੰਗਾ-ਚੰਗਾ ਲੱਗ ਰਿਹਾ ਸੀ; ਅਤੇ ਰੋਟੀ ਮਗਰੋਂ ਮੈਂ ਆਪਣਾ ਘਾਹ ਦੇ ਤੀਲਿਆਂ ਦਾ ਚੌੜਾ ਹੈਟ ਲੈ ਕੇ ਬਾਹਰ ਘੁੰਮਣ ਲਈ ਸੁਖਾਵੀਂ ਧੁੱਪ ਵਿਚ ਨਿਕਲ ਪਈ।

ਦਿਨ ਦੀ ਰੋਸ਼ਨੀ ਵਿਚ ਵੀ ਮੇਰਾ ਰਾਤ ਦਾ ਪ੍ਰਭਾਵ ਠੀਕ ਨਿਕਲਿਆ ਕਿ ਬਲੈਕਵਾਟਰ ਵਿਚ ਦਰਖਤ ਬਹੁਤ ਹੀ ਜ਼ਿਆਦਾ ਸਨ। ਇੰਨੇ ਹਨ ਕਿ ਘਰ ਉਨਾਂ ਨਾਲ ਘੁਟਿਆ ਘੁਟਿਆ ਗਿਆ ਹੈ। ਦਰਖਤ ਬੜੇ ਕੋਲ ਕੋਲ ਹਨ ਅਤੇ ਬਹੁਤ ਪੁਰਾਣੇ ਨਹੀਂ ਦਿਸਦੇ। ਮੇਰਾ ਖਿਆਲ ਹੈ ਕਿ ਸਰ ਪਰਸੀਵਲ ਤੋਂ ਪਹਿਲਾਂ ਕਿਸੇ ਨੇ ਬੜੀ ਬੁਰੀ ਤਰ੍ਹਾਂ ਸਾਰੀ ਅਸਟੇਟ ਤੋਂ ਲੱਕੜੀ ਕੱਟੀ ਹੋਵੇਗੀ; ਅਤੇ ਨਵੇਂ ਵਾਰਿਸ ਦੀ ਇਸ ਬਾਰੇ ਚਿੰਤਾ ਦਾ ਇਹ ਸਿੱਟਾ ਸੀ, ਕਿ ਦਰਖਤ ਏਨੀ ਗਿਣਤੀ ਵਿਚ ਅਤੇ ਕੋਲ ਕੋਲ ਬੀਜ ਗਏ ਸਨ ਤਾਂ ਜੋ ਉਹ ਘਾਟਾ ਪੂਰਾ ਕੀਤਾ ਜਾ ਸਕੇ। ਘਰ ਦੇ ਸਾਹਮਣੇ ਪੁੱਜਣ ਤੇ ਜਦੋਂ ਮੈਂ ਵੇਖਿਆ ਕਿ ਮੇਰੇ ਖਬੇ ਹੱਥ ਫੁੱਲਾਂ ਦਾ ਬਾਗੀਚਾ ਸੀ; ਤਾਂ ਮੈਂ ਉਧਰ ਤੁਰ ਪਈ ਤਾਂ ਜੀ ਉਥੇ ਵੇਖਾਂ ਕਿ ਕੀ ਕੀ ਉਗਿਆ ਹੋਇਆ ਹੈ।

ਨੇੜਿਉਂ ਵੇਖਣ ਮਗਰੋਂ ਪਤਾ ਲਗਾ ਕਿ ਬਗੀਚਾ ਬਹੁਤ ਹੀ ਛੋਟਾ ਸੀ ਅਤੇ ਨਾ ਹੀ ਕਿਸੇ ਕੰਮ ਦੇ ਫੁੱਲ ਸਨ, ਅਤੇ ਨਾ ਹੀ ਉਨ੍ਹਾ ਦੀ ਦੇਖ ਭਾਲ ਢੰਗ ਦੀ ਕੀਤੀ ਗਈ ਸੀ। ਮੈਂ

ਇਸ ਤੋਂ ਅੱਗੇ ਤੁਰ ਪਈ, ਅਤੇ ਵਾੜ ਵਿਚ ਬਣੇ ਹੋਏ ਇਕ ਛੋਟੇ ਗੇਟ ਵਿਚੋਂ ਦੀ ਲੰਘ ਕੇ ਚੀੜ ਦੇ ਦਰਖਤਾਂ ਦੀ ਝੰਗੀ ਵਿਚ ਪਹੁੰਚ ਗਈ।

ਇਕ ਸੁਹਣੀ ਵੱਲ ਵਲੇਵੇ ਖਾਂਦੀ ਹੋਈ ਪਗਡੰਡੀ ਇਨ੍ਹਾਂ ਦਰਖਤਾਂ ਦੇ ਵਿਚਕਾਰ ਬਣਾਈ ਗਈ ਸੀ; ਅਤੇ ਉੱਤਰ ਪਾਸੇ ਦੇ ਪਿੰਡ ਵਿਚ ਰਹਿਣ ਕਰਕੇ ਮੈਨੂੰ ਘਟ ਪਤਾ ਲੱਗ ਗਿਆ ਕਿ ਮੈਂ ਰੇਤਲੀ ਮਿੱਟੀ ਦੇ ਨੇੜੇ ਨੇੜੇ ਪੁੱਜ ਰਹੀ ਸਾਂ। ਮੇਰਾ ਖਿਆਲ ਹੈ, ਕੋਈ ਅੱਧਾ ਕੁ ਮੀਲ ਤੁਰੀ ਹੋਵਾਂਗੀ ਕਿ ਦਰਖਤਾਂ ਵਿਚਲੀ ਪਗਡੰਡੀ ਨੇ ਇਕ ਤਿੱਖਾ ਮੋੜ ਖਾਧਾ; ਅਚਾਨਕ ਹੀ ਮੇਰੇ ਦੋਵੇਂ ਪਾਸਿਆਂ ਤੋਂ ਦਰਖਤ ਦਿਸਣੇ ਬੰਦ ਹੋ ਗਏ; ਅਤੇ ਮੈਂ ਵਰਿਆ ਕਿ ਮੈਂ ਇਕ ਖੁੱਲੀ ਥਾਂ ਦੇ ਸਿਰ ਤੇ ਖੜੀ ਸਾਂ, ਅਤੇ ਮੇਰੇ ਸਾਹਮਣੇ ਬਲੈਕਵਾਟਰ ਝੀਲ ਸੀ ਜਿਸ ਤੋਂ ਇਸ ਘਰ ਦਾ ਨਾਂ ਪਿਆ ਸੀ।

ਮੇਰੇ ਪੈਰਾਂ ਤੋਂ ਥੱਲੇ ਕਰਕੇ ਸਾਰੀ ਰੇਤ ਹੀ ਰੇਤ ਸੀ; ਵਿਚ ਵਿਚ ਕਿਧਰੇ ਕਿਧਰੇ ਛੋਟੇ ਛੋਟੇ ਟਿੱਲੇ ਸਨ ਜਿਨ੍ਹਾਂ ਕਰਕੇ ਦ੍ਰਿਸ਼ ਦੀ ਇਕਸਾਰਤਾ ਟੁੱਟ ਜਾਂਦੀ ਸੀ, ਜਿਸ ਥਾਂ ਤੇ ਮੈਂ ਸਾਂ, ਉਥੇ ਵੀ ਕਦੀ ਇਹ ਝੀਲ ਵਹਿੰਦੀ ਸੀ, ਅਤੇ ਹੌਲੀ ਹੌਲੀ ਇਹ ਇਥੋਂ ਸੁੱਕ ਗਈ ਸੀ ਅਤੇ ਆਪਣੇ ਅਸਲੀ ਅਕਾਰ ਦਾ ਤੀਜਾ ਹਿੱਸਾ ਰਹਿ ਗਈ ਸੀ। ਮੈਂ ਆਪਣੇ ਸਾਹਮਣੇ ਵੇਖਿਆ, ਮੇਰੇ ਤੋਂ ਅੱਧੇ ਕੁ ਮੀਲ ਦੂਰਤੇ ਇਸ ਝੀਲ ਦਾ ਅਹਿਲ ਪਾਣੀ ਨਿਕੇ ਨਿੱਕ ਛਪੜਾਂ ਵਿਚ ਤਰੱਕ ਰਿਹਾ ਸੀ: ਇਸ ਪਾਣੀ ਵਿਚ ਕਈ ਥਾਵਾਂ ਤੇ ਝਾੜੀਆਂ ਉਗੀਆਂ ਹੋਈਆਂ ਸਨ; ਅਤੇ ਮਿੱਟੀ ਦੇ ਢੇਲੇ ਪਾਣੀ ਵਿਚ ਪਏ ਹੋਏ ਸਨ। ਪਰਲੇ ਕਿਨਾਰੇ ਤੇ ਮੁੜ ਦਰਖਤ ਉਗੇ ਹੋਏ ਸਨ, ਜਿਨ੍ਹਾ ਦੇ ਪਰਛਾਵੇਂ ਉਸ ਅਹਿਲ ਅਤੇ ਘੱਟ ਡੂੰਘੇ ਪਾਣੀ ਉਤੇ ਪੈ ਰਹੇ ਸਨ, ਅਤੇ ਉਨ੍ਹਾਂ ਤੋਂ ਅਗੇ ਕੁਝ ਵਿਖਾਈ ਨਹੀਂ ਸੀ ਦੇ ਰਿਹਾ। ਜਿਉਂ ਹੀ ਮੈਂ ਝੀਲ ਤਕ ਗਈ, ਮੈਂ ਵੇਖਿਆ ਕਿ ਅਗੇ ਜਾਂਦਿਆਂ ਮਿੱਟੀ ਗਿੱਲੀ ਸੀ, ਅਤੇ ਉਸ ਉਪਰ ਲੰਮਾ ਲੰਮਾ ਘਾਹ, ਅਤੇ ਬੈਂਤ ਦੇ ਬੂਟੇ ਉਗੇ ਹੋਏ ਸਨ।

ਇਹ ਪਾਣੀ ਜੋ ਖੁਲ੍ਹੇ ਅਤੇ ਰੇਤਲੇ ਪਾਸੇ, ਜਿਥੇ ਸੂਰਜ ਚਮਕ ਰਿਹਾ ਸੀ, ਸਾਫ ਦਿਸਦਾ ਸੀ, ਮੇਰੇ ਦੂਜੇ ਪਾਸੇ, ਜਿਥੇ ਇਹ ਕਿਨਾਰੇ ਹੇਠਾਂ ਡੂੰਘਾ ਸੀ, ਅਤੇ ਜਿਥੇ ਉਪਰ ਕੰਡਿਆਲੀਆਂ ਝਾੜੀਆਂ ਅਤੇ ਗਡਮਡ ਹੋਏ ਦਰਖਤਾਂ ਦਾ ਪ੍ਰਛਾਵਾਂ ਪੈ ਰਿਹਾ ਸੀ, ਕਾਲਾ ਅਤੇ ਜ਼ਹਿਰੀਲਾ ਨਜ਼ਰ ਆਉਂਦਾ ਸੀ। ਡੱਡੂ ਬੋਲ ਰਹੇ ਸਨ; ਅਤੇ ਪ੍ਰਛਾਵਿਆਂ ਭਰੇ ਪਾਣੀ ਵਿਚੋਂ ਚੂਹੇ

ਜੋ ਆਪ ਵੀ ਇਕ ਜੀਉਂਦਾ ਪਰਛਾਵਾਂ ਜਾਪਦੇ ਸਨ; ਅੰਦਰ ਬਾਹਰ ਆ ਜਾ ਰਹੇ ਸਨ। ਮੈਂ ਝੀਲ ਦੀ ਕਲਕਲ ਦੇ ਹੋਰ ਨੇੜੇ ਗਈ ਤਾਂ ਮੈਨੂੰ ਇਕ ਟੁੱਟੀ ਬੇੜੀ ਜੋ ਅੱਧੀ ਪਾਣੀ ਦੇ ਵਿਚ ਅਤੇ ਅੱਧੀ ਬਾਹਰ ਸੀ ਨਜ਼ਰੀਂ ਪਈ। ਇਸ ਦੀ ਸੁੱਕੀ ਜ਼ਮੀਨ ਉਤੇ, ਦਰਖਤਾਂ ਦੇ ਵਿਚਕਾਰੋਂ ਇਕ ਵਿੱਥ ਵਿਚੋਂ ਛਣ ਛਣਕੇ ਬੀਮਾਰ ਪੀਲੀ ਧੁੱਪ ਪੈ ਰਹੀ ਸੀ, ਜਿਸ ਨੂੰ ਇਕ ਸੱਪ ਜੋ ਬੜਾ ਚੁੱਪਚਾਪ ਆਹਲ ਗੁੱਖਾ ਮੁੱਛਾ ਹੋ ਕੇ ਬੈਠਾ ਸੀ, ਸੇਕ ਰਿਹਾ ਸੀ। ਦੂਰ ਅਤੇ ਨੇੜੇ ਸਭ ਥਾਂ ਤੇ ਵੀਰਾਨਗੀ, ਉਜਾੜ ਅਤੇ ਸੁਨਸਾਨ ਸੀ, ਅਤੇ ਗਰਮੀਆਂ ਦੀ ਸੁਹਣੀ ਸ਼ਾਨਦਾਰ ਅਤੇ ਚਮਕਾਲੀ ਧੁੱਪ ਇਸ ਉਦਾਸੀ ਅਤੇ ਵੀਰਾਨੇਪਨ ਉਤੇ ਚਮਕ ਕੇ ਇਹ ਉਦਾਸੀ ਅਤੇ ਸੁੰਞੇਪਨ ਨੂੰ ਹੋਰ ਵੀ ਡੂੰਘਾ ਕਰ ਰਹੀ ਸੀ। ਮੈਂ ਵਾਪਸ ਮੁੜੀ ਅਤੇ ਸੁੱਕੀ ਜ਼ਮੀਨ ਵੱਲ ਤੁਰ ਪਈ ਹੁਣ ਮੈਂ ਉਸ ਰਾਹ ਤੇ ਥੋੜ੍ਹਾ ਪਏ ਸਾਂ, ਜਿਸ ਤੋਂ ਆਈ ਸੀ। ਇਥੇ ਮੈਂ ਲਕੜੀ ਦਾ ਇਕ ਪੁਰਾਣਾ ਢਾਰਾ ਵੇਖਿਆ ਜੋ ਚੀੜ ਦੇ ਦਰਖਤਾਂ ਦੇ ਬਾਹਰ ਸੀ, ਅਤੇ ਜਿਸ ਨੂੰ ਝੀਲ ਦਾ ਦ੍ਰਿਸ਼ ਵੇਖਦਿਆਂ ਏਨਾ ਧਿਆਨ ਨਹੀਂ ਸੀ ਦਿੱਤਾ।

ਇਸ ਵਾਰੇ ਕੋਲ ਪਹੁੰਚੀ ਤਾਂ ਮੈਨੂੰ ਪਤਾ ਲਗਾ ਕਿ ਕਦੀ ਇਹ ਢਾਰਾ ਬੇੜੀ ਰਖਣ ਲਈ ਬਣਿਆ ਹੋਵੇਗਾ ਅਤੇ ਮਗਰੋਂ ਇਸ ਨੂੰ ਲਤਾ-ਮੰਡਪ ਬਣਾਉਣ ਦਾ ਯਤਨ ਕੀਤਾ ਗਿਆ ਪ੍ਰਤੱਖ ਨਜ਼ਰੀਂ ਆ ਰਿਹਾ ਸੀ; ਇਸ ਦੇ ਅੰਦਰ ਕੁਝ ਸਟੂਲ, ਚੀੜ ਦਾ ਇਕ ਤਣਾ ਬੈਠਣ ਲਈ ਅਤੇ ਇਕ ਮੇਜ਼ ਸੀ। ਮੈਂ ਇਸ ਦੇ ਅੰਦਰ ਜਾ ਕੇ ਥੋੜਾ ਚਿਰ ਸਾਹ ਲੈਣ ਲਈ ਬੈਠ ਗਈ।

ਮੈਨੂੰ ਬੈਠਿਆਂ ਅਜੇ ਇਕ ਮਿੰਟ ਵੀ ਨਹੀਂ ਸੀ ਹੋਇਆ ਹੋਣਾ ਕਿ ਜਦੋਂ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਆਪਣੇ ਸਾਹ ਦੀ ਆਵਾਜ਼ ਬੜੀ ਅਜੀਬ ਤਰ੍ਹਾਂ ਮੇਰੇ ਹੇਠ ਕਰਕੇ ਕਿਸੇ ਚੀਜ ਨਾਲ ਗੂੰਜ ਰਹੀ ਸੀ। ਮੈਂ ਇਕ ਪਲ ਧਿਆਨ ਨਾਲ ਸੁਣਿਆ ਅਤੇ ਆਪਣੀ ਸੀਟ ਦੇ ਹੇਠੋਂ ਮੈਨੂੰ ਇਕ ਡੂੰਘੀ ਸਿਸਕੀ ਦੀ ਆਵਾਜ਼ ਸੁਣਾਈ ਦਿਤੀ। ਮੈਂ ਕਿਸੇ ਗੱਲ ਤੇ ਜਲਦੀ ਹੀ ਘਬਰਾਉਣ ਵਾਲੀ ਨਹੀਂ, ਪਰ ਉਸ ਵੇਲੇ ਮੈਂ ਡਰ ਕੇ ਖੜੀ ਹੋ ਗਈ ਅਤੇ ਆਵਾਜ਼ ਦਿਤੀ- ਕੋਈ ਉਤਰ ਨਾ ਮਿਲਣ ਤੇ ਮੈਂ ਮੁੜ ਹੀ ਸਲਾ ਕੀਤਾ ਅਤੇ ਸੀਟ ਦੇ ਹੇਠਾਂ ਝਾਕ ਕੇ ਵੇਖਿਆ।

ਉਥੇ, ਬਿਲਕੁਲ ਪਰਲੇ ਕੋਨੇ ਤੇ, ਮੇਰੇ ਡਰ ਦਾ ਕਾਰਣ ਇਕ ਕੁੱਤੇ ਦੇ ਰੂਪ ਵਿਚ ਸਿਮਟਿਆ ਪਿਆ ਸੀ ਇਕ ਚਿੱਟਾ ਤੇ ਕਾਲਾ ਸਮੇਨੀਅਲ। ਮੈਂ ਉਹਨੂੰ ਵੇਖ ਕੇ ਆਵਾਜ਼ ਦਿੱਤੀ, ਪਰ ਉਹ ਅਹਿਲ ਹੀ ਰਿਹਾ। ਮੈਂ ਉਹ ਸਟੂਲ ਚੁਕ ਕੇ ਉਹਨੂੰ ਨੇੜਿਓਂ ਦੀ ਵੇਖਿਆ। ਵਿਚਾਰੇ ਕੁੱਤੇ ਦੀਆਂ ਅੱਖਾਂ ਵਿਚੋਂ ਰੋਸ਼ਨੀ ਜਾ ਰਹੀ ਸੀ, ਅਤੇ ਉਹਦੀ ਲਿਸ਼ਕਦੀ ਚਿੱਟੀ ਵੱਖੀ ਉਤੇ ਲਹੂ

ਦੇ ਦਾਗ ਸਨ। ਇਸ ਦੁਨੀਆਂ ਵਿਚ, ਇਕ ਬੇਜ਼ੁਬਾਨ, ਨਿਰਬਲ ਅਤੇ ਮੂਕ ਜਾਨਵਰ ਦੀ ਤਕਲੀਫ ਸਭ ਤੋਂ ਜਿਆਦਾ ਉਦਾਸ ਕਰ ਦੇਣ ਵਾਲੀ ਝਾਕੀ ਹੈ। ਮੈਂ ਵਿਚਾਰ ਕੁੱਤ ਨੂੰ ਪਿਆਰ ਨਾਲ ਆਪਣੀਆਂ ਬਾਹਾਂ ਵਿਚ ਚੁੱਕ ਲਿਆ, ਅਤੇ ਆਪਣੇ ਗਾਉਨ ਦੇ ਅਗਲੇ ਹਿੱਸੇ ਨੂੰ ਇਕੱਠਾ ਕਰਕੇ ਉਸ ਲਈ ਝੁਲਾ ਬਣਾ ਲਿਆ। ਇਸ ਢੰਗ ਨਾਲ ਮੈਂ ਉਹਨੂੰ ਜਲਦੀ ਤੋਂ ਜਲਦੀ, ਅਤੇ ਘੱਟ ਤੋਂ ਘੱਟ ਪੀੜ ਪਹੁੰਚਾਉਂਦੀ ਘਰ ਤੱਕ ਲੈ ਆਈ।

ਜਦੋਂ ਹਾਲ ਵਿਚ ਮੈਨੂੰ ਕੋਈ ਨਾ ਦਿਸਿਆ ਤਾਂ ਮੈਂ ਕੁੱਤੇ ਨੂੰ ਆਪਣੀ ਬੈਠਕ ਵਿਚ ਲੈ ਗਈ ਅਤੇ ਆਪਣੇ ਇਕ ਪੁਰਾਣੇ ਸਾਲ ਵਿਚ ਉਹਨੂੰ ਲਿਟਾ ਕੇ ਘੰਟੀ ਵਜਾਈ। ਇਕ ਬੜੀ ਮੋਟੀ ਤੇ ਚੌੜੀ ਨੌਕਰਾਣੀ ਆਈ, ਜੋ ਏਨੀ ਮੂਰਖਤਾ ਨਾਲ ਮੁਸਕਰਾ ਰਹੀ ਸੀ, ਜੋ ਕਿ ਇਕ ਸੰਤ ਦੇ ਸਬਰ ਲਈ ਵੀ ਇਕ ਇਮਤਿਹਾਨ ਸਾਬਤ ਹੁੰਦੀ। ਕੁੜੀ ਦਾ ਮੋਟਾ, ਅਤੇ ਆਕਾਰ ਰਹਿਤ ਚਿਹਰਾ, ਜ਼ਖਮੀ ਕੁੱਤੇ ਨੂੰ ਵੇਖਦਿਆਂ ਇਕ ਚੌੜੀ ਮੁਸਕਣੀ ਵਿਚ ਖੁੱਲ ਗਿਆ।

"ਇਸ ਵਿਚ ਹੱਸਣ ਦੀ ਕੀ ਗੱਲ ਹੈ?" ਮੈਂ ਉਹਨੂੰ ਏਨੇ ਗੁੱਸੇ ਨਾਲ ਪੁੱਛਿਆ, ਜਿਵੇਂ ਉਹ ਮੇਰੀ ਆਪਣੀ ਨੌਕਰਾਣੀ ਹੋਵੇ, "ਕਿ ਤੂੰ ਜਾਣਦੀ ਹੈ, ਕਿ ਇਹ ਕਿਸਦਾ ਕੁੱਤਾ ਹੈ?

"ਨਹੀਂ ਮਿਸ, ਮੈਨੂੰ ਇਹ ਨਹੀਂ ਪਤਾ ਕਿ ਇਹ ਕੁੱਤਾ ਕਿਸਦਾ ਹੈ।" ਉਹ ਚੁਪ ਕਰ ਗਈ ਅਤੇ ਉਹਨੇ ਕੁੱਸੇ ਦੀ ਫੱਟੜਵੱਖੀ ਵੇਖੀ, ਇਸ ਨਾਲ ਉਹਦਾ ਚਿਹਰਾ ਇਕ ਨਵਾਂ ਵਿਚਾਰ ਆਉਣ ਨਾਲ ਚਮਕ ਪਿਆ ਅਤੇ ਉਹਨੇ ਜ਼ਖ਼ਮ ਵੱਲ ਵੇਖ ਕੇ ਮੂਰਖਤਾ ਭਰੀ ਤਸੱਲੀ ਨਾਲ ਮਿੰਨ੍ਹਾ ਜਿਹਾ ਹਸਕੇ ਬੋਲੀ, 'ਇਹ ਬੈਕਸਟਰ ਦਾ ਕੰਮ ਹੈ ਹੈਈ ਉਸੇ ਦਾ ' ਮੈਂ ਏਨੀ ਅੰਗ ਭਬੂਕਾ ਹੋ ਗਈ ਸਾਂ, ਕਿ ਉਹਦੇ ਕੰਨ ਮਰੋੜਨ ਤੇ ਜੀ ਕਰਦਾ ਸੀ। ਮੈਂ ਬੋਲੀ, "ਇਹ ਜਾਨਵਰ ਕੌਣ ਹੈ, ਜਿਸ ਨੂੰ ਤੂੰ ਬੈਕਸਟਰ ਕਹਿ ਰਹੀ ਹੈਂ?"

ਉਹ ਕੁੜੀ ਹੁਣ ਹੋਰ ਖੁਸ਼ੀ ਨਾਲ ਮੁਸਕਰਾਈ। "ਰੱਬ ਤੁਹਾਡਾ ਭਲਾ ਕਰੇ ਮਿਸ, ਬੈਕਸਟਰ ਰਾਖਾ ਹੈ; ਅਤੇ ਜਦੋਂ ਉਹ ਆਵਾਰਾ ਕੁੱਤੇ ਇਥੇ ਵੇਖਦਾ ਹੈ, ਤਾਂ ਉਨ੍ਹਾਂ ਨੂੰ ਗੋਲੀ ਮਾਰ ਦਿੰਦਾ ਹੈ; ਇਹੀ ਤਾਂ ਰਾਖੇ ਦਾ ਕੰਮ ਹੈ ਮਿਸ, ਮੇਰਾ ਖਿਆਲ ਹੈ ਕਿ ਇਹ ਕੁੱਤਾ ਮਰ ਜਾਏਗਾ, ਇਹਨੂੰ ਇਥੇ ਗੋਲੀ ਲੱਗੀ ਹੈ ਨਾਂ? ਇਹ ਕੰਮ ਬੈਕਸਟਰ ਦੇ ਸਿਵਾ ਹੋਰ ਕਿਸੇ ਦਾ ਨਹੀਂ ਅਤੇ ਉਸ ਦੀ ਹੀ ਮੂਰਖਤਾ ਹੈ।"

ਮੈਂ ਏਨੀ ਖਿਝ ਗਈ ਸਾਂ ਕਿ ਮੈਂ ਇਹ ਵੀ ਸੋਚਿਆ, ਕਿੰਨਾ ਹੀ ਚੰਗਾ ਹੁੰਦਾ ਜੇ ਬੈਕਸਟਰ ਕੁੱਤੇ ਦੀ ਥਾਂ, ਇਸ ਨੌਕਰਾਣੀ ਨੂੰ ਗੋਲੀ ਮਾਰ ਦੇਂਦਾ। ਇਹ ਵੇਖ ਕੇ ਕਿ ਇਹ ਮੋਟੀ ਬੁੱਧੀ ਵਾਲੀ ਨੌਕਰਾਣੀ ਇਸ ਕੁੱਤੇ ਦੀ ਪੀੜਾ ਘਟਾਉਣ ਲਈ ਕੁਝ ਨਹੀਂ ਕਰ ਸਕਦੀ। ਮੈਂ ਉਹਨੂੰ ਹਾਊਸ- ਕੀਪਰ ਨੂੰ ਸਦ ਬੁਲਾਉਣ ਲਈ ਕਿਹਾ। ਉਹ ਜਿਵੇਂ ਆਈ ਸੀ, ਉਵੇਂ ਹੀ ਚਲੀ ਗਈ ਅਤੇ ਉਹਦੀ ਮੁਸਕਰਾਹਟ ਉਵੇਂ ਹੀ ਇਕ ਕੰਨ ਤੋਂ ਦੂਜੇ ਕੰਨ ਤੀਕ ਫੈਲੀ ਹੋਈ ਸੀ। ਦਰਵਾਜ਼ਾ ਬੰਦ ਕਰਨ ਮਗਰੋਂ ਉਹ ਜਦ ਬਾਹਰ ਨਿਕਲੀ ਤਾਂ ਮੈਂ ਸੁਣਿਆ ਉਹ ਆਪਣੇ ਆਪ ਨੂੰ ਕਹਿ ਰਹੀ ਸੀ, "ਇਹ ਬੈਂਕਸਟਰ ਦਾ ਕੰਮ ਹੈ, ਅਤੇ ਉਸ ਦੀ ‘ਛੁੱਟੀ ਹੈ !’

ਹਾਊਸਕੀਪਰ ਜੋ ਕੁਝ ਪੜ੍ਹੀ ਹੋਈ ਅਤੇ ਅਕਲਮੰਦ ਸੀ, ਆਪਣੇ ਨਾਲ ਥੋੜ੍ਹਾ ਦੁੱਧ ਅਤੇ ਗਰਮ ਪਾਣੀ ਲੈ ਆਈ ਸੀ। ਕੁੱਤੇ ਨੂੰ ਫਰਸ਼ ਤੇ ਵੇਖਦਿਆਂ ਸਾਰ, ਉਹਦਾ ਰੰਗ ਉਡ ਗਿਆ ਅਤੇ ਉਹ ਤ੍ਰਭਕ ਕੇ ਬੋਲੀ, "ਰੱਬ ਮੈਨੂੰ ਬਖਸ਼ੇ ਇਹ ਮਿਸਿਜ਼ ਕੈਥੇਰਿਕ ਦਾ ਕੁੱਤਾ ਜਾਪਦਾ ਹੈ।"

"ਕਿਸ ਦਾ?" ਮੈਂ ਬਹੁਤ ਹੈਰਾਨ ਹੋ ਕੇ ਬੋਲੀ।

"ਮਿਸਿਜ਼ ਕੈਥੇਰਿਕ ਦਾ। ਜਾਪਦਾ ਹੈ, ਤੁਸੀਂ ਮਿਸਿਜ਼ ਕੈਥੇਰਿਕ ਨੂੰ ਜਾਣਦੇ ਹੋ, ਮਿਸ ਹਾਲਕੌਂਬ?'

"ਮੈਂ ਉਹਨੂੰ ਮਿਲੀ ਨਹੀਂ ਪਰ ਮੈਂ ਉਹ ਬਾਰੇ ਸੁਣਿਆ ਹੋਇਆ ਹੈ। ਕਿ ਉਹ ਇੱਥੇ ਰਹਿੰਦੀ ਹੈ? ਕੀ ਉਹਨੂੰ ਆਪਣੀ ਧੀ ਦੀ ਕੋਈ ਖ਼ਬਰ ਮਿਲੀ ਹੈ?"

"ਨਹੀਂ ਮਿਸ ਹਾਲਕੌਂਬ; ਉਹ ਇਥੇ ਉਹਦਾ ਹੀ ਪਤਾ ਕਰਨ ਆਈ ਸੀ।"

"ਕਦੋਂ?"

"ਕੱਲ੍ਹ ਉਹ ਕਹਿ ਰਹੀ ਸੀ, ਕਿ ਕਿਸੇ ਨੇ ਉਹਨੂੰ ਇਹ ਦਸਿਆ ਸੀ ਕਿ ਉਹਦੀ ਧੀ ਵਰਗੀ ਕੋਈ ਕੁੜੀ ਸਾਡੇ ਗਵਾਂਢ ਵਿਚ ਵੇਖੀ ਗਈ ਹੈ। ਪਰ ਸਾਨੂੰ ਤਾਂ ਅਜਿਹੀ ਕੋਈ ਖਬਰ ਨਹੀਂ ਮਿਲੀ ਅਤੇ ਮਿਸਿਜ਼ ਕੈਥੇਰਿਕ ਦੇ ਕਹਿਣ ਤੇ ਜਦੋਂ ਮੈਂ ਪਿੰਡ ਵਿਚ ਪੁੱਛ ਗਿੱਛ ਕਰਨ ਲਈ ਕਿਸੇ ਨੂੰ ਭੇਜਿਆ, ਤਾਂ ਉਥੇ ਵੀ ਕਿਸੇ ਨੇ ਅਜਿਹੀ ਕੁੜੀ ਨਹੀਂ ਸੀ ਵੇਖੀ। ਕੱਲ੍ਹ ਜਦੋਂ ਉਹ ਆਈ ਸੀ ਤਾਂ ਇਹ ਕੁੱਤਾ ਉਹਦੇ ਨਾਲ ਹੀ ਸੀ, ਮੈਂ ਆਪ ਇਹਨੂੰ ਉਹਦੇ ਪਿਛੇ ਪਿਛੇ ਦੌੜਦੇ ਨੂੰ ਵੇਖਿਆ ਸੀ। ਮੇਰਾ ਖਿਆਲ ਹੈ ਕਿ ਇਹ ਕਿਧਰੇ ਚੀੜ ਦੇ ਬਗੀਚੇ ਵਿਚ ਨਿਕਲ ਗਿਆ

ਹੋਵੇਗਾ ਅਤੇ ਉਥੇ ਹੀ ਇਹਨੂੰ ਗੋਲੀ ਵੱਜੀ ਹੋਵੇਗੀ। ਮਿਸ ਹਾਲਕੌਂਬ ਤੁਸੀਂ ਇਹਨੂੰ ਕਿਥੇ ਲੱਭਿਆ ਹੈ?"

"ਮੈਨੂੰ ਇਹ ਉਸ ਢਾਰੇ ਵਿਚੋਂ ਲੱਭਾ ਹੈ, ਜਿਹੜਾ ਝੀਲ ਦੇ ਕੱਲ ਹੈ।"

"ਹਾਂ, ਹਾਂ, ਉਹੀ ਚੀੜ੍ਹ ਦਾ ਬਗੀਚਾ ਹੈ, ਅਤੇ ਜਿਵੇਂ ਕੁੱਤੇ ਕਰਦੇ ਹਨ, ਇਵੇਂ ਹੀ ਇਹ ਜ਼ਖ਼ਮੀ ਹੋਣ ਮਗਰੋਂ ਆਪਣੇ ਆਪ ਨੂੰ ਮਰਨ ਲਈ, ਕਿਸੇ ਠਾਹਰ ਵਿਚ ਧਰੂਹ ਕੇ ਲੈ ਗਿਆ ਹੋਣਾ ਏ। ਜੇ ਤੁਸੀ ਇਹਦੇ ਮੂੰਹ ਵਿਚ ਦੁੱਧ ਪਾਓ ਤਾਂ ਮੈਂ ਇਸਦੇ ਜਖ਼ਮ ਤੋਂ ਵਾਲ ਉਤਾਰ ਦਿਆਂ, ਪਰ ਮੈਨੂੰ ਡਰ ਹੈ, ਕਿ ਹੁਣ ਬਹੁਤ ਦੇਰ ਹੋ ਚੁਕੀ ਹੈ, ਅਤੇ ਇਹ ਬਚ ਨਹੀਂ ਸਕਦਾ। ਪਰ ਖ਼ੈਰ ਅਸੀਂ ਕੋਸ਼ਿਸ਼ ਕਰ ਵੇਖਦੇ ਹਾਂ।"

"ਮਿਸਿਜ਼ ਕੈਥੇਰਿਕ। ਇਹ ਨਾਂ ਅਜੇ ਵੀ ਮੇਰੇ ਕੰਨਾਂ ਵਿਚ ਇੰਜ਼ ਗੂੰਜ ਰਿਹਾ ਸੀ, ਜਿਵੇਂ ਹਾਊਸਕੀਪਰ ਨੇ ਹੁਣੇ ਹੁਣੇ ਇਹ ਨਾਂ ਲੈ ਕੇ ਮੈਨੂੰ ਹੈਰਾਨ ਕੀਤਾ ਹੋਵੇ। ਵਾਲਟਰ ਹਾਰਟਰਾਈਟ ਦੀ ਇਹ ਚੇਤਾਵਨੀ ਮੈਨੂੰ ਯਾਦ ਆ ਗਈ, 'ਜੇ ਕਦੀ ਏਨ ਕੈਥੇਰਿਕ ਤੁਹਾਡੇ ਰਾਹ ਵਿਚ ਆਏ ਤਾਂ ਉਸ ਮੌਕੇ ਦਾ ਉਸ ਤੋਂ ਵਧ ਫਾਇਦਾ ਉਠਾਉਣਾ ਜਿੰਨਾ ਕਿ ਮੈਂ ਉਠਾ ਸਕਿਆ ਸਾਂ, ਮਿਸ ਹਾਲਕੌਂਬ।" ਜ਼ਖ਼ਮੀ ਸਪੇਨੀਅਲ ਤੋਂ ਮੈਨੂੰ ਇਹ ਪਤਾ ਲੱਗ ਚੁੱਕਾ ਸੀ, ਕਿ ਮਿਸਿਜ਼ ਕੈਥੇਰਿਕ ਬਲੈਕਵਾਟਰ ਪਾਰਕ ਆਈ ਸੀ; ਅਤੇ ਹੋ ਸਕਦਾ ਹੈ ਕਿ ਇਸ ਘਟਨਾ ਮਗਰੋਂ ਕੁਝ ਹੋਰ ਵੀ ਵਾਪਰੇ ! ਮੈਂ ਨਿਸ਼ਚਾ ਕੀਤਾ, ਕਿ ਇਹ ਮੌਕਾ, ਜੋ ਇਤਫ਼ਾਕ ਨਾਲ ਮੈਨੂੰ ਮਿਲ ਗਿਆ ਹੈ, ਜਿਸ ਦਾ ਵੱਧ ਤੋਂ ਵੱਧ ਫਾਇਦਾ ਉਠਾਵਾਂਗੀ, ਅਤੇ ਜਿੰਨੀ ਕੁ ਜਾਣਕਾਰੀ ਹਾਸਲ ਕਰ ਸਕੀ, ਅਵੱਸ਼ ਕਰਾਂਗੀ।

"ਕੀ ਤੁਸੀਂ ਇਹ ਕਿਹਾ ਹੈ ਕਿ ਮਿਸਿਜ਼ ਕੱਥੇਰਿਕ ਇਥੇ ਕਿਧਰੇ ਨੇੜ ਤੇੜੇ ਰਹਿੰਦੀ ਹੈ? ਮੈਂ ਪੁੱਛਿਆ।

"ਨਹੀਂ, ਨਹੀਂ, ਉਹ ਤਾਂ ਵੈਲਮਿੰਗਮ ਰਹਿੰਦੀ ਹੈ,।"

ਹਾਊਸਕੀਪਰ ਬੋਲੀ, "ਵੈਲਮਿੰਗਮ ਤਾਂ ਇਥੋਂ ਦੂਜੇ ਸਿਰੇ ਤੇ ਹੈ ਘਟ ਤੋਂ ਘਟ ਪੰਝੀ ਮੀਲ ਦੂਰ ਹੈ।"

"ਮੇਰਾ ਖਿਆਲ ਹੈ, ਕਿ ਤੁਸੀਂ ਮਿਸੇਜ਼ ਕੈਥੇਰਿਕ ਨੂੰ ਕਈ ਵਰ੍ਹਿਆਂ ਤੋਂ ਜਾਣਦੇ ਹੋਵੋਂਗੇ?"

"ਬਿਲਕੁਲ ਨਹੀਂ, ਮਿਸ ਹਾਲਕੌਂਬ, ਮੈਂ ਕੱਲ੍ਹ ਤੋਂ ਪਹਿਲਾਂ ਉਹਨੂੰ ਕਦੀ ਵੇਖਿਆ ਨਹੀਂ ਸੀ। ਹਾਂ, ਮੈਂ ਉਸ ਬਾਰੇ ਸੁਣਿਆ ਹੋਇਆ ਸੀ ਕਿਉਂਕਿ ਮੈਂ ਇਹ ਤਾਂ ਸੁਣਿਆ ਹੀ ਹੈ, ਕਿ ਸਰ ਪਰਸੀਵਲ ਨੇ ਬੜੀ ਮਿਹਰਬਾਨੀ ਕਰਕੇ ਉਹਦੀ ਧੀ ਨੂੰ ਡਾਕਟਰੀ ਦੇਖ ਭਾਲ ਅਤੇ ਇਲਾਜ ਲਈ ਦਾਖਲ ਕਰਵਾਇਆ ਸੀ। ਮਿਸੇਜ਼ ਕੈਥੇਰਿਕ ਇਕ ਅਜੀਬ ਜਿਹੀ ਔਰਤ ਹੈ। ਪਰ ਉਹ ਬੜੀ ਹੀ ਇਜ਼ਤਦਾਰ ਅਤੇ ਸ਼ਰੀਫ ਹੈ। ਜਦੋਂ ਉਹਨੂੰ ਇਹ ਪਤਾ ਲੱਗਾ ਕਿ ਇਸ ਖਬਰ ਦੀ ਕੋਈ ਬੁਨਿਆਦ ਹੀ ਨਹੀਂ-ਘੱਟ ਤੋਂ ਘੱਟ ਸਾਨੂੰ ਤਾਂ ਕੋਈ ਲੱਭੀ ਨਹੀਂ, ਕਿ ਉਹਦੀ ਧੀ ਇਸੇ ਗੁਆਂਢ ਵਿਚ ਕਿਧਰੇ ਵੇਖੀ ਗਈ ਹੈ, ਤਾਂ ਉਹ ਬੜੀ ਨਿਰਾਸ਼ ਹੋਈ ਜਾਪਦੀ ਸੀ।"

"ਮੈਨੂੰ ਮਿਸਿਜ਼ ਕੈਥੇਰਿਕ ਵਿਚ ਦਿਲਚਸਪੀ ਹੈ," ਮੈਂ ਗੱਲ ਨੂੰ ਹੋਰ ਲੰਬੀ ਕਰਨੀ ਚਾਹੁੰਦੀ ਸਾਂ। ਕਾਸ਼! ਮੈਂ ਕੱਲ੍ਹ ਇਥੇ ਪੁੱਜਦੀ ਤਾਂ ਜੋ ਉਹਦੇ ਨਾਲ ਮੇਰੀ ਮੁਲਾਕਾਤ ਹੋ ਜਾਂਦੀ। "ਕੀ ਉਹ ਇਥੇ ਕਾਫੀ ਚਿਰ ਠਹਿਰੀ ਸੀ?"

"ਹਾਂ," ਹਾਊਸਕੀਪਰ ਨੇ ਕਿਹਾ, "ਉਹ ਕੁਝ ਚਿਰ ਰੁਕੀ ਹੀ ਸੀ, ਅਤੇ ਮੇਰਾ ਖਿਆਲ ਹੈ ਕਿ ਉਹ ਕੁਝ ਸਮਾਂ ਹੋਰ ਰੁਕਦੀ, ਜੇ ਮੈਂ ਇਕ ਅਜਨਬੀ ਨੌਜਵਾਨ ਨਾਲ ਗੱਲ ਕਰਨ ਲਈ ਨਾ ਜਾਂਦੀ, ਉਹ ਨੌਜਵਾਨ ਇਹ ਪੁੱਛਣ ਆਇਆ ਸੀ ਕਿ ਸਰ ਪਰਸੀਵਲ ਕਦੋਂ ਵਾਪਸ ਆ ਰਹੇ ਹਨ। ਮਿਸਿਜ਼ ਕੈਥੇਰਿਕ ਇਕ ਦਮ ਉਠ ਕੇ ਚਲੀ ਗਈ, ਜਦੋਂ ਨੌਕਰਾਣੀ ਨੇ ਮੈਨੂੰ ਇਹ ਦਸਿਆ ਕਿ ਉਹ ਨੌਜਵਾਨ ਕੀ ਪੁੱਛ ਰਿਹਾ ਸੀ। ਜਾਣ ਵੇਲੇ, ਮਿਸਿਜ਼ ਕੈਥੇਰਿਕ ਨੇ ਮੈਨੂੰ ਕਿਹਾ ਸੀ ਕਿ ਸਰ ਪਰਸੀਵਲ ਨੂੰ ਉਹਦੇ ਇਥੇ ਆਉਣ ਬਾਰੇ ਪਤਾ ਨਾ ਹੀ ਲਗੇ ਤਾਂ ਚੰਗਾ ਹੈ। ਮੈਨੂੰ ਉਹਦੀ ਇਹ ਗੱਲ ਬੜੀ ਹੀ ਅਜੀਬ ਲੱਗੀ, ਖਾਸ ਕਰਕੇ ਮੇਰੇ ਵਰਗੀ ਜਿੰਮੇਵਾਰ ਸਥਿਤੀ ਵਿਚ ਕੁਝ ਛੁਪਾਉਣਾ ਕਿੰਨਾ ਔਖਾ ਹੈ।"

ਮੈਨੂੰ ਵੀ ਇਹ ਗੱਲ ਬੜੀ ਅਜੀਬ ਲੱਗੀ। ਲਿਮਰਿਜ ਵਿਚ ਮੈਨੂੰ ਸਰ ਪਰਸੀਵਲ ਨੇ ਇਹੀ ਦੱਸਣਾ ਚਾਹਿਆ ਸੀ ਕਿ ਉਹਦੇ ਅਤੇ ਮਿਸਿਜ਼ ਕੈਥੇਰਿਕ ਵਿਚਕਾਰ ਪੂਰਾ ਵਿਸ਼ਵਾਸ ਸੀ। ਜੇ ਅਜਿਹੀ ਗੱਲ ਸੀ, ਤਾਂ ਮਿਸਿਜ਼ ਕੈਥੇਰਿਕ ਆਪਣਾ ਬਲੈਕਵਾਟਰ ਪਾਰਕ ਆਉਣਾ ਉਹਦੇ ਤੋਂ ਛੁਪਾ ਕੇ ਰੱਖਣ ਲਈ ਕਿਉਂ ਚਿੰਤਤ ਸੀ?

"ਸ਼ਾਇਦ," ਮੈਂ ਉੱਤਰ ਦਿੱਤਾ, ਕਿਉਂ ਜੋ ਹਾਊਸਕੀਪਰ, ਮਿਸਿਜ਼ ਕੈਥੇਰਿਕ ਦੀ ਇਸ ਗੱਲ ਬਾਰੇ ਮੇਰੀ ਰਾਏ ਜਾਣਨਾ ਚਾਹੁੰਦੀ ਸੀ, “ਸ਼ਾਇਦ ਉਹਨੇ ਇਹ ਗੱਲ ਤਾਂ ਕਰੀ ਹੋਵੇ, ਕਿ ਸਰ ਪਰਸੀਵਲ ਉਹਦੇ ਆਉਣ ਦੀ ਖ਼ਬਰ ਸੁਣਕੇ ਐਵੇਂ ਹੀ ਪਰੇਸ਼ਾਨ ਨਾ ਹੋ ਜਾਏ, ਕਿਉਂਕਿ ਉਹਨੂੰ ਇਹ ਯਾਦ ਆ ਜਾਏਗਾ ਕਿ ਉਹਦੀ ਧੀ ਅਜੇ ਨਹੀਂ ਲੱਭੀ। ਕੀ ਮਿਸਿਜ਼ ਕੈਥੇਰਿਕ ਨੇ ਇਸ ਵਿਸ਼ੇ ਤੇ ਕੁਝ ਹੋਰ ਵੀ ਕਿਹਾ?”

"ਖਾਸ ਕੁਝ ਵੀ ਨਹੀਂ", ਹਾਊਸਕੀਪਰ ਬੋਲੀ, "ਉਹ ਬਹੁਤੀ ਦੇਰ ਸਰ ਪਰਸੀਵਲ ਬਾਰੇ ਹੀ ਪੁੱਛਦੀ ਰਹੀ ਕਿ ਉਹ ਕਿਥੇ ਕਿਥੇ ਯਾਤਰਾ ਲਈ ਗਿਆ ਸੀ, ਅਤੇ ਉਹਦੀ ਨਵੀਂ ਪਤਨੀ ਕਿਹੋ ਜਿਹੀ ਔਰਤ ਸੀ। ਉਹ ਆਪਣੀ ਧੀ ਦੇ ਨਾ ਮਿਲਣ ਤੇ ਦੁੱਖ ਨਾਲੋਂ ਵੱਧ ਗੁੱਸੇ ਵਿਚ ਦਿਸਦੀ ਸੀ, ਜਦੋਂ ਉਹਨੂੰ ਖ਼ਬਰ ਦਿੱਤੀ ਗਈ ਕਿ ਉਹਦੀ ਧੀ ਇਸ ਆਂਢ ਗੁਆਂਢ ਵਿਚ ਕਿਧਰ ਨਹੀਂ ਵੇਖੀ ਗਈ ਤਾਂ ਉਹਨੇ ਇਹੀ ਅਖੀਰਲੇ ਸ਼ਬਦ ਕਹੇ, ਜੋ ਮੈਨੂੰ ਯਾਦ ਹਨ, "ਮੈਂ ਸੋਚਾਂਗੀ, ਉਹ ਗਵਾਚ ਗਈ ਹੈ!" ਇਸ ਤੋਂ ਪਿਛੋਂ ਉਹ ਫੋਰਨ ਲੇਡੀ ਗਲਾਈਡ ਬਾਰੇ ਪ੍ਰਸ਼ਨ ਪੁੱਛਣ ਲੱਗ ਪਈ; ਉਹ ਜਾਣਨਾ ਚਾਹੁੰਦੀ ਸੀ ਕਿ ਕੀ ਲੇਡੀ ਗਲਾਈਡ ਸੁਹਣੀ, ਖੁਸ਼-ਰਹਿਣੀ, ਸਿਹਤਮੰਦ ਅਤੇ ਨਾਜ਼ੁਕ ਔਰਤ ਹੈ- ! ਉਫ ! ਮੈਂ ਜਾਣਦੀ ਸੀ, ਕਿ ਇਹੀ ਅੰਤ ਹੋਵੇਗਾ। ਵੇਖੋ, ਮਿਸ ਹਾਲਕੌਂਬ, ਇਸ ਵਿਚਾਰੇ ਦੀ ਤੜਫਣੀ ਮੁੱਕ ਗਈ ਹੈ।"

ਕੁੱਤਾ ਮਰ ਚੁਕਾ ਸੀ। ਇਕ ਮੱਧਮ ਜਿਹੀ ਸਿਸਕੀ ਭਰ ਕੇ ਉਹਨੇ ਇਕ ਬੱਚੇ ਵਾਂਗ ਆਪਣੇ ਹੱਥ ਪੈਰ ਇਕੱਠੇ ਕਰ ਲਏ ਸਨ ਅਤੇ ਜਦੋਂ ਹਾਊਸਕੀਪਰ "ਸਿਹਤਮੰਦ, ਅਤੇ ਨਾਜ਼ੁਕ" ਸ਼ਬਦ ਕਹਿ ਰਹੀ ਸੀ, ਤਾਂ ਉਹ ਸਵਾਸ ਦੇ ਚੁੱਕਾ ਸੀ। ਅਚਾਨਕ ਹੀ ਇਹ ਸਭ ਕੁਝ ਹੋ ਗਿਆ ਸੀ - ਇਕ ਪਲ ਵਿਚ ਹੀ ਉਹ ਬੈਚੇਨ ਹੋ ਕੇ ਸਾਡਿਆਂ ਹੱਥਾਂ ਵਿਚ ਪਿਆ ਸੀ।

ਅੱਠ ਵਜੇ-ਮੈਂ ਹੁਣੇ ਹੇਠੋਂ ਪਰਤੀ ਹਾਂ, ਜਿਥੇ ਮੈਂ ਕਲਮਕੱਲੀ ਨੇ ਬੈਠ ਕੇ ਰੋਟੀ ਖਾਧੀ ਹੈ। ਸੂਰਜ ਦੀ ਰੋਸ਼ਨੀ ਦਰੱਖਤਾਂ ਦੇ ਵੀਰਾਨੇਪਨ ਉਤੇ ਲਾਲ ਹੋ ਕੇ ਬਲ ਰਹੀ ਹੈ; ਜੋ ਮੈਂ ਆਪਣੀ ਖਿੜਕੀ ਵਿਚੋਂ ਵੇਖ ਰਹੀ ਹਾਂ; ਅਤੇ ਮੈਂ ਮੁੜ ਆਪਣੀ ਇਸ ਡਾਇਰੀ ਵਿਚ ਪਸੀਨਾ ਪਸੀਨਾ ਹੋ ਕੇ ਲਿਖ ਰਹੀ ਹਾਂ, ਤਾਂ ਜੋ ਮੁਸਾਫਿਰਾਂ ਦੀ ਵਾਪਸੀ ਦੀ ਉਡੀਕ ਵਿਚ ਮੈਂ' ਆਪਣੀ ਬੇਸਬਰੀ ਨੂੰ ਮਾਤ ਕਰ ਸਕਾਂ। ਮੇਰੇ ਹਿਸਾਬ ਤਾਂ ਉਨ੍ਹਾਂ ਨੂੰ ਹੁਣ ਤੀਕ ਪੁੱਜ ਜਾਣਾ ਚਾਹੀਦਾ ਸੀ। ਇਸ ਸ਼ਾਮ ਦੇ ਸੰਬੰਧਨ ਵਿਚ ਘਰ ਕਿਵੇਂ ਇਕੱਲਾ ਅਤੇ ਚੁਪੀਤਾ ਹੈ। ਉਫ਼ ! ਮੈਂ ਕੀ ਕਰਾਂ !

ਕਿੰਨੇ ਮਿੰਟ ਹੋਰ ਬਾਕੀ ਹਨ, ਉਸ ਸਮੇਂ ਵਿਚ, ਜਦ ਮੈਨੂੰ ਬੱਘੀ ਦੇ ਪਹੀਆਂ ਦੀ ਆਵਾਜ ਸੁਣਾਈ ਦੇਵੇਗੀ ਅਤੇ ਮੈਂ ਲਾਰਾ ਦੀਆਂ ਬਾਹਾਂ ਵਿਚ ਸਮਾਉਣ ਲਈ ਹੇਠਾਂ ਨੂੰ ਉਠ ਨੱਸਾਂਗੀ?

ਵਿਚਾਰਾ ਗਰੀਬ ਕੁੱਤਾ! ਕਾਸ਼, ਬਲੈਕਵਾਟਰ ਪਾਰਕ ਵਿਚ ਮੇਰਾ ਪਹਿਲਾ ਦਿਨ ਹੀ ਮੌਤ ਨਾਲ ਨਾ ਜੁੜ ਜਾਂਦਾ! ਭਾਵੇਂ ਇਹ ਮੌਤ ਇਕ ਅਵਾਰਾ ਜਾਨਵਰ ਦੀ ਹੀ ਹੈ।

ਵੈਲਮਿੰਗਮ-ਮੈਂ ਆਪਣੀ ਇਸ ਪ੍ਰਾਈਵੇਟ ਡਾਇਰੀ ਦੇ ਪੰਨੇ ਪਰਤ ਕੇ ਵੇਖ ਲਿਆ ਹੈ। ਕਿ ਮਿਸਿਜ਼ ਕੈਥੇਰਿਕ ਵੈਲਮਿੰਗਮ ਹੀ ਰਹਿੰਦੀ ਹੈ। ਉਹਦੀ ਉਹ ਚਿੱਠੀ ਅਜੇ ਵੀ ਮੇਰੇ ਕੋਲ ਹੈ, ਜੋ ਉਹਨੇ ਮੇਰੀ ਉਸ ਚਿੱਠੀ ਦੇ ਉੱਤਰ ਵਿਚ ਲਿਖੀ ਸੀ, ਜੋ ਮੈਂ ਸਰ ਪਰਸੀਵਲ ਦੇ ਮਜ਼ਬੂਰ ਕਰਨ ਤੇ ਉਹਦੀ ਅਭਾਗੀ ਧੀ ਬਾਰੇ ਉਹਨੂੰ ਲਿਖੀ ਸੀ। ਹੁਣ ਕਿਸੇ ਵੀ ਦਿਨ ਜਦੋਂ ਮੈਨੂੰ ਮੌਕਾ ਮਿਲਿਆ ਤਾਂ ਮੈਂ ਉਹ ਚਿੱਠੀ ਲੈ ਕੇ ਆਪਣੀ ਜਾਣ ਪਛਾਣ ਉਹਦੇ ਨਾਲ ਕਰਾਵਾਂਗੀ ਅਤੇ ਵੇਖਾਂਗੀ ਕਿ ਉਹ ਕਿਹੋ ਜਿਹੀ ਔਰਤ ਹੈ। ਮੈਨੂੰ ਸਮਝ ਨਹੀਂ ਆਈ ਕਿ ਉਹ ਸਰ ਪਰਸੀਵਲ ਕੋਲੋਂ ਇਹ ਕਿਉਂ ਛੁਪਾਉਣਾ ਚਾਹੁੰਦੀ ਹੈ ਕਿ ਉਹ ਇਥੇ ਆਈ ਸੀ, ਅਤੇ ਮੈਨੂੰ ਹਾਊਸਕੀਪਰ ਵਾਂਗ ਇਸ ਗੱਲ ਤੇ ਵੀ ਪੂਰਾ ਯਕੀਨ ਨਹੀਂ ਕਿ ਉਹਦੀ ਧੀ ਇਸ ਪਾਸੇ ਨਹੀਂ ਹੈ ਅਜਿਹੇ ਔਖੇ ਸਮੇਂ ਵਾਲਟਰ ਹਾਰਟਰਾਈਟ ਨੇ ਕੀ ਕਹਿਣਾ ਸੀ-ਵਿਚਾਰਾ ਹਾਰਟਰਾਈਟ ! ਮੈਨੂੰ ਹੁਣੇ ਹੀ ਉਹਦੀ ਸੱਚੀ ਸਲਾਹ ਅਤੇ ਸਹਾਇਤਾ ਦੀ ਲੋੜ ਮਹਿਸੂਸ ਹੋ ਰਹੀ ਹੈ।

ਸਚਮੁਚ, ਮੈਨੂੰ ਕੋਈ ਆਵਾਜ਼ ਆਈ ਹੈ। ਕੀ ਇਹ ਹੇਠਾਂ ਪੌੜੀਆਂ ਕੋਲ ਕਦਮਾਂ ਦੀ ਆਵਾਜ਼ ਹੈ? ਹਾਂ ! ਮੈਨੂੰ ਘੋੜਿਆਂ ਦੀ ਆਵਾਜ਼ ਸੁਣਾਈ ਦੇ ਰਹੀ ਹੈ ! ਮੈਨੂੰ ਬੱਘੀ ਦੇ ਘੁੰਮਦਿਆਂ ਪਹੀਆਂ ਦੀ ਆਵਾਜ਼ ਆ ਰਹੀ ਹੈ-

(2)

ਪੰਦਰਾਂ ਜੂਨ-ਉਨ੍ਹਾਂ ਦੇ ਆਉਣ ਨਾਲ ਜੋ ਖਿਲਾਰਾ ਅਤੇ ਗਾਹ ਪਿਆ ਸੀ। ਉਸ ਨੂੰ ਖ਼ਤਮ ਹੋਣ ਲਈ ਇਹ ਸਮਾਂ ਬਥੇਰਾ ਸੀ। ਉਨ੍ਹਾਂ ਨੂੰ ਪਰਤਿਆਂ ਦੋ ਦਿਨ ਹੋ ਗਏ ਹਨ; ਅਤੇ ਇਹ ਵਕਤ ਸਾਡੀ ਜ਼ਿੰਦਗੀ ਦੀ ਨਵੀਂ ਮਸ਼ੀਨਰੀ ਨੂੰ ਬਲੈਕਵਾਟਰ ਪਾਰਕ ਵਿਚ ਚੰਗੀ ਤਰ੍ਹਾਂ ਚਲਣ ਲਈ ਕਾਫੀ ਸੀ। ਹੁਣ ਮੈਂ ਆਪਣੀ ਡਾਇਰੀ ਨੂੰ ਲਿਖਣ ਲਈ ਬੈਠੀ ਹਾਂ, ਅਤੇ ਇਹ ਕੋਸ਼ਿਸ਼ ਕਰਾਂਗੀ ਕਿ ਇਨ੍ਹਾਂ ਦੋ ਦਿਨਾਂ ਦਾ ਹਾਲ ਅੱਗੇ ਵਾਂਗ ਇਕੱਠਿਆਂ ਹੀ ਲਿਖ ਦਿਆ।

ਮੇਰਾ ਖਿਆਲ ਹੈ ਕਿ ਮੈਂ ਉਸ ਅਜੀਬ ਗੱਲ ਨਾਲ ਇਹ ਸ਼ੁਰੂ ਕਰਾਂਗੀ, ਜੋ ਲਾਰਾ ਦੇ ਵਾਪਸ ਆਉਣ ਤੇ ਮੁੜ ਮੁੜ ਮੈਨੂੰ ਯਾਦ ਆ ਰਹੀ ਹੈ।

ਜਦੋਂ ਇਕੋ ਟੱਬਰ ਦੇ ਦੋ ਬੰਦੇ, ਜਾਂ ਬੜੇ ਗੂੜ੍ਹ ਦੇ ਮਿੱਤਰ ਆਪਸ ਵਿਚ ਨਿਖੜਨ ਅਤੇ ਉਨ੍ਹਾਂ ਵਿਚੋਂ ਇਕ ਪ੍ਰਦੇਸ ਚਲਾ ਜਾਏ, ਅਤੇ ਇਕ ਘਰ ਹੀ ਰਵ੍ਹੇ ਤਾਂ ਪਹਿਲੇ ਦੀ ਵਾਪਸੀ, ਅਤੇ ਮੁੜ ਕੇ ਆਪਣੇ ਮਿੱਤਰ ਨੂੰ ਮਿਲਣ ਵੇਲੇ ਪਹਿਲਾ ਘਰ ਬੈਠਾ ਬੰਦਾ ਬੜੀ ਹੀ ਦੁਖਦਾਈ ਭਾਵਨਾ  ਦਾ ਸ਼ਿਕਾਰ ਹੁੰਦਾ ਹੈ ਕਿਉਂਕਿ ਜਿਹੜਾ ਬਾਹਰ ਜਾਂਦਾ ਹੈ, ਉਹ ਨਵੀਆਂ ਆਦਤਾਂ ਅਤੇ ਨਵੇਂ ਵਿਚਾਰ ਗ੍ਰਹਿਣ ਕਰਦਾ ਹੈ; ਦੂਜੇ ਪਾਸੇ ਜਿਹੜਾ ਘਰ ਰਹਿੰਦਾ ਹੈ, ਉਹ ਪੁਰਾਣੀਆਂ ਸੋਚਾਂ, ਯਾਦਾਂ ਅਤੇ ਆਦਤਾਂ ਨੂੰ ਜੱਫੀ ਮਾਰ ਕੇ ਰੱਖਦਾ ਹੈ, ਇਸ ਤਰ੍ਹਾਂ ਮੁੜ ਮਿਲਣ ਵੇਲੇ ਅਚਾਨਕ ਜਾਪਦਾ ਹੈ ਕਿ ਉਹ ਦੋਵੇਂ ਉਹੀ ਬੰਦੇ ਨਹੀਂ ਰਹੇ, ਸਗੋਂ ਕੋਈ ਹੋਰ ਹਨ, ਅਤੇ ਬੜੇ ਨਿੱਘ ਮਿੱਤਰਾ ਵਿਚ ਵੀ ਇਕ ਅਣੋਖੀ ਜਿਹੀ ਭਾਵਨਾ ਆ ਜਾਂਦੀ ਹੈ, ਜਿਸਦੀ ਦੋਹਾਂ ਨੂੰ ਹੀ ਆਸ ਨਹੀਂ ਹੁੰਦੀ, ਅਤੇ ਇਸ ਉਤੇ ਦੋਹਾਂ ਦਾ ਕੋਈ ਕਾਬੂ ਨਹੀਂ ਹੁੰਦਾ। ਜਦੋਂ ਲਾਰਾ ਨੂੰ ਮਿਲ ਕੇ ਮੇਰੀ ਪਹਿਲੀ ਖੁਸ਼ੀ ਰਤਾ ਕੁ ਮੱਠੀ ਪਈ ਅਤੇ ਅਸੀਂ ਦੋਵੇਂ ਹੱਥ ਵਿਚ ਹੱਥ ਪਾਕੇ, ਸ਼ਾਂਤ ਹੋ ਕੇ ਬੈਠੀਆਂ ਤਾਂ ਜੋ ਹੋਰ ਗੱਲਾਂ ਕਰ ਸਕੀਏ, ਤਾਂ ਅਚਾਨਕ ਹੀ ਮੈਨੂੰ ਇਹ ਓਪਰੇਪਨ ਦਾ ਅਹਿਸਾਸ ਹੋਇਆ ਅਤੇ ਮੈਂ ਵੱਖ ਸਕਦੀ ਸਾਂ, ਕਿ ਉਹ ਵੀ ਇਸੇ ਤਰ੍ਹਾਂ ਮਹਿਸੂਸ ਕਰ ਰਹੀ ਸੀ। ਪਰ ਹੁਣ ਜਿਉਂ ਜਿਉਂ ਇਹ ਓਪਰੇਪਨ ਖਤਮ ਹੋ ਰਿਹਾ ਹੈ; ਅਤੇ ਅਸੀਂ ਆਪਣੀਆਂ ਪੁਰਾਣੀਆਂ ਆਦਤਾਂ ਵੱਲ ਪਰਤ ਰਹੀਆ ਹਾਂ, ਇਹ ਅਹਿਸਾਸ ਜਲਦੀ ਹੀ ਖਤਮ ਹੋ ਜਾਏਗਾ! ਪਰ ਇਸ ਦਾ ਅਸਰ ਮੇਰੇ ਮਨ ਦੇ ਉਸ ਪ੍ਰਭਾਵ ਤੇ ਹੈ ਜੋ ਮੈਨੂੰ ਲਾਰਾ ਨੂੰ ਇੰਨੇ ਚਿਰ ਮਗਰੋਂ ਮਿਲਣ ਤੇ ਅਤੇ ਹੁਣ ਇਕੱਠਿਆਂ ਰਹਿਣ ਤੇ ਪਿਆ ਹੈ। ਇਸੇ ਕਰਕੇ ਮੈਂ ਇਹ ਗੱਲ ਇਥੇ ਲਿਖਣੀ ਉਚਿਤ ਸਮਝੀ ਹੈ।

ਮੈਂ ਉਹਦੇ ਲਈ ਉਹੀ ਹਾਂ, ਪਰ ਉਹ ਮੇਰੇ ਲਈ ਬਦਲ ਗਈ ਹੈ। ਉਹਦੀ ਸ਼ਕਲ ਸੂਰਤ ਬਦਲ ਗਈ ਹੈ, ਅਤੇ ਇਕ ਉਹਦਾ ਸੁਭਾ ਵੀ ਬਦਲਿਆ ਹੋਇਆ ਹੈ। ਮੈਂ ਇਹ ਨਹੀਂ ਕਹਿੰਦੀ ਕਿ ਉਹ ਅਗੇ ਨਾਲੋਂ ਘੱਟ ਸੁਹਣੀ ਹੋ ਗਈ ਹੈ, ਪਰ ਮੈਂ ਸਿਰਫ ਇਹ ਹੀ ਕਹਿ ਸਕਦੀ ਹਾਂ ਕਿ ਉਹ ਮੇਰੇ ਲਈ ਪਹਿਲਾਂ ਤੋਂ ਘਟ ਸੁਹਣੀ ਹੈ।

ਹੋਰ ਲੋਕ ਜੋ ਉਹਨੂੰ ਮੇਰੀਆਂ ਨਜ਼ਰਾਂ ਨਾਲ ਨਹੀਂ ਵੇਖਦੇ, ਜਾਂ ਜਿਨ੍ਹਾਂ ਕੋਲ ਉਹ ਯਾਦਾਂ ਨਹੀਂ ਹਨ, ਜੋ ਮੇਰੇ ਕੋਲ ਹਨ, ਉਨ੍ਹਾਂ ਦੀ ਰਾਏ ਵਿਚ ਉਹ ਪਹਿਲਾਂ ਨਾਲੋਂ ਸਿਹਤਮੰਦ ਹੋ ਗਈ ਹੈ; ਉਹਦੇ ਮੂੰਹ ਤੇ ਹੁਣ ਲਾਲੀ ਹੈ ਅਤੇ ਚਿਹਰਾ ਭਰ ਗਿਆ ਹੈ; ਉਹ ਹੁਣ ਤੁਰਦੀ ਫਿਰਦੀ ਵੀ ਬੜੇ ਭਰੋਸੇ ਨਾਲ ਹੈ, ਅਤੇ ਉਹਦੇ ਮੂੰਹ ਤੇ ਤੁਰੰਤ ਨਿਰਣਾ ਕਰਨ ਦਾ ਵਧੇਰੇ ਵਿਸ਼ਵਾਸ ਹੈ। ਪਰ ਮੈਂ ਜਦੋਂ ਉਹਦੇ ਮੂੰਹ ਵੱਲ ਵੇਖਦੀ ਹਾਂ, ਤਾਂ ਮੈਨੂੰ ਕੁਛ ਕਮੀ ਦਿਸਦੀ ਹੈ, ਉਹਦੇ ਮੂੰਹ ਤੇ ਉਹ ਕੁਝ ਨਹੀਂ ਜੋ ਲਾਰਾ ਫ਼ੇਅਰਲੀ ਦੇ ਨਿਰਛਲ ਅਤੇ ਭੋਲੇ ਚਿਹਰੇ ਤੇ ਸੀ; ਉਹ ਚੀਜ਼ ਲੇਡੀ ਗਲਾਈਡ ਦੇ ਮੂੰਹ ਤੇ ਨਹੀਂ ਲੱਭੀ ਜਾ ਸਕਦੀ।

ਬੀਤੇ ਹੋਏ ਸਮੇਂ ਵਿਚ ਉਹਦੇ ਮੂੰਹ ਤੇ ਇਕ ਤਾਜ਼ਗੀ ਸੀ, ਇਕ ਕੋਮਲਤਾ ਸੀ, ਜੋ ਸਦਾ ਬਦਲਦੀ ਸੀ, ਪਰ ਉਸ ਵਿਚ ਸੁੰਦਰਤਾ ਦੀ ਉਹ ਨਰਮੀ ਸੀ ਜੋ ਕਦੀ ਨਹੀਂ ਬਦਲਦੀ, ਜਿਸਦਾ ਜਾਦੂ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਜਿਵੇਂ ਵਿਚਾਰਾ ਹਾਰਟਰਾਈਟ ਅਕਸਰ ਕਿਹਾ ਕਰਦਾ ਸੀ ਕਿ ਉਹ ਸੁੰਦਰਤਾ ਰੰਗਾਂ ਵਿਚ ਵੀ ਕੈਦ ਨਹੀਂ ਕੀਤੀ ਜਾ ਸਕਦੀ ਸੀ। ਉਹ ਅਲੋਪ ਹੋ ਚੁਕੀ ਹੈ ਜਦੋਂ ਅਸੀਂ ਅਚਾਨਕ ਉਸ ਸ਼ਾਮ ਨੂੰ ਇੰਨੇ ਚਿਰ ਮਗਰੋਂ ਮਿਲੀਆਂ ਤਾਂ ਮੈਨੂੰ ਲੱਗਾ ਸੀ ਕਿ ਉਸ ਮਿਲਣੀ ਦੀ ਘਬਰਾਹਟ ਵਿਚ ਮੈਂ ਉਸਦੇ ਚਿਹਰੇ ਤੇ ਜਿਹੜਾ ਉਦੋਂ ਪੀਲਾ ਪੈ ਗਿਆ ਸੀ, ਅਚਾਨਕ ਹੀ ਉਸਦੀ ਸੁੰਦਰਤਾ ਦੀ ਝਲਕ ਵੇਖੀ ਸੀ, ਪਰ ਉਸ ਤੋਂ ਮਗਰੋਂ ਮੈਨੂੰ ਉਹ ਮੁੜ ਨਹੀਂ ਦਿੱਸੀ। ਉਹਦੀ ਕਿਸੇ ਚਿੱਠੀ ਨੇ ਵੀ ਮੈਨੂੰ ਇਸ ਤਬਦੀਲੀ ਲਈ ਤਿਆਰ ਨਹੀਂ ਸੀ ਕੀਤਾ। ਸਗੋਂ ਮੈਨੂੰ ਇਹੀ ਅਹਿਸਾਸ ਹੋ ਰਿਹਾ ਸੀ ਕਿ ਉਹਦੇ ਵਿਆਹ ਨਾਲ ਉਹਦੇ ਰੂਪ ਰੰਗ ਵਿਚ ਕੋਈ ਫਰਕ ਨਹੀਂ ਪਿਆ ਹੋਵੇਗਾ। ਤਾਂ ਕੀ ਮੈਂ ਪਹਿਲਾਂ ਉਹਦੀਆਂ ਚਿੱਠੀਆਂ ਵਿਚੋਂ ਗਲਤ ਮਤਲਬ ਪੜ੍ਹਦੀ ਰਹੀ ਹਾਂ; ਜਾਂ ਕੀ ਫਿਰ ਹੁਣ ਉਹਦੇ ਚਿਹਰੇ ਨੂੰ ਠੀਕ ਨਹੀਂ ਸਮਝ ਰਹੀ? ਕੁਝ ਵੀ ਹੋਵੇ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਛੇ ਮਹੀਨਿਆਂ ਵਿਚ ਭਾਵੇਂ ਉਹ ਬਹੁਤੀ ਸੁਹਣੀ ਹੋਈ ਹੈ ਜਾਂ ਘੱਟ ਸੁਹਣੀ, ਮੈਨੂੰ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਪਰ ਇਸ ਵਿਛੋੜੇ ਨਾਲ ਉਹ ਮੈਨੂੰ ਹੋਰ ਵੀ ਪਿਆਰੀ ਹੋ ਗਈ ਹੈ ਅਤੇ ਇਹ ਉਸ ਦੇ ਵਿਆਹ ਦਾ ਇਕ ਚੰਗਾ ਨਤੀਜਾ ਹੈ।

ਦੂਜੀ ਤਬਦੀਲੀ, ਮੈਂ ਉਹਦੇ ਸੁਭਾ ਵਿਚ ਨੋਟ ਕੀਤੀ ਹੈ, ਅਤੇ ਜਿਸ ਨੂੰ ਵੇਖ ਕੇ ਮੈਂ ਹੈਰਾਨ ਨਹੀਂ ਹੋਈ, ਕਿਉਂਕਿ ਮੈਂ ਇਸ ਲਈ ਤਿਆਰ ਸਾਂ; ਉਹਦੀਆਂ ਚਿੱਠੀਆਂ ਦੀ ਟੋਕ ਨੇ

ਮੈਨੂੰ ਇਸ ਗੱਲ ਦਾ ਇਸ਼ਾਰਾ ਦੇ ਦਿਤਾ ਸੀ। ਹੁਣ ਜਦੋਂ ਉਹ ਘਰ ਪਰਤ ਆਈ ਹੈ, ਹੁਣ ਵੀ ਉਹ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਕੋਈ ਗੱਲ ਕਰਨ ਨੂੰ ਤਿਆਰ ਨਹੀਂ ਦਿਸਦੀ - ਬਿਲਕੁਲ ਉਵੇਂ ਹੀ, ਜਿਵੇਂ ਇਸ ਸਾਰੇ ਵਿਛੋੜੇ ਵਿਚ, ਜਦੋਂ ਅਸੀਂ ਚਿੱਠੀਆਂ ਰਾਹੀਂ ਹੀ ਇਕ ਦੂਜੇ ਨਾਲ ਕੋਈ ਸੰਬੰਧ ਰਖ ਸਕਦੀਆਂ ਸਾਂ, ਉਹ ਮੇਰੀਆਂ ਇਸ ਵਿਸ਼ੇ ਬਾਰੇ ਪੁੱਛਾਂ ਟਾਲ ਜਾਂਦੀ ਰਹੀ ਹੈ। ਜਦੋਂ ਮੈਂ ਹੁਣ ਪਹਿਲੀ ਵਾਰੀ ਇਸ ਵਰਜਿਤ ਵਿਸ਼ੇ ਤੇ ਗੱਲ ਛੇੜਨੀ ਚਾਹੀ ਤਾਂ ਉਹਨੇ ਮੇਰੇ ਬੁਲ੍ਹਾਂ ਤੇ ਆਪਣਾ ਹੱਥ ਰੱਖ ਦਿਤਾ; ਉਹਦੀ ਇਹ ਹਰਕਤ ਅਤੇ ਤਕਣੀ ਅਜਿਹੀ ਸੀ ਕਿ ਮੈਨੂੰ ਇਕਾ ਇਕ ਉਹਦੇ ਬਚਪਨ ਦੀ ਅਤੇ ਖੁਸ਼ੀ ਭਰੇ ਬੀਤੇ ਦਿਨਾਂ ਦੀ ਯਾਦ ਆ ਗਈ, ਜੋ ਇਸ ਵੇਲੇ ਬੜੀ ਦੁਖਾਵੀਂ ਲੱਗੀ ਉਸ ਵੇਲੇ ਸਾਡੇ ਵਿਚਕਾਰ ਕੋਈ ਭੇਤ ਨਹੀਂ ਸਨ ਹੁੰਦੇ।

"ਜਦੋਂ ਤੂੰ ਤੇ ਮੈਂ ਇਕਠੀਆਂ ਹੋਵਾਂਗੀਆਂ, ਮੇਰੀਅਨ" ਉਹਨੇ ਕਿਹਾ, "ਤਾਂ ਅਸੀਂ ਮੇਰੀ ਇਸ ਵਿਆਹੁਤਾ ਜ਼ਿੰਦਗੀ ਬਾਰੇ ਘਟ ਤੋਂ ਘਟ ਸੋਚਾਂਗੀਆਂ, ਅਤੇ ਘਟ ਤੋਂ ਘਟ ਕੁਝ ਕਵ੍ਹਾਂਗੀਆਂ, ਜੋ ਹੈ, ਸੋ ਹੈ, ਅਸੀਂ ਇਸ ਤਰ੍ਹਾਂ ਵਧੇਰੇ ਖੁਸ਼ ਅਤੇ ਸੌਖੀਆਂ ਰਵਾਂਗੀਆਂ। ਮੈਂ ਤੈਨੂੰ ਆਪਣੇ ਬਾਰੇ ਸਭ ਕੁਝ ਦਸਾਂਗੀ, ਮੇਰੀ ਪਿਆਰੀ ਦੀਦੀ," ਉਹ ਕਹਿੰਦੀ ਗਈ, ਅਤੇ ਨਾਲ ਹੀ ਨਾਲ ਮੇਰੇ ਲੱਕ ਦੁਆਲੇ ਬੰਨ੍ਹੇ ਰਿਬਨ ਨੂੰ ਕਦੀ ਖੁੱਲ੍ਹਦੀ, ਅਤੇ ਕਦੀ ਬੰਨ੍ਹਦੀ ਜਾ ਰਹੀ ਸੀ, "ਜੇ ਕੋਈ ਗੱਲ ਸਿਰਫ ਮੇਰੇ ਬਾਰੇ ਹੈ ਤਾਂ ਤੇ ਗੱਲ ਸੌਖੀ ਹੋ ਜਾਂਦੀ ਹੈ, ਪਰ ਕਈ ਭੇਤ ਅਜਿਹੇ ਹਨ, ਜੋ ਮੈਨੂੰ ਮੇਰੇ ਪਤੀ ਦੇ ਭੇਤ ਖੋਲਣ ਤੇ ਵੀ ਮਜ਼ਬੂਰ ਕਰਨਗੇ ਅਤੇ ਹੁਣ ਜਦੋਂ ਮੈਂ ਵਿਆਹੀ ਹੋਈ ਹਾਂ, ਮੇਰਾ ਖਿਆਲ ਹੈ, ਕਿ ਮੈਂ ਆਪਣੇ ਪਤੀ ਦੀ, ਤੇਰੀ ਅਤੇ ਆਪਣੀ ਖਾਤਿਰ ਅਜਿਹੀਆਂ ਗੱਲਾਂ ਨੂੰ ਨਾਂ ਹੀ ਛੇੜਾਂ ਤਾਂ ਚੰਗਾ ਹੋਵੇਗਾ; ਮੈਂ ਇਹ ਨਹੀਂ ਕਹਿ ਰਹੀ ਕਿ ਉਨ੍ਹਾਂ ਦੇ ਕਰਨ ਨਾਲ ਮੈਂ ਜਾਂ ਤੂੰ ਦੁਖੀ ਹੋਵਾਂਗੀਆਂ, ਮੈਂ ਤੈਨੂੰ ਕਦੀ ਵੀ ਇੰਜ਼ ਨਾ ਸੋਚਣ ਦਿਆਂਗੀ। ਪਤ ਮੈਂ ਹੁਣ ਖੁਸ਼ ਹੋਣਾ ਚਾਹੁੰਦੀ ਹਾਂ, ਕਿਉਂਕਿ ਤੂੰ ਮੇਰ ਕੋਲ ਹੈ; ਅਤੇ ਮੈਂ ਤੈਨੂੰ ਵੀ ਖੁਸ਼ ਵੇਖਣਾ ਚਾਹੁੰਦੀ ਹਾਂ-" ਉਹਨੇ ਗੱਲ ਵਿਚ ਹੀ ਛੱਡ ਕੇ ਕਮਰੇ ਦੇ ਚਾਰੇ ਪਾਸੇ ਵੇਖਿਅ; ਇਹ ਮੇਰੀ ਬੈਠਕ ਸੀ, ਜਿਥੇ ਅਸੀਂ ਬੈਠੀਆਂ ਹੋਈਆਂ ਸਾਂ, 'ਆਹ ! ਉਹਨੇ ਪਛਾਣ ਭਰੀ ਮੁਸਕਾਨ ਨਾਲ ਤਾੜੀ ਮਾਰਦਿਆਂ ਕਿਹਾ, "ਇਕ ਹੋਰ ਪੁਰਾਣੀ ਚੀਜ਼ ! ਮੇਰੀਅਨ ਤੇਰਾ ਬੁਕ ਕੇਸ, ਤੇਰਾ ਇਹ ਪੁਰਾਣਾ ਬੁਕ ਕੇਸ; ਮੈਂ ਕਿੰਨੀ ਖੁਸ਼ ਹਾਂ, ਕਿ ਤੂੰ ਇਹ ਲਿਮਰਿਜ ਤੋਂ ਨਾਲ ਲੈ ਆਂਦਾ ਹੈ! ਅਤੇ

ਤੇਰੀ ਉਹ ਭਿਆਨਕ, ਮਰਦਾਂਵੀ ਭਾਰੀ ਛੱਤਰੀ, ਜੋ ਤੂੰ ਬਾਰਸ਼ ਵੇਲੇ ਸਦਾ ਨਾਲ ਰੱਖਦੀ ਏ, ਇੱਥੇ ਵੀ ਲੈ ਆਈ ਏਂ। ਅਤੇ ਸਭ ਤੋਂ ਕੀਮਤੀ ਤੇ ਤੂੰ ਏ ਜੋ ਆਪਣੇ ਪਿਆਰ ਸਾਂਵਲੇ ਅਤੇ ਸਿਆਣਪ ਭਰੇ ਜਿਪਸੀਆਂ ਵਰਗੇ ਚਿਹਰੇ ਨਾਲ ਮੇਰੇ ਸਾਹਮਣੇ ਬੈਠੀ ਮੈਨੂੰ ਵੇਖ ਰਹੀ ਏ। ਇਥੇ ਇੰਜ਼ ਬੈਠਣਾ ਬਿਲਕੁਲ ਘਰ ਵਾਂਗ ਹੀ ਹੈ। ਅਸੀਂ ਇਹਨੂੰ ਹੋਰ ਘਰ ਵਾਂਗ ਕਿਵੇਂ ਬਣਾ ਸਕਦੀਆਂ ਹਾਂ? ਮੈਂ ਆਪਣੇ ਪਿਤਾ ਦੀ ਤਸਵੀਰ ਆਪਣੇ ਕਮਰੇ ਦੀ ਥਾਂ ਇਸ ਕਮਰੇ ਵਿਚ ਰੱਖ ਦਿਆਗੀ ਅਤੇ ਲਿਮਰਿਜ ਤੋਂ ਹੋਰ ਜੋ ਪਿਆਰੀਆਂ ਚੀਜਾਂ ਆਂਦੀਆਂ ਹਨ, ਉਹ ਸਭ ਇੱਥੇ ਰਖਾਂਗੀ ਅਤੇ ਇਨ੍ਹਾਂ ਦੋਹਾਂ ਪਿਆਰੀਆਂ ਕੰਧਾਂ ਵਿਚਕਾਰ ਅਸੀਂ ਘੰਟਿਆਂ ਬੱਧੀ ਬੈਠਿਆਂ ਕਰਾਂਗੀਆਂ। ਮੇਰੀਅਨ ! ਮੇਰੀ ਇਕ ਗੱਲ ਮੰਨੇਗੀ?" ਅਚਾਨਕ ਉਹ ਉਸ ਛੋਟੇ ਸਟੂਲ ਤੇ ਬੈਠ ਗਈ ਜੋ ਮੇਰੇ ਗੋਡਿਆਂ ਕੋਲ ਪਿਆ ਸੀ। ਉਹ ਮੇਰੇ ਵੱਲ ਬੜੀ ਤਾਂਘ ਨਾਲ ਤਕ ਕੇ ਮੁੜ ਬੋਲੀ, "ਅੱਹ ਮੇਰੀਅਨ, ਤੂੰ ਮੇਰੇ ਨਾਲ ਇਕ ਇਕਰਾਰ ਕਰ ਕਿ ਤੂੰ ਕਦੀ ਵਿਆਹ ਕਰਾ ਕੇ ਮੈਨੂੰ ਛੱਡ ਕੇ ਨਹੀਂ ਜਾਏਂਗੀ। ਮੈਂ ਜਾਣਦੀ ਹਾਂ, ਕਿ ਇਹ ਕਹਿ ਕੇ ਮੈਂ ਸਵਾਰਥੀ ਹੋ ਰਹੀ ਹਾਂ, ਪਰ ਤੂੰ ਇੰਜ਼ ਵਧੇਰੇ ਠੀਕ ਹੈ - ਹਾਂ ਜਦੋਂ ਤਕ-ਜਦੋਂ ਤਕ, ਤੂੰ ਆਪਣੇ ਪਤੀ ਨੂੰ ਬਹੁਤ ਪਿਆਰ ਕਰਦੀ ਹੋਵੇ, ਪਰ ਤੂੰ ਹੋਰ ਕਿਸੇ ਨੂੰ ਵੀ ਇੰਨਾ ਪਿਆਰ ਕਦੀ ਨਹੀਂ ਕਰੇਗੀ ਜਿੰਨਾ ਮੈਨੂੰ ! ਕੀ ਤੂੰ ਕਰੇਂਗੀ-?" ਉਹ ਫਿਰ ਰੁਕ ਗਈ ਮੇਰੀ ਝੋਲੀ ਵਿਚ ਪਏ ਮੇਰਿਆਂ ਹੱਥਾਂ ਨੂੰ ਇਕ ਦੂਜੇ ਤੋਂ ਰੱਖ ਕੇ ਉਨ੍ਹਾਂ ਉਤੇ ਉਹਨੇ ਆਪਣਾ ਸਿਰ ਟਿਕਾ ਲਿਆ, 'ਕੀ ਤੂੰ ਪਿਛੇ ਜਿਹੇ ਬਹੁਤ ਚਿੱਠੀਆਂ ਲਿਖੀਆਂ ਹਨ, ਅਤੇ ਕੀ ਉੱਤਰ ਵਿਚ ਵੀ ਬਹੁਤ ਚਿੱਠੀਆਂ ਆਈਆਂ ਹਨ -?" ਉਹ ਅਚਾਨਕ ਮਧੱਮ ਅਤੇ ਇਕ ਬਦਲੀ ਹੋਈ 'ਟੋਨ' ਵਿਚ ਬੋਲੀ ਮੈਂ ਸਮਝ ਗਈ ਸਾਂ ਕਿ ਉਸ ਪ੍ਰਸ਼ਨ ਦਾ ਕੀ ਮਤਲਬ ਸੀ; ਪਰ ਮੈਂ ਇਹ ਆਪਣਾ ਕਰਤਵ ਸਮਝਿਆ ਕਿ ਉਹਨੂੰ ਦਿਨ੍ਹਾਂ ਸਵਾਲਾਂ ਦੇ ਉੱਤਰ ਝਟਪਟ ਦੇ ਕੇ ਉਹਨੂੰ ਇਸ ਕੰਮ ਲਈ ਹੋਰ ਉਤਸ਼ਾਹਿਤ ਨਾ ਕਰਾਂ। "ਕੀ ਤੈਨੂੰ ਉਹਦੀ ਚਿੱਠੀ ਆਈ ਹੈ?" ਉਹਨੇ ਮੁੜ ਇਸ ਲਹਿਜੇ ਵਿਚ ਇਹ ਗੱਲ ਕਹੀ ਜਿਵੇਂ ਉਹ ਇਹ ਸਵਾਲ ਪੁਛਣ ਲਈ ਮੇਰੇ ਤੋਂ ਖਿਮਾਂ ਮੰਗ ਰਹੀ ਹੋਵੇ; ਇਸ ਲਈ ਉਹਨੇ ਮੇਰੇ ਹੱਥ ਚੰਮੇ, ਜਿਨ੍ਹਾਂ ਤੇ ਉਹਦਾ ਚਿਹਰਾ ਅਜੇ ਵੀ ਟਿਕਿਆ ਹੋਇਆ ਸੀ, "ਕੀ ਉਹ ਰਾਜੀ ਖੁਸ਼ੀ ਅਤੇ ਖੁਸ਼ ਹੈ? ਕੀ ਉਹ ਆਪਣੇ ਕੰਮ ਵਿਚ ਰੁਝਾ ਹੋਇਆ ਹੈ? ਕੀ ਉਹ ਸੰਭਲ ਗਿਆ ਹੈ ਅਤੇ ਮੈਨੂੰ ਭੁੱਲ ਚੁੱਕਾ ਹੈ?"

ਉਹਨੂੰ ਅਜਿਹੇ ਪ੍ਰਸ਼ਨ ਪੁਛਣੇ ਨਹੀਂ ਸਨ ਚਾਹੀਦੇ। ਉਸ ਨੂੰ ਆਪਣਾ ਉਹ ਇਰਾਦਾ ਯਾਦ ਕਰਨਾ ਚਾਹੀਦਾ ਸੀ, ਜੋ ਉਹਨੇ ਉਸ ਸਵੇਰ ਨੂੰ ਕੀਤਾ ਸੀ, ਜਦੋਂ ਸਰ ਪਰਸੀਵਲ ਨੇ ਉਹਦੇ ਨਾਲ ਆਪਣੀ ਕੁੜਮਾਈ ਤੋੜਨ ਨੂੰ ਇਨਕਾਰ ਕੀਤਾ ਸੀ ਅਤੇ ਉਹਨੇ ਵਾਲਟਰ ਹਾਰਟਰਾਈਟ ਦੀ ਬਣੀਆਂ ਤਸਵੀਰਾਂ ਦੀ ਉਹ ਐਲਬਮ ਸਦਾ ਲਈ ਮੈਨੂੰ ਸੌਂਪ ਦਿਤੀ ਸੀ। ਪਰ ਮੈਂ ਕੀ ਕਹਿ ਰਹੀ ਹਾਂ ! ਪਰ ਕਿਹੜਾ ਮਨੁੱਖ ਹੈ, ਜਿਸਨੇ ਸਦਾ ਆਪਣਾ ਇਰਾਦਾ ਕਾਇਮ ਰਖਿਆ ਹੈ? ਅਤੇ ਜਿਸਨੇ ਕਦੀ ਭੁੱਲ ਕੇ ਵੀ ਉਹਨੂੰ ਨਹੀਂ ਤੋੜਿਆ? ਉਹ ਔਰਤ ਕਿਥੇ ਹੈ, ਜੋ ਆਪਣੇ ਦਿਲ ਵਿਚ ਸੱਚੇ ਪਿਆਰ ਦਾ ਪ੍ਰਤੀਬਿੰਬ ਲਾਹੁਣ ਵਿਚ ਸਮਰਥ ਹੋ ਜਾਂਦੀ ਹੈ? ਕਿਤਾਬਾਂ ਵਿਚ ਅਜਿਹੇ ਦੈਵੀ ਜੀਵ ਹੁੰਦੇ ਹਨ-ਪਰ ਕਿਤਾਬਾਂ ਦੇ ਮੁਕਾਬਲੇ ਵਿਚ ਸਾਡਾ ਆਪਣਾ ਨਿੱਜੀ ਤਜਰਬਾ ਅਤੇ ਅਨੁਭਵ ਕੀ ਕਹਿੰਦਾ ਹੈ?

ਮੈਂ ਉਹਨੂੰ ਸਮਝਾਉਣ ਬੁਝਾਉਣ ਦਾ ਕੋਈ ਯਤਨ ਨਾ ਕੀਤਾ, ਸ਼ਾਇਦ ਮੈਂ ਉਹਦੀ ਨਿਡਰ ਸਰਲਤਾ ਦੀ ਮਨ ਹੀ ਮਨ ਪ੍ਰਸੰਸਾ ਕਰ ਰਹੀ ਸਾਂ। ਕਿਉਂਕਿ ਇਸ ਤਰ੍ਹਾਂ ਉਹ ਕੁੱਝ ਜਾਣ ਗਈ ਸੀ, ਜਾਂ ਕੋਈ ਹੋਰ ਔਰਤ ਉਹਦੀ ਹੀ ਸਥਿਤੀ ਵਿਚ ਹੁੰਦੀ ਤਾਂ ਆਪਣੇ ਸਭ ਤੋਂ ਪਿਆਰੇ ਮਿੱਤਰਾਂ ਤੋਂ ਵੀ ਛੁਪਾ ਕੇ ਰੱਖਦੀ ਕਿ ਸ਼ਾਇਦ ਮੈਂ ਆਪਣੇ ਮਨ ਵਿਚ ਇਹ ਮਹਿਸੂਸ ਕਰ ਰਹੀ ਸਾਂ, ਕਿ ਜੇ ਮੈਂ ਉਹਦੀ ਥਾਂ ਤੇ ਹੁੰਦੀ ਤਾਂ ਅਵੱਸ ਇੰਜ ਹੀ ਸੰਚਦੀ ਅਤੇ ਇਹੀ ਪ੍ਰਸ਼ਨ ਪਛਦੀ। ਮੈਂ ਉਹਨੂੰ ਪੂਰੀ ਨਿਸ਼ਕਪਟਤਾ ਨਾਲ ਇਹ ਦਸਿਆ ਕਿ ਮੈਂ ਵੀ ਉਹਨੂੰ ਕਾਫੀ ਚਿਰ ਤੋਂ ਕੋਈ ਚਿੱਠੀ ਨਹੀਂ ਲਿਖੀ ਅਤੇ ਨਾ ਹੀ ਉਹਦੇ ਵਲੋਂ ਕੋਈ ਚਿੱਠੀ ਆਈ ਹੈ, ਅਤੇ ਇਸ ਤੋਂ ਮਗਰੋਂ ਮੈਂ ਖਤਰਨਾਕ ਵਿਸ਼ਿਆਂ ਬਾਰੇ ਗੱਲਬਾਤ ਨੂੰ ਮੋੜ ਦਿਤਾ।

ਇਸ ਮਿਲਣੀ ਵਿਚ ਜੋ ਕਿ ਉਹਦੀ ਵਾਪਸੀ ਤੋਂ ਮਗਰੋਂ ਸਾਡੀ ਪਹਿਲੀ ਗੁਪਤ ਮੁਲਾਕਾਤ ਸੀ, ਬਹੁਤ ਸਾਰੀਆਂ ਗੱਲਾਂ ਸਨ, ਜਿਨ੍ਹਾਂ ਨਾਲ ਮੇਰਾ ਮਨ ਭਾਰੀ ਅਤੇ ਉਦਾਸ ਹੋ ਗਿਆ। ਸਭ ਤੋਂ ਪਹਿਲਾਂ ਸਾਡੇ ਸੰਬੰਧਾਂ ਵਿਚ ਇਹ ਪ੍ਰੀਵਰਤਨ ਜੋ ਕਿ ਉਹਦੇ ਵਿਆਹ ਦਾ ਹੀ ਸਿੱਟਾ ਸੀ; ਕਿਉਂਕਿ ਸਾਡੇ ਵਿਚਕਾਰ ਇਕ ਵਰਜਿਤ ਵਿਸ਼ਾ ਸੀ ਜਿਸ ਤੇ ਅਸੀਂ ਗੱਲਬਾਤ ਨਹੀਂ ਸੀ ਕਰਨੀ ਸਾਡੀ ਜ਼ਿੰਦਗੀ ਵਿਚ ਪਹਿਲੀ ਵਾਰ ਕੁਝ ਰੁਕਾਵਟ ਸਾਡੇ ਵਿਚਕਾਰ ਸੀ, ਮੇਰੇ ਦਿਲ ਵਿਚ ਇਹ ਪੂਰਾ ਯਕੀਨ ਸੀ ਕਿ ਉਹਦੇ ਅਤੇ ਉਹਦੇ ਪਤੀ ਦੇ ਵਿਚਕਾਰ ਕੋਈ

ਹਮਦਰਦੀ ਨਹੀਂ; ਕੋਈ ਪਿਆਰ ਨਹੀਂ, ਉਹਦੇ ਆਪਣੇ ਸ਼ਬਦ ਹੀ ਇਸ ਗੱਲ ਦੀ ਪੁਸ਼ਟੀ ਕਰ ਰਹੇ ਸਨ, ਕਿਉਂਕਿ ਉਹ ਇਸ ਮਾਮਲੇ ਤੇ ਗੱਲ ਕਰਨ ਲਈ ਵੀ ਰਾਜ਼ੀ ਨਹੀਂ ਸੀ; ਅਤੇ ਇਹ ਪ੍ਰਗਟ ਹੋਣਾ ਕਿ ਉਹ ਦੁੱਖ ਭਰਿਆ ਨਿਰਾਸ਼ ਪਿਆਰ ਅਜੇ ਵੀ ਉਹਦੇ ਦਿਲ ਵਿਚ ਪਹਿਲਾਂ ਵਾਂਗ ਹੀ ਡੂੰਘੀ ਤਰ੍ਹਾਂ ਛਾਇਆ ਹੋਇਆ ਹੈ (ਭਾਵੇਂ ਉਹਦੇ ਇਸ ਅਹਿਸਾਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਪੁੱਜ ਰਿਹਾ), ਇਸ ਸਭ ਕੁਝ ਦਾ ਪਤਾ ਲੱਗਣਾ ਹੋਰ ਕਿਸੇ ਔਰਤ ਨੂੰ ਵੀ ਇੰਜ ਦੁਖੀ ਅਤੇ ਉਦਾਸ ਕਰ ਸਕਦਾ ਸੀ, ਜੋ ਉਹਨੂੰ ਮੇਰੇ ਵਾਂਗ ਹੀ ਪਿਆਰ ਕਰਦੀ ਹੁੰਦੀ, ਅਤੇ ਉਹਦੇ ਲਈ ਏਨਾਂ ਮਹਿਸੂਸ ਕਰਦੀ ਹੁੰਦੀ।

ਇਨ੍ਹਾਂ ਸਭਨਾਂ ਗੱਲਾਂ ਦੇ ਵਿਰੋਧ ਵਿਚ ਇਕ ਖਿਆਲ ਸੀ ਜੋ ਮੈਨੂੰ ਢਾਰਸ ਦੇ ਸਕਦਾ ਸੀ; ਅਤੇ ਦੇ ਰਿਹਾ ਸੀ। ਉਹਦੇ ਚਾਲਚਲਣ ਦੀ ਸਾਰੀ ਸੁੰਦਰਤਾ; ਉਹਦੇ ਸੁਭਾ ਵਿਚਲਾ ਨਿਰਛਲ ਪਿਆਰ; ਉਹਦੀ ਉਹ ਮਨਮੋਹਿਕ ਸਾਦੀ ਸੁੰਦਰਤਾ ਜੋ ਹਰ ਇਕ ਉਸ ਬੰਦੇ ਦਾ ਮਨ ਲੁਭਾਂਦੀ ਸੀ, ਜੋ ਉਹਦੇ ਨੇੜੇ ਆਉ'ਦਾ ਸੀ, ਉਹਦੇ ਇਥੇ ਆਉਣ ਨਾਲ ਪਰਤ ਪਈ ਹੈ। ਮੈਂ ਹੋਰ ਪ੍ਰਭਾਵਾਂ ਬਾਰੇ ਕੁਝ ਪੱਕੀ ਤੌਰ ਤੇ ਨਹੀਂ ਕਹਿ ਸਕਦੀ, ਪਰ ਮੇਰਾ ਇਹ ਅੰਤਲਾ ਸਭ ਤੋਂ ਚੰਗਾ ਅਤੇ ਸਭ ਤੋਂ ਵਧੇਰੇ ਖੁਸ਼ੀ ਦੇਣ ਵਾਲਾ ਇਹ ਪ੍ਰਭਾਵ ਇਕ ਸੱਚਾਈ ਹੈ ਅਤੇ ਮੈਨੂੰ ਦਿਨ ਦਾ ਹਰ ਘੰਟਾ ਬੀਤਣ ਨਾਲ ਇਸਦਾ ਹੋਰ ਪੱਕਾ ਵਿਸ਼ਵਾਸ ਹੁੰਦਾ ਜਾ ਰਿਹਾ ਹੈ।

ਹੁਣ ਮੈਨੂੰ ਉਹਦੇ ਵਲੋਂ ਹਟਕੇ ਉਹਦੀ ਯਾਤਰਾ ਦੇ ਹੋਰ ਸਾਥੀਆਂ ਬਾਰੇ ਲਿਖਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਮੈਂ ਉਹਦੇ ਪਤੀ ਵੱਲ ਧਿਆਨ ਦਿਆਂਗੀ। ਉਹਦੀ ਵਾਪਸੀ ਮਗਰੋਂ, ਮੈਂ ਸਰ ਪਰਸੀਵਲ ਵਿਚ ਕੀ ਕੀ ਵੇਖਿਆ ਹੈ, ਕੀ ਕੀ ਨੋਟ ਕੀਤਾ ਹੈ, ਜਿਸ ਨਾਲ ਮੇਰੀ ਉਹਦੇ ਬਾਰੇ ਰਾਏ ਹੋਰ ਚੰਗੀ ਹੋ ਸਕੇ?

ਮੈਂ ਕੁਝ ਵੀ ਨਹੀਂ ਦੱਸ ਸਕਦੀ। ਜਦੋਂ ਦਾ ਉਹ ਵਾਪਸ ਆਇਆ ਹੈ, ਉਹ ਨਿੱਕੀਆਂ ਨਿੱਕੀਆਂ ਗੱਲਾਂ ਉਤੇ ਖਿਝਦਾ ਹੈ, ਅਤੇ ਨਿੱਕੀਆਂ ਨਿੱਕੀਆਂ ਉਲਝਣਾਂ ਬਾਰੇ ਪ੍ਰਸ਼ਾਨ ਹੋ ਉਠਦਾ ਹੈ, ਅਤੇ ਇਸ ਹਾਲਾਤ ਅੰਦਰ ਕਦੀ ਵੀ ਪੁਰਸ਼ ਆਪਣਾ ਸਭ ਤੋਂ ਚੰਗਾ ਪੱਖ ਸਾਹਮਣੇ ਨਹੀਂ ਰੱਖ ਸਕਦਾ। ਉਹ ਜਦੋਂ ਇੰਗਲੈਂਡ ਤੋਂ ਗਿਆ ਸੀ ਉਹਦੇ ਨਾਲ ਹੁਣ ਕਮਜ਼ੋਰ ਹੋਇਆ ਹੈ, ਉਹਦੀ ਖੰਘ, ਅਤੇ ਬੇਆਰਾਮੀ, ਅਤੇ ਬੈਚੇਨੀ ਪਹਿਲਾਂ ਨਾਲੋਂ ਵਧੀ ਹੋਈ ਹੈ। ਉਹਦਾ

ਵਤੀਰਾ ਖਾਸ ਕਰਕੇ ਮੇਰੇ ਨਾਲ ਪਹਿਲਾਂ ਨਾਲੋਂ ਬਦਲਿਆ ਹੋਇਆ ਹੈ। ਜਿਸ ਸ਼ਾਮ ਨੂੰ ਉਹ ਪਰਤਿਆ, ਉਹ ਮੈਨੂੰ, ਉਸ ਸਾਨ ਅਤੇ ਨਿਮਰਤਾ ਨਾਲ ਨਹੀਂ ਮਿਲਿਆ ਜਿਵੇਂ ਪਹਿਲਾਂ ਮਿਲਿਆ ਕਰਦਾ ਸੀ। ਸਵਾਗਤ ਵਿਚ ਕੋਈ ਭਾਸ਼ਣ ਨਹੀਂ- ਮੈਨੂੰ ਵੇਖਣ ਤੇ ਕੋਈ ਖਾਸ ਤਸੱਲੀ ਨਹੀਂ ਸੀ, ਸਿਰਫ ਇਕ ਸਕਿੰਟ ਹੱਥ ਮਿਲਾ ਕੇ, 'ਤੁਸੀਂ ਕਿਵੇਂ ਹੋ, ਮਿਸ ਹਾਲਕੌਂਬ, ਤੁਹਾਨੂੰ ਵੇਖ ਕੇ ਖੁਸ਼ੀ ਹੋਈ ਹੈ, " ਇਕ ਤਿੱਖੇ ਲਹਿਜੇ ਵਿਚ ਉਹਨੇ ਕਿਹਾ ਤੇ ਖਤਮ। ਜਿਵੇਂ ਮੈਂ ਬਲੈਕਵਾਟਰ ਪਾਰਕ ਦਾ ਇਕ ਜ਼ਰੂਰੀ ਹਿੱਸਾ ਹੀ ਹੋਵਾਂ; ਅਤੇ ਉਹਨੇ ਮੈਨੂੰ ਆਪਣੀ ਥਾਂ ਤੇ ਟਿਕਿਆ ਵੇਖਕੇ ਸਤੁੰਸ਼ਟਤਾ ਪ੍ਰਗਟ ਕੀਤੀ ਹੋਵੇ, ਅਤੇ ਫਿਰ ਮੈਨੂੰ ਉੱਕਾ ਹੀ ਭੁੱਲ ਗਿਆ ਹੋਵੇ।

ਬਹੁਤ ਸਾਰੇ ਪੁਰਸ਼ ਆਪਣੇ ਸੁਭਾ ਦਾ ਕੋਈ ਉਹ ਪੱਖ ਆਪਣੇ ਘਰ ਵਿਚ ਦਰਸਾਉਂਦੇ ਹਨ, ਜੋ ਕਿ ਉਹ ਹੋਰ ਕਿਧਰੇ ਛੁਪਾ ਕੇ ਰੱਖਦੇ ਹਨ; ਅਤੇ ਸਰ ਪਰਸੀਵਲ ਨੇ ਆਪਣੇ ਘਰ ਵਿਚ ਜੋ ਪਹਿਲੂ ਵਿਖਾਇਆ ਹੈ, ਉਹਦੇ ਬਾਰੇ ਸਾਨੂੰ ਪਹਿਲਾਂ ਕਦੀ ਵੀ ਪਤਾ ਨਹੀਂ ਸੀ। ਉਸਨੂੰ ਸਫਾਈ ਦਾ ਅਤੇ ਹਰ ਇਕ ਚੀਜ਼ ਥਾਂ ਸਿਰ ਰੱਖਣ ਦਾ ਸ਼ੌਂਕ ਸਨਕ ਦੀ ਹੱਦ ਤਕ ਦਿਸਦਾ ਹੈ। ਜੇ ਐ, ਲਾਇਬਰੇਰੀ ਵਿਚੋਂ ਕੋਈ ਕਿਤਾਬ ਲੈਕੇ ਮੇਜ ਤੇ ਰੱਖ ਦੇਂਦੀ ਹਾਂ, ਤਾਂ ਉਹ ਮੇਰੇ ਪਿਛੇ ਆਕੇ ਉਹਨੂੰ ਵਾਪਸ ਥਾਂ ਸਿਰ ਰਖਦਾ ਹੈ; ਜੇ ਮੈਂ ਕਿਸੇ ਕੁਰਸੀ ਤੋਂ ਉਠ ਕੇ ਉਹਨੂੰ ਉਸੇ ਹੀ ਹਾਲ ਵਿਚ ਰਹਿਣ ਦੇਂਦੀ ਹਾਂ, ਤਾਂ ਉਹ ਕੁਰਸੀ ਨੂੰ ਧਿਆਨ ਨਾਲ ਕੰਧ ਦੇ ਨਾਲ ਰਖਦਾ ਹੈ। ਗਲੀਚ ਉਤੇ ਪਈਆਂ ਫੁੱਲ-ਪੱਤੀਆਂ ਨੂੰ ਉਹ ਇੰਜ ਧਿਆਨ ਨਾਲ ਚੁਣਦਾ ਹੈ, ਜਿਵੇਂ ਉਹ ਅੰਗਾਰੇ ਹੋਣ ਤੇ ਉਨ੍ਹਾਂ ਨਾਲ ਗਲੀਚੇ ਵਿਚ ਮੋਰੀਆਂ ਹੋ ਗਈਆਂ ਹੋਣ ਨਾਲ ਨਾਲ ਉਹ ਆਪਣੇ ਆਪ ਨਾਲ ਹੀ ਅਸਤੁੰਸ਼ਟਤਾ ਵਿਚ ਕੁਝ ਗੱਲਾਂ ਕਰਦਾ ਜਾਂਦਾ ਹੈ; ਜੇ ਮੇਜ਼ਪੋਸ਼ ਵਿਚ ਕਿਧਰੇ ਕੋਈ ਵੱਟ ਨਜ਼ਰੀ ਪੇ ਜਾਏ ਜਾਂ ਰੋਟੀ ਦੇ ਮੇਜ਼ ਤੇ ਕੋਈ ਕਾਂਟਾ ਛੂਰੀ ਘਟ ਲੱਗਾ ਦਿਸੇ, ਤਾਂ ਉਹ ਨੌਕਰਾਂ ਨੂੰ ਬੜੀ ਬੁਰੀ ਤਰ੍ਹਾਂ ਡਾਂਟਦਾ ਹੈ, ਅਤੇ ਇੰਜ ਵਢਖਾਉਂ ਕਰਦਾ ਹੈ, ਜਿਵੇਂ ਉਨ੍ਹਾਂ ਨੇ ਉਸ ਦੀ ਆਪਣੀ ਬੇਇਜ਼ਤੀ ਕੀਤੀ ਹੋਵੇ।

ਮੈਂ ਪਹਿਲਾਂ ਉਨ੍ਹਾਂ ਛੋਟੀਆਂ ਛੋਟੀਆਂ ਔਕੜਾਂ ਦਾ ਜ਼ਿਕਰ ਕਰ ਚੱਕੀ ਹਾ, ਜੋ ਉਹਦੀ ਵਾਪਸੀ ਤੇ ਉਹਨੂੰ ਝਿੜਾਉਣ ਲਈ ਮੌਜੂਦ ਸਨ। ਉਹਦੇ ਵਿਚ ਤਬਦੀਲੀ ਦਾ ਸ਼ਾਇਦ ਇਹੀ ਕਾਰਣ ਹੈ। ਮੈਂ ਆਪਣੇ ਆਪ ਨੂੰ ਇਹ ਮਨਾਉਣ ਦਾ ਯਤਨ ਕਰਦੀ ਹਾਂ, ਕਿ ਇਹੀ ਗੱਲ ਹੈ, ਕਿਉਂਕਿ ਮੈਂ ਅਜੇ ਹੀ ਭਵਿੱਸ਼ ਬਾਰੇ ਨਿਰਾਸ਼ ਨਹੀਂ ਹੋਣਾ ਚਾਹੁੰਦੀ। ਜੇ ਲੰਮੀ ਗੈਰ-ਹਾਜਰੀ

ਮਗਰੋਂ ਕੋਈ ਵੀ ਘਰ ਪਰਤੇ ਅਤੇ ਆਉਂਦਿਆਂ ਹੀ ਉਹਦੇ ਲਈ ਕੋਈ ਉਲਝਣ ਤਿਆਰ ਹੋਵੇ, ਤਾਂ ਸਚਮੁਚ ਉਹਦੇ ਲਈ ਆਪਣੇ ਆਪ ਉਤੇ ਕਾਬੂ ਪਾਉਣਾ ਔਖਾ ਹੋ ਜਾਂਦਾ ਹੈ, ਅਤੇ ਸਰ ਪਰਸੀਵਲ ਨਾਲ ਅਜਿਹੀ ਘਟਨਾ ਮੇਰੇ ਸਾਹਮਣੇ ਹੀ ਵਾਪਰੀ ਸੀ।

ਜਿਸ ਸ਼ਾਮ ਨੂੰ ਉਹ ਪਰਤਿਆ, ਤਾਂ ਹਾਊਸਕੀਪਰ ਵੀ ਆਪਣੇ ਮਾਲਕ, ਅਤੇ ਮਾਲਕਣ ਅਤੇ ਉਨ੍ਹਾਂ ਦੇ ਪ੍ਰੋਹਣਿਆਂ ਦਾ ਸਵਾਗਤ ਕਰਕੇ ਮੇਰੇ ਮਗਰੇ ਮਗਰ ਹਾਲ ਵਿਚ ਆਈ। ਉਹਨੂੰ ਵੇਖਦਿਆਂ ਸਾਰ ਹੀ ਸਰ ਪਰਸੀਵਲ ਨੇ ਉਹਦੇ ਕੋਲੋਂ ਪੁੱਛਿਆ ਕਿ ਕੀ ਕੋਈ ਪਿਛੋਂ ਉਹਦੇ ਬਾਰੇ ਪੁੱਛਣ ਆਇਆ ਸੀ। ਹਾਊਸ ਕੀਪਰ ਨੇ ਉੱਤਰ ਵਿਚ ਉਹੀ ਕਿਹਾ, ਜੋ ਉਹਨੇ ਮੈਨੂੰ ਦੱਸਿਆ ਸੀ, ਕਿ ਕੋਈ ਅਜਨਬੀ ਨੌਜਵਾਨ ਉਹਦੇ ਆਉਣ ਬਾਰੇ ਪੁੱਛਣ ਲਈ ਆਇਆ ਸੀ। ਇਸ ਤੇ ਉਹਨੇ ਉਸ ਨੌਜਵਾਨ ਦਾ ਨਾਂ ਪੁੱਛਿਆ। ਪਰ ਉਹ ਆਪਣਾ ਨਾਂ ਨਹੀਂ ਦਸ ਕੇ ਗਿਆ ਸੀ, ਅਤੇ ਨਾ ਹੀ ਦੱਸ ਕੇ ਗਿਆ ਸੀ, ਕਿ ਉਹਦਾ ਕੀ ਕੰਮ ਸੀ। ਉਸ ਨੌਜਵਾਨ ਦੀ ਸ਼ਕਲ ਸੂਰਤ ਕਿਹੋ ਜਿਹੀ ਸੀ? ਹਾਊਸਕੀਪਰ ਨੇ ਉਹਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹਦੀ ਕੋਈ ਅਜਿਹੀ ਵਿਸ਼ੇਸ਼ ਗੱਲ ਨਾ ਦੱਸ ਸਕੀ ਜਿਸ ਨਾਲ ਉਸਦਾ ਮਾਲਕ ਉਸ ਬੰਦੇ ਨੂੰ ਪਛਾਣ ਸਕਦਾ। ਸਰ ਪਰਸੀਵਲ ਤੀਉੜੀਆ ਪਾ ਕੇ, ਫਰਸ਼ ਤੇ ਪੈਰ ਪਟਕਾਂਦਾ ਬਿਨਾਂ ਕਿਸੇ ਹੋਰ ਦਾ ਖਿਆਲ ਕੀਤੇ ਹੀ, ਘਰ ਦੇ ਅੰਦਰ ਚਲਾ ਗਿਆ। ਉਹ ਇਨੀ ਨਿਗੂਣੀ ਅਤੇ ਤੁੱਛ ਗੱਲ ਤੇ ਏਨਾ ਨਾਰਾਜ਼ ਕਿਉਂ ਸੀ, ਮੈਂ ਨਹੀਂ ਕਹਿ ਸਕਦੀ-ਪਰ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਹਦਾ ਪਾਰਾ ਗਰਮ ਹੋ ਚੁਕਾ ਸੀ।

ਸਭ ਕੁਝ ਵੇਖਿਆ, ਇਹੀ ਠੀਕ ਹੋਵੇਗਾ ਕਿ ਮੈਂ ਅਜੇ ਉਹਦੇ ਆਪਣੇ ਘਰ ਵਿਚ ਹੀ ਉਹਦੇ ਵਤੀਰੇ, ਬੋਲੀ, ਅਤੇ ਹੋਰ ਤਰੀਕੇ ਬਾਰੇ ਕੋਈ ਨਿਰਣਾ ਜਨਕ ਰਾਏ ਉਦੋਂ ਤੀਕ ਨਾ ਕਾਇਮ ਕਰਾਂ; ਜਦੋਂ ਤੀਕ ਉਹ ਉਨ੍ਹਾ ਚਿੰਤਾਵਾਂ ਤੋਂ ਛੁਟਕਾਰਾ ਨਹੀਂ ਪਾ ਲੈਂਦਾ, ਜੋ ਉਹਨੂੰ ਅੰਦਰੋਂ ਹੀ ਅੰਦਰ ਭਾਵੇਂ ਉਹ ਜੋ ਵੀ ਹਨ, ਤੰਗ ਕਰ ਰਹੀਆਂ ਹਨ। ਮੈਂ ਹੁਣ ਇਕ ਨਵਾਂ ਪੰਨਾ ਸ਼ੁਰੂ ਕਰਦੀ ਹਾ, ਅਤੇ ਲਾਰਾ ਦੇ ਪਤੀ ਨੂੰ ਹਾਲ ਦੀ ਘੜੀ ਇਸ ਹਾਲ ਵਿਚ ਇਕੱਲਿਆ ਛੱਡ ਦਿਆਂਗੀ।

ਦੋਵੇਂ ਪ੍ਰਾਹੁਣੇ, ਕਾਉਂਟ ਅਤੇ ਕਾਉਂਟੈਸ, ਫ਼ੋਸਕੋ-ਅਗੋਂ ਮੇਰੀ ਫਰਿਹਸਤ ਵਿਚ ਆਉਂਦੇ ਹਨ। ਪਹਿਲਾਂ ਮੈਂ ਕਾਉਂਟੈਂਸ ਬਾਰੇ ਲਿਖਾਂਗੀ, ਤਾਂ ਜੋ ਇਸ ਔਰਤ ਤੋਂ ਜਿੰਨੀ ਜਲਦੀ ਹੋ ਸਕੇ ਛੁਟਕਾਰਾ ਪਾਵਾਂ।

ਲਾਰਾ ਨੇ ਇਹ ਗੱਲ ਕੋਈ ਵਧਾ ਚੜ੍ਹਾ ਕੇ ਨਹੀਂ ਸੀ ਲਿਖੀ, ਕਿ ਜਦੋਂ ਅਸੀਂ ਮਿਲਾਗੇ, ਮੈਂ ਉਹਦੀ ਭੂਆ ਨੂੰ ਮੁਸ਼ਕਲ ਨਾਲ ਹੀ ਪਛਾਣਾਗੀ। ਮੈਂ ਇਸ ਤੋਂ ਪਹਿਲਾਂ ਕਿਸੇ ਔਰਤ ਵਿਚ ਵਿਆਹ ਮਗਰੋਂ ਇਹੋ ਜਿਹੀ ਤਬਦੀਲੀ ਨਹੀਂ ਵੱਖੀ, ਜਿੰਨੀ ਮੈਡਮ ਫ਼ਸਕੋ ਵਿਚ ਆਈ ਹੈ।

ਜਦੋਂ ਉਹ ਏਲੀਨਰ ਫ਼ੇਅਰਲੀ (ਉਮਰ ਸੈਂਤੀ ਸਾਲ) ਸੀ, ਤਾਂ ਉਹ ਹਰ ਸਮੇਂ ਫਾਲਤੂ ਦੀਆਂ ਦੀਂਗਾਂ ਮਾਰਦੀ ਰਹਿੰਦੀ ਸੀ, ਅਤੇ ਉਨ੍ਹਾਂ ਬਦਕਿਸਮਤ ਮਰਦਾਂ ਨੂੰ ਨਿੱਕੀਆਂ ਨਿੱਕੀਆਂ ਗੱਲਾ ਕਰਕੇ ਉਸੇ ਤਰ੍ਹਾਂ ਤੰਗ ਕਰਦੀ ਜਿਵੇਂ ਇਕ ਆਕੜੀ ਹੋਈ ਅਤੇ ਬੇਵਕੂਫ ਔਰਤ ਹੀ ਆਦਮੀਆਂ ਨੂੰ ਤੰਗ ਕਰ ਸਕਦੀ ਹੈ। ਹੁਣ ਜਦੋਂ ਉਹ ਮੈਡਮ (ਉਮਰ ਤਰਤਾਲੀ ਸਾਲ) ਫ਼ੋਸਕੋ ਹੈ ਤਾਂ ਉਹ ਇਕ ਵੀ ਸ਼ਬਦ ਬੋਲੇ ਬਿਨਾਂ ਬੁੱਤ ਬਣੀ ਅਜੀਬ ਢੰਗ ਨਾਲ ਘੁੱਟੀ ਵੱਟੀ ਅਡੋਲ ਘੰਟਿਆਂ ਬੱਧੀ ਬੈਠੀ ਰਹਿੰਦੀ ਹੈ, ਪਹਿਲਾ ਉਹਦੇ ਚਿਹਰੇ ਦੇ ਦੋਵੇਂ ਪਾਸੇ ਜੋ ਕੁੰਡਲ ਉਹ ਬਣਾ ਕੇ ਰੱਖਦੀ ਸੀ; ਹੁਣ ਉਨ੍ਹਾਂ ਦੀ ਥਾਵੇਂ ਉਸ ਤਰ੍ਹਾਂ ਦੇ ਨਿਕੇ ਨਿਕੇ ਕੁੰਡਲਾਂ ਦੀ ਕਤਾਰ ਹੈ, ਜੋ ਪੁਰਾਣੇ ਫੈਸ਼ਨ ਦਿਆਂ ਵਾਲਾਂ ਦੀਆਂ ਟੋਪੀਆਂ ਵਿਚ ਹੁੰਦੀ ਹੈ। ਇਕ ਸਾਦੀ ਜਿਹੀ ਬਜ਼ੁਰਗ ਔਰਤਾਂ ਦੇ ਪਾਉਣ ਵਾਲੀ ਟੱਪੀ ਨਾਲ ਉਹ ਸਿਰ ਕੱਜੀ ਰੱਖਦੀ ਹੈ, ਅਤੇ ਜਦੋਂ ਦੀ ਮੈਂ ਉਹਨੂੰ ਵੇਖਣ ਲੱਗੀ ਹਾਂ, ਉਹ ਪਹਿਲੀ ਵਾਰੀ ਇਕ ਇਜ਼ੱਤਦਾਰ ਔਰਤ ਦਿਸਦੀ ਹੈ। ਹੁਣ ਕੋਈ ਵੀ ਉਹਦੇ ਵਿਚ ਉਹ ਨਹੀਂ ਦੇਖ ਸਕਦਾ (ਉਹਦੇ ਪਤੀ ਦੇ ਸਿਵਾ) ਜੋ ਪਹਿਲਾਂ ਹਰ ਕੋਈ ਵੇਖਦਾ ਸੀ, ਮੇਰਾ ਭਾਵ ਉਹਦੇ ਮੋਢੇ ਅਤੇ ਗਲੇ ਦੇ ਉਪਰਲ ਭਾਗ ਤੋਂ ਹੈ। ਹੁਣ ਉਹ ਬਿਲਕੁਲ ਕਾਲੇ ਜਾਂ ਭੂਰ ਰੰਗ ਦੇ ਗਾਉਨ ਪਹਿਨਦੀ ਹੈ, ਜਿਨ੍ਹਾਂ ਦੇ ਗਲੇ ਉਚੇ ਗਰਦਨ ਤਕ ਬਣੇ ਹੋਏ ਹੁੰਦੇ ਹਨ, ਇਹ ਲਿਬਾਸ ਉਹ ਹਨ। ਜਿਨ੍ਹਾਂ ਤੇ ਉਹ ਕੁਆਰਿਆਂ ਹੁੰਦਿਆਂ ਹੱਸਦੀ ਜਾਂ ਮਖੌਲ ਉਡਾਉਂਦੀ ਸੀ ਹੁਣ ਇਹੀ ਪਹਿਨਕੇ ਉਹ ਇਕ ਕੋਨੇ ਵਿਚ ਚੁਪਚਾਪ ਬੈਠੀ ਰਹਿੰਦੀ ਹੈ। ਉਹਦ ਖੁਸ਼ਕ ਚਿਟੇ ਹੱਥ (ਏਨੇ ਖੁਸ਼ਕ, ਕਿ ਉਹਦਾ ਇਕ ਇਕ ਰੌਆਂ ਵਿਖਾਈ ਦੇਂਦਾ ਹੈ) ਹਰ ਵੇਲੇ ਰੁਝੇ ਰਹਿੰਦੇ ਹਨ, ਜਾਂ ਤਾਂ ਉਹ ਹਰ ਸਮੇਂ ਕਢਾਈ ਕਰਦੀ ਹੈ ਜਾਂ ਫਿਰ ਕਾਂਊਟ ਲਈ ਉਹਦੀ

ਪਸੰਦ ਦੇ ਸਿਗਰਟ ਬਣਾਉਂਦੀ ਰਹਿੰਦੀ ਹੈ। ਜਦ ਕਦੀ ਉਹਦੀਆਂ ਨੀਲੀਆਂ ਅੱਖਾਂ ਆਪਣੇ ਕੰਮ ਤੇ ਨਾ ਹੋਣ, ਉਦੋਂ ਉਹ ਆਪਣੇ ਪਤੀ ਵੱਲ ਲੱਗੀਆਂ ਰਹਿੰਦੀਆਂ ਹਨ; ਅਤੇ ਉਨ੍ਹਾਂ ਵਿਚ ਉਹ ਮੂਕ ਤਾਬੇਦਾਰੀ ਦੀ ਭਾਵਨਾ ਹੁੰਦੀ ਹੈ, ਜੋ ਅਸੀਂ ਅਕਸਰ ਇਕ ਵਫ਼ਾਦਾਰ ਕੁੱਤੇ ਦੀਆਂ ਅੱਖਾਂ ਵਿਚ ਵੇਖਦੇ ਹਾਂ। ਉਹਦੇ ਇਸ ਬਰਫ਼ ਵਰਗੇ ਸਵੈ-ਕਾਬੂ ਦਾ ਪੰਘਾਰ ਮੈਂ ਇਕ ਦੋ ਵਾਰ ਵੇਖ ਚੁਕੀ ਹਾਂ: ਜਦੋਂ ਕਾਂਉਟ ਘਰ ਦੀ ਕਿਸੇ ਵੀ ਔਰਤ ਨਾਲ (ਨੌਕਰਾਣੀਆਂ ਨਾਲ ਵੀ) ਗੱਲ ਕਰਦਾ ਹੈ, ਤਾਂ ਮੈਡਮ ਦੀ ਸ਼ੇਰਨੀਆਂ ਵਰਗੀ ਈਰਖਾ ਜੋ ਦਬਾਈ ਹੋਈ ਹੈ, ਪ੍ਰਗਟ ਹੋ ਹੀ ਜਾਂਦੀ ਹੈ (ਬਸ ਅਜਿਹੇ ਵੇਲੇ ਉਸ ਵਿਚ ਜਾਨ ਦਿਸਦੀ ਹੈ, ਨਹੀਂ ਤਾਂ ਉਹ ਸਵੇਰ ਤੋਂ ਸ਼ਾਮ ਤੀਕ, ਦੁਪਹਿਰੀ ਰਾਤੀਂ, ਬਾਹਰ, ਅੰਦਰ ਹਰ ਚੰਗੇ ਅਤੇ ਭੈੜੇ ਮੌਸਮ ਵਿਚ ਇਵੇਂ ਬੇਜ਼ਾਨ ਅਤੇ ਠੰਡੀ ਜਾਪਦੀ ਹੈ, ਜਿਵੇਂ ਪੱਥਰ ਦਾ ਬੁੱਤ ਹੋਵੇ, ਅਤੇ ਏਨੀ ਅਛੇਦ ਜਿਵੇਂ ਉਹ ਪੱਥਰ, ਜਿਸ ਵਿਚੋਂ ਉਹਦਾ ਬੁੱਤ ਬਣਾਇਆ ਗਿਆ ਹੈ। ਸਮਾਜਕ ਦ੍ਰਿਸ਼ਟੀ ਕੋਣ ਤੋਂ ਵੇਖਿਆਂ ਇਹ ਪ੍ਰੀਵਰਤਨ ਭਲੇ ਲਈ ਹੀ ਹੋਇਆ ਹੈ, ਕਿਉਂਕਿ ਇਸ ਤਰ੍ਹਾਂ ਉਹ ਇਕ ਚੁੱਪ, ਤਮੀਜ਼ਦਾਰ ਅਤੇ ਕਿਸੇ ਦੇ ਕੰਮ ਨਾਲ ਵਾਸਤਾ ਨਾ ਰੱਖਣ ਵਾਲੀ ਔਰਤ ਵਿਚ ਬਦਲ ਗਈ ਹੈ ਜੋ ਕਿਸੇ ਦੇ ਰਾਹ ਵਿਚ ਰੋੜਾ ਨਹੀਂ ਬਣਦੀ। ਪਰ ਉਹ ਅੰਦਰ ਅੰਦਰ ਕਿੰਨੀ ਸੁਧਰੀ ਹੈ, ਜਾਂ ਅੱਗੇ ਨਾਲੋਂ ਵੀ ਨੀਵੀਂ ਹੋਈ ਹੈ, ਇਹ ਵੱਖਰਾ ਪ੍ਰਸ਼ਨ ਹੈ। ਮੈਂ ਇਕ ਦੋ ਵਾਰੀ ਉਹਦੇ ਬੰਦ ਪੀਚੇ ਹੋਏ ਬੁਲ੍ਹਾਂ ਉਤੇ ਅਜਿਹੇ ਭਾਵ ਨਿਕਲਦੇ ਵੇਖੇ ਹਨ, ਅਤੇ ਉਹਦੀ ਸ਼ਾਂਤ ਆਵਾਜ਼ ਵਿਚ ਅਜਿਹੀ ਕਰੜਾਈ ਮਹਿਸੂਸ ਕੀਤੀ ਹੈ, ਕਿ ਜਿਸ ਤੋਂ ਮੈਨੂੰ ਇਹ ਸ਼ੱਕ ਹੁੰਦਾ ਹੈ, ਕਿ ਉਹਦੀ ਇਸ ਦੱਬੀ ਹੋਈ ਸਥਿਤੀ ਨਾਲ ਬਹੁਤ ਸੰਭਵ ਹੈ ਕਿ ਉਹਦੇ ਸੁਭਾ ਦਾ ਉਹ ਲਾਵਾ ਦੱਬਿਆ ਗਿਆ ਹੈ, ਜੋ ਉਹਦੇ ਕੁਆਰਿਆਂ ਹੋਣ ਦੇ ਸਮੇਂ ਹਰ ਵੇਲੇ ਬਾਹਰ ਨਿਕਲਦਾ ਰਹਿੰਦਾ ਸੀ, ਪਰ ਹੁਣ ਦਬਾਇਆ ਜਾਣ ਕਰਕੇ ਵਧੇਰੇ ਖ਼ਤਰਨਾਕ ਹੋ ਗਿਆ ਹੈ। ਹੋ ਸਕਦਾ ਹੈ, ਮੇਰਾ ਅਨੁਮਾਨ ਗਲਤ ਹੋਵੇ, ਪਰ ਮੇਰਾ ਆਪਣਾ ਵਿਚਾਰ ਹੈ ਕਿ ਮੈਂ ਠੀਕ ਕਹਿ ਰਹੀ ਹਾਂ। ਪਰ ਵਕਤ ਆਪੇ ਦੱਸੇਗਾ ਕਿ ਉਹ ਕਿਹੋ ਜਿਹੀ ਹੈ।

ਅਤੇ ਉਹ ਜਾਦੂਗਰ, ਜਿਸ ਨੇ ਇਹ ਕਰਿਸ਼ਮਾ ਕਰ ਵਿਖਾਇਆ ਹੈ; ਉਹ ਜਿਸ ਨੇ ਇਹ ਕਾਯਾ ਪਲਟ ਕੀਤਾ ਹੈ; ਉਹ ਬਿਦੇਸ਼ੀ ਪਤੀ, ਜਿਸ ਨੇ ਇਸ ਕੱਬੀ ਅੰਗਰੇਜ਼ ਔਰਤ ਨੂੰ

ਇੰਜ਼ ਬਦਲ ਕੇ ਰੱਖ ਦਿੱਤਾ ਹੈ, ਕਿ ਉਹ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਉਹਨੂੰ ਪਛਾਣ ਨਹੀਂ ਸਕਦੇ - ਉਹ ਕਾਂਊਟ ਕਿਹੋ ਜਿਹਾ ਹੈ? ਉਸ ਬਾਰੇ ਕੀ ਕਹਿਣਾ ਚਾਹੀਦਾ ਹੈ?

ਉਸ ਬਾਰੇ ਇੰਨਾਂ ਹੀ ਕਹਿਣਾ ਕਾਫੀ ਹੈ ਕਿ ਉਹ ਅਜਿਹਾ ਆਦਮੀ ਦਿਸਦਾ ਹੈ, ਜੋ ਹਰ ਇਕ ਚੀਜ ਨੂੰ ਕਾਬੂ ਕਰ ਸਕਦਾ ਹੈ। ਜੇ ਉਹ ਇਕ ਸ਼ੇਰਨੀ ਨਾਲ ਵਿਆਹ ਕਰਦਾ ਤਾਂ ਉਹਨੇ ਸ਼ੇਰਨੀ ਨੂੰ ਵੀ ਪਾਲਤੂ ਬਣਾ ਲੈਣਾ ਸੀ। ਜੇ ਉਹ ਮੇਰੇ ਨਾਲ ਵਿਆਹ ਕਰਦਾ, ਤਾਂ ਮੈਂ ਵੀ ਉਹਦੇ ਸਿਗਰਟ ਇੰਜ਼ ਹੀ ਬਣਾਉਂਦੀ, ਜਿਵੇਂ ਉਹਦੀ ਪਤਨੀ ਹੁਣ ਬਣਾਉਂਦੀ ਰਹਿੰਦੀ ਹੈ ਜਦੋਂ ਉਹ ਮੇਰ ਵੱਲ ਵੇਖਦਾ, ਮੈਂ ਵੀ ਬੋਲਦੀ-ਬੋਲਦੀ ਉਵੇਂ ਹੀ ਰੁਕ ਜਾਂਦੀ ਜਿਵੇਂ ਉਹ ਰੁਕ ਜਾਂਦੀ ਹੈ।

ਮੈਂ ਇਹ ਗੱਲ ਮੰਨਣੋਂ ਡਰਦੀ ਹਾਂ, ਇਥੋਂ ਤੀਕ ਕਿ ਆਪਣੀ ਡਾਇਰੀ ਦੇ ਇਨ੍ਹਾਂ ਪੰਨਿਆਂ ਵਿਚ ਵੀ ਇਹ ਲਿਖਣ ਤੋਂ ਡਰਦੀ ਹਾਂ। ਉਸ ਆਦਮੀ ਵਿਚ ਮੈਨੂੰ ਦਿਲਚਸਪੀ ਹੈ, ਮੈਂ ਉਹਦੇ ਵੱਲ ਖਿੱਚੀ ਗਈ ਹਾਂ ਅਤੇ ਉਸਨੂੰ ਪਸੰਦ ਕਰਨ ਦੇ ਲਈ ਮਜ਼ਬੂਰ ਹੋ ਗਈ ਹਾਂ। ਦੋ ਦਿਨਾਂ ਦੇ ਥੋੜ੍ਹੇ ਸਮੇਂ ਵਿਚ ਹੀ ਉਹਨੇ ਮੇਰਾ ਸਤਿਕਾਰ ਜਿੱਤ ਲਿਆ ਹੈ-ਅਤੇ ਉਹਨੇ ਇਹ ਕਰਾਮਾਤ ਕਿਵੇਂ ਕੀਤੀ ਹੈ, ਇਹ ਦੱਸਣ ਤੋਂ ਮੈਂ ਅਸਮਰਥ ਹਾਂ।

ਹੁਣ ਜਦੋਂ ਮੈਂ ਉਹਦੀ ਗੱਲ ਕਰ ਰਹੀ ਹਾਂ, ਜਦੋਂ ਉਹ ਮੇਰ ਖਿਆਲਾਂ ਵਿਚ ਹੈ, ਮੈਂ ਇਹ ਵੇਖ ਕੇ ਸੱਚਮੁੱਚ ਤਥਕ ਉਠੀ ਹਾਂ ਕਿ ਮੈਂ ਕਿਵੇਂ ਸਾਫ਼ ਉਸ ਨੂੰ ਵੇਖ ਸਕਦੀ ਹਾਂ। ਇੰਨੇ ਸਪੱਸ਼ਟ ਰੂਪ ਵਿਚ, ਮੈਂ ਸਰ ਪਰਸੀਵਲ, ਮਿਸਟਰ ਫ਼ੇਅਰਲੀ ਜਾਂ ਵਾਲਟਰ ਹਾਰਟਰਾਈਟ ਜਾਂ ਹੋਰ ਵੀ ਕਿਸੇ ਗੈਰ-ਹਾਜ਼ਰ ਮਿੱਤਰ ਨੂੰ, ਸਿਵਾਏ ਲਾਰਾ ਦੇ ਪ੍ਰਤੀਬਿੰਬ ਨੂੰ ਛੱਡ ਕੇ, ਆਪਣੇ ਦਿਲ ਦਿਮਾਗ ਵਿਚ ਨਹੀਂ ਵੇਖ ਸਕਦੀ; ਮੈਨੂੰ ਉਹਦੀ ਆਵਾਜ ਇੰਜ਼ ਸੁਣਾਈ ਦੇ ਰਹੀ ਹੈ, ਜਿਵੇਂ ਉਹ ਇਸੇ ਪਲ ਬੋਲਿਆ ਹੋਵੇ: ਉਹਦੀ ਕੱਲ ਕੀਤੀ ਗੱਲਬਾਤ ਮੈਨੂੰ ਇੰਜ਼ ਪਤਾ ਹੈ ਜਿਵੇਂ ਮੈਂ ਉਹਨੂੰ ਹੁਣੇ ਸੁਣ ਰਹੀ ਹੋਵਾਂ। ਮੈਂ ਉਹਦਾ ਕਿਵੇਂ ਵਰਨਣ ਕਰਾਂ? ਉਹਦੀ ਸ਼ਕਲ ਸੂਰਤ, ਆਦਤ ਅਤੇ ਦਿਲ ਪਰਚਾਵੇ ਦਾ ਢੰਗ ਸਭ ਅਜੀਬ ਕਿਸਮ ਦੇ ਹਨ; ਜੇ ਮੈਂ ਇਹ ਕੁਛ ਕਿਸੇ ਹੋਰ ਪੁਰਸ਼ ਵਿਚ ਵੇਖਦੀ, ਤਾਂ ਮੈਂ ਨਿਡਰ ਹੋ ਕੇ ਉਹਨੂੰ ਉਹਦੇ ਨੁਕਸ ਦੱਸਦੀ, ਜਾਂ ਉਸਦਾ

ਬਿਨਾਂ ਕਿਸੇ ਲਿਹਾਜ ਦੇ ਮਖੌਲ ਉਡਾਉਂਦੀ। ਪਰ ਉਸ ਵਿਚ ਕੀ ਹੈ, ਜਿਸ ਕਰਕੇ ਨਾਂ ਤੇ ਮੈਂ ਉਹਨੂੰ ਉਹਦੇ ਨੁਕਸ ਦੱਸ ਸਕਦੀ ਹਾਂ ਅਤੇ ਨਾ ਹੀ ਉਹਦਾ ਮਖੌਲ ਉਡਾ ਸਕਦੀ ਹਾਂ।

ਉਦਾਹਰਣ ਦੇ ਤੌਰ ਤੇ, ਉਹ ਹਦੋਂ ਵਧ ਮੋਟਾ ਹੈ। ਹੁਣ ਤੋਂ ਪਹਿਲਾ, ਮੈਂ ਮੋਟੇ ਮਨੁੱਖਾਂ ਨੂੰ ਸਦਾ ਘ੍ਰਿਣਾ ਕਰਿਆ ਕਰਦੀ ਸਾਂ। ਮੈਂ ਸਦਾ ਇਸ ਵਿਚਾਰ ਦੀ ਰਹੀ ਹਾਂ, ਕਿ, ਜੋ ਅਕਸਰ ਕਿਹਾ ਜਾਂਦਾ ਹੈ ਕਿ ਮੋਟੇ ਆਦਮੀ ਹਮੇਸ਼ਾਂ ਖੁਸ਼-ਰਹਿਣੇ ਹੁੰਦੇ ਹਨ, ਇਹ ਕਹਿਣ ਦੇ ਬਰਾਬਰ ਹੈ, ਕਿ ਸਿਰਫ ਖੁਸ਼ ਰਹਿਣੇ ਆਦਮੀ ਹੀ ਮੋਟੇ ਹੁੰਦੇ ਹਨ, ਜਾਂ ਕੁਝ ਪੌਂਡਾਂ ਦੇ ਵਧਣ ਦਾ ਇਹ ਪ੍ਰਭਾਵ ਹੁੰਦਾ ਹੈ, ਕਿ ਉਹ ਲੋਕ ਜਿਨ੍ਹਾਂ ਦੇ ਜਿਸਮ ਦਾ ਭਾਰ ਵਧਦਾ ਹੈ, ਉਨ੍ਹਾਂ ਦਾ ਸਭਾਅ ਵੀ ਚੰਗਾ ਅਤੇ ਮਿਲਾਪੜਾ ਹੋ ਜਾਂਦਾ ਹੈ। ਮੈਂ ਇਨ੍ਹਾਂ ਦੋਹਾਂ ਮੂਰਖਤਾ ਭਰੀਆਂ ਦਲੀਲਾਂ ਦੀ ਸਦਾ ਉਦਾਹਰਣਾ ਸਹਿਤ ਵਿਰੋਧਤਾ ਕੀਤੀ ਹੈ; ਉਨ੍ਹਾਂ ਮੋਟੇ ਆਦਮੀਆਂ ਦੀ ਉਦਾਹਰਣ ਦਿੱਤੀ ਹੈ, ਜੋ ਉਸ ਤਰ੍ਹਾਂ ਜ਼ਾਲਮ, ਖੱਟੇ ਤੇ ਕਮੀਨੇ ਹੁੰਦੇ ਹਨ, ਜਿਵੇਂ ਕਿ ਉਨ੍ਹਾਂ ਦਾ ਪਤਲੇ ਤੋਂ ਪਤਲਾ ਗਵਾਂਢੀ ਹੋ ਸਕਦਾ ਹੈ। ਮੈਂ ਇਹ ਪੁਛਿਆ ਕਰਦਾ ਸਾਂ, ਕਿ ਹੈਨਰੀ ਅਠਵਾਂ ਕਿੰਨਾ ਕੁ ਮਿਲਾਪੜਾ ਅਤੇ ਹੱਸਮੁਖ ਸੀ? ਕੀ ਛੇਵਾਂ ਪੌਪ ਅਲੈਗਜ਼ੈਂਡਰ ਇਕ ਚੰਗਾ ਮਨੁੱਖ ਸੀ? ਕੀ ਮਿਸਟਰ ਅਤੇ ਮਿਸਿਜ਼ ਮੈਨਿੰਗ ਜੋ ਕਾਤਲ ਸਨ, ਦੋਵੇਂ ਹੱਦੋਂ ਵਧ ਮੋਟੇ ਨਹੀਂ ਸਨ? ਇੰਗਲੈਂਡ ਵਿਚ ਜਿਨ੍ਹਾਂ ਦਾਈਆਂ ਨੂੰ ਬੜਾ ਜ਼ਾਲਮ ਕਿਹਾ ਜਾਂਦਾ ਹੈ, ਉਹ ਸਾਰੇ ਇੰਗਲੈਂਡ ਦੀਆਂ ਔਰਤਾਂ ਤੋਂ ਮੋਟੀਆਂ ਨਹੀਂ? ਅਤੇ ਇਸੇ ਤਰ੍ਹਾਂ ਕਈ ਦਰਜਨਾਂ ਪ੍ਰਾਚੀਨ, ਆਧੁਨਿਕ, ਦੇਸ਼ੀ, ਬਿਦੇਸ਼ੀ ਅਮੀਰਾਂ ਅਤੇ ਗਰੀਬਾਂ ਦੀਆਂ ਉਦਾਹਰਣਾ ਰਾਹੀਂ ਇਹ ਦਲੀਲ ਜਾਰੀ ਰੱਖੀ ਜਾ ਸਕਦੀ ਹੈ। ਇਸ ਵਿਸ਼ੇ ਤੇ ਮੇਰੀ ਇੰਨੀ ਦ੍ਰਿੜ ਰਾਏ ਸੀ, ਪਰ ਤਾਂ ਵੀ ਕਾਂਊਟ ਫ਼ੋਸਕੋ ਜਾਂ ਹੈਨਰੀ ਅੱਠਵੇਂ ਜਿੰਨਾ ਹੀ ਮੋਟਾ ਹੈ, ਇਕ ਦਿਨ ਦੇ ਥੋੜੇ ਸਮੇਂ ਵਿਚ ਹੀ ਮੇਰੇ ਸਤਿਕਾਰ ਦਾ ਪਾਤਰ ਬਣ ਗਿਆ ਹੈ, ਅਤੇ ਉਸ ਦੇ ਮੋਟਾਪ ਨੇ ਮੇਰੇ ਦਿਲ ਵਿਚ ਕੋਈ ਖਿਆਲ ਜਾਂ ਉਜ਼ਰ ਨਹੀਂ ਆਉਣ ਦਿਤਾ। ਸਚਮੁਚ ਕਮਾਲ ਹੈ !

ਕੀ ਇਹ ਉਹਦੇ ਚਿਹਰੇ ਦਾ ਜਾਦੂ ਹੈ? ਹੋ ਸਕਦਾ ਹੈ, ਇਹ ਉਹਦੇ ਚਿਹਰੇ ਦਾ ਹੀ ਪ੍ਰਭਾਵ ਹੋਵੇ? ਉਹਦੀ ਸ਼ਕਲ ਮਹਾਨ ਨੈਪੋਲੀਅਨ ਨਾਲ ਬਹੁਤ ਮਿਲਦੀ ਜੁਲਦੀ ਹੈ, ਪਰ

ਇਕ ਵੱਡੇ ਆਕਾਰ ਵਿਚ ਉਹਦੇ ਨਕਸ਼ ਨੈਪੋਲੀਅਨ ਦੇ ਨਕਸ਼ਾਂ ਵਾਂਗ ਬੜੇ ਹੀ ਸੁਡੋਲ ਹਨ: ਉਹਦੇ ਚਿਹਰੇ ਤੋਂ ਮਹਾਨ ਸਿਪਾਹੀ ਦੇ ਚਿਹਰੇ ਵਾਂਗ ਇਕ ਮਹਾਨ ਸ਼ਕਤੀ ਝਲਕਦੀ ਹੈ ਅਤੇ ਉਹ ਬੜਾ ਸ਼ਾਂਤ ਹੈ। ਸ਼ੁਰੂ ਵਿਚ ਇਸ ਸ਼ਕਲ ਦੇ ਮਿਲਣ ਕਰਕੇ ਹੀ ਮੈਂ ਬੜੀ ਪ੍ਰਭਾਵਿਤ ਹੋਈ ਸਾਂ। ਮੇਰਾ ਖਿਆਲ ਹੈ। ਕਿ ਜੋ ਜਾਦੂ ਮੈਂ ਲੱਭ ਰਹੀ ਹਾਂ, ਉਹ ਅੱਖਾਂ ਵਿਚ ਹੈ। ਅਜਿਹੀਆਂ ਭੂਰੀਆਂ ਅਤੇ ਡੂੰਘੀਆਂ ਅਥਾਹ ਅੱਖਾਂ ਮੈਂ ਅਜੇ ਤੀਕ ਨਹੀਂ ਵੇਖੀਆਂ ਅਤੇ ਕਈ ਵਾਰ ਉਨ੍ਹਾਂ ਵਿਚ ਇਕ ਅਜਿਹੀ ਸੁੰਦਰ ਚਮਕ ਹੁੰਦੀ ਹੈ, ਜਿਸਦਾ ਪ੍ਰਭਾਵ ਬੇਰੋਕ ਹੁੰਦਾ ਹੈ, ਅਤੇ ਮੈਂ ਮਜ਼ਬੂਰ ਹੋ ਜਾਂਦੀ ਹਾਂ ਕਿ ਉਸ ਵੱਲ ਵੇਖਾਂ ਪਰ ਜਦੋਂ ਮੈਂ ਉਸ ਵੱਲ ਵੇਖਦੀ ਹਾਂ, ਮੈਨੂੰ ਅਜਿਹਾ ਕੁਝ ਮਹਿਸੂਸ ਹੁੰਦਾ ਹੈ, ਜੋ ਮੈਂ ਮਹਿਸੂਸ ਕਰਨਾ ਨਹੀਂ ਚਾਹੁੰਦੀ। ਉਹਦੇ ਮੂੰਹ ਦੇ ਹੋਰ ਭਾਗਾਂ ਅਤੇ ਉਹਦੇ ਸਿਰ ਦੀਆਂ ਆਪਣੀਆ ਹੀ ਵਿਸ਼ੇਸ਼ਤਾਈਆਂ ਹਨ। ਉਹਦਾ ਰੰਗ ਪੀਲਾ ਹੈ, ਜੋ ਉਹਦੇ ਵਾਲਾਂ ਦੇ ਗੂੜੇ ਭਰੇ ਰੰਗ ਨਾਲ ਉੱਕਾ ਹੀ ਮੇਲ ਨਹੀਂ ਖਾਂਦਾ, ਇਸੇ ਲਈ ਕਦੀ ਮੈਨੂੰ ਇਹ ਸ਼ੱਕ ਹੁੰਦਾ ਹੈ ਕਿ ਇਹ ਵਾਲ ਉਹਦੇ ਆਪਣੇ ਨਹੀਂ, ਉਹਨੇ ਬਨਾਵਟੀ ਵਾਲਾਂ ਦੀ ਟੋਪੀ ਪਹਿਨੀ ਹੋਈ ਹੈ; ਉਹਦਾ ਚਿਹਰਾ ਜਿਸਦੀ ਬੜੀ ਸਫਾਈ ਨਾਲ ਹਜਾਮਤ ਕੀਤੀ ਹੋਈ ਹੈ, ਮੇਰੇ ਚਿਹਰੇ ਤੋਂ ਵੀ ਮੁਲਾਇਮ ਹੈ ਅਤੇ ਉਸ ਤੋਂ ਇਕ ਵੀ ਝੁਰੜੀ ਨਹੀਂ, ਭਾਵੇਂ (ਸਰ ਪਰਸੀਵਲ ਦੇ ਹਿਸਾਬ ਅਨੁਸਾਰ) ਉਹ ਸੱਠਾਂ ਦੇ ਨੇੜੇ ਤੇੜੇ ਹੈ। ਪਰ ਸਿਰਫ ਇਹੀ ਸਭ ਗੱਲਾਂ ਜੋ ਉਹਦੇ ਸਭਾਅ ਦੇ ਮੋਟੇ ਮੋਟੇ ਲੱਛਣ ਹਨ, ਉਹਨੂੰ ਹੋਰ ਪੁਰਸ਼ਾਂ ਤੋਂ, ਜੋ ਮੈਂ ਵੇਖੇ ਹੋਏ ਹਨ, ਨਹੀਂ ਨਿਖੇੜਦੇ। ਹੋਰਨਾਂ ਤੋਂ ਜੋ ਉਹਨੂੰ ਵੱਖ ਕਰਦੀ ਹੈ, ਉਹ ਜਿਥੋਂ ਤਕ ਮੈਂ ਹੁਣ ਕਹਿ ਸਕਦੀ ਹਾਂ, ਉਹਦੀਆਂ ਅੱਖਾਂ ਦੀ ਆਸਾਧਾਰਣ ਸ਼ਕਤੀ ਹੈ, ਅਤੇ ਉਨ੍ਹਾਂ ਦਾ ਅਨੂਠਾ ਭਾਵ ਹੈ।

ਉਹਦੇ ਤੌਰ ਤਰੀਕੇ ਅਤੇ ਸਾਡੀ ਬੋਲੀ ਤੇ ਉਹਦੇ ਕਾਬੂ ਨੇ ਭੀ ਉਹਨੂੰ ਕੁਝ ਹੱਦ ਤੀਕ ਮੈਨੂੰ ਪ੍ਰਭਾਵਿਤ ਕਰਨ ਵਿਚ ਸਹਾਇਤਾ ਦਿੱਤੀ ਹੋਵੇਗੀ। ਉਹ ਔਰਤਾਂ ਦੀ ਗੱਲ ਸੁਣਨ ਵੇਲੇ ਸਤਿਕਾਰ ਦਰਸਾਉਂਦਾ ਹੈ, ਅਤੇ ਉਨ੍ਹਾਂ ਦੀ ਗੱਲ ਬੜੇ ਧਿਆਨ ਨਾਲ ਸੁਣਦਾ ਹੈ, ਅਤੇ ਉਨ੍ਹਾਂ ਨਾਲ ਗੱਲ ਕਰਨ ਸਮੇਂ ਉਹਦੀ ਆਵਾਜ਼ ਵਿਚ ਇਕ ਅਜਿਹੀ ਮਿਠਾਸ ਅਤੇ ਕੋਮਲਤਾ ਹੁੰਦੀ ਹੈ ਜੋ ਅਸੀਂ ਭਾਵੇਂ ਕੀ ਆਖੀਏ ਸਾਡੇ ਤੋਂ ਇਕ ਜਾਦੂ ਕਰ ਦੇਂਦੀ ਹੈ ਅਤੇ ਇਥੋਂ ਹੀ ਉਹਦਾ ਅੰਗਰੇਜ਼ੀ ਬੋਲਣ ਦਾ ਢੰਗ ਉਹਦੀ ਸਹਾਇਤਾ ਕਰਦਾ ਹੈ। ਮੈਂ ਇਹ ਸੁਣਿਆ ਹੋਇਆ ਸੀ, ਕਿ ਇਤਾਲਵੀ ਲੋਕ ਸਾਡੀ ਉਤਰੀ ਭਾਸ਼ਾ ਨੂੰ ਸ਼ੁੱਧ ਬੋਲਣ ਵਿਚ ਕਮਾਲ ਕਰਦੇ

ਹਨ; ਪਰ ਜਦੋਂ ਠੀਕ ਮੈਂ ਕਾਂਊਟ ਫੋਸਕੋ ਨੂੰ ਨਹੀਂ ਵੇਖਿਆ, ਮੈਂ ਕਦੀ ਸੋਚ ਵੀ ਨਹੀਂ ਸਾਂ ਸਕਦੀ ਕਿ ਕੋਈ ਬਿਦੇਸ਼ੀ ਇਸ ਤਰ੍ਹਾਂ ਅੰਗਰੇਜ਼ੀ ਬੋਲ ਸਕਦਾ ਹੈ। ਕਈ ਵਾਰ ਤਾਂ ਉਹਦੇ ਬੋਲਣ ਦੇ ਲਹਿਜੇ ਤੋਂ ਕੋਈ ਇਹ ਨਹੀਂ ਕਹਿ ਸਕਦਾ ਸੀ ਕਿ ਉਹ ਅੰਗਰੇਜ਼ ਨਹੀਂ; ਅਤੇ ਜਿਥੋਂ ਤੀਕ ਬੋਲਣ ਦੀ ਰਵਾਨਗੀ ਦਾ ਸਵਾਲ ਹੈ, ਜਿਸ ਤਰ੍ਹਾਂ ਉਹ ਬਿਨਾਂ ਰੁਕੇ ਅਤੇ ਬਿਨਾਂ ਦੁਰਹਾਏ ਬੋਲਦਾ ਚਲਾ ਜਾਂਦਾ ਹੈ ਬਹੁਤ ਘਟ ਅੰਗਰੇਜ਼ ਉਵੇ ਬੋਲ ਸਕਦੇ ਹਨ। ਉਹਦੇ ਵਾਲਾਂ ਦੀ ਬਨਾਵਟ ਵਿਦੇਸ਼ੀ ਢੰਗ ਦੀ ਹੋ ਸਕਦੀ ਹੈ; ਪਰ ਮੈਂ ਉਹਨੂੰ ਅਜੇ ਤੀਕ ਕੋਈ ਗਲਤ ਮੁਹਾਵਰਾ ਵਰਤਦਿਆਂ ਅਤੇ ਗਲਤ ਸ਼ਬਦ ਚੁਣਦਿਆ ਨਹੀਂ ਸੁਣਿਆ।

ਇਸ ਅਨੋਖੇ ਪੁਰਸ਼ ਦੀਆਂ ਸਭ ਨਿੱਕੀਆਂ ਨਿੱਕੀਆਂ ਆਦਤਾਂ ਵੀ ਵਿਚਿੱਤ੍ਰ ਹਨ, ਅਤੇ ਇਕ ਆਦਤ ਦੂਜੀ ਆਦਤ ਦੇ ਉੱਕਾ ਹੀ ਵਿਪਰੀਤ ਹੈ। ਉਹ ਵੱਡੀ ਉਮਰ ਦਾ ਹੋਣ ਦੇ ਨਾਲ ਇੰਨਾਂ ਮੋਟਾ ਵੀ ਹੈ ਤਾਂ ਵੀ ਉਹ ਤੁਰਨ ਫਿਰਨ ਵਿਚ ਹਦੋਂ ਵਧ ਛੁਹਲਾ ਅਤੇ ਆਸ਼ਚਰਯਜਨਕ ਹੱਦ ਤੀਕ ਚੁਸਤ ਹੈ। ਉਹ ਕਮਰੇ ਵਿਚ ਸਾਡੇ ਔਰਤਾਂ ਵਾਂਗ ਰਤਾ ਵੀ ਖੜਾਕ ਨਹੀਂ ਕਰਦਾ; ਅਤੇ ਆਪਣੀ ਮਾਨਸਕ ਸ਼ਕਤੀ, ਅਤੇ ਦ੍ਰਿੜਤਾ ਦੇ ਨਾਲ ਨਾਲ ਉਹ ਕਮਜ਼ੋਰ ਤੋਂ ਕਮਜ਼ੋਰ ਔਰਤ ਵਾਂਗ ਸੰਵੇਦਨਸ਼ੀਲ ਵੀ ਹੈ। ਉਹ ਕਿਸੇ ਅਚਾਨਕ ਖੜਾਕ ਤੇ ਲਾਰਾ ਵਾਂਗ ਹੀ ਤ੍ਰਹਿ ਜਾਂਦਾ ਹੈ, ਜਦੋਂ ਕੱਲ ਸਰ ਪਰਸੀਵਲ ਨੇ ਆਪਣੇ ਇਕ ਸਪੇਨੀਅਲ ਨੂੰ ਮਾਰਿਆ ਤਾਂ ਉਹ ਕੋਲ ਬੈਠਾ ਇੰਜ਼ ਕੰਬਦਾ ਅਤੇ ਥਰਥਰਾਉਂਦਾ ਸੀ, ਕਿ ਮੈਂ ਆਪਣੇ ਵਿਚ ਕੋਮਲਤਾ ਦੀ ਘਾਟ ਕਰਕੇ ਸ਼ਰਮਿੰਦੀ ਹੋ ਗਈ ਸਾਂ। ਕਾਂਊਟ ਦੇ ਮੁਕਾਬਲੇ ਤੇ ਮੇਰੇ ਮਨ ਵਿਚ ਇਹ ਕੋਮਲਤਾ ਕੁਝ ਘੱਟ ਹੈ।

ਇਸ ਅਖੀਰਲੀ ਗੱਲ ਦੇ ਸੁਨਾਉਣ ਨਾਲ ਮੈਨੂੰ ਉਹਦੀ ਸਭ ਤੋਂ ਵੱਡੀ ਵਿਸ਼ੇਸ਼ਤਾਈ ਅਤੇ ਉਸ ਅਨੋਖੇਪਨ ਦਾ ਖਿਆਲ ਆ ਗਿਆ ਹੈ, ਜੋ ਮੈਂ ਅਜੇ ਤਕ ਬਿਆਨ ਨਹੀਂ ਕੀਤਾ-ਉਹਦਾ ਪਾਲਤੂ ਜਾਨਵਰਾਂ ਨਾਲ ਆਸਾਧਾਰਣ ਪਿਆਰ।

ਕੁਝ ਪਾਲਤੂ ਜਾਨਵਰ ਉਹ ਪਿੱਛੇ ਮਹਾਂ-ਦੀਪ ਵਿਚ ਛੱਡ ਆਇਆ ਹੈ; ਪਰ ਉਹ ਇਸ ਘਰ ਵਿਚ ਇਕ ਮੈਨਾ, ਦੋ ਪੀਲੇ ਰੰਗ ਦੀਆਂ ਗੋਣ ਵਾਲੀਆਂ ਚਿੜੀਆਂ, ਅਤੇ ਚਿੱਟੇ ਚੂਹਿਆਂ ਦਾ ਇਕ ਪੂਰਾ ਟੱਬਰ ਆਪਣੇ ਨਾਲ ਲਿਆਇਆ ਹੈ। ਉਹ ਆਪਣੇ ਪਿਆਰੇ ਜਾਨਵਰਾਂ ਦੀ ਹਰ ਜ਼ਰੂਰਤ ਦਾ ਆਪ ਧਿਆਨ ਰੱਖਦਾ ਹੈ; ਅਤੇ ਉਹਨੇ ਇਨ੍ਹਾਂ ਜਾਨਵਰਾਂ ਨੂੰ

ਸਿਖਾਇਆ ਹੈ ਕਿ ਉਹ ਉਹਨੂੰ ਹਦੋਂ ਵਧ ਪਿਆਰ ਕਰਨ। ਮੈਨਾ, ਜੋ ਹਰ ਇਕ ਨੂੰ ਧੋਖਾ ਦੇਂਦੀ ਹੈ, ਅਤੇ ਖੱਟੇ ਦਿਲ ਵਾਲੀ ਹੁੰਦੀ ਹੈ, ਕਾਂਊਟ ਨੂੰ ਬਹੁਤ ਹੀ ਪਿਆਰ ਕਰਦੀ ਹੈ। ਜਦੋਂ ਉਹ ਇਹਨੂੰ ਇਹਦੇ ਵੱਡੇ ਪਿੰਜਰ ਵਿਚੋਂ ਬਾਹਰ ਕੱਢਦਾ ਹੈ ਤਾਂ ਉਹ ਕੁੱਦ ਕੇ ਉਹਦੇ ਮੋਡੇ ਉਤੇ ਬੈਠ ਜਾਦੀ ਹੈ; ਅਤੇ ਆਪਣੀਆਂ ਨਹੁੰਦਰਾਂ ਨਾਲ ਉਹਦੇ ਮੋਟੇ ਜਿਸਮ ਤੇ ਚੜ੍ਹਦੀ ਚੜ੍ਹਦੀ ਉਹਦੀ ਪੀਲੀ ਦੂਹਰੀ ਠੋਢੀ ਵਿਚ ਆਪਣਾ ਸਿਰ ਘੁਸੇੜਦੀ, ਉਹਨੂੰ ਇੰਜ਼ ਪਿਆਰ ਨਾਲ ਪਲੋਸਦੀ ਹੈ, ਕਿ ਕੋਈ ਕਲਪਨਾ ਵੀ ਨਹੀਂ ਕਰ ਸਕਦਾ। ਉਹਦਾ ਪੀਲੀਆਂ ਚਿੜੀਆਂ ਦੇ ਪਿੰਜਰੇ ਦਾ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਬੁਲਾਉਣ ਦੀ ਦੇਰ ਹੁੰਦੀ ਹੈ ਕਿ ਉਹ ਸੋਹਣੀਆਂ, ਚਾਲਾਕ ਅਤੇ ਸਿਖਾਈਆਂ ਹੋਈਆਂ ਚਿੜੀਆਂ ਉਹਦੇ ਹੱਥ ਉਤੇ ਨਿਡਰ ਹੋਕੇ ਬੈਠ ਜਾਂਦੀਆਂ ਹਨ; ਅਤੇ ਜਦੋਂ ਉਹ ਉਨ੍ਹਾਂ ਨੂੰ ਉਪਰ ਚੜ੍ਹਨ ਲਈ ਕਹਿੰਦਾ ਹੈ, ਤਾਂ ਉਹਦੀਆਂ ਮੋਟੀਆਂ ਉਂਗਲਾਂ ਉਤੇ ਵਾਰ ਵਾਰੀ ਚੜ੍ਹਦੀਆਂ ਹਨ, ਅਤੇ ਉਪਰਲੀ ਉਂਗਲ ਤੇ ਚੜ ਜਾਣ ਉਤੇ ਦੀ ਖੁਸ਼ੀ ਵਿਚ ਦੋਵੇਂ ਇਕੱਠੀਆਂ ਇੰਜ਼ ਗੌਂਦੀਆਂ ਹਨ ਕਿ ਜਾਪਦਾ ਹੈ ਉਨ੍ਹਾਂ ਦੇ ਗਲੇ ਫੱਟ ਜਾਣਗੇ। ਉਹਦੇ ਚਿੱਟੀਆਂ ਚੂਹੀਆਂ ਦਾ ਘਰ ਮੰਦਰ ਦੀ ਸ਼ਕਲ ਦਾ ਹੈ ਅਤੇ ਉਹਨੇ ਆਪ ਇਸਨੂੰ ਤਾਰਾਂ ਨਾਲ ਬਣਾ ਕੇ ਰੰਗ ਕੀਤਾ ਹੈ। ਉਹ ਵੀ ਉਸੇ ਤਰ੍ਹਾਂ ਪਾਲਤੂ ਹਨ ਜਿਵੇਂ ਉਹਦੀਆਂ ਚਿੜੀਆਂ, ਅਤੇ ਉਹ ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਬਾਹਰ ਕਢਦਾ ਹੈ, ਜਿਵੇਂ ਚਿੜੀਆਂ ਨੂੰ। ਉਹ ਉਹਦੇ ਉਪਰ ਚੜ੍ਹਦੇ, ਉਹਦੀ ਵਾਸਕਟ ਦੀਆਂ ਜੇਬਾਂ ਵਿਚ ਅੰਦਰ ਬਾਹਰ ਵੜਦੇ, ਅਤੇ ਜੋੜੀਆਂ ਬਣਾ ਕੇ ਉਹਦੇ ਚੌੜੇ ਮੋਢਿਆ ਉਤੇ ਆ ਬੈਠਦੇ। ਉਨ੍ਹਾਂ ਦਾ ਰੰਗ ਬਰਫ ਵਾਂਗ ਚਿੱਟਾ ਸੀ। ਉਹਨੂੰ ਆਪਣੇ ਸਾਰੇ ਜਾਨਵਰਾਂ ਨਾਲੋਂ ਚੂਹਿਆਂ ਨਾਲ ਵਧ ਪਿਆਰ ਹੈ, ਉਨ੍ਹਾਂ ਉਤੇ ਮੁਸਕਰਾਂਦਾ, ਉਨ੍ਹਾ ਨੂੰ ਚੁੰਮਦਾ ਅਤੇ ਕਈ ਪਿਆਰ ਦੇ ਨਾਵਾਂ ਨਾਲ ਉਨ੍ਹਾਂ ਨੂੰ ਆਵਾਜਾਂ ਮਾਰਦਾ ਹੈ। ਜੇ ਕਦੀ ਇਹ ਸੋਚਣਾ ਸੰਭਵ ਹੋਵੇ ਕਿ ਕਿਸੇ ਅੰਗਰੇਜ਼ ਦੇ ਅਜਿਹੇ ਬਚਕਾਨਾ ਸ਼ੌਂਕ ਹੋ ਸਕਦੇ ਹਨ ਅਤੇ ਉਹ ਇਸ ਢੰਗ ਨਾਲ ਆਪਣਾ ਜੀ ਪਰਚਾਵਾਂ ਕਰ ਸਕਦਾ ਹੈ, ਤਾਂ ਉਹ ਅੰਗਰੇਜ਼ ਜ਼ਰੂਰ ਸ਼ਰਮਿੰਦਾ ਹੋ ਕੇ ਆਪਣੇ ਸਿਆਣੇ ਸਾਥੀਆਂ ਦੇ ਬਚਕਾਨਾਂ ਰੁਚੀਆਂ ਲਈ ਖਿਮਾਂ ਮੰਗੇਗਾ। ਪਰ ਸਪੱਸ਼ਟ ਹੈ ਕਿ ਕਾਂਊਟ ਨੂੰ ਆਪਣੇ ਏਨੇ ਵੱਡੇ ਜ਼ਿਸਮ ਅਤੇ ਇਨ੍ਹਾਂ ਕਮਜ਼ੋਰ ਪਾਲਤੂ ਜਾਨਵਰਾਂ ਦੀ ਅਸਮਾਨਤਾ ਕੋਈ ਓਪਰੀ ਨਹੀਂ ਦਿਸਦੀ। ਉਹ ਲੂੰਬੜੀ ਦਾ ਸ਼ਿਕਾਰ ਕਰਨ ਵਾਲੇ ਅੰਗਰੇਜ਼ ਮਿੱਤਰਾਂ ਦੇ

ਵਿਚਕਾਰ ਬੈਠਕੇ, ਬਿਨਾਂ ਕਿਸੇ ਝਿਜਕ ਦੇ ਆਪਣੇ ਚਿੱਟਿਆਂ ਚੂਹਿਆਂ ਨੂੰ ਚੁੰਮਦਾ ਚਿੜੀਆਂ ਨਾਲ ਤੋਤਲੀਆਂ ਗੱਲਾਂ ਕਰਦਾ ਅਤੇ ਜਦੋਂ ਅੰਗਰੇਜ਼ ਸ਼ਿਕਾਰੀ ਉਸ ਦੇ ਉਪਰ ਉੱਚੀ ਉੱਚੀ ਹੱਸਦੇ ਹੁੰਦੇ, ਤਾਂ ਉਹ ਉਨ੍ਹਾਂ ਨੂੰ ਜੰਗਲੀ ਕਹਿਕੇ ਉਨ੍ਹਾਂ ਉਤੇ ਤਰਸ ਦਾ ਪ੍ਰਗਟਾਵਾ ਕਰਦਾ।

ਇਹ ਗੱਲ ਜਦੋਂ ਮੈਂ ਹੁਣ ਲਿਖ ਰਹੀ ਹਾਂ, ਵਿਸਵਾਸ਼ ਯੋਗ ਨਹੀਂ ਲੱਗਦੀ; ਯਰ ਇਹ ਬਿਲਕੁਲ ਸੱਚ ਹੈ ਕਿ ਇਹ ਪੁਰਸ਼, ਜੋ ਕਿ ਕੁੜੀ ਵਾਂਗ ਮੈਨਾ ਨੂੰ ਪਿਆਰ ਕਰਦਾ ਹੈ; ਅਤੇ ਚਿੱਟਿਆਂ ਚੂਹਿਆਂ ਦੀ ਦੇਖ ਭਾਲ ਹੁਸ਼ਿਆਰੀ ਨਾਲ ਕਰਦਾ ਹੈ, ਜਿਵੇਂ ਉਹ ਗਿਰਜੇ ਵਿਚ ਪਿਆਨੋ ਸਾਫ਼ ਕਰਨ ਵਾਲਾ ਮੁੰਡਾ ਹੋਵੇ; ਜਦ ਕੋਈ ਚਰਚਾ ਛਿੜੇ ਤਾਂ ਆਪਣੀ ਸਵਤੰਤਰ ਰਾਇ ਅਤੇ ਵਿਚਾਰ ਪ੍ਰਗਟ ਕਰਦਾ ਹੈ, ਉਹਨੂੰ ਹਰ ਬੋਲੀ ਦੀਆਂ ਪੁਸਤਕਾਂ ਦਾ ਗਿਆਨ ਹੈ, ਅਤੇ ਯੋਰਪ, ਦੀਆਂ ਅੱਧੀਆਂ ਰਾਜਧਾਨੀਆਂ ਦੀ ਸੁਸਾਇਟੀ ਦਾ ਅਨੁਭਵ ਹੈ, ਜਿਸ ਕਾਰਣ ਉਹ ਸੱਭਯ ਸੰਸਾਰ ਦੇ ਕਿਸੇ ਵੀ ਇਕੱਠ ਵਿਚ ਸ੍ਰੇਸ਼ਟ ਮਨੁੱਖ ਦਿਸ ਸਕਦਾ ਹੈ; ਇਹ ਚਿੜੀਆਂ ਨੂੰ ਗੀਤ ਸਿਖਾਣ ਵਾਲਾ, ਚਿੱਟਿਆਂ ਚੂਹਿਆਂ ਲਈ ਘਰ ਬਣਾਉਣ ਵਾਲਾ ਬੰਦਾ, ਉਹੀ ਬੰਦਾ ਹੈ ਜੋ, (ਸਰ ਪਰਸੀਵਲ ਨੇ ਮੈਨੂੰ ਆਪ ਦੱਸਿਆ ਹੈ) ਉਨ੍ਹਾਂ ਪਹਿਲੇ ਪ੍ਰਯੋਗਾਤਮਕ ਕੈਮਿਸਟਾਂ ਵਿਚੋਂ ਇਕ ਹੈ, ਜਿਸਨੇ ਹੋਰ ਕਾਢਾ ਦੇ ਨਾਲ ਇਕ ਇਹ ਵੀ ਸਾਧਨ ਲੱਭਿਆ ਹੈ ਜਿਸ ਰਾਹੀਂ ਮੌਤ ਮਗਰੋਂ ਇਨਸਾਨ ਦੇ ਮੁਰਦਾ ਜਿਸਮ ਨੂੰ ਸਿੱਲ ਪੱਥਰ ਕਰਕੇ ਉਵੇਂ ਦਾ ਉਵੇਂ ਕਿਆਮਤ ਤੀਕ ਰਖਿਆ ਜਾ ਸਕਦਾ ਹੈ। ਇਹ ਮੋਟਾ ਸੁਸਤ ਆਦਮੀ ਜੋ ਏਨੀ ਸੂਖ਼ਮਤਾ, ਅਤੇ ਸੰਵੇਦਨਸ਼ੀਲਤਾ ਰੱਖਗਾ ਹੈ ਕਿ ਉਹ ਅਚਾਨਕ ਰਤਾ ਕੁ ਖੜਾਕ ਨਾਲ ਤ੍ਰਭਕ ਜਾਂਦਾ ਹੈ; ਅਤੇ ਜਦੋਂ ਉਹਦੇ ਸਾਹਮਣੇ ਕਿਸੇ ਸਪੇਨੀਅਲ ਨੂੰ ਮਾਰ ਪੈ ਰਹੀ ਹੋਵੇ, ਉਹ ਖਰਖਰਾ ਉਠਦਾ ਹੈ, ਆਪਣੇ ਇਥੇ ਆਉਣ ਤੇ ਅਗਲੀ ਸਵੇਰ ਨੂੰ ਤਬੇਲੇ ਵਿਚ ਗਿਆ, ਅਤੇ ਇਕ ਸ਼ਿਕਾਰੀ ਕੁੱਤੇ ਦੇ ਸਿਰ ਤੇ ਹੱਥ ਰਖ ਕੇ ਖੜਾ ਹੋ ਗਿਆ, ਇਹ ਜੰਗਲੀ ਜਾਨਵਰ ਲੋਹੇ ਦੀ ਜ਼ੰਜੀਰ ਨਾਲ ਬੱਝਾ ਹੋਇਆ ਸੀ; ਅਤੇ ਇਹ ਇੰਨਾ ਜ਼ਾਲਮ ਹੈ ਕਿ ਉਸਦਾ ਰਾਖਾ ਵੀ ਜੋ ਉਸ ਨੂੰ ਰੋਟੀ ਆਦਿ ਖੁਆਂਦਾ ਹੈ, ਉਸ ਕੋਲੋਂ ਤ੍ਰਹਿੰਦਾ ਹੈ। ਕਾਂਊਟ ਦੀ ਪਤਨੀ ਅਤੇ ਮੈਂ ਦੋਵੇਂ ਉਥੇ ਹੀ ਸਾਂ, ਅਤੇ ਮੈਂ ਇਹ ਦ੍ਰਿੱਸ਼ ਕਦੀ ਵੀ ਨਹੀਂ ਭੁੱਲਾਂਗੀ।

'ਇਸ ਕੁੱਤੇ ਕੱਲਾ ਸਾਵਧਾਨ ਰਹਿਣਾ ਸ੍ਰੀ ਮਾਨ ਜੀ," ਰਾਖੇ ਨੇ ਕਿਹਾ, 'ਇਹ ਹਰ ਇਕ ਨੂੰ ਭੱਜ ਕੇ ਪੈਂਦਾ ਹੈ। ਉਹ ਅਜਿਹਾ ਤਾਂ ਕਰਦਾ ਹੈ, ਮੇਰੇ ਮਿੱਤਰ ਕਾਂਊਟ ਨੇ ਬੜੀ ਸਾਂਤੀ ਨਾਲ ਉੱਤਰ ਦਿੱਤਾ, 'ਕਿਉਂਕਿ ਸਾਰੇ ਇਸ ਕੋਲੋਂ ਡਰਦੇ ਹਨ। ਆਉ ਵੇਖੀਏ, ਕਿ ਇਹ ਮੈਨੂੰ ਕਿਵੇਂ ਭੱਜ ਕੇ ਪੈ ਸਕਦਾ ਹੈ। ਇਹ ਕਹਿਕੇ ਉਹਨੇ ਆਪਣੀਆਂ ਉਹ ਪੀਲੀਆਂ ਉਂਗਲਾਂ, ਜਿਨਾਂ ਤੇ ਦਸ ਮਿੰਟ ਪਹਿਲਾਂ ਉਹਦੀਆਂ ਚਿੜੀਆਂ ਬੈਠੀਆਂ ਹੋਈਆਂ ਸਨ, ਉਸ ਭਿਆਨਕ ਜੰਗਲੀ ਦੇ ਸਿਰ ਤੇ ਰੱਖ ਦਿਤੀਆਂ ਅਤੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਲੱਗ ਪਿਆ। “ਤੁਸੀਂ ਵੱਡੇ ਕੁੱਤੇ ਹਮੇਸ਼ਾ ਬੁਜ਼ਦਿਲ ਹੁੰਦੇ ਹੋ” ਉਹ ਵਿਅੰਗ ਨਾਲ ਕੁੱਤੇ ਦੇ ਮੂੰਹ ਦੇ ਨਾਲ ਮੂੰਹ ਜੋੜ ਕੇ ਬੋਲਿਆ, ਕੋਈ ਇਕ ਇੰਚ ਦਾ ਫਰਕ ਦੋਹਾਂ ਵਿਚਕਾਰ ਰਹਿ ਗਿਆ ਹੋਵੇਗਾ “ਤੂੰ ਇਕ ਕਮਜ਼ੋਰ ਬਿੱਲੀ ਨੂੰ ਮਾਰ ਸੁਟੇਗਾ, ਇਕ ਭੁੱਖੇ ਫਕੀਰ ਨੂੰ ਖਾਣ ਨੂੰ ਦੌੜੇਂਗਾ ਤੂੰ ਡਰਪੋਕ ਜਾਨਵਰ ਹੈ, ਪਰ ਜੇ ਕਦੀ ਤੇਰੇ ਏਡੇ ਵੱਡੇ ਆਕਾਰ ਤੋਂ ਡਰੇ, ਤਾਂ ਉਸ ਉਤੇ ਤੂੰ ਅਚਾਨਕ ਹਮਲਾ ਕਰ ਸਕਦਾ ਹੈ, ਅਤੇ ਜੋ ਵੀ ਤੇਰੇ ਚਿੱਟੇ ਦੰਦਾਂ, ਤੇਰੇ ਲਹੂ-ਤਿਆਹੇ ਮੂੰਹ ਤੋਂ ਡਰੇ ਉਹਦੀ ਤਾਂ ਸ਼ਾਮਤ ਆ ਹੀ ਗਈ ਸਮਝੋ; ਉਹ ਕਮੀਨੇ ਡਰਾਉਣ ਵਾਲੇ ਕੁੱਤੇ ਤੂੰ ਤੇ ਮੈਨੂੰ ਇਸ ਘੜੀ ਜਾਨੋਂ ਮਰਨਾ ਚਾਹੁੰਦਾ ਹੈ, ਪਰ ਤੇਰੇ ਵਿਚ ਏਨੀ ਹਿੰਮਤ ਨਹੀਂ, ਕਿ ਮੇਰੇ ਨਾਲ ਅੱਖਾਂ ਮਿਲਾ ਸਕੇ, ਕਿਉਂਕਿ ਮੈਂ ਤੇਰੇ ਤੋਂ ਡਰਦਾ ਨਹੀਂ। ਕੀ ਤੂੰ ਮੇਰੀ ਮੋਟੀ ਗਰਦਨ ਵਿਚ ਆਪਣੇ ਦੰਦ ਖੋਭਾਉਣਾ ਚਾਹੁੰਦਾ ਹੈ? ਨਹੀਂ ਤੇਰੇ ਵਿਚ ਹਿੰਮਤ ਨਹੀਂ!" ਉਹ ਹੱਸਦਾ ਹੋਇਆ ਉਥੇ ਮੁੜਿਆ, ਤਬੇਲੇ ਵਿਚ ਜਿੰਨੇ ਆਦਮੀ ਸਨ, ਸਭ ਹੈਰਾਨ ਰਹਿ ਗਏ ਸਨ; ਅਤੇ ਕੁੱਤਾ ਵੀ ਡਰ ਕੇ, ਪੂਛਲ ਲੱਤਾਂ ਵਿਚ ਵਾੜ ਕੇ ਆਪਣੀ ਥਾਂ ਤੇ ਬੈਠ ਗਿਆ। "ਮੇਰੀ ਸੁਹਣੀ ਵਾਸਕਟ !" ਉਹਨੇ ਕਰਣਾ ਭਰੀ ਆਵਾਜ ਵਿਚ ਕਿਹਾ, "ਮੈਨੂੰ ਅਫਸੋਸ ਹੈ ਕਿ ਮੈਂ ਇਥੇ ਆਇਆ, ਮੇਰੀ ਸਾਫ਼ ਸੁਥਰੀ ਵਾਸਕਟ ਤੇ ਇਸ ਜੰਗਲੀ ਦੀਆਂ ਕੁਛ ਥੁੱਕਾਂ ਲੱਗ ਗਈਆਂ ਹਨ।" ਉਹਦੇ ਇਕ ਸ਼ਬਦ ਉਹਦੀ ਇਕ ਹੋਰ ਅਨੋਖੀ ਆਦਤ ਤੇ ਚਾਨਣਾ ਪਾਉਂਦੇ ਹਨ -ਜੋ ਸਮਝ ਤੋਂ ਪਰੇ ਹੈ ਉਹ ਮੂਰਖਤਾ ਦੀ ਹੱਦ ਤੀਕ ਕੱਪੜਿਆਂ ਦਾ ਸ਼ੌਕੀਨ ਹੈ; ਅਤੇ ਦੋ ਦਿਨਾਂ ਦੇ ਥੋੜ੍ਹੇ ਸਮੇਂ ਵਿਚ ਹੀ ਚਾਰ ਸ਼ਾਨਦਾਰ ਵਾਸਕਟਾਂ ਬਦਲ ਚੁੱਕਾ ਹੈ-ਸਭ ਹਲਕੇ ਅਤੇ ਭੜਕੀਲੇ ਰੰਗਾਂ ਦੀਆਂ ਅਤੇ ਸਾਈਜ਼ ਵਿਚ ਏਨੀਆਂ ਖੁਲ੍ਹੀਆਂ ਹਨ, ਕਿ ਉਹਨੂੰ ਵੀ ਵੱਡੀਆਂ ਜਾਪਦੀਆਂ ਹਨ।

ਜਿਵੇਂ ਉਹਦੇ ਵਿਚਿੱਤ੍ਰ ਸੁਭਾਅ ਦੇ ਅਨੋਖੇ ਲੱਛਣ ਸਾਹਮਣੇ ਦਿਸਦੇ ਹਨ, ਇਵੇਂ ਹੀ ਇਹ ਵੀ ਸਪੱਸ਼ਟ ਹੀ ਦਿੱਸ ਪੈਂਦਾ ਹੈ ਕਿ ਉਹ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਵੀ ਬੜਾ ਜ਼ਮਾਨੇ-ਸ਼ਾਜ ਅਤੇ ਹੁਸ਼ਿਆਰ ਹੈ ਅਤੇ ਉਹਦੇ ਬਚਕਾਨਾਂ ਸ਼ੌਂਕ ਅਤੇ ਰੁਚੀਆਂ ਅਨੋਖੀਆਂ ਜਿਹੀਆਂ ਹਨ।

ਮੈਂ ਹੁਣੇ ਹੀ ਇਹ ਗੱਲ ਸਮਝ ਗਈ ਹਾਂ ਕਿ ਉਹ ਚਾਹੁੰਦਾ ਹੈ, ਕਿ ਜਿੰਨੀ ਦੇਰ ਉਹਨੇ ਬਲੈਕਵਾਟਰ ਵਿਚ ਰਹਿਣਾ ਹੈ, ਉਹ ਸਾਡੇ ਸਭ ਨਾਲ ਮਿਲ ਜੁਲ ਕੇ ਰਵੇ। ਉਹਨੂੰ ਇਹ ਵੀ ਸਪੱਸ਼ਟ  ਹੈ ਕਿ ਉਹ ਇਹ ਗੱਲ ਜਾਣ ਗਿਆ ਹੈ ਕਿ ਲਾਰਾ ਅੰਦਰ ਅੰਦਰ (ਇਹ ਗੱਲ ਮੈਨੂੰ ਵੀ ਲਾਰਾ ਨੇ ਮੇਰੇ ਜ਼ੋਰ ਪਾਣ ਤੇ ਦੱਸੀ ਸੀ) ਉਹਨੂੰ ਪਸੰਦ ਨਹੀਂ ਕਰਦੀ ਪਰ ਇਸਦੇ ਨਾਲ ਕਾਂਊਟ ਨੂੰ ਇਹ ਵੀ ਪਤਾ ਲੱਗ ਗਿਆ ਹੈ ਕਿ ਲਾਰਾ ਨੂੰ ਫੁੱਲਾਂ ਨਾਲ ਬੇਹੱਦ ਪਿਆਰ ਹੈ। ਜਦੋਂ ਵੀ ਉਹਨੂੰ ਗੁਲਦਸਤੇ ਦੀ ਲੋੜ ਹੁੰਦੀ ਹੈ, ਕਾਂਊਟ ਆਪ ਫੁੱਲ ਇੱਕਠੇ ਕਰਕੇ ਅਤੇ ਉਨ੍ਹਾਂ ਨੂੰ ਸੁਹਣੀ ਤਰ੍ਹਾਂ ਜੋੜ ਕੇ ਉਹਦੇ ਲਈ ਤਿਆਰ ਰੱਖਦਾ ਹੈ; ਅਤੇ ਇਹ ਵੇਖ ਕੇ ਮੈਨੂੰ ਹਾਸਾ ਵੀ ਆਉਂਦਾ ਹੈ, ਕਿ ਬਿਲਕੁਲ ਉਹ ਜਿਹੇ ਫੁੱਲਾਂ ਦਾ ਅਤੇ ਉਸੇ ਹੀ ਢੰਗ ਨਾਲ ਤਿਆਰ ਕੀਤਾ ਹੋਇਆ ਗੁਲਦਸਤਾ ਆਪਣੀ ਈਰਖਾਲੂ ਪਤਨੀ ਨੂੰ, ਜੋ ਉਪਰੋਂ ਬਰਫ ਸਮਾਨ ਜਾਪਦੀ ਹੈ, ਉਸੇ ਪਲ ਦੇਂਦਾ ਹੈ, ਤਾਂ ਜੋ ਉਹ ਆਪਣੇ ਆਪ ਨੂੰ ਦੁਖੀ ਨਾ ਕਰੇ। ਉਹ ਕਾਊਂਟੈਸ ਨਾਲ (ਲੋਕਾਂ ਸਾਹਮਣੇ) ਕਿਵੇਂ ਪੇਸ਼ ਆਉਂਦਾ ਹੈ, ਅਤੇ ਉਹਨੂੰ ਕਿਵੇਂ ਕਾਬੂ ਵਿਚ ਰੱਖਦਾ ਹੈ, ਇਹ ਵੇਖਣ ਵਾਲਾ ਨਜ਼ਾਰਾ ਹੁੰਦਾ ਹੈ। ਉਹ ਉਹਦੇ ਅਗੇ ਸਿਰ ਝੁਕਾਂਦਾ ਹੈ; ਹਰ ਵੇਲੇ ਉਹਨੂੰ 'ਮੇਰਾ ਫਰਿਸ਼ਤਾ' ਕਹਿ ਕੇ ਸੰਬੋਧਨ ਕਰਦਾ ਹੈ; ਉਹ ਆਪਣੀਆਂ ਚਿੜੀਆਂ ਨੂੰ ਆਪਣੀਆਂ ਉਂਗਲਾਂ ਤੇ ਬਿਠਾਕੇ ਉਹਦੇ ਵੱਲ ਲਿਆਂਦਾ ਹੈ, ਅਤੇ ਉਹ ਕਾਊਂਟੈੱਸ ਲਈ ਗੀਤ ਗਾਉਂਦੀਆਂ ਹਨ, ਜਦੋਂ ਉਹ ਕਾਂਊਟ ਨੂੰ ਸਿਗਰਟ ਦੇਂਦੀ ਹੈ ਤਾਂ ਉਹ ਉਹਦੇ ਹੱਥ ਚੁੰਮਦਾ ਹੈ; ਅਤੇ ਬਦਲੇ ਵਿਚ ਮਿੱਠੇ ਆਲਬੂਖਾਰੇ ਉਹਦੇ 'ਮੂੰਹ ਵਿਚ ਮਖ਼ੌਲ ਨਾਲ ਪਾਉਂਦਾ ਵਿਖਾਈ ਦੇਂਦਾ ਹੈ। ਪਰ ਉਹ ਅੰਦਰੋਂ ਅੰਦਰ ਜਿਹੜਾ ਹਥਿਆਰ ਉਹਨੂੰ ਕਾਬੂ ਕਰਨ ਲਈ ਵਰਤਦਾ ਹੈ, ਉਹ ਕਦੀ ਕਿਸੇ ਸਾਹਮਣੇ ਨਹੀਂ ਆਇਆ ਅਤੇ ਸਦਾ ਉਪਰ ਹੀ ਰਖਿਆ ਜਾਂਦਾ ਹੈ।

ਮੇਰੇ ਨਾਲ ਉਹ ਕਿਵੇਂ ਪੇਸ਼ ਆਉਂਦਾ ਹੈ, ਉਹ ਬਿਲਕੁਲ ਹੋਰ ਹੀ ਤਰੀਕਾ ਹੈ। ਉਹ ਮੇਰੇ ਨਾਲ ਗੰਭੀਰਤਾ ਅਤੇ ਸਿਆਣਪ ਨਾਲ ਗੱਲਾਂ ਕਰਕੇ ਮੈਨੂੰ ਵਡਿਆਉਂਦਾ ਹੈ। ਜਿਵੇਂ ਮੈਂ

ਇਕ ਮਰਦ ਹੋਵਾਂ। ਹਾਂ ਮੈਂ ਹੁਣ ਉਸ ਤੋਂ ਦੂਰ ਹਾਂ, ਤਾਂ ਮੈਨੂੰ ਉਹਦੀ ਸਾਰੀ ਖੇਡ ਦੀ ਸਮਝ ਹੈ, ਮੈਂ ਹੁਣ ਜਦੋਂ ਆਪਣੇ ਕਮਰੇ ਵਿਚ ਬੈਠੀ ਹਾਂ ਤਾਂ ਜਾਣਦੀ ਹਾਂ ਕਿ ਉਹ ਮੈਨੂੰ ਫੂਕ ਦੇਣ ਦੀ ਅਤੇ ਵਡਿਆਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਜਦੋਂ ਮੈਂ ਹੇਠਾਂ ਜਾਵਾਂਗੀ ਅਤੇ ਉਹਦੇ ਸਾਹਮਣੇ ਹੋਵਾਂਗੀ ਤਾਂ ਉਹ ਮੁੜ ਮੇਰੀਆਂ ਅੱਖਾਂ ਵਿਚ ਧੂੜ ਪਾ ਕੇ ਮੈਨੂੰ ਵਡਿਆਏਗਾ, ਮੇਰੀ ਤਾਰੀਫ਼ ਕਰੇਗਾ, ਅਤੇ ਮੈਂ ਵੀ ਉਸੇ ਤਰ੍ਹਾਂ ਖੁਸ਼ ਹੋਵਾਂਗੀ ਜਿਵੇਂ ਮੈਨੂੰ ਉਹਦੇ ਭੇਤ ਦਾ ਪਤਾ ਹੀ ਨਹੀਂ। ਉਹ ਮੈਨੂੰ ਵੀ ਉਂਜ ਹੀ ਕਾਬੂ ਕਰ ਲੈਂਦਾ ਹੈ, ਜਿਵੇਂ ਆਪਣੀ ਪਤਨੀ ਨੂੰ, ਲਾਰਾ ਨੂੰ ਕਰਦਾ ਹੈ, ਅਤੇ ਤਬੇਲੇ ਵਿਚ ਉਸ ਜੰਗਲੀ ਜਾਨਵਰ ਨੂੰ ਕਾਬੂ ਕਰ ਲਿਆ ਸੀ; ਬਿਲਕੁਲ ਉਵੇਂ ਹੀ ਜਿਵੇਂ ਉਹ ਸਾਰਾ ਦਿਨ ਸਰ ਪਰਸੀਵਲ ਨੂੰ ਵੀ ਕਰੀਂ ਰੱਖਦਾ ਹੈ। "ਮੇਰੇ ਚੰਗੇ ਪਰਸੀਵਲ ! ਮੈਂ ਤੇਰੇ ਅੰਗਰੇਜ਼ੀ ਹਾਸ-ਰਸ ਦੀ ਬੜਾ ਪ੍ਰਸ਼ੰਸਕ ਹਾਂ !" ਜਾਂ ਮੇਰੇ ਚੰਗੇ ਪਰਸੀਵਨ ! ਮੈਂ ਤੇਰੀ ਅੰਗਰੇਜ਼ੀ ਸਿਆਣਪ ਦੀ ਕਾਇਲ ਹਾਂ", ਆਦਿ ਕਹਿ ਕੇ ਜੋ ਮਰਜ਼ੀ ਉਸ ਕੋਲੋਂ ਕਰਵਾਉਂਦਾ ਹੈ। ਸਰ ਪਰਸੀਵਲ ਉਹਦੇ ਔਰਤਾਂ ਵਰਗੇ ਸ਼ੌਕਾਂ ਨੂੰ ਬੜੀ ਬੁਰੀ ਤਰ੍ਹਾਂ ਟੋਕਦਾ ਹੈ ਅਤੇ ਬੜੀ ਭੈੜੀ ਤਰ੍ਹਾਂ ਉਹਦਾ ਮਖੌਲ ਉਡਾਉਂਦਾ ਹੈ, ਪਰ ਕਾਂਊਟ ਹਰ ਸਮੇਂ ਇਕ ਵਡਿੱਤਣ ਦੇ ਅਹਿਸਾਸ ਨਾਲ ਸ਼ਾਂਤ ਮੁਸਕਰਾਉਂਦਾ ਰਹਿੰਦਾ ਹੈ, ਅਤੇ ਸਰ ਪਰਸੀਵਲ ਨੂੰ ਉਹਦੇ ਨਾਂ ਨਾਲ ਬਲਾਉਂਦਾ, ਉਹਦੇ ਮੋਢੇ ਤੇ ਥਾਪੜਾ ਮਾਰਦਾ, ਇੰਜ਼ ਮਜ਼ੌਲ ਵਿਚ ਉਹਦੀਆਂ ਗੱਲਾਂ ਉਡਾ ਦੇਂਦਾ ਹੈ ਜਿਵੇਂ ਇਕ ਪਿਤਾ ਆਪਣੇ ਅਵੱਲੇ ਪੁੱਤਰ ਦੀਆਂ ਗੱਲਾਂ ਬਰਦਾਸ਼ਤ ਕਰਦਾ ਹੋਵੇ। ਮੈਨੂੰ ਇਸ ਅਨੋਖੇ ਅਤੇ ਵਿਚਿਤ੍ਰ ਪੁਰਸ਼ ਵਿਚ ਏਨੀ ਦਿਲਚਸਪੀ ਹੋ ਗਈ ਹੈ ਕਿ ਮੈਂ ਸਰ ਪਰਸੀਵਲ ਕਲੋਂ ਉਹਦੀ ਪਿਛਲੀ ਜ਼ਿੰਦਗੀ ਬਾਰੇ ਪੁੱਛ ਗਿੱਛ ਕੀਤੀ ਹੈ।

ਸਰ ਪਰਸੀਵਲ ਜਾਂ ਤੇ ਉਸ ਬਾਰੇ ਜਾਣਦਾ ਹੀ ਘੱਟ ਹੈ, ਜਾਂ, ਫਿਰ ਉਹ ਮੈਨੂੰ ਕੁਛ ਖਾਸ ਦੱਸਣਾ ਨਹੀਂ ਚਾਹੁੰਦਾ। ਉਹਦੀ ਅਤੇ ਕਾਉਂਟ ਦੀ ਪਹਿਲੀ ਮੁਲਾਕਾਤ ਕਈ ਵਰ ਪਹਿਲਾਂ ਉਸ ਖਤਰਨਾਕ ਵੇਲੇ ਹੋਈ। ਜਿਸਦਾ ਜਿਕਰ ਮੈਂ ਪਹਿਲਾਂ ਕਿਧਰੇ ਕਰ ਚੁੱਕੀ ਹਾਂ। ਉਸ ਸਮੇਂ ਤੋਂ ਹੀ ਉਹ ਲੰਦਨ, ਵੀਆਨਾ ਅਤੇ ਪੈਰਿਸ ਇਕੱਠੇ ਹੀ ਰਹੇ ਹਨ, ਪਰ ਉਹ ਮੁੜ ਇਟਲੀ ਕਦੀ ਇਕੱਠੇ ਨਹੀਂ ਹੋਏ; ਕਾਂਊਟ ਨੇ ਆਪਣੇ ਦੇਸ਼ ਦੀ ਸਰਹੱਦ ਨੂੰ ਪਾਰ ਨਹੀਂ ਕੀਤਾ, ਕਈ ਸਾਲ ਹੋ ਗਏ ਹਨ, ਇਹ ਬੜੀ ਅਜੀਬ ਗੱਲ ਜਾਪਦੀ ਹੈ। ਸ਼ਾਇਦ ਉਹ ਕਿਸੇ

ਰਾਜਨੀਤਕ ਔਕੜ ਦਾ ਸ਼ਿਕਾਰ ਹੋਵੇ? ਪਰ ਜੋ ਵੀ ਹੈ, ਉਹ ਇੰਨਾ ਕੁ ਦੇਸ਼ ਭਗਤ ਹੈ, ਕਿ ਉਹਦੇ ਦੇਸ਼ ਵਾਸੀ ਜੋ ਇੰਗਲੈਂਡ ਵਿਚ ਹਨ, ਉਹ ਉਨਾਂ ਨੂੰ ਅੱਖੀਉ ਉਹਲੇ ਨਹੀਂ ਕਰਦਾ। ਜਿਸ ਸ਼ਾਮ ਨੂੰ ਉਹ ਇਥੇ ਪਹੁੰਚਿਆ ਸੀ, ਉਹਨੇ ਇਹ ਪੁੱਛਿਆ ਸੀ ਕਿ ਉਥੋਂ ਸਭ ਤੋਂ ਨੇੜੇ ਦਾ ਕਸਬਾ ਕਿੰਨੀ ਕੁ ਦੂਰ ਸੀ, ਅਤੇ ਕੀ ਕਈ ਇਤਾਲਵੀ ਲੋਕ ਇਸ ਪਾਸੇ ਰਹਿੰਦੇ ਹਨ। ਮਹਾਦੀਪ ਤੋਂ ਉਹਨੂੰ ਕਈ ਚਿੱਠੀਆਂ ਆਉਂਦੀਆਂ ਹਨ, ਅਤੇ ਜੋ ਚਿੱਠੀਆਂ ਆਉਂਦੀਆਂ ਹਨ, ਉਹਨਾਂ ਤੇ ਕਈ ਕਈ ਅਜੀਬ ਟਿਕਟਾਂ ਹੁੰਦੀਆਂ ਹਨ ਅਤੇ ਮੈਂ ਅੱਜ ਸਵੇਰੇ ਹੀ ਨਾਸ਼ਤੇ ਵੇਲੇ ਉਹਦੀ ਥਾਂ ਤੇ ਇਕ ਚਿੱਠੀ ਪਈ ਵੇਖੀ ਸੀ, ਜਿਸ ਉਤੇ ਵੱਡੀ ਸਾਰੀ ਸਰਕਾਰੀ ਮੋਹਰ ਲੱਗੀ ਹੋਈ ਸੀ, ਹੋ ਸਕਦਾ ਹੈ, ਉਹ ਆਪਣੀ ਸਰਕਾਰ ਨਾਲ ਚਿੱਠੀ ਪੱਤਰ ਕਰਦਾ ਹੋਵੇ। ਅਤੇ ਅਜੇ ਇਹ ਗੱਲ ਹੈ ਤਾਂ ਤੇ ਮੇਰਾ ਇਹ ਖਿਆਲ ਹੈ ਕਿ ਆਪਣੇ ਦੇਸ਼ ਤੋਂ ਕਿਸੇ ਰਾਜਨੀਤਿਕ ਕਾਰਣ ਕਰਕੇ ਆ ਗਿਆ ਹੈ, ਗਲਤ ਸਾਬਤ ਹੋ ਜਾਂਦਾ ਹੈ।

ਮੈਂ ਕਾਂਊਟ ਫ਼ੋਸਕੋ ਬਾਰੇ ਕਿੰਨਾ ਕੁ ਕੁੱਛ ਲਿਖ ਦਿੱਤਾ ਹੈ ! ਪਰ ਇਸ ਸਭ ਦਾ ਕੀ ਨਿਚੋੜ ਹੈ? ਜਿਵੇਂ ਵਿਚਾਰਾ ਮਿਸਟਰ ਗਿਲਮੌਰ ਆਪਣੇ ਵਿਵਹਾਰਿਕ ਢੰਗ ਨਾਲ ਪੁਛਿਆ ਕਰਦਾ ਸੀ। ਮੈਂ ਸਿਰਫ ਉਹੀ ਦੁਹਰਾ ਸਕਦੀ ਹਾਂ ਕਿ ਇਸ ਥੋੜ੍ਹੀ ਜਿਹੀ ਜਾਣ ਪਛਾਣ ਮਗਰੋਂ ਮੈਂ ਇਹ ਮਹਿਸੂਸ ਕਰਨ ਲੱਗ ਪਈ ਹਾਂ ਕਿ ਕੁਝ ਚਾਹੁੰਦੀ ਹੋਈ ਅਤੇ ਕੁਝ ਨਾ ਚਾਹੁੰਦੀ ਹੋਈ ਉਹਨੂੰ ਪਸੰਦ ਕਰਨ ਲੱਗ ਪਈ ਹਾਂ। ਉਹਨੇ ਮੇਰੇ ਉਤੇ ਵੀ ਆਪਣੀ ਪ੍ਰਧਾਨਤਾ ਉਸੇ ਤਰ੍ਹਾਂ ਜਮ੍ਹਾਂ ਲਈ ਹੈ, ਜਿਵੇਂ ਸਰ ਪਰਸੀਵਲ ਉਤੇ। ਸਰ ਪਰਸੀਵਲ ਭਾਵੇਂ ਉਸ ਮੋਟੇ ਮਿੱਤਰ ਨੂੰ ਮਖੌਲ ਵੀ ਕਰ ਲੈਂਦਾ ਹੈ ਅਤੇ ਉਹਦੇ ਨਾਲ ਰੁੱਖਾ ਵੀ ਬੋਲਦਾ ਹੈ, ਤਾਂ ਵੀ, ਇਹ ਗੱਲ ਮੈਂ ਪ੍ਰਤੱਖ ਵੇਖਦੀ ਹਾਂ ਕਿ ਉਹ ਕਾਂਊਟ ਨੂੰ ਗੰਭੀਰ ਰੂਪ ਵਿਚ ਨਰਾਜ਼ ਕਰਨ ਤੋਂ ਡਰਦਾ ਹੈ। ਮੈਂ ਸੋਚ ਰਹੀ ਹਾਂ, ਕੀ ਮੈਂ ਵੀ ਡਰਦੀ ਹਾਂ? ਇਸ ਤੋਂ ਪਹਿਲਾਂ ਮੈਂ ਆਪਣੇ ਅਨੁਭਵ ਵਿਚ ਅਜੇ ਤੱਕ ਅਜਿਹਾ ਬੰਦਾ ਨਹੀਂ ਵੇਖਿਆ, ਜਿਸ ਨੂੰ ਮੈਂ ਦੁਸ਼ਮਨ ਬਣਾਉਣ ਵਿਚ ਡਰਦੀ ਹੋਵਾਂ। ਕੀ ਇਹ ਇਸ ਲਈ ਹੈ ਕਿ ਮੈਂ ਉਹਨੂੰ ਪਸੰਦ ਕਰਦੀ ਹਾਂ, ਜਾਂ ਇਸ ਲਈ ਕਿ ਮੈਂ ਉਸ ਤੋਂ ਡਰਦੀ ਹਾਂ? 'ਚਿਸਾ'? ਜਿਵੇਂ ਕਾਂਊਟ ਫ਼ੋਸਕੋ ਆਪਣੀ ਬੋਲੀ ਵਿਚ ਕਹੇ। ਕੌਣ ਜਾਣਦਾ ਹੈ?

ਸੌਲਾਂ ਜੂਨ-ਅੱਜ਼ ਆਪਣੇ ਵਿਚਾਰਾਂ ਅਤੇ ਪ੍ਰਭਾਵਾਂ ਤੋਂ ਛੁੱਟ ਕੁਝ ਹੋਰ ਵੀ ਲਿਖਣ ਲਈ ਹੈ। ਇਕ ਪ੍ਰਾਹੁਣਾ ਆਇਆ ਹੈ; ਜਿਸ ਨੂੰ ਮੈਂ ਅਤੇ ਲਾਰਾ ਨਹੀਂ ਜਾਣਦੀਆਂ ਅਤੇ ਸਰ ਪਰਸ਼ੀਵੱਲ ਨੂੰ ਉਹਦੀ ਕੋਈ ਉਡੀਕ ਨਹੀਂ ਸੀ।

ਅਸੀਂ ਸਾਰੇ ਉਸ ਕਮਰੇ ਵਿਚ ਰੋਟੀ ਖਾ ਰਹੇ ਸੀ, ਜਿਸ ਵਿਚ ਨਵੀਂਆਂ ਫਰੈਂਚ ਢੰਗ ਦੀਆਂ ਖਿੜਕੀਆਂ ਹਨ, ਜੋ ਬਾਹਰ ਬਰਾਮਦੇ ਵਿਚ ਖੁਲਦੀਆਂ ਹਨ, ਅਤੇ ਕਾਂਊਟ (ਜਾਂ ਉਸ ਤਰ੍ਹਾਂ ਪੇਸਟਰੀ ਖਾਂਦਾ ਹੈ, ਜਿਵੇਂ ਬੋਰਡਿੰਗ ਸਕੂਲਾਂ ਦੀਆਂ ਕੁੜੀਆਂ ਖਾਂਦੀਆਂ ਹਨ। ਮੈਂ ਹੋਰ ਕਿਸੇ ਆਦਮੀ ਨੂੰ ਇਸ ਤਰ੍ਹਾਂ ਪੇਸਟਰੀ ਖਾਂਦਿਆਂ ਨਹੀਂ ਵੇਖਿਆ) ਆਪਣੀ ਚੌਥੀ ਪੇਸਟਰੀ ਬੜੀ ਗੰਭੀਰਤਾ ਨਾਲ ਮੰਗ ਕੇ ਸਾਨੂੰ ਹਸਾ ਰਿਹਾ ਸੀ, ਜਦੋਂ ਨੌਕਰ ਨੇ ਪ੍ਰਾਹੁਣੇ ਦੇ ਆਉਣ ਦੀ ਖ਼ਬਰ ਦਿੱਤੀ।

"ਮਿਸਟਰ ਮੈਰੀਮੈਨ ਹੁਣੇ ਆਏ ਹਨ, ਸਰ ਪਰਸੀਵਲ, ਅਤੇ ਤੁਹਾਨੂੰ ਫੋਰਨ ਮਿਲਣਾ ਚਾਹੁੰਦੇ ਹਨ।"

ਸਰ ਪਰਸੀਵਲ ਤ੍ਰਭਕ ਪਿਆ, ਅਤੇ ਉਹਨੇ ਨੌਕਰ ਨੂੰ ਡਰ ਕੇ ਗੁੱਸੇ ਨਾਲ ਵੇਖਿਆ।

"ਮਿਸਟਰ ਮੈਰੀਮੈਨ?" ਉਹਨੇ ਇੰਜ ਦੁਹਰਾਇਆ ਜਿਵੇਂ ਉਹਦੇ ਕੰਨਾਂ ਨੇ ਉਹਨੂੰ ਧੋਖਾ ਦਿੱਤਾ ਹੋਵੇ।

"ਹਾ ਜੀ ਸਰ ਪਰਸੀਵਲ, ਲੰਦਨ ਤੋਂ ਮਿਸਟਰ ਮੈਰੀਮਨ ਆਏ ਹਨ।"

"ਉਹ ਕਿੱਥੇ ਹੈ?”

"ਉਹ ਲਾਇਬਰੇਰੀ ਵਿਚ ਹਨ, ਸਰ ਪਰਸੀਵਲ।'

ਉਹ ਇਹ ਗੱਲ ਸੁਣ ਕੇ ਉੱਠ ਪਿਆ, ਅਤੇ ਸਾਨੂੰ ਕਿਸੇ ਨੂੰ ਕੁਝ ਕਹੇ ਬਿਨਾਂ ਹੀ, ਕਾਹਲੀ ਕਾਹਲੀ ਕਮਰੇ ਵਿਚੋਂ ਬਾਹਰ ਨਿਕਲ ਗਿਆ।

"ਮਿਸਟਰ ਮੈਰੀਮੈਨ ਕੌਣ ਹੈ?" ਲਾਰਾ ਨੇ ਮੈਨੂੰ ਪੁੱਛਿਆ।

"ਮੈਨੂੰ ਤਾਂ ਉਕਾ ਹੀ ਕੁਝ ਪਤਾ ਨਹੀਂ" ਮੈਂ ਉਹਨੂੰ ਉੱਤਰ ਵਿਚ ਕਿਹਾ।

ਕਾਂਊਟ ਆਪਣੀ ਚੌਥੀ ਪੇਸਟਰੀ ਮੁਕਾ ਕੇ, ਆਪਣੀ ਬੇਈਮਾਨ ਮੈਨਾ ਨੂੰ ਵੇਖਣ ਲਈ ਲਾਰਾ ਦੇ ਮੇਜ਼ ਕੋਲ ਗਿਆ ਸੀ। ਉਹ ਮੋਢੇ ਤੇ ਮੈਨਾ ਨੂੰ ਰੱਖ ਕੇ, ਸਾਡੇ ਵੱਲ ਮੁੜ ਕੇ ਬੋਲਿਆ:-

"ਮਿਸਟਰ ਮੈਰੀਮੈਨ ਸਰ ਪਰਸੀਵਲ ਦਾ ਵਕੀਲ ਹੈ।" ਸਰ ਪਰਸੀਵਲ ਦਾ ਵਕੀਲ। ਲਾਰਾ ਦੇ ਪ੍ਰਸ਼ਨ ਦਾ ਇਹ ਸਾਫ਼ ਸਾਫ਼ ਉੱਤਰ ਸੀ, ਤਾਂ ਵੀ ਉਸ ਸਮੇਂ ਇਹ ਤਸੱਲੀ ਬਖਸ਼ ਉੱਤਰ ਨਹੀਂ ਸੀ। ਜੇ ਸਰ ਪਰਸੀਵਲ ਨੇ ਉਹਨੂੰ ਆਪ ਬੁਲਾਇਆ ਹੈ ਤਾਂ ਤੇ ਇਹ ਕੋਈ ਖਾਸ ਗੱਲ ਨਹੀਂ ਸੀ ਕਿ ਉਹ ਲੰਦਨ ਤੋਂ ਇਥੇ ਆਇਆ ਸੀ। ਪਰ ਬਿਨਾਂ ਬੁਲਾਏ, ਵਕੀਲ ਲੰਦਨ ਤੋਂ ਹੈਂਪਸ਼ਾਇਰ ਆਉਂਦਾ ਹੈ, ਅਤੇ ਉਹਦੇ ਆਉਣ ਨਾਲ ਉਹਦਾ ਕਲਾਇੰਟ ਤ੍ਰਭਕ ਉਠਦਾ ਹੈ ਤਾਂ ਇਹ ਪੱਕੀ ਗੱਲ ਹੈ; ਕਿ ਵਕੀਲ ਅਵੱਸ਼ ਹੀ ਕੋਈ ਜ਼ਰੂਰੀ ਅਤੇ ਅਚਾਨਕ ਖ਼ਬਰ ਲਿਆਇਆ ਹੈ- ਖ਼ਬਰ ਚੰਗੀ ਵੀ ਹੋ ਸਕਦੀ ਹੈ, ਅਤੇ ਮਾੜੀ ਵੀ, ਪਰ ਇਹ ਕੋਈ ਖਾਮ ਖ਼ਬਰ ਨਹੀਂ ਹੋ ਸਕਦੀ।

ਮੈਂ ਅਤੇ ਲਾਰਾ ਉਸੇ ਮੇਂਜ ਤੇ ਪੰਦਰਾਂ ਕੁ ਮਿੰਟ ਜਾਂ ਥੋੜ੍ਹਾ ਸਮਾਂ ਹੋਰ ਬੈਠੀਆਂ ਰਹੀਆਂ, ਅਤੇ ਅਸੀਂ ਦੋਵੇਂ ਬੈਚੇਨੀ ਨਾਲ ਇਹੀ ਸੋਚ ਰਹੀਆਂ ਸਾਂ ਕਿ ਕੀ ਗੱਲ ਹੈ, ਅਤੇ ਨਾਲ ਹੀ ਸਰ ਪਰਸੀਵਲ ਦੀ ਉਡੀਕ ਕਰ ਰਹੀਆਂ ਸਾਂ। ਪਰ ਉਹਦੇ ਆਉਣ ਦਾ ਕੋਈ ਚਿੰਨ੍ਹ ਨਜਰੀਂ ਨਹੀਂ ਸੀ ਆ ਰਿਹਾ। ਇਸ ਲਈ ਅਸੀਂ ਕਮਰੇ ਵਿਚ ਬਾਹਰ ਨਿਕਲਣ ਲਈ ਉਠ ਪਈਆਂ।

ਕਾਂਊਟ ਨੇ ਜੋ ਕਮਰੇ ਦੇ ਇਕ ਕੋਨੇ ਵਿਚ ਆਪਣੀ ਮੈਨਾ ਨੂੰ ਖਵਾ ਪਿਆ ਰਿਹਾ ਸੀ, ਅਤੇ ਮੈਨਾ ਅਜੇ ਵੀ ਉਹਦੇ ਮੋਢੇ ਉਤੇ ਹੀ ਚੜੀ ਬੈਠੀ ਸੀ, ਅਗੇ ਵਧ ਕੇ ਸਾਡੇ ਲਈ ਦਰਵਾਜਾ ਖੋਲ੍ਹਿਆ। ਲਾਰਾ ਅਤੇ ਮੈਡਮ ਫ਼ੋਸਕੋ ਪਹਿਲਾਂ ਨਿਕਲੀਆਂ, ਮੈਂ ਵੀ ਜਿਉਂ ਹੀ ਉਨ੍ਹਾਂ ਦੇ ਵਾਂਗ ਬਾਹਰ ਨਿਕਲਣ ਲੱਗੀ ਤਾਂ ਕਾਂਊਟ ਨੇ ਆਪਣੇ ਹੱਥ ਨਾਲ ਇਕ ਅਜੀਬ ਜਿਹਾ ਇਸ਼ਾਰਾ ਕੀਤਾ ਅਤੇ ਮੇਰੇ ਨਿਕਲਣ ਤੋਂ ਪਹਿਲਾਂ ਬੜੇ ਹੀ ਵਿਚਿੱਤ੍ਰ ਢੰਗ ਵਿਚ ਬੋਲਿਆ।

"ਹਾਂ" ਜਿਵੇਂ ਉਹ ਮੇਰੇ ਮਨ ਵਿਚ ਉਠ ਰਹੇ ਅਣਬੋਲੇ ਸਵਾਲ ਦਾ ਉੱਤਰ ਦੇ ਰਿਹਾ ਹੋਵੇ; ਅਤੇ ਜੋ ਮੈਂ ਸਾਫ ਉਸ ਨੂੰ ਸ਼ਬਦਾਂ ਵਿਚ ਆਪ ਦੱਸਿਆ ਹੋਵੇ, "ਹਾਂ ਮਿਸ ਹਾਲਕੌਂਬ; ਕੋਈ ਘਟਨਾ ਹੋਈ ਹੈ-ਕੋਈ ਤੇ ਗੱਲ ਹੈ !"

ਮੇਰੇ ਮੂੰਹ ਤੇ ਆਇਆ, ਕਿ ਮੈਂ ਉਸਨੂੰ ਕਹਾ, "ਮੈਂ ਕੁਝ ਨਹੀਂ ਕਿਹਾ।" ਪਰ ਉਸ ਦੀ ਧੋਖੇਬਾਜ਼ ਮੈਨਾ ਨੇ ਆਪਣੇ ਕੱਟ ਹੋਏ ਪੰਖ ਫੜਫੜਾਏ ਅਤੇ ਇੰਜ਼ ਚੀਕ ਮਾਰੀ ਕਿ ਮੈਂ ਘਬਰਾ ਗਈ ਅਤੇ ਕਮਰ ਵਿਚੋਂ ਬਾਹਰ ਨਿਕਲ ਕੇ ਸ਼ੁਕਰ ਕੀਤਾ।

ਮੈਂ ਪੌੜੀਆਂ ਦੇ ਹੇਠਾਂ ਲਾਰਾ ਨਾਲ ਜਾ ਰਲੀ। ਉਹਦੇ ਮਨ ਵਿਚ ਵੀ ਉਹੀ ਵਿਚਾਰ ਸੀ, ਜੋ ਮੇਰੇ ਵਿਚ ਸੀ, ਅਤੇ ਜਿਸਦਾ ਉੱਤਰ ਦੇ ਕੇ ਕਾਂਊਟ ਨੇ ਮੈਨੂੰ ਹੈਰਾਨ ਕਰ ਦਿਤਾ ਸੀ, ਅਤੇ ਜਦੋਂ ਉਹ ਬੋਲੀ ਤਾਂ ਮੈਨੂੰ ਜਾਪਿਆ, ਜਿਵੇਂ ਕਾਂਊਟ ਦੇ ਸ਼ਬਦਾਂ ਦੀ ਗੂੰਜ ਹੀ ਹੋਵੇ। ਉਹਨੇ ਵੀ ਮੈਨੂੰ ਰਾਜ਼ ਵਿਚ ਇਹੀ ਕਿਹਾ, ਕਿ ਉਹ ਨੂੰ ਡਰ ਸੀ, ਕਿ ਕੋਈ ਘਟਨਾ ਵਾਪਰੀ ਹੈ ਅਤੇ ਕੋਈ ਤੇ ਗੱਲ ਹੈ।

(3)

ਸੋਲਾਂ ਜੂਨ- ਅੱਜ ਦੀ ਤਾਰੀਖ ਹੇਠਾਂ ਮੈਂ ਅਜੇ ਸੋਣ ਤੋਂ ਪਹਿਲਾਂ ਕੁਝ ਹੋਰ ਲਿਖਾਂਗੀ। ਜਦੋਂ ਸਰ ਪਰਸੀਵਲ ਰੋਟੀ ਦੇ ਮੇਜ਼ ਤੋਂ ਮਿਸਟਰ ਮੈਰੀਮੈਨ ਨੂੰ ਮਿਲਣ ਲਈ ਉਠਿਆ ਸੀ, ਉਸ ਤੋਂ ਦੋ ਘਟੇ ਮਗਰੋਂ ਮੈਂ ਆਪਣੇ ਕਮਰੇ ਵਿਚੋਂ ਨਿਕਲੀ ਅਤੇ ਇਕੱਲੀ ਹੀ ਚੀੜ ਦੇ ਬਾਗੀਚੇ ਵੱਲ ਸੈਰ ਕਰਨ ਦੇ ਖਿਆਲ ਨਾਲ ਨਿਕਲ ਤੁਰੀ ਅਜੇ ਨੈਂ ਪੌੜੀਆਂ ਵੀ ਨਹੀਂ ਸਾਂ ਉੱਤਰੀ ਕਿ ਲਾਇਬ੍ਰੇਰੀ ਦਾ ਦਰਵਾਜ਼ਾ ਖੁਲ੍ਹਾ ਅਤੇ ਦੋ ਆਦਮੀ ਬਾਹਰ ਨਿਕਲੇ। ਮੈਂ ਇਹ ਸੋਚ ਕੇ ਕਿ ਪੌੜੀਆਂ ਵਿਚ ਜਾ ਕੇ ਉਨ੍ਹਾਂ ਵਿਚ ਵਿਘਨ ਪਾਣਾ ਚੰਗਾ ਨਹੀਂ ਲਗਦਾ। ਇਸ ਲਈ ਮੈਂ ਉਥੇ ਹੀ ਉਡੀਕਣਾ ਠੀਕ ਸਮਝਿਆ, ਕਿ ਜਦੋਂ ਉਹ ਹਾਲ ਵਿਚੋਂ ਲੰਘ ਜਾਣਗੇ, ਮੈਂ ਹੇਠਾਂ ਉਤਰ ਜਾਵਾਂਗੀ। ਭਾਵੇਂ ਉਹ ਬੜੀ ਹੌਲੀ ਗੱਲਾਂ ਕਰ ਰਹੇ ਸਨ, ਪਰ ਉਨ੍ਹਾਂ ਦੇ ਸ਼ਬਦ ਸਾਫ਼ ਸਨ, ਇਸ ਲਈ ਮੈਨੂੰ ਵੀ ਉਨ੍ਹਾਂ ਦੀ ਆਵਾਜ਼ ਪੁੱਜ ਰਹੀ ਸੀ।

"ਇਸ ਗੱਲ ਦਾ ਯੋਗਦਾਨ ਤੋਖਲਾ ਨਾ ਕਰੋ, ਸਰ ਪਰਸੀਵਲ," ਮੈਂ ਵਕੀਲ ਨੂੰ ਕਹਿੰਦਿਆਂ ਸੁਣਿਆ "ਇਹ ਲੇਡੀ ਗਲਾਈਡ ਕਰ ਦੇਵੇਗੀ।"

ਮੈਂ ਇਕ ਦੋ ਕਦਮ ਆਪਣੇ ਕਮਰੇ ਵੱਲ ਵਾਪਸ ਜਾਣ ਲਈ ਮੁੜੀ ਸਾਂ; ਪਰ ਇਕ ਅਜਨਬੀ ਦੇ ਮੂੰਹੋਂ ਲਾਰਾ ਦਾ ਨਾਂ ਸੁਣ ਕੇ ਮੈਂ ਉਥੇ ਹੀ ਖੜ ਗਈ। ਇਹ ਠੀਕ ਹੈ, ਕਿ ਇਸ ਤਰ੍ਹਾਂ ਸੁਣਨਾ ਗਲਤ ਅਤੇ ਅਨੁਚਿਤ ਸੀ; ਪਰ ਕੀ ਦੁਨੀਆਂ ਵਿਚ ਕੋਈ ਅਜਿਹੀ ਔਰਤ ਹੈ ਜਦੋਂ ਉਹ ਉਚਿਤ ਅਤੇ ਅਨੁਚਿਤ ਅਸੂਲਾਂ ਵੱਲ ਧਿਆਨ ਦਏ, ਜਦੋਂ ਇਕ ਪਾਸੇ ਉਹਦਾ ਪਿਆਰ ਹੋਵੇ, ਅਤੇ ਦੂਜੇ ਪਾਸੇ ਇਹ ਅਸੂਲ ਹੋਣ?

ਮੈਂ ਸੁਣਦੀ ਰਹੀ; ਅਤੇ ਜੇ ਅਜਿਹੇ ਹਾਲਾਤ ਹੋਣਗੇ, ਤਾਂ ਮੈਂ ਮੁੜ ਵੀ ਸੁਣਾਂਗੀ। ਹਾਂ ਜੇ ਕੋਈ ਹੋਰ ਰਸਤਾ ਨਾ ਹੋਵੇਗਾ ਤਾਂ ਮੈਂ ਬੂਹੇ ਨਾਲ ਕੰਨ ਲਾ ਕੇ ਵੀ ਸੁਣਨ ਨੂੰ ਤਿਆਰ ਹੋਵਾਂਗੀ।

"ਤੁਸੀਂ ਸਭ ਸਮਝ ਲਿਆ ਹੈ ਨਾ, ਸਰ ਪਰਸੀਵਲ" ਵਕੀਲ ਕਹੀ ਜਾ ਰਿਹਾ ਸੀ। "ਲੇਡੀ ਗਲਾਈਡ, ਇਕ ਦੋ ਗਵਾਹਾਂ ਦੇ ਸਾਹਮਣੇ ਇਥੇ ਦਸਤਖਤ ਕਰੇਗੀ ਅਤੇ ਫਿਰ ਆਪਣੀ ਉਂਗਲ ਇਸ ਮੁਹਰ ਤੇ ਰਖ ਕੇ ਕਹੇਗੀ,, 'ਇਹ ਮੈਂ ਆਪਣੀ ਮਰਜੀ ਨਾਲ ਦੇ ਰਹੀ ਹਾਂ।" ਜੇ ਇਹ ਕੰਮ ਇਕ ਹਫਤੇ ਵਿਚ ਹੋ ਜਾਏ ਤਾਂ ਇਹ ਇੰਤਜ਼ਾਮ ਬਿਲਕੁਲ ਕਾਮਯਾਬ ਹੋਵੇਗਾ ਅਤੇ ਸਾਰੀ ਚਿੰਤਾ ਖ਼ਤਮ ਹੋ ਜਾਏਗੀ। ਜੇ ਨਹੀਂ -"

"ਤੁਹਾਡਾ 'ਜੇ ਨਹੀਂ" ਤੋਂ ਕੀ ਭਾਵ ਹੈ? ਸਰ ਪਰਸੀਵਲ ਨੇ ਗੁੱਸੇ ਨਾਲ ਕਿਹਾ। "ਜੇ ਇਹ ਕੰਮ ਜ਼ਰੂਰੀ ਹੈ ਤਾਂ ਇਹ ਜ਼ਰੂਰ ਹੋ ਜਾਏਗਾ। ਮੈਰੀਮੈਨ, ਮੈਂ ਇਹ ਇਕਰਾਰ ਕਰਦਾ ਹਾਂ, ਕਿ ਇਹ ਹੋਵੇਗਾ।

"ਬਿਲਕੁਲ ਠੀਕ-, ਬਿਲਕੁਲ ਠੀਕ, ਸਰ ਪਰਸੀਵਲ; ਪਰ ਹਰ ਕੰਮ ਵਿਚ ਦੋ ਰਾਹ ਹੁੰਦੇ ਹਨ-- ਅਤੇ ਅਸੀਂ ਵਕੀਲ ਦਲੇਰੀ ਨਾਲ ਦੋਵੇਂ ਪਾਸੇ ਵੇਖਦੇ ਹਾਂ। ਜੇ ਕੋਈ ਅਜਿਹੀ ਆਸਾਧਾਰਣ ਘਟਨਾ ਹੋ ਜਾਏ ਕਿ ਇਹ ਕੰਮ ਨਾ ਹੋ ਸਕੇ, ਤਾਂ ਮੈਨੂੰ ਉਸ ਧਿਰ ਕੋਲੋਂ ਤਿੰਨ ਮਹੀਨੇ ਦੀ ਮੁਹਲਤ ਹੋਰ ਲੈਣੀ ਪਵੇਗੀ। ਪਰ ਜਦੋਂ ਬਿੱਲਾਂ ਦਾ ਭੁਗਤਾਨ ਕਰਨਾ ਪਿਆ, ਤਾਂ ਪੈਸਾ ਕਿਥੋਂ ਆਏਗਾ?"

"ਗੋਲੀ ਮਾਰ ਬਿੱਲਾਂ ਨੂੰ? ਪੈਸਾ ਇਕੋ ਤਰੀਕੇ ਨਾਲ ਆ ਸਕਦਾ ਹੈ; ਅਤੇ ਮੈਂ ਕਹਿ ਰਿਹਾ ਹਾਂ, ਕਿ ਉਥੋਂ ਹੀ ਹਾਸਲ ਕੀਤਾ ਜਾਏਗਾ। ਜਾਣ ਤੋਂ ਪਹਿਲਾਂ ਮੈਰੀਮਨ, ਇਕ ਗਲਾਸ ਵਾਈਨ ਪੀ ਲੈ !"

"ਬਹੁਤ ਧੰਨਵਾਦ ਸਰ ਪਰਸੀਵਲ; ਮੈਂ ਜੇ ਇਕ ਮਿੰਟ ਵੀ ਹੋਰ ਠਹਿਰਿਆ ਤਾਂ ਮੇਰੀ ਗੱਡੀ ਨਿਕਲ ਜਾਏਗੀ। ਤੁਸੀਂ ਕੰਮ ਪੂਰਾ ਹੋਣ ਤੇ ਮੈਨੂੰ ਖ਼ਬਰ ਦਿਉਗੇ ਨਾ? ਅਤੇ ਜਿਸ ਤੋਂ ਮੈਂ ਸਾਵਧਾਨ ਰਹਿਣ ਲਈ ਕਿਹਾ, ਉਹ ਯਾਦ ਰੱਖਣੀ-"

"ਮੈਂ ਜ਼ਰੂਰ ਯਾਦ ਰੱਖਾਂਗਾ। ਬੂਹੇ ਅੱਗੇ ਤੁਹਾਡੇ ਲਈ ਕੁੱਤਾ ਗੱਡੀ ਤਿਆਰ ਹੈ। ਮੇਰਾ ਰਾਈਸ ਤੁਹਾਨੂੰ ਮਿੰਟਾਂ ਵਿਚ ਸਟੇਸ਼ਨ ਪੁਚਾਏਗਾ। ਬੈਜੇਮਨ, ਝੱਟਪਟ ਬੈਠ ਅਤੇ ਪਾਗਲਾਂ ਵਾਂਗ ਗੱਡੀ ਦੁੜਾ, ਜੇ ਮਿਸਟਰ ਮੈਰੀਮੈਨ ਨੂੰ ਗੱਡੀ ਨਾ ਮਿਲੀ ਤਾਂ ਸਮਝੀ ਕਿ ਤੇਰੀ ਨੌਕਰੀ ਵੀ

ਖਤਮ। ਪੱਕਾ ਫੜ ਕੇ ਬੈਠੀ ਮੈਰੀਮੈਨ ਡਰੀ ਨਾ, ਸ਼ੈਤਾਨ ਆਪਣੇ ਚੇਲਿਆਂ ਦਾ ਧਿਆਨ ਰੱਖਦਾ ਹੈ।

"ਅਖੀਰਲੀ ਸ਼ੁਭ ਇੱਛਾ ਦੇ ਕੇ, ਬੈਰਨ ਮੁੜ ਕੇ ਵਾਪਸ ਲਾਇਬਰੇਰੀ ਵਿਚ ਚਲਾ ਗਿਆ।

ਮੈਂ ਬਹੁਤਾ ਨਹੀਂ ਸੀ ਸੁਣਿਆ ਪਰ ਜੋ ਕੁਝ ਵੀ ਸੁਣਿਆ ਸੀ ਉਹ ਮੈਨੂੰ ਬੈਚੇਨ ਅਤੇ ਬੇ- ਆਰਾਮ ਕਰਨ ਲਈ ਬਥੇਰਾ ਸੀ। ਜਿਹੜੀ ਗੱਲ ਹੋਈ ਸੀ ਅਤੇ ਜਿਹੜੀ 'ਘਟਨਾ ਵਾਪਰੀ ਸੀ। ਸਪੱਸ਼ਟ ਸੀ, ਕਿ ਉਹ ਪੈਸੇ ਦੀ ਤੰਗੀ ਸੀ, ਅਤੇ ਪੈਸਿਆਂ ਦੀ ਸਮੱਸਿਆ ਸੀ, ਅਤੇ ਸਭ ਪਰਸੀਵਲ ਇਸ ਤੋਂ ਤਾਂ ਹੀ ਖਲਾਸੀ ਪਾ ਸਕਦਾ ਸੀ, ਜਾਂ ਲਾਰਾ ਦੀ ਮਰਜ਼ੀ ਹੋਵੇ। ਲਾਰਾ ਆਪਣੇ ਪਤੀ ਕਰਕੇ ਕਿਸੇ ਤਕਲੀਫ ਵਿਚ ਘਸੀਟੀ ਜਾਏ। ਇਸ ਗੱਲ ਦਾ ਖਿਆਲ ਕਰਕੇ ਮੈਂ ਦੁਖੀ ਹੋ ਗਈ ਅਤੇ ਮੈਨੂੰ ਇਹ ਦੁੱਖ ਇਸ ਕਰਕੇ ਬਹੁਤ ਮਹਿਸੂਸ ਹੋ ਰਿਹਾ ਸੀ ਕਿਉਂਕਿ ਮੈਨੂੰ ਇਨ੍ਹਾਂ ਕੰਮਾਂ ਦੀ ਇੰਨੀ ਸਮਝ ਨਹੀਂ ਸੀ, ਅਤੇ ਉਂਜ ਵੀ ਮੈਨੂੰ ਸਰ ਪਰਸੀਵਲ ਉੱਤੇ ਵਿਸ਼ਵਾਸ ਨਹੀਂ ਸੀ। ਮੈਂ ਬਾਹਰ ਜਾਣ ਦੀ ਥਾਂ ਹੁਣ ਫ਼ੌਰਨ ਲਾਰਾ ਦੇ ਕਮਰੇ ਵਿਚ ਚਲੀ ਗਈ ਅਤੇ ਉਹਨੂੰ ਉਹ ਕੁਝ ਦਸਿਆ, ਜਾਂ ਮੈਂ ਹੁਣੇ ਹੁਣੇ ਸੁਣਿਆ ਸੀ।

ਉਹਨੇ ਇਹ ਭੈੜੀ ਖ਼ਬਰ ਜਿਸ ਸਾਂਤੀ ਨਾਲ ਸੁਣੀ: ਉਸ ਤੋਂ ਮੈਂ ਹੈਰਾਨ ਸਾਂ। ਉਹਨੂੰ ਆਪਣੇ ਪਤੀ ਦੀਆਂ ਮੁਸ਼ਕਲਾਂ ਦਾ ਅਤੇ ਆਪਣੇ ਪਤੀ ਦੇ ਚਾਲ-ਚਲਣ ਦਾ ਮੇਰੀ ਆਸ ਤੋਂ ਵਧ ਪਤਾ ਸੀ। ਮੈਨੂੰ ਅਜੇ ਤਕ ਇਸ ਗੱਲ ਦਾ ਸ਼ੱਕ ਵੀ ਨਹੀਂ ਸੀ ਹੋਇਆ।

"ਮੈਨੂੰ ਵੀ ਇਹੀ ਡਰ ਸੀ, ਜਦੋਂ ਮੈਂ ਸੁਣਿਆ ਸੀ ਕਿ ਕੋਈ ਓਪਰਾ ਆਦਮੀ ਪਿਛੋਂ ਪਤਾ ਕਰਨ ਆਇਆ ਸੀ ਅਤੇ ਆਪਣਾ ਨਾਂ ਪਤਾ ਛੱਡ ਕੇ ਨਹੀਂ ਗਿਆ ਸੀ।"

"ਤੇਰੇ ਖਿਆਲ ਵਿਚ ਉਹ ਆਦਮੀ ਕੌਣ ਸੀ?" ਮੈਂ ਪੁੱਛਿਆ।

"ਉਹ ਕੋਈ ਉਹ ਬੰਦਾ ਹੋਵੇਗਾ, ਜਿਸ ਨੇ ਸਰ ਪਰਸੀਵਲ ਤੋਂ ਬੜੀ ਵੱਡੀ ਰਕਮ ਲੈਣੀ ਹੋਵੇਗੀ," ਉਹ ਬੋਲੀ, "ਅਤੇ ਜਿਸ ਦੇ ਕਾਰਣ ਮਿਸਟਰ ਮੈਰੀਮੈਨ ਨੂੰ ਅਜ ਇਥੇ ਆਉਣਾ ਪਿਆ ਹੈ।

"ਕੀ ਤੈਨੂੰ ਇਸ ਕਰਜੇ ਬਾਰੇ ਹੋਰ ਵੀ ਕੁਝ ਪਤਾ ਹੈ?"

“ਨਹੀਂ, ਮੈਨੂੰ ਪੂਰੀ ਗੱਲ ਦਾ ਪਤਾ ਨਹੀਂ।"

"ਲਾਰਾ, ਤੂੰ ਪਹਿਲਾਂ ਵੇਖੇ ਬਿਨਾਂ ਕਿਸੇ ਕਾਗਜ਼ ਤੇ ਦਸਤਖਤ ਨਾ ਕਰੀਂ।"

"ਇੰਜ਼ ਕਦੀ ਨਹੀਂ ਹੋਵੇਗਾ, ਮੇਰੀਅਨ ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਏ, ਮੈਂ ਜੋ ਕੁਝ ਉਹਦੇ ਲਈ ਕਰ ਸਕਾਂਗੀ ਕਰਾਂਗੀ, ਅਤੇ ਉਹ ਵੀ ਇਸ ਲਈ ਕਿ ਮੇਰੀ ਅਤੇ ਤੇਰੀ ਜ਼ਿੰਦਗੀ ਆਸਾਨ ਹੋ ਜਾਏ- ਪਰ ਮੈਂ ਵੇਖੇ ਅਤੇ ਜਾਣੇ ਬਿਨਾਂ ਉਹ ਕੁਛ ਕਦੀ ਨਹੀਂ ਕਰਾਂਗੀ, ਜਿਸ ਕਰਕੇ ਸਾਨੂੰ ਕਿਸੇ ਦਿਨ ਸ਼ਰਮਿੰਦਗੀ ਉਠਾਉਣੀ ਪਵੇ। ਤੂੰ ਆਪਣਾ ਹੇਟ ਪਾ ਕੇ ਆਈ ਹੈ ਚਲ ਅਸੀਂ ਬਾਹਰ ਚਲ ਕੇ ਗਰਾਉਂਡ ਵਿਚ ਇਹ ਦੁਪਿਹਰ ਸੁਪਨੇ ਲੈ ਕੇ ਹੀ ਬਿਤਾ ਦੇਈਏ।"

ਘਰ ਵਿਚੋਂ ਬਾਹਰ ਨਿਕਲ ਕੇ ਅਸੀਂ ਛਾਵੇਂ ਛਾਵੇਂ ਹੋ ਤੁਰੀਆਂ।

ਜਦੋਂ ਅਸੀਂ ਘਰ ਦੇ ਸਾਹਮਣਿਓਂ ਲੰਘੀਆਂ, ਤਾਂ ਅਸੀਂ ਵੇਖਿਆ ਕਿ ਕਾਂਉਂਟ ਫ਼ੋਸਕੋ ਘਾਹ ਉਤੇ ਇਧਰੋਂ ਉਧਰ ਅਤੇ ਓਧਰੋਂ ਇਧਰ, ਜੂਨ ਦੇ ਸੂਰਜ ਦੇ ਪੂਰੇ ਸੇਕ ਵਿਚ ਟਹਿਲ ਰਿਹਾ ਹੈ। ਉਹਨੇ ਇਕ ਚੌੜਾ ਤੀਲਿਆਂ ਦਾ ਹੈਟ ਜਿਸ ਉਤੇ ਜਾਮਨੀ ਰੰਗ ਦਾ ਰਿਬਨ ਲੱਗਾ ਸੀ ਪਾਇਆ ਹੋਇਆ ਸੀ। ਨੀਲੇ ਰੰਗ ਦੀ ਕਮੀਜ਼ ਨੇ, ਜਿਸ ਉਤੇ ਚਿੱਟੇ ਰੰਗ ਦੀ ਸੰਘਣੀ ਕਢਾਈ ਹੋਈ ਸੀ, ਉਹਦੇ ਚੌੜੇ ਪਿੰਡੇ ਨੂੰ ਢੱਕਿਆ ਹੋਇਆ ਸੀ; ਅਤੇ ਜਿਥੇ ਕਦੀ ਲੱਕ ਹੁੰਦਾ ਹੋਵੇਗਾ; ਉਥੇ ਚੌੜੀ ਚਮੜੇ ਦੀ ਪੇਟੀ ਸੀ, ਜਿਸਦਾ ਰੰਗ ਉਨ੍ਹਾਬੀ ਸੀ। ਚੀਨੀ ਫੈਸ਼ਨ ਦੀ ਪੈਂਟ ਸੀ। ਜਿਸ ਦੇ ਪਾਉਚਿਆਂ ਉਤੇ ਚਿੱਟੀ ਕਢਾਈ ਸੀ, ਅਤੇ ਪੈਰਾਂ ਵਿਚ ਵਧੀਆ ਮਰਾਕ ਦੇ ਚਮੜੇ ਦੇ ਸਲੀਪਰਾਂ ਨਾਲ ਉਹਨੇ ਆਪਣੀਆਂ ਲੱਤਾਂ ਅਤੇ ਪੈਰ ਸ਼ਿੰਗਾਰੇ ਹੋਏ ਸਨ। ਉਹ ਫਿਗਰੋ ਦਾ ਮਸ਼ਹੂਰ ਗੀਤ ਇੰਨੀ ਉਚੀ ਆਵਾਜ਼ ਵਿਚ ਗਾ ਰਿਹਾ ਸੀ, ਜਿੰਨੀ ਉਚੀ ਸਿਰਫ਼ ਇਤਾਲਵੀ ਲੋਕ ਹੀ ਕੱਢ ਸਕਦੇ ਹਨ, ਗੀਤ ਦੇ ਨਾਲ ਨਾਲ ਉਹ ਗਟਾਰ ਵਜਾ ਰਿਹਾ ਸੀ; ਗਾਉਂਦਾ ਗਾਉਂਦਾ, ਉਹ ਕਦੀ ਆਪਣੀਆਂ ਬਾਹਾਂ ਉਲਾਰਦਾ ਅਤੇ ਮਸਤੀ ਵਿਚ ਆ ਕੇ ਸਿਰ ਹਿਲਾਉਂਦਾ ਅਤੇ ਮਟਕਾਉਂਦਾ ਇੰਜ਼ ਜਾਪਦਾ ਸੀ, ਜਿਵੇਂ ਕੋਈ ਮੋਟਾ ਜੇਕਰ ਮਰਦਾਂ ਦੇ ਕੱਪੜੇ ਪਾ ਕੇ ਤਮਾਸ਼ਾ ਕਰ ਰਿਹਾ ਹੋਵੇ। ਗਾਉਂਦਿਆਂ, ਉਹਨੇ ਆਪਣੀ ਗਟਾਰ ਨੂੰ ਇਸ ਪਾਸੇ ਕਰਕੇ ਸਾਨੂੰ ਇੰਨੀ ਨਜ਼ਾਕਤ ਨਾਲ ਸਿਰ ਝੁਕਾਇਆ ਜਿਵੇਂ ਉਹ ਫ਼ਿਗਰੋ ਹੋਵੇ ਅਤੇ ਉਹਦੀ ਉਮਰ ਵੀਹ ਸਾਲ ਦੀ ਹੋਵੇ।

"ਮੇਰੀ ਗੱਲ ਪੱਕੀ ਜਾਣੀ ਲਾਰਾ, ਕਿ ਇਸ ਆਦਮੀ ਨੂੰ ਸਰ ਪਰਸੀਵਲ ਦੀਆਂ ਸਮੱਸਿਆਵਾਂ ਅਤੇ ਉਲਝਣਾਂ ਬਾਰੇ ਕੁਝ ਪਤਾ ਜ਼ਰੂਰ ਹੈ।" ਮੈਂ ਉਦੋਂ ਲਾਰਾ ਨੂੰ ਕਿਹਾ, ਜਦ ਅਸੀਂ ਕਾਫੀ ਦੂਰੀ ਤੋਂ ਕਾਂਊਟ ਦੀ ਨਮਸਕਾਰ ਦਾ ਜਵਾਬ ਦਿਤਾ।

"ਤੈਨੂੰ ਇਹ ਖਿਆਲ ਕਿਵੇਂ ਆਇਆ ਹੈ? ਲਾਰਾ ਨੇ ਪੁੱਛਿਆ।

"ਨਹੀਂ" ਤੇ ਉਹ ਇਹ ਕਿਵੇਂ ਜਾਣ ਸਕਦਾ ਸੀ, ਕਿ ਮਿਸਟਰ ਮੈਰੀਮੈਨ, ਸਰ ਪਰਸੀਵਲ ਦਾ ਵਕੀਲ ਹੈ?" ਮੈਂ ਕਹਿੰਦੀ ਗਈ। "ਨਾਲੇ ਜਦੋਂ ਮੈਂ ਤੁਹਾਡੇ ਪਿੱਛੇ ਖਾਣੇ ਦੇ ਕਮਰੇ ਵਿਚੋਂ ਬਾਹਰ ਨਿਕਲ ਰਹੀ ਸਾਂ, ਤਾਂ ਉਹਨੇ ਮੈਨੂੰ ਬਿਨਾਂ ਪੁੱਛਣ ਦੇ ਇਹ ਕਿਹਾ ਕਿ ਕੋਈ ਘਟਨਾ ਵਾਪਰੀ ਹੈ। ਤੂੰ ਮੇਰੀ ਗੱਲ ਸੁਣ ਲੈ, ਉਹ ਸਾਡੇ ਨਾਲੋਂ ਵਧ ਜਾਣਦਾ ਹੈ।" .

"ਜੇ ਉਹ ਜਾਣਦਾ ਵੀ ਹੈ ਤਾਂ ਵੀ ਤੂੰ ਉਹਨੂੰ ਕੋਈ ਸਵਾਲ ਨਾ ਪੁੱਛੀ ਉਹਦੇ ਨਾਲ ਆਪਣੀ ਕੋਈ ਗੱਲ ਦਾ ਕਰੀਂ!"

"ਤੂੰ ਉਹਨੂੰ ਬੜੀ ਦ੍ਰਿੜਤਾ ਨਾਲ ਨਫਰਤ ਕਰਦੀ ਦਿੱਸਦੀ ਹੈ, ਲਾਰਾ, ਕੀ ਉਹਨੇ ਤੈਨੂੰ ਕੁਝ ਕਿਹਾ ਹੈ ਜਾਂ ਕੋਈ ਅਜਿਹਾ ਕੰਮ ਕੀਤਾ ਹੈ, ਜਿਸ ਕਾਰਣ ਓਹ ਤੇਰੀ ਘਿਰਣਾ ਦਾ ਪਾਤਰ?"

"ਬਿਲਕੁਲ ਕੁਝ ਨਹੀਂ ਕਿਹਾ, ਮੇਰੀਅਨ ਸਗੋਂ ਜਦੋਂ ਅਸੀਂ ਵਾਪਸੀ ਯਾਤਰਾ ਕਰ ਰਹੇ ਸਾਂ, ਤਾਂ ਉਹਨੇ ਮੇਰਾ ਬਹੁਤ ਧਿਆਨ ਰਖਿਆ, ਅਤੇ ਕਈ ਵਾਰ ਸਰ ਪਰਸੀਵਲ ਜਦੋਂ ਮੇਰੇ ਨਾਲ ਗੁੱਸੇ ਦੇ ਆਵੇਗ ਵਿਚ ਬੁਰੀ ਤਰ੍ਹਾਂ ਬੋਲਣ ਲਗਦਾ, ਉਹ ਉਹਨੂੰ ਮੇਰਾ ਖਿਆਲ ਕਰਕੇ ਬੜੀ ਸਿਆਣਪ ਨਾਲ ਰੋਕਦਾ ਸ਼ਾਇਦ ਮੈਨੂੰ ਉਹ ਤਾਂ ਨਹੀ ਚੰਗਾ ਲਗਦਾ ਕਿ ਉਸਦਾ ਮੇਰੇ ਪਤੀ ਤੇ ਮੇਰੇ ਨਾਲੋਂ ਬਹੁਤਾ ਪ੍ਰਭਾਵ ਹੈ ਸ਼ਾਇਦ ਇਹ ਸੋਚਕੇ ਕਿ ਉਹ ਦਖਲ ਦੇ ਕੇ ਮੇਰੇ ਤੇ ਅਹਿਸਾਨ ਕਰਦਾ ਹੈ, ਮੇਰੇ ਸਵੈ-ਮਾਨ ਨੂੰ ਸੱਟ ਵਜਦੀ ਹੈ। ਮੈਂ ਤਾਂ ਸਿਰਫ ਇਹ ਜਾਣਦੀ ਹਾਂ ਕਿ ਮੈਨੂੰ ਉਹ ਚੰਗਾ ਨਹੀਂ ਲੱਗਦਾ।"

ਬਾਕੀ ਸਾਰਾ ਦਿਨ ਅਤੇ ਸਾਰੀ ਸ਼ਾਮ ਚੁੱਪ ਚੁਪੀਤੇ ਹੀ ਬੀਤੀ। ਕਾਂਊਟ ਅਤੇ ਮੈਂ ਸਤਰੰਜ ਖੇਡਦੇ ਰਹੇ। ਪਹਿਲੀਆਂ ਦੋ ਖੇਡਾਂ ਤਾਂ ਉਹਨੇ ਮੈਨੂੰ ਨਿਮਰਤਾ ਵੱਸ ਜਿੱਤਣ ਦਿਤਾ, ਅਤੇ ਜਦੋਂ ਉਹਨੇ ਇਹ ਵੇਖ ਲਿਆ ਕਿ ਇਹ ਗੱਲ ਮੈਂ ਜਾਣ ਲਈ ਹੈ ਤਾਂ ਉਹਨੇ ਖਿਮਾਂ ਮੰਗਦਿਆਂ ਹੋਇਆ ਮੈਨੂੰ ਤੀਜੀ ਬਾਜ਼ੀ ਵਿਚ ਦਸਾਂ ਮਿੰਟਾਂ ਦੇ ਅੰਦਰ ਹੀ ਹਰਾ ਦਿਤਾ। ਸਾਰੀ

ਸ਼ਾਮ ਪਰਸੀਵਲ ਨੇ ਇਕ ਵਾਰ ਵੀ ਵਕੀਲ ਦੇ ਆਉਣ ਦਾ ਜ਼ਿਕਰ ਨਾ ਕੀਤਾ। ਜਾਂ ਉਸੇ ਕਾਰਣ, ਜਾਂ ਕਿਸੇ ਹੋਰ ਘਟਨਾ ਦੇ ਕਾਰਣ ਉਸ ਵਿਚ ਬੜੀ ਤਬਦੀਲੀ ਸੀ। ਅੱਜ ਉਹ ਨਮਰ ਅਤੇ ਸਭ ਨਾਲ ਉਸੇ ਤਰਾਂ ਮਿੱਠਾ ਸੀ, ਜਿਵੇਂ ਵਿਆਹ ਤੋਂ ਪਹਿਲਾਂ ਲਿਮਰਿਜ ਹੋਇਆ ਕਰਦਾ ਸੀ, ਅਤੇ ਉਹ ਆਪਣੀ ਪਤਨੀ ਨਾਲ ਬੜਾ ਦਇਆਲੂ ਅਤੇ ਉਹਦਾ ਏਨਾ ਧਿਆਨ ਰੱਖ ਰਿਹਾ ਸੀ ਕਿ ਬਰਫੀਲੀ ਮੈਡਮ ਫ਼ੋਸਕੋ ਨੇ ਵੀ ਉਹਦੇ ਵੱਲ ਹੈਰਾਨੀ ਨਾਲ ਵੇਖਿਆ। ਉਹਦਾ ਕੀ ਮਤਲਬ ਹੈ?" ਮੇਰਾ ਖਿਆਲ ਹੈ ਕਿ ਮੈਂ ਜਾਣਦੀ ਹਾਂ; ਮੈਨੂੰ ਲੱਗਦਾ ਹੈ ਕਿ ਲਾਰਾ ਨੂੰ ਵੀ ਪਤਾ ਹੈ; ਅਤੇ ਮੈਨੂੰ ਵਿਸ਼ਵਾਸ ਹੈ ਕਿ ਕਾਂਊਟ ਵੀ ਜਾਣਦਾ ਹੈ ! ਮੈਂ ਸਾਰੀ ਸ਼ਾਮ ਸਰ ਪਰਸੀਵਲ ਨੂੰ ਕਈ ਵਾਰ ਕਾਉਂਟ ਫ਼ੋਸਕੋ ਵੱਲ ਇੰਜ਼ ਵੇਖਦਿਆਂ ਫੜਿਆ ਹੈ, ਜਿਵੇਂ ਉਹ ਉਹਦਾ ਸਮਰਥਨ ਚਾਹੁੰਦਾ ਹੋਵੇ।

ਸਤਰਾਂ ਜੂਨ-ਅੱਜ ਬੜੀਆਂ ਘਟਨਾਵਾਂ ਦਾ ਦਿਨ ਸੀ। ਮੈਂ ਆਸ ਕਰਦੀ ਹਾਂ, ਕਿ ਮੈਨੂੰ ਇਹ ਨਾਲ ਨਾ ਲਿਖਣਾ ਪਵੇ ਕਿ ਅੱਜ ਦਾ ਦਿਨ ਸੰਕਟਮਈ ਵੀ ਸੀ।

ਸਰ ਪਰਸੀਵਲ ਨਾਸ਼ਤੇ ਵੇਲੇ ਵੀ ਪਹਿਲੀ ਸ਼ਾਮ ਵਾਂਗ, ਉਸ ਭਤ-ਭਰੇ ਇੰਤਜ਼ਾਮ (ਜਿਵੇਂ ਕਿ ਵਕੀਲ ਕਹਿ ਰਿਹਾ ਸੀ) ਦੇ ਵਿਸ਼ੇ ਤੇ ਬਿਲਕੁਲ ਕੋਈ ਗੱਲ ਨਾ ਕੀਤੀ। ਜੋ ਸਾਡੇ ਸਿਰ ਤੇ ਤਲਵਾਰ ਵਾਂਗ ਲਟਕ ਰਿਹਾ ਸੀ। ਇਕ ਘੰਟਾ ਮਗਰੋਂ, ਉਹ ਮੋਰਨਿੰਗ ਰੂਮ ਵਿਚ ਅਚਾਨਕ ਆ ਵੜ੍ਹਿਆ, ਜਿਥੇ ਅਸੀਂ ਦੋਵੇਂ ਭੈਣਾ ਹੈਟ ਪਾਈ, ਮੈਡਮ ਫ਼ੋਸਕੋ ਦੀ ਉਡੀਕ ਕਰ ਰਹੀਆਂ ਸਾਂ; ਅਤੇ ਉਹਨੇ ਕਾਂਊਟ ਬਾਰੇ ਪੁੱਛਿਆ।

"ਸਾਨੂੰ ਹੁਣੇ ਉਹਦੀ ਇਥੇ ਹੀ ਉਡੀਕ ਹੈ।" ਮੈਂ ਕਿਹਾ।

"ਗੱਲ ਇਹ ਹੈ" ਸਰ ਪਰਸੀਵਲ ਬੇਚੈਨੀ ਨਾਲ ਕਮਰੇ ਵਿਚ ਘੁੰਮਦਾ ਹੋਇਆ ਬੋਲਿਆ, "ਮੈਂ ਚਾਹੁੰਦਾ ਹਾਂ, ਕਿ ਮੇਰੀ ਪਤਨੀ ਅਤੇ ਕਾਂਊਟ ਫ਼ੋਸਕੋ ਦੋਵੇਂ ਲਾਇਬਰੇਰੀ ਵਿਚ ਇਕ ਮਿੰਟ ਲਈ ਆਉਣ, ਰਤਾ ਕੁ ਬਿਜ਼ਨੈਸ ਦਾ ਕੰਮ ਹੈ; ਲਾਰਾ, ਮੈਨੂੰ ਇਕ ਮਿੰਟ ਤੇਰੇ ਨਾਲ ਕੰਮ ਹੈ।" ਉਹ ਰੁਕਿਆ, ਅਤੇ ਉਹਨੇ ਪਹਿਲੀ ਵਾਰ ਇਹ ਧਿਆਨ ਕੀਤਾ ਕਿ ਅਸੀਂ ਸੈਰ ਕਰਨ ਦੇ ਕਪੜੇ ਪਾਏ ਹੋਏ ਸਨ। "ਕੀ ਤੁਸੀਂ ਹੁਣੇ ਬਾਹਰੋਂ ਆਈਆਂ ਹੋ?" ਉਹਨੇ ਪੁਛਿਆ, "ਜਾਂ ਬਾਹਰ ਚਲੀਆਂ ਹੋ?"

"ਅਸੀਂ ਸਾਰੇ ਸੋਚ ਰਹੇ ਸਾਂ, ਕਿ ਅੱਜ ਝੀਲ ਤੇ ਚਲੀਏ,"

ਲਾਰਾ ਬੋਲੀ। "ਪਰ ਜੇ ਤੁਹਾਡੀ ਕੋਈ ਹੋਰ ਸਲਾਹ ਹੈ – "

"ਨਹੀਂ, ਨਹੀਂ," ਉਹ ਕਾਹਲੀ ਨਾਲ ਬੋਲਿਆ। "ਮੇਰਾ ਕੰਮ ਪਿੰਡ ਵੀ ਹੋ ਸਕਦਾ ਹੈ। ਦੁਪਿਹਰ ਦੀ ਰੋਟੀ ਮਗਰੋਂ ਹੋ ਜਾਏਗਾ ਜੇ ਨਾਸ਼ਤੇ ਪਿਛੋਂ ਨਹੀਂ। ਸਾਰੇ ਝੀਲ ਤਕ ਚਲੇ ਹੋ, ਹੈ? ਚੰਗੀ ਸਲਾਹ ਹੈ। ਅੱਜ ਅਸੀ ਸਾਰੇ ਵਿਹਲੇ ਰਵਾਗੇ, ਮੈਂ ਵੀ ਤੁਹਾਡੇ ਨਾਲ ਚਲਾਂਗਾ।"

ਉਹਦੇ ਵਤੀਰੇ ਨੂੰ ਗਲਤ ਸਮਝਣ ਦੀ ਕੋਈ ਸੰਭਾਵਨਾ ਹੀ ਨਹੀਂ ਸੀ; ਭਾਵੇਂ ਅਸੀਂ ਉਹਦੀ ਉਸ ਗੱਲ ਨੂੰ ਗਲਤ ਸਮਝ ਲੈਂਦੀਆਂ ਕਿ ਉਹ ਆਰਾਮ ਅਤੇ ਸਲਾਹ ਦਾ ਖਿਆਲ ਕਰਕੇ ਆਪਣਾ ਕੰਮ ਪਿਛੇ ਪਾ ਰਿਹਾ ਸੀ।

ਇਹ ਗੱਲ ਉਹਦੇ ਸੁਭਾ ਵਿਚ ਹੀ ਨਹੀਂ ਸੀ। ਸਪਸ਼ਟ ਸੀ, ਲਾਇਬਰੇਰੀ ਵਿਚ ਜੋ ਬਿਸਨੈਸ ਦਾ ਮਾਮੂਲੀ ਕੰਮ ਦੱਸ ਰਿਹਾ ਸੀ, ਉਹਨੂੰ ਹੋਰ ਅਗੇ ਪਾ ਕੇ ਕੁਝ ਸੁਖਾਲਾ ਮਹਿਸੂਸ ਕਰ ਰਿਹਾ ਸੀ। ਉਹਨੂੰ ਇਸ ਲਈ ਕੋਈ ਬਹਾਨਾ ਹੀ ਚਾਹੀਦ ਸੀ। ਮੈਂ ਇਹ ਸਿੱਟਾ ਜਦੋਂ ਕਢਿਆ ਤਾਂ ਮੇਰਾ ਦਿਲ ਅੰਦਰ ਅੰਦਰ ਡੁੱਬ ਗਿਆ।

ਉਸੇ ਪਲ ਕਾਂਊਟ ਅਤੇ ਉਹਦੀ ਪਤਨੀ ਵੀ ਆ ਗਏ। ਕਾਊਂਟੈਸ ਦੇ ਹੱਥ ਵਿਚ ਆਪਣੇ ਪਤੀ ਦਾ ਕਢਾਈ ਵਾਲਾ ਬੈਗ ਸੀ। ਅਤੇ ਉਹਦੇ ਹੱਥ ਵਿਚ ਸਿਗਰਟ ਬਣਾਉਣ ਲਈ ਕਾਗਜ਼ ਸਨ। ਕਾਂਊਟ ਨੇ ਹਮੇਸ਼ਾ ਵਾਂਗ ਬਲਾਊਜ਼ ਅਤੇ ਤੀਲੀਆ ਵਾਲਾ ਹੈਟ ਪਾਇਆ ਹੋਇਆ ਸੀ, ਅਤੇ ਉਹਦੇ ਹੱਥ ਵਿਚ ਚਿੱਟਿਆ ਚੂਹਿਆਂ ਦਾ ਚਮਕਦਾ ਪਿੰਜਰਾ ਸੀ, ਜਿਸ ਵਿਚ ਉਹਦੇ ਪਿਆਰੇ ਚੂਹੇ ਸਨ ਉਹ ਕਦੀ ਉਨ੍ਹਾਂ ਵੱਲ ਵੇਖ ਕੇ ਮੁਸਕਰਾਂਦਾ ਅਤੇ ਕਦੀ ਸਾਡੇ ਵੱਲ, ਉਹਦੀ ਮੁਸਕਾਨ ਏਨੀ ਮਿਲਾਪੜੀ ਸੀ ਕਿ ਕੋਈ ਉਹਦਾ ਉੱਤਰ ਦੇਏ ਬਿਨਾਂ ਨਹੀਂ ਸੀ ਰਹਿ ਸਕਦਾ।

"ਜੇ ਤੁਹਾਨੂੰ ਕਿਸੇ ਨੂੰ ਕੋਈ ਇਤਰਾਜ਼ ਨਾ ਹੋਵੇ, ਅਤੇ ਜੇ ਤੁਸੀਂ ਮੈਨੂੰ ਆਗਿਆ ਦਿਉ, ਤਾਂ ਮੈਂ ਆਪਣਾ ਇਹ ਛੋਟਾ ਜਿਹਾ ਟੱਬਰ ਵੀ ਨਾਲ ਲੈ ਚਲਾਂ, ਇਹ ਵੀ ਸੈਰ ਕਰ ਆਉਣਗੇ। ਘਰ ਵਿਚ ਕੁੱਤੇ ਹਨ, ਕੀ ਮੈਂ ਆਪਣੇ ਪਿਆਰੇ ਚੂਹੇ ਇਨਾਂ ਦੇ ਤਰਸ ਤੇ ਛੱਡ ਜਾਵਾਂਗਾ! ਕਦੀ ਨਹੀਂ -।"

ਉਹ ਇਕ ਪਿਤਾ ਵਾਂਗ ਚੂਹਿਆਂ ਨਾਲ ਪਿੰਜਰੇ ਦੀਆਂ ਸੀਖਾਂ ਵਿਚੋਂ ਗੱਲਾਂ ਕਰਦਾ ਜਾ ਰਿਹਾ ਸੀ; ਅਤੇ ਅਸੀਂ ਸਭ ਝੀਲ ਵੱਲ ਜਾ ਰਹੇ ਸਾਂ।

ਜਦੋਂ ਚੀਲਾਂ ਦੇ ਰੁੱਖਾਂ ਦੀ ਲੁਗੀ ਕੋਲ ਪਹੁੰਚ ਤਾਂ ਸਰ ਪਰਸੀਵਲ ਸਾਡੇ ਕੋਲੋਂ ਵੱਖਰਾ ਹੋ ਗਿਆ। ਉਸਦੀ ਤਬੀਅਤ ਵਿਚ ਜੋ ਬੇਚੈਨੀ ਹਰ ਸਮੇਂ ਰਹਿੰਦੀ ਸੀ, ਉਸ ਕਾਰਣ ਉਹ ਅਜਿਹੇ ਮੌਕਿਆਂ ਤੇ ਕਿਸੇ ਨਾਲ ਰਲ ਕੇ ਨਹੀਂ ਸੀ ਹੱਸ ਖੇਡ ਸਕਦਾ। ਹਮੇਸ਼ਾ ਸਭ ਕੋਲੋਂ ਨਿੱਖੜ ਜਾਂਦਾ। ਜਦੋਂ ਇਕੱਲਾ ਹੁੰਦਾ ਤਾਂ ਆਪਣੇ ਵਰਤਣ ਲਈ ਨਵੀਆਂ ਸੋਟੀਆਂ ਦਰਖਤਾਂ ਨਾਲੋਂ ਕੱਟਦਾ। ਇੰਜ਼ ਹੀ ਟਾਹਣੀਆਂ ਕੱਟਣ ਨਾਲ ਉਹਨੂੰ ਸੁੱਖ ਮਿਲਦਾ ਜਾਪਦਾ ਸੀ। ਉਹਨੇ ਇੰਜ਼ ਕੱਟ ਕੱਟ ਕੇ ਕਈ ਸੋਟੀਆਂ ਘਰ ਵਿਚ ਰੱਖੀਆਂ ਹੋਈਆਂ ਸਨ ਜੋ ਉਹਨੇ ਕਦੀ ਦੂਜੀ ਵਾਰੀ ਚੁੱਕੀਆਂ ਵੀ ਨਹੀਂ ਸਨ। ਬੱਸ ਇਕ ਵਾਰ ਜੋ ਵਰਤ ਲਈ, ਮੁੜ ਕੇ ਉਹਨੇ ਕਦੀ ਉਸ ਸੋਟੀ ਵੱਲ ਨਜ਼ਰ ਵੀ ਨਹੀਂ ਸੀ ਮਾਰੀ। ਬਸ ਹਰ ਵੇਲੇ ਨਵੀਆਂ ਹੀ ਸੋਟੀਆਂ ਬਣਾਉਂਦਾ ਤੇ ਆਪਣਾ ਜੀਅ ਪ੍ਰਚਾਵਾ ਕਰਦਾ।

ਉਸ ਪੁਰਾਣੇ ਕਮਰੇ ਵਿਚ ਜਿਥੇ ਬੜੀਆਂ ਆਦਿ ਦਾ ਪੁਰਾਣਾ ਸਾਮਾਨ ਪਿਆ ਸੀ, ਅਸੀਂ ਸਾਰੇ ਸਾਹ ਲੈਣ ਲਈ ਬੈਠ ਗਏ। ਸਰ ਪਰਸੀਵ ਵੀ ਸਾਡੇ ਕੋਲ ਆ ਗਿਆ। ਉਹ ਆਪਣੀ ਜੇਬ ਵਿਚਲੇ ਚਾਕੂ ਨਾਲ ਆਪਣੀ ਅਖੀਰਲੀ ਸੋਟੀ ਛਿੱਲ ਰਿਹਾ ਸੀ। ਇਥੇ ਸਾਡੇ ਸਭ ਦੇ ਬੈਠਣ ਮਗਰੋਂ ਜੋ ਸਾਡੇ ਵਿਚਕਾਰ ਗੱਲ ਬਾਤ ਹੋਈ ਮੈਂ ਉਵੇਂ ਦੀ ਉਵੇਂ ਬਿਆਨ ਕਰਾਂਗੀ। ਇਹ ਬੜੀ ਮਹੱਤਵਪੂਰਣ ਸੀ ਘੱਟ ਤੋਂ ਘੱਟ ਮੇਰੇ ਲਈ। ਇਸ ਦੇ ਨਾਲ ਹੀ ਮੈਂ ਆਪਣੇ ਦਿਲ ਵਿਚ ਇਹ ਦ੍ਰਿੜ ਨਿਸ਼ਚਾ ਕੀਤਾ ਕਿ ਕਾਂਊਟ ਦੇ ਪ੍ਰਭਾਵ ਤੋਂ ਮੈਨੂੰ ਹੁਸ਼ਿਆਰ ਰਹਿਣਾ ਚਾਹੀਦਾ ਹੈ ਤੇ ਉਹਦੇ ਹਰ ਤਰ੍ਹਾਂ ਦੇ ਅਸਰ ਤੋਂ ਬਚਣਾ ਚਾਹੀਦਾ ਹੈ। ਮੈਨੂੰ ਉਹਦੇ ਤੇ ਭਵਿੱਸ਼ ਵਿਚ ਕਿਸੇ ਕਿਸਮ ਦਾ ਕੋਈ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

ਇਹ ਬੋਟ ਹਾਊਸ ਕਾਫ਼ੀ ਵੱਡਾ ਸੀ, ਅਤੇ ਅਸੀਂ ਸਾਰੇ ਇਸ ਵਿਚ ਆਰਾਮ ਨਾਲ ਪੂਰੇ ਆ ਸਕਦੇ ਸਾਂ। ਪਰ ਸਰ ਪਰਸੀਵਲ ਬਾਹਰ ਹੀ ਖੜ ਕੇ ਆਪਣੀ ਸੋਟੀ ਨੂੰ ਛਿੱਲਦਾ ਰਿਹਾ। ਅਸੀਂ ਤਿੰਨ ਜਨਾਨੀਆਂ ਵੱਡੀ ਸੀਟ ਤੇ ਬੈਠ ਗਈਆਂ। ਲਾਰਾ ਵੀ ਕੋਈ ਕਢਾਈ ਨਾਲ ਲਿਆਈ ਸੀ, ਉਹਨੇ ਵੀ ਆਪਣਾ ਕੰਮ ਸ਼ੁਰੂ ਕਰ ਦਿੱਤਾ। ਮੈਡਮ ਫ਼ੋਸਕੋ ਨੇ ਸਿਗਰਟ ਬਣਾਣੇ ਸ਼ੁਰੂ ਕਰ ਦਿਤੇ ! ਮੈਂ ਵਿਹਲੀ ਹੀ ਬੈਠੀ ਰਹੀ। ਮੇਰੇ ਹੱਥ ਮਹਦਾਂ ਵਰਗੇ ਅਨਾੜੀ ਹੀ ਹਨ--ਮੈਂ ਜ਼ਨਾਨੀਆਂ ਵਾਲਾ ਕੋਈ ਵੀ ਕੰਮ ਇਨ੍ਹਾਂ ਨਾਲ ਨਹੀਂ ਕਰਦੀ। ਕਾਂਊਟ ਨੇ ਮਖੌਲ-ਮਖੌਲ ਵਿਚ ਆਪਣੇ ਬੈਠਣ ਲਈ ਸਭ ਤੋਂ ਛੋਟਾ ਸਟੂਲ ਲਿਆ ਅਤੇ ਡਿੱਗਣ ਤੋਂ ਬਚਣ ਲਈ ਉਹਨੇ ਕੰਧ ਨਾਲ ਢੋਅ ਲਾ ਲਿਆ। ਇਹ ਕਮਰਾ ਲੱਕੜ ਦਾ ਸੀ ਅਤੇ ਉਹਦੇ ਭਾਰ ਨਾਲ ਚੀਂ ਚੀਂ ਕਰ

ਰਿਹਾ ਸੀ। ਚੂਹਿਆਂ ਦਾ ਪਿੰਜਰਾ ਉਹਨੇ ਝੋਲੀ ਵਿਚ ਰੱਖ ਕੇ ਖੋਲ੍ਹ ਦਿੱਤਾ ਤੇ ਉਹ ਬਾਹਰ ਨਿਕਲ ਕੇ ਉਹਦੇ ਪਿੰਡੇ ਉੱਤੇ ਜਿਥੇ-ਇੱਥੇ ਉਨ੍ਹਾਂ ਦਾ ਜੀਅ ਕਰ ਰਿਹਾ ਸੀ ਘੁੰਮਣ ਲੱਗ ਪਏ ਸਨ। ਚੂਹੇ ਤਾਂ ਵਿਚਾਰੇ ਬੇਦਸ਼ੇ ਹੀ ਸਨ, ਪਰ ਉਨ੍ਹਾਂ ਦਾ ਕਿਸੇ ਆਦਮੀ ਦੇ ਜਿਸਮ ਤੇ ਇੰਜ ਰੰਗਣਾ ਮੈਨੂੰ ਚੰਗਾ ਨਹੀਂ ਸੀ ਲਗਦਾ। ਮੈਨੂੰ ਆਪਣੇ ਪਿੰਡੇ ’ਤੇ ਵੀ ਜਿਵੇਂ ਕੋਈ ਰੀਂਗਦਾ ਮਹਿਸੂਸ ਹੋ ਰਿਹਾ ਸੀ। ਚੂਹਿਆਂ ਨੂੰ ਉਹਦੇ ਉਤੇ ਚੜ੍ਹਦਾ ਉਤਰਦਾ ਵੇਖ ਕੇ ਪਤਾ ਨਹੀਂ ਕਿਉਂ ਮੈਨੂੰ ਜੇਲ੍ਹ ਖਾਨਿਆਂ ਵਿਚ ਬੰਦ ਕੈਦੀਆਂ ਦਾ ਖਿਆਲ ਆ ਗਿਆ ਜਿਵੇਂ ਉਹ ਮਰ ਰਹੇ ਹੋਣ ਤੇ ਸਿੱਲ੍ਹੀਆਂ ਕੋਠੀਆਂ ਵਿਚੋਂ ਕਈ ਕਿਸਮਾਂ ਦੇ ਕੀੜੇ-ਮਕੌੜੇ ਉਨ੍ਹਾਂ ਦੇ ਪਿੰਡੇ ਉਤੇ ਬੇਝਿਜਕ ਰ ਰਹੇ ਹੋਣ।

ਉਸ ਵੇਲੇ ਸਵੇਰੇ ਅਸਮਾਨ ਤੇ ਬੱਦਲ ਛਾਏ ਹੋਏ ਸਨ, ਅਤੇ ਹਵਾ ਵੀ ਤੇਜ਼ ਚੱਲ ਰਹੀ ਸੀ। ਝੀਲ ਤੇ ਕਦੀ ਧੁੱਪ ਹੋ ਜਾਂਦੀ ਤੇ ਕਦੀ ਛਾਂ, ਜਿਸ ਨਾਲ ਇਹ ਸਾਰਾ ਦ੍ਰਿਸ ਹੋਰ ਵੀ ਉਦਾਸ ਅਤੇ ਰਹੱਸਮਈ ਹੋ ਗਿਆ ਸੀ।

"ਕਈ ਲੋਕ ਇਸ ਦ੍ਰਿਸ਼ ਨੂੰ ਬੜਾ ਮਨੋਹਰ ਤੇ ਦਿਲ ਖਿਚਵਾਂ ਕਹਿੰਦੇ ਹਨ-" ਉਹਨੇ ਆਪਣੀ ਅੱਧੀ ਬਣੀ ਹੋਈ ਸੋਟੀ ਨਾਲ ਝੀਲ ਵੱਲ ਇਸ਼ਾਰਾ ਕਰਕੇ ਕਿਹਾ "ਪਰ ਮੈਂ ਤਾਂ ਇਸ ਨੂੰ ਆਪਣੀ ਜਾਗੀਰ ਉਤੇ ਇਕ ਦਾਗ ਸਮਝਦਾ ਹਾਂ। ਮੇਰੇ ਪੜਦਾਦੇ ਦੇ ਵੇਲੇ ਝੀਲ ਇਥੇ ਤਕ ਵਹਿੰਦੀ ਸੀ। ਹੁਣ ਵੇਖੋ-, ਇਹ ਚਾਰ ਫੁੱਟ ਵੀ ਡੂੰਘੀ ਨਹੀਂ ਰਹੀ ਤੇ ਚਾਰੇ ਪਾਸੇ ਤਾਲਾਬ ਤੋਂ ਛੱਪੜ ਹੀ ਨਜ਼ਰ ਆਉਂਦੇ ਹਨ। ਮੇਰਾ ਤਾਂ ਜੀਅ ਕਰਦਾ ਹੈ, ਇਹਨੂੰ ਸੁੱਕਾ ਕੇ ਇਸ ਉਤੇ ਕੁਝ ਬਿਜਵਾ ਦਿਆਂ। ਮੇਰਾ ਕਾਰਿੰਦਾ ਤਾਂ ਕਹਿੰਦਾ ਹੈ ਕਿ ਇਹ ਝੀਲ ਸਰਾਪੀ ਹੋਈ ਹੈ ਪਰ ਉਹ ਤਾਂ ਇਕ ਵਹਿਮੀ ਮੂਰਖ ਹੈ। ਕਿਉਂ ਫੋਸਕੋ, ਤੇਰਾ ਕੀ ਖਿਆਲ ਹੈ? ਕਤਲ ਕਰਨ ਲਈ ਇਹ ਇਕ ਆਦਰਸ਼ ਥਾਂ ਹੈ ਕਿ ਨਹੀਂ?"

"ਮੇਰੇ ਪਿਆਰੇ ਪਰਸੀਵਲ" ਕਾਂਊਟ ਨੇ ਉਹਦੀ ਗੱਲ ਦਾ ਪ੍ਰਤੀਵਾਦ ਕਰਦਿਆਂ ਕਿਹਾ "ਤੁਸੀਂ ਅੰਗਰੇਜ਼ ਤਾਂ ਬੜੇ ਹੀ ਸਿਆਣੇ ਹੁੰਦੇ ਹੋ; ਪਰ ਤੂੰ ਕਿਸ ਖਿਆਲ ਵਿਚ ਹੈ? ਪਾਣੀ ਇੰਨਾ ਡੂੰਘਾ ਨਹੀਂ ਕਿ ਕਿਸੇ ਦੀ ਲਾਸ਼ ਨੂੰ ਛੁਪਾ ਸਕੇ ਅਤੇ ਚਾਰੇ ਪਾਸੇ ਰੇਤ ਹੀ ਰੇਤ ਹੈ- ਕਾਤਲ ਦੇ ਪੈਰਾਂ ਦੇ ਨਿਸ਼ਾਨ ਉਸ ਵਿਚੋਂ ਮਿਟਾਏ ਨਹੀਂ ਜਾ ਸਕਦੇ।"

"ਫਜ਼ੂਲ ਦੀ ਗੱਲ ਕਿਉਂ ਕਰ ਰਿਹਾ ਹੈਂ, ਕਾਂਊਟ ਸਰ ਪਰਸੀਵਲ ਨੇ ਆਪਣੀ ਸੋਟੀ ਨੂੰ ਨਿਰਦੈਤਾ ਨਾਲ ਕੱਟਦਿਆਂ ਹੋਇਆ ਕਿਹਾ, "ਤੂੰ ਜਾਣਦਾ" ਹੈਂ, ਮੇਰਾ ਕੀ ਭਾਵ ਹੈ ਇਹ ਸੁੰਨਸਾਨ ਥਾਂ -ਵਿਹ ਵੀਰਾਨ ਦ੍ਰਿਸ਼। ਜੇ ਤੂੰ ਸਮਝਣਾ ਚਾਹੁੰਦਾ ਹੈ ਤਾਂ ਸਮਝ ਲੈ, ਨਹੀਂ ਤਾਂ ਮੈਂ ਖੋਲ੍ਹ ਕੇ ਹੁਣ ਸਾਰੀ ਗੱਲ ਸਮਝਾਉਣ ਤੋਂ ਤਾਂ ਰਿਹਾ।"

"ਕਿਉਂ ਨਹੀਂ", ਕਾਂਊਟ ਨੇ ਪੁੱਛਿਆ, "ਜਦ ਕਿ ਤੇਰਾ ਮਤਲਬ ਦੋ ਸ਼ਬਦਾਂ ਵਿਚ ਕੋਈ ਵੀ ਸਮਝ ਸਕਦਾ ਹੈ। ਜੇ ਕਿਸੇ ਬੇਵਕੂਵ ਨੇ ਕਤਲ ਕਰਨਾ ਹੈ, ਤਾਂ ਤੇਰੀ ਇਹ ਝੀਲ ਉਸ ਲਈ ਪਹਿਲੀ ਥਾਂ ਹੋਵੇਗੀ ਜੋ ਉਹ ਚੁਣੇਗਾ ਅਤੇ ਜੇ ਇਕ ਸਿਆਣਾ ਆਦਮੀ ਕਤਲ ਕਰਨਾ ਚਾਹੇਗਾ ਤਾਂ ਉਹਦੇ ਲਈ ਇਹ ਅਖੀਰੀ ਥਾਂ ਹੋਵੇਗੀ। ਕੀ ਇਹੀ ਤੇਰਾ ਮਤਲਬ ਹੈ? ਜੇ ਇਹੀ ਹੈ, ਤਾਂ ਮੈਂ ਇਹ ਸਾਰੀ ਗੱਲ ਜਮਝਾ ਦਿਤੀ ਹੈ। ਪਰਸੀਵਲ ਸਮਝਲੀ, ਅਤੇ ਫ਼ੋਸਕੋ ਦੀਆਂ ਸ਼ੁਭ ਇਛਾਵਾ ਤੇਰੇ ਨਾਲ ਹਨ।"

ਲਾਰਾ ਨੇ ਕਾਂਊਟ ਵੱਲ ਵੇਖਿਆ, ਉਹਦੇ ਮੂੰਹ ਤੇ ਕਾਂਊਟ ਲਈ ਘਿਰਣਾ ਸਪਸ਼ਟ ਝਲਕ ਰਹੀ ਸੀ। ਪਰ ਉਹ ਆਪਣੇ ਚੂਹਿਆਂ ਨਾਲ ਏਨਾ ਰੁੱਝਾ ਹੋਇਆ ਸੀ ਕਿ ਉਹਨੇ ਉਸ ਵੱਲ ਗੁਰੂ ਨਾ ਕੀਤੀ।

ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੋਇਆ ਹੈ ਕਿ ਝੀਲ ਦਾ ਇਹ ਦ੍ਰਿਸ਼ ਕਤਲ ਨਾਲ ਜੋੜ ਦਿੱਤਾ ਗਿਆ ਹੈ।" ਉਹ ਬੋਲੀ, " ਅਤੇ ਜੋ ਕਾਂਊਟ ਨੇ ਕਾਤਲਾਂ ਨੂੰ ਦੋ ਸ਼ਰੇਣੀਆਂ ਵਿਚ ਵੰਡਣਾ ਹੀ ਹੈ, ਤਾਂ ਮੇਰੇ ਖਿਆਲ ਵਿਚ ਉਹਨੇ ਆਪਣੇ ਸ਼ਬਦਾਂ ਦੀ ਚੋਣ ਗਲਤ ਕੀਤੀ ਹੈ; ਉਨ੍ਹਾਂ ਨੂੰ 'ਬੇਵਕੂਫ' ਕਹਿਣਾ ਤਾਂ ਉਨ੍ਹਾਂ ਦਾ ਉਹ ਲਿਹਾਜ ਕਰਨਾ ਹੋਵੇਗਾ, ਜਿਸ ਉਤੇ ਉਨ੍ਹਾਂ ਦਾ ਕੋਈ ਅਧਿਕਾਰ ਨਹੀਂ; ਅਤੇ ਉਨ੍ਹਾਂ ਨੂੰ ਸਿਆਣਿਆਂ ਕਹਿਣਾ, ਮੈਨੂੰ ਤਾਂ ਵਿਰੋਧਤਾਮਿਕ ਗੱਲ ਜਾਪਦੀ ਹੈ। ਮੈਂ ਸਦਾ ਇਹੀ ਸੁਣਿਆ ਹੈ ਕਿ ਅਮਲੋਂ ਸਿਆਣੇ ਪੁਰਸ਼ ਹਮੇਸ਼ਾਂ ਚੰਗੇ ਆਦਮੀ ਹੀ ਹੁੰਦੇ ਹਨ, ਅਤੇ ਉਹ ਗੁਨਾਹ ਤੋਂ ਡਰਦੇ ਹਨ।"

'ਖਿਮਾਂ ਕਰਨਾ ਮੈਡਮ।" ਕਾਂਊਟ ਨੇ ਕਿਹਾ, “ਇਹ ਬੜੇ ਪ੍ਰਸੰਸਾਯੋਗ ਵਿਚਾਰ ਅਤੇ ਆਦਰਸ਼ ਹਨ, ਮੈਂ ਇਨ੍ਹਾਂ ਨੂੰ ਕਾਪੀਆਂ ਉਤੇ ਛਪਿਆ ਵੇਖਿਆ ਹੈ।" ਉਹਨੇ ਆਪਣਾ ਇਕ ਚਿੱਟਾ ਚੂਹਾ ਆਪਣੀ ਤਲੀ ਤੇ ਰੱਖ ਲਿਆ, ਅਤੇ ਉਹਨੂੰ ਸੁਣਾ ਕੇ ਆਪਣੇ ਸਦਾ ਦੇ ਅਜੀਬ ਢੰਗ ਨਾਲ ਬੋਲਿਆ, "ਮੇਰੇ ਸੁਹਣੇ ਚਿੱਟੇ ਬਦਮਾਸ਼, ਇਹ ਤੇਰੇ ਲਈ ਇਕ ਸਬਕ ਹੈ, ਇਕ

ਸਿਆਣਾ ਚੂਹਾ ਸਚਮੁੱਚ ਇਕ ਚੂਹਾ ਚੰਗਾ ਹੈ, ਇਹ ਗੱਲ ਆਪਣੇ ਸਾਥੀਆਂ ਨੂੰ ਦੱਸ ਦੇਣੀ, ਅਤੇ ਜਿੰਨੀ ਦੇਰ ਜੀਉਂਦਾ ਹੈ, ਆਪਣੇ ਪਿੰਜਰੇ ਦੀਆਂ ਤਾਰਾਂ ਨੂੰ ਟੁੱਟਣ ਦਾ ਯਤਨ ਨਾ ਕਰੀਂ।"

"ਹਰ ਇਕ ਗੱਲ ਨੂੰ ਮਖੌਲ ਵਿਚ ਉਡਾਣਾ ਬਣਾ ਆਸਾਨ ਹੈ," ਲਾਰਾ ਨੇ ਦ੍ਰਿੜਤਾ ਨਾਲ ਕਿਹਾ। "ਪਰ ਤੁਹਾਡੇ ਲਈ ਇਹ ਆਸਾਨ ਕੰਮ ਨਹੀਂ ਹੋਵੇਗਾ, ਜੋ ਮੈਂ ਤੁਹਾਨੂੰ ਕਹਾਂ ਕਿ ਤੁਸੀਂ ਮੈਨੂੰ ਇਕ ਵੀ ਉਦਾਹਰਣ ਅਜਿਹਾ ਦਿਓ, ਜਿਸ ਨਾਲ ਇਹ ਸਾਬਤ ਹੋਵੇ ਕਿ ਇਕ ਸੱਚਮੁੱਚ ਸਿਆਣਾ ਆਦਮੀ ਵੱਡਾ ਗੁਨਾਹਗਾਰ ਵੀ ਸੀ।"

ਕਾਂਊਟ ਨੇ ਆਪਣੇ ਮੋਢੇ ਛੰਡੇ ਅਤੇ ਲਾਰਾ ਵੱਲ ਮਿੱਤਰਤਾਂ ਭਰੇ ਢੰਗ ਨਾਲ ਵੇਖ ਕੇ ਬੋਲਿਆ, "ਬਿਲਕੁਲ ਸੱਚ ਹੈ! ਬੇਵਕੂਫ ਆਦਮੀ ਦਾ ਗੁਨਾਹ ਛੁਪਾਇਆਂ ਨਹੀਂ ਛੁਪਦਾ, ਅਤੇ ਸਿਆਣੇ ਆਦਣੀ ਦਾ ਨਸ਼ਰ ਨਹੀਂ ਹੁੰਦਾ। ਜੇ ਮੈਂ ਤੁਹਾਨੂੰ ਕੋਈ ਉਦਾਹਰਣ ਦਿਆਂ ਤਾਂ ਇਹ ਇਕ ਸਿਆਣੇ ਆਦਮੀ ਦੀ ਨਹੀਂ ਹੋਵੇਗੀ: ਲੇਡੀ ਗਲਾਈਡ ਤੁਹਾਡੀ ਅੰਗਰੇਜੀ ਸਿਆਣਪ ਅੱਗੇ ਮੈਂ ਹਾਰ ਗਿਆ ਹਾਂ। ਮਿਸ ਹਾਲਕੌਂਬ ਹਾ ਹਾ !"

"ਆਪਣੀ ਗੱਲ ਤੇ ਅੜੀ ਰਹਿ, ਲਾਰਾ," ਸਰ ਪਰਸੀਵਲ ਨੇ ਜੋ ਸਾਰੀ ਬਹਿਸ ਬੂਹੇ ਕੋਲ ਖੋੜਤਾ ਸੁਣ ਰਿਹਾ ਸੀ, ਲਾਰਾ ਨੂੰ ਕਿਹਾ "ਇਹਨੂੰ ਦੱਸ ਦੇ ਕਿ ਗੁਨਾਹ ਛੁਪਾਇਆ ਨਹੀਂ ਛੱਪਦੇ। ਫ਼ੋਸਕੋ ਇਕ ਇਖਲਾਨੀ ਗੱਲ ਹੋਰ ਵੀ ਕਾਪੀਆਂ ਵਿਚ ਮਿਲਦੀ ਹੈ, ਕਿ ਗੁਨਾਹ ਮੂੰਹੋਂ ਬੋਲਦਾ ਹੈ, ਕੀ ਫਜ਼ੂਲ ਗੱਲ ਹੈ "

'ਮੈਨੂੰ ਇਸ ਗੱਲ ਤੇ ਪੂਰਾ ਵਿਸ਼ਵਾਸ ਹੈ !" ਲਾਰਾ ਨੇ ਕਿਹਾ।

ਸਰ ਪਰਸੀਵਲ ਨੇ ਹੱਸਣਾ ਸ਼ੁਰੂ ਕੀਤਾ ਤੇ ਉਸਦਾ ਹਾਸਾ ਉੱਚਾ ਹੀ ਹੁੰਦਾ ਗਿਆ, ਜਿਵੇਂ ਉਹ ਪਾਗਲ ਹੋ ਗਿਆ ਹੋਵੇ ! ਅਸੀਂ ਸਾਰੇ ਹੀ ਤਬਕ ਗਏ। ਕਾਂਊਟ ਸਾਡੇ ਸਭਨਾਂ ਨਾਲੋਂ ਬਹੁਤਾ ਤ੍ਰਹਿ ਗਿਆ ਸੀ।

"ਮੈਂ ਵੀ ਇਸ ਗੱਲ ਤੇ ਵਿਸ਼ਵਾਸ ਕਰਦੀ ਹਾਂ! ਮੈਂ ਲਾਰਾ ਦੀ ਗੱਲ ਦੀ ਪ੍ਰੋੜਤਾ ਕੀਤੀ ! ਸਰ ਪਰਸੀਵਲ ਜੋ ਆਪਣੀ ਪਤਨੀ ਦੀ ਜਿਸ ਗੱਲ ਤੋਂ ਹੱਸ ਰਿਹਾ ਸੀ, ਮੇਰੀ ਉਹੀ ਗੱਲ ਸੁਣ ਕੇ ਅੱਗ ਬਬੂਲਾ ਹੋ ਗਿਆ। ਉਹਨੇ ਆਪਣੀ ਨਵੀਂ ਬਣਾਈ ਸੋਟੀ ਜ਼ੋਰ ਨਾਲ ਰੇਤ ਤੇ ਮਾਰੀ ਅਤੇ ਸਾਡੇ ਕੋਲੋਂ ਦੂਰ ਚਲਾ ਗਿਆ। 'ਵਿਚਾਰਾ ਪਰਸੀਵਲ ' ਕਾਊਂਟ ਨੇ ਉਹਨੂੰ

ਜਾਂਦਿਅ, ਵੇਖ ਕੇ ਕਿਹਾ," "ਇਹਦੇ ਵਿਚ ਉਹੀ ਅੜਬਪਣਾ ਹੈ ਜੋ ਸਾਰੇ ਅਗਰੇਜ਼ਾਂ ਵਿਚ ਹੁੰਦਾ ਹੈ, ਪਰ ਮੇਰੀ ਪਿਆਰੀ ਮਿਸ ਹਾਲਕੌਂਬ, ਪਿਆਰੀ ਲੇਡੀ ਗਲਾਈਡ-ਕੀ ਤੁਸੀਂ ਸਚਮੁੱਚ ਇਸ ਗੱਲ ਵਿਚ ਯਕੀਨ ਕਰਦੀਆਂ ਹੋ ਕਿ ਗੁਨਾਹ ਆਪੇ ਮੂੰਹੋ ਬੋਲਦਾ ਹੈ?" ਅਤੇ ਤੂੰ ਦੱਸ ਤੇਰੀ ਕੀ ਰਾਇ ਹੈ ਮੇਰੀ ਰਾਣੀ?" ਇਹ ਅਖੀਰਲੀ ਗੱਲ ਉਹਨੇ ਆਪਣੀ ਪਤਨੀ ਨੂੰ ਕਹੀ ਜੋ ਅਜੇ ਤੀਕ ਚੁੱਪ ਹੀ ਬੈਠੀ ਹੋਈ ਸੀ।

"ਮੈਂ ਏਨੇ ਸਮਝਦਾਰ ਆਦਮੀਆਂ ਵਿਚ ਆਪਣੀ ਰਾਇ ਦੱਸਣ ਤੋਂ ਪਹਿਲਾਂ ਤੁਹਾਡੇ ਕੋਲੋਂ ਪੁੱਛ ਲੈਣਾ ਜ਼ਰੂਰੀ ਸਮਝਦੀ ਹਾਂ" ਕਾਂਊਟਸ ਨੇ ਮੈਨੂੰ ਤੇ ਲਾਰਾ ਨੂੰ ਤਾਹਨਾ ਦੇਣ ਦੀ-ਕੋਸਿਸ਼ ਕੀਤੀ। ਉਹ ਗੱਲ ਇਸ ਤਰ੍ਹਾਂ ਮੂੰਹ ਵਟ ਕੇ ਕਰਦੀ ਸੀ ਕਿ ਗੁੱਸਾ ਚੜ ਜਾਂਦਾ ਸੀ।

"ਸਚਮੁਚ?" ਮੈਂ ਬੋਲੀ "ਇਕ ਜ਼ਮਾਨਾ ਸੀ ਜਦੋਂ ਤੁਸੀਂ ਔਰਤਾਂ ਦੀ ਆਜ਼ਾਦੀ ਲਈ ਦਲੀਲਾਂ ਦਿਆ ਕਰਦੇ ਤੇ ਜੋ ਮੈਨੂੰ ਯਾਦ ਹੈ; ਤਾਂ ਉਸ ਵਿਚ ਮੋਟੀ ਗੱਲ ਇਹੀ ਹੁੰਦੀ ਸੀ ਕਿ ਔਰਤਾਂ ਨੂੰ ਆਪਣੀ ਰਾਏ ਦੇਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। 'ਮੇਰੀ ਗੱਲ ਅਣਸੁਣੀ ਕਰਕੇ ਉਹ ਸਿਗਰਟ ਬਣਾਉਂਦੀ ਕਾਂਊਟ ਨਾਲ ਗੱਲ ਕਰਨ ਲੱਗ ਪਈ : -

"ਕਾਂਊਟ ਤੁਹਾਡੀ ਇਸ ਬਾਰੇ ਕੀ ਰਾਇ ਹੈ?"

ਕਾਂਊਟ ਨੇ ਆਪਣੇ ਚੂਹੇ ਨੂੰ ਪਿਆਰ ਕਰਦਿਆਂ ਸੰਭਾਵਨਾ ਭਰੇ ਲਹਿਜੇ ਵਿਚ ਕਿਹਾ, ਇਹ ਬੜੀ ਮਜ਼ੇਦਾਰ ਗੱਲ ਹੈ ਕਿ ਸਾਡਾ ਸਮਾਜ ਆਪਣੀਆਂ ਵਡੀਆਂ ਵਡੀਆਂ ਗਲਤੀਆਂ ਨੂੰ ਵੀ ਥੋੜਾ ਚਿਰ ਰੌਲਾ ਰੱਪਾ ਪਾ ਕੇ ਭੁੱਲ ਜਾਂਦਾ ਹੈ। ਗੁਨਾਹਗਰਾਂ ਅਤੇ ਦੋਸ਼ੀਆਂ ਨੂੰ ਲੱਭਣ ਲਈ ਸਰਕਾਰ ਤੇ ਸਮਾਜ ਨੇ ਜੋ ਬੰਦੋਬਸਤ ਕੀਤਾ ਹੋਇਆ ਹੈ, ਉਹ ਕੌਡੀਉਂ ਖੋਟਾ ਹੈ ਤੇ ਉਹਦਾ ਕੋਈ ਫਾਇਦਾ ਨਹੀਂ। ਬਸ ਨੇਕਚਲਣੀ ਲਈ ਕੋਈ ਅਖਾਣ ਘੜ ਦਿੱਤਾ ਜਾਂਦਾ ਹੈ ਅਤੇ ਇਹਦੀਆਂ ਘਾਟਾਂ ਵਲੋਂ ਅੱਖਾਂ ਮੀਟ ਲਈਆਂ ਜਾਂਦੀਆਂ ਹਨ। ਗੁਨਾਹ ਮੂੰਹੋਂ ਥੱਲਦਾ ਹੈ?" ਅਤੇ ਖੂਨ ਛਪਾਇਆਂ ਨਹੀਂ ਛੁਪਦਾ-ਕਿੰਨੀਆਂ ਫ਼ਜ਼ੂਲ ਗੱਲਾ ਹਨ। ਤੁਸੀਂ ਜ਼ਰਾ ਕੇ ਉਨ੍ਹਾਂ ਅਫਸਰਾਂ ਨੂੰ ਪੁੱਛ ਜੋ ਸ਼ਹਿਰਾਂ ਵਿਚ ਤਹਕੀਕਾਤ ਕਰਦੇ ਹਨ-ਲੇਡੀ ਗਲਾਈਡ, ਤਾਂ ਤੁਹਾਨੂੰ ਪਤਾ ਲਗੇਗਾ! ਬੀਮਾ ਕੰਪਨੀਆਂ ਦੇ ਸਕੱਤਰਾਂ ਨੂੰ ਪੁੱਛ ਕੇ ਵੇਖੋ, ਮਿਸ ਹਾਲਕੌਂਬ, ਕਿ ਉਹ ਗੁਨਾਹ ਦੇ ਮੂੰਹੋਂ ਬੋਲਣ ਬਾਰੇ ਕੀ ਕਹਿੰਦੇ ਹਨ। ਤੁਸੀਂ ਅਖਬਾਰਾਂ ਹੀ ਲੈ ਲਵੋ, ਰੋਜ਼ ਤੁਸੀਂ ਪੜ੍ਹਦੇ ਹੋ ਕਿ ਸੜਕਾਂ ਤੇ ਮੁਰਦੇ ਲੱਭਦੇ ਹਨ ਪਰ ਕਦੀ ਕਾਤਿਲ ਵੀ ਕੋਈ ਲੱਭਾ ਹੈ। ਤੁਸੀਂ

ਆਪ ਹੀ ਅੰਦਾਜ਼ਾ ਲਾਉ ਕਿ ਕਿੰਨੇ ਹੀ ਅਜਿਹੇ ਖ਼ੂਨ ਹੁੰਦੇ ਹਨ ਜੋ ਪੁਲਿਸ ਤਕ ਪੁੱਜਦੇ ਹੀ ਨਹੀਂ ਕਿੰਨੇ ਹੀ ਮੁਰਦੇ ਹੁੰਦੇ ਹਨ, ਜੋ ਲੱਭਦੇ ਹੀ ਨਹੀਂ ! ਜੋ ਖ਼ੂਨ ਰੀਪੋਰਟ ਕੀਤੇ ਜਾਂਦੇ ਹਨ, ਉਨਾ ਨੂੰ ਉਨ੍ਹਾਂ ਨਾਲ ਜਰਬ ਕਰੋ ਜਿਹੜੇ ਰੀਪੋਰਟ ਨਹੀਂ ਕੀਤੇ ਜਾਂਦੇ, ਤਾਂ ਤੁਸੀਂ ਕਿਸ ਸਿੱਟੇ ਤੇ ਅਪੜਦੇ ਹੋ?

ਤੁਸੀਂ ਇਸੇ ਨਤੀਜੇ ਤੇ ਹੀ ਅਪੜਦੇ ਹੋ ਕਿ ਬੇਵਕੂਫ ਕਾਤਿਲਾਂ ਨੂੰ ਪੁਲੀਸ ਲੱਭ ਲੈਂਦੀ ਹੈ ਤੇ ਜਿਹੜੇ ਸਿਆਣੇ ਹੁੰਦੇ ਹਨ, ਉਹ ਬੱਚ ਨਿਕਲਦੇ ਹਨ। ਇਹ ਪੁਲੀਸ ਤੇ ਖ਼ੂਨੀ ਦੀ ਅਕਲ ਦਾ ਮੁਕਾਬਲਾ ਹੁੰਦਾ ਹੈ। ਜਦੋਂ ਖ਼ੂਨੀ ਕੋਈ ਅਨਪੜ ਜੰਗਲੀ ਹੁੰਦਾ ਹੈ, ਤਾਂ ਪੁਲੀਸ ਜ਼ਰੂਰ ਪਕੜ ਲੈਂਦੀ ਹੈ, ਜਦੋਂ ਖ਼ੂਨੀ ਕਈ ਪੜਿਆ ਲਿਖਿਆ, ਸਿਆਣਾ ਅਤੇ ਚਾਲਾਕ ਆਦਮੀ ਹੁੰਦਾ ਹੈ - ਪੁਲੀਸ ਉਹਨੂੰ ਲੱਭਣ ਤੋਂ ਅਸਮੱਰਥ ਹੁੰਦੀ ਹੈ। ਜਦੋਂ ਪੁਲੀਸ ਹਾਰ ਮੰਨਦੀ ਹੈ ਤਾਂ ਜਨਤਾ ਨੂੰ ਇਸ ਦੀ ਕਈ ਖ਼ਬਰ ਨਹੀਂ ਦਿਤੀ ਜਾਂਦੀ; ਅਤੇ ਜਦੋਂ ਪੁਲੀਸ ਜਿੱਤਦੀ ਹੈ ਸਭ ਜਾਣ ਜਾਂਦੇ ਹਨ। ਅਜਿਹੀਆਂ ਸਚਾਈਆਂ ਦੀ ਨੀਂਹ ਤੇ ਤੁਸੀਂ ਆਪਣੇ ਸਦਾਚਾਰਿਕ ਮੁਹਾਵਰੇ ਤੇ ਆਦਰਸ਼ ਬਣਾਏ ਹੋਏ ਹਨ। ਗੁਨਾਹ ਮੂੰਹੋਂ ਬੋਲਦਾ ਹੈ ! ਵਾਹ ਵਾ ! ਜਿਸ ਗੁਨਾਹ ਦੀ ਜਾਂ ਪਾਪ ਦੀ ਤੁਹਾਨੂੰ ਕੋਈ ਖਬਰ ਨਹੀਂ ਉਹਦੇ ਬਾਰੇ ਤੁਸੀ ਕੀ ਸੋਚਦੇ ਹੋ?" "

"ਬਿਲਕੁਲ ਠੀਕ ਕਿਹਾ ਹੈ-" ਸਰ ਪਰਸੀਵਲ ਨੇ ਕਿਹਾ। ਉਹ ਦਰਵਾਜ਼ੇ ਕੋਲ ਖੜਾ ਸੀ- ਹੁਣ ਉਹ ਆਪਣੀ ਅਸਲ ਹਾਲਤ ਵਿਚ ਵਾਪਸ ਆ ਗਿਆ ਸੀ ਤੇ ਉਹਨੇ ਵੀ ਕਾਂਊਟ ਦੀ ਸਾਰੀ ਗੱਲ ਸੁਣੀ ਸੀ।

'ਹੋ ਸਕਦਾ ਹੈ, ਇਸ ਵਿਚ ਕੁਝ ਸਚਾਈ ਹੋਵੇ, ਕਾਂਊਟ ਨੇ ਗੱਲ ਬੜੀ ਸੁਹਣੀ ਤਰ੍ਹਾਂ ਕੀਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ! ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਕਾਂਊਟ ਨੂੰ ਇਸ ਗੱਲ ਦੀ ਏਨੀ ਖੁਸ਼ੀ ਕਿਉਂ ਹੈ ਕਿ ਖ਼ੂਨੀ ਜਾਂ ਗੁਨਾਹਗਾਰ ਸਮਾਜ ਨੂੰ ਧੋਖਾ ਦੇਂਦਾ ਹੈ, ਅਤੇ ਸਰ ਪਰਸੀਵਲ, ਲਾਰਾ ਬੋਲੀ ਤੁਸੀਂ ਕਾਂਊਟ ਦੀ ਇਹ ਖ਼ੁਸ਼ੀ ਮਨਾਉਣ ਵਿਚ ਏਨੀ ਪ੍ਰਸੰਸਾ ਕਿਉਂ ਕਰ ਰਹੇ ਹੋ?"

"ਕਿ ਤੂੰ ਇਹ ਗੱਲ ਸੁਣ ਰਿਹਾ ਹੈਂ ਫ਼ੋਸਕੋ?" ਸਰ ਪਰਸੀਵਲ ਨੇ ਕਾਂਊਟ ਫ਼ੋਸਕੋ ਕੋਲੋਂ ਪੁੱਛਿਆ। "ਮੇਰੀ ਮੰਨ ਤੇ ਆਪਣੇ ਸਰੋਤਿਆਂ ਨਾਲ ਸੁਲਹ ਸਫਾਈ ਕਰ ਲੈ। ਉਨ੍ਹਾਂ ਨੂੰ ਇਹ ਕਹਿ ਕਿ ਚੰਗਿਆਈ ਹੀ ਚੰਗੀ ਚੀਜ਼ ਹੈ, ਇਨ੍ਹਾਂ ਨੂੰ ਇਹੀ ਗੱਲ ਪਸੰਦ ਹੈ।"

ਕਾਂਊਟ ਹੌਲੀ ਜਹੀ ਮੂੰਹ ਵਿਚ ਹੀ ਹੱਸਿਆ। ਦੋ ਚੂਹੇ ਜੋ ਉਹਦੀ ਵਾਸਕਟ ਵਿਚ ਸਨ ਇਸ ਭੁਚਾਲ ਨਾਲ ਘਬਰਾ ਕੇ ਝਟਪਟ ਆਪਣੇ ਪਿੰਜਰੇ ਵਿਚ ਵੜ ਗਏ !

'ਇਹ ਔਰਤਾਂ ਹੀ ਮੈਨੂੰ ਚੰਗਿਆਈ ਬਾਰੇ ਦੱਸਣਗੀਆਂ, ਪਰਸੀਵਲ। ਇਨ੍ਹਾਂ ਨੂੰ ਹੀ ਪਤਾ ਹੈ- ਮੈਨੂੰ ਨਹੀਂ !'

"ਤੁਸੀਂ ਸਭ ਨੇ ਕਾਂਊਟ ਦੀ ਗੱਲ ਸੁਣੀ ਹੈ- ਸਰ ਪਰਸੀਵਲ ਨੇ ਸਾਨੂੰ ਕਿਹਾ, ਕਿੰਨੀ ਡਰਾਉਣੀ ਹੈ?"

"ਇਹ ਗੱਲ ਸੱਚ ਹੈ, ਪਰਸੀਵਲ, ਮੈਂ ਇਕ ਦੇਸ਼ ਦਾ ਨਹੀਂ ਸਾਰੀ ਦੁਨੀਆਂ ਦਾ ਸ਼ਹਿਰੀ ਹਾਂ-ਤੇ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਕਈ ਕਿਸਮ ਦੀਆਂ ਸਦਾਚਾਰਕ ਕੀਮਤਾਂ ਵੇਖ ਚੁੱਕਾ ਹਾਂ! ਹੁਣ ਬੁਢਾਪੇ ਵਿਚ ਮੈਨੂੰ ਪਤਾ ਨਹੀਂ ਲਗ ਰਿਹਾ ਕਿ ਕੀ ਸੱਚਾ-ਕਿਹੜੀ ਚੀਜ਼ ਠੀਕ ਹੈ, ਤੇ ਕਿਹੜੀ ਗਲਤ ਹੈ ਕੀ ਪੁੰਨ ਹੈ? ਕੀ ਪਾਪ ਹੈ? ਇਥੇ ਇੰਗਲੈਂਡ ਵਿਚ ਉਹੀ ਚੀਜ਼ ਠੀਕ ਮੰਨੀ ਜਾਂਦੀ ਹੈ, ਦੂਜੇ ਪਾਸੇ ਚੀਨ ਵਿਚ ਉਸੇ ਹੀ ਗੱਲ ਨੂੰ ਗੁਨਾਹ ਮੰਨਿਆ ਜਾਂਦਾ ਹੈ। ਮੈਂ ਅੰਗਰੇਜ਼ ਨੂੰ ਹਾਂ ਕਹਿੰਦਾ ਹਾਂ ਤੇ ਚੀਨੀ ਨੂੰ ਨਾਂਹ ਕਰ ਸਕਦਾ ਹਾਂ - ਪਰ ਮੈਂ ਦੋਹਾਂ ਨੂੰ ਖੁਸ਼ ਨਹੀਂ ਕਰ ਸਕਦਾ।-ਆ ਜਾ, ਮੇਰੇ ਨਿੱਕੇ ਚੂਹੇ ਤੂੰ ਦਸ ਤੇਰੀ ਨਜ਼ਰ ਵਿਚ ਕੌਣ ਚੰਗਾ ਆਦਮੀ ਹੈ? ਜਿਹੜਾ ਤੈਨੂੰ ਨਿੱਘਾ ਰੱਖੇ ਤੇ ਰੱਜ ਕੇ ਰੋਟੀ ਖਾਣ ਨੂੰ ਦੇਵੇ। ਉਹੀ ਚੰਗਾ ਹੈ। ਤੇਰੀ ਗੱਲ ਘਟ ਤੋਂ ਘਟ ਮੇਰੀ ਸਮਝ ਵਿਚ ਤਾਂ ਆਉਂਦੀ ਹੈ ਨਾ !" ਇੰਨਾ ਕਹਿ ਕੇ ਕਾਂਊਟ ਫਿਰ ਆਪਣੇ ਚੂਹਿਆ ਵਿਚ ਮਸਤ ਹੋ ਗਿਆ।

"ਇਕ ਮਿੰਟ ਕਾਂਊਟ"-ਮੈਂ ਕਿਹਾ "ਤੁਹਾਡੀ ਗੱਲ ਠੀਕ ਹੈ! ਜਿਹੜੀ ਚੀਜ਼ ਇਥੇ ਪੁੰਨ ਹੈ ਉਹ ਚੀਨ ਵਿਚ ਪਾਪ ਹੋਵੇਗੀ- ਚੀਨ ਵਿਚ ਸਰਕਾਰ ਹਜ਼ਾਰਾਂ ਲੋਕਾਂ ਨੂੰ ਛੋਟੇ ਜਿਹੇ ਕਸੂਰ ਬਦਲੇ ਜਾਨੋਂ ਮਰਵਾ ਦੇਂਦੀ ਹੈ ਪਰ ਅਸੀਂ ਇੰਗਲੈਂਡ ਵਿਚ ਇਸ ਤਰ੍ਹਾਂ ਖੂਨ ਤਾਂ ਨਹੀਂ ਵਹਾਂਦੇ। ਅਸੀਂ ਇਸ ਤਰ੍ਹਾਂ ਖੂਨ ਵਹਾਣ ਨੂੰ ਦਿਲੋਂ ਨਫਰਤ ਕਰਦੇ ਹਾਂ।'

"ਤੂੰ ਠੀਕ ਕਹਿੰਦੀ ਹੈ ਮੇਰੀਅਨ! ਤੇ ਠੀਕ ਹੀ ਸੋਚਿਆ ਹੈ ਅਤੇ ਬੜੀ ਸੁਹਣੀ ਤਰ੍ਹਾਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ।" ਲਾਰਾ ਨੂੰ ਮੇਰੀ ਗੱਲ ਸੁਣ ਕੇ ਕਿਹਾ।

"ਮਿਹਰਬਾਨੀ ਕਰਕੇ ਕਾਂਊਟ ਨੂੰ ਬੋਲਣ ਦਿਉ- ਉਹ ਕਦੀ ਬਿਨਾਂ ਠੋਸ ਦਲੀਲ ਦੇ ਗੱਲ ਨਹੀਂ ਕਰਦਾ।" ਮੈਡਮ ਫ਼ੋਸਕੋ ਨੇ ਬੜੀ ਸਖਤੀ ਨਾਲ ਸਾਨੂੰ ਟੋਕਿਆ।

"ਧੰਨਵਾਦ, ਕੀ ਇਕ ਗੋਲੀ ਲਵੋਗੇ? ਕਾਂਊਟ ਨੇ ਆਪਣੀ ਪਤਨੀ ਨੂੰ ਪੁੱਛਿਆ ਅਤੇ ਨਾਲ ਹੀ ਆਪਣੀ ਜੇਬ ਵਿਚੋਂ ਇਕ ਡੱਬਾ ਕਢਕੇ ਮੇਜ਼ ਉੱਤੇ ਰੱਖ ਦਿਤਾ -ਗੋਲੀਆਂ ਲਵੋ "ਚਾਕਲੇਟ ਖਾਉ, ਇਹ ਮੇਰੇ ਵਲੋਂ ਹਨ" ਉਹਨੇ ਡੱਬੇ ਨੂੰ ਹਿਲਾਇਆ ਅਤੇ ਸਾਨੂੰ ਸਭ ਨੂੰ ਸਿਰ ਝੁਕਾਇਆ। "ਕਾਂਊਟ, ਤੁਸੀ ਮਿਸ ਹਾਲਕੌਂਬ ਨੂੰ ਗੱਲ ਸਮਝਾਉ" ਕਾਂਊਟੈਸ ਨੇ ਮੇਰੇ ਵੱਲ ਈਰਖਾ ਭਰੀਆਂ ਤੱਕਣੀਆਂ ਨਾਲ ਵੇਖਿਆ।

"ਮਿਸ ਹਾਲਕੌਂਬ ਦਾ ਕੋਈ ਜਵਾਬ ਨਹੀਂ" ਕਾਂਊਟ ਨੇ ਬੜੇ ਸਲੀਕੇ ਨਾਲ ਕਿਹਾ "ਅੰਗਰੇਜ਼ ਚੀਨੀਆਂ ਦੇ ਗੁਨਾਹਾਂ ਨੂੰ ਨਫ਼ਰਤ ਕਰਦੇ ਹਨ। ਉਹ ਆਪਣੇ ਗੁਆਂਢੀਆਂ ਦੀਆਂ ਗਲਤੀਆਂ ਨੂੰ ਬੜੀ ਜਲਦੀ ਵੇਖਦੇ ਹਨ। ਪਰ ਆਪਣੇ ਨੁਕਸ ਉਹ ਕਦੀ ਨਹੀਂ ਵੇਖ ਸਕਦੇ। ਕੀ ਅੰਗਰੇਜ਼ ਲੋਕ ਉਨ੍ਹਾਂ ਲੋਕਾਂ ਨਾਲੋਂ ਬਹੁਤ ਚੰਗੇ ਹਨ, ਜਿਨ੍ਹਾਂ ਨੂੰ ਉਹ ਪੈਂਦੀ ਸੱਟੇ ਕੰਡਮ ਕਰਦੇ ਹਨ?।

ਮਿਸ ਹਾਲਕੌਂਬ, ਤੁਹਾਡਾ ਸਮਾਜ ਗੁਨਾਹ ਅਤੇ ਪਾਪ ਦਾ ਦੁਸ਼ਮਣ ਹੁੰਦਾ ਹੋਇਆ ਵੀ ਗੁਨਾਹ ਵਿਚ ਭਾਈਵਾਲ ਹੈ, ਹਾਂ, ਹਾਂ, ਗੁਨਾਹ ਇਸ ਮੁਲਕ ਵਿਚ ਵੀ ਉਸੇ ਤਰ੍ਹਾਂ ਹੈ, ਜਿਵੇਂ ਹੋਰ ਮੁਲਕਾ ਵਿਚ। ਕਿਸੇ ਆਦਮੀ ਦਾ ਸੱਜਣ ਅਤੇ ਕਿਸੇ ਦਾ ਦੁਸ਼ਮਣ। ਇਕ ਵੱਡਾ ਗੁੰਡਾ ਆਪਣੇ ਟੱਬਰ ਦਾ ਇੰਤਜ਼ਾਮ ਕਰ ਲੈਂਦਾ ਹੈ। ਜਿਨ੍ਹਾਂ ਉਹ ਵੱਧ ਭੈੜਾ ਹੁੰਦਾ ਹੈ, ਉਨਾ ਬਹੁਤਾ ਉਹਦੇ ਟੱਬਰ ਨਾਲ ਤੁਸੀਂ ਹਮਦਰਦੀ ਵਿਖਾਉਂਦੇ ਹੋ। ਉਹ ਆਪਣਾ ਵੀ ਬੰਦੋਬਸਤ ਕਰ ਲੈਂਦਾ ਹੈ; ਇਕ ਬਦਮਾਸ਼ ਅਤੇ ਫਜ਼ੂਲ ਖਰਚ ਆਦਮੀ ਜੋ ਲੋਕਾ ਕੋਲੋਂ ਹਰ ਵੇਲੇ ਹੀ ਕਰਜਾ ਚੱਕਦਾ ਹੈ, ਆਪਣੇ ਮਿੱਤਰਾਂ ਕੋਲੋਂ ਕੁਝ ਨਾ ਕੁਝ ਲੈਣ ਵਿਚ ਸਦਾ ਸਫਲ ਹੋ ਜਾਂਦਾ ਹੈ, ਅਤੇ ਉਹ ਈਮਾਨਦਾਰ ਬੰਦਾ, ਜੋ ਬੜੀ ਲੋੜ ਵਿਚ ਕਿਸੇ ਅੱਗੇ ਹੱਥ ਪਸਾਰਦਾ ਹੈ, ਉਹਨੂੰ ਲੋਕ ਦੇਣ ਵੇਲੇ ਹਿਚਕਦੇ ਹਨ। ਪਹਿਲੇ ਦੀ ਵਾਰੀ ਉਹ ਹੈਰਾਨ ਨਹੀਂ ਹੁੰਦੇ ਅਤੇ ਉਹ ਦੇਂਦੇ ਹਨ, ਪਰ ਦੂਜੇ ਦੀ ਵਾਰੀ ਉਹ ਹੈਰਾਨ ਹੁੰਦੇ ਹਨ, ਅਤੇ ਨਹੀਂ ਦੇਂਦੇ। ਕੀ ਉਹ ਜੇਲ੍ਹ ਜਿਥੇ ਬਦਮਾਸ਼ ਜਾ ਕੇ ਰਹਿੰਦਾ ਹੈ, ਉਸ ਅਨਾਥ ਆਸ਼ਰਮ ਤੋਂ ਮਾੜੀ ਥਾਂ ਹੈ, ਜਿਥੇ ਇਮਾਨਦਾਰ ਆਦਮੀ ਨੂੰ ਜਾ ਕੇ ਰਹਿਣਾ ਪੈਂਦਾ ਹੈ? ਜਦੋਂ ਕੋਈ ਅੰਗਰੇਜ ਸਮਾਜ ਸੇਵਕ ਲੋਕਾਂ ਦਾ ਦੁੱਖ ਘੱਟ ਕਰਨਾ ਚਾਹੁੰਦਾ ਹੈ ਤਾਂ ਉਹ ਜੇਲ੍ਹਾਂ ਵਿਚ ਜਾਂਦਾ ਹੈ, ਜਿਥੇ ਗੁਨਾਹ ਦੀ ਭੈੜੀ ਹਾਲਤ ਹੁੰਦੀ ਹੈ-ਅਤੇ ਝੁੱਗੀ ਝੌਂਪੜੀ ਵਿਚ ਨਹੀਂ ਜਾਂਦਾ ਜਿਥੇ ਚੰਗਿਆਈ ਅਤੇ ਸ਼ਰਾਫਤ ਰੁਲਦੀ ਹੈ। ਕਿਹੜਾ

ਅੰਗਰੇਜ਼ ਕਵੀ ਹੈ, ਜਿਸ ਨੇ ਲੋਕਾਂ ਦੀ ਸਭ ਤੋਂ ਵਧ ਹਮਦਰਦੀ ਜਿੱਤੀ ਹੈ? ਉਹੀ ਜੋ ਕਰੁਣਾਮਈ ਵਿਸ਼ੇ ਤੇ ਲਿਖਦਾ ਹੈ ਅਤੇ ਦਰਦਨਾਕ ਵਿਸ਼ੇ ਦੀ ਤਸਵੀਰ ਖਿੱਚ ਦਾ ਹੈ। ਉਹ ਨੌਜਵਾਨ, ਜਿਸਨੇ ਜਾਹਲੀ ਦਸਤਾਵੇਜ ਬਣਾ ਕੇ ਕੰਮ ਸ਼ੁਰੂ ਕੀਤਾ ਅਤੇ ਅੰਤ- ਆਤਮ ਹੱਤਿਆ ਕੀਤੀ -ਤੁਹਾਡਾ ਪਿਆਰਾ ਰੋਮਾਂਚਕ ਅਤੇ ਦਿਲਚਸਪ ਚੈਟਰਟਨ। ਉਨ੍ਹਾਂ ਦੋ ਕੱਪੜੇ ਸੀਣ ਵਾਲੀਆਂ ਕੁੜੀਆਂ ਵਿਚੋਂ ਕਿਹੜੀ ਚੰਗੀ ਤਰ੍ਹਾਂ ਗੁਜ਼ਾਰਾ ਕਰਦੀ ਹੈ, ਮੈਂ ਇਹ ਤੁਹਾਨੂੰ ਪੁੱਛਦਾ ਹਾਂ, ਉਹ ਜੋ ਲੋਭ ਵਿਚ ਨਹੀਂ ਆਉਂਦੀ ਅਤੇ ਈਮਾਨਦਾਰ ਹੈ ਜਾਂ ਉਹ ਜੋ ਚੋਰੀ ਕਰਦੀ ਹੈ? ਤੁਸੀਂ ਸਭ ਜਾਣਦੇ ਹੋ ਕਿ ਚੋਰੀ ਕਾਰਣ ਦੂਜੀ ਨੇ ਆਪਣੀ ਕਿਸਮਤ ਬਣਾ ਲਈ ਹੈ-ਉਹ ਸਾਰੇ ਇੰਗਲੈਂਡ ਵਿਚ ਇਹ ਕਹਿ ਕਿ ਨਸ਼ਰ ਕੀਤੀ ਜਾਂਦੀ ਹੈ ਕਿ ਉਹਨੇ ਇਕ ਪਵਿੱਤਰ ਅਸੂਲ ਤੋੜਿਆ ਹੈ, ਪਰ ਉਹ ਖਾਂਦੀ ਪੀਂਦੀ ਹੈ, ਜੋ ਉਹ ਇਹ ਅਸੂਲ ਨਾ ਤੜਦੀ ਤਾਂ ਭੁੱਖੀ ਮਰਦੀ। ਆ ਮੇਰੇ ਹੱਸਮੁਖ ਚੂਹੇ ! ਮੈਂ ਤੈਨੂੰ ਇਕ ਮਿੰਟ ਲਈ ਇਕ ਇਜ਼ੱਤਦਾਰ ਅਤੇ ਸ਼ਰੀਫ ਕੁੜੀ ਦੇ ਰੂਪ ਵਿਚ ਬਦਲ ਦਿੰਦਾ ਹਾਂ, ਮੇਰੇ ਵੱਡੇ ਹੱਥ ਦੀ ਤਲੀ ਵਿਚ ਬੈਠ ਕੇ ਮੇਰੀ ਗੱਲ ਸੁਣ, ਸੁਣ ਚੂਹੀ, ਜੇ ਤੂੰ ਆਪਣੇ ਪਿਆਰੇ ਮਦਦ ਨਾਲ ਵਿਆਹ ਕਰਾਏਂਗੀ, ਤਾਂ ਮੇਰੇ ਅੱਧੇ ਮਿੱਤਰ ਤੇਰੇ ਤੇ ਤਰਸ ਕਰਨਗੇ ਅਤੇ ਅੱਧੇ ਤੇਰੇ ਤੇ ਇਲਜ਼ਾਮ ਲਾਉਣਗੇ, ਪਰ ਹੁਣ ਜੋ ਇਸ ਦੇ ਉਲਟ ਤੂੰ ਇਕ ਉਸ ਆਦਮੀ ਨਾਲ ਪੈਸੇ ਪਿੱਛੇ ਵਿਆਹ ਕਰਾ ਲਵੇ ਜਿਸਦੀ ਤੈਨੂੰ ਰਤਾ ਪ੍ਰਵਾਹ ਨਹੀਂ ਤਾਂ ਤੇਰੇ ਸਾਰੇ ਮਿੱਤਰ ਤੇਰੇ ਲਈ ਖ਼ੁਸ਼ੀ ਮਨਾਉਣਗੇ ਅਤੇ ਇਕ ਪਾਦਰੀ ਇਸ ਸਭ ਤੋਂ ਗੰਦੇ ਸੌਦੇ ਦੀ ਮੰਜ਼ੂਰੀ ਦੇਵੇਗਾ ਅਤੇ ਮਗਰੋਂ ਤੇਰੀ ਮਰਜ਼ੀ ਨਾਲ ਤੇਰੇ ਨਾਲ ਨਾਸ਼ਤਾ ਕਰਦਾ ਮੁਸਕਰਾਏਗਾ, ਚਲੋ, ਹੁਣ ਮੁੜ ਚੂਹੀ ਬਣ ਜਾ। ਨਹੀਂ ਤੇ ਤੂੰ ਮੈਨੂੰ ਲੈਕਚਰ ਦੇਣਾ ਸ਼ੁਰੂ ਕਰ ਦਏਂਗੀ ਕਿ ਸਮਾਜ ਗੁਨਾਹ ਨੂੰ ਨਫਰਤ ਕਰਦਾ ਹੈ, ਅਤੇ ਮੈਂ ਇਹ ਸ਼ੱਕ ਕਰਾਂਗਾ ਕਿ ਤੇਰੇ ਕੰਨ ਅਤੇ ਅੱਖਾਂ ਠੀਕ ਤਾਂ ਹਨ। ਹਾਂ, ਲਡੀ ਗਲਾਈਡ, ਕੀ ਮੈਂ ਭੰਡਾ ਆਦਮੀ ਹਾਂ? ਮੈਂ ਉਹ ਗੱਲ ਕਹਿੰਦਾ ਹਾਂ, ਜੋ ਲੋਕ ਸੋਚਦੇ ਹਨ, ਅਤੇ ਜਦੋਂ ਸਾਰੀ ਦੁਨੀਆਂ ਇਸ ਗੱਲ ਤੇ ਇਕ ਮੱਤ ਹੈ, ਕਿ ਨਕਾਬ ਨੂੰ ਹੀ ਅਸਲ ਚਿਹਰਾ ਮੰਨਿਆ ਜਾਏ, ਮੈਂ ਉਸ ਨਕਾਬ ਨੂੰ ਆਪਣੇ ਜ਼ਾਲਮ ਹੱਥਾਂ ਨਾਲ ਉਤਾਰ ਕੇ ਹੇਠੋਂ ਨਿਰੀਆਂ ਹੱਡੀਆਂ ਤੁਹਾਡੇ ਸਾਹਮਣੇ ਰੱਖਦਾ ਹਾਂ। ਮੈਂ ਆਪਣੀਆਂ ਹਾਥੀ ਵਰਗੀਆਂ ਲੱਤਾਂ ਤੇ ਖੜਾ ਹੁੰਦਾ ਹਾਂ, ਤਾਂ ਜੋ ਤੁਸੀਂ ਮੈਨੂੰ ਆਪਣੀਆਂ ਨਜ਼ਰਾਂ ਵਿਚੋਂ ਬਿਲਕੁਲ ਹੀ ਹੇਠਾਂ ਨਾ ਗਿਰਾ ਦਿਉ। ਮੈਂ ਰਤਾ ਬਾਹਰ ਹਵਾ ਖਾਣ

ਅਤੇ ਸੈਰ ਕਰਨ ਲਈ ਚਲਿਆ ਹਾਂ। ਜਿਵੇਂ ਤੁਹਾਡਾ ਸੈਰੀਡਨ ਕਹਿੰਦਾ ਹੈ, ਮੈਂ ਚਲਿਆ ਹਾਂ ਅਤੇ ਆਪਣੇ ਪਿੱਛੇ ਆਪਣਾ ਚਾਲ ਚਲਣ ਛੱਡਦਾ ਜਾ ਰਿਹਾ ਹਾਂ।"

ਉਹ ਉਠਿਆ ਅਤੇ ਪਿੰਜਰੇ ਨੂੰ ਮੇਜ਼ ਤੇ ਰੱਖ ਕੇ ਇਕ ਮਿੰਟ ਰੁਕ ਕੇ ਆਪਣੇ ਚੂਹਿਆਂ ਦੀ ਗਿਣਤੀ ਕਰਨ ਲਗ ਪਿਆ। ਇਕ ਦੋ, ਤਿੰਨ ਚਾਰ ਹਾਂ- "ਉਹ ਡਰ ਕੇ ਬੋਲਿਆ, ਰੱਬ ਦੇ ਦੇ ਨਾਂ ਦਾ ਵਾਸਤਾ ਏ, ਮੇਰਾ ਪੰਜਵਾਂ ਅਤੇ ਸਭ ਤੋਂ ਛੋਟਾਂ ਚਿੱਟਾ ਅਤੇ ਮਿਲਾਪੜਾ-ਮੇਰਾ ਬੈਂਜਮੇਨ ਚੂਹਾ ਕਿਥੇ ਗਿਆ ਹੈ?"

ਮੈਂ ਅਤੇ ਲਾਰਾ ਇਸ ਮੂਡ ਵਿਚ ਨਹੀਂ ਸਾਂ ਕਿ ਸਾਨੂੰ ਉਹਦੀਆਂ ਗੱਲਾਂ ਤੇ ਕੁਝ ਹਾਸਾ ਆਉਂਦਾ। ਕਾਂਊਟ ਦੇ ਇਸ ਵਿਅੰਗਮਦੀ ਭਾਸ਼ਣ ਨੇ ਸਾਡੇ ਸਾਹਮਣੇ ਉਹਦਾ ਉਹ ਪੱਖ ਪ੍ਰਗਟਾ ਦਿੱਤਾ ਸੀ, ਜਿਸ ਤੋਂ ਅਸੀਂ ਦੋਵੇਂ ਹੀ ਤ੍ਰਹਿ ਰਹੀਆਂ ਸਾਂ। ਪਰ ਇੰਨਾ ਮੋਟਾ ਆਦਮੀ ਇਕ ਨਿੱਕੀ ਜਿਹੀ ਚੂਹੀ ਦੇ ਗਾਇਬ ਹੋਣ ਤੇ ਇੰਨਾ ਦੁੱਖੀ ਹੋ ਰਿਹਾ ਸੀ, ਇਹ ਸੱਚ ਮੁਚ ਹੀ ਬੜਾ ਹਾਸਹੀਣਾ ਜਾਪਦਾ ਸੀ ਅਤੇ ਅਸੀਂ ਨਾ ਚਾਹੁੰਦੀਆਂ ਹੋਈਆਂ ਵੀ ਹੱਸ ਪਈਆਂ; ਅਤੇ ਜਦੋਂ ਮੈਡਮ ਫ਼ੋਸਕੋ ਬੋਟ ਹਾਊਸ ਨੂੰ ਖਾਲੀ ਕਰਨ ਦੇ ਖਿਆਲ ਨਾਲ ਉੱਠੀ ਤਾਂ ਜੋ ਉਹਦਾ ਪਤੀ ਹਰ ਇਕ ਕੱਨੇ ਵਿਚ ਆਸਾਨੀ ਨਾਲ ਲੱਭ ਪਵੇ, ਤਾਂ ਅਸੀਂ ਵੀ ਉਹਦੇ ਮਗਰ ਮਗਰ ਉੱਠ ਪਈਆਂ। ਅਸੀਂ ਅਜੇ ਤਿੰਨ ਕਦਮ ਹੀ ਗਈਆਂ ਹੋਵਾਂਗੀਆਂ ਕਿ ਕਾਂਊਟ ਦੀ ਤੇਜ਼ ਨਜ਼ਰ ਨੇ ਉਹ ਚੂਹਾ ਉਸ ਸੀਟ ਹੇਠੋਂ ਲੱਭ ਲਿਆ, ਜਿਸ ਉੱਤੇ ਅਸੀਂ ਬੈਠੀਆ ਹੋਈਆਂ ਸਾਂ। ਉਹਨੇ ਬੈਂਚ ਪਰ੍ਹੇ, ਕਰਕੇ ਚੂਹੇ ਨੂੰ ਆਪਣੇ ਹੱਥਾਂ ਵਿਚ ਚੁੱਕ ਲਿਆ ਅਤੇ ਮੁੜ ਅਚਾਨਕ ਗੋਡਿਆਂ ਭਾਰ ਹੋ ਕੇ ਆਪਣੇ ਪੈਰਾਂ ਹੇਠ ਦੀ ਧਰਤੀ ਨੂੰ ਧਿਆਨ ਨਾਲ ਵੇਖਣ ਲਗ ਪਿਆ।

ਜਦੋਂ ਉਹ ਮੁੜ ਉਠਿਆ, ਉਹਦੇ ਹੱਥ ਇੰਨੇ ਕੰਬ ਰਹੇ ਸਨ ਕਿ ਉਹਦੇ ਕੋਲੋਂ ਚੂਹੇ ਨੂੰ ਵਾਪਸ ਪਿੰਜਰੇ ਵਿਚ ਪਾਣਾ ਮੁਸ਼ਕਲ ਹੋ ਗਿਆ ਸੀ ਅਤੇ ਉਹਦੇ ਮੂੰਹ ਤੋਂ ਪਲਿੱਤਣ ਛਾ ਗਈ ਸੀ।

"ਪਰਸੀਵਲ" ਉਹ ਬੜੀ ਹੀ ਮੱਧਮ ਆਵਾਜ਼ ਵਿਚ ਬੋਲਿਆ, "ਪਰਸੀਵਲ, ਇਧਰ ਆ।"

ਸਰ ਪਰਸੀਵਲ ਪਿਛਲੇ ਦਸ ਮਿੰਟਾਂ ਤੋਂ ਸਾਡੇ ਵੱਲ ਕੋਈ ਧਿਆਨ ਨਹੀਂ ਦੇ ਰਿਹਾ, ਉਹ ਆਪਣੀ ਸੋਟੀ ਨਾਲ ਰੇਤ ਤੇ ਕੁਝ ਲਿਖ ਲਿਖ ਕੇ ਮਿਟਾਉਣ ਵਿਚ ਮਸਤ ਸੀ।

"ਹੁਣ ਕੀ ਹੋਇਆ ਹੈ?" ਉਹਨੇ ਬੇਪ੍ਰਵਾਹੀ ਨਾਲ ਬੋਟ-ਹਾਊਸ ਵਿਚ ਵੜਦਿਆਂ ਹੋਇਆਂ ਕਿਹਾ।

"ਕੀ ਤੈਨੂੰ ਉਥੇ ਕੁਝ ਨਹੀਂ ਦਿਸ ਰਿਹਾ?" ਕਾਂਊਟ ਨੇ ਘਬਰਾਹਟ ਨਾਲ ਉਹਦੀ ਕਾਲਰ ਨੂੰ ਇਕ ਹੱਥ ਨਾਲ ਫੜ ਲਿਆ, ਅਤੇ ਦੂਜੇ ਹੱਥ ਨਾਲ ਉਸ ਥਾਂ ਤੇ ਇਸ਼ਾਰਾ ਕੀਤਾ ਜਿਸਦੇ ਨੇੜੇ ਤੇੜ ਚੂਹਾ ਬੈਠਾ ਹੋਇਆ ਸੀ।

"ਮੈਨੂੰ ਕਾਫੀ ਸਾਰੀ ਰੇਤ ਦਿਸ ਰਹੀ ਹੈ" ਸਰ ਪਰਸੀਵਲ ਨੇ ਉੱਤਰ ਦਿਤਾ ਅਤੇ ਉਸ ਦੇ ਵਿਚਕਾਰ ਇਕ ਮੈਲਾ ਜਿਹਾ ਮਿੱਟੀ ਦਾ ਦਾਗ ਹੈ।"

"ਇਹ ਮੈਲੀ ਨਹੀਂ." ਕਾਂਊਟ ਫਿਰ ਫੁਸਫਸਾਇਆ ਅਤੇ ਉਹਨੇ ਅਚਾਨਕ ਹੱਥ ਵੀ ਸਰ ਪਰਸੀਵਲ ਦੀ ਕਾਲਰ ਤੇ ਰੱਖ ਦਿਤਾ ਅਤੇ ਉਹ ਉਹਨੂੰ ਕਾਲਰ ਤੋਂ ਝਕਝੋਰ ਰਿਹਾ ਸੀ," ਇਹ ਖੂਨ ਹੈ!"

ਭਾਵੇਂ ਇਹ ਸ਼ਬਦ ਬੜੀ ਧੀਮੀ ਆਵਾਜ ਵਿਚ ਕਹੇ ਗਏ ਸਨ, ਲਾਰਾ ਏਨੀ ਨੇੜੇ ਸੀ ਕਿ ਉਹਨੂੰ ਆਵਾਜ਼ ਸਪੱਸ਼ਟ ਸੁਣਾਈ ਦਿਤੀ। ਉਹਨੇ ਡਰੀ ਹੋਈ ਨੇ ਮੇਰੇ ਵੱਲ ਵੇਖਿਆ।

"ਫਜ਼ੂਲ ਦੀ ਗੱਲ ਹੈ-, "ਮੈਂ ਬੋਲੀ। "ਘਬਰਾਹਟ ਵਾਲੀ ਕੋਈ ਗੱਲ ਨਹੀਂ, ਇਹ ਇਕ ਵਿਚਾਰੇ ਗਰੀਬ ਕੁੱਤੇ ਦਾ ਖੂਨ ਹੈ।"

ਸਭ ਹੈਰਾਨ ਹੋ ਗਏ ਅਤੇ ਸਭ ਦੀਆਂ ਅੱਖਾ ਮੇਰੇ ਕੋਲੋਂ ਪ੍ਰਸ਼ਨ ਪੁੱਛਦੀਆਂ ਮੇਰੇ ਤੇ ਲੱਗ ਗਈਆਂ।

"ਤੁਹਾਨੂੰ ਕਿਵੇਂ ਪਤਾ ਹੈ।" ਸਭ ਪਰਸੀਵਲ ਨੇ ਜੋ ਸਭ ਤੋਂ ਪਹਿਲਾਂ ਬੋਲਿਆ ਸੀ ਮੈਨੂੰ ਪੁੱਛਿਆ।

"ਮੈਨੂੰ ਉਹ ਕੁੱਤਾ ਮਰਨ ਦੀ ਹਾਲਤ ਵਿਚ ਇਥੇ ਉਸ ਦਿਨ ਮਿਲਿਆ ਸੀ, ਜਿਸ ਦਿਨ ਤੁਸੀਂ ਸਾਰੇ ਪਰਤੇ ਸੀ।" ਮੈਂ ਉੱਤਰ ਦਿਤਾ, "ਵਿਚਾਰਾ ਗਲਤੀ ਨਾਲ ਬਗੀਚੇ ਵਿਚ ਗਿਆ ਅਤੇ ਤੁਹਾਡੇ ਰਾਖੇ ਨੇ ਉਹਨੂੰ ਗੋਲੀ ਮਾਰ ਦਿਤੀ।"

"ਕਿਸਦਾ ਕੁੱਤਾ ਸੀ ਇਹ? ਸਰ ਪਰਸੀਵਲ ਨੇ ਪੁੱਛਿਆ "ਮੇਰਾ ਤਾਂ ਨਹੀਂ ਸੀ?"

"ਕੀ ਤੂੰ ਕੁੱਤੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ?" ਲਾਰਾ ਨੇ ਦਿਲੋਂ ਪੁੱਛਿਆ, "ਤੂੰ ਜ਼ਰੂਰ ਉਹਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ, ਮੇਰੀਅਨ?"

"ਹਾਂ," ਮੈਂ ਬੋਲੀ ! "ਹਾਊਸ ਕੀਪਰ ਨੇ ਅਤੇ ਮੈਂ ਬਥੇਰੀ ਵਾਹ ਲਾਈ ਕਿ ਉਹ ਕਿਸੇ ਤਰ੍ਹਾਂ ਬੱਚ ਜਾਏ, ਪਰ ਉਹਦਾ ਜ਼ਖਮ ਡੂੰਘਾ ਸੀ, ਅਤੇ ਉਹ ਸਾਡਿਆਂ ਹੱਥਾਂ ਵਿਚ ਹੀ ਮਰ ਗਿਆ।"

"ਕਿਸ ਦਾ ਕੁੱਤਾ ਸੀ?" ਸਰ ਪਰਸੀਵਲ ਨੇ ਆਪਣੀ ਜ਼ਿਦ ਵਿਚ ਖਿੱਝ ਕੇ ਗੱਲ ਦੁਹਰਾਈ। "ਮੇਰਾ ਤੇ ਨਹੀਂ ਸੀ? "

"ਨਹੀਂ-ਤੁਹਾਡੇ ਕੁੱਤਿਆਂ ਵਿਚੋਂ ਨਹੀਂ ਸੀ।"

"ਕਿਸ ਦਾ ਸੀ ਫਿਰ? -ਕੀ ਹਾਊਸ ਕੀਪਰ ਨੂੰ ਪਤਾ ਹੈ?"

ਜਿਸ ਵੇਲੇ ਉਹਨੇ ਇਹ ਪ੍ਰਸ਼ਨ ਪੁੱਛਿਆ, ਮੈਨੂੰ ਹਾਊਸ ਕੀਪਰ ਦੀ ਉਹ ਗੱਲ ਯਾਦ ਆ ਗਈ, ਕਿ ਮਿਸੇਜ਼ ਕੈਥੇਰਿਕ ਆਪਣਾ ਇਥੇ ਆਉਣਾ ਸਰ ਪਰਸੀਵਲ ਤੋਂ ਛੁਪਾ ਕੇ ਰੱਖਣਾ ਚਾਹੁੰਦੀ ਸੀ, ਅਤੇ ਮੈਂ ਵੀ ਸੋਚਾਂ ਵਿਚ ਸਾਂ ਕਿ ਇਹ ਗੱਲ ਦੱਸਣੀ ਠੀਕ ਹੈ ਕਿ ਨਹੀਂ, ਪਰ ਇਥੇ ਇਸ ਘਬਰਾਹਟ ਨੂੰ ਸ਼ਾਂਤ ਕਰਨ ਦੇ ਖਿਆਲ ਨਾਲ ਮੈਂ ਸੋਚੇ ਸਮਝੇ ਬਿਨਾਂ ਏਨਾ ਅੱਗੇ ਲੰਘ ਚੁਕੀ ਸਾਂ ਕਿ ਹੁਣ ਜੇ ਪਿੱਛੇ ਮੁੜਦੀ ਹਾਂ ਤਾਂ ਵੀ ਮੇਰੇ ਤੇ ਸ਼ੱਕ ਹੀ ਕੀਤਾ ਜਾਣਾ ਸੀ, ਜਿਸ ਨਾਲ ਇਹ ਮਾਮਲਾ ਹੋਰ ਵੀ ਉਲਝ ਜਾਣਾ ਸੀ। ਹੁਣ ਇਸ ਦਾ ਕੀ ਨਤੀਜਾ ਹੋਵੇਗਾ, ਇਸ ਦੀ ਚਿੰਤਾ ਕੀਤੇ ਬਿਨਾਂ ਹੀ ਮੈਨੂੰ ਝਟਪਟ ਉੱਤਰ ਦੇਣਾ ਪੈ ਰਿਹਾ ਸੀ।

"ਹਾਂ," ਮੈਂ ਕਿਹਾ, 'ਹਾਊਸ ਕੀਪਰ ਜਾਣਦੀ ਹੈ। ਉਹਨੇ ਮੈਨੂੰ ਦੱਸਿਆ ਸੀ ਕਿ ਉਹ ਮਿਸਜ਼ ਕੈਥੇਰਿਕ ਦਾ ਕੁੱਤਾ ਸੀ।"

ਅਜੇ ਤੀਕ ਮੈਂ ਦਰਵਾਜ਼ੇ ਵਿਚ ਖੜੀ ਗੱਲ ਕਰ ਰਹੀ ਸਾਂ ਅਤੇ ਸਰ ਪਰਸੀਵਲ ਬੋਟ ਹਾਊਸ ਦੇ ਅੰਦਰ ਕਾਂਊਟ ਕੋਲ ਖੜਾ ਸੀ, ਪਰ ਮੇਰੇ ਮੂੰਹੋਂ ਮਿਸੇਜ਼ ਕੈਥੇਰਿਕ ਦਾ ਨਾਂ ਨਿਕਲਣ ਦੀ ਦੇਰ ਸੀ  ਕਿ ਉਹ ਕਾਂਊਟ ਨੂੰ ਧੱਕਾ ਮਾਰਦਾ ਹੋਇਆ ਬਾਹਰ ਦਿਨ ਦੇ ਚਾਨਣੇ ਵਿਚ, ਮੇਰੇ ਮੂੰਹ ਸਾਹਮਣੇ ਆ ਖੜਾ ਹੋਇਆ।

"ਹਾਊਸ-ਕੀਪਰ ਨੂੰ ਕਿਵੇਂ ਪਤਾ ਲੱਗਾ ਕਿ ਇਹ ਮਿਸੇਜ਼ ਕੈਥੇਰਿਕ ਦਾ ਕੁੱਤਾ ਸੀ?" ਸਰ ਪਰਸੀਵਲ ਮੇਰੇ ਤੇ ਆਪਣੀਆਂ ਨਜ਼ਰਾਂ ਇੰਜ਼ ਤੀਉੜੀ ਪਾਕੇ ਗੱਡਦਾ ਹੋਇਆ ਬੋਲਿਆ; ਕਿ ਜਿਸ ਨਾਲ ਮੈਂ ਤ੍ਰਭਕ ਵੀ ਪਈ, ਅਤੇ ਮੈਨੂੰ ਗੁੱਸਾ ਵੀ ਆ ਗਿਆ।

"ਉਹ ਜਾਣਦੀ ਸੀ" ਮੈਂ ਸ਼ਾਂਤੀ ਨਾਲ ਕਿਹਾ "ਕਿਉਂਕਿ ਮਿਸੇਜ਼ ਕੈਥੇਰਿਕ ਉਹ ਕੁੱਤਾ ਆਪਣੇ ਨਾਲ ਲਿਆਈ ਸੀ।"

"ਆਪਣੇ ਨਾਲ ਲਿਆਈ ਸੀ? ਉਹ ਕਿਥੇ ਕੁੱਤਾ ਨਾਲ ਲਿਆਈ ਸੀ?"

"ਇਸ ਘਰ ਵਿਚ।"

"ਮਿਸੇਜ਼ ਕੈਥੇਰਿਕ ਨੂੰ ਇਥੇ ਕੀ ਕੰਮ ਸੀ?" ਜਿਸ ਢੰਗ ਨਾਲ ਉਹਨੇ ਇਹ ਪ੍ਰਸ਼ਨ ਕੀਤਾ, ਉਹ ਉਹਦੀ ਬੋਲੀ ਤੋਂ ਖਰ੍ਹਵਾਂ ਸੀ। ਮੈਂ ਉਹਦੇ ਪਾਸਿਉਂ ਮੂੰਹ ਮੋੜ ਲਿਆ ਤਾਂ ਜੋ ਉਹਨੂੰ ਪਤਾ ਲੱਗ ਜਾਏ ਕਿ ਉਹ ਕਿੰਨੀ ਬਦਤਮੀਜ਼ੀ ਨਾਲ ਬੋਲ ਰਿਹਾ ਸੀ।

ਮੇਰੇ ਸਿਰ ਮੋੜਨ ਨਾਲ, ਕਾਂਊਟ ਨੇ ਆਪਣਾ ਹੱਥ ਉਹਦੇ ਮੋਢਿਆ ਤੇ ਰੱਖ ਦਿੱਤਾ ਅਤੇ ਉਹ ਮਿੱਠੀ ਆਵਾਜ਼ ਵਿਚ ਉਹਨੂੰ ਸ਼ਾਂਤ ਕਰਦਾ ਹੋਇਆ ਬੋਲਿਆ, "ਮੇਰੇ ਪਿਆਰੇ ਪਰਸੀਵਲ ਸ਼ਾਂਤੀ -ਸ਼ਾਂਤੀ!"

ਸਰ ਪਰਸੀਵਲ ਨੇ ਗੁੱਸੇ ਵਿਚ ਭਰਿਆ ਪੀਤਿਆਂ ਉਹਦੇ ਵੱਲ ਮੁੜਕੇ ਵੇਖਿਆ; ਕਾਂਊਟ ਨੇ ਮੁਸਕਰਾ ਕੇ ਆਪਣੀ ਬੇਨਤੀ ਦੁਹਰਾਈ।

"ਹੌਲੀ-ਹੌਲੀ ਮੇਰੇ ਮਿੱਤਰ !-ਹੌਲੀ !"

ਸਰ ਪਰਸੀਵਲ ਰਤਾ ਝਿਜਕਿਆ- ਮੇਰੇ ਪਿੱਛੇ ਪਿੱਛੇ ਕੁਝ ਕਦਮ ਆਇਆ, ਅਤੇ ਮੇਰੇ ਤੋਂ ਖਿਮਾਂ ਮੰਗ ਕੇ ਉਹਨੇ ਮੈਨੂੰ ਹੈਰਾਨ ਕਰ ਦਿਤਾ।

"ਮੈਂ ਖਿਮਾਂ ਮੰਗਦਾ ਹਾਂ, ਮਿਸ ਹਾਲਕੌਂਬ," ਉਹ ਬੋਲਿਆ।

ਕੁਝ ਚਿਰ ਤੋਂ ਮੈਂ ਠੀਕ ਨਹੀਂ ਅਤੇ ਮੇਰਾ ਖਿਆਲ ਹੈ, ਕਿ ਮੈਂ ਖਿਝਿਆ ਹੋਇਆ ਹਾਂ।

" ਪਰ ਮੈਂ ਇਹ ਜਾਨਣਾ ਚਾਹਵਾਂਗਾ, ਕਿ ਮਿਸੇਜ਼ ਕੈਥੇਰਿਕ ਨੂੰ ਇਥੇ ਕੀ ਕੰਮ ਸੀ? ਉਹ ਕਦੋਂ ਆਈ ਸੀ? ਅਤੇ ਕੀ ਸਿਰਫ ਉਹ ਹਾਊਸ ਕੀਪਰ ਨੂੰ ਹੀ ਮਿਲੀ ਸੀ?"

"ਹਾਂ"" ਮੇਰਾ ਖਿਆਲ ਹੈ ਕਿ ਉਹ ਸਿਰਫ ਉਹਨੂੰ ਹੀ ਮਿਲੀ ਸੀ।"

ਕਾਂਊਟ ਨੇ ਫਿਰ ਵਿਚੋਂ ਟੋਕਿਆ।

"ਤਾਂ ਤੇ ਤੈਨੂੰ ਹਾਊਸ ਕੀਪਰ ਨੂੰ ਹੀ ਸਿੱਧਾ ਪੁੱਛਣਾ ਚਾਹੀਦਾ ਹੈ" ਉਹ ਬੋਲਿਆ। 'ਪਰਸੀਵਲ, ਤੂੰ ਇਕ ਦਮ ਉਹਨੂੰ ਹੀ ਪੁੱਛ ਜਿਸ ਨੂੰ ਸਾਰੀ ਗੱਲ ਪਤਾ ਹੈ!"

"ਬਿਲਕੁਲ ਠੀਕ ਹੈ !"ਸਰ ਪਰਸੀਵਲ ਬੋਲਿਆ, "ਠੀਕ ਹੈ, ਹਾਊਸਕੀਪਰ ਨੂੰ ਹੀ ਤਾਂ ਪੁੱਛਣਾ ਚਾਹੀਦਾ ਹੈ। ਮੈਂ ਵੀ ਕਿੰਨਾ ਪਾਗਲ ਹਾਂ ਕਿ ਇਹ ਗੱਲ ਪਹਿਲਾਂ ਨਹੀਂ ਸੋਚੀ !" ਇਹ ਸ਼ਬਦ ਕਹਿਣ ਦੇ ਨਾਲ ਹੀ ਉਹ ਸਾਨੂੰ ਉਥੇ ਹੀ ਛੱਡ ਕੇ ਆਪ ਇਕੱਲਾ ਹੀ ਘਰ ਵੱਲ ਹੋ ਤੁਰਿਆ। ਕਾਂਊਟ ਦਾ ਅਸਲ ਮੰਤਵ ਕੀ ਸੀ, ਇਹ ਮੈਨੂੰ ਉਦੋਂ ਸਮਝ ਆਇਆ ਜਦੋਂ ਸਰ ਪਰਸੀਵਲ ਸਾਡੇ ਤੋਂ ਵੱਖ ਹੋ ਕੇ ਘਰ ਵੱਲ ਤੁਰ ਪਿਆ। ਉਹਨੇ ਆਪ ਮੇਰੇ ਤੋਂ ਮਿਸਿਜ਼ ਕੈਥੇਰਿਕ ਬਾਰੇ ਕਈ ਪ੍ਰਸ਼ਨ ਪੁੱਛਣੇ ਸਨ ਅਤੇ ਨਾਲ ਹੀ ਉਹ ਇਹ ਜਾਣਨਾ ਚਾਹੁੰਦਾ ਸੀ ਕਿ ਉਹਦੇ ਬਲੈਕਵਾਟਰ ਪਾਰਕ ਆਉਣ ਦਾ ਕੀ ਭੇਤ ਸੀ। ਇਹ ਗੱਲ ਉਹ ਆਪਣੇ ਮਿੱਤਰ ਦੇ ਹੁੰਦਿਆਂ ਨਹੀਂ ਸੀ ਪੁੱਛ ਸਕਦਾ। ਮੈਂ ਘੱਟ ਤੋਂ ਘੱਟ ਸ਼ਬਦਾਂ ਵਿਚ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਕਿਉਂਕਿ ਮੈਂ ਪਹਿਲਾਂ ਹੀ ਨਿਸ਼ਚਾ ਕਰ ਚੁੱਕੀ ਸਾਂ ਕਿ ਮੈਂ ਕਾਂਊਟ ਨੂੰ ਕੋਈ ਭੇਦ ਨਹੀਂ ਦੇਣਾ। ਪਰ ਲਾਰਾ ਅਚੇਤ ਹੀ ਮੇਰੇ ਤੋਂ ਸਵਾਲ ਪੁੱਛਦੀ ਸੀ, ਜਿਨ੍ਹਾਂ ਦਾ ਉੱਤਰ ਮਿਲਣ ਤੇ ਕਾਂਊਟ ਨੂੰ ਸਭ ਕੁਝ ਪਤਾ ਲਗ ਗਿਆ। ਜੇ ਮੈਂ ਉਹਨੂੰ ਕੁਝ ਨਾ ਦਸਦੀ ਤਾਂ ਵੀ ਮੈਂ ਝੂਠੀ ਅਤੇ ਸਰ ਪਰਸੀਵਲ ਦੇ ਭੇਤਾਂ ਦੇ ਮਾਲਕ ਦਿਸਣਾ ਸੀ। ਸੋ ਇਸ ਦਾ ਨਤੀਜਾ ਇਹ ਹੋਇਆ ਕਿ ਦਸ ਮਿੰਟਾਂ ਦੇ ਅੰਦਰ ਹੀ ਅੰਦਰ ਕਾਂਊਟ ਨੂੰ ਉਹ ਸਭ ਪਤਾ ਲਗ ਗਿਆ, ਜੋ ਸਾਨੂੰ ਮਿਸੇਜ਼ ਕੈਥੇਰਿਕ ਬਾਰੇ ਪਤਾ ਸੀ ਅਤੇ ਉਨ੍ਹਾਂ ਅਨੋਖੀਆਂ ਘਟਨਾਵਾਂ ਦੀ ਜਾਣਕਾਰੀ ਵੀ ਉਹਨੂੰ ਹੋ ਗਈ, ਜਿਨ੍ਹਾਂ ਕਰਕੇ ਸਾਡਾ ਮਿਸਿਜ਼ ਕੈਥੇਰਿਕ ਵਿਚ ਦਿਲਚਸਪੀ ਸੀ। ਜੋ ਜੋ ਘਟਨਾਵਾਂ ਹਾਰਟਰਾਈਟ ਨਾਲ ਏਨ ਦੀ ਮੁਲਾਕਾਤ ਤੋਂ ਸ਼ੁਰੂ ਹੋਈਆਂ ਸਨ ਉਹ ਸਭ ਹੁਣ ਕਾਉਂਟ ਨੂੰ ਵੀ ਪਤਾ ਲੱਗ ਚੁੱਕੀਆਂ ਸਨ। ਇਸ ਜਾਣਕਾਰੀ ਨਾਲ ਉਹਦੇ ਤੇ ਅਜੀਬ ਹੀ ਪ੍ਰਭਾਵ ਪਿਆ।

ਭਾਵੇਂ ਉਹ ਸਰ ਪਰਸੀਵਲ ਦਾ ਗੂੜ੍ਹਾ ਮਿੱਤਰ ਹੈ ਅਤੇ ਜਾਪਦਾ ਹੈ ਕਿ ਉਹ ਉਹਦੀ ਹਰ ਇਕ ਗੱਲ ਤੋਂ ਜਾਣੂੰ ਹੈ, ਪਰ ਉਹਨੂੰ ਵੀ ਮੇਰੇ ਵਾਂਗ ਏਨ ਕੈਥੇਰਿਕ ਦੀ ਸੱਚੀ ਕਹਾਣੀ ਦਾ ਕੁਝ ਪਤਾ ਨਹੀਂ। ਇਸ ਅਭਾਗੀ ਔਰਤ ਦੇ ਨਾਲ ਜੁੜਿਆ ਹੋਇਆ ਰਾਜ, ਸਚਮੁਚ ਕੋਈ ਰਾਜ ਹੀ ਹੈ, ਇਸ ਗੱਲ ਦਾ ਮੈਨੂੰ ਹੁਣ ਪੱਕਾ ਵਿਸਵਾਸ ਹੋ ਗਿਆ, ਜਦ ਮੈਂ ਵੇਖਿਆ ਕਿ ਸਰ ਪਰਸੀਵਲ ਨੇ ਇਹ ਭੇਤ ਆਪਣੇ ਸਭ ਤੋਂ' ਪੱਕੇ ਮਿੱਤਰ ਨਾਲ ਵੀ ਸਾਂਝਾ ਨਹੀਂ ਕੀਤਾ ਹੋਇਆ। ਕਾਉਂਟ ਮੇਰੇ ਉਸ ਹਰ ਸ਼ਬਦ ਨੂੰ ਇਕ ਲਾਲਚੀ ਵਾਂਗ ਪੀਂਦਾ ਜਾਪਦਾ ਸੀ, ਜੋ ਮੇਰੇ ਮੂੰਹੋਂ ਨਿਕਲਦਾ ਸੀ।

ਉਤਸੁਕਤਾ ਕਈ ਕਿਸਮਾਂ ਦੀ ਹੁੰਦੀ ਹੈ, ਪਰ ਨਿਰੀ ਹੈਰਾਨੀ ਭਰੀ ਉਤਸੁਕਤਾ ਜੋ ਕਾਂਊਟ ਦੇ ਮੂੰਹ ਤੇ ਸੀ, ਉਸ ਬਾਰੇ ਗਲਤੀ ਦੀ ਕੋਈ ਸੰਭਾਵਨਾ ਨਹੀਂ ਹੋ ਸਕਦੀ। ਮੈਂ ਕਾਂਊਟ ਦੇ ਚਿਹਰੇ ਤੇ ਨਿਰੋਲ ਹੈਰਾਨੀ ਪਹਿਲੀ ਵਾਰੀ ਵੇਖੀ ਹੈ।

ਇਹ ਪ੍ਰਸ਼ਨ ਉੱਤਰ ਕਰਦਿਆਂ ਅਸੀਂ ਚੀੜ ਦੇ ਬਗੀਚੇ ਵਿਚੋਂ ਹੁੰਦੇ ਹੋਏ ਵਾਪਸ ਘਰ ਪਹੁੰਚ ਚੁਕੇ ਸਾਂ ! ਘਰ ਪਹੁੰਚਦਿਆਂ ਸਭ ਤੋਂ ਪਹਿਲਾਂ ਜਿਸ ਤੇ ਨਜ਼ਰ ਪਈ, ਉਹ ਸੀ ਸਰ ਪਰਸੀਵਲ ਦੀ ਕੁੱਤਾ ਗੱਡੀ, ਜਿਸ ਵਿਚ ਘੋੜਾ ਜੁੜਿਆ ਹੋਇਆ ਸੀ ਅਤੇ ਸਈਸ ਆਪਣੇ ਤਬੇਲੇ ਦੀ ਜੈਕੇਟ ਪਾਈ ਉਡੀਕ ਰਿਹਾ ਸੀ। ਜੇ ਇਹ ਗੱਲ ਸੀ ਤਾਂ ਤੇ ਹਾਊਸ ਕੀਪਰ ਨਾਲ ਹੋਈ ਮੁਲਾਕਾਤ ਦਾ ਮਹੱਤਵਪੂਰਣ ਨਤੀਜਾ ਨਿਕਲ ਚੁੱਕਾ ਸੀ।

"ਬੜੀ ਪਿਆਰੀ ਘੋੜੀ ਹੈ! ਮੇਰੇ ਮਿੱਤਰ, ' ਕਾਂਊਟ ਨੇ ਸਈਸ ਨੂੰ ਇੰਜ ਕਿਹਾ, ਜਿਵੇਂ ਉਹਦਾ ਪੁਰਾਣਾ ਵਾਕਿਫ ਹੋਵੇ। ਤੂੰ ਗੱਡੀ ਲੈ ਕੇ ਜਾ ਰਿਹਾ ਹੈਂ?"

"ਨਹੀਂ ਜੀ, ਮੈਂ ਨਹੀਂ ਜਾ ਰਿਹਾ।" ਕੋਚਵਾਨ ਨੇ ਕਿਹਾ। "ਮਾਲਕ ਆਪ ਹੀ ਬੱਘੀ ਚਲਾਦੇ ਹਨ -" ਉਹ ਇਹ ਵੀ ਸੋਚ ਰਿਹਾ ਦਿਸਦਾ ਸੀ ਕਿ ਕਾਂਉਟ ਕਿਧਰ ਉਹਦੀ ਜੈਕਟ ਨੂੰ ਵਰਦੀ ਤਾਂ ਨਹੀਂ ਸਮਝ ਰਿਹਾ 'ਹੱਛਾ ਤੇਰੇ ਹੁੰਦਿਆਂ ਉਹ ਆਪ ਏਨੀ ਖੇਚਲ ਕਿਉਂ ਕਰਦਾ ਹੈ! ਕੀ ਉਹ ਦੂਰ ਜਾ ਰਿਹਾ ਹੈ - ਇਹ ਘੋੜੀ ਤਾਂ ਥੱਕ ਜਾਵੇਗੀ, ਜੋ ਹੁਣ ਏਨੀ ਲਿਸਕ ਅਤੇ ਨਵੀਂ ਨਰੋਈ ਲੱਗ ਰਹੀ ਹੈ।"

"ਪਤਾ ਨਹੀਂ" ਜੀ -ਇਹ ਖੱਚਰ ਹੈ-ਬਰਾਊਨ ਮੌਲੀ। ਇਹ ਐਵੇਂ ਹੀ ਨਹੀਂ ਥੱਕਦੀ ਬੜੀ ਜਿਗਰੇ ਵਾਲੀ ਹੈ। ਨੇੜੇ ਕਿਧਰੇ ਜਾਣ ਲਈ ਸਰ ਪਰਸੀਵਲ ਇਸਾਕ ਨੂੰ ਹੀ ਬੱਘੀ ਵਿਚ ਜੜਵਾਂਦੇ ਹਨ।

"ਅਤੇ ਇਹ ਖ਼ੂਬਸੂਰਤ ਜਿਗਰੇ ਵਾਲੀ ਬਹਾਦਰ ਮੌਲੀ ਨੂੰ ਦੂਰ ਜਾਣ ਲਈ?"

"ਹਾਂ ਜੀ।"

"ਤਾਂ ਗੱਲ ਬਿਲਕੁਲ ਸਾਫ ਹੈ ਮਿਸ ਹਾਲਕੌਂਬ।" ਉਹ ਮੇਰੇ ਵੱਲ ਘੁੰਮ ਕੇ ਬੋਲਿਆ। "ਅੱਜ ਸਰ ਪਰਸੀਵਲ ਕਿਧਰੇ ਬੜੀ ਦੂਰ ਜਾ ਰਿਹਾ ਹੈ।"

ਮੈਂ ਉੱਤਰ ਵਿਚ ਕੁਝ ਨਾ ਕਿਹਾ। ਮੈਂ ਆਪਣੇ ਹੀ ਕਈ ਅਨੁਮਾਨ ਲਾਣੇ ਸਨ- ਜੋ ਜੋ ਮੈਂ ਹਾਊਸਕੀਪਰ ਕੋਲੋਂ ਸੁਣਿਆ ਸੀ ਅਤੇ ਜੋ ਮੈਂ ਸਾਹਮਣੇ ਵੇਖ ਰਹੀ ਸੀ, ਉਹਨਾਂ ਸਭ ਭੇਦਾਂ ਨੂੰ

ਮੈਂ ਜੋੜ ਰਹੀ ਸੀ। ਪਰ ਮੈਂ ਕਾਂਊਟ ਨੂੰ ਹਰ ਕਿਸੇ ਵਿਚਾਰ ਵਿਚ ਭਾਈਵਾਲ ਨਹੀਂ ਸਾਂ ਬਣਾਉਣਾ ਚਾਹੁੰਦੀ !

(ਮੈਂ' ਸੱਚਿਆ) ਜਦੋਂ ਸਰ ਪਰਸੀਵਲ ਸਾਡੇ ਕੋਲ ਕੰਬਰਲੈਂਡ ਸੀ ਤਾਂ ਉਹ ਕਿੰਨੀ ਹੀ ਦੂਰ ਟਾਡਸ ਕਾਰਨਰ, ਏਨ ਦੀ ਖਾਤਰ ਕੁਝ ਪ੍ਰਸ਼ਨ ਪੁਛਣ ਲਈ ਪੈਦਲ ਹੀ ਚਲਾ ਗਿਆ ਸੀ। ਕੀ ਹੁਣ ਉਹ ਹੈਂਪਸਾਇਰ ਤੋਂ ਮਿਸਿਜ਼ ਕੈਥਰਿਕ ਨੂੰ ਏਨ ਬਾਰੇ ਪੁੱਛਣ ਇਕ ਲੰਮੇ ਸਫਰ, ਵੈਲਮਿੰਗਮ ਜਾਣ ਲਈ ਤਿਆਰ ਹੋ ਗਿਆ ਹੈ?

ਅਸੀਂ ਸਾਰੇ ਅੰਦਰ ਚਲੇ ਗਏ। ਅਸੀਂ ਅਜੇ ਹਾਲ ਵਿਚ ਹੀ ਸਾਂ ਕਿ ਸਰ ਪਰਸੀਵਲ ਲਾਇਬਰੇਰੀ ਵਿਚੋਂ ਬਾਹਰ ਨਿਕਲਿਆ। ਉਹ ਬੜਾ ਚਿੰਤਾਵਾਨ ਤੇ ਪੀਲਾ ਲੱਗ ਰਿਹਾ ਸੀ। ਉਹ ਕਾਹਲੀ ਵਿਚ ਸੀ, ਤਾਂ ਵੀ ਸਾਡੇ ਨਾਲ ਚੰਗੀ ਤਰ੍ਹਾਂ ਬੋਲਿਆ:-

"ਮੈਨੂੰ ਤੁਹਾਨੂੰ ਸਭ ਨੂੰ ਛੱਡ ਕੇ ਅਚਾਨਕ ਹੀ ਬਾਹਰ ਜਾਣਾ ਪੈ ਰਿਹਾ ਹੈ ਇਹ ਜਰੂਰੀ ਕੰਮ ਹੈ ਇਸ ਲਈ ਟਾਲਿਆ ਵੀ ਨਹੀਂ ਜਾ ਸਕਦਾ। ਮੈਂ ਕਲ ਜਲਦੀ ਹੀ ਵਾਪਸ ਆ ਜਾਵਾਂਗਾ। ਜਾਣ ਤੋਂ ਪਹਿਲਾਂ ਮੈਂ ਉਹ ਕੰਮ ਖਤਮ ਕਰ ਲੈਣਾ ਚਾਹੁੰਦਾ ਹਾਂ, ਜਿਸਦੀ ਗੱਲ ਮੈਂ ਸਵੇਰੇ ਤੁਹਾਡੇ ਨਾਲ ਕਰ ਰਿਹਾ ਸਾਂ। ਨਿੱਕਾ ਜਿਹਾ ਕੰਮ ਹੈ। ਲਾਰਾ, ਕੀ ਤੂੰ ਇਕ ਮਿੰਟ ਲਈ ਲਾਇਬਰੇਰੀ ਵਿਚ ਆ ਸਕੇਂਗੀ? ਕਾਊਂਟੈਸ, ਕੀ ਤੁਸੀਂ ਵੀ ਆ ਸਕੋਗੇ। ਮੈਂ ਤੁਹਾਡਾ ਬਹੁਤਾ ਸਮਾਂ ਨਹੀਂ ਲਵਾਂਗਾ। ਫ਼ੋਸਕੋ, ਬਸ ਇਕ ਥਾਂ ਤੇ ਤੂੰ ਅਤੇ ਕਾਉਂਟੈਸ ਨੇ ਦਸਤਖਤ ਦੀ ਗਵਾਹੀ ਦੇਣੀ ਹੈ। ਹੋਰ ਕੁਝ ਨਹੀਂ ਕਰਨਾ। ਸਾਰੇ ਜਲਦੀ ਜਲਦੀ ਆ ਜਾਉ ਤੇ ਇਹ ਕੰਮ ਮੁਕਾ ਲਈਏ।,'

ਉਹਨੇ ਲਾਇਬਰੇਰੀ ਦਾ ਦਰਵਾਜ਼ਾ ਖੋਲ੍ਹਿਆ ਤੇ ਜਦੋਂ ਤਕ ਸਭ ਅੰਦਰ ਨਾ ਚਲੇ ਗਏ ਉਹ ਬੂਹੇ ਨੂੰ ਫੜ ਕੇ ਖੜੋਤਾ ਰਿਹਾ। ਸਭ ਤੋਂ ਪਿਛੋਂ ਉਹ ਆਪ ਅੰਦਰ ਗਿਆ ਅਤੇ ਬੂਹੇ ਨੂੰ ਹੌਲੀ ਜਿਹੀ ਬੰਦ ਕਰ ਗਿਆ। ਮੈਂ ਇਕ ਪਲ ਹਾਲ ਵਿਚ ਇਕੱਲੀ ਖੜੀ ਰਹੀ! ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ ਤੇ ਕਈ ਸ਼ੰਕਾਵਾਂ ਮੇਰੇ ਮਨ ਵਿਚ ਉੱਠ ਖੜੋਤੀਆਂ ਸਨ। ਹੌਲੀ ਹੌਲੀ ਆਪਣੇ ਕਮਰੇ ਵਿਚ ਜਾਣ ਲਈ ਪੌੜੀਆਂ ਚੜਨ ਲਗ ਪਈ।

(4)

ਸਤਾਰਾਂ ਜੂਨ-ਮੈਂ ਆਪਣੇ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਵੜਨ ਹੀ ਲਗੀ ਸੀ ਕਿ ਮੈਨੂੰ ਸਰ ਪਰਸੀਵਲ ਦੀ ਆਵਾਜ਼ ਹੇਠ ਆਈ। ਉਹ ਮੈਨੂੰ ਬੁਲਾ ਰਿਹਾ ਸੀ।

"ਕੀ ਤੁਸੀਂ ਇਕ ਪਲ ਲਈ ਹੇਠਾਂ ਆ ਸਕੋਗੇ ਮਿਸ ਹਾਲਕੌਂਬ? ਫ਼ੋਸਕੋ ਤੁਹਾਨੂੰ ਤਕਲੀਫ ਦੇ ਰਿਹਾ ਹੈ, ਮੈਂ ਨਹੀ। ਉਹ ਮੈਡਮ ਫ਼ੋਸਕੋ ਦੇ ਗਵਾਹ ਬਣਨ ਵਿਚ ਕੁਛ ਉਜ਼ਰ ਪੇਸ਼ ਕਰ ਰਿਹਾ ਹੈ। ਉਹ ਚਾਹੁੰਦਾ ਹੈ ਕਿ ਤੁਸੀਂ ਵੀ ਲਾਇਬਰੇਰੀ ਵਿਚ ਆਓ।"

ਮੈਂ ਸਰ ਪਰਸੀਵਲ ਨਾਲ ਇਕ ਦਮ ਲਾਇਬ੍ਰੇਰੀ ਵਿਚ ਆ ਗਈ। ਲਾਰਾ ਰਾਈਟਿੰਗ ਟੇਬਲ ਕੋਲ ਖੜੀ ਸੀ। ਉਹ ਆਪਣੀ ਟੱਪੀ ਹੱਥ ਵਿਚ ਫੜੀ ਕੁਝ ਬੇਚੰਨ ਦਿਸੱਦੀ ਸੀ। ਮੈਡਮ ਫ਼ੋਸਕੋ ਉਹਦੇ ਨੇੜੇ ਹੀ ਆਰਾਮ ਕਰਸੀ ਵਿਚ ਬੈਠੀ ਆਪਣੇ ਪਤੀ ਨੂੰ ਸਾਂਤੀ ਨਾਲ, ਸਲਾਘਾ ਭਰੀਆਂ ਨਜ਼ਰਾਂ ਨਾਲ ਵੇਖੀ ਜਾ ਰਹੀ ਸੀ, ਜੋ ਕਮਰੇ ਦੇ ਦੂਜੇ ਕੰਨੇ ਵਿਚ ਖੜਾ ਖਿੜਕੀ ਵਿਚ ਪਏ ਗੁਲਦਸਤੇ ਵਿਚੋਂ ਮੁਰਝਾਏ ਹੋਏ ਪੱਤਿਆਂ ਨੂੰ ਛਾਂਟ ਛਾਂਟ ਕੇ ਹੇਠਾਂ ਸੁੱਟ ਰਿਹਾ ਸੀ।

ਮੇਰੇ ਅੰਦਰ ਪਹੁੰਚਣ ਨਾਲ ਕਾਂਊਟ ਅੱਗੇ ਵਧ ਕੇ ਮੈਨੂੰ ਮਿਲਿਆ ਕਿ ਆਪਣੀ ਸਫ਼ਾਈ ਦੇ ਸਕੇ।

"ਮੈਂ" ਹਜ਼ਾਰ ਵਾਰ ਮੁਆਫ਼ੀ ਮੰਗਦਾ ਹਾਂ ਮਿਸ ਹਾਲਕੌਂਬ! ਉਹ ਬੋਲਿਆ' ਤੁਸੀਂ ਜਾਣਦੇ ਹੀ ਹੋ ਕਿ ਅੰਗਰੇਜ਼ ਸਾਨੂੰ ਇਤਾਲਵੀਆਂ ਨੂੰ ਕੀ ਕਹਿੰਦੇ ਹਨ ! ਉਹਨਾ ਦੀ ਰਾਇ ਵਿਚ ਅਸੀਂ ਸਭ ਸ਼ੱਕੀ ਤੇ ਚਾਲਾਕ ਹੁੰਦੇ ਹਾਂ? ਸੋ ਤੁਸੀਂ ਮੈਨੂੰ ਵੀ ਉਹੀ ਕੁਝ ਸਮਝ ਲਵੋ ! ਮੈਂ ਇਕ ਚਾਲਾਕ ਅਤੇ ਸ਼ੱਕੀ ਇਤਾਲਵੀ ਹਾਂ। ਤੁਹਾਡੀ ਵੀ ਤਾਂ ਇਹੀ ਰਾਇ ਹੈ ਮੇਰੇ ਬਾਰੇ? ਹੈ ਨਾ? ਸੋ ਮੇਰਾ ਇਹ ਸ਼ੱਕ ਹੈ, ਜੋ ਮੈਨੂੰ ਮੈਡਮ ਫ਼ੋਸਕੋ ਨੂੰ ਵੀ ਗਵਾਹ ਬਣਨ ਵਿਚ ਉਜ਼ਰ ਪੇਸ਼ ਕਰਦਾ ਹੈ, ਜਦ ਕਿ ਮੈਂ ਆਪ ਹੀ ਇਕ ਗਵਾਹ ਹਾਂ।"

"ਇਹਦੇ ਇਸ ਉਜ਼ਰ ਲਈ ਕੋਈ ਇਕ ਵੀ ਕਾਰਣ ਨਹੀਂ, ਸਰ ਪਰਸੀਵਲ ਨੇ ਉਹਨੂੰ ਟੋਕਦਿਆਂ ਕਿਹਾ, 'ਮੈਂ ਇਹਨੂੰ ਇਹ ਦੱਸ ਚੁਕਾ ਹਾਂ, ਕਿ ਇੰਗਲੈਂਡ ਦਾ ਕਾਨੂੰਨ ਮੈਡਮ ਫ਼ੋਸਕੋ ਨੂੰ ਉਸ ਦਸਤਖ਼ਤ ਦੀ ਗਵਾਹ ਦੇ ਰੂਪ ਵਿਚ ਮੰਨਦਾ ਹੈ, ਜਿਸ ਦਸਤਖ਼ਤ ਦੀ ਗਵਾਹੀ ਕਾਂਊਟ ਦੇ ਰਿਹਾ ਹੋਵੇ।"

ਮੈਂ ਮੰਨਦਾ ਹਾਂ," ਕਾਉਂਟ ਮੁੜ ਬੋਲਿਆ, "ਇੰਗਲੈਂਡ ਦਾ ਕਾਨੂੰਨ ਤਾਂ ਮੰਨਦਾ ਹੈ, ਪਰ ਫ਼ੋਸਕੋ ਦੀ ਜ਼ਮੀਰ 'ਨਾਂਹ ਕਰਦੀ ਹੈ;" ਇਹ ਕਹਿ ਕੇ ਉਹਨੇ ਆਪਣੀਆਂ ਮੋਟੀਆਂ

ਉਂਗਲਾਂ ਆਪਣੀ ਛਾਤੀ ਉਤਲੇ ਬਲਾਉਜ਼ ਉਤੇ ਰੱਖੀਆਂ ਜਿਵੇਂ ਉਹ ਆਪਣੀ ਜ਼ਮੀਰ ਨਾਲ ਸਾਡੀ ਜਾਣ ਪਛਾਣ ਇੰਜ਼ ਕਰਵਾ ਰਿਹਾ ਹੋਵੇ, ਜਿਵੇਂ ਉਹ ਸਮਾਜ ਦਾ ਸ਼ਾਨਦਾਰ ਨਵਾਂ ਸੱਦਸਯ ਹੋਵੇ। "ਇਹ ਦਸਤਾਵੇਜ਼ ਜਿਸ ਤੇ ਲੇਡੀ ਗਲਾਈਡ  ਦਸਤਖ਼ਤ ਕਰਨ ਲੱਗੀ ਹੈ, ਜੋ ਵੀ ਹੋਵੇ" ਉਹ ਕਹਿੰਦਾ ਗਿਆ, 'ਮੈਨੂੰ ਜਾਣਨ ਦੀ ਕੋਈ ਇੱਛਾ ਨਹੀਂ, ਅਤੇ ਨਾ ਕਦੀ ਜਾਣਨਾ ਚਾਹਵਾਂਗਾ: ਪਰ ਮੈਂ ਸਿਰਫ ਇਹ ਕਹਿੰਦਾ ਹਾਂ; ਭੱਵਿਸ ਵਿਚ ਅਜਿਹੇ ਹਾਲਾਤ ਹੋ ਸਕਦੇ ਹਨ, ਜਿਸ ਨਾਲ ਪਰਸੀਵਲ ਜਾਂ ਉਸਦੇ ਪ੍ਰਤੀਨਿਧਾਂ ਨੂੰ ਇਨ੍ਹਾਂ ਦੇ ਗਵਾਹਾਂ ਨੂੰ ਅਪੀਲ ਕਰਨੀ ਪਏ; ਉਸ ਹਾਲਤ ਵਿਚ, ਇਹ ਜ਼ਰੂਰੀ ਹੋ ਜਾਏਗਾ, ਕਿ ਇਹ ਦੋ ਗਵਾਹ ਵੱਖਰੀ ਵੱਖਰੀ ਰਾਇ ਦੇ ਮਾਲਕ ਹੋਣ। ਜਦੋਂ ਮੈਂ ਅਤੇ ਮੇਰੀ ਪਤਨੀ ਦੋਵੇਂ ਇਸ ਤੇ ਦਸਤਖ਼ਤ ਕਰ ਰਹੇ ਹਾਂ, ਇਹ ਗੱਲ ਅਸੰਭਵ ਹੋ ਜਾਂਦੀ ਹੈ। ਕਿਉਂਕਿ ਸਾਡੀ ਦੋਹਾਂ ਦੀ ਇਕੋ ਹੀ ਰਾਇ ਹੈ ਅਤੇ ਉਹਦੀ ਰਾਇ ਮੇਰੀ ਹੀ ਹੈ। ਮੈਂ ਇਹ ਕਦੀ ਸਹਿਨ ਨਹੀਂ ਕਰ ਸਕਦਾ, ਕਿ ਆਉਣ ਵਾਲੇ ਸਮੇਂ ਵਿਚ ਕਿਸੇ ਦਿਨ ਮੈਨੂੰ ਇਹ ਕਿਹਾ ਜਾਏ, ਕਿ ਮੈਡਮ ਫ਼ੋਸਕੋ ਨੇ ਮੇਰੇ ਜ਼ਬਰਦਸਤੀ ਕਰਨ ਤੇ ਇਹ ਦਸਤਖਤ ਕੀਤੇ ਸਨ ਅਤੇ ਉਹਦੀ ਗਵਾਹੀ ਕੋਈ ਗਵਾਹੀ ਹੀ ਨਹੀਂ। ਮੈਂ ਪਰਸੀਵਲ ਦੇ ਭਲੇ ਲਈ ਹੀ ਇਹ ਕਹਿ ਰਿਹਾ ਹਾਂ, ਕਿ ਮੇਰਾ ਨਾਂ 'ਪਤੀ ਦਾ ਗੂੜਾ ਮਿੱਤਰ ਹੇਠਾਂ ਆਵੇ ਅਤੇ ਤੁਹਾਡਾ ਨਾਂ, ਮਿਸ ਹਾਲਕੌਂਬ 'ਪਤਨੀ ਦੀ ਅਭਿੰਨ ਮਿੱਤਰ' ਦੀ ਹੈਸੀਅਤ ਵਿਚ ਹੋਣਾ ਚਾਹੀਦਾ ਹੈ ! ਤੁਸੀਂ ਇਹ ਕਹੋਗੇ, ਕਿ ਮੈਂ ਬਹੁਤ ਗੱਲਾਂ ਕਰ ਰਿਹਾ ਹਾਂ; ਅਤੇ ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਵਹਿਮੀ ਹਾਂ, ਪਰ ਤੁਸੀਂ ਜ਼ਰੂਰ, ਮੈਨੂੰ ਇਕ ਸ਼ੱਕੀ ਇਤਾਲਵੀ, ਜਿਸਦੀ ਜ਼ਮੀਰ ਝੱਟ ਹੀ ਔਖੀ ਹੋ ਜਾਂਦੀ ਹੈ, ਜਾਣ ਕੇ ਮੇਰਾ ਲਿਹਾਜ਼ ਕਰੋਗੇ।" ਉਹਨੇ ਮੁੜ ਸਿਰ ਝੁਕਾਇਆ, ਅਤੇ ਕੁਝ ਕਦਮ ਪਿਛੇ ਹਟ ਗਿਆ, ਜਿਵੇਂ ਸੁਸਾਇਟੀ ਵਿਚੋਂ ਆਪਣੀ ਜ਼ਮੀਰ ਨੂੰ ਉਵੇਂ ਹੀ ਪਿਛੇ ਕਰ ਰਿਹਾ ਹੋਵੇ, ਜਿਵੇਂ ਉਹਨੇ ਉਹਦੀ ਜਾਣ ਪਛਾਣ ਕਰਵਾਈ ਸੀ।

ਕਾਂਊਟ ਦੇ ਇਤਰਾਜ਼ਾਂ ਅਤੇ ਸ਼ੱਕ ਵਿਚ ਕੋਈ ਦਲੀਲ ਹੋ ਸਕਦੀ ਸੀ ਅਤੇ ਬਹੁਤ ਸੰਭਵ ਸੀ, ਕਿ ਉਹ ਜੋ ਕਹਿ ਰਿਹਾ ਸੀ, ਉਹ ਸ਼ਰਾਫ਼ਤ ਦੇ ਦ੍ਰਿਸ਼ਟੀਕੋਣ ਤੋਂ ਠੀਕ ਸੀ, ਪਰ ਜਿਸ ਢੰਗ ਨਾਲ ਉਹਨੇ ਇਹ ਵਿਸਥਾਰ ਦਿੱਤਾ ਸੀ, ਉਸ ਨਾਲ ਮੇਰੀ ਕਿਧਰੇ ਵੀ ਕੋਈ ਦਸਤਖਤ ਕਰਨ ਦੀ ਮਰਜੀ ਨਹੀਂ ਸੀ ਰਹੀ। ਹੋਰ ਕੋਈ ਗੱਲ ਮੈਨੂੰ ਨਹੀਂ ਮੰਨਵਾ ਸਕਦੀ ਸੀ, ਪਰ ਲਾਰਾ ਦੀ ਖ਼ਾਤਿਰ ਮੈਂ ਗਵਾਹ ਹੋਣਾ ਸਵੀਕਾਰ ਕਰ ਸਕਦੀ ਸਾਂ। ਉਹਦੇ ਚਿੰਤਿਤ ਚਿਹਰੇ

ਤੇ ਇਕ ਨਜ਼ਰ ਮਾਰਦਿਆਂ ਹੀ ਮੈਂ, ਫੈਸਲਾ ਕਰ ਲਿਆ ਕਿ ਹਰ ਗੱਲ ਵਿਚ ਉਹਦਾ ਸਾਥ ਦੇਣ ਦਾ ਖਤਰਾ ਉਠਾਉਣਾ ਮੰਜ਼ੂਰ ਹੈ, ਪਰ ਉਹਨੂੰ ਮੈਂ ਕਦੀ ਇਕੱਲਿਆਂ ਨਹੀਂ ਛੱਡਾਂਗੀ।

"ਮੈਂ ਕਮਰੇ ਵਿਚ ਹੀ ਰਵ੍ਹਾਂਗੀ," ਮੈਂ ਕਿਹਾ। "ਅਤੇ ਜੇ ਕੋਈ ਸ਼ੱਕ ਵਾਲੀ ਗੱਲ ਨਾ ਹੋਈ ਤਾਂ ਮੈਂ ਇਹ ਗਵਾਹ ਬਣਨਾ ਪ੍ਰਵਾਨ ਕਰ ਲਵਾਂਗੀ।"

ਸਰ ਪਰਸੀਵਲ ਨੇ ਮੈਨੂੰ ਘੂਰ ਕੇ ਵੇਖਿਆ, ਜਿਵੇਂ ਉਹ ਕੁਝ ਕਹਿਣ ਲੱਗਾ ਸੀ। ਪਰ ਉਸ ਸਮੇਂ ਉਹਦਾ ਧਿਆਨ ਮੈਡਮ ਫ਼ੋਸਕੋ ਵੱਲ ਚਲਾ ਗਿਆ ਜੋ ਆਪਣੇ ਪਤੀ ਦੇ ਇਸਾਰੇ ਅਨੁਸਾਰ ਕਮਰੇ ਵਿਚੋਂ ਬਾਹਰ ਚਲੀ ਸੀ।

"ਤੁਹਾਨੂੰ ਜਾਣ ਦੀ ਕੋਈ ਲੋੜ ਨਹੀਂ? ਸਰ ਪਰਸੀਵਲ ਨੇ ਕਿਹਾ। ਮੈਡਮ ਫ਼ੋਸਕੋ ਨੇ ਮੁੜ ਆਪਣੇ ਪਤੀ ਵੱਲ ਨਵੇਂ ਹੁਕਮ ਲਈ ਵੇਖਿਆ-ਉਹ ਵੀ ਉਹਨੂੰ ਮਿਲ ਚੁੱਕਾ ਸੀ। ਸੋ ਉਹਨੇ ਕਿਹਾ ਕਿ ਉਹ ਕਿਸੇ ਵੀ ਕੰਮ ਵਿਚ ਕੋਈ ਵਿਘਨ ਨਹੀਂ ਪਾਣਾ ਚਾਹੁੰਦੀ। ਇਹ ਕਹਿ ਕੇ ਉਹ ਚਲੀ ਗਈ। ਕਾਂਊਟ ਨੇ ਇਕ ਸਿਗਰਟ ਸੁਲਗਾਇਆ ਤੇ ਖਿੜਕੀ ਵਿਚ ਲੱਗੇ ਫੁਲਾਂ ਕੋਲ ਫਿਰ ਜਾ ਖੜੋਤਾ ਅਤੇ ਉਥੇ ਚਿੰਤਿਤ ਹੋ ਕੇ ਫੁਲਾਂ ਵਿਚੋਂ ਨਿੱਕੇ ਨਿੱਕੇ ਕੀੜੇ ਚੁਣ ਕੇ ਮਾਰਨ ਲੱਗ ਪਿਆ, ਨਾਲ ਨਾਲ ਉਹ ਮੂੰਹ ਵਿਚ ਧੁੰਏ ਦੇ ਛੋਟੇ ਛੋਟੇ ਬੱਦਲ ਪੱਤਿਆਂ ਉੱਤੇ ਖਿੰਡਾ ਰਿਹਾ ਹੈ।

ਇਧਰ ਸਰ ਪਰਸੀਵਲ ਨੇ ਇਕ ਬੁਕ ਕੇਸ ਦੇ ਹੇਠਲੀ ਅਲਮਾਰੀ ਦਾ ਤਾਲਾ ਖੋਲਿਆ। ਤੇ ਉਹਦੇ ਅੰਦਰ ਇਕ ਲੰਬੂਤਰਾ ਜਿਹਾ ਕਾਗਜ਼ ਕੱਢਿਆ, ਜਿਸ ਦੀਆਂ ਕਈ ਤਹਿ ਹੋਈਆਂ ਹੋਈਆਂ ਸਨ | ਅਖੀਰਲੀ ਤਹਿ ਉਤੇ ਜੋ ਖਾਲੀ ਥਾਂ ਸੀ, ਉਸ ਉਤੇ ਕਈ ਮੁਹਰਾਂ ਲਗੀਆਂ ਹੋਈਆਂ ਸਨ। ਉਹਨੇ ਉਸ ਨੂੰ ਮੇਜ ਉਤੇ ਰੱਖ ਦਿੱਤਾ, ਅਤੇ ਸਿਰਫ ਅਖੀਰਲੀ ਤਹਿ ਖੋਲ੍ਹ ਕੇ ਬਾਕੀ ਕਾਗਜ਼ ਉਤੇ ਆਪਣਾ ਹੱਥ ਰੱਖ ਲਿਆ। ਉਹਦੇ ਹੱਥ ਹੇਠਾਂ ਜੋ ਹਿੱਸਾ ਸਾਹਮਣੇ ਵੀ ਸੀ, ਉਸ ਤੋਂ ਵੀ ਕੁਛ ਪੜਿਆ ਨਹੀਂ ਸੀ ਜਾ ਸਕਦਾ। ਲਾਰਾ ਨੇ ਮੇਰੇ ਵੱਲ ਅਤੇ ਮੈਂ ਲਾਰਾ ਵੱਲ ਵੇਖਿਆ। ਉਹਦਾ ਰੰਗ ਪੀਲਾ ਹੋ ਗਿਆ ਸੀ, ਪਰ ਉਹਦੇ ਮੂੰਹ ਤੇ ਕਿਸੇ ਕਿਸਮ ਦਾ ਸ਼ਸ਼ੋਪੰਜ, ਜਾਂ ਸ਼ੰਕਾ ਜਾਂ ਡਰ ਨਹੀਂ ਸੀ।

ਸਰ ਪਰਸੀਵਲ ਨੇ ਇਕ ਕਲਮ ਸਿਆਹੀ ਵਿਚ ਡੱਬੀ ਅਤੇ ਆਪਣੀ ਪਤਨੀ ਨੂੰ ਪਕੜਾਈ। "ਤੂੰ ਆਪਣੇ ਦਸਤਖ਼ਤ ਇਥੇ ਕਰ ਦੇ।" ਉਹਨੇ ਇਕ ਖਾਸ ਥਾਂ ਤੋਂ ਇਸ਼ਾਰਾ ਕਰਕੇ

ਕਿਹਾ। "ਮਿਸ ਹਾਲਕੌਂਬ ਅਤੇ ਕਾਂਊਟ, ਤੁਸੀਂ ਮਗਰੋਂ ਇਨ੍ਹਾਂ ਦੋ ਮੂਹਰਾਂ ਦੇ ਸਾਹਮਣੇ ਸਾਈਨ ਕਰਨਾ ਹੈ। ਫ਼ੋਸਕੋ, ਇਥੇ ਆ ਕੇ ਖੜਾ ਹੋ, ਕਿਸੇ ਦਸਤਖ਼ਤ ਦੀ ਗਵਾਹੀ ਫੁੱਲਾਂ ਕੋਲ ਸਿਗਰਟ ਪੀ ਕੇ ਜਾਂ ਖਿੜਕੀ ਵਿਚੋਂ ਬਾਹਰ ਝਾਕਣ ਨਾਲ ਹੀ ਨਹੀਂ ਦਿੱਤੀ ਜਾਂਦੀ।"

ਕਾਂਊਟ ਨੇ ਆਪਣਾ ਸਿਗਰਟ ਸੁੱਟ ਦਿਤਾ। ਉਹ ਸਾਡੇ ਕੋਲ ਆ ਕੇ ਬੈਠ ਗਿਆ, ਉਹਨੇ ਲਾਪ੍ਰਵਾਹੀ ਨਾਲ ਆਪਣੇ ਹੱਥ ਆਪਣੀ ਉਨਾਬੀ ਪੇਟੀ ਵਿਚ ਪਾਏ ਹੋਏ ਸਨ, ਅਤੇ ਉਹਦੀਆਂ ਅੱਖਾਂ ਨੇ ਸਰ ਪਰਸੀਵਲ ਦੇ ਮੂੰਹ ਤੇ ਟਿਕਟਿਕੀ ਬੰਨ੍ਹੀ ਹੋਈ ਸੀ ਲਾਰਾ ਜੋ ਆਪਣੇ ਪਤੀ ਦੇ ਦੂਜੇ ਪਾਸੇ ਹੱਥ ਵਿਚ ਪੈੱਨ ਫੜੀ ਸਰ ਪਰਸੀਵਲ ਦੇ ਚਿਹਰੇ ਵੱਲ ਵੇਖ ਰਹੀ ਸੀ। ਉਹ ਉਨ੍ਹਾਂ ਦੋਹਾਂ ਦੇ ਵਿਚਕਾਰ ਉਸ ਤਹਿ ਕੀਤੀ ਹੋਈ ਦਸਤਾਵੇਜ ਨੂੰ ਦ੍ਰਿੜਤਾ ਨਾਲ ਮੇਜ਼ ਤੇ ਰਖ ਕੇ ਸਾਹਮਣੇ, ਮੇਰੇ ਵੱਲ ਇੰਜ ਸ਼ੱਕ ਅਤੇ ਘਬਰਾਹਟ ਭਰੀਆਂ ਤੱਕਣੀਆਂ ਨਾਲ ਵੇਖ ਰਿਹਾ ਸੀ, ਜਿਵੇਂ ਉਹ ਇਸ ਘਰ ਦਾ ਮਾਲਕ ਨਾ ਹੋ ਕੇ, ਕਟਹਿਰੇ ਵਿਚ ਖੜਾ ਇਕ ਕੈਦੀ ਹੋਵੇ।

"ਇਥੇ ਸਾਈਨ ਕਰ ਦੇ," ਉਹਨੇ ਦੁਹਰਾਇਆ ਅਤੇ ਅਚਾਨਕ ਹੀ ਲਾਰਾ ਵੱਲ ਮੁੜ ਕੇ ਦਸਤਾਵੇਜ ਉਤੇ ਇਕ ਖਾਸ ਥਾਂ ਵੱਲ ਇਸ਼ਾਰਾ ਕੀਤਾ।

"ਇਹ ਕੀ ਹੈ, ਜਿਸ ਤੇ ਮੈਂ ਸਾਈਨ ਕਰਨ ਹਨ" ਉਹਨੇ ਬੜੇ ਚੁੱਪ ਲਹਿਜੇ ਵਿਚ ਪੁੱਛਿਆ। "ਮੇਰੇ ਕੋਲ ਇਸ ਵੇਲੇ ਇਹ ਖੋਲ੍ਹ ਕੇ ਸਮਝਾਣ ਦਾ ਸਮਾਂ ਨਹੀਂ, ਗੱਡੀ ਬੂਹੇ ਤੇ ਤਿਆਰ ਖੜੀ ਹੈ; ਅਤੇ ਮੈਂ ਹੁਣੇ ਹੀ ਜਾਣਾ ਹੈ। ਉਂਜ ਵੀ ਜੇ ਸਮਾਂ ਹੋਵੇ ਵੀ, ਤਾਂ ਵੀ ਤੂੰ ਸਮਝ ਨਹੀਂ ਸਕਦੀ; ਇਹ ਬਿਲਕੁਲ ਵਿਵਹਾਰਿਕ ਦਸਤਾਵੇਜ਼ ਹੈ, ਜਿਸ ਵਿਚ ਕਾਨੂੰਨੀ ਘੁੰਡੀਆਂ ਹੀ ਹਨ। ਇਥੇ ਜਲਦੀ ਜਲਦੀ ਸਾਈਨ ਕਰ ਤੇ ਸਾਨੂੰ ਵਿਹਲਿਆ ਕਰ।"

"ਮੈਨੂੰ ਪਹਿਲਾਂ ਪਤਾ ਹੋਣਾ ਚਾਹੀਦਾ ਹੈ, ਸਰ ਪਰਸੀਵਲ ਕਿ ਇਹ ਕੀ ਕਾਗਜ ਹੈ ਜਿਸਤੇ ਤੁਹਾਨੂੰ ਮੇਰੇ ਦਸਤਖ਼ਤ ਚਾਹੀਦੇ ਹਨ। ਇਸਨੂੰ ਪੜ੍ਹਨ ਮਗਰੋਂ ਹੀ ਮੈਂ ਸਾਈਨ ਕਰ ਸਕਦੀ ਹਾਂ' "ਬੜੀ ਪਾਗਲਾਂ ਵਾਲੀ ਗੱਲ ਹੈ ਭਲਾ ਜਨਾਨੀਆਂ ਨੂੰ ਬਿਜਨੈਸ ਦੀ ਕੀ ਸਮਝ ਹੈ? ਮੈਂ ਫਿਰ ਕਹਿੰਦਾ ਹਾਂ, ਤੈਨੂੰ ਸਮਝ ਨਹੀਂ ਆ ਸਕਦੀ-!'

ਕੁਝ ਵੀ ਹੋਵੇ, ਮੈਂ ਸਮਝਣ ਦੀ ਕੋਸਿਸ਼ ਤਾਂ ਕਰ ਸਕਦੀ ਹਾਂ। ਜਦੋਂ ਮਿਸਟਰ ਗਿਲਮੌਰ ਨੂੰ ਕਦੀ ਕੰਮ ਹੁੰਦਾ ਸੀ, ਉਹ ਮੈਨੂੰ ਹਮੇਸ਼ਾਂ ਸਮਝਾਉਂਦੇ ਸਨ, ਅਤੇ ਮੈਂ ਸਮਝ ਜਾਂਦੀ ਸੀ !"

"ਉਹ ਸਮਝਾਂਦਾ ਹੋਵੇਗਾ। ਉਹ ਤੇਰਾ ਨੌਕਰ ਸੀ ਮੈਂ ਤੇਰਾ ਪਤੀ ਹਾਂ-ਉਹਨੂੰ ਤੇ ਕੋਈ ਮਜ਼ਬੂਰੀ ਸੀ ਸਮਝਾਣ ਦੀ -ਮੈਨੂੰ ਕੋਈ ਨਹੀਂ। ਤੂੰ ਕਿੰਨੀ ਕੁ ਦੇਰ ਹੋਰ ਅਟਕਾਣਾ ਹੈ- ਮੈਂ ਮੁੜ ਕਹਿੰਦਾ ਹਾਂ।

ਹੁਣ ਪੜ੍ਹਣ ਦਾ ਕੋਈ ਸਮਾਂ ਨਹੀਂ-ਬੱਘੀ ਮੇਰੀ ਉਡੀਕ ਵਿਚ ਬੂਹੇ ਤੇ ਖੜੀ ਹੈ-। ਮੈਂ ਬੱਸ ਅਖੀਰਲੀ ਵਾਰ ਪੁੱਛਾਂਗਾ-ਤੂੰ ਸਾਈਨ ਕਰੇਂਗੀ ਕਿ ਨਹੀਂ?'

ਪੈੱਨ ਅਜੇ ਲਾਰਾ ਦੇ ਹੱਥ ਵਿਚ ਹੀ ਸੀ, ਪਰ ਕਾਗਜ ਉਤੇ ਦਸਤਖਤ ਕਰਨ ਦੀ ਉਹਦੀ ਕਦੀ ਸਲਾਹ ਨਹੀਂ ਸੀ ਲੱਗ ਰਹੀ। ਉਹ ਬੋਲੀ :-

'ਜੇ ਮੈਂ ਕਿਸੇ ਇਕਰਾਰ ਤੇ ਸਾਈਨ ਕਰਨੇ ਹਨ ਤਾਂ ਮੈਨੂੰ ਪਤਾ ਤੇ ਹੋਣਾ ਚਾਹੀਦਾ ਹੈ ਕਿ ਉਹ ਕਿਹੋ ਜਿਹਾ ਇਕਰਾਰ ਹੈ!" ਉਹ ਬੋਲੀ।

ਸਰ ਪਰਸੀਵਲ ਨੇ ਕਾਗਜ ਚੁੱਕ ਕੇ ਮੇਜ਼ ਤੇ ਪਟਕਾ ਮਾਰਿਆ।

"ਅੱਜ ਸਾਫ ਗੱਲ ਕਰ" ਉਹ ਬੋਲਿਆ, "ਤੇ ਸੱਚ ਬੋਲਣ ਲਈ ਮਸ਼ਹੂਰ ਸੈਂ- ਅੱਜ ਦੱਸ ਦੇ -, ਕਾਂਊਟ ਦੀ ਪਰਵਾਹ ਨਾ ਕਰ, ਮਿਸ ਹਾਲਕੌਂਬ ਦੀ ਪਰਵਾਹ ਨਾ ਕਰ ਤੇ ਕਹਿ ਦੇ ਕਿ ਤੈਨੂੰ ਮੇਰੇ ਤੇ ਇਤਬਾਰ ਨਹੀਂ-ਭਰੋਸਾ ਨਹੀਂ !'

ਕਾਂਊਟ ਨੇ ਆਪਣਾ ਇਕ ਹੱਥ ਪੇਟੀ ਵਿਚੋਂ ਕੱਢ ਕੇ ਸਰ ਪਰਸੀਵਲ ਦੇ ਮੋਢੇ ਤੇ ਰਖਿਆ। ਸਰ ਪਰਸੀਵਲ ਨੇ ਖਿੱਝਕੇ ਉਹ ਹੱਥ ਪਰ੍ਹੇ ਧੱਕ ਦਿਤਾ। ਕਾਂਊਟ ਨੇ ਇਸ ਧੱਕੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਫਿਰ ਸਹਿਜੇ ਅਤੇ ਪੂਰਨ ਸ਼ਾਂਤੀ ਨਾਲ ਆਪਣਾ ਹੱਥ ਫਿਰ ਉਹਦੇ ਮੋਢੇ ਤੇ ਰਖਿਆ।

"ਆਪਣੇ ਚੰਦਰੇ ਗੁੱਸੇ ਨੂੰ ਕਾਬੂ ਕਰ, ਸਰ ਪਰਸੀਵਲ, ਲੇਡੀ ਗਲਈਡ ਠੀਕ ਕਹਿ ਰਹੀ ਏ।" ਕਾਂਊਟ ਨੇ ਕਿਹਾ।

"ਠੀਕ ਹੈ ! ਸਰ ਪਰਸੀਵਲ ਚੀਕਿਆ "ਇਕ ਪਤਨੀ ਆਪਣੇ ਪਤੀ ਤੇ ਵਿਸ਼ਵਾਸ ਨਾ ਕਰੇ !"

"ਮੇਰੇ ਤੇ ਇਹ ਇਲਜ਼ਾਮ ਲਾਣਾ ਇਕ ਅਨਿਆਏ ਹੈ, ਅਤੇ ਮੇਰੇ ਨਾਲ ਜ਼ੁਲਮ ਹੈ, ਇਹ ਕਹਿਣਾ ਤੁਹਾਡੀ ਵਧੀਕੀ ਹੈ ਕਿ ਮੈਂ ਤੁਹਾਡੇ ਤੇ ਵਿਸਵਾਸ਼ ਨਹੀਂ ਕਰਦੀ, ਤੁਸੀਂ ਮੇਰੀਅਨ

ਨੂੰ ਪੁੱਛ ਕੇ ਵੇਖ ਲਵੋ ਕੀ ਮੈਂ ਠੀਕ ਨਹੀਂ ਕਹਿ ਰਹੀ ਕਿ ਇਸ ਕਾਗਜ਼ ਤੇ ਸਾਈਨ ਕਰਨ ਤੋਂ ਪਹਿਲਾਂ ਉਹਨੂੰ ਪੜ ਦਾ ਲੈਣਾ ਚਾਹੀਦਾ ਹੈ?" ਲਾਰਾ ਨੇ ਕਿਹਾ।

"ਮੈਨੂੰ ਮਿਸ ਹਾਲਕੌਂਬ ਕੋਲੋਂ ਪੁੱਛਣੀ ਦੀ ਕਈ ਲੋੜ ਨਹੀਂ ! ਮਿਸ ਹਾਬਕੌਂਬ ਦਾ ਇਸ ਮਾਮਲੇ ਨਾਲ ਕੋਈ ਸੰਬੰਧ ਨਹੀਂ" ਸਰ ਪਰਸੀਵਲ ਨੇ ਗੁੱਸੇ ਵਿਚ ਉੱਤਰ ਦਿੱਤਾ।

ਮੈਂ ਅੱਜ ਠੀਕ ਸਾਰੀ ਗੱਲ ਚੁੱਪਚਾਪ ਸੁਣ ਰਹੀ ਸਾਂ ਅਤੇ ਸ਼ਾਇਦ ਅਜੇ ਵੀ ਨਾ ਬੋਲਦੀ। ਪਰ ਲਾਰਾ ਨੇ ਜਦੋਂ ਆਪਣਾ ਮੂੰਹ ਮੇਰੇ ਵੱਲ ਕੀਤਾ, ਤਾਂ ਉਸ ਉੱਤੇ ਦੁੱਖ ਅਤੇ ਉਹਦੇ ਪਤੀ ਦੀ ਬਦਤਮੀਜ਼ੀ ਵੇਖ ਕੇ ਮੇਰੇ ਲਈ ਹੁਣ ਹੋਰ ਕੋਈ ਰਸਤਾ ਨਹੀਂ ਸੀ ਰਹਿ ਗਿਆ, ਸਿਵਾਏ ਇਸਦੇ ਕਿ ਲਾਰਾ ਦੀ ਖ਼ਾਤਿਰ ਮੈਂ ਆਪਣੀ ਰਾਇ ਜਿੰਨੀ ਜਲਦੀ ਹੋ ਸਕੇ ਦਿਆਂ।

"ਖਿਮਾਂ ਕਰਨਾ ਸਰ ਪਰਸੀਵਲ, ਇਕ ਗਵਾਹ ਦੀ ਹੈਸੀਅਤ ਵਿਚ ਮੇਰਾ ਇਸ ਮਾਮਲੇ ਨਾਲ ਸੰਬੰਧ ਹੈ; ਮੈਨੂੰ ਲਾਰਾ ਦਾ ਇਹ ਉਜ਼ਰ ਬਿਲਕੁਲ ਠੀਕ ਲੱਗ ਰਿਹਾ ਹੈ ਅਤੇ ਜਿਥੋਂ ਤਕ ਮੇਰਾ ਸਵਾਲ ਹੈ, ਜਦ ਤੀਕ ਲਾਰਾ ਇਹ ਕਾਗਜ਼ ਪੜ੍ਹਕੇ ਚੰਗੀ ਤਰ੍ਹਾਂ ਸਮਝ ਨਾ ਲਏ ਕਿ ਤੁਸੀਂ ਉਹਨੂੰ ਕਿਥੇ ਸਾਈਨ ਕਰਨ ਲਈ ਕਹਿ ਰਹੇ ਹੋ, ਮੈਂ ਉਹਦੇ ਦਸਤਖਤਾਂ ਦੀ ਗਵਾਹੀ ਦੇਣ ਦੀ ਜ਼ਿੰਮੇਵਾਰੀ ਕਦੀ ਵੀ ਨਹੀਂ ਲਵਾਂਗੀ।"

"ਕਮਾਲ ਦੀ ਘੋਸ਼ਣਾ ਹੈ, ਰੱਬ ਦੀ ਸੌਂਹ ਹੈ !" ਸਰ ਪਰਸੀਵਲ ਚੀਕ ਕੇ ਬੋਲਿਆ, "ਅਗਲੀ ਵਾਰੀ ਜਦੋਂ ਤੁਸੀਂ ਕਿਸੇ ਦੇ ਘਰ ਬਿਨਾਂ ਸੱਦੇ ਬੁਲਾਏ ਜਾ ਕੇ ਰਵ੍ਹੋ, ਤਾਂ ਮਿਸ ਹਾਲਕੌਂਬ ਮੈਂ ਤੁਹਾਨੂੰ ਸਲਾਹ ਦਿਆਂਗਾ, ਕਿ ਉਹਦੀ ਮਹਿਮਾਨ ਨਿਵਾਜੀ ਦਾ ਇੰਜ਼ ਬਦਲਾ ਨਾ ਦੇਣਾ ਕਿ ਉਹਦੇ ਹੀ ਖਿਲਾਫ ਉਹਦੀ ਪਤਨੀ ਦਾ ਪੱਖ ਉਸ ਮਾਮਲੇ ਵਿਚ ਲੈ ਲਵੋ, ਜਿਸ ਨਾਲ ਤੁਹਾਡਾ ਕੋਈ ਦਖਲ ਨਾ ਹੋਵੇ।"

ਮੈਂ ਇੰਜ਼ ਤ੍ਰਭਕ ਕੇ ਉਠੀ, ਜਿਵੇਂ ਉਹਨੇ ਮੈਨੂੰ ਚਪੇੜ ਮਾਰੀ ਹੋਵੇ। ਜੇ ਮੈਂ ਮਰਦ ਹੁੰਦੀ, ਤਾਂ ਉਹਨੂੰ ਉਹਦੇ ਦਰਵਾਜ਼ੇ ਦੀ ਦਲੀਜ ਤੇ ਹੀ ਚੰਗੀ ਤਰਾਂ ਕੁੱਟ ਘਤਦੀ, ਉਹਦਾ ਘਰ ਉਸ ਪਲ ਛੱਡ ਦੇਂਦੀ ਅਤੇ ਕਿਸੇ ਸ਼ਰਤ ਤੇ ਵੀ ਮੁੜ ਉਧਰ ਮੂੰਹ ਨਾ ਕਰਦੀ। ਪਰ ਮੈਂ ਸਿਰਫ ਇਕ ਔਰਤ ਸਾਂ- ਅਤੇ ਮੇਰਾ ਉਹਦੀ ਪਤਨੀ ਨਾਲ ਬਹੁਤ ਪਿਆਰ ਸੀ।

ਰੱਬ ਦਾ ਸ਼ੁਕਰ ਹੈ, ਕਿ ਉਹਦੇ ਪਿਆਰ ਨੇ ਮੇਰੀ ਸਹਾਇਤਾ ਕੀਤੀ ਅਤੇ ਮੈਂ ਇਕ ਵੀ ਸ਼ਬਦ ਬੋਲੇ ਬਿਨਾਂ ਮੁੜ ਬੈਠ ਗਈ। ਉਹ ਜਾਣਦੀ ਸੀ ਕਿ ਮੈਨੂੰ ਕਿੰਨੀ ਤਕਲੀਫ ਹੋਈ ਸੀ, ਅਤੇ ਮੈਂ ਕਿੰਨਾ ਜ਼ਬਤ ਕੀਤਾ ਸੀ। ਉਹਦੀਆਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ; ਉਹ ਮੇਰੇ ਕੋਲ ਦੌੜੀ ਆਈ। ' ਓ ਮੇਰੀਅਨ !" ਉਹਨੇ ਹੌਲੀ ਜਿਹੀ ਕਿਹਾ, "ਜੇ ਮੇਰੀ ਮਾਂ ਅੱਜ ਜੀਉਂਦੀ ਹੁੰਦੀ, ਉਹ ਵੀ ਮੇਰੇ ਲਈ ਇਸ ਤੋਂ ਵੱਧ ਨਹੀਂ ਸੀ ਕਰ ਸਕਦੀ।"

"ਵਾਪਸ ਆ ਅਤੇ ਇਥੇ ਸਾਈਨ ਕਰ ਦੇ" ਮੇਜ਼ ਦੇ ਦੂਜੇ ਪਾਸਿਉਂ ਸਰ ਪਰਸੀਵਲ ਚੀਕਿਆ।

"ਕੀ ਮੈਂ ਸਾਈਨ ਕਰਦਿਆਂ?" ਉਹਨੇ ਮੇਰੇ ਕੰਨ ਵਿਚ ਪੁੱਛਿਆ।

"ਜੇ ਤੂੰ ਕਹੇਂਗੀ ਤਾਂ ਮੈਂ ਕਰ ਦਿਆਂਗੀ।"

"ਨਹੀਂ" ਮੈਂ' ਉੱਤਰ ਦਿੱਤਾ, "ਸਚਾਈ ਤੇਰੇ ਨਾਲ ਹੈ ਅਤੇ ਤੇਰਾ ਇਹ ਅਧਿਕਾਰ ਹੈ, ਕਿ ਬਿਨਾਂ ਪੜ੍ਹੇ ਤੂੰ ਕਿਧਰੇ ਸਾਈਨ ਨਾ ਕਰੇਂ।"

"ਵਾਪਸ ਆ ਕੇ ਸਾਈਨ ਕਰ ਸਰ ਪਰਸੀਵਲ ਕੜਕ ਕੇ ਗੁੱਸੇ ਨਾਲ ਬੋਲਿਆ।

ਕਾਂਊਂਟ ਨੇ, ਜੋ ਮੈਨੂੰ ਅਤੇ ਲਾਰਾ ਨੂੰ ਬੜੇ ਧਿਆਨ ਨਾਲ ਵੇਖ ਰਿਹਾ ਸੀ, ਦੂਜੀ ਵਾਰ ਦਖ਼ਲ ਦਿਤਾ।

"ਪਰਸੀਵਲ," ਉਹ ਬੋਲਿਆ, "ਮੈਂ ਯਾਦ ਰੱਖ ਰਿਹਾ ਹਾਂ ਕਿ ਮੈਂ ਔਰਤਾਂ ਦੇ ਸਾਹਮਣੇ ਬੈਠਾ ਹਾਂ-, ਤੂੰ ਵੀ ਇਹ ਧਿਆਨ ਰੱਖੇਂ ਤਾਂ ਕਿੰਨਾ ਚੰਗਾ ਹੋਵੇ :"

ਸਰ ਪਰਸੀਵਲ ਨੇ ਉਹਦੇ ਵੱਲ ਮੂੰਹ ਕੀਤਾ ਗੁੱਸੇ ਵਿਚ ਉਹਦੇ ਮੂੰਹੋਂ ਗੱਲ ਨਹੀਂ ਸੀ ਨਿਕਲ ਰਹੀ। ਕਾਂਊਟ ਨੇ ਉਹਦੇ ਮੋਢੇ ਉਤੇ ਆਪਣੀ ਪਕੜ ਪੱਕੀ ਕੀਤੀ ਅਤੇ ਉਹਦੀ ਦ੍ਰਿੜ ਆਵਾਜ਼ ਨੇ ਫਿਰ ਇਹ ਦੁਹਰਾਇਆ, "ਮਿਹਰਬਾਨੀ ਕਰਕੇ ਤੂੰ ਵੀ ਇਹ ਯਾਦ ਰੱਖ।"

ਉਨ੍ਹਾਂ ਦੋਹਾਂ ਨੇ ਇਕ ਦੂਜੇ ਵੱਲ ਵੇਖਿਆ। ਸਰ ਪਰਸੀਵਲ ਨੇ ਹੌਲੀ ਜਿਹੀ ਆਪਣਾ ਮੋਢਾ ਕਾਂਊਟ ਦੇ ਹੱਥ ਤੋਂ ਪਰ੍ਹੇ ਕੀਤਾ ਅਪਣਾ ਮੂੰਹ ਉਹਦੀਆਂ ਅੱਖਾਂ ਤੋਂ ਇਕ ਪਾਸੇ ਕੀਤਾ। ਮੇਜ਼ ਉਤੇ ਪਈ ਦਸਤਾਵੇਜ਼ ਨੂੰ ਬੜੀ ਢੀਠਤਾਈ ਨਾਲ ਵੇਖਿਆ ਅਤੇ ਫਿਰ ਉਸ ਜਾਨਵਰ ਵਾਂਗ ਤਾਬੇਦਾਰੀ ਨਾਲ ਬੋਲਿਆ ਜਿਸਨੂੰ ਜ਼ਬਰਦਸਤੀ ਪਾਲਤੂ ਬਣਾਇਆ ਗਿਆ ਹੋਵੇ,

ਉਹਦੀ ਟੋਨ ਵਿਚ ਉਹ ਨਹੀਂ ਸੀ ਜੋ ਉਸ ਮਨੁੱਖ ਦੀ ਹੁੰਦੀ ਹੈ ਜੋ ਆਪ ਆਪਣੀ ਗਲਤੀ ਮਹਿਸੂਸ ਕਰਦਾ ਹੈ--।

"ਮੈਂ ਕਿਸੇ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ, ਪਰ ਮੇਰੀ ਪਤਨੀ ਦੀ ਜ਼ਿੱਦ ਤੇ ਕੋਈ ਸੰਤ ਵੀ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਉਹਨੂੰ ਦੱਸ ਚੁਕਾ ਹਾਂ ਕਿ ਇਹ ਬਿਜ਼ਨੈਸ ਸੰਬੰਧੀ ਕਾਗਜ਼ ਹੈ-ਹੋਰ ਉਹਨੂੰ ਕੀ ਚਾਹੀਦਾ ਹੈ? ਤੁਸੀਂ ਜੋ ਮਰਜ਼ੀ ਹੋਵੇ ਕਹੋ ਪਰ ਇਕ ਪਤਨੀ ਦਾ ਇਹ ਕਰਤੱਵ ਨਹੀਂ ਕਿ ਉਹ ਆਪਣੇ ਪਤੀ ਦੀ ਵਿਰੋਧਤਾ ਕਰੇ! ਮੈਂ ਇਕ ਵਾਰ ਮੁੜ ਪੁੱਛਦਾ ਹਾਂ ਲੇਡੀ ਗਲਾਈਡ, ਕੀ ਤੁਸੀਂ ਇਥੇ ਆਪਣੇ ਦਸਤਖਤ ਕਰੋਗੇ ਜਾਂ ਨਹੀਂ-?"

ਲਾਰਾ ਉਹਦੇ ਨੇੜੇ ਪਰਤ ਗਈ ਤੇ ਉਹਨੇ ਹੱਥ ਵਿਚ ਪੈੱਨ ਚੁੱਕ ਲਿਆ।

"ਮੈਂ ਖੁਸ਼ੀ ਨਾਲ ਦਸਤਖ਼ਤ ਕਰ ਦਿਆਂਗੀ-ਜੇ ਤੁਸੀਂ ਮੇਰੀ ਪੂਰੀ ਇਜ਼ਤ ਕਰੋ! ਮੈਂ ਬੱਚਾ ਨਹੀਂ, ਜ਼ਿੰਮੇਵਾਰ ਔਰਤ ਹਾਂ! ਮੈਂ ਆਪਣੀ ਕੋਈ ਵੀ ਕੁਰਬਾਨੀ ਦੇ ਸਕਦੀ ਹਾਂ। ਪਰ ਜੇ ਕਿਸੇ ਹੋਰ ਨੂੰ ਇਸ ਨਾਲ ਕੋਈ ਨੁਕਸਾਨ ਪੁੱਜੇ ਜਾਂ ਇਸ ਦਾ ਕੋਈ ਠੀਕ ਨਤੀਜਾ ਨਾਂ ਨਿਕਲੇ ਤਾਂ-"

"ਤੈਨੂੰ ਕੁਰਬਾਨੀ ਦੇਣ ਲਈ ਕੌਣ ਕਹਿ ਰਿਹਾ ਹੈ?" ਉਹਨੂੰ ਮੁੜ ਗੁੱਸਾ ਚੜ੍ਹ ਗਿਆ ਸੀ।

ਮੇਰਾ ਮਤਲਬ ਹੈ ਕਿ ਮੈਂ ਉਹੀ ਕੁਝ ਕਰਾਂਗੀ, ਜਿਸ ਨਾਲ ਮੇਰੀ ਇੱਜਤ ਵਿਚ ਕੁਝ ਫਰਕ ਨਾ ਆਵੇ" ਲਾਰਾ ਬੋਲੀ। "ਜੇ ਮੈਂ ਕਿਸੇ ਉਸ ਕਾਗਜ਼ ਤੇ ਸਾਈਨ ਕਰਨ ਲਗਿਆਂ ਹਿਚ-ਕਚਾਉਂਦੀ ਹਾਂ ਜਾਂ ਕੋਈ ਸ਼ੱਕ ਕਰਦੀ ਹਾਂ, ਜਿਸ ਬਾਰੇ ਮੈਂ ਕੁਝ ਨਹੀਂ ਜਾਣਦੀ ਤਾਂ ਇਸ ਵਿਚ ਇੰਨਾ ਗੁੱਸੇ ਹੋਣ ਦੀ ਕੀ ਜ਼ਰੂਰਤ ਹੈ? ਬੜੀ ਅਜੀਬ ਤੇ ਦੁਖਦਾਈ ਗੱਲ ਹੈ ਕਿ ਤੁਸੀਂ ਕਊਂਟ ਫ਼ੋਸਕੋ ਦੇ ਉਜ਼ਰ ਤੇ ਕੋਈ ਇਤਰਾਜ਼ ਨਹੀਂ ਕੀਤਾ ਪਰ ਉਸ ਕਾਰਣ ਮੇਰੇ ਨਾਲ ਲੜਨ ਤੇ ਤੁੱਲ ਗਏ ਹੋ?"

ਲਾਰਾ ਦਾ ਕਾਂਊਟ ਵੱਲ ਇਹ ਇਸ਼ਾਰਾ ਕਿ ਉਹਦੇ ਪਤੀ ਉਪਰ ਉਸ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ; ਬੜਾ ਹੀ ਸੁਭਾਵਿਕ ਸੀ, ਪਰ ਇਸ ਗੱਲ ਨੂੰ ਸੁਣਦਿਆ ਸਾਰ ਸਰ ਪਰਸੀਵਲ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ।

"ਸ਼ੰਕੇ !" ਉਹਨੇ ਦੁਹਰਾਇਆ। ਤੇਰੇ ਸ਼ੰਕੇ ! ਹੁਣ ਤੇਰੇ ਵਾਸਤੇ ਸ਼ੱਕ ਕਰਨ ਦਾ ਸਮਾਂ ਲੰਘ ਚੁੱਕਾ ਹੈ! ਮੈਂ ਸੋਚਿਆ ਸੀ, ਕਿ ਜਦੋਂ ਤੂੰ ਆਪਣੀ ਕਿਸੇ ਲੋੜ ਮੁਤਾਬਿਕ ਮੇਰੇ ਨਾਲ ਵਿਆਹ ਕਰਕੇ ਚੰਗੀ ਬਣਨਾ ਚਾਹਿਆ ਸੀ, ਉਸੇ ਦਿਨ ਤੂੰ ਅਜਿਹੀ ਕਮਜ਼ੋਰੀ ਉਤੇ ਜਿੱਤ ਹਾਸਲ ਕਰ ਲਈ ਸੀ !"

ਉਹਦੇ ਇਹ ਸ਼ਬਦ ਕਹਿਣ ਦੀ ਢਿੱਲ ਸੀ ਕਿ ਲਾਰਾ ਨੇ ਪੈਨ ਸੁੱਟ ਦਿਤਾ-ਅਤੇ ਉਹਦੇ ਵੱਲ ਅਜਿਹੀਆਂ ਤਕਣੀਆਂ ਨਾਲ ਵੇਖਿਆ, ਜੋ ਮੈਂ ਪਹਿਲਾਂ ਉਹਦੀਆਂ ਅੱਖਾਂ ਵਿਚ ਕਦੀ ਨਹੀਂ ਸੀ ਵੇਖੀ ਅਤੇ ਉਹ ਸਰ ਪਰਸੀਵਲ ਵੱਲ ਪਿੱਠ ਮੋੜ ਕੇ ਖੜੀ ਹੋ ਗਈ।

ਲਾਰਾ ਦਾ ਆਪਣੀ ਘਿਰਣਾ ਅਤੇ ਵਿਅੰਗ ਦਾ ਇੰਜ਼ ਖੁਲਮਖੁੱਲਾ ਪ੍ਰਦਰਸ਼ਨ ਕਰਨਾ, ਉਹਦੇ ਸੁਭਾ ਦੇ ਏਨਾ ਉਲਟ ਸੀ ਕਿ ਅਸੀਂ ਸਾਰੇ ਚੁੱਪ ਹੋ ਗਏ। ਉਹਦੇ ਪਤੀ ਦੇ ਇਹ ਜੰਗਲੀਆਂ ਵਾਲੇ ਸ਼ਬਦਾਂ ਦੇ ਹੇਠਾਂ ਕੋਈ ਹੋਰ ਗੱਲ ਵੀ ਛਪੀ ਹੋਈ ਸੀ। ਇਨ੍ਹਾਂ ਦੇ ਉਹਲੇ ਕੋਈ ਉਹ ਬੇਇਜ਼ਤੀ ਸੀ, ਜਿਸ ਤੋਂ ਮੈਂ ਬਿਲਕੁਲ ਅਨਜਾਣ ਸਾਂ; ਪਰ ਜਿਸਦੇ ਨਿਸ਼ਾਨ ਲਾਰਾ ਦੇ ਚਿਹਰੇ ਤੋਂ ਕੋਈ ਓਪਰਾ ਵੀ ਵੇਖ ਸਕਦਾ ਸੀ।

ਕਾਂਊਟ ਨੇ ਜੋ ਓਪਰਾਂ ਬੰਦਾ ਨਹੀਂ ਸੀ, ਵੀ ਉਹ ਕੁਝ ਵੇਖਿਆ ਜੋ ਮੈਨੂੰ ਦਿਸਿਆ ਸੀ। ਜਦੋਂ ਮੈਂ ਆਪਣੀ ਕੁਰਸੀ ਤੋਂ ਉਠ ਕੇ ਲਾਰਾ ਕੋਲ ਗਈ ਤਾਂ ਉਹਨੇ ਸਰ ਪਰਸੀਵਲ ਨੂੰ ਕਿਹਾ " ਤੂੰ ਬੇਵਕੂਫ ਹੈ।"

ਲਾਰਾ ਦਰਵਾਜ਼ੇ ਵੱਲ ਵਧੀ ਅਤੇ ਉਸਦੇ ਨਾਲ ਨਾਲ ਮੈਂ ਵੀ, ਉਸ ਪਲ ਉਹਦੇ ਪਤੀ ਨੇ ਮੁੜ ਕਿਹਾ।

“ਤਾਂ ਤੂੰ ਇਥੇ ਸਾਈਨ ਕਰਨ ਤੋਂ ਇਨਕਾਰ ਕਰਦੀ ਹੈ?" ਉਹਦਾ ਲਹਿਜਾ ਹੁਣ ਬਦਲਿਆ ਹੋਇਆ ਸੀ ਅਤੇ ਜਾਪਦਾ ਸੀ ਕਿ ਉਹਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਉਹਦੀ ਜ਼ੁਬਾਨ ਨੇ ਅੱਜ ਉਹਨੂੰ ਬਹੁਤ ਭਾਰਾਧੋਖਾ ਦਿਤਾ ਹੈ।

"ਜੋ ਕੁਝ ਤੁਸੀਂ ਮੈਨੂੰ ਹੁਣੇ ਕਿਹਾ ਹੈ," ਉਹ ਦ੍ਰਿੜਤਾ ਨਾਲ ਬੋਲੀ, "ਉਸ ਤੋਂ ਮਗਰੋਂ ਮੈਂ ਇਸ ਦਸਤਾਵੇਜ਼ ਦਾ ਜਦ ਤਕ ਇੱਕ ਇੱਕ ਸ਼ਬਦ ਨਾ ਪੜ੍ਹ ਲਵਾਂ, ਕਿਧਰੇ ਵੀ ਸਾਈਨ ਕਰਨ ਨੂੰ ਤਿਆਰ ਨਹੀਂ। ਚਲ ਮੇਰੀਅਨ ਹੁਣ ਚਲੀਏ। ਅਸੀਂ ਬੜੀ ਦੇਰ ਐਵੇਂ ਹੀ ਰੁਕੀਆਂ ਰਹੀਆਂ ਹਾਂ।"

"ਇਕ ਪਲ ਰੁਕ।" ਕਾਂਊਂਟ ਨੇ ਸਰ ਪਰਸੀਵਲ ਨੂੰ ਕੁਝ ਬੋਲਣ ਦਾ ਮੌਕਾ ਦਿਤੇ ਬਿਨਾਂ ਕਿਹਾ-"ਇਕ ਮਿੰਟ ਲੇਡੀ ਗਲਾਈਡ, ਮੈਂ ਤੁਹਾਡੀ ਮਿੰਨਤ ਕਰਦਾ ਹਾਂ।"

ਲਾਰਾ ਉਹਦੀ ਗੱਲ ਅਣ- ਸੁਣੀ ਕਰਕੇ ਜਾਣ ਲਈ ਤਿਆਰ ਸੀ; ਪਰ ਮੈਂ ਉਹਨੂੰ ਰੋਕਿਆ।

"ਕਾਂਊਂਟ ਨੂੰ ਆਪਣਾ ਦੁਸ਼ਮਣ ਨਾ ਬਣਾ!" ਮੈਂ ਉਹਨੂੰ ਬੜੀ ਹੋਲੀ ਕਿਹਾ, "ਜੋ ਮਰਜ਼ੀ ਹੈ ਕਰ, ਪਰ ਕਾਂਊਟ ਨਾਲ ਦੁਸ਼ਮਣੀ ਮੁੱਲ ਨਾ ਲੈ।"

ਉਹ ਮੇਰੀ ਗੱਲ ਮੰਨ ਕੇ ਰੁਕ ਗਈ। ਮੈਂ ਮੁੜ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਅਸੀਂ ਦੋਵੇਂ ਉਥੇ ਹੀ ਖੜੋ ਗਈਆਂ। ਸਰ ਪਰਸੀਵਲ ਮੇਜ਼ ਤੇ ਹੀ ਬੈਠਾ ਸੀ, ਉਸ ਦਸਤਾਵੇਜ਼ ਤੇ ਉਹਦੀ ਬਾਹ ਸੀ ਅਤੇ ਉਹਦਾ ਸਿਰ ਉਹਦੀ ਵੱਟੀ ਹੋਈ ਮੁੱਠ ਤੇ ਟਿਕਿਆ ਹੋਇਆ ਸੀ। ਕਾਂਊਟ ਸਾਡੇ ਵਿਚਕਾਰ ਖੜੋਤਾ ਸੀ, ਉਹ ਉਸ ਭਿਆਨਕ ਸਥਿੱਤੀ ਦਾ ਮਾਲਕ ਬਣ ਗਿਆ ਸੀ ਜਿਸ ਵਿਚ ਅਸੀਂ ਉਸ ਵੇਲੇ ਸਾਂ, ਜਿਵੇਂ ਉਹ ਹਰ ਇਕ ਸਥਿਤੀ ਨੂੰ ਸੰਭਾਲ ਲੈਂਦਾ ਸੀ। 'ਲੇਡੀ ਗਲਾਈਡ' ਉਹ ਅਜਿਹੀ ਨਰਮੀ ਨਾਲ ਬੋਲਿਆ ਜਿਵੇਂ ਉਹ ਸਾਡੇ ਨਾਲ ਸਾਡੀ ਉਸ ਬੇਸਹਾਰਾ ਹਾਲਤ ਨੂੰ ਸੰਬੋਧਨ ਕਰ ਰਿਹਾ ਹੋਵੇ 'ਲੇਡੀ ਗਲਾਈਡ, ਖਿਮਾ ਕਰਨਾ, ਮੈਂ ਤੁਹਾਡੇ ਵਿਚ ਬੋਲਣ ਦੀ ਗਸਤਾਖੀ ਕਰ ਰਿਹਾ ਹਾਂ, ਪਰ ਮੈਂ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਸ ਘਰ ਦੀ ਮਾਲਕਣ ਦਾ ਦਿਲੋਂ ਸਤਿਕਾਰ ਕਰਦਾ ਹਾਂ ਇਸ ਲਈ ਹੀ ਬੋਲਣ ਦੀ ਦਲੇਰੀ ਕਰ ਰਿਹਾ ਹਾਂ,"

ਇਹ ਕਹਿਕੇ ਉਹਨੇ ਕਾਹਲੀ ਨਾਲ ਸਰ ਪਰਸੀਵਲ ਵੱਲ ਆਪਣਾ ਮੂੰਹ ਘੁਮਾ ਕੇ ਪੁੱਛਿਆ "ਕੀ ਇਹ ਬਹੁਤ ਜ਼ਰੂਰੀ ਹੈ ਕਿ ਇਹ ਦਸਤਖਤਾਂ ਦਾ ਕੰਮ ਅੱਜ ਹੀ ਹੋਵੇ -?"

"ਮੇਰੀ ਤਾਂ ਇਹੀ ਮਰਜੀ ਹੈ ਉਹਨੇ ਰੋਣਹਾਕੇ ਲਹਿਜੇ ਵਿਚ ਉੱਤਰ ਦਿਤਾ-" "ਪਰ ਇਥੇ ਮੇਰੀ ਮਰਜ਼ੀ ਦਾ ਜਿਵੇਂ ਤੂੰ ਦੇਖ ਹੀ ਰਿਹਾ ਹੈ, ਲੇਡੀ ਗਲਾਈਡ ਨੂੰ ਕੋਈ ਖਿਆਲ ਨਹੀਂ।"

"ਮੇਰੇ ਸਵਾਲ ਦਾ ਠੀਕ ਜਵਾਬ ਦੇਕੀ ਇਹ ਕੰਮ ਕੱਲ੍ਹ ਤੇ ਛੱਡਿਆ ਜਾ ਸਕਦਾ ਹੈ? ਬੱਸ ਹਾਂ ਜਾਂ ਨਾਂਹ ਵਿਚ ਉੱਤਰ ਦੇ !"

“ਹਾਂ, ਜੇ ਤੇਰੀ ਇਹੀ ਸੁਣਨ ਦੀ ਮਰਜ਼ੀ ਹੈ।"

"ਤਾਂ ਹੁਣ ਇਸ ਵੇਲੇ ਆਪਣਾ ਸਮਾਂ ਇਥੇ ਕਿਉਂ ਖ਼ਰਾਬ ਕਰ ਰਿਹਾਂ ਹੈ। ਇਸ ਕੰਮ ਬਾਰੇ ਕੱਲ੍ਹ ਸਹੀ।"

ਸਰ ਪਰਸੀਵਲ ਦੇ ਮੱਥੇ ਤੋਂ ਇਕ ਤਿਉੜੀ ਆਈ ਅਤੇ ਉਹਨੇ ਮੂੰਹ ਹੀ ਮੂੰਹ ਵਿਚ ਕੁਝ ਬੜਬੜ ਵੀ ਕੀਤੀ।

"ਤੂੰ ਮੇਰੇ ਨਾਲ ਜਿਸ ਲਹਿਜੈ ਵਿਚ ਗੱਲ ਕਰ ਰਿਹਾ ਹੈ ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਜੇ ਕੋਈ ਹੋਰ ਇੰਜ਼ ਬੋਲਦਾ ਤੇ ਵੇਖਦਾ ਮੈਂ ਉਹਦੇ ਨਾਲ ਕਿੰਜ਼ ਪੇਸ਼ ਆਉਂਦਾ।" ਉਹਨੇ ਕਾਂਊਟ ਨੂੰ ਕਿਹਾ।

"ਮੈਂ ਤੇਰੇ ਭਲੇ ਲਈ ਹੀ ਕਹਿ ਰਿਹਾ ਹਾਂ" ਕਾਂਊਟ ਦੀ ਮੁਸਕਰਾਹਟ ਵਿਚ ਵਿਅੰਗ ਸੀ "ਥੋੜਾ ਵਕਤ ਲੇਡੀ ਗਲਾਈਡ ਨੂੰ ਹੋਰ ਸੋਚਣ ਲਈ ਦੇ-ਥੋੜਾ ਸਮਾਂ ਆਪ ਵੀ ਹੋਰ ਸੋਚ! ਕੀ ਤੈਨੂੰ ਹੁਣ ਯਾਦ ਨਹੀਂ ਰਿਹਾ ਕਿ ਤੇਰੀ ਬੱਘੀ ਬੂਹੇ ਤੇ ਤੈਨੂੰ ਉਡੀਕ ਰਹੀ ਏ?

ਤੈਨੂੰ ਮੇਰੇ ਲਹਿਜੇ ਨਾਲ ਸ਼ਿਕਾਇਤ ਹੈ? ਮੈਂ ਜਾਣਦਾ ਹਾਂ ਕਿਉਂਕਿ ਤੇਰੇ ਵਾਂਗ ਗੁੱਸੇ ਵਿਚ ਮੇਰੀ ਮੱਤ ਨਹੀਂ ਮਾਰੀ ਜਾਂਦੀ ! ਮੇਰੀ ਸਲਾਹ ਨਾਲ ਤੈਨੂੰ ਕਦੀ ਨੁਕਸਾਨ ਨਹੀਂ ਹੋਇਆ, ਯਾਦ ਕਰ; ਕਿੰਨੀ ਵਾਰੀ ਮੈਂ ਤੈਨੂੰ ਨੇਕ ਸਲਾਹ ਦਿਤੀ ਹੈ ਅਤੇ ਦੱਸ ਕਦੀ ਵੀ ਮੇਰੀ ਗੱਲ ਮੰਨਣ ਨਾਲ ਤੈਨੂੰ ਕੋਈ ਘਾਟਾ ਪਿਆ ਹੈ -? ਹੁਣ ਤੂੰ ਜਾ, ਜਿਥੇ ਜਾਣ ਲਈ ਤਿਆਰ ਹੋਇਆ ਹੈ। ਦਸਤਖਤਾਂ ਬਾਰੇ ਕੱਲ ਵੇਖੀ ਜਾਏਗੀ। ਤੇਰੀ ਵਾਪਸੀ ਤੇ ਵੀ ਇਹ ਗੱਲ ਕੀਤੀ ਜਾ ਸਕਦੀ ਹੈ।"

ਸਰ ਪਰਸੀਵਲ ਕਿਸੇ ਖਿਚੋਤਾਣ ਵਿਚ ਸੀ। ਉਹਨੇ ਆਪਣੀ ਘੜੀ ਵੇਖੀ। ਕਾਂਊਟ ਨੇ ਉਹਦਾ ਫਿਕਰ ਹੋਰ ਵਧਾ ਦਿਤਾ ਸੀ। ਹੁਣ ਉਹ ਇਹ ਨਿਸ਼ਚਾ ਨਹੀਂ ਸੀ ਕਰ ਸਕਦਾ ਕਿ ਉਹ ਪਹਿਲਾਂ ਲਾਰਾ ਦੇ ਦਸਤਖਤ ਕਰਵਾਏ ਕਿ ਅਪਣਾ ਸਫਰ ਸ਼ੁਰੂ ਕਰੇ ! ਕੁਝ ਪਲ ਸੋਚਣ ਮਗਰੋਂ ਉਹ ਕੁਰਸੀ ਤੋਂ ਉਠਿਆ।

"ਮੈਨੂੰ ਦਲੀਲਾਂ ਦੇਣੀਆਂ ਸੌਖੀਆਂ ਹਨ, ਕਿਉਂਕਿ ਇਸ ਵੇਲੇ ਮੇਰੇ ਕੋਲ ਤੇਰੇ ਨਾਲ ਬਹਿਸ ਕਰਨ ਦਾ ਕੋਈ ਵਕਤ ਨਹੀਂ। ਮੈਂ ਤੇਰੀ ਸਲਾਹ ਇਸ ਲਈ ਨਹੀਂ ਮੰਨ ਰਿਹਾ ਫੋਸਕੋ ਕਿ ਮੈਨੂੰ ਇਹਦੀ ਕੋਈ ਲੋੜ ਹੈ। ਪਰ ਮੈਂ ਹੁਣ ਜਲਦੀ ਜਾਣਾ ਹੈ-ਨਹੀਂ ਤੇ ਮੈਂ ਡੇਰੀ ਗੱਲ ਕਦੀ ਨਾ ਮੰਨਦਾ !" ਇਹ ਕਹਿ ਕੇ ਉਹਨੇ ਬੜੇ ਗੁੱਸੇ ਨਾਲ ਅਪਣੀ ਪਤਨੀ ਵੱਲ ਵੇਖਿਆ।

"ਕੱਲ੍ਹ ਜੇ ਤੂੰ ਇਸ ਕਾਗਜ਼ ਤੇ ਦਸਤਖਤ ਨਾ ਕੀਤੇ ਤਾਂ .." ਬਾਕੀ ਦੀ ਗੱਲ ਉਹਦੇ ਅਲਮਾਰੀ ਨੂੰ ਖੋਲਣ ਅਤੇ ਕਾਗਜ ਵਿਚ ਰੱਖ ਕੇ ਬੰਦ ਕਰਨ ਦੇ ਰੌਲੇ ਵਿਚ ਹੀ ਗਵਾਚ ਗਈ। ਉਹਨੇ ਆਪਣਾ ਹੈਟ ਤੇ ਦਸਤਾਨੇ ਮੇਜ਼ ਤੋਂ ਚੁੱਕੇ। ਅਸੀਂ ਬੂਹੇ ਕੋਲੋਂ ਹਟ ਗਈਆਂ ਤਾਂ ਜੋ ਉਹ ਲੰਘ ਸਕੇ। ਜਾਂਦੇ ਜਾਂਦੇ ਉਹਨੇ ਆਪਣੀ ਪਤਨੀ ਨੂੰ ਮੁੜ ਕਿਹਾ-ਤਾਂ ਕੱਲ੍ਹ ਯਾਦ ਰੱਖਣਾ।" ਅਤੇ ਬਾਹਰ ਨਿਕਲ ਗਿਆ। ਜਦੋਂ ਤੀਕ ਉਹ ਹਾਲ ਵਿਚੋਂ ਦੀ ਲੰਘ ਕੇ ਬੱਘੀ ਵਿਚ ਬੈਠ ਕੇ ਚਲਾ ਨਾ ਗਿਆ ਅਸੀ' ਉਥੇ ਹੀ ਖੜੀਆਂ ਰਹੀਆਂ। ਅਜੇ ਅਸੀਂ ਦਰਵਾਜ਼ੇ ਦੇ ਕੋਲ ਖੜੋਤੀਆਂ ਹੀ ਹੋਈਆਂ ਸਾਂ ਕਿ ਕਾਂਊਟ ਉਹਨੂੰ ਭੇਜ ਕੇ ਸਾਡੇ ਕੋਲ ਆਇਆ।

'ਤੁਸੀਂ' ਅਜ ਪਰਸੀਵਲ ਨੂੰ ਬਹੁਤ ਭੈੜੇ ਮੂਡ ਵਿਚ ਵੇਖਿਆ ਹੈ, ਮਿਸ ਹਾਲਕੌਂਬ", ਉਹਨੇ ਕਿਹਾ। "ਮੈਂ ਉਹਦਾ ਪੁਰਾਣਾ ਮਿੱਤਰ ਹੋਣ ਦੀ ਹੈਸੀਅਤ ਵਿਚ ਉਹਦੇ ਲਈ ਸ਼ਰਮਿੰਦਾ ਹਾਂ, ਅਤੇ ਖਿਮਾਂ ਮੰਗਦਾ ਹਾਂ ਅਤੇ ਉਹਦਾ ਪੁਰਾਣਾ ਮਿੱਤਰ ਹੋਣ ਦੇ ਨਾਤੇ ਇਹ ਇਕਰਾਰ ਕਰਦਾ ਹਾਂ, ਕਿ ਕੱਲ੍ਹ ਉਹ ਇਸ ਤਰ੍ਹਾਂ ਗੁੱਸੇ ਵਿਚ ਆ ਕੇ ਬਦਤਮੀਜ਼ੀ ਨਾਲ ਪੇਸ਼ ਨਹੀਂ ਆਏਗਾ, ਜਿਵੇਂ ਉਹਨੇ ਅੱਜ ਕੀਤਾ ਹੈ।" ਜਦ ਉਹ ਮੇਰੇ ਨਾਲ ਗੱਲ ਕਰ ਰਿਹਾ ਸੀ, ਤਾਂ ਲਾਰਾ ਨੇ ਮੇਰੀ ਬਾਂਹ ਫੜ ਲਈ ਸੀ, ਅਤੇ ਜਦੋਂ ਉਹਨੇ ਗੱਲ ਮੁਕਾਈ ਤਾਂ ਲਾਰਾ ਨੇ ਮੇਰੀ ਬਾਂਹ ਘੁੱਟੀ। ਇਹ ਕਿਸੇ ਵੀ ਔਰਤ ਲਈ ਇਕ ਕਠਿਨ ਇਮਤਿਹਾਨ ਦੇ ਬਰਾਬਰ ਸੀ, ਕਿ ਉਹਦੇ ਹੀ ਘਰ ਵਿਚ ਉਹਦੇ ਪਤੀ ਦਾ ਮਰਦ ਦੋਸਤ ਉਹਦੇ ਪਤੀ ਦੀ ਬਦਤਮੀਜ਼ੀ ਲਈ ਖਿਮਾਂ ਮੰਗੇ ਅਤੇ ਇਹ ਉਹਦੇ ਲਈ ਵੀ ਸੁਣਨਾ ਬੜਾ ਕਠਿਨ ਸੀ। ਮੈਂ ਕਾਂਊਟ ਦਾ ਧੰਨਵਾਦ ਕੀਤਾ ਅਤੇ ਲਾਰਾ ਨੂੰ ਬਾਹਰ ਲੈ ਗਈ। ਹਾਂ ਮੈਂ ਕਾਂਊਟ ਦਾ ਧੰਨਵਾਦ ਕੀਤਾ ਕਿਉਂਕਿ ਮੈਂ ਇਸ ਹੀਣਤਾ ਦੀ ਅਵਸਥਾ ਵਿਚ ਬੜੀ ਨਿਢਾਲ ਮਹਿਸੂਸ ਕਰ ਰਹੀ ਸਾਂ, ਅਤੇ ਮੈਨੂੰ ਵੀ ਅਹਿਸਾਸ ਹੋ ਗਿਆ ਸੀ, ਕਿ ਕਾਂਊਟ ਦੀ ਇਹੀ ਮਰਜ਼ੀ ਹੈ ਕਿ ਮੈਂ ਬਲੈਕਵਾਟਰ ਪਾਰਕ ਛਡ ਕੇ ਨਾ ਚਲੀ ਜਾਵਾ; ਜਿਸ ਵਿਚ ਉਹਨੂੰ ਜਰੂਰ ਕੋਈ ਦਿਲਚਸਪੀ ਸੀ; ਅਤੇ ਸਰ ਪਰਸੀਵਲ ਦੇ ਵਤੀਰੇ ਤੋਂ ਇਹ ਸਪਸ਼ਟ ਸੀ, ਕਿ ਹੁਣ ਜੇ ਕਾਂਊਟ ਆਪਣਾ ਜ਼ੋਰ ਉਸ ਉਤੇ ਨਾ ਪਾਏ ਤਾਂ ਮੈਨੂੰ ਬਲੈਕਵਾਟਰ ਰਹਿਣ ਦੀ ਕੋਈ ਆਸ ਨਹੀਂ ਸੀ। ਉਹਦਾ ਪ੍ਰਭਾਵ ਜਿਸ ਤੋਂ ਮੈਂ ਸਭ ਤੋਂ ਵਧ ਤ੍ਰਹਿੰਦੀ ਸਾਂ, ਹੁਣ ਇਕ ਅਜਿਹੀ ਡੋਰੀ ਬਣ ਗਿਆ ਸੀ, ਜੋ ਮੈਨੂੰ ਲਾਰਾ ਨਾਲ ਉਸ ਦੀ ਲੋੜ ਵੇਲੇ ਬੰਨ ਕੇ ਰੱਖ

ਸਕਦਾ ਸੀ। ਸਾਨੂੰ ਕੁੱਤਾ-ਗੱਡੀ ਦੇ ਪਹੀਆਂ ਦੀ ਆਵਾਜ਼ ਬਜਰੀ ਤੋਂ ਆਈ, ਜਦੋਂ ਅਸੀਂ ਹਾਲ ਵਿਚ ਆਈਆਂ। ਸਰ ਪਰਸੀਵਲ ਜਾ ਚੁਕਾ ਸੀ।

"ਮੇਰੀਅਨ, ਉਹ ਕਿਥੇ ਗਿਆ ਹੈ-?" ਲਾਰਾ ਫੁਸਫਸਾਈ। "ਉਹ ਜਿਹੜੀ ਗੱਲ ਕਰਦਾ ਹੈ, ਉਹ ਮੈਨੂੰ ਭੱਵਿਸ਼ ਬਾਰੇ ਹੋਰ ਵੀ ਡਰਾ ਦੇਂਦੀ ਹੈ। ਕੀ ਤੈਨੂੰ ਕੁਝ ਸ਼ੱਕ ਹੈ ਕਿ ਉਹ ਕਿਧਰ ਗਿਆ ਹੈ?"

ਉਸ ਸਵੇਰੇ ਜੋ ਕੁਛ ਹੋਇਆ ਬੀਤਿਆ ਸੀ; ਉਸ ਤੋਂ ਮਗਰੋਂ ਉਹਨੂੰ ਆਪਣੇ ਸ਼ੱਕ ਨਹੀਂ ਦੱਸ ਸਕਦੀ।

"ਮੈਂ ਉਹਦੇ ਦਿਲ ਦੀ ਗੱਲ ਕਿਵੇਂ ਜਾਣ ਸਕਦੀ ਹਾਂ?" ਮੈਂ ਗੱਲ ਨੂੰ ਟਾਲਣ ਦੀ ਕੋਸ਼ਿਸ਼ ਕੀਤੀ।

"ਸ਼ਾਇਦ ਹਾਊਸਕੀਪਰ ਨੂੰ ਪਤਾ ਹੋਵੇ।" ਲਾਰਾ ਨੇ ਮੁੜ ਕਿਹਾ।

"ਨਹੀਂ', ਨਹੀਂ-ਮੈਂ' ਉੱਤਰ ਦਿੱਤਾ। 'ਉਹ ਵੀ ਸਾਡੇ ਵਾਂਗ ਇਸ ਗੱਲ ਤੋਂ ਅਨਜਾਣ ਹੀ ਹੈ।"

ਲਾਰਾ ਨੇ ਸ਼ਕ ਵਿਚ ਆਪਣਾ ਸਿਰ ਹਿਲਾਇਆ। "ਕੀ ਤੂੰ ਹਾਊਸਕੀਪਰ ਕੋਲ ਸੁਣਿਆ ਨਹੀਂ ਸੀ ਕਿ ਇਹ ਗੱਲ ਇਥੋਂ ਫੈਲੀ ਹੋਈ ਸੀ, ਕਿ ਏਨ ਕੈਥੇਰਿਕ ਇਥੇ ਵੇਖੀ ਗਈ ਹੈ? ਕੀ ਤੇਰੇ ਖਿਆਲ ਵਿਚ ਉਹ ਏਨ ਨੂੰ ਲੱਭਣ ਲਈ ਨਹੀਂ ਗਿਆ?"

"ਲਾਰਾ, ਜੇ ਮੈਂ ਤੇਰੀ ਥਾਂ ਤੇ ਹੋਵਾਂ, ਤਾਂ ਇਸ ਗੱਲ ਬਾਰੇ ਸੱਚ ਕੇ ਆਪਣੇ ਆਪ ਨੂੰ ਪ੍ਰੇਸ਼ਾਨ ਨਾ ਕਰਾਂ ਅਤੇ ਆਪਣੇ ਆਪ ਨੂੰ ਸ਼ਾਂਤ ਕਰਾਂ ! ਤੂੰ ਮੇਰੇ ਵਾਂਗ ਹੁਣ ਕੁਛ ਵੀ ਨਹੀਂ ਸੋਚੇਗੀ ! ਚਲ ਮੇਰੇ ਕਮਰੇ ਵਿਚ ਬੈਠੀਏ ਤੇ ਕੁਝ ਚਿਰ ਆਰਾਮ ਕਰੀਏ !'

ਅਸੀਂ ਖਿੜਕੀ ਦੇ ਨੇੜੇ ਬੈਠ ਗਈਆਂ। ਗਰਮੀਆਂ ਦੀ ਸੁਗੰਧੀਆਂ ਭਰੀ ਹਵਾ ਚਲ ਰਹੀ ਸੀ। "ਮੇਰੀਅਨ, ਮੈਂ ਤੇ ਸ਼ਰਮਿੰਦਗੀ ਵਿਚ ਹੁਣ ਤੇਰੇ ਵੱਲ ਵੇਖ ਵੀ ਨਹੀਂ ਸਕਦੀ?" ਅੱਜ ਤੈਨੂੰ ਮੇਰੀ ਖਾਤਿਰ ਕਿੰਨੀ ਨਿਰਾਦਰੀ ਸਹਿਣੀ ਪਈ ਹੈ ! ਮੇਰੀ ਪਿਆਰੀ ਦੀਦੀ ! ਮੇਰਾ ਦਿਲ ਅੱਜ ਟੁੱਟ ਗਿਆ ਹੈ। ਮੈਂ ਦੁਖੀ ਹਾਂ-। ਪਰ ਮੈਂ ਇਸ ਦਾ ਬਦਲਾ ਲੈ ਕੇ ਰਵਾਂਗੀ-!"

"ਚੁੱਪ-ਚੁੱਪ ! ਮੈਂ ਤੇ ਤੇਰੀ ਖੁਸ਼ੀ ਵਿਚ ਖੁਸ਼ ਹਾਂ;-ਮੈਨੂੰ ਆਦਰ ਜਾਂ ਨਿਰਾਦਰੀ ਨਾਲ ਕੋਈ ਫ਼ਰਕ ਨਹੀਂ ਪੈਂਦਾ !- " ਮੈਂ ਕਿਹਾ।

" ਤੂੰ ਸੁਣਿਆ ਸੀ ਨਾ ਅੱਜ ਉਹਨੇ ਕੀ ਕਿਹਾ ਸੀ ! "ਉਹ ਆਵੇਗ ਵਿਚ ਬੋਲਦੀ ਗਈ ! "ਤੈਨੂੰ ਪਤਾ ਨਹੀਂ ਉਹਦਾ ਕੀ ਮਤਲਬ ਸੀ ਤੈਨੂੰ ਕੀ ਪਤਾ, ਕਿ ਮੈਂ ਕਿਉਂ ਪੈਨ ਸੁੱਟ ਦਿਤਾ ਸੀ। ਤੂੰ ਨਹੀਂ ਜਾਣਦੀ ਕਿ ਮੈਂ ਉਹਦੇ ਵੱਲ ਪਿੱਠ ਮੋੜ ਕੇ ਕਿਉਂ ਖੜੀ ਹੋ ਗਈ ਸਾਂ!" ਉਹ ਅਚਾਨਕ ਘਬਰਾਹਟ ਵਿਚ ਉਠ ਖੜੱਤੀ ਤੇ ਕਮਰੇ ਵਿਚ ਹੀ ਇਧਰ ਉਧਰ ਚੱਕਰ ਕੱਟਣ ਲਗ ਪਈ। "ਮੇਰੀਅਨ, ਮੈਂ ਤੇਰੇ ਕੋਲ ਕਿੰਨਾਂ ਕੁਛ ਛੁਪਾਇਆ ਹੈ ਤਾਂ ਜੋ ਤੂੰ ਦੁਖੀ ਨਾ ਹੋਵੇ, ਤੂੰ ਨਹੀਂ ਜਾਣਦੀ ਉਹਨੇ ਮੇਰੇ ਨਾਲ ਕੀ ਕੀ ਵਰਤਾਉ ਕੀਤਾ ਹੈ। ਮੈਂ ਤੈਨੂੰ ਨਵੇਂ ਜੀਵਨ ਦੇ ਸ਼ੁਰੂ ਵਿਚ ਹੀ ਨਹੀਂ ਸਾਂ ਦੱਸਣਾ ਚਾਹੁੰਦੀ, ਪਰ ਹੁਣ ਤੂੰ ਅੱਜ ਦਾ ਇਹ ਦ੍ਰਿਸ਼ ਵੇਖਿਆ ਹੈ, ਇਸ ਲਈ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੇਰੇ ਨਾਲ ਉਹ ਕਿਸ ਤਰ੍ਹਾਂ ਰਹਿੰਦਾ ਰਿਹਾ ਹੈ! ਤੂੰ ਵੇਖਿਆ ਸੀ ਅਜ ਉਹਨੇ ਕਿੰਨੀ ਘਿਰਣਾ ਨਾਲ ਮੈਨੂੰ ਬੋਲੀ ਮਾਰੀ ਸੀ, ਕਿ ਮੈਂ ਉਹਦੇ ਨਾਲ ਵਿਆਹ ਤਾਂ ਕਰਾਇਆ ਸੀ ਕਿਉਂ ਜੋ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ।" ਉਹਦਾ ਮੂੰਹ ਭੱਖ ਗਿਆ ਸੀ ! ਉਹ ਮੁੜ ਬੈਠ ਗਈ ਤੇ ਉਹਨੇ ਆਪਣੇ ਹੱਥ ਆਪਣੀ ਝੋਲੀ ਵਿਚ ਇਕੱਠੇ ਕਰਕੇ ਰਖ ਲਏ।

"ਮੈਂ ਤੈਨੂੰ ਹੁਣ ਕੀ ਦੱਸਾਂ! ਜੇ ਦਸਾਂਗੀ ਤਾਂ ਮੇਰਾ ਰੋਣਾ ਬੰਦ ਨਹੀਂ ਹੋਏਗਾ-ਮੇਰਾ ਸਿਰ ਫਟਦਾ ਜਾ ਰਿਹਾ ਹੈ-ਮੇਰੀ ਸੁੰਘਣ ਵਾਲੀ ਸਾਲਟਜ਼ ਦੀ ਸ਼ੀਸ਼ੀ ਕਿਥੇ ਹੈ-! ਮੈਂ ਤੈਨੂੰ ਕਦੀ ਫਿਰ ਦਸਾਂਗੀ, ਜਦੋਂ ਰਤਾ ਠੀਕ ਹੋਵਾਂਗੀ, ਹੁਣ ਮੈਂ ਕੋਈ ਹੋਰ ਗੱਲ ਕਰਾਂਗੀ-ਤੇਰੇ ਬਾਰੇ ਮੈਂ ਤੇ ਸੋਚ ਰਹੀ ਹਾਂ ਕਿ ਤੇਰੀ ਖ਼ਾਤਿਰ ਅੱਜ ਉਥੇ ਉਸ ਕਾਗਜ਼ ਤੇ ਸਾਈਨ ਕਰ ਹੀ ਦੇਂਦੀ ! ਕੀ ਮੈਂ ਕਲ ਦਸਤਖ਼ਤ ਕਰਦਿਆਂ ! ਮੈਂ ਤੈਨੂੰ ਕਿਸੇ ਹੋਰ ਮੁਸ਼ਕਲ ਸਥਿਤੀ ਵਿਚ ਨਹੀਂ ਦੇਖ ਸਕਦੀ ! ਜੇ ਮੈਂ ਹੁਣ ਨਾਂਹ ਕੀਤੀ ਤਾਂ ਉਹ ਸਾਰਾ ਦੋਸ਼ ਤੇਰੇ ਹੀ ਮੱਥੇ ਲਾਏਗਾ! ਹੁਣ ਅਸੀਂ ਕੀ ਕਰੀਏ--ਉਫ਼ ! ਸਾਡਾ ਕੋਈ ਮਿੱਤਰ ਨਹੀਂ। ਕਈ ਹਮਦਰਦਾ ਨਹੀਂ, ਜੋ ਸਾਨੂੰ ਇਸ ਮੁਸੀਬਤ ਵਿਚ ਦਸ ਸਕੇ ਕਿ ਅਸੀਂ ਵੀ ਕਰੀਏ "

ਉਹਨੇ ਇਕ ਡੂੰਘਾ ਹਉਕਾ ਭਰਿਆ। ਮੈਨੂੰ ਉਹਦੇ ਮੂੰਹ ਤੋਂ ਦਿਸ ਰਿਹਾ ਸੀ ਕਿ ਉਹ ਹਾਰਟਰਾਈਟ ਬਾਰੇ ਸੋਚ ਰਹੀ ਹੈ। ਕਿਉਂਕਿ ਉਹਦੀ ਗੱਲ ਨਾਲ ਮੈਨੂੰ ਆਪ ਵੀ ਉਹਦਾ ਹੀ ਖਿਆਲ ਆਇਆ ਸੀ। ਉਹਨੇ ਵਿਛੜਨ ਵੇਲੇ ਜਿਸ ਵਿਸ਼ਵਾਸ ਦੀ ਸਾਡੇ ਕੋਲੋਂ ਮੰਗ ਕੀਤੀ ਸੀ, ਅੱਜ ਛੇ ਮਹੀਨਿਆਂ ਸੀ, ਮਗਰੋਂ ਹੀ ਸਾਨੂੰ ਉਹਦੀ ਲੋੜ ਪੈ ਗਈ ਸੀ।! ਇਸ ਰਿਹਾ ਸੀ ਕਿ

ਉਹ ! ਅਤੇ ਮੈਂ ਕਦੀ ਇਹ ਸੋਚਿਆ ਵੀ ਨਹੀਂ ਸੀ ਕਿ ਸਾਨੂੰ ਕਦੀ ਉਹਦੀ ਮਦਦ ਦੀ ਲੋੜ ਵੀ ਪਵੇਗੀ !

"ਆਪਣੀ ਸਹਾਇਤਾ ਲਈ ਜੋ ਸਾਡੇ ਵਸ ਵਿਚ ਹੋਵੇਗਾ ਅਸੀਂ ਉਹੀ ਕਰਾਂਗੀਆਂ? ਸਾਨੂੰ ਸਾਰੀ ਗੱਲ ਬਾਰੇ ਠੰਢੇ ਦਿਲ ਨਾਲ ਸੋਚਣਾ ਚਾਹੀਦਾ ਹੈ ਲਾਰਾ, ਅਤੇ ਸੋਚ ਕੇ ਹੀ ਕਿਸੇ ਨਿਰਣੇ ਤੇ ਪੁੱਜਣਾ ਚਾਹੀਦਾ ਹੈ !"

ਜੋ ਕੁਝ ਉਹਨੂੰ ਆਪਣੇ ਪਤੀ ਦੀ ਪੈਸੇ ਦੀ ਤੰਗੀ ਬਾਰੇ ਪਤਾ ਸੀ, ਅਤੇ ਜੋ ਗੱਲਬਾਤ ਮੈਂ ਸਰ ਪਰਸੀਵਲ ਅਤੇ ਉਹਦੇ ਵਕੀਲ ਵਿਚਕਾਰ ਸੁਣੀ ਸੀ, ਉਸ ਤੋਂ ਇਹੀ ਅੰਦਾਜ਼ਾ ਲਾਇਆ ਜਾ ਸਕਦਾ ਸੀ, ਕਿ ਇਹ ਦਸਤਾਵੇਜ਼ ਸਰ ਪਰਸੀਵਲ ਨੇ ਕਰਜ਼ਾ ਲੈਣ ਲਈ ਤਿਆਰ ਕੀਤੀ ਸੀ, ਅਤੇ ਲਾਰਾ ਦੇ ਇਸ ਉਤੇ ਦਸਤਖਤ ਹੋਣ ਮਗਰੋਂ ਹੀ ਉਹਨੂੰ ਕਰਜ਼ਾ ਮਿਲਣ ਦੀ ਆਸ ਹੋ ਸਕਦੀ ਹੈ।

ਦੂਜਾ ਪ੍ਰਸ਼ਨ ਇਹ ਸੀ, ਕਿ ਉਹ ਕਿਹੋ ਜਿਹਾ ਇਕਰਾਰਨਾਮਾ ਸੀ, ਜਿਸ ਰਾਹੀਂ ਕਰਜ਼ਾ ਮਿਲਣ ਦੀ ਆਸ ਸੀ; ਅਤੇ ਜੇ ਲਾਰਾ ਉਹਨੂੰ ਸਮਝੇ ਅਤੇ ਪੜ੍ਹੇ ਬਿਨਾਂ ਉਹਦੇ ਉਤੇ ਸਾਈਨ ਕਰ ਦੇਂਦੀ ਹੈ ਤਾਂ ਉਹਦੀ ਕਿੰਨੀ ਕੁ ਜ਼ਿੰਮੇਵਾਰੀ ਹੁੰਦੀ ਹੈ-ਸਾਨੂੰ ਇਸ ਬਾਰੇ ਨਾ ਹੀ ਤੇ ਕੋਈ ਅਨੁਭਵ ਸੀ ਅਤੇ ਨਾ ਹੀ ਕੋਈ ਸਮਝ ਸੀ। ਮੇਰਾ ਆਪਣਾ ਇਹ ਵਿਸ਼ਵਾਸ ਸੀ, ਕਿ ਇਸ ਇਕਰਾਰਨਾਮੇ ਦੀਆਂ ਉਹ ਸ਼ਰਤਾਂ ਜੋ ਲੁਕਾਈਆਂ ਗਈਆਂ ਸਨ, ਉਹ ਇਕ ਧੋਖੇ ਅਤੇ ਫਰੇਬ ਦੇ ਸੌਦੇ ਤੋਂ ਸਿਵਾ ਹੋਰ ਕੁਛ ਨਹੀਂ ਸੀ, ਮੈਂ ਇਸ ਸਿੱਟੇ ਤੇ ਇਸ ਕਰਕੇ ਨਹੀਂ ਸਾਂ ਅਪੁੜੀ ਕਿ ਸਰ ਪਰਸੀਵਲ ਨੇ ਸਾਨੂੰ ਦਸਤਾਵੇਜ਼ ਵਿਖਾਉਣ ਤੋਂ ਨਾਂਹ ਕੀਤੀ ਸੀ, ਜਾਂ ਉਹ ਸਾਨੂੰ ਸਮਝਾਉਣਾ ਨਹੀਂ ਸੀ ਚਾਹੁੰਦਾ, ਇਹ ਤਾਂ ਉਹ ਆਪਣੇ ਜਿਦੀ ਅਤੇ ਅੜੀਅਲ ਸੁਭਾ, ਅਤੇ ਰੋਹਬ ਪਾਉਣ ਦੀ ਫਿਤਰਤ ਕਰਕੇ ਵੀ ਕਰ ਸਕਦਾ ਸੀ। ਮੈਂ ਉਹਦੀ ਈਮਾਨਦਾਰੀ ਉਤੇ ਇਸ ਲਈ ਸ਼ੱਕ ਕਰ ਰਹੀ ਹਾਂ, ਕਿਉਂ ਜੋ, ਜੋ ਪ੍ਰੀਵਰਤਨ ਉਸ ਦੀ ਬੋਲੀ ਅਤੇ ਵਤੀਰੇ ਵਿਚ ਬਲੈਕਵਾਟਰ ਪਾਰਕ ਵਿਚ ਮੈਂ ਵੇਖਿਆ ਸੀ, ਉਸ ਤੋਂ ਮੈਂ ਇਹ ਜਾਣ ਗਈ ਸਾਂ, ਕਿ ਲਿਮਰਿਜ ਵਿਚ ਵਿਆਹ ਤੋਂ ਪਹਿਲਾਂ ਉਹ ਐਕਟਿੰਗ ਭੀ ਕਰ ਰਿਹਾ ਸੀ। ਉਹਦੀ ਉਹ ਵਿਖਾਵੇ ਭਰੀ ਨਜ਼ਾਕਤ, ਸੂਖਮਤਾ, ਅਤੇ ਹਦੋਂ ਵੱਧ ਸਲੀਕੇਦਾਰ ਹੋਣ, ਜੋ ਕਿ ਮਿਸਟਰ ਗਿਲਮੌਰ ਦੇ ਪੁਰਾਣੇ ਵਿਚਾਰਾਂ ਦੀ ਕਸਵੱਟੀ ਉਤੇ ਪੂਰਾ ਉਤਰਦਾ ਸੀ; ਲਾਰਾ ਨਾਲ ਉਹਦੀ ਸੰਜਮ ਨਾਲ ਗਲਬਾਤ

ਕਰਨੀ, ਮੈਨੂੰ ਮਿਤਰਤਾ ਨਾਲ ਪੇਸ਼ ਆਉਣਾ ਅਤੇ ਮਿਸਟਰ ਫ਼ੇਅਰਲੀ ਦਾ ਸਤਿਕਾਰ ਕਰਨਾ- ਇਸ ਸਭ ਦਾ ਉਸ ਜਾਲਮ, ਚਾਲਾਕ ਅਤੇ ਕਮੀਨੇ ਆਦਮੀ ਨੇ ਮਖੌਟਾ ਪਹਿਨਿਆ ਹੋਇਆ ਸੀ, ਅਤੇ ਜਦੋਂ ਉਹਦਾ ਮਤਲਬ ਪੂਰਾ ਹੋ ਗਿਆ ਸੀ, ਉਹਨੇ ਇਹ ਨਕਾਬ ਉਤਾਰ ਦਿਤੀ ਸੀ। ਅਜ ਲਾਇਬਰੇਰੀ ਵਿਚ ਉਸ ਦਾ ਅਸਲੀ ਰੂਪ ਸਾਹਮਣੇ ਆ ਗਿਆ ਸੀ। ਲਾਰਾ ਦਾ ਖਿਆਲ ਕਰਕੇ ਮੈਨੂੰ ਇਸ ਜਾਣਕਾਰੀ ਨਾਲ ਜੋ ਦੁੱਖ ਹੋਇਆ, ਮੈਂ ਸ਼ਬਦਾਂ ਵਿਚ ਅੰਕਿਤ ਨਹੀਂ ਕਰ ਸਕਦੀ। ਮੈਂ ਸਿਰਫ ਇਥੇ ਇਸ ਲਈ ਇਸਦਾ ਜਿਕਰ ਕਰ ਰਹੀ ਹਾਂ ਕਿਉਂਕਿ ਮੈਂ ਦ੍ਰਿੜ ਨਿਸਚਾ ਕਰ ਲਿਆ ਸੀ, ਕਿ ਲਾਰਾ ਕਦੀ ਵੀ ਕਾਗਜ ਤੇ ਸਾਈਨ ਨਹੀਂ ਕਰੇਗੀ। ਭਾਵੇਂ ਇਸ ਦਾ ਕੁਝ ਵੀ ਨਤੀਜਾ ਨਿਕਲੇ। ਸਾਈਨ ਕਰਨ ਤੋਂ ਪਹਿਲਾਂ ਉਸ ਕਾਗਜ ਦਾ ਪੜ੍ਹਨਾ ਬਹੁਤ ਜ਼ਰੂਰੀ ਸੀ।

ਇਸ ਹਾਲਾਤ ਵਿਚ, ਕੱਲ੍ਹ ਸਾਨੂੰ ਇਕ ਅਜਿਹੇ ਇਤਰਾਜ਼ ਦੀ ਲੋੜ ਸੀ, ਜਿਸ ਨਾਲ ਸਾਈਨ ਕਰਨਾ ਟਲ ਜਾਏ, ਅਤੇ ਇਹ ਇਤਰਾਜ਼ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਠੋਸ ਹੋਣਾ ਚਾਹੀਦਾ ਸੀ, ਜਿਸ ਨਾਲ ਸਰ ਪਰਸੀਵਲ ਆਪਣੇ ਇਰਾਦੇ ਵਿਚ ਕਾਮਯਾਬ ਨਾ ਹੋ ਸਕੇ, ਅਤੇ ਉਹਨੂੰ ਇਹ ਵੀ ਸ਼ੱਕ ਹੋ ਜਾਏ ਕਿ ਸਾਨੂੰ ਦੋਹਾਂ ਔਰਤਾਂ ਨੂੰ ਵਿਉਹਾਰ ਦੀ ਉਨੀ ਹੀ ਸਮਝ ਹੈ, ਜਿੰਨੀ ਕਿ ਉਹਨੂੰ। ਥੋੜੀ ਸੋਚ ਵਿਚਾਰ ਮਗਰੋਂ, ਮੈਂ ਆਪਣੀ ਇਸ ਬੇਬਸ ਹਾਲਤ ਵਿਚ ਇਕ ਹੀ ਆਦਮੀ ਦਾ ਧਿਆਨ ਕੀਤਾ, ਜੋ ਸਾਡੀ ਪਹੁੰਚ ਵਿਚ ਸੀ, ਅਤੇ ਅਸੀ ਵਿਸ਼ਵਾਸ ਕਰ ਸਕਦੀਆਂ ਸਾਂ ਜੋ ਉਹ ਸਾਡੀ ਪੂਰੀ ਸਹਾਇਤਾ ਕਰੇਗਾ। ਇਹ ਸੀ ਮਿਸਟਰ ਗਿਲਮੌਰ ਦਾ ਭਾਈਵਾਲ ਮਿਸਟਰ ਕਾਈਰਲ, ਜੋ ਕਿ ਹੁਣ ਮਿਸਟਰ ਗਿਲਮੌਰ ਦੀ ਖ਼ਰਾਬ ਸਿਹਤ ਕਰਕੇ ਲੰਦਨ ਤੋਂ ਜਾਣ ਮਗਰੋਂ, ਬਿਜਨੈਸ ਦਾ ਸਾਰਾ ਕੰਮ ਸੰਭਾਲਦਾ ਸੀ। ਮੈਂ ਲਾਰਾ ਨੂੰ ਦੱਸਿਆ ਕਿ ਮੈਨੂੰ ਮਿਸਟਰ ਗਿਲਮੌਰ ਨੇ ਕਿਹਾ ਸੀ, ਕਿ ਉਹਦੇ ਭਾਈਵਾਲ ਨਾਲ ਅਸੀਂ ਹਰ ਗੱਲ ਕਰ ਸਕਦੀਆਂ ਹਾਂ, ਅਤੇ ਉਹ ਬੜਾ ਹੀ ਸਿਆਣਾ ਅਤੇ ਦੋਸਤ ਹੈ; ਅਤੇ ਉਹਨੂੰ ਲਾਰਾ ਦੀ ਜਾਇਦਾਦ ਬਾਰੇ ਹਰ ਇਕ ਗੱਲ ਪਤਾ ਹੈ। ਸੋ ਉਹਦੀ ਪੂਰੀ ਰਜ਼ਾਮੰਦੀ ਨਾਲ ਮੈਂ ਇਕ ਦਮ ਚਿੱਠੀ ਲਿਖਣ ਲਈ ਬੈਠ ਗਈ।

ਮੈਂ ਮਿਸਟਰ ਕਾਈਰਲ ਨੂੰ ਸ਼ੁਰੂ ਤੋਂ ਸਾਰੀ ਗੱਲ ਸਪਸ਼ਟ ਸ਼ਬਦਾਂ ਵਿਚ ਲਿਖੀ ਅਤੇ ਫਿਰ ਸਾਫ ਸਾਫ ਉਹਦੀ ਸਲਾਹ ਮੰਗੀ ਤਾਂ ਜੋ ਗਲਤ ਫਹਿਮੀ ਦੀ ਕਿਧਰੇ ਕੋਈ ਗੁੰਜਾਇਸ਼ ਨਾ

ਰਹਿ ਜਾਏ। ਮੇਰੀ ਚਿੱਠੀ ਬੜੀ ਸੰਖੇਪ ਸੀ ਅਤੇ ਮੈਂ ਫਾਲਤੂ ਗੱਲ ਲਿਖਣ ਵਿਚ ਕੋਈ ਸਮਾਂ ਖ਼ਰਾਬ ਨਾ ਕੀਤਾ।

ਜਿਉਂ ਹੀ ਮੈਂ ਲਿਫ਼ਾਫ਼ੇ ਉਤੇ ਪਤਾ ਲਿਖਣ ਲਗੀ ਤਾਂ ਲਾਰਾ ਨੇ ਇਕ ਹੋਰ ਔਕੜ ਦਸੀ, ਜਿਸਦਾ ਮੈਨੂੰ ਚਿੱਠੀ ਲਿਖਣ ਦੇ ਆਹਰ ਵਿਚ ਉਕਾ ਹੀ ਕੋਈ ਧਿਆਨ ਨਹੀਂ ਸੀ ਰਿਹਾ।

"ਸਾਨੂੰ ਵਕਤ ਸਿਰ ਉੱਤਰ ਕਿਵੇਂ ਮਿਲੇਗਾ?" ਉਹਨੇ ਪੁਛਿਆ। ਤੇਰੀ ਚਿੱਠੀ ਕੱਲ੍ਹ ਸਵੇਰ ਤੋਂ ਪਹਿਲਾਂ ਲੰਦਨ ਵਿਚ ਨਹੀਂ ਪਹੁੰਚੇਗੀ ਅਤੇ ਪਰਸੋਂ ਦੀ ਡਾਕ ਵਿਚ ਸਾਨੂੰ ਇਸ ਦਾ ਉੱਤਰ ਮਿਲੇਗਾ।"

ਇਸ ਮੁਸ਼ਕਲ ਨੂੰ ਇਸ ਢੰਗ ਨਾਲ ਸੁਲਝਾਇਆ ਜਾ ਸਕਦਾ ਸੀ, ਕਿ ਵਕੀਲ ਦੇ ਦਫਤਰ ਤੋਂ ਕੋਈ ਬੰਦਾ ਆਪ ਇਹ ਉੱਤਰ ਲੈ ਕੇ ਆਏ। ਸੋ ਮੈਂ ਚਿੱਠੀ ਦੇ ਅਖੀਰ ਵਿਚ ਇਹ ਬੇਨਤੀ ਕੀਤੀ ਕਿ ਕਿਸੇ ਆਦਮੀ ਨੂੰ ਦੂਜੇ ਦਿਨ ਸਵੇਰੇ ਯਾਰਾਂ ਵਜੇ ਦੀ ਗੱਡੀ ਤੇ ਭੇਜਿਆ ਜਾਏ; ਤਾਂ ਜੋ ਇਹ ਗੱਡੀ ਸਾਡੇ ਸਟੇਸ਼ਨ ਤੇ ਇਕ ਵੱਜ ਕੇ ਵੀਹ ਮਿੰਟ ਤੇ ਪੁਜਦੀ ਹੈ, ਸੋ ਉਹ ਆਦਮੀ ਬਲੈਕ-ਵਾਟਰ ਪਾਰਕ ਦੋ ਵਜੇ ਤੀਕ ਪੁਜ ਜਾਏਗਾ। ਉਹਨੂੰ ਇਹ ਹਿਦਾਇਤ ਦੇ ਕੇ ਭੇਜਿਆ ਜਾਏ ਕਿ ਚਿੱਠੀ ਸਿਰਫ਼ ਮੈਨੂੰ ਹੀ ਦਿੱਤੀ ਜਾਏ ਅਤੇ ਉਹ ਕਿਸੇ ਦੇ ਪ੍ਰਸ਼ਨ ਦੇ ਕੋਈ ਉੱਤਰ ਨਾ ਦਏ।

"ਜੇ ਸਰ ਪਰਸੀਵਲ ਕੱਲ੍ਹ ਦੋ ਵਜੇ ਤੋਂ ਪਹਿਲਾਂ ਆ ਜਾਏ", ਮੈਂ ਲਾਰਾ ਨੂੰ ਕਿਹਾ, "ਤਾਂ ਸਿਆਣਪ ਇਸ ਵਿਚ ਹੀ ਹੋਏਗੀ ਕਿ ਤੇ ਕੋਈ ਕਿਤਾਬ ਜਾਂ ਕਢਾਈ ਲੈ ਕੇ ਬਾਹਰ ਚਲੀ ਜਾਈ ਅਤੇ ਉਦੋਂ ਤਕ ਘਰ ਨਾ ਪਰਤੀ, ਜਦੋਂ ਤਕ ਸੁਨੇਹਾ ਲੈ ਕੇ ਕੋਈ ਪੁੱਜ ਨਾ ਜਾਏ। ਮੈਂ ਇਥੇ ਹੀ ਉਹਦੀ ਉਡੀਕ ਕਰਾਂਗੀ, ਤਾਂ ਜੋ ਕਿਧਰੇ ਕੋਈ ਦੁਰਘਟਨਾਂ ਜਾਂ ਗਲਤੀ ਨਾ ਹੋ ਜਾਏ। ਇਸ ਤਰ੍ਹਾਂ ਕਰਨ ਨਾਲ, ਮੈਨੂੰ ਆਸ ਹੈ, ਅਤੇ ਯਕੀਨ ਹੈ, ਕਿ ਸਾਨੂੰ ਪੂਰੀ ਤਿਆਰੀ ਦਾ ਸਮਾਂ ਮਿਲ ਜਾਏਗਾ। ਹੁਣ ਸਾਨੂੰ ਡਰਾਇੰਗ ਰੂਮ ਵਿਚ ਜਾਣਾ ਚਾਹੀਦਾ ਹੈ, ਕਿਉਂਕਿ-ਇਕੱਲਿਆਂ ਬਹੁਤੀ ਦੇਰੀ ਨਾਲ ਬੈਠਣ ਨਾਲ ਸਾਡੇ ਉੱਤੇ ਸ਼ੱਕ ਵੀ ਕੀਤਾ ਜਾ ਸਕਦਾ ਹੈ।"

"ਸ਼ੱਕ! ਉਹਨੇ ਦੁਹਰਾਇਆ। "ਹੁਣ ਜਦ ਸਰ ਪਰਸੀਵਲ ਘਰ ਵਿਚ ਨਹੀਂ ਤਾਂ ਸਾਡੇ ਉਤੇ ਕੌਣ ਸ਼ੱਕ ਕਰ ਸਕਦਾ ਹੈ? ਕੀ ਤੇਰਾ ਭਾਵ ਕਾਂਊਟ ਫ਼ੋਸਕੋ ਤੋਂ ਹੈ?"

"ਸ਼ਾਇਦ ਮੇਰਾ ਇਹੀ ਮਤਲਬ ਹੈ, ਲਾਰਾ।"

"ਤੂੰ ਵੀ ਉਹਨੂੰ ਉਨ੍ਹੀ ਹੀ ਨਫ਼ਰਤ ਕਰਨ ਲਗ ਪਈ ਹੈਂ, ਜਿੰਨੀ ਮੈਂ ਕਰਦੀ ਹਾਂ, ਮੇਰੀਅਨ।"

"ਨਹੀਂ, ਮੈਂ ਉਹਨੂੰ ਨਫ਼ਰਤ ਨਹੀਂ ਕਰਨ ਲੱਗ ਪਈ; ਘਿਰਣਾ ਦਾ ਸੰਬੰਧ ਵਿਅੰਗ ਨਾਲ ਹੁੰਦਾ ਹੈ-ਉਹਦੇ ਵਿਚ ਘਿਰਣਾ ਯੋਗ ਕੁਝ ਨਹੀਂ।"

"ਕੀ ਤੂੰ ਉਸ ਕੱਲ" ਡਰਦੀ ਹੈ?"

"ਸ਼ਾਇਦ ਥੋੜ੍ਹਾ ਥੋੜ੍ਹਾ!'

"ਅੱਜ ਅਜੇ ਉਹ ਸਾਡਾ ਪੱਖ ਲੈ ਕੇ ਸਰ ਪਰਸੀਫਲ ਨੂੰ ਗੁੱਸੇ ਹੋਇਆ ਹੈ ਤਾਂ ਵੀ ਤੂੰ ਉਸ ਕੋਲੋਂ ਡਰਦੀ ਹੋ?"

"ਹਾਂ। ਮੈਨੂੰ ਸਰ ਪਰਸੀਵਲ ਦੇ ਗੁੱਸੇ ਨਾਲ ਕਾਂਊਟ ਦਾ ਪੱਖ ਲੈਣਾ ਵਧੇਰੇ ਖਤਰਨਾਕ ਜਾਪਦਾ ਹੈ। ਤੂੰ ਯਾਦ ਰੱਖੀਂ ਜੋ ਮੈਂ ਤੈਨੂੰ ਲਾਇਬਰੇਰੀ ਵਿਚ ਕਿਹਾ ਸੀ, ਕਿ ਭਾਵੇਂ ਤੂੰ ਕੁਝ ਵੀ ਕਰੇਂ, ਲਾਰਾ ਪਰ ਕਾਂਊਟ ਨੂੰ ਦੁਸ਼ਮਣ ਨਹੀਂ ਬਣਾਉਣਾ।"

ਅਸੀਂ ਹੇਠਾਂ ਉਤਰ ਗਈਆਂ ਲਾਰਾ ਬੈਠਕ ਵਿਚ ਗਈ ਅਤੇ ਮੈਂ ਹੱਥ ਵਿਚ ਚਿੱਠੀ ਫੜੀ ਹਾਲ ਵਿਚੋਂ ਲੰਘੀ ਤਾਂ ਜੋ ਉਹ ਬੈਗ ਵਿਚ ਚਿੱਠੀ ਪਾ ਸਕਾਂ, ਜੋ ਕੰਧ ਉਤੇ ਇਸ ਕੰਮ ਲਈ ਟੰਗਿਆ ਹੁੰਦਾ ਹੈ।

ਘਰ ਦਾ ਸਾਹਮਣਾ ਦਰਵਾਜ਼ਾ ਖੁੱਲ੍ਹਾ ਸੀ; ਅਤੇ ਮੈਂ ਜਿਉਂ ਹੀ ਇਥੋਂ ਲੰਘੀ, ਮੈਂ ਵੇਖਿਆ ਕਾਂਊਟ ਅਤੇ ਉਹਦੀ ਪਤਨੀ ਬਾਹਰ ਪੌੜੀਆਂ ਉਤੋਂ ਖੜੋਤੇ ਗੱਲਾਂ ਕਰ ਰਹੇ ਸਨ ਅਤੇ ਉਹਨਾਂ ਦੇ ਮੂੰਹ ਮੇਰੇ ਵੱਲ ਸਨ।

ਕਾਂਊਂਟਸ ਕਾਹਲੀ-ਕਾਹਲੀ ਹਾਲ ਵਿਚ ਆਈ ਅਤੇ ਉਹਨੇ ਮੈਨੂੰ ਪੁੱਛਿਆ ਕੀ ਕਿ ਮੈਂ ਉਹਨੂੰ ਪੰਜ ਮਿੰਟ ਦੇ ਸਕਦੀ ਹਾਂ। ਉਸ ਔਰਤ ਕੋਲੋਂ ਅਜਿਹੀ ਗੱਲ ਸੁਣ ਕੇ ਮੈਂ ਹੈਰਾਨ ਰਹਿ ਗਈ ਮੈਂ ਚਿੱਠੀ ਬੈਗ ਵਿਚ ਪਾਈ ਅਤੇ ਉਹਨੂੰ ਉੱਤਰ ਦਿੱਤਾ ਕਿ ਮੈਨੂੰ ਉਹਦੇ ਲਈ ਵਿਹਲ ਹੈ। ਉਹਨੇ ਮੇਰੀ ਬਾਂਹ ਏਨੀ ਮਿੱਤਰਤਾ ਪੂਰਬਕ ਅਤੇ ਪਿਆਰ ਨਾਲ ਫੜੀ, ਜਿਸ ਦੀ ਉਸ ਕੋਲ ਕਦੀ ਆਸ ਵੀ ਨਹੀਂ ਸੀ ਕੀਤੀ ਜਾ ਸਕਦੀ, ਅਤੇ ਮੈਨੂੰ ਕਿਸੇ ਖਾਲੀ ਕਮਰੇ ਵਿਚ ਲਿਜਾਣ ਦੀ ਬਜਾਏ ਉਹ ਮੱਛੀਆਂ ਦੇ ਤਾਲਾਬ ਦੇ ਕਿਨਾਰੇ ਜਿਥੇ ਜਿਥੇ ਘਾਹ ਸੀ, ਉਸ ਪਾਸੇ ਨੂੰ ਲੈ ਗਈ। ਜਿਉਂ ਹੀ ਅਸੀਂ ਕਾਂਊਟ ਕੋਲੋਂ ਪੌੜੀਆਂ ਤੋਂ ਲੰਘੀਆਂ, ਉਹ ਸਿਰ ਝੁਕਾਅ ਕੇ ਮੁਸਕਰਾਇਆ

ਅਤੇ ਇਕ ਦਮ ਘਰ ਦੇ ਅੰਦਰ ਚਲਾ ਗਿਆ, ਜਾਂਦਿਆਂ-ਜਾਂਦਿਆਂ ਉਹਨੇ ਹਾਲ ਦਾ ਦਰਵਾਜ਼ਾ ਆਪਣੇ ਪਿਛੇ ਭੀੜ ਦਿੱਤਾ, ਪਰ ਬੰਦ ਨਾ ਕੀਤਾ।

ਕਾਊਂਟੈਸ ਨੇ ਮੈਨੂੰ ਮੱਛੀਆਂ ਦੇ ਤਾਲਾਬ ਦੇ ਆਸ ਪਾਸ ਘੁਮਾਉਣਾ ਸ਼ੁਰੂ ਕੀਤਾ, ਮੈਨੂੰ ਇੰਜ਼ ਲੱਗਾ ਜਿਵੇਂ ਉਹ ਕੋਈ ਅਸਾਧਾਰਣ ਰਾਜ ਮੇਰੇ ਨਾਲ ਸਾਂਝਾ ਕਰਨਾ ਚਾਹੁੰਦੀ ਹੈ, ਪਰ ਮੈਂ ਹੈਰਾਨ ਰਹਿ ਗਈ ਜਦੋਂ ਉਹਨੇ ਇਹ ਕਿਹਾ ਕਿ ਲਾਇਬਰੇਰੀ ਦੀ ਘਟਨਾ ਮਗਰੋਂ ਉਹਦੀ ਸਾਰੀ ਹਮਦਰਦੀ ਮੇਰੇ ਨਾਲ ਹੈ। ਉਹਦੇ ਪਤੀ ਨੇ ਉਹਨੂੰ ਸਭ ਕੁਝ ਦੱਸਿਆ ਹੈ, ਅਤੇ ਇਹ ਵੀ ਦੱਸਿਆ ਹੈ ਕਿ ਸਰ ਪਰਸੀਵਲ ਅੱਜ ਬੜੀ ਬਦਤਮੀਜ਼ੀ ਨਾਲ ਬੋਲਿਆ ਸੀ। ਇਸ ਗੱਲ ਦਾ ਪਤਾ ਲੱਗਣ ਉਤੇ ਉਹਨੂੰ ਬੜਾ ਸਦਮਾ ਲੱਗਾ ਹੈ, ਅਤੇ ਦੁੱਖ ਪਹੁੰਚਿਆ ਹੈ। ਲਾਰਾ ਅਤੇ ਮੇਰਾ ਖਿਆਲ ਕਰਕੇ, ਉਹਨੇ ਇਹ ਇਰਾਦਾ ਕਰ ਲਿਆ ਹੈ ਕਿ ਜੇ ਅਗੋਂ ਕਦੀ ਅਜਿਹੀ ਘਟਨਾ ਹੋਈ ਤਾਂ ਉਹ ਸਰ ਪਰਸੀਵਲ ਦੇ ਅਜਿਹੇ ਵਤੀਰੇ ਲਈ ਰੋਸ ਪ੍ਰਗਟ ਕਰਦੀ, ਇਥੋਂ ਚਲੀ ਜਾਏਗੀ। ਕਾਂਊਟ ਵੀ ਇਹ ਗੱਲ ਮੰਨ ਗਿਆ ਹੈ, ਅਤੇ ਹੁਣ ਉਹਨੂੰ ਆਸ ਸੀ ਕਿ ਮੈਂ ਵੀ ਉਹਦੇ ਨਾਲ ਸਹਿਮਤ ਹੋਵਾਂਗੀ।

ਮੈਨੂੰ ਮੈਡਮ ਫ਼ੋਸਕੋ ਵਰਗੀ ਚੁਪੀਤੀ ਔਰਤ ਕੋਲੋਂ ਇਸ ਭਾਵ-ਪ੍ਰਦਰਸ਼ਨ ਦੀ ਆਸ ਨਹੀਂ ਸੀ- ਖ਼ਾਸ ਕਰਕੇ ਜਦੋਂ ਉਸੇ ਦਿਨ ਸਵੇਰੇ ਬੋਟ ਹਾਊਸ ਵਿਚ ਸਾਡੀ ਦੋਹਾ ਦੀ ਚੰਗੀ ਝੜਪ ਹੋ ਚੁੱਕੀ ਸੀ। ਪਰ ਇਹ ਮੇਰਾ ਫਰਜ਼ ਬਣਦਾ ਸੀ ਕਿ ਆਪਣੇ ਤੋਂ ਕਿਸੇ ਵਡੇ ਦੇ ਪਿਆਰ ਦਾ ਉੱਤਰ ਪਿਆਰ ਅਤੇ ਮਿੱਤਰਤਾ ਨਾਲ ਹੀ ਦਿਆਂ। ਮੈਂ ਵੀ ਕਾਂਊਟਸ ਨੂੰ ਉਸੇ ਹੀ ਲਹਿਜੇ ਵਿਚ ਉੱਤਰ ਦਿਤਾ, ਅਤੇ ਫਿਰ ਇਹ ਸੋਚ ਕੇ ਕਿ ਗੱਲ ਖ਼ਤਮ ਹੋ ਚੁੱਕੀ ਹੈ, ਘਰ ਨੂੰ ਵਾਪਸ ਜਾਣਾ ਚਾਹਿਆ। ਪਰ ਮੈਡਮ ਫੋਸਕੋ ਨੇ ਅੱਜ ਨਿਸ਼ਚਾ ਕੀਤਾ ਹੋਇਆ ਸੀ ਕਿ ਉਹ ਮੇਰੇ ਤੋਂ ਵੱਖ ਨਹੀਂ ਹੋਏਗੀ; ਅਤੇ ਮੈਨੂੰ ਇਸ ਤੇ ਅਕਹਿ ਹੈਰਾਨੀ ਹੋਈ, ਕਿ ਉਹਨੇ ਅੱਜ ਬੋਲਣ ਦਾ ਵੀ ਨਿਸ਼ਚਾ ਕੀਤਾ ਹੋਇਆ ਸੀ। ਅਜੇ ਤਕ ਜੋ ਸਭ ਤੋਂ ਚੁਪੀਤੀ ਔਰਤ ਸੀ, ਹੁਣ ਮੇਰੇ ਨਾਲ ਹਰ ਵਿਸ਼ੇ ਤੇ ਵਿਆਹੁਤਾ ਜ਼ਿੰਦਗੀ ਦੀ ਮਰਿਆਦਾ ਸਰ ਪਰਸੀਵਲ ਅਤੇ ਲਾਰਾ ਬਾਰੇ, ਆਪਣੀ ਖੁਸ਼ੀ ਬਾਰੇ ਅਤੇ ਸਵਰਗਵਾਸੀ ਮਿਸਟਰ ਫ਼ੇਅਰਲੀ ਨੇ ਵਸੀਅਤ ਦੇ ਮਾਮਲੇ ਵਿਚ ਜੋ ਉਸ ਨਾਲ ਵਧੀਕੀ ਕੀਤੀ ਸੀ ਅਤੇ ਕਈ ਹੋਰ ਗੱਲਾ ਕਰ ਰਹੀ ਸੀ; ਇਨ੍ਹਾਂ ਤੋਂ ਛੁੱਟ ਉਹਨੇ ਹੋਰ ਵੀ ਗੱਲਾਂ ਕੀਤੀਆਂ; ਅਤੇ ਘੱਟ ਤੋਂ ਘੱਟ ਅੱਧਾ ਘੱਟਾ ਮੈਨੂੰ ਲੈ ਕੇ ਤਾਲਾਬ ਦੇ ਦੁਆਲੇ ਘੁੰਮਦੀ

ਰਹੀ ਇਥੋਂ ਤਕ ਕਿ ਮੇਰੀਆਂ ਲੱਤਾਂ ਵੀ ਥੱਕ ਕੇ ਚੂਰ ਹੋ ਗਈਆਂ। ਮੈਂ ਨਹੀਂ ਜਾਣਦੀ ਕਿ ਉਹਨੂੰ ਇਹ ਪਤਾ ਲੱਗਾ ਕਿ ਨਾ, ਪਰ ਉਹ ਅਚਾਨਕ ਹੀ ਰੁਕ ਗਈ, ਅਤੇ ਘਰ ਦੇ ਦਰਵਾਜ਼ੇ ਵੱਲ ਵੇਖ ਕੇ ਮੁੜ ਉਂਜ਼ ਬਰਫ ਦੀ ਬਰਫ਼ ਹੋ ਗਈ। ਇਕ ਪਲ ਵਿਚ ਹੀ ਉਹਨੇ ਆਪਣੀ ਮਰਜ਼ੀ ਨਾਲ ਮੇਰੀ ਬਾਂਹ ਛੱਡ ਦਿਤੀ, ਅਤੇ ਮੈਨੂੰ ਉਹਦੇ ਕੋਲੋਂ ਛੁਟਕਾਰਾ ਲੈਣ ਲਈ ਕੋਈ ਬਹਾਨਾ ਵੀ ਬਨਾਉਣ ਦੀ ਲੋੜ ਨਾ ਪਈ। ਜਿਉਂ ਹੀ ਮੈਂ ਦਰਵਾਜੇ ਨੂੰ ਧੱਕਾ ਦਿੱਤਾ, ਅਤੇ ਹਾਲ ਵਿਚ ਦਾਖਲ ਹੋਈ, ਮੈਂ ਵੇਖਿਆ ਕਾਉਂਟ ਬੈਗ ਵਿਚ ਇਕ ਚਿੱਠੀ ਪਾ ਰਿਹਾ ਸੀ।

ਚਿੱਠੀ ਪਾ ਚੁਕਣ ਮਗਰੋਂ ਉਹਨੇ ਬੈਗ ਬੰਦ ਕੀਤਾ, ਅਤੇ ਮੈਨੂੰ ਮੈਡਮ ਫ਼ੋਸਕੋ ਬਾਰੇ ਪੁੱਛਿਆ ਕਿ ਮੈਂ ਉਹਨੂੰ ਕਿਥੇ ਛੱਡ ਆਈ ਸਾਂ। ਮੈਂ ਉਹਨੂੰ ਦੱਸਿਆ ਅਤੇ ਉਹ ਇਕਦਮ ਹਾਲ ਵਿਚੋਂ ਨਿਕਲ ਕੇ ਬਾਹਰ ਆਪਣੀ ਪਤਨੀ ਕੋਲ ਚਲਾ ਗਿਆ। ਉਹ ਵੀ ਪਹਿਲਾਂ ਨਾਲੋਂ ਵਧੇਰੇ ਚੁਪੀਤਾ ਨਜ਼ਰ ਆ ਰਿਹਾ ਸੀ; ਏਨਾ ਕਿ ਮੈਂ ਉਹਦੇ ਪਿਛੇ ਵੇਖਿਆ ਅਤੇ ਸੋਚਿਆ ਕਿ ਕੀ ਉਹ ਠੀਕ ਹੈ ਜਾਂ ਨਹੀਂ।

ਮੈਂ ਉਹਦੇ ਜਾਣ ਮਗਰੋਂ; ਇਕਾ ਇਕ ਕਿਉਂ ਚਿੱਠੀਆਂ ਦੇ ਬੈਗ ਵੱਲ ਗਈ, ਚਿੱਠੀ ਕੱਢਕੇ ਉਹਨੂੰ ਵੇਖਿਆ, ਤੇ ਦੂਜੀ ਵਾਰ ਪਾਉਣ ਤੋਂ ਪਹਿਲਾਂ ਮੋਹਰ ਲਾਉਣ ਦਾ ਸੋਚਿਆ ਤਾਂ ਜੋ ਇਹ ਵੱਧ ਸੁਰੱਖਿਅਤ ਹੋ ਜਾਏ; ਮੈਂ ਇਸ ਦਾ ਉੱਤਰ ਨਹੀਂ ਦੇ ਸਕਦੀ। ਇਹ ਉਹ ਰਾਜ ਹਨ, ਜੋ ਮੇਰੀ ਸਮਝ ਵਾਸਤੇ ਜਾਂ ਤਾਂ ਬਹੁਤ ਡੂੰਘੇ ਹਨ, ਜਾਂ ਬਿਲਕੁਲ ਨਹੀਂ।

ਪਰ ਇੰਜ਼ ਮੈਂ ਕਿਉਂ ਕੀਤਾ, ਇਸ ਦਾ ਜਵਾਬ ਦੇਣੋਂ ਮੈਂ ਅਸਮੱਰਥ ਹਾਂ। ਸਭ ਜਾਣਦੇ ਹਨ ਕਿ ਔਰਤਾਂ ਹਰ ਸਮੇਂ ਅਜਿਹੀ ਭਾਵਨਾ ਵਾਸਤੇ ਕੰਮ ਕਰਦੀਆਂ ਹਨ, ਜਿਨ੍ਹਾਂ ਨੂੰ ਉਹ ਆਪ ਵੀ ਨਹੀਂ ਸਮਝ ਸਕਦੀਆਂ; ਅਤੇ ਮੇਰਾ ਖਿਆਲ ਹੈ ਕਿ ਅਜਿਹੀ ਹੀ ਕਿਸੇ ਭਾਵਨਾ ਦੇ ਅਧੀਨ ਮੈਂ ਉਸ ਵੇਲੇ ਅਜਿਹਾ ਕੰਮ ਕੀਤਾ ਹੋਵੇਗਾ।

ਇਸ ਦਾ ਕਾਰਣ ਭਾਵੇਂ ਕੀ ਵੀ ਸੀ, ਮੈਂ ਆਪਣੇ ਆਪ ਨੂੰ ਵਧਾਈ ਦਿਤੀ ਕਿ ਮੈਂ ਉਸ ਚਿੱਠੀ ਨੂੰ ਮੋਹਰ ਲਾਣ ਲਈ ਆਪਣੇ ਕਮਰੇ ਵਿਚ ਵਾਪਸ ਲੈ ਆਈ ਸਾਂ। ਮੈਂ ਲਿਫਾਫੇ ਨੂੰ ਪਹਿਲੀ ਵਾਰੀ ਗੂੰਦ ਲਾ ਕੇ ਅਤੇ ਚੰਗੀ ਤਰ੍ਹਾਂ ਦਬਾ ਕੇ ਬੰਦ ਕੀਤਾ ਸੀ; ਅਤੇ ਜਦ ਪੌਣੇ ਘੰਟੇ

ਮਗਰੋਂ ਮੈਂ ਇਸਨੂੰ ਖੋਲ੍ਹਣ ਲੱਗੀ ਤਾਂ ਇਹ ਇਕਦਮ ਹੀ ਖੁਲ ਗਿਆ। ਸ਼ਾਇਦ ਇਹਨੂੰ ਠੀਕ ਬੰਦ ਨਹੀਂ ਕੀਤਾ ਸੀ? ਜਾਂ ਸ਼ਾਇਦ ਗੂੰਦ ਵਿਚ ਹੀ ਕੋਈ ਨੁਕਸ ਸੀ?

ਜਾਂ ਸ਼ਾਇਦ-ਨਹੀਂ। ਇਹ ਤੀਜੀ ਸ਼ੰਕਾ ਕਰਨਾ ਵੀ ਘ੍ਰਿਣਾਮਈ ਹੈ ! ਮੈਂ ਨਹੀਂ ਚਾਹੁੰਦੀ ਕਿ ਮੈਨੂੰ ਇਹ ਗੱਲ ਏਨੇ ਸਪੱਸ਼ਟ ਰੂਪ ਵਿਚ ਦਿਸੇ।

ਮੈਨੂੰ ਕੱਲ੍ਹ ਬਾਰੇ ਡਰ ਲੱਗ ਰਿਹਾ ਹੈ- ਕੱਲ੍ਹ ਮੇਰੇ ਸਵੈ-ਕਾਬੂ ਅਤੇ ਸਿਆਣਪ ਉਤੇ ਕਿੰਨਾ ਕੁਝ ਨਿਰਭਰ ਕਰਦਾ ਹੈ। ਕੱਲ੍ਹ ਦੋ ਗੱਲਾਂ ਤੋਂ ਮੈਂ ਖ਼ਬਰਦਾਰ ਰਹਿਣਾ ਹੈ, ਅਤੇ ਇਨ੍ਹਾਂ ਨੂੰ ਭੁੱਲਣਾ ਨਹੀਂ। ਇਕ ਤਾਂ ਕਾਂਊਟ ਨਾਲ ਰਲਮਿਲ ਕੇ ਹੀ ਰਹਿਣਾ ਹੈ; ਅਤੇ ਜਦੋਂ ਕੋਈ ਸੁਨੇਹਾ ਲੈ ਕੇ ਆਵੇ ਤਾਂ ਮੈਨੂੰ ਇੰਨਾ ਹੁਸ਼ਿਆਰ ਹੋਣਾ ਚਾਹੀਦਾ ਹੈ ਕਿ ਚਿੱਠੀ ਮੈਂ ਆਪ ਹੀ ਲਵਾਂ।

(5)

ਸਤਾਰਾਂ ਜੂਨ- ਜਦੋਂ ਰੋਟੀ ਵੇਲੇ ਅਸੀਂ ਸਭ ਮੁੜ ਇਕੱਠੇ ਹੋਏ, ਤਾਂ ਕਾਂਊਟ ਰੋਜ਼ ਵਾਂਗ ਆਪਣੇ ਬੜੇ ਚੰਗੇ ਮੂਡ ਵਿਚ ਸੀ। ਉਹ ਖਾਸ ਯਤਨ ਨਾਲ ਮਜ਼ੇਦਾਰ ਗੱਲਾਂ ਕਰਕੇ ਸਾਡਾ ਦਿਲ ਪਰਚਾਵਾ ਕਰਨਾ ਚਾਹੁੰਦਾ ਸੀ। ਜਿਵੇਂ ਉਹ ਨੇ ਇਹ ਨਿਸ਼ਚਾ ਕੀਤਾ ਹੋਵੇ ਕਿ ਜੋ ਕੁਝ ਲਾਇਬਰੇਰੀ ਵਿਚ ਹੋਇਆ ਸੀ, ਉਸ ਦੀ ਆਚ ਸਾਡੇ ਦਿਲਾਂ ਵਿਚੋਂ ਉੱਕਾ ਹੀ ਮਿਟਾ ਦੇਏਗਾ। ਉਹ ਆਪਣੀਆਂ ਯਾਤਰਾਵਾਂ ਦੇ ਰੋਚਿਕ ਕਿੱਸੇ ਸੁਣਾ ਰਿਹਾ ਸੀ; ਉਨਾਂ ਲੋਕਾਂ ਬਾਰੇ ਮਜ਼ੇਦਾਰ ਘਟਨਾਵਾਂ ਜੋ ਉਹਨੂੰ ਸਫ਼ਰ ਦੇ ਦੌਰਾਨ ਮਿਲੇ ਸਨ; ਕਈ ਕੌਮਾਂ ਦੇ ਸਮਾਜਿਕ ਰੀਤੀ ਰਿਵਾਜ, ਯੂਰਪ ਦੇ ਮਰਦਾਂ ਅਤੇ ਇਸਤਰੀਆਂ ਦੇ ਉਦਾਹਰਣ ਦੇ ਦੇ ਕੇ ਵੇਰਵੇ ਸਹਿਤ ਬਿਆਨ ਕਰ ਰਿਹਾ ਸੀ; ਆਪਣੀ ਜਵਾਨੀ ਦੀਆਂ ਨਿਰਛੱਲ ਬੇਵਕੂਫੀਆਂ, ਜਦੋਂ ਉਹ ਇਟਲੀ ਦੇ ਇਕ ਨਿੱਕੇ ਜਿਹੇ ਕਸਬੇ ਵਿਚ ਫੈਸ਼ਨਏਬਲ ਗਿਣਿਆ ਜਾਂਦਾ ਸੀ; ਅਤੇ ਫਰਾਂਸੀਸੀ ਸਾਹਿਤ ਨੂੰ ਆਦਰਸ਼ ਮੰਨ ਕੇ ਘਟੀਆ ਕਿਸਮ ਦੀਆਂ ਰੋਮਾਂਚਕ ਕਹਾਣੀਆਂ ਇਤਾਲਵੀ ਅਖਬਾਰਾਂ ਵਿਚ ਛਪਵਾਇਆ ਕਰਦਾ ਸੀ ਇਹ ਸਭ ਘਟਨਾਵਾਂ ਦਾ ਵਰਨਣ ਉਹਦੇ ਮੂੰਹੋਂ ਤੇਜ਼ ਪ੍ਰਵਾਹ ਵਿਚ ਹੋ ਰਿਹਾ ਸੀ, ਅਤੇ ਬੜਾ ਦਿਲਚਸਪ ਲੱਗ ਰਿਹਾ ਸੀ। ਅਸੀਂ ਉਤਸੁਕਤਾ ਨਾਲ ਉਹਦੀਆਂ ਗੱਲਾਂ ਸੁਣ ਰਹੀਆਂ ਸਾਂ, ਅਤੇ ਉਹਨੇ ਸਾਡਾ ਸਭ ਦਾ ਧਿਆਨ ਕੀਲਿਆ ਹੋਇਆ ਸੀ। ਅਸੀਂ, ਮੈਂ ਅਤੇ ਲਾਰਾ ਉਹਦੀਆਂ ਗੱਲਾਂ ਉਸੇ ਤਰ੍ਹਾਂ ਇਕਾਗਰਤਾ, ਅਤੇ ਨਾ ਚਾਹੁੰਦੀਆਂ ਹੋਈਆਂ ਵੀ

ਪ੍ਰਸ਼ੰਸਾ ਨਾਲ ਸੁਣ ਰਹੀਆਂ ਸਾਂ, ਜਿਵੇਂ ਕਿ ਮੈਡਮ ਫ਼ੋਸਕੋ। ਔਰਤ, ਮਰਦ ਦੇ ਪਿਆਰ, ਸ਼ੁਹਰਤ, ਪੈਸੇ, ਅਤੇ ਉਹਦੀ ਸੂਰਤ ਦੇ ਜਾਦੂ ਅੱਗੇ ਤਾਂ ਪੱਥਰ ਹੋ ਸਕਦੀ ਹੈ; ਪਰ ਉਹ ਉਹਦੀਆਂ ਗੱਲਾਂ ਦੇ ਜਾਦੂ ਅੱਗੇ ਪਾਣੀ ਬਣ ਜਾਂਦੀ ਹੈ; ਜੇ ਉਹ ਗੱਲਾਂ ਕਰਨੀਆਂ ਜਾਣਦਾ ਹੋਵੇ, ਤਾਂ ਉਹ ਪਿਘਲ ਜਾਂਦੀ ਹੈ।

ਰੋਟੀ ਮਗਰੋਂ ਜਦੋਂ ਕਾਂਊਟ ਦਾ ਇਹ ਪ੍ਰਭਾਵ ਸਾਡੇ ਦਿਲਾਂ ਉਤੇ ਗੂੜਾ ਹੀ ਸੀ, ਉਹ ਲਾਇਬਰੇਰੀ ਵਿਚ ਪੜ੍ਹਨ ਲਈ ਚਲਾ ਗਿਆ।

ਲਾਰਾ ਨੇ ਬਾਹਰ ਸੈਰ ਕਰਨ ਜਾਣ ਦੀ ਸਲਾਹ ਬਣਾਈ ਸਾਡਾ ਸਲੀਕੇ ਵਸ ਕਾਂਊਟਸ ਨੂੰ ਨਾਲ ਚਲਣ ਲਈ ਕਹਿਣਾ ਬਣਦਾ ਸੀ, ਪਰ ਇਸ ਸਮੇਂ ਜਾਪਦਾ ਸੀ ਕਿ ਉਹਨੂੰ ਉਹਦੀ ਆਗਿਆ ਪਹਿਲਾਂ ਹੀ ਮਿਲ ਚੁੱਕੀ ਸੀ, ਅਤੇ ਉਹਨੇ ਖਿਮਾਂ ਮੰਗਦਿਆਂ ਕਿਹਾ, ਕਿ ਉਹ ਨਹੀਂ ਜਾ ਸਕੇਗੀ, "ਕਿਉਂਕਿ ਕਾਂਊਟ ਦੇ ਸਿਗਰਟ ਮੁਕੇ ਹੋਏ ਹਨ" ਅਤੇ ਨਾਲ ਹੀ ਉਹਨੇ ਇਹ ਜੋੜਿਆ ਕਿ 'ਹਰ ਕੋਈ ਉਹਦੀ ਤਸੱਲੀ ਦੇ ਬਣਾ ਨਹੀਂ ਸਕਦਾ! ਇਹ ਕਹਿੰਦਿਆਂ ਉਹ ਦੀਆਂ ਬਰਫ ਵਰਗੀਆਂ ਨੀਲੀਆਂ ਅੱਖਾਂ ਵਿਚ ਪਿਆਰ ਦੀ ਗਰਮੀ ਦਿਸੀ -ਉਹ ਇਸ ਗੱਲ ਤੇ ਘੁਮੰਡ ਕਰ ਰਹੀ ਜਾਪਦੀ ਸੀ ਕਿ ਉਹਦਾ ਮਾਲਕ, ਉਹਦਾ ਰਾਹੀਂ ਤਮਾਕੂ ਪੀ ਕੇ ਆਪਣੀ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

ਮੈਂ ਅਤੇ ਲਾਰਾ ਦੋਵੇਂ ਬਾਹਰ ਚਲੀਆਂ ਗਈਆਂ। ਇਹ ਇਕ ਧੁੰਦ-ਭਰੀ ਭਾਰੀ ਸ਼ਾਮ ਸੀ। ਹਵਾ ਵਿਚ ਥੋੜ੍ਹੀ ਨਮੀ ਜਾਪਦੀ ਸੀ। ਬਗੀਚੇ ਵਿਚ ਫੁੱਲ ਕੁਮਲਾ ਗਏ ਸਨ; ਅਤੇ ਜ਼ਮੀਨ ਸੁੱਕੀ ਪੁੱਕੀ ਪਈ ਸੀ। ਦਰਖਤਾਂ ਵਿਚੋਂ ਦੀ ਪੱਛਮ ਵੱਲ ਵੇਖਿਆਂ ਸਾਨੂੰ ਪੀਲੀ ਪੀਲੀ ਰੌਸ਼ਨੀ ਦਿੱਸੀ। ਸੂਰਜ ਇਕ ਧੁੰਦਲਕੇ ਵਿਚ ਡੁੱਬ ਰਿਹਾ ਸੀ। ਜਾਪਦਾ ਸੀ, ਬਾਰਸ਼ ਹੋਣ ਵਾਲੀ ਸ਼ਾਇਦ ਰਾਤ ਤੀਕ ਹੋ ਹੀ ਜਾਵੇ।

"ਅਸੀਂ ਕਿਧਰ ਚਲੀਏ?' ਮੈਂ ਪੁੱਛਿਆ।

"ਝੀਲ ਵੱਲ, ਮੇਰੀਅਨ, ਪਰ ਜੋ ਤੇਰੀ ਵੀ ਮਰਜ਼ੀ ਹੋਵੇ।"

'ਤੈਨੂੰ ਇਸ ਨਹਿਸ਼ ਝੀਲ ਨਾਲ ਪਿਆਰ ਹੋ ਗਿਆ ਜਾਪਦਾ ਹੈ ਲਾਰਾ।" "ਨਹੀਂ"- ਝੀਲ ਨਾਲ ਨਹੀਂ"। ਇਸਦੇ ਆਲੇ ਦੁਆਲੇ ਦੇ ਨਜ਼ਾਰੇ ਨਾਲ। ਰੇਤ ਅਤੇ ਲੰਮਾ ਲੰਮਾ ਘਾਹ। ਚੀਜਾਂ ਦੇ ਰੱਖ, ਬੱਸ ਇਹ ਹੀ ਚੀਜ਼ਾਂ ਹਨ, ਜੋ ਇਸ ਇੰਨੀ ਵੱਡੀ ਥਾਂ ਵਿਚ ਮੈਨੂੰ ਲਿਮਰਿਜ ਦੀ ਯਾਦ

ਦਿਵਾਂਦੀਆਂ ਹਨ। ਪਰ ਜੇ ਤੇਰੀ ਮਰਜੀ ਉਧਰ ਜਾਣ ਦੀ ਨਹੀਂ ਤਾਂ ਅਸੀਂ ਕਿਸੇ ਹੋਰ ਪਾਸੇ ਚਲਦੀਆਂ ਹਾਂ।"

"ਬਲੈਕਵਾਟਰ ਪਾਰਕ ਵਿਚ ਮੇਰੀ ਖਾਸ ਪਿਆਰੀ ਥਾਂ ਕੋਈ ਵੀ ਨਹੀਂ। ਮੇਰੇ ਲਈ ਸਾਰੇ ਪਾਸੇ ਇਕੋ ਜਿਹੇ ਹ। ਅਸੀਂ ਝੀਲ ਵੱਲ ਹੀ ਚਲਦੀਆਂ ਹਾਂ, ਸ਼ਾਇਦ ਉਥੇ ਖੁਲ੍ਹੀ ਥਾਂ ਹੋਣ ਕਰਕੇ ਇਥੇ ਨਾਲੋਂ ਗਰਮੀ ਘੱਟ ਹੋਵੇ।"

ਅਸੀਂ ਚੀੜ੍ਹ ਦੇ ਬਾਗੀਚੇ ਵਿਚੋਂ ਚੁੱਪ ਚਾਪ ਲੰਘ ਗਈਆਂ ਭਾਰੀ ਸ਼ਾਮ ਨੇ ਸਾਨੂੰ ਦੋਹਾਂ ਨੂੰ ਉਦਾਸ ਕਰ ਦਿੱਤਾ ਸੀ, ਅਤੇ ਜਦੋਂ ਅਸੀਂ ਬੋਟ ਹਾਊਸ ਪੁੱਜੀਆਂ ਤਾਂ ਉਥੇ ਬੈਠਕੇ ਸਾਨੂੰ ਸਚਮੁਚ ਆਰਾਮ ਮਹਿਸੂਸ ਹੋਇਆ।

ਝੀਲ ਉਪਰ ਚਿੱਟੀ ਧੁੰਦ ਛਾਈ ਹੋਈ ਸੀ; ਪਰਲੇ ਪਾਸੇ ਸੰਘਣੇ ਰੁੱਖਾਂ ਦੀ ਕਤਾਰ ਇਹਦੇ ਉਪਰ ਇੰਜ ਲੱਗ ਰਹੀ ਸੀ, ਜਿਵੇਂ ਕੋਈ ਛੋਟਾ ਜੰਗਲ ਅਸਮਾਨ ਵਿਚ ਤੈਰ ਰਿਹਾ ਹੋਵੇ। ਰੇਤਲੀ ਜ਼ਮੀਨ ਜੋ ਸਾਡੇ ਪੈਰਾ ਕੋਲ ਹੀ ਸ਼ੁਰੂ ਹੁੰਦੀ ਸੀ, ਇਸ ਵੇਲੇ ਭੇਤ-ਭਰੀ ਧੁੰਦ ਵਿਚ ਗਵਾਚ ਗਈ ਜਾਪਦੀ ਸੀ। ਬੜੀ ਭਿਆਨਕ ਚੁੱਪ ਸੀ, ਕਿਧਰੇ ਕਿਸੇ ਪੱਤੇ ਦਾ ਖੜਾਕ ਨਹੀਂ ਹੀ- ਜੰਗਲ ਵਿਚੋਂ ਕਿਧਰ ਕਿਸੇ ਪੰਛੀ ਦੀ ਆਵਾਜ਼ ਨਹੀਂ ਸੀ; ਛੁਪੀ ਹੋਈ ਝੀਲ ਦੇ ਪਾਣੀ ਵਿਚੋਂ ਕਿਸੇ ਬਗਲੇ ਦੀ ਚੀਕ ਨਹੀਂ ਸੀ; ਇਥੋਂ ਤੀਕ ਕਿ ਡੱਡੂਆਂ ਨੇ ਵੀ ਅੱਜ ਰਾਤ ਬੋਲਣਾ ਬੰਦ ਕਰ ਦਿੱਤਾ ਹੋਇਆ ਸੀ।

"ਇਥੇ ਬੜੀ ਉਜਾੜ ਅਤੇ ਉਦਾਸੀ ਹੈ।" ਲਾਰਾ ਬੋਲੀ। "ਪਰ ਸਾਨੂੰ ਇਥੇ ਹੀ ਇਕੱਲ ਅਤੇ ਇਕਾਂਤ ਮਿਲ ਸਕਦੀ ਹੈ।"

ਉਹ ਬੜੇ ਸ਼ਾਂਤ ਲਹਿਜੇ ਵਿਚ ਗੱਲ ਕਰ ਰਹੀ ਸੀ, ਅਤੇ ਬੜੀਆਂ ਸੋਚਵਾਨ ਅੱਖਾਂ ਨਾਲ ਰੇਤ ਅਤੇ ਧੁੰਦ ਦੀ ਉਜਾੜ ਵੱਲ ਟਿਕਟਿਕੀ ਲਾ ਕੇ ਦੇਖ ਰਹੀ ਸੀ। ਪਰ ਮੈਂ ਸਮਝ ਸਕਦੀ ਸਾਂ ਕਿ ਉਹਦਾ ਧਿਆਨ ਕਿਧਰੇ ਹੋਰ ਹੈ, ਅਤੇ ਉਹ ਇਸ ਬਾਹਰ ਦੀ ਉਦਾਸੀ ਨੂੰ ਇੰਨਾਂ ਮਹਿਸੂਸ ਨਹੀਂ ਸੀ ਕਰ ਰਹੀ; ਉਹ ਮੇਰੇ ਵੱਲ ਵੇਖ ਕੇ ਬੋਲੀ।

ਮੈਂ ਤੈਨੂੰ ਕਿਹਾ ਸੀ, ਕਿ ਮੈਂ ਤੈਨੂੰ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਸੱਚ ਦਸਾਂਗੀ; ਅਤੇ ਤੈਨੂੰ ਅਨੁਮਾਨ ਲਾਉਣ ਲਈ ਕੁਝ ਨਹੀਂ ਛੁਪਾਵਾਂਗੀ; ਉਹਨੇ ਗੱਲ ਸ਼ੁਰੂ ਕੀਤੀ। "ਇਹ ਪਹਿਲਾ ਰਾਜ ਸੀ, ਜੋ ਮੈਂ ਤੇਰੇ ਕੋਲੋਂ ਛੁਪਾਇਆ ਸੀ; ਅਤੇ ਇਹ ਮੇਰਾ ਨਿਸ਼ਚਾ ਹੈ, ਕਿ ਇਹ ਅਖੀਰੀ ਹੋਵੇਗਾ। ਮੈਂ ਹੁਣ ਤੀਕ ਚੁੱਪ ਰਹੀ ਹਾਂ ਕੁਛ ਆਪਣੀ ਖਾਤਰ ਕੁਛ ਤੇਰੀ ਖਾਤਰ। ਇਹ

ਗੱਲ ਆਪਣੇ ਮੂੰਹੋਂ ਕਿਸੇ ਵੀ ਔਰਤ ਲਈ ਕਹਿਣੀ ਬੜੀ ਮੁਸ਼ਕਲ ਹੈ, ਕਿ ਉਹ ਪੁਰਸ਼, ਜਿਸਨੂੰ ਉਹਨੇ ਆਪਣੀ ਸਾਰੀ ਜ਼ਿੰਦਗੀ ਅਰਪਨ ਕਰ ਦਿਤੀ ਹੈ; ਉਹ ਉਹਦੀ ਇਸ ਸੌਗਾਤ ਦੀ ਕੋਈ ਪਰਵਾਹ ਅਤੇ ਕਦਰ ਨਹੀਂ ਕਰਦਾ। ਮੇਰੀਅਨ, ਜੇ ਤੂੰ ਕਦੀ ਵਿਆਹੀ ਹੁੰਦੀ, ਅਤੇ ਖਾਸ ਕਰਕੇ ਜੇ ਤੂੰ ਵਿਆਹ ਵਿਚ ਖੁਸ਼ ਅਤੇ ਸੰਤੁਸ਼ਟ ਹੁੰਦੀ, ਤਾਂ ਤੂੰ ਮੇਰੇ ਲਈ ਕੁਝ ਮਹਿਸੂਸ ਕਰਦੀ, ਜੋ ਕੋਈ ਕੁਆਰੀ ਔਰਤ ਮਹਿਸੂਸ ਨਹੀਂ ਕਰ ਸਕਦੀ, ਭਾਵੇਂ ਉਹ ਕਿੰਨੀ ਦਇਆਲੂ ਅਤੇ ਸੱਚੀ ਹੋਵੇ।"

ਮੈਂ ਇਸ ਦਾ ਕੀ ਉੱਤਰ ਦੇਂਦੀ? ਮੈਂ ਸਿਰਫ ਉਹਦਾ ਹੱਥ ਫੜ ਕੇ, ਆਪਣਾ ਦਿਲ ਆਪਣੀਆਂ ਅੱਖਾਂ ਰਾਹੀਂ ਪ੍ਰਗਟਾਉਣ ਦਾ ਹਰ ਸੰਭਵ ਜਤਨ ਕਰ ਸਕਦੀ ਸਾਂ।

"ਮੈਂ ਕਿੰਨੀ ਵਾਰੀ ਤੈਨੂੰ ਆਪਣੀ ਗਰੀਬੀ ਉਤੇ ਹੱਸਦਿਆਂ ਤਕਿਆ ਹੈ।" ਉਹ ਕਹਿੰਦੀ ਗਈ। "ਕਿੰਨੀ ਵਾਰੀ ਤੂੰ ਮੈਨੂੰ ਮੇਰੀ ਦੌਲਤ ਕਰਕੇ ਵਧਾਈਆਂ ਦਿੱਤੀਆਂ ਹਨ! ਓ ਮੇਰੀਅਨ ! ਹੁਣ ਇਸ ਤਰ੍ਹਾਂ ਕਦੀ ਵੀ ਨਾ ਹੱਸੀ ! ਆਪਣੀ ਗਰੀਬੀ ਲਈ ਰੱਬ ਦਾ ਸ਼ੁਕਰ ਕਰ, ਗਰੀਬੀ ਕਰਕੇ ਹੀ ਤੂੰ ਆਪਣੀ ਮਰਜ਼ੀ ਦੀ ਮਾਲਕ ਹੈ ਅਤੇ ਇਸੇ ਕਰਕੇ ਹੀ ਤੂੰ ਉਸ 'ਦੁਰਭਾਗ' ਤੋਂ ਬਚ ਗਈ ਹੈ ਜੋ ਮੇਰੇ ਹਿੱਸੇ ਆਇਆ ਹੈ।'"

ਇਕ ਨਵੀਂ ਵਿਆਹੀ ਕੁੜੀ ਦੇ ਮੂੰਹੋਂ ਇਹ ਸ਼ਬਦ ਬੜੇ ਉਦਾਸ ਜਾਪੇ ! ਉਦਾਸ ਕਿਉਂਕਿ ਉਹ ਸਾਫ ਸ਼ਬਦਾਂ ਵਿਚ ਸੱਚ ਬੋਲ ਰਹੀ ਸੀ। ਬਲੈਕਵਾਟਰ ਪਾਰਕ ਵਿਚ ਬਿਤਾਏ ਇਨ੍ਹਾਂ ਦਿਨਾਂ ਤੋਂ ਮਗਰੋਂ ਮੈਨੂੰ ਪਤਾ ਲੱਗ ਚੁੱਕਾ ਸੀ- ਅਤੇ ਹਰ ਕੋਈ ਇਹ ਗੱਲ ਵੇਖ ਸਕਦਾ ਸੀ, ਕਿ ਉਹਦੇ ਪਤੀ ਨੇ ਉਸ ਨਾਲ ਵਿਆਹ ਕਿਉਂ ਕਰਵਾਇਆ ਸੀ।

"ਤੂੰ ਇਹ ਸੁਣ ਕੇ ਦੁਖੀ ਨਾ ਹੋਵੀ," ਉਹਨੇ ਕਿਹਾ। "ਕਿ ਇਹ ਨਿਰਾਸ਼ਾ ਮੈਨੂੰ ਕਿੰਨੀ ਜਲਦੀ ਹੋਈ, ਮੇਰੀਆਂ ਮੁਸੀਬਤਾਂ ਵਿਆਹ ਨਾਲ ਹੀ ਸ਼ੁਰੂ ਹੋ ਗਈਆਂ ਸਨ, ਘੱਟ ਤੋਂ ਘੱਟ ਮੈਨੂੰ ਪਤਾ ਲੱਗ ਗਿਆ ਸੀ ਕਿ ਉਹ ਕਿਸ ਕਿਸਮ ਦੀਆਂ ਸਨ। ਮੈਨੂੰ ਹੁਣ ਇਨ੍ਹਾਂ ਗੱਲਾਂ ਦੀ ਯਾਦ ਵੀ ਤੰਗ ਕਰਦੀ ਹੈ। ਮੈਂ ਤੈਨੂੰ ਸਿਰਫ ਇਕੋ ਹੀ ਘਟਨਾ ਦੱਸਾਂਗੀ ਮੇਰੀ ਉਹ ਪਹਿਲੀ ਅਤੇ ਅਖੀਰਲੀ ਕੋਸ਼ਿਸ਼ ਸੀ ਕਿ ਉਸ ਨਾਲ ਸਮਝੌਤਾ ਕਰ ਲਵਾਂ, ਅਤੇ ਉਸ ਦਾ ਉਹਨੇ ਕਿਸ ਤਰ੍ਹਾਂ ਸਵਾਗਤ ਕੀਤਾ, ਇਹ ਸੁਣ ਕੇ ਹੀ ਤਾਂ ਸਮਝ ਲਵੇਂਗੀ ਕਿ ਉਹ ਮੇਰੇ ਨਾਲ ਸਦਾ ਕਿਹੋ ਜਿਹਾ ਵਰਤਾਰਾ ਕਰਦਾ ਰਿਹਾ ਹੈ। ਰੋਮ ਵਿਚ ਅਸੀਂ ਇਕ ਦਿਨ ਘੋੜਿਆਂ ਤੇ ਸੀ ਸਿਲੀਆ ਮੀਟੈਲਾ

ਦੀ ਕਬਰ ਤੇ ਗਏ ਸਾਂ, ਅਸਮਾਨ ਨੀਲਾ ਅਤੇ ਸਵੱਛ ਸੀ, ਅਤੇ ਉਹ ਵਿਸ਼ਾਲ ਖ਼ੰਡਹਰ ਬੜਾ ਹੀ ਖ਼ੂਬਸੂਰਤ ਲੱਗ ਰਿਹਾ ਸੀ- ਇਸ ਖਿਆਲ ਨਾਲ ਕਿ ਪੁਰਾਣੇ ਸਮੇਂ ਵਿਚ ਇਕ ਪਤੀ ਨੇ ਅਪਣੀ ਪਤਨੀ ਦੀ ਯਾਦ ਵਿਚ ਇਹ ਬਣਵਾਇਆ ਸੀ ਮੇਰੇ ਦਿਲ ਵਿਚ ਵੀ ਆਪਣੇ ਪਤੀ ਲਈ ਉਹ ਭਾਵਨਾ ਜਾਗ ਪਈ ਜੋ ਪਹਿਲਾਂ ਅਜੇ ਤਕ ਨਹੀਂ ਸੀ ਜਾਗੀ।

"ਕੀ ਤੂੰ ਮੇਰੇ ਲਈ ਅਜਿਹੀ ਕਬਰ ਬਣਵਾਏਂਗਾ, ਪਰਸੀਵਲ?' ਮੈਂ ਉਹਨੂੰ ਪੁੱਛਿਆ 'ਤੂੰ ਵਿਆਹ ਤੋਂ ਪਹਿਲਾਂ ਮੈਨੂੰ ਕਿਹਾ ਸੀ, ਕਿ "ਤੂੰ ਮੈਨੂੰ ਬਹੁਤ ਪਿਆਰ ਕਰਦਾ ਹੈ, ਪਰ ਤਾਂ ਵੀ ਉਸ ਤੋਂ ਮਗਰੋਂ- "ਮੈਂ ਅੱਗੇ ਗੱਲ ਨਾ ਕਰ ਸਕੀ; ਮੇਰੀਅਨ ! ਉਹ ਮੇਰੇ ਵੱਲ ਵੇਖ ਵੀ ਨਹੀਂ ਸੀ ਰਿਹਾ ! ਮੈਂ ਆਪਣੀ ਨਕਾਬ ਨਾਲ ਮੂੰਹ ਕੱਜ ਲਿਆ ਤਾਂ ਜੋ ਉਹ ਮੇਰੀਆਂ ਅੱਖਾਂ ਵਿਚ ਹੰਝੂ ਨਾ ਵੇਖ ਸਕੇ; ਪਰ ਉਹਨੇ ਉਹ ਹੰਝੂ ਵੇਖ ਲਏ ਸਨ। ਉਹਨੇ ਮੇਰੀ ਸਾਰੀ ਗੱਲ ਸੁਣੀ ਸੀ। ਉਹਨੇ ਕਿਹਾ, 'ਚਲ ਚਲੀਏ।" ਅਤੇ ਮੈਨੂੰ ਮੇਰੇ ਘੋੜੇ ਤੇ ਬਿਠਾਇਆ। ਆਪ ਉਹ ਆਪਣੇ ਘੋੜੇ ਤੇ ਚੜ੍ਹਿਆ ਅਤੇ, ਥੋੜੇ ਚਿਰ ਮਗਰੋਂ ਹੱਸ ਕੇ ਬੋਲਿਆ। "ਜੇ ਮੈਂ ਤੇਰੇ ਲਈ ਕਬਰ ਬਣਵਾਂਗਾ ਤਾਂ ਇਹ ਤੇਰੇ ਆਪਣੇ ਹੀ ਪੈਸੇ ਨਾਲ ਬਣੇਗੀ; ਪਤਾ ਨਹੀਂ ਸੀ ਸਿਲੀਆਂ ਮੀਟੈਲਾ ਕੋਲ ਵੀ ਕੋਈ ਜਾਇਦਾਦ ਸੀ ਅਤੇ ਉਹਨੇ ਵੀ ਆਪਣੀ ਕਬਰ ਦੀ ਕੀਮਤ ਦਿੱਤੀ ਹੋਵੇ।' ਮੈਂ ਕੋਈ ਉੱਤਰ ਨਾ ਦਿੱਤਾ, ਮੈਂ ਦੇ ਹੀ ਕਿੰਜ ਸਕਦੀ ਸਾਂ, ਜਦ ਨਕਾਬ ਦੇ ਉਹਲੇ ਮੈਂ ਰੋ ਰਹੀ ਸਾਂ? "ਤੁਸੀਂ ਗੋਰੇ ਰੰਗ ਦੀਆਂ ਔਰਤਾਂ ਸਭ ਰੋਂਣੀਆਂ ਹੁੰਦੀਆਂ ਹੋ। ਤੈਨੂੰ ਕੀ ਚਾਹੀਦਾ ਹੈ?' ਉਹ ਬੋਲਿਆ, "ਕਿ ਤੇਰੀ ਪ੍ਰਸ਼ੰਸਾ ਅਤੇ ਮਿੱਠੀਆਂ ਮਿੱਠੀਆਂ ਗੱਲਾਂ ਕਰਾਂ? ਹੱਛਾ, ਤਾਂ ਮੈਂ ਅੱਜ ਖੁਸ਼ ਹਾਂ। ਤੂੰ ਇਹ ਸੋਚ ਲੈ ਕਿ ਮੈਂ ਤੇਰੀ ਪ੍ਰਸ਼ੰਸਾ ਕੀਤੀ ਹੈ, ਅਤੇ ਨਾਲ ਮਿੱਠੀਆ ਮਿੱਠੀਆਂ ਗੱਲਾਂ ਵੀ ਕੀਤੀਆਂ ਹਨ।" ਮਰਦਾਂ ਨੂੰ ਪਤਾ ਨਹੀਂ ਲਗਦਾ, ਜਦੋਂ ਉਹ ਸਾਨੂੰ ਏਨੀਆਂ ਕਠੋਰ ਗੱਲਾਂ ਕਹਿ ਜਾਂਦੇ ਹਨ, ਅਸੀਂ ਉਨ੍ਹਾਂ ਗੱਲਾਂ ਨੂੰ ਭੁੱਲ ਨਹੀਂ ਸਕਦੀਆਂ ਅਤੇ ਸਾਨੂੰ ਉਹ ਇੰਨਾ ਨੁਕਸਾਨ ਪਹੁੰਚਾਂਦੀਆ ਹਨ। ਸ਼ਾਇਦ ਮੈਂ ਹੋਰ ਵੀ ਰੋਂਦੀ; ਪਰ ਉਹਦੇ ਵਿਅੰਗ ਨੇ ਮੇਰੇ ਹੰਝੂ ਸੁਕਾ ਦਿਤੇ; ਅਤੇ ਮੇਰਾ ਦਿਲ ਪੱਥਰ ਹੋ ਗਿਆ। ਉਸ ਦਿਨ ਤੋਂ ਮਗਰੋਂ ਮੈਂ ਕਦੀ ਆਪਣੇ ਆਪ ਨੂੰ ਵਾਲਟਰ ਹਾਰਟਰਾਈਟ ਬਾਰੇ ਸੋਚਣ ਲੱਗਿਆ ਕਦੀ ਨਹੀਂ ਟੁੱਕਿਆ। ਜਦੋਂ ਅਸੀਂ ਦੋਵੇਂ ਚੁੱਪ ਚੁੱਪ ਇਕ ਦੂਜੇ ਨੂੰ ਪਿਆਰ ਕਰਦੇ ਸਾਂ, ਮੈਂ ਉਨ੍ਹਾਂ ਦਿਨਾਂ ਦੀ ਯਾਦ ਕਰਕੇ ਆਪਣੇ ਦਿਲ ਨੂੰ ਧਰਵਾਸ ਦੇ ਲੈਂਦੀ ਸੀ। ਹਰ ਮੇਰੇ ਕੋਲ ਕੀ ਸੀ, ਜਿਸ ਨਾਲ ਮੈਂ ਆਪਣੇ ਆਪ ਨੂੰ ਤਸੱਲੀ ਦੇਂਦੀ ! ਜੇ ਅਸੀਂ

ਇਕੱਠੀਆਂ ਹੁੰਦੀਆਂ ਤਾਂ ਤੂੰ ਕੋਈ ਚੰਗਾ ਰਸਤਾ ਦਿਖਾਂਦੀ- ਮੈਂ ਜਾਣਦੀ ਸਾਂ ਮੇਰੀਅਨ, ਕਿ ਮੈਂ ਗਲਤੀ ਕਰ ਰਹੀ ਹਾਂ-- ਪਰ ਤੂੰ ਦੱਸ ਕਿ ਮੈਂ ਗਲਤ ਸਾਂ-?"

ਮੈਂ ਉਹਦੇ ਵਲੋਂ ਮੂੰਹ ਮੋੜ ਲੈਣ ਤੇ ਮਜ਼ਬੂਰ ਹੋ ਗਈ ਸਾਂ। "ਮੈਨੂੰ ਨਾ ਪੁੱਛ!" ਮੈਂ ਕਿਹਾ, "ਕੀ ਮੈਂ ਉਹ ਪੀੜ ਸਹੀ ਹੈ ਜੋ ਤੇਰੇ ਹਿੱਸੇ ਆਈ ਹੈ? ਤਾਂ ਮੈਨੂੰ ਕੀ ਅਧਿਕਾਰ ਹੈ, ਜੋ ਤੇਰੇ ਲਈ ਕੋਈ ਨਿਰਣਾ ਕਰਾਂ?" "ਮੈਂ" ਉਹਦੇ ਬਾਰੇ ਸੋਚਦੀ ਰਹਿੰਦੀ ਸਾਂ," ਉਹ ਮੇਰੇ ਨੇੜੇ ਹੋ ਗਈ ਅਤੇ ਆਵਾਜ਼ ਮੱਧਮ ਕਰਦੀ ਹੋਈ ਮੁੜ ਬੋਲੀ, "ਜਦ ਪਰਸੀਵਲ ਰਾਤੀ ਮੈਨੂੰ ਇਕੱਲਿਆਂ ਛੱਡ ਕੇ ਓਪੇਰਾ ਵੇਖਣ ਚਲਾ ਜਾਂਦਾ ਤਾਂ ਮੈਂ ਕਲਪਨਾ ਵਿਚ ਆਪਣੇ ਆਪ ਨੂੰ ਵੇਖਦੀ-ਜੇ ਮੈਂ ਗਰੀਬ ਹੁੰਦੀ ਅਤੇ ਜੇ ਮੈਂ ਉਹਦੀ ਪਤਨੀ ਹੁੰਦੀ; ਤਾਂ ਮੈਂ ਆਪਣੇ ਆਪ ਨੂੰ ਇਕ ਸਸਤੇ ਅਤੇ ਸਾਫ ਸੁਥਰੇ ਗਾਉਨ ਵਿਚ ਵੇਖਦੀ-ਮੈਂ ਉਹਦੀ ਘਰ ਬੈਠ ਕੇ ਉਡੀਕ ਕਰਦੀ ਅਤੇ ਉਹ ਬਾਹਰ ਜਾ ਕੇ ਸਾਡੇ ਲਈ ਰੋਟੀ ਕਮਾਂਦਾ; ਮੈਂ ਘਰ ਬੈਠ ਕੇ ਉਹਦੇ ਲਈ ਕੰਮ ਕਰਦੀ, ਅਤੇ ਉਹਨੂੰ ਹੋਰ ਵੀ ਪਿਆਰ ਕਰਦੀ; ਉਹ ਬਾਹਰੋਂ ਥੱਕਾ ਟੁੱਟਾ ਆਉਂਦਾ ਤਾਂ ਮੈਂ ਅਗੇ ਵਧ ਕੇ ਉਹਦਾ ਹੈਟ ਅਤੇ ਕੋਟ ਉਤਾਰਦੀ-ਮੇਰੀਅਨ ਉਹਨੂੰ ਰੋਟੀ ਵੇਲੇ ਕੋਈ ਨਵੀਆਂ ਚੀਜ਼ਾਂ ਬਣਾ ਕੇ ਖੁਆਉਂਦੀ ਜੋ ਮੈਂ ਸਿਰਫ ਉਸ ਲਈ ਸਿਖਦੀ -! ਮੈਂ ਆਸ ਕਰਦੀ ਹਾਂ ਕਿ ਉਹ ਕਦੀ ਏਨਾ ਇਕੱਲਾ ਅਤੇ ਉਦਾਸ ਨਹੀਂ ਹੋਵੇਗਾ, ਕਿ ਮੇਰੇ ਬਾਰੇ ਸੋਚੇ ਪਰ ਮੈਂ ਤਾਂ ਉਹਨੂੰ ਹੀ ਵੇਖਦੀ ਰਹੀ ਹਾਂ। ਅਤੇ ਉਹਦੇ ਬਾਰੇ ਹੀ ਸੋਚਦੀ ਰਹੀ ਹਾਂ।”

ਜਦੋਂ ਉਹਨੇ ਇਹ ਦੁੱਖ ਭਰੇ ਸ਼ਬਦ ਮੂੰਹੋਂ ਕੱਢੇ ਤਾਂ ਉਹਦੇ ਮੂੰਹ ਤੇ ਪਹਿਲੇ ਵਾਲੀ ਸੁੰਦਰਤਾ ਪਰਤ ਆਈ ਸੀ। ਉਹਦੀਆਂ ਅੱਖਾਂ ਝੀਲ ਦੀ ਨਹਿਸ਼, ਉਜਾੜ ਵੀਰਾਨੀ ਉਤੇ ਇੰਝ ਪਿਆਰ ਭਰੀ ਤੱਕਣੀ ਨਾਲ ਟਿਕੀਆਂ ਸਨ ਜਿਵੇਂ ਉਹ ਬਦਲਾਂ ਨਾਲ ਝੁਕੇ ਅਸਮਾਨ ਤੋਂ ਪਰੇ ਕੰਬਰਲੈਂਡ ਦੀਆਂ ਪਛਾਣੀਆਂ ਪਹਾੜੀਆਂ ਵੇਖ ਰਹੀ ਸੀ।

"ਹੁਣ ਵਾਲਟਰ ਦੀ ਹੋਰ ਗੱਲ ਨਾ ਕਰ", ਮੈਂ ਆਪਣੇ ਆਪ ਉਤੇ ਕਾਬੂ ਪਾ ਕੇ ਕਿਹਾ। 'ਲਾਰਾ ਹੁਣ ਉਹਦੀਆਂ ਗੱਲਾਂ ਨਾਲ ਅਸੀਂ ਦੋਵੇਂ ਹੀ ਦੁਖੀ ਹੋਵਾਂਗੀਆਂ।"

ਜੇ ਤੈਨੂੰ ਇਸ ਨਾਲ ਇਕ ਮਿੰਟ ਵੀ ਤਕਲੀਫ਼ ਪਹੁੰਚਦੀ ਹੋਵੇ ਤਾਂ ਮੈਂ ਸਾਰੀ ਜ਼ਿੰਦਗੀ ਉਹਦਾ ਨਾ ਨਹੀਂ ਲਵਾਂਗੀ।" ਉਹ ਸੁਪਨਿਆਂ ਵਿਚੋਂ ਜਗਾਕੇ ਮੇਰੇ ਨਾਲ ਪਿਆਰ ਨਾਲ ਬੋਲੀ।

"ਮੈਂ ਤੇਰੀ ਭਲਾਈ ਲਈ ਕਹਿ ਰਹੀ ਹਾਂ," ਮੈਂ ਉਹਦੀ ਮਿੰਨਤ ਕਰਦੀ ਨੇ ਕਿਹਾ, "ਜੇ ਤੇਰਾ ਪਤੀ ਸੁਣ ਲਏ -"

"ਜੇ ਉਹ ਮੈਨੂੰ ਸੁਣ ਲਵੇ ਤਾਂ ਉਹ ਹੈਰਾਨ ਨਹੀਂ ਹੋਵੇਗਾ?" ਉਹਨੇ ਇਹ ਉੱਤਰ ਬੜੇ ਥੱਕੇ ਹੋਏ ਲਹਿਜੇ ਵਿਚ ਦਿੱਤਾ - ਉਹਦੇ ਲਹਿਜੇ ਤੇ ਉੱਤਰ ਦੋਹਾਂ ਨੇ ਮੈਨੂੰ ਹੈਰਾਨ ਕਰ ਦਿੱਤਾ, "ਹੈਰਾਨ ਨਹੀਂ ਹੋਏਗਾ?" ਮੈਂ ਉਹਦੀ ਗੱਲ ਦੁਹਰਾਈ, 'ਲਾਰਾ ਤੂੰ ਕੀ ਕਹਿ ਰਹੀ-ਏਂ? ਕੀ ਤੂੰ ਮੈਨੂੰ ਡਰਾ ਰਹੀ ਏ?"

"ਇਹ ਸੱਚ ਹੈ," ਉਹ ਬੋਲੀ, "ਇਹੀ ਮੈਂ ਤੈਨੂੰ ਅੱਜ ਦੱਸਣਾ ਚਾਹੁੰਦਾ ਸਾਂ, ਜਦੋਂ ਅਸੀਂ ਤੇਰੇ ਕਮਰੇ ਵਿਚ ਬੈਠੀਆਂ ਗੱਲਾਂ ਕਰ ਰਹੀਆਂ ਸਾਂ। ਜਦੋਂ ਲਿਮਰਿਜ ਵਿਚ ਮੈਂ ਉਹਨੂੰ ਗੱਲ ਦੱਸੀ ਸੀ ਤਾਂ ਇਹ ਇਕ ਉਹ ਰਾਜ਼ ਸੀ, ਜਿਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚ ਸਕਦਾ, ਤੂੰ ਵੀ ਤਾਂ ਇਹੀ ਕਿਹਾ ਸੀ, ਮੈਂ ਸਿਰਫ ਉਹਨੂੰ ਨਾਂ ਨਹੀਂ ਸੀ ਦੱਸਿਆ, ਉਹ ਨਾਂ ਹੁਣ ਉਹ ਜਾਣਦਾ ਹੈ।"

ਮੈਂ ਉਹਦੀ ਗੱਲ ਸੁਣ ਰਹੀ ਸੀ; ਪਰ ਮੈਂ ਕੁਝ ਕਹਿ ਨਾ ਸਕੀ। ਮੇਰੇ ਦਿਲ ਵਿਚੋਂ ਅਖੀਰਲੀ ਆਸ-ਕਿਰਨ ਵੀ ਬੁੱਝ ਚੁੱਕੀ ਸੀ।

"ਇਹ ਘਟਨਾ ਵੀ ਰੋਮ ਵਿਚ ਹੀ ਹੋਈ ਸੀ।" ਉਹ ਬੋਲੀ, ਜਿਵੇਂ ਅੰਤਾਂ ਦੀ ਥੱਕੀ ਹੋਈ ਹੋਵੇ। ਅਸੀਂ ਇਕ ਛੋਟੀ ਜਿਹੀ ਪਾਰਟੀ ਤੇ ਗਏ ਸਾਂ, ਜੋ ਸਰ ਪਰਸੀਵਲ ਦੇ ਦੋਸਤਾਂ ਨੇ ਅੰਗਰੇਜ਼ ਲੋਕਾਂ ਨੂੰ ਦਿਤੀ ਸੀ; ਇਹ ਮਿੱਤਰ, ਮਿਸਟਰ ਅਤੇ ਮਿਸਜ਼ ਮਾਰਕਲੈਂਡ ਸਨ। ਮਿਸੇਜ਼ ਮਾਰਕਲੈਂਡ ਬੜੇ ਸੁਹਣੇ ਸਕੈੱਚ ਬਣਾਉਣ ਲਈ ਮਸ਼ਹੂਰ ਸੀ। ਪਾਰਟੀ ਵਿਚ ਕੁਝ ਮਹਿਮਾਨਾਂ ਨੇ ਉਹਨੂੰ ਆਪਣੇ ਸਕੈੱਚ ਵਿਖਾਉਣ ਲਈ ਜ਼ੋਰ ਪਾਇਆ। ਸਭਨੇ ਬਹੁਤ ਸ਼ਲਾਘਾ ਕੀਤੀ। ਪਰ ਮੇਰੇ ਮੂੰਹੋਂ ਪਤਾ ਨਹੀਂ ਕੀ ਨਿਕਲਿਆ ਜੋ ਉਹ ਮੇਰੇ ਵੱਲ ਬਹੁਤ ਆਕਰਸ਼ਤ ਹੋ ਗਈ ਅਤੇ ਮੈਨੂੰ ਕਹਿਣ ਲੱਗੀ, "ਤੁਸੀਂ ਵੀ ਡਰਾਇੰਗ ਕਰਦੇ ਹੋ?" 'ਮੈਂ ਕਦੀ ਥੋੜ੍ਹੀ ਬਹੁਤੀ ਕਰਦੀ ਸਾਂ, ਪਰ ਹੁਣ ਨਹੀਂ ਕਰਦੀ।" ਮੈਂ ਉੱਤਰ ਦਿਤਾ 'ਤੁਸੀਂ ਕਦੇ ਕਰਦੇ ਸੀ ਅਤੇ ਜੇ ਹੁਣ ਕਦੀ ਸ਼ੁਰੂ ਕਰੋ ਤਾਂ ਮੈਂ ਤੁਹਾਨੂੰ ਇਕ ਮਾਸਟਰ ਦਾ ਨਾਂ ਦਸਦੀ ਹਾਂ" ਮੈਂ ਉਹਨੂੰ ਕੁਝ ਉੱਤਰ ਨਾ ਦਿੱਤਾ - ਤੂੰ ਤੇ ਸਮਝਦੀ ਹੈਂ ਮੇਰੀਅਨ, ਕਿ ਮੈਂ ਕਿਉਂ ਗੱਲ ਨੂੰ ਟਾਲਦੀ ਜਾ ਰਹੀ ਸਾਂ, ਪਰ ਉਹ ਆਪਣੀ ਗੱਲ ਨੂੰ ਭੁਲਦੀ ਹੀ ਨਹੀਂ ਸੀ, ਉਹ ਫਿਰ ਬੋਲੀ" ਮੈਂ ਕਈ ਮਾਸਟਰਾਂ ਕੋਲੋਂ ਡਰਾਇੰਗ ਸਿੱਖੀ

ਸੀ, ਪਰ ਸਭ ਤੋਂ ਚੰਗਾ, ਸਿਆਣਾ ਅਤੇ ਬੁੱਧੀਮਾਨ ਇਕ ਮਾਸਟਰ ਸੀ-ਉਹਦਾ ਨਾਂ ਸੀ ਮਿਸਟਰ ਹਾਰਟਰਾਈਟ ਜੇ ਤੁਸੀਂ ਕਦੀ ਡਰਾਇੰਗ ਸ਼ੁਰੂ ਕਰਨੀ ਹੋਵੇ, ਤਾਂ ਉਸੇ ਕੋਲ ਹੀ ਸਿੱਖਣੀ; ਉਹ ਇਕ ਛੋਟੀ ਉਮਰ ਦਾ ਨੌਜਵਾਨ ਹੈ ਤੇ ਬੜਾ ਹੀ ਸ਼ਰੀਫ ਹੈ, ਮੈਨੂੰ ਆਸ ਹੈ ਕਿ ਤੁਸੀਂ ਵੀ ਉਹਦੇ ਨਾਲ ਪ੍ਰਸੰਨ ਹੋਵੋਗੇ !" ਰਤਾ ਸੋਚ ਮੇਰੀਅਨ, ਇੰਨੇ ਲੋਕਾਂ ਦੇ ਸਾਹਮਣੇ ਮੈਨੂੰ ਕੋਈ ਇਹ ਸ਼ਬਦ ਕਹਿ ਰਿਹਾ ਸੀ! ਉਥੇ ਸਭ ਲੋਕ ਖੜੇ ਸਨ, ਜੋ ਖਾਸ ਤੌਰ ਤੇ ਸਾਨੂੰ ਹੀ ਮਿਲਣ ਆਏ ਸਨ--! ਮੈਂ ਜਿੰਨਾ ਛਪਾ ਸਕਦੀ ਸਾਂ ਛੁਪਾਇਆ! ਮੈਂ ਕੁਝ ਨਾ ਕਹਿ ਕੇ ਉਨ੍ਹਾ ਸਕੈੱਚਾਂ ਨੂੰ ਨੇੜੇ ਹੋ ਕੇ ਵੇਖਦੀ ਰਹੀ। ਜਦ ਮੈਂ ਆਪਣਾ ਸਿਰ ਉੱਚਾ ਕਰਨ ਦੀ ਦਲੇਰੀ ਕੀਤੀ, ਤਾਂ ਮੇਰੀਆਂ ਅਤੇ ਮੇਰੇ ਪਤੀ ਦੀਆਂ ਨਜ਼ਰਾਂ ਮਿਲਿਆਂ ਅਤੇ ਮੈਨੂੰ ਉਹਦੀ ਤੱਕਣੀ ਤੋਂ ਪਤਾ ਲੱਗ ਗਿਆ ਕਿ ਅੱਜ ਉਹ ਸਭ ਕੁਝ ਜਾਣ ਗਿਆ ਸੀ। ਮੇਰੇ ਚਿਹਰੇ ਤੋਂ ਉਹਨੇ ਉਹਦਾ ਨਾਂ ਧੜ੍ਹ ਲਿਆ ਸੀ! "ਅਸੀਂ ਮਿਸਟਰ ਹਾਰਟਰਾਈਟ ਨੂੰ ਮਿਲਣ ਦੀ ਕੋਸ਼ਿਸ ਜਰੂਰ ਕਰਾਂਗੇ। ਜਦੋਂ ਇੰਗਲੈਂਡ ਵਾਪਸ ਜਾਵਾਗੇ, ਮਿਸੇਜ਼ ਮਾਰਕਲੈਂਡ, ਤੁਸੀਂ ਠੀਕ ਕਹਿੰਦੇ ਹੋ, ਲੈਡੀ ਗਲਾਈਡ ਉਹਨੂੰ ਮਿਲ ਕੇ ਜ਼ਰੂਰ ਖੁਸ਼ ਹੋਵੇਗੀ !" ਉਹਨੇ ਇਨ੍ਹਾਂ ਸ਼ਬਦਾਂ ਤੇ ਵਿਸ਼ੇਸ਼ ਜ਼ੋਰ ਪਾਇਆ ਸੀ। ਮੇਰੀਆਂ ਗੱਲ੍ਹਾ ਬਲ ਰਹੀਆਂ ਸਨ ਅਤੇ ਮੈਨੂੰ ਲਗਦਾ ਸੀ ਕਿ ਮੇਰਾ ਦਿਲ ਅਜ ਪਟਕ ਪਟਕ ਕੇ ਬਾਹਰ ਨਿਕਲ ਪਏਗਾ। ਮੇਰਾ ਸਾਹ ਘੁੱਟਦਾ ਜਾ ਰਿਹਾ ਸੀ। ਹੋਰ ਕੋਈ ਗੱਲ ਉਸ ਵੇਲੇ ਨਾ ਹੋਈ। ਪਾਰਟੀ ਵਿਚੋਂ ਅਸੀਂ ਜਲਦੀ ਉਠ ਆਏ। ਬੱਘੀ ਵਿਚ ਬੈਠੇ ਜਦੋਂ ਅਸੀਂ ਹੋਟਲ ਜਾ ਰਹੇ ਸਾਂ, ਤਾਂ ਵੀ ਸਾਰਾ ਰਾਹ ਕੋਈ ਗੱਲ ਨਾ ਹੋਈ। ਰੋਜ਼ ਵਾਂਗ ਉਹਨੇ ਮੈਨੂੰ ਬਾਂਹ ਫੜ ਕੇ ਬੱਘੀ ਵਿਚੋਂ ਉਤਾਰਿਆ ਤੇ ਰੋਜ਼ ਵਾਂਗ ਹੀ ਉਪਰ ਚਲੇ ਗਏ। ਅਸੀਂ ਡਰਾਇੰਗ ਰੂਮ ਵਿਚ ਪੁੱਜੇ ਹੀ ਸਾਂ, ਕਿ ਉਹਨੇ ਕਮਰਾ ਬੰਦ ਕਰ ਲਿਆ ਅਤੇ ਮੈਨੂੰ ਧੱਕ ਕੇ ਇਕ ਕੁਰਸੀ ਵਿਚ ਬਿਠਾ ਲਿਆ। ਮੇਰੇ ਮੋਢਿਆਂ ਉਤੇ ਹੱਥ ਰੱਖ ਕੇ ਉਹ ਖੜਾ ਹੋ ਗਿਆ ਅਤੇ ਬੋਲਿਆ, "ਜਦੋਂ ਦੀ ਲਿਮਰਿਜ ਵਿਚ ਤੂੰ ਮੈਨੂੰ ਆਪਣੀ ਪ੍ਰੇਮ-ਕਹਾਣੀ ਦਸੀ ਹੈ, ਮੈਂ ਉਸ ਆਦਮੀ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ; ਅਤੇ ਅੱਜ ਮੈਂ ਤੇਰੇ ਚਿਹਰੇ ਚਿਹਰੇ ਤੋਂ ਉਹਦਾ ਨਾਂ ਪੜ੍ਹ ਲਿਆ ਹੈ। ਉਹ ਤੇਰਾ ਡਰਾਇੰਗ ਮਾਸਟਰ ਹਾਰਟਰਾਈਟ ਹੀ ਤੇਰਾ ਪ੍ਰੇਮੀ ਹੈ। ਤੂੰ ਤੇ ਉਹ ਦੋਵੇਂ ਜ਼ਿੰਦਗੀ ਦੇ ਅਖੀਰਲੇ ਪਲ ਤਕ ਪਛਤਾਉਂਗੇ। ਹੁਣ ਜਾ ਸੌਂ, ਅਤੇ ਸੁਪਨੇ ਵੇਖ, ਪਰ ਉਹਦੀ ਪਿੱਠ ਤੇ ਮੇਰੀ ਚਾਬੁਕ ਦੇ ਨਿਸ਼ਾਨ ਵੇਖਣਾ ਨਾ ਭੁੱਲੀ" ਹੁਣ ਉਹ ਜਦੋਂ ਮੇਰੇ ਨਾਲ ਨਰਾਜ਼ ਹੁੰਦਾ ਹੈ ਤਾਂ ਜੋ ਕੁਛ ਮੈਂ ਤੇਰੇ ਸਾਹਮਣੇ ਉਹਨੂੰ ਦਸਿਆ ਸੀ, ਮੈਨੂੰ ਉਸਦਾ ਹੀ ਤਾਹਨਾ ਮਾਰਦਾ ਹੈ ! ਕਦੀ ਧਮਕੀ

ਦੇਂਦਾ ਹੈ। ਉਹ ਉਸ ਦਾ ਬੜਾ ਨੀਵਾਂ ਅਤੇ ਗੰਦਾ ਮਤਲਬ ਲੈਂਦਾ ਹੈ। ਮੈਂ ਉਸ ਨੂੰ ਕਿਸੇ ਤਰ੍ਹਾਂ ਇਹ ਮੰਨਵਾ ਨਹੀ ਸਕਦੀ ਕਿ ਮੈਂ ਨਿਰਦੋਸ਼ ਹਾਂ ਅਤੇ ਨਾ ਹੀ ਉਹ ਬਕਵਾਸ ਬੰਦ ਕਰ ਸਕਦਾ ਹੈ। ਅੱਜ ਤੂੰ ਉਹਦੀ ਗੱਲ ਸੁਣ ਕੇ ਹੈਰਾਨ ਹੋ ਗਈ ਸੀ ਕਿ 'ਮੈਂ ਉਹਦੇ ਨਾਲ ਕਿਸੇ ਮਜ਼ਬੂਰੀ ਵਿਚ ਵਿਆਹ ਕਰਵਾ ਬੈਠੀ ਹਾਂ।' ਹੁਣ ਜਦੋਂ ਫਿਰ ਉਹਨੂੰ ਗੁੱਸਾ ਚੜ੍ਹੇਗਾ ਉਹ ਅਜਿਹੀਆਂ ਕਈ ਗੱਲਾਂ ਕਰੇਗਾ, ਪਰ ਹੁਣ ਤੂੰ ਕਦੀ ਹੈਰਾਨੀ ਪ੍ਰਗਟ ਨਾ ਕਰੀਂ ! ਨਾ ਰੋ, ਮੇਰੀਅਨ ! ਰੋ ਨਾ ਤੂੰ ਮੈਨੂੰ ਦੁੱਖੀ ਕਰ ਰਹੀ ਏਂ !"

ਮੈਂ ਉਹਨੂੰ ਗਲਵਕੜੀ ਪਾ ਲਈ ਸੀ; ਪਛਤਾਵੇ ਨਾਲ ਮੇਰੀਆਂ ਅੱਖਾਂ ਵਿਚੋਂ ਕੌੜੇ ਕਮੈਲੇ ਹੰਝੂ ਵਹਿ ਤੁਰੇ ਸਨ। ਹਾਂ ਪਛਤਾਵਾ! ਵਾਲਟਰ ਦੇ ਮੂੰਹ ਦੀ ਉਹ ਨਿਰਾਸ਼ਾ-ਅੰਤਰਹੀਨ ਨਿਰਾਸ਼ਾ ਮੇਰੀਆਂ ਅੱਖਾਂ ਅੱਗੇ ਆ ਗਈ। ਉਹਦਾ ਅਕਹਿ ਦੁੱਖ ਜਦੋਂ ਮੈਂ ਸਮਰ ਹਾਊਸ ਵਿਚ ਉਹਨੂੰ ਲਾਰਾ ਦੀ ਮੰਗਣੀ ਦਾ ਦੱਸਿਆ ਸੀ; ਹੁਣ ਮੈਨੂੰ ਛਾਨਣੀ ਛਾਨਣੀ ਕਰ ਰਿਹਾ ਸੀ। ਉਹ ਅਸਫਲ ਪਿਆਰ ਨਾਲ ਨਿਢਾਲ ਹੋ ਕੇ ਮੇਰੇ ਸਾਹਮਣੇ ਖੜਾ ਸੀ-ਅਤੇ ਇਹ ਮੇਰਾ ਹੀ ਹੱਥ ਸੀ ਜਿਸਨੇ ਉਨ੍ਹਾਂ ਦੋਹਾਂ ਨੂੰ ਸਦਾ ਲਈ ਵੱਖ ਕਰ ਦਿਤਾ ਸੀ ! ਮੈਂ ਹੀ ਉਸ ਪੁਰਸ਼ ਨੂੰ, ਜਿਸ ਨੂੰ ਮੇਰੀ ਭੈਣ ਪਿਆਰ ਕਰਦੀ ਸੀ, ਇਸ ਦੇਸ਼ ਤੋਂ, ਉਹਨੂੰ ਉਹਦਿਆਂ ਪਿਆਰਿਆਂ ਤੋਂ ਦੂਰ ਧਕੇਲ ਦਿੱਤਾ ਸੀ। ਮੈਂ ਹੀ ਦੋਹਾਂ ਦਿਲਾਂ ਦੇ ਵਿਚਕਾਰ ਆ ਕੇ ਇਨ੍ਹਾਂ ਨੂੰ ਵਿਛੋੜਨ ਦਾ ਕੰਮ ਕੀਤਾ ਸੀ ਅਤੇ ਦੋਹਾਂ ਦੀ ਜ਼ਿੰਦਗੀ ਹੁਣ ਬਰਬਾਦ ਹੋਈ ਮੈਨੂੰ ਦੋਸ਼ੀ ਹਿਰਾ ਨਰਹੀ ਸੀ। ਮੈਂ ਹੀ ਇਹ ਸਭ ਕੀਤਾ ਸੀ ਅਤੇ ਸਰ ਪਰਸੀਬਲ ਦੀ ਖਾਤਿਰ ਕੀਤਾ ਸੀ।

ਸਰ ਪਰਸੀਵਲ ਦੀ ਖ਼ਾਤਿਰ !

ਮੈਂ ਉਹਨੂੰ ਬੋਲਦਿਆਂ ਸੁਣਿਆਂ, ਉਹਦੀ ਆਵਾਜ਼ ਤੋਂ ਹੀ ਮੈਨੂੰ ਪਤਾ ਲੱਗ ਰਿਹਾ ਸੀ ਕਿ ਉਹ ਮੈਨੂੰ ਚੁੱਪ ਕਰਾ ਰਹੀ ਹੈ ਉਹ ਮੈਨੂੰ ਪਿਆਰ ਕਿਉਂ ਕਰ ਰਹੀ ਹੈ? ਉਹਨੂੰ ਤਾਂ ਮੇਰੇ ਨਾਲ ਬੋਲਣਾ ਹੀ ਨਹੀਂ ਚਾਹੀਦਾ। ਬੜੀ ਹੀ ਦੇਰ ਮਗਰੋਂ ਮੈਂ ਕਿਧਰੇ ਆਪਣੀਆਂ ਦੁੱਖੀ ਸੋਚਾਂ ਵਿਚੋਂ ਨਿਕਲੀ ਅਤੇ ਜਦੋਂ ਮੈਨੂੰ ਕੁਝ ਹੋਸ਼ ਆਈ ਤਾਂ ਉਹ ਮੈਨੂੰ ਚੁੰਮ ਰਹੀ ਸੀ ਅਤੇ ਮੈਂ ਝੀਲ ਦੇ ਉਸ ਦ੍ਰਿਸ਼ ਵੱਲ ਟਿਕਟਿਕੀ ਲਾ ਕੇ ਵੇਖ ਰਹੀ ਸਾਂ।

"ਮੇਰੀਅਨ, ਬੜੀ ਦੇਰ ਹੋ ਗਈ ਹੈ, ਰਾਹ ਹਨੇਰਾ ਹੈ।" ਉਹਨੇ ਮੈਨੂੰ ਹਿਲਾ ਕੇ ਮੁੜ ਕਿਹਾ, ਚਲ ਉਠ, ਚੀੜਾਂ ਹੇਠਾਂ ਹਨੇਰਾ ਹੋਣਾ ਹੈ।"

"ਇਕ ਮਿੰਟ ਹੋਰ ਰੁਕ-ਮੈਂ ਜ਼ਰਾ ਹੋਰ ਸੰਭਲ ਲਵਾਂ !" ਮੈਂ ਉੱਤਰ ਦਿਤਾ।

ਮੈਂ ਅਜੇ ਵੀ ਉਹਦੇ ਵੱਲ ਵੇਖ ਨਹੀਂ ਸਾਂ ਸਕਦੀ - ਇਸ ਲਈ ਮੈਂ ਆਪਣੀਆਂ ਅੱਖਾਂ ਝੀਲ ਉਤੇ ਹੀ ਟਿਕਾਈ ਰੱਖੀਆਂ !

ਬੜੀ ਦੇਰ ਹੋ ਚੁੱਕੀ ਸੀ। ਦਰਖਤ ਹਨੇਰੇ ਵਿਚ ਹੀ ਘੁਲ ਮਿਲ ਗਏ ਸਨ: ਅਤੇ ਧੂੰਏ' ਦਾ ਹਾਰ ਪਿਆ ਦਿਸਦਾ ਸੀ। ਝੀਲ ਉਪਰਲੀ ਧੁੰਦ ਹੁਣ ਸਾਡੇ ਵੱਲ ਵਧਦੀ ਆ ਰਹੀ ਸੀ। ਬੜੀ ਚੁਪ ਛਾਈ ਹੋਈ ਸੀ। ਸਾਹ ਲਿਆ ਵੀ ਸੁਣਾਈ ਦੇ ਰਿਹਾ ਸੀ। ਭੇਦ ਭਰੀ ਰਾਤ ਗੰਭੀਰ ਹੋ ਕੇ ਡੂੰਘੀ ਹੋ ਰਹੀ ਸੀ !

"ਅਸੀਂ ਅਜੇ ਘਰ ਤੋਂ ਬੜੀ ਦੂਰ ਹਾਂ।" ਉਹਨੇ ਫਿਰ ਧੀਮੀ ਆਵਾਜ਼ ਵਿਚ ਕਿਹਾ- "ਹੁਣ ਵਾਪਸ ਚਲਣਾ ਚਾਹੀਦਾ ਹੈ"

ਉਹ ਇਕਾ ਇਕ ਚੁੱਪ ਹੋ ਗਈ ਅਤੇ ਮੇਰੇ ਵਲੋਂ ਉਹ ਸਾਹਮਣੇ ਬੋਟ ਹਾਊਸ ਦੇ ਬੂਹੇ ਵੱਲ ਵੇਖ ਰਹੀ ਸੀ।

"ਮੇਰੀਅਨ"- ਉਹ ਕੰਬਦੀ ਹੋਈ ਬੋਲੀ "ਔਹ ਸਾਹਮਣੇ ਕੀ ਹੈ? ਕੀ ਤੈਨੂੰ ਨਹੀਂ ਦਿਸ ਰਿਹਾ?

ਕਿਥੇ?

"ਬਿਲਕੁਲ ਸਾਡੇ ਹੇਠਾਂ ਕਰਕੇ ਵੇਖ ਉਹਨੇ ਇਸ਼ਾਰਾ ਕੀਤਾ ਮੈਂ ਵੀ ਉਧਰ ਹੀ ਵੇਖਿਆ।

ਕੋਈ ਹਿਲਦਾ ਹੋਇਆ ਆਕਾਰ ਸੀ; ਉਹ ਬੋਟ ਹਾਊਸ ਵਲੋਂ ਅੱਗੇ ਵੱਲ ਵਧ ਰਿਹਾ ਸੀ। ਇਹ ਆਕਾਰ ਸਾਡੇ ਸਾਹਮਣੇ ਹੁੰਦਾ ਹੋਇਆ ਅੱਗੇ ਵਧਦਾ ਜਾ ਰਿਹਾ ਸੀ। ਬੋਟ-ਹਾਊਸ ਤੇ ਜਿਥੇ ਤਕ ਅਸੀਂ ਵੇਖ ਸਕਦੀਆਂ ਸਾਂ, ਉਹ ਆਕਾਰ ਵੀ ਉਥੇ ਤਕ ਜਾ ਕੇ ਧੁੰਦ ਦੇ ਅੰਤਲੇ ਪਾਸੇ ਵੱਲ ਟੁਰ ਪਿਆ। ਫਿਰ ਸਾਡੇ ਸਾਹਮਣੇ ਹੀ ਰੁਕਿਆ; ਕੁਝ ਚਿਰ ਉਡੀਕ ਕੇ ਫਿਰ ਹੌਲੀ ਹੌਲੀ ਤੁਰਦਾ ਲੰਘ ਗਿਆ ਅਤੇ ਉਹਦੇ ਪਿੱਛੇ ਪਿੱਛੇ ਬੱਦਲਾਂ ਦੀ ਧੁੰਦ ਉਠਦੀ ਗਈ, ਉਠਦੀ ਗਈ ਅਤੇ ਫਿਰ ਇਹ ਸਾਡੀਆਂ ਅੱਖਾਂ ਤੋਂ ਉਹਲੇ ਹੋ ਗਿਆ।

ਅਸੀਂ ਸ਼ਾਮ ਦੀਆਂ ਗੱਲਾਂ ਮਗਰੋਂ ਦੋਵੇ ਹੀ ਕੁਝ ਹਿਲੀਆਂ ਹੋਈਆਂ ਸਾਂ ਅਤੇ ਕੁਝ ਚਿਰ ਮਗਰੋਂ ਹੀ ਲਾਰਾ ਚੀੜ ਦੇ ਬਗੀਚੇ ਵਿਚੋਂ ਲੰਘਣ ਲਈ ਮੰਨੀ ਅਤੇ ਮੇਰਾ ਵੀ ਇਹ ਹੌਂਸਲਾ ਪਿਆ ਕਿ ਉਹ ਨੂੰ ਲੈ ਕੇ ਘਰ ਚਲਣਾ ਚਾਹੀਦਾ ਹੈ।

"ਕੋਈ ਔਰਤ ਸੀ ਕਿ ਮਰਦ? ਉਹਨੇ ਮੈਨੂੰ ਉਦੋਂ ਹੌਲੀ ਜਿਹੀ ਪੁੱਛਿਆ, ਜਿਸ ਵੇਲੇ ਅਸੀਂ ਬਾਹਰ ਤਰੇਲ ਭਿੱਜੀ ਸਿਲ੍ਹੀ ਹਵਾ ਵਿਚ ਅੰਤ ਨਿਕਲੀਆਂ।

"ਮੈਂ ਪੱਕਾ ਕੁਝ ਨਹੀਂ ਕਹਿ ਸਕਦਾ।"

"ਪਰ ਫਿਰ ਵੀ ਤੇਰਾ ਖਿਆਲ ਕੀ ਹੈ?"

"ਮੈਨੂੰ ਤੇ ਇਕ ਔਰਤ ਜਾਪਦੀ ਸੀ।"

"ਮੇਰਾ ਖਿਆਲ ਹੈ ਕਿ ਇਹ ਇਕ ਮਰਦ ਸੀ, ਜਿਸਨੇ ਲੰਮਾ ਚੰਗਾ ਪਹਿਨਿਆ ਹੋਇਆ ਸੀ।"

"ਹੋ ਸਕਦਾ ਹੈ, ਇਸ ਨਿੰਮੀ ਰੌਸ਼ਨੀ ਵਿਚ ਪੱਕਾ ਤਾਂ ਕੁਝ ਵੀ ਨਹੀਂ ਕਿਹਾ ਜਾ ਸਕਦਾ।"

"ਮੇਰੀਅਨ, ਹੋਰ ਉਡੀਕ ਲਈਏ! ਮੈਨੂੰ ਡਰ ਲੱਗਦਾ ਹੈ, ਰਾਹ ਨਹੀਂ ਦਿਸ ਰਿਹਾ। ਜੇ ਉਹਨੇ ਸਾਡਾ ਪਿੱਛਾ ਕੀਤਾ ਤਾਂ -?"

"ਇਹ ਸੰਭਵ ਨਹੀਂ ਲਾਰਾ। ਡਰਨ ਦੀ ਕੋਈ ਗੱਲ ਨਹੀਂ। ਇਹ ਝੀਲ ਦਾ ਕਿਨਾਰਾ ਪਿੰਡ ਤੋਂ ਬਹੁਤੀ ਦੂਰ ਨਹੀਂ ਅਤੇ ਇਥੇ ਕੋਈ ਵੀ ਸਵੇਰੇ ਹਨ੍ਹੇਰੇ ਜਦੋਂ ਚਾਹੇ ਆ ਸਕਦਾ ਹੈ ਸੋਚਣ ਦੀ ਇਹ ਹੀ ਗੱਲ ਹੈ, ਕਿ ਅਸੀਂ ਅਜੇ ਤੀਕ ਇਥੇ ਕਿਸੇ ਨੂੰ ਵੇਖਿਆ ਕਿਉਂ ਨਹੀਂ।"

ਅਸੀਂ ਹੁਣ ਚੀੜ ਦੇ ਬਗੀਚੇ ਵਿਚ ਸਾਂ। ਇਥੇ ਬੜਾ ਹਨ੍ਹੇਰਾ ਸੀ-ਏਨਾ ਸੰਘਣਾ ਕਿ ਸਾਨੂੰ ਪਗਡੰਡੀ ਔਖਿਆਈ ਨਾਲ ਲੱਭ ਰਹੀ ਸੀ। ਅਸੀਂ ਦੋਹਾਂ ਨੇ ਇਕ ਦੂਜੇ ਦਾ ਹੱਥ ਘੁੱਟ ਕੇ ਫੜਿਆ ਅਤੇ ਜਿੰਨੀ ਤੇਜ਼ ਹੋ ਸਕਦਾ ਸੀ, ਤੁਰੀਆਂ।

ਅਜੇ ਅਸੀਂ ਅੱਧਾ ਰਾਹ ਪਹੁੰਚੀਆਂ ਹੋਵਾਂਗੀਆਂ ਕਿ ਉਹ ਰੁਕ ਗਈ ਅਤੇ ਨਾਲ ਹੀ ਮੈਨੂੰ ਵੀ ਰੋਕ ਲਿਆ। ਉਹ ਸੁਣ ਰਹੀ ਸੀ।

"ਚੁੱਪ," ਉਹ ਮੇਰੇ ਕੰਨ ਵਿਚ ਬੋਲੀ, "ਮੈਨੂੰ ਆਪਣੇ ਪਿੱਛੇ ਕਿਸੇ ਦੀ ਆਵਾਜ਼ ਆ ਰਹੀ।"

"ਮੁਰਝਾਇਆ ਪੱਤਾ ਜਾਂ ਕਿਸੇ ਦਰਖਤ ਤੋਂ ਕੋਈ ਟਹਿਣੀ ਟੁੱਟ ਕੇ ਉਡੀ ਹੋਵੇਗੀ," ਮੈਂ ਉਹਦਾ ਡਰ ਘਟਾਉਣ ਲਈ ਕਿਹਾ।

"ਗਰਮੀ ਹੈ, ਮੇਰੀਅਨ ਅਤੇ ਹਵਾ ਦਾ ਨਾਂ ਨਹੀਂ। ਸੁਣ !" ਮੈਂ ਵੀ ਆਵਾਜ਼ ਸੁਣੀ- ਜਿਵੇਂ ਕੋਈ ਹਲਕੇ ਕਦਮਾਂ ਨਾਲ ਸਾਡਾ ਪਿੱਛਾ ਕਰ ਰਿਹਾ ਹੋਵੇ।

"ਭਾਵੇਂ ਕੋਈ ਵੀ ਹੋਵੇ, ਸਾਨੂੰ ਰੁਕਣਾ ਨਹੀਂ ਚਾਹੀਦਾ।" ਮੈਂ ਕਿਹਾ; ਤੁਰਦੀ ਚਲ, ਹੋਰ ਕੁਝ ਮਿੰਟਾਂ ਵਿਚ ਅਸੀਂ ਘਰ ਦੇ ਨੇੜੇ ਜਾ ਪੁੱਜਾਂਗੀਆਂ ਅਤੇ ਜੇ ਕੋਈ ਖ਼ਤਰਾ ਹੋਇਆ ਤਾਂ ਸਾਡੀ ਆਵਾਜ਼ ਘਰ ਤੀਕ ਪੁੱਜ ਤਾਂ ਸਕੇਗੀ।"

ਅਸੀਂ ਤ੍ਰਿੱਖਾ ਕਦਮ ਪੁੱਟਿਆ, ਬੈਠਾ ਕਿ ਜਦੋਂ ਤੀਕ ਅਸੀ ਚੀੜ੍ਹ ਦਾ ਬਾਗੀਚਾ ਪਾਰ ਕੀਤਾ ਅਤੇ ਘਰ ਦੀਆਂ ਰੋਸ਼ਨ ਖਿੜਕੀਆਂ ਸਾਨੂੰ ਦਿਸੀਆਂ, ਲਾਰਾ ਸਾਹੋ ਸਾਹ ਹੋ ਗਈ ਸੀ।

ਮੈਂ ਇਕ ਪਲ ਰੁਕੀ ਤਾਂ ਜੋ ਉਹਨੂੰ ਸਾਹ ਆ ਜਾਏ। ਜਿਉਂ ਹੀ ਅਸੀਂ ਤੁਰਨ ਲਗੀਆਂ। ਉਹਨੇ ਮੈਨੂੰ ਮੁੜ ਰੋਕ ਲਿਆ, ਅਤੇ ਆਪਣੇ ਹੱਥ ਨਾਲ ਸੁਣਨ ਦਾ ਇਸ਼ਾਰਾ ਕੀਤਾ ਅਸੀ ਦੋਹਾਂ ਨੇ ਸੁਣਿਆ ਕਿ ਸਾਡੇ ਪਿੱਛੇ ਕਿਸ ਨੇ ਡੂੰਘਾ ਹਉਕਾ ਲਿਆ। ਸਾਡੇ ਪਿਛੇ ਦਰਖਤਾਂ ਦਾ ਘਟਾ ਹਨੇਰਾ ਸੀ।

"ਕੌਣ ਹੈ?" ਮੈਂ ਆਵਾਜ਼ ਦਿੱਤੀ।

ਕੋਈ ਉੱਤਰ ਨਹੀਂ ਸੀ।

"ਕੌਣ ਹੈ?" ਮੈਂ ਦੁਹਰਾਇਆ।

ਇਕ ਛਿਣ ਚੁੱਪ ਰਹੀ ਅਤੇ ਮੁੜ ਅਸੀਂ ਉਹਨਾਂ ਹਲਕੇ ਕਦਮਾਂ ਦੀ ਆਵਾਜ਼ ਸੁਣੀ, ਜੋ ਹਲਕੀ ਹਲਕੀ ਹੁੰਦੀ ਹਨੇਰ੍ਹੇ ਵਿਚੋ ਸਾਡੇ ਤੋਂ ਦੂਰ ਹੁੰਦੀ ਗਈ ਅਤੇ ਫਿਰ ਖਤਮ ਹੋ ਗਈ।

ਅਸੀਂ ਦਰਖਤਾਂ ਦੇ ਹਨ੍ਹੇਰੇ ਵਿਚ ਝਟਪਟ ਲਾਨ ਵਿਚ ਆਈਆਂ ਅਤੇ ਤੇਜ਼ ਕਦਮਾਂ ਨਾਲ ਇਥੋਂ ਘਰ ਦੇ ਅੰਦਰ ਦਾਖ਼ਲ ਹੋਈਆਂ।

ਹਾਲ ਦੇ ਲੈਂਪ ਦੀ ਰੋਸ਼ਨੀ ਵਿਚ, ਮੈਂ ਵੇਖਿਆ, ਲਾਰਾ ਦਾ ਰੰਗ ਚਿੱਟਾ ਪੂਣੀ ਸੀ।

ਉਹ ਬੋਲੀ, ਕੌਣ ਹੋ ਸਕਦਾ ਹੈ "ਮੈਂ ਤਾਂ ਡਰ ਨਾਲ ਅੱਧਮਰੀ ਹੋ ਗਈ ਹਾਂ"

"ਇਹ ਅਸੀਂ ਕੱਲ ਵੇਖਾਂਗੀਆਂ ਕਿ ਉਹ ਕੌਣ ਸੀ,"

ਮੈਂ ਉੱਤਰ ਦਿਤਾ, "ਪਰ ਹੁਣ ਇਹ ਗੱਲ ਕਿਸੇ ਨਾਲ ਨਾਂ ਕਰੀ "

ਕਿਉਂ?"

ਕਿਉਂਕਿ ਚੁੱਪ ਵਿਚ ਹੀ ਸਾਡੀ ਸੁਰੱਖਿਆ ਹੈ ਅਤੇ ਸਾਨੂੰ ਇਸ ਘਰ ਵਿਚ ਆਪਣੀ ਸੁਰੱਖਿਆ ਦੀ ਲੋੜ ਹੈ।"

ਮੈਂ ਲਾਰਾ ਨੂੰ ਉਪਰ ਭੇਜਿਆ, ਅਤੇ ਆਪ ਹੈਟ ਉਤਾਰ ਕੇ ਵਾਲ ਠੀਕ ਕੀਤੇ ਅਤੇ ਲਾਇਬਰੇਰੀ ਵਿਚ ਕਿਸੇ ਕਿਤਾਬ ਨੂੰ ਲੱਭਣ ਦੇ ਬਹਾਨੇ ਚਲੀ ਗਈ।

ਕਾਂਊਟ ਉਥੇ ਹੀ ਇਕ ਬਹੁਤ ਵੱਡੀ ਆਰਾਮ ਕੁਰਸੀ ਵਿਚ ਲੇਟਿਆ ਹੋਇਆ ਸੀ; ਅਤੇ ਆਪਣੇ ਪੈਰ ਉਹਨੇ ਸਾਹਮਣੇ ਇਕ ਸਟੂਲ ਤੇ ਰੱਖੇ ਹੋਏ ਸਨ। ਉਹਦੀ ਟਾਈ ਉਹਦੇ ਗੋਡਿਆਂ ਤੇ ਪਈ ਸੀ, ਅਤੇ ਕਮੀਜ਼ ਦਾ ਕਾਲਰ ਖੁੱਲਾ ਸੀ। ਕੋਲ ਇਕ ਸਟੂਲ ਉਤੇ ਮੈਡਮ ਫ਼ੋਸਕੋ ਇਕ ਸ਼ਰੀਫ ਬੱਚੇ ਵਾਂਗ ਬੈਠੀ। ਚੁੱਪ ਚਾਪ ਸਿਗਰਟ ਬਣਾ ਰਹੀ ਸੀ। ਉਹਨਾਂ ਦੋਹਾਂ ਪਤੀ ਪਤਨੀ ਵਿਚੋਂ' ਕੋਈ ਵੀ ਇਸ ਵੇਲੇ ਬਾਹਰੋਂ ਕਾਹਲੀ ਵਿਚ ਨਹੀਂ ਸੀ ਆਇਆ ਜਾਪਦਾ। ਮੈਂ ਜੋ ਵੇਖਣਾ ਚਾਹੁੰਦੀ ਸਾਂ, ਉਹ ਉਨ੍ਹਾਂ ਦੋਹਾਂ ਨੂੰ ਵੇਖ ਕੇ ਸਪਸ਼ਟ ਦਿਸ ਰਿਹਾ ਸੀ। ਕਾਂਊਟ ਫ਼ੋਸਕੋ ਨੇ ਮੈਨੂੰ ਵੇਖ ਕੇ ਘਬਰਾ ਕੇ ਆਪਣੀ ਟਾਈ ਬੰਨ੍ਹੀ ਅਤੇ ਉਠਿਆ।

"ਖਿਮਾਂ ਕਰਨਾ- ਮੈਂ ਸਿਰਫ ਇਕ ਕਿਤਾਬ  ਹੀ ਲੈਣੀ ਸੀ। ਤੁਸੀਂ ਬੇਠੇ ਰਵ੍ਹੋ" ਮੈਂ ਕਿਹਾ। ਮੇਰੇ ਵਰਗੇ ਮੋਟੇ ਆਦਮੀਆਂ ਨੂੰ ਗਰਮੀ ਬਹੁਤ ਲਗਦੀ ਹੈ, ਮੇਰਾ ਜੀ ਕਰਦਾ ਹੈ ਮੈਂ ਕਾਉਂਟੈਂਸ ਨਾਲ ਆਪਣੀ ਥਾਂ ਬਦਲ ਲਵਾਂ, ਉਹਨੂੰ ਜਰਾ ਗਰਮੀ ਨਹੀਂ ਲੱਗ ਰਹੀ ਜਿਵੇਂ ਬਾਹਰ ਤਲਾਬ ਵਿਚ ਮੱਛੀਆਂ ਨੂੰ ਗਰਮੀ ਨਹੀਂ, ਤਿਵੇਂ ਹੀ ਇਹਨੂੰ ਨਹੀਂ ਲਗਦੀ।" ਇਹ ਕਹਿ ਕੇ ਉਹ ਸਾਵੇ ਰੰਗ ਦੀ ਇਕ ਪੱਖੀ ਨਾਲ ਆਪਣੇ ਆਪ ਨੂੰ ਹਵਾ ਕਰਨ ਲੱਗ ਪਿਆ।

ਕਾਊਂਟੈਸ ਆਪਣੇ ਪਤੀ ਦੀ ਗੱਲ ਦਾ ਉੱਤਰ ਪਿਘਲ ਕੇ ਦੇਂਦੀ ਬੋਲੀ :

'ਮੈਨੂੰ ਕਦੀ ਗਰਮੀ ਨਹੀਂ ਲਗਦੀ ਮਿਸ ਹਾਲਕੌਂਬ।" ਉਹਨੇ ਇਸ ਤਰ੍ਹਾਂ ਕਿਹਾ, ਜਿਵੇਂ ਉਹ ਕੋਈ ਆਪਣਾ ਗੁਣ ਦਸ ਰਹੀ ਹੋਵੇ।

"ਕੀ ਤੁਸੀਂ ਅਤੇ ਲੇਡੀ ਗਲਾਈਡ ਸ਼ਾਮੀਂ ਬਾਹਰ ਸਉ? "ਕਾਂਊਟ ਨੇ ਮੈਨੂੰ ਪੁੱਛਿਆ। ਮੈਂ ਕਿਤਾਬਾਂ ਵਿਚੋਂ ਫੋਲਾ ਫਾਲੀ ਕਰ ਰਹੀ ਸਾਂ, ਤਾਂ ਜੋ ਉਨ੍ਹਾਂ ਨੂੰ ਕੋਈ ਸ਼ੱਕ ਨ ਪਵੇ।

"ਹਾਂ ਅਸੀਂ ਸੈਰ ਕਰਨ ਚਲੀਆਂ ਗਈਆ ਸਾਂ।"

"ਕੀ ਮੈਂ ਪੁੱਛ ਸਕਦਾ ਹਾਂ, ਕਿ ਕਿਹੜੇ ਪਾਸੇ?’

"ਜੀ ਹਾਂ ਅਸੀਂ ਝੀਲ ਵੱਲ ਹੀ ਗਈਆਂ ਸਾਂ ਬੋਟ ਹਾਊਸ ਤਕ।"

"ਹੱਛਾ, ਬੋਟ ਹਾਊਸ ਤਕ?"

ਕੋਈ ਵਕਤ ਹੁੰਦਾ ਤਾਂ ਮੈਂ ਉਹਦਾ ਇਹ ਸਵਾਲ ਪੁੱਛਣਾ ਠੀਕ ਨਾ ਸਮਝਦੀ ਪਰ ਅੱਜ ਮੈਂ ਉਹਦੀ ਪੁੱਛ ਗਿੱਛ ਨਾਲ ਖੁਸ਼ ਸਾਂ ਕਿਉਂਕਿ ਇਹ ਵੀ ਤਾਂ ਇਕ ਸਬੂਤ ਸੀ ਕਿ ਨਾ ਉਹ ਅਤੇ ਨਾ ਹੀ ਉਹਦੀ ਪਤਨੀ ਬਾਹਰ ਨਿਕਲੇ ਸਨ ਅਤੇ ਉਨ੍ਹਾਂ ਦਾ ਉਸ ਆਕਾਰ ਨਾਲ ਕੋਈ ਸੰਬੰਧ ਨਹੀਂ ਸੀ, ਜੋ ਸਾਨੂੰ ਉਥੇ ਦਿਸਿਆ ਸੀ।"

"ਅੱਜ ਤਾਂ ਤੁਹਾਨੂੰ ਕੁਝ ਨਹੀਂ ਦਿਸਿਆ, -- ਕੁਝ ਨਹੀਂ ਲੱਭਾ? ਕਿਉਂ- ਅੱਜ ਉਸ ਕੁੱਤੇ ਦੇ ਲੱਭਣ ਵਰਗੀ ਕੋਈ ਘਟਨਾ ਤਾਂ ਨਹੀ, ਵਾਪਰੀ?"

ਉਹਨੇ ਆਪਣੀਆਂ ਡੂੰਘੀਆਂ ਅਥਾਹ ਅੱਖਾਂ ਨਾਲ ਮੇਰੇ ਵੱਲ ਟਿਕਟਿਕੀ ਲਾ ਕੇ ਵੇਖਿਆ; ਉਨ੍ਹਾਂ ਵਿਚ ਪਤਾ ਨਹੀਂ ਕੀ ਸਾਫ਼ ਠੰਢੀ ਚਮਕ ਹੁੰਦੀ ਹੈ, ਜਿਸਦਾ ਮੈਂ ਸਾਹਮਣਾ ਨਹੀਂ ਕਰ ਸਕਦੀ ਅਤੇ ਜਦੋਂ ਉਹ ਇੰਜ ਮੇਰੇ ਵੱਲ ਵੇਖਦਾ ਹੈ, ਤਾਂ ਮੈਂ ਉਸ ਵੱਲ ਵੇਖਣ ਲਈ ਮਜ਼ਬੂਰ ਹੋ ਜਾਂਦੀ ਹਾਂ ਅਤੇ ਜਦੋਂ ਵੇਖਦੀ ਹਾਂ, ਬੈਚੇਨ। ਅਜਿਹੇ ਸਮੇਂ ਮੈਨੂੰ ਇਕ ਅਣ ਬੋਲਿਆ ਸ਼ੱਕ ਹੁੰਦਾ ਹੈ ਕਿ ਉਹ ਮੇਰੇ ਮਨ ਵਿਚ ਵੇਖਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ ਵੇਲੇ ਵੀ ਮੈਨੂੰ ਇਹੀ ਮਹਿਸੂਸ ਹੋਇਆ।

“ਨਹੀਂ,” ਮੈਂ ਸੰਖੇਪ ਉੱਤਰ ਦਿੱਤਾ, "ਕੋਈ ਘਟਨਾ ਨਹੀਂ ਹੋਈ; ਕੁਝ ਨਹੀਂ ਲੱਭਾ।"

ਮੈਂ ਉਸ ਤੋਂ ਪਰ੍ਹੇ ਕਿਧਰੇ ਹੋਰ ਵੇਖਣ ਦੀ ਕੋਸ਼ਿਸ਼ ਕੀਤੀ, ਤਾਂ ਜੋ ਮੈਂ ਕਮਰੇ ਵਿਚੋਂ ਨਿਕਲ ਸਕਾਂ। ਇਹ ਬੜਾ ਅਜੀਬ ਲਗੇਗਾ, ਜੇ ਮੈਂ ਕਹਾਂ, ਕਿ ਮੈਂ ਸਾਇਦ ਹੀ ਕਮਰੇ ਵਿਚੋਂ ਬਾਹਰ ਨਿਕਲ ਸਕਦੀ, ਜੇ ਮੈਡਮ ਫ਼ੋਸਕੋ ਉਸ ਵੇਲੇ ਉਹਦਾ ਧਿਆਨ ਕਿਧਰੇ ਪਰ੍ਹੇ ਕਰਕੇ ਮੇਰੀ ਸਹਾਇਤਾ ਨਾ ਕਰਦੀ।

"ਕਾਂਊਟ, ਤੁਸੀਂ ਮਿਸ ਹਾਲਕੌਂਬ ਨੂੰ ਖੜਾ ਕੀਤਾ ਹੋਇਆ ਹੈ !' ਉਹ ਬੋਲੀ।

ਜਿਸ ਪਲ ਉਹ ਕੁਰਸੀ ਦੇਣ ਲਈ ਮੁੜਿਆ ਮੈਂ ਇਹ ਮੌਕਾ ਵੇਖ ਉਹਨੂੰ ਧੰਨਵਾਦ ਦੇਂਦੀ ਕੋਈ ਬਹਾਨਾ ਪਾ ਕੇ ਕਮਰੇ ਵਿਚੋਂ ਬਾਹਰ ਨਿਕਲ ਆਈ।

ਇਕ ਘੰਟੇ ਮਗਰੋਂ, ਜਦ ਲਾਰਾ ਦੀ ਨੌਕਰਾਣੀ ਲਾਰਾ ਦੇ ਕਮਰੇ ਵਿਚ ਸੀ, ਤਾਂ ਮੈਂ ਉਹਦੇ ਨਾਲ ਰਾਤ ਦੇ ਹੁਸੜ ਦੀ ਗੱਲ ਛੇੜੀ, ਤਾਂ ਜੋ ਇਹ ਜਾਣ ਸਕਾਂ ਕਿ ਹੇਠਾਂ ਨੌਕਰ ਕੀ ਕਰਦੇ ਰਹੇ।

"ਤੁਹਾਨੂੰ ਹੇਠਾਂ ਗਰਮੀ ਮਹਿਸੂਸ ਹੁੰਦੀ ਹੈ?" ਮੈਂ ਪੁੱਛਿਆ।

"ਨਹੀਂ ਮਿਸ, ਏਨੀ ਗਰਮੀ ਤੇ ਮਹਿਸੂਸ ਨਹੀਂ ਹੋਈ।"

"ਤਾਂ ਤੁਸੀਂ ਬਾਹਰ ਜੰਗਲ ਵੱਲ ਗਏ ਹੋਵੇਗੇ?"

"ਅਸੀਂ ਪਹਿਲਾਂ ਸੋਚਿਆ ਤਾਂ ਸੀ; ਪਰ ਫਿਰ ਖਾਣਾ ਬਣਾਉਣ ਵਾਲੀ ਨੌਕਰਾਣੀ ਨੇ ਕਿਹਾ ਕਿ ਉਹ ਰਸੋਈ ਦੇ ਦਰਵਾਜ਼ੇ ਅੱਗੇ ਕੁਰਸੀ ਡਾਹ ਕੇ ਬੈਠੇਗੀ; ਅਸੀਂ ਸਭ ਵੀ ਉਹਦੀ ਰੀਸ ਕਰਕੇ ਬਾਹਰ ਵਿਹੜੇ ਵਿਚ ਕੁਰਸੀਆਂ ਕੱਢ ਕੇ ਬੈਠ ਗਏ। ਹੁਣ ਹਾਊਸ ਕੀਪਰ ਦਾ ਪਤਾ ਲਾਣਾ ਹੀ ਰਹਿ ਗਿਆ ਸੀ ਕਿ ਉਹ ਇਸ ਸਮੇਂ ਕੀ ਕਰਦੀ ਰਹੀ ਸੀ।

"ਕੀ ਮਿਸੇਜ਼ ਮਾਈਕਲਸਨ ਸੌਣ ਚਲੀ ਗਈ ਹੈ?" ਮੈਂ ਉਸ ਕੱਲ ਪੁੱਛਿਆ।

"ਮੇਰਾ ਖਿਆਲ ਹੈ ਨਹੀਂ, ਕਿਉਂਕਿ ਮਿਸ," ਕੁੜੀ ਮੁਸਕਰਾ ਕੇ ਬੋਲੀ, ' ਹੁਣ ਉਹਦਾ ਉੱਠਣ ਦਾ ਵੇਲਾ ਹੋਣਾ ਹੈ !"

"ਕਿਉਂ ਤੇਰਾ ਕੀ ਮਤਲਬ ਹੈ ਕਿ ਉਹ ਸਾਰਾ ਦਿਨ ਸੁਤੀ ਰਹੀ ਹੈ?"

"ਨਹੀਂ ਮਿਸ, ਸਾਰਾ ਦਿਨ ਤਾਂ ਨਹੀਂ, ਪਰ ਉਹ ਸਾਰੀ ਸ਼ਾਮ ਆਪਣੇ ਕਮਰੇ ਦੇ ਸੋਫੇ ਉਤੇ ਸੁਤੀ ਰਹੀ ਹੈ।'"

ਜੋ ਕੁਝ ਮੈਂ ਲਾਬਇਰੇਰੀ ਵਿਚ ਵੇਖਿਆ ਸੀ ਅਤੇ ਜੋ ਕੁਝ ਹੁਣ ਲਾਗ ਦੀ ਨੌਕਰਾਣੀ ਕੋਲੋਂ ਪਤਾ ਕੀਤਾ ਸੀ, ਇਸ ਸਭ ਤੋਂ ਇਹ ਗੱਲ ਤਾਂ ਪਕੀ ਸੀ ਕਿ ਉਹ ਅਕਾਰ ਜੋ ਅਸੀਂ ਡੀਲ ਤੇ ਵੇਖਿਆ ਸੀ, ਕਾਂਊਟ ਜਾਂ ਮੈਡਮ ਫ਼ੋਸਕੋ ਦਾ ਨਹੀਂ ਸੀ ਅਤੇ ਨਾ ਹੀ ਕੋਈ ਘਰ ਦਾ ਨੌਕਰ ਸੀ। ਉਹ ਕਦਮ ਜੋ ਸਾਡੇ ਪਿਛੇ ਪਿਛੇ ਆ ਰਹੇ ਸਨ, ਕਿਸੇ ਅਜਿਹੇ ਬੰਦੇ ਦੇ ਨਹੀਂ ਸਨ, ਜੋ ਇਸ ਘਰ ਵਿਚ ਰਹਿੰਦਾ ਹੈ।

ਤਾਂ ਉਹ ਕੌਣ ਹੋ ਸਕਦਾ ਹੈ?

ਇਹ ਪੁੱਛਣਾ ਹੀ ਵਿਅਰਥ ਹੈ। ਮੈਂ ਇਹ ਵੀ ਨਿਰਣਾ ਨਹੀਂ ਕਰ ਸਕਦੀ ਕਿ ਉਹ ਆਕਾਰ ਕਿਸੇ ਮਰਦ ਦਾ ਸੀ ਜਾਂ ਔਰਤ ਦਾ। ਮੈਂ ਇਕ ਔਰਤ ਸੀ। ਇਹੀ ਕਹਿ ਸਕਦੀ ਹਾਂ ਕਿ ਮੇਰਾ ਖਿਆਲ ਹੈ ਉਹ ਇਕ ਔਰਤ ਸੀ।

(6)

ਅਠਾਰਾਂ ਜੂਨ-ਰਾਤ ਦੀ ਇਕਾਂਤ ਵਿਚ ਉਹ ਗੱਲਾਂ ਯਾਦ ਕਰ ਕਰ ਕੇ, ਜੋ ਮੈਨੂੰ ਲਾਰਾ ਨੇ ਬੋਟ-ਹਾਊਸ ਵਿਚ ਦੱਸੀਆਂ ਸਨ, ਮੈਂ ਆਪਣੇ ਆਪ ਨੂੰ ਨਿਰਕਾਰਦੀ ਰਹੀ ਅਤੇ ਇਸ ਦੁੱਖ ਵਿਚ ਨੀਂਦਰ ਮੇਰੇ ਨੇੜੇ ਨਾ ਆਈ।

ਅੰਤ ਮੈਂ ਆਪਣੀ ਮੋਮਬੱਤੀ ਜਗਾਈ ਅਤੇ ਆਪਣੀ ਪੁਰਾਣੀ ਡਾਇਰੀ ਨੂੰ ਪੜ੍ਹਦੀ ਰਹੀ, ਤਾਂ ਜੋ ਮੈਨੂੰ ਇਹ ਪਤਾ ਲੱਗੇ ਕਿ ਇਸ ਵਿਆਹ ਵਿਚ ਮੇਰਾ ਕਿੰਨਾ ਕੁ ਹਿੱਸਾ ਸੀ ਅਤੇ ਮੈਂ ਕੀ ਕਰ ਸਕਦੀ ਸਾਂ, ਤਾਂ ਜੋ ਇਹ ਵਿਆਹ ਦੀ ਗਲਤੀ ਹੋਣੋਂ ਟਲ ਜਾਂਦੀ। ਪੜ੍ਹਨ ਮਗਰੋਂ ਮੈਨੂੰ ਕੁਝ ਸ਼ਾਂਤੀ ਆਈ ਕਿਉਂਕਿ ਸਿੱਟਾ ਇਹੀ ਨਿਕਲਦਾ ਸੀ ਕਿ ਭਾਵੇਂ ਮੈਂ ਹਨ੍ਹੇਰੇ ਵਿਚ ਅਤੇ ਅਨਜਾਣ ਸਾਂ, ਤਾਂ ਵੀ ਮੈਂ ਜੋ ਕੀਤਾ ਸੀ, ਭਲੇ ਲਈ ਹੀ ਕੀਤਾ ਸੀ। ਰੋਣ ਨਾਲ ਮੈਨੂੰ ਉਂਜ ਤਕਲੀਫ ਹੁੰਦੀ ਹੈ; ਪਰ ਕੱਲ੍ਹ ਰਾਤੀ ਅਜਿਹਾ ਨਹੀਂ ਹੋਇਆ, ਸਗੋਂ ਮੈਂ ਹਲਕੀ ਹੋ ਗਈ ਸਾਂ। ਮੈਂ ਸਵੇਰੇ ਸ਼ਾਂਤ ਸਾਂ ਅਤੇ ਇਸ ਗੱਲ ਦਾ ਪੱਕਾ ਇਰਾਦਾ ਕਰ ਲਿਆ ਸੀ ਕਿ ਹੁਣ ਮੈਨੂੰ ਸਰ ਪਰਸੀਵਲ ਜੋ ਵੀ ਕਹੇ ਜਾ ਜੋ ਮੇਰੇ ਨਾਲ ਕਰੇ, ਮੈਨੂੰ ਕਦੇ ਗੁੱਸਾ ਨਹੀਂ ਆਏਗਾ ਅਤੇ ਮੈਂ ਇਕ ਮਿੰਟ ਲਈ ਵੀ ਨਹੀਂ ਭੁੱਲਾਂਗੀ ਕਿ ਇਥੇ ਮੈਂ ਲਾਰਾ ਦੀ ਖਾਤਿਰ ਰੁਕੀ ਹੋਈ ਹਾਂ ਅਤੇ ਉਹਦੀ ਸੇਵਾ ਸਦਕਾ ਹਰ ਤਰ੍ਹਾਂ ਦਾ ਨਿਰਾਦਰ, ਬੇਇਜ਼ਤੀ ਅਤੇ ਧਮਕੀ ਸਹਿਣੀ ਹੈ। ਅਜ ਸਵੇਰੇ ਅਸੀਂ ਉਸ ਆਕਾਰ ਬਾਰੇ, ਜਿਸਨੂੰ ਝੀਲ ਦੇ ਕਿਨਾਰੇ ਵੇਖਿਆ ਸੀ, ਅਸੀਂ ਕਈ ਅਨੁਮਾਨ ਲਾਉਣੇ ਸਨ, ਪਰ ਇਕ ਨਿਗੂਣੀ ਜੇਹੀ ਦੁਰਘਟਨਾ ਕਰਕੇ ਇਹ ਕੰਮ ਵਿਚ ਰਹਿ ਗਿਆ ਸੀ ! ਲਾਰਾ ਨੂੰ ਜਿਹੜਾ ਬਰੋਚ ਮੈਂ ਵਿਆਹ ਤੇ ਸੁਗਾਤ ਦਿਤਾ ਸੀ, ਉਹ ਕੱਲ੍ਹ ਗੁੰਮ ਗਿਆ ਸੀ। ਕਲ ਸ਼ਾਮੀ ਜਦੋਂ ਅਸੀਂ ਬਾਹਰ ਗਈਆਂ ਤਾਂ ਉਹਨੇ ਉਹ ਲਾਇਆ ਹੋਇਆ ਸੀ, ਸੋ ਜਾਂ ਤਾਂ ਉਹ ਬੋਟ ਹਾਊਸ ਵਿਚ ਜਾਂ ਵਾਪਸ ਆਉਂਦਿਆਂ ਰਾਹ ਵਿਚ ਕਿਧਰੇ ਡਿਗ ਪਿਆ ਸੀ। ਨੌਕਰਾਂ ਨੂੰ ਲੱਭਣ ਲਈ ਭੇਜਿਆ ਗਿਆ ਸੀ, ਪਰ ਉਹ ਸਭ ਨਿਰਾਸ਼ ਵਾਪਸ ਆਏ ਹਨ। ਹੁਣ ਲਾਰਾ

ਆਪ ਗਈ ਹੈ, ਭਾਵੇਂ ਉਹਨੂੰ ਲੱਭੇ ਜਾਂ ਨਾ, ਪਰ ਜੇ ਸਰ ਪਰਸੀਵਲ, ਮਿਸਟਰ ਗਿਲਮੌਰ ਦੇ ਭਾਈਵਾਲ ਦੀ ਚਿੱਠੀ ਆਉਣ ਤੋਂ ਪਹਿਲਾਂ ਆ ਜਾਏ ਤਾਂ ਘੱਟ ਤੋਂ ਘੱਟ ਲਾਰਾ ਦੇ ਘਰੋਂ ਬਾਹਰ ਰਹਿਣ ਦਾ ਕੋਈ ਬਹਾਨਾ ਤਾਂ ਹੈ।

ਇਕ ਖ਼ੜਕ ਗਿਆ ਹੈ। ਹੁਣ ਮੈਂ ਇਨਾਂ ਸੋਚਾਂ ਵਿਚ ਹਾਂ ਕਿ ਚਿੱਠੀ ਲਈ ਮੈਨੂੰ ਘਰ ਉਡੀਕਣਾ ਚਾਹੀਦਾ ਹੈ ਜਾਂ ਘਰ ਦੇ ਬਾਹਰ ਲੌਂਜ ਗੇਟ ਕੋਲ। ਪਰ ਇਸ ਘਰ ਦੀ ਹਰ ਇਕ ਚੀਜ਼ ਅਤੇ ਹਰ ਇਕ ਬੰਦੇ ਤੇ ਹੁਣ ਮੈਨੂੰ ਬਹੁਤ ਸ਼ੱਕ ਹੈ। ਇਸ ਲਈ ਮੈਂ ਬਾਹਰ ਹੀ ਜਾ ਕੇ ਉਸ ਬੰਦੇ ਦੀ ਉਡੀਕ ਕਰਨਾ ਚੰਗਾ ਸਮਝਿਆ। ਕਾਂਊਟ ਬਰੇਕਫਾਸਟ ਕ੍ਰਮ ਵਿਚ ਆਪਣੀਆਂ ਚਿੜੀਆਂ ਨਾਲ ਖੇਡ ਰਿਹਾ ਹੈ। ਮੈਂ ਦਸ ਮਿੰਟ ਪਹਿਲਾਂ ਜਦੋਂ ਉਪਰ ਗਈ ਸਾਂ ਉਹਦੀ ਆਵਾਜ਼ ਸੁਣੀ ਸੀ-'ਮੇਰੀਆਂ ਉਂਗਲਾਂ ਉਤੇ ਬੈਠ ਜਾਓ ਮੇਰੀਓ ਸੁਹਣੀਓ ! ਇਕ, ਦੋ, ਤਿੰਨ ਸ਼ਾਬਾਸ਼ -" ਅਤੇ ਉਹਦੀਆਂ ਚਿੜੀਆਂ ਗੀਤ ਗਾ ਰਹੀਆਂ ਸਨ। ਉਹ ਆਪ ਵੀ ਇਕ ਪੰਛੀ ਵਾਂਗ ਸੀਟੀਆਂ ਮਾਰ ਰਿਹਾ ਸੀ ! ਮੇਰੇ ਕਮਰੇ ਦਾ ਦਰਵਾਜ਼ਾ ਖੁਲ੍ਹਾ ਹੈ, ਇਸ ਲਈ ਮੈਨੂੰ ਉਹ ਗੀਤ ਸੁਣਾਈ ਦੇ ਰਹੇ ਹਨ। ਇਹੀ ਵਕਤ ਹੈ ਕਿ ਮੈਂ ਚੁਪਚਾਪ ਖਿਸਕ ਸਕਦੀ ਹਾਂ।

ਚਾਰ ਵਜੇ-ਇਨ੍ਹਾਂ ਤਿੰਨ ਘੰਟਿਆ ਦੇ ਅੰਦਰ ਬਲੈਕਵਾਟਰ ਪਾਰਕ ਵਿਚ ਘਟਨਾਵਾਂ ਨੇ ਇਕ ਨਵਾਂ ਹੀ ਰੂਪ ਧਾਰਣ ਕਰ ਲਿਆ ਹੈ। ਇਹਦੇ ਵਿਚ ਸਾਡੀ ਭਲਾਈ ਹੈ ਜਾਂ ਨਹੀਂ-ਮੈਂ ਅਜੇ ਕੁਝ ਨਹੀਂ ਕਹਿ ਸਕਦੀ ਅਤੇ ਕੁਝ ਕਹਿਣ ਦੀ ਹਿੰਮਤ ਨਹੀਂ ਕਰ ਸਕਦੀ। ਜਿਥੇ ਮੈਂ ਲਿਖਣਾ ਛਡਿਆ ਸੀ, ਮੈਂ ਉਸੇ ਥਾਂ ਤੋਂ ਸ਼ੁਰੂ ਕਰਾਂਗੀ ਨਹੀਂ ਤੇ ਮੈਂ ਆਪਣੇ ਵਿਚਾਰਾਂ ਦੀ ਭੀੜ ਵਿਚ ਆਪ ਵੀ ਗਵਾਚ ਜਾਵਾਂਗੀ।

ਮੈਂ ਲੰਦਨ ਤੋਂ ਚਿੱਠੀ ਲੈ ਕੇ ਆ ਰਹੇ ਆਦਮੀ ਦੀ ਉਡੀਕ ਬਾਹਰ ਹੀ ਕਰਨੀ ਉਚਿਤ ਸਮਝੀ ਸੀ। ਮੈਂ ਪੌੜੀਆਂ ਉਤਰੀ। ਕਿਧਰੇ ਕੋਈ ਵੀ ਨਜ਼ਰ ਨਹੀਂ ਸੀ ਆ ਰਿਹਾ। ਹਾਲ ਵਿਚ ਕਾਂਊਟ ਆਪਣੇ ਪੰਛੀਆਂ ਨਾਲ ਖੇਡ ਰਿਹਾ ਸੀ ਅਤੇ ਉਨ੍ਹਾਂ ਨੂੰ ਕਸਰਤ ਕਰਵਾ ਰਿਹਾ ਸੀ, ਮੈਂ ਬੂਹਾ ਖੋਹਲ ਕੇ ਬਾਹਰ ਆਈ। ਬਾਹਰ ਮੈਡਮ ਫ਼ੋਸਕੋ, ਮੱਛੀਆਂ ਦੇ ਤਾਲਾਬ ਦੇ ਆਲੇ ਦੁਆਲੇ ਚੱਕਰ ਕੱਟੀ ਜਾ ਰਹੀ ਸੀ। ਇਹ ਥਾਂ ਉਹਨੂੰ ਸਭ ਤੋਂ ਪਿਆਰੀ ਲਗਦੀ ਸੀ ! ਮੈਂ ਆਪਣੀ ਚਾਲ ਹੋਲੀ ਕਰ ਲਈ -ਤਾਂ ਜੋ ਕਾਉਂਟੈਂਸ ਨੂੰ ਮੇਰੇ ਕਾਹਲੇ ਕਦਮਾਂ ਨਾਲ ਕਿਧਰ ਕਿਸੇ ਕਿਸਮ ਦਾ ਸ਼ੱਕ ਨਾ ਪੈ ਜਾਏ। ਮੈਂ ਉਹਨੂੰ ਇਹ ਵੀ ਪੁੱਛਿਆ ਕਿ ਕੀ ਉਹ ਸੈਰ ਕਰਨ ਚਲੇਗੀ। ਉਹਨੇ ਇਕ ਨਿੱਘੀ ਮੁਸਕਰਾਹਟ ਨਾਲ ਮੈਨੂੰ ਉੱਤਰ ਦਿਤਾ, ਕਿ ਉਹ ਇਸ ਵੇਲੇ ਘਰ ਹੀ ਰਹੇਗੀ। ਇਹ ਕਹਿ ਕੇ ਉਹ ਹਾਲ ਦਾ ਦਰਵਾਜ਼ਾ ਖੋਹਲ ਕੇ ਅੰਦਰ ਚਲੀ ਗਈ ਅਤੇ ਆਪਣੇ

ਲੰਘਣ ਪਿਛੋਂ ਬੂਹਾ ਵੀ ਬੰਦ ਕਰ ਗਈ। ਮੈਂ ਵੱਡੇ ਫਾਟਕ ਦੇ ਨਾਲ ਦਾ ਛੋਟਾ ਫਾਟਕ ਖੋਲਿਆ ਅਤੇ ਚੁੱਪਚਾਪ ਨਿਕਲ ਆਈ।

ਪੰਦਰਾਂ ਮਿੰਟ ਦੇ ਵਿਚ ਮੈਂ ਕੋਠੀ ਦੇ ਬਾਹਰ ਲੌਂਜ ਕੋਲ ਪੁੱਜ ਗਈ। ਇਸ ਦੇ ਬਾਹਰ ਜੋ ਗਲੀ ਸੀ, ਉਹ ਅਚਾਨਕ ਹੀ ਖਬੇ ਹੱਥ ਮੁੜਦੀ ਸੀ ਤੇ ਉਥੋਂ ਕੋਈ ਸੌ ਕੁ ਗਜ਼ ਮਗਰੋਂ ਸਜੇ ਹੱਥ ਮੁੜ ਕੇ ਵੱਡੀ ਸੜਕ ਨੂੰ ਜਾ ਮਿਲਦੀ ਸੀ। ਇਨ੍ਹਾਂ ਦੋਹਾਂ ਮੌੜਾਂ ਦੇ ਵਿਚਕਾਰ ਲੌਂਜ ਦੀ ਕੰਧ ਦਾ ਉਹਲਾ ਸੀ। ਸੋ ਮੈਂ ਇਸ ਥਾਂ ਤੇ ਹੀ ਉਡੀਕਣਾ ਬਿਹਤਰ ਸਮਝਿਆ। ਦੋਵੇਂ ਪਾਸੇ ਉੱਚੀਆਂ ਉੱਚੀਆਂ ਵਾੜਾਂ ਸਨ; ਕਿਧਰੇ ਕੋਈ ਬਿੜਕ ਨਹੀਂ ਸੀ, ਮੈਂ ਵੀਹ ਕ ਮਿੰਟ ਟਹਿਲਦੀ ਰਹੀ, ਤਾਂ ਇਕ ਬੱਘੀ ਦੀ ਆਵਾਜ਼ ਮੇਰੀ ਕੰਨੀ ਪਈ ! ਦੂਜੇ ਮੋੜ ਵੱਲ ਗਈ, ਇਕ ਬੱਘੀ ਸਟੇਸ਼ਨ ਵਲੋਂ ਆ ਰਹੀ ਸੀ। ਮੈਂ ਹੱਥ ਨਾਲ ਇਸ਼ਾਰਾ ਕਰਕੇ ਕੋਚਵਾਨ ਨੂੰ ਰੋਕਿਆ। ਉਹਦੇ ਗੱਡੀ ਰੋਕਣ ਉਤੇ ਇਕ ਪੁਰਸ਼ ਨੇ ਖਿੜਕੀ ਵਿਚ ਸਿਰ ਬਾਹਰ ਕੱਢ ਕੇ ਵੇਖਿਆ ਕਿ ਕੀ ਗੱਲ ਹੋਈ ਸੀ।

"ਖਿਮਾ ਕਰਨਾ," ਮੈਂ ਕਿਹਾ; "ਜੇ ਮੇਰਾ ਖਿਆਲ ਗਲਤ ਨਹੀਂ, ਤਾਂ ਕੀ ਤੁਸੀਂ ਬਲੈਕਵਾਟਰ ਪਾਰਕ ਜਾ ਰਹੇ ਹੋ?"

"ਜੀ, ਮੈਡਮ।"

"ਕਿਸੇ ਲਈ ਚਿੱਠੀ ਲੈ ਕੇ?"

"ਜੀ, ਮਿਸ ਹਾਲਕੌਂਬ ਲਈ ਚਿੱਠੀ ਲੈ ਕੇ।"

"ਤਾਂ ਇਹ ਚਿੱਠੀ ਤੁਸੀਂ ਮੈਨੂੰ ਦੇ ਸਕਦੇ ਹੋ। ਮੈਂ ਹੀ ਮਿਸ ਹਾਲਕੌਂਬ ਹਾਂ।"

ਉਸ ਨੇ ਸਤਿਕਾਰ ਵਲੋਂ ਆਪਣਾ ਹੈਟ ਉਤਾਰਿਆ, ਅਤੇ ਫ਼ੋਰਨ ਬਘੀ ਵਿਚੋਂ ਉਤਰ ਕੇ ਉਹ ਚਿੱਠੀ ਮੈਨੂੰ ਦੇ ਦਿੱਤੀ।

ਮੈਂ ਉਸੇ ਪਲ ਉਹ ਚਿੱਠੀ ਖੋਲ੍ਹ ਕੇ ਪੜ੍ਹੀ। ਮੈਂ ਇਹ ਚਿੱਠੀ ਇਥੇ ਨਕਲ ਕਰ ਰਹੀ ਹਾਂ, ਤਾਂ ਜੋ ਸਾਵਧਾਨੀ ਦੇ ਤੌਰ ਤੇ ਅਸਲੀ ਚਿੱਠੀ ਸਾੜ ਸਕਾਂ।

"ਮੈਡਮ, ਤੁਹਾਡੀ ਚਿੱਠੀ ਅੱਜ ਸਵੇਰ ਮਿਲੀ, ਅਤੇ ਮੈਂ ਬਹੁਤ ਚਿੰਤਿਤ ਹੋ ਗਿਆ ਹਾਂ। ਮੈਂ ਸੰਖੇਪ ਅਤੇ ਸਪਸ਼ਟ ਸ਼ਬਦਾਂ ਵਿਚ ਉੱਤਰ ਦੇ ਰਿਹਾ ਹਾਂ।

ਤੁਹਾਡੀ ਚਿੱਠੀ ਤ' ਅਤੇ ਲੇਡੀ ਗਲਾਈਡ ਦੀ ਸਥਿੱਤੀ, ਜੋ ਉਸ ਦੇ ਵਿਆਹ ਵਕਤ, ਜਾਇਦਾਦ ਦੀ ਦਸਤਾਵੇਜ, ਵਿਚ ਸਪੱਸਟ ਕੀਤੀ ਗਈ ਸੀ, ਦੀ ਜਾਣਕਾਰੀ ਤੋਂ ਮੈਂ

ਇਸ ਸਿੱਟੇ ਤੇ ਪੁਜਾ ਹਾਂ, ਕਿ ਟਰੱਸਟ ਦੇ ਪੈਸੇ ਉਤੇ ਕਰਜ਼ਾ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ, (ਦੂਜ ਸ਼ਬਦਾ ਵਿਚ ਲੇਡੀ ਗਲਾਈਡ ਦੀ ਵੀਹ ਹਜ਼ਾਰ ਪੌਂਡ ਦੀ ਜਾਇਦਾਦ ਵਿਚੋਂ ਕੁਝ ਹਿੱਸਾ ਕਰਜ਼ੇ ਦੇ ਤੌਰ ਤੇ ਲੈਣ ਦਾ ਵਿਚਾਰ ਕੀਤਾ ਜਾ ਰਿਹਾ ਹੈ) ਅਤੇ ਲੇਡੀ ਗਲਾਈਡ ਨੂੰ ਇਸ ਕੰਮ ਵਿਚ ਹਿੱਸੇਦਾਰ ਬਣਾਇਆ ਜਾ ਰਿਹਾ ਹੈ; ਤਾਂ ਜੋ ਅਮਾਨਤ ਵਿਚ ਇਸ ਖ਼ਿਆਨਤ ਕਰਨ ਲਈ ਉਹਦੇ ਦਸਤਖਤ ਉਹਦੇ ਹੀ ਵਿਰੁੱਧ ਪੇਸ਼ ਕੀਤੇ ਜਾ ਸਕਦੇ ਹਨ। ਜੇ ਉਹ ਮਗਰੋਂ ਸ਼ਿਕਾਇਤ ਕਰੇ, ਤਾਂ ਉਹਦੇ ਆਪਣੇ ਹੀ ਦਸਤਖ਼ਤ ਉਹਦੇ ਦੁਸ਼ਮਣ ਸਾਬਤ ਹੋਣਗੇ।

ਅਤੇ ਮੇਰੇ ਖਿਆਲ ਵਿਚ ਅਸੰਭਵ ਤਾਂ ਇਹ ਹੈ ਕਿ ਹੋਰ ਕੋਈ ਇਕਰਾਰਨਾਮਾ, ਇਸ ਹਾਲਤ ਵਿਚ ਤਿਆਰ ਕੀਤਾ ਜਾ ਸਕਦਾ ਹੈ।

ਜੇ ਲੇਡੀ ਗਲਾਈਡ ਇਸ ਕਾਗਜ ਤੇ ਦਸਤਖ਼ਤ ਕਰੇਗੀ ਤਾਂ ਉਹਦੇ ਵੀਹ ਹਜ਼ਾਰ ਪੌਂਡਾਂ ਵਿਚ ਸਰ ਪਰਸੀਵਲ ਜਿਨੇ ਪੈਸੇ ਮੰਗੇਗਾ ਉਹਨੂੰ ਮਿਲ ਜਾਣਗੇ। ਇਹ ਰਕਮ ਜੇ ਉਹ ਨਾ ਮੋੜੇ, ਤਾਂ ਲੇਡੀ ਗਲਾਈਡ ਦੇ ਬੱਚਿਆਂ ਦੀ ਇਸ ਅਮਾਨਤ ਵਿਚ ਬੜਾ ਘਾਟਾ ਪਏਗਾ। ਇਹ ਰਕਮ ਛੋਟੀ ਹੈ ਜਾਂ ਵੱਡੀ-, ਇਹ ਮੈਂ ਕੀ ਦੱਸ ਸਕਦਾ ਹਾਂ। ਪਰ ਲੇਡੀ ਗਲਾਈਡ ਦੇ ਅਣਜੰਮੇ ਬੱਚਿਆਂ ਨਾਲ ਇਹ ਸਰਾਸਰ ਧੋਖਾ ਹੈ। ਇਸ ਗੰਭੀਰ ਮੌਕੇ ਓਤੇ ਮੈਂ ਇਹ ਤੁਹਾਨੂੰ ਇਹੀ ਕਹਾਂਗਾ, ਕਿ ਲੇਡੀ ਗਲਾਈਡ ਇਹ ਉਜ਼ਰ ਪੇਸ਼ ਰਖੇ ਕਿ ਉਹ ਇਹ ਕਾਗਜ਼ਾਤ ਆਪਣੇ ਵਕੀਲ ਨੂੰ ਵਿਖਾਉਣਾ ਚਾਹੁੰਦੀ ਹੈ; ਜੇ ਇਕਰਾਰ-ਨਾਮੇ ਵਿਚ ਕੋਈ ਧੋਖਾ ਨਹੀਂ ਹੋਵੇਗਾ, ਤਾਂ ਸਰ ਪਰਸੀਵਲ ਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

ਹੋਰ ਕਿਸੇ ਸੇਵਾ ਦੀ ਲੋੜ ਹੋਵੇ ਤਾਂ ਮੈਂ ਹਰ ਵਕਤ ਹਾਜ਼ਰ ਹਾਂ। ਜੇ ਹੋਰ ਕੋਈ ਚਿੱਠੀ ਪੱਤਰ ਰਾਹੀਂ ਸਲਾਹ ਲੈਣੀ ਹੋਵੇ ਤਾਂ ਮੈਨੂੰ ਫ਼ੌਰਨ ਖਬਰ ਕਰਨਾ।

ਆਪ ਦਾ ਦਾਸ,

ਵਿਲੀਅਮ ਕਾਈਰਲ

ਮੈਂ ਇਹ ਚਿੱਠੀ ਪੜ੍ਹਕੇ ਰੱਬ ਦਾ ਹਜ਼ਾਰ-ਸ਼ੁਕਰ ਕੀਤਾ। ਹੁਣ ਲਾਰਾ ਕੋਈ ਕਾਰਣ ਤਾਂ ਦੱਸ ਸਕਦੀ ਸੀ ਕਿ ਉਹ ਕਿਉਂ ਸਾਈਨ ਨਹੀਂ ਕਰ ਸਕਦੀ। ਅਤੇ ਸਾਨੂੰ ਵੀ ਇਸ ਗੱਲ ਦੀ ਸਮਝ ਆ ਗਈ ਸੀ ਕਿ ਕੀ ਹੋ ਸਕਦਾ ਸੀ। ਚਿੱਠੀ ਲਿਆਉਣ ਵਾਲਾ ਹਰਕਾਰਾ ਮੇਰੇ ਉੱਤਰ ਦੀ ਹੀ ਉਡੀਕ ਵਿਚ ਖੜ੍ਹਾ ਸੀ।

'ਕੀ ਤੁਸੀਂ ਮੇਰੇ ਵਲੋਂ ਇਹ ਕਹਿ ਦਿਉਗੇ ਕਿ ਮੈਨੂੰ ਸਾਰੀ ਗੱਲ ਸਮਝ ਆ ਗਈ ਹੈ, ਅਤੇ ਮੈਂ ਬਹੁਤ ਬਹੁਤ ਧੰਨਵਾਦੀ ਹਾਂ। ਇਸ ਵੇਲੇ ਹੋਰ ਕੋਈ ਚਿੱਠੀ ਭੇਜਣ ਦੀ ਲੋੜ ਨਹੀਂ।"

ਅਜੇ ਇਹ ਗੱਲ ਮੇਰੇ ਮੂੰਹ ਵਿਚ ਹੀ ਸੀ ਕਿ ਆਊਂਟ ਫ਼ੋਸਕੋ ਵੱਡੀ ਸੜਕ ਤੋਂ ਆਉਂਦੀ ਹੋਈ ਗਲੀ ਵਿਚੋਂ ਮੁੜ ਕੇ ਮੇਰੇ ਸਾਹਮਣੇ ਇੰਜ ਆ ਖੜੋਤਾ- ਚਿੱਠੀ ਅਜੇ ਮੇਰੇ ਹੱਥ ਵਿਚ ਉਵੇਂ ਦੀ ਉਵੇਂ ਖੁੱਲ੍ਹੀ ਪਈ ਸੀ, ਕਾਂਊਟ ਇੰਜ ਅਚਾਨਕ ਆਇਆ ਜਿਵੇਂ ਉਹ ਧਰਤੀ ਵਿਚੋਂ ਹੀ ਉਗਮ ਪਿਆ ਹੋਵੇ। ਉਹਦੇ ਇਥੇ ਪਹੁੰਚਣ ਦੀ ਕੋਈ ਸੰਭਾਵਨਾ ਵੀ ਮੇਰੇ ਖਿਆਲ ਵਿਚ ਨਹੀਂ ਸੀ। ਹੈਰਾਨੀ ਵਿਚ ਮੈਂ ਉਥੇ ਹੀ ਜੜ੍ਹ ਹੋ ਗਈ। ਚਿੱਠੀ ਲਿਆਉਣ ਵਾਲਾ ਬੰਦਾ ਮੈਨੂੰ ਸਿਰ ਝੁਕਾ ਕੇ ਵਾਪਸ ਬੱਘੀ ਵਿਚ ਬੈਠ ਗਿਆ ਸੀ। ਮੈਂ ਉਹਨੂੰ ਇਕ ਸ਼ਬਦ ਵੀ ਹੋਰ ਨਾ ਕਹਿ ਸਕੀ। ਮੈਨੂੰ ਤਾਂ ਇਹੀ ਧੱਕਾ ਅਚਾਨਕ ਲੱਗਾ ਸੀ ਕਿ ਮੈਂ ਪਕੜੀ ਗਈ ਹਾਂ, ਅਤੇ ਉਹ ਵੀ ਉਸ ਆਦਮੀ ਰਾਹੀਂ, ਜਿਸ ਦੇ ਇਥੇ ਇਸ ਵੇਲੇ ਆਣ ਦੀ ਕੋਈ ਉਮੀਦ ਹੀ ਨਹੀਂ ਸੀ।

"ਕੀ ਤੁਸੀਂ ਵਾਪਸ ਘਰ ਚਲ ਰਹੇ ਹੋ, ਮਿਸ ਹਾਲਕੌਂਬ?" ਉਹਦੇ ਮੂੰਹ ਤੇ ਕੋਈ ਹੈਰਾਨੀ ਜਾਂ ਸ਼ੱਕ ਨਹੀਂ ਸੀ। ਉਹਨੇ ਉਸ ਜਾਂਦੀ ਹੋਈ ਬੱਘੀ ਵੱਲ ਵੇਖਿਆ ਵੀ ਨਹੀਂ ਸੀ।

ਮੈਂ ਇੰਨੀ ਕੁ ਹੋਸ਼ ਵਿਚ ਪਰਤ ਪਈ ਸਾਂ ਕਿ ਉਹਨੂੰ ਸਿਰ ਹਿਲਾ ਕੇ ਉਹਦੀ ਗੱਲ ਦਾ ਉੱਤਰ ਦੇਂਦੀ।

"ਤਾਂ ਮੈਂ ਵੀ ਤੁਹਾਡੇ ਸਾਥ ਦੀ ਖੁਸ਼ੀ ਲੈ ਸਕਾਂਗਾ? ਕੀ ਮੇਰੀ ਬਾਂਹ ਪਕੜ ਲਵੋਗੇ? ਕੀ ਗੱਲ ਹੈ ਤੁਸੀਂ ਬੜੇ ਹੈਰਾਨ ਹੋ -?"

ਮੈਂ ਉਹਦੀ ਬਾਂਹ ਫੜ ਲਈ। ਸਭ ਤੋਂ ਪਹਿਲੀ ਗੱਲ ਜੋ ਮੇਰੇ ਦਿਮਾਗ ਵਿਚ ਬਿਜਲੀ ਵਾਂਗ ਚਮਕੀ ਉਹ ਇਹੀ ਸੀ, ਕਿ ਭਾਵੇਂ ਕੀ ਹੋ ਜਾਏ-ਇਸ ਆਦਮੀ ਨੂੰ ਦੁਸ਼ਮਨ ਨਹੀਂ ਬਣਾਉਣਾ !

"ਤੁਸੀਂ ਮੈਨੂੰ ਵੇਖ ਕੇ ਬਹੁਤ ਹੈਰਾਨ ਹੋਏ ਹੋ !" ਉਹਨੇ ਉਹੀ ਗੱਲ ਆਪਣੀ ਜ਼ਿੱਦ ਵਿਚ ਦੁਹਰਾਈ।"

"ਮੇਰਾ ਖਿਆਲ ਹੈ ਕਿ ਤੁਸੀਂ ਬਰੇਕਫਾਸਟ ਰੂਮ ਵਿਚ ਆਪਣੇ ਪੰਛੀਆਂ ਨਾਲ ਖੇਡ ਰਹੇ ਸੀ, ਅਤੇ ਮੈਂ ਤੁਹਾਡੀ ਆਵਾਜ਼ ਉਥੇ ਸੁਣੀ ਸੀ।" ਮੈਂ ਬੜੀ ਕੋਸ਼ਿਸ਼ ਕੀਤੀ ਕਿ ਮੇਰੀ ਆਵਾਜ਼ ਨਾਂ ਕੰਬੇ ਤੇ ਮੇਰੇ ਲਹਿਜੇ ਵਿਚੋਂ ਕੋਈ ਪਰੇਸ਼ਾਨੀ ਵੀ ਨਾ ਝਲਕੇ।

"ਬਿਲਕੁਲ ਠੀਕ। ਪਰ ਮੇਰੇ ਪੰਛੀ ਵੀ ਹੋਰ ਬੱਚਿਆਂ ਵਾਂਗ ਹੀ ਹਨ ! ਉਹ ਵੀ ਕਈ ਵਾਰ ਜਿਦ ਫੜ ਲੈਂਦੇ ਹਨ, ਮੈਂ ਉਨ੍ਹਾਂ ਨੂੰ ਪਿੰਜਰੇ ਵਿਚ ਪਾ ਹੀ ਰਿਹਾ ਸਾਂ ਕਿ ਮੇਰੀ ਪਤਨੀ ਨੇ ਮੈਨੂੰ ਦਸਿਆ ਕਿ ਤੁਸੀਂ ਸੈਰ ਲਈ ਇਕੱਲੇ ਹੀ ਗਏ ਹੋ। ਤੁਸੀਂ ਆਪ ਹੀ ਉਹ ਦੇ ਨਾਲ ਗੱਲ ਕੀਤੀ ਸੀ-?

"ਹਾਂ, ਮੈਂ ਆਪ ਹੀ ਕੀਤੀ ਸੀ।"

"ਹਾਂ, ਮਿਸ ਹਾਲਕੌਂਬ, ਤੁਹਾਡੇ ਸਾਥ ਦਾ ਲਾਲਚ ਮੇਰੇ ਲਈ ਬਹੁਤ ਜ਼ਿਆਦਾ ਸੀ। ਮੇਰੀ ਉਮਰ ਵਿਚ ਇਹ ਮੰਨਣ ਨਾਲ ਕੋਈ ਨੁਕਸਾਨ ਨਹੀਂ ਹੋ ਸਕਦਾ। ਮੈਂ ਆਪਣਾ ਹੈਟ ਚੁੱਕਿਆ ਤੇ ਤੁਹਾਡੇ ਨਾਲ ਸੈਰ ਕਰਨ ਲਈ ਨਿਕਲ ਤੁਰਿਆ। ਭਾਵੇਂ ਮੈਂ ਬੁੱਢਾ ਅਤੇ ਮੋਟਾ ਹਾਂ, ਪਰ ਫਿਰ ਵੀ ਇਕੱਲਿਆਂ ਜਾਣ ਨਾਲੋਂ ਤੇ ਮੇਰਾ ਸਾਥ ਮਾੜਾ ਨਹੀਂ ! ਮੈ ਗਲਤ ਰਾਹ ਤੇ ਪੈ ਗਿਆ ਸਾਂ, ਅਤੇ ਨਿਰਾਸ਼ ਹੋ ਕੇ ਪਰਤ ਹੀ ਰਿਹਾ ਸਾਂ, ਕਿ ਹੁਣ ਤੁਸੀਂ ਮਿਲ ਗਏ ਹੋ ਤੇ ਹੁਣ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਹੀਂ।"

ਉਹ ਹੀ ਸਾਰਾ ਰਸਤਾ ਇੰਜ਼ ਲਗਾਤਾਰ ਬੋਲਦਾ ਰਿਹਾ ਅਤੇ ਮੈਨੂੰ ਇੰਜ਼ ਆਪਣੀ ਖਿੰਡਰੀ ਹੋਈ ਸੁਰਤ ਇਕੱਠੀ ਕਰਨ ਦਾ ਕੁਝ ਸਮਾਂ ਮਿਲ ਗਿਆ। ਉਹਨੇ ਇਕ ਵਾਰ ਵੀ ਜਿਕਰ ਨਾ ਕੀਤਾ ਕਿ ਮੈਂ ਉਥੇ ਗਲੀ ਵਿਚ ਕੀ ਕਰ ਰਹੀ ਸਾਂ ਇਕ ਵਾਰ ਵੀ ਉਹਨੇ ਉਸ ਚਿੱਠੀ ਬਾਰੇ ਪ੍ਰਸ਼ਨ ਨਾ ਕੀਤਾ। ਜੋ ਮੇਰੇ ਹੱਥ ਵਿਚ ਉਹਨੇ ਵੇਖੀ ਸੀ। ਉਹਦੀ ਇਸ ਹਰਕਤ ਤੋਂ ਵੀ ਮੇਰਾ ਸ਼ੱਕ ਪੱਕਾ ਹੋ ਗਿਆ ਕਿ ਉਹ ਮੇਰੀ ਵਕੀਲ ਵੱਲ ਲਿਖੀ ਹੋਈ ਚਿੱਠੀ ਛਲ ਵਲ ਕਰ ਕੇ ਪੜ੍ਹਨ ਵਿਚ ਸਫਲ ਹੋ ਗਿਆ ਸੀ; ਅਤੇ ਹੁਣ ਉਹ ਇਹ ਵੀ ਜਾਣ ਗਿਆ ਸੀ ਕਿ ਮੈਨੂੰ ਉਸਦਾ ਉੱਤਰ ਮਿਲ ਚੁੱਕਾ ਹੈ। ਉਹਨੂੰ ਆਪਣੇ ਮਨੋਰਥ ਠਈ ਇੰਨੀ ਜਾਣਕਾਰੀ ਹੀ ਬਹੁਤ ਸੀ ਅਤੇ ਹੁਣ ਉਹ ਮੇਰੇ ਮਨ ਵਿਚੋਂ ਉਹ ਸ਼ੱਕ ਦੂਰ ਕਰਨ ਲਈ ਇੰਨੇ ਖੋਖਣ ਕਰ ਰਿਹਾ ਸੀ, ਜੋ ਉਹਨੂੰ ਪਤਾ ਸੀ, ਕਿ ਮੇਰੇ ਮਨ ਵਿਚ ਉਠਣੇ ਕੁਦਰਤੀ ਸਨ। ਪਰ ਮੈਂ ਉਸ ਵੇਲੇ ਇਨੀ ਕੁ ਸਿਆਣਪ ਕੀਤੀ ਕਿ ਉਹਨੂੰ ਕੋਈ ਸਫਾਈ ਦੇਣੀ ਸ਼ੁਰੂ ਨਹੀਂ ਕਰ ਦਿੱਤੀ ਅਤੇ ਉਹਦੀ ਬਾਂਹ ਤੇ ਹੱਥ ਰੱਖ ਕੇ ਇਕ ਔਰਤ ਹੋਣ ਦੇ ਨਾਤੇ, ਉਹਦੇ ਕੋਲੋਂ ਡਰ ਦੇ ਬਾਵਜੂਦ ਵੀ ਮੈਂ ਇਹ ਮਹਿਸੂਸ ਕਰ ਰਹੀ ਸਾਂ ਜਿਸ ਤਰ੍ਹਾਂ ਮੈਨੂੰ ਕੋਈ ਛੂਤ ਦਾ ਰੋਗ ਹੋ ਗਿਆ ਹੋਵੇ।

ਜਦੋਂ ਅਸੀ ਘਰ ਦੇ ਸਾਹਮਣੇ ਪੁੱਜੇ ਤਾਂ ਕੁੱਤਾ ਗੱਡੀ ਤਬੇਲੇ ਵੱਲ ਜਾਂਦੀ ਸਾਨੂੰ ਮਿਲੀ।

ਸਰ ਪਰਸੀਵਲ ਉਸੇ ਵੇਲੇ ਪਰਤਿਆ ਸੀ। ਉਹ ਸਾਨੂੰ ਸਾਹਮਣੇ ਬੂਹੇ ਕੋਲ ਮਿਲਣ ਆਇਆ।

ਉਹਦੀ ਯਾਤਰਾ ਦਾ ਕੋਈ ਹੋਰ ਨਤੀਜਾ ਨਿਕਲਿਆ ਸੀ ਕਿ ਨਹੀਂ, ਪਰ ਉਸ ਨਾਲ ਉਹਦਾ ਵਹਿਮੀ ਸਭਾ ਠੰਢਾ ਨਹੀਂ ਸੀ ਹੋਇਆ ਦਿਸਦਾ।

"ਓ ! ਤਾਂ ਦੋ ਤਾਂ ਵਾਪਸ ਆ ਗਏ ਹੋ," ਉਹ ਗੁੱਸੇ ਨਾਲ ਬੋਲਿਆ।

"ਘਰ ਨੂੰ ਇੰਜ਼ ਇਕੱਲਿਆ ਛਡ ਕੇ ਸਭ ਦੇ ਚਲੇ ਜਾਣ ਦਾ ਕੀ ਮਤਲਬ ਹੈ? ਲੇਡੀ ਗਲਾਈਡ ਕਿਥੇ ਹੈ?

ਮੈਂ ਉਹਨੂੰ ਬਰੂਚ ਦੇ ਗਵਾਚ ਜਾਣ ਬਾਰੇ, ਅਤੇ ਲਾਰਾ ਦੇ ਉਹਨੂੰ ਚੀੜ੍ਹ ਦੇ ਬਗੀਚੇ ਵਿਚ ਲੱਭਣ ਜਾਣ ਬਾਰੇ ਦੱਸਿਆ।

"ਬਰੂਚ ਹੋਵੇ ਜਾਂ ਨਾ ਹੋਵੇ", ਉਹ ਰੋਣ ਦੇ ਲਹਿਜੇ ਵਿਚ ਭੌਂਕਿਆ, "ਉਹਨੂੰ ਕਹਿ ਦੇਣਾ ਕਿ ਅਜ ਦੁਪਿਹਰੀ ਲਾਇਬਰੇਰੀ ਵਿਚ ਆਉਣਾ ਯਾਦ ਰਖੇ। ਮੈਂ ਉਹਨੂੰ ਅੱਧੇ ਘੰਟੇ ਮਗਰੋਂ ਇਥੇ ਉਡੀਕਾਂਗਾ।" ਮੈਂ ਕਾਂਉਂਟ ਦੀ ਬਾਂਹ ਤੋਂ ਆਪਣਾ ਹੱਥ ਚੁੱਕਿਆ, ਅਤੇ ਹੌਲੀ ਹੌਲੀ ਪੌੜੀਆਂ ਚੜ੍ਹਨ ਲਗ ਪਈ। ਕਾਂਉਂਟ ਨੇ ਮੈਨੂੰ ਸਿਰ ਝੁਕਾਇਆ ਅਤੇ ਮੇਰੇ ਆਉਣ ਪਿਛੋਂ ਸਰ ਪਰਸੀਵਲ ਨੂੰ ਖੁਸ਼ੀ ਭਰੀ ਆਵਾਜ਼ ਵਿਚ ਸੰਬੋਧਨ ਕਰਕੇ ਬੋਲਿਆ--

"ਪਰਸੀਵਲ, ਸੁਣਾ ਸਫਰ ਕਿਹੋ ਜਿਹਾ ਰਿਹਾ?" ਸਰ ਪਰਸੀਵਲ ਮੱਥੇ ਤੇ ਤੀਊੜੀਆਂ ਪਾਈ ਖੜੋਤਾ ਸੀ। "ਕੀ ਤੇਰੀ ਸੁਹਣੀ ਲਿਸ਼ਕਦੀ ਬਰਾਉਨ ਮੌਲੀ ਚੂਰ ਹੋ ਕੇ ਵਾਪਸ ਆਈ ਹੈ?'

"ਬਰਾਉਨ ਮੋਲੀ ਨੂੰ ਗੋਲੀ ਮਾਰ ! ਅਤੇ ਸਫਰ ਦੀ ਗੱਲ ਹੀ ਨਾ ਛੇੜ ! ਮੈਨੂੰ ਬੱਸ ਰੋਟੀ ਚਾਹੀਦੀ ਹੈ।" ਉਹਦੀ ਗੁਸੀਲੀ ਆਵਾਜ਼ ਆਈ।

"ਪਰ ਮੈਂ ਤੇਰੇ ਨਾਲ ਪਹਿਲਾਂ ਪੰਜ ਮਿੰਟ ਇਕ ਗੱਲ ਕਰਨੀ ਹੈ; ਸਿਰਫ ਪੰਜ ਮਿੰਟ-ਲਾਨ ਵਿਚ।"

"ਕਿਸ ਬਾਰੇ?"

"ਤੇਰੇ ਹੀ ਕੰਮ ਬਾਰੇ ਕਰਨੀ ਹੈ-" ਕਾਂਉਂਟ ਨੇ ਕਿਹਾ, ਹਾਲ ਨੂੰ ਪਾਰ ਕਰਦਿਆਂ ਮੈਂ ' ਕਾਫ਼ੀ ਦੇਰ ਲਾਈ ਤਾਂ ਜੋ ਉਨ੍ਹਾਂ ਦੀ ਗੱਲਬਾਤ ਸੁਣ ਸਕਾਂ। ਸਰ ਪਰਸੀਵਲ ਮੇਰੇ ਸਾਹਮਣੇ ਹੀ

ਸੀ। ਉਹਨੇ ਆਪਣੀਆਂ ਜੇਬਾਂ ਵਿਚ ਹੱਥ ਤੁੰਨੇ ਹੋਏ ਸਨ ਅਤੇ ਉਹ ਕਾਂਊਟ ਦੀ ਗੱਲ ਮੰਨਣ ਬਾਰੇ ਕੁਝ ਝਿਜਕ ਰਿਹਾ ਸੀ।

"ਜੇ ਹੁਣ ਤੂੰ ਕੋਈ ਆਪਨਾ ਨਾ-ਮੁਰਾਦ ਵਿਘਨ ਪਾਣਾ ਚਾਹੁੰਦਾ ਹੈ ਤਾਂ ਮੈਂ ਤੇਰੀ ਇਕ ਨਹੀਂ ਮੰਨਣੀ ! ਮੈਂ ਹੁਣ ਰੋਟੀ ਖਾਣ ਚੱਲਿਆ ਹਾਂ।"

ਕਾਂਊਟ ਨੇ ਉਹ ਦੀ ਹੱਦ ਵਧ ਬਦਤਮੀਜ਼ੀ ਦੀ ਪ੍ਰਵਾਹ ਨਾ ਕਰਦਿਆਂ ਹੋਇਆ ਮੁੜ ਕਿਹਾ-

"ਬਾਹਰ ਆ ਤੇ ਮੇਰੀ ਗੱਲ ਸੁਣ !"

ਸਰ ਪਰਸੀਵਲ ਪੌੜੀਆਂ ਉਤਰ ਗਿਆ, ਕਾਂਊਟ ਨੇ ਉਹਦੀ ਬਾਂਹ ਫੜੀ ਅਤੇ ਉਹਨੂੰ ਬਾਹਰ ਘਾਹ ਵੱਲ ਲੈ ਗਿਆ। ਮੈਨੂੰ ਪੱਕਾ ਪਤਾ ਸੀ ਕਿ ਕਾਂਊਟ ਉਸ ਦਸਤਖ਼ਤ ਬਾਰੇ ਹੀ ਕੋਈ ਗੱਲ ਕਰੇਗਾ। ਇਸ ਵਿਚ ਰਤਾ ਵੀ ਸ਼ੱਕ ਨਹੀਂ ਸੀ, ਕਿ ਉਹ ਮੇਰੇ ਅਤੇ ਲਾਰਾ ਬਾਰੇ ਹੀ ਗੱਲਾਂ ਕਰ ਰਹੇ ਸਨ। ਮੈਨੂੰ ਲਗਾ, ਜਿਵੇਂ ਮੈਂ ਚਿੰਤਾ ਨਾਲ ਬੇਹੋਸ਼ ਹੋ ਜਾਵਾਂਗੀ; ਜੋ ਕੁਝ ਉਹ ਇਕ ਦੂਜੇ ਨੂੰ ਕਹਿ ਰਹੇ ਸਨ, ਹੋ ਸਕਦਾ ਹੈ ਉਹ ਸਾਡੇ ਦੋਹਾਂ ਲਈ ਅਤਿਅੰਤ ਮਹੱਤਵਪੂਰਣ ਹੋਵੇ, ਪਰ ਹਜ਼ਾਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਮੈਂ ਇਕ ਸ਼ਬਦ ਨਹੀਂ ਸਾਂ ਸੁਣ ਸਕਦੀ।

ਮੈਂ ਸਾਰੇ ਘਰ ਵਿਚ ਵਕੀਲ ਦੀ ਉਹ ਚਿੱਠੀ ਆਪਣੇ ਕੋਲ ਗਾਊਨ ਵਿਚ ਛੁਪਾਈ ਇਕ ਕਮਰੇ ਤੋਂ ਦੂਜੇ ਕਮਰੇ ਵਿਚ ਘੁੰਮਦੀ ਰਹੀ, (ਕਿਉਂਕਿ ਹੁਣ ਮੈਨੂੰ ਕਿਸੇ ਤਾਲੇ ਉਤੇ ਵੀ ਯਕੀਨ ਨਹੀਂ ਸੀ ਰਹਿ ਗਿਆ) ਇਸ ਚਿੰਤਾ ਅਤੇ ਸ਼ਸ਼ੋਪੰਜ ਨਾਲ ਮੈਂ ਪਾਗਲ ਹੀ ਹੋ ਚਲੀ ਸਾਂ। ਲਾਰਾ ਅਜੇ ਤੀਕ ਨਹੀਂ ਪਰਤੀ ਸੀ; ਮੈਂ ਪਹਿਲਾਂ ਸੋਚਿਆ ਕਿ ਉਹਨੂੰ ਚਲ ਕੇ ਲੱਭਾਂ, ਪਰ ਸਵੇਰ ਦੀਆਂ ਘਟਨਾਵਾਂ ਕਰਕੇ ਥੱਕ ਚੁਕੀ ਸਾਂ, ਅਤੇ ਗਰਮੀ ਨੇ ਮੈਨੂੰ ਬੇਹਾਲ ਕਰ ਦਿੱਤਾ ਹੋਇਆ ਸੀ, ਮੈਨੂੰ ਆਪਣੇ ਵਿਚ ਸਾਹ ਸੱਤ ਨਹੀਂ ਸੀ ਦਿਸ ਰਿਹਾ, ਸੋ ਮੈਂ ਇਸ ਨਿਢਾਲ ਹਾਲਤ ਵਿਚ ਡਰਾਇੰਗ ਰੂਮ ਵੱਲ ਪਰਤੀ ਅਤੇ ਇਕ ਸੋਫੇ ਤੇ ਆਰਾਮ ਕਰਨ ਲਈ ਲੇਟ ਗਈ।

ਅਜੇ ਮੈਂ ਲੇਟੀ ਹੀ ਸਾਂ, ਕਿ ਦਰਵਾਜ਼ੇ ਨੂੰ ਹੌਲੀ ਜਿਹੀ ਖੋਲ੍ਹ ਕੇ ਕਾਂਊਟ ਅੰਦਰ ਆਇਆ।

"ਹਜ਼ਾਰ ਵਾਰ ਖਿਮਾਂ ਮੰਗਦਾ ਹਾਂ, ਮੈਂ ਤੁਹਾਡੇ ਆਰਾਮ ਵਿਚ ਵਿਘਨ ਪਾਉਣਾ ਨਹੀਂ ਚਾਹੁੰਦਾ, ਪਰ ਮੈਂ ਇਕ ਖੁਸ਼ਖਬਰੀ ਲਿਆਇਆ ਹਾਂ, ਪਰਸੀਵਲ ਨੇ ਜੋ ਹਰ ਮਾਮਲੇ ਵਿਚ ਸਨਕੀ ਹੈ, ਹੁਣ ਅਖੀਰ ਵਿਚ ਆ ਕੇ ਆਪਣਾ ਇਰਾਦਾ ਬਦਲ ਲਿਆ ਹੈ, ਅਤੇ ਅਜੇ ਉਹ ਦਸਤਖਤ ਦਾ ਮਾਮਲਾ ਅਗੇ ਪਾ ਦਿੱਤਾ ਹੈ। ਸਾਡੇ ਸਭ ਲਈ ਹੀ ਚੰਗਾ ਹੈ, ਅਤੇ ਮੈਂ ਤੁਹਾਡੇ ਮੂੰਹ ਤੋਂ ਵੇਖ ਸਕਦਾ ਹਾਂ, ਕਿ ਤੁਸੀਂ ਵੀ ਖੁਸ਼ ਹੋਏ ਹੋ। ਤੁਸੀਂ ਜਦੋਂ ਲੇਡੀ ਗਲਾਈਡ ਨੂੰ ਇਹ ਖੁਸ਼ਖਬਰੀ ਦਿਓ, ਮੇਰੀਆਂ ਸ਼ੁਭ ਇੱਛਾਵਾਂ ਅਤੇ ਸਤਿਕਾਰ ਵੀ ਦੇਣਾ।"

ਅਜੇ ਮੈਂ ਆਪਣੀ ਹੈਰਾਨੀ ਤੋਂ ਸੰਭਲੀ ਵੀ ਨਹੀਂ ਸਾਂ, ਕਿ ਉਹ ਜਿਵੇਂ ਅਚਾਨਕ ਆਇਆ ਸੀ, ਉਵੇਂ ਹੀ ਇਕਾਇਕ ਵਾਪਸ ਮੁੜ ਗਿਆ ਇਸ ਵਿਚ ਰਤਾ ਸ਼ੱਕ ਨਹੀਂ ਸੀ ਰਹਿ ਗਿਆ ਕਿ ਦਸਤਖਤਾਂ ਦੇ ਮਾਮਲੇ ਬਾਰੇ ਇਹ ਆਸਾਧਰਣ ਤਬਦੀਲੀ ਕਾਂਊਂਟ ਦੇ ਪ੍ਰਭਾਵ ਨਾਲ ਹੀ ਹੋਈ ਸੀ; ਅਤੇ ਮੇਰੀ ਵਕੀਲ ਵੱਲ ਲਿੱਖੀ ਚਿੱਠੀ ਅਤੇ ਉਹਦੇ ਵੱਲ ਆਏ ਹੋਏ ਉੱਤਰ ਦੀ ਜਾਣਕਾਰੀ ਕਰਕੇ ਹੀ ਉਹ ਆਪਣਾ ਪ੍ਰਭਾਵ ਪਾਉਣ ਵਿਚ ਸਫਲ ਹੋ ਸਕਿਆ ਸੀ।

ਮੈਂ ਇਹ ਸਭ ਸਮਝ ਰਹੀ ਸਾਂ, ਪਰ ਮੇਰਾ ਦਿਮਾਗ ਵੀ ਮੇਰੇ ਸਰੀਰ ਵਾਂਗ ਥੱਕ ਚੁਕਾ ਸੀ ਅਤੇ ਉਸ ਵੇਲੇ ਨਾਂ ਤੇ ਮੈਂ ਵਰਤਮਾਨ ਬਾਰੇ ਸੋਚ ਸਕਦੀ ਸਾਂ, ਅਤੇ ਨਾ ਹੀ ਹਨੇਰੇ ਭਵਿੱਸ ਬਾਰੇ। ਮੈਂ ਮੁੜ ਇਕ ਵਾਰ ਸੋਚਿਆ ਕਿ ਬਾਹਰ ਜਾ ਕੇ ਲਾਰਾ ਨੂੰ ਲੱਭਾਂ: ਪਰ ਮੈਨੂੰ ਚੱਕਰ ਆ ਰਹੇ ਸਨ ਅਤੇ ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਇਸ ਲਈ ਮੈਂ ਹਾਰ ਕੇ ਨਾ ਚਾਹੁੰਦੀ ਹੋਈ ਵੀ ਉਸੇ ਸੋਫੇ ਤੋਂ ਦੂਜੀ ਵਾਰ ਲੇਟ ਗਈ।

ਘਰ ਦੀ ਚੁਪ ਚਾਂ; ਅਤੇ ਖੁਲ੍ਹੀਆਂ ਖਿੜਕੀਆਂ ਵਿਚ ਗਰਮੀ ਦੇ ਪੰਛੀਆਂ ਅਤੇ ਕੀੜਿਆਂ ਦੀ ਆਵਾਜ਼ ਨਾਲ ਮੈਨੂੰ ਥੋੜਾ ਸੁਖਾਵਾਂ ਆਰਾਮ ਆਇਆ। ਮੇਰੀਆਂ ਅੱਖਾਂ ਆਪਣੇ ਆਪ ਜੁੜ ਗਈਆਂ, ਅਤੇ ਮੈਂ ਸਹਿਜੇ ਸਹਿਜੇ ਜਾਗੱਮੀਟੀ ਦੀ ਉਸ ਅਵਸਥਾ ਵਿਚ ਸਾਂ, ਜਿਸ ਵਿਚ ਮੈਂ ਜਾਗ ਤੇ ਨਹੀਂ ਸਾ ਰਹੀ, ਕਿਉਂਕਿ ਮੈਂ ਆਪਣੇ ਆਲੇ ਦੁਆਲੇ ਜੋ ਹੋ ਰਿਹਾ ਸੀ, ਉਸ ਤੋਂ ਅਨਜਾਣ ਸਾਂ, ਅਤੇ ਸੁੱਤੀ ਨਹੀਂ ਸਾਂ ਹੋਈ, ਕਿਉਂ ਜੋ ਇਹ ਮਹਿਸੂਸ ਕਰ ਰਹੀ ਸਾਂ ਕਿ ਮੈਂ ਆਰਾਮ ਕਰ ਰਹੀ ਹਾਂ। ਇਸ ਹਾਲਤ ਵਿਚ ਮੇਰਾ ਨਿਢਾਲ ਮਨ ਮੇਰੇ ਤੋਂ ਮੁਕਤ ਹੋ ਕੇ, ਹਜ਼ਾਰਾਂ ਮੀਲ ਦੂਰ ਦੌੜਿਆ। ਜਦੋਂ ਮੇਰਾ ਜਿਸਮ ਆਰਾਮ ਕਰ ਰਿਹਾ ਸੀ, ਮੈਂ ਆਪਣੀ ਕਲਪਨਾ ਵਿਚ,

ਕਿ ਬੇਹੋਸ਼ੀ ਵਿਚ, ਠੀਕ ਕਹਿ ਨਹੀਂ ਸਕਦੀ, ਵਾਲਟਰ ਹਾਰਟਰਾਈਟ ਨੂੰ ਵੇਖਿਆ। ਉਸ ਦਿਨ ਮੈਂ ਸਵੇਰੇ ਜਦੋਂ ਵੀ ਉੱਠੀ ਸਾਂ, ਉਸ ਨੂੰ ਯਾਦ ਨਹੀਂ ਸੀ ਕੀਤਾ; ਲਾਰਾ ਨੇ ਵੀ ਉਹਦੀ ਕੋਈ ਗੱਲ ਸਿੱਧੀ ਤਰ੍ਹਾਂ ਜਾਂ ਵਲਫੇਰ ਪਾ ਕੇ ਮੇਰੇ ਨਾਲ ਨਹੀਂ ਸੀ ਕੀਤੀ ਤਾਂ ਵੀ ਮੈਂ ਉਹਨੂੰ ਸਾਫ਼ ਇੰਜ ਵੇਖਿਆ, ਜਿਵੇਂ ਪੁਰਾਣੇ ਦਿਨ ਪਰਤ ਆਏ ਹੋਣ, ਅਤੇ ਅਸੀਂ ਦੋਵੇਂ ਇਕੱਠੇ ਲਿਮਰਿਜ ਵਿਚ ਹਾਂ।

ਫਿਰ ਮੈਂ ਉਹਨੂੰ ਮਨੁੱਖਾਂ ਦੀ ਭੀੜ ਵਿਚ ਵੇਖਿਆ, ਜਿਨ੍ਹਾਂ ਵਿਚੋਂ ਕਿਸੇ ਦਾ ਵੀ ਚਿਹਰਾ ਮੈਂ ਪਛਾਣ ਨਹੀਂ ਸਾਂ ਸਕਦੀ। ਉਹ ਇਕ ਵੱਡੇ ਮੰਦਰ ਦੇ ਖੰਡਹਰ ਦੀਆਂ ਪੌੜੀਆਂ ਉਤੇ ਬੈਠੇ ਸਨ। ਸਦੀਆਂ ਪੁਰਾਣੇ, ਗਰਮ ਮੌਸਮ ਦੇ ਦਿਓ-ਕੱਦ ਦਰੱਖਤਾਂ, ਜਿਨ੍ਹਾਂ ਉਤੇ ਬੇਅੰਤ ਵੇਲਾਂ ਚੜ੍ਹੀਆਂ ਹੋਈਆਂ ਸਨ, ਅਤੇ ਭਿਆਨਕ ਪੱਥਰ ਦੇ ਬੁੱਤਾਂ ਨਾਲ, ਜੋ ਕਦੀ ਕਦੀ ਉਸ ਚਾਨਣੇ ਵਿਚ ਚਮਕਦੇ ਜੋ ਦਰਖਤਾਂ ਦੀਆਂ ਟਹਿਣੀਆਂ ਵਿਚੋਂ ਉਨ੍ਹਾਂ ਉਤੇ ਪੈ ਜਾਂਦਾ ਸੀ, ਅਤੇ ਭਿਆਨਕ ਹਾਸਾ ਹੱਸਦੇ ਨਜ਼ਰ ਆਉਂਦੇ ਸਨ, ਮੰਦਰ ਘਿਰਿਆ ਹੋਇਆ ਸੀ। ਅਸਮਾਨ ਨਜ਼ਰ ਨਹੀਂ ਸੀ ਆਉਂਦਾ, ਅਤੇ ਇਨ੍ਹਾਂ ਮੰਦ-ਭਾਗ ਮਨੁੱਖਾਂ ਤੇ ਇਕ ਨਹਿਸ਼ ਪ੍ਰਛਾਵਾਂ ਪਿਆ ਦਿੱਸਦਾ ਸੀ। ਜ਼ਮੀਨ ਵਿਚੋਂ ਚਿੱਟੀ ਹਵਾੜ ਉਠਦੀ ਅਤੇ ਵੱਲ ਵਲੇਂਵੇ ਖਾਂਦੀ ਉਨ੍ਹਾਂ ਮਨੁੱਖਾਂ ਨੂੰ ਛੂੰਹਦੀ ਜਾਂਦੀ, ਜਿਥੋਂ ਜਿਥੋਂ ਉਹ ਧੂੰਆਂ ਜਿਹਾ ਲੰਘ ਰਿਹਾ ਸੀ, ਉਥੇ ਉਥੇ ਬੈਠੇ ਮਨੁੱਖ ਮਰਦੇ ਜਾ ਰਹੇ ਸਨ। ਵਾਲਟਰ ਲਈ ਤਰਸ ਅਤੇ ਡਰ ਨੇ ਮੇਰੀ ਜਬਾਨ ਨੂੰ ਢਿੱਲਿਆਂ ਕੀਤਾ ਅਤੇ ਮੈਂ ਉਹਨੂੰ ਬਚ ਨਿਕਲਣ ਲਈ ਤਰਲਾ ਪਾਇਆ 'ਮੁੜ ਪਰਤ ਆ !" ਮੈਂ ਕਿਹਾ, "ਉਹ ਇਕਰਾਰ ਯਾਦ ਕਰ, ਜੋ ਤੂੰ ਮੇਰੇ ਅਤੇ ਲਾਰਾ ਨਾਲ ਕੀਤਾ ਹੈ। ਇਸ ਤੋਂ ਪਹਿਲਾਂ ਕਿ ਬੀਮਾਰੀ ਤੇਰੇ ਤਕ ਪਹੁੰਚੇ, ਅਤੇ ਤੂੰ ਵੀ ਸਭ ਵਾਂਗ ਮੌਤ ਦੀ ਨੀਂਦਰ ਸੌਂ ਜਾਏ, ਸਾਡੇ ਕੱਲ ਮੁੜ ਪਰਤ ਆ !"

ਉਹ ਮੇਰੇ ਵੱਲ ਬੜੀ ਦੇਵੀ ਸ਼ਾਂਤੀ ਨਾਲ ਵੇਖ ਕੇ ਬੋਲਿਆ, "ਮੈਂ" ਵਾਪਸ ਆਵਾਂਗਾ। ਉਸ ਰਾਤ ਤੋਂ, ਜਦੋਂ ਦਾ ਮੈਂ ਉਸ ਅਭਾਗੀ ਔਰਤ ਨੂੰ ਵੱਡੀ ਸੜਕ ਤੇ ਮਿਲਿਆ ਹਾਂ ਮੇਰੇ ਜੀਵਨ ਦਾ ਮੰਤਵ ਇਕ ਉਸ ਡੀਜ਼ਾਈਨ ਦਾ ਸਾਧਨ ਬਣ ਗਿਆ ਹੈ, ਜੋ ਅਜੇ ਅਣਵੇਖਿਆ ਹੈ; ਇਥੇ ਉਜਾੜ ਵਿਚ ਵੀ ਅਤੇ ਜੇ ਮੈਂ ਆਪਣੀ ਪਿਆਰੀ ਜਨਮ-ਭੂਮੀ ਵਿਚ ਵੀ ਹੋਵਾਂ ਤਾਂ ਵੀ ਮੈਂ ਅਜੇ ਉਸ ਹਨੇਰੇ ਰਾਹ ਤੇ ਹੀ ਤੁਰ ਰਿਹਾਂ ਹਾਂ, ਜੋ ਮੈਨੂੰ, ਤੁਹਾਨੂੰ ਅਤੇ ਤੁਹਾਡੀ ਭੈਣ ਨੂੰ ਜਿਸ ਨੂੰ ਅਸੀਂ ਦੋਵੇਂ ਹੀ ਪਿਆਰ ਕਹਦੇ ਹਾਂ, ਇਕ ਉਸ ਮੰਡਿਲ ਵੱਲ ਲਿਜਾ ਰਿਹਾ ਹੈ ਜਿਥੇ ਬੁਰਾਈ ਦਾ

ਬਦਲਾ ਲਿਆ ਜਾਏਗਾ ॥ ਤੁਸੀਂ ਉਡੀਕੋ ਅਤੇ ਹੁਸ਼ਿਆਰ ਰਵੋ। ਇਹ ਬੀਮਾਰੀ ਜੋ ਸਭ ਨੂੰ ਛੋਹ ਰਹੀ ਹੈ, ਮੇਰੇ ਕੋਲੋਂ ਲੰਘ ਜਾਏਗੀ।"

ਮੈਂ ਉਹਨੂੰ ਮੁੜ ਵੇਖਿਆ। ਉਹ ਅਜੇ ਵੀ ਜੰਗਲ ਵਿਚ ਹੀ ਸੀ; ਅਤੇ ਹੁਣ ਉਹਦੇ ਸਾਥੀ ਬਹੁਤ ਥੋੜ੍ਹੇ ਰਹਿ ਗਏ ਸਨ। ਨਾ ਉਹ ਮੰਦਰ ਸੀ ਅਤੇ ਨਾ ਹੀ ਉਹ ਬੁੱਤ ਕਿਧਰੇ ਦਿਸ ਰਹੇ ਸਨ; ਦਰਖਤਾਂ ਦੇ ਓਹਲੇ ਕਈ ਬੌਣੇ ਮਨੁੱਖ, ਆਪਣਿਆਂ ਹੱਥਾਂ ਵਿਚ ਤੀਰ ਕਮਾਨ ਤਿਆਰ ਕਰਕੇ ਛੁਪੇ ਬੈਠੇ ਸਨ। ਮੁੜ ਇਕ ਵਾਰ ਮੈਂ ਵਾਲਟਰ ਲਈ ਡਰ ਗਈ ਅਤੇ ਉਹਨੂੰ ਖ਼ਬਰਦਾਰ ਕਰਨ ਲਈ ਪੁਕਾਰਿਆ। ਇਕ ਵਾਰ ਮੁੜ ਉਹਨੇ ਮੇਰੇ ਵੱਲ ਅਹਿਲ, ਅਡੱਲ ਅਤੇ ਸ਼ਾਂਤ ਚਿਹਰੇ ਨਾਲ ਵੇਖਿਆ।

"ਇਕ ਕਦਮ ਹੋਰ", ਉਹ ਬੋਲਿਆ, "ਇਸ ਹਨੇਰੇ ਰਾਤ ਤੇ ਇਕ ਕਦਮ ਹੋਰ ! ਉਡੀਕੋ, ਅਤੇ ਵੇਖੋ। ਉਹ ਤੀਰ ਸਭ ਨੂੰ ਮਾਰੇਗਾ ਮੈਨੂੰ ਬਚਾ ਦੇਵੇਗਾ।"

ਮੈਂ ਉਹਨੂੰ ਤੀਜੀ ਵਾਰ ਇਕ ਡੁੱਬਦੇ ਹੋਏ ਜਹਾਜ਼ ਵਿਚ ਸਮੁੰਦਰ ਦੇ ਰੇਤੀਲੇ, ਬੀਆਬਾਨ ਕਿਨਾਰੇ ਕੋਲ ਵੇਖਿਆ। ਬੇੜੀਆਂ ਜੋ ਮੁਸਾਫਰਾਂ ਨਾਲ ਲੱਦੀਆਂ ਹੋਈਆਂ ਸਨ, ਉਹਦੇ ਤੋਂ ਦੂਰ ਧਰਤੀ ਵੱਲ ਜਾ ਰਹੀਆਂ ਸਨ; ਅਤੇ ਉਹ ਇਕੱਲਾਂ ਡੁੱਬਦੇ ਜਹਾਜ਼ ਨਾਲ ਡੁੱਬਣ ਲਈ ਰਹਿ ਗਿਆ ਸੀ। ਮੈਂ ਉਹਨੂੰ ਆਵਾਜ਼ ਕੇ ਦੇ ਕਿਹਾ, ਕਿ ਉਹ ਅਖੀਰਲੀ ਬੇੜੀ ਵਿਚ ਬੈਠ ਜਾਏ ਅਤੇ ਆਪਣੀ ਜ਼ਿੰਦਗੀ ਬਚਾ ਲਏ। ਉਹਨੇ ਸ਼ਾਂਤ ਚਿਹਰੇ ਨਾਲ ਮੇਰੇ ਵੱਲ ਵੇਖਿਆ, ਅਤੇ ਉਹੀ ਪਹਿਲੇ ਵਾਲਾ ਉੱਤਰ ਦਿਤਾ; "ਯਾਤਰਾ ਵਿਚ ਇਹ ਇਕ ਕਦਮ ਹੋਰ ਹੈ। ਉਡੀਕੋ। ਇਹ ਸਮੁੰਦਰ ਜਿਸ ਵਿਚ ਸਭ ਡੁੱਬ ਜਾਣਗੇ, ਮੈਨੂੰ ਬਚਾ ਲਏਗਾ।"

ਮੈਂ ਉਹਨੂੰ ਅਖੀਰਲੀ ਵਾਰ ਵੇਖਿਆ। ਉਹ ਇਕ ਚਿੱਟੀ ਸੰਗਮਰਮਰ ਦੀ ਕਬਰ ਕੋਲ ਗੱਡਿਆਂ ਪਰਨੇ ਬੈਠਾ ਸੀ; ਅਤੇ ਇਕ ਨਕਾਬਪੋਸ਼ ਔਰਤ ਕਬਰ ਵਿਚੋਂ ਨਿਕਲ ਕੇ ਉਹਦੇ ਕੋਲ ਖੜੀ ਉਡੀਕ ਰਹੀ ਸੀ। ਪਰ ਉਹਦੇ ਸ਼ਬਦਾਂ ਵਿਚ ਉਹੀ ਭਿਆਨਕ ਨਿਸ਼ਚਾ ਸੀ। "ਹਨੇਰਾ-ਹੋਰ ਹਨੇਰਾ", ਉਹਨੇ ਕਿਹਾ, "ਹੋਰ ਅਗੇ ਅਜੇ ਹੋਰ ਅਗੇ। ਮੌਤ ਦੇ ਕਲਾਵੇ ਵਿਚ ਜਵਾਨ, ਸੁਹਣੇ ਅਤੇ ਸੁੰਦਰ ਸਭ ਸਮਾ ਜਾਂਦੇ ਹਨ ਪਰ ਮੈਂ ਬਚ ਗਿਆ ਹਾਂ। ਉਹ ਬੀਮਾਰੀ, ਜੋ ਤਬਾਹੀ ਮਚਾਉਂਦੀ ਹੈ; ਉਹ ਤੀਰ ਜੋ ਜਾਨ ਲੈਂਦਾ ਹੈ: ਉਹ ਕਬਰ ਜੋ ਪਿਆਰ ਅਤੇ ਆਸ ਨੂੰ ਖਤਮ

ਕਰ ਦੇਂਦੀ ਹੈ: ਮੇਰੀ ਯਾਤਰਾ ਦੇ ਪੜਾ ਹਨ, ਅਤੇ ਮੈਨੂੰ ਮੰਜ਼ਿਲ ਦੇ ਨੇੜੇ, ਹੋਰ ਨੇੜੇ ਲੈ ਜਾ ਰਹੇ ਹਨ।"

ਮੇਰਾ ਦਿਲ ਇਕ ਭਿਆਨਕ ਖੋਫ਼ ਨਾਲ ਸਹਿਮ ਗਿਆ ਅਤੇ ਉਸ ਦੁੱਖ ਨਾਲ ਬੋਝਿਲ ਹੋ ਗਿਆ, ਜੋ ਹੰਝੂਆਂ ਵਿਚ ਨਹੀਂ ਵਹਿੰਦਾ। ਸੰਗਮਰਮਰ ਦੀ ਕਬਰ ਦਾ ਯਾਤਰੂ ਹਨੇਰੇ ਵਿਚ ਘਿਰ ਗਿਆ; ਉਹ ਨਕਾਬਪੋਸ਼ ਔਰਤ ਹਨੇਰੇ ਵਿਚ ਗਵਾਚ ਗਈ ਅਤੇ ਉਨ੍ਹਾਂ ਨੂੰ ਸੁਪਨੇ ਵਿਚ ਵੇਖਣ ਵਾਲਾ ਵੀ ਹਨੇਰੇ ਵਿਚ ਅਲੋਪ ਹੋ ਗਿਆ। ਉਸ ਤੋਂ ਮਗਰੋਂ ਮੈਨੂੰ ਕੁਝ ਹੋਰ ਸੁਣਾਈ ਨਹੀਂ ਦਿਤਾ, ਕੁਝ ਹੋਰ ਵਿਖਾਈ ਨਹੀਂ ਦਿਤਾ।

ਕਿਸੇ ਨੇ ਮੇਰੇ ਮੋਢੇ ਉਤੇ ਹੱਥ ਰਖ ਕੇ ਮੈਨੂੰ ਉਠਾਇਆ। ਇਹ ਲਾਰਾ ਸੀ।

ਉਹ ਗੋਡਿਆਂ ਭਾਰ ਮੇਰੇ ਸਿਰਹਾਣੇ ਮੋਢੇ ਕੋਲ ਬੈਠੀ ਹੋਈ ਸੀ ! ਉਹਦਾ ਚਿਹਰਾ ਘਬਰਾਇਆ ਅਤੇ ਭਖਿਆ ਹੋਇਆ ਸੀ। ਅਤੇ ਉਹਦੀਆਂ ਅੱਖਾਂ ਦੀ ਤੱਕਣੀ ਵਿਚ ਪਰੇਸ਼ਾਨੀ ਸੀ। ਮੈਂ ਉਹਨੂੰ ਵੇਖਦਿਆਂ ਸਾਰ ਤਕ ਕੇ ਉਠ ਪਈ।

"ਕੀ ਗੱਲ ਹੋਈ ਹੈ?" ਮੈਂ ਪੁੱਛਿਆ। "ਤੂੰ ਘਬਰਾਈ ਕਿਉਂ ਹੋਈ ਹੈ?' ਉਹਨੇ ਅੱਧ-ਖੁਲ੍ਹੇ ਬੂਹੇ ਵੱਲ ਵੇਖਿਆ ਅਤੇ ਮੇਰੇ ਕੰਨ ਕੋਲ ਆਪਣੇ ਬੁੱਲ੍ਹ ਲਿਜਾ ਕੇ ਬੋਲੀ - "ਮੇਰੀਅਨ, ਉਹ ਰਾਤ ਵਾਲਾ ਆਕਾਰ, ਉਹ ਕਦਮ, ਮੈਂ ਉਹਨੂੰ ਹੁਣੇ ਵੇਖਿਆ ਹੈ; ਉਹਦੇ ਨਾਲ ਗੱਲਬਾਤ ਕੀਤੀ ਹੈ।"

"ਕੌਣ ਹੈ ਉਹ ਰੱਬ ਦੇ ਵਾਸਤੇ ਜਲਦੀ ਦੱਸ।"

"ਏਨ ਕੈਥੇਰਿਕ।"

ਮੈਂ ਲਾਰਾ ਦਾ ਡਰ ਵੇਖ ਕੇ ਇੰਨਾ ਘਬਰਾਈ ਹੋਈ ਸਾਂ, ਅਤੇ ਆਪਣੇ ਸੁਪਨੇ ਦੇ ਪ੍ਰਭਾਵ ਹੇਠਾਂ ਏਨੀ ਦੁਖੀ ਹੋਈ ਸਾਂ, ਕਿ ਜਦੋਂ ਉਹਦੇ ਮੂੰਹੋਂ ਇਹ ਸ਼ਬਦ ਨਿਕਲ ਤਾਂ ਮੈਂ ਪੂਰੀ ਤਰ੍ਹਾਂ ਤਿਆਰ ਨਹੀਂ ਸਾਂ ਕ ਕੁਝ ਬਰਦਾਸ਼ਤ ਕਰ ਸਕਦੀ। ਮੈਂ ਉਵੇਂ ਹੀ ਜੜ੍ਹ ਖੜੋਤੀ ਰਹੀ, ਅਤੇ ਚੁਪਚਾਪ ਉਸ ਵੱਲ ਵੇਖਦੀ ਰਹੀ।

ਉਹ ਆਪ ਉਸ ਘਟਨਾ ਦੇ ਵਾਪਰਨ ਕਰਕੇ ਏਨੀ ਉਤੇਜਿਤ ਸੀ, ਕਿ ਉਹਨੇ ਇਸ ਵੱਲ ਧਿਆਨ ਨਾ ਦਿਤਾ, ਕਿ ਮੇਰੇ ਉਤੇ ਉਹਦੀ ਗੱਲ ਦਾ ਕੀ ਅਸਰ ਹੋਇਆ ਸੀ। "ਮੈਂ ਏਨ ਕੈਥੇਰਿਕ ਨੂੰ ਮਿਲੀ ਹਾਂ। ਮੈਂ ਏਨ ਕੈਥਰਿਕ ਨਾਲ ਗੱਲ ਬਾਤ ਕੀਤੀ ਹੈ।" ਉਹਨੇ ਇੰਜ

ਦੁਹਰਾਇਆ, ਜਿਵੇਂ ਮੈਂ ਉਹਦੀ ਗੱਲ ਸੁਣੀ ਨਾ ਹੋਵੇ। "ਓ ਮੇਰੀਅਨ, ਮੈਂ ਤੈਨੂੰ ਕਿੰਨਾ ਕੁਝ ਦੱਸਣਾ ਹੈ। ਮੇਰੇ ਨਾਲ ਆ- ਇਥੇ ਕੋਈ ਆ ਜਾਏਗਾ-ਮੇਰੇ ਕਮਰੇ ਵਿਚ ਫ਼ੌਰਨ ਚਲ।"

ਇਹ ਸ਼ਬਦ ਕਹਿਕੇ ਉਹਨੇ ਮੈਨੂੰ ਮੇਰੇ ਹੱਥਾਂ ਤੋਂ ਫੜ ਲਿਆ ਅਤੇ ਲਾਇਬਰੇਰੀ ਵਿਚੋਂ ਦੀ ਹੁੰਦੀਆਂ ਹੋਈਆਂ ਅਸੀਂ ਉਸ ਕਮਰੇ ਵਿਚ ਗਈਆਂ ਜੋ ਹੇਠਾਂ ਖਾਸ ਉਹਦੇ ਵਰਤਣ ਲਈ ਹੀ ਠੀਕ ਕਰਵਾਇਆ ਗਿਆ ਸੀ। ਇਥੇ ਸਿਵਾਏ ਉਹਦੀ ਨੌਕਰਾਣੀ ਦੇ ਹੋਰ ਕੋਈ ਨਹੀਂ ਸੀ ਆ ਸਕਦਾ। ਉਹਨੇ ਮੈਨੂੰ ਅੰਦਰ ਧੱਕ ਕੇ ਕਮਰੇ ਨੂੰ ਤਾਲਾ ਮਾਰ ਦਿਤਾ ਅਤੇ ਦਰਵਾਜੇ ਅਗੇ ਛੀਟ ਦੇ ਪਰਦੇ ਖਿੱਚ ਦਿੱਤੇ।

ਮੈਂ ਅਜੇ ਉਸੇ ਹੀ ਅਜੀਬ ਅਸਰ ਹੇਠ ਸੁੰਨ ਹੋਈ ਹੋਈ ਸੀ; ਪਰ ਇਕ ਅਹਿਸਾਸ ਅਤੇ ਵਿਸ਼ਵਾਸ ਹੌਲੀ ਹੌਲੀ ਮੇਰੇ ਦਿਮਾਗ ਵਿਚ ਜਾਗ ਰਿਹਾ ਸੀ, ਕਿ ਮੁਸੀਬਤਾਂ ਅਤੇ ਉਲਝਨਾਂ ਦਾ ਉਹ ਜਾਲ ਜੋ ਕਦੋਂ ਤੋਂ ਉਹਨੂੰ ਅਤੇ ਮੈਨੂੰ ਡਰਾ ਰਿਹਾ ਸੀ, ਹੁਣ ਅਚਾਨਕ ਹੀ ਉਹਨੇ ਸਾਨੂੰ ਜਕੜ ਲਿਆ ਹੈ। ਮੈਂ ਸ਼ਬਦਾਂ ਵਿਚ ਇਹਨੂੰ ਨਹੀਂ ਦਸ ਸਕਦੀ ਸਾਂ -ਮੈਂ ਆਪਣੀਆਂ ਸੋਚਾਂ ਵਿਚ ਵੀ ਇਸਨੂੰ ਅਜੇ ਸਪਸ਼ਟ ਰੂਪ ਨਹੀਂ ਸਾਂ ਦੇ ਸਕੀ। ਮੈਂ ਆਪਣੇ ਆਪ ਹੀ ਨਿਸਚਲਤਾ ਨਾਲ ਦਹਰਾਇਆ, "ਏਨ ਕੈਥੇਰਿਕ ! ਏਨ ਕੈਥੇਰਿਕ।" ਲਾਰਾ ਨੇ ਮੈਨੂੰ ਆਪਣੇ ਨੇੜੇ ਕਮਰੇ ਦੇ ਵਿਚਕਾਰ ਇਕ ਦੀਵਾਨ ਉਤੇ ਬਿਠਾ ਦਿਤਾ ਅਤੇ ਆਪਣੇ ਗਾਉਨ ਦੇ ਗਲੇ ਵੱਲ ਇਸ਼ਾਰਾ ਕਰਦੀ ਬੋਲੀ- ਵੇਖ ਅਹਿ ਵੇਖ।"

ਮੈਂ ਪਹਿਲੀ ਵਾਰੀ ਵੇਖਿਆ ਕਿ ਉਹਦਾ ਗਵਾਚਾ ਹੋਇਆ ਬਰੂਚ ਆਪਣੀ ਥਾਂ ਉਤੇ ਲਗਾ ਹੋਇਆ ਸੀ। ਉਹਦੇ ਵੇਖਣ ਨਾਲ, ਉਹਨੂੰ ਛੋਹਣ ਨਾਲ ਮੈਨੂੰ ਇੰਜ਼ ਜਾਪਿਆ। ਜਿਵੇਂ ਕੋਈ ਠੋਸ ਚੀਜ਼ ਵੇਖ ਰਹੀ ਹਾਂ, ਅਤੇ ਮੇਰੀ ਖਿੰਡਰੀ ਸੂਰਤ ਅਤੇ ਉਲਝੇ ਹੋਏ ਵਿਚਾਰਾਂ ਦਾ ਚੱਕਰ ਕੁਝ ਸ਼ਾਂਤ ਹੋਣਾ ਸ਼ੁਰੂ ਹੋਇਆ। ਮੈਂ ਕੁਝ ਹੋਸ਼ ਵਿਚ ਪਰਤੀ। "ਇਹ ਬਰੂਚ ਤੈਨੂੰ ਕਿਥੋਂ ਲਭਾ ਹੈ?" ਉਸ ਮਹੱਤਵਪੂਰਣ ਪਲ ਵਿਚ ਮੈਂ" ਇਹ ਨਿਗੂਣੀ ਗੱਲ ਹੀ ਉਹਨੂੰ ਕਹਿ ਸਕੀ।

"ਇਹ ਉਹਨੂੰ ਲੱਭਾ ਹੈ ਮੇਰੀਅਨ।"

"ਕਿਥੋਂ?"

"ਬੋਟ ਹਾਊਸ ਦੇ ਫਰਸ਼ ਉਤੇ ਪਿਆ ਸੀ; ਓ ! ਮੈਂ ਕਿਵੇਂ ਸ਼ੁਰੂ ਕਰਾਂ, ਕਿਥੋਂ ਤੈਨੂੰ ਦੱਸਾਂ। ਉਹ ਬੜੀ ਅਨੱਖੀ ਤਰ੍ਹਾਂ ਮੇਰੇ ਨਾਲ ਗੱਲਾਂ ਕਰ ਰਹੀ ਸੀ, ਉਹ ਬੜੀ ਹੀ ਬਿਮਾਰ ਲੱਗ ਰਹੀ ਸੀ -ਅਤੇ ਉਹ ਇਕਾਇਕ ਮੈਨੂੰ ਛੱਡ ਕੇ ਚਲੀ ਗਈ।"

ਉਹਦੀ ਯਾਦ ਆਉਣ ਨਾਲ, ਲਾਰਾ ਦੀ ਆਵਾਜ਼ ਵੀ ਉੱਚੀ ਉੱਚੀ ਹੁੰਦੀ ਜਾ ਰਹੀ ਸੀ। ਇਸ ਘਰ ਵਿਚ ਰਹਿ ਕੇ ਮੇਰੇ ਦਿਲ ਦਿਮਾਗ ਉੱਤੇ ਬੇਯਕੀਨੀ ਅਤੇ ਅਵਿਸ਼ਵਾਸ ਦਾ ਭਾਰ ਸਦਾ ਛਾਇਆ ਰਹਿੰਦਾ ਹੈ, ਕਿ ਕੋਈ ਨਾ ਕੋਈ ਸਾਡੀਆਂ ਗੱਲਾਂ ਸੁਣ ਰਿਹਾ ਹੈ, ਸੋ ਮੈਂ ਉਹਨੂੰ ਇਕਦਮ ਉਸੇ ਤਰ੍ਹਾਂ ਟੋਕਿਆ, ਜਿਵੇਂ ਬਰੂਚ ਨੂੰ ਵੇਖ ਕੇ ਮੈਂ ਉਹਨੂੰ ਅਚਾਨਕ ਪ੍ਰਸ਼ਨ ਪੁੱਛਿਆ ਸੀ।

"ਹੌਲੀ ਬੋਲ" ਮੈਂ ਕਿਹਾ। 'ਖਿੜਕੀ ਖੁਲੀ ਹੋਈ ਹੈ ਅਤੇ ਬਗੀਚੇ ਨੂੰ ਇਥੋਂ ਹੀ ਰਾਹ ਜਾਂਦਾ ਹੈ, ਲਾਰਾ, ਮੈਨੂੰ ਤੂੰ ਸ਼ੁਰੂ ਤੋਂ ਦੱਸ ਮੈਨੂੰ ਇਕ ਇਕ ਸ਼ਬਦ ਦੱਸ, ਹਰ ਇਕ ਗੱਲ ਜੋ ਉਹਦੇ ਅਤੇ ਤੇਰੇ ਵਿਚਕਾਰ ਹੋਈ ਹੈ।"

' ਕੀ ਮੈਂ ਪਹਿਲਾਂ ਖਿੜਕੀ ਬੰਦ ਕਰਦਿਆਂ?"

"ਨਹੀਂ, ਪਰ, ਹੌਲੀ ਹੌਲੀ ਬੋਲ ! ਤੇਰੇ ਪਤੀ ਦੇ ਘਰ ਵਿਚ ਏਨ ਕੈਥੇਰਿਕ ਦੀ ਗੱਲ ਕਰਨਾ ਖ਼ਤਰੇ ਤੋਂ ਖਾਲੀ ਨਹੀਂ। ਤੂੰ ਉਹਨੂੰ ਕਿਥੇ ਮਿਲੀ ਹੈਂ?

''ਬੋਟ-ਹਾਊਸ ਵਿਚ। ਤੈਨੂੰ ਪਤਾ ਹੀ ਹੈ ਮੇਰੀਅਨ, ਮੈਂ ਸਵੇਰੇ ਆਪਣਾ ਬਰੂਚ ਲੱਭਣ ਗਈ ਸਾਂ ! ਮੈਂ ਰੁੱਖਾਂ ਦੀ ਝੰਗੀ ਵਿਚੋਂ ਸਾਰੇ ਰਾਹ ਧਿਆਨ ਨਾਲ ਵੇਖਦੀ ਜਾਂਦੀ ਸਾਂ; ਇਸ ਲਈ ਮੈਨੂੰ ਬੋਟ-ਹਾਊਸ ਪੁੱਜਣ ਵਿਚ ਬੜੀ ਦੇਰ ਹੋ ਰਹੀ ਸੀ। ਜਿਉਂ ਹੀ ਮੈਂ' ਉਥੇ ਪੁੱਜੀ ਮੈਂ ਅੰਦਰ ਲੰਘ ਕੇ ਗੋਡਿਆਂ ਭਾਰ ਝੁੱਕ ਕੇ ਫਰਸ਼ ਤੇ ਬੈਠ ਗਈ; ਤਾਂ ਜੋ ਬਰੂਚ ਨੂੰ ਚੰਗੀ ਤਰ੍ਹਾਂ ਲੱਭ ਸਕਾਂ। ਮੇਰੀ ਪਿੱਠ ਦਰਵਾਜ਼ੇ ਵੱਲ ਸੀ, ਮੈਨੂੰ ਇਕ ਮਿੱਠੀ ਅਤੇ ਅਨੋਖੀ ਆਵਾਜ਼ ਆਈ "ਮਿਸ ਫ਼ੇਅਰਲੀ।"

"ਮਿਸ ਫੇਅਰਲੀ!"

ਹਾਂ-ਮੇਰਾ ਪੁਰਾਣਾ ਨਾਂ, ਜਿਸ ਤੋਂ ਮੈਂ ਸੋਚਿਆ ਸੀ ਮੈਂ ਸਦਾ ਲਈ ਵੱਖ ਹੋ ਚੁੱਕੀ ਹਾਂ।

ਮੈਂ ਤ੍ਰਬਕ ਗਈ, ਪਰ ਡਰੀ ਨਹੀਂ। ਆਵਾਜ਼ ਬੜੀ ਮਿੱਠੀ ਸੀ ਅਤੇ ਲਹਿਜਾ ਬੜਾ ਪਿਆਰ ਭਰਿਆ ਸੀ। ਉਸ ਤੋਂ ਕੋਈ ਵੀ ਡਰ ਨਹੀਂ ਸੀ ਸਕਦਾ; ਪਰ ਮੈਂ ਬਹੁਤ ਹੈਰਾਨ ਹੋ ਗਈ। ਦਰਵਾਜ਼ੇ ਵਿਚ ਖੜੀ ਉਸ ਔਰਤ ਨੂੰ ਮੈਂ ਪਹਿਲਾਂ ਕਦੇ ਨਹੀਂ ਸੀ ਵੇਖਿਆ।"

"ਕਿਹੋ ਜਿਹੇ ਕੱਪੜੇ ਪਾਏ ਸਨ ਉਹਨੇ?"

"ਉਹਨੇ ਸਾਫ ਸੁਥਰਾ ਚਿੱਟਾ ਗਾਉਨ ਪਾਇਆ ਹੋਇਆ ਸੀ। ਉਪਰ ਇਕ ਪੁਰਾਣਾ ਘਸਿਆ ਹੋਇਆ ਸਾਲ ਉਹਨੇ ਵਲੇਟਿਆ ਹੋਇਆ ਸੀ ਅਤੇ ਸਿਰ ਉਪਰ ਇਕ ਭੂਰਾ ਤੀਲਿਆਂ ਦਾ, ਸ਼ਾਲ ਵਾਂਗ ਹੀ ਫਟਿਆ ਹੋਇਆ ਪੁਰਾਣਾ ਹੈਟ ਸੀ। ਉਹਦੇ ਗਾਊਨ ਅਤੇ ਬਾਕੀ ਕੱਪੜਿਆਂ ਵਿਚ ਕੋਈ ਮੇਲ ਨਹੀਂ ਸੀ। ਉਹਨੇ ਵੇਖਿਆ ਕਿ ਮੈਂ ਉਹਦੇ ਕਪੜਿਆਂ ਵੱਲ ਹੈਰਾਨ ਹੋ ਕੇ ਵੇਖ ਰਹੀ ਸਾਂ ਉਹ ਬੋਲੀ ਉਹਦਾ ਲਹਿਜਾ ਬੜਾ ਤਿੱਖਾ ਸੀ। "ਮੇਰੇ ਸ਼ਾਲ ਅਤੇ ਹੈਟ ਵੱਲ ਨਾ ਵੇਖੋ- ਜੋ ਕੱਪੜਾ ਮੈਂ ਚਿੱਟਾ ਨਹੀਂ ਪਾ ਸਕਦੀ, ਉਹ ਭਾਵੇਂ ਕਿਹੋ ਜਿਹਾ ਹੋਵੇ, ਮੇਰੇ ਗਾਊਨ ਵੱਲ ਜਿੰਨਾ ਮਰਜ਼ੀ ਜੇ ਵੇਖੋ, ਇਸ ਤੋਂ ਮੈਨੂੰ ਕਦੀ ਸ਼ਰਮ ਨਹੀ ਆਏਗੀ।" ਕੀ ਇਹ ਅਨੋਖੀ ਗੱਲ ਨਹੀਂ ਸੀ? ਇਸ ਤੋਂ ਪਹਿਲਾਂ ਕਿ ਮੈਂ ਉਹਨੂੰ ਤਸੱਲੀ ਦੇਣ ਲਈ ਕੁਝ ਕਹਿੰਦੀ, ਉਹਨੇ ਇਕ ਹੱਥ ਖੋਲ ਕੇ ਮੇਰੇ ਅੱਗੇ ਰਖਿਆ- ਉਹਦੀ ਤਲੀ ਤੇ ਇਹ ਬਰੂਚ ਸੀ। ਮੈਂ ਏਨੀ ਖੁਸ਼ ਹੋਈ ਕਿ ਮੈਂ ਉਹਦੇ ਨੇੜੇ ਹੋ ਕੇ ਉਹਨੂੰ ਧੰਨਵਾਦ ਦਿਤਾ। "ਕੀ ਤੁਸੀਂ ਇਸ ਦੇ ਬਦਲੇ ਮੇਰੇ ਤੇ ਇਕ ਮਿਹਰਬਾਨੀ ਕਰ ਸਕਦੇ ਹੋ?" "ਕਿਉਂ ਨਹੀਂ" ਮੈਂ ਕਿਹਾ।

"ਜੋ ਕੁਝ ਵੀ ਮੇਰੇ ਵੱਸ ਹੋਵੇਗਾ ਮੈਂ ਜ਼ਰੂਰ ਕਰਾਂਗੀ'

"ਤਾਂ ਇਹ ਬਰੂਚ ਮੈਂ ਆਪ ਤੁਹਾਡੇ ਗਾਊਨ ਤੇ ਲਾਵਾਂਗੀ।"

"ਉਹਦੀ ਇਸ ਅਨੋਖੀ ਬੇਨਤੀ ਨੇ ਮੈਨੂੰ ਹੋਰ ਵੀ ਹੈਰਾਨ ਕਰ ਦਿਤਾ ਮੇਰੀਅਨ ! ਉਹਨੇ ਏਨੇ ਪਿਆਰ ਅਤੇ ਤਾਂਘ ਨਾਲ ਇਹ ਗੱਲ ਕਹੀ ਸੀ ਕਿ ਮੈਂ ਦੋ ਕਦਮ ਪਿੱਛੇ ਹਟ ਗਈ। ਮੈਂ ਨਹੀਂ ਸੀ ਜਾਣਦੀ ਕਿ ਕੀ ਕਰਾਂ-। ਮੈਨੂੰ ਪਿੱਛੇ ਹਟਦੀ ਨੂੰ ਵੇਖ ਉਹਨੇ ਕਿਹਾ "ਤੁਹਾਡੇ ਮਾਤਾ ਜੀ ਮੈਨੂੰ ਇਹ ਬਰੂਚ ਜ਼ਰੂਰ ਲਗਾਉਣ ਦੇਂਦੇ, ਉਹ ਕਦੀ ਮੇਰੀ ਗੱਲ ਨਾ ਮੋੜਦੇ।` ਉਹਦੀ ਆਵਾਜ਼ ਅਤੇ ਤੱਕਣੀ ਵਿਚ ਕੁਝ ਅਜਿਹਾ ਸੀ ਅਤੇ ਨਾਲ ਹੀ ਮੇਰੀ ਮਾਂ ਦੀ ਗੱਲ ਜਿਸ ਤਰਾਂ ਉਹਨੇ ਕੀਤੀ ਸੀ, ਮੈਨੂੰ ਆਪਣੇ ਵਤੀਰੇ ਉਤੇ ਸ਼ਰਮ ਆ ਗਈ। ਮੈਂ ਉਹਦਾ ਹੱਥ ਫੜਕੇ ਆਪਣੇ ਗਾਊਨ ਉਤੇ ਰਖ ਲਿਆ।"

"ਕੀ ਤੁਸੀਂ ਮੇਰੀ ਮਾਂ ਨੂੰ ਜਾਣਦੇ ਸੀ-? ਕੀ ਬਹੁਤ ਦੇਰ ਹੋਈ ਹੈ ਤੁਸੀ ਉਹਨੂੰ ਮਿਲੇ ਸੀ? ਕੀ ਮੈਂ ਤੁਹਾਨੂੰ ਕਿਧਰੇ ਪਹਿਲਾਂ ਵੇਖਿਆ ਹੈ?" ਉਹਦੇ ਹੱਥ ਮੇਰੇ ਗਾਊਨ ਉਤੇ ਬਰੂਚ ਲਾਉਣ ਵਿਚ ਰੁਝੇ ਸਨ ਅਤੇ ਫਿਰ ਮੇਰੀ ਛਾਤੀ ਨਾਲ ਘੁਟਦੀ ਹੋਈ ਬੋਲੀ।

"ਕੀ ਤੁਹਾਨੂੰ ਉਹ ਸੁਹਾਣਾ ਦਿਨ ਯਾਦ ਨਹੀਂ; ਜਦੋਂ ਲਿਮਰਿਜ ਤੁਹਾਡੇ ਮਾਤਾ ਜੀ ਸਕੂਲ ਜਾ ਰਹੇ ਸਨ ਅਤੇ ਉਨ੍ਹਾਂ ਦੇ ਦੋਹੀਂ ਪਾਸੇ ਦੋ ਕੁੜੀਆਂ ਸਨ? ਮੈਂ ਉਸ ਦਿਨ ਤੋਂ ਕੁਝ ਹੋਰ ਆਪਣੇ ਮਨ ਵਿਚ ਸੋਚਿਆ ਹੀ ਨਹੀਂ-ਇਸ ਲਈ ਮੈਂ ਉਹ ਦਿਨ ਭੁੱਲੀ ਨਹੀਂ ! ਉਨ੍ਹਾਂ ਕੁੜੀਆਂ ਵਿਚ ਇਕ ਤੁਸੀਂ ਸੀ ਤੇ ਇਕ ਮੈਂ ਸੀ ! ਸੁਹਣੀ ਅਤੇ ਹੁਸ਼ਿਆਰ ਮਿਸ ਫੇਅਰਲੀ ਅਤੇ ਵਿਚਾਰੀ ਝੱਲੀ ਏਨ ਕੈਥੇਰਿਕ ਬਚਪਨ ਵਿਚ ਇਕ ਦੂਜੀ ਦੇ ਹੁਣ ਨਾਲੋਂ ਬਹੁਤ ਨੇੜੇ ਸਨ।"

"ਕੀ ਤੈਨੂੰ ਉਹ ਯਾਦ ਆ ਗਈ-ਜਦੋਂ ਉਹਨੇ ਆਪਣਾ ਨਾਂ ਤੈਨੂੰ ਦਸਿਆ?"

"ਹਾਂ, ਮੈਨੂੰ ਇਹ ਵੀ ਯਾਦ ਆ ਗਿਆ ਕਿ ਤੂੰ ਮੈਨੂੰ ਲਿਮਰਿਜ ਵਿਚ ਇਕ ਦਿਨ ਉਹਦੇ ਬਾਰੇ ਪੁੱਛਿਆ ਸੀ ਅਤੇ ਨਾਲ ਹੀ ਇਹ ਕਿਹਾ ਸੀ ਕਿ ਉਹਦੀ ਸ਼ਕਲ ਮੇਰੇ ਵਰਗੀ ਸੀ।"

"ਇਹ ਤੈਨੂੰ ਕਿਵੇਂ ਯਾਦ ਆਇਆ ਲਾਰਾ?"

"ਇਹ ਮੈਨੂੰ ਉਹਨੂੰ ਵੇਖ ਕੇ ਖਿਆਲ ਆਇਆ; ਜਦੋਂ ਉਹ ਮੇਰੇ ਬਿਲਕੁਲ ਨੇੜੇ ਖੜੀ ਸੀ ਅਤੇ ਮੈਂ ਉਹਨੂੰ ਵੇਖੀ ਜਾ ਰਹੀ ਸਾਂ, ਤਾਂ ਮੈਨੂੰ ਲੱਗਾ ਕਿ ਸਾਡੀ ਸ਼ਕਲ ਤਾਂ ਬਹੁਤ ਮਿਲਦੀ ਸੀ। ਉਹਦਾ ਮੂੰਹ ਪੀਲਾ, ਕਮਜ਼ੋਰ ਅਤੇ ਥੱਕਿਆ ਹੋਇਆ ਸੀ, ਪਰ ਮੈਂ ਤ੍ਰਬਕ ਗਈ, ਜਿਵੇਂ ਸ਼ੀਸ਼ੇ ਵਿਚ ਆਪਣਾ ਹੀ ਚਿਹਰਾ ਕਿਸੇ ਲੰਮੀ ਬਿਮਾਰੀ ਮਗਰੋਂ ਵੇਖ ਰਹੀ ਹੋਵਾਂ। ਇਹ ਵੇਖ ਕੇ ਮੈਨੂੰ ਅਜਿਹਾ ਧੱਕਾ ਲੱਗਾ, ਕਿ ਮੈਂ ਉਸ ਪਲ ਕੁਝ ਨਾ ਬੋਲ ਸਕੀ।"

"ਤੈਨੂੰ ਚੁੱਪ ਵੇਖ ਉਹਨੂੰ ਦੁੱਖ ਹੋਇਆ ਹੋਵੇਗਾ?"

"ਹਾਂ ਉਹਨੂੰ ਮੇਰੀ ਚੁੱਪ ਚੁੱਭੀ ਸੀ। ਤੁਹਾਡਾ ਚਿਹਰਾ ਵੀ ਉਨ੍ਹਾਂ ਵਰਗਾ ਨਹੀਂ ਅਤੇ ਤੁਹਾਡਾ ਦਿਲ ਵੀ ਨਹੀਂ !" ਉਹ ਬੋਲੀ "ਤੇਰੇ ਮਾਤਾ ਜੀ ਦਾ ਚਿਹਰਾ ਭਾਵੇਂ ਕਾਲਾ ਸੀ ਪਰ ਉਨ੍ਹਾਂ ਦਾ ਦਿਲ ਫਰਿਸ਼ਤਿਆਂ ਦਾ ਸੀ।"

"ਮੈਨੂੰ ਤੂੰ ਚੰਗੀ ਲਗਦੀ ਹੈ, ਭਾਵੇਂ ਮੈਂ ਆਪਣਾ ਭਾਵ ਉਸ ਤਕ ਸਪਸ਼ਟ ਨਹੀਂ ਕਰ ਸਕਦੀ, ਜਿਵੇਂ ਚਾਹੁੰਦੀ ਹਾਂ," ਮੈਂ ਕਿਹਾ, "ਤੂੰ ਮਿਸ ਫ਼ੇਅਰਲੀ ਕਿਉਂ ਬੁਲਾਂਦੀ ਏਂ?"

"ਮੈਨੂੰ ਫ਼ੇਅਰਲੀ ਨਾਂ ਨਾਲ ਪਿਆਰ ਹੈ ਅਤੇ ਗਲਾਈਡ ਦੇ ਨਾਂ ਨਾਲ ਅਤਿਅੰਤ ਘਿਰਣਾ ਉਹਨੇ ਗੁੱਸੇ ਵਿਚ ਭਰੀ ਪੀਤੀ ਨੇ ਕਿਹਾ। ਇਸ ਤੋਂ ਪਹਿਲਾਂ ਮੈਂ ਉਹਦੇ ਵਿਚ ਕੋਈ ਪਾਗਲਾਂ ਵਾਲੀ ਗੱਲ ਨਹੀਂ ਸੀ ਵੇਖੀ, ਪਰ ਉਦੋਂ ਮੈਨੂੰ ਲੱਗਾ ਉਹਦੀਆਂ ਅੱਖਾਂ ਵਿਚ ਪਾਗਲਪਨ ਸੀ। "ਮੈਂ ਤੇ ਉਹਨੂੰ ਇਸ ਲਈ ਕਿਹਾ ਸੀ, ਕਿ ਸ਼ਾਇਦ ਤੈਨੂੰ ਮੇਰੇ ਵਿਆਹ ਦਾ ਪਤਾ ਨਾ ਹੋਵੇ।" ਮੈਨੂੰ ਇਹ ਦਸਣ ਨਾਲ ਉਹ ਚਿੱਠੀ ਯਾਦ ਆ ਗਈ ਜੋ ਉਹਨੇ ਲਿਮਰਿਜ ਵਿਚ ਮੈਨੂੰ ਲਿਖੀ ਸੀ ਅਤੇ ਮੈਂ ਉਹਨੂੰ ਸ਼ਾਂਤ ਕਰਨਾ ਚਾਹਿਆ। ਉਹਨੇ ਹਉਕਾ ਭਰ ਕੇ ਮੇਰੇ ਵਲੋਂ ਮੂੰਹ ਮੋੜ ਲਿਆ। "ਮੈਨੂੰ ਤੁਹਾਡੇ ਵਿਆਹ ਦਾ ਪਤਾ ਨਾ ਹੋਵੇ !" ਉਹਨੇ ਦੁਹਰਾਇਆ, "ਮੈਂ ਤਾਂ ਇਥੇ ਇਸ ਲਈ ਹੀ ਆਈ ਹਾਂ ਕਿ ਤੁਹਾਡਾ ਵਿਆਹ ਹੋ ਚੁੱਕਾ ਹੈ। ਮੈਂ ਇਥੇ ਆਪਣਾ ਪ੍ਰਾਸ਼ਚਿਤ ਕਰਨ ਆਈ ਹਾਂ, ਮਰਨ ਤੋਂ ਪਹਿਲਾਂ ਮੈਂ ਤੁਹਾਨੂੰ ਮਿਲਣਾ ਚਾਹੁੰਦੀ ਸਾਂ ਤਾਂ ਜੋ ਤੁਹਾਡੀ ਮਾਤਾ ਜੀ ਨੂੰ ਮੌਤ ਤੋਂ ਮਗਰੋਂ ਮਿਲਣ ਉਤੇ ਦੱਸ ਸਕਾਂ। ਉਹ ਮੇਰੇ ਤੋਂ ਪਰੇ ਹੀ ਪਰੇ ਹੁੰਦੀ ਗਈ, ਇਥੋਂ ਤੀਕ ਉਹ ਬੋਟ ਹਾਊਸ ਦੇ ਬਾਹਰ ਚਲੀ ਗਈ ਉਥੋਂ ਉਹ ਥੋੜੀ ਦੇਰ ਖੜੀ ਕੁੱਝ ਸੁਣਨ ਵੀ ਕੋਸ਼ਿਸ਼ ਕਰਦੀ ਰਹੀ।

ਜਦੋਂ ਉਹ ਫਿਰ ਮੇਰੇ ਨਾਲ ਗੱਲ ਕਰਨ ਲਈ ਮੁੜੀ ਤਾਂ ਉਹ ਮੇਰੇ ਕੋਲ ਆਉਣ ਹੀ ਥਾਂ ਉਥੇ ਹੀ ਖੜੀ ਸੀ, "ਕੀ ਤੁਸੀਂ ਕੱਲ੍ਹ ਮੈਨੂੰ ਝੀਲ ਕੋਲ ਵੇਖਿਆ ਸੀ? ਉਹਨੇ ਪੁੱਛਿਆ। “ਕੀ ਤੁਸੀਂ ਮੈਨੂੰ ਪਿੱਛੇ ਆਉਂਦੀ ਨੂੰ ਸੁਣਿਆ ਸੀ? ਮੈਂ ਕਈ ਦਿਨਾਂ ਦੀ ਉਡੀਕ ਰਹੀ ਹਾਂ ਕਿ ਤੁਹਾਨੂੰ ਇਕੱਲਿਆ ਮਿਲ ਸਕਾ -ਮੈਂ ਆਪਣੀ ਇਕੋ ਇਕ ਮਿੱਤਰ ਨੂੰ ਚਿੰਤਾ ਵਿਚ ਛੱਡ ਇਕੱਲੀ ਆਈ ਹਾਂ, ਮੈਂ ਤੁਹਾਡੇ ਪਿਛੇ ਇਹ ਵੀ ਖ਼ਤਰਾ ਮੁੱਲ ਲਿਆ ਹੈ ਕਿ ਉਹ ਮੈਨੂੰ ਫੜ ਕੇ ਪਾਗਲਖਾਨੇ ਵਿਚ ਬੰਦ ਕਰ ਸਕਦੇ ਹਨ - ਸਿਰਫ ਤੁਹਾਡੀ ਖਾਤਿਰ ਮਿਸ ਫ਼ੇਅਰਲੀ - ਸਿਰਫ਼ ਤੁਹਾਡੇ ਲਈ!

ਮੈਂ ਉਹਦੀ ਗੱਲ ਸੁਣ ਕੇ ਭੈ-ਭੀਤ ਹੋ ਗਈ ! ਪਰ ਤਾਂ ਵੀ ਉਹਦਾ ਲਹਿਜਾ ਅਜਿਹਾ ਸੀ ਕਿ ਮੇਰੇ ਦਿਲ ਵਿਚ ਉਸ ਲਈ ਸਰਮੁੱਚ ਤਰਸ ਸੀ। ਮੈਨੂੰ ਉਸ ਤੇ ਇੰਨਾ ਤਰਸ ਆਇਆ ਕਿ ਮੈਂ ਉਹਨੂੰ ਕਿਹਾ ਕਿ ਉਹ ਮੇਰੇ ਕੋਲ ਆ ਕੇ ਅੰਦਰ ਬੈਠ ਜਾਏ।

"ਕੀ ਉਹ ਅੰਦਰ ਆਈ?”

"ਨਹੀਂ" - ਉਹਨੇ ਕਿਹਾ ਕਿ ਉਹ ਉਥੇ ਹੀ ਖੜੀ ਰਵੇਗੀ ਤਾਂ ਜੋ ਉਹ ਰਾਖੀ ਕਰ ਸਕੇ ਕਿ ਕਿਧਰੇ ਕੋਈ ਹੋਰ ਤਾਂ ਨਹੀਂ ਸੀ ਆ ਰਿਹਾ ਅਤੇ ਉਹ ਸਾਰਾ ਵਕਤ ਬੂਹੇ ਦੇ ਵਿਚ ਹੀ ਖੜੀ ਰਹੀ। ਕਦੀ ਉਹ ਅੰਦਰ ਝੁਕ ਕੇ ਮੈਨੂੰ ਕੁਝ ਕਹਿੰਦੀ, ਫਿਰ ਉਹ ਬਾਹਰ ਝਾਤੀ ਮਾਰਦੀ "ਮੈਂ ਕੱਲ੍ਹ ਇਥੇ ਹੀ ਸਾਂ ਅਤੇ ਮੈਂ ਤੁਹਾਨੂੰ ਦੋਹਾਂ ਨੂੰ ਇਥੇ ਗੱਲਾਂ ਕਰਦੀਆਂ ਸੁਣ ਰਹੀ ਸਾਂ, ਮੈਂ ਸੁਣਿਆ ਸੀ ਕਿ ਤੁਸੀਂ ਉਹਨੂੰ ਕਹਿ ਰਹੇ ਸੀ ਕਿ ਉਹ ਤੁਹਾਡੇ ਉਤੇ ਵਿਸ਼ਵਾਸ ਨਹੀਂ ਕਰਦਾ ਅਤੇ ਨਾਂ ਹੀ ਤੁਸੀਂ ਉਹਨੂੰ ਕਿਸੇ ਤਰ੍ਹਾਂ ਚੁੱਪ ਕਰਾ ਸਕਦੇ ਹੋ ! ਹਾਇ ! ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਨ੍ਹਾਂ ਸ਼ਬਦਾਂ ਪਿਛੇ ਕੀ ਛੁਪਿਆ ਹੋਇਆ ਹੈ, ਮੈਨੂੰ ਮੇਰੀ ਆਤਮਾ ਧਿਕਾਰ ਪਾ ਰਹੀ ਸੀ, ਜਦੋਂ ਮੈਂ ਤੁਹਾਡੇ ਮੂੰਹੋਂ ਇਹ ਗੱਲ ਸੁਣੀ। ਮੈਂ ਤੁਹਾਡਾ ਵਿਆਹ ਕਿਉਂ ਹੋ ਜਾਣ ਦਿਤਾ? ਸਿਰਫ ਇਸ ਲਈ ਕਿ ਮੈਂ ਡਰਦੀ ਸਾਂ !" ਇਹ ਕਹਿ ਕੇ ਉਹਨੇ ਆਪਣਾ ਮੂੰਹ ਉਸ ਘਸੇ ਹੋਏ ਸਾਲ ਨਾਲ ਕੱਜ ਲਿਆ ਅਤੇ ਆਪਣੇ ਆਪ ਰੋਣ ਅਤੇ ਡੁਸਕਣ ਲੱਗ ਪਈ; ਮੈਂ ਤਾਂ ਇਹੀ ਡਰ ਰਹੀ ਸਾਂ ਕਿਧਰੇ ਉਹ ਦੁੱਖ ਨਾਲ ਬੇਹੋਸ਼ ਹੀ ਨਾ ਹੋ ਜਾਏ। ਮੈਂ ਉਹਨੂੰ ਧੀਰਜ ਦੇਂਦੀ ਹੋਈ ਬੋਲੀ - "ਸ਼ਾਂਤ ਹੋ ਜਾ ! ਮੈਨੂੰ ਇਹ ਦਸ ਕਿ ਤੂੰ ਮੇਰੇ ਵਿਆਹ ਨੂੰ ਕਿਸ ਗੱਲ ਨਾਲ ਰੋਕ ਸਕਦੀ ਸੈਂ?" ਉਹਨੇ ਆਪਣੇ ਮੂੰਹ ਤੋਂ ਸਾਲ ਲਾਹ ਦਿੱਤਾ ਅਤੇ ਮੇਰੇ ਵੱਲ ਸੱਖਣੀਆਂ ਤੱਕਣੀਆਂ ਨਾਲ ਵੇਖਣ ਲਗ ਪਈ। "ਜੇ ਮੈਂ ਲਿਮਰਿਜ ਵਿਚ ਠਹਿਰਦੀ ਉਹਨੇ ਉੱਤਰ ਦਿਤਾ। "ਉਹਦੇ ਆਉਣ ਦੀ ਖਬਰ ਸੁਣਕੇ ਉਥੋਂ ਡਰ ਕੇ ਨਸ ਨਾ ਹੀ ਜਾਂਦੀ। ਡਰਦੀ ਨਾਂ, ਤਾਂ ਖਬਰਦਾਰ ਕਰ ਸਕਦੀ ਸਾਂ। ਮੈਂ ਸਿਰਫ ਤੁਹਾਨੂੰ ਚਿੱਠੀ ਲਿਖਣ ਦੀ ਹੀ ਹਿੰਮਤ ਕਿਉਂ ਕੀਤੀ? ਮੈਂ ਤੁਹਾਡਾ ਭਲਾ ਚਾਹੁੰਦੀ ਸਾਂ, ਪਰ ਮੈਂ ਤੁਹਾਨੂੰ ਹੋਰ ਵੀ ਦੁੱਖ ਪਹੁੰਚਾਇਆ। ਮੇਰਾ ਡਰ-ਮੇਰਾ ਭਿਆਨਕ ਡਰ -!" ਉਹਨੇ ਇਹ ਗੱਲ ਦੁਹਰਾਈ ਅਤੇ ਮੁੜ ਆਪਣੇ ਪੁਰਾਣੇ ਸ਼ਾਲ ਵਿਚ ਮੂੰਹ ਛੁਪਾ ਲਿਆ। ਉਹਦੇ ਵੱਲ ਵੇਖ ਕੇ ਅਤੇ ਉਹਦੀ ਗੱਲ ਸੁਣ ਕੇ ਮੇਰਾ ਦਿਲ ਬੜਾ ਦੁੱਖੀ ਹੋ ਰਿਹਾ ਸੀ।"

"ਤੂੰ ਉਹਦੇ ਕੋਲੋਂ ਇਹ ਜ਼ਰੂਰ ਪੁੱਛਿਆ ਹੋਵੇਗਾ, ਕਿ ਉਹ ਕਿਹੋ ਜਿਹਾ ਡਰ ਸੀ, ਜਿਸ ਦਾ ਉਹ ਇੰਜ ਜ਼ਿਕਰ ਕਰ ਰਹੀ ਸੀ?"

"ਹਾਂ, ਮੈਂ ਪੁੱਛਿਆ ਸੀ।"

"ਤਾਂ ਉਹਨੇ ਕੀ ਉੱਤਰ ਦਿੱਤਾ ਸੀ?"

"ਉਹਨੇ ਮੈਨੂੰ ਸਗੋਂ ਇਹ ਪ੍ਰਸ਼ਨ ਪੁੱਛਿਆ, ਕਿ ਕੀ ਮੈਂ ਉਸ ਬੰਦੇ ਕੋਲੋਂ ਨਾ ਡਰਾਂਗੀ, ਜਿਸ ਨੇ ਮੈਨੂੰ ਪਾਗਲਖਾਨੇ ਵਿਚ ਬੰਦ ਕਰ ਦਿੱਤਾ ਹੋਵੇ, ਅਤੇ ਜੇ ਉਹਨੂੰ ਮੌਕਾ ਮਿਲੇ, ਉਹ ਮੁੜ ਕੇ ਬੰਦ ਕਰ ਦੇਵੇ?

ਮੈਂ ਉਹਨੂੰ ਕਿਹਾ, 'ਕਿ ਤੂੰ ਅਜੇ ਵੀ ਡਰਦੀ ਹੈ?

ਉਹਨੇ ਕਿਹਾ, 'ਮੈਂ ਹੁਣ ਨਹੀਂ ਡਰਦੀ।' ਮੈਂ ਪੁੱਛਿਆ ਕਿ ਹੁਣ ਕਿਉਂ ਨਹੀਂ ਡਰਦੀ। ਉਹ ਅਚਾਨਕ ਬੋਟ-ਹਾਊਸ ਵਿਚ ਅਗੇ ਝੁਕ ਆਈ ਅਤੇ ਬੋਲੀ, "ਕੀ ਤੁਸੀਂ ਬੁੱਝ ਨਹੀਂ ਸਕਦੇ ਕਿ ਮੈਂ ਹੁਣ ਕਿਉਂ ਨਹੀਂ ਡਰਦੀ?"

ਮੇਰੇ ਸਿਰ ਹਿਲਾਣ ਤੇ ਉਹ ਬੋਲੀ।

"ਮੇਰੇ ਵੱਲ ਵੇਖੋ।" ਉਹ ਕਹਿੰਦੀ ਗਈ। ਮੈਂ ਉਹਨੂੰ ਕਿਹਾ, ਕਿ ਮੈਂ ਉਹਨੂੰ ਏਨਾ ਬੀਮਾਰ ਅਤੇ ਦੁਖੀ ਵੇਖ ਕੇ ਦੁਖੀ ਹੋਈ ਹਾਂ। ਉਹ ਪਹਿਲੀ ਵਾਰ ਮੁਸਕਰਾਈ। 'ਬੀਮਾਰ? ਉਹਨੇ ਮੇਰੀ ਗੱਲ ਦੁਹਰਾਈ, 'ਮੈਂ ਮਰ ਰਹੀ ਹਾਂ। ਹੁਣ ਤੁਸੀਂ ਜਾਣਦੇ ਹੋ ਕਿ ਮੈਂ ਹੁਣ ਕਿਉਂ ਨਹੀਂ ਡਰਦੀ। ਕੀ ਤੁਹਾਡਾ ਖਿਆਲ ਹੈ, ਕਿ ਤੁਹਾਡੇ ਮਾਤਾ ਜੀ ਮੈਨੂੰ ਸਵਰਗ ਵਿਚ ਮਿਲਣਗੇ? ਕੀ ਉਹ ਮੈਨੂੰ ਖਿਮਾ ਕਰ ਦੇਣਗੇ? ਮੈਂ ਇਹ ਗੱਲਾਂ ਸੁਣਕੇ ਤ੍ਰਬਕ ਗਈ ਸਾਂ ਅਤੇ ਸਕਤੇ ਵਿਚ ਆ ਗਈ ਸਾਂ ਸੋ ਮੈਂ ਕੋਈ ਉੱਤਰ ਨਾ ਦੇ ਸਕੀ।

"ਮੈਂ ਜਿੰਨੀ ਦੇਰ ਬਿਮਾਰ ਪਈ ਰਹੀ ਹਾਂ", ਉਹ ਬੋਲਦੀ ਗਈ।

"ਅਤੇ ਜਿੰਨੀ ਦੇਰ ਤੁਹਾਡੇ ਪਤੀ ਕੋਲੋਂ ਛੁਪੀ ਰਹੀ ਹਾਂ, ਮੈਂ ਇਹੀ ਸੋਚਦੀ ਰਹੀ ਹਾਂ। ਮੈਂ ਇਹੀ ਸੋਚ-ਸੋਚ ਕੇ ਹੀ ਇਥੇ ਆਈ ਹਾਂ, ਮੈਂ ਪ੍ਰਾਸ਼ਚਿਤ ਕਰਨਾ ਚਾਹੁੰਦੀ ਹਾਂ ਮੈਂ ਜੋ ਕੁਝ ਨੁਕਸਾਨ ਕਰ ਚੁਕੀ ਹਾਂ, ਉਹਨੂੰ ਭਰਨਾ ਚਾਹੁੰਦੀ ਹਾਂ।" ਮੈਂ ਉਹਦੀ ਮਿੰਨਤ ਕੀਤੀ ਕਿ ਉਹ ਜੋ ਕਹਿਣਾ ਚਾਹੁੰਦੀ ਸੀ, ਮੈਨੂੰ ਚੰਗੀ ਤਰ੍ਹਾਂ ਖੋਲ੍ਹ ਕੇ ਸਮਝਾਏ। ਪਰ ਉਹ ਮੇਰੇ ਵੱਲ ਸਖਣੀਆਂ ਤਕਣੀਆਂ ਨਾਲ ਵੇਖਦੀ ਹੋਈ ਬੋਲੀ, 'ਕੀ ਮੈਂ ਇਹ ਸਭ ਕੁਝ ਠੀਕ ਕਰ ਸਕਦੀ ਹਾਂ?" ਉਹ ਆਪਣੇ ਆਪ ਨੂੰ ਸ਼ੰਕਾ ਵਿਚ ਪ੍ਰਸ਼ਨ ਪੁੱਛ ਰਹੀ ਸੀ।

"ਤੁਹਾਡੇ ਤਾਂ ਮਿੱਤਰ ਹਨ, ਜੋ ਤੁਹਾਡੀ ਸਹਾਇਤਾ ਕਰਨਗੇ। ਜੇ ਤੁਹਾਨੂੰ ਉਹਦਾ ਭੇਤ ਪਤਾ ਲੱਗ ਜਾਏ ਤਾਂ ਉਹ ਤੁਹਾਡੇ ਕੋਲੋਂ ਡਰੇਗਾ, ਤੁਹਾਡੇ ਨਾਲ ਉਹ ਉਸ ਤਰ੍ਹਾਂ ਦਾ ਵਰਤਾਓ

ਨਹੀਂ ਕਰ ਸਕਦਾ, ਜੋ ਉਹਨੇ ਮੇਰੇ ਨਾਲ ਕੀਤਾ ਹੈ। ਉਹ ਆਪਣੀ ਖਾਤਰ ਤੁਹਾਡੇ ਨਾਲ ਚੰਗੀ ਤਰ੍ਹਾਂ ਰਹੇਗਾ, ਜੇ ਉਹ ਤੁਹਾਡੇ ਅਤੇ ਤੁਹਾਡੇ ਮਿੱਤਰਾਂ ਕੋਲੋਂ ਡਰੇਗਾ, ਅਤੇ ਜੇ ਉਹ ਤੁਹਾਡੇ ਨਾਲ ਠੀਕ ਤਰ੍ਹਾਂ ਰਹੇ, ਅਤੇ ਜੇ ਮੈਂ ਇਹ ਕਹਿ ਸਕਾਂ ਕਿ ਇਹ ਮੇਰੇ ਕਰਕੇ ਹੀ ਹੋਇਆ -? ਬੜੀ ਉਤਸੁਕਤਾ ਨਾਲ ਹੋਰ ਸੁਣਨਾ ਚਾਹੁੰਦੀ ਸਾਂ, ਪਰ ਉਹ ਇੰਨਾ ਕਹਿ ਕੇ ਚੁੱਪ ਕਰ ਗਈ।"

"ਤੂੰ ਕੋਸਿਸ਼ ਕੀਤੀ ਹੋਵੇਗੀ ਕਿ ਉਹ ਹੋਰ ਕੁੱਛ ਕਹੇ?"

"ਮੈਂ ਕੋਸ਼ਿਸ਼ ਕੀਤੀ; ਪਰ ਉਹ ਮੇਰੇ ਤੋਂ ਪਰ੍ਹੇ ਹੋ ਗਈ ਅਤੇ ਆਪਣੀਆਂ ਬਾਹਾਂ ਅਤੇ ਮੂੰਹ ਬੋਟ-ਹਾਊਸ ਦੀ ਕੰਧ ਦੇ ਨਾਲ ਜੋੜ ਕੇ ਖੜੀ ਹੋ ਗਈ।"

'ਓ', ਉਹ ਬੜੀ ਹੀ ਦੁੱਖੀ ਹੋ ਕੇ ਕੋਮਲਤਾ ਨਾਲ ਬੋਲੀ, 'ਓ' ਜੇ ਮੈਂ ਤੁਹਾਡੀ ਮਾਤਾ ਜੀ ਨਾਲ ਹੀ ਦਫਨਾਈ ਜਾਵਾਂ! ਜਦ ਕਿਆਮਤ ਦੇ ਦਿਨ ਫਰਿਸ਼ਤੇ ਬੁਲਾਉਣ ਅਤੇ ਕਬਰ ਵਿਚੋਂ ਮਰੇ ਹੋਏ ਲੋਕ ਉੱਠਣ ਤਾਂ ਮੈਂ ਉਨ੍ਹਾਂ ਦੇ ਕੋਲੋਂ ਹੀ ਉਠਾਂ।" ਮੇਰੀਅਨ ਮੈਂ ਇਹ ਸੁਣ ਕੇ ਸਿਰ ਤੋਂ ਪੈਰਾਂ ਤੀਕ ਕੰਬ ਗਈ, ਉਹਦੇ ਮੂੰਹੋਂ ਇਹ ਸੁਣਨਾ ਬੜਾ ਭਿਆਨਕ ਲੱਗ ਰਿਹਾ ਸੀ। ਉਹ ਮੇਰੇ ਤੋਂ ਹੋਰ ਪਰ੍ਹੇ ਹਟ ਗਈ ਤਾਂ ਜੋ ਮੈਨੂੰ ਚੰਗੀ ਤਰ੍ਹਾਂ ਵੇਖ ਸਕੇ, ਅਤੇ ਬੋਲੀ: 'ਮੇਰੇ ਵਰਗੀ ਅਭਾਗੀ ਨੂੰ ਅਜਿਹੀ ਕੋਈ ਆਸ ਨਹੀਂ, ਮੈਂ ਉਸ ਸੰਗਮਰਮਰ ਦੇ ਚਿੱਟੇ ਕਰਾਸ ਹੇਠਾਂ ਨਹੀਂ ਸੌਂ ਸਕਦੀ, ਜਿਸ ਨੂੰ ਉਨ੍ਹਾਂ ਦੀ ਖਾਤਰ ਹੀ ਮੈਂ ਉਸ ਦਿਨ ਧੋ-ਧੋ ਕੇ ਚਿੱਟਾ ਦੁੱਧ ਕੀਤਾ ਅਤੇ ਚਮਕਾਇਆ ਸੀ। ਹਾਇ ਨਹੀਂ, ਹੁਣ ਤਾਂ ਰੱਬ ਹੀ ਮੇਰੇ ਉਤੇ ਤਰਸ ਖਾ ਕੇ ਮੈਨੂੰ ਇਸ ਦੁਨੀਆਂ ਵਿਚੋਂ ਉਥੇ ਲੈ ਜਾਵੇਗਾ ਜਿਥੇ ਲਿੱਸਿਆਂ ਡਾਢੇ ਨੂੰ ਤੰਗ ਨਹੀਂ ਕਰਦੇ, ਅਤੇ ਥਕੇ ਹੋਏ ਆਰਾਮ ਦੀ ਨੀਂਦ ਸੌਂਦੇ ਹਨ !" ਉਹਨੇ ਇਹ ਦੁਖਦਾਈ ਸ਼ਬਦ ਬੜੀ ਹੌਲੀ ਅਤੇ ਦੁੱਖ ਭਰੇ ਲਹਿਜੇ ਵਿਚ ਕਹੇ, ਅਤੇ ਇਕ ਡੂੰਘਾ ਹਉਕਾ ਭਰਿਆ। ਉਹਦੇ ਚਿਹਰੇ ਉੱਤੇ ਪਰੇਸ਼ਾਨੀ ਸੀ; ਉਹ ਜਾਂ ਕੁਝ ਸੱਚ ਰਹੀ ਸੀ, ਜਾਂ ਸੋਚਣ ਦਾ ਯਤਨ ਕਰ ਰਹੀ ਸੀ।

"ਮੈਂ ਹੁਣੇ-ਹੁਣੇ ਤਹਾਨੂੰ ਕੀ ਕਿਹਾ ਸੀ?" ਉਹਨੇ ਕੁਛ ਚਿਰ ਮਗਰੋਂ ਪੁਛਿਆ। ਮੈਂ ਉਹਨੂੰ ਦਸਿਆ ਕਿ ਉਹ ਕੀ ਗੱਲ ਕਰ ਰਹੀ ਸੀ।

"ਜਦੋਂ ਤੁਹਾਡੀ ਮਾਤਾ ਜੀ ਬਾਰੇ ਸੋਚਦੀ ਹਾਂ, ਹੋਰ ਸਭ ਕੁਛ ਮੈਨੂੰ ਭੁੱਲ ਜਾਂਦਾ ਹੈ ਹਾਂ, ਤੁਸੀਂ ਕਹਿ ਰਹੇ ਸੀ, ਕਿ ਤੁਹਾਡਾ ਆਪਣੇ ਜ਼ਾਲਮ ਪਤੀ ਉਤੇ ਕੋਈ ਜ਼ੋਰ ਨਹੀਂ; ਹਾਂ, ਮੈਨੂੰ ਹੁਣ

ਉਹ ਕੰਮ ਕਰਨਾ ਚਾਹੀਦਾ ਹੈ, ਜਿਸ ਲਈ ਮੈਂ ਇਥੇ ਆਈ ਹਾਂ,- ਮੈਨੂੰ ਜੋ ਕੁਝ ਤੁਹਾਨੂੰ ਉਦੋਂ ਕਹਿਣਾ ਚਾਹੀਦਾ ਸੀ, ਮੈਂ ਹੁਣ ਜ਼ਰੂਰ ਕਹਾਂਗੀ ਅਤੇ ਇਸ ਤਰ੍ਹਾਂ ਤੁਹਾਡੇ ਨਾਲ ਹੋਈ ਵਧੀਕੀ ਨੂੰ ਠੀਕ ਕਰਾਂਗੀ।"

"ਤੂੰ ਮੈਨੂੰ ਕੀ ਦੱਸਣਾ ਚਾਹੁੰਦੀ ਹੈ?" ਮੈਂ ਪੁਛਿਆ। "ਉਹ ਭੇਤ ਜਿਸ ਕੋਲੋਂ ਤੇਰਾ ਜ਼ਾਲਮ ਪਤੀ ਡਰਦਾ ਹੈ; ਉਹਨੇ ਉੱਤਰ ਦਿੱਤਾ।"

"ਮੈਂ" ਇਕ ਵਾਰ ਉਹਨੂੰ ਇਸ ਭੇਤ ਦੀ ਧਮਕੀ ਦਿੱਤੀ, ਤਾਂ ਉਹ ਡਰ ਗਿਆ ਸੀ। ਤੁਸੀਂ ਵੀ ਉਹਨੂੰ ਇਹ ਧਮਕੀ ਦਿਓਗੇ ਤਾਂ ਉਹ ਜ਼ਰੂਰ ਡਰ ਜਾਏਗਾ-"

ਉਹ ਮੇਰੇ ਤੋਂ ਇੰਨਾ ਤ੍ਰਹਿੰਦਾ ਹੈ, ਤੇ ਜੇ ਤੁਸੀਂ ਉਹਨੂੰ ਇਹ ਕਵੋਗੇ ਕਿ ਤੁਸੀਂ ਉਸ ਭੇਤ ਤੋਂ ਜਾਣੂ ਹੋ - ਤਾਂ ਵੇਖਣਾ ਉਹ ਤੁਹਾਡੇ ਕੋਲੋਂ ਕਿੰਨਾ ਡਰੇਗਾ।"

ਉਹਦਾ ਮੂੰਹ ਹੁਣ ਗੁੱਸੇ ਨਾਲ ਕਾਲਾ ਹੋ ਗਿਆ ਅਤੇ ਉਹਦੀਆਂ ਅੱਖਾਂ ਵਿਚ ਵੀ ਗੁੱਸੇ ਭਰੀ ਤੱਕਣੀ ਸੀ। ਉਹ ਮੇਰੇ ਵੱਲ ਫਿਰ ਖਾਲੀ ਤੱਕਣੀਆਂ ਨਾਲ ਆਪਣਾ ਹੱਥ ਹਿਲਾਉਣ ਲੱਗ ਪਈ ਤੇ ਬੋਲੀ।

"ਮੇਰੀ ਮਾਂ ਨੂੰ ਇਹ ਭੇਤ ਪਤਾ ਹੈ, ਇਸ ਭੇਤ ਪਿਛੇ ਉਹਨੇ ਆਪਣੀ ਜ਼ਿੰਦਗੀ ਬਰਬਾਦ ਕਰ ਲਈ ਹੈ, ਜਦੋਂ ਮੈਂ ਜਵਾਨ ਹੋਈ ਸਾਂ, ਤਾਂ ਉਹਨੇ ਇਕ ਦਿਨ ਮੈਨੂੰ ਕੁਝ ਕਿਹਾ ਅਤੇ ਅਗਲੇ ਦਿਨ ਹੀ ਤੁਹਾਡਾ ਪਤੀ -"

'ਹਾਂ, ਹਾਂ, ਉਹਨੇ ਕੀ ਕਿਹਾ ਤੇਰੇ ਪਤੀ ਬਾਰੇ?"

"ਮੇਰੀਅਨ, ਉਹ ਇਥੇ ਆ ਕੇ ਫਿਰ ਰੁਕ ਗਈ –''

"ਕੀ ਉਹਨੇ ਹੋਰ ਕੁਝ ਨਹੀਂ ਦੱਸਿਆ ਤੈਨੂੰ?

"ਨਹੀਂ, ਉਹ ਬੜੇ ਧਿਆਨ ਨਾਲ ਬਾਹਰੋਂ ਕਿਸੇ ਆਵਾਜ਼ ਦੀ ਬਿੜਕ ਲੈ ਰਹੀ ਸੀ। "ਹੁਸ਼" ਉਹਨੇ ਮੈਨੂੰ ਚੁੱਪ ਕਰਾਇਆ! ਅਤੇ ਉਹ ਬੋਟ-ਹਾਊਸ ਦੇ ਦਰਵਾਜ਼ੇ ਵਿਚੋਂ ਹੌਲੀ-ਹੌਲੀ ਇਕ ਪਾਸੇ ਹੋ ਕੇ ਬਾਹਰ ਨਿਕਲ ਗਈ।"

"ਤੂੰ ਉਹਦਾ ਪਿੱਛਾ ਤਾਂ ਕੀਤਾ ਹੋਵੇਗਾ?"

"ਹਾਂ; ਮੈਨੂੰ ਇਹ ਜਾਨਣ ਦੀ ਤੀਬਰ ਇੱਛਾ ਸੀ ਕਿ ਉਹ ਕੀ ਕਹਿਣਾ ਚਾਹੁੰਦੀ ਸੀ। ਮੈਨੂੰ ਇਹ ਪਰਵਾਹ ਨਹੀਂ ਸੀ ਰਹੀ ਕਿ ਕੋਈ ਮੈਨੂੰ ਵੇਖ ਰਿਹਾ ਹੈ ਕਿ ਨਹੀਂ। ਮੈਂ ਜਦੋਂ ਉਹਦੇ

ਪਿਛੇ ਪਿਛੇ ਬੂਹੇ ਕੋਲ ਪੁੱਜੀ ਤਾਂ ਉਹ ਇਕ ਵਾਰ ਫਿਰ ਬੋਟ-ਹਾਊਸ ਦੇ ਨੇੜੇ ਆਈ, ਮੈਂ ਉਹਦੇ ਮੂੰਹ ਨਾਲ ਮੂੰਹ ਜੋੜ ਕੇ ਕਿਹਾ –

"ਮੈਨੂੰ ਉਹ ਭੇਤ ਦੱਸ ਜਾ, - ਤੂੰ ਕੀ ਕਹਿਣ ਆਈ ਸੈ"?'

ਉਹਨੇ ਉੱਤਰ ਵਿਚ ਮੇਰੀ ਬਾਂਹ ਫੜ ਲਈ, ਉਹ ਬਹੁਤ ਹੀ ਭੈ-ਭੀਤ ਹੋ ਗਈ ਸੀ- ਬੜੀ ਹੀ ਹੋਲੀ ਬੋਲੀ "ਅਜੇ ਨਹੀਂ! ਸਾਨੂੰ ਕੋਈ ਵੱਖ ਰਿਹਾ ਹੈ। ਅਸੀਂ ਇਕੱਲੀਆਂ ਨਹੀਂ ਹਾਂ। ਤੁਸੀਂ ਕੱਲ ਇਸੇ ਸਮੇਂ ਇਥੇ ਆਉਣਾ ਪਰ ਇੱਕਲਿਆਂ ਹੀ, ਕਿਸੇ ਨੂੰ ਨਾਲ ਨਹੀਂ ਲਿਆਉਣਾ।" ਉਹਨੇ ਇਹ ਕਹਿ ਕੇ ਮੈਨੂੰ ਧੱਕਾ ਦੇ ਕੇ ਅੰਦਰ ਕਰ ਦਿੱਤਾ ਅਤੇ ਚਲੀ ਗਈ।"

"ਲਾਰਾ, ਲਾਰਾ-ਇਹ ਮੌਕਾ ਵੀ ਸਾਡੇ ਹੱਥੋਂ ਨਿਕਲ ਗਿਆ! ਜੇ ਮੈਂ ਤੇਰੇ ਨਾਲ ਹੁੰਦੀ ਤਾਂ ਅਸੀਂ ਕਦੀ ਉਹਨੂੰ ਨਾ ਜਾਣ ਦੇਂਦੀਆਂ। ਉਹ ਕਿਹੜੇ ਪਾਸੇ ਵੱਲ ਗਈ ਸੀ?"

"ਖੱਬੇ ਪਾਸੇ ਜਿਥੇ ਦਰਖਤ ਬਹੁਤ ਸੰਘਣੇ ਹਨ।"

“ਕੀ ਤੂੰ ਉਹਦੇ ਪਿਛੇ ਗਈ ਸੀ, - ਜਾਂ ਉਹਨੂੰ ਆਵਾਜ਼ ਮਾਰੀ ਸੀ?"

"ਮੈਂ ਬਹੁਤ ਡਰ ਗਈ ਸਾਂ ਨਾ ਮੈਂ ਉਹਨੂੰ ਆਵਾਜ਼ ਮਾਰੀ ਤੇ ਨਾ ਹੀ ਉਹਦਾ ਪਿੱਛਾ ਕੀਤਾ।"

"ਪਰ ਜਦੋਂ ਤੂੰ ਬੋਟ-ਹਾਊਸ ਵਿਚੋਂ ਨਿਕਲੀ ਤਾਂ--"

"ਮੈਂ ਸਿੱਧੀ ਦੌੜਦੀ ਹੋਈ ਇਥੇ ਆਈ ਤਾਂ ਜੋ ਤੈਨੂੰ ਸਾਰੀ ਗੱਲ ਦਸ ਸਕਾਂ।"

"ਕੀ ਤੂੰ ਕਿਸੇ ਦੀ ਆਵਾਜ਼ ਸੁਣੀ -ਕੀ ਤੈਨੂੰ ਲਗਾ ਕਿ ਉਥੇ ਦਰਖਤਾਂ ਦੀ ਝੰਗੀ ਵਿਚ ਕੋਈ ਛੁਪਿਆ ਹੋਇਆ ਸੀ?"

"ਮੈਨੂੰ ਤਾਂ ਸਭ ਪਾਸੇ ਚੁੱਪ ਚਾਂ ਲਗੀ। ਮੈਨੂੰ ਤੇ ਉਥੋਂ ਕੋਈ ਨਹੀਂ ਦਿਸਿਆ !"

"ਮੈਂ ਇਕ ਪਲ ਸੋਚਦੀ ਰਹੀ! ਕੀ ਉਥੇ ਸਚਮੁੱਚ ਹੀ ਕੋਈ ਹੋਰ ਤੀਜਾ ਬੰਦਾ ਹੈ ਸੀ ਜਾਂ ਏਨ ਕੈਥੇਰਿਕ ਦਾ ਭਰਮ ਹੀ ਸੀ। ਕੁਝ ਕਹਿਣਾ ਮੁਸ਼ਕਲ ਸੀ। ਪਰ ਇਕ ਗੱਲ ਸਪਸ਼ਟ ਸੀ ਕਿ ਅਸੀਂ ਹੁਣ ਫਿਰ ਉਸ ਭੇਤ ਨੂੰ ਲੱਭਣ ਵਿਚ ਬੁਰੀ ਤਰ੍ਹਾਂ ਅਸਫਲ ਹੋਈਆਂ ਸਾਂ। ਹੁਣ ਇਸ ਗੁੰਝਲ ਨੂੰ ਖੋਲ੍ਹਣਾ ਅਸੰਭਵ ਹੀ ਜਾਪਦਾ ਸੀ; ਜੋ ਕੱਲ ਏਨ ਕੈਥੇਰਿਕ ਆਪਣੇ ਇਕਰਾਰ ਦੇ ਮੁਤਾਬਿਕ ਪੁਜੇ, ਤਾਂ ਤੇ ਸ਼ਾਇਦ ਕੋਈ ਆਸ ਹੋਵੇ ਨਹੀਂ ਤਾਂ ਹੁਣ ਸਾਡੇ ਲਈ ਨਿਰਾਸ਼ਾ ਹੀ ਰਹਿ ਗਈ।

"ਆਪਣੇ ਵਿਚਕਾਰ ਹੋਈ ਗੱਲਬਾਤ ਦਾ ਕੀ ਤੂੰ ਮੈਨੂੰ ਹਰ ਸ਼ਬਦ ਦਸਿਆ ਹੈ? ਕੁਛ ਛੱਡਿਆ ਤੇ ਨਹੀਂ? ਮੈਂ ਲਾਰਾ ਨੂੰ ਪੁਛਿਆ।

"ਹਾਂ ਮੇਰਾ ਖਿਆਲ ਹੈ, ਮੈਂ ਸਭ ਦਸਿਆ ਹੈ। ਮੇਰੀ ਯਾਦਦਾਸ਼ਤ ਤੇਰੀ ਯਾਦ ਵਰਗੀ ਤਾਂ ਨਹੀਂ, ਪਰ ਇਸ ਮਾਮਲੇ ਵਿਚ ਤਾਂ ਮੇਰੀ ਏਨੀ ਡੂੰਘੀ ਦਿਲਚਸਪੀ ਸੀ ਕਿ ਮੈਨੂੰ ਮੇਰਾ ਖਿਆਲ ਹੈ ਕਿ ਮੈਂ ਕੋਈ ਜ਼ਰੂਰੀ ਗੱਲ ਦੱਸਣੀ ਨਹੀਂ ਭੁੱਲੀ।"

"ਪਿਆਰੀ ਲਾਰਾ, ਤੂੰ ਜਾਣਦੀ ਹੀ ਹੈ, ਕਿ ਏਨ ਕੈਥੇਰਿਕ ਦੀ ਹਰ ਇਕ ਗੱਲ ਸਾਡੇ ਲਈ ਬੜੀ ਮਹੱਤਵਪੂਰਣ ਹੈ। ਕੀ ਉਹਨੇ ਤੈਨੂੰ ਆਪਣਾ ਠਿਕਾਣਾ ਤੇ ਨਹੀਂ ਦਸਿਆ?"

"ਜਿਥੋਂ ਤੀਕ ਮੈਨੂੰ ਯਾਦ ਹੈ ਨਹੀਂ।

"ਕੀ ਉਹਨੇ ਆਪਣੀ ਇਕ ਸਾਥਣ, ਮਿਸੇਜ਼ ਕਲੀਮੈਂਟਸ ਦੀ ਕੋਈ ਗੱਲ ਤੇ ਨਹੀਂ ਕੀਤੀ?"

"ਹਾਂ, ਮੈਂ ਭੁੱਲ ਗਈ ਸਾਂ ਉਹਨੇ ਕਿਹਾ ਸੀ, ਕਿ ਮਿਸੇਜ਼ ਕਲੀਮੈਂਟਸ ਉਹਦੇ ਨਾਲ ਝੀਲ ਤੇ ਆਉਣਾ ਚਾਹੁੰਦੀ ਸੀ, ਤਾਂ ਜੋ ਉਹਦਾ ਖਿਆਲ ਰੱਖ ਸਕੇ, ਅਤੇ ਉਹਨੇ ਉਹਦਾ ਤਰਲਾ ਪਾਇਆ ਸੀ ਕਿ ਉਹ ਇਕੱਲੀ ਕਦੀ ਇਥੇ ਨਾ ਆਏ।"

"ਬੱਸ ਮਿਸੇਜ਼ ਕਲੀਮੈਂਟਸ ਬਾਰੇ ਉਹਨੇ ਇਹੀ ਕਿਹਾ ਸੀ?"

"ਹਾਂ ਬੱਸ ਇੰਨਾ ਹੀ ਕਿਹਾ ਸੀ।"

"ਉਹਨੇ ਤੈਨੂੰ ਇਹ ਤਾਂ ਨਹੀਂ ਦਸਿਆ ਕਿ ਉਹ ਟਾਡਸ ਕਾਰਨਰ ਮਗਰੋਂ ਕਿਥੇ ਛੁਪੀ ਸੀ?"

ਮੈਨੂੰ ਪੱਕਾ ਪਤਾ ਹੈ, ਉਹਨੇ ਹੋਰ ਕੁਝ ਨਹੀਂ ਕਿਹਾ।"

"ਉਹ ਉਦੋਂ ਦੀ ਕਿਥੇ ਰਹੀ ਹੈ? ਉਹਨੇ ਆਪਣੀ ਬਿਮਾਰੀ ਬਾਰੇ ਹੀ ਕੁਛ ਕਿਹਾ ਹੋਵੇ?"

"ਨਹੀਂ ਮੇਰੀਅਨ, ਹੋਰ ਇਕ ਸ਼ਬਦ ਵੀ ਉਹਨੇ ਨਹੀਂ ਕਿਹਾ; ਦੱਸ ਹੁਣ ਦੱਸ ਮੈਨੂੰ ਕਿ ਤੂੰ ਇਸ ਸਭ ਕੁਛ ਬਾਰੇ ਕੀ ਸੋਚ ਰਹੀ ਹੈ? ਮੈਨੂੰ ਤਾਂ ਕੁਛ ਸਮਝ ਨਹੀਂ ਆ ਰਹੀ, ਕਿ ਕੀ ਸੋਚਾਂ ਅਤੇ ਹੁਣ ਕੀ ਕਰਾਂ?"

"ਤੂੰ ਬੱਸ ਏਨਾ ਹੀ ਕਰੀ ਪਿਆਰੀ ਲਾਰਾ, ਕਿ ਕੱਲ ਬੋਟ-ਹਾਊਸ ਵਿਚ ਨੀਯਤ ਸਮੇਂ ਉੱਤੇ ਜ਼ਰੂਰ ਪੁੱਜ ਜਾਈ। ਇਹ ਕਹਿਣਾ ਅਸੰਭਵ ਹੈ ਕਿ ਉਸ ਔਰਤ ਨੂੰ ਮਿਲਣ ਤੇ ਕਿੰਨਾ ਕੁਝ ਨਿਰਭਰ ਕਰਦਾ ਹੈ। ਹੁਣ ਦੂਜੀ ਵਾਰ ਤੂੰ ਉਹਨੂੰ ਇਕੱਲੀ ਨਹੀਂ ਮਿਲੇਗੀ। ਮੈਂ ਤੇਰੇ ਪਿੱਛੇ-ਪਿੱਛੇ ਕੁਝ ਦੂਰੀ ਤੇ ਹੋਵਾਂਗੀ। ਕੋਈ ਮੈਨੂੰ ਵੇਖ ਨਹੀਂ ਸਕੇਗਾ ਪਰ ਜੇ ਕੁਝ ਹੋਏ ਤਾਂ ਮੈਂ ਤੇਰੀ ਆਵਾਜ਼ ਸੁਣ ਸਕਾਂਗੀ। ਏਨ ਕੈਥੇਰਿਕ ਵਾਲਟਰ ਹਾਰਟਰਾਈਟ ਕੋਲੋਂ ਬੱਚ ਨਿਕਲੀ; ਅਤੇ ਤੇਰੇ ਕੋਲੋਂ ਵੀ ਬੱਚ ਗਈ, ਪਰ ਉਹ ਮੇਰੇ ਕੋਲੋਂ ਬੱਚ ਕੇ ਨਹੀਂ ਜਾਏਗੀ।"

ਲਾਰਾ ਨੇ ਧਿਆਨ ਨਾਲ ਮੇਰੇ ਵੱਲ ਵੇਖਿਆ।

"ਤਾਂ ਕੀ ਤੂੰ ਵਿਸ਼ਵਾਸ ਕਰਦੀ ਹੈਂ', ਕਿ ਕੋਈ ਭੇਤ ਹੈ ਜਿਸ ਤੋਂ ਮੇਰਾ ਪਤੀ ਡਰਦਾ ਹੈ?" ਇਹ ਤਾਂ ਨਹੀਂ ਮੇਰੀਅਨ, ਕਿ ਇਹ ਭੇਤ ਏਨ ਦਾ ਭਰਮ ਜਾਂ ਕਲਪਨਾ ਹੀ ਹੈ? ਹੋ ਸਕਦਾ ਹੈ, ਉਹ ਪੁਰਾਣੇ ਵਕਤ ਦੀ ਖਾਤਰ ਮੈਨੂੰ ਮਿਲਣਾ ਚਾਹੁੰਦੀ ਹੋਵੇ, ਅਤੇ ਮੇਰੇ ਨਾਲ ਗੱਲਬਾਤ ਕਰਨ ਦੀ ਤਾਂਘਵਾਨ ਹੋਵੇ--! ਉਹਦਾ ਲਹਿਜਾ ਏਨਾ ਅਜੀਬ ਸੀ ਕਿ ਮੈਨੂੰ ਉਹਦੇ ਤੇ ਕਈ ਵਾਰੀ ਸ਼ੱਕ ਹੋ ਜਾਂਦਾ ਹੈ; ਕਿ ਤੂੰ ਉਹਦੇ ਉਤੇ ਇਤਬਾਰ ਕਰਦੀ ਹੈ?"

"ਲਾਰਾ, ਮੈਂ ਹੋਰ ਉਤੇ ਵਿਸ਼ਵਾਸ ਨਹੀਂ ਕਰਦੀ, ਪਰ ਮੈਂ ਤੇਰੇ ਪਤੀ ਦੇ ਵਰਤਾਓ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਹੈ, ਮੈਂ ਏਨ ਕੈਥੇਰਿਕ ਦੇ ਸ਼ਬਦਾਂ ਦਾ ਉਹਦੇ ਵਤੀਰੇ ਤੋਂ ਨਿਰਣਾ ਕਰਦੀ, ਪਰਖਦੀ ਅਤੇ ਜਾਂਚਦੀ ਹਾਂ; ਅਤੇ ਇਹ ਪੱਕੀ ਗੱਲ ਹੈ, ਕਿਧਰੇ ਨਾ ਕਿਧਰੇ ਕੋਈ ਭੇਤ ਅਵੱਸ਼ ਹੈ।"

ਮੈਂ ਹੋਰ ਕੁਝ ਨਾ ਕਿਹਾ, ਅਤੇ ਕਮਰੇ ਵਿਚੋਂ ਬਾਹਰ ਜਾਣ ਲਈ ਉੱਠੀ, ਮੈਂ ਚੁੱਪ ਸਾਂ। ਮੇਰੇ ਮਨ ਵਿਚ ਉਸ ਵੇਲੇ ਵਿਚਾਰਾਂ ਦਾ ਤੂਫਾਨ ਆ ਰਿਹਾ ਸੀ। ਜੇ ਅਸੀਂ ਹੋਰ ਥੋੜੀ ਦੇਰ ਇਕੱਠੀਆਂ ਬੈਠਦੀਆਂ ਤਾਂ ਮੈਂ ਉਹਨੂੰ ਵੀ ਸਭ ਕੁਝ ਦਸ ਦੇਂਦੀ ਪਰ ਉਹ ਆਪ ਹੀ ਏਨੀ ਘਬਰਾਈ ਹੋਈ ਸੀ ਕਿ ਉਹਨੂੰ ਉਸ ਵੇਲੇ ਕੁਝ ਹੋਰ ਦੱਸਣਾ ਮੈਂ ਠੀਕ ਨਹੀਂ ਸਮਝਿਆ। ਉਨ੍ਹਾਂ ਭਿਆਨਕ ਸੁਪਨਿਆਂ ਦਾ ਪ੍ਰਭਾਵ-ਜਿਨ੍ਹਾਂ ਵਿਚੋਂ ਲਾਰਾ ਨੇ ਮੈਨੂੰ ਜਗਾਇਆ ਸੀ, ਅਜੇ ਵੀ ਮੇਰੇ ਦਿਲ ਨੂੰ ਉਦਾਸ ਕਰ ਰਿਹਾ ਸੀ। ਜੋ ਰਹਿੰਦੀ ਕਸਰ ਸੀ, ਉਹ ਉਹਦੀ ਸੁਣਾਈ ਕਹਾਣੀ ਨੇ ਪੂਰੀ ਕਰ ਦਿੱਤੀ ਸੀ! ਮੈਨੂੰ ਹੁਣ ਭਵਿੱਖ ਵਿਚ ਹਨੇਰਾ ਦਿਸ ਰਿਹਾ ਸੀ; ਅਤੇ ਮੈਂ ਅੰਦਰ ਹੀ ਅੰਦਰ ਡਰ ਨਾਲ ਸੁੰਨ ਹੋਈ ਜਾ ਰਹੀ ਸਾਂ! ਮੁਸੀਬਤਾਂ ਹੁਣ ਸਾਡੇ ਦੁਆਲੇ ਇਕੱਠੀਆਂ

ਹੁੰਦੀਆਂ ਜਾ ਰਹੀਆਂ ਸਨ- ਪਰ ਇਸ ਸਭ ਪਿੱਛੇ ਮੈਨੂੰ, ਕਿਸੇ ਅਨਜਾਣੀ ਸ਼ਕਤੀ ਦਾ ਹੱਥ ਦਿਸਦਾ ਸੀ। ਮੈਂ ਹਾਰਟਰਾਈਟ ਨੂੰ ਯਾਦ ਕੀਤਾ-ਪਹਿਲਾਂ ਉਵੇਂ ਜਿਵੇਂ ਉਹਨੇ ਸਾਨੂੰ ਵਿਦਾ ਕਹੀ ਸੀ; ਅਤੇ ਫਿਰ ਜਿਵੇਂ ਉਹ ਮੈਨੂੰ ਸੁਪਨਿਆਂ ਵਿਚ ਦਿਸਿਆ ਸੀ, ਅਤੇ ਮੈਨੂੰ ਵੀ ਹਾਰਟਰਾਈਟ ਦੀ ਗੱਲ ਮੰਨਣਯੋਗ ਲੱਗ ਰਹੀ ਸੀ ਕਿ ਸ਼ਾਇਦ ਅਸੀਂ ਕਿਸੇ ਅਨਜਾਣੀ ਮੰਜ਼ਿਲ ਵੱਲ ਹੀ ਵਧ ਰਹੇ ਹਾਂ, ਅਤੇ ਉਹ ਮੰਜਿਲ ਹੁਣ ਨੇੜੇ ਹੀ ਨੇੜੇ ਆ ਰਹੀ ਹੈ।

ਲਾਰਾ ਉਪਰ ਚਲੀ ਗਈ ਤੇ ਮੈਂ ਕੋਠੀ ਦੇ ਆਸ-ਪਾਸ ਇਹ ਘੁੰਮ ਕੇ ਵੇਖਣਾ ਚਾਹੁੰਦੀ ਸਾਂ ਕਿ ਸਾਰੇ ਕੀ ਕੀ ਕਰ ਰਹੇ ਸਨ। ਮੈਨੂੰ ਦਿਲੋਂ ਕਾਂਊਂਟ ਫ਼ੋਸਕੋ ਦਾ ਹੀ ਡਰ ਸੀ ਕਿ ਉਹ ਕਿਥੇ ਹੈ, ਅਤੇ ਕੀ ਕਰ ਰਿਹਾ ਹੈ। ਮੈਂ ਇਹ ਵੀ ਜਾਣਦੀ ਸਾਂ ਕਿ ਸਰ ਪਰਸੀਵਲ ਨੇ ਜਿਸ ਕੰਮ ਲਈ ਏਨੀ ਲੰਮੀ ਯਾਤਰਾ ਕੀਤੀ ਸੀ, ਉਸ ਵਿਚ ਉਹ ਅਸਫਲ ਹੋ ਕੇ ਪਰਤਿਆ ਹੈ।

ਮੈਂ ਘਰ ਦੇ ਬਾਹਰਵਾਰ ਵੇਖਣ ਗਈ, ਪਰ ਕਾਂਊਂਟ ਫ਼ੋਸਕੋ ਤੇ ਸਰ ਪਰਸੀਵਲ ਬਾਹਰ ਕਿਧਰੇ ਵੀ ਨਹੀਂ ਸਨ। ਮੈਂ ਹੇਠਲੀ ਮੰਜਿਲ ਦੇ ਸਭ ਕਮਰੇ ਵਾਰ ਵਾਰ ਵੇਖੇ, ਪਰ ਉਥੇ ਵੀ ਕਈ ਨਹੀਂ ਸੀ। ਮੈਂ ਫਿਰ ਹਾਲ ਵਿਚ ਆਈ ਅਤੇ ਲਾਰਾ ਕੋਲ ਉਪਰ ਜਾਣ ਲਈ ਪੌੜੀਆਂ ਚੜ੍ਹ ਰਹੀ ਸਾਂ ਕਿ ਮੈਡਮ ਫ਼ੋਸਕੋ ਦਾ ਬੂਹਾ ਖੁਲ੍ਹਦਾ ਵੇਖਿਆ। ਮੈਂ ਉਹਨੂੰ ਪੁੱਛਣ ਲਈ ਰੁਕੀ ਕਿ ਸ਼ਾਇਦ ਉਹਨੂੰ ਕਾਂਊਂਟ ਅਤੇ ਸਰ ਪਰਸੀਵਲ ਬਾਰੇ ਕੁਝ ਪਤਾ ਹੋਵੇ; ਕਿ ਉਹ ਉਸ ਵੇਲੇ ਕਿੱਥੋਂ ਗਏ ਸਨ। ਹਾਂ, ਉਹਨੂੰ ਪਤਾ ਸੀ। ਕੋਈ ਘੰਟਾ ਕੁ ਹੋਇਆ, ਉਹ ਆਪਣੀ ਖਿੜਕੀ ਵਿਚ ਖੜੀ ਸੀ ਕਿ ਕਾਂਊਂਟ ਨੇ ਹੇਠੋਂ ਹੀ ਉਹਨੂੰ ਇਹ ਦਸਿਆ ਸੀ, ਕਿ, ਉਹ ਦੋਵੇਂ ਲੰਮੀ ਸੈਰ ਲਈ ਜਾ ਰਹੇ ਸਨ।

ਲੰਮੀ ਸੈਰ ਲਈ! ਕਮਾਲ ਹੈ ! ਅਜੇ ਤਕ ਤੇ ਮੈਂ ਉਨ੍ਹਾਂ ਦੋਵਾਂ ਨੂੰ ਸੈਰ ਕਰਦਿਆਂ ਨਹੀਂ ਸੀ ਵੇਖਿਆ। ਸਰ ਪਰਸੀਵਲ ਨੂੰ ਤਾਂ ਘੋੜ-ਸਵਾਰੀ ਦਾ ਸ਼ੌਂਕ ਸੀ ਅਤੇ ਕਾਂਊਂਟ ਤਾਂ ਸੈਰ ਦਾ ਉੱਕਾ ਹੀ ਸ਼ੌਕੀਨ ਨਹੀਂ ਸੀ (ਉਹ ਉਦੋਂ ਹੀ ਸੈਰ ਲਈ ਜਾਂਦਾ ਸੀ ਜਦੋਂ ਮੇਰਾ ਸਾਥ ਦੇਣਾ ਹੋਵੇ) !

ਮੈਂ ਜਦੋਂ ਲਾਰਾ ਕੋਲ ਪਹੁੰਚੀ ਤਾਂ ਉਹਨੇ ਉਸ ਕਾਗਜ਼ ਬਾਰੇ ਗੱਲ ਕੀਤੀ - ਜਿਸ ਤੇ ਸਰ ਪਰਸੀਵਲ ਉਹਦੇ ਦਸਤਖ਼ਤ ਕਰਵਾਉਣਾ ਚਾਹੁੰਦਾ ਸੀ। ਏਨ ਕੈਥੇਰਿਕ ਦੀਆਂ ਗੱਲਾਂ ਵਿਚ ਅਸੀਂ ਉਸ ਦਾ ਜ਼ਿਕਰ ਹੀ ਭੁੱਲ ਗਈਆਂ ਸਾਂ। ਉਹ ਹੈਰਾਨ ਹੋ ਰਹੀ ਸੀ ਕਿ ਸਰ ਪਰਸੀਵਲ ਨੇ ਲਾਇਬਰੇਰੀ ਵਿਚ ਉਹਨੂੰ ਅਜੇ ਤਕ ਕਿਉਂ ਨਹੀਂ ਸੀ ਬੁਲਾਇਆ।

"ਅਜੇ ਤੂੰ ਇਸ ਗੱਲ ਦੀ ਚਿੰਤਾ ਛੱਡ ਦੇ", ਮੈਂ ਲਾਰਾ ਨੂੰ ਕਿਹਾ, 'ਕੁਝ ਚਿਰ ਲਈ ਤਾਂ ਸਾਡਾ ਉਹਦੀ ਜ਼ਿੱਦ ਤੋਂ ਛੁਟਕਾਰਾ ਹੋਇਆ ਹੈ, ਜਾਪਦਾ ਹੈ, ਸਰ ਪਰਸੀਵਲ ਨੇ ਆਪਣੀ ਸਲਾਹ ਕੁਝ ਦੇਰ ਲਈ ਬਦਲ ਲਈ ਹੈ; ਉਹ ਦਸਤਖ਼ਤ ਦਾ ਮਾਮਲਾ ਅਗੇਤਰੇ ਪਾ ਦਿੱਤਾ ਗਿਆ ਹੈ।"

ਅਗੇਤਰੇ ਪਾ ਦਿੱਤਾ ਗਿਆ ਹੈ? "ਤੈਨੂੰ ਕਿਸ ਨੇ ਦੱਸਿਆ ਹੈ?" ਲਾਰਾ ਨੇ ਹੈਰਾਨ ਹੋ ਕੇ ਗੱਲ ਦੁਹਰਾਈ !

"ਮੈਨੂੰ ਕਾਂਉਟ ਫ਼ੋਸਕੋ ਨੇ ਆਪ ਆ ਕੇ ਦੱਸਿਆ ਹੈ। ਮੇਰਾ ਖ਼ਿਆਲ ਹੈ, ਤੇ ਹੈ ਵੀ ਸੋਲਾਂ ਆਨੇ ਠੀਕ, ਕਿ ਕਾਂਉਟ ਦੇ ਹੀ ਜ਼ੋਰ ਪਾਣ ਨਾਲ ਉਹਨੇ ਆਪਣਾ ਅਚਾਨਕ ਫੈਸਲਾ ਬਦਲਿਆ ਹੈ!"

"ਇਹ ਅਸੰਭਵ ਜਾਪਦਾ ਹੈ! ਜੇ ਉਹਨੇ ਮੇਰੇ ਦਸਤਖ਼ਤ ਲੈ ਕੇ ਕਿਧਰੋਂ ਕਰਜ਼ਾ ਲੈਣਾ ਸੀ ਤਾਂ ਉਹ ਇਹ ਮਾਮਲਾ ਟਾਲ ਕਿਵੇਂ ਸਕਦਾ ਹੈ? ਪੈਸੇ ਦੀ ਉਹਨੂੰ ਬੜੀ ਸਖ਼ਤ ਜ਼ਰੂਰਤ ਸੀ !"

"ਅਸੀਂ ਇਹ ਸ਼ੱਕ ਹੁਣੇ ਹੀ ਦੂਰ ਕਰ ਸਕਦੀਆਂ ਹਾਂ। ਕੀ ਤੂੰ ਉਹ ਗੱਲਬਾਤ ਭੁੱਲ ਗਈ ਹੈ ਜੋ ਮੈਂ ਸਰ ਪਰਸੀਵਲ ਅਤੇ ਉਹਦੇ ਵਕੀਲ ਵਿਚਕਾਰ ਸੁਣੀ ਸੀ?"

"ਭੁੱਲੀ ਤਾਂ ਨਹੀਂ, ਪਰ ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ ਰਹੀ।'

"ਮੈਨੂੰ ਯਾਦ ਹੈ, ਉਹਨੇ ਇਸ ਮੁਸ਼ਕਲ ਦੇ ਦੋ ਹੱਲ ਦੱਸੇ ਸਨ। ਇਕ ਤਾਂ ਜਿਹੀ ਸੀ ਕਿ ਤੇਰੇ ਸਾਈਨ ਕਰਵਾ ਲਏ ਜਾਣ ਅਤੇ ਦੂਜਾ ਇਹ ਸੀ ਕਿ ਤਿੰਨ ਮਹੀਨਿਆਂ ਮਗਰੋਂ ਬਿੱਲ ਦਿੱਤੇ ਜਾਣ ਤਾਂ ਜੋ ਹੋਰ ਸਮਾਂ ਮਿਲ ਸਕੇ। ਮੇਰਾ ਵਿਚਾਰ ਹੈ ਕਿ ਹੁਣ ਇਹੀ ਕੁਝ ਕਰਨ ਦੀ ਉਨ੍ਹਾਂ ਦੀ ਸਲਾਹ ਹੈ। ਸਰ ਪਰਸੀਵਲ ਹੁਣ ਕੁਝ ਚਿਰ ਲਈ ਆਪਣੀਆਂ ਉਲਝਣਾਂ ਨਾਲ ਪਰੇਸ਼ਾਨ ਨਹੀਂ ਕਰੇਗਾ।"

"ਮੇਰੀਅਨ ਕੀ ਇਹ ਹੋ ਸਕਦਾ ਹੈ?" ਲਾਰਾ ਨੇ ਰਤਾ ਖੁਸ਼ ਹੋ ਕੇ ਇਹ ਗੱਲ ਕਹੀ।

"ਹੋ ਤਾਂ ਸਕਦਾ ਹੈ, ਤੂੰ ਹੁਣੇ ਤੇ ਕਿਹਾ ਸੀ ਕਿ ਮੇਰੀ ਯਾਦ ਚੰਗੀ ਹੈ। ਪਰ ਹੁਣੇ ਹੀ ਤੂੰ ਸ਼ੱਕ ਕਰ ਰਹੀ ਹੈ। ਮੈਂ ਹੁਣੇ ਆਪਣੀ ਡਾਇਰੀ ਲਿਆਉਂਦੀ ਹਾਂ ਤੇ ਅਸੀਂ ਉਸ ਵਿਚੋਂ ਪੜ੍ਹਕੇ ਵੇਖਦੀਆਂ ਹਾਂ, ਕਿ ਕੀ ਮੈਂ ਠੀਕ ਕਹਿ ਰਹੀ ਹਾਂ ਕਿ ਗਲਤ?" ਮੈਂ ਆਪਣੇ ਕਮਰੇ ਵਿਚ ਜਾ ਕੇ ਡਾਇਰੀ ਲੈ ਆਈ। ਉਹ ਪੰਨੇ ਕੱਢ ਕੇ ਵੇਖਿਆ, ਜਿਸ ਵਿਚ ਮੈਂ ਸਰ ਪਰਸੀਵਲ ਦੇ ਵਕੀਲ

ਦੇ ਆਉਣ ਬਾਰੇ ਲਿਖਿਆ ਸੀ, ਦੋ ਹੱਲ ਸਨ, ਇਹ ਜੋ ਮੈਂ ਹੁਣੇ ਲਾਰਾ ਨੂੰ ਕਿਹਾ ਸੀ, ਉਹ ਬਿਲਕੁਲ ਠੀਕ ਸੀ। ਸਾਨੂੰ ਦੋਹਾਂ ਭੈਣਾਂ ਨੂੰ ਇਸ ਖ਼ਬਰ ਨਾਲ ਕੁਝ ਸ਼ਾਂਤੀ ਹੋਈ ਅਤੇ ਅਸੀਂ ਇਹ ਵੀ ਸ਼ੁਕਰ ਕੀਤਾ ਕਿ ਮੇਰੀ ਯਾਦਦਾਸ਼ਤ ਨੇ ਮੈਨੂੰ ਧੋਖਾ ਨਹੀਂ ਸੀ ਦਿੱਤਾ। ਸਾਡੀ ਸਥਿਤੀ ਅਜਿਹੀ ਨਾਜ਼ੁਕ ਸੀ ਕਿ ਇਸ ਵੇਲੇ ਇਹ ਕਹਿਣਾ ਮੁਸ਼ਕਿਲ ਸੀ ਕਿ ਕੱਲ੍ਹ ਭੱਵਿਸ਼ ਵਿਚ ਮੇਰੀ ਇਸ ਡਾਇਰੀ ਨਾਲ ਕੀ ਕੀ ਕੰਮ ਸੰਵਰ ਸਕਦੇ ਸਨ ਅਤੇ ਮੇਰੀ ਯਾਦ ਵੀ ਵਿਸ਼ਵਾਸ ਯੋਗ ਹੋਣੀ ਚਾਹੀਦੀ ਹੈ। ਕਿਉਂਕਿ ਮੈਂ ਜਦੋਂ ਆਪਣੀ ਡਾਇਰੀ ਲਿਖਾਂ, ਉਸ ਵੇਲੇ ਮੈਨੂੰ ਸਭ ਗੱਲਾਂ ਚੰਗੀ ਤਰ੍ਹਾਂ ਯਾਦ ਹੋਣੀਆਂ ਚਾਹੀਦੀਆਂ ਹਨ, ਕੀ ਪਤਾ ਇਨ੍ਹਾਂ ਦੀ ਕਿੰਨੀ ਲੋੜ ਪੈਣੀ ਹੈ !

ਮੈਂ ਲਾਰਾ ਦੇ ਚਿਹਰੇ ਵੱਲ ਵੇਖਿਆ ਤਾਂ ਮੈਨੂੰ ਲੱਗਾ, ਉਹ ਵੀ ਇਹੀ ਗੱਲ ਸੋਚ ਰਹੀ ਸੀ। ਇਹ ਗੱਲ ਤਾਂ ਇੰਨੀ ਨਿਗੂਣੀ ਜਹੀ ਸੀ ਕਿ ਮੈਂ ਇਥੇ ਲਿਖਣੀ ਵੀ ਠੀਕ ਨਹੀਂ ਸਮਝਦੀ, ਪਰ ਇਸ ਤੋਂ ਇਹ ਅੰਦਾਜ਼ਾ ਲੱਗ ਸਕਦਾ ਹੈ, ਕਿ ਅਸੀਂ ਕਿੰਨੀਆਂ ਹੀ ਬੇਸਹਾਰਾ ਸਾਂ। ਇਹ ਜਾਣ ਕੇ ਕਿ ਮੇਰੀ ਯਾਦਦਾਸ਼ਤ ਉਤੇ ਨਿਰਭਰ ਕੀਤਾ ਜਾ ਸਕਦਾ ਹੈ, ਸਾਨੂੰ ਉਸ ਵੇਲੇ ਇੰਜ਼ ਜਾਪਿਆ, ਜਿਵੇਂ ਇਸ ਮੁਸੀਬਤ ਵਿਚ ਕੋਈ ਨਵਾਂ ਮਿੱਤਰ ਸਾਨੂੰ ਮਿਲ ਗਿਆ ਹੋਵੇ, ਅਤੇ ਇਸ ਗੱਲ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਾਡਾ ਕੋਈ ਸਹਾਇਕ ਨਹੀਂ ਸੀ।

ਰੋਟੀ ਲਈ ਘੰਟੀ ਵੱਜ ਚੁੱਕੀ ਸੀ; ਇਧਰ ਘੰਟੀ ਵੱਜੀ ਤੇ ਉਧਰ ਸਰ ਪਰਸੀਵਲ ਅਤੇ ਉਹ ਦਾ ਮਿੱਤਰ ਦੋਵੇਂ ਆਪਣੀ ਸੈਰ ਤੋਂ ਪਰਤੇ। ਸਰ ਪਰਸੀਵਲ ਰੋਟੀ ਨੂੰ ਪੰਜ ਮਿੰਟ ਦੇਰ ਹੋ ਜਾਣ ਲਈ ਨੌਕਰਾਂ ਨੂੰ ਗੁੱਸੇ ਹੋ ਰਿਹਾ ਸੀ ਤੇ ਕਾਂਊਟ ਹਮੇਸ਼ਾਂ ਵਾਂਗ ਸਬਰ ਅਤੇ ਸ਼ਾਂਤੀ ਦਾ ਵਾਸਤਾ ਪਾ ਕੇ ਉਹਨੂੰ ਚੁੱਪ ਕਰਾ ਰਿਹਾ ਸੀ।

ਸ਼ਾਮ ਆਈ ਵੀ ਤੇ ਬੀਤ ਵੀ ਗਈ! ਕੋਈ ਵਰਨਣਯੋਗ ਘਟਨਾ ਨਹੀਂ ਸੀ ਹੋਈ। ਪਰ ਮੈਨੂੰ ਸਰ ਪਰਸੀਵਲ ਅਤੇ ਕਾਂਊਟ ਦਾ ਵਤੀਰਾ ਕੁਝ ਅਜੀਬ ਹੀ ਲਗਾ ਹੈ।
ਇਸ ਲਈ ਮੈਨੂੰ ਅੱਜ ਰਾਤੀ ਏਨ ਕੈਥੇਰਿਕ ਦੀ ਚਿੰਤਾ ਹੀ ਲੱਗੀ ਰਹੀ, ਅਤੇ ਨਾਲ ਹੀ ਵੀ ਸੋਚਾਂ ਸਨ ਕਿ ਕੱਲ੍ਹ ਪਤਾ ਨਹੀਂ ਕੀ ਹੋ ਜਾਏ।

ਮੈਂ ਹੁਣ ਤੀਕ ਇਹ ਚੰਗੀ ਤਰ੍ਹਾਂ ਜਾਣ ਗਈ ਹਾਂ ਕਿ ਸਰ ਪਰਸੀਵਲ ਦਾ ਮਿੱਠਾ ਬੋਲਣਾ ਹੀ ਸਭ ਤੋਂ ਖਤਰਨਾਕ ਅਤੇ ਉਸ ਦੀ ਸ਼ਖਸੀਅਤ ਦਾ ਝੂਠਾ ਗੱਲ ਸਲੀਕੇ ਨਾਲ ਕਰਦਾ ਹੈ, ਪੱਖ ਹੈ, ਜਿਸ ਦਿਨ ਉਹ ਕੋਈ ਗੱਲ ਸਲੀਕੇ ਨਾਲ ਕਰਦਾ ਹੈ ਉਸ ਦਿਨ ਉਸ ਦੇ

ਮਨ ਵਿਚ ਸਭ ਤੋਂ ਬਹੁਤਾ ਖੋਟ ਹੁੰਦਾ ਹੈ। ਅੱਜ ਦੀ ਲੰਮੀ ਸੈਰ ਮਗਰੋਂ ਉਹ ਲਾਰਾ ਨਾਲ ਬਹੁਤ ਚੰਗੀ ਤਰ੍ਹਾਂ ਪੇਸ਼ ਆ ਰਿਹਾ ਸੀ। ਲਾਰਾ ਇਸ ਪਰੀਵਰਤਨ ਉੱਤੇ ਹੈਰਾਨ ਸੀ, ਅਤੇ ਮੈਂ ਡਰ ਰਹੀ ਸਾਂ। ਉਹਨੇ ਲਾਰਾ ਨੂੰ ਲਾਰਾ ਕਹਿ ਕੇ ਬੁਲਾਇਆ, ਉਹਦੇ ਕੋਲੋਂ ਘਰ ਦੀਆਂ ਕਈ ਗੱਲਾ ਪੁੱਛੀਆਂ, ਜਿਵੇਂ ਕਿ ਕੀ ਉਹਨੂੰ ਮਿਸਟਰ ਫ਼ੇਅਰਲੀ ਦੀ ਚਿੱਠੀ ਆਈ ਸੀ; ਜਾਂ, ਜਿਵੇਂ ਕਿ ਮਿਸੇਜ ਵੈਸੀ ਨੂੰ ਕਦੋਂ ਉਹਨਾਂ ਦੇ ਘਰ ਆਉਣ ਲਈ ਬੁਲਾਵਾ ਭੇਜਣਾ ਸੀ? ਅੱਜ ਉਹ ਲਾਰਾ ਨਾਲ ਉਸੇ ਤਰ੍ਹਾਂ ਹੀ ਗੱਲਾਂ ਕਰ ਰਿਹਾ ਸੀ, ਜਿਵੇਂ ਆਪਣੀ ਕੁੜਮਾਈ ਦੇ ਦਿਨਾਂ ਵਿਚ ਲਿਮਰਿਜ ਕਰਿਆ ਕਰਦਾ ਸੀ। ਇਹ ਸ਼ਗਨ ਹੀ ਭੈੜਾ ਸੀ, ਅਤੇ ਮੇਰਾ ਦਿਲ ਉਦੋਂ ਹੋਰ ਵੀ ਧੜਕਣ ਲੱਗ ਪਿਆ, ਜਦੋਂ ਉਹਨੇ ਡਰਾਇੰਗ ਰੂਮ ਵਿਚ ਹੀ ਸੌਂ ਜਾਣ ਦਾ ਨਾਟਕ ਕੀਤਾ; ਉਹ ਜਦੋਂ ਇਹ ਸੋਚਦਾ ਸੀ ਕਿ ਅਸੀਂ ਉਹਨੂੰ ਨਹੀਂ ਵੇਖ ਰਹੀਆਂ, ਉਹਦੀਆਂ ਚਾਲਾਕ ਅੱਖਾਂ ਮੇਰਾ ਅਤੇ ਲਾਰਾ ਦਾ ਪਿੱਛਾ ਕਰਦੀਆਂ ਸਨ। ਮੈਨੂੰ ਇਹ ਤਾਂ ਪੱਕਾ ਪਤਾ ਸੀ ਕਿ ਉਹ ਜਦੋਂ ਇਕੱਲਾ ਗਿਆ ਸੀ ਤਾਂ ਉਹ ਵੈਲਮਿੰਗਮ ਹੀ ਗਿਆ ਸੀ ਤਾ ਜੋ ਏਨ ਕੈਥੇਰਿਕ ਬਾਰੇ ਮਿਸੇਜ਼ ਕੈਥੇਰਿਕ ਨੂੰ ਪੁੱਛ ਸਕੇ। ਮੈਂ ਹੁਣ ਤਕ ਇਹ ਹੀ ਸਮਝਦੀ ਰਹੀ ਸਾਂ ਕਿ ਉਹਨੂੰ ਕੁਝ ਪਤਾ ਨਹੀਂ ਲੱਗਾ- ਪਰ ਅੱਜ ਦੇ ਵਤੀਰੇ ਨੇ ਤਾਂ ਮੇਰਾ ਸਾਹ ਹੀ ਸਕਾ ਛੱਡਿਆ ਸੀ। ਸਪੱਸ਼ਟ ਸੀ ਕਿ ਉਹ ਜਾਣਨਾ ਚਾਹੁੰਦਾ ਸੀ, ਉਸ ਦਾ ਉਹਨੇ ਕਿਸੇ ਨਾ ਕਿਸੇ ਤਰ੍ਹਾਂ ਸੁਰਾਗ ਕੱਢ ਹੀ ਲਿਆ ਸੀ। ਜੇ ਮੈਨੂੰ ਪਤਾ ਹੋਵੇ ਕਿ ਏਨ ਕੈਥੇਰਿਕ ਕਿਥੇ ਠਹਿਰੀ ਹੋਈ ਹੈ ਤਾਂ ਮੈਂ ਉਹਨੂੰ ਸਵੇਰੇ ਹੀ ਜਾ ਕੇ ਸੁਚੇਤ ਕਰ ਦਿਆਂ।

ਸਰ ਪਰਸੀਵਲ ਦੇ ਸੁਭਾ ਬਾਰੇ ਤਾਂ ਮੈਂ ਹੁਣ ਸਭ ਜਾਣਦੀ ਸਾਂ; ਸੋ ਉਹ ਜਿਵੇਂ ਅੱਜ ਪੇਸ਼ ਆ ਰਿਹਾ ਸੀ, ਉਹ ਮੇਰੇ ਲਈ ਸਮਝਣਾ ਮੁਸ਼ਕਲ ਨਹੀਂ ਸੀ, ਪਰ ਕਾਂਉਟ ਨੇ ਜਿਹੜਾ ਰੂਪ ਅੱਜ ਮੇਰੇ ਸਾਹਮਣੇ ਰੱਖਿਆ। ਉਸ ਤੋਂ ਮੈਂ ਪਹਿਲਾਂ ਵਾਕਿਫ਼ ਨਹੀਂ ਸਾਂ, ਉਹ ਅੱਜ ਇਕ ਭਾਵੁਕ ਪੁਰਸ਼ ਦੇ ਰੂਪ ਵਿਚ ਸੀ, ਅਤੇ ਮੇਰਾ ਵਿਸ਼ਵਾਸ ਹੈ ਕਿ ਉਹ ਨਾਟਕ ਨਹੀਂ ਸੀ ਕਰ ਰਿਹਾ। ਉਹ ਸੱਚਮੁਚ ਹੀ ਮਹਿਸੂਸ ਕਰ ਰਿਹਾ ਸੀ।

ਉਹ ਬੜਾ ਚੁੱਪ ਅਤੇ ਸ਼ਾਂਤ ਸੀ; ਉਹਦੀ ਆਵਾਜ਼ ਅਤੇ ਅੱਖਾਂ ਅੱਜ ਬੁੱਝੀਆਂ-ਬੁੱਝੀਆਂ ਸਨ। ਉਹਨੇ ਅੱਜ ਆਪਣੀ ਸਭ ਤੋਂ ਸ਼ਾਨਦਾਰ ਵਾਸਕਟ ਪਾਈ ਸੀ (ਜਿਵੇਂ ਉਹਦੀਆਂ ਡੂੰਘੀਆਂ ਭਾਵਨਾਵਾਂ ਅਤੇ ਭੜਕੀਲੇ ਕੱਪੜਿਆਂ ਦਾ ਆਪਸ ਵਿਚ ਕੋਈ ਸੰਬੰਧ ਹੋਵੇ) ਜਿਸ ਦਾ

ਰੰਗ ਹਲਕਾ ਸਾਵਾ ਸੀ, ਅਤੇ ਜਿਸ ਉਤੇ ਵਧੀਆ, ਚਾਂਦੀ ਦੀ ਸਜਾਵਟ ਕੀਤੀ ਹੋਈ ਸੀ। ਉਹਦੀ ਆਵਾਜ਼ ਹਦੋਂ ਵਧ ਕੋਮਲ ਸੀ; ਉਹਦੀ ਮੁਸਕਰਾਹਟ ਵਿਚ ਮੇਰੇ ਅਤੇ ਲਾਰਾ ਲਈ ਇਕ ਪਿਤਾ ਦੀ ਪ੍ਰਸ਼ੰਸਾ ਝਲਕਦੀ ਸੀ; ਰੋਟੀ ਵੇਲੇ ਜਦੋਂ ਕਿਸੇ ਗੱਲ ਲਈ ਉਹਦੀ ਪਤਨੀ ਨੇ ਧੰਨਵਾਦ ਕੀਤਾ ਤਾਂ ਉਹਨੇ ਉਹਦਾ ਹੱਥ ਮੇਜ਼ ਹੇਠਾਂ ਘੁੱਟਿਆ। ਉਹਨੇ ਪਤਨੀ ਨਾਲ ਸ਼ਰਾਬ ਪੀਤੀ, ਅਤੇ ਉਹਦੀ ਸਿਹਤ ਅਤੇ ਖ਼ੁਸ਼ੀ ਲਈ ਜਾਮ ਪੀਤਾ। 'ਤੇਰੀ ਸਿਹਤ ਅਤੇ ਖੁਸ਼ੀ ਲਈ ਮੇਰੇ ਫਰਿਸ਼ਤੇ! ਉਹਨੇ ਲਿਸ਼ਕਦੀਆਂ ਅਤੇ ਹੰਝੂਆਂ ਭਰੀਆਂ ਅੱਖਾਂ ਨਾਲ ਕਿਹਾ। ਉਹ ਨੇ ਕੁਝ ਵੀ ਨਾ ਖਾਧਾ, ਅਤੇ ਜਦ ਉਹ ਦਾ ਮਿੱਤਰ ਉਹਦੇ ਉਤੇ ਹੱਸਿਆ ਤਾਂ ਉਹ ਹਉਕਾ ਭਰ ਕੇ ਬੋਲਿਆ, 'ਚੰਗੇ ਪਰਸੀਵਲ! " ਰੋਟੀ ਮਗਰੋਂ ਉਹਨੇ ਲਾਰਾ ਦਾ ਹੱਥ ਫੜ ਕੇ ਕਿਹਾ, ਕਿ ਕੀ ਉਹ ਏਨੀ ਚੰਗੀ ਹੋਵੇਗੀ, ਕਿ ਉਹਨੂੰ ਪਿਆਨੋ ਵਜਾ ਕੇ ਸੁਣਾਏ। ਲਾਰਾ ਏਨੀ ਹੈਰਾਨ ਹੋ ਗਈ ਸੀ ਕਿ ਉਸਨੂੰ ਹੈਰਾਨੀ ਵਿਚ ਨਾਹ ਨਾ ਕਰ ਸਕੀ। ਉਹ ਉਹਦੇ ਕੋਲ ਹੀ ਬੈਠ ਗਿਆ। ਉਹਦੀ ਘੜੀ ਦੀ ਜੰਜੀਰ, ਉਸ ਦੀ ਵਾਸਕਟ ਤੇ ਇੰਜ ਲਟਕ ਰਹੀ ਸੀ ਜਿਵੇਂ ਕੋਈ ਸੁਨਹਿਰੀ ਸੱਪ ਕਈ ਵੱਲ ਪਾ ਕੇ ਉਹਦੇ ਸਾਵੇ ਢਿੱਡ ਦੇ ਉਭਾਰ ਉਤੇ ਆਰਾਮ ਕਰ ਰਿਹਾ ਹੋਵੇ। ਉਹਨੇ ਆਰਾਮ ਵਿਚ ਸਿਰ ਨੂੰ ਇਕ ਪਾਸੇ ਝੁਕਾਇਆ ਹੋਇਆ ਸੀ, ਅਤੇ ਆਪਣੀਆਂ ਪੀਲੀਆਂ ਉਂਗਲਾਂ ਨਾਲ ਤਾਲ ਦੇ ਰਿਹਾ ਸੀ। ਕਾਂਊਟ ਨੂੰ ਰਾਗ ਦੀ ਬੜੀ ਸਮਝ ਸੀ, ਅਤੇ ਉਹ ਲਾਰਾ ਦੇ ਵਜਾਉਣ ਦੇ ਢੰਗ ਦੀ ਪ੍ਰਸੰਸਾ ਕਰਿਆ ਕਰਦਾ ਸੀ-ਵਿਚਾਰੇ ਹਾਰਟਰਾਈਟ ਵਾਂਗ ਨਹੀਂ ਜਿਸਨੂੰ ਰਾਗ ਦੀ ਕੋਈ ਸਮਝ ਨਹੀਂ ਸੀ, ਅਤੇ ਜਿਸ ਨੂੰ ਸਿਰਫ ਮਿੱਠੀਆਂ ਸੁਰਾਂ ਹੀ ਚੰਗੀਆਂ ਲੱਗਦੀਆਂ ਸਨ। ਕਾਂਊਟ ਨੂੰ ਇਕ ਪਾਸੇ ਰਾਗ ਦਾ ਗਿਆਨ ਸੀ, ਅਤੇ ਦੂਜੇ ਪਾਸੇ ਵਜਾਉਣ ਵਾਲੇ ਦੇ ਗੁਣਾਂ ਬਾਰੇ ਵੀ ਜਾਣਕਾਰੀ ਸੀ। ਸ਼ਾਮ ਡੂੰਘੀ ਹੋਣ ਮਗਰੋਂ ਵੀ ਉਹਨੇ ਲੈਂਪ ਨਾ ਬਾਲਣ ਦਿੱਤੇ ਤਾਂ ਜੋ ਤ੍ਰਿਕਾਲਾ ਦੇ ਘੁਸਮੁਸੇ ਦੀ ਸੁੰਦਰਤਾ ਘੱਟ ਨਾਂ ਹੋ ਜਾਏ। ਮੈਂ ਉਹਦੇ ਕੋਲੋਂ ਬਚਣ ਲਈ, ਇਕ ਦੂਰ ਦੀ ਖਿੜਕੀ ਵਿਚ ਖੜੀ ਸਾਂ, ਪਰ ਉਹ ਬੜੇ ਚੁੱਪ ਕਦਮਾਂ ਨਾਲ ਮੇਰੇ ਕੋਲ ਆ ਕੇ ਖੜਾ ਹੋ ਗਿਆ। ਉਹ ਲੈਂਪਾਂ ਬਾਰੇ ਆਪਣੀ ਰਾਇ ਦੀ ਮੇਰੇ ਕੋਲ ਪੁਸ਼ਟੀ ਕਰਵਾਉਣੀ ਚਾਹੁੰਦਾ ਸੀ। ਜੇ ਕਿਸੇ ਲੈਂਪ ਨਾਲ ਉਹਨੂੰ ਖੜੇ ਖੜੋਤੇ ਨੂੰ ਅੱਗ ਲੱਗ ਸਕਦੀ ਤਾਂ ਮੈਂ ਆਪ ਰਸੋਈ ਵਿਚ ਜਾ ਕੇ ਉਸੇ ਵੇਲੇ ਲੈਂਪ ਨੂੰ ਲੈ ਆਉਂਦੀ।

"ਕੀ ਤੁਹਾਨੂੰ ਇਹ ਕੰਬਦੀਆਂ ਸੁਰਾਂ ਚੰਗੀਆਂ ਲੱਗਦੀਆਂ ਹਨ?" ਉਹ ਬੇਹੱਦ ਕੋਮਲਤਾ ਨਾਲ ਬੋਲਿਆ, "ਮੈਨੂੰ ਬੜਾ ਪਿਆਰਾ ਲਗਦਾ ਹੈ ਇਹ ਵੇਲਾ! ਅਜਿਹੀ ਸ਼ਾਮ ਨੂੰ, ਮੇਰੇ ਦਿਲ ਵਿਚ ਹਰ ਚੰਗੀ ਅਤੇ ਮਹਾਨ ਵਸਤੂ ਲਈ ਜੋ ਪ੍ਰਸੰਸਾ ਹੈ, ਮੈਨੂੰ ਜਾਪਦਾ ਹੈ ਉਹ ਪਵਿੱਤਰ ਹੋ ਗਈ ਹੈ। ਮੈਂ ਕੁਦਰਤ ਨੂੰ ਸਦਾ ਹੀ ਪਿਆਰ ਕਰਦਾ ਹਾਂ, ਇਹ ਪਿਆਰ ਕਦੀ ਨਸ਼ਟ ਨਹੀਂ ਹੋ ਸਕਦਾ; ਅਤੇ ਮੇਰੀ ਇਹ ਲਗਨ ਸਦੀਵੀ ਹੈ। ਮੈਂ ਇਕ ਮੋਟਾ ਅਤੇ ਬੁੱਢਾ ਆਦਮੀ ਹਾਂ। ਇਹ ਗੱਲਾਂ ਤੁਹਾਡੇ ਮੂੰਹ ਤੋਂ ਤਾਂ ਸ਼ੋਭਾ ਦੇਣ ਮਿਸ ਹਾਲਕੌਂਬ, ਪਰ ਮੇਰੇ ਮੂੰਹ ਤੋਂ ਇੰਜ ਜਾਪਦੀਆਂ ਹਨ ਜਿਵੇਂ ਮੈਂ ਮਸ਼ਕਰੀ ਕਰ ਰਿਹਾ ਹੋਵਾਂ। ਪਰ ਜੇ ਕੋਈ ਹੁਣ ਮੇਰੇ ਉੱਤੇ ਹੱਸੇ ਤਾਂ ਮੈਨੂੰ ਬੜਾ ਦੁੱਖ ਹੋਵੇਗਾ; ਕਿਉਂਕਿ ਮੇਰੀ ਆਤਮਾ ਤਾਂ ਬੁੱਢੀ ਨਹੀਂ ਹੋਈ ਨਾਂ। ਵੇਖ- ਉਹ ਸਾਹਮਣੇ ਰੋਸ਼ਨੀ ਕਿਵੇਂ ਦਰੱਖਤਾਂ ਨੂੰ ਛੋਹ ਰਹੀ ਹੈ। ਕੀ ਇਹ ਵੇਖ ਕੇ ਤੁਹਾਡੇ ਦਿਲ ਨੂੰ ਵੀ ਮੇਰੇ ਦਿਲ ਵਾਂਗ ਕੁਝ ਹੁੰਦਾ ਹੈ?"

ਉਹਨੇ ਰੁਕ ਕੇ ਮੇਰੇ ਵੱਲ ਵੇਖਿਆ ਅਤੇ ਡਾਂਟੇ ਦੀਆਂ ਉਹ ਮਸ਼ਹੂਰ ਸਤਰਾਂ ਪੜ੍ਹੀਆਂ ਜਿਨ੍ਹਾਂ ਵਿਚ ਤ੍ਰਿਕਾਲਾਂ ਦੀ ਸੁੰਦਰਤਾ ਦਾ ਵਰਨਣ ਹੈ; ਕਵਿਤਾ ਵੀ ਸੁੰਦਰ ਸੀ, ਅਤੇ ਜਿਸ ਸੁਰ ਅਤੇ ਲਹਿਜੇ ਵਿਚ ਕਾਂਉਟ ਨੇ ਪੜ੍ਹੀ ਉਸਦੀ ਸੁੰਦਰਤਾ ਵਿਚ ਚਾਰ ਚੰਨ ਹੋਰ ਲਾ ਦਿੱਤੇ।

"ਵਾਹ !" ਉਹਨੇ ਅਚਾਨਕ ਕਿਹਾ, ਜਦੋਂ ਕਿ ਕਵਿਤਾ ਦੇ ਅਖੀਰਲੇ ਸ਼ਬਦਾਂ ਦੀ ਗੂੰਜ ਅਜੇ ਉਸਦੇ ਬੁਲ੍ਹਾਂ ਤੇ ਹੀ ਸੀ; "ਮੈਂ ਆਪਣੇ ਆਪ ਨੂੰ ਬੇਵਕੂਫ ਬਣਾ ਰਿਹਾ ਹਾਂ ਅਜੇ ਤੁਹਾਨੂੰ ਸਭ ਨੂੰ ਵੀ ਅਕਾ ਰਿਹਾ ਹਾਂ। ਮੈਂ ਆਪਣੇ ਦਿਲ ਦੀ ਦੁਨੀਆਂ ਦੇ ਦਰਵਾਜ਼ੇ ਬੰਦ ਕਰ ਕੇ ਹੁਣ ਅਸਲੀਅਤ ਦੀ ਦੁਨੀਆਂ ਵੱਲ ਆ ਰਿਹਾ ਹਾਂ! ਪਰਸੀਵਲ, ਮੇਰੇ ਵਲੋਂ ਤੁਸੀਂ ਹੁਣ ਭਾਵੇਂ ਲੈਂਪ ਬਾਲ ਲਵੋ। ਲੇਡੀ ਗਲਾਈਡ, ਮਿਸ ਹਾਲਕੌਂਬ-ਇਲੀਨਰ, ਮੇਰੀ ਪਿਆਰੀ ਪਤਨੀ, ਕੌਣ ਮੇਰੇ ਨਾਲ ਡੋਮੀਨੌਂਜ਼ ਖੇਡੇਗਾ?'

ਉਹ ਕਹਿ ਤਾਂ ਸਾਨੂੰ ਸਭ ਨੂੰ ਰਿਹਾ ਸੀ; ਪਰ ਵੇਖਦਾ ਲਾਰਾ ਵੱਲ ਸੀ।

ਲਾਰਾ ਨੂੰ ਮੇਰੀ ਗੱਲ ਯਾਦ ਸੀ, ਕਿ ਉਹਨੂੰ ਕਿਸੇ ਤਰ੍ਹਾਂ ਵੀ ਦੁਸ਼ਮਣ ਨਹੀਂ ਬਣਾਉਣਾ, ਸੋ ਉਹਨੇ ਉਹਦੀ ਗੱਲ ਮੰਨ ਲਈ। ਉਸ ਪਲ ਮੇਰੇ ਵਿਚ ਵੀ ਉਹਦੀ ਗੱਲ ਮੰਨਣ ਦੀ ਹਿੰਮਤ ਨਹੀਂ ਸੀ। ਮੈਂ ਕਿਸੇ ਕੀਮਤ ਤੇ ਵੀ ਉਹਦੇ ਨਾਲ ਇਕ ਹੀ ਮੇਜ਼ ਤੇ ਬੈਠਣ ਨੂੰ

ਤਿਆਰ ਨਹੀਂ ਸਾਂ। ਤ੍ਰਿਕਾਲਾਂ ਦੇ ਸੰਘਣੇ ਹੁੰਦੇ ਹਨੇਰੇ ਵਿਚ ਉਹਦੀਆਂ ਅੱਖਾਂ ਮੇਰੀ ਰੂਹ ਦੇ ਆਰ ਪਾਰ ਵੇਖਦੀਆਂ ਪ੍ਰਤੀਤ ਹੁੰਦੀਆਂ ਸਨ। ਉਹਦੀ ਆਵਾਜ਼ ਨਾਲ ਮੇਰ ਜਿਸਮ ਦੀ ਇੱਕ ਇੱਕ ਤਾਰ ਕੰਬ ਰਹੀ ਸੀ ਅਤੇ ਤਰੇਲੀਆਂ ਛੁੱਟ ਰਹੀਆਂ ਸਨ। ਮੇਰੇ ਸੁਪਨੇ ਦਾ ਡਰ ਅਤੇ ਭੇਤ ਜੋ ਮੈਨੂੰ ਰਹਿ ਰਹਿ ਕੇ ਯਾਦ ਆ ਰਿਹਾ ਸੀ, ਇਸ ਵੇਲੇ ਮੈਨੂੰ ਬਹੁਤ ਹੀ ਭੈ-ਭੀਤ ਕਰ ਰਿਹਾ ਸੀ। ਕਿਸੇ ਆਉਣ ਵਾਲੀ ਦੁਰਘਟਨਾ ਦੇ ਭਿਆਨਕ ਖੌਫ ਨਾਲ ਮੇਰਾ ਮੱਥਾ ਠਣਕ ਰਿਹਾ ਸੀ। ਮੈਨੂੰ ਮੁੜ ਚਿੱਟੀ ਕਬਰ ਦਿੱਸੀ। ਅਤੇ ਵਾਲਟਰ ਹਾਰਟਰਾਈਟ ਦੇ ਕੋਲੇ ਉਹ ਨਕਾਬਪੋਸ਼ ਔਰਤ ਵੀ ਨਜ਼ਰੀਂ ਪਈ। ਲਾਰਾ ਦਾ ਖਿਆਲ ਮੇਰੇ ਦਿਲ ਦੀਆਂ ਡੂੰਘਾਣਾਂ ਵਿਚੋਂ ਇਕ ਚਸ਼ਮੇ ਵਾਂਗ ਫੁੱਟ ਨਿਕਲਿਆ, ਅਤੇ ਮੈਂ ਪੀੜ ਵਿਚ ਡੁੱਬ ਗਈ। ਉਹ ਖੇਡਣ ਲਈ ਮੇਜ਼ ਕੋਲ ਜਾਂਦਿਆਂ ਮੇਰੇ ਕੋਲੋਂ ਲੰਘੀ, ਮੈਂ ਉਹਨੂੰ ਜਾਂਦੀ ਨੂੰ ਇੰਜ ਚੁੰਮਿਆ, ਜਿਵੇਂ ਅਸੀਂ ਅੱਜ ਦੀ ਰਾਤ ਸਦਾ ਲਈ ਨਿੱਖੜ ਜਾਣਾ ਹੋਵੇ। ਸਭ ਮੇਰੇ ਵੱਲ ਹੈਰਾਨੀ ਨਾਲ ਤੱਕ ਰਹੇ ਸਨ, ਪਰ ਮੈਂ ਉਸ ਨੀਵੀ ਖਿੜਕੀ ਵਿਚ ਬਾਹਰ ਦੌੜ ਕੇ ਨਿਕਲ ਗਈ, ਜੋ ਬਾਹਰ ਵੱਲ ਖੁਲ੍ਹਦੀ ਸੀ; ਅਤੇ ਮੈਂ ਉਨ੍ਹਾਂ ਕੋਲੋਂ ਹਨੇਰੇ ਵਿਚ ਛੁਪ ਜਾਣਾ ਚਾਹੁੰਦੀ ਸਾਂ; ਮੈਂ' ਆਪਣੇ ਕੋਲੋਂ ਵੀ ਦੂਰ ਕਿਧਰੇ ਨੱਸ ਕੇ ਜਾਣਾ ਚਾਹੁੰਦੀ ਸਾਂ।

ਉਸ ਰਾਤ ਅਸੀਂ ਬੜੀ ਦੇਰ ਤੀਕ ਇਕੱਠੇ ਬੈਠੇ ਰਹੇ। ਅੱਧੀ ਰਾਤ ਨੂੰ ਗਰਮੀ ਦੀ ਚੁੱਪ, ਹਵਾ ਨੇ ਤੋੜੀ। ਇਕ ਹਲਕੀ ਹਲਕੀ ਉਦਾਸ ਪਵਨ ਦਰੱਖਤਾਂ ਵਿਚ ਸੁਬਕਦੀ ਅਤੇ ਕੰਬਦੀ ਪਈ ਸੀ। ਅਸੀਂ ਸਭ ਨੇ ਮਹਿਸੂਸ ਕੀਤਾ ਕਿ ਵਾਤਾਵਰਣ ਵਿਚ ਠੰਢ ਹੋ ਗਈ ਸੀ; ਪਰ ਕਾਂਉਟ ਨੇ ਸਭ ਤੋਂ ਪਹਿਲਾਂ ਹਵਾ ਦੇ ਵਹਿਣ ਵੱਲ ਧਿਆਨ ਦਿੱਤਾ। ਉਹ ਮੇਰੇ ਲਈ ਮੋਮਬੱਤੀ ਜਗਾ ਰਿਹਾ ਸੀ-ਰੁਕ ਕੇ, ਇਕ ਹੱਥ ਨਾਲ ਸਾਨੂੰ ਖ਼ਬਰਦਾਰ ਕਰਦਾ ਬੋਲਿਆ-

"ਸੁਣੋ! ਉਹਨੇ ਕਿਹਾ, "ਕਲ-ਜ਼ਰੂਰ ਕੋਈ ਤਬਦੀਲੀ ਹੋਵੇਗੀ।"

## (7)

ਉੱਨੀ ਜੂਨ--ਕੱਲ੍ਹ ਦੀਆਂ ਘਟਨਾਵਾਂ ਨੇ ਮੈਨੂੰ ਸਾਵਧਾਨ ਕਰ ਦਿੱਤਾ ਸੀ, ਕਿ ਕਿਸੇ ਵੀ ਪਲ ਉਹ ਘਟਨਾ ਵਾਪਰ ਸਕਦੀ ਹੈ, ਜਿਸ ਮਗਰੋਂ ਸਾਡੇ ਲਈ ਕੋਈ ਆਸ ਵੀ ਨਹੀਂ ਰਹਿ ਜਾਏਗੀ। ਅਜ ਅਜੇ ਖਤਮ ਨਹੀਂ ਹੋਇਆ ਅਤੇ ਉਹ ਘੜੀ ਆ ਪੁੱਜੀ ਹੈ।

ਵਕਤ ਦਾ ਠੀਕ ਠੀਕ ਹਿਸਾਬ ਲਾਕੇ ਮੈਂ ਅਤੇ ਲਾਰਾ ਇਸ ਨਤੀਜੇ ਤੇ ਪੁੱਜੀਆਂ ਕਿ ਏਨ ਕੈਥੇਰਿਕ ਕੋਲ ਢਾਈ ਵਜੇ ਦੇ ਲਗਪਗ ਬੋਟ-ਹਾਊਸ ਵਿਚ ਪੁੱਜੀ ਹੋਵੇਗੀ। ਸੋ ਮੈਂ ਲਾਰਾ ਨੂੰ ਇਹ ਕਿਹਾ ਕਿ ਉਹ ਦੁਪਹਿਰ ਦੀ ਰੋਟੀ ਵੱਲੋਂ ਆਪਣੀ ਸ਼ਕਲ ਵਿਖਾਕੇ ਪਹਿਲਾ ਮੌਕਾ ਮਿਲਦਿਆਂ ਹੀ ਖਿਸਕ ਜਾਏ, ਮੈਂ ਪਿਛੋਂ ਰੁਕਾਂਗੀ ਤਾਂ ਜੋ ਕਿਸੇ ਨੂੰ ਸ਼ੱਕ ਨਾਂ ਪਵੇ ਅਤੇ ਜਿਸ ਵੇਲੇ ਵੇਖਾਂਗੀ, ਕਿ ਉਹਦਾ ਪਿੱਛਾ ਕਰਨ ਵਿਚ ਕੋਈ ਖਤਰਾ ਨਹੀਂ ਉਦੋਂ ਨਿਕਲਾਂਗੀ ਜੇ ਕੋਈ ਵਿਘਨ ਨਾ ਪਵੇ ਤਾਂ ਇਸ ਤਰ੍ਹਾਂ ਲਾਰਾ ਢਾਈ ਵਜੇ ਤੋਂ ਪਹਿਲਾਂ ਹੀ ਬੋਟ ਹਾਊਸ ਪੁੱਜਣ ਵਿਚ ਸਫਲ ਹੋ ਸਕਦੀ ਸੀ, ਅਤੇ ਮੈਂ' ਤਿੰਨ ਤੋਂ ਪਹਿਲਾਂ ਹੀ ਚੀੜ ਦੇ ਬਾਗੀਚੇ ਵਿਚ ਕਿਸੇ ਸੁਰਖਿਅਤ ਥਾਂ ਤੇ ਪੁੱਜ ਜਾਵਾਂਗੀ।

ਮੌਸਮ ਵਿਚ ਉਹ ਤਬਦੀਲੀ, ਜਿਸ ਲਈ ਰਾਤ ਦੀ ਹਵਾ ਨੇ ਸਾਨੂੰ ਤਿਆਰ ਕਰ ਦਿਤਾ ਸੀ, ਸਵੇਰੇ ਆਈ। ਜਦ ਮੈਂ ਉੱਠੀ ਤਾਂ ਬਹੁਤ ਬਾਰਸ਼ ਹੋ ਰਹੀ ਸੀ, ਅਤੇ ਬਾਰਾਂ ਵਜੇ ਤੀਕ ਇਸੇ ਤਰ੍ਹਾਂ ਮੌਹਲੇਧਾਰ ਮੀਂਹ ਵੱਰਦਾ ਰਿਹਾ, ਬਾਰਾਂ ਤੋਂ ਮਗਰੋਂ ਬੱਦਲ ਖਿੰਡ ਪੁੱਡ ਗਏ ਅਤੇ ਅਸਮਾਨ ਨੀਲਾ ਹੋ ਗਿਆ, ਸੂਰਜ ਫਿਰ ਚਮਕਣ ਲੱਗ ਪਿਆ ਅਤੇ ਹੁਣ ਦੁਪਹਿਰ ਚੰਗੀ ਸੁਹਣੀ ਹੋ ਗਈ ਸੀ।

ਮੈਂ ਜੋ ਇਸ ਫਿਕਰ ਵਿਚ ਸਾਂ, ਕਿ ਇਹ ਪਤਾ ਲੱਗੇ ਕਿ ਕਾਂਊਟ ਅਤੇ ਸਰ ਪਰਸੀਵਲ ਨੇ ਸਵੇਰ ਕਿੰਜ ਬਿਤਾਉਣੀ ਹੈ; ਇਸੇ ਫਿਕਰ ਅਤੇ ਚਿੰਤਾ ਵਿਚ ਹੀ ਰਹੀ, ਕਿਉਂ ਜੋ ਸਰ ਪਰਸੀਵਲ ਸਵੇਰੇ ਹੀ ਨਾਸ਼ਤੇ ਤੋਂ ਮਗਰੋਂ ਇੱਕਲਾ ਹੀ ਵਰਦੀ ਬਾਰਸ਼ ਵਿਚ ਕਿਧਰ ਚਲਾ ਗਿਆ ਸੀ। ਉਹ ਨਾ ਤੇ ਇਹ ਦੱਸ ਕੇ ਗਿਆ ਸੀ, ਕਿ ਕਿੱਥੇ ਜਾ ਰਿਹਾ ਹੈ, ਅਤੇ ਨਾ ਹੀ ਇਹ ਕਿ ਉਹ ਕਦੋਂ ਤੀਕ ਵਾਪਸ ਆਏਗਾ। ਅਸੀਂ ਉਹਨੂੰ ਬਰੇਕਫਾਸਟ ਰੂਮ ਦੀ ਖਿੜਕੀ ਵਿਚੋਂ ਵੇਖਿਆ ਸੀ, ਕਿ ਉਹ ਬਰਸਾਤੀ ਅਤੇ ਲੰਮੇ ਬੂਟ ਪਾਈ ਕਾਹਲੀ ਕਾਹਲੀ ਜਾ ਰਿਹਾ ਸੀ।

ਕਾਂਊਟ ਨੇ ਸਵੇਰੇ ਲਾਇਬਰੇਰੀ ਅਤੇ ਡਰਾਇੰਗ ਰੂਮ ਦੇ ਵਿਚਕਾਰ ਚੁੱਪ ਚਾਪ ਲੰਘਾਈ, ਕਦੀ ਉਹ ਡਰਾਇੰਗ ਰੂਮ ਵਿਚ ਪਿਆਨੋ ਉਤੇ ਕੋਈ ਸੁਰਾਂ ਵਜਾਉਂਦਾ, ਅਤੇ ਆਪਣੇ ਆਪ ਹੀ ਗੁਣ-ਗੁਣਾਉਂਦਾ। ਇਹੀ ਪ੍ਰਗਟ ਹੋ ਰਿਹਾ ਸੀ ਕਿ ਅੱਜ ਵੀ ਉਹਦੀ ਤਬੀਅਤ ਬੜੀ ਭਾਵੁਕ ਅਤੇ ਕਾਵ ਮਈ ਹੋਈ ਹੈ। ਕਦੀ ਉਹ ਚੁੱਪ ਸੀ, ਅਤੇ ਨਿੱਕੀ ਨਿੱਕੀ ਗੱਲ ਉਤੇ ਹਉਕਾ ਭਰਦਾ ਸੀ ਉਹ ਹਉਕਾ ਸਿਰਫ ਮੋਟੇ ਆਦਮੀ ਹੀ ਭਰ ਸਕਦੇ ਹਨ।

ਰੋਟੀ ਦਾ ਵੇਲਾ ਹੋ ਗਿਆ ਸੀ, ਸਰ ਪਰਸੀਵਲ ਅਜੇ ਤੀਕ ਨਹੀਂ ਪਰਤਿਆ ਸੀ; ਕਾਂਊਟ ਆਪਣੇ ਮਿੱਤਰ ਦੀ ਸੀਟ ਤੇ ਬੈਠੇ ਕਰੀਮ ਦੇ ਜੱਗ ਵਿਚ ਡੁੱਬੀ ਹੋਈ ਪੇਸਟਰੀ ਖਾਣ ਵਿਚ ਮਗਨ ਸੀ ਅਤੇ ਖਾਣ ਮਗਰੋਂ ਉਹਨੇ ਸਾਨੂੰ ਆਪਣੇ ਇਸ ਕਾਰਨਾਮੇ ਦੀ ਮਹੱਤਤਾ ਸਮਝਾਈ। "ਮਠਿਆਈਆਂ ਨਿਰਛੱਲ ਬੱਚਿਆ ਅਤੇ ਔਰਤਾਂ ਦਾ ਮੇਵਾ ਹੈ," ਉਹਨੇ ਬੜੀ ਹੀ ਕੋਮਲਤਾ ਅਤੇ ਪਿਆਰ ਨਾਲ ਕਿਹਾ, "ਮੈਂ ਵੀ ਉਹਨਾਂ ਵਾਂਗ ਹੀ ਹਾਂ, ਇਸ ਤਰ੍ਹਾਂ ਮੈਂ ਤੁਹਾਡੇ ਬਹੁਤਾ ਨੇੜੇ ਹੋ ਜਾਂਦਾ ਹਾਂ।" ਲਾਰਾ ਦਸਾਂ ਮਿੰਟਾਂ ਮਗਰੋਂ ਉੱਠ ਗਈ। ਮੇਰਾ ਵੀ ਇੰਨਾ ਜੀਅ ਕਰ ਰਿਹਾ ਸੀ ਕਿ ਉਹਦੇ ਨਾਲ ਹੀ ਚਲੀ ਜਾਵਾਂ। ਪਰ ਜੇ ਅਸੀਂ ਇਕੱਠੀਆਂ ਹੀ ਜਾਂਦੀਆਂ ਤਾਂ ਕਿਸੇ ਨਾ ਕਿਸੇ ਨੂੰ ਸ਼ੱਕ ਪੈਣਾ ਕੁਦਰਤੀ ਸੀ; ਇਕ ਗੱਲ ਹੋਰ ਵੀ ਧਿਆਨ ਰੱਖਣ ਵਾਲੀ ਸੀ ਕਿ ਜੇ ਏਨ ਕੈਥੇਰਿਕ ਲਾਰਾ ਨਾਲ ਕਿਸੇ ਓਪਰੇ ਨੂੰ ਵੇਖਦੀ ਤਾਂ ਉਹ ਮੁੜ ਕਦੀ ਲਾਰਾ ਤੇ ਸ਼ਾਇਦ ਵਿਸ਼ਵਾਸ਼ ਨਾ ਕਰਦੀ।

ਮੈਂ ਸਬਰ ਕਰਕੇ ਬੈਠੀ ਰਹੀ, ਅਖੀਰ ਨੌਕਰ ਜੂਠੇ ਭਾਂਡੇ ਚੁੱਕਣ ਆਇਆ ਤੇ ਮੈਨੂੰ ਵੀ ਉਥੋਂ ਉਠਣ ਦਾ ਕੋਈ ਬਹਾਨਾ ਮਿਲਿਆ। ਅਜੇ ਤਕ ਸਰ ਪਰਸੀਵਲ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ ਕਾਂਊਟ ਇਕ ਮਿੱਠੀ ਗੋਲੀ ਦੰਦਾਂ ਵਿਚ ਅੜਾਈ ਬੈਠਾ ਸੀ, ਜੋ ਉਹਦੀ ਚਲਾਕ ਮੈਨਾ ਉਹਦੀ ਵਾਸਕਟ ਤੋਂ ਉਪਰ ਚੜ੍ਹ ਕੇ ਉਹਦੇ ਕੋਲੋਂ ਖੋਹਣ ਦੀ ਕੋਸ਼ਿਸ਼ ਕਰ ਰਹੀ ਸੀ। ਮੈਡਮ ਫ਼ੋਸਕੋ ਉਹਦੇ ਸਾਹਮਣੇ ਬੈਠੀ ਇਹ ਤਮਾਸ਼ਾ ਇੰਜ ਟਿਕਟਿਕੀ ਬੰਨ ਕੇ ਵੇਖ ਰਹੀ ਸੀ ਜਿਵੇਂ ਪਹਿਲੀ ਵਾਰ ਇਹ ਸਭ ਕੁਝ ਵੇਖਣ ਦਾ ਉਹਨੂੰ ਮੌਕਾ ਮਿਲਿਆ ਸੀ। ਮੈਂ ਵੀ ਚੀੜ੍ਹ ਦੇ ਰੁੱਖ ਦੀ ਝੰਗੀ ਵੱਲ, ਡਰਾਇੰਗ ਰੂਮ ਦੀ ਖਿੜਕੀ ਤੋਂ ਪਰ ਹੋ ਕੇ ਨਿਕਲ ਤੁਰੀ, ਕੋਈ ਮੇਰੇ ਵੱਲ ਨਹੀਂ ਸੀ ਵੱਪ ਰਿਹਾ ਅਤੇ ਨਾ ਹੀ ਕਿਸੇ ਨੇ ਮੇਰਾ ਪਿੱਛਾ ਕੀਤਾ। ਉਸ ਵੇਲੇ ਮੇਰੀ ਘੜੀ ਤੇ ਪੌਣੇ ਤਿੰਨ ਵੱਜੇ ਸਨ।

ਜਦੋਂ ਦਰੱਖਤ ਦੇ ਵਿਚਕਾਰ ਪੁਜੀ ਤਾਂ ਮੈਂ ਕਾਹਲੀ ਕਾਹਲੀ ਤੁਰਨਾ ਸ਼ੁਰੂ ਕਰ ਦਿੱਤਾ। ਜਦੋਂ ਮੇਰਾ ਅੱਧਾ ਰਾਹ ਮੁੱਕ ਗਿਆ ਤਾਂ ਮੈਂ ਆਪਣੀ ਚਾਲ ਰਤਾ ਹੌਲੀ ਕਰਕੇ ਚਾਰੇ ਪਾਸੇ ਵੇਖਿਆ ਪਰ ਕਿਧਰੇ ਕੋਈ ਨਹੀਂ ਸੀ। ਮੈਂ ਹੋਰ ਅਗੇ ਵਧੀ-ਪਰ ਕਿਸੇ ਦੀ ਅਵਾਜ਼ ਵੀ ਸੁਣਾਈ ਨਹੀਂ ਸੀ ਦੇ ਰਹੀ। ਮੈਂ ਤੁਰਦੀ ਤੁਰਦੀ ਬੋਟ ਹਾਊਸ ਦੇ ਪਿਛਵਾੜੇ ਜਾ ਪਹੁੰਚੀ, ਜੋ ਉਸ ਅੰਦਰ ਕੋਈ ਗੱਲਾਂ ਕਰ ਰਿਹਾ ਹੁੰਦਾ ਤਾਂ ਉਸਦੀ ਅਵਾਜ਼ ਅਵੱਸ ਮੇਰੇ ਤੀਕ ਪੁੱਜ ਜਾਂਦੀ। ਪਰ ਉਥੇ ਤਾਂ ਬੜੀ ਡੂੰਘੀ ਚੁੱਪ ਸੀ। ਦੂਰ ਨੇੜੇ ਕੋਈ ਬੰਦਾ, ਬੰਦੇ ਦੀ ਜਾਤ ਤੱਕ ਨਹੀਂ ਦਿੱਸਦੀ

ਸੀ। ਮੈਂ ਬੋਟ-ਹਾਊਸ ਦੇ ਦੋਹਾਂ ਪਾਸਿਆਂ ਤੋਂ ਵੀ ਕੰਨ ਲਾ ਕੇ ਸੁਣਿਆ, ਪਰ ਮੈਨੂੰ ਇਹੀ ਲੱਗ ਰਿਹਾ ਸੀ ਕਿ ਕੋਈ ਵੀ ਅੰਦਰ ਨਹੀਂ ਸੀ। ਹੁਣ ਮੈਂ ਸਾਹਮਣੇ ਜਾਣ ਦੀ ਦਲੇਰੀ ਕੀਤੀ। ਸਾਹਮਣੇ ਜਾ ਕੇ ਮੈਂ

ਬੋਟ-ਹਾਊਸ ਦੇ ਅੰਦਰ ਡਾਕਿਆ-ਉਥੇ ਕੋਈ ਵੀ ਨਹੀਂ ਸੀ ਬੋਟ-ਹਾਊਸ ਖਾਲੀ ਸੀ। "ਲਾਰਾ": ਮੈਂ ਲਾਰਾ ਨੂੰ ਹੋਲੀ ਜਿਹੀ ਆਵਾਜ਼ ਮਾਰੀ। ਪਰ ਕੋਈ ਜਵਾਬ ਨਾ ਮਿਲਣ ਤੇ ਮੈਂ ਹੋਰ ਉੱਚੀ ਆਵਾਜ਼ ਮਾਰੀ। ਕਈ ਸਾਹਮਣੇ ਨਾ ਆਇਆ ਅਤੇ ਨਾਂ ਹੀ ਕਿਸੇ ਨੇ ਉੱਤਰ ਦਿੱਤਾ। ਸਾਰੇ ਜੰਗਲ ਵਿਚ ਅਤੇ ਝੀਲ ਦੇ ਆਸੇ ਪਾਸੇ ਜੇ ਕੋਈ ਬੰਦਾ ਸੀ ਤਾਂ ਉਹ ਮੈਂ ਹੀ ਸਾਂ।

ਮੇਰਾ ਦਿਲ ਜ਼ੋਰ ਜ਼ੋਰ ਦੀ ਧੜਕਣ ਲਗ ਪਿਆ, ਪਰ ਮੈਂ ਆਪਣੀ ਹੋਸ਼ ਟਿਕਾਣੇ ਰੱਖੀ ਅਤੇ ਚਾਰੇ ਪਾਸੇ ਲਾਰਾ ਨੂੰ ਲੱਭਣ ਲੱਗੀ। ਮੈਂ ਪਹਿਲਾਂ ਬੋਟ-ਹਾਊਸ ਦੇ ਅੰਦਰ ਜਾ ਕੇ ਚੰਗੀ ਤਰ੍ਹਾਂ ਵੇਖਿਆ ਤਾਂ ਜੋ ਸ਼ਾਇਦ ਲਾਰਾ ਕੋਈ ਸੁਨੇਹਾ ਹੀ ਅੰਦਰ ਰੱਖ ਗਈ ਹੋਵੇ- ਕੀ ਲਾਰਾ ਇਥੇ ਪੁੱਜੀ ਵੀ ਸੀ ਜਾਂ ਨਹੀਂ ਅੰਦਰ ਮੈਨੂੰ ਉਹਦੀ ਕੋਈ ਨਿਸ਼ਾਨੀ ਨਾ ਲੱਭੀ। ਬੋਟ-ਹਾਊਸ ਦੇ ਸਾਹਮਣੇ ਚੰਗੀ ਤਰ੍ਹਾਂ ਵੇਖਣ ਮਗਰੋਂ ਮੈਂ ਉਹਦੇ ਪੈਰਾਂ ਦੇ ਨਿਸ਼ਾਨ ਰੇਤ ਵਿਚੋਂ ਪਛਾਣੇ।

ਆਪਣੇ ਸਾਹਮਣੇ ਮੈਂ ਦੋ ਬੰਦਿਆਂ ਦੇ ਪੈਰਾਂ ਦੇ ਨਿਸ਼ਾਨ ਵੇਖ ਰਹੀ ਸਾਂ। ਇਕ ਤਾਂ ਵੱਡੇ ਸਨ; ਜਿਵੇਂ ਕਿਸੇ ਆਦਮੀ ਦੇ ਹੋਣ, ਮੈਂ ਆਪਣਾ ਪੈਰ ਉਹਨਾ ਵਿਚ ਰੱਖ ਕੇ ਵੇਖਿਆ ਉਨ੍ਹਾਂ ਦਾ ਸਾਈਜ਼ ਮੇਰੇ ਨਾਲੋਂ ਵੱਡਾ ਸੀ ਅਤੇ ਨਾਲ ਹੀ ਛੋਟੇ ਪੈਰਾਂ ਦੇ ਨਿਸ਼ਾਨ ਸਨ, ਜੋ ਲਾਰਾ ਦੇ ਹੀ ਸਨ। ਬੋਟ-ਹਾਊਸ ਦੇ ਸਾਹਮਣੇ ਰੇਤ ਵਿਚ ਇਹ ਨਿਸ਼ਾਨ ਬੜੇ ਉਘੜ ਦੁਗੜੇ ਸਨ। ਇਸ ਦੇ ਨਾਲ ਹੀ ਬੋਟ-ਹਾਊਸ ਦੀ ਛਜਲੀ ਹੇਠਾਂ, ਇਕ ਪਾਸੇ ਕਰਕੇ ਰੇਤ ਵਿਚ ਇਕ ਮੋਰੀ ਬਣਾਈ ਹੋਈ ਦਿਸੀ- ਮੈਂ ਉਹਨੂੰ ਦੇਖ ਲਿਆ, ਪਰ ਅੱਗੇ ਤੁਰ ਪਈ ਤਾਂ ਜੋ ਇਹ ਪਤਾ ਲੱਗ ਸਕੇ ਕਿ ਉਹ ਪੈਰਾਂ ਦੇ ਨਿਸ਼ਾਨ ਕਿਥੇ ਤੱਕ ਅੱਗੇ ਜਾ ਰਹੇ ਹਨ।

ਬੋਟ-ਹਾਊਸ ਦੇ ਖੱਬੇ ਪਾਸੇ ਤੋਂ ਇਹ ਪੈਰਾ ਦੇ ਨਿਸ਼ਾਨ ਸ਼ੁਰੂ ਹੁੰਦੇ ਹੋਏ ਦਰੱਖਤਾਂ ਦੇ ਨਾਲ ਨਾਲ ਤਿੰਨ ਕੁ ਸੌ ਗਜ਼ ਤਕ ਦਿਸ ਰਹੇ ਹਨ, ਉਸ ਤੋਂ ਅੱਗੇ ਜ਼ਮੀਨ ਪਥਰੀਲੀ ਹੋਣ ਕਰਕੇ ਕੁਝ ਨਹੀਂ ਸੀ ਦਿੱਸਦਾ। ਪਰ ਇਹ ਗੱਲ ਸਾਫ ਸੀ ਕਿ ਉਹ ਵਿਅਕਤੀ ਰੁੱਖਾਂ ਦੀ ਝੰਗੀ ਵਿਚ ਗਏ ਹੋਣਗੇ। ਇਸ ਲਈ ਮੈਂ ਵੀ ਰੁੱਖਾਂ ਦੇ ਅੰਦਰਵਾੜ ਚਲੀ ਗਈ। ਪਹਿਲਾਂ ਤਾਂ ਮੈਨੂੰ ਕੋਈ ਪਗਡੰਡੀ ਨਜ਼ਰ ਨਾ ਆਈ ! ਪਰ ਪਿਛੋਂ ਧਿਆਨ ਨਾਲ ਲੱਭਣ ਤੇ ਇਕ ਪਤਲੀ ਜੇਹੀ

ਪਗਡੰਡੀ ਮੈਨੂੰ ਦਿੱਸੀ। ਇਸ ਤੇ ਤੁਰਦੀ ਕਰਦੀ ਮੈਂ ਪਿੰਡ ਦੇ ਨੇੜੇ ਪਹੁੰਚ ਗਈ ਸੀ। ਇਕ ਥਾਂ ਅਜੇਹੀ ਸੀ, ਜਿਥੇ ਇਕ ਹੋਰ ਪਗਡੰਡੀ ਇਹਨੂੰ ਮਿਲ ਰਹੀ ਸਾਂ। ਇਸ ਦੂਜੀ ਪਗਡੰਡੀ ਉਤੇ ਬੜੀਆਂ ਝਾੜੀਆਂ ਉੱਗੀਆਂ ਹੋਈਆਂ ਸਨ। ਮੈਂ ਇਸ ਥਾਂ ਖੜੀ ਇਹ ਸੋਚ ਰਹੀ ਸਾਂ ਕਿ ਹੁਣ ਕਿਧਰ ਜਾਵਾਂ ਕਿ ਇਕ ਝਾੜੀ ਦਾ ਕੰਡਿਆਲੀ ਟਹਿਣੀ ਨਾਲ ਮੈਂ ਇਕ ਔਰਤ ਦੇ ਸਾਲ ਦਾ ਇਕ ਕਿਨਾਰਾ ਵੇਖਿਆ, ਮੈਂ ਧਿਆਨ ਨਾਲ ਵੇਖਿਆ ਤਾਂ ਉਹ ਲਾਰਾ ਦੇ ਸਾਲ ਦਾ ਹੀ ਇਕ ਟੋਟਾ ਸੀ। ਸੋ ਮੈਂ ਇਕ ਦਮ ਦੂਜੀ ਪਗਡੰਡੀ ਤੇ ਪੈ ਗਈ। ਇਸ ਰਾਹ ਤੇ ਤੁਰਦੀ-ਤੁਰਦੀ ਮੈਂ ਘਰ ਦੇ ਪਿਛਲੇ ਹਿੱਸੇ ਕੋਲ ਪੁੱਜ ਗਈ। ਮੈਂ ਸ਼ੁਕਰ ਕੀਤਾ, ਅਤੇ ਮੇਰੇ ਦਿੱਲ ਵਿਚੋਂ ਕੁਝ ਡਰ ਘਟਿਆ ਲਾਰਾ ਕਿਸੇ ਕਾਰਣ ਮੇਰੇ ਤੋਂ ਪਹਿਲਾਂ ਇਧਰ ਹੀ ਘਰ ਆ ਗਈ ਹੋਵੇਗੀ। ਮੈਂ ਵਿਹੜੇ ਅਤੇ ਉਸ ਦੇ ਨਾਲ ਦੇ ਦਰਖਤਾਂ ਤੋਂ ਲੰਘ ਕੇ ਅੰਦਰ ਗਈ। ਨੌਕਰਾਂ ਦੇ ਕਮਰੇ ਲੰਘਣ ਮਗਰੋਂ ਸਭ ਤੋਂ ਪਹਿਲਾਂ ਮੈਨੂੰ ਮਿਸਜ਼ ਮਾਈਕਲਸਨ ਮਿਲੀ। ਮੈਂ ਉਹਨੂੰ ਪੁੱਛਿਆ :-

"ਕੀ ਤੁਹਾਨੂੰ ਕੁੱਛ ਪਤਾ ਹੈ, ਕਿ ਲੇਡੀ ਗਲਾਈਡ ਆਪਣੀ ਸੈਰ ਤੋਂ ਵਾਪਸ ਆ ਗਈ ਹੈ। ਕਿ ਨਹੀਂ?"

"ਹਾਂ ਜੀ; ਉਹ ਆ ਗਏ ਹਨ। ਥੋੜੀ ਹੀ ਦੇਰ ਪਹਿਲਾਂ ਸਰ ਪਰਸੀਵਲ ਤੇ ਉਹ ਦੋਵੇਂ ਇਕੱਠੇ ਹੀ ਆਏ ਹਨ" ਹਾਊਸਕੀਪਰ ਨੇ ਕਿਹਾ- 'ਮੈਨੂੰ ਲਗਦਾ ਹੈ, ਮਿਸ ਹਾਲਕੌਂਬ ਕਿ ਕੋਈ ਬੜੀ ਦੁਖਦਾਈ-ਘਟਨਾ ਘਟੀ ਹੈ।"

ਇਕਾਇਕ ਮੈਨੂੰ ਲੱਗਾ ਜਿਵੇਂ ਮੇਰਾ ਦਿਲ ਇਸੇ ਪਲ ਧੜਕਣਾ ਬੰਦ ਹੋ ਜਾਏਗਾ। ਮੇਰੇ ਵਿਚ ਸਾਹ ਸੱਤ ਨਾ ਰਿਹਾ- "ਕੀ ਕੋਈ ਦੁਰਘਟਨਾ ਹੋਈ ਹੈ-?' ਮੈਂ ਪਤਾ ਨਹੀਂ ਕਿਸ ਬੇਹੋਸ਼ੀ ਦੀ ਹਾਲਤ ਵਿਚ ਇਹ ਪੁੱਛਿਆ।

ਰੱਬ ਦਾ ਸ਼ੁਕਰ ਹੈ ਕਿ ਕੋਈ ਦੁਰਘਟਨਾ ਨਹੀਂ ਹੋਈ। ਪਰ ਲੇਡੀ ਗਲਾਈਡ ਹੁਣੇ ਆਪਣੇ ਕਮਰੇ ਵਿਚ ਰੋਂਦੀ ਰੋਂਦੀ ਦੌੜਦੀ ਗਈ ਹੈ, ਅਤੇ ਸਰ ਪਰਸੀਵਲ ਨੇ ਮੈਨੂੰ ਹੁਕਮ ਦਿਤਾ ਹੈ, ਕਿ ਮੈਂ ਫ਼ੈਨੀ ਨੂੰ ਇਕ ਘੰਟੇ ਦੇ ਅੰਦਰ ਅੰਦਰ ਜਵਾਬ ਦੇ ਦਿਆਂ।"

ਫ਼ੈਨੀ ਲਾਰਾ ਦੀ ਨੌਕਰਾਣੀ ਸੀ। ਉਹ ਬੜੀ ਮਿਲਾਪੜੀ ਅਤੇ ਚੰਗੀ ਕੁੜੀ ਸੀ। ਘਰ ਵਿਚ ਉਹੀ ਸੀ ਜਿਸ ਉਤੇ ਅਸੀਂ ਵਿਸ਼ਵਾਸ਼ ਕਰ ਸਕਦੀਆਂ ਸਾਂ; ਉਹ ਕਈ ਸਾਲਾਂ ਤੋਂ ਲਾਰਾ ਕੋਲ ਸੀ। "ਫ਼ੈਨੀ ਕਿਥੇ ਹੈ?" ਮੈਂ ਪੁੱਛਿਆ।

"ਉਹ ਮੇਰੇ ਕਮਰੇ ਵਿਚ ਹੈ - ਮੈਂ ਉਹਨੂੰ ਜਦ ਜਾਣ ਲਈ ਕਿਹਾ ਤਾਂ ਉਹ ਏਨੀ ਘਬਰਾ ਗਈ ਸੀ ਕਿ ਮੈਂ ਉਹਨੂੰ ਆਪਣੇ ਕਮਰੇ ਵਿਚ ਥੋੜੀ ਦੇਰ ਅਰਾਮ ਕਰਨ ਲਈ ਛੱਡ ਆਈ ਹਾਂ।"

ਮੈਂ ਮਿਸਜ਼ ਮਾਈਕਲਸਨ ਦੇ ਕਮਰੇ ਵਿਚ ਪਹੁੰਚੀ। ਫ਼ੈਨੀ ਆਪਣਾ ਬਕਸਾ ਸਿਰਹਾਣੇ ਰੱਖ ਕੇ ਫੁੱਟ ਫੁੱਟ ਕੇ ਰੋ ਰਹੀ ਸੀ। ਉਹ ਕੋਈ ਕਾਰਣ ਨਹੀਂ ਸੀ ਦੱਸ ਸਕਦੀ ਕਿ ਸਰ ਪਰਸੀਵਲ ਨੇ ਉਹਨੂੰ ਕਿਉਂ ਨੌਕਰੀ ਤੋਂ ਕੱਢ ਦਿੱਤਾ ਸੀ। ਸਰ ਪਰਸੀਵਲ ਨੇ ਉਹਨੂੰ ਇਕ ਮਹੀਨੇ ਦੀ ਤਨਖਾਹ ਦੇ ਕੇ ਚਲੀ ਜਾਣ ਲਈ ਕਿਹਾ। ਕੋਈ ਕਾਰਣ ਨਹੀਂ ਸੀ ਦੱਸਿਆ ਗਿਆ। ਨਾ ਹੀ ਉਹਦੇ ਕੰਮ ਵਿਚ ਕੋਈ ਨੁਕਸ ਕੱਢਿਆ ਗਿਆ ਸੀ। ਉਹਨੂੰ ਇਹ ਵੀ ਹੁਕਮ ਦਿੱਤਾ ਗਿਆ ਸੀ ਕਿ ਉਹ ਆਪਣੀ ਮਾਲਕਣ ਨੂੰ ਹੁਣ ਮਿਲਣ ਨਾਂ ਜਾਏ ਤੇ ਨਾਂ ਹੀ ਉਹਦੀ ਮਿੰਨਤ ਸਮਾਜਤ ਕਰੇ। ਉਹ ਇਕ ਦਮ ਚਲੀ ਜਾਏ, ਉਹਨੂੰ ਕਿਸੇ ਨੂੰ ਆਪਣੀ ਸਫ਼ਾਈ ਦੇਣ ਦੀ ਕੋਈ ਲੋੜ ਨਹੀਂ ਸੀ ਅਤੇ ਨਾਂ ਹੀ ਅਲਵਿਦਾ ਕਹਿਣ ਲਈ ਰੁਕਣ ਦੀ ਜ਼ਰੂਰਤ ਸੀ। ਪਿਆਰ ਨਾਲ ਮੈਂ ਉਹਨੂੰ ਚੁੱਪ ਕਰਾਇਆ ਅਤੇ ਤਸੱਲੀ ਦਿੱਤੀ। ਜ਼ਰਾ ਉਹ ਚੁੱਪ ਹੋਈ, ਤਾਂ ਮੈਂ ਉਹਨੂੰ ਪੁੱਛਿਆ ਕਿ ਉਹ ਰਾਤ ਕਿੱਥੇ ਕੱਟੇਗੀ। ਉਹਨੇ ਮੈਨੂੰ ਦੱਸਿਆ ਕਿ ਉਹ ਪਿੰਡ ਦੀ ਸਰਾਂ ਵਿਚ ਜਾਏਗੀ, ਜਿਥੋਂ ਦੀ ਮਾਲਕਣ ਬਲੈਕਵਾਟਰ ਦੇ ਨੌਕਰਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਅਗਲੀ ਸਵੇਰ ਉਹ ਜਲਦੀ ਹੀ ਕੰਬਰਲੈਂਡ ਲਈ ਗੱਡੀ ਫੜੇਗੀ। ਉਹ ਲੰਦਨ ਨਹੀਂ ਸੀ ਠਹਿਰਨਾ ਚਾਹੁੰਦੀ। ਉਥੇ ਉਹਦਾ ਕੌਣ ਸੀ।

ਇਕਾਇਕ ਮੇਰੇ ਦਿਲ ਵਿਚ ਇਹ ਖਿਆਲ ਆਇਆ ਕਿ ਫ਼ੈਨੀ ਦੇ ਹੱਥ ਮੈਂ ਲੰਦਨ ਅਤੇ ਲਿਮਰਿਜ ਚਿੱਠੀਆਂ ਭੇਜ ਸਕਦੀ ਸਾਂ। ਕਿਸੇ ਨੂੰ ਸ਼ੱਕ ਵੀ ਨਹੀਂ ਹੋਵੇਗਾ। ਇਹੀ ਸੋਚ ਕੇ ਮੈਂ ਉਹਨੂੰ ਕਿਹਾ ਕਿ ਸ਼ਾਮ ਤਕ ਉਹਦੀ ਮਾਲਕਣ ਜਾਂ ਮੈਂ ਉਹਨੂੰ ਫਿਰ ਮਿਲਾਂਗੀਆਂ। ਉਹ ਇਸ ਗੱਲ ਤੇ ਭਰੋਸਾ ਰੱਖੇ ਕਿ ਜੋ ਵੀ ਸਾਡੇ ਵਸ ਵਿਚ ਹੋਵੇਗਾ, ਅਸੀਂ ਉਹਦੇ ਲਈ ਜ਼ਰੂਰ ਕਰਾਂਗੀਆਂ ਭਾਵੇਂ ਉਹਨੂੰ ਥੋੜੀ ਦੇਰ ਲਈ ਸਾਡੇ ਤੋਂ ਵੱਖ ਵੀ ਹੋਣਾ ਪਵੇ, ਉਹ ਧੀਰਜ ਰੱਖੇ। ਇੰਨਾ ਕਹਿਕੇ ਮੈਂ ਉਪਰ ਚਲੀ ਗਈ। ਲਾਰਾ ਦੇ ਕਮਰੇ ਦੇ ਅੱਗੇ ਇਕ ਹੋਰ ਛੋਟਾ ਕਮਰਾ ਸੀ, ਜਿਸ ਨੂੰ ਵੀ ਦਰਵਾਜ਼ਾ ਸੀ। ਮੈਂ ਇਸ ਦਰਵਾਜ਼ੇ ਨੂੰ ਧੱਕਿਆ ਤਾਂ ਉਹ ਅੰਦਰੋਂ ਬੰਦ ਸੀ। ਮੇਰੇ ਖੜਕਾਉਣ ਤੇ ਕਿਸੇ ਨੇ ਕੰਡੀ ਖੋਲ੍ਹੀ! ਇਹ ਉਹੀ ਮੋਟੀ ਬੁੱਧ ਤੇ ਮੋਟੇ ਆਕਾਰ ਵਾਲੀ ਨੌਕਰਾਣੀ ਸੀ, ਜਿਸ ਨੇ ਮੈਨੂੰ ਪਹਿਲੇ ਦਿਨ ਹੀ ਬੇਵਕੂਫੀ ਨਾਲ ਏਨਾ ਤੰਗ ਕੀਤਾ ਸੀ, ਜਦੋਂ ਉਹ ਜ਼ਖਮੀ

ਕੁੱਤਾ ਮੈਨੂੰ ਲੱਭਾ ਸੀ। ਹੁਣ ਮੈਨੂੰ ਪਤਾ ਲੱਗ ਚੁੱਕਾ ਸੀ, ਕਿ ਉਹਦਾ ਨਾਂ ਮਾਰਗਰੇਟ ਪੋਰਚਰ ਸੀ ਅਤੇ ਉਹ ਘਰ ਵਿਚ ਸਭ ਤੋਂ ਗੰਦੀ, ਬੇਵਕੂਫ ਅਤੇ ਢੀਠ ਨੌਕਰਾਣੀ ਸੀ।

ਬੂਹਾ ਖੋਲ੍ਹ ਕੇ ਉਹ ਅੱਗੋਂ ਦਲੀਜਾਂ ਤੇ ਆ ਕੇ ਖਲੋ ਗਈ ਅਤੇ ਮੇਰੇ ਵੱਲ ਵੇਖ ਕੇ ਪਾਗਲ ਵਾਂਗ ਮੁਸਕਰਾਣ ਲੱਗ ਪਈ। "ਤੂੰ ਇਥੋਂ ਹਟਦੀ ਕਿਉਂ ਨਹੀਂ-ਦੇਖਦੀ ਨਹੀਂ ਕਿ ਮੈਂ ਅੰਦਰ ਜਾਣਾ ਹੈ?" ਮੈਂ ਉਹਨੂੰ ਕਿਹਾ।

"ਪਰ ਤੁਹਾਨੂੰ ਅੰਦਰ ਨਹੀਂ ਜਾਣਾ ਚਾਹੀਦਾ" ਉਹ ਹੁਣ ਹੋਰ ਵੀ ਮੂੰਹ ਖੋਲ੍ਹ ਕੇ ਮੁਸਕਾਣ ਲੱਗ ਪਈ।

ਤੂੰ ਕਿਸ ਤਰ੍ਹਾਂ ਬਕਵਾਸ ਕਰ ਰਹੀ ਏਂ। ਪਿਛੇ ਹੱਟ" ਮੈਂ ਗੁੱਸੇ ਨਾਲ ਉਬਲ ਕੇ ਕਿਹਾ। ਪਰ ਉਹ ਦੋਹਾਂ ਭਿੱਤਾਂ ਉਤੇ ਆਪਣੀਆਂ ਲਾਲ ਬਾਹਾਂ ਅਤੇ ਹੱਥਾਂ ਨੂੰ ਫੈਲਾਂਦੀ ਹੋਈ ਅਤੇ ਰਾਹ ਨੂੰ ਰੋਕਦੀ ਹੋਈ ਬੋਲੀ, "ਮਾਲਕ ਦਾ ਹੁਕਮ ਹੈ।"

ਮੈਂ ਭਾਵੇਂ ਗੁੱਸੇ ਨਾਲ ਆਪੇ ਵਿਚੋਂ ਬਾਹਰ ਹੋ ਰਹੀ ਸਾਂ ਪਰ ਮੈਨੂੰ ਇਹ ਗੱਲ ਯਾਦ ਰਹਿ ਗਈ ਕਿ ਮੈਂ ਇਸ ਨੌਕਰਾਣੀ ਨਾਲ ਬਹਿਸ ਨਹੀਂ ਕਰਨੀ-ਇਸ ਨਾਲ ਮੱਥਾ ਨਹੀਂ ਲਾਣਾ-, ਮੈਨੂੰ ਇਸ ਦੇ ਮਾਲਕ ਕੋਲ ਪਹੁੰਚਣਾ ਚਾਹੀਦਾ ਹੈ। ਮੈਂ ਇਕਦਮ ਉਥੇ ਹੀ ਮੁੜੀ ਤੇ ਥੱਲੇ ਪਹੁੰਚੀ ਤਾਂ ਜੋ ਸਰ ਪਰਸੀਵਲ ਨੂੰ ਪੁੱਛਾਂ। ਮੈਨੂੰ ਇਹ ਲਿਖਦਿਆਂ ਸ਼ਰਮ ਆ ਰਹੀ ਹੈ ਕਿ ਮੈਂ ਇੰਨਾ ਦ੍ਰਿੜ ਨਿਸ਼ਚਾ ਕੀਤਾ ਸੀ ਕਿ ਸਰ ਪਰਸੀਵਲ ਦੀ ਕਿਸੇ ਗੱਲ ਦਾ ਬੁਰਾ ਨਹੀਂ ਮਨਾਵਾਂਗੀ, ਉਹਨੂੰ ਮੈਂ ਬਿਲਕੁਲ ਹੀ ਭੁੱਲ ਚੁੱਕੀ ਸਾਂ। ਪਰ ਇਸ ਘਰ ਵਿਚ ਮੈਂ ਇੰਨਾ ਕੁਝ ਬਰਦਾਸ਼ਤ ਕਰ ਚੁੱਕੀ ਸਾਂ ਅਤੇ ਇੰਨੀਆਂ ਤਕਲੀਫਾਂ ਵੇਖ ਚੁੱਕੀ ਸਾਂ ਕਿ ਹੁਣ ਮੈਂ ਹੋਰ ਜ਼ਬਤ ਨਹੀਂ ਸਾਂ ਕਰ ਸਕਦੀ। ਅੱਜ ਮੈਨੂੰ ਆਪਣਾ ਗੁੱਸੇ ਹੋਣਾ ਚੰਗਾ ਲੱਗ ਰਿਹਾ ਸੀ।

ਬਰੇਕ ਫਾਸਟ ਰੂਮ ਅਤੇ ਡਰਾਇੰਗ ਰੂਮ ਖ਼ਾਲੀ ਸਨ। ਮੈਂ ਲਾਇਬਰੇਰੀ ਵਿਚ ਗਈ; ਉਥੇ ਸਰ ਪਰਸੀਵਲ, ਕਾਂਉਂਟ ਅਤੇ ਕਾਉਂਟੈਸ ਫ਼ੋਸਕੋ ਤਿੰਨ ਕੋਲ-ਕੋਲ ਖੜੇ ਹੋਏ ਗੱਲਾਂ ਕਰ ਰਹੇ ਸਨ। ਸਰ ਪਰਸੀਗਲ ਦੇ ਹੱਥ ਵਿਚ ਇਕ ਛੋਟਾ ਜੇਹਾ ਕਾਗਜ ਦਾ ਟੁਕੜਾ ਸੀ। ਦਰਵਾਜ਼ਾ ਖੋਲਦਿਆਂ ਮੇਰੇ ਕੰਨ ਵਿਚ ਕਾਂਉਂਟ ਦੀ ਆਵਾਜ਼ ਆਈ-"ਨਹੀਂ, ਨਹੀਂ, ਹਜ਼ਾਰ ਵਾਰ ਨਹੀਂ।"

ਮੈਂ ਸਿੱਧੀ ਸਰ ਪਰਸੀਵਲ ਕੋਲ ਪਹੁੰਚੀ ਅਤੇ ਉਹਦੀਆਂ ਅੱਖਾਂ ਵਿਚ ਵੇਖਦੀ ਹੋਈ ਬੋਲੀ "ਕੀ ਮੈਂ ਪੁੱਛ ਸਕਦੀ ਹਾਂ, ਸਰ ਪਰਸੀਵਲ, ਕੀ ਤੁਹਾਡੀ ਪਤਨੀ ਦਾ ਕਮਰਾ ਜੇਲ੍ਹ ਹੈ ਅਤੇ ਕੀ ਤੁਹਾਡੀ ਨੌਕਰਾਣੀ ਜੇਲਰ ਹੈ?"

"ਹਾਂ" - ਇਹ ਸਮਝ ਲੈ "ਉਹਨੇ ਉੱਤਰ ਦਿੱਤਾ" "ਰਤਾ ਧਿਆਨ ਰੱਖਣਾ-ਕਿ ਮੇਰੇ ਜੇਲਰ ਨੂੰ ਡਬਲ ਡਿਊਟੀ ਨਾ ਕਰਨੀ ਪਵੇ, ਕਿਤੇ ਤੇਰਾ ਕਮਰਾ ਵੀ ਜੇਲ੍ਹਖਾਨਾ ਨਾ ਬਣ ਜਾਏ।"

ਮੈਨੂੰ ਤਾਂ ਸੱਤੀਂ ਕਪੜੀਂ ਅੱਗ ਲੱਗ ਗਈ- ਮੈਂ ਕੜਕ ਕੇ ਬੋਲੀ-

"ਤੁਸੀਂ ਵੀ ਰਤਾ ਧਿਆਨ ਰੱਖਣਾ, ਕਿ ਤੁਸੀਂ ਆਪਣੀ ਪਤਨੀ ਨਾਲ ਕੀ ਵਰਤਾਰਾ ਕਰ ਰਹੇ ਹੋ, ਅਤੇ ਮੈਨੂੰ ਕਿੰਜ ਧਮਕੀ ਦੇ ਰਹੇ ਹੋ ਇੰਗਲੈਂਡ ਵਿਚ ਉਹ ਕਾਨੂੰਨ ਹਨ, ਜੋ ਔਰਤਾਂ ਦੀ ਜ਼ੁਲਮ ਤੋਂ ਰੱਖਿਆ ਕਰਦੇ ਹਨ। ਜੇ ਤੁਸੀਂ ਲਾਰਾ ਦੇ ਸਿਰ ਦਾ ਇਕ ਵੀ ਵਾਲ ਬਾਂਕਾ ਕੀਤਾ, ਜਾਂ ਮੈਨੂੰ ਕੈਦੀ ਬਣਾਉਣ ਦਾ ਯਤਨ ਕੀਤਾ ਤਾਂ ਵੇਖਣਾ ਕਿ ਮੈਂ ਕਿਵੇਂ ਕਾਨੂੰਨ ਦੀ ਸਹਾਇਤਾ ਲੈਂਦੀ ਹਾਂ।"

ਉਹ ਮੈਨੂੰ ਉੱਤਰ ਦੇਣ ਦੀ ਥਾਂ ਕਾਂਊਟ ਵੱਲ ਮੁੜ ਕੇ ਬੋਲਿਆ:-"ਮੈਂ ਤੈਨੂੰ ਕੀ ਕਿਹਾ ਸੀ?-ਹੁਣ ਤੂੰ ਕੀ ਕਹਿੰਦਾ ਹੈ-?'

"ਮੈ ਤੇ ਉਹੀ ਕਹਾਂਗਾ, ਜੋ ਪਹਿਲਾਂ ਕਹਿ ਰਿਹਾ ਸਾਂ ਨਹੀਂ, ਨਹੀਂ" ਕਾਂਊਟ ਨੇ ਉੱਤਰ ਦਿੱਤਾ।

ਉਸ ਹਾਲਤ ਵਿਚ ਵੀ ਮੈਨੂੰ ਇਹ ਪਤਾ ਹੈ ਕਿ ਉਹ ਮੇਰੇ ਵੱਲ ਦੇਖ ਰਿਹਾ ਸੀ। ਉਹਦੀ ਬਰਫ ਵਰਗੀਆਂ ਭਰੀਆਂ ਅੱਖਾਂ ਦੀ ਤੱਕਣੀ ਮੇਰੇ ਚਿਹਰੇ ਤੇ ਸੀ। ਉਹਨੇ ਇਹ ਉਪਰਲੀ ਗੱਲ ਕਹਿ ਕੇ ਆਪਣੀ ਪਤਨੀ ਨੂੰ ਕੋਈ ਇਸ਼ਾਰਾ ਕੀਤਾ; ਮੈਡਮ ਫ਼ੋਸਕੋ ਅੱਖਾਂ ਦਾ ਇਹ ਸੁਨੇਹਾ ਸਮਝ ਕੇ ਮੇਰੇ ਨੇੜੇ ਹੋ ਗਈ, ਅਤੇ ਮੇਰੇ ਜਾਂ ਕਾਂਊਟ ਦੇ ਬੋਲਣ ਤੋਂ ਪਹਿਲਾਂ ਹੀ ਸਰ ਪਰਸੀਵਲ ਨੂੰ ਸੰਬੋਧਨ ਕਰਕੇ ਬੋਲੀ :-

'ਪਹਿਲਾਂ ਮੇਰੀ ਇਕ ਛੋਟੀ ਜੇਹੀ ਗੱਲ ਸੁਣ ਲਵੋ। ਮੈਂ ਤੁਹਾਡੀ ਮਹਿਮਾਨ ਨਿਵਾਜ਼ੀ ਦੀ ਧੰਨਵਾਦੀ ਹਾਂ, ਪਰ ਖਿਮਾਂ ਕਰਨਾ, ਮੈਂ ਹੁਣ ਇਥੇ ਹੋਰ ਨਹੀਂ ਠਹਿਰ ਸਕਾਂਗੀ। ਮੈਂ ਉਸ ਘਰ ਵਿਚ ਨਹੀਂ ਰਹਿ ਸਕਦੀ, ਜਿਥੇ ਔਰਤਾਂ ਨਾਲ ਉਹ ਸਲੂਕ ਕੀਤਾ ਜਾਂਦਾ ਹੈ, ਜੋ ਅੱਜ ਤੁਸੀਂ ਲੇਡੀ ਗਲਾਈਡ ਅਤੇ ਮਿਸ ਹਾਲਕੌਂਬ ਨਾਲ ਕਰ ਰਹੇ ਹੋ।"

ਸਰ ਪਰਸੀਵਲ ਨੇ ਇਕ ਕਦਮ ਪਿੱਛੇ ਹਟ ਕੇ ਚੁਪ-ਚਾਪ ਮੈਡਮ ਫ਼ੋਸਕੋ ਵੱਲ ਘੂਰ ਕੇ ਵੇਖਿਆ। ਉਹ ਜੋ ਸੁਣ ਰਿਹਾ ਸੀ, ਉਹ ਜਾਣਦਾ ਸੀ, ਜਿਵੇਂ ਮੈਂ ਵੀ ਜਾਣਦੀ ਸਾਂ ਕਿ ਇਹ ਕਾਂਊਟ ਦਾ ਹੁਕਮ ਸੀ। ਉਹ ਵੀ ਹੈਰਾਨ ਰਹਿ ਗਏ ਗਿਆ ਸੀ। ਕਾਂਊਟ ਕੋਲ ਹੀ ਖੜਾ ਆਪਣੀ ਪਤਨੀ ਵੱਲ ਪਿਆਰ ਅਤੇ ਸ਼ਲਾਘਾ ਭਰੀਆਂ ਤਕਣੀਆਂ ਨਾਲ ਵੇਖ ਰਿਹਾ ਸੀ। "ਉਹ! ਤੂੰ ਬਹੁਤ ਹੀ ਸ਼ਾਨਦਾਰ ਪਤਨੀ ਹੈ - ਇਹ ਕਹਿ ਕੇ ਕਾਂਊਟ ਨੇ ਉਹਦਾ ਹੱਥ ਫੜ ਕੇ ਉਹਦੀ ਬਾਂਹ ਵਿਚ ਬਾਂਹ ਪਾ ਲਈ 'ਮੈਂ ਹਾਜ਼ਰ ਹਾਂ ਇਲੀਨਰ, ਤੇਰੀ ਸੇਵਾ ਵਿਚ। 'ਅੱਜ ਉਹ ਏਨਾ ਪ੍ਰਭਾਵਸ਼ਾਲੀ ਲੱਗ ਰਿਹਾ ਸੀ, ਜਿੰਨਾ ਕਿ ਅਜੇ ਤਕ ਕਦੀ ਨਹੀਂ ਸੀ ਲੱਗਾ। ਉਹਨੇ ਹੁਣ ਮੈਨੂੰ ਕਿਹਾ- "ਮੈਂ ਤੁਹਾਡੀ ਸੇਵਾ ਵਿਚ ਵੀ ਹਾਜ਼ਰ ਹਾਂ ਮਿਸ ਹਾਲਕੌਂਬ ਮੈਂ ਤੁਹਾਡੀ ਹਰ ਸਹਾਇਤਾ ਕਰਾਂਗਾ ਜੇ ਤੁਸੀਂ ਆਗਿਆ ਦਿਉ।" ਇਹ ਕਹਿ ਕੇ ਕਾਂਊਟ ਆਪਣੀ ਪਤਨੀ ਨੂੰ ਨਾਲ ਲੈ ਕੇ ਤੁਰ ਪਿਆ। 'ਲਾਹਨਤ ਏ, ਆਖਿਰ ਤੇਰਾ ਕੀ ਮਤਲਬ ਹੈ-।" ਸਰ ਪਰਸੀਵਲ ਚੀਖ ਕੇ ਬੋਲਿਆ !

"ਅੱਗੇ ਪਿੱਛੇ ਤੇ ਜੋ ਮੈਂ ਕਹਿੰਦਾ ਹਾਂ, ਉਹੀ ਮੇਰੀ ਮਰਜ਼ੀ ਹੁੰਦੀ ਹੈ, ਪਰ ਅੱਜ ਜੋ ਮੇਰੀ ਪਤਨੀ ਕਹਿ ਰਹੀ ਹੈ-। ਉਹੀ ਮੇਰੀ ਮਰਜ਼ੀ ਹੈ, ਅੱਜ ਅਸੀਂ ਇੱਕ ਵਾਰੀ ਤੇ ਇਕ ਦੂਜੇ ਨਾਲ ਥਾਂ ਬਦਲ ਲਈ ਹੈ, ਪਰਸੀਵਲ, ਅਤੇ ਮੈਡਮ ਫ਼ੋਸਕੋ ਦੀ ਰਾਇ ਹੈ।" ਸਰ ਪਰਸੀਵਲ ਨੇ ਹੱਥਲਾ ਕਾਗ਼ਜ਼ ਦਾ ਟੁੱਟਾ ਮਰੋੜ ਦਿੱਤਾ। ਕਾਂਊਟ ਕੋਲੋਂ ਉਹ ਅੱਗੇ ਲੰਘ ਕੇ ਬੂਹੇ ਅੱਗੇ ਖੜੋ ਗਿਆ ਅਤੇ ਗੁੱਸੇ ਵਿਚ ਇਹ ਇਕ ਗਾਲ੍ਹ ਹੋਰ ਕੱਢ ਕੇ ਬੋਲਿਆ, "ਜੋ ਤੇਰੀ ਮਰਜ਼ੀ ਏ ਕਰ- ਅਤੇ ਇਹਦਾ ਨਤੀਜਾ ਵੇਖ” ਇਹ ਕਹਿ ਕੇ ਉਹ ਉਥੋਂ ਚਲਾ ਗਿਆ।

ਮੈਡਮ ਫ਼ੋਸਕੋ ਨੇ ਆਪਣੇ ਪਤੀ ਨੂੰ ਕਿਹਾ "ਉਹ ਬੜਾ ਅਚਾਨਕ ਚਲਾ ਗਿਆ ਏ- ਇਹਦਾ ਕੀ ਮਤਲਬ ਹੋਇਆ?

"ਇਸ ਦਾ ਮਤਲਬ ਹੈ ਕਿ ਤੂੰ ਤੇ ਮੈਂ ਰਲਕੇ ਇੰਗਲੈਂਡ ਦੇ ਸਭ ਤੋਂ ਗੁਸੀਲੇ ਆਦਮੀ ਦ ਗੁੱਸੇ ਨੂੰ ਠੰਢਿਆਂ ਕਰ ਦਿੱਤਾ ਹੈ।" ਕਾਂਊਟ ਨੇ ਉੱਤਰ ਦਿੱਤਾ, ਇਸ ਦਾ ਇਹੀ ਭਾਵ ਹੈ, ਮਿਸ ਹਾਲਕੌਂਬ, ਕਿ ਲੇਡੀ ਗਲਾਈਡ ਇਕ ਬੇਇਜ਼ਤੀ ਤੋਂ ਬਚ ਗਈ ਹੈ ਅਤੇ ਹੁਣ ਉਹ

ਤੁਹਾਡੇ ਨਾਲ ਵੀ ਨਿਰਾਦਰੀ ਭਰਿਆ ਵਰਤਾਉ ਨਹੀਂ ਕਰ ਸਕਦਾ। ਮੈਂ ਅਜਿਹੇ ਔਖੇ ਵੇਲੇ ਤੁਹਾਡੀ ਹਿੰਮਤ ਦੀ ਦਾਦ ਦੇਂਦਾ ਹਾਂ'-

"ਮੈਂ" ਵੀ ਦਿਲੋਂ ਦਾਦ ਦੇਂਦੀ ਹਾਂ-" ਮੈਡਮ ਫ਼ੋਸਕੋ ਬੋਲੀ।

'ਮੈਂ ਵੀ ਦਿਲੋਂ ਤਾਰੀਫ਼ ਕਰਦਾ ਹਾਂ" ਕਾਂਊਟ ਨੇ ਕਿਹਾ।

ਹੁਣ ਮੇਰਾ ਗੁੱਸਾ ਠੰਡਾ ਹੋ ਗਿਆ ਸੀ। ਗੁੱਸੇ ਦੇ ਪਹਿਲੇ ਹਮਲੇ ਵਿਚ ਜੋ ਤਾਕਤ ਹੁੰਦੀ ਹੈ, ਹੁਣ ਉਹ ਵੀ ਮੈਨੂੰ ਛੱਡ ਗਈ ਸੀ। ਮੈਨੂੰ ਲਾਰਾ ਨੂੰ ਮਿਲਣ ਦੀ ਚਿੰਤਾ ਸੀ, ਅਤੇ ਦੂਜੇ ਪਾਸੇ ਇਹ ਫ਼ਿਕਰ ਸੀ ਕਿ ਪਤਾ ਨਹੀਂ ਬੋਟ ਹਾਊਸ ਵਿਚ ਕੀ ਹੋਇਆ ਸੀ; ਹੁਣ ਮੇਰਾ ਦਿਲ ਭਾਰਾ ਹੋ ਗਿਆ ਸੀ, ਜਿਵੇਂ ਕੋਈ ਪੱਥਰ ਕਿਸੇ ਨੇ ਉਹਦੇ ਤੇ ਰੱਖ ਦਿੱਤਾ ਹੋਵੇ। ਮੈਂ ਕਾਂਊਟ ਅਤੇ ਉਹਦੀ ਪਤਨੀ ਦਾ ਧੰਨਵਾਦ ਕਰਨਾ ਚਾਹੁੰਦੀ ਸਾਂ ਘੱਟ ਤੋਂ ਘੱਟ ਦੁਨੀਆਂਦਾਰੀ ਖਾਤਿਰ। ਪਰ ਮੇਰੇ ਮੂੰਹੋਂ ਇਕ ਸ਼ਬਦ ਵੀ ਨਾ ਨਿਕਲਿਆ! ਮੈਂ ਉੱਭੇ ਉੱਭੇ ਸਾਹ ਲੈਂਦੀ ਦਰਵਾਜ਼ੇ ਵੱਲ ਵੇਖਦੀ ਜਾ ਸਾਂ। ਕਾਂਊਟ ਮੇਰੀ ਚਿੰਤਾ ਨੂੰ ਸਮਝ ਕੇ ਬੂਹਾ ਖੋਲ੍ਹ ਕੇ ਬਾਹਰ ਗਿਆ ਅਤੇ ਜਾਂਦਾ ਜਾਂਦਾ ਆਪਣੇ ਆਪਣੇ ਪਿੱਛੇ ਭਿੱਤ ਭੀੜ ਗਿਆ। ਉਸੇ ਹੀ ਵੇਲੇ ਪਰ ਪਰਸੀਵਲ ਦੇ ਹੇਠਾਂ ਉਤਰਨ ਦੀ ਆਵਾਜ਼ ਆਈ। ਉਹ ਦੋਵੇਂ ਬਾਹਰ ਖੜੇ ਆਪਸ ਵਿਚ ਹੌਲੀ ਹੌਲੀ ਗੱਲਾਂ ਕਰ ਰਹੇ ਸਨ। ਅੰਦਰ ਮੈਡਮ ਫ਼ੋਸਕੋ ਬੜੇ ਸਾਂਤ ਭਾਵ ਨਾਲ ਇਹ ਕਹਿ ਰਹੀ ਸੀ ਕਿ ਇਹ ਸਭ ਲਈ ਚੰਗਾ ਹੀ ਹੋਇਆ ਹੈ, ਕਿ ਉਹਨੂੰ ਅਤੇ ਉਹਦੇ ਪਤੀ ਬਲੈਕਵਾਟਰ ਪਾਰਕ ਛੱਡ ਕੇ ਜਾਣ ਦੀ ਲੋੜ ਨਹੀਂ ਪਈ ' ਉਹਦੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ ਕਾਂਊਟ ਬੂਹਾ ਖੋਲ੍ਹ ਕੇ ਅੰਦਰ ਆਇਆ।

"ਮਿਸ ਹਾਲਕੌਂਬ, ਮੈਂ ਤੁਹਾਨੂੰ ਖੁਸ਼ੀ ਨਾਲ ਦੱਸਦਾ ਹਾਂ ਕਿ ਲੇਡੀ ਗਲਾਈਡ ਹੁਣ ਆਪਣੇ ਘਰ ਵਿਚ ਫਿਰ ਆਪਣੀ ਮਾਲਕਣ ਆਪ ਹੈ। ਮੈਂ ਸੋਚਿਆ ਕਿ ਸ਼ਾਇਦ ਤੁਸੀਂ ਇਹ ਖਬਰ, ਸਰ ਪਰਸੀਵਲ ਨਾਲੋਂ ਮੇਰੇ ਮੂੰਹ ਸੁਣਨੀ ਜਿਆਦਾ ਚੰਗੀ ਸਮਝੋ, ਇਸ ਲਈ ਮੈਂ ਆਪ ਹੀ ਤੁਹਾਨੂੰ ਇਹ ਖਬਰ ਦੇਣ ਆਇਆ ਹਾਂ।"

"ਬੜੀ ਹੀ ਸਿਆਣਪ ਹੈ" ਮੈਡਮ ਫ਼ੈਸਕੋ ਨੇ ਕਾਂਊਟ ਫ਼ੈਸਕੋ ਦੇ ਸ਼ਬਦਾਂ ਨੂੰ ਉਸੇ ਦੇ ਹੀ ਲਹਿਜੇ ਵਿਚ ਦੁਹਰਾਇਆ। ਕਾਂਊਟ ਸਿਰ ਝੁਕਾ ਕੇ ਮੁਸਕਰਾਇਆ, ਜਿਵੇਂ ਉਹਨੂੰ ਕਿਸੇ ਓਪਰੇ ਨੇ ਧੰਨਵਾਦ ਦਿਤਾ ਹੋਵੇ। ਉਹ ਮੇਰੇ ਜਾਣ ਲਈ ਰਾਹ ਛਡ ਕੇ ਇਕ ਪਾਸੇ ਹੋ ਗਿਆ।

ਸਰ ਪਰਸੀਵਲ ਹਾਲ ਵਿਚ ਖੜਾ ਸੀ ਜਿਉਂ ਹੀ ਮੈਂ ਕਾਹਲੀ ਕਾਹਲੀ ਪੌੜੀਆਂ ਚੜ੍ਹ ਰਹੀ ਸਾਂ ਕਿ ਉਹਦੀ ਆਵਾਜ਼ ਮੇਰੇ ਕੰਨਾਂ ਵਿਚ ਪੁਜੀ। ਉਹ ਬੇਸਬਰੀ ਨਾਲ ਕਾਂਊਟ ਨੂੰ ਬੁਲਾ ਰਿਹਾ ਸੀ।

ਤੂੰ ਉਥੋਂ ਕੀ ਕਰ ਰਿਹਾ ਏ-? ਮੈਂ ਤੇਰੇ ਨਾਲ ਇਕ ਜ਼ਰੂਰੀ ਗੱਲ ਕਰਨੀ ਏਂ?"

"ਮੈਂ ਕੁਝ ਸੱਚਣਾ ਚਾਹੁੰਦਾ ਹਾਂ--। ਸਬਰ ਕਰ ਪਰਸੀਵਲ, ਥੋੜਾ ਸਬਰ ਹੋਰ ਕਰ!" ਕਾਂਊਟ ਨੇ ਉੱਤਰ ਦਿੱਤਾ। ਇਸ ਤੋਂ ਮਗਰੋਂ ਨਾਂ ਹੀ ਉਹਦੀ ਅਤੇ ਨਾਂ ਉਹਦੇ ਮਿੱਤਰ ਦੀ ਕੋਈ ਆਵਾਜ਼ ਆਈ। ਮੈਂ ਪੌੜੀਆਂ ਚੜ ਕੇ, ਦੌੜ ਕੇ ਗੈਲਰੀ ਪਾਰ ਕੀਤੀ। ਕਾਹਲੀ ਤੇ ਘਬਰਾਹਟ ਵਿਚ ਮੈਂ ਪਹਿਲੇ ਛੋਟੇ ਕਮਰੇ ਦਾ ਬੂਹਾ ਬੰਦ ਕਰਨਾ ਭੁੱਲ ਗਈ ਸਾਂ, ਪਰ ਮੈਂ ਲਾਰਾ ਦੇ ਕਮਰੇ ਦਾ ਦਰਵਾਜ਼ਾ ਅੰਦਰ ਵੜਦਿਆਂ ਹੀ ਬੰਦ ਕਰ ਲਿਆ।

ਲਾਰਾ ਕਮਰੇ ਦੇ ਅਖੀਰਲੇ ਹਿੱਸੇ ਵਿਚ ਬੈਠੀ ਸੀ। ਮੇਜ਼ ਤੇ ਬਾਹਾਂ ਟਿਕਾ ਕੇ ਉਹਨੇ ਆਪਣਾ ਸਿਰ ਆਪਣੇ ਹੱਥਾਂ ਵਿਚ ਛੁਪਾਇਆ ਹੋਇਆ ਸੀ। ਮੈਨੂੰ ਵੇਖ ਕੇ ਉਹ ਤ੍ਰਬਕ ਗਈ, ਫਿਰ ਉਹਦੇ ਮੂੰਹੋਂ ਖੁਸ਼ੀ ਦੀ ਹਲਕੀ ਜਿਹੀ ਚੀਕ ਨਿਕਲੀ। ਉਹ ਬੋਲੀ:-

"ਤੂੰ ਇਥੇ ਕਿਸ ਤਰ੍ਹਾਂ ਆਈ ਹੈਂ-? ਤੈਨੂੰ ਕਿਸਨੇ ਇਥੇ ਆਉਣ ਦਿੱਤਾ ਹੈ-ਸਰ ਪਰਸੀਵਲ ਨੇ ਤਾਂ ਤੈਨੂੰ ਕਦੀ ਆਗਿਆ ਨਹੀਂ ਦਿਤੀ ਹੋਣੀ?"

ਮੈਨੂੰ ਹੁਣ ਉਹਦੇ ਕੋਲੋਂ ਸਭ ਕੁਝ ਜਾਣਨ ਦੀ ਏਨੀ ਉਤਸੁਕਤਾ ਸੀ, ਕਿ ਮੈਂ ਉਹਨੂੰ ਕੋਈ ਉੱਤਰ ਨਹੀਂ ਸਾਂ ਦੇ ਸਕਦੀ। ਮੈਂ ਤਾਂ ਹੁਣ ਉਹਨੂੰ ਸਵਾਲ ਪੁੱਛੀ ਹੀ ਜਾਣੇ ਸਨ, ਪਰ ਲਾਰਾ ਜਾਣਨਾ ਚਾਹੁੰਦੀ ਸੀ ਕਿ ਹੇਠਾਂ ਕੀ ਕੀ ਹੋਇਆ ਸੀ ਅਤੇ ਉਹ ਮੇਰੀ ਗੱਲ ਸੁਣੇ ਬਿਨਾਂ ਹੀ ਲਗਾਤਾਰ ਪੁੱਛੀ ਜਾ ਰਹੀ ਸੀ।

"ਕਾਂਊਟ ਕਰਕੇ ਹੀ ਮੈਂ ਇਥੇ ਆ ਸਕੀ ਹਾਂ ਅਖੀਰ ਮੈਂ ਬੇਸਬਰੀ ਨਾਲ ਉੱਤਰ ਦਿੱਤਾ, 'ਘਰ ਵਿਚ ਉਸੇ ਦੀ ਹੀ ਮੰਨੀ ਜਾਂਦੀ ਹੈ?"

ਉਹ ਘ੍ਰਿਣਾ ਭਰੇ ਲਹਿਜੇ ਵਿਚ ਬੋਲੀ, "ਬੱਸ ਕਰ, ਕਾਂਊਟ ਦੀ ਗੱਲ ਹੀ ਨਾ ਕਰ, ਉਹ ਬੜਾ ਹੀ ਨੀਚ ਮਨੁੱਖ ਹੈ, ਉਹ ਜਾਸੂਸ ਹੈ।"

ਅਜੇ ਇਹ ਗੱਲ ਉਹਦੇ ਮੂੰਹ ਵਿਚ ਹੀ ਸੀ, ਕਿ ਦਰਵਾਜ਼ੇ ਨੂੰ ਕਿਸੇ ਹੌਲੀ ਜਿਹੀ ਖੜਕਾਇਆ ਮੈਂ ਅਜੇ ਬੈਠੀ ਨਹੀਂ ਸਾਂ, ਸੋ ਮੈਂ ਹੀ ਪਹਿਲਾਂ ਉੱਠ ਕੇ ਵੱਖਣ ਗਈ ਕਿ ਕੌਣ ਸੀ; ਮੈਡਮ ਫ਼ੈਸਕੋ ਬੂਹੇ ਦੇ ਬਾਹਰ ਮੇਰੇ ਰੁਮਾਲ ਨੂੰ ਹੱਥ ਵਿਚ ਫੜੀ ਖੜੋਤੀ ਸੀ। "ਤੁਹਾਡਾ ਇਹ

ਰੁਮਾਲ ਹੇਠਾਂ ਡਿਗਾ ਪਿਆ ਸੀ। ਮਿਸ ਹਾਲਕੌਂਬ ਮੈਂ ਆਪਣੇ ਕਮਰੇ ਵਿਚ ਜਾ ਰਹੀ ਸਾਂ, ਸੋਚਿਆ ਤੁਹਾਨੂੰ ਦੇਂਦੀ ਜਾਵਾਂਗੀ' ਉਹਨੇ ਕਿਹਾ।

ਉਹਦਾ ਮੂੰਹ ਜੋ ਸਦਾ ਪੀਲਾ ਹੁੰਦਾ ਸੀ। ਇਸ ਵੇਲੇ ਪੂਣੀ ਵਾਂਗ ਚਿੱਟਾ ਹੋਇਆ ਹੋਇਆ ਸੀ। ਮੈਂ ਉਹਦਾ ਚਿਹਰਾ ਵੇਖ ਕੇ ਹੀ ਤ੍ਰਹਿ ਗਈ ਸਾਂ। ਉਹਦੇ ਹੱਥ ਜੋ ਕਦੀ ਗਲਤੀ ਨਹੀਂ ਸਨ ਕਰਦੇ, ਇਸ ਵੇਲੇ ਜ਼ੋਰ ਜ਼ੋਰ ਦੀ ਕੰਬ ਰਹੇ ਸਨ, ਅਤੇ ਉਹਦੀਆਂ ਚਾਲਾਕ ਨਜ਼ਰਾਂ ਲਾਰਾ ਤੇ ਲੱਗੀਆਂ ਹੋਈਆਂ ਸਨ।

ਉਹ ਦਰਵਾਜ਼ੇ ਨੂੰ ਖੜਕਾਣ ਤੋਂ ਪਹਿਲਾਂ ਖੜੀ ਹੋ ਕੇ ਸੁਣਦੀ ਰਹੀ ਸੀ। ਇਹ ਮੈਂ ਉਹਦੇ ਚਿੱਟੇ ਹੋਏ ਚਿਹਰੇ ਤੋਂ ਵੇਖ ਲਿਆ ਸੀ; ਇਹ ਮੈਂ ਉਹਦੇ ਕੰਬਦੇ ਹੱਥਾਂ ਤੋਂ ਜਾਣ ਲਿਆ ਸੀ, ਅਤੇ ਇਹ ਮੈਂ ਉਹਦੀਆਂ ਉਨ੍ਹਾਂ ਨਜ਼ਰਾਂ ਵਿਚੋਂ ਵੇਖ ਲਿਆ ਸੀ ਜੋ ਲਾਰਾ ਤੇ ਟਿਕੀਆਂ ਹੋਈਆਂ ਸਨ।

ਇਕ ਮਿੰਟ ਉਹ ਖੜੀ ਰਹੀ ਅਤੇ ਫਿਰ ਚੁਪ ਕੀਤੀ ਹੀ ਚਲੀ ਗਈ।

ਮੈਂ ਫਿਰ ਬੂਹਾ ਬੰਦ ਕੀਤਾ। “ਲਾਰਾ ! ਲਾਰਾ ! ਅਸੀਂ ਦੋਵੇਂ ਹੀ ਇਸ ਦਿਨ ਨੂੰ ਸਦਾ ਯਾਦ ਕਰਾਂਗੀਆਂ, ਜਿਸ ਦਿਨ ਤੂੰ ਕਾਂਊਟ ਨੂੰ ਜਾਸੂਸ ਕਿਹਾ ਹੈ।"

"ਜੇ ਤੂੰ ਉਹ ਕੁਝ ਜਾਣਦੀ ਹੁੰਦੀ ਜੋ ਮੈਂ ਜਾਣਦੀ ਹਾਂ ਤਾਂ ਤੂੰ ਵੀ ਇਹੀ ਕਹਿਣਾ ਸੀ। ਏਨ ਕੈਥੇਰਿਕ ਠੀਕ ਕਹਿ ਰਹੀ ਸੀ ਕੱਲ੍ਹ ਸਾਨੂੰ ਰੁੱਖਾਂ ਹੇਠਾਂ ਬੈਠਾ ਕੋਈ ਵੇਖ ਰਿਹਾ ਸੀ; ਅਤੇ ਉਹ ਤੀਜਾ ਆਦਮੀ.............

"ਕੀ ਤੈਨੂੰ ਪੱਕਾ ਪਤਾ ਹੈ ਕਿ ਕਾਂਊਟ ਹੀ ਸੀ?"

ਮੈਨੂੰ ਪੱਕਾ ਪਤਾ ਹੈ। ਉਹ ਸਰ ਪਰਸੀਵਾਲ ਦਾ ਜਾਸੂਸ ਹੈ; ਉਹਨੇ ਹੀ ਸਰ ਪਰਸੀਵਲ ਨੂੰ ਖ਼ਬਰ ਕੀਤੀ ਸੀ ਅਤੇ ਸਰ ਪਰਸੀਵਲ ਸਵੇਰ ਤੋਂ ਹੀ ਮੈਨੂੰ ਅਤੇ ਏਨ ਕੈਥੇਰਿਕ ਨੂੰ ਪਕੜਨ ਲਈ ਉਥੇ ਬੈਠਾ ਹੋਇਆ ਸੀ।"

"ਕੀ ਏਨ ਪਕੜੀ ਗਈ -? ਕੀ ਤੂੰ ਉਹਨੂੰ ਝੀਲ ਤੇ ਮਿਲੀ ਹੈ -?"

"ਨਹੀਂ, ਅੱਜ ਉਹ ਬਚ ਗਈ ਹੈ। ਅੱਜ ਉਹ ਇਧਰ ਆਈ ਹੀ ਨਹੀਂ। ਜਦੋਂ ਬੋਟ-ਹਾਊਸ ਪੁੱਜੀ ਤਾਂ ਉਥੇ ਕੋਈ ਵੀ ਨਹੀਂ ਨਹੀਂ ਸੀ।"

"ਫਿਰ-? ਫਿਰ-?"

"ਮੈਂ ਅੰਦਰ ਗਈ ਅਤੇ ਕੁਝ ਮਿੰਟ ਬੈਠੀ ਉਡੀਕਦੀ ਰਹੀ। ਪਰ ਮੈਂ ਇੰਨੀ ਬੇਚੈਨ ਸਾਂ, ਕਿ ਮੇਰੇ ਕੋਲੋਂ ਉਥੇ ਬੈਠਣ ਨਾ ਹੋਇਆ ਅਤੇ ਮੈਂ ਬਾਹਰ ਨਿਕਲ ਆਈ। ਜਦੋਂ ਮੈਂ ਬਾਹਰ ਨਿਕਲੀ ਤਾਂ ਬੋਟ ਹਾਊਸ ਦੇ ਸਾਹਮਣੇ ਰੇਤ ਵਿਚ ਕੁਝ ਨਿਸ਼ਾਨ ਦਿਸੇ। ਮੈਂ ਝੁਕ ਕੇ ਵੇਖਿਆ ਤਾਂ ਰੇਤ ਉਤੇ ਲਿਖਿਆ ਹੋਇਆ ਸੀ, "ਵੇਖੋ"

"ਅਤੇ ਤੂੰ ਰੇਤ ਪਰ੍ਹਾਂ ਹਟਾ ਕੇ ਵੇਖਿਆ ਤੇ ਉਥੇ ਇਕ ਮੋਰੀ ਜੇਹੀ ਬਣ ਗਈ?"

"ਤੈਨੂੰ ਕਿਵੇਂ ਪਤਾ ਹੈ ਮੇਰੀਅਨ?"

"ਮੈਂ ਵੀ ਉਹ ਥਾਂ ਵੇਖੀ ਸੀ, ਜਦੋਂ ਮੈਂ ਤੇਰੇ ਪਿਛੇ ਗਈ ਸਾਂ ਅੱਗੇ ਕੀ ਹੋਇਆ?"

"ਹਾਂ, ਮੈਂ ਰੇਤ ਇਧਰ ਉਧਰ ਕਰਕੇ ਵੇਖਿਆ ਤਾਂ ਵਿਚੋਂ ਇਕ ਕਾਗਜ਼ ਦਾ ਪੁਰਜ਼ਾ ਨਿਕਲਿਆ। ਉਸ ਉਤੇ ਕੁਝ ਲਿਖਿਆ ਹੋਇਆ ਸੀ ਅਤੇ ਥੱਲੇ ਏਨ ਕੈਥੇਰਿਕ ਦਾ ਨਾਂ ਸੀ।"

"ਉਹ ਕਾਗਜ਼ ਕਿਥੇ ਹੈ?"

"ਮੇਰੇ ਕੋਲੋਂ ਸਰ ਪਰਸੀਵਲ ਨੇ ਖੋਹ ਲਿਆ ਹੈ!"

"ਕੀ ਤੈਨੂੰ ਯਾਦ ਹੈ ਕਿ ਉਹਦੇ ਵਿਚ ਕੀ ਲਿਖਿਆ ਹੋਇਆ ਸੀ? ਕੀ ਤੂੰ ਮੇਰੇ ਸਾਹਮਣੇ ਦੁਹਰਾ ਸਕਦੀ ਹੈ-?"

"ਹਾਂ ਮੇਰੀਅਨ, ਉਹ ਛੋਟਾ ਜਿਹਾ ਕਾਗਜ਼ ਸੀ, ਤੈਨੂੰ ਤਾਂ ਉਹਦਾ ਹਰ ਸ਼ਬਦ ਯਾਦ ਰਹਿੰਦਾ ਪਰ ਮੈਨੂੰ ਤੇ ਸਿਰਫ ਉਹਦਾ ਮਤਲਬ ਹੀ ਯਾਦ ਹੈ।"

"ਮੈਨੂੰ ਤੂੰ ਉਹੀ ਦਸ ਦੇ"

ਮੈਂ ਲਾਰਾ ਦੀ ਜ਼ੁਬਾਨੀ ਦੱਸਿਆ ਹੋਇਆ ਚਿੱਠੀ ਦਾ ਭਾਵ ਹੇਠਾਂ ਲਿਖ ਰਹੀ ਹਾਂ- ਚਿੱਠੀ ਇਉਂ ਸੀ :-

"ਕੱਲ੍ਹ ਮੈਨੂੰ ਇਕ ਲੰਮੇ, ਮੋਟੇ, ਆਦਮੀ ਨੇ ਤੁਹਾਡੇ ਨਾਲ ਵੇਖ ਲਿਆ ਹੈ; ਅਤੇ ਮੈਂ ਬੜੀ ਮੁਸ਼ਕਲ ਨਾਲ ਦੌੜ ਕੇ ਬਚੀ ਹਾਂ। ਉਹ ਮੇਰੇ ਜਿੰਨਾ ਤੇਜ਼ ਦੌੜ ਨਹੀਂ ਸੀ ਸਕਦਾ। ਇਸ ਲਈ ਰੁੱਖਾਂ ਵਿਚਕਾਰ ਆ ਕੇ ਉਹ ਮੈਨੂੰ ਨਾਂ ਲੱਭ ਸਕਿਆ। ਮੈਂ ਅੱਜ ਉਸੇ ਸਮੇਂ ਤੇ ਨਹੀਂ ਆ ਸਕਦੀ।

ਸੋ ਮੈਂ ਅੱਜ ਸਵੇਰੇ ਛੇ ਵਜੇ ਹੀ ਆ ਕੇ ਇਹ ਚਿੱਠੀ ਇਥੇ ਰੇਤ ਵਿਚ ਰੱਖ ਚਲੀ ਹਾਂ। ਜਦੋਂ ਅਸੀਂ ਤੇਰੇ ਪਤੀ ਦੇ ਭੇਤ ਬਾਰੇ ਗੱਲ ਕਰਨੀ ਹੋਈ, ਤਾਂ ਕਿਸੇ ਇਕਾਂਤ ਥਾਂ ਤੇ ਕਰਾਂਗੀਆਂ-

ਨਹੀਂ ਤਾਂ ਇਹੀ ਚੰਗਾ ਹੈ ਕਿ ਅਸੀਂ ਉਸ ਬਾਰੇ ਕੋਈ ਗੱਲ ਹੀ ਨਾ ਕਰੀਏ। ਕੁਝ ਸਬਰ ਕਰੋ-ਮੈਂ ਇਕਰਾਰ ਕਰਦੀ ਹਾਂ ਕਿ ਮੈਂ ਤੁਹਾਨੂੰ ਫਿਰ ਜਲਦੀ ਹੀ ਮਿਲਾਂਗੀ; ਏ. ਕੇ."

ਏਨ ਕੈਥੇਰਿਕ ਦਾ 'ਲੰਮਾ ਮੋਟਾ ਆਦਮੀ' ਕਾਂਊਟ ਤੋਂ ਸਿਵਾ ਹੋਰ ਕੋਈ ਨਹੀਂ ਸੀ ਹੋ ਸਕਦਾ। ਮੈਨੂੰ ਯਾਦ ਆਇਆ ਕਿ ਮੈਂ ਪਰਸੋਂ ਕਾਂਊਟ ਦੇ ਕੋਲ ਖੜੋਤਿਆਂ ਸਰ ਪਰਸੀਵਲ ਨੂੰ ਦੱਸਿਆ ਸੀ ਕਿ ਲਾਗ ਬੋਟ-ਹਾਊਸ ਵਿਚ ਬਰੂਚ ਲੱਭਣ ਗਈ ਹੈ। ਜਿਸ ਵੇਲੇ ਕਾਂਊਟ ਨੇ ਮੈਨੂੰ ਇਹ ਖੁਸ਼ਖਬਰੀ ਦਿੱਤੀ ਕਿ ਸਰ ਪਰਸੀਵਲ ਨੇ ਦਸਤਖ਼ਤ ਕਰਵਾਉਣ ਦੀ ਸਲਾਹ ਅਜੇ ਬਦਲ ਲਈ ਹੈ। ਉਸ ਵੇਲੇ ਉਹਨੇ ਇਹ ਵੀ ਸੋਚਿਆ ਹੋਣਾ ਏ ਕਿ ਉਹ ਲਾਰਾ ਨੂੰ ਵੀ ਆਪ ਹੀ ਜਾ ਕੇ ਦਸ ਦੇਵੇ, ਅਤੇ ਉਹ ਮੇਰੇ ਖਿਆਲ ਅਨੁਸਾਰ ਬੋਟ-ਹਾਊਸ ਦੇ ਕੱਲ ਹੀ ਪੁੱਜਾ ਹੋਣਾ ਹੈ ਜਦੋਂ ਏਨ ਕੈਥੇਰਿਕ ਨੇ ਕਿਸੇ ਦੀ ਆਵਾਜ਼ ਸੁਣੀ ਅਤੇ ਅਚਾਨਕ ਘਬਰਾ ਕੇ ਉਹ ਚਲੀ ਗਈ। ਲਾਰਾ ਕੋਲ ਇੰਜ ਵੱਖ ਹੁੰਦਿਆਂ ਵੇਖ ਕੇ ਕਾਂਊਟ ਨੇ ਉਹਦਾ ਪਿੱਛਾ ਕੀਤਾ ਪਰ ਉਹ ਬਚ ਕੇ ਨਿਕਲ ਗਈ। ਜੋ ਗੱਲਬਾਤ ਲਾਰਾ ਅਤੇ ਏਨ ਕੈਥੇਰਿਕ ਵਿਚਕਾਰ ਹੋਈ, ਉਹ ਉਹਨੇ ਨਹੀਂ ਸੁਣੀ ਹੋਣੀ। ਘਰ ਤੇ ਬੋਟ ਹਾਊਸ ਵਿਚਕਾਰ ਜੋ ਦੂਰੀ ਸੀ, ਅਤੇ ਉਹ ਜਿਸ ਵੇਲੇ ਮੈਨੂੰ ਡਰਾਇੰਗ ਰੂਮ ਵਿਚ ਉਹ ਖੁਸ਼ਖਬਰੀ ਦਸ ਕੇ ਗਿਆ ਸੀ, ਉਸ ਸਮੇਂ ਨੂੰ ਸਾਹਮਣੇ ਰੱਖ ਕੇ ਮੇਰਾ ਇਹ ਅੰਦਾਜ਼ਾ ਬਿਲਲ ਠੀਕ ਹੀ ਸੀ।

ਹੁਣ ਮੈਂ ਇਹ ਜਾਣਨਾ ਚਾਹੁੰਦੀ ਸਾਂ ਕਿ ਸਰ ਪਰਸੀਵਲ ਨੇ ਹੋਰ ਕੀ ਕੀ ਪਤਾ ਲਾ ਲਿਆ ਸੀ, ਜਦ ਫ਼ੋਸਕੋ ਨੇ ਉਹਨੂੰ ਆ ਕੇ ਖ਼ਬਰ ਦੇ ਦਿੱਤੀ ਸੀ।

"ਤੇਰੇ ਕੋਲੋਂ ਚਿੱਠੀ ਉਹਨੇ ਕਿੰਜ ਲਈ? ਜਦੋਂ ਤੈਨੂੰ ਇਹ ਰੇਤ ਵਿਚੋਂ ਮਿਲੀ, ਤੂੰ ਕੀ ਕੀਤਾ?" ਮੈਂ ਲਾਰਾ ਨੂੰ ਪੁੱਛਿਆ।

"ਮੈਂ ਇਕ ਵਾਰ ਇਹਨੂੰ ਪੜ੍ਹਿਆ, ਅਤੇ ਫਿਰ ਬੱਟ ਹਾਊਸ ਵਿਚ ਚਲੀ ਉਥੇ ਬੈਠਕੇ ਆਰਾਮ ਨਾਲ ਦੂਜੀ ਵਾਰ ਪੜ੍ਹ ਸਕਾਂ। ਜਦੋਂ ਮੈਂ ਪੜ੍ਹ ਹੀ ਰਹੀ ਸਾਂ ਗਈ ਤਾਂ ਜੋ ਤਾਂ ਕਿਸੇ ਦਾ ਪਰਛਾਵਾਂ ਚਿੱਠੀ ਤੇ ਪਿਆ। ਮੈਂ ਸਿਰ ਉੱਚਾ ਕਰਕੇ ਵੇਖਿਆ ਤਾਂ ਸਰ ਪਰਸੀਵਲ ਸਾਹਮਣੇ ਖੜਾ ਸੀ। ਉਹ ਮੈਨੂੰ ਵੇਖ ਰਿਹਾ ਸੀ।"

"ਤਾਂ ਕੀ ਤੂੰ ਚਿੱਠੀ ਲੁਕਾਈ?"

"ਹਾਂ, ਮੈਂ ਛੁਪਾਣ ਹੀ ਲੱਗੀ ਸਾਂ ਕਿ ਉਹਨੇ ਮਨਾਂ ਕਰ ਦਿੱਤਾ। ਉਹ ਬੋਲਿਆਂ, 'ਚਿੱਠੀ ਲੁਕਾਣ ਦਾ ਕੋਈ ਫਾਇਦਾ ਨਹੀਂ-ਮੈਂ ਪੜ੍ਹ ਚੁਕਾ ਹਾਂ।" ਮੈਂ ਕੀ ਕਹਿ ਸਕਦੀ ਸਾਂ-ਚੁਪ ਚਾਪ

ਬੈਠੀ ਰਹੀ-ਉਹ ਫਿਰ ਬੋਲਿਆ, "ਦੋ ਘੰਟੇ ਹੋਏ ਹਨ, ਮੈਂ ਇਹ ਚਿੱਠੀ ਪੜ੍ਹੀ ਹੈ; ਅਤੇ ਫਿਰ ਇਸ ਨੂੰ ਰੇਤ ਵਿਚ ਇਥੇ ਹੀ ਦੱਬ ਦਿੱਤਾ ਹੈ; ਅਤੇ ਇਹ ਸ਼ਬਦ 'ਵੇਖੋ' ਵੀ ਮੈਂ ਹੀ ਲਿਖਿਆ ਹੈ। ਹੁਣ ਤੂੰ ਮੇਰੇ ਨਾਲ ਝੂਠ ਨਹੀਂ ਬੋਲ ਸਕਦੀ। ਕਲ ਤੂੰ ਛੁਪ ਕੇ ਏਨ ਕੈਥੇਰਿਕ ਨੂੰ ਮਿਲੀ ਹੈ, ਅਤੇ ਇਸ ਵੇਲੇ ਉਹਦੀ ਚਿੱਠੀ ਤੇਰੇ ਹੱਥ ਵਿਚ ਹੈ। ਮੈਂ ਉਹਨੂੰ ਤੇ ਨਹੀਂ ਪਕੜ ਸਕਿਆ। ਪਰ ਤੈਨੂੰ ਮੈਂ ਪਕੜ ਲਿਆ ਹੈ, ਮੈਨੂੰ ਚਿੱਠੀ ਦੇ ਦੇ।" ਉਹ ਮੇਰੇ ਸਿਰ ਕੋਲ ਆ ਗਿਆ, ਮੈਂ ਇਕੱਲੀ ਸਾਂ-ਕੀ ਕਰਦੀ-ਮੈਂ ਓਹਨੂੰ ਉਹ ਚਿੱਠੀ ਦੇ ਦਿੱਤੀ।"

"ਫਿਰ ਉਹਨੇ ਕੀ ਕਿਹਾ?"

"ਪਹਿਲਾਂ ਤਾਂ ਉਹਨੇ ਕੁਝ ਨਾ ਕਿਹਾ। ਮੇਰੀ ਬਾਂਹ ਵਿਚ ਬਾਂਹ ਪਾ ਕੇ ਉਹ ਮੈਨੂੰ ਬਾਹਰ ਲੈ ਆਇਆ। ਬਾਹਰ ਆਉਣ ਤੇ ਉਹਨੇ ਚਾਰੇ ਪਾਸੇ ਵੇਖਿਆ, ਜਿਵੇਂ ਕਿ ਉਹਨੂੰ ਡਰ ਹੋਵੇ ਕਿ ਕੋਈ ਸਾਨੂੰ ਵੇਖ ਜਾਂ ਸੁਣ ਤਾਂ ਨਹੀਂ ਰਿਹਾ। ਫਿਰ ਉਹਨੇ ਮੇਰੀ ਬਾਂਹ ਘੁੱਟ ਕੇ ਫੜ ਲਈ ਅਤੇ ਹੌਲੀ ਜਿਹੀ ਬੋਲਿਆ; "ਕਲ੍ਹ ਤੈਨੂੰ ਏਨ ਕੈਥੇਰਿਕ ਨੇ ਕੀ ਕੀ ਕਿਹਾ? ਮੈਨੂੰ ਇਕ ਇਕ ਸ਼ਬਦ ਦਸ, ਸ਼ੁਰੂ ਤੋਂ ਅੰਤ ਤੀਕ।’

"ਤਾਂ ਕੀ ਤੂੰ ਦਸਿਆ?'

"ਮੈਂ ਇਕੱਲੀ ਸਾਂ, ਉਸ ਜ਼ਾਲਮ ਨੇ ਮੇਰੀ ਬਾਂਹ ਤੇ ਨਿਸ਼ਾਨ ਧਾ ਦਿੱਤਾ ਸੀ- ਇੰਨੀ ਜ਼ੋਰ ਦੀ ਉਹ ਘੁੱਟੀ ਜਾ ਰਿਹਾ ਸੀ, ਮੈਂ ਕੀ ਕਰਦੀ?"

"ਕੀ ਉਹ ਨੀਲ ਤੇਰੀ ਬਾਂਹ ਤੋਂ ਹੈ? ਮੈਨੂੰ ਵੇਖਣ ਦੇ?

"ਤੂੰ ਕਿਉਂ ਵੇਖਣਾ ਚਾਹੁੰਦੀ ਹੈ?"

"ਮੈਂ ਇਸ ਨੂੰ ਦੇਖਾਂਗੀ ਲਾਰਾ, ਕਿਉਂਕਿ ਅੱਜ ਤੋਂ ਅਸੀਂ ਕੁਝ ਵੀ ਸਹਿਣਾ ਨਹੀਂ, ਹੁਣ ਅਸੀਂ ਆਪਣਾ ਰਵੱਈਆ ਹੀ ਬਦਲਣਾ ਹੈ। ਤੇਰਾ ਇਹ ਜ਼ਖਮ ਹੀ ਪਹਿਲਾ ਹਥਿਆਰ ਹੋਵੇਗਾ ਜਿਸ ਨਾਲ ਅਸੀਂ ਉਹਦੇ ਤੇ ਵਾਰ ਕਰਨਾ ਹੈ ਮੈਨੂੰ ਦੇਖਣ ਦੇ, ਹੋ ਸਕਦਾ ਹੈ ਭੱਵਿਸ਼ ਵਿਚ ਮੈਨੂੰ ਇਸ ਦੀ ਸੌਂਹ ਚੁੱਕਣੀ ਹੋਵੇ।"

"ਔਹ ਮੇਰੀਅਨ ! ਇੰਜ ਨਾ ਵੇਖ, ਇੰਜ ਗੱਲਾਂ ਨਾ ਕਰ। ਹੁਣ ਮੈਨੂੰ ਕੋਈ ਪੀੜ ਨਹੀਂ?"

ਉਹਨੇ ਮੈਨੂੰ ਉਹ ਨੀਲ ਵਿਖਾਏ। ਹੁਣ ਮੈਂ ਉਸ ਸਟੇਜ ਤੋਂ ਲੰਘ ਚੁੱਕੀ ਸਾਂ, ਜਿਥੇ ਅਜਿਹੇ ਨਿਸ਼ਾਨਾਂ ਉਤੇ ਰੋਂਦੀ ਧੋਂਦੀ, ਦੁੱਖ ਮਨਾਂਦੀ, ਕੰਬਦੀ ਅਤੇ ਹਾਇ ਹਾਇ ਕਰਦੀ। ਕਿਹਾ ਜਾਂਦਾ ਹੈ ਕਿ ਜਾਂ ਤੇ ਅਸੀਂ ਮਰਦਾਂ ਨਾਲੋਂ ਵਧੇਰੇ ਚੰਗੀਆਂ ਹੁੰਦੀਆਂ ਹਾਂ ਜਾਂ ਭੈੜੀਆਂ-। ਉਹ ਲਾਲਚ ਜਿਸ ਕਰਕੇ ਕਈ ਔਰਤਾਂ ਭੈੜੀਆਂ ਬਣਦੀਆਂ ਹਨ, ਜੇ ਇਸ ਵੇਲੇ ਮੈਨੂੰ ਕੋਈ ਦੇਂਦਾ ਤਾਂ-ਪਰ ਰੱਬ ਦਾ ਸ਼ੁਕਰ ਹੈ ਕਿ ਮੇਰੇ ਚਿਹਰੇ ਤੋਂ ਲਾਰਾ ਕੁਝ ਨਾ ਪੜ੍ਹ ਸਕੀ। ਉਹਨੇ ਇਹੀ ਸਮਝਿਆ ਕਿ ਮੈਂ ਡਰ ਗਈ ਸਾਂ ਜਾਂ ਦਿਲ ਹੀ ਦਿਲ ਵਿਚ ਦੁਖੀ ਹੋ ਰਹੀ ਸਾਂ, ਉਫ ! ਉਹ ਕਿੰਨੀ ਭਲੀ, ਨਿਰਛਲ ਅਤੇ ਪਿਆਰੀ ਸੀ।

"ਮੇਰੀਅਨ, ਇਸ ਨੂੰ ਹੁਣ ਛੱਡ ਦੇ, ਮੈਨੂੰ ਰਤਾ ਵੀ ਪੀੜ ਨਹੀਂ ਹੋ ਰਹੀ।" ਉਹ ਆਪਣੀ ਕਮੀਜ਼ ਦੀ ਬਾਂਹ ਹੇਠਾਂ ਖਿੱਚ ਲਈ।

"ਮੈਂ ਤੇਰੀ ਖਾਤਿਰ ਹੁਣ ਹੋਰ ਨਹੀਂ ਸੋਚਾਂਗੀ -ਹੱਛਾ ! ਤਾਂ ਤੂੰ ਉਸ ਨੂੰ ਇਹੀ ਸਭ ਕੁਝ ਦੱਸਿਆ ਜੋ ਮੈਨੂੰ ਦੱਸਿਆ ਸੀ?'

''ਹਾਂ, ਉਹਨੇ ਮੇਰੇ ਤੇ ਬੜਾ ਜ਼ੋਰ ਪਾਇਆ। ਮੈਂ ਕੁਛ ਵੀ ਛੁਪਾ ਨਾਂ ਸਕੀ: ਮੈਂ ਇਕੱਲੀ ਸਾਂ।"

"ਤੇਰੇ ਦੱਸਣ ਮਗਰੋਂ ਉਹਨੇ ਕੀ ਕਿਹਾ?"

ਮੇਰੇ ਵੱਲ ਵੇਖਕੇ ਉਹ ਖਿੱਲੀ ਉਡਾਂਦਾ ਹੋਇਆ ਬੋਲਿਆ "ਮੈਂ" ਸਾਰੀ ਗੱਲ ਤੇਰੇ ਕੋਲੋਂ ਸੁਣਨੀ ਏਂ, ਕੀ ਤੂੰ ਸੁਣ ਰਹੀ ਏਂ? ਬਾਕੀ ਦੀ ਗੱਲ ਦੱਸ !" ਮੈਂ ਉਹਨੂੰ ਸੌਂਹ ਚੁੱਕ ਕੇ ਕਿਹਾ-ਕਿ ਜੋ ਮੈਂ ਜਾਣਦੀ ਸਾਂ ਉਸ ਨੂੰ ਦੱਸ ਦਿੱਤਾ ਸੀ। "ਨਹੀਂ ਕਦੀ ਨਹੀਂ- ਤੈਨੂੰ ਹੋਰ ਵੀ ਪਤਾ ਹੈ, ਜੋ ਤੂੰ ਨਹੀਂ ਦੱਸ ਰਹੀ ! ਤੈਨੂੰ ਦੱਸਣਾ ਹੀ ਪਵੇਗਾ-ਉਹ ਤੇ ਮੈਂ ਤੇਰੇ ਅੰਦਰੋਂ ਵੀ ਕਿਸੇ ਤਰ੍ਹਾਂ ਕੱਢ ਲਵਾਂਗਾ ! ਇਥੇ ਨਹੀਂ ਤਾਂ ਘਰ ਚਲ ਕੇ ਸਹੀ।" ਉਹ ਮੈਨੂੰ ਇਕ ਨਵੇਂ ਰਾਹ ਤੋਂ ਘਰ ਵੱਲ ਲਿਆਇਆ, ਉਧਰ ਤੇਰੇ ਮਿਲਣ ਦੀ ਸਾਨੂੰ ਕੋਈ ਸੰਭਾਵਨਾ ਨਹੀਂ ਸੀ। ਘਹ ਦੇ ਨੇੜੇ ਆਉਣ ਤੇ ਉਹ ਫਿਰ ਰੁਕ ਗਿਆ ਅਤੇ ਬੋਲਿਆ-'ਮੈਂ ਤੇ ਤੈਨੂੰ ਇਕ ਹੋਰ ਮੌਕਾ ਦਿੰਦਾ ਹਾਂ, ਸੋਚ ਲੈ ਤੇ ਹੁਣ ਵੀ ਦਸ ਦੇ -" ਮੈਂ ਉਹਨੂੰ ਉਹੀ ਗੱਲ ਮੁੜ ਕਹੀ- ਜੋ ਪਹਿਲਾਂ ਕਹਿ ਰੁਕੀ ਸਾਂ। ਉਹਨੇ ਮੇਰੀ ਜਿੱਦ ਨੂੰ ਫਿਟਕਾਰਿਆ ਅਤੇ ਮੈਨੂੰ ਖਿੱਚਦਾ ਖਿੱਚਦਾ ਘਰ ਤਕ ਲੈ ਆਇਆ। "ਤੂੰ ਮੈਨੂੰ ਧੋਖਾ ਨਹੀਂ ਦੇ ਸਕਦੀ। ਜੋ ਮੈਨੂੰ ਦੱਸਦੀ ਏਂ ਇਸ ਤੋਂ ਜ਼ਿਆਦਾ ਤੈਨੂੰ ਹੋਰ ਵੀ ਪਤਾ ਹੈ। ਮੈਂ ਇਹ ਭੇਤ ਤੇਰੇ ਅਤੇ ਤੇਰੀ ਭੈਣ ਅੰਦਰੋਂ ਵੀ ਕੱਢਾਂਗਾ ਹੁਣ ਤੁਹਾਡੇ ਵਿਚਕਾਰ ਕੋਈ ਸਕੀਮਾਂ

ਨਹੀਂ ਬਣਨਗੀਆਂ ਅਤੇ ਨਾ ਹੀ ਤੁਸੀਂ ਘੁਸਰ ਮੁਸਰ ਕਰ ਸਕੋਗੀਆਂ ਜਦ ਤਕ ਤੁਸੀਂ ਸੱਚ ਨਹੀਂ ਬੋਲੋਗੀਆਂ, ਮੈਂ ਤੁਹਾਨੂੰ ਇਕ ਦੂਜੇ ਨੂੰ ਮਿਲਣ ਹੀ ਨਹੀਂ ਦੇਣਾ। ਮੈਂ ਦਿਨ, ਰਾਤ, ਸਵੇਰੇ ਅਤੇ ਦੁਪਹਿਰੀ ਤੁਹਾਡੀ ਰਾਖੀ ਕਰਾਂਗਾ ਅਤੇ ਕਰਵਾਵਾਂਗਾ।" ਉਹਨੇ ਮੇਰੀ ਇਕ ਨਾ ਸੁਣੀ। ਉਹ ਮੈਨੂੰ ਉਪਰ ਮੇਰੇ ਕਮਰੇ ਵਿਚ ਲੈ ਆਇਆ। ਫ਼ੈਨੀ ਇਥੇ ਕਮਰੇ ਵਿਚ ਬੈਠੀ ਕੁਝ ਕਰ ਰਹੀ ਸੀ। ਉਹਨੇ ਆਉਂਦਿਆਂ ਹੀ ਉਹਨੂੰ ਬਾਹਰ ਕੱਢਿਆ "ਮੈਂ ਇਹ ਵੀ ਵੇਖਾਂਗਾ ਕਿ ਕਿਧਰੇ ਤੂੰ ਵੀ ਤੇ ਨਹੀਂ ਇਨ੍ਹਾਂ ਨਾਲ ਰਲੀ ਹੋਈ, ਤੂੰ ਅੱਜ ਹੀ ਚਲੀ ਜਾ। ਜੇ ਤੇਰੀ ਮਾਲਕਣ ਨੂੰ ਨੌਕਰਾਣੀ ਦੀ ਲੋੜ ਹੈ, ਤਾਂ ਉਹ ਮੇਰੀ ਮਰਜ਼ੀ ਦੀ ਹੋਵੇਗੀ।" ਮੈਨੂੰ ਅੰਦਰ ਧੱਕਾ ਦੇ ਕੇ ਉਹਨੇ ਮੇਰੇ ਬੂਹੇ ਨੂੰ ਬਾਹਰੋਂ ਤਾਲਾ ਲਾ ਦਿੱਤਾ ਅਤੇ ਉਸ ਬੇਵਕੂਫ ਨੌਕਰਾਣੀ ਨੂੰ ਬਾਹਰ ਪਹਿਰੇ ਤੇ ਖੜਾ ਕਰ ਦਿੱਤਾ ਸੀ। ਮੇਰੀਅਨ, ਉਹ ਪਾਗਲਾਂ ਵਾਂਗ ਬੋਲ ਰਿਹਾ ਸੀ ਅਤੇ ਉਹ ਪਾਗਲ ਦਿਸਦਾ ਸੀ ਸ਼ਾਇਦ ਤੂੰ ਸਮਝ ਨਾ ਸਕੇ-ਜਾਂ ਯਕੀਨ ਨਾ ਕਰੇਂ ਪਰ ਮੈਂ ਕਹਿੰਦੀ ਹਾਂ-ਉਹ ਪਾਗਲ ਹੀ ਸੀ।"

'ਮੈਂ ਜਾਣਦੀ ਹਾਂ, ਲਾਰਾ ਉਹਦੇ ਅੰਦਰ ਕੋਈ ਚੋਰ ਹੈ ਇਸ ਲਈ ਹੀ ਉਹ ਡਰ ਤੋਂ ਪਾਗਲ ਹੋਇਆ ਹੋਇਆ ਹੈ ਕਿ ਕਿਧਰੇ ਉਹਦਾ ਭੇਦ ਨਾ ਖੁਲ੍ਹ ਜਾਏ! ਹੁਣ ਤੇ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਕੱਲ੍ਹ ਜਦੋਂ ਏਨ ਕੈਥੇਰਿਕ ਤੇਰੇ ਨਾਲ ਗੱਲਾਂ ਕਰ ਰਹੀ ਸੀ, ਉਹ ਤੈਨੂੰ ਤੇਰੇ ਪਤੀ ਦਾ ਉਹ ਭੇਤ ਦੱਸਣ ਹੀ ਲੱਗੀ ਸੀ -ਉਹ ਭੇਤ ਜੋ ਇਹਨੂੰ ਤਬਾਹ ਅਤੇ ਬਰਬਾਦ ਕਰ ਸਕਦਾ ਹੈ। ਉਹ ਇਸ ਭੁਲੇਖੇ ਵਿਚ ਹੈ ਕਿ ਤੈਨੂੰ ਪਤਾ ਲੱਗ ਚੁਕਾ ਹੈ। ਹੁਣ ਭਾਵੇਂ ਤੂੰ ਕੀ ਪਈ ਕਹੇਂ। ਉਹ ਮਕਾਰ ਆਦਮੀ ਕਦੀ ਨਹੀਂ ਮੰਨੇਗਾ। ਮੈਂ ਤੈਨੂੰ ਡਰਾਉਣ ਤੋਂ ਭੈ-ਭੀਤ ਕਰਨ ਲਈ ਇਹ ਨਹੀਂ ਕਹਿ ਰਹੀ, ਸਗੋਂ ਮੈਂ ਤੈਨੂੰ ਇਹ ਸਮਝਾਉਣਾ ਚਾਹੁੰਦੀ ਹਾਂ ਕਿ ਅਸੀਂ ਇਸ ਵੇਲੇਂ ਕਿਸ ਹਾਲਤ ਵਿਚ ਹਾਂ ਹੁਣ ਮੇਰੀ ਪਿਆਰੀ ਲਾਰਾ, ਸਿਰ ਤੋਂ ਪਾਣੀ ਲੰਘ ਚੁੱਕਾ ਹੈ, ਅਤੇ ਇਹ ਜ਼ਰੂਰੀ ਹੈ ਕਿ ਤੂੰ ਕੁਝ ਆਪਣੇ ਬਚਾਉ ਲਈ ਕਰਨ ਦੇ ! ਅਜੇ ਸਾਡੇ ਕੋਲ ਸਮਾਂ ਹੈ, ਅਸੀਂ ਕੁਝ ਕਰ ਸਕਦੀਆਂ ਹਾਂ ਇਹ ਨਾ ਹੋਵੇ ਕਿ ਕੱਲ੍ਹ ਕੋਈ ਹੋਰ ਅਜਿਹੀ ਘਟਨਾ ਹੋ ਜਾਏ ਤੇ ਅਸੀਂ ਇਥੇ ਫਸ ਹੀ ਜਾਈਏ। ਅੱਜ ਕਾਂਊਟ ਫ਼ੋਸਕੋ ਨੇ ਮੈਨੂੰ ਇਥੇ ਪਹੁੰਚਣ ਵਿਚ ਸਹਾਇਤਾ ਕੀਤੀ ਹੈ, ਹੋ ਸਕਦਾ ਹੈ, ਕੱਲ੍ਹ ਉਹ ਕੁਝ ਨਾ ਕਰੇ ਤਾਂ ਅਸੀਂ ਕੀ ਕਰਾਂਗੀਆਂ? ਸਰ ਪਰਸੀਵਲ ਨੇ ਫ਼ੈਨੀ ਨੂੰ ਜਵਾਬ ਦੇ ਦਿੱਤਾ ਹੈ, ਕਿਉਂ ਕਿ ਉਹ ਤੇਰੇ ਪਿਛੇ ਆਪਣੀ ਜਾਨ ਵੀ ਦੇਣ ਨੂੰ ਤਿਆਰ ਹੈ, ਅਤੇ ਉਹ ਸਭ ਕੁਝ ਸਮਝ ਸਕਦੀ ਹੈ। ਉਹਦੀ ਥਾਂ ਤੇ ਉਹ ਉਸ ਮੂਰਖ ਨੌਕਰਾਣੀ ਨੂੰ ਤੇਰੇ

ਲਈ ਚੁਣ ਲਿਆਇਆ ਹੈ, ਜੋ ਤੇਰੀ ਬਿਲਕੁਲ ਪਰਵਾਹ ਨਹੀਂ ਕਰਦੀ ਅਤੇ ਉਹਦੀ ਅਕਲ ਏਨੀ ਮੋਟੀ ਹੈ ਕਿ ਰਾਖੇ-ਕੁੱਤੇ ਵਾਂਗ ਸਰ ਪਰਸੀਵਲ ਦੇ "ਹੁਕਮ ਅਨੁਸਾਰ ਇਥੋਂ ਕਦੀ ਵੀ ਨਹੀਂ ਹਿਲੇਗੀ। ਕੀ ਪਤਾ ਉਹ ਅੱਗੇ ਕਿਸ ਹੱਦ ਤੱਕ ਚਲਾ ਜਾਏ; ਉਹਦਾ ਗੁੱਸਾ ਤਾਂ ਅਸੀਂ ਵੇਖ ਹੀ ਚੁੱਕੀਆਂ ਹਾਂ। ਸੋ ਅੱਜ ਹੀ ਸਾਨੂੰ ਹੁਸ਼ਿਆਰ ਹੋ ਕੇ ਅਤੇ ਸੋਚ ਸਮਝ ਕੇ ਕੁਝ ਨਾਂ ਕੁਝ ਕਰਨਾ ਚਾਹੀਦਾ ਹੈ। ਕਿਉਂਕਿ ਅੱਜ ਦਾ ਮੌਕਾ ਸਾਡੇ ਕੋਲ ਹੈ।"

"ਅਸੀਂ ਕੀ ਕਰ ਸਕਦੀਆਂ ਹਾਂ, "ਮੇਰੀਅਨ? ਅਸੀਂ ਇਥੋਂ ਚਲੀਆਂ ਚਲੀਏ-ਮੁੜ ਕਦੀ ਨਾ ਆਈਏ, ਕੀ ਇਹ ਨਹੀਂ ਹੋ ਸਕਦਾ?"

"ਮੇਰੀ ਗੱਲ ਧਿਆਨ ਨਾਲ ਸੁਣ ਲਾਰਾ, ਜਦੋਂ ਤਕ ਮੈਂ ਤੇਰੇ ਨਾਲ ਹਾਂ, ਏਨੀ ਨਿਰਾਸ਼ ਨਾ ਹੋ ਭੈਣ।"

"ਮੈਂ ਇਹ ਗੱਲ ਕਦੀ ਨਹੀਂ ਭੁੱਲਾਂਗੀ, ਸਦਾ ਯਾਦ ਰਖਾਂਗੀ ! ਮੇਰੇ ਹੀ ਸੁਖ ਅਤੇ ਆਰਾਮ ਦਾ ਖਿਆਲ ਕਰਦੀ ਫ਼ੈਨੀ ਨੂੰ ਨਾ ਭੁੱਲੀ, ਉਹ ਵੀ ਬੜੀ ਦੁਖੀ ਹੋਈ ਹੈ।'

"ਮੈਂ ਉਹਨੂੰ ਹੁਣੇ ਮਿਲ ਕੇ ਆਈ ਹਾਂ, ਮੈਂ ਉਹਨੂੰ ਨਹੀਂ ਭੁੱਲਾਂਗੀ। ਮੈਂ ਉਹਨੂੰ ਕਹਿ ਆਈ ਹਾਂ ਕਿ ਅੱਜ ਰਾਤੀਂ ਉਹਨੂੰ ਮਿਲਾਂਗੀ' ਮੈਂ ਚਿੱਠੀਆਂ ਲਿਖਣੀਆਂ ਹਨ; ਜੋ ਫ਼ੈਨੀ ਨੂੰ ਦਿਆਂਗੀ ਕਿਉਂਕਿ ਬਲੈਕਵਾਟਰ ਪਾਰਕ ਦੇ ਡਾਕ ਦੇ ਥੈਲੇ ਵਿਚ ਚਿੱਠੀ ਪਾਣ ਦਾ ਕੋਈ ਫਾਇਦਾ ਨਹੀਂ ਇਥੇ ਕੋਈ ਵੀ ਖੋਲ੍ਹ ਕੇ ਪੜ੍ਹ ਸਕਦਾ ਹੈ।"

"ਚਿੱਠੀਆਂ ਕਿਸ ਨੂੰ ਲਿਖੇਂਗੀ?'

"ਇਕ ਚਿੱਠੀ ਤਾਂ ਮੈਂ ਮਿਸਟਰ ਗਿਲਮੌਰ ਭਾਈਵਾਲ ਨੂੰ ਪਾਵਾਂਗੀ। ਉਹਨੇ ਇਹ ਲਿਖਿਆ ਸੀ ਕਿ ਜੇ ਕੋਈ ਨਵੀਂ ਘਟਨਾ ਹੋਵੇ-ਜਾਂ ਕੋਈ ਲੋੜ ਪਵੇ ਤਾਂ ਅਸੀਂ ਉਹਨੂੰ ਅਵੱਸ਼ ਖਬਰ ਦੇਈਏ। ਭਾਵੇਂ ਮੈਂ ਕਾਨੂੰਨ ਨੂੰ ਬਹੁਤਾ ਨਹੀਂ ਸਮਝਦੀ, ਪਰ ਇੰਨਾ ਤਾਂ ਜਾਣਦੀ ਹਾਂ, ਕਿ ਉਹ ਤੇਰੀ ਇਸ ਨਿਰਾਦਰੀ ਭਰੇ ਵਰਤਾਉ ਤੋਂ ਤਾਂ ਆਵੱਸ਼ ਰਖਿਆ ਕਰ ਸਕਦਾ ਹੈ, ਜੋ ਉਸ ਬਦਮਾਸ਼ ਨੇ ਅੱਜ ਤੇਰੇ ਨਾਲ ਕੀਤਾ ਹੈ। ਏਨ ਕੈਥੇਰਿਕ ਬਾਰੇ ਮੈਂ ਕੁਝ ਨਹੀਂ ਲਿਖਾਂਗੀ ਕਿਉਂਕਿ ਸਾਡੇ ਕੋਲ ਉਹਦੀ ਕੋਈ ਨਵੀਂ ਅਤੇ ਵਿਸ਼ਵਾਸ਼ਯੋਗ ਖਬਰ ਨਹੀਂ। ਪਰ ਵਕੀਲ ਨੂੰ ਤੇਰੀ ਬਾਂਹ ਦੇ ਇਹਨਾਂ ਨੀਲਾ ਅਤੇ ਜ਼ਖ਼ਮਾਂ ਬਾਰੇ ਜ਼ਰੂਰ ਦੱਸਣਾ ਹੈ ਅਤੇ ਜਿਵੇਂ ਅੱਜ ਉਸਨੇ ਤੈਨੂੰ ਇਥੇ ਜ਼ਬਰਦਸਤੀ ਬੰਦ ਕੀਤਾ ਹੈ, ਉਸ ਦੀ ਵੀ ਖਬਰ ਮੈਂ ਅਜ ਰਾਤੀਂ ਸੌਣ ਤੋਂ ਪਹਿਲਾਂ ਜ਼ਰੂਰ ਭੇਜਣੀ ਹੈ।"

"ਮੇਰੀਅਨ-ਸਭ ਨੂੰ ਹੀ ਪਤਾ ਲੱਗ ਜਾਏਗਾ।"

"ਤਾਂ ਕੀ ਹੋਇਆ-ਤੈਨੂੰ ਡਰਨ ਦੀ ਕੋਈ ਲੋੜ ਨਹੀਂ ਇਸ ਗੱਲ ਤੋਂ ਸਰ ਪਰਸੀਵਲ ਨੂੰ ਡਰਨਾ ਚਾਹੀਦਾ ਹੈ; ਉਹ ਕਿਸੇ ਡਰ ਨਾਲ ਸਿੱਧਾ ਹੋ ਸਕਦਾ ਹੈ।"

ਮੈਂ ਆਪਣੀ ਗੱਲ ਮੁਕਾ ਕੇ ਉਠ ਪਈ, ਪਰ ਲਾਰਾ ਅਜੇ ਵੀ ਮੈਨੂੰ ਆਪਣੇ ਕੋਲ ਬੈਠਣ ਲਈ ਜ਼ੋਰ ਪਾ ਰਹੀ ਸੀ।

"ਜੇ ਉਹਨੂੰ ਪਤਾ ਲੱਗਾ ਤਾਂ ਉਹ ਸਾਡੇ ਲਈ ਹੋਰ ਵੀ ਖਤਰਨਾਕ ਸਾਬਤ ਹੋਵੇਗਾ, ਅਤੇ ਇਸ ਤਰ੍ਹਾਂ ਅਸੀਂ ਹੋਰ ਮੁਸੀਬਤ ਵਿਚ ਪੈ ਜਾਵਾਂਗੀਆਂ।"

ਮੈਂ ਇਹਨਾਂ ਸ਼ਬਦਾਂ ਦੀ ਸਚਾਈ ਤੇ ਮੁਨੱਕਰ ਨਹੀਂ ਸੀ ਹੋ ਸਕਦੀ। ਇਹ ਬੜੇ ਦਿਲ ਢਾਹੂ ਸ਼ਬਦ ਸਨ; ਉਹ ਜੋ ਕਹਿ ਰਹੀ ਸੀ ਠੀਕ ਹੀ ਸੀ, ਪਰ ਮੈਂ ਹੁਣ ਇੰਜ ਹੱਥ ਤੇ ਹੱਥ ਰੱਖ ਕੇ ਨਹੀਂ ਸਾਂ ਬੈਠ ਸਕਦੀ। ਇਹ ਚਿੱਠੀਆਂ ਭੇਜਣੀਆਂ ਹੀ ਪੈਣੀਆਂ ਸਨ, ਕਿਉਂਕਿ ਹੋਰ ਕਈ ਰਸਤਾ ਨਹੀਂ ਸੀ ਅਤੇ ਕੋਈ ਆਸ ਨਹੀਂ ਸੀ। ਮੈਂ ਲਾਰਾ ਨੂੰ ਵੀ ਇਹ ਗੱਲ ਕਹੀ ਉਹਨੇ ਮੇਰੇ ਉੱਤਰ ਤੇ ਨਿਰਾਸ਼ਾ ਭਰਿਆ ਹਉਕਾ ਭਰਿਆ, ਪਰ ਹੁਣ ਅੱਗੇ ਕੋਈ ਹੋਰ ਦਲੀਲ ਨਾ ਦਿੱਤੀ। ਦੂਜੀ ਚਿੱਠੀ ਬਾਰੇ ਉਹਨੇ ਮੈਨੂੰ ਪ੍ਰਤੀਕ੍ਰਿਆ ਕਿ ਉਹ ਮੈਂ ਕਿਸ ਨੂੰ ਲਿਖਣੀ ਸੀ।

"ਮਿਸਟਰ ਫ਼ੇਅਰਲੀ ਨੂੰ: ਮਰਦਾਂ ਵਿਚੋਂ ਤੇਰਾ ਚਾਚਾ ਹੀ ਤੇਰਾ ਇਕ ਇਕ ਰਿਸਤੇਦਾਰ ਹੈ, ਅਤੇ ਉਹੀ ਹੁਣ ਵੱਡਾ ਹੈ, ਉਹੀ ਕੁਝ ਕਰੇਗਾ।"

ਲਾਰਾ ਨੇ ਆਪਣਾ ਸਿਰ ਨਿਰਾਸ਼ਾ ਵਿਚ ਹਿਲਾਇਆ।

'ਹਾਂ, ਮੈਂ" ਇਹ ਜਾਣਦੀ ਹਾਂ, ਕਿ ਤੇਰਾ ਚਾਚਾ ਕਮਜ਼ੋਰ, ਬਿਮਾਰ, ਤੇ ਬੇਹੱਦ ਸਵਾਰਥੀ ਹੈ। ਪਰ ਉਹ ਸਰ ਪਰਸੀਵਲ ਨਹੀਂ; ਅਤੇ ਨਾ ਹੀ ਉਹਦੇ ਕੋਲ ਕੋਈ ਕਾਂਉਟ ਫ਼ੋਸਕੋ ਵਰਗਾ ਮਿੱਤਰ ਹੈ। ਉਹਦੇ ਕੋਲੋਂ ਮੈਨੂੰ ਕਿਸੇ ਹਮਦਰਦੀ ਜਾਂ ਪਿਆਰ ਦੀ ਆਸ ਨਹੀਂ। ਉਹ ਤੈਨੂੰ ਤੇ ਮੈਨੂੰ ਕੁਝ ਨਹੀਂ ਸਮਝਦਾਂ। ਪਰ ਆਪਣੀ ਸ਼ਾਂਤੀ ਲਈ ਉਹ ਸਭ ਕੁਝ ਕਰੇਗਾ। ਮੈਂ ਉਹਨੂੰ ਇਹੀ ਲਿਖਾਂਗੀ ਕਿ ਜੇ ਹੁਣ ਉਹ ਦਖਲ ਦੇਵੇਗਾ ਤਾਂ ਉਸ ਜ਼ਿੰਮੇਵਾਰੀ, ਦੁੱਖ ਅਤੇ ਖੇਚਲ ਤੋਂ ਬਚ ਜਾਏਗਾ, ਜੋ ਉਹਦੇ ਹੁਣ ਚੁੱਪ ਰਹਿਣ ਤੇ ਉਹਨੂੰ ਪਿਛੋਂ ਜਾ ਕੇ ਝਲਣਾ ਪਵੇਗਾ। ਜੇ ਉਹਨੇ ਹੁਣ ਕੁਝ ਨਾ ਕੀਤਾ ਤਾਂ ਪਿਛੋਂ ਉਹਨੂੰ ਹੀ ਤਕਲੀਫ਼ ਹੋਵੇਗੀ। ਇਸ ਗੱਲ ਨਾਲ ਹੁਣ

ਉਹ ਕੁਝ ਨਾ ਕੁਝ ਕਰੇਗਾ। ਮੈਨੂੰ ਪਤਾ ਹੈ ਕਿ ਉਹਦੇ ਕੋਲੋਂ ਕਿਸ ਤਰ੍ਹਾਂ ਕੰਮ ਲੈਣਾ ਹੈ। ਆਖਿਰ ਮੈਨੂੰ ਵੀ ਇਨਿਆ ਸਾਲਾਂ ਦੀ ਪ੍ਰੈਕਿਟਸ ਹੈ।"

"ਜੇ ਤੂੰ ਉਹਨੂੰ ਇੰਨੀ ਗੱਲ ਮੰਨਵਾ ਲਵੇ ਕਿ ਮੈਂ ਥੋੜਾ ਚਿਰ ਤੇਰੇ ਨਾਲ ਜਾ ਕੇ ਲਿਮਰਿਜ ਰਹਿ ਆਵਾਂ ਤਾਂ ਮੈਂ ਪਹਿਲਾਂ ਵਾਂਗ ਹੀ ਖੁਸ਼ ਅਤੇ ਠੀਕ ਹੋ ਜਾਵਾਂਗੀ।

ਉਹਦੇ ਇਹਨਾਂ ਸ਼ਬਦਾਂ ਨਾਲ ਮੈਨੂੰ ਨਵਾਂ ਫੁਰਨਾ ਫੁਰਿਆ। ਕੀ ਸਰ ਪਰਸੀਵਲ ਨੂੰ ਇਨ੍ਹਾਂ ਦੋਹਾਂ ਰਸਤਿਆਂ ਵਿਚ ਇਕ ਚੁਣਨ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ? ਜਾਂ ਤੇ ਉਹ ਕਚਹਿਰੀ ਵਿਚ ਜਾ ਕੇ ਆਪਣੀ ਬਦਨਾਮੀ ਕਰਵਾਏ ਜਾਂ ਥੋੜੇ ਚਿਰ ਲਈ ਲਾਰਾ ਵੱਲੋਂ ਚੁੱਪ ਚਾਪ ਵੱਖ ਹੋ ਜਾਵੇ। ਅਤੇ ਉਹਨੂੰ ਲਿਮਰਿਜ ਭੇਜ ਦੇਵੇ। ਕੀ ਉਹ ਇਸ ਗੱਲ ਲਈ ਮੰਨ ਜਾਏਗਾ? ਮੈਨੂੰ ਸ਼ੱਕ ਸੀ। ਪਰ ਸਾਡੇ ਲਈ ਕੋਈ ਹੋਰ ਰਸਤਾ ਵੀ ਤਾਂ ਨਹੀਂ ਸੀ। ਸੋ ਕੋਸ਼ਿਸ਼ ਕਰਨ ਵਿਚ ਕੋਈ ਹਰਜ ਨਹੀਂ ਸੀ। "ਮਰਦਾ ਕੀ ਨਾ ਕਰਦਾ" ਵਾਲਾ ਹਾਲ ਸੀ।

"ਮੈਂ ਮਿਸਟਰ ਫ਼ੇਅਰਲੀ ਨੂੰ ਤੇਰੀ ਇਹ ਖਵਾਹਿਸ਼ ਲਿਖ ਦਿਆਂਗੀ" ਮੈਂ ਕਿਹਾ-'ਅਤੇ ਮੈਂ ਵਕੀਲ ਦੀ ਸਲਾਹ ਵੀ ਇਸ ਬਾਰੇ ਪੁੱਛ ਲਵਾਂਗੀ। ਮੈਨੂੰ ਆਸ ਹੈ, ਕੋਈ ਨਾ ਕੋਈ ਭਲਾ ਹੀ ਹੋਵੇਗਾ ਇਸ ਵਿਚ-

ਮੈਂ ਫਿਰ ਉੱਠੀ ਪਰ ਫਿਰ ਲਾਰਾ ਨੇ ਮੈਨੂੰ ਬਿਠਾ ਲਿਆ। "ਮੈਨੂੰ ਇਕੱਲਿਆਂ ਛੱਡ ਕੇ ਨਾ ਜਾ ! ਤੂੰ ਇਥੇ ਮੇਰੇ ਮੇਜ਼ ਤੇ ਹੀ ਬੈਠ ਕੇ ਚਿੱਠੀਆਂ ਲਿਖ ਲੈ",

ਅਜਿਹੇ ਵੇਲੇ ਲਾਰਾ ਨੂੰ ਨਾਂਹ ਕਰਨ ਨਾਲ ਮੇਰਾ ਆਪਣਾ ਵੀ ਜੀ ਉਦਾਸ ਹੋ ਗਿਆ-ਪਰ ਮੇਰਾ ਉਥੋਂ ਜਾਣਾ ਬਹੁਤ ਜ਼ਰੂਰੀ ਸੀ। ਕਿਉਂਕਿ ਅਸੀਂ ਪਹਿਲਾਂ ਹੀ ਬਹੁਤ ਦੇਰ ਤੋਂ ਇਕੱਲਿਆਂ ਅੰਦਰ ਬੈਠੀਆਂ ਸਾਂ। ਕਿਸੇ ਨੂੰ ਸਾਡੇ ਤੇ ਹੋਰ ਸ਼ੱਕ ਨਹੀਂ ਹੋਣਾ ਚਾਹੀਦਾ, ਸਾਇਦ ਸਾਡਾ ਅੱਗੇ ਮਿਲਣਾ ਇਸੇ ਹੀ ਗੱਲ ਤੇ ਨਿਰਭਰ ਕਰੇ।

ਹੁਣ ਮੈਨੂੰ ਹੇਠਾਂ ਉਹਨਾਂ ਬੇਈਮਾਨਾਂ ਵਿਚ ਜਾ ਕੇ ਬੈਠਣਾ ਉੱਠਣਾ ਚਾਹੀਦਾ ਸੀ, ਜੋ ਉਸ ਸਮੇਂ ਸਾਡੇ ਬਾਰੇ ਹੀ ਗੱਲਾਂ ਕਰ ਰਹੇ ਹੋਣਗੇ। ਮੈਂ ਲਾਰਾ ਨੂੰ ਸਮਝਾਇਆ ਕਿ ਮੈਨੂੰ ਥੱਲੇ ਜਾ ਕੇ, ਇੰਜ ਬੈਠਣਾ ਉੱਠਣਾ ਚਾਹੀਦਾ ਹੈ, ਜਿਵੇਂ ਕੋਈ ਖਾਸ ਗੱਲ ਨਹੀਂ ਹੁੰਦੀ। "ਮੈਂ" ਜਲਦੀ ਹੀ ਤੇਰੇ ਕੋਲ ਵਾਪਸ ਆਵਾਂਗੀ ਸ਼ਾਇਦ ਘੰਟਾ ਕੁ ਲੱਗ ਜਾਏ। ਅੱਜ ਹੁਣ ਇਸ ਤੋਂ ਵੱਧ ਕੁਝ ਹੋਰ ਨਹੀਂ ਹੋ ਸਕਦਾ; ਹੁਣ ਤੂੰ ਆਰਾਮ ਕਰ ਅਤੇ ਕਿਸੇ ਕਿਸਮ ਦਾ ਫਿਕਰ ਜਾਂ ਡਰ ਮਨ ਵਿਚ ਨਾ ਰੱਖ।"

"ਕੀ ਚਾਬੀ ਬੂਹੇ ਦੇ ਨਾਲ ਲੱਗੀ ਹੈ-? ਮੈਂ ਅੰਦਰੋਂ ਬੰਦ ਕਰ ਲਵਾਂ !"

"ਹਾਂ ਬੂਹਾ ਅੰਦਰੋਂ ਬੰਦ ਕਰ ਲੈ - ਅਤੇ ਜਦ ਤਕ ਮੈਂ ਨਾ ਆਵਾਂ ਤੂੰ ਕਿਸੇ ਹੋਰ ਨੂੰ ਨਾ ਖੋਹਲੀ।" ਮੈਂ ਉਹਨੂੰ ਚੁੰਮਿਆ ਅਤੇ ਕਮਰੇ ਵਿਚੋਂ ਬਾਹਰ ਨਿਕਲੀ। ਜਦੋਂ ਉਹਨੇ ਤਾਲੇ ਵਿਚ ਚਾਬੀ ਘੁਮਾਈ ਤਾਂ ਮੈਨੂੰ ਸ਼ਾਂਤੀ ਆਈ ਕਿ ਘੱਟ ਤੋਂ ਘੱਟ ਉਹਨੂੰ ਹੁਣ ਕੋਈ ਤੰਗ ਨਹੀਂ ਕਰ ਸਕਦਾ, ਅਤੇ ਜਦੋਂ ਉਹਦੀ ਮਰਜ਼ੀ ਹੋਵੇ, ਉਹ ਦਰਵਾਜ਼ਾ ਖੋਲ੍ਹ ਸਕਦੀ ਹੈ।

## (8)

ਉੱਨੀ ਜੂਨ ਅਜੇ ਮੈਂ ਪੌੜੀਆਂ ਤੱਕ ਹੀ ਪਹੁੰਚੀ ਸਾਂ, ਕਿ ਲਾਰਾ ਦੇ ਤਾਲਾ ਮਾਰਨ ਨਾਲ ਹੀ ਮੈਨੂੰ ਖਿਆਲ ਆਇਆ ਕਿ ਮੈਨੂੰ ਵੀ ਆਪਣੇ ਕਮਰੇ ਨੂੰ ਤਾਲਾ ਮਾਰ ਕੇ ਚਾਬੀ ਆਪਣੇ ਕੋਲ ਰਖਣੀ ਚਾਹੀਦੀ ਹੈ। ਮੇਰੀ ਡਾਇਰੀ ਉਸ ਦਰਾਜ਼ ਵਿਚ ਸੀ, ਜਿਸ ਵਿਚ ਹੋਰ ਵੀ ਕਈ ਕਾਗਜ਼ ਸਨ। ਪਰ ਮੇਰਾ ਲਿਖਣ ਦਾ ਸਾਰਾ ਸਾਮਾਨ ਮੇਜ਼ ਤੇ ਹੀ ਖਿਲਰਿਆ ਪਿਆ ਸੀ। ਇਕ ਮੁਹਰ ਸੀ। ਜਿਸ ਉਤੇ ਦੋ ਘੁੱਗੀਆਂ, ਜੋ ਇਕ ਹੀ ਪਿਆਲੀ ਵਿਚ ਪਾਣੀ ਪੀ ਰਹੀਆਂ ਸਨ, ਬਣੀਆਂ ਹੋਈਆਂ ਸਨ। ਕੁਝ ਸਿਆਹੀ ਚੂਸ ਦੇ ਟੁਕੜੇ ਸਨ ਮੈਂ ਰਾਤੀ ਡਾਇਰੀ ਲਿਖਦੀ ਲਿਖਦੀ ਆਪਣੇ ਪੰਨਿਆਂ ਉੱਤੇ ਰੱਖ ਕੇ ਉਹਨਾਂ ਨਾਲ ਸਿਆਹੀ ਚੂਸੀ ਸੀ। ਹੁਣ ਮੈਨੂੰ ਹਰ ਨਿੱਕੀ ਨਿੱਕੀ ਗੱਲ ਉਤੇ ਸ਼ੱਕ ਹੋ ਰਿਹਾ ਸੀ; ਸ਼ੱਕ ਮੇਰੇ ਸੁਭਾਅ ਦਾ ਅੰਗ ਹੀ ਬਣ ਗਿਆ ਸੀ। ਸੋ ਮੈਂ ਇਹਨਾਂ ਸਭ ਚੀਜ਼ਾਂ ਨੂੰ ਵੀ ਅੰਦਰ ਬੰਦ ਕਰਕੇ ਰੱਖਣ ਦਾ ਸੋਚਿਆ। ਹੁਣ ਤਾਲਾ ਲੱਗੇ ਹੋਏ ਦਰਾਜ਼ ਦਾ ਵੀ ਮੈਨੂੰ ਵਿਸ਼ਵਾਸ ਨਹੀਂ ਰਿਹਾ; ਦਰਵਾਜ਼ਾ ਵੀ ਬੰਦ ਹੋਣਾ ਚਾਹੀਦਾ ਹੈ। ਨਹੀਂ ਤੇ ਮੇਰੀ ਗੈਰ-ਹਾਜ਼ਰੀ ਵਿਚ ਕੋਈ ਵੀ ਇਥੇ ਪਹੁੰਚ ਸਕਦਾ ਹੈ।

ਮੈਂ ਚਾਰੇ ਪਾਸੇ ਧਿਆਨ ਨਾਲ ਵੇਖਿਆ-ਕਮਰੇ ਵਿਚ ਕੋਈ ਨਹੀਂ ਸੀ ਆਇਆ ਦਿਸਦਾ। ਮੇਰਾ ਲਿਖਣ ਦਾ ਸਮਾਨ ਮੇਜ਼ ਉਤੇ ਅਗੇ ਵਾਂਗ ਹੀ ਖਿਲਰਿਆ ਪਿਆ ਸੀ। (ਮੈਂ ਨੌਕਰ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਮੇਰੀ ਕਿਸੇ ਚੀਜ਼ ਨੂੰ ਨਾ ਛੇੜੇ) ਪਰ ਮੇਰੀ ਮੁਹਰ ਟਰੇ ਵਿਚ ਪੈਨਸਿਲਾਂ ਅਤੇ ਮੋਮ ਨਾਲ ਬੜੀ ਸਫਾਈ ਨਾਲ ਰੱਖੀ ਹੋਈ ਸੀ। ਮੇਰੀਆਂ ਲਾਪਰਵਾਹ ਆਦਤਾਂ ਵਿਚ ਇਹ ਚੀਜ਼ ਨਹੀਂ ਸੀ। ਮੈਂ ਕਦੀ ਵੀ ਕੋਈ ਚੀਜ਼ ਥਾਂ ਸਿਰ ਨਹੀਂ ਸੀ ਰੱਖੀ। ਨਾ ਹੀ ਮੈਨੂੰ ਯਾਦ ਹੀ ਕਿ ਮੈਂ ਮੁਹਰ ਨੂੰ ਇਸ ਤਰੀਕੇ ਨਾਲ ਰੱਖਿਆ ਸੀ, ਪਰ ਮੈਨੂੰ ਇਹ ਵੀ ਯਾਦ ਨਹੀਂ ਸੀ ਕਿ ਮੈਂ ਉਹਨੂੰ ਕਿਸ ਤਰ੍ਹਾਂ ਅਤੇ ਕਿੱਥੇ ਰਖਿਆ ਸੀ। ਸ਼ਾਇਦ ਮੈਂ ਇਕ ਵਾਰ ਭੁਲੇਖੇ ਨਾਲ ਹੀ ਉਹਨੂੰ ਆਪ ਮੁਹਾਰ ਥਾਂ ਸਿਰ ਰਖ ਦਿੱਤਾ ਹੋਵੇ। ਮੈਂ ਅੱਗੇ ਹੀ ਸਵੇਰ ਦੀਆਂ

ਘਟਨਾਵਾਂ ਨਾਲ ਕਾਫ਼ੀ ਪਰੇਸ਼ਾਨ ਸਾਂ; ਹੁਣ ਇਸ ਨਿਗੂਣੀ ਜੇਹੀ ਸੋਚ ਨਾਲ ਹੋਰ ਬੇ-ਅਰਾਮ ਨਹੀਂ ਸਾਂ ਹੋਣਾ ਚਾਹੁੰਦੀ। ਇਸ ਲਈ ਮੈਂ ਕਮਰੇ ਨੂੰ ਤਾਲਾ ਮਾਰ ਕੇ, ਚਾਬੀ ਆਪਣੀ ਜੇਬ ਵਿਚ ਪਾ ਕੇ ਹੇਠਾਂ ਉਤਰ ਗਈ।

ਮੈਡਮ ਫੋਸਕੋ ਇਕੱਲੀ ਹੀ ਹਾਲ ਵਿਚ ਬੈਰੋਮੀਟਰ ਵੇਖ ਰਹੀ ਸੀ।

"ਅਜੇ ਹੋਰ ਬਾਰਸ਼ ਹੋਏਗੀ," ਉਹਨੇ ਮੈਨੂੰ ਕਿਹਾ -ਉਹ ਹੁਣ ਪਹਿਲਾਂ ਵਾਂਗ ਹੀ ਲੱਗ ਰਹੀ ਸੀ। ਅਤੇ ਉਹਦੇ ਚਿਹਰੇ ਦਾ ਰੰਗ ਵੀ ਪਹਿਲਾਂ ਵਾਂਗ ਹੀ ਸੀ, ਪਰ ਜਿਸ ਹੱਥ ਦੇ ਨਾਲ ਉਸ ਨੇ ਬੈਰੋਮੀਟਰ ਦੇ ਸ਼ੀਸ਼ੇ ਵੱਲ ਇਸ਼ਾਰਾ ਕੀਤਾ, ਉਹ ਅਜੇ ਵੀ ਕੰਬ ਰਿਹਾ ਸੀ।

ਕੀ ਉਹਨੇ ਹੁਣ ਤਕ ਆਪਣੇ ਪਤੀ ਨੂੰ ਦਸ ਦਿੱਤਾ ਹੋਵੇਗਾ, ਕਿ ਲਾਰਾ ਮੇਰੇ ਨਾਲ ਉਹਦੀ ਨਿੰਦਿਆ ਕਰ ਰਹੀ ਸੀ; ਅਤੇ ਲਾਰਾ ਕਾਂਊਟ ਨੂੰ 'ਜਾਸੂਸ' ਕਹਿ ਰਹੀ ਸੀ? ਮੈਡਮ ਫ਼ੋਸਕੋ ਜ਼ਰੂਰ ਹੀ ਇਹ ਖਬਰ ਕਾਂਊਟ ਦੇ ਕੰਨਾਂ ਵਿਚ ਪਾ ਚੁੱਕੀ ਹੋਵੇਗੀ। ਹੁਣ ਤਕ ਸਬਰ ਕਰਨ ਵਾਲੀ ਉਹ ਨਹੀਂ ਸੀ। ਮੇਰੇ ਦਿਲ ਅੰਦਰ ਇਕ ਡਰ ਸੀ ਜੋ ਮੇਰੇ ਉਤੇ ਪ੍ਰਬਲਤਾ ਨਾਲ ਹਾਵੀ ਹੋ ਰਿਹਾ ਸੀ; ਕਿ ਇਸ ਦਾ ਨਤੀਜਾ ਕੀ ਨਿਕਲੇਗਾ; ਮੈਨੂੰ ਇਹ ਵੀ ਪੱਕਾ ਪਤਾ ਸੀ ਕਿ ਭਾਵੇਂ ਮੈਡਮ ਫ਼ੋਸਕੋ ਉਪਰੋਂ ਕਿੰਨੀ ਨਰਮ ਦਿਸੇ, ਉਹਨੇ ਦਿਲ ਵਿਚ ਅਜੇ ਵੀ ਉਹ ਪੁਰਾਣੀ ਦੁਸ਼ਮਣੀ ਪਾਲੀ ਹੋਈ ਹੈ, ਸੋ ਕਈ ਨਿੱਕੀਆਂ ਨਿੱਕੀਆਂ ਹਰਕਤਾਂ ਵਿਚ ਜੋ ਕਿ ਔਰਤਾਂ ਇਕ ਦੂਜੇ ਵਿਚ ਝੱਟ ਵੇਖ ਲੈਂਦੀਆਂ ਹਨ, ਪ੍ਰਗਟ ਹੋਏ ਬਿਨਾਂ ਨਹੀਂ ਰਹਿ ਸਕਦੀ। ਉਹਨੇ ਅਜੇ ਤੀਕ ਆਪਣੀ ਨਿਰਦੋਸ਼ ਭਤੀਜੀ ਨੂੰ ਇਸ ਲਈ ਖਿਮਾਂ ਨਹੀਂ ਸੀ ਕੀਤਾ ਕਿ ਉਹਦੇ ਅਤੇ ਦਸ ਹਜ਼ਾਰ ਪੌਂਡ ਦੀ ਜਾਇਦਾਦ ਵਿਚਕਾਰ ਇਕ ਦੀਵਾਰ ਬਣ ਕੇ ਖੜੀ ਸੀ। ਇਹ ਸਭ ਗੱਲਾਂ ਮੇਰੇ ਦਿਮਾਗ ਵਿਚ ਕੌਂਦ ਗਈਆਂ, ਅਤੇ ਮੈਂ ਮਜ਼ਬੂਰ ਹੋ ਗਈ, ਕਿ ਮੈਂ ਹੀ ਲਾਰਾ ਦੇ ਕਸੂਰ ਦੀ ਮੁਆਫੀ ਉਸ ਕੋਲ ਮੰਗਾਂ ਅਤੇ ਕਿਸੇ ਤਰ੍ਹਾਂ ਉਹਨਾਂ ਨੂੰ ਮਨਾ ਲਵਾਂ।

"ਮੈਂ ਤੁਹਾਡੇ ਕੋਲੋਂ ਖਿਮਾਂ ਮੰਗਦੀ ਹਾਂ, ਮੈਡਮ ਫ਼ੋਸਕੋ ਪਰ ਮੈਂ ਤੁਹਾਡੇ ਨਾਲ ਇਕ ਬੜੇ ਹੀ ਨਾਜ਼ੁਕ ਵਿਸ਼ੇ ਤੇ ਗੱਲ ਕਰਨਾ ਚਾਹੁੰਦੀ ਹਾਂ।'

ਉਹਨੇ ਆਪਣੇ ਹੱਥ ਆਪਣੇ ਸਾਹਮਣੇ ਰੱਖ ਲਏ ਅਤੇ ਗੰਭੀਰਤਾ ਨਾਲ ਬਿਨਾਂ ਇਕ ਸ਼ਬਦ ਬੋਲੇ ਸਿਰ ਹਿਲਾਇਆ, ਉਹ ਮੇਰੇ ਵੱਲ ਟਿਕਟਿਕੀ ਲਾ ਕੇ ਵੇਖ ਰਹੀ ਸੀ।

"ਜਦੋਂ ਤੁਸੀਂ ਮੇਰੇ ਕੋਲ ਮਿਹਰਬਾਨੀ ਕਰਕੇ ਮੇਰਾ ਰੁਮਾਲ ਲੈ ਕੇ ਆਏ ਸੀ; ਮੈਂ ਕਹਿੰਦੀ ਗਈ, "ਤਾਂ ਤੁਸੀਂ ਇਤਫ਼ਾਕ ਨਾਲ ਲਾਰਾ ਦੇ ਮੂੰਹੋਂ ਅਜਿਹੀ ਗੱਲ ਸੁਣੀ ਹੋਣੀ ਏ, ਜਿਸ ਨੂੰ ਮੈਂ ਦੁਹਰਾ ਨਹੀਂ ਸਕਦੀ ਅਤੇ ਜਿਸ ਦਾ ਪੱਖ ਵੀ ਨਹੀਂ ਲੈ ਸਕਦੀ। ਮੈਂ ਸਿਰਫ ਇਹ ਕਹਿਣ ਦੀ ਦਲੇਰੀ ਕਰਦੀ ਹਾਂ ਕਿ ਤੁਸੀਂ ਉਸ ਗੱਲ ਨੂੰ ਏਨੀ ਮਹੱਤਤਾ ਨਹੀਂ ਦਿੱਤੀ ਹੋਣੀ ਕਿ ਕਾਂਊਟ ਕੋਲ ਕੀਤੀ ਜਾਏ।"

"ਮੈਂ ਇਸ ਗੱਲ ਨੂੰ ਰਤਾ ਵੀ ਮਹੱਤਤਾਪੂਰਨ ਨਹੀਂ ਸਮਝਦੀ," ਮੈਡਮ ਫੋਸਕੋ ਨੇ ਬੜੇ ਤਿੱਖੇ ਲਹਿਜੇ ਵਿਚ ਕਿਹਾ, ਪਰ ਉਹ ਫਿਰ ਆਪਣਾ ਬਰਫ ਵਰਗਾ ਠੰਡਾ ਲਹਿਜਾ ਇਖਤਿਆਰ ਕਰਦਿਆਂ ਬੋਲੀ, ਪਰ ਮੈਂ ਆਪਣੇ ਪਤੀ ਕੋਲ ਕੋਈ ਨਿੱਕੀ ਤੋਂ ਨਿੱਕੀ ਗੱਲ ਵੀ ਛਪਾ ਕੇ ਨਹੀਂ ਰਖਦੀ, ਮੈਂ ਹੁਣੇ ਬੜੀ ਦੁਖੀ ਹੋ ਕੇ ਬੈਠੀ ਸਾਂ, ਕਾਂਊਟ ਨੇ ਮੇਰੇ ਕੋਲੋਂ ਇਸਦਾ ਕਾਰਣ ਪੁੱਛਿਆ ਇਸ ਲਈ ਮੈਨੂੰ ਉਹ ਸਭ ਕੁਝ ਦੱਸਣਾ ਪਿਆ ਜੋ ਮੈਂ ਸੁਣਕੇ ਆਈ ਸਾਂ ਮਿਸ ਹਾਲਕੌਂਬ।”

ਮੈਂ ਇਸ ਲਈ ਤਿਆਰ ਸਾਂ ਤਾਂ ਵੀ ਉਹਦੇ ਇਨ੍ਹਾਂ ਸ਼ਬਦਾਂ ਨਾਲ ਮੈਨੂੰ ਠੰਢੀਆਂ ਤਰੇਲੀਆਂ ਫੁੱਟ ਪਈਆਂ !

"ਮੈਂ ਤੁਹਾਡੀ ਮਿੰਨਤ ਕਰਦੀ ਹਾਂ, ਮੈਡਮ ਫ਼ੋਸਕੋ -ਮੈਂ ਕਾਂਊਟ ਦੀ ਮਿੰਨਤ ਵੀ ਕਰਾਂਗੀ ਕਿ ਥੋੜਾ ਬਹੁਤ ਇਹ ਖਿਆਲ ਕਰੇ ਕਿ ਮੇਰੀ ਭੈਣ ਦੀ ਹਾਲਤ ਇਸ ਵੇਲੇ ਕੀ ਹੈ-! ਉਸਦੇ ਪਤੀ ਨੇ ਉਸ ਦਾ ਨਿਰਾਦਰ ਕੀਤਾ ਸੀ-ਉਹ ਉਸ ਦੁੱਖ ਵਿਚ ਤੇ ਤੈਸ਼ ਵਿਚ ਆ ਕੇ ਇਹ ਗੱਲ ਕਹਿ ਗਈ; ਬਿਨਾਂ ਸੋਚੇ ਸਮਝੇ ਹੀ ਉਹਦੇ ਮੂੰਹੋਂ ਇਹ ਸ਼ਬਦ ਨਿਕਲ ਗਏ ! ਕੀ ਮੈਂ ਆਸ ਕਰਾਂ ਕਿ ਤੁਸੀਂ ਉਹਨੂੰ ਉਦਾਰਚਿਤ ਹੋ ਕੇ ਮੁਆਫ ਕਰ ਦਿਓਗੇ?"

"ਕਿਉਂ ਨਹੀਂ"-ਕਿਉਂ ਨਹੀਂ-?" ਕਾਂਊਟ ਨੇ ਮੇਰੀ ਗੱਲ ਦਾ ਉੱਤਰ ਦਿੱਤਾ। ਉਹ ਚੁਪ ਚਾਪ ਅਛੋਪਲੇ ਹੀ ਸਾਡੇ ਪਿਛੇ ਆ ਕੇ ਖੜ ਗਿਆ ਸੀ। ਉਹ ਲਾਇਬਰੇਰੀ ਵਿਚੋਂ ਆਇਆ ਸੀ; ਅਤੇ ਉਹਦੇ ਹੱਥ ਵਿਚ ਕੋਈ ਕਿਤਾਬ ਪਕੜੀ ਹੋਈ ਸੀ।

"ਲੇਡੀ ਗਲਾਈਡ ਦੀ ਇਸ ਗੱਲ ਨਾਲ ਮੈਨੂੰ ਦੁੱਖ ਹੋਇਆ ਹੈ ਅਤੇ ਇਹ ਮੈਨੂੰ ਚੁਭੀ ਜ਼ਰੂਰ ਹੈ, ਪਰ ਮੈਂ ਉਹਨੂੰ ਖਿਮਾਂ ਕਰਦਾ ਹਾਂ। ਤੁਸੀਂ ਇਸ ਗੱਲ ਨੂੰ ਭੁੱਲ ਜਾਓ ਮਿਸ ਹਾਲਕੌਂਬ ਅਸੀਂ ਸਾਰੇ ਹੀ ਇਸ ਨੂੰ ਹੁਣ ਹੀ ਭੁੱਲ ਜਾਂਦੇ ਹਾਂ। ਇਸੇ ਪਲ ਤੋਂ ਹੀ !"

"ਤੁਸੀਂ ਬੜੇ ਹੀ ਉਦਾਰਚਿਤ ਹੋ !" ਮੈਂ ਕਿਹਾ "ਤੁਸੀਂ ਮੇਰੇ ਮਨ ਤੋਂ ਕਿੰਨਾ ਹੀ ਭਾਰ ਲਾਹ ਦਿੱਤਾ ਹੈ--ਮੈਂ......"

ਮੈਂ ਹੋਰ ਵੀ ਕੁਝ ਕਹਿਣਾ ਚਾਹੁੰਦੀ ਸਾਂ ਪਰ ਮੈਂ ਇਹ ਗੱਲ ਵੀ ਪੂਰੀ ਨਾ ਕਰ ਸਕੀ। ਉਹਦੀਆਂ ਅੱਖਾਂ ਮੇਰੇ ਤੇ ਲੱਗੀਆਂ ਹੋਈਆਂ ਸਨ; ਉਹਦੀ ਉਹ ਛਲ ਭਰੀ ਖਤਰਨਾਕ ਮੁਸਕਰਾਹਟ, ਜੋ ਸਭ ਛੁਪਾ ਕੇ ਰਖਦੀ ਹੈ, ਉਹਦੇ ਚੌੜੇ ਚਿਕਨੇ ਮੂੰਹ ਤੇ ਜੰਮ ਗਈ ਸੀ। ਮੈਂ ਉਹਦੀ ਮੱਕਾਰੀ ਅਤੇ ਫਰੇਬ ਉਤੇ ਵਿਸ਼ਵਾਸ ਨਹੀਂ ਸਾਂ ਕਰਦੀ ਅਤੇ ਇਸ ਗੱਲ ਦੇ ਅਹਿਸਾਸ ਨਾਲ ਕਿ ਮੈਂ ਏਨੀ ਨੀਵੀਂ ਹੋ ਗਈ ਹਾਂ ਕਿ ਕਾਂਊਟ ਅਤੇ ਉਹਦੀ ਪਤਨੀ ਨਾਲ ਸਮਝੌਤਾ ਕਰਨ ਤੇ ਤਿਆਰ ਹੋ ਗਈ ਹਾਂ। ਮੈਂ ਘਬਰਾ ਗਈ ਹੋਰ ਕੋਈ ਸ਼ਬਦ ਮੈਨੂੰ ਨਾ ਅਹੁੜਿਆ; ਅਤੇ ਮੈਂ ਚੁੱਪ ਚਾਪ ਉਵੇਂ ਹੀ ਖੜੀ ਰਹੀ।

"ਮੈਂ ਤੁਹਾਡੀ ਮਿੰਨਤ ਕਰਦਾ ਹਾਂ, ਮਿਸ ਹਾਲਕੌਂਬ, ਕਿ ਤੁਸੀਂ ਹੋਰ ਕੁਝ ਨਾ ਕਹੋ ਮੈਨੂੰ ਸਚਮੁੱਚ ਦੁੱਖ ਹੈ, ਕਿ ਤੁਸੀਂ ਇਹ ਵੀ ਕਹਿਣਾ ਜ਼ਰੂਰੀ ਸਮਝਿਆ ਹੈ।"

ਇਹ ਮਿੱਠਾ ਭਾਸ਼ਣ ਦੇਣ ਮਗਰੋਂ, ਉਹਨੇ ਮੇਰਾ ਹੱਥ ਆਪਣੇ ਹੱਥ ਵਿਚ ਲੈ ਲਿਆ-ਉਹ ਮੈਂ ਆਪਣੇ ਆਪ ਤੇ ਕਿੰਨੀ ਧਿਕਾਰ ਪਾ ਰਹੀ ਹਾਂ। ਇਹ ਗੱਲ ਸੋਚ ਕੇ ਵੀ ਕਿ ਇਹ ਸਭ ਲਾਰਾ ਦੀ ਖਾਤਿਰ ਕਰ ਰਹੀ ਸਾਂ, ਮੈਨੂੰ ਕੋਈ ਆਰਾਮ ਨਹੀਂ ਸੀ; ਉਹਨੇ ਮੇਰਾ ਹੱਥ ਝੜ ਕੇ ਆਪਣੇ ਜ਼ਹਿਰੀਲੇ ਬੁਲ੍ਹਾਂ ਨਾਲ ਚੁੰਮਿਆਂ ਉਸ ਪਲ ਤਕ ਮੈਨੂੰ ਇਹ ਪਤਾ ਨਹੀਂ ਸੀ, ਕਿ ਮੈਂ ਕਿਸ ਹੱਦ ਤਕ ਉਸ ਕੋਲੋਂ ਡਰਦੀ ਸਾਂ-ਅਤੇ ਕਿਸ ਹੱਦ ਤਕ ਉਹਨੂੰ ਨਫਰਤ ਕਰਦੀ ਸਾਂ। ਉਸ ਦੀ ਇਸ ਦਲੇਰੀ ਨਾਲ ਮੇਰਾ ਖੂਨ ਉਬਲ ਗਿਆ, ਮੈਨੂੰ ਇੰਜ ਲੱਗਾ ਕਿ ਕੋਈ ਆਦਮੀ ਇਸ ਤੋਂ ਜ਼ਿਆਦਾ ਮੇਰਾ ਨਿਰਾਦਰ ਨਹੀਂ ਕਰ ਸਕਦਾ। ਫਿਰ ਵੀ ਮੈਂ ਆਪਣੀ ਨਫਰਤ ਛੁਧਾ ਰਹੀ ਸਾਂ ਮੁਸਕਰਾਉਣ ਦੀ ਕੋਸ਼ਿਸ਼ ਕਰ ਰਹੀ ਸਾਂ- ਮੈਂ ਉਹੀ ਸਾਂ, ਜੋ ਹੋਰ ਔਰਤਾਂ ਵਿਚ ਧੋਖਾ ਅਤੇ ਛਲ ਵੇਖ ਕੇ ਉਨ੍ਹਾਂ ਨੂੰ ਨਫਰਤ ਕਰਦੀ ਸਾਂ, ਹੁਣ ਆਪ ਉਸੇ ਤਰ੍ਹਾਂ ਧੋਖਾ ਕਰ ਰਹੀ ਸਾਂ; ਅਤੇ ਉਸੇ ਤਰ੍ਹਾਂ ਝੂਠੀ ਸਾਂ, ਜਿਵੇਂ ਉਹ ਝੂਠਾ ਸੀ ; ਜਿਸ ਨੇ ਆਪਣੇ ਬੁਲ੍ਹ ਮੇਰੇ ਹੱਥ ਤੇ ਛੁਹਾਏ ਸਨ।

ਪਰ ਜੇ ਉਹ ਇੰਜ ਹੀ ਮੇਰੇ ਮੂੰਹ ਵੱਲ ਥੋੜਾ ਚਿਰ ਹੋਰ ਵੇਖਦਾ ਰਹਿੰਦਾ ਤਾਂ ਮੈਂ ਆਪਣੇ ਆਪ ਤੇ ਕਾਬੂ ਨਾ ਰੱਖ ਸਕਦੀ-ਇਸੇ ਕਾਰਨ ਮੈਂ ਅਜੇ ਆਪਣੀਆਂ ਨਜ਼ਰਾਂ ਵਿਚ ਪੂਰੀ ਤਰ੍ਹਾਂ ਡਿੱਗੀ ਨਹੀਂ? ਉਹਦੀ ਪਤਨੀ ਹੀ ਮੇਰੇ ਬਚਾ ਲਈ ਅੱਗੇ ਵਧੀ। ਉਹ ਈਰਖਾ ਵਿਚ

ਸ਼ੇਰਨੀ ਬਣੀ ਹੋਈ ਸੀ। ਉਹਦੀਆਂ ਨੀਲੀਆਂ ਅੱਖਾਂ ਵਿਚ ਇਕ ਚਮਕ ਆ ਗਈ; ਅਤੇ ਉਹਦੀਆਂ ਚਿੱਟੀਆਂ ਗੱਲ੍ਹਾਂ ਤੇ ਲਾਲੀ ਸੀ-ਉਹ ਇਕ ਪਲ ਵਿਚ ਹੀ ਕਈ ਸਾਲ ਆਪਣੀ ਉਮਰ ਤੋਂ ਛੋਟੀ ਹੋ ਗਈ ਸੀ। ਮੇਰਾ ਹੱਥ ਕਾਂਊਟ ਦੇ ਹੱਥ ਵਿਚ ਵੇਖਕੇ ਉਹ ਅਗੇ ਵਧੀ-ਤੇ ਬੋਲੀ :

"ਕਾਂਊਟ, ਇਹ ਤੁਹਾਡੇ ਦੇਸ਼ ਦੇ ਤਰੀਕੇ ਅੰਗਰੇਜ਼ ਔਰਤਾਂ ਨਹੀਂ ਸਮਝਦੀਆਂ।"

"ਖਿਮਾਂ ਮੇਰੇ ਫਰਿਸ਼ਤੇ ! ਦੁਨੀਆਂ ਦੀ ਸਭ ਤੋਂ ਪਿਆਰੀ ਅੰਗਰੇਜ਼ ਔਰਤ ਤਾਂ ਸਮਝਦੀ ਹੈ ਨਾ?" ਇਹ ਕਹਿ ਕੇ ਉਹਨੇ ਮੇਰਾ ਹੱਥ ਛੱਡ ਕੇ ਆਪਣੀ ਪਤਨੀ ਦਾ ਹੱਥ ਲੈ ਕੇ ਆਪਣੇ ਬੁਲ੍ਹਾਂ ਨਾਲ ਲਾ ਲਿਆ।

ਮੈਂ ਦੌੜ ਕੇ ਪੌੜੀਆਂ ਚੜ੍ਹੀ ਤਾਂ ਜੋ ਆਪਣੇ ਕਮਰੇ ਵਿਚ ਜਾ ਕੇ ਛੁੱਪ ਸਕਾਂ। ਜੇ ਉਸ ਵੇਲੇ ਸੋਚਣ ਦਾ ਵਕਤ ਹੁੰਦਾ ਤਾਂ ਸ਼ਾਇਦ ਮੈਂ ਕਿੰਨਾ ਹੀ ਪਛਤਾਂਦੀ ਅਤੇ ਇਹ ਗੱਲਾਂ ਸੋਚ ਸੋਚ ਕੇ ਪਰੇਸ਼ਾਨ ਹੁੰਦੀ ਰਹਿੰਦੀ। ਪਰ ਸ਼ੁਕਰ ਹੈ ਕਿ ਉਸ ਵੇਲੇ ਸੋਚਣ ਵਿਚਾਰਨ ਲਈ ਕੋਈ ਵਿਹਲਾ ਸਮਾਂ ਨਹੀਂ ਸੀ - ਇਸ ਲਈ ਹੀ ਸ਼ਾਇਦ ਮੈਂ ਸ਼ਾਂਤ ਅਤੇ ਹੌਂਸਲੇ ਵਿਚ ਰਹੀ।

ਅਜੇ ਮਿਸਟਰ ਫ਼ੇਅਰਲੀ ਤੇ ਮਿਸਟਰ ਕਾਈਰਲ ਨੂੰ ਚਿੱਠੀਆਂ ਲਿਖਣੀਆਂ ਰਹਿੰਦੀਆਂ ਸਨ ਹੁਣ ਮੈਂ ਇਹ ਕੰਮ ਕਰਨ ਲਈ ਝਟਪਟ ਬੈਠ ਗਈ। ਹੁਣ ਹੋਰ ਢਿੱਲ ਕਰਨ ਦਾ ਵਕਤ ਨਹੀਂ ਸੀ।

ਮੇਰੇ ਆਪਣੇ ਸਿਵਾ, ਕੋਈ ਅਜਿਹਾ ਬੰਦਾ ਨਹੀਂ ਸੀ, ਜਿਸ ਕੋਲੋਂ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਆਸ ਮੈਂ ਰੱਖ ਸਕਦੀ। ਸਰ ਪਰਸੀਵਲ ਦੇ ਰਿਸ਼ਤੇਦਾਰ ਅਤੇ ਮਿੱਤਰ ਕੋਈ ਵੀ ਨੇੜੇ ਨਹੀਂ ਸਨ; ਜਿਨ੍ਹਾਂ ਨੂੰ ਮੈਂ ਕਿਸੇ ਸੁਲਹ-ਸਫਾਈ ਲਈ ਵਿਚੋਲਾ ਬਣਾਉਂਦੀ। ਉਹਦੇ ਗੁਆਂਢ ਜਿਹੜੇ ਲੋਕ ਉਹਦੇ ਬਰਾਬਰ ਦੇ ਸਨ, ਉਹਨਾਂ ਨਾਲ ਉਸਨੇ ਬਣਾਕੇ ਹੀ ਨਹੀਂ ਸੀ ਰੱਖੀ ਹੋਈ ਤੇ ਕਈਆਂ ਘਰਾਂ ਨਾਲ ਤਾਂ ਉਹਨੇ ਸਚਮੁੱਚ ਵਿਗਾੜੀ ਹੀ ਹੋਈ ਸੀ। ਸਾਡਾ ਦੋਹਾਂ ਭੈਣਾਂ ਦਾ ਕੋਈ ਭਰਾ ਜਾਂ ਪਿਓ ਨਹੀਂ ਸੀ, ਜੋ ਸਾਡਾ ਪੱਖ ਲੈ ਕੇ ਇਥੇ ਪਹੁੰਚਦਾ ਤੇ ਸਾਡੇ ਹੱਕ ਲਈ ਸਰ ਪਰਸੀਵਲ ਨਾਲ ਲੜਦਾ।

ਹੁਣ ਇਹ ਚਿੱਠੀਆਂ ਲਿਖਣਾ ਹੀ ਰਹਿ ਗਿਆ ਸੀ ਜਾਂ ਫਿਰ ਇਹ ਹੋ ਸਕਦਾ ਸੀ ਕਿ ਮੈਂ ਤੇ ਲਾਰਾ ਦੋਵੇਂ ਹੀ ਬਲੈਕਵਾਟਰ ਪਾਰਕ ਤੋਂ ਚੋਰੀ ਨੱਸ ਜਾਈਏ। ਪਰ  ਅਜਿਹਾ ਕਰਨ ਨਾਲ, ਭੱਵਿਸ਼ ਵਿਚ ਮੁੜ ਕਿਸੇ ਤਰ੍ਹਾਂ ਵੀ ਸਰ ਪਰਸੀਵਲ ਨਾਲ ਕੋਈ ਸੁਲਾਹ ਨਹੀਂ ਸੀ ਕੀਤੀ ਜਾ ਸਕਦੀ ਅਤੇ ਮੈਂ ਜਾਣਦੀ ਸਾਂ ਇਹ ਕੰਮ ਕਰਨ ਲਈ ਅਸੀਂ ਹੀ ਝੂਠੀਆਂ ਹੋਵਾਂਗੀਆਂ ਅਤੇ

ਲੋਕ ਸਾਡੇ 'ਤੇ ਹੀ ਉਂਗਲਾਂ ਚੁਕਣਗੇ। ਇਹ ਕੰਮ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਸਾਡੀ ਦੋਹਾਂ ਦੀ ਜਾਨ ਨੂੰ ਕਿਸੇ ਕਿਸਮ ਦਾ ਖ਼ਤਰਾ ਹੋਵੇ -ਤਾਂ ਤੇ ਇਹ ਗਲਤੀ ਸ਼ਾਇਦ ਖਿਮਾਂ ਵੀ ਕੀਤੀ ਜਾ ਸਕਦੀ ਹੋਵੇ, ਪਰ ਪਹਿਲਾਂ-ਚਿੱਠੀਆਂ ਲਿਖ ਕੇ ਹੀ ਵੇਖਣਾ ਚਾਹੀਦਾ ਹੈ-ਸ਼ਾਇਦ ਇਸ ਨਾਲ ਹੀ ਹਨੇਰੇ ਵਿਚ ਕੋਈ ਆਸ ਦੀ ਕਿਰਨ ਚਮਕ ਪਵੇ।

ਮੈਂ ਪਹਿਲਾਂ ਵਕੀਲ ਨੂੰ ਚਿੱਠੀ ਲਿਖੀ। ਉਸਨੂੰ ਮੈਂ ਏਨ ਕੈਥੇਰਿਕ ਬਾਰੇ ਕੁਝ ਨਹੀਂ ਲਿਖਿਆ। (ਜਿਵੇਂ ਮੈਂ ਪਹਿਲਾਂ ਹੀ ਲਾਰਾ ਨੂੰ ਦੱਸ ਆਈ ਸਾਂ)। ਇਸ ਦਾ ਕਾਰਣ ਇਹੀ ਸੀ ਕਿ ਏਨ ਕੈਥੇਰਿਕ ਦਾ ਮਾਮਲਾ ਬੜਾ ਭੇਤ ਭਰਿਆ ਸੀ, ਅਤੇ ਅਸੀਂ ਅਜੇ ਤਕ ਇਸਨੂੰ ਸੁਲਝਾ ਨਹੀਂ ਸਾਂ ਸਕੇ। ਸੋ ਉਸਨੂੰ ਫਾਲਤੂ ਗੱਲਾਂ ਲਿਖਣ ਦਾ ਕੋਈ ਲਾਭ ਨਹੀਂ ਸੀ। ਮੈਂ ਚਿੱਠੀ ਇਸ ਤਰ੍ਹਾਂ ਲਿਖੀ ਕਿ ਵਕੀਲ ਮੇਰੀ ਚਿੱਠੀ ਪੜ੍ਹਕੇ ਇਹ ਅਨੁਮਾਨ ਲਾ ਸਕੇ ਕਿ ਇਹ ਨਵੇਂ ਝਗੜੇ ਸਰ ਪਰਸੀਵਲ ਜਾਇਦਾਦ ਹਾਸਲ ਕਰਨ ਲਈ ਕਰ ਰਿਹਾ ਸੀ ਅਤੇ ਮੈਂ ਉਹਦੇ ਕੋਲ ਸਿਰਫ ਇਹ ਸਲਾਹ ਲੈਣਾ ਚਾਹੁੰਦੀ ਸਾਂ ਕਿ ਜੇ ਸਰ ਪਰਸੀਵਲ ਲਾਰਾ ਨੂੰ ਮੇਰੇ ਨਾਲ ਬਲੈਕਵਾਟਰ ਪਾਰਕ ਤੋਂ ਲਿਮਰਿਜ ਨਾ ਜਾਣ ਦੇਵੇ ਤਾਂ ਕੀ ਅਸੀਂ ਕੋਈ ਉਹ ਕਾਨੂੰਨੀ ਕਾਰਵਾਈ ਕਰ ਸਕਦੇ ਸਾਂ, ਜਿਸ ਨਾਲ ਲਾਰਾ ਦੀ ਜਾਨ ਨੂੰ ਕੋਈ ਖਤਰਾ ਨਾ ਰਵ੍ਹੇ; ਮੈਂ ਸਿਰਫ ਉਹਨੂੰ ਕੁਝ ਚਿਰ ਲਈ ਲਿਮਰਿਜ ਲੈ ਜਾਣਾ ਚਾਹੁੰਦੀ ਹਾਂ। ਇਸ ਬਾਰੇ ਉਹ ਮਿਸਟਰ ਫ਼ੇਅਰਲੀ ਨੂੰ ਚਿੱਠੀ ਲਿਖ ਕੇ ਸਭ ਗੱਲਾਂ ਪਤਾ ਕਰੇ। ਮੈਂ ਵਕੀਲ ਨੂੰ ਇਹ ਵੀ ਲਿਖਿਆ ਕਿ ਮੈਂ ਲਾਰਾ ਦੀ ਮਰਜ਼ੀ ਨਾਲ ਹੀ ਸਭ ਕੁਝ ਲਿਖ ਰਹੀ ਸਾਂ ਤੇ ਉਹ ਵੀ ਉਹਦੇ ਲਈ ਜੋ ਕਰ ਸਕਦਾ ਹੈ ਕਰੇ ਤੇ ਘੱਟ ਤੋਂ ਘੱਟ ਹੀ ਵਕਤ ਲਾਏ।

ਇਸ ਚਿੱਠੀ ਨੂੰ ਖ਼ਤਮ ਕਰਕੇ ਮੈਂ ਮਿਸਟਰ ਫ਼ੇਅਰਲੀ ਨੂੰ ਚਿੱਠੀ ਲਿਖੀ। ਜਿਵੇਂ ਮੈਂ ਲਾਰਾ ਨੂੰ ਕਿਹਾ ਸੀ, ਮੈਂ ਉਸਨੂੰ ਉਸ ਢੰਗ ਨਾਲ ਹੀ ਚਿੱਠੀ ਲਿਖੀ, ਜਿਸ ਨਾਲ ਉਹਦੇ ਜਲਦੀ ਤੋਂ ਜਲਦੀ ਕੁਝ ਕਰਨ ਦੀ ਸੰਭਾਵਨਾ ਹੋ ਸਕਦੀ ਸੀ।

ਮੈਂ ਵਕੀਲ ਵੱਲ ਲਿਖੀ ਚਿੱਠੀ ਦੀ ਇਕ ਨਕਲ ਵੀ ਉਹਨੂੰ ਭੇਜੀ। ਜੋ ਉਹ ਮਹਿਸੂਸ ਕਰ ਸਕੇ ਕਿ ਗੱਲ ਐਵੇ ਸੁੱਟ ਪਾਣ ਵਾਲੀ ਨਹੀਂ - ਗੰਭੀਰ ਹੈ; ਮੈਂ ਇਸ ਗੱਲ ਤੇ ਹੀ ਜ਼ੋਰ ਪਾਇਆ ਕਿ ਇਸ ਵੇਲੇ ਜੋ ਲਾਰਾ ਅਤੇ ਮੈਂ ਜੇ ਲਿਮਰਿਜ ਆ ਜਾਈਏ ਤਾਂ ਸ਼ਾਇਦ ਥੋੜੇ ਸਮੇਂ ਮਗਰੋਂ ਲਾਰਾ ਅਤੇ ਮਿਸਟਰ ਫੇਅਰਲੀ ਨੂੰ ਉਹ ਬਹੁਤੀ ਮੁਸੀਬਤ ਨਾ ਵੇਖਣੀ ਪਵੇ, ਜੋ ਇਥੇ ਰਹਿਣ ਤੇ ਬਹੁਤੀ ਦੇਰ ਟਾਲੀ ਨਹੀਂ ਜਾ ਸਕਦੀ।

ਦੋਹਾਂ ਚਿੱਠੀਆਂ ਨੂੰ ਲਿਫਾਫਿਆਂ ਵਿਚ ਪਾ ਕੇ ਤੇ ਉਪਰ ਪੜੋ ਲਿਖ ਕੇ ਮੈਂ ਲਾਰਾ ਦੇ ਕਮਰੇ ਵਿਚ ਵਾਪਸ ਗਈ ਤਾਂ ਜੋ ਉਹ ਵੀ ਇਹ ਚਿੱਠੀਆਂ ਵੇਖ ਲਏ।

"ਕੋਈ ਆਇਆ ਤੇ ਨਹੀਂ ਸੀ?" ਉਹਦੇ ਬੂਹਾ ਖੋਲ੍ਹਣ ਤੇ ਮੈਂ ਪੁੱਛਿਆ।

"ਨਹੀਂ ਬੂਹੇ ਨੂੰ ਤੇ ਕਿਸੇ ਨਹੀਂ ਖੜਕਾਇਆ। ਪਰ ਮੈਂ ਅਗਲੇ ਕਮਰੇ ਵਿਚ ਕਿਸੇ ਦੀ ਆਵਾਜ਼ ਸੁਣੀ ਸੀ।" ਉਹਨੇ ਉੱਤਰ ਦਿੱਤਾ।

"ਕੌਣ ਸੀ- ਮਰਦ ਜਾਂ ਔਰਤ?"

'ਔਰਤ ਸੀ, ਮੈਨੂੰ ਗਾਊਨ ਦੀ ਆਵਾਜ਼ ਆਈ ਸੀ।"

"ਸਿਲਕ ਦੇ ਗਾਊਨ ਦੀ?"

"ਹਾਂ, ਸਿਲਕ ਦੇ ਗਾਊਨ ਦੀ ਸਰਸਰਾਹਟ ਹੀ ਜਾਪਦੀ ਸੀ।"

ਤਾਂ ਉਹ ਰਾਖੀ ਕਰ ਰਹੀ ਸੀ। ਇਹ ਮੈਡਮ ਫ਼ੋਸਕੋ ਦੇ ਗਾਊਨ ਦੀ ਸਰਸਰਾਟ ਸੀ ਜੋ ਲਾਰਾ ਨੇ ਸੁਣੀ ਸੀ।

ਉਹ ਇਕੱਲੀ ਜੋ ਕੁਝ ਕਰ ਸਕਦੀ ਸੀ, ਉਹਦਾ ਮੈਨੂੰ ਡਰ ਨਹੀਂ ਸੀ। ਪਰ ਉਹ ਆਪਣੇ ਪਤੀ ਦੇ ਹੱਥਾਂ ਦੀ ਕੱਠ-ਪੁਤਲੀ ਸੀ ਅਤੇ ਉਹਦੇ ਕਹਿਣ ਤੇ ਜੋ ਕੁਝ ਉਹ ਕਰ ਸਕਦੀ ਸੀ–ਉਹ ਅਸਲ ਹੀ ਏਨਾ ਖਤਰਨਾਕ ਸਾਬਤ ਹੋ ਸਕਦਾ ਸੀ, ਕਿ ਮੈਂ ਉਹਨੂੰ ਅਣਵੇਖਿਆ ਨਹੀਂ ਸਾਂ ਕਰ ਸਕਦੀ।

"ਜਦ ਤੇਰੇ ਕਮਰੇ ਦੇ ਬਾਹਰੋਂ ਉਹ ਆਵਾਜ਼ ਦੂਰ ਹੁੰਦੀ ਗਈ ਤਾਂ ਕਿਧਰ ਗਈ ਸੀ? ਕੀ ਬਾਹਰ ਗੈਲਰੀ ਵਿਚ- ਜਾਂ ਹੇਠਾਂ?"

"ਨਹੀਂ ਮੈਂ ਸਾਹ ਰੋਕ ਕੇ ਸੁਣਿਆ ਸੀ, ਉਹ ਤੇਰੇ ਹੀ ਕਮਰੇ ਵੱਲ ਗਈ ਸੀ।"

ਮੈਂ ਮੁੜ ਸੋਚਿਆ। ਮੈਨੂੰ ਤਾਂ ਕੋਈ ਆਵਾਜ਼ ਨਹੀਂ ਸੀ ਆਈ। ਪਰ ਮੈਂ ਚਿੱਠੀਆਂ ਲਿਖਣ ਵਿਚ ਏਨੀ ਰੁਝੀ ਹੋਈ ਸਾਂ; ਅਤੇ ਮੈਂ ਜਦੋਂ ਲਿਖਦੀ ਹਾਂ ਤਾਂ ਵੀ ਬਥੇਰਾ ਸ਼ੋਰ ਹੁੰਦਾ ਹੈ, ਕਾਗਜ਼ ਉਤੇ ਮੇਰੀ ਨਿੱਬ ਦੀ ਆਵਾਜ਼ ਬੜੀ ਤੇਜ਼ ਆਉਂਦੀ ਹੈ। ਮੈਡਮ ਫ਼ੋਸਕੋ ਨੂੰ ਤਾਂ ਮੇਰੇ ਲਿਖਣ ਦੀ ਆਵਾਜ਼ ਚੰਗੀ ਸਾਫ ਸੁਣਾਈ ਦਿਤੀ ਹੋਣੀ ਏ ਅਤੇ ਮੈਨੂੰ ਉਸ ਰੌਲੇ ਵਿਚ ਉਹਦੇ ਗਾਊਨ ਦੀ ਸਰਸਰਾਹਟ ਸੁਣਾਈ ਦੇਣੀ ਸੰਭਵ ਨਹੀਂ ਸੀ। ਸੋ ਹੁਣ ਮੈਂ ਇਹ ਖਤ ਹਾਲ ਵਿਚ ਪਏ ਡਾਕ ਦੇ ਥੱਲੇ ਵਿਚ ਕਦੀ ਨਹੀਂ ਪਾਣੇ।

ਲਾਰਾ ਮੈਨੂੰ ਸੋਚਾਂ ਵਿਚ ਪਈ ਨੂੰ ਵੇਖ ਕੇ ਬੋਲੀ-"ਹੋਰ ਮੁਸ਼ਕਲਾਂ ਆ ਪਈਆਂ ਹਨ। ਹੋਰ ਮੁਸ਼ਕਲਾਂ ਤੇ ਵੱਧ ਖ਼ਤਰਾ !" ਉਹਦੇ ਲਹਿਜੇ ਵਿਚ ਅਕੇਵਾਂ ਸੀ।

"ਕੋਈ ਖਤਰਾ ਨਹੀਂ- ਮੁਸ਼ਕਿਲ ਜ਼ਰੂਰ ਹੈ। ਮੈਂ ਇਹ ਸੋਚ ਰਹੀ ਹਾਂ ਕਿ ਇਹ ਚਿੱਠੀਆਂ ਫ਼ੈਨੀ ਨੂੰ ਕਿੰਜ ਪਹੁੰਚਾਈਆਂ ਜਾਣ?"

"ਤੂੰ ਸਚਮੁੱਚ ਹੀ ਲਿਖ ਲਈਆਂ ਹਨ-ਮੇਰੀਅਨ ਕੋਈ ਖ਼ਤਰਾ ਨਾ ਮੁੱਲ ਲਵੀਂ। ਰੱਬ ਦਾ ਵਾਸਤਾ ਹੀ--ਸੋਚ ਸਮਝ ਲੈ।"

"ਕਈ ਖ਼ਤਰਾ ਨਹੀਂ, ਮੇਰੀ ਪਿਆਰੀ ਲਾਰਾ, ਹੁਣ ਕੀ ਵਕਤ ਹੈ.....?"

ਪੌਣੇ ਛੇ ਵਜ ਚੁੱਕੇ ਸਨ। ਅਜੇ ਵਕਤ ਸੀ ਕਿ ਮੈਂ ਪਿੰਡ ਦੀ ਸਰਾਂ ਤਕ ਹੋ ਆਵਾਂ ਅਤੇ ਰੋਟੀ ਤੋਂ ਪਹਿਲਾਂ ਪਰਤ ਕੇ ਆ ਵੀ ਸਕਦੀ ਸਾਂ। ਜੇ ਮੈਂ ਹੋਰ ਉਡੀਕਦੀ ਰਹੀ ਤਾਂ, ਨਿਕਲਣ ਦਾ ਦੂਜਾ ਮੌਕਾ ਸ਼ਾਇਦ ਮਿਲੇ ਹੀ ਨਾਂ।

"ਲਾਰਾ, ਤੂੰ ਆਪਣਾ ਤਾਲਾ ਮਾਰ ਲਈ, ਅਤੇ ਮੇਰੇ ਬਾਰੇ ਰਤਾ ਫਿਕਰ ਨਾ ਕਰੀਂ। ਜੇ ਕੋਈ ਤੈਨੂੰ ਮੇਰੇ ਬਾਰੇ ਪੁੱਛੇ ਦਰਵਾਜ਼ਾ ਖੋਲ੍ਹ ਕੇ ਦੱਸ ਦਈਂ ਕਿ ਮੈਂ ਸੈਰ ਲਈ ਬਾਹਰ ਗਈ ਹਾਂ।"

"ਕਦੋਂ ਤਕ ਵਾਪਸ ਆਵੇਂ'ਗੀ?"

"ਰੋਟੀ ਤੋਂ ਪਹਿਲਾਂ ਹਰ ਹਾਲਤ ਵਿਚ ਆ ਜਾਵਾਂਗੀ।-ਹਿੰਮਤ ਰੱਖ ਲਾਰਾ, ਕੱਲ੍ਹ ਇਸ ਵੇਲੇ ਤਕ ਤੇਰੇ ਭਲੇ ਬਾਰੇ ਇਕ ਵਿਸ਼ਵਾਸ਼ਯੋਗ ਆਦਮੀ ਸੋਚੇਗਾ ਜੋ ਮਿਸਟਰ ਗਿਲਮੌਰ ਤੋਂ ਮਗਰੋਂ ਸਾਡਾ ਇਸ ਵੱਲੋਂ ਸਭ ਤੋਂ ਚੰਗਾ ਮਿੱਤਰ ਹੈ।"

ਮੈਂ ਜਦੋਂ ਕਮਰੇ ਵਿਚੋਂ ਬਾਹਰ ਆਈ ਤਾਂ ਇਹ ਸੋਚਿਆ ਕਿ ਸੈਰ ਦੇ ਕੱਪੜੇ ਪਾਉਣ ਤੋਂ ਪਹਿਲਾਂ ਥੱਲੇ ਜਾ ਕੇ ਇਹ ਪਤਾ ਕਰ ਆਵਾਂ ਕਿ ਕੌਣ-ਕੌਣ ਘਰ ਹੈ, ਅਤੇ ਉਹ ਕੀ ਕਰ ਰਹੇ ਹਨ। ਸਰ ਪਰਸੀਵਲ ਘਰ ਹੈ ਜਾਂ ਬਾਹਰ ਗਿਆ ਹੋਇਆ ਹੈ।

ਲਾਇਬਰੇਰੀ ਦੇ ਖੁਲ੍ਹੇ ਬੂਹੇ ਵਿਚੋਂ ਚਿੜੀਆਂ ਦੇ ਗੌਣ ਦੀ ਆਵਾਜ਼ ਅਤੇ ਤਮਾਕੂ ਦੇ ਧੂਏਂ ਨੇ ਮੈਨੂੰ ਕਾਂਊਟ ਦਾ ਅਤਾ ਪਤਾ ਤੇ ਦੱਸ ਦਿੱਤਾ। ਮੈਂ ਜ਼ਰਾ ਬੂਹੇ ਦੇ ਅੰਦਰ ਵਾਰ ਝਾਕ ਕੇ ਵੇਖਿਆ ਤਾਂ ਹੈਰਾਨ ਰਹਿ ਗਈ ਕਿਉਂਕਿ ਕਾਂਊਟ ਆਪਣਾ ਇਹ ਤਮਾਸ਼ਾ ਆਪਣੇ ਬੜੇ ਹੀ ਪਿਆਰੇ ਤੇ ਆਕਰਸਕ ਢੰਗ ਨਾਲ ਹਾਊਸਕੀਪਰ ਨੂੰ ਵਿਖਾ ਰਿਹਾ ਸੀ। ਤਾਂ ਉਹਨੇ ਇਹਨੂੰ ਖਾਸ ਸੱਦਾ ਦਿੱਤਾ ਸੀ ਕਿਉਂਕਿ ਉਂਜ ਤਾਂ ਹਾਊਸਕੀਪਰ ਲਾਇਬਰੇਰੀ ਵਿਚ ਇਸ ਵੇਲੇ ਜਾਣ

ਬਾਰੇ ਸੋਚਦੀ ਵੀ ਨਾ। ਕਾਂਊਟ ਦੀ ਨਿੱਕੀ ਤੋਂ ਨਿੱਕੀ ਗੱਲ ਪਿਛੇ ਕੁਝ ਨਾ ਕੁਝ ਭੇਤ ਹੁੰਦਾ ਹੈ; ਤਾਂ ਹਾਊਸ ਕੀਪਰ ਨੂੰ ਇਥੇ ਬੁਲਾਉਣ ਦਾ ਕੀ ਭੇਤ ਸੀ?

ਪਰ ਉਸ ਵੇਲੇ ਕਾਂਊਟ ਦੇ ਮਨ ਦੇ ਭੇਤ ਜਾਣਨ ਦਾ ਮੇਰੇ ਕੋਲ ਵਕਤ ਨਹੀਂ ਸੀ। ਸੋ ਮੈਂ ਚਾਰੇ ਪਾਸੇ ਨਜ਼ਰ ਘੁਮਾ ਕੇ ਮੈਡਮ ਫ਼ੋਸਕੋ ਨੂੰ ਲੱਭਣ ਲਗੀ। ਉਹ ਆਪਣੀ ਪਿਆਰੀ ਥਾਂ, ਮੱਛੀਆਂ ਦੇ ਤਾਲਾਬ ਦੇ ਆਲੇ ਦੁਆਲੇ ਚੱਕਰ ਕੱਟ ਰਹੀ ਸੀ।

ਮੈਨੂੰ ਥੋੜਾ ਸ਼ੱਕ ਸੀ ਕਿ ਸ਼ਾਇਦ ਮੈਡਮ ਫ਼ੋਸਕੋ ਹੁਣ ਮੇਰੇ ਨਾਲ ਚੰਗੀ ਤਰ੍ਹਾਂ ਬੋਲੇਗੀ ਵੀ ਕਿ ਨਹੀਂ; ਕਿਉਂਕਿ ਥੋੜਾ ਚਿਰ ਪਹਿਲਾਂ ਹੀ ਉਹ ਮੇਰੇ ਨਾਲ ਈਰਖਾਵਸ਼ ਹੋ ਕੇ ਝੜਪ ਪਈ ਸੀ। ਪਰ ਇਸ ਸਮੇਂ ਵਿਚ ਹੀ ਉਹਦੇ ਪਤੀ ਨੇ ਉਹਨੂੰ ਸਮਝਾ ਕੇ ਠੰਢਿਆਂ ਕਰ ਲਿਆ ਜਾਪਦਾ ਸੀ। ਉਹ ਮੇਰੇ ਨਾਲ ਪਹਿਲਾਂ ਵਾਂਗ ਹੀ ਚੰਗੀ ਤਰ੍ਹਾਂ ਬੋਲੀ। ਮੈਂ ਉਹਦੇ ਨਾਲ ਗੱਲ ਸਿਰਫ਼ ਇਸ ਲਈ ਕੀਤੀ ਤਾਂ ਜੋ ਉਹ ਸਰ ਪਰਸੀਵਲ ਬਾਰੇ ਮੈਨੂੰ ਕੁਝ ਦੱਸ ਦੇਵੇਂ। ਮੈਂ ਵੀ ਉਹਨੂੰ ਵੱਲ ਫੇਰ ਪਾ ਕੇ ਇਹ ਸਵਾਲ ਉਹਨੂੰ ਪੁੱਛਿਆ ਅਤੇ ਉਹਨੇ ਜਵਾਬ ਵੀ ਵੱਲ ਫੇਰ ਪਾ ਕੇ ਹੀ ਦਿੱਤਾ। ਅੰਤ ਵਿਚ ਉਹਨੇ ਕਿਹਾ ਕਿ ਉਹ ਬਾਹਰ ਗਿਆ ਹੋਇਆ ਹੈ।

"ਕਿਹੜੇ ਘੋੜੇ ਤੇ-' ਮੈਂ' ਲਾਪਰਵਾਹੀ ਦਰਸਾਉਂਦੇ ਹੋਏ ਕਿਹਾ।

"ਕਿਸੇ ਘੋੜੇ ਤੇ ਨਹੀਂ। ਉਹ ਤੇ ਦੋ ਘੰਟੇ ਹੋਏ ਹਨ, ਪੈਦਲ ਹੀ ਗਿਆ ਹੈ। ਜਿਥੋਂ ਤਕ ਮੇਰਾ ਖ਼ਿਆਲ ਹੈ ਉਹ ਏਨ ਕੈਥੇਰਿਕ ਦਾ ਹੀ ਖੁਰਾ ਖੋਜ ਲੱਭਣ ਗਿਆ ਹੈ। ਉਹਦਾ ਉਹਨੂੰ ਬਹੁਤ ਫ਼ਿਕਰ ਜਾਪਦਾ ਹੈ। ਕੀ ਉਹ ਬਿਲਕੁਲ ਪਾਗਲ ਹੈ, ਮਿਸ ਹਾਲਕੌਂਬ?", 'ਮੈਨੂੰ ਤੇ ਬਿਲਕੁਲ ਪਤਾ ਨਹੀਂ ਕਾਉਂਟੈਸ"

"ਕੀ ਤੁਸੀਂ ਅੰਦਰ ਚਲੇ ਹੋ?" ਉਹਨੇ ਪੁੱਛਿਆ।

"ਹਾਂ-ਹੁਣ ਰੋਟੀ ਲਈ ਕੱਪੜੇ ਬਦਲਣ ਦਾ ਵੇਲਾ ਹੋਣ ਵਾਲਾ ਹੈ।"

ਅਸੀਂ ਅੰਦਰ ਇਕੱਠੀਆਂ ਹੀ ਆਈਆਂ। ਮੈਡਮ ਫ਼ੋਸਕੋ ਆਰਾਮ ਨਾਲ ਘੁੰਮਦੀ ਹੋਈ ਲਾਇਬਰੇਰੀ ਵਿਚ ਵੜੀ ਅਤੇ ਅੰਦਰ ਜਾ ਕੇ ਉਹਨੇ ਦਰਵਾਜ਼ਾ ਬੰਦ ਕੀਤਾ। ਮੈਂ ਝਟਪਟ ਆਪਣਾ ਹੈਟ ਅਤੇ ਸਾਲ ਲੈਣ ਗਈ। ਇਕ-ਇਕ ਪਲ ਕੀਮਤੀ ਸੀ, ਤਾਂ ਜੋ ਮੈਂ ਫ਼ੈਨੀ ਨੂੰ ਮਿਲ ਕੇ ਰੋਟੀ ਵੇਲੇ ਤਕ ਘਰ ਪਰਤ ਆਵਾਂ।

ਫਿਰ ਜਦੋਂ ਮੈਂ ਹਾਲ ਵਿਚੋਂ ਲੰਘੀ; ਚਿੜੀਆਂ ਦੀ ਕੋਈ ਆਵਾਜ਼ ਨਹੀਂ ਸੀ ਅਤੇ ਉਥੇ ਕੋਈ ਵੀ ਨਹੀਂ ਸੀ। ਮੈਂ ਹੁਣ ਹੋਰ ਸਮਾਂ ਉਨ੍ਹਾਂ ਦਾ ਪਤਾ ਲਾਉਣ ਉਤੇ ਖ਼ਰਚ ਨਹੀਂ ਸਾਂ ਕਰ ਸਕਦੀ। ਮੈਂ ਉਹ ਦੋਵੇਂ ਚਿੱਠੀਆਂ ਜੇਬ ਵਿਚ ਪਾ ਕੇ ਚੁੱਪ ਚਾਪ ਘਰੋਂ ਨਿਕਲ ਤੁਰੀ।

ਰਾਹ ਵਿਚ ਮੈਂ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ, ਕਿ ਜੇ ਸਰ ਪਰਸੀਵਲ ਮੈਨੂੰ ਰਾਹ ਵਿਚ ਮਿਲ ਗਿਆ ਤਾਂ ਮੈਂ ਕੀ ਕਰਨਾ ਹੈ। ਜਦੋਂ ਤਕ ਉਹ ਇਕੱਲਾ ਹੁੰਦਾ ਸੀ, ਮੈਨੂੰ ਕੋਈ ਮੁਸ਼ਕਲ ਨਹੀਂ ਸੀ ਹੁੰਦੀ। ਕੋਈ ਵੀ ਅਕਲਮੰਦ ਔਰਤ, ਕਿਸੇ ਵੀ ਗੁਸੈਲ ਆਦਮੀ ਦੀ ਪਰਵਾਹ ਨਹੀਂ ਕਰਦੀ ਅਤੇ ਉਹਦੇ ਕੋਲੋਂ ਨਹੀਂ ਹਾਰਦੀ। ਮੈਨੂੰ ਪਰਸੀਵਲ ਕੋਲੋਂ ਨਹੀਂ, ਕਾਂਊਟ ਕੋਲੋਂ ਡਰ ਲੱਗਦਾ ਸੀ।

ਉਹ ਏਨ ਕੈਥੇਰਿਕ ਨੂੰ ਲੱਭਣ ਗਿਆ ਹੈ, ਇਹ ਸੁਣ ਕੇ ਮੈਂ ਘਬਰਾਹਟ ਦੀ ਥਾਂ ਮੈਂ ਸਗੋਂ ਆਪਣੇ ਨਿਸ਼ਚੇ ਵਿਚ ਹੋਰ ਦ੍ਰਿੜ ਹੋ ਗਈ ਸਾਂ। ਉਹ ਜਦੋਂ ਤਕ ਏਨ ਕੈਥੇਰਿਕ ਨੂੰ ਲੱਭਣ ਵਿਚ ਰੁੱਝਾ ਹੋਇਆ ਹੈ, ਉਦੋਂ ਤਕ ਮੈਂ ਅਤੇ ਲਾਰਾ ਉਹਦੇ ਗੁੱਸੇ ਤੋਂ ਬਚ ਸਕਦੀਆਂ ਹਾਂ। ਮੈਂ ਆਪਣੀ ਅਤੇ ਲਾਰਾ ਦੀ ਖਾਤਿਰ ਹੀ ਨਹੀਂ, ਸਗੋਂ ਉਸ ਵਿਚਾਰੀ ਏਨ ਦੀ ਖਾਤਿਰ ਵੀ ਅਰਦਾਸ ਕਰ ਰਹੀ ਸਾਂ, ਕਿ ਉਹ ਵੀ ਉਹਦੇ ਹਥੋਂ ਬੱਚ ਜਾਏ।

ਉਸ ਗਰਮੀ ਵਿਚ ਮੈਂ ਜਿੰਨੀ ਤੇਜ਼ ਤੁਰ ਸਕਦੀ ਸਾਂ, ਤੁਰਦੀ ਰਹੀ। ਮੈਂ ਚੁਰਾਹੇ ਵਿਚ ਪੁੱਜ ਕੇ ਪਿਛੇ ਨਜ਼ਰ ਮਾਰੀ ਕਿ ਕੋਈ ਮੇਰਾ ਪਿੱਛਾ ਤਾਂ ਨਹੀਂ ਕਰ ਰਿਹਾ।

ਸਾਰਾ ਰਸਤਾ ਮੇਰੇ ਪਿਛੇ ਇਕ ਗੱਡਾ ਆਉਂਦਾ ਰਿਹਾ ਸੀ। ਉਹਦੇ ਪਹੀਆਂ ਦੇ ਰੌਲੇ ਨਾਲ ਮੈਨੂੰ ਖਿੱਝ ਚੜ੍ਹ ਰਹੀ ਸੀ; ਜਦੋਂ ਮੇਰੇ ਪਿਛੇ-ਪਿਛੇ ਹੀ ਉਹ ਗੱਡਾ ਪਿੰਡ ਵੱਲ ਆ ਵੜਿਆ; ਤਾਂ ਮੈਂ ਖੜੀ ਹੋ ਗਈ ਕਿ ਉਹਦੇ ਲੰਘ ਜਾਣ ਮਗਰੋਂ ਹੀ ਮੈਂ ਤੁਰਾਂਗੀ! ਜਦੋਂ ਮੈਂ ਉਹਦੇ ਅੱਗੇ ਲੰਘ ਜਾਣ ਦੀ ਉਡੀਕ ਕਰ ਰਹੀ ਸਾਂ, ਤਾਂ ਮੈਨੂੰ ਜਾਪਿਆ ਜਿਵੇਂ ਕੋਈ ਆਦਮੀ ਗੱਡੇ ਦੇ ਪਿਛੇ-ਪਿਛੇ ਤੁਰਿਆ ਆ ਰਿਹਾ ਹੈ; ਅਤੇ ਮੈਨੂੰ ਕਿਸੇ ਦੇ ਪੈਰ ਦਿਸਣ ਦਾ ਝਾਵਲਾ ਵੀ ਪਿਆ, ਮੈਂ ਬੜੀ ਤੰਗ ਪਗਡੰਡੀ ਤੇ ਖੜੀ ਸਾਂ। ਉਹ ਗੱਡਾ ਦੋਹਾਂ ਪਾਸਿਉਂ ਝਾੜੀਆਂ ਅਤੇ ਦਰਖਤਾਂ ਨਾਲ ਹਿਸਰਦਾ ਹੋਇਆ ਅੱਗੇ ਵਧਿਆ, ਮੈਂ ਖੜੀ ਹੋ ਕੇ ਉਹਦੇ ਪਿਛੇ ਧਿਆਨ ਨਾਲ ਵੇਖਿਆ ਪਰ ਕੋਈ ਨਹੀਂ ਸੀ। ਸ਼ਾਇਦ ਮੈਨੂੰ ਭੁਲੇਖਾ ਪਿਆ ਸੀ, ਸੜਕ ਬਿਲਕੁਲ ਖ਼ਾਲੀ ਸੀ।

ਅਖੀਰ ਮੈਂ ਸਰਾਂ ਤੀਕ ਪੁੱਜ ਗਈ। ਰਾਹ ਵਿਚ ਨਾ ਤੇ ਸਰ ਪਰਸੀਵਲ ਹੀ ਮਿਲਿਆ ਅਤੇ ਨਾ ਹੀ ਕੋਈ ਹੋਰ। ਮੈਨੂੰ ਵੇਖ ਕੇ ਖੁਸ਼ੀ ਹੋਈ ਕਿ ਸਰਾਂ ਦੀ ਮਾਲਕਣ ਨੇ ਫ਼ੈਨੀ ਨੂੰ ਪਿਆਰ ਨਾਲ ਆਪਣੇ ਕੋਲ ਠਹਿਰਾ ਲਿਆ ਸੀ। ਕੁੜੀ ਨੂੰ ਗੁਸਲਖਾਨੇ ਤੋਂ' ਦੂਰ ਬੈਠਣ-ਖਲੋਣ ਲਈ ਹੇਠਾਂ ਥਾਂ ਦੇ ਦਿੱਤੀ ਗਈ ਸੀ, ਅਤੇ ਸੌਣ ਲਈ ਉੱਪਰ ਕਮਰਾ ਦੇ ਦਿੱਤਾ ਗਿਆ ਸੀ। ਮੈਨੂੰ ਵੇਖ ਕੇ ਉਹ ਫ਼ਿਰ ਰੋਣ ਲੱਗ ਪਈ,-ਉਹ ਆਪਣੇ ਆਪ ਨੂੰ ਅਭਾਗਣ ਕਹਿੰਦੀ ਸੀ, ਕਿਉਂਕਿ ਬਿਨਾਂ ਕਿਸੇ ਵੀ ਕਸੂਰ ਦੇ ਉਹਨੂੰ ਇੰਜ ਕੱਢ ਦਿੱਤਾ ਗਿਆ ਸੀ ਜਿਵੇਂ ਉਹਨੇ ਕਿਸੇ ਦਾ ਖ਼ੂਨ ਕੀਤਾ ਹੋਵੇ, ਹਾਲਾਂ ਕਿ ਜਿਸ ਮਾਲਕ ਨੇ ਉਹਨੂੰ ਕੱਢਿਆ ਸੀ; ਉਹ ਵੀ ਉਹਦੇ ਵਿਚ ਕੋਈ ਦੋਸ਼ ਨਹੀਂ ਸੀ ਕੱਢ ਸਕਦਾ।

"ਫ਼ੈਨੀ ਹੌਂਸਲਾ ਰੱਖ, ਮੈਂ ਅਤੇ ਤੇਰੀ ਮਾਲਕਣ ਇਸ ਗੱਲ ਦਾ ਧਿਆਨ ਰਖਾਂਗੀਆਂ ਕਿ ਤੇਰੀ ਕੋਈ ਬਦਨਾਮੀ ਨਾ ਹੋਵੇ। ਹੁਣ ਮੇਰੀ ਗੱਲ ਧਿਆਨ ਨਾਲ ਸੁਣ। ਇਹ ਦੋ ਚਿੱਠੀਆਂ ਹਨ, ਮੈਂ ਤੈਨੂੰ ਬੜਾ ਜ਼ਰੂਰੀ ਕੰਮ ਸੌਂਪਣ ਲੱਗੀ ਹਾਂ; ਇਕ ਜਿਸ ਤੇ ਮੋਹਰ ਲੱਗੀ ਹੋਈ ਹੈ; ਲੰਦਨ ਵਿਚ ਉਸਨੂੰ ਡਾਕ ਵਿਚ ਪਾ ਦੇਈ, ਅਤੇ ਦੂਜੀ ਮਿਸਟਰ ਫ਼ੇਅਰਲੀ ਨੂੰ ਆਪਣਿਆਂ ਹੱਥਾਂ ਨਾਲ ਪਹੁੰਚਦਿਆਂ ਹੀ ਦੇਈਂ। ਇਹ ਚਿੱਠੀਆਂ ਤੂੰ ਆਪਣੇ ਕੋਲ ਹੀ ਰੱਖ ਅਤੇ ਕਿਸੇ ਨੂੰ ਇਨ੍ਹਾਂ ਦੀ ਭਿਣਕ ਵੀ ਨਾ ਪਵੇ। ਯਾਦ ਰੱਖੀਂ, ਇਹ ਤੇਰੀ ਮਾਲਕਣ ਦੀ ਜ਼ਿੰਦਗੀ ਅਤੇ ਖੁਸ਼ੀ ਲਈ ਅਤਿ ਮਹੱਤਵ-ਪੂਰਣ ਹਨ।

ਫ਼ੈਨੀ ਨੇ ਇਹ ਚਿੱਠੀਆਂ ਆਪਣੀ ਬਨੈਨ ਵਿਚ ਰੱਖ ਲਈਆਂ ਤੇ ਬੋਲੀ "ਇਹ ਇਥੇ ਹੀ ਰਹਿਣਗੀਆਂ, ਜਦ ਤਕ ਮੈਂ ਤੁਹਾਡੇ ਦੱਸੇ ਅਨੁਸਾਰ ਇਨ੍ਹਾਂ ਨੂੰ ਥਾਂ ਸਿਰ ਭੇਜ ਨਹੀਂ ਲੈਂਦੀ।"

"ਕੱਲ੍ਹ ਸਟੇਸ਼ਨ ਤੇ ਵਕਤ ਸਿਰ ਚਲੀ ਜਾਈ" ਮੈਂ ਉਹਨੂੰ ਕਿਹਾ-' ਲਿਮਰਿਜ ਪਹੁੰਚ ਕੇ ਹਾਊਸ ਕੀਪਰ ਨੂੰ ਮੇਰੇ ਵਲੋਂ ਕਹੀ ਕਿ ਤੂੰ ਮੇਰੀ ਨੌਕਰੀ ਵਿਚ ਹੀ ਹੈ; ਜਦੋਂ ਤਕ ਲੇਡੀ ਗਲਾਈਡ ਤੈਨੂੰ ਵਾਪਸ ਨਹੀਂ ਮੰਗਵਾ ਲੈਂਦੀ, ਅਸੀਂ ਜਲਦੀ ਹੀ ਮਿਲਾਂਗੀਆਂ। ਇਸ ਲਈ ਨਿਰਾਸ਼ ਨਾ ਹੋ, ਸੱਤ ਵਜੇ ਦੀ ਗੱਡੀ ਜ਼ਰੂਰ ਪਕੜ ਲਈ।"

--"ਧੰਨਵਾਦ-ਤੁਹਾਡਾ ਬਹੁਤ-ਬਹੁਤ ਧੰਨਵਾਦ ! ਤੁਹਾਡੀ ਗੱਲ ਸੁਣ ਕੇ ਮੇਰੇ ਵਿਚ ਮੁੜ ਜਾਨ ਪੈ ਗਈ ਹੈ। ਮੇਰੀ ਮਾਲਕਣ ਨੂੰ ਕਹਿ ਦੇਣਾ ਕਿ ਮੈਂ ਉਨ੍ਹਾਂ ਦੇ ਕੱਪੜੇ ਸਾਂਭ ਕੇ ਰੱਖ

ਆਈ ਹਾਂ-! ਉਫ ! ਅੱਜ ਉਨ੍ਹਾਂ ਨੂੰ ਕੌਣ ਤਿਆਰ ਕਰੇਗਾ --? ਇਹ ਸੋਚ ਕੇ ਹੀ ਮੇਰੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ।"

ਘਰ ਪਹੁੰਚਣ ਮਗਰੋਂ ਮੇਰੇ ਕੋਲ ਪੰਦਰਾਂ ਮਿੰਟ ਸਨ। ਜਿਸ ਵਿਚ ਮੈਂ ਰੋਟੀ ਲਈ ਕੱਪੜੇ ਬਦਲਣੇ ਸਨ ਅਤੇ ਹੇਠਾਂ ਜਾਣ ਤੋਂ ਪਹਿਲਾਂ ਲਾਰਾ ਨੂੰ ਜ਼ਰਾ ਮਿਲਣਾ ਸੀ। ਮੈਂ ਖੜੋਤੀ-ਖੜੋਤੀ ਹੀ ਉਹਨੂੰ ਹੌਲੀ ਜਿਹੀ ਕਿਹਾ, 'ਚਿੱਠੀਆਂ ਮੈਂ' ਫੈਨੀ ਨੂੰ ਦੇ ਆਈ ਹਾਂ, ਕੀ ਤੂੰ ਸਾਡੇ ਨਾਲ ਰੋਟੀ ਖਾਣ ਹੇਠਾਂ ਚਲੇਂਗੀ?"

"ਕਦੀ ਨਹੀਂ-ਕਦੀ ਨਹੀਂ।"

"ਕੀ ਕੋਈ ਹੋਰ ਗੱਲ ਹੋਈ ਹੈ? ਕੋਈ ਤੇਰੇ ਕੋਲ ਆਇਆ ਸੀ?"

“ਹਾਂ, ਹੁਣੇ-ਹੁਣੇ ਸਰ ਪਰਸੀਵਲ"

"ਕੀ ਉਹ ਅੰਦਰ ਆਇਆ ਸੀ?"

‘“ਨਹੀਂ ! ਉਹਨੇ ਬਾਹਰੋਂ ਹੀ ਬੂਹੇ ਉਤੇ ਠੋਕਰ ਮਾਰੀ ਅਤੇ ਮੈਨੂੰ ਡਰਾਂਦਾ ਧਮਕਾਂਦਾ ਰਿਹਾ। ਪਹਿਲਾਂ ਏਨੀ ਜ਼ੋਰ ਦੀ ਬੂਹਾ ਖੜਕਾਇਆ, ਕਿ ਮੈਂ ਪੁੱਛਿਆ ਕੌਣ ਹੈ?' ਤਾਂ ਉਹਨੇ ਉੱਤਰ ਦਿੱਤਾ। "ਤੂੰ ਜਾਣਦੀ ਹੈ, ਕੀ ਤੂੰ ਆਪਣੀ ਸਲਾਹ ਬਦਲ ਕੇ ਮੈਨੂੰ ਬਾਕੀ ਦੀ ਗੱਲ ਦੱਸ ਦਏਂਗੀ? ਤੈਨੂੰ ਦੱਸਣਾ ਤਾਂ ਪਵੇਗਾ, ਭਾਵੇਂ ਅੱਜ ਦੱਸ ਤੇ ਭਾਵੇਂ ਕੱਲ। ਤੈਨੂੰ ਇਹ ਵੀ ਪਤਾ ਹੈ ਕਿ ਏਨ ਕੈਥੇਰਿਕ ਇਸ ਵੇਲੇ ਕਿੱਥੇ ਹੈ?’

ਮੈਂ ਇਹੀ ਕਹਿੰਦੀ ਰਹੀ, “ਮੈਨੂੰ ਸਚਮੁੱਚ ਕੁਝ ਹੋਰ ਪਤਾ ਨਹੀਂ, ਮੈਂ ਕੁਝ ਨਹੀਂ ਜਾਣਦੀ।" ਪਰ ਉਹ ਚੀਖ ਕੇ ਬੋਲਿਆ ਤੂੰ ਸਭ ਜਾਣਦੀ ਹੈ ਤੇ ਮੈਂ ਤੇਰੇ ਅੰਦਰੋਂ ਇਹ ਭੇਤ ਹਰ ਹਾਲਤ ਵਿਚ ਕੱਢ ਲੈਣਾ ਹੈ; ਮੈਂ ਤੇਰੀ ਜ਼ਿਦ ਤੋੜ ਦਿਆਂਗਾ, ਯਾਦ ਰਖੀਂ। ਉਹ ਹੁਣੇ ਪੰਜ ਮਿੰਟ ਪਹਿਲਾਂ ਇਥੋਂ ਗਿਆ ਹੈ।"

ਤਾਂ ਅਜੇ ਉਹਨੂੰ ਏਨ ਨਹੀਂ ਲੱਭੀ। ਅੱਜ ਦੀ ਰਾਤ ਉਹ ਸਾਡਾ ਕੁਝ ਨਹੀਂ ਸੀ ਵਿਗਾੜ ਸਕਦਾ।

ਤੂੰ ਹੇਠਾਂ ਚਲੀ ਹੈਂ, ਮੇਰੀਅਨ-ਫਿਰ ਜ਼ਰੂਰ ਆਵੀਂ।"

"ਮੈਂ ਜ਼ਰੂਰ ਆਵਾਂਗੀ, ਪਰ ਜੇ ਥੋੜੀ ਚਿਰਕ ਹੋ ਜਾਏ ਤਾਂ ਫਿਕਰ ਨਾ ਕਰੀਂ- ਮੈਂ ਜਿੰਨੀ ਜਲਦੀ ਉਨ੍ਹਾਂ ਤੋਂ ਵੱਖ ਹੋ ਸਕੀ, ਉੱਠ ਆਵਾਂਗੀ।"

ਰੋਟੀ ਲਈ ਘੰਟੀ ਵੱਜ ਗਈ ਸੀ, ਮੈਂ ਕਾਹਲੀ-ਕਾਹਲੀ ਪੌੜੀਆਂ ਉਤਰੀ।

ਸਰ ਪਰਸੀਵਲ ਮੈਡਮ ਫ਼ੋਸਕੋ ਦੀ ਬਾਂਹ ਵਿਚ ਬਾਂਹ ਪਾ ਕੇ ਡਾਈਨਿੰਗ ਰੂਮ ਵਿਚ ਆਇਆ ਅਤੇ ਕਾਂਊਟ ਨਾਲ ਮੈਂ ਆਈ। ਉਹਨੂੰ ਬੜੀ ਗਰਮੀ ਲੱਗ ਰਹੀ ਸੀ ਅਤੇ ਉਹਦਾ ਮੂੰਹ ਵੀ ਲਾਲ ਸੀ। ਕੀ ਉਹ ਰੋਟੀ ਖਾਣ ਤੋਂ ਪਹਿਲਾਂ ਬਾਹਰ ਗਿਆ ਸੀ? ਕੀ ਉਹਨੂੰ ਵੀ ਵਾਪਸ ਮੁੜਨ ਵਿਚ ਦੇਰ ਹੋ ਗਈ ਸੀ? ਜਾਂ ਅੱਜ ਉਹਨੂੰ ਗਰਮੀ ਬਹੁਤੀ ਲਗ ਰਹੀ ਸੀ? ਉਹ ਵੀ ਅੱਜ ਠੀਕ ਤਰ੍ਹਾਂ ਤਿਆਰ ਨਹੀਂ ਸੀ ਹੋਇਆ ਦਿਸਦਾ।

ਪਰ ਅੱਜ ਉਹ ਚਿੰਤਿਤ ਸੀ। ਉਹਦੇ ਚਿਹਰੇ ਤੋਂ ਹੀ ਲੱਗ ਰਿਹਾ ਸੀ ਕਿ ਕੋਈ ਨਾ ਕਈ ਫਿਕਰ ਅੱਜ ਉਹ ਕਰ ਰਿਹਾ ਹੈ, ਜਾਂ ਮਨ ਹੀ ਮਨ ਕਿਸੇ ਗੱਲ ਤੋਂ ਖਿਝਿਆ ਹੋਇਆ ਹੈ।

ਏਨਾ ਚਾਲਾਕ ਹੁੰਦਾ ਹੋਇਆ ਵੀ ਉਹ ਦਿਲ ਦੀ ਗੱਲ ਛੁਪਾਣ ਤੋਂ ਅੱਜ ਅਸਮੱਰਥ ਨਜ਼ਰ ਆਉਂਦਾ ਸੀ। ਉਹ ਵੀ ਸਰ ਪਰਸੀਵਲ ਵਾਂਗ ਚੁੱਪ ਹੀ ਬੈਠਾ ਰਿਹਾ। ਕਦੀ-ਕਦੀ ਆਪਣੀ ਪਤਨੀ ਵੱਲ ਗੁੱਸੇ ਨਾਲ ਝਾਕ ਲੈਂਦਾ ਸੀ ! ਇਹ ਵੀ ਮੇਰੇ ਲਈ ਇਕ ਨਵੀਂ ਹੀ ਗੱਲ ਸੀ।

ਇਕ ਕੰਮ ਜਿਸ ਵਿਚ ਉਹ ਪਹਿਲਾਂ ਵਾਂਗ ਹੀ ਸੀ, ਉਹ ਸੀ ਉਹਦਾ ਮੇਰੇ ਨਾਲ ਵਰਤਾਓ। ਮੈਂ ਨਹੀਂ ਸਾਂ ਕਹਿ ਸਕਦੀ, ਕਿ ਉਹਦੇ ਮਨ ਵਿਚ ਕੀ ਬੇਈਮਾਨੀ ਸੀ; ਪਰ ਜੋ ਵੀ ਸਕੀਮ ਸੀ, ਕਾਂਊਟ ਸਦਾ ਮੇਰੇ ਅਤੇ ਲਾਰਾ ਨਾਲ ਬੇਹੱਦ ਨਰਮ ਵਰਤਾਉ ਕਰਦਾ ਸੀ; ਅਤੇ ਸਰ ਪਰਸੀਵਲ ਨੂੰ ਹਰ ਸਮੇਂ ਟੱਕਦਾ ਰਹਿੰਦਾ ਸੀ, ਅਤੇ ਉਹਦੇ ਗੁੱਸੇ ਨੂੰ ਕਾਬੂ ਕਰਦਾ ਸੀ। ਜਦੋਂ ਦਾ ਉਹਨੇ ਇਸ ਘਰ ਵਿਚ ਪੈਰ ਰਖਿਆ ਸੀ, ਉਹਦਾ ਸਾਡੇ ਤਿੰਨਾਂ ਵੱਲ ਇਹੀ ਵਤੀਰਾ ਰਿਹਾ ਸੀ !

ਜਿਸ ਦਿਨ ਪਹਿਲੀ ਵਾਰ ਲਾਇਬ੍ਰੇਰੀ ਵਿਚ ਸਰ ਪਰਸੀਵਲ ਨੇ ਉਹ ਦਸਤਾਵੇਜ਼ ਕੱਢੀ ਸੀ, ਉਸ ਦਿਨ ਹੀ ਕਾਂਊਟ ਦੀ ਦਖਲ-ਅੰਦਾਜ਼ੀ ਨਾਲ ਮੈਨੂੰ ਇਹ ਸ਼ੱਕ ਪਿਆ ਸੀ, ਪਰ

ਹੁਣ ਮੈਂ ਪੂਰੇ ਯਕੀਨ ਨਾਲ ਕਹਿ ਸਕਦੀ ਸਾਂ, ਕਿ ਇਸ ਵਤੀਰੇ ਪਿਛੇ ਉਸ ਦਾ ਕੋਈ ਮਨੋਰਥ ਅਵੱਸ਼ ਸੀ।

ਜਦੋਂ ਮੈਡਮ ਫ਼ੋਸਕੋ ਅਤੇ ਮੈਂ ਰੋਟੀ ਖਾ ਕੇ ਉੱਠੀਆਂ, ਕਾਂਊਟ ਵੀ ਸਾਡੇ ਨਾਲ ਡਰਾਇੰਗ ਰੂਮ ਵਿਚ ਆਉਣ ਲਈ ਉਠਿਆ।

"ਤੂੰ ਕਿਸ ਲਈ ਚਲਿਆ ਏਂ? ਸਰ ਪਰਸੀਵਲ ਨੇ ਪੁਛਿਆ।

"ਮੇਰਾ ਮਤਲਬ ਤੇਰੇ ਤੋਂ ਹੈ ਫ਼ੋਸਕੋ।"

"ਮੈਂ ਤਾਂ ਚਲਿਆ ਹਾਂ, ਕਿ ਮੈਂ ਰੱਜ ਕੇ ਰੋਟੀ ਖਾ ਲਈ ਹੈ; ਅਤੇ ਕਾਫੀ ਸ਼ਰਾਬ ਪੀ ਲਈ ਹੈ", ਕਾਂਊਟ ਨੇ ਉੱਤਰ ਦਿਤਾ। "ਪਰਸੀਵਲ, ਮੇਰਾ ਇੰਨਾ ਤੇ ਲਿਹਾਜ਼ ਕਰ, ਕਿ ਮੈਂ ਆਪਣੇ ਦੇਸ਼ ਦੀ ਆਦਤ ਦੇ ਅਨੁਸਾਰ ਔਰਤਾਂ ਨਾਲ ਰੋਟੀ ਖਾਣ ਬੈਠਦਾ ਹਾਂ, ਅਤੇ ਉਨ੍ਹਾਂ ਨਾਲ ਹੀ ਉੱਠਦਾ ਹਾਂ।

"ਬੜੀ ਬੇਹੂਦਾ ਗੱਲ ਹੈ ! ਕੋਲੇਰਟ ਦਾ ਇਕ ਹੋਰ ਗਲਾਸ ਤੈਨੂੰ ਖਾਂਦਾ ਨਹੀਂ। ਇਕ ਅੰਗਰੇਜ਼ ਵਾਂਗ ਬੈਠ। ਮੈਂ ਤੇਰੇ ਨਾਲ ਸ਼ਰਾਬ ਪੀਂਦਿਆਂ-ਪੀਂਦਿਆਂ ਅੱਧਾ ਘੰਟਾ ਗੱਲਬਾਤ ਕਰਨੀ ਚਾਹੁੰਦਾ ਹਾਂ।"

"ਗੱਲਬਾਤ ਜ਼ਰੂਰ ਕਰਾਂਗੇ ਪਰ ਇਸ ਵੇਲੇ ਨਹੀਂ--" ਵਾਈਨ ਪੀਂਦਿਆਂ ਤਾਂ ਉੱਕਾ ਹੀ ਕੋਈ ਗੱਲ ਨਹੀਂ ਕਰਨੀ। ਰਾਤੀ ਕਰ ਲਵਾਂਗੇ ਰਾਤੀਂ ਕਰ ਲਵਾਂਗੇ।'

'ਕੁਝ ਤਾਂ ਤਮੀਜ਼ ਨਾਲ ਬੋਲ! ਮੇਰੇ ਆਪਣੇ ਘਰ ਵਿਚ ਹੀ ਤੂੰ ਮੇਰੀ ਬੇਇਜ਼ਤੀ ਕਰਦਾ ਹੈ।' ਸਰ ਪਰਸੀਵਲ ਉਹਨੂੰ ਭੱਜ ਕੇ ਪਿਆ।

ਰੋਟੀ ਖਾਂਦਿਆਂ ਵੀ ਮੈਂ ਨੋਟ ਕੀਤਾ ਸੀ ਕਿ ਸਰ ਪਰਸੀਵਲ ਨੇ ਕਈ ਵਾਰ ਕਾਂਊਟ ਵੱਲ ਵੇਖਿਆ ਸੀ, ਪਰ ਕਾਂਊਟ ਉਹਦੀਆਂ ਨਜ਼ਰਾਂ ਦਾ ਉਤਰ ਦੇਣ ਦੀ ਥਾਂ ਉਹਦੇ ਤੋਂ ਅੱਖ ਚੁਰਾਂਦਾ ਸੀ, ਹੁਣ ਵੀ ਸਰ ਪਰਸੀਵਲ ਨੇ ਕਾਂਊਟ ਨੂੰ ਬੁਲਾਇਆ ਸੀ, ਪਰ ਉਹਨੇ ਨਾਂਹ ਕਰ ਦਿੱਤੀ ਸੀ। ਦੁਪਹਿਰੀ ਵੀ ਸਰ ਪਰਸੀਵਲ ਨੇ ਕਾਂਊਟ ਨੂੰ ਬੁਲਾਇਆ ਸੀ, ਉਹ, ਉਸ ਵੇਲੇ ਵੀ ਉਹਦੇ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਸੀ। ਸਰ ਪਰਸੀਵਲ ਦਾ ਕਿਸੇ ਖਾਸ ਸਲਾਹ ਕਰਨ ਲਈ ਕਾਹਲਿਆਂ ਪੈਣਾ, ਪਰ ਕਾਂਊਟ ਦਾ ਘੜੀ ਘੜੀ ਟਾਲਣਾ ਅਤੇ ਇਸ ਗੱਲਬਾਤ ਨੂੰ ਅਗੇਤਰ ਹੀ ਅਗੇਤਰੇ ਪਾਈ ਜਾਣਾ, ਇਹ ਦੱਸਦਾ ਸੀ ਕਿ ਸਰ ਪਰਸੀਹਲ ਦੀਆਂ ਨਜ਼ਰਾਂ

ਵਿਚ ਇਹ ਮਾਮਲਾ ਬੜਾ ਮਹੱਤਵਪੂਰਨ ਸੀ; ਅਤੇ ਕਾਂਊਟ ਦੇ ਵਿਚਾਰ ਵਿਚ ਇਹ ਮਾਮਲਾ ਮਹੱਤਵ-ਪੂਰਨ ਹੋਣ ਦੇ ਨਾਲ ਨਾਲ ਖਤਰਨਾਕ ਵੀ ਸੀ। ਡਾਈਨਿੰਗ ਰੂਮ ਤੋਂ ਡਰਾਇੰਗ ਰੂਮ ਵੱਲ ਜਾਂਦਿਆਂ ਮੈਂ ਇਹ ਸਾਰੀ ਗੱਲ ਸੋਚੀ। ਸਰ ਪਰਸੀਵਲ ਦਾ ਗੁੱਸੇ ਭਰੇ ਲਹਿਜੇ ਵਿਚ ਇਹ ਕਹਿਣਾ, ਕਿ ਉਹਦਾ ਮਿੱਤਰ ਵੀ ਉਹਦਾ ਸਾਥ ਛੱਡ ਗਿਆ ਹੈ ਅਤੇ ਕਾਂਊਟ ਦਾ ਇਹ ਗੱਲ ਸੁਣਕੇ ਮੋਢੇ ਛੱਡਣੇ ਵੀ ਅਜੀਬ ਗੱਲ ਸੀ। ਅੱਜ ਕਾਂਊਟ ਉਤੇ ਕਿਸੇ ਗੱਲ ਦਾ ਅਸਰ ਨਹੀਂ ਸੀ ਹੋ ਰਿਹਾ। ਕਾਂਊਟ ਆਪਣੀ ਜ਼ਿਦ ਜ਼ਿਦ ਵਿਚ ਸਾਡੇ ਨਾਲ ਚਾਹ ਪੀਣ ਲਈ ਮੇਜ਼ ਤਕ ਆਇਆ ਦੋ ਪਲ ਉਥੇ ਖੜੋ ਕੇ ਮੁੜ ਹਾਲ ਵਿਚ ਗਿਆ ਅਤੇ ਉਥੋਂ ਡਾਕ ਦਾ ਥੇਲਾ ਚੁੱਕ ਲਿਆਇਆ ਉਸ ਸਮੇਂ ਪੂਰੇ ਅੱਠ ਵਜੇ ਸਨ। ਬਲੈਕਵਾਟਰ ਪਾਰਕ ਤੋਂ ਡਾਕ ਇਸ ਸਮੇਂ ਹੀ ਭੇਜੀ ਜਾਂਦੀ ਸੀ।

"ਤੁਹਾਡੀ ਕੋਈ ਚਿੱਠੀ ਹੈ, ਮਿਸ ਹਾਲਕੌਂਬ?" ਉਹਨੇ ਥੇਲੇ ਨੂੰ ਮੇਰੇ ਅੱਗੇ ਕੀਤਾ। ਮੈਂ ਵੇਖਿਆ, ਮੈਡਮ ਫ਼ੋਸਕੋ ਚਾਹ ਬਣਾਂਦੀ ਇਕ ਛਿਣ ਰੁਕ ਗਈ, ਜਿਵੇਂ ਉਹ ਮੇਰਾ ਉਤਰ ਉਡੀਕ ਰਹੀ ਹੋਵੇ !

'ਧੰਨਵਾਦ ਕਾਂਊਟ, ਅੱਜ ਮੇਰੀ ਕੋਈ ਚਿੱਠੀ ਨਹੀਂ" ਮੈਂ ਕਿਹਾ। ਥੇਲਾ ਨੌਕਰ ਨੂੰ ਦੇ ਦਿਤਾ ਅਤੇ ਆਪ ਪਿਆਨੋ ਵਜਾਉਣ ਲਈ ਬੈਠ ਗਿਆ। ਇਕ ਇਤਾਲੀਅਨ ਗੀਤ ਦੀ ਧੁਨ ਉਹਨੇ ਦੋ ਵਾਰ ਵਜਾਈ। ਉਹਦੀ ਪਤਨੀ ਜੋ ਹਰ ਕੰਮ ਜਾਣ ਬੁਝ ਕੇ ਹੌਲੀ ਹੌਲੀ ਕਰਿਆ ਕਰਦੀ ਸੀ, ਅੱਜ ਮੇਰੇ ਤੋਂ ਤੇਜ਼ ਚਾਹ ਬਣਾ ਰਹੀ ਸੀ। ਆਪਣੀ ਪਿਆਲੀ ਉਹਨੇ ਦੋ ਮਿੰਟਾਂ ਵਿਚ ਹੀ ਅੰਦਰ ਸੁੱਟੀ ਤੇ ਚੁੱਪ ਚੁਪੀਤੀ ਕਮਰੇ ਵਿਚੋਂ ਬਾਹਰ ਨਿਕਲ ਆਈ।

ਮੈਂ ਵੀ ਉਹਦੇ ਵਾਂਗ ਹੀ ਬਾਹਰ ਜਾਣ ਲਈ ਉਠੀ। ਮੇਰੇ ਉਠਣ ਦਾ ਇਕ ਤਾਂ ਇਹ ਕਾਰਣ ਸੀ ਕਿ ਮੈਨੂੰ ਮੈਡਮ ਫ਼ੋਸਕੋ ਉਤੇ ਸ਼ੱਕ ਸੀ ਕਿ ਉਪਰ ਜਾ ਕੇ ਉਹ ਲਾਰਾ ਨਾਲ ਕੋਈ ਮੱਕਾਰੀ ਕਰੇਗੀ ਅਤੇ ਉਹਨੂੰ ਪ੍ਰੇਸ਼ਾਨ ਕਰੇਗੀ,- ਦੂਜਾ ਮੈਂ ਉਹਦੇ ਪਤੀ ਨਾਲ ਇਕੱਲਿਆਂ ਕਮਰੇ ਵਿਚ ਨਹੀਂ ਸੀ ਠਹਿਰਨਾ ਚਾਹੁੰਦੀ।

ਮੈਂ ਅਜੇ ਦਰਵਾਜ਼ੇ ਤਕ ਨਹੀਂ ਪਹੁੰਚੀ ਸਾਂ ਕਿ ਕਾਂਊਟ ਨੇ ਮੈਨੂੰ ਰੋਕ ਕੇ ਇਕ ਚਾਹ ਦੀ ਪਿਆਲੀ ਦੀ ਮੰਗ ਕੀਤੀ। ਮੈਂ ਉਹਨੂੰ ਝੱਟਪਟ ਚਾਹ ਦਿਤੀ ਤੇ ਦੂਜੀ ਵਾਰ ਉਥੋਂ ਨਿਕਲਣ ਦਾ ਯਤਨ ਕੀਤਾ। ਇਸ ਵਾਰ ਉਹ ਪਿਆਨੋ ਕੋਲ ਜਾ ਖੜੋਤਾ ਅਤੇ ਰਾਗ ਦੇ ਕਿਸੇ ਅਜਿਹੇ ਨੁਕਤੇ ਦੀ ਚਰਚਾ ਛੇੜ ਬੈਠਾ, ਜਿਸ ਉਤੇ ਉਹਦੇ ਕਹਿਣ ਅਨੁਸਾਰ ਉਹਦੇ ਦੇਸ਼ ਦੀ ਇੱਜ਼ਤ ਨਿਰਭਰ ਕਰਦੀ ਸੀ। ਮੈਂ ਉਹਨੂੰ ਆਪਣੀ ਇਹ ਗੱਲ ਮਨਵਾਉਣ ਲਈ ਬਥੇਰਾ ਜ਼ੋਰ

ਪਾਇਆ, ਕਿ ਮੈਨੂੰ ਰਾਗ ਦੀ ਉੱਕਾ ਸਮਝ ਨਹੀਂ, ਅਤੇ ਮੇਰਾ ਝੁਕਾਅ ਇਸ ਪਾਸੇ ਉੱਕਾ ਹੀ ਨਹੀਂ ਪਰ ਸਭ ਵਿਅਰਥ। ਉਹ ਮੇਰੀ ਗੱਲ ਸੁਣੇ ਬਿਨਾਂ ਹੀ ਜੋਸ਼ ਵਿਚ ਆ ਕੇ ਬੋਲੀ ਜਾ ਰਿਹਾ ਸੀ; 'ਅੰਗਰੇਜ਼ ਅਤੇ ਜਰਮਨ ਲੋਕ ਹਮੇਸ਼ਾਂ ਇਤਾਲਵੀ ਲੋਕਾਂ ਨੂੰ ਨੀਵਾਂ ਵਿਖਾਉਣ ਦਾ ਯਤਨ ਕਰਦੇ ਰਹੇ ਹਨ ਅਤੇ ਇਹ ਨਿੰਦਿਆ ਕਰਦੇ ਹਨ, ਕਿ ਉਹਨਾਂ ਨੂੰ ਉੱਚੀ ਪੱਧਰ ਦੇ ਸੰਗੀਤ ਦਾ ਕੁਝ ਪਤਾ ਨਹੀਂ। ਅਸੀਂ ਸਦਾ ਆਪਣੇ ਭਜਨ ਅਤੇ ਧਰਮ ਤੇ ਕੀਰਤਨ ਤੇ ਹੀ ਜ਼ੋਰ ਪਾਂਦੇ ਰਹੇ ਹਾਂ; ਅਤੇ ਉਹ ਵਾਦਯ ਸੰਗੀਤ ਉਤੇ। ਕੀ ਅਸੀਂ ਜਾਂ ਉਹ ਅਮਰ 'ਰੋਜ਼ਿਨੀ' ਨੂੰ ਭੁੱਲ ਸਕਦੇ ਹਨ? 'ਮੇਜ਼ਜ਼ ਇਨ ਈਜਿਪਟ' ਹੋਰ ਕੀ ਸੀ, ਜੇ ਇਕ ਧਾਰਮਿਕ ਕੀਰਤਨ ਨਹੀਂ ਸੀ? ਇਸ ਨੂੰ ਸਟੇਜ ਉਤੇ ਖੇਡਿਆ ਗਿਆ, ਅਤੇ ਜਲਸੇ ਵਿਚ ਨਹੀਂ ਗਾਂਵਿਆ ਗਿਆ ਸੀ। ਕੀ ਤੁਸੀਂ 'ਮੇਜ਼ਜ਼ ਇਨ ਈਜਿਪਟ ਸੁਣਿਆ ਹੋਇਆ ਹੈ?' ਇਸ ਤੋਂ ਮਗਰੋਂ ਉਹਨੇ ਕਈ ਰਾਗ ਅਤੇ ਕੀਰਤਨਾ ਦੇ ਨਾਂ ਲਏ, ਅਤੇ ਮੈਨੂੰ ਪੁੱਛਿਆ ਕਿ ਕੀ ਮੈਂ ਸੁਣੇ ਹੋਏ ਹਨ ਜਾਂ ਨਹੀਂ, ਅਤੇ ਕੀ ਮੈਂ ਸੁਣ ਕੇ ਦਸ ਸਕਦੀ ਹਾਂ ਕਿ ਅਜਿਹਾ ਮਹਾਨ ਅਤੇ ਪਵਿੱਤਰ ਸੰਗੀਤ ਕਿਸੇ ਮਨੁੱਖ ਨੇ ਕਦੀ ਲਿਖਿਆ ਹੈ? ਮੇਰੇ ਕੋਲੋਂ ਹਾਂ ਜਾਂ ਨਾਂਹ ਉਡੀਕਣ ਦੀ ਥਾਂ ਉਹਨੇ ਮੇਰੇ ਮੂੰਹ ਵੱਲ ਵੇਖਦਿਆਂ ਹੋਇਆਂ ਜ਼ੋਰ ਜ਼ੋਰ ਦੀ ਪਿਆਨੋ ਵਜਾਉਣਾ ਸ਼ੁਰੂ ਕੀਤਾ; ਅਤੇ ਨਾਲ ਹੀ ਬੜੀ ਉੱਚੀ ਆਵਾਜ਼ ਅਤੇ ਜੋਸ਼ ਵਿਚ ਗਾਉਣਾ ਵੀ ਸ਼ੁਰੂ ਕਰ ਦਿੱਤਾ, ਉਹ ਸਿਰਫ ਮੈਨੂੰ ਵੱਖਰੇ ਵੱਖਰੇ ਨਾਂ ਦੱਸਣ ਲਈ ਰੁਕਦਾ ਸੀ, 'ਮਿਸਰੀਆਂ ਦਾ ਕੋਰਸ' ਮਿਸ ਹਾਲਕੌਂਬ, 'ਮੇਜ਼ਜ਼ ਦਾ ਸੰਗੀਤ' ਅਤੇ ਨਾਲ ਨਾਲ 'ਵਾਹਵਾ ਵਾਹਵਾ' ਕਰੀ ਜਾ ਰਿਹਾ ਸੀ। ਪਿਆਨੋ ਉਹਦੇ ਤਾਕਤਵਰ ਹੱਥਾਂ ਹੇਠ ਕੰਬ ਰਿਹਾ ਸੀ, ਜਿਉ ਹੀ ਉਹਦੀ ਮੋਟੀ ਆਵਾਜ਼ ਗੂੰਜਦੀ ਅਤੇ ਭਾਰੇ ਪੈਰ ਤਾਲ ਵਿਚ ਵੱਜਦੇ, ਮੇਜ਼ ਉਤੇ ਪਏ ਚਾਹ ਦੇ ਪਿਆਲੇ ਵੀ ਖੜਕਦੇ।

ਉਹਦੇ ਆਪਣੇ ਹੀ ਸੰਗੀਤ ਉਤੇ ਇੰਜ ਖੁਸ਼ ਹੋਣ ਵਿਚ ਕੁਝ ਭਿਆਨਕ ਜਿਹਾ ਭਾਵ ਸੀ। ਉਹ ਹੱਸ ਹੱਸ ਕੇ ਅਤੇ ਗੱਜ ਗੱਜ ਕੇ ਇਸ ਦਾ ਪ੍ਰਭਾਵ ਮੇਰੇ ਉਤੇ ਵੇਖ ਰਿਹਾ ਸੀ, ਅਤੇ ਜਿੱਤ ਤੋ ਖੁਸ਼ ਹੋ ਰਿਹਾ ਸੀ ਅਤੇ ਮੈਂ ਡਰ ਨਾਲ ਸਹਿਮੀ ਸੁਕੜੀ ਦਰਵਾਜ਼ੇ ਵੱਲ ਜਾ ਰਹੀ ਸਾਂ। ਅੰਤ ਮੇਰੀ ਖਲਾਸੀ ਸਰ ਪਰਸੀਵਲ ਦੇ ਆਉਣ ਨਾਲ ਹੋਈ। ਉਹਨੇ ਆ ਕੇ ਡਾਈਨਿੰਗ ਰੂਮ ਦਾ ਦਰਵਾਜ਼ਾ ਖੋਲ੍ਹਿਆ ਅਤੇ ਉਥੇ ਹੀ ਖੜੋ ਕੇ ਕਾਂਊਟ ਨੂੰ ਕੜਕ ਕੇ ਇਸ 'ਭਿਆਨਕ' ਰੌਲੇ ਦਾ ਕਾਰਣ ਪੁੱਛਿਆ। ਕਾਂਊਟ ਉਹਨੂੰ ਵੇਖਦਿਆਂ ਹੀ ਫ਼ੌਰਨ ਆਪਣੀ ਥਾਂ ਤੋਂ ਉਠ ਪਿਆ।

"ਜੇ ਸਰ ਪਰਸੀਵਲ ਆ ਗਿਆ ਤਾਂ ਸੁਰ ਸੰਗੀਤ ਅਤੇ ਸ਼ਾਂਤੀ ਦਾ ਇਥੇ ਹੀ ਅੰਤ ਹੈ! ਸੰਗੀਤ ਦੀ ਰਾਣੀ ਮਿਸ ਹਾਲਕੌਂਬ ਸਾਨੂੰ ਛੱਡ ਕੇ ਜਾ ਰਹੀ ਹੈ; ਅਤੇ ਮੈਂ ਸੰਗੀਤ ਦਾ ਬੁੱਢਾ ਅਤੇ ਮੋਟਾ ਪੁਜਾਰੀ ਆਪਣਾ ਬਾਕੀ ਦਾ ਜੋਸ਼ ਹੁਣ ਹਵਾ ਵਿਚ ਹੀ ਸਾਹ ਲੈ ਲੈ ਕੇ ਖ਼ਤਮ ਕਰ ਦਿਆਂਗਾ।" ਇੰਨਾ ਕਹਿਕੇ ਉਹ ਬਰਾਮਦੇ ਵਿਚੋਂ ਹੁੰਦਾ ਹੋਇਆ ਬਾਹਰ ਬਗੀਚੇ ਵਿਚ ਗੁਣਗੁਣਾਉਂਦਾ ਹੋਇਆ ਚਲਾ ਗਿਆ।

ਮੈਂ ਸਰ ਪਰਸੀਵਲ ਦੀ ਆਵਾਜ਼ ਸੁਣੀ। ਉਹ ਉਹਨੂੰ ਡਾਈਨਿੰਗ ਰੂਮ ਦੀ ਖਿੜਕੀ ਵਿਚੋਂ ਬੁਲਾ ਰਿਹਾ ਸੀ। ਪਰ ਉਹਨੇ ਧਿਆਨ ਨਹੀਂ ਸੀ ਕੀਤਾ, ਦਿਸਦਾ ਸੀ, ਅਜੇ ਵੀ ਕਾਂਉਂਟ ਉਹਦੇ ਨਾਲ ਉਹ ਮੁਲਾਕਾਤ ਕਰਨ ਨੂੰ ਤਿਆਰ ਨਹੀਂ ਸੀ। ਉਹ ਸਰ ਪਰਸੀਵਲ ਦੀ ਗੱਲ ਵੀ ਨਹੀਂ ਸੀ ਸੁਣਨੀ ਚਾਹੁੰਦਾ ਅਤੇ ਇਹ ਕਾਨਫਰੰਸ ਕਾਂਉਂਟ ਦੀ ਮਰਜ਼ੀ ਉਤੇ ਨਿਰਭਰ ਸੀ।

ਉਹਨੇ ਆਪਣੀ ਪਤਨੀ ਦੇ ਜਾਣ ਮਗਰੋਂ ਮੈਨੂੰ ਅੱਧਾ ਕੁ ਘੰਟਾ ਤਾਂ ਜ਼ਰੂਰ ਰੋਕਿਆ ਹੋਵੇਗਾ। ਉਹ ਏਨੀ ਦੇਰ ਦੀ ਕਿਥੇ ਸੀ, ਤੇ ਕਿਸ ਕੰਮ ਵਿਚ ਰੁੱਝੀ ਰਹੀ ਸੀ?

ਮੈਂ ਉਪਰ ਪਤਾ ਕਰਨ ਗਈ। ਜਦੋਂ ਮੈਂ ਲਾਰਾ ਨੂੰ ਪੁੱਛਿਆ ਤਾਂ ਉਹਨੇ ਦਸਿਆ ਕਿ ਉਹਨੇ ਕੁਝ ਨਹੀਂ ਸੀ ਸੁਣਿਆ, ਕੋਈ ਉਹਦੇ ਨੇੜੇ ਨਹੀਂ ਸੀ ਆਇਆ, ਉਹਨੇ ਕੋਈ ਕੱਪੜਿਆਂ ਦੀ ਸਰਸਰਾਹਟ ਨਹੀਂ ਸੀ ਸੁਣੀ ਨਾ ਹੀ ਆਪਣੇ ਕਮਰੇ ਦੇ ਬਾਹਰ ਅਤੇ ਨਾ ਹੀ ਬਾਹਰਲੀ ਗੈਲਰੀ ਵਿਚ।

ਉਸ ਵੇਲੇ ਨੌਂ ਵੱਜਣ ਵਿਚ ਵੀਹ ਮਿੰਟ ਸਨ। ਮੈਂ ਆਪਣੇ ਕਮਰੇ ਵਿਚ ਜਾ ਕੇ ਆਪਣੀ ਡੇਅਰੀ ਲੈ ਆਈ; ਅਸੀਂ ਦੋਵੇਂ ਇਕੱਠੀਆਂ ਬੈਠੀਆਂ ਰਹੀਆਂ; ਵਿਚ ਵਿਚ ਮੈਂ ਲਿਖ ਵੀ ਲੈਂਦੀ; ਕੋਈ ਸਾਡੇ ਨੇੜੇ ਨਹੀਂ ਆਇਆ। ਅਸੀਂ ਦਸ ਵਜੇ ਤਕ ਇੰਜ ਹੀ ਬੈਠੀਆਂ ਰਹੀਆਂ। ਇਸ ਤੋਂ ਮਗਰੋਂ ਮੈਂ ਉਹਨੂੰ ਹੌਂਸਲਾ ਦੇ ਕੇ ਆਪਣੇ ਕਮਰੇ ਵਿਚ ਜਾਣ ਲਈ ਉਠੀ। ਉਹਨੇ ਮੇਰੇ ਪਿਛੇ ਦਰਵਾਜ਼ਾ ਬੰਦ ਕਰ ਲਿਆ, ਮੈਂ ਉਹਨੂੰ ਕਹਿ ਦਿੱਤਾ ਕਿ ਮੈ' ਉਹਨੂੰ ਸਵੇਰੇ ਹੀ ਆ ਕ ਇਥੇ ਮਿਲਾਂਗੀ।

ਮੈਂ ਅਜੇ ਆਪਣੀ ਡਾਇਰੀ ਵਿਚ ਬੜਾ ਕੁਝ ਹੋਰ ਲਿਖਣਾ ਸੀ। ਲਾਰਾ ਦੇ ਕਮਰੇ ਵਿਚੋਂ ਆ ਕੇ ਮੈਂ ਹੇਠਾਂ ਡਰਾਇੰਗ ਰੂਮ ਵਿਚ ਗਈ ਤਾਂ ਜੋ ਇਕ ਵਾਰ ਉਹਨਾਂ ਨੂੰ ਆਪਣੀ ਸ਼ਕਲ ਦਿਖਾ ਆਵਾਂ ਅਤੇ ਮੁੜ ਆਪਣੇ ਕਮਰੇ ਵਿਚ ਆ ਕੇ ਆਰਾਮ ਕਰਾਂ। ਅੱਜ ਮੇਰੀ ਮਰਜ਼ੀ ਉਥੋਂ ਜਲਦੀ ਉਠ ਆਉਣ ਦੀ ਸੀ।

ਸਰ ਪਰਸੀਵਲ ਕਾਂਊਟ ਅਤੇ ਓਹਦੀ ਪਤਨੀ ਇਕੱਠੇ ਬੈਠੇ ਹੋਏ ਸਨ। ਸਰ ਪਰਸੀਵਲ ਇਕ ਆਰਾਮ ਕੁਰਸੀ ਵਿਚ ਲੇਟਿਆ ਉਬਾਸੀਆਂ ਮਾਰ ਰਿਹਾ ਸੀ; ਕਾਂਊਟ ਪੜ੍ਹ ਰਿਹਾ ਸੀ, ਅਤੇ ਮੈਡਮ ਫ਼ੋਸਕੋ ਆਪਣੇ ਆਪ ਨੂੰ ਪੱਖੀ ਝੱਲ ਰਹੀ ਸੀ। ਬੜਾ ਅਜੀਬ ਅਤੇ ਨਵਾਂ ਜਿਹਾ ਦ੍ਰਿਸ਼ ਸੀ, ਉਹ ਜਿਸ ਨੂੰ ਕਦੀ ਗਰਮੀ ਨਹੀਂ ਸੀ ਲੱਗੀ, ਅੱਜ ਗਰਮੀ ਨਾਲ ਭਖੀ ਹੋਈ ਬੈਠੀ ਸੀ। ਉਹਦਾ ਮੂੰਹ ਵੀ ਲਾਲ ਹੋਇਆ ਸੀ।

"ਕਾਂਊਟਸ ਕੀ ਤੁਹਾਡੀ ਅੱਜ ਤਬੀਅਤ ਠੀਕ ਨਹੀਂ," ਮੈਂ ਪੁੱਛਣੋ ਨਾ ਰਹਿ ਸਕੀ।

"ਇਹੀ ਗੱਲ ਤਾਂ ਮੈਂ ਤੁਹਾਨੂੰ ਕਹਿਣ ਲੱਗੀ, ਤੁਸੀਂ ਅੱਜ ਬਹੁਤ ਪੀਲੇ ਲੱਗ ਰਹੇ ਹੋ ਮੇਰੀ ਪਿਆਰੀ ਮਿਸ ਹਾਲਕੌਂਬ ਕੀ ਗੱਲ ਹੈ?"

"ਮੇਰੀ ਪਿਆਰੀ !"- ਅੱਜ ਪਹਿਲੀਵਾਰ ਕਾਂਉਂਟੈਸ ਮੇਰੇ ਨਾਲ ਇੰਜ ਨਿੱਘ ਨਾਲ ਬੋਲੀ ਸੀ ਅਤੇ ਜਦੋਂ ਉਹਨੇ ਇਹ ਗੱਲ ਕਹੀ ਤਾਂ ਉਹਦੇ ਮੂੰਹ ਤੇ ਮੀਸਣੀ ਜਿਹੀ ਮੁਸਕਰਾਹਟ ਵੀ ਸੀ।

"ਮੈਨੂੰ ਅੱਜ ਸਖਤ ਸਿਰ ਦਰਦ ਹੈ" ਮੈਂ ਰੁਖਾਈ ਨਾਲ ਉੱਤਰ ਦਿਤਾ।

"ਸੱਚਮੁੱਚ ! ਤੁਸੀਂ ਸੈਰ ਨਹੀਂ ਕਰਦੇ ਨਾ, ਤਾਂ ਹੀ ਇਹ ਸਿਰ ਦਰਦ ਹੈ। ਰੋਟੀ ਤੋਂ ਪਹਿਲਾਂ ਸੈਰ ਤੇ ਜਾਣਾ ਚਾਹੀਦਾ ਸੀ।" ਉਹਨੇ 'ਸੈਰ ਸ਼ਬਦ ਉੱਤੇ ਉਚੇਚਾ ਜ਼ੋਰ ਪਾਂਦਿਆਂ ਕਿਹਾ ਕੀ ਉਹਨੇ ਮੈਨੂੰ ਜਾਂਦਿਆਂ ਵੇਖ ਲਿਆ ਸੀ? ਕੋਈ ਪਰਵਾਹ ਨਹੀਂ-। ਹੁਣ ਤਾਂ ਚਿੱਠੀਆਂ ਫ਼ੈਨੀ ਕੋਲ ਸੁਰੱਖਿਅਤ ਹਨ। ਇਹਨੇ ਵੇਖਿਆ ਹੈ ਤਾਂ ਵੇਖੇ !

"ਫ਼ੋਸਕੋ-ਤੂੰ ਸਿਗਰਟ ਪੀਏਂਗਾ?" ਸਰ ਪਰਸੀਵਲ ਨੇ ਇਕ ਵਾਰ ਮੁੜ ਬੈਚੇਨੀ ਨਾਲ ਕਾਂਊਟ ਨੂੰ ਕਿਹਾ।

"ਜ਼ਰੂਰ ਇਨ੍ਹਾਂ ਦੋਹਾਂ ਨੂੰ ਸੌਂ ਜਾਣਦੇ -!" ਕਾਂਊਟ ਨੇ ਉੱਤਰ ਦਿੱਤਾ

"ਖਿਮਾਂ ਕਰਨਾ, ਕਾਂਉਂਟੈਸ, ਮੈਂ ਸੌਣ ਲਈ ਜਾ ਰਹੀ ਹਾਂ ਕਿਉਂਕਿ ਇਸ ਸਿਰ ਦਰਦ ਦੀ ਹਰ ਕੋਈ ਦਵਾ ਨਹੀਂ।"

ਮੈਂ ਉੱਠੀ ! ਉਸ ਔਰਤ ਦੇ ਮੂੰਹ ਤੇ ਉਹੀ ਮੱਕਾਰੀ ਭਰੀ ਮੁਸਕਰਾਹਟ ਸੀ। ਸਰ ਪਰਸੀਵਲ ਨੇ ਮੇਰੇ ਵੱਲ ਕੋਈ ਧਿਆਨ ਨਾ ਦਿਤਾ। ਉਹ ਬੇਸਬਰੀ ਨਾਲ ਕਾਂਉਟੈਸ ਵੱਲ ਵੇਖ ਰਿਹਾ ਸੀ ਜੋ ਉਥੋਂ ਹਿੱਲਣ ਦਾ ਨਾਂ ਨਹੀਂ ਸੀ ਲੈ ਰਹੀ। ਕਾਂਊਟ ਆਪਣੀ ਪੁਸਤਕ ਦੇ ਪਿਛੇ

ਮੁਸਕਰਾ ਰਿਹਾ ਸੀ --ਅਜੇ ਵੀ ਉਹਦੇ ਤੇ ਸਰ ਪਰਸੀਵਲ ਵਿਚਕਾਰ ਗਲਬਾਤ ਨਹੀਂ ਸੀ ਹੋ ਸਕਦੀ ਅਤੇ ਇਸ ਵਾਰ ਜੇ ਕੋਈ ਰੁਕਾਵਟ ਸੀ ਤਾਂ ਉਹ ਕਾਉਂਟੈਸ ਹੀ ਸੀ !

ਉੱਨੀ ਜੂਨ --ਮੈਂ ਆਪਣੇ ਕਮਰੇ ਵਿਚ ਆ ਕੇ ਜ਼ਰਾ ਸੌਖੀ ਹੋਈ ਅਤੇ ਆਰਾਮ ਨਾਲ ਬੈਠ ਕੇ ਇਸ ਡਾਇਰੀ ਵਿਚ ਦਿਨ ਦੀਆਂ ਹਰ ਘਟਨਾਵਾਂ ਲਿਖਣ ਲੱਗੀ ਹਾਂ।

ਦਸ ਕੁ ਮਿੰਟ ਤਾਂ ਮੈਂ ਪੰਨੇ ਹੱਥ ਵਿਚ ਫੜੀ ਬੈਠੀ ਰਹੀ ਅਤੇ ਪਿਛਲੇ ਬਾਰਾਂ ਘੰਟਿਆਂ ਬਾਰੇ ਸੋਚਦੀ ਰਹੀ, ਅਖੀਰ ਜਦੋਂ ਮੈਂ ਲਿਖਣ ਲੱਗੀ ਤਾਂ ਅੱਜ ਮੈਨੂੰ ਉਹ ਮੁਸ਼ਕਿਲ ਹੋਈ, ਜਿਹੜੀ ਮੈਨੂੰ ਅੱਗੇ ਕਦੀ ਨਹੀਂ ਸੀ ਹੋਈ। ਅੱਜ ਮੇਰਾ ਧਿਆਨ ਲਿਖਣ ਵਿਚ ਲੱਗ ਹੀ ਨਹੀਂ ਸੀ ਰਿਹਾ। ਮੇਰੀਆਂ ਸੋਚਾਂ ਘੜੀ ਘੜੀ ਸਰ ਪਰਸੀਵਲ ਅਤੇ ਕਾਂਊਟ ਵੱਲ ਦੌੜਦੀਆਂ ਜਾਂਦੀਆਂ ਸਨ; ਮੈਂ ਆਪਣੀ ਡਾਇਰੀ ਵਿਚ ਕੁਝ ਲਿਖਣ ਲਈ ਹੱਥ ਚੁੱਕਦੀ ਸਾਂ ਤਾਂ ਮੇਰਾ ਸਾਰਾ ਧਿਆਨ ਉਧਰ ਜਾਂਦਾ ਸੀ ਕਿ ਸਰ ਪਰਸੀਵਲ ਅਤੇ ਕਾਂਊਟ ਆਪਸ ਵਿਚ ਕੀ ਗੱਲਾਂ ਕਰਨੀਆਂ ਚਾਹੁੰਦੇ ਹਨ, ਉਹ ਮੁਲਾਕਾਤ ਜੋ ਸਾਰਾ ਦਿਨ ਟਲਦੀ ਰਹੀ ਸੀ, ਹੁਣ ਰਾਤ ਦੀ ਸੁੰਨਸਾਨ ਇਕਾਂਤ ਵਿਚ ਹੋਵੇਗੀ।

ਮੈਨੂੰ ਸਵੇਰ ਦੀ ਹੋਰ ਕੋਈ ਗੱਲ ਯਾਦ ਹੀ ਨਹੀਂ ਸੀ ਆ ਰਹੀ। ਮੇਰਾ ਦਿਮਾਗ ਹੀ ਅੱਜ ਬੌਂਦਲ ਗਿਆ ਸੀ। ਹੁਣ ਤਾਂ ਇਹੀ ਠੀਕ ਸੀ ਕਿ ਮੈਂ ਥੋੜੀ ਦੇਰ ਲਈ ਲਿਖਣਾ ਬੰਦ ਕਰਕੇ ਜ਼ਰਾ ਆਰਾਮ ਕਰ ਲਵਾਂ।

ਮੈਂ, ਆਪਣੇ ਸੌਣ ਵਾਲੇ ਕਮਰੇ ਅਤੇ ਬੈਠਕ ਦੇ ਵਿਚਕਾਰ ਜੋ ਦਰਵਾਜ਼ਾ ਸੀ, ਉਹ ਖੋਲ੍ਹਿਆ ਅਤੇ ਬੈਠਕ ਵਿਚ ਆਕੇ ਉਹਨੂੰ ਫਿਰ ਭੀੜ ਦਿੱਤਾ ਤਾਂ ਜੋ ਹਵਾ ਨਾਲ ਡਰੈਸਿੰਗ ਟੇਬਲ ਉਤੇ ਜਗਦੀ ਹੋਈ ਮੋਮਬੱਤੀ ਨਾਲ ਕੋਈ ਦੁਰਘਟਨਾ ਨਾ ਹੋਵੇ। ਮੇਰੀ ਬੈਠਕ ਦੀ ਖਿੜਕੀ ਖੁੱਲੀ ਸੀ, ਮੈਂ ਐਵੇਂ ਹੀ ਖਿੜਕੀ ਵਿਚ ਝੁਕ ਕੇ ਬਾਹਰ ਰਾਤ ਨੂੰ ਵੇਖਣ ਲੱਗ ਪਈ।

ਬਾਹਰ ਬੜਾ ਹਨੇਰਾ ਅਤੇ ਚੁੱਪ ਚਾਪ ਸੀ। ਜਾਪਦਾ ਸੀ ਕਿ ਬਾਰਸ਼ ਹੋਣ ਹੀ ਵਾਲੀ ਸੀ। ਹਵਾ ਵਿਚ ਬਾਰਸ਼ ਦੀ ਖੁਸ਼ਬੂ ਸੀ। ਮੈਂ ਬਾਹਰ ਹੱਥ ਕੱਢ ਕੇ ਵੇਖਿਆ, ਅਜੇ ਕੋਈ ਕਣੀਂ ਨਹੀਂ ਸੀ। ਬੱਦਲਾਂ ਨਾਲ ਸਾਰਾ ਅਸਮਾਨ ਕੱਜਿਆ ਹੋਇਆ ਸੀ। ਹੁਣ ਨਹੀਂ ਤਾਂ ਰਾਤੀਂ ਇਹ ਬਾਰਸ਼ ਜ਼ਰੂਰ ਵੱਸੇਗੀ।

ਮੈਂ ਪੰਦਰਾਂ ਕੁ ਮਿੰਟ ਉਸ ਖਿੜਕੀ ਤੇ ਝੁਕੀ ਰਹੀ-ਬਾਹਰ ਹਨੇਰੇ ਵਿਚ ਬਿਨਾਂ ਕਿਸੇ ਮਤਲਬ ਦੇ ਘੂਰਦੀ ਰਹੀ;-ਕਦੀ ਕਦੀ ਨੌਕਰਾਂ ਦੀ ਆਵਾਜ਼ ਸੁਣਾਈ ਦੇਂਦੀ ਸੀ, ਜਾਂ ਘਰ ਦੇ ਹੇਠਲੇ ਹਿੱਸੇ ਵਿਚੋਂ ਕਦੀ ਦਰਵਾਜ਼ੇ ਬੰਦ ਕਰਨ ਦੀ ਆਵਾਜ਼ ਆ ਜਾਂਦੀ ਸੀ।

ਮੈਂ ਖਿੜਕੀ ਵਿਚੋਂ ਅੱਕ ਕੇ ਹੁਣ ਵਾਪਸ ਆਪਣੇ ਸੌਣ ਵਾਲੇ ਕਮਰੇ ਵਿਚ ਜਾ ਕੇ ਦੂਜੀ ਵਾਰੀ ਕੋਸ਼ਿਸ਼ ਕਰਨ ਹੀ ਲੱਗੀ ਸਾਂ ਕਿ ਡਾਇਰੀ ਵਿਚ ਕੁਝ ਲਿਖ ਕੇ ਕੰਮ ਪੂਰਾ ਕਰਾਂ, ਕਿ ਮੈਨੂੰ ਅਚਾਨਕ ਹੀ ਤਮਾਕੂ ਦੀ ਬੋ ਆਈ। ਅਗਲੇ ਹੀ ਪਲ ਮੈਂ ਵੇਖਿਆ ਕਿ ਇਕ ਛੋਟੀ ਜਿਹੀ ਲਾਲ ਚਿੰਗਿਆੜੀ ਘਰ ਦੇ ਦੂਜੇ ਪਾਸਿਉਂ ਇਸ ਪਾਸੇ ਨੂੰ ਵਧਦੀ ਆ ਰਹੀ ਸੀ। ਹਨੇਰਾ ਕਾਲਾ ਸ਼ਾਹ ਸੀ; ਮੈਨੂੰ ਕਿਸੇ ਦੀ ਵੀ ਕਦਮ ਚਾਪ ਸੁਣਾਈ ਨਾ ਦਿਤੀ ਅਤੇ ਹੋਰ ਕੁਝ ਵੀ ਨਹੀਂ ਦਿਸਦਾ ਸੀ। ਉਹ ਲਾਲ ਚਿੰਗਿਆੜੀ ਬੈਠਕ ਅੱਗੋਂ ਮੇਰੇ ਸੌਣ ਵਾਲੇ ਕਮਰੇ ਦੀ ਖਿੜਕੀ ਹੇਠਾਂ ਆ ਕੇ ਰੁੱਕ ਗਈ, ਜਿਥੇ ਮੇਰੇ ਮੇਜ ਤੇ ਮੋਮਬੱਤੀ ਬਲ ਰਹੀ ਸੀ।

ਚਿੰਗਿਆੜੀ ਉਥੇ ਕੁਝ ਚਿਰ ਰੁਕੀ ਰਹੀ, ਇਹ ਵਾਪਸ ਉਧਰ ਹੀ ਮੁੜੀ ਜਿਧਰੋਂ ਆਈ ਸੀ। ਮੇਰੀਆਂ ਨਜ਼ਰਾਂ ਉਸ ਦਾ ਪਿੱਛਾ ਕਰ ਰਹੀਆਂ ਸਨ, ਇਕ ਹੋਰ ਚਿੰਗਿਆੜੀ ਜੋ ਪਹਿਲਾਂ ਨਾਲੋਂ ਵੱਡੀ ਸੀ, ਦੂਰੋਂ ਨਜ਼ਰ ਆ ਰਹੀ ਸੀ। ਦੋਵੇਂ ਰਾਹ ਵਿਚ ਮਿਲੀਆਂ। ਮੈਨੂੰ ਯਾਦ ਸੀ, ਕਿ ਕੌਣ ਸਿਗਰਟ ਪੀਂਦਾ ਹੈ ਕੌਣ ਸਿਗਾਰ। ਇਸ ਤੋਂ ਹੀ ਮੈਂ ਇਹ ਨਤੀਜਾ ਕੱਢਿਆ ਕਿ ਪਹਿਲਾਂ ਕਾਂਊਟ ਮੇਰੀ ਖਿੜਕੀ ਕੋਲ ਆ ਕੇ ਮੇਰੀ ਬਿੜਕ ਲੈਣ ਆਇਆ ਸੀ, ਅਤੇ ਮਗਰੋਂ ਸਰ ਪਰਸੀਵਲ। ਉਹ ਦੋਵੇਂ ਲਾਨ ਵਿਚ ਟਹਿਲ ਰਹੇ ਹੋਣਗੇ, ਨਹੀਂ ਸੀ ਤੇ ਮੈਂ ਸਰ ਪਰਸੀਵਲ ਦੇ ਭਾਰੇ ਪੈਰਾਂ ਦੀ ਆਵਾਜ਼ ਜ਼ਰੂਰ ਸੁਣ ਲੈਂਦੀ; ਕਾਂਊਟ ਦੇ ਪੈਰਾਂ ਦੀ ਆਵਾਜ਼ ਤਾਂ ਬਜ਼ਰੀ ਤੇ ਵੀ ਨਹੀਂ ਸੀ ਸੁਣਦੀ।

ਮੈਂ ਉਹ ਖਿੜਕੀ ਤੇ ਸਾਹ ਰੋਕ ਕੇ ਖੜੋਤੀ ਰਹੀ। ਮੈਂ ਚੰਗੀ ਤਰ੍ਹਾਂ ਜਾਣਦੀ ਸਾਂ ਕਿ ਉਹ ਮੈਨੂੰ ਨਹੀਂ ਸਨ ਵੇਖ ਸਕਦੇ।

"ਕੀ ਗੱਲ ਹੈ?" ਸਰ ਪਰਸੀਵਲ ਨੇ ਬੜੀ ਧੀਮੀ ਆਵਾਜ਼ ਵਿਚ ਕਿਹਾ- "ਤੂੰ ਆ ਕੇ ਹੁਣ ਬੈਠਦਾ ਕਿਉਂ ਨਹੀਂ?"

"ਪਹਿਲਾਂ ਇਸ ਕਮਰੇ ਦੀ ਬੱਤੀ ਬੁਝ ਜਾਣ ਦੇ" ਕਾਂਊਟ ਨੇ ਵੀ ਬੜੇ ਮੱਧਮ ਸੂਰ ਵਿਚ ਉੱਤਰ ਦਿੱਤਾ।

"ਤੈਨੂੰ ਇਹ ਬੱਤੀ ਕੀ ਕਹਿੰਦੀ ਹੈ?"

"ਇਹ ਬੱਤੀ ਦੱਸ ਰਹੀ ਹੈ ਕਿ ਉਹ ਅਜੇ ਸੁੱਤੀ ਨਹੀਂ। ਉਹ ਏਨੀ ਤੇਜ਼ ਹੈ ਕਿ ਉਹਨੂੰ ਬੜੀ ਜਲਦੀ ਸ਼ੱਕ ਪੈ ਸਕਦਾ ਹੈ, ਅਤੇ ਜੇ ਉਹਨੂੰ ਜ਼ਰਾ ਵੀ ਗੜਬੜ ਨਜ਼ਰ ਆਈ ਤਾਂ ਉਸ

ਵਿਚ ਇੰਨੀ ਹਿੰਮਤ ਹੈ ਕਿ ਉਹ ਮੌਕਾ ਮਿਲਣ ਤੇ ਜ਼ਰੂਰ ਹੇਠਾਂ ਆ ਕੇ ਸੁਣਨ ਦੀ ਕੋਸ਼ਿਸ਼ ਕਰੇਗੀ। ਪਰਸੀਵਲ, ਥੋੜਾ ਸਬਰ ਹੋਰ ਕਰ !- ਥੋੜਾ ਸਬਰ ਹੋਰ।"

"ਪਾਗਲਪਨ ਹੈ; ਤੂੰ ਹਰ ਵੇਲੇ ਸਬਰ ਸਬਰ ਕੂਕਦਾ ਹੈ।"

"ਮੈਂ ਹੁਣੇ ਹੋਰ ਗੱਲਾਂ ਵੀ ਕਰਾਂਗਾ। ਮੇਰੇ ਭੋਲੇ ਮਿੱਤਰ ਤੂੰ, ਆਪਣੀ ਘਰੋਗੀ ਜ਼ਿੰਦਗੀ ਦੀ ਚਟਾਨ ਦੀ ਦੰਦੀ ਤੇ ਖੜਾ ਹੈ ਅਤੇ ਜੇ ਮੈਂ ਤੈਨੂੰ ਉਨ੍ਹਾਂ ਔਰਤਾਂ ਨੂੰ ਇਕ ਮੌਕਾ ਹੋਰ ਦੇਣਦਿਆਂ, ਤਾਂ ਉਹ ਸੱਚ ਮੰਨੀ, ਤੈਨੂੰ ਖੱਡ ਵਿਚ ਸੁੱਟ ਦੇਣਗੀਆਂ।"

"ਆਖ਼ਿਰ ਤੇਰਾ ਕੀ ਮਤਲਬ ਹੈ-?"

"ਮੈਂ ਤੈਨੂੰ ਦਸਾਂਗਾ, ਇਹ ਬੱਤੀ ਬੁਝ ਜਾਣ ਦੇ। ਮੈਨੂੰ ਲਾਇਬਰੇਰੀ ਦੇ ਦੋਹੀਂ ਪਾਸੀਂ ਦੇ ਕਮਰਿਆਂ ਵਿਚ ਅਤੇ ਪੌੜੀਆਂ ਵਿਚ ਇਕ ਨਜ਼ਰ ਮਾਰ ਆਉਣ ਦੇ।"

ਉਹ ਉਥੋਂ ਹੌਲੀ ਹੌਲੀ ਵਾਪਸ ਤੁਰ ਪਏ। ਉਨ੍ਹਾਂ ਦੀ ਗੱਲਬਾਤ ਜੋ ਪਹਿਲਾਂ ਵੀ ਮੱਧਮ ਆਵਾਜ਼ ਵਿਚ ਹੋ ਰਹੀ ਸੀ, ਹੁਣ ਮੇਰੇ ਤਕ ਨਹੀਂ ਸੀ ਪਹੁੰਚ ਰਹੀ। ਹੁਣ ਕੋਈ ਫਰਕ ਨਹੀਂ ਸੀ ਪੈਂਦਾ--ਮੈਂ ਜੋ ਸੁਣਿਆ ਸੀ। ਉਹ ਮੇਰੇ ਕੁਝ ਕਰਨ ਲਈ ਕਾਫ਼ੀ ਸੀ। ਅੱਜ ਕਾਂਊਟ ਠੀਕ ਕਹਿ ਰਿਹਾ ਹੈ ਅਤੇ ਉਹ ਆਪਣੀ ਰਾਇ ਵਿਚ ਠੀਕ ਸਾਬਤ ਹੋਵੇਗਾ ਮੈਂ ਆਪਣੀ ਤਿੱਖੀ ਸੂਝ ਅਤੇ ਬਹਾਦਰੀ ਕੋਲੋਂ ਕੰਮ ਲਵਾਂਗੀ। ਅੱਜ ਉਹ ਦੋਵੇਂ ਲਾਲ ਚਿੰਗਿਆੜੀਆਂ ਮੇਰੀਆਂ ਅੱਖਾਂ ਤੋਂ ਉਹਲੇ ਵੀ ਨਹੀਂ ਸਨ ਹੋਈਆਂ ਕਿ ਮੈਂ ਇਹ ਦ੍ਰਿੜ ਨਿਸ਼ਚਾ ਕਰ ਲਿਆ ਸੀ; ਕਿ ਜਦੋਂ ਇਹ ਦੋਵੇਂ ਆਦਮੀ ਆਪਣੀ ਭੇਦ-ਭਰੀ ਗੱਲਬਾਤ ਕਰਨ ਲਈ ਬੈਠਣਗੇ ਤਾਂ ਇਕ ਬੰਦਾ ਉਥੇ ਸੁਣਨ ਵਾਲਾ ਜ਼ਰੂਰ ਹੋਣਾ ਚਾਹੀਦਾ ਹੈ-ਅਤੇ ਉਹ ਬੰਦਾ ਮੈਂ ਹੀ ਹੋਵਾਂਗੀ, ਭਾਵੇਂ ਕਾਂਊਟ ਕਿੰਨੀ ਵੀ ਚੌਕਸੀ ਅਤੇ ਖ਼ਬਰਦਾਰੀ ਤੋਂ ਕੰਮ ਲਵੇ। ਮੈਨੂੰ ਆਪਣੀ ਆਤਮਾ ਅੱਗੇ ਸੱਚੀ ਹੋਣ ਲਈ ਕੋਈ ਮੰਤਵ ਚਾਹੀਦਾ ਸੀ ਅਤੇ ਉਹ ਮੰਤਵ ਵੀ ਅਜਿਹਾ, ਜਿਸ ਨਾਲ ਮੇਰੇ ਵਿਚ ਇਹ ਕੰਮ ਕਰਨ ਦੀ ਸ਼ਕਤੀ ਆਏ- ਉਹ ਮੰਤਵ ਸੀ ਲਾਰਾ ਦੀ ਇਜ਼ਤ, ਉਹਦੀ ਖੁਸ਼ੀ, ਅਤੇ ਸਭ ਤੋਂ ਵਧ ਕੀਮਤੀ ਸੀ, ਉਹਦੀ ਜ਼ਿੰਦਗੀ; ਅਤੇ ਇਹ ਸਭ ਕੁਝ ਸ਼ਾਇਦ ਅੱਜ ਮੇਰੀ ਤੇਜ਼ ਸੁਣਨ ਸ਼ਕਤੀ ਅਤੇ ਤੇਜ਼ ਯਾਦਦਾਸ਼ਤ ਤੇ ਨਿਰਭਰ ਕਰਦਾ ਸੀ।

ਮੈਂ ਕਾਂਊਟ ਨੂੰ ਇਹ ਕਹਿੰਦਿਆ ਸੁਣਿਆ ਸੀ, ਕਿ ਉਹ ਲਾਇਬਰੇਰੀ ਦੇ ਦੋਹਾਂ ਪਾਸਿਆਂ ਦੇ ਕਮਰੇ ਅਤੇ ਪੌੜੀਆਂ ਵੇਖੇਗਾ। ਇਸ ਤੋਂ ਮਗਰੋਂ ਹੀ ਉਹ ਸਰ ਪਰਸੀਵਲ ਨਾਲ ਕੋਈ ਗਲਬਾਤ ਕਰੇਗਾ। ਮੇਰੇ ਲਈ ਇਸ ਤੋਂ ਇਹ ਸਿੱਟਾ ਕਢਣਾ ਸੋਖਾ ਸੀ ਕਿ ਉਹਦੀ

ਸਲਾਹ ਇਹੀ ਹੈ ਕਿ ਲਾਇਬਰੇਰੀ ਵਿਚ ਬੈਠਕੇ ਗੱਲਬਾਤ ਕੀਤੀ ਜਾਏ। ਜਿਸ ਪਲ ਮੈਂ ਸੋਚਿਆ ਉਸੇ ਹੀ ਪਲ ਮੇਰੇ ਦਿਮਾਗ ਵਿਚ ਉਹ ਯੋਜਨਾ ਆਈ, ਜਿਸ ਨਾਲ ਮੈਂ ਉਹਦੀ ਸਾਰੀ ਹੁਸ਼ਿਆਰੀ, ਅਤੇ ਚੌਕਸੀ ਉਤੇ ਪਾਣੀ ਫੇਰ ਸਕਦੀ ਸਾਂ। ਜਾਂ ਦੂਜੇ ਸ਼ਬਦਾਂ ਵਿਚ ਉਹ ਅਤੇ ਸਰ ਪਰਸੀਵਲ ਆਪਸ ਵਿਚ ਕੀ ਗੱਲਾਂ ਕਰਦੇ ਹਨ, ਇਹ ਮੈਂ ਹੇਠਾਂ ਜਾਣ ਦਾ ਖਤਰਾ ਮੁੱਲ ਲਏ ਬਿਨਾਂ ਹੀ ਸੁਣ ਸਕਦੀ ਸਾਂ।

ਹੇਠਲੇ ਕਮਰਿਆਂ ਦਾ ਜ਼ਿਕਰ ਕਰਦਿਆਂ ਮੈਂ ਅਚਾਨਕ ਹੀ ਪਹਿਲਾਂ ਲਿੱਖ ਚੁੱਕੀ ਹਾਂ; ਕਿ ਉਨ੍ਹਾਂ ਕਮਰਿਆਂ ਦੇ ਅੱਗੇ ਵਰਾਂਡਾ ਹੈ, ਅਤੇ ਸਭ ਕਮਰਿਆਂ ਵਿਚ ਲੰਮੀਆਂ ਅਤੇ ਨੀਵੀਆਂ ਖਿੜਕੀਆਂ ਸਨ, ਜੋ ਇਸ ਵਰਾਂਡੇ ਵਿਚ ਖੁਲ੍ਹਦੀਆ ਸਨ। ਵਰਾਂਡੇ ਦੀ ਛੱਤ ਪੱਧਰੀ ਸੀ; ਇਸ ਤੋਂ ਬਾਰਸ਼ ਦਾ ਪਾਣੀ ਪਾਈਪਾਂ ਰਾਹੀਂ ਉਨ੍ਹਾਂ ਟੈਂਕਾਂ ਵਿਚ ਪਹੁੰਚ ਜਾਂਦਾ ਸੀ, ਜਿਨ੍ਹਾਂ ਵਿਚ ਘਰ ਦੇ ਵਰਤਣ ਲਈ ਪਾਣੀ ਇਕੱਠਾ ਕੀਤਾ ਜਾਂਦਾ ਸੀ। ਉਥੇ ਸੌੜੇ ਛੱਤ ਉਤੇ ਜੋ ਸੌਣ ਵਾਲੇ ਕਮਰਿਆਂ ਦੇ ਨਾਲ ਨਾਲ ਹੈ, ਅਤੇ ਜੋ ਖਿੜਕੀਆਂ ਦੀ ਚੌਗਾਠ ਤੋਂ ਤਿੰਨ ਫੁੱਟ ਹੇਠਾਂ ਹੈਂ। ਕਈ ਤਰ੍ਹਾਂ ਦੇ ਫੁਲਾਂ ਦੇ ਗਮਲੇ ਰੱਖੇ ਹੋਏ ਹਨ; ਹਰ ਗਮਲੇ ਵਿਚ ਕਾਫੀ ਕਾਫੀ ਵਿੱਥ ਹੈ; ਅਤੇ ਛੱਤ ਦੇ ਕਿਨਾਰੇ ਕਿਨਾਰੇ ਇਕ ਜੰਗਲਾ ਵੀ ਹੈ, ਤਾਂ ਜੋ ਤੂਫਾਨੀ ਹਨੇਰੀ ਸਮੇਂ ਗਮਲੇ ਹੇਠਾਂ ਨਾ ਡਿਗ ਪੈਣ।

ਮੈਂ ਸੋਚਿਆ, ਕਿ ਮੈਂ ਆਪਣੀ ਬੈਠਕ ਦੀ ਖਿੜਕੀ ਵਿਚੋਂ ਇਸ ਛੱਤ ਤੇ ਉਤਰ ਜਾਵਾਂ ਅਤੇ ਬਿਨਾਂ ਕਿਸੇ ਖੜਾਕ ਦੇ ਛੱਤ ਦੇ ਉਸ ਹਿੱਸੇ ਤਕ ਪਹੁੰਚਾਂ, ਜੋ ਲਾਇਬਰੇਰੀ ਦੀ ਖਿੜਕੀ ਦੇ ਇਕ ਦਮ ਉਪਰ ਹੈ; ਜੇ ਉਥੇ ਪਹੁੰਚ ਕੇ ਮੈਂ ਦੋ ਗਮਲਿਆਂ ਵਿਚਕਾਰ ਛੁਪ ਕੇ ਬੈਠ ਜਾਵਾਂ, ਅਤੇ ਕੰਨ ਬਾਹਰਲੇ ਜੰਗਲੇ ਨਾਲ ਜੋੜ ਲਵਾਂ। ਜੇ ਕਾਂਉਂਟ ਅਤੇ ਸਰ ਪਰਸੀਵਲ ਉਸ ਤਰ੍ਹਾਂ ਬੈਠਣ ਜਿਵੇਂ ਕਿ ਮੈਂ ਅੱਗੇ ਕਈ ਵਾਰ ਉਨ੍ਹਾਂ ਨੂੰ ਬੈਠਿਆਂ ਵੇਖ ਚੁੱਕੀ ਸਾਂ; ਉਹ ਖੁਲ੍ਹੀ ਖਿੜਕੀ ਅੱਗੇ ਬੈਠਕੇ ਸਿਗਰਟ ਪੀਂਦੇ ਅਤੇ ਗੱਲਾਂ ਕਰਦੇ ਸਨ, ਅਤੇ ਆਪਣੀਆਂ ਲਤਾਂ ਬਰਾਂਡੇ ਦੀਆਂ ਕੁਰਸੀਆਂ ਤੇ ਟਿਕਾ ਲੈਂਦੇ ਸਨ, ਤਾਂ ਤੂੰ ਤੇ ਭਾਵੇਂ ਉਹ ਫੁਸਫਸਾ ਕੇ ਗੱਲਾਂ ਕਰਨ-(ਭਾਵੇਂ ਅਸੀਂ ਜਾਣਦੇ ਹਾਂ ਕਿ ਕੋਈ ਵੀ ਬਹੁਤੀ ਦੇਰ ਫੁਸਾਫਸਾ ਕੇ ਗੱਲਾਂ ਨਹੀਂ ਕਰ ਸਕਦਾ) ਤਾਂ ਵੀ ਮੈਨੂੰ ਸਭ ਕੁਛ ਸੁਣੇਗਾ। ਪਰ ਜੇ ਅੱਜ ਉਹ ਕਮਰੇ ਦੇ ਅੰਦਰ ਕਰਕੇ ਬੈਠਣ, ਤਾਂ ਤੇ ਇਹ ਵੀ ਹੋ

ਸਕਦਾ ਹੈ ਕਿ ਮੈਨੂੰ ਕੁਝ ਵੀ ਨਾ ਸੁਣੇ; ਉਸ ਹਾਲਤ ਵਿਚ ਮੈਨੂੰ ਹੋਰ ਖਤਰਾ ਸਹੇੜਨਾ ਪਵੇਗਾ ਅਤੇ ਹੇਠਾਂ ਜਾਣਾ ਪਏਗਾ।

ਭਾਵੇਂ ਮੇਰੇ ਇਰਾਦੇ ਕਰਕੇ ਮੇਰੇ ਵਿਚ ਉਹ ਦ੍ਰਿੜਤਾ ਸੀ, ਜੋ ਸਾਡੀ ਆਸ ਹੀਣ ਸਥਿਤੀ ਕਰਕੇ ਮੇਰੇ ਵਿਚ ਆਈ ਸੀ, ਤਾਂ ਵੀ ਮੈਂ ਦਿਲ ਵਿਚ ਇਹੀ ਅਰਦਾਸ ਕਰ ਰਹੀ ਸਾਂ, ਕਿ ਮੈਨੂੰ ਉਸ ਗੰਭੀਰ ਖਤਰੇ ਦਾ ਸਾਹਮਣਾ ਨਾ ਕਰਨਾ ਪਵੇ। ਮੇਰਾ ਹੌਂਸਲਾ ਆਖ਼ਿਰ ਇਕ ਔਰਤ ਦਾ ਸੀ ਅਤੇ ਜਦੋਂ ਮੈਂ ਇਹ ਸੋਚਿਆ ਕਿ ਅੱਧੀ ਰਾਤ ਵੇਲੇ ਮੈਨੂੰ ਕਾਉਂਟ ਅਤੇ ਸਰ ਪਰਸੀਵਲ ਦੇ ਨੇੜੇ ਕਿਧਰੇ ਉਤਰਨਾ ਪਏਗਾ ਤਾਂ ਮੇਰਾ ਦਿਲ ਢਹਿਣਾ ਸ਼ੁਰੂ ਹੋ ਗਿਆ।

ਮੈਂ ਹੌਲੀ ਜਿਹੀ ਆਪਣੇ ਸੌਣ ਵਾਲੇ ਕਮਰੇ ਵਿਚ ਚਲੀ ਗਈ, ਤਾਂ ਜੋ ਪਹਿਲਾਂ ਵਰਾਂਡੇ ਦੀ ਛੱਤ ਤੇ ਜਾ ਕੇ ਵੇਖਿਆ ਜਾਏ।

ਕਈ ਕਾਰਣਾਂ ਕਰਕੇ, ਮੈਨੂੰ ਆਪਣੇ ਕਪੜੇ ਬਦਲਣੇ ਜ਼ਰੂਰੀ ਜਾਪੇ। ਪਹਿਲਾਂ ਮੈਂ ਆਪਣਾ ਸਿਲਕ ਦਾ ਗਾਊਨ ਉਤਾਰਿਆ, ਕਿਉਂਕਿ ਰਾਤ ਦੀ ਚੁੱਪ ਵਿਚ ਇਸ ਦੀ ਰਤਾ ਵੀ ਸਰਸਰਾਹਟ ਮੇਰਾ ਪਤਾ ਉਨ੍ਹਾਂ ਨੂੰ ਝੱਟ ਦੇਂਦੀ ਅਤੇ ਇਸ ਨਾਲ ਹੀ ਮੇਰਾ ਭੇਦ ਖੁਲ੍ਹ ਜਾਣਾ ਸੀ। ਇਸ ਤੋਂ ਮਗਰੋਂ ਮੈਂ ਆਪਣੇ ਚਿੱਟੇ ਹੇਠਲੇ ਫਾਲਤੂ ਕੱਪੜੇ ਵੀ ਲਾਹ ਦਿੱਤੇ ਅਤੇ ਉਨ੍ਹਾਂ ਦੀ ਥਾਵੇਂ ਇਕ ਗੂੜ੍ਹੇ ਰੰਗ ਦੀ ਫਲਾਲੈਣ ਦੀ ਸਮੀਜ਼ ਪਾ ਲਈ। ਇਸ ਦੇ ਉਪਰ ਮੈਂ ਆਪਣਾ ਸਫਰ ਕਰਨ ਵਾਲਾ ਚੋਗਾ ਪਹਿਨ ਲਿਆ; ਸਿਰ ਉਤੇ ਇਹਦੇ ਨਾਲ ਦੀ ਟੱਪੀ ਪਾ ਲਈ। ਪਹਿਲਾਂ ਜੋ ਮੈਂ ਕੱਪੜੇ ਪਾਏ ਹੋਏ ਸਨ, ਉਹਦੇ ਨਾਲ ਮੈਂ ਤਿੰਨਾਂ ਆਦਮੀਆਂ ਦੀ ਥਾਂ ਘੇਰਨੀ ਸੀ; ਪਰ ਹੁਣ ਜਿਹੜੇ ਕੱਪੜੇ ਪਾਏ ਸਨ, ਉਨ੍ਹਾਂ ਨਾਲ ਮੈਂ ਏਨੀ ਛੋਟੀ ਥਾਂ ਤੋਂ ਲੰਘ ਸਕਦੀ ਸਾਂ, ਜਿਥੋਂ ਕੋਈ ਪੁਰਸ਼ ਵੀ ਨਹੀਂ ਸੀ ਲੰਘ ਸਕਦਾ। ਮੈਂ ਇਹ ਕੱਪੜੇ ਇਹੀ ਸੋਚ ਕੇ ਪਾਏ ਸਨ ਕਿਉਂਕਿ ਇਕ ਪਾਸੇ ਕੰਧ ਅਤੇ ਖਿੜਕੀਆਂ ਸਨ, ਅਤੇ ਦੂਜੇ ਪਾਸੇ ਗਮਲੇ ਸਨ; ਇਨ੍ਹਾਂ ਦੇ ਵਿਚਕਾਰ ਥਾਂ ਬਹੁਤ ਥੋੜੀ ਸੀ- ਜੇ ਮੇਰੇ ਰਤਾ ਕੁ ਹਿੱਲਣ ਨਾਲ ਕੋਈ ਗਮਲਾ ਹੀ ਡਿਗ ਪਏ, ਜਾਂ ਕੋਈ ਹੋਰ ਖੜਾਕ ਹੋ ਜਾਏ ਤਾਂ ਉਸ ਦਾ ਕੀ ਨਤੀਜਾ ਨਿਕੇਲਗਾ, ਇਹ ਕੌਣ ਹੋ ਸਕਦਾ ਹੈ?

ਮੈਂ ਮੋਮਬੱਤੀ ਬੁਝਾਣ ਤੋਂ ਪਹਿਲਾਂ ਮਾਚਸ ਨੇੜੇ ਰਖ ਲਈ, ਅਤੇ ਬੈਠਕ ਵਿਚ ਰਾਹ ਟਟੋਲਦੀ ਪਹੁੰਚੀ। ਮੈਂ ਆਪਣੇ ਸੌਣ-ਕਮਰਾ ਅਤੇ ਬੈਠਕ ਨੂੰ ਤਾਲਾ ਮਾਰਿਆ, ਅਤੇ ਫਿਰ ਚੁੱਪ ਚੁਪੀਤੀ ਖਿੜਕੀ ਵਿਚੋਂ ਨਿਕਲ ਕੇ ਵਰਾਂਡ ਦੀ ਛੱਤ ਤੇ ਆਪਣੇ ਪੈਰ ਰਖੇ।

ਮੇਰੇ ਦੋ ਕਮਰੇ ਘਰ ਦੇ ਉਸ ਨਵੇਂ ਹਿੱਸੇ ਦੇ ਅੰਦਰ ਸਨ, ਜਿਥੇ ਅਸੀਂ ਸਭ ਰਹਿ ਰਹੇ ਸਾਂ, ਮੈਂ ਲਾਇਬਰੇਰੀ ਦੀ ਖਿੜਕੀ ਕੋਲ ਪਹੁੰਚਣ ਤੋਂ ਪਹਿਲਾਂ, ਪੰਜ ਖਿੜਕੀਆਂ ਲੰਘਣੀਆਂ ਸਨ। ਪਹਿਲੀ ਖਿੜਕੀ ਇਕ ਖਾਲੀ ਕਮਰੇ ਦੀ ਸੀ, ਦੂਜੀ ਅਤੇ ਤੀਜੀ ਖਿੜਕੀ ਲਾਰਾ ਦੇ ਕਮਰੇ ਦੀ ਸੀ, ਚੌਥੀ ਖਿੜਕੀ ਸਰ ਪਰਸੀਵਲ ਦੇ ਕਮਰੇ ਦੀ ਸੀ, ਪੰਜਵੀਂ ਖਿੜਕੀ ਕਾਉਂਟੈਸ ਦੇ ਕਮਰੇ ਦੀ ਸੀ। ਹੋਰ ਖਿੜਕੀਆਂ, ਮੈਨੂੰ ਇਸ ਵੇਲੇ ਲੰਘਣੀਆਂ ਨਹੀਂ ਸਨ ਪੈਣੀਆਂ, ਉਹ ਕਾਂਊਟ ਦੇ ਡਰੈਸਿੰਗ ਰੂਮ, ਗੁਸਲਖਾਨੇ ਅਤੇ ਇਕ ਹੋਰ ਖਾਲੀ ਕਮਰੇ ਦੀਆਂ ਸਨ।

ਕਿਧਰੇ ਕੋਈ ਆਵਾਜ਼ ਨਹੀਂ ਸੀ। ਰਾਤ ਡੂੰਘੀ ਹਨੇਰੀ ਸੀ ਜਦੋਂ ਮੈਂ ਬਰਾਂਡੇ ਵਿਚ ਖੜੀ ਹੋਈ ਤਾਂ ਹੱਥ ਪਸਾਰਿਆਂ ਵੀ ਕੁਝ ਨਹੀਂ ਸੀ ਦਿਸਦਾ। ਮੇਰੇ ਅਗੇ ਵਧਦਿਆਂ; ਵਧਦਿਆਂ ਕਾਉਂਟੈਂਸ ਦੇ ਕਮਰੇ ਦੀ ਖਿੜਕੀ ਵਿਚ ਰਤਾ ਕੁ ਰੌਸ਼ਨੀ ਹੋਈ। ਤਾਂ ਕਾਊਂਟੈਸ ਅਜੇ ਜਾਗ ਰਹੀ ਸੀ।

ਹੁਣ ਵਾਪਸ ਮੁੜਨਾ ਬੜਾ ਔਖਾ ਸੀ, ਤੇ ਇਥੇ ਰੁਕ ਕੇ ਉਡੀਕਣਾ ਹੋਰ ਵੀ ਕਠਿਨ ਸੀ। ਮੈਂ ਹਨੇਰੇ ਦੀ ਓਟ ਵਿਚ ਅੱਗੇ ਵਧਣਾ ਹੀ ਠੀਕ ਸਮਝਿਆ। ਮੈਂ ਆਪ ਹੋਰ ਚੌਕਸ ਹੋ ਗਈ "ਲਾਰਾ ਦੀ ਖ਼ਾਤਿਰ"ਇਹ ਕਹਿ ਕੇ ਮੈਂ ਅਗੇ ਵਧੀ। ਇਕ ਹੱਥ ਨਾਲ ਮੈਂ ਆਪਣਾ ਚੋਗਾ ਫੜ ਲਿਆ ਤੇ ਦੂਜੇ ਨਾਲ ਮੈਂ ਕੰਧ ਦੇ ਨਾਲ ਨਾਲ ਲੱਗ ਕੇ ਘਿਸਰਨਾ ਸ਼ੁਰੂ ਕੀਤਾ। ਕੰਧ ਦੇ ਨਾਲ ਤੁਰਨ ਵਿਚ ਖਤਰਾ ਘੱਟ ਸੀ; ਦੂਜੇ ਪਾਸੇ ਕਿਸੇ ਗਮਲੇ ਨੂੰ ਪੈਰ ਦਾ ਧੱਕਾ ਲਗ ਸਕਦਾ ਸੀ; ਜੋ ਮੇਰੇ ਤੋਂ ਕੁਛ ਇੰਚਾਂ ਦੀ ਦੂਰੀ ਤੇ ਸਨ। ਮੈਂ ਸਭ ਤੋਂ ਪਹਿਲੀ ਖਿੜਕੀ ਲੰਘੀ, ਹਰ ਕਦਮ ਰਖਣ ਤੋਂ ਪਹਿਲਾਂ ਮੈਂ ਛੱਤ ਨੂੰ ਟੋਂਹ ਲੈਂਦੀ ਸਾਂ, ਕਿ ਕਿਧਰੇ ਕਿਸੇ ਅਜਿਹੀ ਥਾਂ ਉਤੇ ਪੈਰ ਨਾ ਰਖਿਆ ਜਾਏ, ਜਿਸ ਨਾਲ ਕੋਈ ਖੜਾਕ ਹੋਣ ਦੀ ਅਸੰਕਾ ਹੋਵੇ। ਜਦੋਂ ਮੈਂ ਲਾਰਾ ਦੇ ਕਮਰੇ ਦੀਆਂ ਹਨੇਰੀਆਂ ਖਿੜਕੀਆਂ ਲੰਘੀ ਤਾਂ ਵੀ ਮੇਰੇ ਦਿਲ ਵਿਚ ਇਹੀ ਅਰਦਾਸ ਨਿਕਲੀ; "ਹੇ ਰੱਬਾ ਮੇਰੀ ਭੈਣ ਨੂੰ ਦੁੱਖ ਤੋਂ ਬਚਾਈ" ਇਸ ਤੋਂ ਮਗਰੋਂ ਸਰ ਪਰਸੀਵਲ ਦੇ ਕਮਰੇ ਦੀ ਖਿੜਕੀ ਲੰਘ ਕੇ ਮੈਂ ਇਕ ਪਲ ਰੁਕ ਕੇ ਸਾਹ ਲਿਆ, ਅਤੇ ਫਿਰ ਗੋਡਿਆਂ ਭਾਰ ਹੋ ਕੇ ਅੱਗੇ ਵੱਲ ਰਿੜਨਾ ਸ਼ੁਰੂ ਕੀਤਾ। ਹੁਣ ਅਗਲੀ ਖਿੜਕੀ ਕਾਉਂਟੈਂਸ ਦੀ ਸੀ। ਖਿੜਕੀ ਦਾ ਉਪਰਲਾ ਹਿੱਸਾ ਖੁੱਲਾ ਸੀ ਤੇ ਅਗੇ ਪਰਦਾ ਕੀਤਾ ਹੋਇਆ ਸੀ। ਮੈਂ ਖਿੜਕੀ ਵਿਚੋਂ ਝਾਕ ਕੇ ਵੇਖਿਆ, ਕਾਉਂਟੈਸ ਦਾ ਪਰਛਾਵਾਂ ਚਿੱਟੇ ਪਰਦੇ ਉਪਰ ਪੈ ਰਿਹਾ ਸੀ; ਉਹ ਇਕ ਵਾਰ ਖਿੜਕੀ ਦੇ ਨੇੜੇ ਆਈ

ਅਤੇ ਫਿਰ ਹੌਲੀ ਜਿਹੀ ਵਾਪਸ ਗਈ। ਅਜੇ ਤੀਕ ਉਹਨੇ ਮੇਰੀ ਆਵਾਜ਼ ਨਹੀਂ ਸੁਣੀ ਸੀ; ਨਹੀਂ ਤੇ ਉਹ ਰੁਕਦੀ ਜ਼ਰੂਰ, ਭਾਵੇਂ ਉਹਦੇ ਵਿਚ ਏਨੀ ਹਿੰਮਤ ਨਾਂ ਵੀ ਹੁੰਦੀ, ਕਿ ਉਹ ਇਕਦਮ ਖਿੜਕੀ ਖੋਲ੍ਹ ਕੇ ਬਾਹਰ ਝਾਕਦੀ।

ਮੈਂ ਬਰਾਂਡੇ ਦੇ ਜੰਗਲੇ ਵੱਲ ਨੂੰ ਝੁਕੀ ਅਤੇ ਆਪਣੇ ਦੋਵੇਂ ਪਾਸੇ ਗਮਲਿਆਂ ਨੂੰ ਟੋਹ ਕੇ ਵੇਖਿਆ। ਦੋਹਾਂ ਗਮਲਿਆਂ ਦੇ ਵਿਚਕਾਰ ਮੇਰੇ ਬੈਠਣ ਲਈ ਕਾਫੀ ਥਾਂ ਸੀ ਮੈਂ ਆਪਣਾ ਸਿਰ ਜੰਗਲੇ ਨਾਲ ਲਾ ਲਿਆ। ਗਮਲੇ ਵਿਚੋਂ ਸੁਗੰਧਿਤ ਪੱਤੇ ਮੇਰੀਆਂ ਗਲ੍ਹਾਂ ਨੂੰ ਛੋਹ ਰਹੇ ਸਨ।

ਹੇਠੋਂ ਸਭ ਤੋਂ ਪਹਿਲਾਂ ਜੋ ਆਵਾਜ਼ਾਂ ਮੈਂ ਸੁਣੀਆਂ, ਉਹ ਦਰਵਾਜ਼ਿਆਂ ਦੇ ਖੁੱਲ੍ਹਣ ਜਾਂ ਬੰਦ ਹੋਣ ਦੀਆਂ ਸਨ। ਤਿੰਨ ਦਰਵਾਜ਼ੇ ਕਿਸੇ ਨੇ ਵਾਰੀ ਵਾਰੀ ਬੰਦ ਕੀਤੇ; ਇਹ ਦਰਵਾਜ਼ੇ ਲਾਇਬਰੇਰੀ ਦੇ ਨਾਲ ਵਾਲੇ ਕਮਰਿਆਂ ਦੇ ਸਨ। ਮੇਰਾ ਖਿਆਲ ਸੀ ਕਿ ਕਾਂਊਟ ਉਨ੍ਹਾਂ ਕਮਰਿਆਂ ਨੂੰ ਵੇਖ ਕੇ ਉਨ੍ਹਾਂ ਨੂੰ ਬੰਦ ਕਰ ਰਿਹਾ ਸੀ। ਫਿਰ ਇਕ ਲਾਲ ਚੰਗਿਆੜੀ ਮੇਰੇ ਕਮਰੇ ਦੀ ਬਾਰੀ ਵੱਲ ਵਧੀ, ਉਥੇ ਥੋੜਾ ਚਿਰ ਰੁਕੀ ਅਤੇ ਵਾਪਸ ਆਈ।

"ਤੈਨੂੰ ਤੇ ਰੱਬ ਸਾਂਭੇ ਅੱਜ ! ਅੱਜ ਤੂੰ ਚੱਕਰ ਤੇ ਚੱਕਰ ਕਿਉਂ ਕੱਟ ਰਿਹਾ ਏਂ?" ਸਰ ਪਰਸੀਵਲ ਕਾਂਊਟ ਨੂੰ ਖਾਣ ਨੂੰ ਪਿਆ। ਆਵਾਜ਼ ਬਿਲਕੁਲ ਮੇਰੀ ਹੇਠਲੀ ਖਿੜਕੀ ਤੋਂ ਆ ਰਹੀ ਸੀ।

"ਉਫ਼ ਕਿੰਨੀ ਗਰਮੀ ਏ ਅੱਜ !" ਕਾਂਊਟ ਨੇ ਥੱਕੀ ਹੋਈ ਆਵਾਜ਼ ਵਿਚ ਕਿਹਾ। ਹੁਣ ਕੁਰਸੀਆਂ ਖਿਚਣ ਦੀ ਆਵਾਜ਼ ਆਈ। ਮੈਂ ਰੱਬ ਦਾ ਸ਼ੁਕਰ ਕੀਤਾ ਕਿ ਕੁਰਸੀਆ ਉਸ ਬਰਾਂਡੇ ਹੇਠਾਂ ਹੀ ਖਿੱਚੀਆਂ ਗਈਆਂ ਸਨ, ਜਿਸ ਤੇ ਮੈਂ ਬੈਠੀ ਸਾਂ, ਅਜੇ ਤਕ ਤੇ ਕਿਸਮਤ ਮੇਰਾ ਸਾਥ ਦੇ ਰਹੀ ਸੀ। ਉਹ ਪਹਿਲਾਂ ਵਾਂਗ ਅੱਜ ਵੀ ਖਿੜਕੀ ਕੋਲ ਹੀ ਬੈਠ ਰਹੇ ਸਨ। ਉਹ ਅਜੇ ਕੁਰਸੀਆਂ ਵਿਚ ਬੈਠੇ ਹੀ ਸਨ, ਕਿ ਬੁਰਜ ਉਤੋਂ ਘੜੀ ਨੇ ਪੌਣੇ ਬਾਰਾਂ ਖੜਕਾਏ। ਮੈਡਮ ਫ਼ੋਸਕੋ ਮੈਨੂੰ ਖਿੜਕੀ ਵਿਚੋਂ ਦਿੱਸੀ। ਉਹ ਉਬਾਸੀਆਂ ਮਾਰ ਰਹੀ ਸੀ। ਉਹਦਾ ਪਰਛਾਵਾਂ ਇਕ ਵਾਰ ਮੁੜ ਪਰਦੇ ਉਤੇ ਪਿਆ।

ਹੁਣ ਸਰ ਪਰਸੀਵਲ ਤੇ ਕਾਂਊਟ ਗੱਲਾਂ ਕਰ ਰਹੇ ਸਨ। ਕਦੀ ਕਦੀ ਉਨ੍ਹਾਂ ਦੀ ਆਵਾਜ਼ ਬੜੀ ਧੀਮੀ ਹੋ ਜਾਂਦੀ; ਪਰ ਇੰਨੀ ਨੀਵੀਂ ਫਿਰ ਵੀ ਨਹੀਂ ਸੀ ਕਿ ਉਹ ਮੈਨੂੰ ਨਾ ਸੁਣਦੀ। ਮੇਰੀ ਖਤਰਨਾਕ ਸਥਿੱਤੀ, ਡਰ, ਕਿ ਕਿਧਰੇ ਮੈਨੂੰ ਉਹ ਪਕੜ ਨਾ ਲੈਣ, ਇਧਰ ਮੈਡਮ ਫ਼ੋਸਕੋ ਦੀ ਖਿੜਕੀ ਦੇ ਚਾਨਣੇ ਦੇ ਕਰਕੇ ਮੇਰਾ ਧਿਆਨ ਪਹਿਲਾਂ ਪਹਿਲਾਂ ਉਨ੍ਹਾਂ ਦੀਆਂ

ਗੱਲਾਂ ਵਲੋਂ ਵੰਡਿਆ ਜਾ ਰਿਹਾ ਸੀ; ਥੋੜੇ ਪਲ ਤਾਂ ਮੈਂ ਬਸ ਇਹੀ ਮਹਿਸੂਸ ਕਰ ਰਹੀ ਸਾਂ ਕਿ ਉਹ ਕੁਛ ਜ਼ਰੂਰੀ ਗੱਲਬਾਤ ਕਰ ਰਹੇ ਹਨ। ਕਾਂਉਟ ਕਹਿ ਰਿਹਾ ਸੀ, ਕਿ ਉਹਦੀ ਪਤਨੀ ਦੇ ਕਮਰੇ ਦੀ ਬੱਤੀ ਅਜੇ ਜਗ ਰਹੀ ਸੀ, ਅਤੇ ਉਹ ਸਾਰੀ ਹੇਠਲੀ ਮੰਜ਼ਿਲ ਆਪ ਚੰਗੀ ਤਰ੍ਹਾਂ ਵੇਖਕੇ ਆਇਆ ਸੀ, ਹੁਣ ਉਹ ਨਿਰਭੈ ਹੋ ਕੇ ਸਾਰੀ ਗੱਲ ਕਰ ਸਕਦੇ ਸਨ। ਸਰ ਪਰਸੀਵਲ ਨੇ ਉਹਨੂੰ ਚੰਗੀ ਤਰ੍ਹਾਂ ਤਾਹਨੇ ਦਿੱਤੇ ਕਿ ਉਹ ਸਾਰਾ ਦਿਨ ਉਹਦੇ ਤੋਂ ਕਤਰਾਂਦਾ ਰਿਹਾ ਸੀ ਅਤੇ ਉਹਦੇ ਨੇੜੇ ਨਹੀਂ ਸੀ ਲੱਗਾ; ਇਸਦੇ ਉੱਤਰ ਵਿਚ ਕਾਂਉਟ ਨੇ ਆਪਣੀ ਇਹ ਦਲੀਲ ਦਿੱਤੀ, ਕਿ ਉਹ ਸਾਰਾ ਦਿਨ ਹੋਰ ਹੀ ਪਰੇਸ਼ਾਨੀ ਵਿਚ ਪਿਆ ਹੋਇਆ ਸੀ; ਅਤੇ ਉਹਦਾ ਸਾਰਾ ਧਿਆਨ ਉਸ ਪਾਸੇ ਸੀ। ਇਹ ਠੀਕ ਵਕਤ ਸੀ ਜੋ ਉਹ ਆਪਣੀ ਸਫਾਈ ਦੇ ਸਕਦਾ ਸੀ ਕਿਉਂਕਿ ਇਸ ਵੇਲੇ ਇਹ ਡਰ ਨਹੀਂ ਸੀ ਕਿ ਕੋਈ ਉਨ੍ਹਾਂ ਦੀਆਂ ਗੱਲਾਂ ਸੁਣ ਸਕਦਾ ਹੈ, ਜਾਂ ਟੋਕ ਸਕਦਾ ਹੈ।

"ਸਰ ਪਰਸੀਵਲ, ਅਸੀਂ ਬੜੇ ਖਤਰਨਾਕ ਮੋੜ ਉਤੇ ਪੁੱਜ ਗਏ ਹਾਂ, ਹੁਣ ਜੋ ਭਵਿੱਸ਼ ਵਿਚ ਅਸੀਂ ਕਰਨਾ ਹੈ, ਉਸ ਦਾ ਨਿਰਣਾ ਅੱਜ ਹੀ ਰਾਤੀਂ ਕਰਨਾ ਬਹੁਤ ਜ਼ਰੂਰੀ ਹੈ।"

ਕਾਂਉਟ ਦੇ ਇਨ੍ਹਾਂ ਸ਼ਬਦਾਂ ਨਾਲ ਮੇਰੀ ਸੁਰਤ ਹੁਣ ਪੂਰੀ ਤਰ੍ਹਾਂ ਟਿਕਾਣੇ ਆਈ। ਇਸ ਤੋਂ ਮਗਰੋਂ ਮੈਂ ਆਪਣੇ ਪੂਰੇ ਧਿਆਨ ਨਾਲ ਉਨ੍ਹਾਂ ਦੀ ਗੱਲਬਾਤ ਸੁਣਦੀ ਰਹੀ। ਵਿਚ ਵਿਚ, ਜਦੋਂ ਉਨ੍ਹਾਂ ਦੀ ਆਵਾਜ਼ ਬਿਲਕੁਲ ਹੀ ਨੀਵੀਂ ਹੋ ਜਾਂਦੀ ਤਾਂ ਮੈਂ ਨਾਂ ਸੁਣ ਸਕਦੀ। ਉਂਜ ਮੈਨੂੰ ਇਕ ਇਕ ਸ਼ਬਦ ਸਾਫ਼ ਸੁਣਾਈ ਦੇ ਰਿਹਾ ਸੀ; ਅਤੇ ਮੈਂ ਸਾਹ ਰੋਕ ਕੇ ਸੁਣ ਰਹੀ ਸਾਂ।

"ਅਸੀਂ ਏਨੇ ਨਾਜ਼ੁਕ ਮੋੜ ਤੇ ਹਾਂ, ਕਾਉਂਟ ਕਿ ਤੂੰ ਸੋਚ ਵੀ ਨਹੀਂ ਸਕਦਾ !" ਪਰ ਪਰਸੀਵਲ ਨੇ ਦੁਹਰਾਇਆ।

"ਇਸ ਗੱਲ ਦਾ ਤੇ ਮੈਂ ਤੇਰੇ ਵਰਤਾਰੇ ਤੋਂ ਹੀ ਅਨੁਮਾਨ ਲਾ ਲਿਆ ਹੈ, ਜਿਵੇਂ ਤੂੰ ਇਕ ਦੋ ਦਿਨ ਦਾ ਇਸ ਘਰ ਵਿਚ ਤੁਰ ਫਿਰ ਰਿਹਾ ਹੈਂ, ਮੈਂ ਵੇਖ ਰਿਹਾ ਹਾਂ।" ਕਾਂਉਟ ਨੇ ਠਰੰਮੇ ਨਾਲ ਉੱਤਰ ਦਿਤਾ, "ਪਰ ਥੋੜਾ ਰੁਕ-ਪਹਿਲੋਂ ਮੈਂ ਉਹ ਗੱਲ ਕਰਾਂਗਾ, ਜੋ ਮੈਨੂੰ ਪਤਾ ਹੈ; ਉਸ ਤੋਂ ਮਗਰੋਂ ਹੀ ਅਸੀਂ ਭਵਿੱਸ਼ ਦੀ ਕੋਈ ਸਕੀਮ ਬਣਾ ਸਕਦੇ ਹਾਂ।"

ਮੈਨੂੰ ਥੋੜੀ ਬਰਾਂਡੀ ਤੇ ਪਾਣੀ ਲਿਆਉਣ ਦੇ, ਤੇਰੇ ਲਈ ਲਿਆਂਵਾਂ?" ਸਰ ਪਰਸੀਵਲ ਨੇ ਕਿਹਾ। "ਧੰਨਵਾਦ, ਪਰਸੀਵਲ ਮੇਰੇ ਲਈ ਤਾਂ ਠੰਢਾ ਪਾਣੀ ਅਤੇ ਥੋੜੀ ਜਿਹੀ ਖੰਡ, ਅਤੇ ਇਕ ਚਮਕ ਹੀ ਕਾਫੀ ਹੈ, -ਹਰ ਮੈਨੂੰ ਕੁਛ ਨਹੀਂ ਚਾਹੀਦਾ ਮੇਰੇ ਮਿੱਤਰ।"

"ਇਸ ਉਮਰ ਵਿਚ ਪਾਣੀ ਤੇ ਖੰਡ ਕਾਫੀ ਏ? ਵਾਹਵਾ ! ਇਹ ਤੂੰ ਆਪੇ ਹੀ ਘੋਲ ਲਿਆ ਤੁਸੀਂ ਪਰਦੇਸੀ ਸਭ ਇਕੋ ਜਿਹੇ ਹੀ ਹੁੰਦੇ ਹੋ !''

"ਹੁਣ ਸੁਣ ਪਰਸੀਵਲ," ਕਾਂਊਟ ਨੇ ਕਿਹਾ, ਮੈਨੂੰ ਤਾਂ ਸਾਰੀ ਸਥਿਤੀ ਦੀ ਜਿਵੇਂ ਸਮਝ ਆਈ ਹੈ, ਮੈਂ ਤੇਰੇ ਸਾਹਮਣੇ ਰਖਾਂਗਾ ਤੂੰ ਇਹ ਦੱਸਣਾ ਹੈ ਕਿ ਮੈਂ ਠੀਕ ਹਾਂ ਜਾਂ ਨਹੀਂ। ਅਸੀਂ' ਦੋਵੇ ਇਸ ਘਰ ਵਿਚ ਜਦੋਂ ਯੂਰਪ ਆਏ ਸਾਂ, ਤਾਂ ਸਾਨੂੰ ਦੋਹਾਂ ਨੂੰ ਪੈਸੇ ਦੀ ਬੜੀ ਲੋੜ ਸੀ।"

"ਸਾਰੀ ਗੱਲ ਨੂੰ ਸੰਖੇਪ ਕਰ ਕੇ ਕਹਿ। ਮੈਨੂੰ ਕੁਛ ਹਜ਼ਾਰਾਂ ਦੀ, ਅਤੇ ਤੈਨੂੰ ਕੁਛ ਸੈਂਕੜੇ ਪੌਂਡਾਂ ਦੀ ਲੋੜ ਸੀ, ਜਿਨ੍ਹਾਂ ਬਿਨਾਂ ਅਸੀਂ ਦੋਵੇ ਹੀ ਬਰਬਾਦੀ ਵੱਲ ਵਧ ਰਹੇ ਸਾਂ। ਸਥਿਤੀ ਤਾਂ ਇਹ ਹੀ ਸੀ, ਹੁਣ ਤੂੰ ਜੋ ਮਰਜ਼ੀ ਏ ਕਹਿ।"

"ਇਵੇਂ ਹੀ ਸਹੀ ਸਰ ਪਰਸੀਵਲ, ਕਿ ਤੈਨੂੰ ਕੁਝ ਹਜ਼ਾਰਾਂ ਅਤੇ ਮੈਨੂੰ ਕੁਝ ਸੈਂਕੜਿਆਂ ਪੌਂਡਾਂ ਦੀ ਲੋੜ ਸੀ; ਅਤੇ ਇਕੋ ਤਰੀਕਾ ਸੀ ਜਿਸ ਨਾਲ ਅਸੀਂ ਇਹ ਹਾਸਲ ਕਰ ਸਕਦੇ ਸਾਂ, ਕਿ ਤੇਰੀ ਪਤਨੀ ਦੀ ਸਹਾਇਤਾ ਨਾਲ ਕੁਝ ਕਰਜਾ ਲਿਆ ਜਾਂਦਾ। ਮੈਂ ਤੇਰੀ ਪਤਨੀ ਬਾਰੇ, ਇੰਗਲੈਂਡ ਵੱਲ ਆਉਂਦਿਆਂ ਰਾਹ ਵਿਚ ਤੈਨੂੰ ਕੀ ਕਿਹਾ ਸੀ? ਅਤੇ ਜਦੋਂ ਇਥੇ ਪਹੁੰਚ ਕੇ ਮੈਂ ਮਿਸ ਹਾਲਕੌਂਬ ਨੂੰ ਆਪ ਮਿਲਿਆ, ਅਤੇ ਵੇਖਿਆ ਕਿ ਉਹ ਕਿਹੋ ਜਿਹੀ ਔਰਤ ਹੈ ਤਾਂ ਮੈਂ ਮੁੜ ਤੈਨੂੰ ਕੀ ਕਿਹਾ ਸੀ?"

"ਮੈਨੂੰ ਕੀ ਪਤਾ ਹੈ? ਤੂੰ ਹਮੇਸ਼ਾਂ ਬੁਝਾਰਤਾਂ ਵਿਚ ਗੱਲਾਂ ਕਰਦਾ ਹੈ।"

"ਮੈਂ ਕਿਹਾ ਸੀ, ਮਨੁੱਖੀ ਸੂਝ ਅਤੇ ਅਕਲ ਨੇ ਔਰਤ ਨੂੰ ਵਸ ਵਿਚ ਕਰਨ ਲਈ ਅਜੇ ਤੀਕ ਦੋ ਹੀ ਤਰੀਕੇ ਲੱਭੇ ਹਨ; ਇਕ ਤਾਂ ਇਹ ਕਿ ਉਹਨੂੰ ਮਾਰਿਆ ਕੁੱਟਿਆ ਜਾਏ; ਪਰ ਇਹ ਤਰੀਕਾ ਅਨਪੜ੍ਹ ਅਤੇ ਗਰੀਬ ਲੋਕ ਵਰਤਦੇ ਹਨ; ਉਨ੍ਹਾਂ ਤੋਂ ਉਪਰਲੀ ਸ਼ਰੇਣੀ, ਜੋ ਪੜ੍ਹੀ ਲਿਖੀ ਹੁੰਦੀ ਹੈ, ਇਸ ਤਰੀਕੇ ਤੋਂ ਘਿਰਣਾ ਕਰਦੀ ਹੈ। ਦੂਜਾ ਤਰੀਕਾ (ਭਾਵੇਂ ਵਧੇਰੇ ਔਖਾ

ਅਤੇ ਵਧੇਰੇ ਸਮਾਂ ਲੈਣ ਵਾਲਾ ਹੈ, ਪਰ ਇਸ ਦਾ ਅਸਰ ਵੀ ਉੱਨਾ ਹੀ ਹੁੰਦਾ ਹੈ।) ਇਹ ਹੈ, ਕਿ ਕਦੀ ਔਰਤ ਦੀ ਗੱਲ ਉੱਤੇ ਗੁੱਸਾ ਨਾ ਕਰੋ; ਇਸੇ ਤਰੀਕੇ ਨਾਲ ਤੁਸੀਂ ਜਾਨਵਰਾਂ ਅਤੇ ਬੱਚਿਆਂ ਨੂੰ ਵੀ ਵੱਸ ਵਿਚ ਕਰ ਸਕਦੇ ਹੋ, ਅਤੇ ਔਰਤਾਂ ਵੀ ਤਾਂ ਬੱਚਿਆਂ ਵਾਂਗ ਹੁੰਦੀਆਂ ਹਨ। ਜੇ ਤੁਹਾਡਾ ਦ੍ਰਿੜ ਇਰਾਦਾ ਹੈ, ਤਾਂ ਬੱਚੇ, ਔਰਤਾਂ, ਅਤੇ ਜਾਨਵਰ ਸਭ ਤੁਹਾਡੇ ਵੱਸ ਵਿਚ ਰਹਿਣਗੇ, ਅਤੇ ਜੇ ਇਕ ਵਾਰ ਉਨ੍ਹਾਂ ਤੁਹਾਡਾ ਇਹ ਇਰਾਦਾ ਹਿਲਾ ਲਿਆ ਤਾਂ ਉਹ ਤੁਹਾਡੇ ਉਤੇ ਹਾਵੀ ਹੋ ਜਾਣਗੇ। ਮੈਂ ਤੈਨੂੰ ਇਹ ਕਿਹਾ ਸੀ, ਕਿ ਜਦੋਂ ਤੈਨੂੰ ਆਪਣੀ ਪਤਨੀ ਕੋਲ ਪੈਸੇ ਦੀ ਸਹਾਇਤਾ ਦੀ ਲੋੜ ਹੋਵੇ, ਇਸ ਸਚਾਈ ਨੂੰ ਯਾਦ ਰੱਖੀ। ਮੈਂ ਕਿਹਾ ਸੀ, ਕਿ ਜਦੋਂ ਤੂੰ ਆਪਣੀ ਪਤਨੀ ਦੀ ਭੈਣ, ਮਿਸ ਹਾਲਕੌਂਬ ਦੇ ਸਾਹਮਣੇ ਹੋਵੇ, ਤਾਂ ਇਸ ਗੱਲ ਨੂੰ ਹੋਰ ਹੋਸ਼ਿਆਰੀ ਨਾਲ ਯਾਦ ਰੱਖੀ।

ਪਰ ਕੀ ਤੂੰ ਇਹ ਗੱਲ ਯਾਦ ਰੱਖੀ-? ਇੰਨੀਆਂ ਮੁਸ਼ਕਲਾਂ ਸਾਨੂੰ ਇਸ ਘਰ ਵਿਚ ਆਈਆਂ ਹਨ, ਪਰ ਤੂੰ ਇਕ ਵਾਰ ਵੀ ਮੇਰੀ ਇਹ ਨਸੀਹਤ ਯਾਦ ਨਹੀਂ ਰੱਖੀ; ਤੇਰੀ ਪਤਨੀ ਅਤੇ ਉਹਦੀ ਭੈਣ ਜਦੋਂ ਜਦੋਂ ਤੈਨੂੰ ਭੜਕਾਂਦੀਆਂ ਰਹੀਆਂ, ਤੂੰ ਭੜਕਦਾ ਰਿਹਾ। ਉਨ੍ਹਾਂ ਵਲੋਂ ਜਰਾ ਜਿਹੀ ਉਕਸਾਹਟ ਮਿਲਣ ਤੇ ਤੂੰ ਪੂਰੇ ਜੋਸ਼ ਨਾਲ ਅਪਣਾ ਗੁੱਸਾ ਦਰਸਾਂਦਾ ਰਿਹਾ। ਤੇਰੇ ਗੁਸੈਲੇ ਸੁਭਾ ਕਰਕੇ ਹੀ ਉਸ ਦਸਤਾਵੇਜ਼ ਤੇ ਲਾਰਾ ਨੇ ਦਸਤਖ਼ਤ ਨਾ ਕੀਤੇ, ਅਤੇ ਅਸੀਂ ਪੈਸੇ ਤੋਂ ਵਾਂਝ ਰਹੇ; ਮਿਸ ਹਾਲਕੌਂਬ ਨੇ ਪਹਿਲੀ ਵਾਰੀ ਵਕੀਲ ਨੂੰ, ਤਾਂ ਹੀ ਚਿੱਠੀ ਲਿਖੀ --।'

"ਪਹਿਲੀ ਵਾਰ-? ਕੀ ਉਹਨੇ ਦੂਜੀ ਵਾਰ ਵੀ ਚਿੱਠੀ ਲਿਖੀ ਹੈ?"

"ਹਾਂ ਉਹਨੇ ਅਜ ਵੀ ਵਕੀਲ ਨੂੰ ਚਿੱਠੀ ਲਿਖੀ ਹੈ

ਬਰਾਂਡੇ ਵਿਚ ਇਕ ਕੁਰਸੀ ਜ਼ੋਰ ਦੀ ਡਿੱਗੀ, ਸ਼ਾਇਦ ਸਰ ਪਰਸੀਵਲ ਨੇ ਗੁੱਸੇ ਵਿਚ ਉਸ ਕੁਰਸੀ ਨੂੰ ਠੋਕਰ ਮਾਰੀ ਸੀ; ਜਿਸ ਉਤੇ ਉਹਨੇ ਪੈਰ ਰੱਖੇ ਹੋਏ ਸਨ।

ਮੇਰੇ ਲਈ ਤਾਂ ਇਹ ਚੰਗਾ ਹੀ ਹੋਇਆ ਕਿ ਕਾਂਊਟ ਦੀਆਂ ਗੱਲਾਂ ਨਾਲ ਸਰ ਪਰਸੀਵਲ ਆਪੇ ਤੋਂ ਬਾਹਰ ਹੋ ਗਿਆ ਸੀ; ਕਿਉਂਕਿ ਕਾਂਊਟ ਦੇ ਇਹ ਗੱਲ ਦਸਣ ਨਾਲ ਮੈਂ' ਵੀ ਇੰਨਾ ਤ੍ਰਬੁੱਕ ਗਈ ਸਾਂ; ਕਿ ਜੰਗਲਾਂ ਵੀ ਮੇਰੇ ਅਚਾਨਕ ਢੋਅ ਲਾਣ ਨਾਲ ਜ਼ਰਾ ਜਿਹਾ ਤਿੜਕ ਉਠਿਆ ਸੀ। ਕੀ ਉਹਨੇ ਮੇਰਾ ਸਰਾਂ ਤੀਕ ਪਿਛਾ ਕੀਤਾ ਸੀ? ਕੀ ਉਹਦਾ ਇਹ

ਅਨੁਮਾਨ ਹੀ ਸੀ ਕਿ ਮੈਂ ਫ਼ੈਨੀ ਨੂੰ ਚਿੱਠੀਆਂ ਦੇ ਦਿੱਤੀਆਂ ਹੋਣਗੀਆਂ, ਜਦੋਂ ਮੈਂ ਡਾਕ ਦੇ ਥੈਲੇ ਵਿਚ ਕੋਈ ਚਿੱਠੀ ਨਹੀਂ ਪਾਈ ਸੀ? ਜੇ ਇਹ ਅੰਦਾਜ਼ਾ ਵੀ ਸੀ, ਤਾਂ ਵੀ, ਉਹਨੇ ਫ਼ੈਨੀ ਦੀ ਬਨੈਨ ਵਿਚੋਂ ਉਹ ਚਿੱਠੀਆਂ ਕਿਵੇਂ ਕੱਢ ਕੇ ਪੜ੍ਹ ਲਾਈਆਂ? ਉਹਨੇ ਉਹ ਖ਼ਤ ਮੇਰੇ ਸਾਹਮਣੇ ਉਥੇ ਲੁਕਾ ਕੇ ਰੱਖੇ ਸਨ। ਮੈਂ ਕਾਂਊਟ ਨੂੰ ਮੁੜ ਕਹਿੰਦਿਆਂ ਸੁਣਿਆ, "ਤੂੰ ਆਪਣੀ ਕਿਸਮਤ ਦਾ ਸ਼ੁਕਰ ਕਰ, ਕਿ ਮੈਂ ਇਥੇ ਤੇਰੇ ਕੋਲ ਹਾਂ, ਜਿੰਨਾ ਤੂੰ ਨੁਕਸਾਨ ਕਰਦਾ ਜਾਂਦਾ ਏ', ਮੈ' ਨਾਲ ਨਾਲ ਉਹਨੂੰ ਝਟਪਟ ਪੂਰਾ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹਾਂ। ਸ਼ੁਕਰ ਕਰ ਕਿ ਮੈਂ ਤੇਰੇ ਘਰ ਵਿਚ ਹਾਂ, ਅਤੇ ਜਦੋਂ ਤੂੰ ਮਿਸ ਹਾਲਕੌਂਬ ਨੂੰ ਵੀ ਕਮਰੇ ਵਿਚ ਬੰਦ ਕਰਨ ਦੀ ਸਲਾਹ ਕਰ ਰਿਹਾ ਸੈਂ, ਮੈਂ ਹੀ ਨਾਂਹ ਕੀਤੀ ਸੀ। ਤੂੰ ਆਪਣੀ ਪਤਨੀ ਨੂੰ ਵੀ ਬੰਦ ਕਰਕੇ ਇਕ ਸਖ਼ਤ ਗਲਤੀ ਕੀਤੀ ਹੈ। ਮੈਂ ਤੇ ਪੁੱਛਦਾ ਹਾਂ, ਕਿ ਭਲਿਆ ਲੋਕਾ, ਤੇਰੀਆਂ ਅੱਖਾਂ ਕਿਥੇ ਹਨ ਕੀ ਤੂੰ ਏਨਾ ਨਹੀਂ ਵੇਖ ਸਕਦਾ ਕਿ ਹਾਲਕੌਂਬ ਕਿੰਨੀ ਸਿਆਣੀ ਅਤੇ ਦੂਰ ਅੰਦੇਸ਼ ਹੈ? ਉਹਦਾ ਮਰਦਾਂ ਤੋਂ ਵਧ ਜਿਗਰਾ ਹੈ। ਜੇ ਉਹ ਮੇਰੀ ਮਿੱਤਰ ਹੋਵੇ ਤਾਂ ਮੈਂ ਦੁਨੀਆਂ ਦੀ ਰਤਾ ਪ੍ਰਵਾਹ ਨਾ ਕਰਾਂ।

ਪਰ ਹੁਣ ਉਹ ਔਰਤ ਮੇਰੀ ਦੁਸ਼ਮਣ ਹੈ, ਤਾਂ ਮੈਂ ਫ਼ੋਸਕੋ, ਜੋ ਤੇਰੇ ਕਹਿਣ ਅਨੁਸਾਰ ਸੰਤਾਨ ਵਰਗਾ ਚਾਲਾਕ ਹਾਂ, ਮੈਂ ਵੀ ਹਰ ਸਮੇਂ ਤਲਵਾਰ ਦੀ ਧਾਰ ਤੇ ਤੁਰ ਰਿਹਾ ਹਾਂ, ਹਰ ਵੇਲੇ ਮੇਰਾ ਵੀ ਸਾਹ ਸੁੱਕਿਆ ਰਹਿੰਦਾ ਹੈ। ਇਹ ਸ਼ਾਨਦਾਰ ਔਰਤ ਮੈਂ ਇਸ ਮਿੱਠੇ ਪਾਣੀ ਨਾਲ ਉਹਦੀ ਸਿਹਤ ਦਾ ਜਾਮ ਪੀਂਦਾ ਹਾਂ ਇਹ ਸ਼ਾਨਦਾਰ ਔਰਤ ਸਾਡੇ ਦੋਹਾਂ ਅਤੇ ਤੇਰੀ ਉਸ ਸੁਹਣੀ ਅਤੇ ਲਿੱਸੀ ਪਤਨੀ ਦੇ ਵਿਚਕਾਰ ਇਕ ਪੱਕੀ ਚਟਾਨ ਵਾਂਗ ਖੜੀ ਹੈ, ਕਿਉਂ ਜੋ ਇਸ ਔਰਤ ਕੋਲ ਆਪਣੇ ਪਿਆਰ ਦੀ ਸ਼ਕਤੀ ਅਤੇ ਦਲੇਰੀ ਹੈ। ਮੈਂ ਇਸ ਔਰਤ ਦੀ ਹਰ ਵੇਲੇ ਮਨ ਹੀ ਮਨ ਤਾਰੀਫ਼ ਕਰਦਾ ਹਾਂ, ਭਾਵੇਂ ਹੁਣ ਤੇਰੇ ਅਤੇ ਆਪਣੇ ਲਈ, ਇਸ ਵੇਲੇ ਅਸੀਂ ਦੁਸ਼ਮਣ ਹਾਂ, ਤੂੰ ਉਹਨੂੰ ਵੀ ਏਨਾ ਤੰਗ ਕਰ ਰਿਹਾ ਹੈ, ਜਿਵੇਂ ਉਹ ਇਕ ਆਮ ਔਰਤ ਹੋਵੇ। ਪਰਸੀਵਲ ਤੂੰ ਕਦੀ ਵੀ ਕਾਮਯਾਬ ਨਹੀਂ ਹੋ ਸਕਦਾ-ਅਤੇ ਇਹ ਬਿਲਕੁਲ ਠੀਕ ਹੋਇਆ ਹੈ, ਕਿ ਤੂੰ ਅਸਫਲ ਹੀ ਰਿਹਾ ਹੈ !"

ਕਾਂਊਟ ਚੁੱਪ ਹੋ ਗਿਆ। ਤੇ ਕੁਝ ਪਲ ਕੋਈ ਵੀ ਨਾ ਬੋਲਿਆ! ਮੈਂ ਇਸ ਕਮੀਨੇ ਦੇ ਆਪਣੇ ਬਾਰੇ ਇਹ ਸ਼ਬਦ ਸਿਰਫ਼ ਇਸ ਲਈ ਲਿਖ ਰਹੀ ਹਾਂ. ਕਿ ਮੈਂ ਇਨ੍ਹਾਂ ਨੂੰ ਕਿਤੇ ਭੁਲ

ਨਾਂ ਜਾਵਾਂ: ਮੈਨੂੰ ਉਮੀਦ ਹੈ ਕਿ ਇਕ ਦਿਨ ਅਜਿਹਾ ਆਏਗਾ, ਕਿ ਮੈਂ ਉਸਦੇ ਸਾਹਮਣੇ ਹੀ ਇਹ ਸਾਰੇ ਸ਼ਬਦ ਦੁਹਰਾ ਕੇ ਆਪਣਾ ਬਦਲਾ ਲੈ ਸਕਾਂਗੀ।

ਅਖੀਰ ਸਰ ਪਰਸੀਵਲ ਨੇ ਹੀ ਇਹ ਚੁੱਪ ਤੋੜੀ।

"ਠੀਕ ਹੈ, ਜਿੰਨੀ ਤੇਰੀ ਮਰਜ਼ੀ ਹੈ ਤੇ ਗੱਪਾਂ ਮਾਰ ਅਤੇ ਮੈਨੂੰ ਡਰਾ ਧਮਕਾ ਲੈ" ਉਹਦਾ ਲਹਿਜਾ ਰੋਣ-ਹਾਕਾ ਹੋ ਗਿਆ ਸੀ, "ਨਿਰੀ ਪੈਸਿਆਂ ਦੀ ਹੀ ਗੱਲ ਨਹੀਂ, ਜੋ ਕੁਝ ਮੈਂ ਜਾਣਦਾ ਹਾਂ, ਜੇ ਤੈਨੂੰ ਪਤਾ ਹੋਵੇ, ਤਾਂ ਤੂੰ ਆਪ ਹੀ ਇਨ੍ਹਾਂ ਔਰਤਾਂ ਨੂੰ ਜੇਲ੍ਹ ਵਿਚ ਰੱਖੇਂ।"

"ਅਸੀਂ ਉਸ ਮਾਮਲੇ ਬਾਰੇ ਵੀ ਹੁਣੇ ਗੱਲ ਕਰਾਂਗੇ।"

ਕਾਂਊਟ ਬੋਲਿਆ, -"ਤੂੰ ਆਪ ਭਾਵੇਂ ਕਿੰਨਾ ਹੀ ਪਿਆ-ਘਬਰਾ, ਪਰ ਮੈਂ ਤੇਰੇ ਨਾਲ ਨਹੀਂ ਘਬਰਾ ਸਕਦਾ। ਪਹਿਲਾਂ ਇਹ ਪੈਸੇ ਦਾ ਮਾਮਲਾ ਤੇ ਸੁਲਝਾ ਲਈਏ, ਕੀ ਤੈਨੂੰ ਅਜੇ ਵੀ ਮੇਰੀ ਮੱਤ ਨਹੀਂ ਆਈ, ਕਿ ਤੇਰੇ ਗੁੱਸੇ ਨਾਲ ਕੋਈ ਸਫਲਤਾ ਨਹੀਂ ਮਿਲ ਸਕਦੀ? -ਕੀ ਤੂੰ ਆਪਣੀ ਢੀਠਤਾ ਨਹੀਂ ਛੱਡੇਂਗਾ? ਜਾਂ ਤੈਨੂੰ ਹੋਰ ਵੀ ਡਰਾਵਾਂ ਅਤੇ ਧਮਕਾਵਾਂ--?"

“ਮੇਰੇ ਤੇ ਹੀ ਸਾਰਾ ਗੁੱਸਾ ਕੱਢਣਾ ਬੜਾ ਸੌਖਾ ਏ ! ਪਰ ਹੁਣ ਕੀ ਕਰਨਾ ਚਾਹੀਦਾ ਏ-? ਇਹ ਦੱਸਣਾ ਬੜਾ ਔਖਾ ਏ।”

"ਵਾਹ! ਕਿਉਂ ਔਖਾ ਏ? ਕੀ ਹੁਣ ਤੂੰ ਸਾਰੀ ਜ਼ਿੰਮੇਵਾਰੀ ਮੇਰੇ ਸਿਰ ਤੋਂ ਪਾਣ ਲਈ ਤਿਆਰ ਏਂ? ਭਾਵੇਂ ਇਹ ਠੀਕ ਹੈ ਕਿ ਤੂੰ ਅੰਗਰੇਜ਼ ਏ -ਅਤੇ ਅੰਗਰੇਜ਼ ਲੋਕ ਬੜੇ ਹੀ ਦੁਨੀਆਂਦਾਰ ਹੁੰਦੇ ਹਨ; ਪਰ ਕੀ ਤੂੰ ਇਹ ਕੰਮ ਮੇਰੇ ਤੇ ਛੱਡ ਦਏਂਗਾ ਅਤੇ ਜੋ ਮੈਂ ਕਹਾਂ-ਮੰਨ ਜਾਏਗਾ?"

"ਜੇ ਮੈਂ ਮੰਨ ਜਾਵਾਂ ਤਾਂ ਕੀ ਕਰਾਂਗੇ-?" ਸਰ ਪਰਸੀਵਲ ਨੇ ਪੁੱਛਿਆ।

"ਤੂੰ ਪਹਿਲਾਂ ਮੇਰੇ ਸਵਾਲ ਦਾ ਉੱਤਰ ਦੇ ਕੀ ਤੂੰ ਮੇਰੇ ਤੇ ਵਿਸ਼ਵਾਸ ਕਰ ਸਕਦਾ ਹੈ'-?'

"ਤੂੰ ਸਮਝ ਲੈ ਕਿ ਮੈਂ ਸਭ ਤੇਰੇ ਹੀ ਸਪੁਰਦ ਕਰਦਾ ਹਾਂ-ਫਿਰ?"

"ਸਭ ਤੋਂ ਪਹਿਲਾਂ ਮੈਂ ਤੇਰੇ ਕੋਲੋਂ' ਕੁੱਛ ਪੁੱਛਣਾ ਚਾਹੁੰਦਾ ਹਾਂ। ਮੈਂ ਪੈਂਦੀ ਸੱਟੇ ਤਾਂ ਕੁਝ ਵੀ ਨਹੀਂ ਕਰ ਸਕਦਾ। ਕਿਉਂਕਿ ਪਹਿਲਾਂ ਮੈਂ ਤੇਲ ਵੇਖਾਂਗਾ ਤਾਂ ਫਿਰ ਤੇਲ ਦੀ ਧਾਰ ਬਾਰੇ ਕੋਈ ਨਿਸ਼ਚਾ ਕਰ ਸਕਾਂਗਾ। ਮੈਂ ਇਸ ਮਾਮਲੇ ਦੇ ਸਾਰੇ ਪੱਖ ਵੇਖਣਾ ਚਾਹੁੰਦਾ ਹਾਂ। ਸਾਡੇ ਕੋਲ

ਹੁਣ ਬਹੁਤਾ ਸੋਚਣ ਵਿਚਾਰਨ ਦਾ ਵਕਤ ਨਹੀਂ, ਜਿਵੇਂ ਮੈਂ ਤੈਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਮਿਸ ਹਾਲਕੌਂਬ ਨੇ ਅੱਜ ਮੁੜ ਵਕੀਲ ਨੂੰ ਚਿੱਠੀ ਲਿਖੀ ਹੈ।"

"ਇਸ ਗੱਲ ਦਾ ਤੈਨੂੰ ਕਿਵੇਂ ਪਤਾ ਲੱਗਾ? ਉਹਨੇ ਲਿਖਿਆ ਕੀ ਹੈ-?"

"ਜੇ ਮੈਂ ਤੈਨੂੰ ਇਹ ਸਾਰੀ ਗੱਲ ਦੱਸਾਂ ਤਾਂ ਸਾਰੀ ਰਾਤ ਇਸੇ ਕਹਾਣੀ ਨੂੰ ਹੀ ਕਰਦੇ ਰਹੀਏ। ਇੰਨਾ ਹੀ ਬਹੁਤ ਹੈ, ਕਿ ਮੈਨੂੰ ਪਤਾ ਲੱਗ ਗਿਆ ਹੈ; ਅਤੇ ਮੈਂ ਸਾਰਾ ਦਿਨ ਇਸੇ ਪਰੇਸ਼ਾਨੀ ਵਿਚ ਹੀ ਸਾਂ, ਤਾਂ ਹੀ ਤੇਰੇ ਨਾਲ ਕੋਈ ਗੱਲ ਨਹੀਂ ਸਾਂ ਕਰ ਸਕਦਾ। ਹੁਣ ਅਸੀਂ ਪਹਿਲਾਂ ਪੈਸਿਆਂ ਦੀ ਤੰਗੀ ਤੇ ਮੁੜ ਵਿਚਾਰ ਕਰੀਏ! ਕਰਜ਼ਾ ਤੂੰ ਲੈ ਲਿਆ ਹੈ, ਭਾਵੇਂ ਤੇਰੀ ਪਤਨੀ ਨੇ ਦਸਤਖ਼ਤ ਨਹੀਂ ਕੀਤੇ ਅਤੇ ਬਿਨ੍ਹਾਂ ਤਿੰਨਾਂ ਮਹੀਨਿਆਂ ਦਾ ਸਾਨੂੰ ਇੰਨਾਂ ਸੂਦ ਦੇਣਾ ਪਵੇਗਾ ਕਿ ਮੇਰੇ ਰੋਂਗਟੇ ਖੜੇ ਹੋ ਜਾਂਦੇ ਹਨ। ਕੀ ਤਿੰਨ ਮਹੀਨਿਆਂ ਮਗਰੋਂ ਇਸ ਕਰਜ਼ੇ ਨੂੰ ਮੁਕਾਣ ਦਾ ਕੋਈ ਹੋਰ ਰਾਹ ਨਹੀਂ? ਕੀ ਸਿਰਫ਼ ਤੇਰੀ ਪਤਨੀ ਦੀ ਸਹਾਇਤਾ ਹੀ ਸਾਨੂੰ ਇਸ ਕਰਜ਼ੇ ਤੋਂ ਛੁਟਕਾਰਾ ਦਿਵਾ ਸਕਦੀ ਹੈ,,?"

" --ਹੋਰ ਕੋਈ ਰਾਹ ਨਹੀਂ; ਕਿਧਰੋਂ ਕੋਈ ਉਮੀਦ ਨਹੀਂ।"

"ਤਾਂ ਕੀ ਤੇਰੇ ਬੈਂਕ ਵਿਚ ਕੋਈ ਪੈਸਾ ਨਹੀਂ?"

"ਹੈਨ ਤਾਂ ਸਹੀ, ਪਰ ਬਹੁਤ ਥੋੜੇ, ਮੈਨੂੰ ਹਜ਼ਾਰਾਂ ਦੀ ਲੋੜ ਹੈ !"

"ਕੀ ਤੂੰ ਹੋਰ ਕੋਈ ਜ਼ਮਾਨਤ ਨਹੀਂ ਦੇ ਸਕਦਾ?"

"ਹੋਰ ਮੇਰੇ ਕੋਲ ਕੱਖ ਨਹੀਂ।"

"ਹੁਣ ਤੈਨੂੰ ਤੇਰੀ ਪਤਨੀ ਕੋਲੋਂ ਕੀ ਆਮਦਨ ਹੈ-?'

"ਉਹਦੇ ਵੀਹ ਹਜ਼ਾਰ ਪੰਡ ਦਾ ਸੂਦ ਜਿਸ ਨਾਲ ਸਾਡਾ ਘਰ ਦਾ ਖਰਚ ਮਸਾਂ ਟੁਰਦਾ !"

"ਪਰ ਹੋਰ ਤੈਨੂੰ ਉਹਦੇ ਰਾਹੀਂ ਕੀ ਆਮਦਨ ਹੋ ਸਕਦੀ ਹੈ?"

"ਉਹਦੇ ਚਾਚੇ ਦੇ ਮਰਨ ਮਗਰੋਂ ਸਾਲ ਦੇ ਤਿੰਨ ਹਜ਼ਾਰ ਪੌਂਡ ਹੋਰ ਮਿਲ ਜਾਣਗੇ।"

"ਇਹ ਤਾਂ ਚੰਗੀ ਆਮਦਨ ਹੈ। ਇਹ ਚਾਚਾ ਕਿਹੋ ਜਿਹਾ ਹੈ ਪਰਸੀਵਲ, ਬੁੱਢਾ ਹੈ ਕਿ ਜਵਾਨ-?"

"ਅਧਖੜ ਹੈ-ਨਾ ਬੁੱਢਾ ਤੇ ਨਾ ਹੀ ਜਵਾਨ।"

"ਮਿਲਾਪੜਾ -! ਖਾਣ ਪੀਣ ਵਾਲਾ? ਵਿਆਹਿਆ ਹੋਇਆ ਹੈ ਕਿ ਨਹੀਂ? ਹਾਂ, ਮੈਨੂੰ ਯਾਦ ਆਇਆ ਮੇਰੀ ਪਤਨੀ ਨੇ ਮੈਨੂੰ ਦੱਸਿਆ ਸੀ ਕਿ ਉਹਨੇ ਵਿਆਹ ਨਹੀਂ ਕਰਵਾਇਆ।"

"ਉਹਨੇ ਵਿਆਹ ਨਹੀਂ ਕਰਵਾਇਆ ਸਰ ਪਰਸੀਵਲ ਨੇ ਕਿਹਾ, "ਜੇ ਉਹ ਵਿਆਹਿਆ ਹੁੰਦਾ ਅਤੇ ਉਹਦਾ ਇਕ ਪੁੱਤਰ ਹੁੰਦਾ ਤਾਂ ਲੇਡੀ ਗਲਾਈਡ ਦਾ ਜਾਇਦਾਦ ਉਤੇ ਕੋਈ ਹੱਕ ਨਹੀਂ ਸੀ ਹੋਣਾ। ਮੈਂ ਤੈਨੂੰ ਦੱਸਾਂ ਕਿ ਉਹ ਕਿਹੋ ਜਿਹਾ ਹੈ" ਉਹ ਰੋਣੀ ਸੂਰਤ ਏ- ਸਵਾਰਥੀ ਏ - ਅਤੇ ਹਰ ਵੇਲੇ ਆਪਣੀ ਬੀਮਾਰੀ ਦੀਆ ਗੱਲਾਂ ਕਰ ਕਰਕੇ ਹਰ ਇਕ ਨੂੰ ਅਕਾਂਦਾ ਹੈ।"

"ਅਜਿਹੇ ਆਦਮੀਆਂ ਦੀ ਲੰਮੀ ਉਮਰ ਹੁੰਦੀ ਹੈ। ਪਰਸੀਵਲ ਨਾਲੋਂ ਜਦੋਂ ਲੋਕਾਂ ਨੂੰ ਸੁਪਨੇ ਵਿਚ ਵੀ ਖ਼ਿਆਲ ਨਹੀਂ ਹੁੰਦਾ, ਅਜਿਹੇ ਲੋਕ ਵਿਆਹ ਕਰ ਲੈਂਦੇ ਹਨ, ਇਸ ਲਈ ਚਾਚੇ ਨੂੰ ਤੇ ਤੂੰ ਭੁੱਲ ਹੀ ਜਾ, ਉਹ ਜਾਇਦਾਦ ਤੇ ਕਿਧਰੇ ਮਿਲਦੀ ਹੀ ਮਿਲੇਗੀ, ਹੋਰ ਤੈਨੂੰ ਤੇਰੀ ਪਤਨੀ ਵਲੋਂ ਕੀ ਮਿਲ ਸਕਦਾ ਹੈ?”

"ਹੋਰ ਕੁਝ ਵੀ ਨਹੀਂ।”

"ਬਿਲਕੁਲ ਕੁਝ ਨਹੀਂ?’’

"ਬਿਲਕੁਲ ਕੁਝ ਨਹੀਂ। - ਜੋ ਮਿਲੇਗਾ- ਉਹ ਉਹਦੀ ਮੌਤ ਮਗਰੋਂ ਮਿਲ ਸਕਦਾ ਹੈ।"

"ਹੱਛਾ !- ਉਹਦੀ ਮੌਤ ਮਗਰੋਂ !"

ਹੁਣ ਫਿਰ ਚੁਪ ਹੋ ਗਈ ਸੀ।

ਕਾਂਊਟ ਆਪਣੀ ਕੁਰਸੀ ਤੋਂ ਉਠ ਕੇ ਬਾਹਰ ਬੱਜ਼ਰੀ ਤੇ ਆਇਆ! ਮੈਨੂੰ ਉਹਦੀ ਆਵਾਜ਼ ਤੋਂ ਪਤਾ ਲਗਾ ਕਿ ਉਹ ਬਾਹਰ ਨਿਕਲ ਆਇਆ ਹੈ।

"ਬਾਰਸ਼ ਸ਼ੁਰੂ ਹੋ ਗਈ ਹੈ!" ਉਹਨੇ ਕਿਹਾ। ਸਚਮੁਚ ਬਾਰਸ਼ ਹੋ ਰਹੀ ਸੀ। ਮੈਂ ਆਪਣੇ ਚੰਗੇ ਨੂੰ ਹੱਥ ਲਾ ਕੇ ਵੇਖਿਆ, ਉਹਦੀ ਹਾਲਤ ਦਸ ਰਹੀ ਸੀ ਕਿ ਬਾਰਸ਼ ਕੁਝ ਚਿਰ ਤੋਂ ਤੇਜ਼ ਤੇਜ਼ ਵਰਸ ਰਹੀ ਸੀ।

ਕਾਂਊਟ ਮੁੜ ਕੇ ਬਰਾਂਡੇ ਵਿਚ ਗਿਆ। ਉਹਦੇ ਭਾਰ ਨਾਲ ਕੁਰਸੀ ਨੇ ਚੀ ਚੀ ਕੀਤੀ।

"ਹੱਛਾ ਇਹ ਦੱਸ ਪਰਸੀਵਲ,ਕਿ ਲੇਡੀ ਗਲਾਈਡ ਦੀ ਮੌਤ ਮਗਰੋਂ ਤੈਨੂੰ ਕੀ ਮਿਲੇਗਾ?"

"ਜੇ ਉਹਦੇ ਕੋਈ ਬੱਚਾ ਨਾ ਹੋਏ ਤਾਂ-"

"ਕੀ ਬੱਚਾ ਹੋਣ ਦੀ ਕੋਈ ਸੰਭਾਵਨਾ ਹੈ?"

"ਬਿਲਕੁਲ ਨਹੀਂ।"

"ਫਿਰ--?"

"ਤਾਂ ਮੈਨੂੰ ਵੀਹ ਹਜ਼ਾਰ ਪੌਂਡ ਮਿਲ ਸਕਦੇ ਹਨ।"

"ਨਕਦ?"

"ਨਕਦ"

ਹੁਣ ਤੀਜੀ ਵਾਰ ਉਹ ਚੁੱਪ ਹੋ ਗਏ। ਮੈਡਮ ਫ਼ੋਸਕੋ ਦੀ ਛਾਇਆ ਫਿਰ ਪਰਦੇ ਤੇ ਉਭਰੀ, ਇਸ ਵਾਰ ਉਹ ਖੜੀ ਰਹੀ ਉਹਨੇ ਪਰਦੇ ਦੀ ਇਕ ਕੰਨੀ ਚੁੱਕੀ ਅਤੇ ਬਾਹਰ ਵੱਲ ਵੇਖਿਆ। ਮੈਂ ਸਾਹ ਰੋਕ ਕੇ ਬੈਠੀ ਰਹੀ ਮੇਰੇ ਕਪੜਿਆਂ ਦੀ ਕਲਿੱਤਣ ਰਾਤ ਦੇ ਹਨੇਰੇ ਵਿਚ ਘੁਲ ਮਿਲ ਰਹੀ ਸੀ। ਬਾਰਸ਼ ਜੋ ਮੇਰੇ ਉਪਰ ਤੇਜ਼ ਅਤੇ ਸਿੱਧੀ ਪੈ ਰਹੀ ਸੀ ਖਿੜਕੀ ਦੇ ਬੰਦ ਸ਼ੀਸ਼ੇ ਉਤੇ ਪਈ ਜਿਸ ਨਾਲ ਉਹ ਧੁੰਦਲਾ ਹੋ ਗਿਆ ਅਤੇ ਉਹਨੂੰ ਕੁਝ ਨਾ ਦਿਸਿਆ।

"ਹੋਰ ਬਾਰਸ਼ !" ਉਹਨੇ ਆਪਣੇ ਆਪ ਨੂੰ ਕਿਹਾ, ਇਹ ਕਹਿ ਕੇ ਉਹਨੇ ਪਰਦਾ ਛੱਡ ਦਿੱਤਾ; ਅਤੇ ਮੈਂ ਮੁੜ ਸਾਹ ਲਿਆ।

ਮੇਰੇ ਹੇਠਾਂ ਕਮਰੇ ਵਿਚ ਗੱਲਬਾਤ ਫਿਰ ਸ਼ੁਰੂ ਹੋ ਚੁੱਕੀ ਸੀ। ਇਸ ਵਾਰ ਕਾਉਂਟ ਨੇ ਚੁੱਪ ਤੋੜੀ ਸੀ।

"ਪਰਸੀਵਲ,-ਕੀ ਤੂੰ ਆਪਣੀ ਪਤਨੀ ਨੂੰ ਪਿਆਰ ਕਰਦਾ ਹੈ-?'

"ਫ਼ੋਸਕੋ, ਤੂੰ ਬੜੇ ਸਪਸ਼ਟ ਪ੍ਰਸ਼ਨ ਪੁੱਛਦਾ ਹੈ?"

"ਮੈਂ ਸਿੱਧਾ ਆਦਮੀ ਹਾਂ- ਮੈਂ ਆਪਣਾ ਪ੍ਰਸ਼ਨ ਮੁੜ ਦੁਹਰਾਂਦਾ ਹਾਂ।"

"ਤੂੰ ਮੇਰੇ ਵੱਲ ਇੰਜ ਕਿਉਂ ਵੱਖ ਰਿਹਾ ਹੈਂ?"

"ਤੂੰ ਮੈਨੂੰ ਉੱਤਰ ਨਹੀਂ ਦੇਣਾ ਤਾਂ ਨਾ ਦੇ। ਹੱਛਾ, ਜੇ ਤੇਰੀ ਪਤਨੀ ਇਸ ਗਰਮੀ ਦੇ ਖਤਮ ਹੋਣ ਤੋਂ ਪਹਿਲਾਂ ਹੀ ਚਲਾਣਾ ਕਰ ਜਾਏ ਤਾਂ - "

"ਫ਼ੋਸਕੋ ਇਹ ਗੱਲ ਨਾ ਕਰ।"

"ਸੋਚਣ ਵਿਚ ਕੀ ਹਰਜ ਹੈ -? ਜੇ ਉਹ ਗਰਮੀਆਂ ਤੋਂ ਪਹਿਲਾਂ ਮਰ ਜਾਏ ਤਾਂ...?'

"ਮੈਂ ਕਹਿੰਦਾ ਹਾਂ, ਇਸ ਗੱਲ ਨੂੰ ਛੱਡ ਦੀ"

"ਤਾਂ ਤੈਨੂੰ ਵੀਹ ਹਜ਼ਾਰ ਪੌਂਡ ਮਿਲਣਗੇ, ਅਤੇ ਤੈਨੂੰ ਕਿੰਨਾ ਘਾਟਾ ਹੋਵੇਗਾ--"

"ਤਿੰਨ ਹਜ਼ਾਰ ਸਾਲਾਨਾ ਆਮਦਨ ਲੈਣ ਦਾ ਮੌਕਾ ਮੇਰੇ ਹੱਥੋਂ ਨਿਕਲ ਜਾਏਗਾ।"

"ਉਹ ਮੌਕਾ ਤਾਂ ਸ਼ਾਇਦ ਉਂਜ ਵੀ ਤੈਨੂੰ ਨਾ ਮਿਲ, ਪਰਸੀਵਲ। ਨਾ ਉਹ ਚਾਚਾ ਮਰੇਗਾ ਅਤੇ ਨਾਂ ਹੀ ਤੈਨੂੰ ਉਹ ਤਿੰਨ ਹਜ਼ਾਰ ਮਿਲਣਗੇ। ਤੈਨੂੰ ਤਾਂ ਪੈਸੇ ਦੀ ਹੁਣ ਲੋੜ ਹੈ। ਤੇਰੀ ਸਥਿੱਤੀ ਵਿਚ ਤੈਨੂੰ ਤਾਂ ਫ਼ਾਇਦਾ ਹੋਣ ਦੀ ਹੀ ਵਧੇਰੇ ਆਸ ਹੈ, ਅਤੇ ਨੁਕਸਾਨ ਦੀ ਘੱਟ ਸੰਭਾਵਨਾ।"

"ਆਪਣੀ ਵੀ ਤੇ ਗੱਲ ਕਰ। ਮੈਂ ਜੋ ਕਰਜ਼ਾ ਲਿਆ ਹੈ, ਉਸ ਵਿਚੋਂ ਕੁਝ ਤਾਂ ਤੇਰੀ ਖ਼ਾਤਿਰ ਹੀ ਲਿਆ ਗਿਆ ਹੈ। ਮੇਰੀ ਪਤਨੀ ਦੀ ਮੌਤ ਦਾ ਮਤਲਬ ਹੈ, ਦਸ ਹਜ਼ਾਰ ਪੌਂਡ ਸਿੱਧੇ ਤੇਰੀ ਪਤਨੀ ਦੀ ਜੇਬ ਵਿਚ ਜਾਣਗੇ; ਫਾਇਦਾ ਤਾਂ ਤੈਨੂੰ ਵੀ ਘਟ ਨਹੀਂ। ਚਾਲਾਕ ਤਾਂ ਤੂੰ ਬਹੁਤ ਹੈ। ਪਰ ਆਪਣੇ ਹਿੱਸੇ ਜੋ ਪੈਸਾ ਆਉਣਾ ਹੈ ਉਸ ਦਾ ਜ਼ਿਕਰ ਹੀ ਨਹੀਂ। ਮੇਰੇ ਵੱਲ ਇੰਜ ਨਾ ਵੇਖ। ਤੇਰੇ ਸਵਾਲਾਂ ਨਾਲ ਤੇ ਇਸ ਤਰ੍ਹਾਂ ਦੇਖਣ ਨਾਲ ਮੇਰੇ ਤਾਂ ਰੌਂਗਟੇ ਖੜੇ ਹੋ ਗਏ ਹਨ !

"ਰੌਂਗਟੇ ਖੜੇ ਹੋ ਜਾਂਦੇ ਹਨ? ਕੀ ਤੁਸੀਂ ਅੰਗਰੇਜ਼ ਲੋਕ ਜ਼ਮੀਰ ਨੂੰ ਰੌਂਗਟੇ ਕਹਿੰਦੇ ਹੋ? ਮੈਂ ਤੇਰੀ ਪਤਨੀ ਦੀ ਮੌਤ ਦੀ ਗੱਲ ਇਕ ਸੰਭਾਵਨਾ ਦੇ ਰੂਪ ਵਿਚ ਕਰ ਰਿਹਾ ਹਾਂ। ਗੱਲ ਕਰਨ ਵਿਚ ਕੀ ਹਰਜ਼ ਹੈ? ਤੁਹਾਡੇ ਵਕੀਲ ਜੋ ਤੁਹਾਡੇ ਲਈ ਵਸੀਅਤ ਨਾਮੇ ਅਤੇ ਇਕਰਾਰਨਾਮੇ ਤਿਆਰ ਕਰਦੇ ਹਨ; ਹਰ ਇਕ ਜੀਉਂਦੇ ਬੰਦੇ ਦੀ ਮੌਤ ਦੀ ਗੱਲ ਪਹਿਲਾਂ ਕਰਦੇ ਹਨ। ਕੀ ਉਨ੍ਹਾਂ ਵਕੀਲਾਂ ਦੀਆਂ ਗੱਲਾਂ ਨਾਲ ਵੀ ਤੁਹਾਡੇ ਰੋਂਗਟੇ ਖੜੇ ਹੋ ਜਾਂਦੇ ਹਨ? ਤਾਂ ਮੇਰੀ ਗੱਲ ਨਾਲ ਹੀ ਕਿਉਂ ਤੁਸੀਂ ਡਰ ਗਏ ਹੋ-? ਅੱਜ ਮੈਂ ਸਾਰੀ ਸਥਿਤੀ ਨੂੰ ਤੇਰੇ ਸਾਹਮਣੇ ਸਪਸ਼ਟ ਰੂਪ ਵਿਚ ਰਖਿਆ ਹੈ, ਕਿ ਕਿਧਰੇ ਕੋਈ ਗਲਤੀ ਨਾ ਹੋ ਜਾਏ। ਜੇ ਤੇਰੀ ਪਤਨੀ ਜੀਉਂਦੀ ਰਹੀ ਤਾਂ ਤੈਨੂੰ ਉਸ ਦਸਤਾਵੇਜ਼ ਤੇ ਉਹਦੇ ਸਾਈਨ ਕਰਵਾਣੇ ਪੈਣਗੇ ਅਤੇ ਜੇ ਉਹ ਮਰ ਗਈ ਤਾਂ ਤੈਨੂੰ ਉਂਜ ਹੀ ਪੈਸੇ ਮਿਲ ਜਾਣਗੇ। ਇਹੀ ਤੇਰੀ ਸਥਿੱਤੀ ਹੈ।"

ਉਹ ਅਜੇ ਬੋਲ ਰਿਹਾ ਸੀ ਕਿ ਮੈਡਮ ਫ਼ੋਸਕੋ ਦੇ ਕਮਰੇ ਵਿਚ ਬੱਤੀ ਬੁਝੀ ਸਾਰਾ ਘਰ ਹਨੇਰੇ ਵਿਚ ਡੁੱਬ ਗਿਆ।

"ਵਾਹਵਾ, ਕੋਈ ਤੇਰੀਆਂ ਗੱਲਾਂ ਸੁਣੇ ਤੇ ਇਹੀ ਸਮਝੇ ਜਿਵੇਂ ਮੇਰੀ ਪਤਨੀ ਨੇ ਉਸ ਦਸਤਾਵੇਜ਼ ਤੇ ਸਾਈਨ ਕਰ ਹੀ ਦਿੱਤੇ ਹਨ।" ਸਰ ਪਰਸੀਵਲ ਬੋਲਿਆ !

"ਤੂੰ ਸਭ ਕੁਝ ਜਦ ਮੇਰਿਆਂ ਹੱਥਾਂ ਵਿਚ ਸੌਂਪ ਦਿੱਤਾ ਹੈ ਤਾਂ ਹੁਣ ਤੂੰ ਕਿਉਂ ਫ਼ਿਕਰ ਕਰਦਾ ਹੈ-?" ਕਾਂਊਟ ਨੇ ਤੜਾਕ ਕੇ ਉੱਤਰ ਦਿੱਤਾ, "ਅਜੇ ਦੋ ਮਹੀਨੇ ਬਾਕੀ ਹਨ। ਮੈਂ ਸੋਚਾਂਗਾ ਕਿ ਕੀ ਕਰਨਾ ਚਾਹੀਦਾ ਹੈ। ਹੁਣ ਇਹ ਗੱਲ ਇਥੇ ਹੀ ਖ਼ਤਮ ਕਰ ਦੇ। ਜਦੋਂ ਪੈਸੇ ਦੇਣ ਦਾ ਸਮਾਂ ਆਵੇਗਾ ਉਦੋਂ ਵੇਖੀ ਮੇਰੀਆਂ ਗੱਲਾਂ ਫੋਕੀਆਂ ਗੱਲਾਂ ਹੀ ਨਹੀਂ। ਹੁਣ ਇਹ ਪੈਸੇ ਦਾ ਮਾਮਲਾ ਤਾਂ ਕੁਝ ਸੁਲਝਿਆ ਹੈ। ਹੁਣ ਤੇਰੀ ਦੂਜੀ ਔਖਿਆਈ ਕੀ ਹੈ? ਹੁਣ ਤਾਂ ਤੂੰ ਜੋ ਮੈਨੂੰ ਪੁਛਣਾ ਹੈ ਪੁੱਛ ! ਇਹ ਕੀ ਨਵੀਂ ਮੁਸੀਬਤ ਹੈ ਜੋ ਸਾਡੀਆਂ ਮੁਸੀਬਤਾਂ ਵਿਚ ਰਲ ਗਈ ਹੈ; ਅਤੇ ਜਿਸ ਨੇ ਤੈਨੂੰ ਇੰਨਾ ਬਦਲ ਦਿੱਤਾ ਹੈ ਕਿ ਮੈਂ ਵੀ ਤੈਨੂੰ ਨਹੀਂ ਪਛਾਣ ਸਕਦਾ। ਝੁੱਕ ਨਾਂ ਮੇਰੇ ਮਿੱਤਰ; ਅਤੇ ਖਿਮਾਂ ਕਰੀਂ, ਮੈਂ ਇਕ ਹੋਰ ਗਲਾਸ ਪਾਣੀ ਦਾ ਖੰਡ ਪਾ ਕੇ ਲਿਆ ਰਿਹਾ ਹਾਂ।"

"ਇਹ ਕਹਿਣਾ ਸੌਖਾ ਹੈ ਫ਼ੋਸਕੋ, ਕਿ ਬੋਲ ਕੀ ਤਕਲੀਫ਼ ਹੈ !"

ਸਰ ਪਰਸੀਵਲ ਨੇ ਹੁਣ ਬੜੀ ਨਿਮਰਤਾ ਤੇ ਸ਼ਾਂਤੀ ਨਾਲ ਕਿਹਾ--

"ਪਰ ਮੈਨੂੰ ਤਾਂ ਇਹ ਹੀ ਨਹੀਂ ਪਤਾ ਲੱਗ ਰਿਹਾ ਕਿ ਮੈਂ ਕਿਥੋਂ ਸ਼ੁਰੂ ਕਰਾਂ !"

"ਕੀ ਮੈਂ ਤੇਰੀ ਸਹਾਇਤਾ ਕਰਾਂ?" ਕਾਂਊਟ ਬੋਲਿਆ- "ਕੀ ਮੈਂ ਤੇਰੀ ਇਸ ਮੁਸੀਬਤ ਨੂੰ ਏਨ ਕੈਥੇਰਿਕ ਦਾ ਨਾਂ ਦੇ ਸਕਦਾ ਹਾਂ?"

"ਵੇਖ ਫ਼ੋਸਕੇ, ਅਸੀਂ ਇਕ ਦੂਜੇ ਨੂੰ ਬੜੀ ਦੇਰ ਦੇ ਜਾਣਦੇ ਹਾਂ ਅਤੇ ਜੋ ਤੂੰ ਮੇਰੀ ਕਿਸੇ ਮੌਕੇ ਤੇ ਮਦਦ ਕੀਤੀ ਹੈ ਤਾਂ ਮੈਂ ਵੀ ਇਹਦਾ ਬਦਲਾ ਪੈਸੇ ਨਾਲ ਚੁਕਾਂਦਾ ਰਿਹਾ ਹਾਂ। ਜਿੰਨੀ ਵੀ ਤੇਰੀ ਸਹਾਇਤਾ ਕਰ ਸਕਦਾ ਹਾਂ, ਕਰਦਾ ਹਾਂ। ਅਸੀਂ ਦੋਹਾਂ ਨੇ ਇਕ ਦੂਜੇ ਲਈ ਕੁਰਬਾਨੀਆਂ ਕੀਤੀਆਂ ਹਨ, ਪਰ ਕੁਝ ਭੇਤ ਹਨ ਜੋ ਅਸੀਂ ਇਕ ਦੂਜੇ ਨਾਲ ਸਾਂਝੇ ਨਹੀਂ ਕੀਤੇ।"

"ਤੂੰ ਮੇਰੇ ਤੋਂ ਕੁਝ ਲੁਕਾਇਆ ਹੈ ਪਰਸੀਵਲ ! ਬਲੈਕਵਾਟਰ ਪਾਰਕ ਵਿਚ ਕੋਈ ਭੇਤ ਹੈ, ਜੋ ਹੁਣ ਹੋਰ ਲੋਕਾਂ ਤੋਂ ਵੀ ਪ੍ਰਗਟ ਹੋਣ ਹੋਣ ਕਰਦਾ ਹੈ !"

"ਹੱਛਾ ਮੰਨ ਹੀ ਲਵੋ ਕਿ ਕੋਈ ਭੇਤ ਹੈ-, ਪਰ ਤੇਰੇ ਨਾਲ ਉਹਦਾ ਕੋਈ ਸੰਬੰਧ ਨਹੀਂ-ਸੋ ਤੂੰ ਜਾਣਨ ਲਈ ਕਿਉਂ ਉਤਾਵਲਾ ਹੈ'--?"

"ਕੀ ਮੈਂ ਉਤਾਵਲਾ ਦਿਸਦਾ ਹਾਂ

"ਹਾਂ ਹਾਂ।"

"ਤਾਂ ਮੇਰਾ ਚਿਹਰਾ ਅਜੇ ਵੀ ਸੱਚ ਬੋਲਦਾ ਹੈ ! ਉਹ ਆਦਮੀ ਅਸਲ' ਕਿੰਨਾ ਹੀ ਚੰਗਾ ਹੋਵੇਗਾ, ਜੋ ਮੇਰੀ ਉਮਰ ਦਾ ਹੋਵੇ ਅਤੇ ਉਹਦਾ ਮੂੰਹ ਫਿਰ ਵੀ ਸੱਚ ਨਾ ਛੁਪ ਸਕੇ ! ਗਲਾਈਡ, ਸਾਨੂੰ ਆਪਸ ਵਿਚ ਖੁੱਲ ਕੇ ਗੱਲਬਾਤ ਕਰਨੀ ਚਾਹੀਦੀ ਹੈ, ਫੇਰ ਮੈਂ ਤੇਰੇ ਭੇਤ ਨੂੰ ਨਹੀਂ ਜਾਣਨਾ ਚਾਹਿਆ; ਉਹ ਆਪੇ ਹੀ ਮੇਰੇ ਸਾਹਮਣੇ ਆਉਂਦਾ ਰਿਹਾ ਹੈ। ਮੈਂ ਜਾਣਨ ਲਈ ਉਤਸਕ ਹਾਂ, ਪਰ ਜੇ ਤੂੰ ਕਹੇਂ ਕਿ ਮੈਂ ਤੇਰਾ ਮਿੱਤਰ ਹੋਣ ਦੇ ਨਾਤੇ ਤੇਰੇ ਕੋਲ ਇਸ ਬਾਰੇ ਕੁਝ ਨਾ ਪੁੱਛਾਂ, ਤਾਂ ਕਹਿੰਦਾ ਕਿਉਂ ਨਹੀਂ-?"

"ਮੈਂ" ਇਹ ਕਹਿੰਦਾ ਹਾਂ !"

"ਤਾਂ ਮੈਨੂੰ ਇਸ ਭੇਤ ਨੂੰ ਜਾਣਨ ਦੀ ਰਤਾ ਵੀ ਇੱਛਿਆ ਨਹੀਂ ਰਹੀ, ਹੁਣੇ ਹੀ ਇਸ ਉਤਸੁਕਤਾ ਦਾ ਅੰਤ ਹੋ ਗਿਆ ਹੈ।"

"ਤੂੰ ਕੀ ਸੱਚ ਬੋਲਦਾ ਹੈ – "

"ਤੈਨੂੰ ਸ਼ੱਕ ਕਿਉਂ ਹੈ--?'

'ਮੈਨੂੰ ਪਤਾ ਹੈ ਫ਼ੈਸਕੋ, ਕਿ ਤੂੰ ਗੱਲ ਨੂੰ ਗੋਲ ਮੋਲ ਕਰ ਜਾਂਦਾ ਹੈ; ਅਤੇ ਤੂੰ ਕਿਸੇ ਨਾ ਕਿਸੇ ਤਰੀਕੇ ਮੇਰੇ ਮੂੰਹੋਂ ਇਹ ਗੱਲ ਕਢਵਾ ਹੀ ਲਏਗਾ।"

ਕੁਰਸੀ ਇਕ ਵਾਰ ਮੁੜ ਤਿੜਕ ਪਈ। ਮੈਨੂੰ ਲੱਗਾ ਉਹ ਪੂਰੇ ਦਾ ਪੂਰਾ ਥੰਮ ਹੀ ਹਿੱਲ ਗਿਆ। ਕਾਂਊਟ ਨੇ ਕੁਰਸੀ ਵਿਚੋਂ ਉਠ ਕੇ ਉਸ ਥੰਮ ਨੂੰ ਗੁੱਸੇ ਨਾਲ ਆਪਣਾ ਮੁੱਕਾ ਮਾਰਿਆ ਸੀ।

"ਪਰਸੀਵਲ !- ਪਰਸੀਵਲ, ਕੀ ਤੈਨੂੰ ਮੇਰੇ ਸਭਾ ਦਾ ਅਜੇ ਤੀਕ ਕੁਝ ਪਤਾ ਨਹੀਂ?"

"ਕਾਂਊਟ ਨੇ ਭਾਵਨਾ-ਮਈ ਢੰਗ ਨਾਲ ਕਿਹਾ- "ਕੀ ਅਜੇ ਤਕ ਤੈਨੂੰ ਮੇਰੇ ਚਾਲ ਚਲਣ ਦੀ ਕੋਈ ਵਾਕਫ਼ੀਅਤ ਨਹੀਂ -? ਮੈਂ ਪੁਰਾਣੀ ਕਿਸਮ ਦਾ ਆਦਮੀ ਹਾਂ;- ਮੈਂ ਵੱਡੀ ਤੋਂ ਵੱਡੀ ਭਲਾਈ ਵੀ ਕਰ ਸਕਦਾ ਹਾਂ। ਜਦੋਂ ਕੋਈ ਮੌਕਾ ਹੋਵੇ ਤਾਂ ਮੈਂ ਬਹੁਤ ਚੰਗਾ ਹੋ ਸਕਦਾ ਹਾਂ

ਪਰ ਇਹ ਮੇਰੀ ਜ਼ਿੰਦਗੀ ਦੀ ਬਦਕਿਸਮਤੀ ਹੈ ਕਿ ਮੈਨੂੰ ਆਪਣੀ ਚੰਗਿਆਈ ਵਿਖਾਣ ਦੇ ਮੌਕੇ ਹੀ ਬਹੁਤ ਘੱਟ ਮਿਲੇ ਹਨ। ਮੇਰੀ ਮਿੱਤਰਤਾਂ ਬਾਰੇ ਬੜੀ ਉਚੀ ਰਾਇ ਹੈ, ਕੀ ਇਹ ਮੇਰਾ ਦੋਸ਼ ਹੈ, ਕਿ ਤੇਰਾ ਭੇਤ ਆਪਣੇ ਆਪ ਮੇਰੇ ਸਾਹਮਣੇ ਆ ਜਾਏ? ਮੈਂ ਉਹਨੂੰ ਜਾਣਨ ਦੀ ਖਵਾਹਿਸ਼ ਤੈਨੂੰ ਕਿਉਂ ਦੱਸੀ ਹੈ-? ਮੂਰਖਾ ! ਮੈਂ ਤੈਨੂੰ ਆਪਣਾ ਸਵੈ-ਕਾਬੂ ਦਸਿਆ ਹੈ, ਮੈਂ ਚਾਹੁੰਦਾ ਤਾਂ ਆਸਾਨੀ ਨਾਲ ਤੇਰੇ ਮੂੰਹੋਂ ਬਕਵਾ ਸਕਦਾ ਸਾਂ, ਇੰਜ ਹੀ ਜਿਵੇਂ ਮੈਂ ਆਪਣੀ ਇਹ ਉਂਗਲ ਆਪਣੀ ਬੰਦ ਮੁੱਠੀ ਵਿਚੋਂ ਬਾਹਰ ਕੱਢ ਰਿਹਾ ਹਾਂ। ਤੂੰ ਜਾਣਦਾ ਹੈ, ਕਿ ਇਹ ਮੈਂ ਕਿਸ ਆਸਾਨੀ ਨਾਲ ਕਰ ਸਕਣ ਦੇ ਸਮਰੱਥ ਸਾਂ। ਪਰ ਤੂੰ ਮਿੱਤਰਤਾ ਦੇ ਨਾਂ ਇਹ ਅਪੀਲ ਕੀਤੀ ਹੈ; ਅਤੇ ਮਿੱਤਰਤਾ ਦੇ ਅਸੂਲ ਮੈਨੂੰ ਪਿਆਰੇ ਹਨ। ਵੇਖ- ਮੈਂ ਹੁਣ ਜਾਣਨਾ ਨਹੀਂ ਚਾਹੁੰਦਾ, ਪਰਸੀਵਲ, ਮੇਰੇ ਪਿਆਰ ਦੀ ਕਦਰ ਕਰ ਤੇ ਮੇਰੇ ਤੋਂ ਕੁਝ ਸਿੱਖ, ਮੇਰੇ ਨਾਲ ਹੱਥ ਮਿਲਾ, ਮੈਂ ਤੈਨੂੰ ਖੁਲੇ ਦਿਲ ਨਾਲ ਖਿਮਾਂ ਕਰਦਾ ਹਾਂ !"

ਇਹ ਸ਼ਬਦ ਬੋਲਣ ਵੇਲੇ ਉਹਦੀ ਆਵਾਜ਼ ਕੰਬ ਗਈ, ਜਿਵੇਂ ਉਹ ਸਚਮੁਚ ਹੰਝੂ ਵਹਾ ਰਿਹਾ ਹੋਵੇ !

ਸਰ ਪਰਸੀਵਲ ਨੇ ਕੁਝ ਕਹਿ ਕੇ ਮੁਆਫੀ ਮੰਗਣੀ ਚਾਹੀ; ਪਰ ਕਾਂਊਟ ਹੁਣ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ।

"ਜਦ ਮੇਰੇ ਮਿੱਤਰ ਨੇ ਮੇਰੇ ਦਿਲ ਵਿਚ ਜ਼ਖਮ ਕੀਤਾ ਹੈ, ਮੈਂ ਉਹਦੀ ਕੋਈ ਸਫਾਈ ਸੁਣੇ ਬਿਨਾ ਹੀ ਉਹਨੂੰ ਖਿਮਾ ਕਰਾਂਗਾ। ਤੂੰ ਮੈਨੂੰ ਇਹ ਦੱਸ ਕਿ ਤੈਨੂੰ ਮੇਰੀ ਸਹਾਇਤਾ ਦੀ ਲੋੜ ਹੈ ਕਿ ਨਹੀਂ-?"

"ਮੈਨੂੰ ਤੇਰੀ ਸਹਾਇਤਾ ਦੀ ਬੜੀ ਬੁਰੀ ਤਰ੍ਹਾਂ ਲੋੜ ਹੈ।"

"ਅਤੇ ਉਹ ਤੂੰ ਆਪਣਾ ਭੇਤ ਦੱਸੇ ਬਿਨਾਂ ਹੀ ਲੈਣੀ ਚਾਹੁੰਦਾ ਹੈ?"

"ਮੈਂ ਇਹ ਕੋਸ਼ਿਸ਼ ਤਾਂ ਕਰ ਸਕਦਾ ਹਾਂ।"

"ਤਾਂ ਕੋਈ ਹਰਜ ਨਹੀਂ, ! ਬੋਲ ਸੁਣ ਗੱਲ ਕਰ !"

"ਗੱਲ ਤਾਂ ਇਹ ਦੋ ਸ਼ਬਦਾਂ ਵਿਚ ਹੀ ਬਿਆਨ ਕੀਤੀ ਜਾ ਸਕਦੀ ਹੈ ਕਿ ਮੈਂ ਏਨ ਕੈਥੇਰਿਕ ਨੂੰ ਲੱਭਣ ਲਈ ਪੂਰੀ ਵਾਹ ਲਾਈ ਹੈ; ਪਰ ਮੈਨੂੰ ਉਹਦਾ ਖੁਰਾ ਖੋਜ ਨਹੀਂ ਲੱਭਾ !"

'ਹਾਂ, ਤੂੰ ਬਹੁਤ ਕੋਸ਼ਿਸ਼ ਕੀਤੀ ਹੈ ! ਇਹ ਮੈਂ ਜਾਣਦਾ ਹਾਂ।"

'ਫ਼ੋਸਕੋ ਜੇ ਉਹ ਨਾ ਮਿਲੀ, ਤਾਂ ਮੈਂ ਤਬਾਹ ਹੋ ਜਾਵਾਂਗਾ !"

"ਤਾਂ ਕੀ ਗੱਲ ਏਨੀ ਗੰਭੀਰ ਹੈ?"

ਥੋੜ੍ਹੀ ਜਹੀ ਰੋਸ਼ਨੀ ਬਾਹਰ ਬੱਜ਼ਰੀ ਤੇ ਪਈ। ਕਾਂਉਟ ਲੈਪ ਲੈ ਕੇ ਆਪਣੇ ਮਿੱਤਰ ਦਾ ਮੂੰਹ ਵੇਖ ਰਿਹਾ ਸੀ।

"ਹਾਂ, ਤੂੰ ਸੱਚ ਕਹਿ ਰਿਹਾ ਹੈ ! ਤੇਰਾ ਚਿਹਰਾ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ! ਤਾਂ ਇਹ ਗੱਲ ਵੀ ਉੱਨੀ ਗੰਭੀਰ ਹੈ ਜਿੰਨਾ ਕਿ ਪੈਸੇ ਦਾ ਅਤੇ ਦਸਤਖਤ ਦਾ ਮਾਮਲਾ।"

"ਇਹ ਉਸ ਤੋਂ ਵੀ ਜ਼ਰੂਰੀ ਹੈ, ਫ਼ੋਸਕੋ! ਮੈਂ ਸਹੁੰ ਖਾਂਦਾ ਹਾਂ, ਇਹ ਬਹੁਤ ਗੰਭੀਰ ਹੈ।" ਹੁਣ ਰੋਸ਼ਨੀ ਬਾਹਰ ਨਹੀਂ ਆ ਰਹੀ ਸੀ। ਕਾਉਂਟ ਨੇ ਲੈਂਪ ਨੂੰ ਥਾਂ ਸਿਰ ਰੱਖ ਦਿੱਤਾ ਸੀ। ਗੱਲਬਾਤ ਜਾਰੀ ਰਹੀ।

"ਮੈਂ ਤੈਨੂੰ ਉਹ ਚਿੱਠੀ ਵਿਖਾਈ ਸੀ, ਜੋ ਏਨ ਕੈਥੇਰਿਕ ਨੇ ਮੇਰੀ ਪਤਨੀ ਲਈ ਰੇਤ ਵਿਚ ਛੁਪਾਈ ਸੀ। ਉਹਨੇ ਕੁਝ ਵਧਾ ਚੜ੍ਹਾ ਕੇ ਨਹੀਂ ਲਿਖਿਆ ਫ਼ੋਸਕੋ। ਉਹ ਸਚਮੁਚ ਉਸ ਭੇਤ ਨੂੰ ਜਾਣਦੀ ਹੈ।"

"ਪਰਸੀਵਲ, ਮੇਰੇ ਸਾਹਮਣੇ ਉਸ ਭੇਤ ਬਾਰੇ ਘੱਟ ਤੋਂ ਘੱਟ ਗੱਲ ਕਰ। ਕੀ ਇਹ ਭੇਤ ਉਹਨੇ ਤੇਰੇ ਮੂੰਹੋਂ ਸੁਣਿਆ ਹੈ?"

"ਨਹੀ, ਆਪਣੀ ਮਾਂ ਕੋਲੋਂ।"

"ਤਾਂ ਦੋ ਔਰਤਾਂ ਨੂੰ ਤੇਰਾ ਏਨਾ ਕੀਮਤੀ ਭੇਤ ਪਤਾ ਹੈ? ਇਹ ਤਾਂ ਬੜੀ ਮਾੜੀ ਗੱਲ ਹੈ, ਪਰਸੀਵਲ ! ਮੈਨੂੰ ਇਕ ਸਵਾਲ ਹੋਰ ਪੁੱਛਣ ਦੀ ਆਗਿਆ ਦੇ-

ਮੈਨੂੰ ਕੁੜੀ ਨੂੰ ਪਾਗਲਖਾਨੇ ਵਿਚ ਬੰਦ ਕਰਨ ਦਾ ਮੰਤਵ ਤਾਂ ਸਮਝ ਆ ਗਿਆ ਹੈ; ਪਰ ਇਹ ਸਾਫ਼ ਨਹੀਂ ਹੋਇਆ, ਕਿ ਉਹ ਪਾਗਲਖਾਨੇ ਵਿਚੋਂ ਨੱਸੀ ਕਿਸ ਤਰ੍ਹਾਂ? ਕੀ ਉਥੋਂ ਦੇ ਰਖਵਾਲਿਆਂ ਨੇ ਰਿਸ਼ਵਤ ਖਾ ਕੇ ਜਾਣ ਬੁੱਝ ਕੇ ਅੱਖਾਂ ਬੰਦ ਕਰ ਲਈਆਂ ਸਨ? ਕਿਤੇ ਕਿਸੇ ਦੁਸ਼ਮਣ ਦੇ ਕਹਿਣ ਕਹਾਣ-ਅਤੇ ਚੌਖਾ-ਚੌਖਾ ਗੱਫਾ ਲੈ ਕੇ ਤਾਂ ਨਹੀਂ ਉਨ੍ਹਾਂ ਨੇ ਉਸਨੂੰ ਉਥੋਂ ਭਜਾ ਦਿਤਾ।

"ਨਹੀਂ, ਉਹ ਜੋ ਕਹਿੰਦੇ ਸਨ, ਉਹ ਚੁੱਪ ਕਰਕੇ ਮੰਨ ਜਾਂਦੀ ਸੀ-ਉਨ੍ਹਾਂ ਲੋਕਾਂ ਨੇ ਉਸ ਤੇ ਵਿਸ਼ਵਾਸ ਕਰ ਲਿਆ ਸੀ। ਉਹ ਏਨੀ ਕੁ ਪਾਗਲ ਹੈ, ਕਿ ਪਾਗਲਖਾਨੇ ਵਿਚ ਬੰਦ ਕੀਤੀ ਜਾਏ-ਪਰ ਮੈਨੂੰ ਤਬਾਹ ਕਰਨ ਦੀ ਹੋਸ਼ ਉਹਦੇ ਵਿਚ ਹੈ,- ਕੀ ਤੂੰ ਸਮਝਦਾ ਹੈਂ' -?"

"ਹਾਂ, ਮੈਂ ਸਮਝ ਗਿਆ ਹਾਂ। ਹੁਣ ਪਰਸੀਵਲ, ਮਤਲਬ ਦੀ ਗੱਲ ਤੇ ਆਵੇ ਤਾਂ ਹੀ ਮੈਨੂੰ ਕੁਛ ਪਤਾ ਲੱਗੇਗਾ ਕਿ ਮੈਂ ਕੀ ਕਰਨਾ ਹੈ, ਤੇ ਹੁਣ ਇਸ ਵੇਲੇ ਤੈਨੂੰ ਕੀ ਖਤਰਾ ਹੈ?'

"ਏਨ ਕੈਥੇਰਿਕ ਇਥੇ ਹੀ ਕਿਧਰੇ ਛੁਪੀ ਹੋਈ ਹੈ, ਉਹ ਲੇਡੀ ਗਲਾਈਡ ਨੂੰ ਮਿਲਦੀ ਹੈ ਇਹੀ ਕੀ ਘੱਟ ਖਤਰਾ ਹੈ? ਜੋ ਵੀ ਉਸ ਚਿੱਠੀ ਨੂੰ ਪੜ੍ਹੇ, ਸਾਫ਼ ਵੇਖ ਸਕਦਾ ਹੈ ਕਿ ਲੇਡੀ ਗਲਾਈਡ ਨੂੰ ਉਹ ਭੇਤ ਪਤਾ ਹੈ ! ਭਾਵੇਂ ਉਹ ਕਿੰਨੀ ਨਾਂਹ ਨੁਕਰ ਪਈ ਕਰੇ।"

"ਇਕ ਮਿੰਟ ਪਰਸੀਵਲ, ਜੇ ਲੇਡੀ ਗਲਾਈਡ ਨੂੰ ਭੇਤ ਪਤਾ ਹੋਵੇਗਾ, ਤਾਂ ਉਹ ਇਹ ਵੀ ਜਾਣਦੀ ਹੋਵੇਗੀ ਕਿ ਇਸ ਦੇ ਖੁੱਲ੍ਹਣ ਨਾਲ ਤੇਰੀ ਤਬਾਹੀ ਅਤੇ ਬਰਬਾਦੀ ਹੈ, ਉਹ ਤੇਰੀ ਪਤਨੀ ਹੁੰਦਿਆਂ ਹੋਇਆਂ ਤੈਨੂੰ ਤਬਾਹ ਨਹੀਂ ਹੋਣ ਦੇਵੇਗੀ।"

"ਮੈਂ ਤੈਨੂੰ ਇਹ ਵੀ ਦਸਦਿਆਂ ਕਿ ਇੰਜ ਨਹੀਂ ਹੋਵੇਗਾ। ਉਹ ਕਿਸੇ ਹੋਰ ਆਦਮੀ ਨੂੰ ਪਿਆਰ ਕਰਦੀ ਹੈ, ਉਹ ਵਿਆਹ ਤੋਂ ਪਹਿਲਾਂ ਹੀ ਉਸ ਨੂੰ ਪਿਆਰ ਕਰਦੀ ਸੀ; ਅਤੇ ਹੁਣ ਵੀ ਉਹ ਪਿਆਰ ਉਸ ਦੇ ਦਿਲ ਵਿਚ ਹੈ, ਉਹ ਇਕ ਡਰਾਇੰਗ ਮਾਸਟਰ ਹੈ--- ਬਦਮਾਸ਼ ਹਾਰਟਰਾਈਟ!"

"ਮੇਰੇ ਪਿਆਰੇ ਦੋਸਤ। ਇਸ ਵਿਚ ਕੀ ਅਜੀਬ ਹੈ-? ਇਹ ਔਰਤਾਂ ਕਿਸੇ ਨਾ ਕਿਸੇ ਨੂੰ ਜ਼ਰੂਰ ਪਿਆਰ ਕਰਦੀਆਂ ਹਨ। ਕੌਣ ਉਹ ਭਾਗਸ਼ਾਲੀ ਹੈ ਜਿਸ ਨੂੰ ਔਰਤ ਦਾ ਪਹਿਲਾ ਪਿਆਰ ਮਿਲ ਸਕਿਆ ਹੈ? ਮੈਂ ਤਾਂ ਇੰਨੀ ਉਮਰ ਵਿਚ ਅਜੇ ਤਕ ਉਹ ਮਰਦ ਨਹੀਂ ਵੇਖਿਆ, ਜੋ ਕਿਸੇ ਔਰਤ ਦੇ ਪਿਆਰ ਜਿੱਤਣ ਵਿਚ ਨੰਬਰ ਇਕ ਤੇ ਹੋਵੇ। ਮੈਂ ਨੰਬਰ ਦੋ ਤਿੰਨ ਚਾਰ ਅਤੇ ਪੰਜ ਨੂੰ ਤਾਂ ਮਿਲ ਚੁੱਕਾ ਹਾਂ ਪਰ ਪਹਿਲਾ ਨੰਬਰ ਅਜ ਤਕ ਕਿਧਰੇ ਨਹੀਂ ਮਿਲਿਆ। ਕਿਧਰ ਹੋਵੇਗਾ ਤਾਂ ਸਹੀ-ਪਰ ਮੈਨੂੰ ਮਿਲਣ ਦਾ ਮਾਣ ਹਾਸਿਲ ਨਹੀਂ ਹੋਇਆ।"

"ਅਜੇ ਮੇਰੀ ਪੂਰੀ ਗੱਲ ਤੋਂ ਸੁਣ ਏਨ ਕੈਥੇਰਿਕ ਨੂੰ ਪਤਾ ਹੈ, ਕਿਸਨੇ ਰਾਹ ਦਸਿਆ, ਜਦੋਂ ਪਾਗਲਖਾਨੇ ਵਾਲੇ ਉਹਦੇ ਪਿਛੇ ਲੱਗੇ ਹੋਏ ਸਨ? ਹਾਰਟਰਾਈਟ ਨੇ। ਕੰਬਰਲੈਂਡ ਵਿਚ ਵੀ ਉਹਨੇ ਹੀ ਏਨ ਕੈਥੇਰਿਕ ਨੂੰ ਵੇਖਿਆ, ਦੋਵੇਂ ਵਾਰੀ ਉਹ ਇਕੱਲਾ ਹੀ ਸੀ; ਠਹਿਰ ਜਰਾ

ਰੁਕ, ਤੂੰ ਮੈਨੂੰ ਟੋਕ ਨਾ, ਉਹ ਵੀ ਮੇਰੀ ਪਤਨੀ ਨੂੰ ਓਨ੍ਹਾਂ ਹੀ ਪਿਆਰ ਕਰਦਾ ਹੈ ਜਿੰਨਾ ਮੇਰੀ ਪਤਨੀ ਉਹਨੂੰ ਕਰਦੀ ਹੈ। ਦੋਹਾਂ ਨੂੰ ਹੀ ਭੇਤ ਦਾ ਪਤਾ ਹੈ- ਇਕ ਵਾਰ ਜੇ ਉਹ ਕਿਧਰੇ ਇਕੱਠੇ ਹੋ ਗਏ ਤਾਂ ਦੋਹਾਂ ਨੇ ਇਸ ਭੇਤ ਨੂੰ ਮੇਰੇ ਖਿਲਾਫ਼ ਵਰਤਣ ਵਿਚ ਕੋਈ ਕਸਰ ਨਹੀਂ ਛੱਡਣੀ।"

"ਹੌਲੀ, ਪਰਸੀਵਲ, ਧੀਰਜ ਰੱਖ-ਕੀ ਤੂੰ ਲੇਡੀ ਗਲਾਈਡ ਦੀ ਸਚਾਈ ਉੱਤੇ ਸ਼ੱਕ ਕਰਦਾ ਹੈ?'

"ਮੈਨੂੰ ਉਹਦੇ ਉਤੇ ਜ਼ਰਾ ਵਿਸ਼ਵਾਸ ਨਹੀਂ, ਫ਼ੋਸਕੋ -ਮੈਂ ਉਹਦੀ ਜਾਇਦਾਦ ਤੋਂ ਸਿਵਾ ਹੋਰ ਉਹਦੇ ਬਾਰੇ ਕੁਝ ਨਹੀਂ ਜਾਣਦਾ। ਉਹ ਇਕੱਲੀ ਭਾਵੇਂ ਮੇਰਾ ਕੁਝ ਨਾ ਵਿਗਾੜ ਸਕੇ, ਪਰ ਜੇ ਕਦੀ ਉਹਦੇ ਨਾਲ ਬਦਮਾਸ਼ ਹਾਰਟਰਾਈਟ ਵੀ ਰਲ ਗਿਆ ਤਾਂ..।'

"ਤੂੰ ਠੀਕ ਕਹਿ ਰਿਹਾ ਏਂ ਪਰਸੀਵਲ ਮਿਸਟਰ ਹਾਰਟਰਾਈਟ ਕਿਥੇ ਹੈ?'

"ਉਹ ਇੰਗਲੈਂਡ ਤੋਂ ਬਾਹਰ ਹੈ ਅਤੇ ਜੇ ਉਹਨੂੰ ਆਪਣੀ ਜਾਨ ਦੀ ਲੋੜ ਹੈ ਤਾਂ ਉਹਦਾ ਉਥੇ ਹੀ ਰਹਿਣਾ ਠੀਕ ਹੋਵੇਗਾ।"

"ਕੀ ਤੈਨੂੰ ਇਹ ਪੱਕਾ ਯਕੀਨ ਹੈ ਕਿ ਉਹ ਇੰਗਲੈਂਡ ਤੋਂ ਬਾਹਰ ਹੈ?"

"ਹਾਂ, ਉਹ ਜਿਉਂ ਹੀ ਕੰਬਰਲੈਂਡ ਤੋਂ ਨਿਕਲਿਆ। ਮੈਂ ਉਹਦੇ ਪਿੱਛੇ ਆਪਣੇ ਬੰਦੇ ਲਾ ਦਿਤੇ ਸਨ, ਅਤੇ ਉਹ ਉਸ ਘੜੀ ਤਕ ਉਹਦਾ ਪਿੱਛਾ ਕਰਦੇ ਰਹੇ, ਜਦ ਤਕ ਉਹ ਜਹਾਜ਼ ਤੇ ਚੜ੍ਹ ਨਹੀਂ ਗਿਆ। ਮੈਂ ਹਰ ਇਕ ਗੱਲ ਦਾ ਧਿਆਨ ਰੱਖਦਾ ਰਿਹਾ ਹਾਂ: ਜਿਨ੍ਹਾਂ ਲੋਕਾਂ ਕੋਲ ਏਨ ਕੈਥੇਰਿਕ ਆ ਕੇ ਲਿਮਰਿਜ ਵਿਚ ਠਹਿਰੀ ਸੀ; ਮੈਂ ਉਨ੍ਹਾਂ ਕੋਲ ਵੀ ਗਿਆ ਸਾਂ, ਪਰ ਮੈਨੂੰ ਯਕੀਨ ਹੋ ਗਿਆ ਸੀ ਕਿ ਉਹ ਕੁਛ ਨਹੀਂ ਜਾਣਦੇ ਸਨ। ਮੈਂ ਏਨ ਕੈਥੇਰਿਕ ਦੀ ਮਾਂ ਨੂੰ ਇਕ ਚਿੱਠੀ ਲਿਖ ਕੇ ਦਿੱਤੀ ਸੀ ਕਿ ਉਹ ਉਹਦੀ ਨਕਲ ਕਰਕੇ ਮਿਸ ਹਾਲਕੌਂਬ ਨੂੰ ਭੇਜ ਦੇਵੇਂ ਅਤੇ ਉਹਦੀ ਤਸੱਲੀ ਕਰਾ ਦੇਵੇ ਕਿ ਮੈਂ ਏਨ ਕੈਥੇਰਿਕ ਨੂੰ ਆਪਣੇ ਕਿਸੇ ਸਵਾਰਥ ਲਈ ਪਾਗਲਖ਼ਾਨੇ ਵਿਚ ਭਰਤੀ ਨਹੀਂ ਕਰਵਾਇਆ ਸੀ। ਮੈਂ ਉਸ ਕੁੜੀ ਨੂੰ ਲੱਭਣ ਲਈ ਕਿੰਨਾ ਹੀ ਪੈਸਾ ਖਰਚ ਕਰ ਚੁੱਕਾ ਹਾਂ, ਅਤੇ ਉਹ ਮੇਰੇ ਹੀ ਘਰ ਪਹੁੰਚ ਗਈ ਹੈ; ਕੀ ਪਤਾ ਉਹਨੂੰ ਕੌਣ ਕੌਣ ਮਿਲਦਾ ਹੈ; ਉਹ ਕਿਸ ਕਿਸ ਅੱਗੇ ਗੱਲਾਂ ਕਰਦੀ ਫਿਰਦੀ ਹੈ; ਜੇ ਉਹ ਬੇਈਮਾਨ ਹਾਰਟਰਾਈਟ ਕਿਧਰੇ ਅਚਾਨਕ ਹੀ ਇੰਗਲੈਂਡ ਆ ਜਾਏ, ਮੇਰੀ ਬੇਖ਼ਬਰੀ ਵਿਚ ਹੀ ਉਹ ਏਨ ਕੈਥੇਰਿਕ ਦਾ ਪੂਰਾ ਫਾਇਦਾ ਉਠਾ ਸਕਦਾ ਹੈ।"

"ਦਿਲ ਤਕੜਾ ਕਰ ਪਰਸੀਵਲ ਜਦ ਤਕ ਉਹ ਕੁੜੀ ਇਥੋਂ ਗੁਆਂਢ ਵਿਚ ਹੀ ਕਿਧਰੇ ਹੈਂ ਅਤੇ ਮੈਂ ਇਥੇ ਹਾਂ, ਮੈਂ ਹਾਰਟਰਾਈਟ ਤੋਂ ਪਹਿਲਾਂ ਹੀ ਉਹਨੂੰ ਲੱਭ ਲਵਾਂਗਾ। ਭਾਵੇਂ ਹਾਰਟਰਾਈਟ ਵਾਪਸ ਆ ਵੀ ਜਾਵੇ ਤਾਂ ਵੀ ਉਹਨੂੰ ਏਨ ਕੈਥੇਰਿਕ ਦੀ ਹਵਾ ਵੀ ਨਹੀਂ ਲੱਗਣ ਦਿਆਂਗਾ। ਸੋ ਪਹਿਲਾਂ ਕੰਮ ਹੈ, ਏਨ ਕੈਥੇਰਿਕ ਨੂੰ ਲੱਭਣਾ, ਬਾਕੀ ਕੰਮ ਫਿਰ ਵੇਖ ਜਾਣਗੇ। ਅਜੇ ਤੇਰੀ ਪਤਨੀ ਤੇਰੇ ਕਾਬੂ ਵਿਚ ਹੈ, ਮਿਸ ਹਾਲਕੌਂਬ ਉਹਦਾ ਸਾਥ ਨਹੀਂ ਛੱਡ ਸਕਦੀ, ਇਸ ਲਈ ਉਹ ਵੀ ਤੇਰੇ ਹੀ ਕਾਬੂ ਵਿਚ ਹੋਈ, ਅਤੇ ਮਿਸਟਰ ਹਾਰਟਰਾਈਟ ਇਸ ਵੇਲੇ ਇੰਗਲੈਂਡ ਤੋਂ ਬਾਹਰ ਹੀ ਹੈ। ਹੁਣ ਅਸੀਂ ਤੇਰੀ ਉਸ ਏਨ ਕੈਥੇਰਿਕ ਨਾਲ ਹੀ ਪਹਿਲਾਂ ਮਿਲਾਂਗੇ, ਤੂੰ ਕਿੱਥੇ ਕਿੱਥੇ ਪਤਾ ਕੀਤਾ ਹੈ?"

"ਮੈਂ" ਉਹਦੀ ਮਾਂ ਨੂੰ ਮਿਲ ਆਇਆ ਹਾਂ,ਸਾਰਾ ਪਿੰਡ ਗਾਹ ਮਾਰਿਆ ਹੈ; ਪਰ ਉਹਦਾ ਕੋਈ ਅਤਾ ਪਤਾ ਹੀ ਨਹੀਂ !"

"ਕੀ ਉਹਦੀ ਮਾਂ ਸੱਚ ਬੋਲਦੀ ਹੈ?"

"ਉਹਨੇ 'ਹਾਂ' ਤੇਰਾ ਭੇਤ ਇਕ ਵਾਰ ਦੱਸ ਦਿੱਤਾ ਹੈ?"

"ਪਰ ਹੁਣ ਉਹ ਕਿਸੇ ਨੂੰ ਨਹੀਂ ਦੱਸੇਗੀ।"

"ਕਿਉਂ ਨਹੀਂ, ਕੀ ਇਸ ਭੇਤ ਨੂੰ ਦਬਾਈ ਰੱਖਣ ਵਿਚ ਉਹਦਾ ਵੀ ਫਾਇਦਾ ਹੈ?"

"ਹਾਂ, ਉਹਦਾ ਵੀ ਭਲਾ ਇਸ ਵਿਚ ਹੀ ਹੈ।'

"ਇਹ ਗੱਲ ਸੁਣ ਕੇ ਮੈਨੂੰ ਤਸੱਲੀ ਹੋਈ ਹੈ, ਪਰਸੀਵਲ, ਤੇਰੀ ਖ਼ਾਤਿਰ! ਹੱਛਾ ਹੁਣ ਹੌਂਸਲਾ ਰੱਖ-ਪੈਸਿਆਂ ਦਾ ਮਾਮਲਾ ਨਿਪਟਾਣ ਲਈ ਅਜੇ ਦੋ ਮਹੀਨੇ ਹਨ-ਅਤੇ ਏਨ ਕੈਥੇਰਿਕ ਨੂੰ ਮੈਂ ਕੱਲ੍ਹ ਤੇਰੇ ਤੋਂ ਚੰਗੀ ਤਰਾਂ ਲੱਭਾਂਗਾ। ਇਕ ਗੱਲ ਮੈਂ ਹੋਰ ਪੁਛਾਂਗਾ ਸੌਣ ਤੋਂ ਪਹਿਲਾਂ।'

"ਕੀ?" ਸਰ ਪਰਸੀਵਲ ਨੇ ਕਿਹਾ।

ਜਦੋਂ ਮੈਂ ਲੇਡੀ ਗਲਾਈਡ ਨੂੰ ਬੋਟ-ਹਾਊਸ ਵਿਚ ਇਹ ਦੱਸਣ ਗਿਆ, ਕਿ ਦਸਤਖ਼ਤਾਂ ਦਾ ਕੰਮ ਅਜੇ ਅਗੇਤਰੇ ਪਾ ਦਿੱਤਾ ਗਿਆ ਹੈ, ਤਾਂ ਮੈਂ ਉਥੇ ਕੀ ਵੇਖਿਆ ਕਿ ਇਕ ਅਜੀਬ ਜਿਹੀ ਔਰਤ ਚਾਰੇ ਪਾਸੇ ਵੇਖਦੀ ਬੜੀ ਘਬਰਾਹਟ ਵਿਚ ਤੇਰੀ ਪਤਨੀ ਤੋਂ ਵੱਖ ਹੋਈ,

ਪਰ ਮੈਂ ਉਹਦਾ ਮੂੰਹ ਨਹੀਂ ਸਾਂ ਵੇਖ ਸਕਿਆ। ਉਸ ਤੇਰੀ ਏਨ ਨੂੰ ਪਛਾਣਾਂਗਾ ਕਿਵੇਂ-? ਉਹ ਕਿਹੋ ਜਿਹੀ ਹੈ -??

"ਮੈਂ ਤੈਨੂੰ ਦਸਾਂ, ਉਹ ਬਿਲਕੁਲ ਮੇਰੀ ਪਤਨੀ ਵਾਂਗ ਹੈ, ਸਿਰਫ ਬਿਮਾਰ ਜਿਹੀ ਦਿਸਦੀ ਹੈ।" ਕੁਰਸੀ ਨੇ ਇਕ ਵਾਰ ਫਿਰ ਚੀਂ ਚੀਂ ਕੀਤੀ ਅਤੇ ਉਹ ਥੰਮ ਇਕ ਵਾਰ ਮੁੜ ਕੰਬਿਆ। ਕਾਂਊਟ ਹੁਣ ਮੁੜ ਖੜੋਤਾ ਸੀ, - ਪਰ ਇਸ ਵਾਰ ਉਹ ਹੈਰਾਨੀ ਵਿਚ ਉਛਲਿਆ ਸੀ।

"ਕੀ !" ਉਹਦਾ ਮੂੰਹ ਜਿਵੇਂ ਅੱਡਿਆ ਹੀ ਰਹਿ ਗਿਆ ਹੋਵੇ।

"ਬਸ ਮੇਰੀ ਪਤਨੀ, ਜਿਵੇਂ ਬੀਮਾਰੀ ਤੋਂ ਉਠੀ ਹੋਵੇ ਅਤੇ ਉਹਦਾ ਦਿਮਾਗ ਟਿਕਾਣੇ ਨਾਂ ਹੋਵੇ, ਇਹ ਏਨ ਕੈਥੇਰਿਕ ਹੈ।”

"ਕੀ ਇਨ੍ਹਾਂ ਦਾ ਆਪਸ ਵਿਚ ਕੋਈ ਰਿਸ਼ਤਾ ਹੈ?"

"ਕੋਈ ਦੂਰੋਂ ਪਾਰ ਵੀ ਨਹੀਂ।"

"ਅਤੇ ਫਿਰ ਵੀ ਇੰਨੀ ਸ਼ਕਲ ਮਿਲਦੀ ਹੈ?"

"ਹਾਂ ਫਿਰ ਵੀ ਇਕੋ ਜਿਹੀਆਂ ਹਨ, ਪਰ ਤੂੰ ਹੱਸਦਾ ਕਿਉਂ ਹੈ-?

ਇਸ ਦਾ ਕਿਸੇ ਨੇ ਕੋਈ ਉੱਤਰ ਨਾ ਦਿੱਤਾ ਤੇ ਨਾ ਹੀ ਕੋਈ ਆਵਾਜ਼ ਆਈ। ਕਾਊਂਟ ਮੂੰਹ ਹੀ ਮੂੰਹ ਵਿਚ ਹੱਸ ਰਿਹਾ ਸੀ।

'ਤੂੰ ਕਿਉਂ ਹੱਸ ਰਿਹਾ ਹੈ?' ਸਰ ਪਰਸੀਪਲ ਨੇ ਫਿਰ ਤੈਸ਼ ਵਿਚ ਆ ਕੇ ਪੁਛਿਆ।

"ਸ਼ਾਇਦ ਆਪਣੀਆਂ ਹੀ ਸੋਚਾਂ ਉਤੇ ਮੈਂ ਹੱਸ ਰਿਹਾ ਹਾਂ, ਅਸੀਂ ਇਤਾਲਵੀ ਲੋਕ ਬੜੀ ਜਲਦੀ ਕੁਛ ਹੱਸਣ ਲਈ ਲੱਭ ਲੈਂਦੇ ਹਾਂ। ਹੁਣ ਮੈਂ ਏਨ ਕੈਥੇਰਿਕ ਨੂੰ ਪਛਾਣ ਲਵਾਂਗਾ। ਅੱਜ ਅਸੀਂ ਬਹੁਤ ਗੱਲਾਂ ਕੀਤੀਆਂ ਹਨ। ਪਰਸੀਵਲ ਮੇਰੇ ਪੁੱਤਰ, ਅੱਜ ਆਰਾਮ ਦੀ ਨੀਂਦ ਸੌਂ ! ਵੇਖੀਂ ਕੱਲ੍ਹ ਦਿਨ ਦੇ ਚਾਨਣੇ ਵਿਚ ਮੈਂ ਤੇਰੇ ਲਈ ਕੀ ਕਰਦਾ ਹਾਂ। ਮੇਰੇ ਇਸ ਵੱਡੇ ਦਿਮਾਗ ਵਿਚ ਸਭ ਯੋਜਨਾਵਾਂ ਅਤੇ ਸਕੀਮਾਂ ਬਣ ਚੁੱਕੀਆਂ ਹਨ। ਤੂੰ ਕਰਜ਼ਾ ਵੀ ਚੁਕਾ ਲਏਂਗਾ ਅਤੇ ਏਨ ਕੈਥੇਰਿਕ ਵੀ ਲੱਭ ਪਏਗੀ। ਇਹ ਮੇਰੀ ਇਜ਼ਤ ਦਾ ਸਵਾਲ ਹੈ। ਮੇਰੇ ਵਰਗਾ ਮਿੱਤਰ ਅਤੇ

ਦੋਸਤ ਤੈਨੂੰ ਕਿੱਥੇ ਲੱਭੇਗਾ? ਜਿਹੜੇ ਪੈਸੇ ਤੂੰ ਮੇਰੇ ਉਤੇ ਖਰਚੇ ਹਨ-ਤੂੰ ਵੇਖ ਅਤੇ ਸੱਚ ਦੱਸ ਕਿ ਕੀ ਮੈਂ ਉਨ੍ਹਾਂ ਦੇ ਕਾਬਿਲ ਨਹੀਂ? ਤੂੰ ਕੁਝ ਵੀ ਕਰ, ਪਰ ਮੇਰੀਆਂ ਭਾਵਨਾਵਾਂ ਨੂੰ ਕਦੀ ਜ਼ਰਬ ਨਾ ਪਹੁੰਚਾਇਆ ਕਰ। ਮੇਰੇ ਦਿਲ ਨੂੰ ਇੰਝ ਠੇਸ ਨਾ ਲਾਇਆ ਕਰ ! ਤੂੰ ਮੇਰੀ ਕਦਰ ਕਰ-ਪਰਸੀਵਲ ! ਮੈਂ ਇਕ ਵਾਰ ਫਿਰ ਤੈਨੂੰ ਮੁਆਫ਼ ਕਰਦਾ ਹਾਂ। ਆ, ਇਕ ਵਾਰ ਮੁੜ ਹੱਥ ਮਿਲਾਈਏ ਅਤੇ ਸੌਣ ਚਲੀਏ ਹੱਛਾ ਗੁਡ ਨਾਈਟ-ਗੁੱਡ ਨਾਈਟ।"

ਇਸ ਤੋਂ ਮਗਰੋਂ ਹੋਰ ਗੱਲ ਨਹੀਂ ਹੋਈ। ਕਾਊਂਟ ਨੇ ਲਾਇਬਰੇਰੀ ਦਾ ਦਰਵਾਜ਼ਾ ਬੰਦ ਕੀਤਾ, ਸਰ ਪਰਸੀਵਲ ਨੇ ਖਿੜਕੀਆਂ ਦੇ ਸ਼ੀਸ਼ ਬੰਦ ਕੀਤੇ, ਇਹ ਸਾਰਾ ਵਕਤ ਬਾਰਸ਼ ਖੂਬ ਹੁੰਦੀ ਰਹੀ ਸੀ। ਮੈਨੂੰ ਉਥੇ ਬੈਠੀ ਨੂੰ ਕਵਵੱਲਾਂ ਤੇ ਕੜਵੱਲ ਪੈ ਰਹੇ ਸਨ, ਅਤੇ ਠੰਡ ਮੇਰੀਆਂ ਹੱਡੀਆਂ ਵਿਚ ਵੜ ਗਈ ਸੀ। ਜਦੋਂ ਮੈਂ ਉਠੀ, ਤਾਂ ਮੇਰੇ ਕੋਲੋਂ ਉਠਣ ਹੀ ਨਹੀਂ ਹੁੰਦਾ ਸੀ। ਮੈਂ ਫਿਰ ਬੈਠ ਗਈ- ਦੂਜੀ ਵਾਰ ਕੋਸ਼ਿਸ਼ ਕਰਕੇ ਫਿਰ ਉਠੀ ਅਤੇ ਗੋਡਿਆਂ ਭਾਰ ਉਸ ਗਿੱਲੀ ਛੱਤ ਤੇ ਬੈਠੀ ਜਦੋਂ ਕੰਧ ਦੇ ਨਾਲ ਲੱਗ ਕੇ ਖੜੀ ਹੋਈ ਤਾਂ ਮੈਂ ਪਿੱਛੇ ਮੁੜ ਕੇ ਵੇਖਿਆ ਕਾਊਂਟ ਦੇ ਡਰੈਸਿੰਗ ਰੂਮ ਦੀ ਖਿੜਕੀ ਵਿਚ ਰੋਸ਼ਨੀ ਸੀ। ਮੇਰੇ ਡੁੱਬਦੇ ਹੌਂਸਲੇ ਨੂੰ ਰਤਾ ਧਰਵਾਸ ਆਇਆ ਤੇ ਮੈਂ ਉਸ ਖਿੜਕੀ ਤੇ ਨਜ਼ਰ ਰਖ ਕੇ ਇਕ ਇਕ ਕਦਮ ਧਿਆਨ ਨਾਲ ਧਰਦੀ ਆਪਣੇ ਕਮਰੇ ਦੀ ਖਿੜਕੀ ਤਕ ਪੁੱਜੀ। ਪੌਣੇ ਇਕ ਖੜਕ ਰਹੇ ਸਨ, ਜਦੋਂ ਮੈਂ ਆਪਣੀ ਖਿੜਕੀ ਉਤੇ ਚੜ੍ਹੀ। ਹੋਰ ਕੋਈ ਆਵਾਜ਼ ਇਸ ਦੌਰਾਨ ਵਿਚ ਮੈਨੂੰ ਨਹੀਂ ਆਈ। ਮੇਰੇ ਵਾਪਸ ਆਉਣ ਦਾ ਵੀ ਕਿਸੇ ਨੂੰ ਕੁਝ ਪਤਾ ਨਹੀਂ ਸੀ ਲੱਗਾ।

## (10)

ਵੀਹ ਜੂਨ-ਅੱਠ ਵਜੇ ਹਨ। ਸੂਰਜ ਸਾਫ਼ ਨੀਲੇ ਆਸਮਾਨ ਵਿਚ ਚਮਕ ਰਿਹਾ ਹੈ। ਮੈਂ ਅਜੇ ਤੀਕ ਆਪਣੇ ਬਿਸਤਰੇ ਦੇ ਨੇੜੇ ਵੀ ਨਹੀਂ ਗਈ। ਇਕ ਵਾਰ ਵੀ ਮੈਂ ਅੱਖਾਂ ਨਹੀਂ ਜੋੜੀਆਂ! ਇਹ ਉਹੀ ਖਿੜਕੀ ਹੈ, ਜਿਸ ਵਿਚੋਂ ਮੈਂ ਰਾਤੀ ਹਨੇਰੇ ਵਿਚੋਂ ਬਾਹਰ ਝਾਕਿਆ ਸੀ, ਹੁਣ ਮੈਂ ਉਸ ਵਿਚੋਂ ਹੀ ਬਾਹਰ ਦੇਖ ਰਹੀ ਹਾਂ। ਬੜਾ ਧੁਧੀਲਾ ਦਿਨ ਹੈ। ਮੈਂ ਹੁਣ ਘੰਟੇ ਗਿਣ ਰਹੀ ਹਾਂ-ਉਸ ਪਲ ਤੋਂ ਜਦ ਮੈਂ ਰਾਤੀਂ ਇਥੇ ਆ ਕੇ ਬੈਠੀ ਹਾਂ। ਇਹ ਘੰਟੇ ਮੈਨੂੰ ਕਈ ਸਾਤਿਆਂ ਦੇ ਬਰਾਬਰ ਲੱਗ ਰਹੇ ਹਨ। ਕਿੰਨਾ ਥੋੜ੍ਹਾ ਸਮਾਂ ਹੈ, ਅਤੇ ਮੈਨੂੰ ਕਿੰਨਾ ਲੰਮਾ ਲੱਗ ਰਿਹਾ ਹੈ। ਮੈਂ ਇਥੇ ਆ ਕੇ ਹਨੇਰੇ ਵਿਚ ਹੀ ਬੈਠ ਗਈ ਸਾਂ, ਮੈਂ ਗਚ ਹੋਈ ਸਾਂ, ਅਤੇ ਇਕ ਇਕ ਹੱਡੀ ਵਿਚ ਠੰਢ ਵੜ ਚੁੱਕੀ ਸੀ, ਸਾਰੇ ਪਾਸੇ ਕੜਵੱਲਾਂ ਨਾਲ ਭਰੇ ਗਏ ਸਨ। ਮੈਂ ਕੀ ਸਾ? ਇਕ ਫ਼ਾਲਤੂ ਬੇਸਹਾਰਾ ਅਤੇ ਡਰੀ ਹੋਈ ਔਰਤ।

ਮੈਨੂੰ ਕੁਝ ਯਾਦ ਨਹੀਂ ਕਿ ਮੈਂ ਕਿਸ ਵੇਲੇ ਇਥੋਂ ਉੱਠੀ ਇਹ ਵੀ ਯਾਦ ਨਹੀਂ ਕਿ ਕਿਵੇਂ ਮੈਂ ਆਪਣੇ ਦੂਜੇ ਕਮਰੇ ਵਿਚ ਜਾ ਕੇ ਮੌਮਬੱਤੀ ਜਗਾਈ, ਅਤੇ ਸੁੱਕੇ ਕੱਪੜੇ ਲੱਭਦੀ ਰਹੀ, ਪਹਿਲਾਂ ਤਾਂ ਇਹੀ ਨਹੀਂ ਸਮਝ ਆ ਰਹੀ ਸੀ ਕਿ ਕੱਪੜੇ ਕਿੱਥੇ ਪਏ ਹੋਏ ਸਨ।

ਇਹ ਵੀ ਯਾਦ ਨਹੀਂ ਕਿ ਕਦੋਂ ਇਸ ਠੰਢ ਦੀ ਥਾਵੇਂ ਮੇਰਾ ਪਿੰਡਾ ਭਖਣਾ ਸ਼ੁਰੂ ਹੋ ਗਿਆ, ਇਹ ਪਤਾ ਹੈ ਕਿ ਕੱਪੜੇ ਬਦਲੇ ਸਨ, ਪਰ ਇਹ ਨਹੀਂ ਯਾਦ ਕਿ ਉਦੋਂ ਕੀ ਵਕਤ ਸੀ। ਹੌਲੀ ਹੌਲੀ ਮੈਂ ਅੱਗ ਵਾਂਗ ਬਲ ਰਹੀ ਸਾਂ।

ਹਾਂ, ਇਹ ਸੂਰਜ ਚੜ੍ਹਨ ਤੋਂ ਪਹਿਲਾਂ ਦੀ ਗੱਲ ਹੈ? ਉਦੋਂ ਘੜੀ ਨੇ ਤਿੰਨ ਵਜਾਏ ਸਨ। ਮੈਨੂੰ ਇਹ ਵਕਤ ਤਾਂ ਯਾਦ ਹੈ, ਉਸ ਵੇਲੇ ਮੈਂ ਅਚਾਨਕ ਹੀ ਚੁਸਤ ਹੋ ਗਈ ਸਾਂ; ਮੈਂ ਉਸ ਸਮੇਂ ਇਹ ਨਿਸ਼ਚਾ ਕੀਤਾ; ਕਿ ਮੈਂ ਸਬਰ ਨਾਲ ਉਡੀਕ ਕਰਾਂਗੀ ਅਤੇ ਜਦੋਂ ਵੀ ਕੋਈ ਮੌਕਾ ਮਿਲਿਆ ਲਾਰਾ ਨੂੰ ਇਸ ਭਿਆਨਕ ਥਾਂ ਤੋਂ ਕੱਢ ਕੇ ਲੈ ਜਾਵਾਂਗੀ;-ਉਸ ਵੇਲੇ ਹੀ ਮੇਰੇ ਮਨ ਵਿਚ ਇਹ ਗੱਲ ਪੱਕੀ ਹੋ ਗਈ ਸੀ ਕਿ ਇਨ੍ਹਾਂ ਦੋਹਾਂ ਆਦਮੀਆਂ ਨੇ ਜੋ ਸਲਾਹਵਾਂ ਪਕਾਈਆ ਹਨ; ਅਤੇ ਜੋ ਗੱਲਾਂ ਕੀਤੀਆਂ ਹਨ: ਅਸੀਂ ਉਨ੍ਹਾਂ ਨੂੰ ਨਾ ਸਿਰਫ ਉਨ੍ਹਾਂ ਦੇ ਬਰਖ਼ਿਲਾਫ਼ ਹੀ ਵਰਤ ਸਕਦੀਆਂ ਹਾਂ ਸਗੋਂ ਇਹੀ ਕਾਰਨ ਹੋਵੇਗਾ ਕਿ ਅਸੀਂ ਇਹ ਘਰ ਛੱਡ ਕੇ ਜਾ ਵੀ ਸਕਦੀਆਂ ਹਾਂ। ਫਿਰ ਕੋਈ ਸਾਡਾ ਪਿੱਛਾ ਨਹੀਂ ਕਰ ਸਕੇਗਾ; ਉਸ ਵੇਲੇ ਹੀ ਮੈਨੂੰ ਇਹ ਵੀ ਖਿਆਲ ਆਇਆ ਸੀ; ਕਿ ਇਹ ਗੱਲਾਂ ਜਦੋਂ ਮੈਨੂੰ ਹੁਣ ਚੰਗੀ ਤਰ੍ਹਾਂ ਯਾਦ ਹਨ; ਕਿਉਂ ਨਾ ਮੈਂ ਇਨ੍ਹਾ ਨੂੰ ਆਪਣੀ ਡਾਇਰੀ ਵਿਚ ਉਵੇਂ ਹੀ ਲਿਖ ਲਵਾਂ! ਇਹ ਸਦਾ ਲਈ ਇਥੇ ਅੰਕਿਤ ਹੋਈਆਂ ਰਹਿਣਗੀਆਂ। ਇਥੋਂ ਤਕ ਤਾਂ ਮੈਨੂੰ ਸਭ ਕੁਝ ਯਾਦ ਹੈ। ਉਦੋਂ ਤਕ ਮੇਰੇ ਦਿਮਾਗ ਵਿਚ ਕੋਈ ਗੜਬੜੀ ਨਹੀਂ ਸੀ। ਆਪਣੇ ਬੈਡ ਰੂਮ ਵਿਚੋਂ ਪੈਨ, ਕਾਗਜ਼ ਅਤੇ ਸਿਆਹੀ ਲੈ ਕੇ ਮੈਂ ਇਥੇ ਬੈਠ ਗਈ ਸਾਂ। ਇਸ ਖਿੜਕੀ ਦੇ ਸਾਹਮਣੇ ਤਾਂ ਬੈਠੀ ਸਾਂ ਜੋ ਤਾਂ ਤਾਜ਼ੀ ਅਤੇ ਠੰਡੀ ਹਵਾ ਮੇਰੇ ਬਲ ਰਹੇ ਸਰੀਰ ਨੂੰ ਲੱਗੇ ਅਤੇ ਫਿਰ ਮੈਂ ਬਿਨਾਂ ਰੁਕੇ-ਲਿਖਦੀ ਰਹੀ- ਤੇਜ਼ ਤੇਜ਼ ਤਾਂ ਜੋ ਸਭ ਦੇ ਜਾਗਣ ਤੋਂ ਪਹਿਲਾਂ ਮੈਂ ਇਹ ਕੰਮ ਪੂਰਾ ਕਰ ਲਵਾਂ। ਜੋ ਮੈਂ ਮੋਮਬੱਤੀ ਦੀ ਰੋਸ਼ਨੀ ਵਿਚ ਸ਼ੁਰੂ ਕੀਤਾ ਸੀ, ਸੂਰਜ ਦੀ ਪਹਿਲੀ ਕਿਰਨ ਨਾਲ ਖਤਮ ਕਰ ਰਹੀ ਹਾਂ। ਅਜੇ ਵੀ ਮੈਂ ਇਥੇ ਕਿਉਂ ਬੈਠੀ ਹੋਈ ਹਾਂ? ਮੈਂ ਆਪਣੀਆਂ ਗਰਮ ਹੋਈਆਂ ਅੱਖਾਂ ਨੂੰ ਲਿਖ ਲਿਖ ਕੇ ਹਰ ਥਕਾ ਰਹੀ ਹਾਂ। ਮੇਰਾ ਸਿਰ ਚੱਕਰ ਖਾ ਰਿਹਾ ਹੈ, ਮੈਂ ਕਿਉਂ ਨਹੀਂ ਲੇਟ ਕੇ ਆਰਾਮ ਕਰਦੀ ਅਤੇ ਸੌਂ ਜਾਂਦੀ। ਮੈਨੂੰ

ਬੁਖਾਰ ਹੈ; ਪਰ ਮੈਨੂੰ ਡਰ ਲੱਗ ਰਿਹਾ ਹੈ ਕਿ ਜੋ ਮੈਂ ਅੱਜ ਲੇਟ ਗਈ ਤਾਂ ਫਿਰ ਕਿਧਰੇ ਉਠਣ ਦੀ ਹਿੰਮਤ ਹੀ ਨਾ ਰਵੇ ! ਮੈਨੂੰ ਇਸ ਬੁਖਾਰ ਤੋਂ ਡਰ ਲੱਗ ਰਿਹਾ ਹੈ; ਇਸ ਫਟਦੇ ਸਿਰ ਤੋਂ ਡਰ ਲਗ ਰਿਹਾ ਹੈ, ਅਤੇ ਬਲਦੇ ਪਿੰਡ ਤੋਂ ਡਰ ਲਗ ਰਿਹਾ ਹੈ। ਇਹ ਬਾਰਸ਼ ਕਿਥੋਂ ਆ ਗਈ ਸੀ? ਇਸ ਬੇਰਹਿਮ ਬਾਰਸ਼ ਨੇ ਰਾਤੀਂ ਮੈਨੂੰ ਇੰਜ ਗਿਲਿਆਂ ਕੀਤਾ ਹੈ ਕਿ ਮੇਰੀ ਇਕ ਹੱਡੀ ਵਿਚ ਬੜਾ ਤੇਜ਼ ਬੁਖਾਰ ਹੈ।

ਨੌਂ ਵਜੇ -ਕੀ ਵਜਿਆ ਹੈ -ਅੱਠ ਕਿ ਨੌਂ? ਨੌਂ। ਮੈਨੂੰ ਹੁਣ ਫਿਰ ਪਾਲਾ ਲੱਗ ਰਿਹਾ ਹੈ। ਇਸ ਗਰਮੀ ਵਿਚ ਮੈਂ ਸਿਰ ਤੋਂ ਪੈਰਾਂ ਤੀਕ ਕੰਬ ਰਹੀ ਸਾਂ। ਕੀ ਮੈਂ ਬੈਠੀ ਬੈਠੀ ਸੋ ਗਈ ਸਾਂ? ਮੈਂ ਨਹੀਂ ਜਾਣਦੀ ਕਿ ਮੈਂ ਕੀ ਕਰ ਰਹੀ ਸਾਂ।

ਓ ਮੇਰਿਆ ਰੱਬਾ ! ਕੀ ਮੈਂ ਬੀਮਾਰ ਪੈ ਜਾਵਾਂਗੀ? ਅਜਿਹੇ ਵਕਤ: ਬੀਮਾਰ!

ਮੈਂ ਕੀ ਕਰਾਂ -ਮੈਂ ਲਿਖ ਰਹੀ ਹਾਂ ਪਰ ਸਭ ਸ਼ਬਦ ਆਪਸ ਵਿਚ ਗਡਮਡ ਹੁੰਦੇ ਵਿਖਾਈ ਦੇ ਰਹੇ ਹਨ।

ਮੈਂ ਦੇਖ ਰਹੀ ਹਾਂ ਕਿ ਮੈਂ' ਲਾਰਾ ਲਿਖਿਆ ਹੈ। ਮੈਂ' ਲਾਰਾ ਲਿਖ ਸਕਦੀ ਹਾਂ। ਕੀ ਵਕਤ ਹੈ- ਅੱਠ ਕਿ ਨੌਂ?

ਠੰਡ ਹੈ- ਬੜੀ ਠੰਡ ਹੈ ! ਰਾਤੀ ਕਿੰਨੀ ਬਾਰਸ਼ ਹੋਈ ਸੀ। ਇਹ ਘੜੀ ਖੜਕ ਰਹੀ ਹੈ, ਕਿੰਨੇ ਖੜਕ ਰਹੇ ਹਨ, ਮੈਂ ਨਹੀਂ ਗਿਣ ਸਕਦੀ, ਇਹ ਘੰਟੇ ਮੇਰੇ ਸਿਰ ਵਿਚ ਵੱਜ ਰਹੇ ਹਨ।

ਇਥੇ ਆ ਕੇ ਡਾਇਰੀ ਪੜ੍ਹੀ ਨਹੀਂ ਜਾਂਦੀ, ਅਗਲੀਆਂ ਦੇ ਤਿੰਨ ਸੱਤਰਾਂ ਵਿਚ ਟੁੱਟੇ ਫੁੱਟੇ ਸ਼ਬਦ ਹਨ ਤੇ ਸਿਆਹੀ ਦੇ ਧੱਬੇ ਹਨ। ਅਖੀਰ ਵਿਚ ਸ਼ਾਇਦ ਲਾਰਾ ਲਿਖਿਆ ਹੋਇਆ ਹੈ।

ਡਾਇਰੀ ਦੇ ਅਗਲੇ ਪੰਨੇ ਉਤੇ ਕੁਝ ਲਿਖਿਆ ਹੋਇਆ ਹੈ। ਇਕ ਮਰਦ ਦੀ ਲਿਖਾਵਟ ਹੈ। ਲਿਖਾਈ ਸਾਫ਼ ਅਤੇ ਮੋਟੇ ਮੋਟੇ ਲਿਖੇ ਸ਼ਬਦ ਹਨ। ਤਾਰੀਖ ਇੱਕੀ ਜੂਨ ਹੈ, ਇਸ ਲਿਖਾਈ ਵਿਚ ਲਿਖਿਆ ਹੈ :-

ਇਕ ਸੱਚੇ ਮਿੱਤਰ ਵਲੋਂ ਉਪਰੰਤ ਲਿਖਤ

ਸਾਡੀ ਸ਼ਾਨਦਾਰ ਮਿਸ ਹਾਲਕੌਂਬ ਦੀ ਬੀਮਾਰੀ ਨਾਲ ਮੈਨੂੰ ਇਸ ਡਾਇਰੀ ਨੂੰ ਪੜ ਕੇ ਸਵਾਦ ਮਾਨਣ ਦਾ ਮੌਕਾ ਮਿਲਿਆ ਹੈ। ਇਸ ਨਾਲ ਮੈਨੂੰ ਅਕਹਿ ਬੌਧਿਕ ਪ੍ਰਸੰਨਤਾ ਹੋਈ ਹੈ।

ਇਸ ਵਿਚ ਕਈ ਸੌ ਪੰਨੇ ਹਨ। ਮੈਂ ਆਪਣੇ ਦਿਲ ਤੇ ਹੱਥ ਰਖ ਕੇ ਕਹਿੰਦਾ ਹਾਂ ਕਿ ਹਰ ਇਕ ਪੰਨੇ ਨਾਲ ਮੈਨੂੰ ਮਾਨਸਕ ਸੰਤੁਸ਼ਟਤਾ, ਅਤੇ ਖੁਸ਼ੀ ਹਾਸਲ ਹੋਈ ਹੈ। ਮੇਰੀ ਵਰਗੇ ਭਾਵਕ ਆਦਮੀ ਦਾ ਇਹ ਕਹਿਣਾ ਕੁਝ ਵੁੱਕਤ ਰੱਖਦਾ ਹੈ।

ਸ਼ਲਾਘਾਯੋਗ ਔਰਤ ਹੈ।
ਮੇਰਾ ਭਾਵ ਮਿਸ ਹਾਲਕੌਂਬ ਤੋਂ ਹੈ।
ਅਸਚਰਜ ਅਤੇ ਅੱਦਭੁਤ ਮਿਹਨਤ ਹੈ।
ਮੇਰਾ ਭਾਵ ਇਸ ਡਾਇਰੀ ਤੋਂ ਹੈ।

ਹਾਂ, ਇਹ ਪੰਨੇ ਪੜ੍ਹ ਕੇ ਆਦਮੀ ਦੀ ਬੁੱਧੀ ਚੱਕਰਾ ਜਾਂਦੀ ਹੈ। ਕਿੰਨੀ ਸਿਆਣਪ, ਦੂਰਅੰਦੇਸ਼ੀ ਦੁਨੀਆਂਦਾਰੀ, ਕਮਾਲ ਦੀ ਯਾਦਦਾਸ਼ਤ, ਬੰਦੇ ਦੀ ਪਛਾਣ ਕਰਨੀ, ਲਿਖਣ ਦੀ ਸੁਹਣੀ ਸ਼ੈਲੀ ਅਤੇ ਇਕ ਔਰਤ ਦੀ ਸ਼ਾਨਦਾਰ ਭਾਵ-ਪ੍ਰਦਰਸ਼ਨੀ ਇਹਨਾਂ ਪੰਨਿਆਂ ਵਿਚ ਉਕਰੀ ਹੋਈ ਹੈ। ਇਹ ਪੜ੍ਹ ਕੇ ਮੇਰੀ ਸ਼ਲਾਘਾ ਮੇਰੀਅਨ ਲਈ ਹੋਰ ਵੀ ਵਧ ਗਈ ਹੈ।

ਮੇਰੀ ਤਸਵੀਰ ਤਾਂ ਉਹਨੇ ਖੂਬ ਖਿੱਚੀ ਹੈ। ਮੈਂ ਉਹਦੇ ਨਾਲ ਸਹਿਮਤ ਹਾਂ, ਜਿਵੇਂ ਜਿਵੇਂ ਉਹਨੇ ਲਿਖਿਆ ਹੈ, ਉਵੇਂ ਹੀ ਮੈਂ ਹਾਂ। ਜਰਾ ਵੀ ਕਿਧਰੇ ਝੂਠ ਨਹੀਂ ਮੈਂ ਅੰਦਾਜਾ ਲਾ ਸਕਦਾ ਹਾਂ ਕਿ ਮੈਂ ਉਹਦੇ ਦਿਮਾਗ ਤੇ ਕਿੰਨਾ ਹੀ ਜ਼ੋਰਦਾਰ ਪ੍ਰਭਾਵ ਪਾਇਆ ਹੋਵੇਗਾ ਜੋ ਉਹਨੇ ਮੇਰਾ ਰੇਖਾ ਚਿੱਤਰ ਅਜਿਹੇ ਜਾਨਦਾਰ ਅਤੇ ਕੌਤਕਮਈ ਰੰਗਾਂ ਵਿਚ ਉਲੀਕਿਆ ਹੈ। ਇਥੇ ਮੈਂ ਫਿਰ ਦੁੱਖ ਪ੍ਰਗਟ ਕਰਦਾ ਹਾਂ, ਮੈਨੂੰ ਦਿਲੋਂ ਸੱਚਾ ਅਫ਼ਸੋਸ ਹੈ, ਕਿ ਮੈਂ ਤੇ ਉਹ ਵੱਖ ਵੱਖ ਰਾਹ ਤੇ ਚੱਲਣ ਵਾਲੇ ਹਾਂ ਅਤੇ ਇਕ ਦੂਜੇ ਦੇ ਦੁਸ਼ਮਣਾਂ ਵਿਚੋਂ ਹਾਂ, ਜੇ ਕਦੀ ਅਸੀਂ ਕਿਸੇ ਹੋਰ ਮੌਕੇ ਤੇ ਮਿਲਦੇ ਤਾਂ ਮੈਂ ਮਿਸ ਹਾਲਕੌਂਬ ਦੇ ਕਿੰਨਾ ਯੋਗ ਹੋਣਾ ਸੀ, ਅਤੇ ਮਿਸ ਹਾਲਕੌਂਬ ਮੇਰੇ ਹਰ ਤਰਾਂ ਯੋਗ ਹੋਣੀ ਸੀ।

ਇਹਨਾਂ ਅਖੀਰਲੀਆਂ ਸੱਤਰਾਂ ਵਿਚ ਮੈਂ ਆਪਣੇ ਦਿਲ ਦੀ ਬੜੀ ਡੂੰਘੀ ਰੀਤ ਤੇ ਸਚਾਈ ਬਿਆਨ ਕੀਤੀ ਹੈ। ਉਸ ਲਈ ਮੇਰੇ ਦਿਲ ਵਿਚ ਜੋ ਸਤਿਕਾਰ ਦੀ ਭਾਵਨਾ ਹੈ, ਮੈਂ ਉਸ ਦੀ ਸੌਂਹ ਚੁੱਕ ਕੇ ਆਖਦਾ ਹਾਂ, ਕਿ ਮੈਂ' ਮਿਸ ਹਾਲਕੌਂਬ ਅੱਗੇ ਹਾਰ ਮੰਨਦਾ ਹਾਂ। ਉਸਨੇ ਜਿਸ ਹੁਸ਼ਿਆਰੀ ਨਾਲ ਮੇਰੀਆਂ ਅਤੇ ਸਰ ਪਰਸੀਵਲ ਦੀਆਂ ਗੱਲਾਂ ਸੁਣੀਆਂ, ਉਹ ਸਚਮੱਚ ਹੀ ਹੈਰਾਨੀਜਨਕ ਹੈ। ਅਤੇ ਉਸ ਨੇ ਡਾਇਰੀ ਵਿਚ ਇਕ ਇਕ ਸ਼ਬਦ ਠੀਕ ਲਿਖਿਆ ਹੈ, ਉਹਦੀ ਯਾਦਦਾਸ਼ਤ ਵੀ ਕਮਾਲ ਦੀ ਹੈ। ਆਪਣੇ ਦਿਲ ਦੀਆਂ ਇਹਨਾਂ ਭਾਵਨਾਵਾਂ ਕਰਕੇ

ਹੀ, ਜਿਹੜਾ ਡਾਕਟਰ ਮਿਸ ਹਾਲਕੌਂਬ ਲਈ ਆਇਆ ਹੈ, ਮੈਂ ਉਸ ਨੂੰ ਆਪਣੀ ਦਵਾਈ ਵਰਤਣ ਲਈ ਕਿਹਾ ਹੈ, ਕਿਉਂਕਿ ਮੈਂ ਵੀ ਦਵਾਈਆਂ ਦਾ ਬੜਾ ਵਿਸ਼ਾਲ ਤਜ਼ਰਬਾ ਅਤੇ ਅਨੁਭਵ ਹੈ। ਪਰ ਉਸ ਡਾਕਟਰ ਨੇ ਮੇਰੀ ਰਾਇ ਲੈਣ ਤੋਂ ਨਾਂਹ ਕਰ ਦਿੱਤੀ ਹੈ। ਬਦਕਿਸਮਤ ਡਾਕਟਰ।

ਮੇਰੀ ਪੂਰੀ ਹਮਦਰਦੀ ਮਿਸ ਹਾਲਕੌਂਬ ਨਾਲ ਹੈ। ਮੈਂ ਹੁਣ ਡਾਇਰੀ ਬੰਦ ਕਰਦਾ ਹਾਂ, ਤੇ ਆਪਣੀ ਪਤਨੀ ਰਾਹੀਂ ਇਹਨੂੰ ਇਹਦੀ ਥਾਂ ਤੇ ਰਖਵਾ ਦਿਆਂਗਾ। ਮੈਨੂੰ ਹੋਰ ਕੰਮਾਂ ਦੀ ਕਾਹਲ ਹੈ। ਹੁਣ ਸਥਿੱਤੀ ਬੜੀ ਨਾਜ਼ਕ ਹੈ। ਮੈਨੂੰ ਆਸ ਹੈ ਕਿ ਸਾਨੂੰ ਪੂਰੀ ਸਫਲਤਾ ਮਿਲੇਗੀ। ਮੈਂ ਅਜਿਹੇ ਔਖੇ ਕੰਮ ਵੀ ਬੜੇ ਠੰਢੇ ਦਿਮਾਗ ਨਾਲ ਕਰ ਰਿਹਾ ਹਾਂ। ਕਈ ਵਾਰ ਤਾਂ ਮੈਨੂੰ ਵੀ ਇਸ ਗੱਲ ਤੋਂ ਡਰ ਲੱਗਦਾ ਹੈ। ਮੈਂ ਮਿਸ ਹਾਲਕੌਂਬ ਦੀ ਦਲੇਰੀ ਦੀ ਪੂਰੀ ਕਦਰ ਕਰਦਿਆਂ ਹੋਇਆ ਉਹਦੇ ਜਲਦੀ ਤੋਂ ਜਲਦੀ ਠੀਕ ਹੋਣ ਲਈ ਦਿਲ ਵਿਚ ਸੁਭ ਇਛਾਵਾਂ ਰੱਖਦਾ ਹਾਂ, ਅਤੇ ਉਹਦੇ ਪੈਰਾਂ ਵਿਚ ਆਪਣੀ ਪ੍ਰਸੰਸਾ ਦੀ ਭੇਟਾ ਰੱਖਦਾ ਹਾਂ। ਮੈਂ ਦੁੱਖ ਅਤੇ ਅਫਸੋਸ ਵੀ ਪ੍ਰਗਟ ਕਰਨਾ ਚਾਹੁੰਦਾ ਹਾਂ, ਕਿ ਉਹਨੇ ਆਪਣੀ ਭੈਣ ਦੀ ਭਲਾਈ ਲਈ ਜੋ ਜੋ ਯੋਜਨਾ ਬਣਾਈ ਸੀ, ਉਹਨਾਂ ਦਾ ਅੰਤ ਉਹਦੇ ਹੱਕ ਵਿਚ ਨਹੀਂ ਹੋਇਆ। ਪਰ ਮੈਂ ਉਹਨੂੰ ਵਿਸ਼ਵਾਸ ਦਵਾਂਦਾ ਹਾਂ ਕਿ ਇਸ ਡਾਇਰੀ ਤੋਂ ਮੈਨੂੰ ਜੋ ਜੋ ਗੱਲ ਪਤਾ ਲੱਗੀ ਹੈ, ਮੈਂ ਉਸ ਦਾ ਕਦੀ ਵੀ ਕੋਈ ਫਾਇਦਾ ਨਹੀਂ ਉਠਾਵਾਂਗਾ। ਮੈਂ ਜੋ ਸਕੀਮ ਆਪਣੇ ਮਨ ਵਿਚ ਪਹਿਲਾਂ ਹੀ ਬਣਾਈ ਹੈ, -ਉਹਦੇ ਉਤੇ ਅਮਲ ਕਰਨ ਦਾ ਮੇਰਾ ਨਿਸ਼ਚਾ ਹੁਣ ਹੋਰ ਦ੍ਰਿੜ ਹੋ ਗਿਆ ਹੈ। ਇਹ ਡਾਇਰੀ ਪੜ੍ਹ ਕੇ ਮੇਰੇ ਦਿਲ ਵਿਚ ਸੂਖਮ ਭਾਵਨਾ ਜਾਗ ਪਈ ਹੈ। ਮੇਰਾ ਆਪਣੇ ਆਪ ਵਿਚ ਹੋਰ ਵਿਸ਼ਵਾਸ ਹੋ ਗਿਆ ਹੈ। ਆਸ ਹੈ ਮਿਸ ਹਾਲਕੌਂਬ ਵਰਗੀ ਸਮਝਦਾਰ, ਸਿਆਣੀ ਅਤੇ ਸੂਖਮ ਬੁਧੀ ਵਾਲੀ ਔਰਤ ਮੇਰੀ ਗੱਲ ਨੂੰ ਕਦੀ ਵੀ ਗਲਤ ਨਹੀਂ ਸਮਝੇਗੀ ਅਤੇ ਮੈਨੂੰ ਮੁਆਫ਼ ਕਰ ਦੇਵੇਗੀ।

ਇਸੇ ਭਰੋਸੇ ਨਾਲ ਮੈਂ ਇਥੇ ਸਾਈਨ ਕਰਦਾ ਹਾਂ। -ਫ਼ੋਸਕੋ

ਲਿਮਰਿਜ ਹਾਊਸ ਦੇ ਮਿਸਟਰ ਫਰੈਡਰਿਕ ਫ਼ੇਅਰਲੀ ਦੀ ਜ਼ੁਬਾਨੀ ਕਹਾਣੀ ਦਾ ਵਰਨਣ (ਮਿਸਟਰ ਫ਼ੇਅਰਲੀ ਦਾ ਅਤੇ ਇਸ ਤੋਂ ਮਗਰੋਂ ਆਉਣ ਵਾਲੇ ਬਿਆਨ ਕਿਵੇਂ' ਲਿਖਵਾਏ ਗਏ ਹਨ, ਇਹ ਅੱਗੇ ਕਿਸੇ ਥਾਂ ਤੇ ਦਸਿਆ ਗਿਆ ਹੈ।)

ਮੇਰੇ ਜੀਵਨ ਦੀ ਸਭ ਤੋਂ ਵੱਡੀ ਬਦਕਿਸਮਤੀ ਹੈ ਕਿ ਸਾਰੇ ਮੈਨੂੰ ਤੰਗ ਕਰਦੇ ਹਨ।

ਮੈਂ ਹਰ ਇਕ ਨੂੰ ਪੁੱਛਦਾ ਹਾਂ ਕਿਉਂ ਤੰਗ ਕਰਦੇ ਹੋ? ਪਰ ਕੋਈ ਇਸ ਪ੍ਰਸ਼ਨ ਦਾ ਉਤਰ ਨਹੀਂ ਦੇਂਦਾ ਅਤੇ ਮੈਨੂੰ ਕੋਈ ਜੀਉਣ ਨਹੀਂ ਦੇਂਦਾ। ਰਿਸ਼ਤੇਦਾਰ, ਮਿੱਤਰ ਅਤੇ ਓਪਰੇ ਲੋਕ ਵੀ ਮੈਨੂੰ ਪ੍ਰੇਸ਼ਾਨ ਕਰਦੇ ਹਨ। ਮੈਂ ਕੀ ਕਸੂਰ ਕੀਤਾ ਹੈ? ਮੈਂ ਆਪਣੇ ਆਪ ਨੂੰ ਪੁੱਛਦਾ ਹਾਂ, ਆਪਣੇ ਨੌਕਰ ਲੁਈ ਨੂੰ ਮੈਂ ਦਿਨ ਵਿਚ ਇਹ ਗੱਲ ਪੰਜਾਹ ਵਾਰ ਪੁੱਛਦਾ ਹਾਂ, ਕਿ ਮੈਂ ਕੀ ਕੀਤਾ ਹੈ? ਸਾਡੇ ਵਿਚੋਂ ਕੋਈ ਵੀ ਇਸ ਦਾ ਉੱਤਰ ਨਹੀਂ ਦੇ ਸਕਦਾ। ਬੜੀ ਹੀ ਅਜੀਬ ਗੱਲ ਹੈ।

ਹੁਣ ਜਿਹੜੀ ਨਵੀਂ ਪ੍ਰੇਸ਼ਾਨੀ ਹੈ-ਉਹ ਇਸ ਵਰਨਣ ਨੂੰ ਲਿਖਣ ਲਈ ਮੈਨੂੰ ਕਿਹਾ ਗਿਆ ਹੈ ਕੀ ਮੇਰੇ ਵਰਗਾ ਦੁਖੀ ਅਤੇ ਨਰਵਸ ਆਦਮੀ ਅਜਿਹੀਆਂ ਕਹਾਣੀਆਂ ਲਿਖ ਸਕਦਾ ਹੈ? ਜਦੋਂ ਮੈਂ ਉਹਨਾਂ ਨੂੰ ਇਹ ਦਲੀਲ ਦੇਂਦਾ ਹਾਂ, ਤਾਂ ਮੈਨੂੰ ਇਹ ਦੱਸਿਆ ਜਾਂਦਾ ਹੈ ਕਿ ਬੜੀਆਂ ਗੰਭੀਰ ਘਟਨਾਵਾਂ ਜੋ ਮੇਰੇ ਅਨੁਭਵ ਵਿਚ ਆਈਆਂ ਹਨ, ਉਹਨਾਂ ਦਾ ਮੇਰੀ ਭਤੀਜੀ ਨਾਲ ਡੂੰਘਾ ਸੰਬੰਧ ਹੈ, ਇਸ ਲਈ ਮੈਨੂੰ ਇਹ ਬਿਆਨ ਕਰਨੀਆਂ ਹੀ ਪੈਣਗੀਆਂ। ਜੇ ਇਹ ਨਾ ਲਿਖਾਂ ਤਾਂ ਉਹਨਾਂ ਦੇ ਕਹਿਣ ਅਨੁਸਾਰ ਮੈਨੂੰ ਉਹ ਤਕਲੀਫ਼ ਉਠਾਣੀ ਪਏਗੀ, ਜਿਸ ਦਾ ਖਿਆਲ ਕਰਕੇ ਹੀ ਮੈਂ ਬੇਹੋਸ਼ ਹੋਣ ਲਗਦਾ ਹਾਂ। ਧਮਕਾਉਣ ਦੀ ਤਾਂ ਕੋਈ ਲੋੜ ਨਹੀਂ, ਮੈਂ ਤਾਂ ਆਪਣੀ ਖ਼ਰਾਬ ਸਿਹਤ ਅਤੇ ਘਰੋਗੀ ਪਰੇਸ਼ਾਨੀਆਂ ਨਾਲ ਪਹਿਲਾਂ ਹੀ ਮਰਿਆ ਮੁਕਿਆ ਹੋਇਆ ਹਾਂ। ਸੋ ਮੇਰੇ ਵਿਚ ਨਾਂਹ ਕਹਿਣ ਦੀ ਤਾਂ ਹਿੰਮਤ ਹੀ ਨਹੀਂ। ਜੇ ਤੁਸੀਂ ਜ਼ੋਰ ਲਾਂਦੇ ਹੋ, ਤਾਂ ਤੁਸੀਂ ਮੇਰੀ ਕਮਜ਼ੋਰੀ ਦਾ ਨਜਾਇਜ਼ ਫਾਇਦਾ ਉਠਾ ਰਹੇ ਹੋ, ਮੈਂ ਫ਼ੌਰਨ ਹੀ ਮੰਨ ਜਾਂਦਾ ਹਾਂ। ਮੈਂ ਤਾਂ ਤੁਹਾਡੀ ਹਰ ਗੱਲ ਮੰਨ ਰਿਹਾ ਹਾਂ-ਬਿਨਾਂ ਕਿਸੇ ਹੀਲ ਹੁੱਜਤ ਦੇ। ਮੈਂ ਜੋ ਕੁਝ ਵੀ ਯਾਦ ਕਰ ਸਕਦਾ ਹਾਂ, ਕਰਾਂਗਾ ਅਤੇ ਜੋ ਕੁਝ ਲਿਖ ਸਕਦਾ ਹਾਂ ਲਿਖਾਂਗਾ। ਅਤੇ ਜੋ ਮੈਨੂੰ ਯਾਦ ਨਹੀਂ ਆਏਗਾ; ਉਹ ਮੈਂ ਨਹੀਂ ਲਿਖ ਸਕਦਾ ਹਾਂ, ਉਹ ਮੈਂ ਲੂਈ ਨੂੰ ਯਾਦ ਕਰਨ ਲਈ ਕਹਾਂਗਾ, ਅਤੇ ਉਹ ਮੇਰੇ ਲਈ ਲਿਖ ਵੀ ਦਏਗਾ। ਉਹ ਵੀ ਗਧਾ ਹੈ ਪਰ ਮੈਂ ਬੀਮਾਰ ਹਾਂ। ਸਾਡੇ ਦੋਹਾਂ ਕੋਲੋਂ ਕਈ ਗਲਤੀਆਂ ਹੋਣਗੀਆਂ। ਕਿੰਨੀ ਸ਼ਰਮ ਦੀ ਗੱਲ ਹੈ, ਕਿ ਬੀਮਾਰ ਨੂੰ ਵੀ ਲੋਕ ਨਹੀਂ ਛੱਡਦੇ।

ਉਹਨਾਂ ਮੈਨੂੰ ਇਹ ਹਦਾਇਤ ਦਿੱਤੀ ਹੈ ਕਿ ਹਰ ਇਕ ਗੱਲ ਤਾਰੀਖ ਸਣੇ ਲਿਖਾਂ। ਮੈਂ ਤੇ ਸਾਰੀ ਉਮਰ ਕਦੇ ਕੋਈ ਤਾਰੀਖ ਯਾਦ ਨਹੀਂ ਰੱਖੀ, ਹੁਣ ਮੇਰਿਆ ਰੱਬਾ-ਮੈਂ ਸ਼ੁਰੂ ਕਿੰਜ ਕਰਾਂ?

ਮੈਂ ਲੂਈ ਨੂੰ ਪੁੱਛਿਆ ਹੈ। ਉਹ ਏਨਾਂ ਮੂਰਖ ਨਹੀਂ ਨਿਕਲਿਆ, ਜਿੰਨਾ ਮੈਂ ਉਹਨੂੰ ਅੱਜ ਤਕ ਸਮਝਦਾ ਰਿਹਾ ਹਾਂ। ਉਹਨੂੰ ਤਾਰੀਖ ਬਿਲਕੁਲ ਠੀਕ ਤਾਂ ਯਾਦ ਨਹੀਂ, ਪਰ ਕੁਝ ਅੰਦਾਜ਼ਾ ਜ਼ਰੂਰ ਹੈ। ਜੂਨ ਦਾ ਅਖੀਰ ਸੀ, ਸ਼ਾਇਦ ਜੁਲਾਈ ਦਾ ਸ਼ੁਰੂ ਸੀ। ਮੈਨੂੰ ਉਸ ਕੁੜੀ ਦਾ ਨਾਂ ਯਾਦ ਰਹਿ ਗਿਆ ਹੈ, ਕਿਉਂਕਿ ਬੜਾ ਹੀ ਘਟੀਆ ਅਤੇ ਪੇਂਡੂ ਕਿਸਮ ਦਾ ਸੀ। ਨਾਂ ਸੀ ਫ਼ੈਨੀ !

ਜਿਵੇਂ ਕਿ ਮੈਂ' ਕਹਿ ਚੁੱਕਾ ਹਾਂ, ਜੂਨ ਦੇ ਅਖੀਰ ਵਿਚ ਜੁਲਾਈ ਦੇ ਸ਼ੁਰੂ ਵਿਚ ਮੈਂ ਸਦਾ ਵਾਂਗ ਆਰਾਮ ਕਰ ਰਿਹਾ ਸੀ। ਮੇਰੇ ਆਲੇ ਦੁਆਲੇ ਕਈ ਕਲਾਮਈ ਵਸਤੂਆਂ ਸਨ, ਜੋ ਮੈਂ ਇਸ ਲਈ ਇਕੱਠੀਆਂ ਕਰ ਰਿਹਾ ਸਾਂ ਕਿ ਮੇਰੇ ਆਂਢ ਗੁਆਂਢ ਜੋ ਵਹਿਸੀ ਕਿਸਮ ਦੇ ਲੋਕ ਰਹਿੰਦੇ ਹਨ, ਉਨ੍ਹਾਂ ਦੀ ਪਸੰਦ ਦੀ ਪੱਧਰ ਵਿਚ ਕੁਝ ਸੁਧਾਰ ਹੋਵੇ।

ਮੈਂ ਆਪਣੀਆਂ ਪੇਂਟਿੰਗਜ਼ ਦੀਆਂ, ਆਪਣੇ ਸਿੱਕਿਆਂ ਦੀਆਂ ਅਤੇ ਜੋ ਹੋਰ ਕੀਮਤੀ ਚੀਜ਼ਾ ਮੇਰੇ ਕੋਲ ਹਨ, ਉਹਨਾਂ ਸਭਨਾਂ ਦੀਆਂ ਤਸਵੀਰਾਂ ਲੁਹਾਈਆਂ ਹਨ, ਤਾਂ ਜੋ ਕਾਰਲਿਸਲੀ ਦੇ ਇੰਨਸਟੀਚੀਊਟ (ਭਿਆਨਕ ਥਾਂ ਹੈ) ਵਿਚ ਇਹਨਾਂ ਨੂੰ ਸੁਗਾਤ ਵਜੋਂ ਦੇ ਸਕਾਂ। ਲੋਕ ਇਹਨਾਂ ਦੇਖ ਕੇ ਕੁਝ ਸਿਖ ਸਕਣ। ਦੁਨੀਆਂ ਵੀ ਕਿੰਨੀ ਜ਼ਾਲਮ ਹੈ,- ਉਸ ਆਦਮੀ ਨੂੰ ਵੀ ਨਹੀਂ ਛੱਡਦੀ ਜੋ ਆਪਣੀ ਦੇਸ਼ ਦੀ ਇੰਨੀ ਭਾਰੀ ਸੇਵਾ ਕਰਨ ਵਿਚ ਰੁੱਝਾ ਹੋਇਆ ਹੈ, ਅਤੇ ਆਪ ਦੇਸ਼ ਵਾਸੀਆਂ ਨੂੰ ਕੁਝ ਸਿਖਾਣ ਲਈ ਫਿਕਰਮੰਦ ਹੈ। ਘਰੋਗੀ ਝਮੇਲਿਆਂ ਤੋਂ ਦੂਰ ਰਹਿ ਦਿੱਤਾ ਜਾਏ; ਇੰਨੀ ਮਿਹਰਬਾਨੀ ਵੀ ਕੋਈ ਨਹੀਂ ਕਰ ਸਕਦਾ। ਕੁਝ ਵੀ ਹੋਵੇ ਮੇਰੇ ਨਾਲ ਇਹ ਸਲੂਕ ਸਰਾਸਰ ਗਲਤੀ ਹੈ।

ਸੋ ਮੈਂ ਆਰਾਮ ਕਰ ਰਿਹਾ ਸਾਂ। ਮੇਰਾ ਖਜ਼ਾਨਾ ਮੇਰੇ ਆਲੇ ਦੁਆਲੇ ਸੀ, ਅਤੇ ਚਾਹੁੰਦਾ ਸਾਂ ਕਿ ਕੋਈ ਆ ਕੇ ਮੈਨੂੰ ਤੰਗ ਨਾ ਕਰੇ। ਲੂਈ ਅੰਦਰ ਆਇਆ, ਮੈਂ ਘੰਟੀ ਨਹੀਂ ਵਜਾਈ, ਇਸ ਲਈ ਮੈਂ ਪੁੱਛਣਾ ਹੀ ਸੀ ਕਿ ਉਹਦੇ ਅੰਦਰ ਆਉਣ ਦਾ ਕੀ ਕਾਰਨ ਸੀ। ਮੈਂ ਆਮ ਤੌਰ ਤੇ ਕਿਸੇ ਨੂੰ ਗਾਲ੍ਹ ਨਹੀਂ ਕੱਢਦਾ, ਪਰ ਜਦੋਂ ਉਹਨੇ ਮੇਰੀ ਗੱਲ ਦਾ ਉਤਰ ਇਕ ਅਜਿਹੀ ਮੁਸਕਾਣ ਨਾਲ ਦੇਣ ਦਾ ਯਤਨ ਕੀਤਾ, ਤਾਂ ਮੈਂ ਉਹਨੂੰ ਇਕ ਗਾਲ੍ਹ ਕੱਢੀ। ਹੋਰ ਕੀ ਕਰਦਾ?

ਇਹਨਾਂ ਗਰੀਬਾਂ ਨਾਲ ਮੈਂ ਸਖਤੀ ਵਰਤ ਕੇ ਵੇਖਿਆ ਹੈ, ਇਹਨਾਂ ਨੂੰ ਸਖ਼ਤੀ ਸਦਾ ਰਾਸ ਆਉਂਦੀ ਹੈ, ਤੇ ਇਹ ਝੱਟ ਸਿੱਧੇ ਹੋ ਜਾਂਦੇ ਹਨ। ਲੱਤਾਂ ਦੇ ਭੂਤ ਲੱਤਾਂ ਨਾਲ ਹੀ ਸਿੱਧੇ ਹੁੰਦੇ ਹਨ। ਲੂਈ ਝੱਟ ਸਿੱਧਾ ਹੋ ਗਿਆ। ਮੁਸਕਰਾਣਾ ਛੱਡ ਕੇ ਮੈਨੂੰ ਕਹਿਣ ਲੱਗਾ ਕਿ ਬਾਹਰ ਕੋਈ ਮੈਨੂੰ ਮਿਲਣਾ ਚਾਹੁੰਦਾ ਹੈ! ਉਹ ਵੀ ਆਮ ਲੋਕਰਾਂ ਵਾਂਗ ਪੁੱਛਣ ਤੋਂ ਬਿਨਾਂ ਹੀ ਕਈ ਗੱਲਾਂ ਦੱਸਣੀਆਂ ਪਸੰਦ ਕਰਦਾ ਹੈ। ਉਹਨੇ ਕਿਹਾ ਕਿ ਉਸ ਦਾ ਨਾਂ ਫੈਨੀ ਹੈ।

"ਫੈਨੀ ਕੌਣ ਹੈ?" ਮੈਂ ਪੁੱਛਿਆ।

"ਲੇਡੀ ਗਲਾਈਡ ਦੀ ਨੌਕਰਾਣੀ, ਜਨਾਬ।"

"ਲੇਡੀ ਗਲਾਈਡ ਦੀ ਨੌਕਰਾਣੀ ਨੂੰ ਮੇਰੇ ਨਾਲ ਕੀ ਕੰਮ ਹੈ?"

"ਇਕ ਚਿੱਠੀ ਹੈ ਜਨਾਬ--"

"ਚਿੱਠੀ ਲੈ ਲੈ।"

"ਉਹ ਕਹਿੰਦੀ ਹੈ ਕਿ ਉਹ ਚਿੱਠੀ ਤੁਹਾਡੇ ਹੱਥ ਵਿਚ ਦੇਏਗੀ।"

"ਚਿੱਠੀ ਕਿਸ ਦੀ ਹੈ–?''

"ਮਿਸ ਹਾਲਕੌਂਬ ਨੇ ਤੁਹਾਨੂੰ ਭੇਜੀ ਹੈ ਸ੍ਰੀਮਾਨ ਜੀ,"

ਮਿਸ ਹਾਲਕੌਂਬ ਦਾ ਨਾਂ ਸੁਣਨ ਦੀ ਢਿੱਲ ਸੀ ਕਿ ਮੈਂ ਹਾਰ ਮੰਨ ਲਈ। ਇਹ ਜ਼ਿੰਦਗੀ ਦੇ ਤਜਰਬੇ ਦਾ ਨਿਚੋੜ ਹੈ ਕਿ ਮਿਸ ਹਾਲਕੌਂਬ ਦੀ ਗੱਲ ਬਿਨਾਂ ਕਿਸੇ ਉਜ਼ਰ ਹੀ ਮਨ ਲੈਣੀ ਚਾਹੀਦੀ ਹੈ, ਨਹੀਂ ਤਾਂ ਹੋਰ ਫਾਲਤੂ ਦਾ ਰੌਲਾ ਪੈਂਦਾ ਹੈ। ਪਿਆਰੀ ਮੇਰੀਅਨ, ਮੈਂ ਤੇਰਾ ਨਾ ਸੁਣਦਿਆਂ ਹੀ ਹਥਿਆਰ ਸੁੱਟ ਦਿੱਤੇ।

"ਲੇਡੀ ਗਲਾਈਡ ਦੀ ਨੌਕਰਾਣੀ ਨੂੰ ਅੰਦਰ ਭੇਜ ਦੇ,-ਠਹਿਰ, ਕੀ ਉਹਦੀ ਜੁੱਤੀ ਚੀਂ ਚੀਂ ਤਾਂ ਨਹੀਂ ਕਰ ਰਹੀ-?"

ਮੈਂ ਇਹ ਸਵਾਲ ਪੁੱਛਣ ਲਈ ਵੀ ਮਜ਼ਬੂਰ ਸਾਂ। ਚੀ ਚੀ ਕਰਨ ਵਾਲੀਆਂ ਜੁੱਤੀਆਂ ਮੈਨੂੰ ਸਾਰਾ, ਸਾਰਾ ਦਿਨ ਬੇ-ਆਰਾਮ ਰੱਖਦੀਆਂ ਸਨ। ਮੈਂ ਉਸ ਕੁੜੀ ਨੂੰ ਮਿਲਣ ਨੂੰ ਤਿਆਰ ਸਾਂ, ਪਰ ਮੈਂ ਉਹਦੀਆਂ ਜੁੱਤੀਆਂ ਦਾ ਸ਼ੋਰ ਨਹੀਂ ਸਾਂ ਸੁਣ ਸਕਦਾ। ਆਖਿਰ ਮੇਰੇ ਸਬਰ ਦੀ ਵੀ ਹੱਦ ਹੈ।

ਲੂਈ ਨੇ ਮੈਨੂੰ ਵਿਸ਼ਵਾਸ ਦਿਵਾਇਆ, ਕਿ ਉਹਦੀਆਂ ਜੁੱਤੀਆਂ ਠੀਕ ਹਨ। ਮੈਂ ਹੱਥ ਹਿਲਾਇਆ ਤੇ ਉਹ ਅੰਦਰ ਆ ਗਈ। ਲੂਈ ਨੇ ਮੈਨੂੰ ਉਹਦੇ ਨਾਲ ਜਾਣ ਪਛਾਣ ਕਰਵਾਈ। ਉਹਨੇ ਘਬਰਾਹਟ ਵਿਚ ਆਪਣਾ ਮੂੰਹ ਬੰਦ ਕਰ ਲਿਆ ਸ਼ਾਇਦ ਉਹ ਨੱਕ ਰਾਹੀਂ ਸਾਹ ਲੈ ਰਹੀ ਸੀ। ਇਹ ਨੌਕਰਾਣੀਆਂ ਸਭ ਇੰਜ ਹੀ ਕਰਦੀਆਂ ਹਨ। ਇਹ ਮੇਰੇ ਅਨੁਭਵ ਦੀ ਗੱਲ ਹੈ। ਖੈਰ ਮੈਂ ਫ਼ੈਨੀ ਨਾਲ ਬੇਇਨਸਾਫੀ ਨਹੀਂ ਕਰਾਂਗਾ, ਉਹਦੀ ਜੁੱਤੀ ਨੇ ਜ਼ਰਾ ਵੀ ਆਵਾਜ਼ ਨਹੀਂ ਸੀ ਕੀਤੀ। ਪਰ ਇਹ ਨੌਕਰ ਨੌਕਰਾਣੀਆਂ ਨੂੰ ਹੱਥਾਂ ਤੇ ਏਨਾ ਪਸੀਨਾ ਕਿਉਂ ਆਉਂਦਾ ਏ-? ਕਿਉਂ ਇਹਨਾਂ ਸਭਨਾਂ ਦੇ ਨੱਕ ਏਨੇ ਮੋਟੇ ਤੇ ਗੱਲ੍ਹਾਂ ਇੰਨੀਆਂ ਸਖ਼ਤ ਹੁੰਦੀਆਂ ਹਨ? ਉਹਨਾਂ ਦੇ ਚਿਹਰੇ ਖਾਸ ਕਰਕੇ ਭਰਵੱਟਿਆਂ ਕੋਲੋਂ ਅਧੂਰੇ ਜਿਹੇ ਹੁੰਦੇ ਹਨ। ਮੇਰੇ ਵਿਚ ਏਨੀ ਤਾਕਤ ਨਹੀਂ ਕਿ ਮੈਂ ਇਸ ਵਿਸ਼ੇ ਤੇ ਬਹੁਤੀ ਚਰਚਾ ਕਰ ਸਕਾਂ, ਪਰ ਮੈਂ ਉਹਨਾਂ ਨੂੰ ਪੁੱਛਦਾ ਹਾਂ, ਜਿਹਨਾਂ ਵਿਚ ਇਸ ਮਾਮਲੇ ਤੇ ਧਿਆਨ ਦੇਣ ਲਈ ਤਾਕਤ ਹੈ। ਸਾਡੇ ਜਵਾਨ ਨੌਕਰ ਅਤੇ ਨੌਕਰਾਣੀਆਂ ਸਭ ਇਕੋ ਜਹੇ ਕਿਉਂ ਹਨ?

"ਤੇਰੇ ਕੋਲ ਮੇਰੇ ਲਈ ਇਕ ਚਿੱਠੀ ਹੈ, ਜੋ ਮਿਸ ਹਾਲਕੌਂਬ ਨੇ ਭੇਜੀ ਹੈ- " ਤੂੰ ਚਿੱਠੀ ਨੂੰ ਮੇਜ਼ ਉੱਪਰ ਰੱਖਦੇ, ਅਤੇ ਕੋਈ ਚੀਜ਼ ਨਹੀਂ ਹਿਲਾਣੀ। ਮਿਸ ਹਾਲਕੌਂਬ ਦਾ ਕੀ ਹਾਲ ਹੈ?"

"ਬਿਲਕੁਲ ਠੀਕ ਹਨ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ।"

"ਅਤੇ ਲੇਡੀ ਗਲਾਈਡ?"

ਮੈਨੂੰ ਕੋਈ 'ਉਤਰ ਨਾ ਮਿਲਿਆ। ਉਹਦਾ ਚਿਹਰਾ ਅਜੀਬ ਜਿਹਾ ਹੋ ਗਿਆ ਸੀ, ਅਤੇ ਉਹਨੇ ਰੋਣਾ ਸ਼ੁਰੂ ਕਰ ਦਿੱਤਾ ਸੀ, ਮੈਂ ਆਪ ਉਹਦੀ ਅੱਖਾਂ ਵਿਚ ਹੰਝੂ ਵੇਖੇ ਸਨ। ਕੀ ਹੰਝੂ ਸਨ, ਜਾਂ ਪਸੀਨਾ-? ਲੂਈ ਨੂੰ ਮੈਂ ਹੁਣੇ ਪੁੱਛਿਆ ਹੈ, ਕੀ ਉਹਦੀ ਕੀ ਰਾਇ ਹੈ-ਉਹਦੇ ਕਹਿਣ ਅਨੁਸਾਰ ਉਹਦੀਆਂ ਅੱਖਾਂ ਵਿਚ ਹੰਝੂ ਸਨ। ਉਹ ਵੀ ਉਸ ਕੁੜੀ ਦੀ ਪੱਧਰ ਦਾ ਹੀ ਹੈ, ਸੋ ਉਹਨੂੰ ਠੀਕ ਹੀ ਪਤਾ ਹੋਣਾ ਹੈ। ਸੋ ਅਸੀਂ ਵੀ ਇਹੀ ਕਹਿੰਦੇ ਹਾਂ, ਕਿ ਉਹਦੀਆਂ ਅੱਖਾ ਵਿਚ ਹੰਝੂ ਸਨ।

ਕਲਾ ਜਦੋਂ ਹੰਝੂਆਂ ਨੂੰ ਸ਼ੁਧ ਰੂਪ ਵਿਚ ਪੇਸ਼ ਕਰਦੀ ਹੈ, ਮੈਂ ਤਾਂ ਉਦੋਂ ਹੀ ਉਹਨਾਂ ਨੂੰ ਵੇਖ ਸਕਦਾ ਹਾਂ, ਉਸ ਰੂਪ ਵਿਚ ਕੁਦਰਤ ਨਾਲ ਉਹਨਾਂ ਦਾ ਕੋਈ ਮੇਲ ਨਹੀਂ ਰਹਿੰਦਾ, ਇਹਨਾਂ ਨੂੰ ਹੰਝੂਆਂ ਵਾਂਗ ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਸਾਇੰਸ ਦੇ ਮੁਤਾਬਿਕ ਹੰਝੂ ਕਿਸੇ ਗਲੈਂਡ ਵਿਚੋਂ ਨਿਕਲਦਾ ਤਰਲ ਪਦਾਰਥ ਹੈ। ਉਹ ਤਾਂ ਠੀਕ ਹੈ, ਇਹ ਸੰਭਾਵਨਾ ਹੋ ਸਕਦੀ ਹੈ ਕਿ ਇਹ ਪਾਣੀ ਸਿਹਤਮੰਦ ਹੈ ਜਾਂ ਨਹੀਂ, ਪਰ ਦਿਲ ਅਤੇ ਹੰਝੂਆਂ ਦਾ ਆਪਸ ਵਿਚ ਕੀ ਸੰਬੰਧ ਹੈ। ਇਹ ਮੈਂ ਨਹੀਂ ਸਮਝ ਸਕਦਾ। ਮੇਰੀ ਆਪਣੀ ਬਣਤਰ ਹੀ ਕੁਝ ਉਲਟੀ ਜਹੀ ਹੈ ਸ਼ਾਇਦ ਇਸੇ ਲਈ ਮੈਂ ਹੰਝੂਆਂ ਦੇ ਬਹੁਤ ਖਿਲਾਫ ਹਾਂ ਤਾਂ ਵੀ ਮੈਂ ਹਰ ਸੰਭਵ ਸ਼ਿਸ਼ਟਾਚਾਰ ਤੇ ਭਾਵਨਾ ਸਹਿਤ ਵਰਤਾਉ ਕੀਤਾ। ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਲੂਈ ਨੂੰ ਕਿਹਾ ਪਤਾ ਕਰਨ ਦੀ ਕੋਸ਼ਿਸ਼ ਕਰ ਕਿ ਇਹ ਕੀ ਕਹਿਣਾ ਚਾਹੁੰਦੀ ਹੈ ...?"

ਲੂਈ ਤੇ ਉਸ ਜਵਾਨ ਕੁੜੀ ਨੇ ਰਲ ਕੇ ਕੋਸ਼ਿਸ਼ ਕੀਤੀ। ਦੋਹਾਂ ਨੇ ਆਪਸ ਵਿਚ ਹੀ ਇਕ ਦੂਜੇ ਨੂੰ ਇੰਜ ਬੋਖਲਾ ਕੇ ਰੱਖ ਦਿੱਤਾ, ਕਿ ਦੋਹਾਂ ਦਾ ਸਾਂਝਾ ਧੰਨਵਾਦੀ ਹੁੰਦਾ ਹੋਇਆ ਮੈਂ ਕਹਿੰਦਾ ਹਾਂ ਕਿ ਮੈਨੂੰ ਵੀ ਮਜ਼ਾ ਆਇਆ। ਜਦੋਂ ਕਦੀ ਮੈਂ ਉਦਾਸ ਹੋਇਆ। ਮੈਂ ਇਨ੍ਹਾਂ ਦੋਹਾਂ ਨੂੰ ਫਿਰ ਇਕੱਠਿਆਂ ਬੁਲਾ ਲਵਾਂਗਾ ਤਾਂ ਜੋ ਇਹ ਮੇਰਾ ਮਨ-ਪ੍ਰਚਾਵਾ ਕਰ ਸਕਣ। ਮੈਂ ਲੂਈ ਨੂੰ ਹੁਣੇ ਇਹ ਗੱਲ ਕਹੀ ਹੈ। ਸੁਣਕੇ ਜਾਪਦਾ ਹੈ, ਉਹ ਕੁਝ ਔਖਾ ਹੋਇਆ ਬਦਕਿਸਮਤ ਆਦਮੀ!

ਮੈਂ ਹੁਣ ਤੁਹਾਨੂੰ ਇਥੋਂ ਇੰਨ ਬਿੰਨ ਉਹ ਸ਼ਬਦ ਨਹੀਂ ਦੱਸ ਸਕਦਾ ਜੋ ਮੇਰੇ ਨੌਕਰ ਨੇ ਕੁੜੀ ਕੋਲੋਂ ਰੋਣ ਦਾ ਕਾਰਨ ਪੁੱਛ ਕੇ ਮੈਨੂੰ ਕਹੇ ਅਜਿਹਾ ਕਰਨਾ ਪ੍ਰਤੱਖ ਤੋਰ ਤੇ ਮੁਸ਼ਕਿਲ ਹੈ। ਮੈਂ ਆਪਣੇ ਸ਼ਬਦਾਂ ਵਿਚ ਆਪਣੇ ਪ੍ਰਤੀਕਰਮ ਤੇ ਵਿਚਾਰ ਦੱਸ ਸਕਦਾ ਹਾਂ। ਕੀ ਉਹੀ ਕਾਫੀ ਹੋਣਗੇ- ਮਿਹਰਬਾਨੀ ਕਰਕੇ ਹਾਂ ਕਹਿ ਦਿਉ।

ਮੇਰਾ ਖਿਆਲ ਹੈ ਕਿ ਉਹਨੇ ਲੂਈ ਰਾਹੀਂ ਮੈਨੂੰ ਇਹ ਦੱਸਣਾ ਚਾਹਿਆ ਕਿ ਉਹਨੂੰ ਉਹਦੇ ਮਾਲਕ ਨੇ ਨੌਕਰੀ ਤੋਂ ਕੱਢ ਦਿੱਤਾ ਹੈ। (ਵੈਸੇ ਇਹ ਅਜੀਬ ਗੱਲ ਹੈ, ਕਿ ਉਹ ਮੈਨੂੰ ਕਿਉਂ ਦੱਸ ਰਹੀ ਸੀ? ਮੇਰਾ ਇਸ ਵਿਚ ਕੀ ਕਸੂਰ ਸੀ, ਜੇ ਉਹਦੇ ਮਾਲਕ ਨੇ ਉਹਨੂੰ ਜਵਾਬ ਦੇ ਦਿੱਤਾ ਸੀ?) ਉਥੋਂ ਕੱਢੀ ਜਾਣ ਤੇ ਉਹ ਸਰਾਂ ਵਿਚ ਰਾਤ ਬਿਤਾਣ ਲਈ ਗਈ। (ਪਰ ਸਰਾਂ ਵੀ ਮੇਰੀ ਨਹੀਂ-ਫਿਰ ਮੈਨੂੰ ਇਹ ਸਭ ਗੱਲਾਂ ਦੱਸਣ ਦਾ ਕੀ ਲਾਭ?) ਛੇ ਅਤੇ ਸੱਤ ਵਜੇ ਦੇ

ਵਿਚਕਾਰ ਮਿਸ ਹਾਲਕੌਂਬ ਉਹਨੂੰ ਮਿਲਣ ਆਈ ਸੀ। ਉਹਨੇ ਫ਼ੈਨੀ ਨੂੰ ਦੋ ਚਿੱਠੀਆਂ ਦਿੱਤੀਆਂ ਸਨ। ਇਕ ਮੇਰੇ ਲਈ ਸੀ ਅਤੇ ਇਕ ਲੰਦਨ ਵਿਚ ਕਿਸੇ ਲਈ ਸੀ।

[ਮੇਰਾ ਲੰਦਨ ਵਾਲੀ ਚਿੱਠੀ ਨਾਲ ਕੀ ਮਤਲਬ ਹੈ, ਇਸ ਲਈ ਇਹ ਗੱਲ ਮੈਨੂੰ ਦੱਸਣ ਦੀ ਲੋੜ ਹੀ ਕੀ ਹੈ-ਫਾਹੇ ਲੱਗੇ ਚਿੱਠੀ ਤੇ ਫਾਹੇ ਲੱਗਾ ਉਹਨੂੰ ਲੈਣ ਵਾਲਾ]

ਫ਼ੈਨੀ ਨੇ ਇਹ ਵੀ ਦਸਿਆ ਕਿ ਉਹ ਦੋਵੇਂ ਚਿੱਠੀਆਂ ਉਹਨੇ ਪੂਰੀ ਹਿਫਾਜ਼ਤ ਨਾਲ ਆਪਣੀ ਬਨੈਨ ਦੇ ਅੰਦਰ ਰੱਖ ਲਈਆਂ ਸਨ -(ਭਲਾ ਕੋਈ ਪੁੱਛੇ -ਮੇਰਾ ਕੀ ਤਅੱਲਕ ਹੈ ਇਸ ਗੱਲ ਨਾਲ?) ਮਿਸ ਹਾਲਕੌਂਬ ਦੇ ਜਾਣ ਮਗਰੋਂ ਉਹ ਬੜੀ ਉਦਾਸ ਹੋਈ। ਉਹਦਾ ਨਾਂ ਕੁਝ ਖਾਣ ਨੂੰ ਦਿਲ ਕਰਦਾ ਸੀ ਨਾ ਪੀਣ ਨੂੰ। ਸੌਣ ਵੇਲਾ ਹੋ ਗਿਆ ਸੀ, ਪਰ ਉਹ ਭੁੱਖੀ ਭਾਣੀ ਬੈਠੀ ਰਹੀ; ਜਦੋਂ ਨੌਂ ਵਜੇ ਤਾਂ ਉਹਨੇ ਸੋਚਿਆ ਕਿ ਇਕ ਚਾਹ ਦੀ ਪਿਆਲੀ ਹੀ ਪੀ ਲਵਾਂ।

ਮੈਂ ਇਨ੍ਹਾਂ ਸਾਰੀਆਂ ਬੇਤੁਕੀਆਂ ਗੱਲਾਂ ਲਈ ਉੱਕਾ ਹੀ ਜ਼ਿੰਮੇਵਾਰ ਨਹੀਂ ਜੋ ਮਾਯੂਸੀ ਤੋਂ ਸ਼ੁਰੂ ਹੋ ਕੇ ਚਾਹ ਦੀ ਪਿਆਲੀ ਤੋਂ ਮੁਕਦੀਆਂ ਹਨ।

ਉਹ ਅਜੇ ਚਾਹ ਬਨਾਉਣ ਹੀ ਲੱਗੀ ਸੀ (ਮੈਂ ਇਹ ਸ਼ਬਦ ਲਈ ਦੀ ਅਥਾਰਟੀ ਤੇ ਕਹਿ ਰਿਹਾ ਹਾਂ, ਜੋ ਇਨ੍ਹਾਂ ਸ਼ਬਦਾਂ ਦਾ ਭਾਵ ਸਮਝਣ ਦਾ ਦਾਅਵਾ ਕਰਦਾ ਹੈ ਤੇ ਇਨ੍ਹਾਂ ਦੀ ਵਿਆਖਿਆ ਕਰਨਾ ਚਾਹੁੰਦਾ ਹੈ ਪਰ ਮੈਂ ਸਿਧਾਂਤਕ ਤੌਰ ਤੇ ਉਸ ਨੂੰ ਡਾਂਟਦਾ ਹਾਂ) ਅਜੇ ਉਹ ਚਾਹ ਲਈ ਕੇਤਲੀ ਗਰਮ ਕਰਨ ਹੀ ਲੱਗੀ ਸੀ ਦਰਵਾਜ਼ਾ ਖੁਲਿਆ ਤੇ ਉਹ ਢੇਰੀ ਹੋ ਗਈ (ਇਹ ਫਿਰ ਉਹਦੇ ਆਪਣੇ ਸ਼ਬਦ ਸਨ ਤੇ ਜੋ ਲੂਈ ਤੇ ਮੇਰੇ ਲਈ ਸਮਝ ਤੋਂ ਬਾਹਰ ਸਨ) ਜਦੋਂ ਉਹਨੂੰ ਸਰਾਂ ਦੀ ਬੈਠਕ ਵਿਚ ਸਤਿਕਾਰਯੋਗ ਕਾਂਊਂਟੈਸ ਵਿਖਾਈ ਦਿੱਤੀ। ਮੈਂ ਆਪਣੀ ਭਾਨਜੀ ਦੀ ਨੌਕਰਾਣੀ ਨੂੰ ਆਪਣੀ ਭੈਣ ਦੇ ਖਿਤਾਬ ਦੀ ਵਿਆਖਿਆ ਬੜੀ ਚਟਕੀਲੇ ਢੰਗ ਨਾਲ ਕਰਦਾ ਹਾਂ। ਮੇਰੀ ਭੈਣ ਇਕ ਅਕਾ ਦੇਣ ਵਾਲੀ ਔਰਤ ਹੈ ਜਿਸ ਨੇ ਇਕ ਵਿਦੇਸ਼ੀ ਨਾਲ ਵਿਆਹ ਕਰਵਾਇਆ ਸੀ। ਖੈਰ ਦਰਵਾਜ਼ਾ ਖੁਲ੍ਹਿਆ ਸਤਿਕਾਰਯੋਗ ਕਾਊਂਟੈਂਸ ਨੂੰ ਬੈਠਕ ਵਿਚ ਵੇਖ ਕੇ ਨੌਕਰਾਣੀ ਦੇ ਹੱਥਾਂ ਦੇ ਤੋਤੇ ਉਡ ਗਏ ਬੜੀ ਸ਼ਾਨਦਾਰ ਗੱਲ ਏ !

ਹੁਣ ਮੈਂ ਥੋੜ੍ਹਾ ਆਰਾਮ ਕਰਾਂਗਾ, ਹੁਣ ਹੋਰ ਲਿਖਣਾ ਮੇਰੇ ਵੱਸ ਤੋਂ ਬਾਹਰ ਹੈ। ਮੈਂ ਅੱਖਾਂ ਬੰਦ ਕਰਕੇ ਲੇਟਾਂਗਾ ਅਤੇ ਲੂਈ ਮੇਰੀਆਂ ਦੁਖਦੀਆਂ ਪੁੜਪੁੜੀਆਂ ਤੇ ਯੂ. ਡੀ. ਕੋਲਨ ਲਾਏਗਾ, ਤਾਂ ਕਿਧਰੇ ਮੈਂ ਅਗਲੀ ਕਹਾਣੀ ਪੂਰੀ ਕਰ ਸਕਾਂਗਾ।

ਸਨਮਾਨਯੋਗ ਕਾਂਊਟਸ -

ਨਹੀਂ ! ਮੈਂ ਬੋਲ ਤਾਂ ਸਕਦਾ ਹਾ ਪਰ ਬੈਠ ਕੇ ਲਿਖਣਾ ਮੈਨੂੰ ਮੁਸ਼ਕਲ ਲੱਗ ਰਿਹਾ ਹੈ। ਲੂਈ ਚੰਗੀ ਅੰਗਰੇਜ਼ੀ ਬੋਲ ਨਹੀਂ ਸਕਦਾ, ਪਰ ਉਹ ਲਿਖ ਚੰਗੀ ਲੈਂਦਾ ਹੈ ਇਹ ਠੀਕ ਹੈ, ਮੈਂ ਬੋਲਦਾ ਜਾਵਾਂਗਾ ਤੇ ਉਹ ਲਿਖੀ ਜਾਏ। ਇਸ ਤਰ੍ਹਾਂ ਮੈਨੂੰ ਬਹੁਤ ਤਕਲੀਫ਼ ਨਹੀਂ ਹੋਣ ਲੱਗੀ।

ਕਾਊਂਟੈਸ ਨੇ ਸਰਾਂ ਵਿਚ ਆਣ ਦਾ ਕਾਰਣ ਫ਼ੈਨੀ ਨੂੰ ਇਹ ਦੱਸਿਆ ਕਿ ਉਹ ਕੁਝ ਸੁਨੇਹੇ ਲਿਆਈ ਸੀ ਜੋ ਮਿਸ ਹਾਲਕੌਂਬ ਜਲਦੀ ਵਿਚ ਭੁੱਲ ਗਈ ਸੀ। ਉਹ ਕੁੜੀ ਉਡੀਕਦੀ ਰਹੀ ਕਿ ਕਾਊਂਟੈਸ ਦੱਸੇਗੀ ਕਿ ਕਿਸ-ਕਿਸ ਨੇ ਕੀ-ਕੀ ਸੁਨੇਹਾ ਦੇਣਾ ਸੀ। ਪਰ ਕਾਊਂਟੈਂਸ ਨੇ ਕਿਹਾ ਕਿ ਜਦੋਂ ਤੱਕ ਫ਼ੈਨੀ ਚਾਹ ਨਹੀਂ ਪੀ ਲੈਂਦੀ ਉਹ ਕੋਈ ਗੱਲ ਨਹੀਂ ਕਰੇਗੀ। (ਮੇਰੀ ਭੈਣ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਤਾਂ ਲੋਕ ਤੰਗ ਹੋ ਜਾਂਦੇ ਹਨ) ਫ਼ੈਨੀ ਨੇ ਦੱਸਿਆ, ਕਿ ਕਾਊਂਟਸ ਨੇ ਬੜੇ ਹੀ ਪਿਆਰ ਨਾਲ ਉਹਨੂੰ ਚਾਹ ਪੀਣ ਲਈ ਕਿਹਾ, "ਤੂੰ ਪਹਿਲਾਂ ਚਾਹ ਪੀ ਲੈ, ਇਹ ਸੁਨੇਹੀਆਂ ਦੀਆਂ ਗੱਲਾਂ ਤਾਂ ਪਿਛੋਂ ਵੀ ਹੋ ਸਕਦੀਆਂ ਹਨ।" ਉਸ ਕੁੜੀ ਨੇ ਇਹ ਸ਼ਬਦ ਕਹੇ ਸਨ-ਭਾਵੇਂ ਮੇਰੀ ਭੈਣ ਦੇ ਮੂੰਹੋਂ ਇਹ ਕਿਸ ਤਰ੍ਹਾਂ ਨਿਕਲੇ ਮੈਂ ਇਸ ਤੇ ਬੜਾ ਹੈਰਾਨ ਹਾਂ ! ਕਾਊਂਟਸ ਬੋਲੀ "ਲੈ ਜੇ ਤੂੰ ਘਬਰਾਂਦੀ ਹੀ ਰਹਿਣਾ ਹੈ ਤਾਂ ਮੈਂ ਤੈਨੂੰ ਚਾਹ ਬਣਾ ਦੇਂਦੀ ਹਾਂ-ਮੈਂ ਵੀ ਤੇਰੇ ਨਾਲ ਇਕ ਪਿਆਲੀ ਪੀ ਲਵਾਂਗੀ !" ਕਾਊਂਟੈਂਸ ਨੇ ਇੰਨੀ ਨਿਮਰਤਾ ਅਤੇ ਖੁਲ੍ਹ-ਦਿਲੀ ਵਿਖਾਈ ਕਿ ਉਸ ਗਰੀਬ ਕੁੜੀ ਨੂੰ ਚਾਹ ਬਣਾ ਕੇ ਪਿਆਈ, ਅਤੇ ਇਕ ਪਿਆਲੀ ਉਹਦੇ ਨਾਲ ਆਪ ਬੈਠ ਕੇ ਆਪ ਵੀ ਪੀ ਲਈ। ਉਸ ਕੁੜੀ ਨੇ ਉਹ ਚਾਹ ਪੀਤੀ, ਅਤੇ ਉਸ ਤੋਂ ਪੂਰੇ ਪੰਜ ਮਿੰਟ ਮਗਰੋਂ ਪਹਿਲੀ ਵਾਰ ਜ਼ਿੰਦਗੀ ਵਿਚ ਬੇਹੋਸ਼ ਹੋ ਕੇ ਉਥੇ ਹੀ ਢਹਿ ਢੇਰੀ ਹੋ ਗਈ। ਇਥੇ ਵੀ ਮੈਂ ਫ਼ੈਨੀ ਦੇ ਹੀ ਸ਼ਬਦ ਵਰਤ ਰਿਹਾ ਹੈ। ਲਈ ਨਾਲ-ਨਾਲ ਇਹ ਵੀ ਕਹਿ ਰਿਹਾ ਹੈ, ਕਿ ਇਹ ਗੱਲ ਕਹਿੰਦੀਆਂ-ਕਹਿੰਦੀਆਂ ਫ਼ੈਨੀ ਬਹੁਤ ਰੋ ਰਹੀ ਸੀ, ਜਿਸ ਤੋਂ ਸ਼ਾਇਦ ਉਸ ਦਾ ਭਾਵ ਇਹ ਹੈ, ਕਿ ਉਸ ਦੀਆਂ ਅੱਖਾਂ ਵਿਚ ਪਾਣੀ ਬਹੁਤ ਨਿਕਲ ਰਿਹਾ ਸੀ। ਮੈਂ ਆਪ ਕੁਛ ਨਹੀਂ ਵੇਖਿਆ, ਕਿਉਂਕਿ ਮੈਂ ਅੱਖਾਂ ਬੰਦ ਕਰ ਕੇ ਉਹਦੀ ਗੱਲ ਸੁਣ ਰਿਹਾ ਸਾਂ।

ਮੈਂ ਕੀ ਕਹਿ ਰਿਹਾ ਸਾਂ? ਹਾਂ, ਉਹਨੂੰ ਕਾਊਂਟੈਸ ਨਾਲ ਚਾਹ ਪੀਤੀ ਅਤੇ ਉਹ ਉਥੇ ਹੀ ਬੇਹੋਸ਼ ਹੋ ਕੇ ਡਿਗ ਪਈ। ਜੇ ਮੈਂ ਡਾਕਟਰ ਹੁੰਦਾ, ਤਾਂ ਸ਼ਾਇਦ ਇਸ ਬੇਹੋਸ਼ੀ ਦਿਲਚਸਪੀ ਹੁੰਦੀ; ਪਰ ਮੈਂ ਹੁਣ ਸੁਣ-ਸੁਣ ਕੇ ਅੱਕ ਗਿਆ ਸਾਂ। ਨਾਂ ਤੇ ਮੈਂ ਡਾਕਟਰ ਸਾਂ ਨਾਂ ਕੋਈ ਹਕੀਮ,

ਫਿਰ ਮੈਂ ਇਹ ਫਾਲਤੂ ਦੇ ਝਮੇਲਿਆਂ ਵਿਚ ਕਿਉਂ ਪਵਾਂ। ਜਦੋਂ ਅੱਧੇ ਘੰਟੇ ਮਗਰੋਂ ਫ਼ੈਨੀ ਨੂੰ ਹੋਸ਼ ਆਈ ਤਾਂ ਉਹ ਇਕੱਲੀ ਸੋਫੇ ਤੇ ਲੰਮੀ ਪਈ ਸੀ। ਉਹਦੇ ਕੋਲ ਕੋਈ ਨਹੀਂ ਸੀ। ਕਾਉਂਟੈਸ ਨੂੰ ਦੇਰ ਹੋ ਰਹੀ ਸੀ, ਇਸ ਲਈ ਉਹ ਕੁਝ ਚਿਰ ਬੈਠ ਕੇ ਚਲੀ ਗਈ ਸੀ। ਸਰਾਂ ਦੀ ਮਾਲਕਣ ਨੇ ਹੀ ਫ਼ੈਨੀ ਨੂੰ ਉਪਰ ਕਮਰੇ ਵਿਚ ਪਹੁੰਚਣ ਲਈ ਉਹਦੀ ਬਾਂਹ ਫੜ ਕੇ ਸਹਾਰਾ ਦਿੱਤਾ।

ਜਦੋਂ ਉਹਨੂੰ ਪੂਰੀ ਹੋਸ਼ ਆਈ ਤਾਂ ਉਹਨੇ ਉਹ ਦੋ ਚਿੱਠੀਆਂ ਟੋਹ ਕੇ ਆਪਣੀ ਬਨੈਨ ਵਿਚ ਵੇਖੀਆਂ। ਮੈਨੂੰ ਇਹ ਗੱਲ ਦੂਜੀ ਵਾਰੀ ਕਹਿੰਦਿਆਂ ਵੀ ਸ਼ਰਮ ਆ ਰਹੀ ਹੈ; ਉਹ ਚਿੱਠੀਆਂ ਹੈ ਤਾਂ ਉੱਥੇ ਹੀ ਸਨ, ਪਰ ਮੁੜੀਆਂ ਤੁੜੀਆਂ ਸਨ। ਸਾਰੀ ਰਾਤ ਉਹਨੂੰ ਚੱਕਰ ਆਉਂਦੇ ਰਹੇ। ਪਰ ਸਵੇਰੇ ਸਵੇਰੇ ਉਹ ਏਨੀ ਕੁ ਠੀਕ ਹੋ ਗਈ ਸੀ ਕਿ ਸਫ਼ਰ ਕਰ ਸਕੇ। ਉਹਨੇ ਉਹ ਲੰਦਨ ਵਾਲੀ ਚਿੱਠੀ ਡਾਕ ਵਿਚ ਪਾ ਦਿੱਤੀ ਸੀ ਅਤੇ ਇਹ ਚਿੱਠੀ ਮੈਨੂੰ ਦੇਣ ਆਈ ਸੀ ਜਿਵੇਂ ਕਿ ਉਹਨੂੰ ਦਸਿਆ ਗਿਆ ਸੀ। ਇਹ ਬਿਲਕੁਲ ਹਕੀਕਤ ਸੀ, ਤੇ ਭਾਵੇਂ ਇਸ ਅਣਗਹਿਲੀ ਲਈ ਉਹ ਕਸੂਰਵਾਰ ਨਹੀਂ ਸੀ ਤੇ ਉਸ ਦਾ ਮਨ ਅਸ਼ਾਂਤ ਸੀ ਤੇ ਉਹ ਬੜੀ ਉਦਾਸੀ ਵਿਚ ਪੁੱਛਣਾ ਚਾਹੁੰਦੀ ਸੀ ਕਿ ਉਹ ਹੁਣ ਕੀ ਕਰੇ। ਲੂਈ ਦੇ ਕਹਿਣ ਅਨੁਸਾਰ, ਇਥੇ ਪਹੁੰਚ ਕੇ ਫਿਰ ਉਹ ਕੁੜੀ ਰੋਣ ਲਗ ਪਈ। ਪਰ ਇਥੇ ਇਸ ਤੋਂ ਵੀ ਮਹੱਤਵਪੂਰਣ ਗੱਲ ਇਕ ਹੋਰ ਹੈ ਉਹ ਇਹ ਕਿ ਮੇਰਾ ਸਬਰ ਵੀ ਮੁਕ ਗਿਆ ਸੀ !

ਮੈਂ ਅੱਖਾਂ ਖੋਲ ਕੇ ਪੁੱਛਿਆ : -

"ਇਹ ਸਾਰੀ ਕਹਾਣੀ ਮੈਨੂੰ ਦੱਸਣ ਦੀ ਕੀ ਲੋੜ ਹੈ?"

ਮੇਰੀ ਭਤੀਜੀ ਦੀ ਨੌਕਰਾਣੀ ਚੁੱਪ ਹੋ ਕੇ ਮੇਰੇ ਵੱਲ ਵੇਖਣ ਲਗ ਪਈ !

"ਮੇਰੀ ਗੱਲ ਇਹਨੂੰ ਸਮਝਾ, ਲੂਈ !" ਮੈਂ ਆਪਣੇ ਨੌਕਰ ਨੂੰ ਕਿਹਾ।

ਉਹ ਉਹਨੂੰ ਸਮਝਾਣ ਦਾ ਯਤਨ ਕਰਦਾ ਰਿਹਾ ਤੇ ਆਪ ਹੀ ਕਈ ਉਲਝਣਾਂ ਵਿਚ ਵਸ ਗਿਆ। ਉਹਦੇ ਨਾਲ ਨਾਲ ਉਹ ਕੁੜੀ ਵੀ ਕਮਲ ਮਾਰ ਰਹੀ ਸੀ। ਅਸਲ ਵਿਚ ਜਦੋਂ ਤਕ ਮੈਨੂੰ ਮਜ਼ਾ ਆਂਦਾ ਰਿਹਾ, ਮੈਂ ਉਸ ਦੀਆਂ ਬੇਵਕੂਫਾਂ ਵਾਲੀਆਂ ਗੱਲਾਂ ਸੁਣਦਾ ਰਿਹਾ, ਪਰ ਜਿਉਂ ਹੀ ਮੈਂ ਕਾਹਲਾ ਪਿਆ, ਮੈਂ ਉਨ੍ਹਾਂ ਨੂੰ ਟੋਕਿਆ।

ਇਹ ਦੱਸਣ ਦੀ ਤਾਂ ਲੋੜ ਨਹੀਂ ਕਿ ਹੌਲੀ-ਹੌਲੀ ਮੈਨੂੰ ਉਸ ਸਾਰੀ ਗੱਲ ਦੀ ਇਉਂ ਸਮਝ ਆਈ।

ਉਹ ਕੁੜੀ ਪਰੇਸ਼ਾਨ ਸੀ, ਕਿਉਂਕਿ ਉਹਨੂੰ ਉਹ ਪਿਛੋਂ ਭੇਜੇ ਸੁਨੇਹੇ ਨਹੀਂ ਸਨ ਮਿਲੇ, ਜਿਨ੍ਹਾਂ ਬਾਰੇ ਕਾਉਂਟੈਂਸ ਨੇ ਜ਼ਿਕਰ ਕੀਤਾ ਸੀ। ਉਹਨੂੰ ਇਹ ਡਰ ਸੀ, ਕਿ ਸ਼ਾਇਦ ਮਿਸ ਹਾਲਕੌਂਬ ਨੇ ਕੋਈ ਬਹੁਤ ਹੀ ਜਰੂਰੀ ਗੱਲ ਕਹਿਣੀ ਸੀ। ਸਰ ਪਰਸੀਵਲ ਤੋਂ ਡਰਦੀ ਉਹ ਰਾਤ ਪਏ ਬਲੈਕਵਾਟਰ ਪਾਰਕ ਨਹੀਂ ਸੀ ਗਈ ਅਤੇ ਮਿਸ ਹਾਲਕੌਂਬ ਨੇ ਉਹਨੂੰ ਪੱਕੀ ਹਦਾਇਤ ਕੀਤੀ ਸੀ ਕਿ ਸਵੇਰੇ ਉਹ ਕਿਸੇ ਹਾਲਤ ਵਿਚ ਸਰਾਂ ਵਿਚ ਨਾ ਰਹੇ, ਅਤੇ ਜ਼ਰੂਰ ਗੱਡੀ ਫੜ੍ਹ ਕੇ ਆਪਣੇ ਟਿਕਾਣੇ ਜਾਏ। ਇਸ ਲਈ ਉਹ ਉਥੇ ਹੋਰ ਉਡੀਕ ਵੀ ਨਹੀਂ ਸੀ ਕਰ ਸਕਦੀ। ਉਹ ਹੁਣ ਡਰਦੀ ਸੀ ਕਿਧਰੇ ਉਹਦੀ ਮਾਲਕਣ ਉਹਨੂੰ ਲਾਪਰਵਾਹ ਤੇ ਨਹੀਂ ਸਮਝ ਰਹੀ ਸੀ, ਉਹ ਮੇਰੇ ਕੋਲੋਂ ਇਹ ਸਲਾਹ ਪੁੱਛ ਰਹੀ ਸੀ ਕਿ ਕੀ ਉਹ ਮਿਸ ਹਾਲਕੌਂਬ ਨੂੰ ਚਿੱਠੀ ਲਿਖ ਕੇ ਮੁਆਫੀ ਮੰਗ ਲਵੇ ਅਤੇ ਉਸ ਗੱਲ ਬਾਰੇ ਪੁੱਛੇ, ਜੋ ਕਾਉਂਟੈਂਸ ਰਾਹੀਂ ਉਹਨੇ ਕਹਿ ਭੇਜੀ ਸੀ। ਕੀ ਬਹੁਤ ਦੇਰ ਤੇ ਨਹੀਂ ਸੀ ਹੋ ਗਈ?

ਮੈਂ ਇਹ ਗੱਲਾਂ ਲਿਖਣੀਆਂ ਨਹੀਂ ਚਾਹੁੰਦਾ-- ਪਰ ਮੈਨੂੰ ਹੁਕਮ ਹੋਇਆ ਹੈ ਕਿ ਮੈਂ ਸਭ ਕੁਝ ਲਿਖਾਂ: ਉਹ ਲੋਕ ਉਹ ਹਨ ਜੋ ਇਸ ਵੇਲੇ ਇਸ ਗੱਲ ਵਿਚ ਵਧੇਰੇ ਦਿਲਚਸਪੀ ਲੈ ਰਹੇ ਹਨ, ਕਿ ਮੇਰੀ ਭਤੀਜੀ ਦੀ ਨੌਕਰਾਣੀ ਨੇ ਮੈਨੂੰ ਉਸ ਵੱਲੋਂ ਕੀ ਕਿਹਾ ਸੀ ਅਤੇ ਜੋ ਮੈਂ ਉਸ ਨੌਕਰਾਣੀ ਨੂੰ ਕਿਹਾ ਸੀ, ਉਹ ਗੱਲ ਉਨ੍ਹਾਂ ਲਈ ਮਾਮੂਲੀ ਹੈ, ਦਿਮਾਗ ਖਰਾਬ ਹੈ ਇਨ੍ਹਾ ਲੋਕਾਂ ਦਾ ਪਰ ਕੀ ਕੀਤਾ ਜਾਏ।

"ਮੈਂ ਤੁਹਾਡੀ ਅਤੀ ਧੰਨਵਾਦੀ ਹੋਵਾਂਗੀ, ਜੇ ਤੁਸੀਂ ਮੈਨੂੰ ਇਹ ਦਸ ਦਿਓ ਕਿ ਮੈਂ ਹੁਣ ਕੀ ਕਰਾਂ?" ਜਵਾਨ ਕੁੜੀ ਨੇ ਕਿਹਾ।

"ਹੁਣ ਇਸ ਗੱਲ ਨੂੰ ਖਤਮ ਕਰ ਦੇ, "ਮੈਂ ਆਪਣੀ ਬੋਲੀ ਨੂੰ ਉਹਦੀ ਪੱਧਰ ਤੇ ਲਿਆਉਂਦਿਆਂ ਕਿਹਾ- "ਜੋ ਕੁਝ ਜਿਵੇ ਹੈ -ਉਵੇਂ ਹੀ ਰਹਿਣ ਦੇ -ਮੈਂ ਵੀ ਇੰਜ ਹੀ ਕਰਦਾ ਹਾਂ,- ਤੇਰੀ ਤਸੱਲੀ ਹੋਈ ਹੈ ਕਿ ਨਹੀਂ?

"ਜੇ ਮੇਰਾ ਚਿੱਠੀ ਲਿਖਣਾ ਉਚਿਤ ਨਹੀਂ ਤਾਂ ਮੈਂ ਨਹੀਂ ਲਿਖਦੀ ਸ੍ਰੀਮਾਨ, ਮੈਂ ਆਪਣੀ ਮਾਲਕਣ ਦੀ ਹਰ ਤਰ੍ਹਾਂ ਦੀ ਸੇਵਾ ਲਈ ਤਿਆਰ ਹਾਂ।"

ਇਹ ਗਰੀਬ ਲੋਕ ਕਦੀ ਨਹੀਂ ਸਮਝ ਸਕਦੇ ਕਿ ਉਨ੍ਹਾਂ ਨੂੰ ਕਦੋਂ ਅਤੇ ਕਿਸ ਤਰ੍ਹਾਂ ਕਮਰੇ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ। ਇਨ੍ਹਾਂ ਨੂੰ ਹਮੇਸ਼ਾਂ ਸਮਝਾਣਾ ਹੀ ਪੈਂਦਾ ਹੈ। ਮੈਂ

ਹੁਣ ਬਥੇਰਾ ਰੌਲਾ ਸੁਣ ਚੁੱਕਾ ਸਾਂ, ਸੋ ਉਹਦੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ ਮੈਂ ਉਹਨੂੰ ਦੋ ਸ਼ਬਦ ਕਹੇ-

'ਹੱਛਾ ਗੁਡ ਮੌਰਮਿੰਗ।"

ਉਸ ਕੁੜੀ ਨੇ ਝੁਕ ਕੇ ਮੈਨੂੰ ਸਲਾਮ ਕੀਤਾ ਤੇ ਅਚਾਨਕ ਹੀ ਚੀਂ ਚੀਂ ਆਵਾਜ਼ ਆਈ। ਲਈ ਉਹਦੇ ਵੱਲ ਹੀ ਵੇਖ ਰਿਹਾ ਸੀ। ਮੈਨੂੰ ਸਮਝ ਨਹੀਂ ਆਈ ਕਿ ਉਹ ਕਿਸ ਚੀਜ਼ ਦੀ ਆਵਾਜ਼ ਸੀ। ਉਹਦੀ ਜੁਤੀ ਦੀ, ਬਨੈਨ ਦੀ ਜਾਂ ਫਿਰ ਉਹਦੀਆਂ ਹੱਡੀਆਂ ਕੜਕਣ ਦੀ? ਲੂਈ ਦੇ ਵਿਚਾਰ ਵਿਚ ਇਹ ਆਵਾਜ਼ ਉਹਦੀ ਬਨੈਨ ਦੀ ਸੀ। ਬੜੀ ਹੈਰਾਨਜਨਕ ਅਤੇ ਅਸਚਰਜ ਗੱਲ ਹੈ।

ਉਨ੍ਹਾਂ ਦੇ ਜਾਣ ਮਗਰੋਂ ਮੈਂ ਥੋੜੀ ਦੇਰ ਲਈ ਉੱਘ ਲਈ। ਮੈਨੂੰ ਇਸ ਦੀ ਸਖ਼ਤ ਜ਼ਰੂਰਤ ਸੀ। ਜਦੋਂ ਮੈਂ ਜਾਗਿਆ ਤਾਂ ਸਾਹਮਣੇ ਮੇਰੀਅਨ ਦੀ ਚਿੱਠੀ ਪਈ ਸੀ। ਜੇ ਮੈਨੂੰ ਰਤਾ ਵੀ ਸ਼ੱਕ ਹੁੰਦਾ ਕਿ ਇਸ ਦੇ ਅੰਦਰ ਕੀ ਹੈ, ਤਾਂ ਮੈਂ ਕਦੀ ਉਹਨੂੰ ਖੋਲ੍ਹਦਾ ਹੀ ਨਾ। ਪਰ ਮੈਂ ਦਿਲ ਵਿਚ ਕੋਈ ਸ਼ੱਕ ਨਹੀਂ ਸੀ, ਇਸ ਲਈ ਮੈਂ ਅਣਭੋਲ ਹੀ ਚਿੱਠੀ ਚੁੱਕ ਕੇ ਪੜ੍ਹੀ। ਪੜ੍ਹਦਿਆਂ ਸਾਰ ਹੀ ਸਮਝੋ ਮੇਰਾ ਤੇ ਸਾਰਾ ਦਿਨ ਗਿਆ। ਹੁਣ ਮੈਂ ਬੇਚੈਨ ਸਾਂ।

ਮੇਰਾ ਸੁਭਾ ਹੈ ਕਿ ਜਲਦੀ ਕੀਤਿਆਂ ਹੀ ਮੈਂ ਨਾਰਾਜ਼ ਨਹੀਂ ਹੁੰਦਾ। ਹਰ ਇਕ ਦਾ ਲਿਹਾਜ਼ ਕਰਦਾ ਹਾਂ ਤੇ ਮਾੜੀਆਂ ਮੋਟੀਆਂ ਗੱਲਾਂ ਵੇਖ ਕੇ ਵੀ ਅਣਵੇਖੀਆਂ ਕਰ ਦਿੰਦਾ ਹਾਂ; ਪਰ ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਮੇਰੇ ਸਬਰ ਦੀ ਵੀ ਹੱਦ ਹੈ। ਮੈਂ ਮੈਰੀਅਨ ਦੀ ਚਿੱਠੀ ਥੱਲੇ ਰੱਖੀ - ਤੇ ਮੈਨੂੰ ਆਪਣੇ ਆਪ ਉੱਤੇ ਤਰਸ ਆਇਆ, ਮੇਰੇ ਨਾਲ ਕਿੰਨੀ ਵਧੀਕੀ ਹੋ ਰਹੀ ਸੀ।

ਮੈਂ ਹੁਣੇ ਕੁਝ ਕਹਾਂਗਾ-ਇਹ ਇਸੇ ਮਾਮਲੇ ਨਾਲ ਸੰਬੰਧਤ ਹੈ, ਨਹੀਂ ਤਾਂ ਮੈਂ ਕਾਹਨੂੰ ਕਹਿੰਦਾ?

ਮਨੁੱਖੀ ਸੁਭਾ ਬੜਾ ਸਵਾਰਥੀ ਹੈ ਅਤੇ ਇਸਦਾ ਇਹ ਪੱਖ ਉਦੋਂ ਬਹੁਤ ਉੱਘੜ ਕੇ ਸਾਡੇ ਸਾਹਮਣੇ ਆਉਂਦਾ ਹੈ, ਜਦੋਂ ਅਸੀਂ ਵੇਖਦੇ ਹਾਂ ਕਿ ਸਮਾਜ ਜਾਂ ਸੁਸਾਇਟੀ ਦੀ ਹਰ ਪੱਧਰ ਵਿਚ ਤੇ ਹਰ ਸ਼੍ਰੇਣੀ ਵਿਚ, ਵਿਆਹ ਹੋਏ ਲੋਕ ਕਵਾਰਿਆਂ ਦੀ ਰਤਾ ਪ੍ਰਵਾਹ ਨਹੀਂ ਕਰਦੇ, ਜਦੋਂ ਤੁਸੀਂ ਆਪਣਾ ਆਰਾਮ ਛੱਡ ਕੇ ਇਹ ਸੋਚਦੇ ਹੋ ਕੇ ਇੰਨੀ ਭਰੀ ਹੋਈ ਦੁਨੀਆਂ ਵਿਚ ਤੁਸੀਂ ਆਪਣਾ ਇਕ ਟੱਬਰ ਨਹੀਂ ਬਣਾਓਗੇ, ਉਸੇ ਵੇਲੇ ਤੁਹਾਡੇ ਮਿੱਤਰ ਦੋਸਤ ਸਭ ਤੁਹਾਡਾ

ਨਾਂ ਆਪਣੇ ਕੋਲ ਲਿਖ ਲੈਂਦੇ ਹਨ। ਤੁਹਾਨੂੰ ਉਨ੍ਹਾਂ ਦੀਆਂ ਸਭ ਮੁਸੀਬਤਾਂ, ਘਰੋਗੀ ਝਮੇਲੇ ਅਤੇ ਵਿਆਹੁਤਾ ਜੀਵਨ ਦੇ ਕਈ ਝਗੜੇ ਨਿਪਟਾਣੇ ਪੈਣਗੇ। ਉਨ੍ਹਾਂ ਦੇ ਬੱਚਿਆ ਦੀ ਜ਼ਿੰਮੇਵਾਰੀ ਵੀ ਸਮਝ ਲਵੋ ਤੁਹਾਡੇ ਤੇ ਹੀ ਹੈ; ਪਤੀ ਅਤੇ ਪਤਨੀਆਂ, ਵਿਆਹ ਦੀਆਂ ਮੁਸੀਬਤਾਂ ਅਤੇ ਫਿਕਰਾਂ ਦੀਆਂ ਗੱਲਾਂ ਕਰਦੇ ਹਨ, ਪਰ ਕਵਾਰੇ ਤੇ ਕਵਾਰੀਆਂ ਇਨ੍ਹਾਂ ਫਿਕਰਾਂ ਨੂੰ ਸਹਿੰਦੇ ਹਨ। ਮੇਰੇ ਵੱਲ ਹੀ ਵੇਖੋ ਮੈਂ ਜਾਣ ਬੁੱਝ ਕੇ ਵਿਆਹ ਨਹੀਂ ਕਰਵਾਇਆ, ਪਰ ਮੇਰੇ ਭਰਾ ਫ਼ਿਲਪ ਨੇ ਬਿਨਾਂ ਕੁਝ ਸੋਚੇ ਸਮਝੇ ਵਿਆਹ ਕਰ ਲਿਆ ਹੁਣ ਜਦੋਂ ਉਹ ਮਰਨ ਲਗਦਾ ਹੈ ਸੁਣੋ, ਉਹ ਕੀ ਕਰਦਾ ਹੈ। ਉਹ ਆਪਣੀ ਬੱਚੀ ਦੀ ਸੌਂਪਣੀ ਮੈਨੂੰ ਕਰ ਜਾਂਦਾ ਹੈ। ਉਹ ਬੜੀ ਪਿਆਰੀ ਹੈ, ਪਰ ਉਹਦੀ ਜਿੰਮੇਵਾਰੀ ਵੀ ਬੜੀ ਹੈ। ਉਹ ਮੇਰੇ ਹੀ ਮੋਢਿਆਂ ਤੇ ਕਿਉਂ ਪਾਈ ਗਈ? ਕਿਉਂਕਿ ਮੈਂ ਕਵਾਰਾ ਹਾਂ ਅਤੇ ਆਪਣੇ ਵਿਆਹੇ ਹੋਏ ਰਿਸ਼ਤੇਦਾਰਾਂ ਦੀਆਂ ਸਭ ਤਕਲੀਫਾਂ ਦੂਰ ਕਰਨੀਆਂ ਮੇਰਾ ਕਰਤੱਵ ਹੈ! ਮੈਂ ਆਪਣੇ ਭਰਾ ਦੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਿਬਾਹੀ, ਮੈਂ ਆਪਣੀ ਭਤੀਜੀ ਦਾ ਵਿਆਹ ਚੰਗੀ ਤਰ੍ਹਾਂ ਅਤੇ ਬੜੀ ਮੁਸ਼ਕਲ ਝੱਲ ਕੇ ਉਸੇ ਹੀ ਆਦਮੀ ਨਾਲ ਕੀਤਾ, ਜਿਸ ਨਾਲ ਉਸ ਦੇ ਪਿਤਾ ਦੀ ਮਰਜ਼ੀ ਸੀ ਕਿ ਉਹ ਕਰੇ ਅਤੇ ਹੁਣ ਕੀ ਹੋਇਆ ਹੈ? ਉਹ ਅਤੇ ਉਹਦਾ ਪਤੀ ਆਪਸ ਵਿਚ ਲੜਦੇ ਹਨ ਅਤੇ ਬੁਰੇ ਨਤੀਜੇ ਨਿਕਲ ਰਹੇ ਹਨ। ਹੁਣ ਉਹ ਆਪਣੇ ਫ਼ਿਕਰ ਵੀ ਮੇਰੇ ਸਿਰ ਉਪਰ ਲੱਦ ਰਹੀ ਹੈ; ਕਿਉਂਕਿ ਮੈਂ ਕਵਾਰਾ ਹਾਂ, ਤੇ ਵਿਆਹੇ ਹੋਏ ਸਬੰਧੀਆਂ ਨੂੰ ਸੁਖ ਦੇਣਾ ਮੇਰੀ ਜ਼ਿੰਦਗੀ ਦਾ ਮਨੋਰਥ ਹੈ ! ਵਿਚਾਰੇ ਕਵਾਰੇ ! ਅਤੇ ਸਵਾਰਥੀ ਮਨੁੱਖੀ ਸੁਭਾ ਤੇਰੇ ਵਾਰੇ ਵਾਰੇ ਜਾਈਏ !!!

ਮੈਰੀਅਨ ਦੀ ਚਿੱਠੀ ਵਿਚ ਸਾਫ ਧਮਕੀ ਸੀ; ਹਰ ਕੋਈ ਮੈਨੂੰ ਹੀ ਧਮਕਾਉਂਦਾ ਹੈ; ਹਰ ਤਰ੍ਹਾਂ ਦੀ ਮੁਸੀਬਤ ਮੇਰੇ ਉਤੇ ਆਏਗੀ; ਜੇ ਮੈਂ ਆਪਣੀ ਭਤੀਜੀ ਨੂੰ ਲਿਮਰਿਜ ਰਹਿਣ ਲਈ ਨਾ ਬੁਲਾਵਾਂਗਾ। ਮੈਂ ਹਿਚਕ ਰਿਹਾ ਹਾਂ- ਉਹਨੂੰ ਬੁਲਾਵਾ ਕਿ ਨਾ -।

ਮੈਂ ਪਹਿਲਾਂ ਦੱਸਿਆ ਹੈ ਕਿ ਮੇਰੀਅਨ ਅਗੇ ਮੈਂ ਹਮੇਸ਼ਾ ਹਾਰ ਮੰਨ ਲੈਂਦਾ ਹਾਂ। ਪਰ ਹੁਣ ਜੋ ਉਹਨੇ ਲਿਖਿਆ ਸੀ, ਉਹਨੂੰ ਮੰਨਣ ਤੋਂ ਪਹਿਲਾਂ ਮੈਂ ਸੋਚਣਾ ਚਾਹੁੰਦਾ ਸਾਂ, ਜੇ ਮੈਂ ਅੱਜ ਲੇਡੀ ਗਲਾਈਡ ਨੂੰ ਇਥੇ ਰਹਿਣ ਲਈ ਹਾਂ ਕਰਦਿਆਂ ਤਾਂ ਕਲ ਨੂੰ ਸਰ ਪਰਸੀਵਲ ਮੇਰੇ ਨਾਲ ਆ ਕੇ ਲੜੇਗਾ ਕਿ ਮੈਂ ਕਿਉਂ ਉਹਦੀ ਵਹੁਟੀ ਨੂੰ ਇਥੇ ਰਖਿਆ ਹੈ ਇਹ ਕੰਮ ਕਰਨ ਨਾਲ ਮੁਸੀਬਤਾਂ ਹੀ ਮੁਸੀਬਤਾਂ ਹਨ ! ਇਸ ਵਾਰੀ ਮੈਂ ਡਟ ਕੇ ਮੇਰੀਅਨ ਨੂੰ ਉੱਤਰ ਦਿਆਂਗਾ। ਇਹ ਸੋਚਣ ਵਿਚਾਰਨ ਤੋਂ ਮਗਰੋਂ ਮੈਂ ਪਿਆਰੀ ਮੇਰੀਅਨ ਨੂੰ ਚਿੱਠੀ ਲਿਖੀ ਕਿ ਉਹ ਪਹਿਲਾਂ

ਆਪ ਮੇਰੇ ਨਾਲ ਆ ਕੇ ਗੱਲ ਕਰੇ ਅਤੇ ਜੋ ਮੇਰੇ ਪ੍ਰਸ਼ਨਾਂ ਦਾ ਉੱਤਰ ਤਸੱਲੀਬਖਸ਼ ਹੋਇਆ, ਤਾਂ ਮੈਂ ਬੜੀ ਖੁਸ਼ੀ ਨਾਲ ਪਿਆਰੀ ਲਾਰਾ ਦਾ ਸਵਾਗਤ ਕਰਾਂਗਾ- ਨਹੀਂ ਤਾਂ ਮੈਂ ਉਹਨੂੰ ਇਸ ਹਾਲਤ ਵਿਚ ਇਥੇ ਨਹੀਂ ਬੁਲਾ ਸਕਦਾ।

ਇਹ ਤਾਂ ਮੈਨੂੰ ਚਿੱਠੀ ਲਿਖਣ ਵੇਲੇ ਹੀ ਪਤਾ ਸੀ ਕਿ ਹੁਣ ਮੇਰੀਅਨ ਬੂਹੇ ਭੰਨਦੀ ਆਵੇਗੀ ਅਤੇ ਆ ਕੇ ਮੇਰੇ ਨਾਲ ਜ਼ੋਰ ਜ਼ੋਰ ਦੀ ਲੜੇਗੀ। ਪਰ ਜੇ ਮੈਂ ਹੁਣ ਹੀ ਉਹਦੀ ਗੱਲ ਮੰਨ ਲਵਾਂ ਤਾਂ ਸਰ ਪਰਸੀਵਲ ਪਤਾ ਨਹੀਂ ਕਿੰਨੇ ਹੀ ਬੂਹੇ ਅਤੇ ਬਾਰੀਆਂ ਭੰਨਦਾ ਆ ਵੜੇਗਾ ਤੇ ਮੇਰੇ ਨਾਲ ਪਤਾ ਨਹੀਂ ਕਿੰਨੀ ਕੁ ਲੜਾਈ ਕਰੇਗਾ?-ਇਨ੍ਹਾਂ ਦੋਹਾਂ ਹਾਲਤਾਂ ਦਾ ਮੁਕਾਬਲਾ ਕੀਤਿਆ, ਮੈਂ ਮੇਰੀਅਨ ਦੇ ਬੂਹੇ ਭੰਨਣੇ ਅਤੇ ਮੇਰੀਅਨ ਦਾ ਗੁੱਸਾ ਹੀ ਝੱਲ ਲਵਾਂਗਾ, ਕਿਉਂਕਿ ਉਹਦੀ ਤਾਂ ਮੈਨੂੰ ਆਦਤ ਪਤਾ ਹੈ। ਇਹ ਸੋਚ ਕੇ ਮੈਂ ਉਸੇ ਵੇਲੇ ਚਿੱਠੀ ਡਾਕ ਵਿਚ ਪੁਆ ਦਿੱਤੀ। ਇਸ ਤਰ੍ਹਾਂ ਮੈਨੂੰ ਕੁਝ ਸਮਾਂ ਸੋਚਣ ਦਾ ਮੌਕਾ ਮਿਲ ਜਾਏਗਾ। ਇਹ ਤਾਂ ਸ਼ੁਰੂ ਵਿਚ ਹੀ ਮੇਰੇ ਫਾਇਦੇ ਦੀ ਗੱਲ ਹੋਈ।

ਜਦੋਂ ਮੈਂ ਉੱਕਾ ਹੀ ਨਿਢਾਲ ਹੋ ਜਾਂਦਾ ਹਾਂ, ਜਿਵੇਂ ਮੈਂ ਹੁਣ ਮੇਰੀਅਨ ਦੀ ਚਿੱਠੀ ਨਾਲ ਹੋ ਗਿਆ ਹਾਂ, ਤਾਂ ਮੈਨੂੰ ਪੂਰੇ ਤਿੰਨ ਦਿਨਾਂ ਮਗਰੋਂ ਹੋਸ਼ ਆਉਂਦੀ ਹੈ। ਹੁਣ ਮੈਨੂੰ ਤਿੰਨ ਦਿਨ ਪੂਰੇ ਆਰਾਮ ਦੀ ਆਸ ਸੀ, ਪਰ ਉਹ ਮੇਰੀ ਪੂਰੀ ਨਹੀਂ ਹੋਈ।

ਤੀਜੇ ਦਿਨ ਡਾਕ ਰਾਹੀਂ ਮੈਨੂੰ ਇਕ ਅਜਿਹੇ ਬੰਦੇ ਦੀ ਗੁਸਤਾਖ ਚਿੱਠੀ ਆਈ, ਜਿਸਨੂੰ ਮੈਂ ਜਾਣਦਾ ਹੀ ਨਹੀਂ ਸਾਂ। ਉਹਨੇ ਆਪਣੀ ਜਾਣ ਪਛਾਣ ਕਰਵਾਂਦਿਆਂ ਹੋਇਆ ਆਪਣੇ ਆਪ ਨੂੰ ਉਸ ਜ਼ਿਦੀ ਮਿਸਟਰ ਗਿਲਮੌਰ ਦਾ ਭਾਈਵਾਲ ਦੱਸਿਆ। ਉਸ ਦੀ ਚਿੱਠੀ ਦਾ ਭਾਵ ਇਹ ਸੀ, ਕਿ ਉਹਨਾਂ ਨੂੰ ਮਿਸ ਹਾਲਕੌਂਬ ਦਾ ਭੇਜਿਆ ਇਕ ਲਿਫਾਫਾ ਮਿਲਿਆ ਹੈ; ਉਸਨੂੰ ਖੋਲਣ ਤੇ ਉਸ ਵਿਚੋਂ ਇਕ ਖਾਲੀ ਕਾਗਜ਼ ਨਿਕਲਿਆ ਹੈ। ਇਹ ਉਸ ਨੂੰ ਸ਼ੱਕ ਹੈ ਕਿ ਕਿਸੇ ਨੇ ਚਿੱਠੀ ਕੱਢ ਲਈ ਹੈ, ਉਹਨੇ ਵੀ ਮਿਸ ਹਾਲਕੌਂਬ ਨੂੰ ਉਸੇ ਵੇਲੇ ਚਿੱਠੀ ਲਿਖੀ ਹੈ, ਪਰ ਉਹਦਾ ਵੀ ਕੋਈ ਜਵਾਬ ਨਹੀਂ ਆਇਆ। ਅਜਿਹੇ ਵੇਲੇ ਜੇ ਕੋਈ ਸਿਆਣਾ ਆਦਮੀ ਹੋਵੇ, ਤਾਂ ਚੁੱਪ ਕਰਕੇ ਉਡੀਕੇ, ਪਰ ਉਹ ਵਕੀਲ ਹੁਣ ਮੈਨੂੰ ਤੰਗ ਕਰਨ ਤੇ ਤੁੱਲਿਆ ਹੈ, ਉਹ ਮੈਨੂੰ ਪੁੱਛ ਰਿਹਾ ਹੈ ਕਿ ਕੀ ਮੈਨੂੰ ਕੁਝ ਖਬਰ ਹੈ ਕਿ ਉਥੋਂ ਕੀ ਹੋ ਰਿਹਾ ਹੈ। ਮੈਨੂੰ ਭਲਾ ਕਿਵੇਂ ਪਤਾ ਲੱਗ ਸਕਦਾ ਹੈ? ਉਹ ਵਿਅਰਥ ਮੈਨੂੰ ਵੀ ਆਪਣੇ ਨਾਲ ਡਰਾ ਰਿਹਾ ਹੈ। ਮੈਂ ਉਹਨੂੰ ਝਟਪਟ

ਇਕ ਤਿੱਖਾ ਤੇਜ਼ ਜਵਾਬ ਦਿਤਾ ਹੈ। ਇਹੋ ਜਿਹੀ ਕਰਾਰੀ ਚਿੱਠੀ ਮੈਂ ਦੁਖਦਾਈ ਵਾਲਟਰ ਹਾਰਟਰਾਈਟ ਨੂੰ ਲਿਖੀ ਸੀ ਤੇ ਹੁਣ ਇਸ ਵਕੀਲ ਨੂੰ ਲਿਖੀ ਹੈ।

ਮੇਰੀ ਚਿੱਠੀ ਦਾ ਅਸਰ ਠੀਕ ਹੀ ਹੋਇਆ ਹੈ ਕਿਉਂਕਿ ਉਹਨੇ ਮੁੜ ਮੈਨੂੰ ਕੁਝ ਨਹੀਂ ਲਿਖਿਆ।

ਇਹ ਹੈਰਨੀਜਨਕ ਤਾਂ ਨਹੀਂ ਪਰ ਅਸਾਧਾਰਣ ਗੱਲ ਜ਼ਰੂਰ ਸੀ ਕਿ ਨਾ ਤੇ ਮੇਰੀਅਨ ਦੀ ਕਈ ਹੋਰ ਚਿੱਠੀ ਹੀ ਆਈ ਅਤੇ ਨਾਂ ਹੀ ਉਹਦੇ ਆਪ ਆਉਣ ਦੇ ਕਈ ਚਿੰਨ੍ਹ ਨਜ਼ਰ ਆ ਰਹੇ ਸਨ। ਉਹਦਾ ਨਾ ਆਉਣਾ ਹੀ ਮੇਰੇ ਲਈ ਚੰਗਾ ਸੀ ਅਤੇ ਮੈਂ ਇਸ ਸਿੱਟੇ ਤੇ ਪੁੱਜਾ ਕਿ ਮੇਰੀ ਭਤੀਜੀ ਅਤੇ ਉਸਦੇ ਪਤੀ ਵਿਚਕਾਰ ਕੋਈ ਸਮਝੌਤਾ ਹੋ ਗਿਆ ਹੋਵੇਗਾ। ਪੂਰੇ ਪੰਜ ਦਿਨ ਸ਼ਾਂਤੀ ਰਹੀ। ਕਿਸੇ ਨੇ ਕੋਈ ਵਿਘਨ ਨਹੀਂ ਪਾਇਆ। ਮੇਰੀ ਹੋਸ਼ ਜ਼ਰਾ ਟਿਕਾਣੇ ਆਈ। ਚੱਥੇ ਦਿਨ ਤੇ ਮੈਂ ਏਨਾ ਸਿਹਤਮੰਦ ਮਹਿਸੂਸ ਕਰ ਰਿਹਾ ਸਾਂ, ਕਿ ਮੈਂ ਆਪਣੇ ਫੋਟੋਗਰਾਫਰ ਨੂੰ ਬੁਲਾਵਾ ਭੇਜਿਆ ਤਾਂ ਜੋ ਉਹ ਮੇਰੇ ਕਲਾ ਦੇ ਖਜ਼ਾਨੇ ਦੀਆਂ ਅਨਮੋਲ ਵਸਤੂਆਂ ਦੀਆਂ ਤਸਵੀਰਾਂ ਖਿੱਚ ਸਕੇ। ਇਨ੍ਹਾਂ ਤਸਵੀਰਾਂ ਨੂੰ ਮੈਂ ਜਿਵੇਂ ਤੁਹਾਨੂੰ ਪਹਿਲੇ ਹੀ ਦੱਸ ਚੁੱਕਾ ਹਾਂ ਕਿ ਆਮ ਜਨਤਾ ਦੀ ਪਸੰਦ ਦੀ ਪੱਧਰ ਨੂੰ ਉਚਿਆਂ ਕਰਨ ਲਈ ਮੈਂ ਕਾਰਲਿਸਕੀ ਭੇਜਣਾ ਚਾਹੁੰਦਾ ਹਾਂ। ਮੈਂ ਫੋਟੋਗਰਾਫਰ ਨੂੰ ਉਹਦੇ ਕੰਮ ਲਈ ਭੇਜ ਕੇ ਅਜੇ ਆਪਣੇ ਸਿੱਕਿਆਂ ਨੂੰ ਪਿਆਰ ਦੁਲਾਰ ਹੀ ਰਿਹਾ ਸਾਂ, ਕਿ ਅਚਾਨਕ ਲੂਈ ਇਕ ਕਾਰਡ ਹੱਥ ਵਿਚ ਫੜੀ ਅੰਦਰ ਆਇਆ।

"ਕੀ ਹੁਣ ਕੋਈ ਹੋਰ ਜਵਾਨ ਕੁੜੀ ਆਈ ਹੈ-?' ਮੈਂ ਕਿਹਾ "ਮੈਂ" ਕਿਸੇ ਨੂੰ ਨਹੀਂ ਮਿਲਣਾ ਚਾਹੁੰਦਾ ਮੇਰੀ ਸਿਹਤ ਖ਼ਰਾਬ ਹੋ ਜਾਂਦੀ ਏ- ਤੂੰ ਕਹਿ ਦੇ ਕੇ ਮੈਂ ਘਰ ਨਹੀਂ।"

"ਕੁੜੀ ਨਹੀਂ ਸ੍ਰੀਮਾਨ ਜੀ ਕੋਈ ਸਾਹਿਬ ਹਨ-।"

ਇਹ ਤਾਂ ਫ਼ਰਕ ਵਾਲੀ ਗੱਲ ਸੀ-ਮੈਂ ਕਾਰਡ ਪੜ੍ਹਿਆ। ਔਹ ਰੱਬਾ ! ਮੇਰੀ ਬੇਵਕੂਫ਼ ਭੈਣ ਦਾ ਬਿਦੇਸ਼ੀ ਪਤੀ, ਕਾਉਂਟ ਫੈਸਕੋ।

ਕੀ ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕਾਰਡ ਪੜ੍ਹਦਿਆਂ ਹੀ ਮੇਰੇ ਮਨ ਵਿਚ ਪਹਿਲਾਂ ਕੀ ਵਿਚਾਰ ਆਇਆ? ਮੇਰੀ ਭੈਣ ਨੇ ਇਕ ਪਰਦੇਸੀ ਨਾਲ ਵਿਆਹ ਕਰਵਾਇਆ ਸੀ, ਇਸ ਲਈ ਪਹਿਲੀ ਸੋਚ ਦਿਮਾਗ ਵਿਚ ਇਹੀ ਆ ਸਕਦੀ ਸੀ, ਕਿ ਕਾਂਊਂਟ ਮੇਰੇ ਕੋਲ ਕਰਜ਼ਾ ਲੈਣ ਲਈ ਆਇਆ ਸੀ। ਇਸ ਲਈ ਮੈਂ ਲੂਈ ਨੂੰ ਪੁੱਛਿਆ:-

"ਲੂਈ, ਜੇ ਉਹਨੂੰ ਪੰਜ ਸ਼ਲਿੰਗ ਦੇ ਕੇ ਭੇਜ ਸਕਦਾ ਹੈ ਤਾਂ ਭੇਜ ਦੇ।"

ਲੂਈ ਨੇ ਹੈਰਾਨੀ ਪ੍ਰਗਟ ਕੀਤੀ। ਉਹਨੇ ਮੈਨੂੰ ਇਹ ਵੀ ਦੱਸ ਕੇ ਹੈਰਾਨ ਕਰ ਦਿਤਾ, ਕਿ ਮੇਰੀ ਭੈਣ ਦੇ ਪਤੀ ਨੇ ਸ਼ਾਨਦਾਰ ਕੱਪੜੇ ਪਹਿਨੇ ਹੋਏ ਹਨ ਅਤੇ ਉਹ ਬਹੁਤ ਅਮੀਰ ਦਿਸਦਾ ਹੈ। ਸੋ ਮੇਰੀ ਪਹਿਲੀ ਰਾਇ ਹੁਣ ਬਦਲ ਗਈ, ਮੈਂ ਇਹੀ ਸਮਝਿਆ ਕਿ ਕਾਊਂਟ ਦੇ ਵਿਆਹੁਤਾ ਜੀਵਨ ਦੀ ਗੱਡੀ ਸ਼ਾਇਦ ਨਹੀਂ ਚਲ ਰਹੀ ਅਤੇ ਉਹ ਵੀ ਹੁਣ ਆਪਣੀਆਂ ਸਮੱਸਿਆਵਾਂ ਦਾ ਭਾਰ ਮੇਰੇ ਮੋਢਿਆਂ ਉਤੇ ਸੁੱਟਣ ਆਇਆ ਹੈ !

"ਕੀ ਉਹਨੇ ਦਸਿਆ ਹੈ ਕਿ ਉਹ ਕਿਉਂ ਮਿਲਣਾ ਚਾਹੁੰਦਾ ਹੈ?"

ਕਾਊਂਟ ਫੋਸਕੋ ਇਸ ਲਈ ਆਇਆ ਹੈ ਕਿ ਮਿਸ ਹਾਲਕੌਂਬ ਬਲੈਕਵਾਟਰ ਪਾਰਕ ਤੋਂ ਆਪ ਨਹੀਂ ਜਾ ਸਕਦੀ" ਲੂਈ ਨੇ ਉਤਰ ਦਿੱਤਾ।

ਹੁਣ ਹੋਰ ਕੋਈ ਨਵੀਂ ਮੁਸੀਬਤ, ਕਾਊਂਟ ਦੀ ਨਹੀਂ ਪਰ ਕੋਈ ਮੇਰੀਅਨ ਦੀ ਹੀ ਮੁਸ਼ਕਿਲ ਹੈ, ਪਰ ਮੈਨੂੰ ਤਾਂ ਹਰ ਹਾਲਤ ਵਿਚ ਖੇਚਲ ਖੇਚਲ ਹੈ !

"ਹੱਛਾ, ਉਹਨੂੰ ਅੰਦਰ ਲੈ ਆ !" ਮੈਂ ਹਾਰ ਕੇ ਕਿਹਾ !

ਕਾਊਂਟ ਵੇਖ ਕੇ ਮੈਂ ਤ੍ਰਬਕ ਹੀ ਗਿਆ ! ਉਹ ਬਹੁਤ ਮੋਟਾ ਸੀ। ਮੈਨੂੰ ਤੇ ਕੰਬਣੀ ਛਿੜ ਪਈ, ਮੈਨੂੰ ਇਹ ਡਰ ਸੀ ਕਿ ਉਹ ਫਰਸ਼ ਤੇ ਜ਼ੋਰ ਜ਼ੋਰ ਦੀ ਪੈਰ ਮਾਰੇਗਾ ਤੇ ਮੇਰੀਆਂ ਅਦੁੱਤੀ ਵਸਤੂਆਂ ਡਿੱਗ ਕੇ ਚੂਰ ਚੂਰ ਹੋ ਜਾਣਗੀਆਂ! ਪਰ ਉਹਨੇ ਰਤਾ ਵੀ ਸ਼ੋਰ ਨਹੀਂ ਹੋਣ ਦਿੱਤਾ। ਉਹਨੇ ਮੌਸਮ ਦੇ ਮੁਤਾਬਿਕ ਸੁਹਣੇ ਕਪੜੇ ਪਾਏ ਸਨ! ਉਹ ਬੜਾ ਸਿਆਣਾ ਬੰਦਾ ਦਿਸਦਾ ਸੀ ਅਤੇ ਉਸਦੀ ਮੁਸਕਰਾਹਟ ਵੀ ਦਿਲਖਿਚਵੀਂ ਸੀ। ਉਸਦਾ ਪਹਿਲਾ ਪ੍ਰਭਾਵ ਮੇਰੇ ਤੇ ਅਤਿ ਚੰਗਾ ਪਿਆ ਸੀ, ਭਾਵੇਂ ਇਹ ਕਹਿਕੇ ਮੈਂ ਆਪਣੇ ਮੂੰਹੋਂ ਇਹ ਵੀ ਮੰਨ ਰਿਹਾ ਹਾਂ, ਕਿ ਮੈਨੂੰ ਬੰਦੇ ਦੀ ਪਛਾਣ ਨਹੀਂ, ਪਰ ਮੈਂ ਖੁਲ੍ਹੇ ਦਿਲ ਦਾ ਆਦਮੀ ਹਾਂ ਇਸ ਲਈ ਇਹ ਗੱਲ ਮੰਨਣ ਵਿਚ ਕੋਈ ਹੀਣਤਾ ਦੀ ਭਾਵਨਾ ਮੇਰੇ ਵਿਚ ਨਹੀਂ ਆਉਂਦੀ, ਮੈਂ ਆਪਣੀ ਕਮਜ਼ੋਰੀ ਮੰਨਦਾ ਹਾਂ "ਮਿਸਟਰ ਫ਼ੈਅਰਲੀ" ਉਹ ਬੋਲਿਆ; "ਮੈਂ ਬਲੈਕਵਾਟਰ ਪਾਰਕ ਤੋਂ ਆਇਆ ਹਾਂ, ਅਤੇ ਮੈਨੂੰ ਹੀ ਮੈਡਮ ਫ਼ੋਸਕੋ ਦੇ ਪਤੀ ਹੋਣ ਦਾ ਮਾਣ ਅਤੇ ਖੁਸ਼ੀ ਪ੍ਰਾਪਤ ਹੈ। ਮੈਂ ਇਸ ਰਿਸ਼ਤੇਦਾਰੀ ਦਾ ਪਹਿਲਾ ਅਤੇ ਅਖੀਰਲਾ ਫਾਇਦਾ ਅੱਜ ਉਠਾਉਣਾ ਚਾਹੁੰਦਾ ਹਾਂ; ਕਿ ਮੈਨੂੰ ਓਪਰਾ ਨਾ ਸਮਝਣਾ। ਬਸ ਇਹ ਮੇਰੀ ਬੇਨਤੀ ਹੈ ! ਤੁਸੀਂ ਮੇਰੀ ਖ਼ਾਤਿਰ ਨਾ ਹਿਲਣਾ ਅਤੇ ਨਾਂ ਹੀ ਕੁਰਸੀ ਤੋਂ ਉਠਣਾ। ਕਾਊਂਟ ਨੇ ਕਮਰੇ ਵਿਚ ਵੜਦਿਆਂ ਹੀ ਕਿਹਾ।

"ਤੁਸੀਂ ਬਹੁਤ ਚੰਗੇ ਹੋ, ਕਾਸ਼ ! ਮੇਰੇ ਵਿਚ ਏਨੀ ਹਿੰਮਤ ਹੁੰਦੀ, ਕਿ ਮੈਂ ਤੁਹਾਡਾ ਉੱਠਕੇ ਸਵਾਗਤ ਕਰ ਸਕਦਾ! ਤੁਹਾਨੂੰ ਲਿਮਰਿਜ ਵਿਚ ਵੇਖ ਕੇ ਬਹੁਤ ਪ੍ਰਸੰਨਤਾ ਹੋਈ ਹੈ, ਕੁਰਸੀ ਤੇ ਬੈਠੋ !'

"ਮੇਰੇ ਖਿਆਲ ਵਿਚ ਅੱਜ ਤੁਹਾਨੂੰ ਤਕਲੀਫ਼ ਹੈ?"

"ਜੀ ਹਾਂ-ਮੇਰਾ ਸਦਾ ਇਹੀ ਹਾਲ ਹੈ। ਮੇਰੇ ਨਰਵਜ਼ ਬਹੁਤ ਹੀ ਕਮਜ਼ੋਰ ਹਨ। ਅਤੇ ਸੂਖਮ ਹਨ।"

"ਜ਼ਿੰਦਗੀ ਵਿਚ ਮੈਨੂੰ ਬਹੁਤ ਕੁਛ ਪੜ੍ਹਨ ਦਾ ਮੌਕਾ ਮਿਲਿਆ ਹੈ।" ਉਸ ਹਮਦਰਦ ਆਦਮੀ ਨੇ ਕਿਹਾ, ' ਅਤੇ ਮੈਂ ਨਰਵਜ਼ ਦੀਆਂ ਬੇਅੰਤ ਤਕਲੀਫ਼ਾਂ ਬਾਰੇ ਅਧਿਐਨ ਕੀਤਾ ਹੈ। ਕੀ ਮੈਂ ਇਸ ਵੇਲੇ ਤੁਹਾਨੂੰ ਇਕ ਜੁਝਾ ਦੇ ਸਕਦਾ ਹਾਂ? ਕੀ ਮੈਂ ਤੁਹਾਡੇ ਕਮਰੇ ਦੀ ਰੋਸ਼ਨੀ ਦਾ ਮੂੰਹ ਦੂਜੇ ਪਾਸੇ ਕਰ ਸਕਦਾ ਹਾਂ?

"ਜ਼ਰੂਰ--ਪਰ ਮੇਰੇ ਮੂੰਹ ਉਤੇ ਜ਼ਰਾ ਵੀ ਰੋਸ਼ਨੀ ਨਾ ਆਏ।"

ਉਹ, ਖਿੜਕੀ ਤਕ ਗਿਆ। ਉਹ ਮੇਰੀਅਨ ਦੇ ਬਿਲਕੁਲ ਹੀ ਉਲਟ ਸੀ। ਹੌਲੀ ਹੌਲੀ ਤੁਰਦਾ ਸੀ; ਕੋਈ ਰੌਲਾ ਗੋਲਾ ਨਹੀਂ। ਬੀਮਾਰ ਦਾ ਖਿਆਲ ਰੱਖਣ ਵਾਲਾ ਜਾਪਦਾ ਸੀ।

"ਠੀਕ ਰੌਸ਼ਨੀ ਬਹੁਤ ਵੱਡੀ ਲੋੜ ਹੈ।" ਉਹਨੇ ਪਿਆਰ ਨਾਲ ਮੈਨੂੰ ਕਿਹਾ-ਰੌਸ਼ਨੀ ਹੀ ਜ਼ਿੰਦਗੀ ਬਖਸਦੀ ਹੈ ਅਤੇ ਪਾਲਦੀ ਹੈ ਇਕ ਫੁੱਲ ਵੀ ਉਹਦੇ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ, ਸੋ ਤੁਹਾਡੀ ਕਿਹੜੀ ਗੱਲ ਹੈ। ਵੇਖੋ ਮੈਂ ਤੁਹਾਡੇ ਸਾਹਮਣੇ ਇਹ ਸਾਬਤ ਕਰਦਾ ਹਾਂ। ਤੁਸੀਂ ਜਿੱਥੇ ਬੈਠੇ ਹੋ, ਮੈਂ ਖਿੜਕੀ ਦੇ ਭਿੱਤ ਬੰਦ ਕਰ ਦਿੱਤੇ ਹਨ, ਅਤੇ ਤੁਹਾਡੇ ਤੋਂ ਦੂਰ ਇਸ ਖਿੜਕੀ ਦੇ ਪਰਦੇ ਪਰ੍ਹੇ ਕਰਕੇ ਮੈਂ ਸੂਰਜ ਦੀ ਰੋਸ਼ਨੀ ਦੇ ਅੰਦਰ ਆਉਣ ਲਈ ਥਾਂ ਬਣਾਦਾ ਹਾਂ। ਰੋਸ਼ਨੀ ਨੂੰ ਜੇਕਰ ਤੁਸੀਂ ਆਪਣੇ ਮੂੰਹ ਤੇ ਪੈਣਾ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਉਹਨੂੰ ਕਮਰੇ ਵਿਚ ਆਉਣ ਜ਼ਰੂਰ ਦਿਉ। ਰੌਸ਼ਨੀ ਰੱਬ ਦੀ ਭੇਜੀ ਹੋਈ ਸੁਗਾਤ ਹੈ। ਸੋ ਤੁਸੀਂ ਇਸ ਨੂੰ ਨਾਂਹ ਨਾ ਕਰੋ। ਉਵੇਂ ਹੀ ਜਿਵੇਂ ਕਿਸਮਤ ਨੂੰ ਸਵੀਕਾਰ ਕਰਦੇ ਹੋ।"

ਮੈਂ ਉਹਦੀ ਗੱਲ ਦਿਲ ਹੀ ਦਿਲ ਵਿਚ ਮੰਨ ਲਈ। ਉਹ ਠੀਕ ਕਹਿ ਰਿਹਾ ਸੀ। ਘੱਟ ਤੋਂ ਘੱਟ ਰੌਸਨੀ ਬਾਰੇ ਜੋ ਵੀ ਉਹਨੇ ਕਿਹਾ ਸੀ, ਮੈਂ ਉਹਦੇ ਨਾਲ ਸਹਿਮਤ ਸਾਂ।

ਉਹ ਆਪਣੀ ਥਾਂ ਤੇ ਪਰਤ ਆਇਆ। "ਮਿਸਟਰ ਫ਼ੇਅਰਲੀ, ਤੁਹਾਡੇ ਸਾਹਮਣੇ ਮੈਂ ਘਬਰਾ ਗਿਆ ਹਾਂ, -ਤੁਸੀਂ ਦੇਖ ਰਹੇ ਹੋ ਨਾ?"

'ਪਰ ਕਿਉਂ? ਕੀ ਕਾਰਣ ਹੈ?" ਮੈਂ ਪੁੱਛਿਆ। "ਇਸ ਕਮਰੇ ਵਿਚ, ਜਿਥੇ ਤੁਸੀਂ ਬੀਮਾਰ ਹੋ ਕੇ ਬੈਠੇ ਹੋ ਅਤੇ ਕਲਾ ਦੇ ਕੀਮਤੀ ਨਮੂਨੇ ਤੁਹਾਡੇ ਦੁਆਲੇ ਪਏ ਹੋਏ ਹਨ। ਮੈਂ ਜਦੋਂ ਵੜ੍ਹਿਆ ਹੀ ਤਾਂ ਜਾਣ ਗਿਆ ਹਾਂ, ਕਿ ਤੁਸੀਂ ਬੜੇ ਹੀ ਭਾਵੁਕ ਹੋ ਅਤੇ ਛੋਟੀ ਤੋਂ ਛੋਟੀ ਗੱਲ ਤੁਹਾਨੂੰ ਪਰੇਸ਼ਾਨ ਕਰ ਦੇਂਦੀ ਹੈ। ਕੀ ਮੇਰਾ ਇਸ ਸਿੱਟੇ ਤੇ ਪੁੱਜਣਾ ਅਸੁਭਾਵਕ ਹੈ।"

ਜੇ ਮੈਂ ਇੰਨ੍ਹਾਂ ਸਿਹਤਮੰਦ ਹੁੰਦਾ ਕਿ ਆਪਣੀ ਕੁਰਸੀ ਵਿਚ ਸਿੱਧਾ ਬੈਠਾ ਹੁੰਦਾ, ਤਾਂ ਮੈਂ ਉਹਨੂੰ ਸਿਰ ਝੁਕਾ ਕੇ ਧੰਨਵਾਦ ਕਰਦਾ ਕਿ ਉਹ ਮੇਰਾ ਏਨਾ ਖਿਆਲ ਕਰ ਰਿਹਾ ਸੀ! ਪਰ ਮੇਰੇ ਵਿਚ ਇੰਨਾ ਸਾਹ ਸੱਤ ਨਹੀਂ ਸੀ, ਸੋ ਮੈਂ ਸਿਰਫ਼ ਮੁਸਕਰਾਇਆ, ਉਹ ਮੈਨੂੰ ਸਮਝਦਾ ਸੀ। "ਤਸੀਂ ਮੇਰੀ ਗੱਲ ਸੁਣਦੇ ਚਲੋਂ ! ਮੈਂ ਵੀ ਤੁਹਾਡੇ ਵਰਗਾ ਹੀ ਹਾਂ, ਮੈਂ ਵੀ ਤੁਹਾਡੇ ਵਾਂਗ ਕਲਾ ਨੂੰ ਬਹੁਤ ਪਿਆਰ ਕਰਦਾ ਹਾਂ ਅਤੇ ਮੈਨੂੰ ਤੁਹਾਡੇ ਸਾਹਮਣੇ ਨਿਗੂਣੇ ਘਰੋਗੀ ਝਮੇਲੇ ਰੱਖਦਿਆਂ ਸੱਚਮੁਚ ਸ਼ਰਮ ਆ ਰਹੀ ਹੈ, ਪਰ ਮਜ਼ਬੂਰੀ ਅਜਿਹੀ ਹੈ ਕਿ ਤੁਹਾਨੂੰ ਸਾਰੀ ਦੁਖਦਾਈ ਗੱਲ ਦੱਸਣੀ ਹੀ ਪਵੇਗੀ ਅਤੇ ਇਸਦਾ ਨਤੀਜਾ ਹੈ, ਇਹੀ ਹੈ ਕਿ ਮੈਂ ਘਬਰਾਇਆ ਹੋਇਆ ਹਾਂ, ਕਿ ਕੀ ਕਰਾਂ ਤੇ ਕਿਵੇਂ ਕਰਾਂ?"

ਜਦੋਂ ਉਹ ਇਥੇ ਪਹੁੰਚਿਆ ਤਾਂ ਮੈਨੂੰ ਉਹਦੇ ਤੇ ਸ਼ੱਕ ਹੋਣਾ ਸ਼ੁਰੂ ਹੋਇਆ ਕਿ ਉਹ ਹੁਣ ਮੈਨੂੰ ਪਰੇਸ਼ਾਨ ਕਰੇਗਾ। ਸੋ ਮੈਂ ਕਿਹਾ-

"ਕੀ ਇਨ੍ਹਾਂ ਦੁਖਦਾਈ ਘਟਨਾਵਾਂ ਜਾਂ ਮਾਮਲਿਆ ਨੂੰ ਮੇਰੇ ਤਕ ਪਹੁੰਚਾਣਾ ਹੁਣੇ ਹੀ ਜ਼ਰੂਰੀ ਹੈ, ਕਾਊਂਟ ਫ਼ੋਸਕੋ ਕੀ ਅਜੇ ਟਾਲਿਆ ਨਹੀਂ ਜਾ ਸਕਦੈ?"

ਕਾਊਂਟ ਨੇ ਬੜੀ ਗੰਭੀਰਤਾ ਨਾਲ ਹਉਕਾ ਭਰਿਆ ਤੇ ਆਪਣਾ ਸਿਰ ਨਾਂਹ ਵਿਚ ਹਿਲਾਇਆ।

"ਕੀ ਮੈਨੂੰ ਇਹ ਕਹਾਣੀ ਸੁਣਨੀ ਵੀ ਪਵੇਗੀ? ਉਹਨੇ ਆਪਣੇ ਮੋਢੇ ਛੰਡੇ (ਇਹ ਪਹਿਲੀ ਵਾਰ ਵਿਦੇਸ਼ੀ ਹਰਕਤ ਸੀ ਜਾਂ ਉਹਨੇ ਮੇਰੇ ਸਾਹਮਣੇ ਕੀਤੀ) ਉਹਨੇ ਮੇਰੀਆਂ ਅੱਖਾਂ

ਵਿਚ ਸਿੱਧਾ ਵੇਖਿਆ ਮੈਨੂੰ ਲੱਗਾ ਜਿਵੇਂ ਉਹਦੀ ਤੱਕਣੀ ਮੇਰੇ ਅੰਦਰ ਤਕ ਪਹੁੰਚ ਰਹੀ ਸੀ, ਮੈਂ ਹੋਰ ਸਹਿ ਨਾ ਸਕਿਆ ਤੇ ਆਪਣੀਆਂ ਅੱਖਾਂ ਬੰਦ ਕਰ ਲਈਆਂ।

"ਮੈਨੂੰ ਹੌਲੀ ਹੌਲੀ ਆਰਾਮ ਨਾਲ ਖਬਰ ਦਿਉ। ਕੀ ਕਿਸੇ ਦੀ ਮੌਤ ਹੋ ਗਈ ਹੈ? ਮੈਂ ਤਰਲਾ ਪਾ ਕੇ ਕਿਹਾ।

'ਅੰਤ।" ਉਹ ਅਵੇਗ ਵਿਚ ਚੀਕਿਆ।

"ਮਿਸਟਰ ਫ਼ੇਅਰਲੀ ਤੁਸੀਂ ਵੀ ਹੱਦ ਕਰ ਰਹੇ ਹੋ; ਮੈਂ ਕਿਹੜੀ ਗੱਲ ਅਜਿਹੀ ਕੀਤੀ ਹੈ- ਜਿਸ ਨਾਲ ਤੁਸੀਂ ਇਹ ਸਮਝ ਲਿਆ ਹੈ ਕਿ ਮੈਂ ਮੌਤ ਦਾ ਸੁਨੇਹਾ ਲਿਆਇਆ ਹਾਂ।"
"ਖਿਮਾ ਕਰਨਾ--ਤੁਸੀਂ ਕੁਝ ਨਹੀਂ ਕੀਤਾ, ਨਾ ਹੀ ਤੁਸੀਂ ਅਜਿਹਾ ਕੁਝ ਕਿਹਾ ਹੈ, ਪਰ ਮੈਂ ਇਨ੍ਹਾਂ ਮਾਮਲਿਆਂ ਵਿਚ ਸਭ ਤੋਂ ਪਹਿਲਾਂ ਸਭ ਤੋਂ ਭੈੜੀ ਖਬਰ ਪੁੱਛਦਾ ਹਾਂ ਤਾਂ ਜੋ ਮੈਨੂੰ ਬਹੁਤਾ ਧੱਕਾ ਨਾ ਲੱਗੇ। ਸੋ ਹੁਣ ਮੇਰੇ ਦਿਲ ਤੋਂ ਥੋੜ੍ਹਾ ਭਾਰ ਹਲਕਾ ਹੋਇਆ ਹੈ, ਹਾਂ ਤਾਂ ਕਿ ਕੋਈ ਬੀਮਾਰ ਹੈ?'

ਮੈਂ ਅੱਖਾਂ ਖੋਹਲੀਆਂ ਅਤੇ ਉਹਦੇ ਵੱਲ ਵੇਖਿਆ। ਕੀ ਉਹ ਜਦੋਂ ਅੰਦਰ ਆਇਆ ਸੀ; ਤਾਂ ਵੀ ਏਨਾ ਹੀ ਪੀਲਾ ਸੀ-? ਜਾਂ ਉਹ ਹੁਣ ਪੀਲਾ ਹੋ ਗਿਆ ਸੀ?-ਮੈਂ ਲੂਈ ਨੂੰ ਇਸ ਬਾਰੇ ਨਹੀਂ ਪੁੱਛ ਸਕਦਾ ਕਿਉਂਕਿ ਉਹ ਉਸ ਵੇਲੇ ਕਮਰੇ ਵਿਚ ਨਹੀਂ ਸੀ।

ਮੈਂ ਮੁੜ ਆਪਣੀ ਗੱਲ ਦੁਹਰਾਈ "ਕੀ ਕੋਈ ਬੀਮਾਰ ਹੈ?"

"ਹਾਂ, ਮੇਰੀ ਖਬਰ ਇਹੀ ਹੈ, ਮਿਸਟਰ ਫ਼ੇਅਰਲੀ ਕੋਈ ਬੀਮਾਰ ਹੈ?"

"ਮੈਨੂੰ ਸੁਣ ਕੇ ਬੜਾ ਦੁੱਖ ਹੈ,- ਕੌਣ ਬੀਮਾਰ ਹੈ?"

"ਮੈਂ ਬੜੇ ਅਫਸੋਸ ਨਾਲ ਇਹ ਖ਼ਬਰ ਦੇ ਰਿਹਾ ਹਾਂ, ਮਿਸ ਹਾਲਕੌਂਬ ਬੀਮਾਰ ਹੈ, ਸ਼ਾਇਦ ਤੁਸੀਂ ਇਸ ਖ਼ਬਰ ਲਈ ਤਿਆਰ ਸਾਉ! ਕਿਉਂਕਿ ਤੁਹਾਡੇ ਕਹਿਣ ਅਨੁਸਾਰ ਨਾ ਹੀ ਮਿਸ ਹਾਲਕੌਂਬ ਆਪ ਆਈ, ਅਤੇ ਨਾ ਹੀ ਉਹਨੇ ਕੋਈ ਹੋਰ ਚਿੱਠੀ ਲਿਖੀ, ਕੀ ਤੁਸੀਂ ਇਹੀ ਫਿਕਰ ਕਰ ਰਹੇ ਸੀ ਕਿ ਕਿਧਰੋਂ ਉਹ ਬੀਮਾਰ ਨਾ ਹੋਵੇ।"

ਜਦ ਮੇਰੀਅਨ ਦੀ ਚਿੱਠੀ ਨਹੀਂ ਸੀ ਆਈ ਤਾਂ ਮੇਰੇ ਦਿਲ ਵਿਚ ਇਹੀ ਖਿਆਲ ਆਇਆ ਸੀ, ਕਿ ਕਿਧਰੇ ਉਹ ਬੀਮਾਰ ਤਾਂ ਨਹੀਂ, ਪਰ ਉਸ ਵੇਲੇ ਮੇਰੀ ਯਾਦ ਇਵੇਂ ਧੋਖਾ ਦੇ ਗਈ ਕਿ ਮੇਰੇ ਮਨ ਇਹ ਗੱਲ ਉੱਕਾਂ ਹੀ ਲਹਿ ਗਈ ਸੀ, ਖੈਰ ਮੈਂ ਕਾਂਊਟ ਦੇ ਉੱਤਰ ਵਿਚ

ਹਾਂ ਕਹਿ ਦਿਤੀ। ਇਹ ਬੜੀ ਅਚਾਨਕ ਖਬਰ ਮਿਲੀ ਸੀ। ਮੇਰੀਅਨ ਵਰਗੀ ਸਿਹਤਮੰਦ ਅਤੇ ਤਕੜੀ ਕੁੜੀ ਦਾ ਬਿਮਾਰ ਹੋਣਾ ਕੋਈ ਸੁਭਾਵਕ ਨਹੀਂ ਸੀ ਲਗ ਰਿਹਾ। ਮੈਂ ਸੋਚਿਆ, ਸ਼ਾਇਦ ਕੋਈ ਦੁਰਘਟਨਾ ਹੋਈ ਹੋਵੇਗੀ ਸ਼ਾਇਦ ਉਹ ਪੌੜੀਆਂ ਤੋਂ ਡਿਗ ਪਈ ਹੈ, ਜਾਂ ਘੋੜੇ ਤੋਂ ਕੋਈ ਜਿਹੀ ਗੱਲ ਹੀ ਹੋਈ ਹੋਵੇਗੀ।

"ਕੀ ਉਹ ਬਹੁਤੀ ਬਿਮਾਰ ਹੈ?"

'ਹਾਂ, ਹਾਲਤ ਗੰਭੀਰ ਹੈ, ਪਰ ਖਤਰਨਾਕ ਨਹੀਂ-ਘੱਟ ਤੋਂ ਘੱਟ ਮੈਂ ਇਹ ਅਰਦਾਸ ਕਰਦਾ ਹਾਂ। ਮਿਸ ਹਾਲਕੌਂਬ ਬਾਰਸ਼ ਵਿਚ ਭਿਜਦੀ ਰਹੀ ਹੈ, ਬਾਰਸ਼ ਬਹੁਤ ਤੇਜ਼ ਸੀ। ਉਸ ਤੋਂ ਮਗਰੋਂ ਜੁਕਾਮ ਸੀ-ਹੁਣ ਜੁਕਾਮ ਦੇ ਨਾਲ ਬੁਖਾਰ ਵੀ ਹੈ।"

ਜਦੋਂ ਮੈਂ ਇਹ 'ਬੁਖਾਰ' ਸ਼ਬਦ ਸੁਣਿਆ, ਅਤੇ ਨਾਲ ਹੀ ਇਹ ਸੋਚਿਆ ਕਿ ਇਹ ਬੰਦਾ ਵੀ ਸਿਧਾ ਉਥੋਂ ਹੀ ਆ ਰਿਹਾ ਹੈ, ਮੈਨੂੰ ਲਗਾ ਕਿ ਮੈਂ ਬੇਹੋਸ਼ ਹੀ ਹੋਣ ਲਗਾ ਸੀ।

"ਕੀ ਇਹ ਬੁਖਾਰ ਛੂਤ ਵਾਲਾ ਹੈ-?

"ਅਜੇ ਤਾਂ ਨਹੀਂ।" ਉਹਦੇ ਚਿਹਰੇ ਤੇ ਘਬਰਾਹਟ ਦਾ ਨਾਂ ਵੀ ਨਹੀਂ ਸੀ-'ਪਰ ਹੋ ਸਕਦਾ ਹੈ-ਛੂਤ ਵਾਲਾ ਹੋ ਜਾਏ, ਜਦ ਮੈਂ ਬਲੈਕਵਾਟਰ ਪਾਰਕ ਤੋਂ ਤੁਰਿਆ ਸਾਂ, ਉਦੋਂ ਤਕ ਤਾਂ ਇਹ ਹਾਲ ਹੀ ਨਹੀਂ ਸੀ। ਮੈਨੂੰ ਇਸ ਬੀਮਾਰੀ ਦੀ ਬੜੀ ਚਿੰਤਾ ਹੈ, ਅਤੇ ਮੈਂ ਵੀ ਡਾਕਟਰ ਦੇ ਨਾਲ ਨਾਲ ਸੇਵਾ ਅਤੇ ਦੇਖ ਭਾਲ ਕਰਦਾ ਰਿਹਾ ਹਾਂ, ਸੋ ਤੁਸੀਂ ਮੇਰੇ ਤੇ ਯਕੀਨ ਕਰੋ ਇਹ ਛੂਤ ਵਾਲਾ ਬੁਖਾਰ ਨਹੀਂ।"

ਮੈਂ ਉਹਦੀ ਗੱਲ ਕਿਵੇਂ ਮੰਨ ਜਾਂਦਾ, ਜੇ ਉਹ ਹਜ਼ਾਰ ਸੋਹਾਂ ਵੀ ਚੁਕਦਾ ਤਾਂ ਵੀ ਮੈਂ ਮੰਨਣ ਨੂੰ ਤਿਆਰ ਨਹੀਂ ਸਾਂ। ਉਹਦਾ ਪੀਲਾ ਰੰਗ ਵੀ ਅਨੁਭਾਵਕ ਹੀ ਸੀ -ਇਸ ਲਈ ਮੈਂ ਉਹਦੇ ਤੋਂ ਇਤਬਾਰ ਨਹੀਂ ਸੀ ਕਰ ਸਕਦਾ। ਉਹ ਤਾਂ ਆਪ ਹੀ ਤੁਰਦੀ ਫਿਰਦੀ ਪਲੇਗ ਲੱਗ ਰਿਹਾ ਸੀ, ਉਹ ਦਾ ਆਕਾਰ ਏਨਾ ਵਿਸ਼ਾਲ ਸੀ ਕਿ ਉਹ ਟਾਈਵਸ ਅਤੇ ਸਕਾਰਲੈਟ ਫੀਵਰ ਟਨਾਂ ਦੇ ਹਿਸਾਬ ਅਤੇ ਕਈ ਹੋਰ ਬੀਮਾਰੀਆਂ ਦੀ ਪੰਡ ਚੁੱਕ ਕੇ ਲਿਆ ਸਕਦਾ ਸੀ, ਕਈ ਵਾਰ ਮੈਂ ਝੱਟ ਹੀ ਆਪਣਾ ਫੈਮਲਾ ਕਰ ਲੈਂਦਾ ਹਾਂ। ਮੈਂ ਪਲਕ ਝਮਕਦਿਆਂ ਹੀ ਇਹ ਨਿਸ਼ਚਾ ਕੀਤਾ ਕਿ ਇਹ ਨੂੰ ਮਗਰੋਂ ਲਾਹ ਦਿਆਂ। ਮੈਂ ਰਤਾ ਔਖਾ ਜਿਹਾ ਬੋਲਿਆ --

ਮੈਂ ਆਪ ਬੀਮਾਰ ਹਾਂ। ਸੋ ਮੇਰੇ ਨਾਲ ਕਿਸੇ ਬੀਮਾਰੀ ਦੀ ਗੱਲ ਕਰਨਾ ਤਾਂ ਮੈਨੂੰ ਫਜ਼ੂਲ ਵਿਚ ਪ੍ਰੇਸ਼ਾਨ ਕਰਨਾ ਹੈ ! ਕੀ ਮੈਂ ਪੁੱਛ ਸਕਦਾ ਹਾਂ, ਕਿ ਤੁਹਾਡੇ ਇਥੇ ਆਉਣ ਦਾ ਕੀ ਮਨੋਰਥ ਹੈ?"

ਮੈਨੂੰ ਪੱਕਾ ਯਕੀਨ ਸੀ ਕਿ ਮੇਰੇ ਇਹ ਦੱਸਣ ਦੀ ਢਿਲ ਹੋਵੇਗੀ ਕਿ ਉਹ ਘਬਰਾ ਜਾਏਗਾ, ਅਤੇ ਮੇਰੇ ਕੋਲੋਂ ਖਿਮਾਂ ਮੰਗਦਾ ਹੋਇਆ ਕਮਰੇ ਵਿਚੋਂ ਗਾਇਬ ਹੋ ਜਾਏਗਾ। ਪਰ ਨਹੀਂ, ਉਹ ਸਗੋਂ ਹੋਰ ਨਿੱਠ ਕੇ ਬਹਿ ਗਿਆ, ਅਤੇ ਗੰਭੀਰ ਤਕਣੀਆਂ ਨਾਲ ਮੈਨੂੰ ਵੇਖਣ ਲਗ ਪਿਆ। ਉਹਨੇ ਆਪਣੀਆਂ ਦੋ ਭਦੀਆਂ ਉਂਗਲਾਂ ਅਗੇ ਕੀਤੀਆਂ। ਮੈਂ ਕੀ ਕਰਦਾ? ਮੈਂ ਇੰਨਾ ਤਾਕਤਵਰ ਨਹੀਂ ਸਾਂ ਕਿ ਉਸ ਨਾਲ ਲੜਾਈ ਛੇੜਦਾ-ਹੁਣ ਮੇਰੀ ਹਾਲਤ ਦਾ ਤੁਸੀਂ ਆਪ ਅੰਦਾਜ਼ਾ ਲਾ ਲਵੋ-ਕੀ ਕੋਈ ਸ਼ਬਦ ਹਨ- ਜੋ ਇਸ ਨੂੰ ਪੂਰੀ ਤਰ੍ਹਾਂ ਬਿਆਨ ਕਰ ਸਕਦੇ ਹਨ? ਮੇਰੇ ਵਿਚਾਰ ਵਿਚ ਕੋਈ ਸ਼ਬਦ ਨਹੀਂ ਜੋ ਦਸ ਸਕਣ ਕਿ ਮੈਂ ਉਸ ਵੇਲੇ ਕੀ ਮਹਿਸੂਸ ਕਰ ਰਿਹਾ ਸਾਂ। ਪਰ ਕਾਊਂਟ ਬੋਲਦਾ ਗਿਆ--

"ਮੇਰੇ ਇਥੇ ਆਣ ਦੇ ਦੋ ਉਦੇਸ਼ ਹਨ ਜੋ ਮੇਰੀਆਂ ਉਂਗਲਾਂ ਤੇ ਗਿਣੇ ਹੋਏ ਹਨ, ਪਹਿਲਾ- ਕਿ ਮੈਂ ਬੜੇ ਡੂੰਘੇ ਦੁੱਖ ਨਾਲ ਇਸ ਸਚਾਈ ਨੂੰ ਸਵੀਕਾਰ ਕਰਦਾ ਹਾਂ, ਕਿ ਸਰ ਪਰਸੀਵਲ ਅਤੇ ਲੇਡੀ ਗਲਾਈਡ ਵਿਚਕਾਰ ਸਚਮੁਚ ਹੀ ਝਗੜਾ ਹੈ। ਮੈਂ ਸਰ ਪਰਸੀਵਲ ਦਾ ਪੁਰਾਣਾ ਦੋਸਤ ਅਤੇ ਮਿੱਤਰ ਹਾਂ, ਮੈਂ ਲੱਡੀ ਗਲਾਈਡ ਦਾ ਫੁਫੜ ਹਾਂ, ਅਤੇ ਮੈਂ ਬਲੈਕਵਾਟਰ ਪਾਰਕ ਵਿਚ ਸ਼ੁਰੂ ਤੋਂ ਲੈ ਕੇ ਅੰਤ ਤਕ ਜੋ ਕੁਝ ਹੋਇਆ ਹੈ ਉਹ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਇਸ ਲਈ ਮੈਂ ਜੋ ਕਹਿ ਰਿਹਾ ਹਾਂ, ਉਹ ਅੱਖਰ-ਅੱਖਰ ਸੱਚ ਹੈ। ਤੁਸੀਂ ਲੇਡੀ ਗਲਾਈਡ ਦੇ ਪੇਕੇ ਘਰ ਵਿਚ ਇਕੋ ਇਕ ਬਜ਼ੁਰਗ ਹੋ, ਇਸ ਲਈ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਕੀ ਮਿਸ ਹਾਲਕੌਂਬ ਨੇ ਤੁਹਾਨੂੰ ਲਿਖਿਆ ਸੀ, ਸਗੋਂ ਉਸ ਵਿਚ ਉਹ ਨੇ ਕੋਈ ਗੱਲ ਵਧਾ ਕੇ ਨਹੀਂ ਲਿਖੀ ਸੀ ਅਤੇ ਉਹ ਨੇ ਜੋ ਇਸ ਸਮਸਿਆ ਦਾ ਹਲ ਸੁਲਝਾਇਆ ਸੀ, ਉਹ ਬਿਲਕੁਲ ਠੀਕ ਹੈ। ਇਸ ਨਾਲ ਲੋਕ ਤੁਹਾਡੀ ਬਦਨਾਮੀ ਤਾਂ ਨਹੀਂ ਕਰਨਗੇ। ਇਸ ਵੇਲੇ ਉਹਨਾਂ ਪਤੀ ਪਤਨੀ ਨੂੰ ਵੱਖ ਕਰਨਾ ਹੀ ਠੀਕ ਸਲਾਹ ਹੈ, ਇਸ ਵੇਲੇ ਉਨ੍ਹਾਂ ਨੂੰ ਵੱਖ-ਵੱਖ ਕਰ ਦਿਆਂਗੇ, ਅਤੇ ਜਦੋਂ ਇਹ ਝਗੜੇ ਠੰਢੇ ਪੈ ਗਏ ਤਾਂ ਮੈਂ ਆਪ ਸਰ ਪਰਸੀਵਲ ਨੂੰ

ਸਮਝਾਵਾਂਗਾ। ਲੇਡੀ ਗਲਾਈਡ ਨਿਰਦੋਸ਼ ਹੈ, ਉਹਦਾ ਕੋਈ ਕਸੂਰ ਨਹੀਂ ਸਗੋਂ ਉਹ ਦੇ ਨਾਲ ਵਧੀਕੀ ਹੋਈ ਹੈ, ਪਰ ਇਸੇ ਲਈ-ਤੁਸੀਂ ਮੇਰੀ ਗੱਲ ਧਿਆਨ ਨਾਲ ਸੁਣ ਰਹੇ ਹੋ ਨਾ? ਹਾਂ, ਉਹ ਬੇਕਸੂਰ ਹੈ ਇਹੀ ਕਾਰਣ ਹੈ--ਕਿ ਉਸਦਾ ਪਤੀ ਉਸ ਨਾਲ ਖਿਝਿਆ ਹੋਇਆ ਹੈ, ਜਿੰਨੀ ਦੇਰ ਉਹ ਉਥੇ ਰਹੇਗੀ ਇਹੀ ਹਾਲ ਰਹੇਗਾ। (ਕਿੰਨੀ ਸ਼ਰਮ ਦੀ ਗੱਲ ਹੈ) ਹੁਣ ਉਹ ਹੋਰ ਕਿਧਰੇ ਨਹੀਂ ਜਾ ਸਕਦੀ। ਇਕ ਤੁਹਾਡਾ ਹੀ ਘਰ ਹੈ ਜਿਥੇ ਉਹ ਉਸੇ ਸਨਮਾਨ ਨਾਲ ਆ ਸਕਦੀ ਹੈ, ਜਿਸ ਦੇ ਉਹ ਯੋਗ ਹੈ। ਮੈਂ ਤੁਹਾਨੂੰ ਕਹਿੰਦਾ ਹਾਂ, ਕਿ ਉਸ ਨੂੰ ਤੁਸੀਂ ਆਪਣੇ ਘਰ ਜ਼ਰੂਰ ਬੁਲਾਉ।"

ਵਾਹਵਾ ! ਰਤਾ ਸਬਰ ਕਰ ਕੇ ਇਹ ਗੱਲ ਸੋਚੋ ! ਵਿਆਹ ਦੀ ਖੇਤੀ ਉਤੇ ਗੜੇਮਾਰ ਦੱਖਣੀ ਇੰਗਲੈਂਡ ਵਿਚ ਹੋ ਰਹੀ ਹੈ, ਅਤੇ ਮੈਨੂੰ ਇਹ ਆਦਮੀ ਜਿਸ ਦੀ ਕੋਟ ਦੀ ਹਰ ਤਹਿ ਵਿਚ ਬੁਖਾਰ ਲੁਕਿਆ ਹੋਇਆ ਹੈ, ਮੈਨੂੰ ਉਤਰੀ ਇੰਗਲੈਂਡ ਵਿਚ ਸੱਦਾ ਦੇਣ ਆਇਆ ਹੈ ਕਿ ਮੈਂ ਵੀ ਚਲ ਕੇ ਉਸ ਦੀ ਵਾਛੜ ਵਿਚ ਖਲੋਵਾਂ। ਮੈਂ ਉਹਨੂੰ ਇਹ ਗੱਲ ਇਸੇ ਰੂਪ ਵਿਚ ਸਮਝਾਣੀ ਚਾਹੀ, ਪਰ ਉਹਨੇ ਆਪਣੀ ਇਕ ਭਦੀ ਉਂਗਲ ਥੱਲੇ ਰਖੀ, ਅਤੇ ਦੂਜੀ ਉਪਰ ਚੁੱਕ ਕੇ ਮੈਨੂੰ ਚੁੱਪ ਕਰਾਂਦਿਆਂ ਆਪਣੀ ਗੱਲ ਜਾਰੀ ਰਖੀ। ਉਹ ਉਸ ਕੋਚਵਾਨ ਵਾਂਗ ਮੇਰੇ ਤੇ ਚੜ੍ਹੀ ਆ ਰਿਹਾ ਸੀ- ਜੋ ਰਾਹ ਚਲਦੇ ਮੁਸਾਫਿਰਾਂ ਨੂੰ 'ਬਚੋ' ਤਕ ਨਹੀਂ ਕਹਿੰਦਾ, ਅਤੇ ਸੱਜੇ ਖੱਬੇ ਉਨ੍ਹਾਂ ਨੂੰ ਹੇਠਾਂ ਲਤਾੜਦਾ ਵਧਦਾ ਜਾਂਦਾ ਹੈ। ਉਹਨੇ ਕਿਹਾ-

"ਮੇਰੀ ਦੂਜੀ ਗੱਲ ਵੀ ਧਿਆਨ ਨਾਲ ਸੁਣੋ, ਪਹਿਲੀ ਤੇ ਤੁਸੀਂ ਸੁਣ ਹੀ ਚੁਕੇ ਹੋ। ਸੋ ਉਹੀ ਕੰਮ ਕਰਨ ਲਈ ਆਇਆ ਹਾਂ ਜੋ ਮਿਸ ਹਾਲਕੌਂਬ ਨੇ ਕਰਨ ਤੁਹਾਡੇ ਕੋਲ ਆਣਾ ਸੀ, ਪਰ ਉਹ ਆਪਣੀ ਬਿਮਾਰੀ ਦੇ ਕਾਰਨ ਨਹੀਂ ਆ ਸਕਦੀ। ਬਲੈਕਟਾਵਰ ਪਾਵਰ ਵਿਚ ਮੇਰੀ ਰਾਇ ਬਿਨਾਂ ਕੁਝ ਨਹੀਂ ਹੁੰਦਾ, ਮਿਸ ਹਾਲਕੌਂਬ ਵੱਲ ਤੁਹਾਡੀ ਚਿੱਠੀ ਉਤੇ ਮੇਰੇ ਕੋਲੋਂ ਬਲੈਕਵਾਟਰ ਪਾਰਕ ਵਿਚ ਰਾਇ ਪੁੱਛੀ ਗਈ ਸੀ। ਮੈਨੂੰ ਇਕ ਦਮ ਸਮਝ ਆ ਗਈ ਕਿ ਤੁਸੀਂ ਕੀ ਚਾਹੁੰਦੇ ਹੋ। ਤੁਸੀਂ ਬਿਲਕੁਲ ਠੀਕ ਇਤਰਾਜ਼ ਪੇਸ਼ ਕਰ ਰਹੇ ਹੋ ਤੁਸੀਂ ਪਤਨੀ ਨੂੰ ਇਥੇ ਬੁਲਾ ਲਵੋ ਅਤੇ ਪਤੀ ਉਹ ਦੇ ਪਿਛੇ ਆਏ ਤੇ ਆ ਕੇ ਤੁਹਾਡੇ ਨਾਲ ਲੜਾਈ ਲਵੇ। ਅਤੇ ਇਹੋ ਜਿਹੀਆਂ ਸਲਾਹਾਵਾਂ ਮਸ਼ਵਰੇ ਚਿੱਠੀਆਂ ਰਾਹੀਂ ਨਹੀਂ ਹੋ ਸਕਦੇ, ਤੁਹਾਡੀ ਇਹ ਗੱਲ ਵੀ ਵਾਜਬ ਹੈ। ਇਹੀ ਕਾਰਣ ਹੈ ਕਿ ਮੈਂ ਆਪ ਏਨੀ ਤਕਲੀਫ ਉਠਾ ਕੇ ਤੁਹਾਡੇ ਕੋਲ ਪਹੁੰਚਿਆ ਹਾਂ। ਮੈਂ ਸਰ ਪਰਸੀਵਲ ਨੂੰ ਮਿਸ ਹਾਲਕੌਂਬ ਤੋਂ ਵਧੇਰੇ ਚੰਗੀ ਤਰ੍ਹਾਂ ਅਤੇ ਨੇੜਿਉਂ ਜਾਣਦਾ ਹਾਂ,

ਇਸ ਲਈ ਇਸ ਗੱਲ ਦਾ ਭਰੋਸਾ ਮੈਂ ਤੁਹਾਨੂੰ ਸੌਂਹ ਚੁੱਕ ਕੇ ਦੇਂਦਾ ਹੈ, ਕਿ ਜਦ ਤਕ ਲੇਡੀ ਗਲਾਈਡ ਇਥੇ ਤੁਹਾਡੇ ਘਰ ਰਵੇਗੀ, ਉਹ ਇਥੇ ਨਾ ਹੀ ਕੋਈ ਚਿੱਠੀ ਪੱਤਰ ਲਿਖੇਗਾ, ਅਤੇ ਨਾ ਹੀ ਆਪ ਆਏਗਾ। ਉਹ ਇਸ ਵੇਲੇ ਪਰੇਸ਼ਾਨ ਹੈ, ਉਹ ਨੂੰ ਇਸ ਵੇਲੇ ਆਜ਼ਾਦੀ ਦੀ ਲੋੜ ਹੈ; ਉਹ ਲੇਡੀ ਗਲਾਈਡ ਦੇ ਇਥੇ ਆਉਂਦਿਆਂ ਹੀ ਯੌਰਪ ਚਲਾ ਜਾਏਗਾ, ਕੀ ਇਹ ਗੱਲ ਸਪੱਸ਼ਟ ਹੈ? ਜੇ ਤੁਸੀਂ ਕੋਈ ਪ੍ਰਸ਼ਨ ਪੁਛਣਾ ਹੈ। ਤਾਂ ਮੈਨੂੰ ਪੁੱਛੋ, ਮਿਸਟਰ ਫੇਅਰਲੀ, ਮੈਂ ਤੁਹਾਡੀ ਪੂਰੀ ਤਸੱਲੀ ਕਰਾਂਗਾ। ਤੁਸੀਂ ਪੁੱਛੋ ਜੋ ਵੀ ਪੁੱਛਣਾ ਹੈ, ਨਿਝੱਕ ਪੁਛੋ।"

ਮੇਰੇ ਨਾਂਹ ਨੁਕਰ ਕਰਦਿਆਂ ਵੀ ਉਹ ਕਿੰਨਾ ਕੁਝ ਕਹਿ ਗਿਆ ਸੀ ਅਤੇ ਅਜੇ ਲਗਦਾ ਸੀ ਕਿ ਉਹ ਮੇਰੇ ਮਨ੍ਹਾਂ ਕਰਨ ਤੇ ਰੁਕੇਗਾ ਨਹੀਂ, ਅਜੇ ਵੀ ਬੋਲੀ ਜਾਏਗਾ। ਸੋ ਮੈਂ ਉਹਦੇ ਕੋਲੋਂ ਕੁਝ ਨਾ ਪੁਛਣ ਵਿਚ ਹੀ ਆਪਣੀ ਭਲਾਈ ਸਮਝੀ।

"ਮੈਂ ਤੁਹਾਡਾ ਧੰਨਵਾਦੀ ਹਾਂ।" ਮੈਂ ਕਿਹਾ। "ਮੇਰੀ ਸਿਹਤ ਦਿਨੋਂ ਦਿਨ ਹੇਠਾਂ ਹੀ ਹੇਠਾਂ ਜਾ ਰਹੀ ਹੈ। ਮੈਂ ਤੁਹਾਡੀ ਤਕਲੀਫ ਲਈ ਰਿਣੀ ਹਾਂ। ਜੇ ਮੈਂ ਕਦੀ ਠੀਕ ਹੋ ਗਿਆ ਤੇ ਤਹਾਨੂੰ ਮੁੜ ਮਿਲਣ ਦਾ ਮੌਕਾ ਮਿਲਿਆ ਤਾਂ...."

ਉਹ ਉਠ ਖੜੋਤਾ-। ਮੈਂ ਸਮਝਿਆ ਉਹ ਜਾ ਰਿਹਾ ਹੈ। ਨਹੀਂ, ਅਜੇ ਕਿਥੇ! ਉਹ ਨੇ ਹਰ ਲੈਕਚਰ ਦੇਣਾ ਸੀ, ਅਜੇ ਉਸ ਬੁਖਾਰ ਦਾ ਛੂਤ ਹੋਰ ਏਥੇ ਖਿਲਾਰਨੀ ਸੀ ! ਮੇਰੇ ਕਮਰੇ ਵਿਚ ਹੀ ਅੱਜ ਇਹ ਸਭ ਕੁਝ ਉਹਨੇ ਕਰਨਾ ਸੀ, ਯਾਦ ਰਖੋ, ਮੇਰੇ ਕਮਰੇ ਵਿਚ।

"ਮੈਂ ਜਾਣ ਤੋਂ ਪਹਿਲਾਂ ਥੋੜਾ ਸਮਾਂ ਤੁਹਾਡਾ ਹੋਰ ਲਵਾਂਗਾ। ਮੈਂ ਤੁਹਾਨੂੰ ਇਹ ਕਹਿਣਾ ਹੈ ਕਿ ਤੁਸੀਂ ਇਹ ਨਾਜ਼ਕ ਵਕਤ ਪਛਾਣੋ, ਤੁਸੀਂ ਮਿਸ ਹਾਲਕੌਂਬ ਦੇ ਠੀਕ ਹੋਣ ਤਕ ਨਹੀਂ ਉਡੀਕ ਸਕਦੇ। ਤੁਹਾਨੂੰ ਨਹੀਂ ਉਡੀਕਣਾ ਚਾਹੀਦਾ। ਮਿਸ ਹਾਲਕੌਂਬ ਦੇ ਕੋਲ ਇਕ ਡਾਕਟਰ ਹੈ, ਇਕ ਹਾਊਸ-ਕੀਪਰ, ਅਤੇ ਇਕ ਤਜ਼ਰਬਾਕਾਰ ਨਰਸ ਹੈ। ਇਹ ਤਿੰਨੋਂ ਹੀ ਬੜੇ ਵਫਾਦਾਰ ਹਨ। ਲੇਡੀ ਗਲਾਈਡ ਦੀ ਸਿਹਤ ਆਪਣੀ ਭੈਣ ਦੀ ਬੀਮਾਰੀ ਕਰਕੇ ਹੋਰ ਵੀ ਖਰਾਬ ਹੋ ਗਈ ਹੈ, ਅਤੇ ਉਹ ਇਸ ਕਾਬਲ ਨਹੀਂ ਕਿ ਉਹਦੀ ਕੁਝ ਵੀ ਸੇਵਾ ਕਰ ਸਕੇ। ਉਧਰ ਉਹਦੇ ਆਪਣੇ ਪਤੀ ਨਾਲ ਸੰਬੰਧ ਬਹੁਤ ਹੀ ਨਾਜ਼ੁਕ ਹੋ ਗਏ ਹਨ। ਜੇ ਤੁਸੀਂ ਉਹਨੂੰ ਅਜੇ ਵੀ ਬਲੈਕਵਾਟਰ ਪਾਰਕ ਵਿਚ ਰਹਿਣ ਲਈ ਮਜ਼ਬੂਰ ਕਰੋਗੇ, ਤਾਂ ਉਹ ਦੀ ਸਿਹਤ ਉਤੇ ਜੋ ਅਸਰ ਪਵੇਗਾ ਸੋ ਤੇ ਪਵੇਗਾ ਹੀ, ਤੁਹਾਨੂੰ ਵੀ ਬਦਨਾਮੀ ਦਾ ਸਾਹਮਣਾ ਕਰਨਾ ਪਵੇਗਾ। ਸਾਨੂੰ

ਸਭ ਨੂੰ ਹੀ ਆਪਣੇ ਖ਼ਾਨਦਾਨ ਦੀ ਇੱਜ਼ਤ ਬਚਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ, ਅਤੇ ਤੁਸੀਂ ਜਲਦੀ ਤੋਂ ਜਲਦੀ ਹੀ ਲੇਡੀ ਗਲਾਈਡ ਨੂੰ ਇਥੇ ਆਉਣ ਲਈ ਸੱਦ ਭੇਜੋ। ਆਪਣੇ ਮੋਢਿਆਂ ਤੋਂ ਇਹ ਜ਼ਿੰਮੇਵਾਰੀ ਲਾਹ ਸੁਟੋ, ਨਹੀਂ ਤਾਂ ਕੱਲ ਸਾਰੇ ਤੁਹਾਨੂੰ ਹੀ ਦੋਸ਼ ਦੇਣਗੇ, ਕਿ ਤੁਸੀਂ ਦੇਰ ਕੀਤੀ ਸੀ। ਇਹੀ ਤੁਹਾਡੇ ਪਿਆਰ ਅਤੇ ਇੱਜ਼ਤ ਦਾ ਕਰਤੱਵ ਹੈ। ਭਵਿਸ਼ ਵਿਚ ਜੋ ਵੀ ਹੋਵੇਗਾ, ਕੋਈ ਤੁਹਾਨੂੰ ਤੇ ਦੋਸ਼ੀ ਨਹੀਂ ਠਹਿਰਾਏਗਾ। ਮੈਂ ਆਪਣੇ ਵਿਸ਼ਾਲ ਤਜਰਬੇ ਤੋਂ ਤੁਹਾਨੂੰ ਸਮਝਾ ਰਿਹਾ ਹਾਂ, ਇਹੀ ਮੇਰੀ ਸਲਾਹ, ਅਤੇ ਰਾਇ ਹੈ। ਕੀ ਤੁਸੀਂ ਮੰਨ ਰਹੇ ਹੋ ਕਿ ਨਹੀਂ? ਸਵੀਕਾਰ ਕਰਦੇ ਹੋ ਕਿ ਨਹੀਂ?"

ਮੈਂ ਉਹ ਦੇ ਵੱਲ ਵੇਖਿਆ, ਕਿਹਾ ਕੁਝ ਨਹੀਂ - ਬਸ ਸਿਰਫ ਤੱਕਿਆ ! ਅਤੇ ਮੈਨੂੰ ਖਿਆਲ ਆਇਆ ਕਿ ਮੈਂ ਕਿਉਂ ਨਾਂ ਲੂਈ ਨੂੰ ਬੁਲਾ ਕੇ ਇਹਨੂੰ ਕਮਰੇ ਵਿਚੋਂ ਬਾਹਰ ਕੱਢਾਂ। ਇਹ ਮੇਰੇ ਚਿਹਰ ਤੋਂ ਵੀ ਪ੍ਰਤੱਖ ਜ਼ਾਹਿਰ ਸੀ। ਪਰ ਉਸ ਨੂੰ ਇਸਦਾ ਕੋਈ ਅਸਰ ਨਹੀਂ ਹੋਇਆ। ਮੇਰਾ ਖਿਆਲ ਹੈ ਕਿ ਉਹਦੀ ਬਣਤਰ ਵਿਚ ਕਿਧਰੇ ਵੀ ਨਰਵਸ ਦਾ ਨਾਂ ਨਹੀਂ ਸੀ।

"ਤੁਸੀਂ" ਝਿਜਕ ਰਹੇ ਹੋ ਮਿਸਟਰ ਫ਼ੇਅਰਲੀ ਹੈ-ਮੈਂ ਸਮਝਦਾ ਹਾਂ, ਵੇਖੋ, ਮੈਂ ਤੁਹਾਡੇ ਦਿਲ ਦੀ ਗੱਲ ਤੁਹਾਡੇ ਬੋਲਣ ਬਿਨਾਂ ਹੀ ਸਮਝ ਜਾਂਦਾ ਹਾਂ, ਤੁਸੀਂ ਇਹ ਸੋਚ ਰਹੇ ਹੋ ਕਿ ਲੇਡੀ ਗਲਾਈਡ ਇਹ ਲੰਮਾ ਸਫ਼ਰ ਇਕਲਿਆ ਕਿੰਜ਼ ਕਰੇਗੀ, ਉਹ ਦੀ ਨੌਕਰਾਣੀ ਨੂੰ ਕੱਢ ਦਿੱਤਾ ਗਿਆ ਹੈ ਅਤੇ ਬਲੈਕਵਾਟਰ ਪਾਰਕ ਵਿਚ ਇਕ ਵੀ ਨੌਕਰ ਅਜਿਹਾ ਨਹੀਂ, ਜੋ ਉਹਦੇ ਨਾਲ ਇੰਗਲੈਂਡ ਦੇ ਇਕ ਕੋਨੇ ਤੋਂ ਇਸ ਦੂਜੇ ਕੋਨੇ ਤਕ ਆ ਸਕੇ। ਤੁਸੀਂ ਇਹ ਵੀ ਗੱਲ ਸੋਚਦੇ ਹੋ, ਕਿ ਉਹ ਲੰਦਨ ਵਿਚ ਵੀ ਨਹੀਂ ਰੁਕ ਸਕਦੀ, ਕਿਉਂਕਿ ਉਥੇ ਉਹ ਇਕੱਲੀ ਕਿਸੇ ਹੋਟਲ ਵਿਚ ਨਹੀਂ ਜਾ ਸਕਦੀ। ਮੈਂ ਇਕੋ ਸਾਹ ਇਹ ਮੰਨਦਾ ਹਾਂ, ਕਿ ਤੁਸੀਂ ਲੋਕ ਇਹ ਠੀਕ ਸੋਚ ਰਹੇ ਹੋ ਅਤੇ ਉਸੇ ਹੀ ਸਾਹ ਵਿਚ ਤੁਹਾਡੀਆਂ ਇਨ੍ਹਾਂ ਮੁਸ਼ਕਲਾਂ ਦਾ ਹੱਲ ਵੀ ਦਸਦਾ ਹਾਂ। ਮੇਰੀ ਗੱਲ ਅਖੀਰਲੀ ਵਾਰ ਸੁਣੋ, ਜਦੋਂ ਮੈਂ ਸਰ ਪਰਸੀਵਲ ਨਾਲ ਇੰਗਲੈਂਡ ਆਇਆ ਸਾਂ, ਤਾਂ ਮੇਰਾ ਵਿਚਾਰ ਲੰਦਨ ਦੇ ਨੇੜੇ ਤੇੜੇ ਰਹਿਣ ਦਾ ਸੀ। ਮੈਂ ਛੇ ਮਹੀਨੇ ਲਈ ਸੇਂਟ ਜਾਨਸ ਵੁਡ ਵਿਚ ਇਕ ਮਕਾਨ ਲਿਆ ਹੈ। ਮੈਂ ਹੁਣ ਲੇਡੀ ਗਲਾਈਡ ਦੀ ਸਹੂਲਤ ਲਈ ਇਹ ਪ੍ਰੋਗਰਾਮ ਬਣਾਇਆ ਹੈ, ਲੇਡੀ ਗਲਾਈਡ ਲੰਦਨ ਤਕ ਪਹੁੰਚਦੀ ਹੈ। ਮੈਂ ਉਹ ਨੂੰ ਲੰਦਨ ਦੇ ਸਟੇਸ਼ਨ ਤੇ ਮਿਲਕੇ ਉਹਨੂੰ ਆਪਣੇ ਘਰ ਲੈ ਜਾਵਾਂਗਾ। ਇਹ ਘਰ ਉਸ ਦੀ ਭੂਆ ਦਾ ਵੀ ਹੈ। ਮੈਂ ਉਹਨੂੰ

ਫਿਰ ਉਥੋਂ ਗੱਡੀ ਤੇ ਚੜਾ ਦਿਆਂਗਾ। ਅੱਗੋਂ ਉਹ ਆਪਣੀ ਨੌਕਰਾਣੀ ਉਹਨੂੰ ਬੱਘੀ ਸਟੇਸ਼ਨ ਤੇ ਮਿਲ ਪਵੇਗੀ। ਇਸ ਤਰ੍ਹਾਂ ਉਹ ਨੂੰ ਤਕਲੀਫ ਵੀ ਨਹੀਂ ਹੋਏਗੀ, ਅਤੇ ਤੁਹਾਡਾ ਫਰਜ਼ ਹੈ ਕਿ ਉਹਦੀ ਰੱਖਿਆ ਕਰੋ, ਉਹਨੂੰ ਬੁਲਾਉ ਅਤੇ ਉਹਦੇ ਨਾਲ ਹਮਦਰਦੀ ਕਰੋ। ਤੁਹਾਡਾ ਫ਼ਰਜ਼ ਵੀ ਪੂਰਾ ਹੋ ਜਾਏਗਾ। ਇਸ ਵੇਲੇ ਸਾਡਾ ਇਹੀ ਫਰਜ਼ ਹੈ ਕਿ ਅਸੀਂ ਉਸ ਵਿਚਾਰੀ ਦੀ ਕੋਈ ਮਦਦ ਕਰੀਏ। ਮੈਂ ਤੁਹਾਡੀ ਮਿੰਨਤ ਕਰਦਾ ਹਾਂ, ਕਿ ਖਾਨਦਾਨ ਦੀ ਇੱਜ਼ਤ ਬਚਾਉਣ ਲਈ ਕੁਝ ਕਰੋ, ਤੁਸੀਂ ਇਕ ਚਿੱਠੀ ਲਿਖ ਦਿਉ' ਜਿਸ ਵਿਚ ਉਹਨੂੰ ਰਸਤੇ ਵਿਚ ਮੇਰੇ ਘਰ ਵਿਚ ਰੁਕਣ ਲਈ ਵੀ ਕਹਿ ਦਿਓ, ਅਤੇ ਆਪਣੇ ਘਰ ਦੇ ਬੂਹੇ ਵੀ ਉਹਦੇ ਲਈ ਖੋਲ ਦਿਉ। ਨਾਲ ਹੀ ਆਪਣੇ ਦਿਲ ਦੇ ਦਵਾਰ ਵੀ ਖੋਲ੍ਹ ਦਿਓ। ਅੱਜ ਮੈਂ ਉਹ ਦੀ ਖਾਤਿਰ ਹੀ ਤੁਹਾਡੇ ਕੋਲ ਆਇਆ ਹਾਂ। ਉਸ ਬਦਕਿਸਮਤ ਦਾ ਹੋਰ ਕੋਈ ਨਹੀਂ।"

ਉਹ ਨੇ ਬੁਖਾਰ ਦੀ ਛੂਤ ਵਾਲਾ ਹੱਥ ਮੇਰੇ ਮੂੰਹ ਅਗੇ ਹਿਲਾਇਆ, ਅਤੇ ਆਪਣੀ ਛਾਤੀ ਠੋਕੀ। ਉਹ ਮੈਨੂੰ ਇੰਜ ਭਾਸ਼ਣ ਦੇ ਰਿਹਾ ਸੀ, ਜਿਵੇਂ ਮੈਂ ਹਾਊਸ ਔਫ ਕਾਮਨਜ਼ ਵਿਚ ਬੈਠਾ ਹੋਵਾਂ। ਹੁਣ ਮੈਨੂੰ ਕੁਝ ਨਾ ਕੁਝ ਕਰਨਾ ਚਾਹੀਦਾ ਸੀ। ਲੂਈ ਨੂੰ ਬੁਲਾ ਕੇ ਇਸ ਕਮਰੇ ਵਿਚ ਧੂਪ ਵੀ ਧੁਖਾਣੀ ਪੈਂਦੀ ਸੀ ਅਤੇ ਇਥੋਂ ਛੂਤ ਦਾ ਅਸਰ ਖਤਮ ਕਰਨਾ ਪੈਣਾ ਸੀ।

ਇਸ ਮੁਸੀਬਤ ਵੇਲੇ ਮੈਨੂੰ ਇਕ ਫੁਰਨਾ ਫੁਰਿਆ ਬੜਾ ਹੀ ਸ਼ਾਨਦਾਰ ਫੁਰਨਾ ! ਸੱਪ ਵੀ ਮਰ ਜਾਏਗਾ ਅਤੇ ਲਾਠੀ ਵੀ ਬੱਚ ਜਾਏਗੀ। ਕਾਂਊਟ ਦੀ ਲੈਕਚਰ ਬਾਜ਼ੀ ਤੋਂ ਬਚਣ ਲਈ ਅਤੇ ਲੇਡੀ ਗਲਾਈਡ ਦੀ ਮੁਸੀਬਤਾਂ ਦੀ ਕਹਾਣੀ ਤੋਂ ਸਾਹ ਲੈਣ ਲਈ ਇਕ ਰਸਤਾ ਸੀ। ਕਿ ਮੈਂ ਇਸ ਬਦੇਸ਼ੀ ਕਾਂਊਟ ਨੂੰ ਇਕ ਚਿੱਠੀ ਫੌਰਨ ਲਿਖਦਿਆਂ। ਮੇਰਾ ਇਹ ਸੱਦਾ ਕਿਸੇ ਕੰਮ ਨਹੀਂ ਆਉਣਾ, ਕਿਉਂਕਿ ਲਾਰਾ ਨੇ ਆਪਣੀ ਬੀਮਾਰ ਭੈਣ ਨੂੰ ਛੱਡ ਕੇ ਮੇਰੇ ਕੋਲ ਇਥੇ ਆਉਣ ਦਾ ਨਾਂ ਨਹੀਂ ਲੈਣਾ। ਇਸ ਚਾਲਾਕ ਕਾਊਂਟ ਨੂੰ ਇਹ ਗੱਲ ਕਿਵੇਂ ਅਜੇ ਤਕ ਪਤਾ ਨਹੀਂ ਲੱਗੀ, ਇਹ ਮੇਰੀ ਸਮਝ ਤੋਂ ਬਾਹਰ ਦੀ ਗੱਲ ਸੀ। ਪਰ ਖੈਰ ਇਹ ਗੱਲ ਕਾਊਂਟ ਦੇ ਧਿਆਨ ਵਿਚ ਹੀ ਨਹੀਂ ਆਈ ਹੋਣੀ। ਮੈਨੂੰ ਇਹ ਵੀ ਡਰ ਪੈ ਗਿਆ ਕਿ ਜੇ ਇਹ ਹੋਰ ਥੋੜ੍ਹੀ ਦੇਰ ਇਥੇ ਰੁਕਿਆ ਤਾਂ ਇਹ ਵੀ ਇਹੀ ਗੱਲ ਸਮਝ ਜਾਏਗਾ। ਝਟਪਟ ਕੋਸਿਸ਼ ਕਰ ਕੇ ਬੈਠਾ, ਅਤੇ ਕਾਗਜ ਕਲਮ ਲੈ ਕੇ ਏਨੀ ਤੇਜ਼ੀ ਨਾਲ ਇਕ ਚਿੱਠੀ ਲਿਖੀ, ਜਿਵੇਂ ਮੈਂ ਦਫਤਰ ਦਾ ਕਲਰਕ ਹੋਵਾਂ। ਮੈਂ ਲਿਖਿਆ-"ਪਿਆਰੀ ਲਾਰਾ,ਤੂੰ ਜਦੋਂ ਚਾਹੇ ਆ ਸਕਦੀ ਹੈਂ। ਰਾਹ ਵਿਚ ਲੰਦਨ ਵਿਚ ਆਪਣੀ

ਭੂਆ ਦੇ ਘਰ ਰੁਕ ਜਾਈਂ, ਪਿਆਰੀ ਮੇਰੀਅਨ ਦੀ ਬੀਮਾਰੀ ਦਾ ਸੁਣ ਕੇ ਦੁੱਖ ਹੋਇਆ ਹੈ। ਪਿਆਰ ਨਾਲ ਤੇਰਾ ਚਾਚਾ-", ਮੈਂ ਦੂਰੋਂ ਹੀ ਇਹ ਚਿੱਠੀ ਕਾਂਊਂਟ ਵੱਲ ਸੁੱਟੀ ਅਤੇ ਅਪਣੀ ਕੁਰਸੀ ਵਿਚ ਢੋਅ ਲਾ ਕੇ ਬੈਠ ਗਿਆ, 'ਮੈਨੂੰ ਹੁਣ ਖਿਮਾਂ ਕਰਨਾ, --ਮੈਂ ਨਿਢਾਲ ਹੋ ਗਿਆ ਹਾਂ, ਮੈਂ ਹੋਰ ਕੁਝ ਨਹੀਂ ਕਰ ਸਕਦਾ, ਕੀ ਤੁਸੀਂ ਹੇਠਾਂ ਆਰਾਮ ਕਰੋਗੇ ਰੋਟੀ ਖਾ ਲਵੋਗੇ? ਸਭ ਨੂੰ ਪਿਆਰ ! ਹੱਛਾ ਗੁੱਡ ਮੋਰਨਿੰਗ।"

ਉਹਨੇ ਇਕ ਹੋਰ ਭਾਸ਼ਣ ਦਿਤਾ। ਇਹ ਆਦਮੀ ਸੀ ਕਿ ਬਲਾ। ਇਹ ਥਕਣਾ ਜਾਣਦਾ ਹੀ ਨਹੀਂ ਸੀ। ਮੈਂ ਅੱਖਾਂ ਬੰਦ ਕਰ ਲਈਆਂ, ਮੈਂ ਘੱਟ ਤੋਂ ਘੱਟ ਸੁਣਨਾ ਚਾਹੁੰਦਾ ਸਾਂ, ਪਰ ਉਹ ਬੋਲਦਾ ਹੀ ਜਾ ਰਿਹਾ ਸੀ, ਸੋ ਮੈਨੂੰ ਸੁਣਨ ਲਈ ਮਜ਼ਬੂਰ ਹੋਣਾ ਪਿਆ। ਉਹਨੇ ਇਹ ਕਿਹਾ ਕਿ ਸਾਡੇ ਦੋਹਾਂ ਦੀ ਪਸੰਦ ਇਕ ਜਿਹੀ ਸੀ, ਉਹਨੇ ਮੇਰੀ ਸਿਹਤ ਖਰਾਬ ਹੋਣ ਉਤੇ ਵੀ ਅਫਸੋਸ ਪ੍ਰਗਟ ਕੀਤਾ, ਸਾਡੀ ਇਸ ਮੁਲਾਕਾਤ ਉਤੇ ਮੁਬਾਰਕਬਾਦ ਦਿੱਤੀ, ਉਹਨੇ ਮੈਨੂੰ ਜੋ ਕੁਝ ਰੋਸ਼ਨੀ ਬਾਰੇ ਕਿਹਾ ਸੀ। ਉਹਨੂੰ ਕਦੀ ਨਾ ਭੁੱਲਣ ਦੀ ਹਿਦਾਇਤ ਦਿਤੀ, ਉਹ ਨੇ ਮੇਰੇ ਰੋਟੀ ਦੇ ਸੱਦੇ ਲਈ ਧੰਨਵਾਦ ਦਿੱਤਾ, ਅਤੇ ਕਿਹਾ ਕਿ ਮੈਂ ਲੇਡੀ ਗਲਾਈਡ ਨੂੰ ਦੋ ਤਿੰਨਾਂ ਦਿਨਾਂ ਤਕ ਉਡੀਕਾਂ, ਸਾਡੀ ਅਗਲੀ ਮਿਲਣੀ ਬਾਰ ਵੀ ਉਹਨੇ ਕੁਝ ਕਿਹਾ, ਅਤੇ ਫਿਰ ਜਾਣ ਦੀ ਆਗਿਆ ਮੰਗੀ। ਹੋਰ ਵੀ ਉਹਨੇ ਬੜਾ ਕੁਝ ਕਿਹਾ ਸੀ ਜਿਸ ਵੱਲ ਮੈਂ ਖੁਸ਼ੀ ਨਾਲ ਕਹਿੰਦਾ ਹਾਂ, ਕਿੰਨਾ ਮੈਂ ਉਦੋਂ ਧਿਆਨ ਹੀ ਦਿਤਾ ਸੀ, ਅਤੇ ਨਾ ਹੁਣ ਯਾਦ ਹੀ ਹੈ। ਮੈਂ ਅੱਖਾਂ ਬੰਦ ਕਰ ਲਈਆਂ ਸਨ, ਸੋ ਉਹ ਦੀ ਆਵਾਜ਼ ਦੂਰ ਹੋਰ ਦੂਰ ਜਾਂਦੀ ਮਹਿਸੂਸ ਹੋਈ। ਉਹ ਭਾਵੇਂ ਮੋਟਾ ਸੀ, ਪਰ ਸ਼ੋਰ ਨਹੀਂ ਸੀ ਕਰਦਾ। ਉਹਦਾ ਕੋਈ ਖੜਾਕ ਨਾ ਆਇਆ। ਬੜੀ ਦੇਰ ਦੀ ਚੁੱਪ ਮਗਰੋਂ ਮੈਂ ਅੱਖਾਂ ਖੋਲ੍ਹੀਆਂ, ਉਹ ਜਾ ਚੁੱਕਾ ਸੀ।

ਮੈਂ ਲੂਈ ਲਈ ਘੰਟੀ ਵਜਾਈ। ਮੈਂ ਕੋਸੇ ਪਾਣੀ ਵਿਚ ਸਿਰਕਾ ਪਾ ਕੇ ਨਹਾਤਾ ਅਤੇ ਮੇਰਾ ਕਮਰਾ ਚੰਗੀ ਤਰ੍ਹਾਂ ਸਾਫ ਕੀਤਾ ਗਿਆ ਅਤੇ ਇਥੇ ਹਰਮਲ ਤੋਂ ਧੂਪ ਧੁਖਾਈ ਗਈ। ਇਹ ਜ਼ਰੂਰੀ ਕੰਮ ਕਰਕੇ ਮੈਂ ਦੁਪਹਿਰੀ ਸੌਂ ਗਿਆ।

ਸੌਂ ਕੇ ਉਠਣ ਮਗਰੋਂ ਮੈਂ ਕਾਂਊਂਟ ਬਾਰੇ ਪੁੱਛਿਆ -ਕੀ ਉਹ ਸੱਚਮੁਚ ਚਲਾ ਗਿਆ ਸੀ? ਹਾਂ, ਉਹਨੇ ਦੁਪਹਿਰ ਦੀ ਗੱਡੀ ਫੜੀ ਸੀ।--ਕੀ ਉਹਨੇ ਰੋਟੀ ਖਾਧੀ ਸੀ, ਤੇ ਜੇ ਹਾਂ ਤਾਂ

ਕੀ ਖਾਧਾ ਸੀ? ਉਹਨੇ ਸਿਰਫ ਪੇਸਟਰੀ ਤੇ ਕਰੀਮ ਲਈ ਸੀ। ਵਾਹਵਾ! ਕਿਹੋ ਜੇਹਾ ਆਦਮੀ ਹੈ ! ਕਿਹੋ ਜੇਹਾ ਇਹਦਾ ਹਾਜ਼ਮ ਹੈ।

ਕੀ ਮੇਰਾ ਹੁਣ ਕੁਝ ਹੋਰ ਲਿਖਣਾ ਬਾਕੀ ਹੈ? ਮੇਰਾ ਵਿਚਾਰ ਹੈ ਕਿ ਮੈਨੂੰ ਜੋ ਕੰਮ ਕਰਨ ਲਈ ਕਿਹਾ ਗਿਆ ਸੀ, ਉਹ ਪੂਰਾ ਹੋ ਗਿਆ ਹੈ। ਮੈਂ' ਖੁਸ਼ ਹਾਂ ਪਿਛੋਂ ਜੋ ਕੁਝ ਵੀ ਹੋਇਆ, ਉਹ ਮੇਰੇ ਸਾਹਮਣੇ ਨਹੀਂ ਵਾਪਰਿਆ। ਇਸ ਲਈ ਮੈਂ ਇਸ ਇਨਸਾਫ ਦੀ ਆਸ ਕਰਦਾ ਹਾਂ। ਕਿ ਉਨ੍ਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਕੋਈ ਮੇਰੇ ਸਿਰ ਤੇ ਨਹੀਂ ਥੋਪੇਗਾ। ਮੈਂ ਤੇ ਜੋ ਕੀਤਾ ਸੀ, ਭਲੇ ਲਈ ਹੀ ਕੀਤਾ ਸੀ, ਮੈਨੂੰ ਉਸ ਵੇਲੇ ਕੀ ਪਤਾ ਸੀ ਕਿ ਅਗੇ ਜਾ ਕੇ ਸਾਰੀ ਗੱਲ ਨੇ ਕਿੰਨਾ ਭਿਆਨਕ ਰੂਪ ਧਾਰਣ ਕਰ ਲੈਣਾ ਹੈ, ਮੈਂ ਇਸ ਸਭ ਕੁਝ ਨਾਲ ਬਹੁਤ ਬੀਮਾਰ ਹੋ ਗਿਆ ਹਾਂ ਅਤੇ ਜੋ ਤਕਲੀਫ ਮੈਨੂੰ ਹੋਈ ਹੈ, ਉਹ ਹੋਰ ਕਿਸੇ ਨੂੰ ਨਹੀਂ ਹੋਈ। ਮੇਰਾ ਨੌਕਰ ਲੂਈ (ਜੋ ਬੁੱਧੂ ਹੋਣ ਦੇ ਬਾਵਜੂਦ ਵੀ ਮੈਨੂੰ ਪਿਆਰ ਕਰਦਾ ਹੈ) ਕਹਿੰਦਾ ਹੈ ਕਿ ਮੇਰੀ ਬੀਮਾਰੀ ਹੁਣ ਸ਼ਾਇਦ
ਕਦੀ ਠੀਕ ਹੀ ਨਾ ਹੋਏਗੀ। ਮੈਂ ਲਿਖਵਾ ਰਿਹਾ ਹਾਂ, ਅਤੇ ਉਹ ਮੈਨੂੰ ਵੇਖ ਰਿਹਾ ਹੈ ਕਿ ਮੇਰਾ ਰੁਮਾਲ ਮੇਰੀਆਂ ਅੱਖਾਂ ਉੱਤੇ ਹੈ। ਮੈਂ ਆਪਣੇ ਪੱਖ ਵਿਚ ਇਕ ਹੋਰ ਦਲੀਲ ਇਹ ਦਿਆਂਗਾ ਕਿ ਇਹ ਮੇਰਾ ਨਹੀਂ ਮੇਰੀ ਕਮਜ਼ੋਰ ਸਿਹਤ ਦਾ ਦੋਸ਼ ਹੈ, ਕਿ ਮੇਰਾ ਦਿਲ ਟੁੱਟ ਗਿਆ ਹੈ ਅਤੇ ਮੈਂ ਥੱਕ ਕੇ ਚੂਰ ਹੋ ਗਿਆ ਹਾਂ।

ਕੀ ਹੁਣ ਮੈਂ ਹੋਰ ਲਿਖਾ -ਕੁਝ ਹੋਰ ਕਹਵਾਂ?

ਐਲੀਜਾ ਮਾਈਕਲਸਨ, ਬਲੈਕਵਾਟਰ ਪਾਰਕ ਦੀ ਹਾਊਸ ਕੀਪਰ ਦੀ ਜ਼ੁਬਾਨੀ ਕਹਾਣੀ ਦਾ ਵਰਨਣ।

(1)

ਮੈਨੂੰ ਮਿਸ ਹਾਲਕੌਂਬ ਦੀ ਬੀਮਾਰੀ ਦਾ ਸਾਰਾ ਹਾਲ ਲਿਖਣ ਲਈ ਕਿਹਾ ਗਿਆ ਹੈ, ਅਤੇ ਉਨ੍ਹਾਂ ਘਟਨਾਵਾਂ ਨੂੰ ਬਿਆਨ ਕਰਨ ਲਈ ਹਿਦਾਇਤ ਮਿਲੀ ਹੈ ਜਿਨ੍ਹਾਂ ਕਾਰਣ ਲੇਡੀ ਗਲਾਈਡ ਨੂੰ ਬਲੈਕਵਾਟਰ ਪਾਰਕ ਛੱਡ ਕੇ ਲੰਦਨ ਜਾਣਾ ਪਿਆ। ਮੈਂ ਚਰਚ ਔਫ ਇੰਗਲੈਂਡ ਦੇ ਇਕ ਪਾਦਰੀ ਦੀ ਵਿਧਵਾ ਹਾਂ। (ਮੇਰੇ ਹਾਲਾਤ ਅਜਿਹੇ ਸਨ, ਕਿ ਮੈਨੂੰ ਇਹ ਨੌਕਰੀ ਕਰਨੀ ਪਈ) ਸ਼ੁਰੂ ਤੋਂ ਹੀ ਮੇਰੀ ਸਿਖਲਾਈ ਅਜਿਹੀ ਸੀ ਕਿ ਮੈਨੂੰ ਇਹ ਵਿਸ਼ਵਾਸ ਹੈ, ਕਿ ਸੱਚ ਤੋਂ

ਅਗੇ ਹੋਰ ਕੁਝ ਨਹੀਂ, ਸੱਚਾਈ ਨੂੰ ਛੁਪਾਣਾ ਵੀ ਇਕ ਪਾਪ ਹੀ ਹੈ। ਹੁਣ ਮੈਨੂੰ ਸੱਚ ਦਾ ਵਾਸਤਾ ਪਾ ਕੇ ਇਹ ਸਾਰੀ ਘਟਨਾਂ ਸ਼ੁਰੂ ਤੋਂ ਲੈ ਕੇ ਅਖੀਰ ਤਕ ਬਿਆਨ ਕਰਨ ਲਈ ਕਿਹਾ ਗਿਆ ਹੈ। ਸਚਾਈ ਪ੍ਰਗਟ ਕਰਨ ਲਈ ਮੇਰੀ ਗਵਾਹੀ ਦੀ ਲੋੜ ਹੈ, ਸੋ ਮੈਂ ਟਾਲ ਨਹੀਂ ਸਕਦੀ। ਪਹਿਲਾਂ ਤਾਂ ਮੈਂ ਝਿਜਕਦੀ ਸਾਂ ਕਿ ਕਿਸੇ ਦੇ ਘਰ ਦੇ ਨਿੱਜੀ ਮਾਮਲੇ ਵਿਚ ਮੈਨੂੰ ਦਖ਼ਲ ਦੇਣ ਦੀ ਕੀ ਲੋੜ ਹੈ, ਪਰ ਜਿਵੇਂ ਮੈਂ ਕਿਹਾ ਹੈ, ਕਿ ਸੱਚਾਈ ਨੂੰ ਛੁਪਾਣਾ ਵੀ ਪਾਪ ਹੈ। ਮੈਂ ਜੋ ਅੱਖਾਂ ਨਾਲ ਵੇਖਿਆ ਹੈ, ਉਹਦਾ ਵਰਨਣ ਇਥੇ ਸੱਚ ਨੂੰ ਉਘਾੜਨ ਲਈ ਕਰ ਰਹੀ ਹਾਂ।

ਮੈਂ ਉਸ ਵੇਲੇ ਕਿਧਰੇ ਨੋਟ ਨਹੀਂ ਸੀ ਕੀਤਾ, ਸੋ ਮੈਨੂੰ ਸਹੀ ਤਾਰੀਖ ਤਾਂ ਯਾਦ ਨਹੀਂ, ਪਰ ਇਹ ਗੱਲ ਪੱਕੀ ਹੈ, ਕਿ ਮਿਸ ਹਾਲਕੌਂਬ ਦੀ ਇਹ ਗੰਭੀਰ ਬੀਮਾਰੀ ਜੂਨ ਦੇ ਅਖੀਰਲੇ ਪੰਦਰਵਾੜੇ ਵਿਚ ਸ਼ੁਰੂ ਹੋਈ ਸੀ, ਜਾਂ ਜੂਨ ਦਾ ਅਖੀਰਲਾ ਹਫਤਾ ਹੋਵੇਗਾ। ਬਲੈਕਵਾਟਰ ਪਾਰਕ ਵਿਚ ਬਰੇਕਫਾਸਟ ਹਮੇਸ਼ਾਂ ਦੇਰ ਨਾਲ ਖਾਇਆ ਕਰਦੇ ਸਨ, ਕਈ ਵਾਰ ਤਾਂ ਦਸ ਵੀ ਵੱਜ ਜਾਂਦੇ ਸਨ, ਸਾਢੇ ਨੌਂ ਤੋਂ ਪਹਿਲਾਂ ਤਾਂ ਕਦੀ ਕਿਸੇ ਨੇ ਨਹੀਂ ਸੀ ਖਾਧਾ। ਉਸ ਸਵੇਰ ਨੂੰ ਜਿਸ ਦੀ ਮੈਂ ਗੱਲ ਕਰ ਰਹੀ ਹਾਂ, ਮਿਸ ਹਾਲਕੌਂਬ ਬਰੇਕਫਾਸਟ ਵੇਲੇ ਨਾ ਪੁੱਜੀ। ਉਹ ਸਭ ਤੋਂ ਪਹਿਲਾਂ ਥੱਲੇ ਆਉਂਦੀ ਹੁੰਦੀ ਸੀ, ਸਭ ਨੇ ਪੰਦਰਾ ਮਿੰਟ ਤਕ ਉਹਦੀ ਉਡੀਕ ਕੀਤੀ, ਜਦੋਂ ਫਿਰ ਵੀ ਉਹ ਨਾ ਆਈ ਤਾਂ ਇਕ ਨੌਕਰਾਣੀ ਨੂੰ ਉਹਦੇ ਕਮਰੇ ਵਿਚ ਭੇਜਿਆ ਗਿਆ। ਉਹ ਕੁੜੀ ਡਰੀ ਹੋਈ ਦੌੜਦੀ-ਦੌੜਦੀ ਵਾਪਸ ਆਈ। ਮੈਂ ਆਪ ਵੀ ਮਿਸ ਹਾਲਕੌਂਬ ਦੇ ਕਮਰੇ ਵੱਲ ਜਾ ਰਹੀ ਸਾਂ, ਉਹ ਨੌਕਰਾਣੀ ਮੈਨੂੰ ਪੌੜੀਆਂ ਵਿਚ ਹੀ ਮਿਲੀ, ਉਹਦੀ ਹਾਲਤ ਵੇਖ ਕੇ ਮੈਂ ਝਟਪਟ ਮਿਸ ਹਾਲਕੌਂਬ ਦੇ ਕਮਰੇ ਵਿਚ ਗਈ। ਮਿਸ ਹਾਲਕੌਂਬ ਮੈਨੂੰ ਕੁਝ ਨਹੀਂ ਸੀ ਦੱਸ ਸਕਦੀ। ਉਹ ਹੱਥ ਵਿਚ ਕਲਮ ਫੜੀ, ਕਮਰੇ ਵਿਚ ਘੁੰਮ ਰਹੀ ਸੀ। ਉਹਨੂੰ ਬਹੁਤ ਤੇਜ਼ ਬੁਖਾਰ ਸੀ ਅਤੇ ਉਹ ਹੋਸ਼ ਵਿਚ ਨਹੀਂ ਸੀ।

ਲੇਡੀ ਗਲਾਈਡ ਆਪਣੇ ਕਮਰੇ ਵਿਚੋਂ ਦੌੜਦੀ ਹੋਈ ਆਈ ਪਰ ਉਹ ਏਨੀ ਦੁਖੀ ਹੋ ਗਈ ਸੀ ਅਤੇ ਇੰਨਾ ਜਿਆਦਾ ਡਰ ਗਈ ਸੀ, ਕਿ ਉਹ ਮਿਸ ਹਾਲਕੌਂਬ ਲਈ ਕੁਝ ਨਾ ਕਰ ਸਕੀ। ਕਾਂਉਂਟ ਅਤੇ ਮੈਡਮ ਫ਼ੋਸਕੋ ਜੋ ਉਸੇ ਵੇਲੇ ਹੀ ਉਪਰ ਆ ਗਏ ਸਨ ਉਹਨਾਂ ਆਉਂਦਿਆਂ ਹੀ ਮੇਰੀ ਬੜੀ ਸਹਾਇਤਾ ਕੀਤੀ। ਮੈਡਮ ਫ਼ੋਸਕੋ ਨੇ ਮੇਰੇ ਨਾਲ ਲੱਗ ਕੇ ਮਿਸ

ਹਾਲਕਬ ਨੂੰ ਬਿਸਤਰੇ ਤੇ ਪਾਇਆ, ਕਾਊਂਟ ਫ਼ੋਸਕੋ ਮਿਸ ਹਾਲਕੌਂਬ ਦੀ ਬੈਠਕ ਵਿਚ ਬੈਠ ਗਏ, ਅਤੇ ਉਨ੍ਹਾਂ ਮੈਨੂੰ ਆਪਣਾ ਦਵਾਈਆਂ ਦਾ ਬਕਸਾ ਲਿਆਉਣ ਲਈ ਕਿਹਾ, ਮੇਰੇ ਉਹ ਬਕਸਾ ਲਿਆਉਣ ਮਗਰੋਂ ਕਾਊਂਟ ਨੇ ਇਕ ਮਿਕਸਚਰ ਬਣਾਇਆ ਅਤੇ ਉਹਦੇ ਮੱਥੇ ਤੇ ਇਕ ਲੇਪ ਲਾਇਆ, ਤਾਂ ਜੋ ਬੁਖਾਰ ਸਿਰ ਨੂੰ ਨਾ ਚੜੇ ਅਤੇ ਡਾਕਟਰ ਦੇ ਪਹੁੰਚਣ ਤਕ ਕੁਝ ਹਲਕਾ ਹੋ ਜਾਏ। ਮਿਸ ਹਾਲਕੌਂਬ ਨੇ ਉਹ ਮਿਕਸਚਰ ਸਾਡੇ ਜ਼ੋਰ ਲਾਉਣ ਉਤੇ ਵੀ ਨਾ ਪੀਤਾ। ਸਰ ਪਰਸੀਵਲ ਨੇ ਉਸੇ ਵੇਲੇ ਸਈਸ ਨੂੰ ਘੋੜੇ ਉਤੇ ਡਾਕਟਰ ਡਾਅਸਨ ਨੂੰ ਔਕਲਾਜ ਲਿਆਉਣ ਲਈ ਭੇਜਿਆ।

ਮਿਸਟਰ ਡਾਅਸਨ ਨੂੰ ਆਉਂਦਿਆਂ ਲਗਭਗ ਘੰਟਾ ਕ ਲਗਾ ਹੋਵੇਗਾ। ਮਿਸਟਰ ਡਾਅਸਨ ਵਡੇਰੀ ਉਮਰ ਦਾ ਸੀ, ਅਤੇ ਇਸ ਇਲਾਕੇ ਵਿਚ ਉਸਦੀ ਬਹੁਤ ਇੱਜ਼ਤ ਸੀ, ਸਭ ਘਰਾਂ ਵਿਚ ਉਸੇ ਨੂੰ ਹੀ ਬੁਲਾਇਆ ਜਾਂਦਾ ਸੀ। ਸਾਨੂੰ ਸਭ ਨੂੰ ਬੜੀ ਚਿੰਤਾ ਹੋਈ, ਜਦੋਂ ਮਿਸਟਰ ਡਾਅਸਨ ਨੇ ਇਹ ਦੱਸਿਆ ਕਿ ਮਿਸ ਹਾਲਕੌਂਬ ਦੀ ਬੀਮਾਰੀ ਗੰਭੀਰ ਰੂਪ ਧਾਰਣ ਕਰ ਚੁੱਕੀ ਸੀ।

ਕਾਂਉਟ ਫ਼ੋਸਕੋ ਮਿਸਟਰ ਡਾਅਸਨ ਨਾਲ ਬੀਮਾਰੀ ਦੀਆਂ ਗੱਲਾਂ ਕਰਦਾ ਰਿਹਾ, ਅਤੇ ਉਹਨੇ ਵੀ ਆਪਣੀ ਰਾਇ ਖੁਲਦਿਲੀ ਨਾਲ ਦਿਤੀ। ਮਿਸਟਰ ਡਾਅਸਨ ਨੇ ਉਹਨੂੰ ਪੁੱਛਿਆ, ਕਿ ਕੀ ਉਹ ਵੀ ਡਾਕਟਰ ਸੀ। ਪਰ ਜਦੋਂ ਕਾਂਉਟ ਨੇ ਦਸਿਆ ਕਿ ਉਸਨੇ ਡਾਕਟਰੀ ਪਾਸ ਭਾਵੇਂ ਨਹੀਂ ਕੀਤੀ, ਪਰ ਡਾਕਟਰੀ ਦੀ ਪੜ੍ਹਾਈ ਬਹੁਤ ਕੀਤੀ ਹੋਈ ਹੈ, ਤਾਂ ਮਿਸਟਰ ਡਾਅਸਨ ਨੇ ਇਹ ਕਹਿ ਕੇ ਉਹਦਾ ਮੂੰਹ ਬੰਦ ਕੀਤਾ, ਕਿ ਉਹ ਨੀਮ ਹਕੀਮਾਂ ਕੋਲ ਦਵਾਈਆਂ ਪੁੱਛਣ ਨਹੀਂ ਜਾਂਦਾ। ਇਹ ਸੁਣ ਕੇ ਕਾਊਂਟ ਮੁਸਕਰਾਇਆ ਅਤੇ ਚੁੱਪ ਕਰਕੇ ਕਮਰੇ ਵਿਚੋਂ ਬਾਹਰ ਨਿਕਲ ਗਿਆ। ਉਹ ਜਾਣ ਤੋਂ ਪਹਿਲਾਂ ਮੈਨੂੰ ਇਹ ਦਸ ਗਿਆ ਕਿ ਜੇ ਉਹਦੀ ਲੋੜ ਪਈ ਤਾਂ ਉਹ ਝੀਲ ਦੇ ਕਿਨਾਰੇ ਬੋਟ ਹਾਊਸ ਵਿਚ ਮਿਲੇਗਾ। ਮੈਂ ਇਹ ਨਹੀਂ ਜਾਣਦੀ, ਕਿ ਉਹ ਉਥੇ ਕਿਸ ਲਈ ਗਿਆ, ਪਰ ਉਹ ਸ਼ਾਮ ਦੇ ਸੱਤ ਵਜੇ ਤੀਕ ਉਥੇ ਹੀ ਰਿਹਾ। ਸ਼ਾਇਦ ਉਹ ਇਹ ਚਾਹੁੰਦਾ ਸੀ, ਕਿ ਘਰ ਵਿਚ ਘੱਟ ਤੋਂ ਘੱਟ ਰੌਲਾ ਪੈਣਾ ਚਾਹੀਦਾ ਹੈ। ਹਰ ਇਕ ਦਾ ਅਤੇ ਹਰ ਇਕ ਗੱਲ ਦਾ ਧਿਆਨ ਰੱਖਣਾ ਹੀ ਉਹਦੇ ਚੰਗਾ ਸੁਭਾ ਵਿਚ ਸ਼ਾਮਿਲ ਸੀ। ਉਹ ਅਮੀਰ ਆਦਮੀ ਸੀ ਪਰ ਬੜੀ ਮਿਲਨਸਾਰ ਅਤੇ ਨਰਮ ਤਬੀਅਤ ਦਾ ਸੀ।

ਮਿਸ ਹਾਲਕੌਂਬ ਨੇ ਰਾਤ ਬੜੀ ਔਖੀ ਕੱਟੀ। ਬੁਖਾਰ ਕਦੀ ਘਟਦਾ ਕਦੀ ਵਧਦਾ ਅਤੇ ਸਵੇਰ ਹੋਣ ਤੀਕ ਉਹਦੀ ਹਾਲਤ ਫਿਰ ਖ਼ਰਾਬ ਹੋ ਗਈ। ਉਸ ਵੇਲੇ ਘਰ ਵਿਚ ਕੋਈ ਅਜਿਹੀ ਸਿਆਣੀ ਨਰਸ ਨਹੀਂ ਸੀ, ਸੋ ਮੈਂ ਅਤੇ ਕਾਂਉਂਟ ਨੇ ਵਾਰੀ ਵਾਰੀ ਮਿਸ ਹਾਲਕੌਂਥ ਦੀ ਦੇਖ ਭਾਲ ਕਰਨੀ ਸ਼ੁਰੂ ਕੀਤੀ। ਲੇਡੀ ਗਲਾਈਡ ਸਾਰਾ ਵਕਤ ਉਥੇ ਹੀ ਬੈਠੀ ਰਹੀ। ਉਹ ਬਹੁਤ ਘਬਰਾਈ ਹੋਈ ਸੀ ਅਤੇ ਉਹਦੀ ਆਪਣੀ ਸਿਹਤ ਵੀ ਏਨੀ ਚੰਗੀ ਨਹੀਂ ਸੀ, ਇਸ ਲਈ ਉਹ ਆਪਣੀ ਭੈਣ ਦੀ ਬੀਮਾਰੀ ਦਾ ਫਿਕਰ ਬਹੁਤ ਜ਼ਿਆਦਾ ਕਰ ਰਹੀ ਸੀ। ਉਸ ਦੇ ਉਥੇ ਬੈਠਣ ਨਾਲ ਹੋਰ ਕਿਸੇ ਨੂੰ ਤਾਂ ਕੀ ਫ਼ਾਇਦਾ ਹੋਣਾ ਸੀ, ਸਗੋਂ ਉਹਦੀ ਆਪਣੀ ਹਾਲਤ ਹੀ ਥੱਲੇ-ਥੱਲੇ ਜਾ ਰਹੀ ਸੀ। ਉਹ ਜਿਹੀ ਪਿਆਰ ਕਰਨ ਵਾਲੀ ਹੋਰ ਕੋਈ ਕੁੜੀ ਮੈਂ ਨਹੀਂ ਦੇਖੀ, ਪਰ ਇਕ ਤੇ ਉਹ ਹਰ ਵੇਲੇ ਰੋਂਦੀ ਸੀ, ਅਤੇ ਦੂਜਾ ਉਹ ਡਰੀ ਹੋਈ ਸੀ ਇਸ ਲਈ ਬੀਮਾਰ ਕੋਲ ਉਸਦਾ ਬੈਠਣਾ ਮੁਨਾਸਿਬ ਨਹੀਂ ਸੀ। ਸਵੇਰੇ ਸਰ ਪਰਸੀਵਲ ਤੇ ਕਾਂਉਂਟ ਦੋਵੇ ਬੀਮਾਰ ਦੀ ਖਬਰ ਲੈਣ ਆਏ।

ਸਰ ਪਰਸੀਵਲ ਦੀ ਹੋਸ਼ ਟਿਕਾਣੇ ਨਹੀਂ ਸੀ ਦਿੱਸਦੀ, ਸ਼ਾਇਦ ਇਕ ਉਹ ਆਪਣੀ ਪਤਨੀ ਦੀ ਹਾਲਤ ਨਾਲ, ਅਤੇ ਦੂਜਾ ਮਿਸ ਹਾਲਕੌਂਬ ਦੀ ਬੀਮਾਰੀ ਕਾਰਨ ਪਰੇਸ਼ਾਨ ਸੀ। ਪਰ ਕਾਂਉਂਟ ਫ਼ੋਸਕੋ ਸ਼ਾਂਤ ਸੀ। ਉਹਦੇ ਇਕ ਹੱਥ ਵਿਚ ਹੈਟ ਸੀ, ਅਤੇ ਦੂਜੇ ਵਿਚ ਉਹਦੀ ਕੋਈ ਕਿਤਾਬ ਸੀ, ਮੇਰੇ ਸਾਹਮਣੇ ਹੀ ਕਾਂਉਂਟ ਨੇ ਸਰ ਪਰਸੀਵਲ ਨੂੰ ਕਿਹਾ ਕਿ ਉਹ ਝੀਲ ਦੇ ਕਿਨਾਰੇ ਬੈਠ ਕੇ ਪੜੇਂਗਾ। "ਸਾਨੂੰ ਘਰ ਨੂੰ ਸ਼ਾਂਤ ਰੱਖਣਾ ਚਾਹੀਦਾ ਹੈ, ਅਤੇ ਘਰ ਦੇ ਅੰਦਰ ਸਿਗਰਟ ਨਹੀਂ ਪੀਣੇ ਚਾਹੀਦੇ, ਹੁਣ ਜਦ ਤਕ ਮਿਸ ਹਾਲਕੌਂਬ ਬੀਮਾਰ ਹੈ। ਤੂੰ ਆਪਣਾ ਕੰਮ ਕਰ ਅਤੇ ਮੈਂ ਆਪਣੇ ਰਸਤੇ ਜਾਂਦਾ ਹਾਂ, ਮੈਂ ਇਕਾਂਤ ਹੀ ਪੜ੍ਹਨਾ ਪਸੰਦ ਕਰਦਾ ਹਾਂ।" ਉਹ ਮੈਨੂੰ ਵੀ 'ਗੁਡ ਮੋਰਨਿੰਗ' ਕਹਿ ਕੇ ਗਿਆ।

ਸਰ ਪਰਸੀਵਲ ਮੇਰੇ ਨਾਲ ਇੰਨੀ ਚੰਗੀ ਤਰ੍ਹਾਂ ਨਹੀਂ ਬੋਲਿਆ ਸੀ, ਸ਼ਾਇਦ ਜਿਵੇਂ ਮੈਂ ਪਹਿਲਾਂ ਕਿਹਾ ਹੈ, ਉਹ ਬੀਮਾਰੀ ਕਰਕੇ ਪਰੇਸ਼ਾਨ ਸੀ। ਕਾਂਉਂਟ ਸਦਾ ਹੀ ਮੇਰੀ ਬੜੀ ਇੱਜ਼ਤ ਕਰਦਾ ਰਿਹਾ ਹੈ। ਉਹ ਇਸ ਗੱਲ ਨੂੰ ਸਮਝਦਾ ਹੈ ਕਿ ਮੈਂ ਚੰਗੇ ਘਰਾਣੇ ਦੀ ਹਾਂ ਅਤੇ ਹੁਣ ਹਾਲਾਤ ਵੱਸ ਮਜ਼ਬੂਰ ਹੋ ਕੇ ਨੌਕਰੀ ਕਰ ਰਹੀ ਹਾਂ। ਉਹ ਸਭਨਾਂ ਦਾ ਧਿਆਨ ਰੱਖਦਾ ਹੈ। ਕਦੀ ਕਿਸੇ ਦਾ ਦਿਲ ਨਹੀਂ ਦੁਖਾਂਦਾ। ਇਥੋਂ ਤਕ ਕਿ ਉਸ ਨੌਕਰਾਣੀ (ਫ਼ੈਨੀ) ਦਾ ਜਿਸ ਨੂੰ

ਸਰ ਪਰਸੀਵਲ ਨੇ ਕੱਢ ਦਿੱਤਾ ਸੀ, ਵੀ ਉਹਨੂੰ ਖਿਆਲ ਹੈ। ਕਾਊਂਟ ਨੇ ਮੈਨੂੰ ਆਪਣੀਆਂ ਪਿਆਰੀਆਂ ਚਿੜੀਆਂ ਦਿਖਾਂਦੇ ਹੋਏ ਇਹ ਪੁੱਛਿਆ ਕਿ ਫ਼ੈਨੀ ਹੁਣ ਕੀ ਕਰੇਗੀ, ਰਾਤ ਕਿਥੇ ਬਿਤਾਏਗੀ ਅਤੇ ਲਿਮਰਿਜ ਵਾਪਸ ਕਦੋਂ ਜਾਏਗੀ। ਇਹੋ ਜਿਹੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਕਿਸੇ ਦਾ ਧਿਆਨ ਰੱਖਣ ਨਾਲ ਹੀ ਤੇ ਪਤਾ ਲੱਗਦਾ ਹੈ ਕਿ ਕੋਈ ਕਿੰਨਾ ਚੰਗਾ ਹੈ ਉੱਚੇ ਖਾਨਦਾਨ ਦਾ ਅਸਲ ਵਿਚ ਉਹੀ ਆਦਮੀ ਹੁੰਦਾ ਹੈ, ਜੋ ਗਰੀਬਾਂ ਦੀ ਸਹਾਇਤਾ ਕਰਨੀ ਨਾ ਭੁੱਲੇ। ਮੈਂ ਇਥੇ ਇਹ ਗੱਲਾਂ ਇਸ ਲਈ ਲਿਖ ਰਹੀ ਹਾਂ ਕਿ ਕਾਊਂਟ ਦੇ ਬਾਰੇ ਜੋ ਸ਼ੱਕ ਪ੍ਰਗਟ ਕੀਤੇ ਜਾ ਰਹੇ ਹਨ ਉਹ ਉਹਦੇ ਤੇ ਨਹੀਂ ਕਰਨ ਚਾਹੀਦੇ ਉਹ ਸਚਮੁਚ ਬਹੁਤ ਹੀ ਨੇਕ ਆਦਮੀ ਹੈ।

ਜੋ ਅਮੀਰ ਆਦਮੀ ਇਕ ਦੁਖੀ ਔਰਤ ਦਾ ਧਿਆਨ ਰੱਖਦਾ ਹੈ, ਜੋ ਇਕ ਮਾਮੂਲੀ ਨੌਕਰਾਣੀ ਬਾਰੇ ਪਿਉਆਂ ਵਾਂਗ ਫ਼ਿਕਰਮੰਦ ਹੈ, ਉਹਦੀ ਜ਼ਿੰਦਗੀ ਦੇ ਅਸੂਲ ਬਹੁਤ ਉੱਚੇ ਹਨ, ਅਤੇ ਉਨ੍ਹਾਂ ਤੇ ਉਂਗਲੀ ਚੱਕਣੀ ਆਪਣੀ ਹੀ ਥੋੜਦਿਲੀ ਹੈ। ਮੈਂ ਆਪਣੀ ਨਿੱਜੀ ਰਾਇ ਨਹੀਂ ਦੇ ਰਹੀ। ਮੈਂ ਸਿਰਫ ਸੱਚ ਨੂੰ ਹੀ ਪੇਸ਼ ਕਰ ਰਹੀ ਹਾਂ। ਮੇਰੀ ਸਾਰੀ ਜ਼ਿੰਦਗੀ ਇਹੀ ਕੋਸ਼ਿਸ਼ ਰਹੀ ਹੈ ਕਿ ਮੈਂ ਕਿਸੇ ਬਾਰੇ ਕੋਈ ਰਾਇ ਨਾ ਦਿਆ। ਮੈਂ ਕੌਣ ਹੁੰਦੀ ਹਾਂ ਕਿਸੇ ਬਾਰੇ ਨਿਆਂ ਕਰਨ ਵਾਲੀ? ਮੇਰੇ ਬਾਰੇ ਵੀ ਤੇ ਕੋਈ ਰਾਇ ਦੇ ਸਕਦਾ ਹੈ। ਮੇਰੇ ਪਤੀ ਨੇ ਇਸੇ ਵਿਸ਼ੇ ਉਤੇ ਬੜਾ ਸੁਹਣਾ ਉਪਦੇਸ਼ ਦਿੱਤਾ ਸੀ। ਇਹ ਉਪਦੇਸ਼ ਪਿਛੋਂ ਚੰਦਾ ਇਕੱਠਾ ਕਰਕੇ ਛਪਵਾਇਆ ਵੀ ਗਿਆ ਸੀ। ਜਦੋਂ ਮੇਰੇ ਪਤੀ ਦੀ ਨਵੀਂ ਨਵੀਂ ਮੌਤ ਹੋਈ ਸੀ, ਉਦੋਂ ਮੈਂ ਇਸ ਉਪਦੇਸ਼ ਨੂੰ ਦਿਨ ਵਿਚ ਜਿੰਨੀ ਵਾਰੀ ਪੜ੍ਹਦੀ ਸਾਂ, ਉਨੀ ਵਾਰੀ ਹੀ ਮੇਰੇ ਅੰਦਰ ਇਕ ਨਵੀਂ ਸ਼ਕਤੀ ਆ ਜਾਂਦੀ ਸੀ। ਇਕ ਰੂਹਾਨੀ ਤਾਕਤ ਨਾਲ ਮੇਰਾ ਅੰਦਰ ਬਾਹਰ ਭਰ ਜਾਂਦਾ ਸੀ !

ਮਿਸ ਹਾਲਕੌਂਬ ਦੀ ਹਾਲਤ ਵਿਚ ਕੋਈ ਫਰਕ ਨਹੀਂ ਸੀ ਪਿਆ ਅਤੇ ਦੂਜੀ ਰਾਤ ਪਹਿਲੀ ਰਾਤ ਨਾਲੋਂ ਵੀ ਔਖੀ ਸੀ। ਮਿਸਟਰ ਡਾਅਸਨ ਰੋਜ਼ ਹੀ ਆਉਂਦਾ ਸੀ। ਕਾਊਂਟਸ ਅਤੇ ਮੈਂ ਰਲ ਕੇ ਮਰੀਜ਼ ਦੀ ਦੇਖ ਭਾਲ ਅਤੇ ਸੇਵਾ ਕਰ ਰਹੀਆਂ ਸਾਂ। ਲੇਡੀ ਗਲਾਈਡ ਉਥੇ ਹੀ ਬੈਠੀ ਰਹਿੰਦੀ, ਭਾਵੇਂ ਅਸੀਂ ਦੋਵੇਂ ਹੀ ਉਹਨੂੰ ਆਰਾਮ ਕਰਨ ਲਈ ਬਥੇਰਾ ਕਹਿੰਦੀਆਂ, ਪਰ ਉਹਦਾ ਇਕ ਹੀ ਉੱਤਰ ਹੁੰਦਾ, "ਮੇਰੀ ਥਾਂ ਮੇਰੀਅਨ ਦੇ ਸਿਰਹਾਣੇ ਹੀ ਹੈ, ਭਾਵੇਂ ਮੈਂ ਬੀਮਾਰ ਹੋਵਾਂ ਜਾਂ ਠੀਕ। ਮੈਂ ਉਹਨੂੰ ਅੱਖਾਂ ਤੋਂ ਉਹਲੇ ਨਹੀਂ ਕਰ ਸਕਦੀ।"

ਦੁਪਹਿਰ ਵੇਲੇ ਮੈਂ ਘਰ ਦੇ ਹੋਰ ਕੰਮ ਕਾਜ ਲਈ ਥੱਲੇ ਉੱਤਰੀ। ਘੰਟੇ ਕੁ ਮਗਰੋਂ ਜਦੋਂ ਮੈਂ ਮੁੜ ਉਪਰ ਜਾ ਰਹੀ ਸਾਂ ਤਾਂ ਮੈਨੂੰ ਕਾਊਂਟ ਨਜ਼ਰੀ ਪਿਆ। ਉਹ ਤੀਜੀ ਵਾਰ, ਅੱਜ ਸਵੇਰੇ ਵੀ ਬਾਹਰ ਗਿਆ ਸੀ। ਹੁਣ ਉਹ ਹਾਲ ਵਿਚ ਵੜਿਆ ਹੀ ਸੀ ਅਤੇ ਬੜਾ ਪ੍ਰਸੰਨ ਦਿਖਾਈ ਦੇਂਦਾ ਸੀ। ਉਸੇ ਪਲ ਸਰ ਪਰਸੀਵਲ ਨੇ ਲਾਇਬਰੇਰੀ ਦੇ ਬੂਹੇ ਵਿਚ ਆਪਣਾ ਸਿਰ ਬਾਹਰ ਕੱਢ ਕੇ ਉਹਨੂੰ ਪੁੱਛਿਆ-''ਕੀ ਤੈਨੂੰ ਉਹ ਮਿਲ ਗਈ ਹੈ?" ਸਰ ਪਰਸੀਵਲ ਦੇ ਲਹਿਜੇ ਵਿਚ ਬੜੀ ਉਤਸੁਕ ਤਾਂ ਸੀ।

ਕਾਊਂਟ ਦਾ ਚੌੜਾ ਮੂੰਹ ਮੁਸਕਰਾਹਟ ਨਾਲ ਵੱਟੋ-ਵੱਟ ਹੋ ਗਿਆ। ਪਰ ਉਹਨੇ ਕੋਈ ਉੱਤਰ ਨਾ ਦਿੱਤਾ, ਉਸੇ ਵੇਲੇ ਸਰ ਪਰਸੀਵਲ ਨੇ ਸਿਰ ਘੁਮਾ ਕੇ ਮੈਨੂੰ ਵੇਖਿਆ। ਮੈਂ ਪੌੜੀਆਂ ਦੇ ਨੇੜੇ ਹੀ ਸਾਂ। ਉਹਦੀ ਤੱਕਣੀ ਵਿਚ ਮੇਰੇ ਲਈ ਗੁੱਸਾ ਪ੍ਰਤੱਖ ਨਜ਼ਰ ਆ ਰਿਹਾ ਸੀ।

"ਅੰਦਰ ਆ ਕੇ ਮੈਨੂੰ ਸਾਰੀ ਗੱਲ ਦੱਸ।" ਉਹਨੇ ਕਾਊਂਟ ਨੂੰ ਆਵਾਜ਼ ਮਾਰੀ। 'ਘਰ ਵਿਚ ਜਦੋਂ ਔਰਤਾਂ ਹੋਣਗੀਆਂ ਉਹ ਬਸ ਪੌੜੀਆਂ ਉਤਰਦੀਆਂ ਜਾਂ ਚੜ੍ਹਦੀਆਂ ਵਿਖਾਈ ਦੇਣਗੀਆਂ।"

"ਪਿਆਰੇ ਪਰਸੀਵਲ, ਤੂੰ ਕਿਉਂ ਭੁੱਲ ਜਾਂਦਾ ਹੈ ਕਿ ਮਿਸਜ਼ ਮਾਈਕਲਸਮ ਨੂੰ ਕਈ ਕੰਮ ਹਨ। ਮੈਂ ਤੇ ਹੈਰਾਨ ਹਾਂ ਕਿ ਉਹ ਇੰਨਾ ਕੰਮ ਇੰਨੀ ਚੰਗੀ ਤਰ੍ਹਾਂ ਨਿਬਾਹ ਕਿਵੇਂ ਲੈਂਦੇ ਹਨ। ਬੀਮਾਰ ਦਾ ਕੀ ਹਾਲ ਹੈ, ਮਿਸਜ਼ ਮਾਈਕਲਸਨ?" ਕਾਊਂਟ ਨੇ ਮੈਨੂੰ ਪੁੱਛਿਆ।

"ਮੈਨੂੰ ਅਫਸੋਸ ਹੈ ਪਰ ਕੋਈ ਫਰਕ ਨਹੀਂ" ਮੈਂ ਕਿਹਾ।

ਬੜੀ ਦੁੱਖ ਭਰੀ ਖਬਰ ਹੈ ਤੁਸੀਂ ਥੱਕੇ ਲਗ ਰਹੇ ਹੋ, ਮਿਸਜ਼ ਮਾਈਕਲਸਨ। ਹੁਣ ਤੁਸੀਂ ਅਤੇ ਮੇਰੀ ਪਤਨੀ ਨੇ ਕਾਫੀ ਦੇਖ ਭਾਲ ਕਰ ਲਈ ਹੈ, ਹੁਣ ਸਾਨੂੰ ਇਕ ਨਰਸ ਦਾ ਵੀ ਇੰਤਜ਼ਾਮ ਕਰਨਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਹੁਣ ਜਲਦੀ ਹੀ ਮੈਂ ਕੁਝ ਕਰ ਸਕਾਂਗਾ। ਮੈਡਮ ਫ਼ੋਸਕੋ ਨੂੰ ਕੱਲ ਪਰਸੋਂ ਲੰਦਨ ਕਿਸੇ ਕੰਮ ਜਾਣਾ ਪਵੇਗਾ, ਉਹ ਸਵੇਰੇ ਜਾਵੇਗੀ ਅਤੇ ਰਾਤੀ ਵਾਪਸ ਆਏਗੀ। ਆਉਂਦੀ ਵਾਰੀ ਉਥੋਂ ਇਕ ਨਰਸ ਉਹਦੇ ਨਾਲ ਆਏਗੀ, ਜੋ ਇਸ ਵੇਲੇ ਖਾਲੀ ਹੈ। ਉਹ ਮੇਰੀ ਪਤਨੀ ਦੀ ਵਾਕਿਫ ਹੈ, ਅਤੇ ਵਿਸ਼ਵਾਸਯੋਗ ਹੈ। ਪਰ ਤੁਸੀਂ ਉਹਦੇ ਆਉਣ ਤੋਂ ਪਹਿਲਾਂ ਡਾਕਟਰ ਨਾਲ ਅਜੇ ਕੋਈ ਗੱਲ ਨਾ ਕਰਨੀ ਕਿਉਂਕਿ ਉਹ ਮੇਰੀ ਲਿਆਈ ਹੋਈ ਨਰਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖੇਗਾ। ਉਹ ਜਦੋਂ ਇਥੇ ਪਹੁੰਚੇਗੀ ਤਾਂ ਆਪਣੇ ਕੰਮਾਂ ਨਾਲ ਆਪੇ ਹੀ ਡਾਕਟਰ ਨੂੰ ਖੁਸ਼ ਕਰ ਲਏਗੀ। ਫਿਰ ਡਾਕਟਰ ਕੋਲ ਕੋਈ

ਬਹਾਨਾ ਨਹੀਂ ਹੋਵੇਗਾ ਕਿ ਉਹਦੇ ਤੇ ਇਤਰਾਜ਼ ਕਰੇ। ਲੇਡੀ ਗਲਾਈਡ ਵੀ ਹਾਂ ਕਹਿ ਦੇਏਗੀ। ਲੇਡੀ ਗਲਾਈਡ ਨੂੰ ਮੇਰੇ ਵਲੋਂ ਸ਼ੁਭ ਇਛਾਵਾਂ ਦੇਣੀਆਂ।"

ਮੈਂ ਕਾਊਂਟ ਦਾ ਧੰਨਵਾਦ ਕੀਤਾ, ਕਿ ਉਹ ਮੇਰਾ ਇੰਨਾ ਖਿਆਲ ਰੱਖਦਾ ਹੈ। ਸਰ ਪਰਸੀਵਲ ਨੇ ਉਹਨੂੰ ਬੜੀ ਭੈੜੀ ਤਰ੍ਹਾਂ ਨਾਲ ਲਾਇਬਰੇਰੀ ਵਿਚੋਂ ਮੁੜ ਆਵਾਜ਼ ਦਿਤੀ। ਉਹਨੇ ਕਿਹਾ, ਕਿ ਉਹ ਹੋਰ ਉਡੀਕ ਨਹੀਂ ਸੀ ਕਰ ਸਕਦਾ।

ਮੈਂ ਉਪਰ ਚਲੀ ਗਈ। ਅਸੀਂ ਮਨੁੱਖ ਹਰ ਕਦਮ ਤੇ ਗਲਤੀਆਂ ਕਰਦੇ ਹਾਂ, ਅਤੇ ਭਾਵੇਂ ਕਿਸੇ ਔਰਤ ਦੇ ਕਿੰਨੇ ਹੀ ਉੱਚੇ ਅਸੂਲ ਹੋਣ, ਕਦੀ ਕਦੀ ਉਹ ਲੋਕਾਂ ਦੇ ਮਾਮਲੇ ਵਿਚ ਦਿਲਚਸਪੀ ਲੈਣੋਂ ਨਹੀਂ ਰਹਿ ਸਕਦੀ। ਮੈਂ ਵੀ ਇਸ ਗੱਲ ਲਈ ਸ਼ਰਮਿੰਦੀ ਹਾਂ, ਕਿ ਆਪਣੇ ਅਸੂਲਾਂ ਦੇ ਬਾਵਜੂਦ ਵੀ ਮੈਂ ਇਹ ਸੋਚਣੋ ਨਾ ਰਹਿ ਸਕੀ, ਕਿ ਸਰ ਪਰਸੀਵਲ ਲਾਇਬਰੇਰੀ ਵਿਚ ਕਿਸ ਬਾਰੇ ਕਾਊਂਟ ਗੱਲ ਪੁੱਛਣਾ ਚਾਹੁੰਦਾ ਸੀ। ਕਾਊਂਟ ਬਲੈਕਵਾਟਰ ਪਾਰਕ ਦੇ ਬਾਹਰ ਸਵੇਰੇ ਕਿਸ ਨੂੰ ਢੂੰਡਣ ਜਾਂਦਾ ਸੀ? ਕਿਸੇ ਔਰਤ ਬਾਰੇ ਸਰ ਪਰਸੀਵਲ ਨੇ ਪੁੱਛਿਆ ਸੀ। ਕਾਊਂਟ ਕੋਈ ਨੀਵਾਂ ਕੰਮ ਨਹੀਂ ਸੀ ਕਰ ਸਕਦਾ। ਮੈਨੂੰ ਉਹਦੇ ਚਾਲਚਲਣ ਉੱਤੇ ਪੂਰਾ ਵਿਸ਼ਵਾਸ ਸੀ- ਪਰ ਮੈਂ ਇਹ ਸਵਾਲ ਆਪਣੇ ਆਪ ਨੂੰ ਪੁੱਛਿਆ-ਕੀ ਉਹਨੇ ਉਸ ਨੂੰ ਲੱਭ ਲਿਆ ਸੀ?

ਹੁਣ ਮੈਂ ਆਪਣੀ ਗੱਲ ਮੁੜ ਸ਼ੁਰੂ ਕਰਦੀ ਹਾਂ। ਅਗਲੀ ਰਾਤ ਵੀ ਉਵੇਂ ਹੀ ਲੰਘੀ, ਮਿਸ ਹਾਲਕੌਂਬ ਦੀ ਹਾਲਤ ਵਿਚ ਅਜੇ ਤੱਕ ਕੋਈ ਸੁਧਾਰ ਨਹੀਂ ਸੀ ਹੋ ਰਿਹਾ। ਇਸ ਤੋਂ ਦੂਜੇ ਦਿਨ ਉਹ ਰਤਾ ਠੀਕ ਹੁੰਦੀ ਦਿਸੀ। ਅਤੇ ਇਸ ਤੋਂ ਅਗਲੇ ਦਿਨ ਹੀ ਮੈਡਮ ਫ਼ੋਸਕੋ ਸਵੇਰ ਦੀ ਗੱਡੀ ਲੰਦਨ ਚਲੀ ਗਈ। ਮੇਰੇ ਸਾਹਮਣੇ ਉਹਨੇ ਕਿਸੇ ਨਾਲ ਕੋਈ ਗੱਲ ਨਹੀਂ ਸੀ ਕੀਤੀ ਕਿ ਉਹ ਕਿਸ ਕੰਮ ਲਈ ਲੰਡਨ ਜਾ ਰਹੀ ਸੀ, ਉਹਦਾ ਪਤੀ ਉਸ ਨੂੰ ਸਟੇਸ਼ਨ ਤੱਕ ਛੱਡਣ ਗਿਆ।

ਮੈਂ ਹੁਣ ਮਿਸ ਹਾਲਕੌਂਬ ਦੀ ਦੇਖਭਾਲ ਕਰਨ ਲਈ ਇਕੱਲੀ ਹੀ ਰਹਿ ਗਈ ਸਾਂ, ਅਤੇ ਮੈਨੂੰ ਲੱਗ ਰਿਹਾ ਸੀ ਕਿ ਲੇਡੀ ਗਲਾਈਡ ਦੀ ਜ਼ਿੱਦ ਕਰਕੇ ਮੈਨੂੰ ਹੁਣ ਉਹਦੀ ਵੀ ਸੰਭਾਲ ਕਰਨੀ ਪਵੇਗੀ।

ਇਸ ਦਿਨ ਕੋਈ ਵਿਸ਼ੇਸ਼ ਗੱਲ ਨਹੀਂ ਹੋਈ। ਹਾਂ, ਡਾਕਟਰ ਅਤੇ ਕਾਊਂਟ ਦੇ ਵਿਚਕਾਰ ਫਿਰ ਇਕ ਝੜਪ ਹੋਈ।

ਕਾਊਂਟ ਸਟੇਸ਼ਨ ਤੋਂ ਵਾਪਸ, ਮਿਸ ਹਾਲਕੌਂਬ ਦੇ ਕਮਰੇ ਵਿਚ ਉਹਦਾ ਪਤਾ ਕਰਨ ਆਇਆ, ਮੈਂ ਕਾਊਂਟ ਦੀ ਪੁੱਛ ਦਾ ਉੱਤਰ ਦੇਣ ਲਈ ਕਮਰੇ ਵਿਚੋਂ ਬਾਹਰ ਨਿਕਲੀ। ਮਿਸ ਹਾਲਕੌਂਬ ਦੇ ਬੇਡਰੂਮ ਵਿਚ ਹੁਣ ਲੇਡੀ ਗਲਾਈਡ ਅਤੇ ਮਿਸਟਰ ਡਾਅਸਨ ਹੀ ਸਨ। ਕਾਊਂਟ ਨੇ ਮੈਨੂੰ ਬੀਮਾਰੀ ਦੇ ਲੱਛਣਾਂ ਬਾਰੇ ਕਈ ਪ੍ਰਸ਼ਨ ਪੁੱਛੇ, ਮੈਂ ਉਹਨੂੰ ਦੱਸਿਆ, ਕਿ ਬੁਖਾਰ ਜਦੋਂ ਘੱਟਦਾ ਸੀ ਬੜੀ ਕਮਜ਼ੋਰੀ ਅਤੇ ਥਕਾਵਟ ਮਹਿਸੂਸ ਹੁੰਦੀ ਸੀ। ਮੇਰੇ ਮੂੰਹ ਵਿਚ ਅਜੇ ਇਹ ਗੱਲ ਹੀ ਸੀ ਕਿ ਮਿਸਟਰ ਡਾਅਸਨ ਬਾਹਰ ਨਿਕਲ ਆਇਆ, ਕਾਊਂਟ ਨੇ ਅਗੇ ਵੱਧ ਕੇ ਉਹਨੂੰ ਨਮਸਕਾਰ ਕੀਤਾ ਅਤੇ ਬੜੇ ਸਤਿਕਾਰ ਭਰੇ ਲਹਿਜੇ ਨਾਲ ਬੋਲਿਆ "ਮੈਨੂੰ ਡਰ ਹੈ ਕਿ ਤੁਹਾਨੂੰ ਵੀ ਹਾਲਤ ਕੋਈ ਸੁਧਰੀ ਹੋਈ ਨਹੀਂ ਦਿੱਸ ਰਹੀ।"

"ਮੈਨੂੰ ਤਾਂ ਅਗੇ ਨਾਲੋਂ" ਬਹੁਤ ਫਰਕ ਦਿਸ ਰਿਹਾ ਹੈ" ਮਿਸਟਰ ਡਾਅਸਨ ਨੇ ਉੱਤਰ ਦਿੱਤਾ "ਕੀ ਤੁਸੀਂ" ਅਜੇ ਵੀ ਇਸ ਇਲਾਜ ਵਿਚ ਵਿਸ਼ਵਾਸ ਕਰ ਰਹੇ ਹੋ ਕਿ ਟੈਂਪਰੇਚਰ ਘੱਟ ਕੀਤੀ ਜਾਏ।" ਕਾਊਂਟ ਆਪਣੀ ਗੱਲ ਕਹਿੰਦਾ ਗਿਆ।

"ਮੈਂ" ਉਹੀ ਇਲਾਜ ਕਰਾਂਗਾ ਜੋ ਮੇਰੇ ਤਜਰਬੇ ਦੇ ਅਨੁਸਾਰ ਮੈਨੂੰ ਠੀਕ ਅਤੇ ਸਹੀ ਮਹਿਸੂਸ ਹੁੰਦਾ ਹੈ।" ਮਿਸਟਰ ਡਾਅਸਨ ਨੇ ਕਿਹਾ। "ਮੈਨੂੰ ਇਕ ਗੱਲ ਕਹਿਣ ਦੀ ਆਗਿਆ ਦਿਉ, ਮੈਂ ਤੁਹਾਨੂੰ ਆਪਣੀ ਕੋਈ ਰਾਇ ਨਹੀਂ ਦੇ ਰਿਹਾ, ਬੱਸ ਇਕ ਗੱਲ ਪੁੱਛਣੀ ਚਾਹੁੰਦਾ ਹਾਂ। ਤੁਸੀਂ ਲੰਡਨ ਅਤੇ ਪੇਰਿਸ ਤੋਂ ਬਹੁਤ ਦੂਰ ਹਾਂ ਅਤੇ ਉਥੇ ਹਰ ਮਿੰਟ, ਹਰ ਪਲ ਨਵੇਂ ਨਵੇਂ ਵਿਗਿਆਨਕ ਤਜਰਬੇ ਹੁੰਦੇ ਹਨ, ਕੀ ਤੁਹਾਡੇ ਤਜਰਬੇ ਵਿਚ ਇਹ ਗੱਲ ਆਈ ਹੈ ਕਿ ਬੁਖਾਰ ਨਾਲ ਚੂਰ, ਮਰੀਜ਼ ਨੂੰ ਬਰਾਂਡੀ, ਅਮੋਨੀਆਂ, ਕੁਨੀਨ ਵਾਈਨ ਆਦਿ ਦਿੱਤੀ ਜਾਂਦੀ ਹੈ, ਤਾਂ ਜੋ ਉਹ ਬਹੁਤਾ ਨਿਢਾਲ ਨਾਂ ਹੋ ਜਾਏ। ਕੀ ਮੈਡੀਕਲ ਸਾਇੰਸ ਦੀ ਇਹ ਨਵੀਂ ਖਬਰ ਤੁਹਾਡੇ ਤਕ ਪਹੁੰਚੀ ਹੈ ਕਿ ਨਹੀਂ, ਮੈਂ ਬੱਸ ਇਹੀ ਪੁੱਛਦਾ ਹਾਂ। ਹਾਂ ਕਿ ਨਾ?"

"ਜਦੋਂ ਕਈ ਡਾਕਟਰ ਮੇਰੇ ਨਾਲ ਗੱਲ ਕਰੇਗਾ, ਮੈਂ ਉਹਨੂੰ ਹੀ ਉੱਤਰ ਦੇਣਾ ਬਿਹਤਰ ਅਤੇ ਉਚਿੱਤ ਸਮਝਾਂਗਾ।" ਮਿਸਟਰ ਡਾਅਸਨ ਨੇ ਦਰਵਾਜ਼ਾ ਖੋਲ੍ਹਦਿਆਂ ਇਹ ਸ਼ਬਦ ਕਾਊਂਟ ਨੂੰ ਕਹੇ "ਤੁਸੀ ਡਾਕਟਰ ਨਹੀਂ ਇਸ ਲਈ ਖਿਮਾ ਕਰਨਾ, ਮੈਨੂੰ ਤੁਹਾਡਾ ਜਵਾਬ ਦੇਣ ਦੀ ਕੋਈ ਮਜਬੂਰੀ ਨਹੀਂ।"

ਜਿਵੇਂ ਕੋਈ ਕੱਟੜ ਕ੍ਰਿਸਚੀਅਨ ਇਕ ਗੱਲ ਤੇ ਥੱਪੜ ਖਾਣ ਮਗਰੋਂ ਆਪਣੀ ਦੂਜੀ ਗੱਲ ਅੱਗੇ ਕਰ ਦੇਂਦਾ ਹੈ ਤਿਵੇਂ ਹੀ ਕਾਊਂਟ ਨੇ ਉਹਦੀ ਰੱਖੀ ਗੱਲ ਦਾ ਜਵਾਬ ਬੜੇ ਮਿੱਠੇ ਸ਼ਬਦਾਂ ਵਿਚ ਦਿੱਤਾ :

"ਗੁਡ ਮੋਰਨਿੰਗ, ਮਿਸਟਰ ਡਾਅਸਨ।"

ਜੇ ਮੇਰੇ ਪਤੀ ਅੱਜ ਜੀਉਂਦੇ ਹੁੰਦੇ ਤਾਂ ਕਾਊਂਟ ਦੀ ਉਨ੍ਹਾਂ ਨਾਲ ਕਿੰਨੀ ਹੀ ਬਣ ਜਾਂਦੀ ਅਤੇ ਇਹ ਦੋਵੇਂ ਇਕ ਦੂਜੇ ਦਾ ਕਿੰਨਾ ਸਤਿਕਾਰ ਅਤੇ ਮਾਣ ਕਰਦੇ।

ਉਸ ਰਾਤ ਅਖੀਰਲੀ ਗੱਡੀ ਤੇ ਕਾਉਂਟੈਂਸ ਉਸ ਨਰਸ ਨੂੰ ਲੰਦਨ ਤੋਂ ਲੈਕੇ ਪਰਤੀ। ਮੈਨੂੰ ਦੱਸਿਆ ਗਿਆ ਕਿ ਉਹਦਾ ਨਾਂ ਮਿਸਜ਼ ਰੂਬੈਲੇ ਹੈ। ਉਹ ਸ਼ਕਲ ਸੂਰਤ ਅਤੇ ਲਿਬਾਸ ਤੋਂ ਕੋਈ ਬਿਦੇਸ਼ੀ ਲੱਗ ਰਹੀ ਸੀ। ਮੈਨੂੰ ਸਦਾ ਪ੍ਰਦੇਸੀਆਂ ਉਤੇ ਤਰਸ ਆਉਂਦਾ ਹੈ। ਉਨ੍ਹਾਂ ਉਤੇ ਰੱਬ ਦੀ ਮਿਹਰ ਉਸ ਤਰ੍ਹਾਂ ਨਹੀਂ ਹੋਈ ਜਿਵੇਂ ਸਾਡੇ ਤੇ ਹੈ। ਮੇਰੇ ਪਤੀ ਦਾ ਅਤੇ ਮੇਰਾ ਸਾਰੀ ਜ਼ਿੰਦਗੀ ਇਹੀ ਅਸੂਲ ਰਿਹਾ ਹੈ ਕਿ ਅਸੀਂ ਲੋਕਾਂ ਨਾਲ ਉਸੇ ਤਰ੍ਹਾਂ ਦਾ ਵਰਤਾਉ ਕਰੀਏ ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਕਿ ਉਹ ਸਾਡੇ ਨਾਲ ਕਰਨ। ਸੋ ਮੈਂ ਇਹ ਗੱਲ ਯਾਦ ਰਖਦਿਆਂ ਹੋਇਆ ਇਹ ਨਹੀਂ ਕਹਿ ਸਕਦੀ ਕਿ ਮੈਨੂੰ ਮਿਸਜ਼ ਰੂਬੈਲੇ ਇਕ ਮਕਰੀ ਜੇਹੀ ਔਰਤ ਦਿੱਸੀ ਉਹਦੀ ਉਮਰ ਪੰਜਾਹਾਂ ਦੇ ਲਗਭਗ ਹੋਵੇਗੀ। ਉਹਦਾ ਰੰਗ ਕੁਝ ਕੁਝ ਕਾਲ ਸੀ। ਉਹਦੀਆਂ ਅੱਖਾਂ ਜੋ ਹਲਕੇ ਭੂਰੇ ਰੰਗ ਦੀਆਂ ਸਨ, ਬੜੀਆਂ ਚੌਕੰਨੀਆਂ ਸਨ। ਮੇਰੇ ਅਸੂਲਾਂ ਦੀ ਔਰਤ ਇਹ ਵੀ ਕਿੰਜ ਕਵ੍ਹੇਂ ਕਿ ਉਹਦਾ ਲਿਬਾਸ ਜੋ ਭਾਵੇਂ ਕਾਲੀ ਸਿਲਕ ਦਾ ਹੀ ਸੀ ਪਰ ਬੜਾ ਵਧੀਆ ਸੀ। ਉਹਦੇ ਤੇ ਕਈ ਤਰ੍ਹਾਂ ਦੇ ਫੁੱਲ ਅਤੇ ਲੈਸਾਂ ਲੱਗੀਆਂ ਹੋਈਆਂ ਸਨ, ਜੋ ਉਸ ਉਮਰ ਦੀ ਔਰਤ ਨੂੰ ਨਹੀਂ ਸਨ ਫਬਦੀਆਂ। ਮੈਂ ਕਦੀ ਪਸੰਦ ਨਹੀਂ ਕਰਾਂਗੀ ਕਿ ਕੋਈ ਮੇਰੇ ਬਾਰੇ ਅਜਿਹੀਆਂ ਗੱਲਾਂ ਕਰੇ, ਇਸ ਲਈ ਮੈਨੂੰ ਕੋਈ ਹੱਕ ਨਹੀਂ ਕਿ ਮਿਸਜ਼ ਰੂਬੈਲੇ ਬਾਰੇ ਅਜਿਹੀਆਂ ਗੱਲਾਂ ਲਿਖਾਂ ਜਾਂ ਸੋਚਾਂ। ਉਹ ਕਿਸੇ ਨਾਲ ਬਹੁਤਾ ਘੁਲਣਾ ਮਿਲਣਾ ਪਸੰਦ ਨਹੀਂ ਸੀ ਕਰਦੀ। ਆਪਣੇ ਆਲੇ ਦੁਆਲੇ ਦੇਖਦੀ ਸੁਣਦੀ ਬਹੁਤ ਸੀ ਅਤੇ ਬੋਲਦੀ ਘੱਟ ਸੀ। ਸ਼ਾਇਦ ਉਹਨੂੰ ਬਲੈਕਵਾਟਰ ਪਾਰਕ ਵਿਚ ਕਿਸੇ ਤੇ ਵਿਸ਼ਵਾਸ ਨਹੀਂ ਸੀ, ਜਾਂ ਉਹਨੂੰ ਸ਼ਰਮ ਆਉਂਦੀ ਸੀ। ਉਹਨੇ ਰੋਟੀ ਖਾਣ ਤੋਂ ਨਾਂਹ ਕਰ ਦਿੱਤੀ ਭਾਵੇਂ ਮੈਂ ਉਹਨੂੰ ਆਪਣੇ ਕਮਰ ਵਿਚ ਹੀ ਖਾਣਾ ਖਾਣ ਲਈ ਬੁਲਾਇਆ ਸੀ।

ਕਾਊਂਟ ਨੇ ਜੋ ਬੜਾ ਉਦਾਰ ਦਿਲ ਸੀ, ਅਤੇ ਕਿਸੇ ਨਾਲ ਬਹੁਤੀ ਦੇਰ ਗੁੱਸੇ ਨਹੀਂ ਸੀ ਰਹਿ ਸਕਦਾ, ਮੈਨੂੰ ਇਹੀ ਕਿਹਾ ਕਿ ਜਦ ਤਕ ਸਵੇਰੇ ਡਾਕਟਰ ਨਰਸ ਨੂੰ ਵੇਖ ਨਾਂ ਲਵੇ ਉਹਦੇ ਕੋਲੋਂ ਕੰਮ ਨਾ ਸ਼ੁਰੂ ਕਰਵਾਇਆ ਜਾਏ। ਉਸ ਰਾਤ ਮੈਂ ਹੀ ਮਿਸ ਹਾਲਕੌਂਬ ਕੋਲ ਬੈਠੀ। ਲੇਡੀ ਗਲਾਈਡ ਇਸ ਗੱਲ ਲਈ ਉੱਕਾ ਹੀ ਰਾਜੀ ਨਹੀਂ ਸੀ, ਕਿ ਨਵੀਂ ਨਰਸ ਨੂੰ ਮਿਸ ਹਾਲਕੌਂਬ ਦੀ ਸੇਵਾ ਸੌਂਪੀ ਜਾਏ। ਕਿਸੇ ਪ੍ਰਦੇਸੀ ਨਾਲ ਏਨੀ ਤੰਗਦਿਲੀ ਵਰਤਣੀ ਲੇਡੀ ਗਲਾਈਡ ਵਰਗੀ ਪੜ੍ਹੀ ਲਿਖੀ ਕੁੜੀ ਨੂੰ ਸ਼ੋਭਾ ਨਹੀਂ ਸੀ ਦੇਂਦੀ। ਮੈਂ ਲੇਡੀ ਗਲਾਈਡ ਨੂੰ ਇੰਨੀ ਗੱਲ ਕਹੀ, "ਸਾਨੂੰ ਜਲਦੀ ਵਿਚ ਹੀ ਕੋਈ ਰਾਇ ਕਿਸੇ ਬਾਰੇ ਨਹੀਂ ਬਣਾਉਣੀ ਚਾਹੀਦੀ, ਖਾਸ ਕਰਕੇ ਜਦੋਂ ਉਹ ਪ੍ਰਦੇਸ਼ ਵਿਚੋਂ ਸਾਡੇ ਦੇਸ਼ ਆਏ ਹਨ।" ਪਰ ਲੇਡੀ ਗਲਾਈਡ ਨੇ ਮੇਰੀ ਗੱਲ ਸੁਣੀ ਹੀ ਨਹੀਂ ਸੀ, ਉਹਨੇ ਮਿਸ ਹਾਲਕੌਂਬ ਦਾ ਹੱਥ ਚੁੰਮਿਆਂ ਅਤੇ ਇਕ ਠੰਡਾ ਸਾਹ ਲੈਕੇ ਉਹਨੂੰ ਮੁੜ ਚਾਦਰ ਉੱਤੇ ਰੱਖ ਦਿੱਤਾ। ਲੇਡੀ ਗਲਾਈਡ ਇਹ ਠੀਕ ਨਹੀਂ ਸੀ ਕਰ ਰਹੀ, ਉਸ ਮਰੀਜ਼ ਨੂੰ ਪਰੇਸ਼ਾਨ ਨਹੀਂ ਸੀ ਕਰਨਾ ਚਾਹੀਦਾ, ਪਰ ਉਸ ਵਿਚਾਰੀ ਨੂੰ ਕੀ ਪਤਾ ਕਿ ਬੀਮਾਰ ਦੀ ਸੇਵਾ ਕਿੰਜ ਕਰੀਦੀ ਹੈ। ਉਹ ਇਸ ਬਾਰੇ ਕੁਝ ਵੀ ਨਹੀਂ ਸੀ ਜਾਣਦੀ।

ਅਗਲੀ ਭਲਕ ਮਿਸਜ਼ ਰੂਬੈਲੇ ਨੂੰ ਮਿਸ ਹਾਲਕੌਂਬ ਦੀ ਬੈਠਕ ਵਿਚ ਭੇਜਿਆ ਗਿਆ ਤਾਂ ਜੋ ਡਾਕਟਰ ਉਹਨੂੰ ਮਿਲ ਸਕੇ।

ਮੈਂ ਲੇਡੀ ਗਲਾਈਡ ਨੂੰ ਮਿਸ ਹਾਲਕੌਂਬ ਕੋਲ ਬਿਠਾਇਆ ਮਿਸ ਹਾਲਕੌਂਬ ਅਜੇ ਸੁਤੀ ਹੋਈ ਸੀ, ਮੈਂ ਆਪ ਮਿਸਜ਼ ਰੂਬੈਲੇ ਕੋਲ ਇਸ ਵਿਚਾਰ ਨਾਲ ਆ ਬੈਠੀ ਕਿ ਕਿਧਰੋਂ ਡਾਕਟਰ ਨਾਲ ਮੁਲਾਕਾਤ ਦੇ ਖਿਆਲ ਨਾਲ ਘਬਰਾਈ ਨਾ ਹੋਵੇ ਕਿਉਂਕਿ ਕੀ ਪਤਾ ਡਾਕਟਰ ਉਹਨੂੰ ਉਥੇ ਟਿਕਣ ਦੇਵੇਗਾ ਕਿ ਨਹੀਂ, ਪਰ ਉਹ ਅਡੋਲ ਤੇ ਨਿਸ਼ਚਿਤ ਬੈਠੀ ਹੋਈ ਸੀ, ਜਿਵੇਂ ਉਹਨੂੰ ਆਪਣੀ ਨੌਕਰੀ ਦਾ ਪੂਰਾ ਭਰੋਸਾ ਸੀ। ਉਹ ਖਿੜਕੀ ਵਿਚੋਂ ਬਾਹਰ ਝਾਕ ਕੇ ਤਾਜੀ ਹਵਾ ਦਾ ਪੂਰਾ ਸਵਾਦ ਮਾਣ ਰਹੀ ਸੀ। ਕੋਈ ਹੋਰ ਮੇਰੀ ਥਾਂ ਹੁੰਦਾ ਤਾਂ ਉਹਦੇ ਇਸ ਸਵੈ-ਭਰੋਸੇ ਨੂੰ ਢੀਠਤਾਈ ਕਹਿੰਦਾ ਪਰ ਮੈਂ ਇਹੀ ਸੋਚਿਆ ਕਿ ਉਹਦਾ ਦਿਲ ਤਕੜਾ ਹੈ।

ਡਾਕਟਰ ਸਾਡੇ ਕਮਰੇ ਵਿਚ ਨਹੀਂ ਆਇਆ ਸਗੋਂ ਡਾਕਟਰ ਨੇ ਮੈਨੂੰ ਆਪਣੇ ਕੋਲ ਸੱਦ ਭੇਜਿਆ। ਮੈਨੂੰ ਇਹ ਅਜੀਬ ਲੱਗਾ। ਪਰ ਮਿਸਜ਼ ਰੂਬੈਲੇ ਦੇ ਚਿਹਰੇ ਤੇ ਅਜੇ ਵੀ ਘਬਰਾਹਟ ਦੇ ਕਈ ਆਸਾਰ ਨਹੀਂ ਸਨ! ਉਹ ਅਜੇ ਵੀ ਖਿੜਕੀ ਵਿਚੋਂ ਮੂੰਹ ਬਾਹਰ ਕੱਢ ਕੇ

ਪਿੰਡ ਦੀ ਤਾਜ਼ੀ ਹਵਾ ਭਖ ਰਹੀ ਸੀ। ਮਿਸਟਰ ਡਾਅਸਨ, ਮੇਰੀ ਉਡੀਕ ਬਰੇਕਫਾਸਟ ਰੂਮ ਵਿਚ ਕਰ ਰਹੇ ਸਨ। ਉਹ ਇਕਲੇ ਹੀ ਸਨ, ਉਹ ਬੋਲੇ -

'ਮੈਂ ਇਸ ਨਵੀਂ ਨਰਸ ਬਾਰੇ ਗੱਲ ਕਰਨੀ ਚਾਹੁੰਦਾ ਹਾਂ।"

'ਹਾਂ ਜੀ' ਮੈਂ' ਉਤਰ ਦਿਤਾ।

"ਮੈਨੂੰ ਪਤਾ ਲੱਗਾ ਹੈ, ਕਿ ਇਸ ਨਰਸ ਨੂੰ ਉਸ ਮੋਟੇ ਬਿਦੇਸ਼ੀ ਦੀ ਪਤਨੀ ਲੰਡਨ ਤੋਂ ਲਿਆਈ ਹੈ, ਉਹ ਪ੍ਰਦੇਸੀ ਹਰ ਵੇਲੇ ਮੇਰੇ ਕੰਮ ਵਿਚ ਦਖਲ ਦੇਣ ਦੀ ਕੋਸ਼ਿਸ਼ ਕਰਦਾ ਹੈ ਮਿਸਜ਼ ਮਾਈਕਲਸਨ, ਉਹ ਮੋਟਾ ਨੀਮ ਹਕੀਮ ਹੈ।"

ਇਹ ਬਦਤਮੀਜ਼ੀ ਹੈ, ਮੈਂ ਦਿਲ ਵਿਚ ਸੋਚਿਆ। "ਤੁਸੀਂ ਇਕ ਸਾਊ ਅਤੇ ਖਾਨਦਾਨੀ ਆਦਮੀ ਬਾਰੇ ਇੰਜ ਨਾ ਕਹੋ" ਮੈਂ ਕਿਹਾ।

"ਉਹ ਕੋਈ ਪਹਿਲਾ ਨੀਮ ਹਕੀਮ ਨਹੀਂ ਜਿਸਨੇ, ਨਾਂ ਨਾਲ ਪੂਛਲ ਲਾਈ ਹੋਈ ਏ, ਇਹੋ ਜੇਹੇ ਅਨਾੜੀ ਸਾਰੇ ਹੀ ਆਪਣੇ ਆਪ ਨੂੰ ਕਾਊਂਟ ਕਹਿੰਦੇ ਹਨ, ਫਾਹੇ ਲਾਉ ਇਨਾਂ ਸਭਨਾਂ ਨੂੰ।"

"ਉਹ ਭਾਵੇਂ ਅੰਗਰੇਜ਼ ਨਹੀਂ ਪਰ ਉਚੇ ਖ਼ਾਨਦਾਨ ਦਾ ਹੈ, ਜੇ ਉਹ ਖ਼ਾਨਦਾਨੀ ਨਾ ਹੁੰਦਾ ਤਾਂ ਸਰ ਪਰਸੀਵਲ ਦਾ ਦੋਸਤ ਕਿਵੇਂ ਹੁੰਦਾ?"

"ਹੱਛਾ ਮਿਸਜ਼ ਮਾਈਕਲਸਨ, ਤੁਸੀਂ ਭਾਵੇਂ ਜੋ ਕਹੋ, ਮੈਂ ਸਿਰਫ ਨਰਸ ਦੀ ਗੱਲ ਕਰ ਰਿਹਾ ਹਾਂ, ਮੈਨੂੰ ਉਸ ਨਰਸ ਦੀ ਕੋਈ ਜ਼ਰੂਰਤ ਨਹੀਂ, ਮੈਂ ਉਸਨੂੰ ਨਹੀਂ ਰੱਖਣਾ।"

"ਤੁਸੀਂ ਉਸਨੂੰ ਮਿਲੇ ਬਿਨਾਂ ਹੀ ਜਵਾਬ ਦੇ ਦਿਉਗੇ?" "ਮੈਨੂੰ ਉਸ ਨੂੰ ਮਿਲਣ ਦੀ ਲੋੜ ਨਹੀਂ, ਉਹ ਦੁਨੀਆਂ ਵਿਚ ਭਾਵੇਂ ਸਭ ਤੋਂ ਚੰਗੀ ਨਰਸ ਹੋਵੇ ਪਰ ਉਹ ਨਰਸ ਮੈਂ ਤੇ ਨਹੀਂ ਲਿਆਇਆ। ਮੈਂ ਸਰ ਪਰਸੀਵਲ ਅੱਗੇ ਵੀ ਇਹੀ ਉਜ਼ਰ ਰੱਖੀ ਹੈ। ਉਹ ਮੇਰੀ ਹਾਂ ਵਿਚ ਹਾਂ ਨਹੀਂ ਮਿਲਾ ਰਿਹਾ। ਉਹਦਾ ਕਹਿਣਾ ਹੈ ਕਿ ਜੇ ਮੈਂ ਕੋਈ ਨਰਸ ਲੰਦਨ ਤੋਂ ਲੈ ਕੇ ਆਵਾਂਗਾ ਤਾਂ ਉਹ ਵੀ ਤਾਂ ਸਾਡੇ ਲਈ ਓਪਰੀ ਹੋਵੇਗੀ। ਉਹਦੀ ਰਾਇ ਵਿਚ ਸਾਨੂੰ ਇਸ ਨਰਸ ਦਾ ਕੰਮ ਵੇਖਣਾ ਚਾਹੀਦਾ ਹੈ। ਕਿਉਂਜੋ ਲੇਡੀ ਗਲਾਈਡ ਦੀ ਭੂਆ ਉਹਨੂੰ ਲੰਦਨ ਤੋਂ ਲਿਆਈ ਹੈ। ਉਹਦੀ ਦਲੀਲ ਵੀ ਇਕ ਹੱਕ ਤਕ ਵਾਜਬ ਹੈ, ਅਤੇ ਮੈਂ ਦੋ ਟੁੱਕ ਨਾਂਹ ਨਹੀਂ ਕਰ ਸਕਦਾ।

ਪਰ ਮੈਂ ਇਕ ਸ਼ਰਤ ਰੱਖੀ ਹੈ ਕਿ ਜੇ ਮੇਰੀ ਤਸੱਲੀ ਨਾਂ ਹੋਈ, ਤਾਂ ਮੈਂ ਉਹਨੂੰ ਜਵਾਬ ਦੇ ਦਿਆਂਗਾ। ਸਰ ਪਰਸੀਫਲ ਇਸ ਗੱਲ ਤੇ ਰਾਜੀ ਹੋ ਗਿਆ ਹੈ। ਹੁਣ ਮਿਸਜ਼ ਮਾਈਕਲਸਨ, ਮੈਨੂੰ ਤੁਹਾਡੇ ਉਤੇ ਪੂਰਾ ਭਰੋਸਾ ਹੈ ਮੈਂ ਚਾਹੁੰਦਾ ਹਾਂ, ਕਿ ਤੁਸੀਂ ਉਹਦੀ ਸਖ਼ਤ ਨਿਗਰਾਨੀ ਕਰੋ, ਅਤੇ ਇਹ ਧਿਆਨ ਉਚੇਚੇ ਤੌਰ ਤੇ ਰਖੋ, ਕਿ ਉਹ ਮਿਸ ਹਾਲਕੌਂਬ ਨੂੰ ਸਿਰਫ ਮੇਰੀ ਹੀ ਦਵਾਈ ਦੇਏ। ਤੁਹਾਡਾ ਉਹ ਉਚੇ ਖ਼ਾਨਦਾਨ ਦਾ ਪ੍ਰਦੇਸੀ, ਆਪਣੀਆਂ ਦਵਾਈਆਂ ਦੇਣ ਲਈ ਉਤਾਵਲਾ ਹੈ ਇਥੋਂ ਤਕ ਕਿ ਉਹ ਮੇਰੇ ਮਰੀਜ਼ ਤੇ ਆਪਣਾ ਜਾਦੂ ਟੂਣਾ ਵੀ ਕਰਨਾ ਚਾਹੁੰਦਾ ਹੈ। ਜਿਹੜੀ ਨਰਸ ਉਹਦੀ ਪਤਨੀ ਲਿਆਈ ਹੈ, ਉਹ ਜ਼ਰੂਰ ਉਸ ਮੋਟੇ ਦੀ ਮਦਦ ਕਰੇਗੀ ਇਹ ਗੱਲ ਹੈ ਤੁਸੀਂ ਇਹ ਧਿਆਨ ਰੱਖਣਾ ਹੈ। ਨਰਸ ਕਿਥੋਂ ਹੈ, ਚਲੋ ਉਪਰ ਮੈਂ ਵੀ ਚਲਦਾ ਹਾਂ, ਨਰਸ ਨੂੰ ਬੀਮਾਰ ਕੋਲ ਭੇਜਣ ਤੋਂ ਪਹਿਲਾਂ ਮੈਂ ਉਹਨੂੰ ਕੁਝ ਕਹਿਣਾ ਚਾਹੁੰਦਾ ਹਾਂ।"

ਅਸੀਂ ਜਦੋਂ ਉਪਰ ਗਏ ਤਾਂ ਮਿਸਜ਼ ਰੂਬੈਲੇ ਅਜੇ ਵੀ ਮੂੰਹ ਬਾਹਰ ਕੱਢੀ ਮਜ਼ਾ ਲੈ ਰਹੀ ਸੀ। ਡਾਕਟਰ ਦੇ ਸਵਾਲਾਂ ਅਤੇ ਉਹਦੀਆਂ ਤੇਜ਼ ਨਜ਼ਰਾਂ ਤੋਂ ਵੀ ਉਹ ਰਤਾ ਨਾਂ ਘਬਰਾਈ। ਆਪਣੀ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਜਵਾਬ ਦੇਂਦੀ ਸੀ। ਡਾਕਟਰ ਨੇ ਉਹਨੂੰ ਕਈ ਸਵਾਲ ਪੁੱਛੇ ਪਰ ਉਹਨੂੰ ਆਪਣੇ ਕੰਮ ਦਾ ਪੂਰਾ ਪਤਾ ਸੀ। ਇਹ ਬੇਸ਼ਰਮੀ ਜਾਂ ਢੀਠਤਾਈ ਨਹੀਂ ਸੀ, ਸਗੋਂ ਉਹ ਪੱਕੇ ਦਿਲ ਦੀ ਅਤੇ ਤਗੜੇ ਜਿਗਰੇ ਵਾਲੀ ਔਰਤ ਸੀ।

ਅਸੀਂ ਸਾਰੇ ਬੈਡ ਰੂਮ ਵਿਚ ਗਏ।

ਮਿਸਜ਼ ਰੂਬੈਲੇ ਨੇ ਮਰੀਜ਼ ਨੂੰ ਧਿਆਨ ਨਾਲ ਵੇਖਿਆ, ਲੇਡੀ ਗਲਾਈਡ ਨੂੰ ਝੁੱਕ ਕੇ ਨਮਸਕਾਰ ਕੀਤੀ ਅਤੇ ਇਕ ਕੋਨੇ ਵਿਚ ਚੁੱਪ ਕਰ ਕੇ ਬਹਿ ਗਈ। ਲੇਡੀ ਗਲਾਈਡ ਨੂੰ ਉਹਦੇ ਕਮਰੇ ਵਿਚ ਵੜਦਿਆਂ ਹੀ ਗੁੱਸਾ ਚੜ੍ਹ ਗਿਆ ਦਿਸਦਾ ਸੀ। ਕਿਸੇ ਨੇ ਉੱਚੀ ਆਵਾਜ਼ ਵਿਚ ਕੋਈ ਗੱਲ ਨਾ ਕੀਤੀ ਤਾਂ ਜੋ ਮਿਸ ਹਾਲਕੌਂਬ ਜਾਗ ਨਾ ਪਵੇ। ਡਾਕਟਰ ਨੇ ਹੌਲੀ ਜੇਹੀ ਰਾਤ ਬਾਰੇ ਪੁੱਛਿਆ, ਜਿਸਦਾ ਜਵਾਬ ਮੈਂ ਵੀ ਧੀਮੀ ਆਵਾਜ਼ ਨਾਲ ਇਹ ਦਿੱਤਾ ਕਿ ਰਾਤ ਪਹਿਲਾਂ ਵਰਗੀ ਹੀ ਨਿਕਲੀ ਸੀ। ਲੇਡੀ ਗਲਾਈਡ ਡਾਕਟਰ ਦੇ ਨਾਲ ਨਾਲ ਕਮਰੇ ਵਿਚੋਂ ਬਾਹਰ ਆਈ; ਸ਼ਾਇਦ ਉਹ ਨਰਸ ਬਾਰੇ ਕੁਝ ਕਹਿਣਾ ਚਾਹੁੰਦੀ ਸੀ। ਮੈਂ ਤੇ ਦਿਲ ਹੀ ਦਿਲ ਆਪਣੀ ਸਲਾਹ ਇਹ ਬਣਾ ਲਈ ਸੀ ਕਿ ਇਸ ਨਰਸ ਨੂੰ ਇਥੇ ਟਿਕਣ ਵਿਚ ਸਹਾਇਤਾ ਦਿਆਂਗੀ। ਉਹ ਸਿਆਣੀ ਸੀ ਅਤੇ ਆਪਣਾ ਕੰਮ ਸਮਝਦੀ ਸੀ, ਮੈਂ ਮਰੀਜ਼ ਦੀ ਦੇਖ ਭਾਲ ਉੱਨੀ ਚੰਗੀ ਤਰ੍ਹਾਂ ਕਿਸੇ ਹਾਲ ਵਿਚ ਵੀ ਨਹੀਂ ਸਾਂ ਕਰ ਸਕਦੀ।

ਅਗਲੇ ਤਿੰਨ ਚਾਰ ਦਿਨ ਮੈਂ ਮਿਸਜ਼ ਰੂਬੇਲੇ ਦੀ ਕਰੜੀ ਨਿਗਰਾਨੀ ਕੀਤੀ। ਮੈਨੂੰ ਮਿਸਟਰ ਡਾਅਸਨ ਦੀਆਂ ਹਿਦਾਇਤਾਂ ਯਾਦ ਸਨ। ਮੈਂ ਜਦੋਂ ਵੀ ਕਮਰੇ ਵਿਚ ਜਾਂਦੀ, ਚੁਪ ਕੀਤੀ ਅਚਾਨਕ ਹੀ ਜਾਂਦੀ, ਪਰ ਉਹ ਕੋਈ ਸ਼ੱਕ ਵਾਲਾ ਕੰਮ ਨਹੀਂ ਸੀ ਕਰ ਰਹੀ ਹੁੰਦੀ। ਲੇਡੀ ਗਲਾਈਡ ਵੀ ਉਹਦੇ ਤੇ ਨਜ਼ਰ ਰੱਖ ਰਹੀ ਸੀ ਉਹਨੂੰ ਵੀ ਕੋਈ ਅਜਿਹੀ ਗੱਲ ਨਹੀਂ ਸੀ ਦਿਸੀ। ਦਵਾਈਆਂ ਦੀਆਂ ਸ਼ੀਸ਼ੀਆਂ ਅਡੋਲ ਪਈਆਂ ਰਹਿੰਦੀਆਂ ਸਨ। ਮੈਂ ਮਿਸਜ਼ ਰੂਬੈਲੇ ਨੂੰ ਕਾਊਂਟ ਨਾਲ ਕਦੀ ਬੋਲਦਿਆਂ ਨਹੀਂ ਵੇਖਿਆ ਸੀ ਅਤੇ ਨਾ ਹੀ ਕਦੀ ਕਾਊਂਟ ਨੇ ਉਹਦੇ ਨਾਲ ਗੱਲ ਕੀਤੀ ਸੀ। ਉਹ ਮਿਸ ਹਾਲਕੌਂਬ ਦਾ ਪੂਰੀ ਤਰ੍ਹਾਂ ਧਿਆਨ ਰੱਖ ਰਹੀ ਸੀ। ਮਿਸ ਹਾਲਕੌਂਬ ਕਦੀ ਹੋਸ਼ ਵਿਚ ਹੁੰਦੀ ਅਤੇ ਕਦੀ ਬੇਹੋਸ਼ੀ ਵਿਚ, ਕਦੀ ਬੁਖਾਰ ਹੋ ਜਾਂਦਾ, ਜਿਸ ਨਾਲ ਉਹ ਬੜਾਉਣ ਲੱਗ ਪੈਂਦੀ! ਮਿਸਜ਼ ਰੂਬੈਲੇ ਨੇ ਉਹਨੂੰ ਕਦੀ ਨੀਂਦ ਵਿਚੋਂ ਨਾ ਜਗਾਇਆ ਅਤੇ ਨਾ ਹੀ ਬੀਮਾਰ ਕੋਲ ਅਚਾਨਕ ਜਾ ਕੇ ਖੜੋਤੀ ਕਿ ਉਹਦਾ ਤ੍ਰਾਹ ਹੀ ਨਿਕਲ ਜਾਏ। ਕਿਸੇ ਦੇ ਗੁਣ ਦੀ ਤਾਰੀਫ਼ ਜ਼ਰੂਰ ਕਰਨੀ ਚਾਹੀਦੀ ਹੈ, ਭਾਵੇਂ ਉਹ ਪ੍ਰਦੇਸੀ ਹੀ ਕਿਉਂ ਨਾ ਹੋਵੇ। ਉਹਨੇ ਆਪਣੇ ਬਾਰੇ ਵੀ ਕਦੀ ਕਿਸੇ ਨੂੰ ਕੁਝ ਨਹੀਂ ਕਿਹਾ, ਅਤੇ ਉਹ ਕਿਸੇ ਕੋਲੋਂ ਕਦੀ ਕੋਈ ਸਲਾਹ ਵੀ ਨਹੀਂ ਲੈਂਦੀ ਸੀ, ਪਰ ਉਹ ਇਨ੍ਹਾਂ ਗੱਲਾਂ ਦੇ ਬਾਵਜੂਦ ਉਹ ਇਕ ਚੰਗੀ ਨਰਸ ਸੀ। ਲੇਡੀ ਗਲਾਈਡ ਅਤੇ ਮਿਸਟਰ ਡਾਅਸਨ ਨੂੰ ਉਹਨੇ ਇਕ ਵੀ ਮੌਕਾ ਨਹੀਂ ਦਿੱਤਾ ਕਿ ਉਹ ਉਹਦੀ ਸ਼ਿਕਾਇਤ ਕਰ ਸਕਣ।

ਇਕ ਹੋਰ ਮਹੱਤਵ ਪੂਰਣ ਘਟਨਾ ਜੋ ਇਨ੍ਹਾਂ ਦਿਨਾਂ ਵਿਚ ਹੋਈ ਉਹ ਸੀ ਕਾਊਂਟ ਦਾ ਲੰਦਨ ਜਾਣਾ। ਉਹਨੂੰ ਸ਼ਾਇਦ ਕੋਈ ਕੰਮ ਸੀ। ਮਿਸੇਜ਼ ਰੂਬੈਲੇ ਦੇ ਆਉਣ ਤੋਂ ਚਾਰ ਦਿਨ ਮਗਰੋਂ ਉਹ ਗਿਆ ਸੀ, ਜਾਣ ਤੋਂ ਪਹਿਲਾਂ ਉਹਨੇ ਮੇਰੇ ਸਾਹਮਣੇ ਹੀ ਲੇਡੀ ਗਲਾਈਡ ਨੂੰ ਗੰਭੀਰਤਾ ਨਾਲ ਮਿਸ ਹਾਲਕੌਂਬ ਬਾਰੇ ਕਿਹਾ ਸੀ।

"ਥੋੜੇ ਦਿਨ ਮਿਸਟਰ ਡਾਅਸਨ ਨੂੰ ਇਲਾਜ ਕਰਨ ਦਿਉ, ਅਤੇ ਜੇ ਤਾਂ ਵੀ ਫਰਕ ਨਾ ਪਿਆ, ਤਾਂ ਲੰਦਨ ਤੋਂ ਕਿਸੇ ਡਾਕਟਰ ਨੂੰ ਬੁਲਾਣਾ ਪਵੇਗਾ। ਤਾਂ ਹੀ ਇਹ ਅੜੀਅਲ ਡਾਕਟਰ ਸਿੱਧਾ ਹੋਵੇਗਾ। ਮੈਂ ਤਾਂ ਦਿਲੋਂ ਮਹਿਸੂਸ ਕਰਕੇ ਕਹਿੰਦਾ ਹਾਂ, ਕਿ ਮਿਸ ਹਾਲਕੌਂਬ ਨੂੰ ਬਚਾਉਣ ਲਈ ਇਹ ਡਾਕਟਰ ਜੇ ਨਾਰਾਜ਼ ਵੀ ਹੁੰਦਾ ਹੈ ਤਾਂ ਕੋਈ ਪ੍ਰਵਾਹ ਨਹੀਂ ਕਰਨੀ ਚਾਹੀਦੀ।"

ਉਹ ਤਾਂ ਬੜੇ ਪਿਆਰ ਨਾਲ ਇਹ ਗੱਲ ਸਮਝਾ ਰਿਹਾ ਸੀ, ਪਰ ਲੇਡੀ ਗਲਾਈਡ ਇਸ ਬੀਮਾਰੀ ਨਾਲ ਏਨੀ ਢਿੱਲੀ ਹੋ ਗਈ ਸੀ, ਕਿ ਉਹ ਉਸ ਕੋਲੋਂ ਡਰਦੀ ਜਾ ਰਹੀ ਸੀ। ਉਹ ਸਿਰ ਤੋਂ ਪੈਰਾਂ ਤਕ ਕੰਬ ਰਹੀ ਸੀ, ਉਹਨੇ ਕਾਂਊਟ ਨੂੰ ਕੋਈ ਉੱਤਰ ਨਾ ਦਿੱਤਾ। ਜਦੋਂ ਉਹ ਚਲਾ ਗਿਆ ਤਾਂ ਉਹ ਮੇਰੇ ਵੱਲ ਵੇਖ ਕੇ ਬੋਲੀ, "ਮੈਂ ਕੀ ਕਰਾਂ, ਮਿਸਜ਼ ਮਾਈਕਲਸਨ- ਮੈਂ ਬੜੀ ਦੁਖੀ ਹਾਂ, ਕੋਈ ਨਹੀਂ ਜਿਸ ਕੱਲ ਮੈਂ ਪੁਛਾਂ ਕੀ ਤੁਸੀਂ ਵੀ ਇਹੀ ਸਮਝਦੇ ਹੋ, ਕਿ ਮਿਸਟਰ ਡਾਅਸਨ ਠੀਕ ਇਲਾਜ ਨਹੀਂ ਕਰ ਰਿਹਾ? ਉਹਨੇ ਅੱਜ ਹੀ ਸਵੇਰੇ ਮੈਨੂੰ ਕਿਹਾ ਹੈ ਕਿ ਫਿਕਰ ਦੀ ਕੋਈ ਗੱਲ ਨਹੀਂ, ਅਤੇ ਹੋਰ ਡਾਕਟਰ ਨੂੰ ਬੁਲਾਣ ਦੀ ਵੀ ਕੋਈ ਲੋੜ ਨਹੀਂ।"

"ਮੈਂ ਮਿਸਟਰ ਡਾਅਸਨ ਬਾਰੇ ਕੁਝ ਨਹੀਂ ਕਹਿੰਦੀ, ਪਰ ਜੇ ਮੈਂ ਤੁਹਾਡੀ ਥਾਂ ਤੇ ਹੋਵਾਂ ਤਾਂ ਕਾਂਊਟ ਦੀ ਸਲਾਹ ਮੰਨਾਂ "

ਲੇਡੀ ਗਲਾਈਡ ਅਚਾਨਕ ਮੇਰੇ ਤੋਂ ਪਰ੍ਹੇ ਹਟ ਗਈ, ਜਿਵੇਂ ਉਹਨੂੰ ਕਈ ਗਹਿਰਾ ਸਦਮਾ ਲਗਾ ਹੋਵੇ। ਮੈਨੂੰ ਨਹੀਂ ਪਤਾ ਕਿ ਉਹਨੂੰ ਕੀ ਖਿਆਲ ਆਇਆ ਸੀ। "ਉਹਦੀ ਸਲਾਹ !" ਉਹ ਜਿਵੇਂ ਆਪਣੇ ਆਪ ਨੂੰ ਕਹਿ ਰਹੀ ਸੀ, ‘ਰੱਬ ਮਿਹਰ ਕਰੇ --ਉਹਦੀ ਸਲਾਹ।"

ਜਿਥੋਂ ਤਕ ਮੈਨੂੰ ਯਾਦ ਹੈ, ਕਾਂਊਟ ਇਕ ਹਫਤਾ ਹੀ ਬਲੈਕਵਾਟਰ ਪਾਰਕ ਤੋਂ ਬਾਹਰ ਰਿਹਾ ਸੀ।

ਸਰ ਪਰਸੀਵਲ ਆਪਣੇ ਮਿੱਤਰ ਤੋਂ ਬਿਨਾਂ ਗਵਾਚਾ-ਗਵਾਚਾ ਦਿੱਸਦਾ ਸੀ। ਘਰ ਵਿਚ ਬੀਮਾਰੀ ਕਰਕੇ ਉਹ ਬਹੁਤ ਬਦਲ ਗਿਆ ਸੀ, ਕਈ ਵਾਰ ਤਾਂ ਉਹ ਬੜਾ ਹੀ ਪ੍ਰੇਸ਼ਾਨ ਦਿਸਦਾ ਸੀ, ਏਨਾਂ ਬੇਚੈਨ, ਕਿ ਘਰ ਵਿਚ ਆਉਂਦਾ ਅਤੇ ਫਿਰ ਚਲਾ ਜਾਂਦਾ। ਕਦੀ ਬਾਹਰ ਘੁੰਮਦਾ ਦਿੱਸਦਾ, ਬਸ ਘੁੰਮਦਾ ਹੀ ਰਹਿੰਦਾ। ਇਕ ਮਿੰਟ ਵੀ ਨਾ ਬੈਠ ਸਕਦਾ। ਉਹ ਕਈ-ਕਈ ਵਾਰ ਮਿਸ ਹਾਲਕੌਂਬ ਅਤੇ ਲੇਡੀ ਗਲਾਈਡ ਦਾ ਹਾਲ ਪੁੱਛਣ ਆਉਂਦਾ। ਉਹ ਲੇਡੀ ਗਲਾਈਡ ਦੀ ਸਿਹਤ ਬਾਰੇ ਦਿਲੋਂ ਚਿੰਤਤ ਸੀ। ਹੁਣ ਉਹਦਾ ਦਿਲ ਬੜਾ ਪਿਘਲ ਗਿਆ ਜਾਪਦਾ ਸੀ। ਜੇ ਇਸ ਵੇਲੇ ਕੋਈ ਪਾਦਰੀ ਉਹਦੇ ਕੋਲ ਹੁੰਦਾ, ਜੇ ਮੇਰੇ ਪਤੀ ਹੀ ਜੀਉਂਦੇ ਹੁੰਦੇ, ਤਾਂ ਇਹੀ ਵਕਤ ਸੀ ਕਿ ਉਸ ਨੂੰ ਰੂਹਾਨੀ ਜ਼ਿੰਦਗੀ ਬਾਰੇ ਕੁਝ ਸਮਝਾਇਆ ਜਾਂਦਾ। ਮੈਨੂੰ ਸਾਰੀ ਜ਼ਿੰਦਗੀ ਦਾ ਤਜਰਬਾ ਹੈ, ਇਸ ਲਈ ਮੈਂ ਜਾਣਦੀ ਹਾਂ, ਕਿ ਧਾਰਮਕ ਸਿੱਖਿਆ ਲਈ ਵੀ ਇਕ ਖਾਸ ਸਮਾਂ ਹੁੰਦਾ ਹੈ।

ਕਾਂਊਟੈਸ ਹੀ ਹੁਣ ਸਰ ਪਰਸੀਵਲ ਦਾ ਸਾਥ ਦੇਣ ਲਈ ਰਹਿ ਗਈ ਸੀ, ਪਰ ਉਹ ਉਹਦੇ ਵੱਲ ਬਹੁਤਾ ਧਿਆਨ ਨਹੀਂ ਸੀ ਦੇਂਦੀ। ਜਾਂ ਹੋ ਸਕਦਾ ਹੈ, ਕਿ ਉਹ ਆਪ ਹੀ ਉਹਦਾ ਸਾਥ ਪਸੰਦ ਨਹੀਂ ਸੀ ਕਰਦਾ। ਜੇ ਕੋਈ ਓਪਰਾ ਆਦਮੀ ਉਨ੍ਹਾਂ ਨੂੰ ਇਸ ਵੇਲੇ ਵੇਖਦਾ, ਤਾਂ ਉਹ ਇਹੀ ਅਨੁਮਾਨ ਲਾਂਦਾ ਕਿ ਉਹ ਜਾਣ ਬੁਝ ਕੇ ਇਕ ਦੂਜੇ ਕੋਲੋਂ ਕਤਰਾ ਰਹੇ ਸਨ। ਪਰ ਇੰਜ ਤਾਂ ਨਹੀਂ ਸੀ ਹੋ ਸਕਦਾ। ਇਹ ਤਾਂ ਜ਼ਰੂਰ ਵੇਖਣ ਵਿਚ ਆਉਂਦਾ ਸੀ, ਕਿ ਕਾਂਊਟੈਂਸ ਦੁਪਿਹਰੇ ਹੀ ਰੋਟੀ ਖਾ ਕੇ ਉਪਰ ਮਿਸ ਹਾਲਕੌਂਬ ਦੇ ਕਮਰੇ ਵਿਚ ਆ ਜਾਂਦੀ, ਹਾਲਾਂਕਿ ਮਿਸਜ਼ ਰੂਬੈਲੇ ਨੇ ਦੇਖ-ਭਾਲ ਅਤੇ ਸੇਵਾ ਦਾ ਕੰਮ ਸਾਰਾ ਆਪਣੇ ਜ਼ਿੰਮੇ ਲੈ ਲਿਆ ਸੀ। ਸਰ ਪਰਸੀਵਲ ਇਕੱਲਾ ਹੀ ਰੋਟੀ ਖਾਂਦਾ, ਅਤੇ ਜਦੋਂ ਉਹਦੇ ਨੌਕਰ ਵਿਲੀਅਮ ਨੂੰ ਮੈਂ ਇਹ ਕਹਿੰਦਿਆਂ ਸੁਣਿਆ, ਕਿ ਉਹਦਾ ਮਾਲਕ ਹੁਣ ਅਗੇ ਨਾਲੋਂ ਅੱਧਾ ਖਾਂਦਾ ਹੈ, ਅਤੇ ਦੂਣੀ ਸ਼ਰਾਬ ਪੀਂਦਾ ਹੈ ਮੈਂ ਉਹਨੂੰ ਚੰਗੀ ਝਾੜ ਪਾਈ। ਨੌਕਰ ਦੀਆਂ ਗੁਸਤਾਖ ਗੱਲਾਂ ਉਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਅਤੇ ਮੇਰਾ ਇਥੇ ਇਹ ਲਿਖਣ ਦਾ ਮੰਤਵ ਵੀ ਇਹ ਹੀ ਸਮਝਣਾ ਚਾਹੀਦਾ ਹੈ ਕਿ ਮੈਨੂੰ ਨੌਕਰ ਦੀ ਇਹ ਗੱਲ ਉੱਕਾ ਹੀ ਚੰਗੀ ਨਹੀਂ ਲੱਗੀ ਸੀ।

ਅਗਲੇ ਕੁਝ ਦਿਨ ਮਿਸ ਹਾਲਕੌਂਬ ਦੀ ਹਾਲਤ ਸੁਧਰਦੀ ਦਿਸਣ ਲੱਗੀ। ਸਾਨੂੰ ਮਿਸਟਰ ਡਾਅਸਨ ਉਤੇ ਮੁੜ ਭਰੋਸਾ ਹੋਣਾ ਸ਼ੁਰੂ ਹੋ ਗਿਆ। ਮਿਸਟਰ ਡਾਅਸਨ ਨੂੰ ਆਪਣੇ ਆਪ ਤੇ ਪੂਰਾ ਵਿਸ਼ਵਾਸ ਸੀ, ਅਤੇ ਉਹਨੇ ਲੇਡੀ ਗਲਾਈਡ ਨੂੰ ਇਹ ਤਸੱਲੀ ਦਿੱਤੀ ਕਿ ਜੇ ਉਹਨੂੰ ਜ਼ਰਾ ਵੀ ਸ਼ੱਕ ਹੋਇਆ ਤਾਂ ਉਹ ਫੌਰਨ ਕਿਸੇ ਹੋਰ ਡਾਕਟਰ ਨੂੰ ਬੁਲਾ ਲਏਗਾ।

ਕਾਊਂਟੈਸ ਇਕੱਲੀ ਹੀ ਸੀ, ਜਿਸ ਨੂੰ ਮਿਸਟਰ ਡਾਅਸਨ ਉਤੇ ਕੋਈ ਭਰੋਸਾ ਨਹੀਂ ਸੀ, ਉਹਨੇ ਸਿਰਫ਼ ਮੇਰੇ ਨਾਲ ਹੀ ਇਹ ਗੱਲ ਕੀਤੀ ਕਿ ਉਹਨੂੰ ਮਿਸ ਹਾਲਕੌਂਬ ਬਾਰੇ ਅੰਦਰ ਹੀ ਅੰਦਰ ਚਿੰਤਾ ਹੈ, ਅਤੇ ਜਦ ਤਕ ਉਹਦਾ ਪਤੀ ਵਾਪਸ ਨਹੀਂ ਮੁੜਦਾ, ਉਹ ਬੇਚੈਨ ਹੈ। ਕਾਂਊਟ ਦੀ ਚਿੱਠੀ ਤੋਂ ਉਹਨੂੰ ਖ਼ਬਰ ਮਿਲੀ ਸੀ, ਕਿ ਉਹ ਤਿੰਨ ਦਿਨ ਮਗਰੋਂ ਪਹੁੰਚੇਗਾ। ਰੋਜ਼ ਹੀ ਕਾਂਊਟੈਸ ਚਿੱਠੀ ਲਿਖਦੀ, ਅਤੇ ਰੋਜ਼ ਹੀ ਕਾਂਊਟ ਦੀ ਚਿੱਠੀ ਆਉਂਦੀ, ਉਹ ਹਰ ਲਿਹਾਜ਼ ਨਾਲ ਆਦਰਸ਼ਕ ਜੋੜੀ ਸੀ।

ਤੀਜੇ ਦਿਨ ਦੀ ਸ਼ਾਮ ਨੂੰ, ਮੈਂ ਮਿਸ ਹਾਲਕੌਂਬ ਵਿਚ ਇਕ ਪ੍ਰੀਵਰਤਨ ਦੇਖਿਆ। ਉਹਦੀ ਹਾਲਤ ਮੈਨੂੰ ਗੰਭੀਰ ਦਿੱਸੀ, ਮਿਸਜ਼ ਰੂਬੈਲੇ ਨੇ ਵੀ ਇਹ ਤਬਦੀਲੀ ਨੋਟ ਕੀਤੀ। ਲੇਡੀ ਗਲਾਈਡ ਥੱਕ ਟੁੱਟ ਕੇ ਸੋਫੇ ਉਤੇ ਸੁੱਤੀ ਪਈ ਸੀ। ਅਸੀਂ ਉਸ ਨੂੰ ਕੁਝ ਨਹੀਂ ਸੀ ਦੱਸਿਆ।

ਮਿਸਟਰ ਡਾਅਸਨ ਜੋ ਉਸ ਦਿਨ ਅੱਗੇ ਨਾਲੋਂ ਵੀ ਦੇਰ ਨਾਲ ਆਇਆ ਸੀ, ਉਹ ਮਿਸ ਹਾਲਕੌਂਬ ਦੇ ਚਿਹਰੇ ਨੂੰ ਵੇਖਦਿਆਂ ਹੀ ਤ੍ਰਬਕ ਪਿਆ। ਉਹਨੇ ਛੁਪਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਘਬਰਾਇਆ ਹੋਇਆ ਸੀ। ਉਹਨੇ ਘਰ ਇਕ ਬੰਦਾ ਦਵਾਈਆਂ ਲੈਣ ਲਈ ਭੇਜਿਆ. ਕਮਰੇ ਵਿਚ ਵੀ ਰੋਗਾਣੂ ਨਾਸਕ ਦਵਾਈਆਂ ਛਿੜਕ ਦਿਤੀਆਂ ਗਈਆਂ ਅਤੇ ਆਪਣੇ ਸੌਣ ਦਾ ਇੰਤਜ਼ਾਮ ਵੀ ਕਹਿ ਕੇ ਬਲੈਕਵਾਟਰ ਪਾਰਕ ਵਿਚ ਕਰਵਾਇਆ।

"ਕੀ ਬਖਾਰ ਛੂਤ ਵਾਲਾ ਬਣ ਗਿਆ ਹੈ?" ਮੈਂ ਉਹਨੂੰ ਧੀਮੀ ਆਵਾਜ਼ ਵਿਚ ਪੁੱਛਿਆ।"

"ਮੈਨੂੰ ਡਰ ਹੈ ਕਿ ਇਹੀ ਕੁਝ ਹੋ ਰਿਹਾ ਹੈ।" ਉਹਨੇ ਉੱਤਰ ਦਿਤਾ, ਪਰ ਸਾਨੂੰ ਕਲ੍ਹ ਸਵੇਰੇ ਪੱਕਾ ਪਤਾ ਲਗੇਗਾ।"

ਮਿਸਟਰ ਡਾਅਸਨ ਦੇ ਕਹਿਣ ਮੁਤਾਬਿਕ ਕਿਸੇ ਨੇ ਲੇਡੀ ਗਲਾਈਡ ਨਾਲ ਇਸ ਬਾਰੇ ਕਈ ਗੱਲ ਨਾ ਕੀਤੀ। ਉਹਨੇ ਉਸ ਰਾਤ ਲੇਡੀ ਗਲਾਈਡ ਨੂੰ ਬੈੱਡ-ਰੂਮ ਵਿਚ ਵੜਨ ਦੀ ਸਖਤ ਮਨਾਹੀ ਕੀਤੀ, ਉਹ ਅੰਦਰ ਆਣਾ ਚਾਹੁੰਦੀ ਸੀ, ਪਰ ਉਹ ਆਪਣੀ ਗੱਲ ਤੇ ਅੜਿਆ ਰਿਹਾ, ਤੇ ਅੰਤ ਵਿਚ ਲੇਡੀ ਗਲਾਇਡ ਨੇ ਹੀ ਹਾਰ ਮੰਨੀ।

ਦੂਜੇ ਦਿਨ ਸਵੇਰੇ ਇਕ ਨੌਕਰ ਨੂੰ ਲੰਦਨ ਕਿਸੇ ਡਾਕਟਰ ਵੱਲ ਚਿੱਠੀ ਦੇ ਕੇ ਭੇਜਿਆ ਗਿਆ, ਅਤੇ ਨਾਲ ਹੀ ਉਹਨੂੰ ਇਹ ਹੁਕਮ ਦਿੱਤਾ ਗਿਆ, ਕਿ ਉਹ ਜਲਦੀ ਤੋਂ ਜਲਦੀ ਡਾਕਟਰ ਨੂੰ ਲੈ ਕੇ ਵਾਪਸ ਪਹੁੰਚੇ। ਨੌਕਰ ਦੇ ਲੰਦਨ ਜਾਣ ਦੇ ਅੱਧਾ ਕੁ ਘੰਟਾ ਮਗਰੋਂ ਕਾਂਊਟ ਬਲੈਕਵਾਟਰ ਪਾਰਕ ਪਰਤਿਆ।

ਕਾਊਟੈਂਸ ਉਹਨੂੰ ਸਿੱਧਾ ਮਰੀਜ਼ ਕੋਲ ਲੈ ਆਈ। ਮੇਰੇ ਖਿਆਲ ਵਿਚ ਉਹਦਾ ਇੰਜ ਕਰਨਾ ਕੋਈ ਮਾੜਾ ਕੰਮ ਨਹੀਂ ਸੀ। ਕਾਂਊਟ ਵਿਆਹਿਆ ਹੋਇਆ ਸੀ। ਉਹ ਮਿਸ ਹਾਲਕੌਂਬ ਦੇ ਪਿਤਾ ਸਮਾਨ ਸੀ, ਉਹ ਅਤੇ ਲੇਡੀ ਗਲਾਈਡ ਦੀ ਭੂਆ ਦੇ ਨਾਲ ਕਮਰੇ ਵਿਚ ਆਈਆ ਸੀ, ਤਾਂ ਵੀ ਮਿਸਟਰ ਡਾਅਸਨ ਨੇ ਉਹਨੂੰ ਟੋਕਿਆ। ਪਰ ਮੈਂ ਵੇਖਿਆ, ਕਿ ਉਹ ਹੁਣ ਸਚਮੁੱਚ

ਹੀ ਬਹੁਤ ਘਬਰਾਇਆ ਹੋਇਆ ਸੀ, ਇਸ ਲਈ ਕਾਂਊਟ ਨੂੰ ਇਕ ਦੋ ਵਾਰੀ ਮਨ੍ਹਾ ਕਰਕੇ ਚੁੱਪ ਹੋ ਗਿਆ।

ਵਿਚਾਰੀ ਬੀਮਾਰ ਕੁੜੀ ਨੂੰ ਕੋਈ ਹੋਸ਼ ਨਹੀਂ ਸੀ, ਉਹ ਆਪਣੇ ਰਿਸ਼ਤੇਦਾਰਾਂ ਨੂੰ ਵੀ ਦੁਸ਼ਮਣ ਹੀ ਸਮਝਦੀ ਪਈ ਸੀ, ਜਦੋਂ ਕਾਂਊਟ ਉਹਦੇ ਸਿਰਹਾਣੇ ਖੜੋਤਾ ਤਾਂ ਉਹਦੀਆਂ ਨਜ਼ਰਾਂ ਜੋ ਪਹਿਲਾਂ ਕਮਰੇ ਵਿਚ ਚਾਰੇ ਪਾਸੇ ਘੁੰਮ ਰਹੀਆਂ ਸਨ, ਕਾਂਊਟ ਦੇ ਚਿਹਰੇ ਉਤੇ ਟਿਕ ਗਈਆਂ, ਅਤੇ ਉਹ ਇੰਨੀਆਂ ਭੈ-ਭੀਤ ਤੱਕਣੀਆਂ ਸਨ, ਕਿ ਮੈਂ ਇਹੋ ਜਿਹਾ ਡਰ ਕਦੀ ਕਿਸੇ ਦੀਆਂ ਅੱਖਾਂ ਵਿਚ ਨਹੀਂ ਦੇਖਿਆ, ਅਤੇ ਮੈਂ ਮਰਦੇ ਦਮ ਤੀਕ ਨਹੀਂ ਭੁੱਲ ਸਕਾਂਗੀ। ਕਾਂਊਟ ਉਹਦੇ ਕੋਲ ਬੈਠ ਗਿਆ, ਉਹਨੇ ਮਿਸ ਹਾਲਕੌਂਬ ਦੀ ਨਬਜ਼ ਟੋਹੀ, ਉਹ ਦੀਆਂ ਪੁੜਪੜੀਆਂ ਉਤੇ ਹੱਥ ਰੱਖਿਆ, ਉਹ ਉਸ ਨੂੰ ਬੜੀ ਹੀ ਗਹੁ ਨਾਲ ਦੇਖਿਆ, ਅਤੇ ਫਿਰ ਡਾਕਟਰ ਵੱਲ ਮੁੜਿਆ। ਉਹਦੇ ਮੂੰਹ ਉਤੇ ਡਾਕਟਰ ਲਈ ਗੁੱਸਾ ਤੇ ਘ੍ਰਿਣਾ ਸੀ। ਕਾਂਊਟ ਦੇ ਚਿਹਰੇ ਤੇ ਇਹ ਭਾਵ ਦੇਖ ਕੇ ਮਿਸਟਰ ਡਾਅਸਨ ਚਿੰਤਾ ਨਾਲ ਪੀਲਾ ਹੋ ਗਿਆ, ਅਤੇ ਮੂੰਹੋਂ ਕੁਝ ਨਾ ਬੋਲ ਸਕਿਆ।

ਕਾਂਊਟ ਨੇ ਹੁਣ ਮੇਰੇ ਵੱਲ ਵੇਖਿਆ।

"ਕਦੋਂ ਤੋਂ ਇਹ ਹਾਲਤ ਹੈ?"

ਮੈਂ ਉਹਨੂੰ ਦੱਸਿਆ।

"ਕੀ ਲੇਡੀ ਗਲਾਈਡ ਉਸ ਤੋਂ ਮਗਰੋਂ ਕਮਰੇ ਵਿਚ ਆਈ ਹੈ?"

ਮੈਂ ਉਹਨੂੰ ਉੱਤਰ ਦਿਤਾ, ਕਿ ਓਹਨੂੰ ਨਹੀਂ ਆਉਣ ਦਿੱਤਾ ਗਿਆ ਸੀ ਉਹ ਨਾ ਸਵੇਰੇ ਆਈ ਹੈ ਅਤੇ ਨਾ ਰਾਤੀ।

"ਕੀ ਤੁਹਾਨੂੰ ਅਤੇ ਮਿਸਜ ਰੂਬੇਲੇ ਨੂੰ ਇਸ ਨਾਜ਼ਕ ਹਾਲਤ ਬਾਰੇ ਦਸਿਆ ਗਿਆ ਹੈ?" ਇਹ ਉਹਦਾ ਅਗਲਾ ਪ੍ਰਸ਼ਨ ਸੀ।

ਮੈਂ ਦਸਿਆ ਕਿ ਸਾਨੂੰ ਪਤਾ ਸੀ ਕਿ ਬੀਮਾਰੀ ਹੁਣ ਗਲਤ ਅਤੇ ਖਤਰਨਾਕ ਪਾਸੇ ਮੁੜ ਗਈ ਹੈ। ਉਹਨੇ ਮੈਨੂੰ ਅਗੋਂ ਨਾ ਬੋਲਣ ਦਿੱਤਾ ਅਤੇ ਕਿਹਾ :

"ਇਹ ਟਾਈਫਸ ਬੁਖਾਰ ਹੈ।""

ਕਾਂਊਟ ਨੇ ਜਿੰਨੀ ਦੇਰ ਸਾਨੂੰ ਇਹ ਪ੍ਰਸ਼ਨ ਪੁੱਛੇ, ਉੱਨੇ ਚਿਰ ਵਿਚ ਮਿਸਟਰ ਡਾਅਸਨ ਨੇ ਆਪਣਾ ਆਪ ਸੰਭਾਲ ਲਿਆ ਸੀ, ਅਤੇ ਉਹਨੇ ਪਹਿਲਾਂ ਵਾਂਗ ਹੀ ਵਿਸ਼ਵਾਸ ਨਾਲ ਕਿਹਾ-

"ਇਹ ਟਾਈਫਸ ਨਹੀਂ, ਇਥੇ ਆ ਕੇ ਤੁਹਾਨੂੰ ਸਵਾਲ ਪੁੱਛਣ ਦਾ ਕੋਈ ਅਧਿਕਾਰ ਨਹੀਂ, ਮੈਂ ਆਪਣਾ ਫਰਜ਼ ਪੂਰਾ ਕੀਤਾ ਹੈ, ਅਤੇ

ਕਾਂਊਟ ਨੇ ਉਹਨੂੰ ਗੱਲ ਨਾ ਪੂਰੀ ਕਰਨ ਦਿੱਤੀ। ਉਹ ਮੂੰਹੋਂ ਨਹੀਂ ਬੋਲਿਆ ਸੀ, ਉਹਨੇ ਬਿਸਤਰੇ ਵੱਲ ਇਸ਼ਾਰਾ ਕੀਤਾ। ਮਿਸਟਰ ਡਾਅਸਨ ਨੇ ਇਹ ਆਪਣੀ ਲਿਆਕਤ ਦੀ ਹੱਦਕ ਅਤੇ ਨਿਰਾਦਰੀ ਸਮਝੀ ਉਹ ਨੂੰ ਹੋਰ ਵੀ ਗੁੱਸਾ ਚੜ੍ਹ ਗਿਆ।

"ਮੈਂ ਆਪਣਾ ਫਰਜ਼ ਪੂਰਾ ਕਰ ਰਿਹਾ ਹਾਂ। ਲੰਦਨ ਤੋਂ ਇਕ ਡਾਕਟਰ ਨੂੰ ਮੰਗਵਾਇਆ ਹੈ। ਮੈਂ ਸਿਰਫ ਉਸ ਦੀ ਰਾਇ ਹੀ ਲਵਾਂਗਾ; ਤੁਹਾਡੀ ਨਹੀਂ-ਤੁਸੀਂ ਕਮਰੇ ਵਿਚੋਂ ਬਾਹਰ ਚਲੇ ਜਾਉ।"

"ਮੈਂ ਤੇ ਇਨਸਾਨੀਅਤ ਦੇ ਨਾਤੇ ਅੰਦਰ ਆਇਆ ਸਾਂ, ਅਤੇ ਜੇ ਡਾਕਟਰ ਨੂੰ ਆਉਣ ਵਿਚ ਦੇਰ ਹੋ ਗਈ ਤਾਂ ਫਿਰ ਵੀ ਜ਼ਰੂਰ ਆਵਾਂਗਾ। ਮੈਂ ਤੁਹਾਨੂੰ ਇਕ ਵਾਰ ਫਿਰ ਖ਼ਬਰਦਾਰ ਕਰਦਾ ਹਾਂ, ਕਿ ਬੁਖਾਰ ਟਾਈਫਸ ਬਣ ਚੁੱਕਾ ਹੈ, ਅਤੇ ਜੇ ਇਹ ਵਿਚਾਰੀ ਕੁੜੀ ਮਰ ਗਈ ਤਾਂ ਮੈਂ ਅਦਾਲਤ ਵਿਚ ਤੁਹਾਡੇ ਖਿਲਾਫ ਗਵਾਹੀ ਦਿਆਂਗਾ, ਕਿ ਤੁਹਾਡੀ ਜ਼ਿਦ ਤੇ ਅਗਿਆਨਤਾ ਹੀ ਇਸ ਦੀ ਮੌਤ ਦਾ ਕਾਰਣ ਹੈ।"

ਅਜੇ ਮਿਸਟਰ ਡਾਅਸਨ ਨੇ ਇਸ ਦਾ ਕੋਈ ਉੱਤਰ ਨਹੀਂ ਸੀ ਦਿੱਤਾ। ਅਤੇ ਅਜੇ ਕਾਂਊਟ ਵੀ ਕਮਰੇ ਵਿਚ ਹੀ ਸੀ ਕਿ ਬੈਠਕ ਦਾ ਬੂਹਾ ਖੁਲਿਆ ਅਤੇ ਲੇਡੀ ਗਲਾਈਡ ਬੂਹੇ ਵਿਚ ਖੜੀ ਸੀ।

"ਮੈਂ ਅੰਦਰ ਜ਼ਰੂਰ ਆਵਾਂਗੀ " ਉਹਨੇ ਕਿਹਾ।

ਕਾਂਊਟ ਉਹਨੂੰ ਰੋਕਣ ਦੀ ਥਾਂ ਆਪ ਬੈਠਕ ਵਿਚ ਚਲਾ ਗਿਆ, ਅਤੇ ਉਹਨੂੰ ਬੈਡ-ਰੂਮ ਵਿਚ ਆਉਣ ਲਈ ਰਾਹ ਦਿੱਤਾ। ਉਹ ਕਦੀ ਕੋਈ ਗੱਲ ਨਜ਼ਰ-ਅੰਦਾਜ਼ ਕਰਨ ਵਾਲਾ ਨਹੀਂ ਸੀ ਪਰ ਉਸ ਵੇਲੇ ਉਹ ਟਾਈਫਸ ਦੀ ਛੂਤ ਭੁਲ ਗਿਆ ਜਾਪਦਾ ਸੀ, ਅਤੇ ਉਹ ਨੇ ਲੇਡੀ ਗਲਾਈਡ ਨੂੰ ਕਮਰੇ ਵਿਚ ਆਉਣ ਤੋਂ ਮਨ੍ਹਾਂ ਨਾ ਕੀਤਾ।

ਮਿਸਟਰ ਡਾਅਸਨ ਝਟਪਟ ਅਗੇ ਵਧਿਆ ਅਤੇ ਲੇਡੀ ਗਲਾਈਡ ਨੂੰ ਉਥੇ ਹੀ ਰੋਕ ਕੇ ਬੋਲਿਆ, "ਮੈਨੂੰ ਦਿਲੋਂ ਅਫਸੋਸ ਹੈ ਮੈਨੂੰ ਦਿਲੋਂ ਦੁੱਖ ਹੈ। ਬੁਖਾਰ ਸ਼ਾਇਦ ਹੁਣ ਛੂਤ ਵਾਲਾ ਹੈ। ਜਦ ਤਕ ਮੈਨੂੰ ਇਸ ਬਾਰੇ ਪੱਕਾ ਪਤਾ ਨਾ ਲਗ ਜਾਏ, ਮੈਂ ਤੁਹਾਨੂੰ ਅੰਦਰ ਆਉਣ ਦੀ ਇਜਾਜਤ ਨਹੀਂ ਦੇ ਸਕਦਾ।'

ਉਹਨੇ ਇਕ ਵਾਰ ਬਿਸਤਰ ਦੇ ਨੇੜੇ ਆਉਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਉਹਦਾ ਸਿਰ ਅਗਲੇ ਪਾਸੇ ਝੁਕ ਗਿਆ। ਉਹ ਬੇਹੋਸ਼ ਹੋ ਗਈ ਸੀ। ਮੈਂ ਤੇ ਕਾਉਂਟੈਂਸ ਦੋਵੇ ਉਹਨੂੰ ਡਾਕਟਰ ਕੋਲੋਂ ਫੜ ਕੇ ਉਹਦੇ ਕਮਰੇ ਵਿਚ ਲੈ ਗਈਆਂ। ਕਾਂਊਟ ਸਾਡੇ ਅੱਗੇ ਅੱਗੇ ਸੀ ਅਤੇ ਉਹ ਗੈਲਰੀ ਵਿਚ ਉਡੀਕਦਾ ਰਿਹਾ, ਜਦ ਤਕ ਮੈਂ ਉਹਨੂੰ ਇਹ ਆ ਕੇ ਦੱਸਿਆ ਕਿ ਲੇਡੀ ਗਲਾਈਡ ਨੂੰ ਹੁਣ ਹੋਸ਼ ਆ ਗਈ ਹੈ।

ਮੈਂ ਮਿਸਟਰ ਡਾਅਸਨ ਨੂੰ ਜਾ ਕੇ ਲੇਡੀ ਗਲਾਈਡ ਦਾ ਇਹ ਸੁਨੇਹਾ ਦਿੱਤਾ ਕਿ ਉਹ ਉਹਨੂੰ ਮਿਲਣਾ ਚਾਹੁੰਦੀ ਸੀ। ਡਾਕਟਰ ਉਹਨੂੰ ਸ਼ਾਂਤ ਕਰਨ ਲਈ ਅਤੇ ਹੌਂਸਲਾ ਦੇਣ ਲਈ ਗਿਆ, ਉਹਨੇ ਕਿਹਾ ਕਿ ਥੋੜੇ ਘੰਟਿਆਂ ਮਗਰੋਂ ਹੀ ਡਾਕਟਰ ਆ ਜਾਏਗਾ। ਇਹ ਘੰਟੇ ਬੜੀ ਹੌਲੀ ਲੰਘੇ। ਸਰ ਪਰਸੀਵਲ ਅਤੇ ਕਾਂਊਟ ਥੱਲੇ ਸਨ, ਅਤੇ ਵਿਚ ਵਿਚ, ਉਪਰ ਦੀ ਖ਼ਬਰ ਲੈਣ ਕਿਸੇ ਨੂੰ ਭੇਜਦੇ ਸਨ। ਅੰਤ ਪੰਜ ਤੋਂ ਛੇ ਵਜੇ ਦੇ ਵਿਚਕਾਰ, ਡਾਕਟਰ ਆਇਆ।

ਇਹ ਡਾਕਟਰ ਮਿਸਟਰ ਡਾਅਸਨ ਨਾਲ ਛੋਟੀ ਉਮਰ ਦਾ ਸੀ। ਉਹ ਬੜਾ ਹੀ ਗੰਭੀਰ ਸੀ, ਪਤਾ ਨਹੀਂ, ਉਹਨੇ ਹੋ ਰਹੇ ਇਲਾਜ ਬਾਰੇ ਕੀ ਸੋਚਿਆ, ਪਰ ਮੈਨੂੰ ਉਸ ਵੇਲੇ ਇਹ ਗੱਲ ਬੜੀ ਅਜੀਬ ਲੱਗੀ ਸੀ, ਕਿ ਉਹ ਮੈਨੂੰ ਅਤੇ ਮਿਸਜ਼ ਰੂਬੇਲੇ ਨੂੰ ਹੀ ਸਵਾਲ ਪੁੱਛਦਾ ਰਿਹਾ, ਅਤੇ ਮਿਸਟਰ ਡਾਅਸਨ ਦੀ ਗੱਲ ਵੱਲ ਉਹਨੇ ਵਧੇਰੇ ਧਿਆਨ ਨਹੀਂ ਦਿੱਤਾ ਸੀ, ਹਾਲਾਂਕਿ ਉਹ ਮਿਸਟਰ ਡਾਅਸਨ ਦੇ ਮਰੀਜ਼ ਦੀ ਨਿਰੀਖਣ ਕਰ ਰਿਹਾ ਸੀ। ਹੁਣ ਮੇਰਾ ਇਹੀ ਅਨੁਮਾਨ ਸੀ ਕਿ ਕਾਊਂਟ ਦੀ ਰਾਇ ਸ਼ੁਰੂ ਤੋਂ ਹੀ ਠੀਕ ਸੀ। ਅਖੀਰ ਮਿਸਟਰ ਡਾਅਸਨ ਨੇ ਉਹਨੂੰ ਉਹ ਸਵਾਲ ਪੁੱਛਿਆ ਜਿਸ ਲਈ ਇਹ ਡਾਕਟਰ ਬੁਲਾਇਆ ਗਿਆ ਸੀ।

"ਤੁਹਾਡੀ ਬੁਖਾਰ ਬਾਰੇ ਕੀ ਰਾਇ ਹੈ?" ਉਹਨੇ ਪੁੱਛਿਆ : “ਟਾਈਵਸ ਹੈ, ਇਸ ਵਿਚ ਕੋਈ ਸ਼ੱਕ ਨਹੀਂ।"

ਉਸ ਚੁਪੀਤੀ ਬਦੇਸ਼ੀ ਔਰਤ ਨੇ ਆਪਣੇ ਪਤਲੇ ਲਾਲ ਹੱਥਾਂ ਨਾਲ ਆਪਣੇ ਸਾਹਮਣੇ ਕਰਾਸ ਬਣਾਇਆ, ਅਤੇ ਮੇਰੇ ਵੱਲ ਵੇਖ ਕੇ ਇਕ ਭਾਵ ਪੂਰਤ ਮੁਸਕਾਨ ਉਹਦੇ ਬੁੱਲਾਂ ਤੋਂ ਆਈ। ਸ਼ਾਇਦ ਕਾਂਊਟ ਨੂੰ ਵੀ ਏਨੀ ਤਸੱਲੀ ਨਾ ਹੁੰਦੀ, ਜੇ ਉਹ ਆਪਣੇ ਕੰਨਾਂ ਨਾਲ ਇਸ ਲੰਦਨ ਦੇ ਡਾਕਟਰ ਦੀ ਗੱਲ ਸੁਣਦਾ।

ਸਾਨੂੰ ਮਰੀਜ਼ ਦੀ ਦੇਖ ਭਾਲ ਬਾਰੇ ਕੁਝ ਜ਼ਰੂਰੀ ਅਤੇ ਲਾਭਦਾਇਕ ਹਿਦਾਇਤ ਦੇ ਕੇ ਅਤੇ ਇਹ ਕਹਿਕੇ, ਉਹ ਮੁੜ ਪੰਜ ਦਿਨਾਂ ਮਗਰੋਂ ਆਏਗਾ, ਉਹ ਡਾਕਟਰ ਮਿਸਟਰ ਡਾਅਸਨ ਨਾਲ ਸਲਾਹ ਕਰਨ ਲਈ ਚਲਾ ਗਿਆ। ਉਹ ਮਿਸ ਹਾਲਕੌਂਬ ਦੇ ਠੀਕ ਹੋਣ ਬਾਰੇ ਅਜੇ ਕੁਝ ਨਹੀਂ ਸੀ ਕਹਿ ਸਕਦਾ। ਉਹਨੇ ਦੱਸਿਆ ਕਿ ਬੀਮਾਰੀ ਦੀ ਇਸ ਸਟੇਜ ਤੇ ਕੁਝ ਵੀ ਨਹੀਂ ਸੀ ਕਿਹਾ ਜਾ ਸਕਦਾ, ਬੀਮਾਰੀ ਦੋਵੇਂ ਪਾਸੇ ਮੋੜਾ ਖਾ ਸਕਦੀ ਸੀ।

ਪੰਜ ਦਿਨ ਬੜੇ ਡੂੰਘੀ ਚਿੰਤਾ ਦੇ ਲੰਘੇ।

ਮੈਂ ਅਤੇ ਕਾਊਂਟੈਂਸ ਵਾਰੀ ਵਾਰੀ ਮਿਸਜ਼ ਰੂਬੈਲੇ ਨੂੰ ਵਿਹਲਾ ਕਰਦੀਆਂ। ਮਿਸ ਹਾਲਕੌਂਬ ਦੀ ਹਾਲਤ ਥਲੇ ਹੀ ਥਲੇ ਜਾ ਰਹੀ ਸੀ ਅਤੇ ਸਾਨੂੰ ਹੁਣ ਪੂਰੇ ਧਿਆਨ ਨਾਲ ਦੇਖ-ਭਾਲ ਕਰਨੀ ਪੈਂਦੀ ਸੀ। ਇਹ ਬੜਾ ਕਠਿਨ ਸਮਾਂ ਸੀ। ਲੇਡੀ ਗਲਾਈਡ ਹੁਣ ਅੱਗੇ ਨਾਲੋਂ ਕਾਫੀ ਠੀਕ ਸੀ, ਅਤੇ ਉਸ ਵੇਲੇ ਮੈਂ ਉਹਦੇ ਵਿਚ ਇਕ ਦ੍ਰਿੜ ਨਿਸ਼ਚਾ ਵੇਖਿਆ ਉਹ ਕਮਰੇ ਵਿਚ ਦੋ ਜਾਂ ਤਿੰਨ ਵਾਰ ਦਿਨ ਵਿਚ ਜ਼ਰੂਰ ਆਉਂਦੀ ਅਤੇ ਮਿਸ ਹਾਲਕੌਂਬ ਨੂੰ ਆਪਣੀਆਂ ਅੱਖਾਂ ਨਾਲ ਵੇਖਦੀ, ਉਹਨੇ ਡਾਕਟਰ ਨਾਲ ਇਕਰਾਰ ਕੀਤਾ ਕਿ ਉਹ ਮਰੀਜ਼ ਦੇ ਬਹੁਤਾ ਨੇੜੇ ਨਹੀਂ ਜਾਏਗੀ, ਪਰ ਉਹਨੂੰ ਆ ਕੇ ਵੇਖੇਗੀ ਜ਼ਰੂਰ। ਮਿਸਟਰ ਡਾਅਸਨ ਨੂੰ ਵੀ ਉਹਦੀ ਗੱਲ ਮੰਨਣੀ ਪਈ, ਕਿਉਂ ਉਹ ਜਾਣਦਾ ਸੀ ਕਿ ਉਹਨੇ ਕਿਸੇ ਦੀ ਗੱਲ ਸੁਨਣੀ ਤਾਂ ਹੈ ਨਹੀਂ। ਉਹ ਰੋਜ਼ ਆਉਂਦੀ ਅਤੇ ਆਪਣੇ ਇਕਰਾਰ ਮੁਤਾਬਿਕ ਦੂਰ ਹੀ ਖੜੀ ਰਹਿੰਦੀ। ਉਹਨੂੰ ਵੇਖ ਕੇ ਮੈਨੂੰ ਦੁੱਖ ਹੁੰਦਾ, ਅਤੇ ਮੈਨੂੰ ਆਪਣਾ ਉਹ ਵਕਤ ਯਾਦ ਆ ਜਾਂਦਾ, ਜਦੋਂ ਮੇਰੇ ਪਤੀ ਬੀਮਾਰ ਸਨ ਅਤੇ ਮੈਂ ਵੀ ਇੰਝ ਤੜਪਦੀ ਸਾਂ। ਮੈਨੂੰ ਪਤਾ ਸੀ, ਕਿ ਉਹਦੇ ਦਿਲ ਵਿਚ ਕੀ ਹੋ ਰਿਹਾ ਹੈ। ਮੈਂ ਉਹਨੂੰ ਤੜਪਦਾ ਨਹੀਂ ਸਾਂ ਵੇਖ ਸਕਦੀ, ਇਸ ਲਈ ਇਸ ਗੱਲ ਨੂੰ ਇਥੇ ਹੀ ਛੱਡ ਕੇ ਮੈਂ ਇਹ ਦਸਦੀ ਹਾਂ, ਕਿ ਏਨੇ ਦਿਨ ਹੁਣ ਮਿਸਟਰ ਡਾਅਸਨ ਅਤੇ ਕ ਊਂਟ ਵਿਚਕਾਰ ਕੋਈ ਝਗੜਾ

ਨਹੀਂ ਸੀ ਹੋਇਆ। ਕਾਊਂਟ ਕਾਊਂਟੈਸ ਕੱਲੋਂ ਹਾਲ ਪੁੱਛ ਲੈਂਦਾ, ਅਤੇ ਹਰ ਵੇਲੇ ਸਰ ਪਰਸੀਵਲ ਨਾਲ ਹੇਠਾਂ ਹੀ ਬੈਠਾ ਰਹਿੰਦਾ।

ਪੰਜਵੇਂ ਦਿਨ ਡਾਕਟਰ ਮੁੜ ਆਇਆ ਅਤੇ ਉਹਨੇ ਸਾਨੂੰ ਥੋੜ੍ਹੀ ਤਸੱਲੀ ਦਿੱਤੀ। ਉਹਨੇ ਦੱਸਿਆ ਕਿ ਟਾਈਫਸ ਸ਼ੁਰੂ ਹੋਣ ਦੇ ਦਸਵੇਂ ਦਿਨ ਬੀਮਾਰੀ ਬਾਰੇ ਕੁਝ ਪੱਕਾ ਪਤਾ ਲਗੇਗਾ, ਇਸ ਲਈ ਉਹਨੇ ਤੀਜੀ ਵਾਰ ਓਦੋਂ ਹੀ ਆਉਣ ਦੀ ਸਲਾਹ ਬਣਾਈ।

ਇਹ ਦਿਨ ਵੀ ਪਹਿਲੇ ਦਿਨਾਂ ਵਾਂਗ ਲੰਘੇ, ਇਸ ਦੌਰਾਨ ਵਿਚ ਕਾਂਊਟ ਇਕ ਦਿਨ ਸਵੇਰੇ ਲੰਦਨ ਗਿਆ ਅਤੇ ਉਸੇ ਰਾਤ ਮੁੜ ਆਇਆ ਸੀ।

ਦਸਵੇਂ ਦਿਨ ਉਸ ਪ੍ਰਮਾਤਮਾ ਦੀ ਮਿਹਰ ਹੋਈ, ਅਤੇ ਸਾਡਾ ਸਾਰੇ ਘਰ ਦਾ ਫਿਕਰ ਘਟ ਹੋਇਆ। ਡਾਕਟਰ ਨੇ ਸਾਨੂੰ ਤਸੱਲੀ ਦਿਤੀ, ਕਿ ਹੁਣ ਮਿਸ ਹਾਲਕੌਂਬ ਨੂੰ ਕੋਈ ਖਤਰਾ ਨਹੀਂ ਸੀ। 'ਹੁਣ ਉਹਦੀ ਸੇਵਾ ਚੰਗੀ ਤਰ੍ਹਾਂ ਹੋਣੀ ਚਾਹੀਦੀ ਹੈ, ਕਿ ਹੁਣ ਡਾਕਟਰ ਦੀ ਲੋੜ ਨਹੀਂ। ਉਸ ਰਾਤ ਮੈਂ ਆਪਣੇ ਪਤੀ ਦਾ ਉਪਦੇਸ਼ ਪੜ੍ਹਿਆ ਜਿਸ ਵਿਚ ਬੀਮਾਰੀ ਦੇ ਠੀਕ ਹੋਣ ਮਗਰੋਂ ਪਰਮਾਤਮਾ ਦੇ ਸ਼ੁਕਰ ਕਰਨ ਬਾਰੇ ਦਸਿਆ ਗਿਆ ਸੀ। ਉਸ ਦਿਨ ਇਸ ਨੂੰ ਪੜ੍ਹਨ ਨਾਲ ਮੇਰੀ ਆਤਮਾ ਨੂੰ ਬੜੀ ਸ਼ਾਂਤੀ ਪ੍ਰਾਪਤ ਹੋਈ।

ਇਸ ਖੁਸ਼ਖਬਰੀ ਨਾਲ ਲੇਡੀ ਗਲਾਈਡ ਦੀ ਉਹ ਹਾਲਤ ਹੋਈ, ਜੋ ਦੱਸਣੀ ਹੀ ਮੁਸ਼ਕਲ ਹੈ। ਉਹ ਕਮਜ਼ੋਰ ਸੀ, ਇਹ ਖਬਰ ਸੁਣ ਕੇ ਉਹ ਬਰਦਾਸ਼ਤ ਨਾ ਕਰ ਸਕੀ। ਉਹ ਥਕਾਵਟ ਨਾਲ ਚੂਰ ਸੀ, ਡਾਕਟਰ ਨੇ ਉਹਨੂੰ ਆਰਾਮ ਕਰਨ ਲਈ ਕਿਹਾ, ਅਤੇ ਰਤਾ ਠੀਕ ਹੋਣ ਤੇ ਡਾਕਟਰ ਨੇ ਹਵਾ ਪਾਣੀ ਬਦਲਣਾ ਉਹਦੇ ਲਈ ਜ਼ਰੂਰੀ ਦੱਸਿਆ। ਉਹ ਇਕ ਦੋ ਦਿਨ ਆਪਣੇ ਕਮਰੇ ਵਿਚੋਂ ਬਾਹਰ ਨਾ ਨਿਕਲੀ ਇਹ ਵੀ ਸ਼ੁਕਰ ਸੀ ਕਿ ਓਹਨੂੰ ਕੋਈ ਅਜਿਹੀ ਤਕਲੀਫ ਨਹੀਂ ਸੀ, ਜੋ ਮਿਸਟਰ ਡਾਅਸਨ ਦੀ ਲੋੜ ਪੈਂਦੀ।

ਕਿਉਂਕਿ ਉਸੇ ਦਿਨ ਮਿਸਟਰ ਡਾਅਸਨ ਅਤੇ ਕਾਂਊਟ ਵਿਚਕਾਰ ਝਗੜਾ ਗੰਭੀਰ ਰੂਪ ਧਾਰ ਗਿਆ ਅਤੇ ਇਸ ਵਾਰ ਅਜਿਹਾ ਮੱਤਭੇਦ ਸੀ, ਕਿ ਮਿਸਟਰ ਡਾਅਸਨ ਨਾਰਾਜ ਹੋ ਕੇ ਚਲਾ ਗਿਆ। ਮੈਂ ਆਪ ਉਸ ਵੇਲੇ ਉਥੇ ਨਹੀਂ ਸਾਂ, ਪਰ ਪਿੰਡ ਮੈਨੂੰ ਪਤਾ ਲੱਗਾ ਕਿ ਲੜਾਈ ਮਿਸ ਹਾਲਕੌਂਬ ਦੀ ਖੁਰਾਕ ਬਾਰੇ ਹੋਈ ਸੀ। ਹੁਣ ਬੁਖਾਰ ਉਤਰਨ ਤੇ ਮਿਸ ਹਾਲਕੌਂਬ ਨੂੰ ਖਾਣ ਪੀਣ ਨੂੰ ਕੀ ਅਤੇ ਕਿੰਨਾ ਕੁਝ ਦੇਣਾ ਚਾਹੀਦਾ ਹੈ, ਇਸ ਬਾਰੇ ਮਿਸਟਰ ਡਾਅਸਨ ਕਾਂਊਟ ਦੀ

ਕੋਈ ਸਲਾਹ ਮੰਨਣ ਨੂੰ ਤਿਆਰ ਨਹੀਂ ਸਨ। ਕਾਂਊਂਟ, ਜੋ ਕਦੀ ਆਪੇ ਤੋਂ ਬਾਹਰ ਨਹੀਂ ਸੀ ਹੁੰਦਾ। ਹੁਣ ਪਤਾ ਨਹੀਂ ਕਿਉਂ ਅਤੇ ਕਿਵੇਂ ਆਪਣੇ ਆਪ ਨੂੰ ਭੁੱਲ ਕੇ ਮਿਸਟਰ ਡਾਅਸਨ ਨੂੰ ਘੜੀ ਘੜੀ ਤਾਹਨੇ ਦੇਣ ਤੇ ਉਤਰ ਆਇਆ ਸੀ। ਮਿਸਟਰ ਡਾਅਸਨ ਦੀ ਬੁਖਾਰ ਨੂੰ ਨਾ ਪਛਾਣ ਸਕਣ ਦੀ ਗਲਤੀ ਉਤੇ ਕਾਂਊਟ ਨੇ ਬੋਲੀ ਮਾਰੀ। ਇਸ ਉਤੇ ਮਿਸਟਰ ਡਾਅਸਨ ਨੇ ਸਰ ਪਰਸੀਵਲ ਨੂੰ ਕਿਹਾ, ਕਿ ਜੇ ਉਹ ਕਾਂਊਟ ਨੂੰ ਨਾਂਹ ਨਹੀਂ ਕਰੇਗਾ, ਤਾਂ ਉਹ ਬਲੈਕਵਾਟਰ ਪਾਰਕ ਮੁੜ ਕਦੀ ਨਹੀਂ ਆਵੇਗਾ। ਸਰ ਪਰਸੀਵਲ ਨੇ ਵੀ ਕੋਈ ਉਲਟਾ ਸਿੱਧਾ ਜਵਾਬ ਦਿੱਤਾ, ਜਿਸ ਨਾਲ ਮਿਸਟਰ ਡਾਅਸਨ ਉਸੇ ਪਲ ਹੀ ਗੁੱਸੇ ਵਿਚ ਪੈਰ ਮਾਰਦਾ ਚਲਾ ਗਿਆ ਅਤੇ ਅਗਲੀ ਸਵੇਰ ਹੀ ਉਹਨੇ ਆਪਣਾ ਬਿਲ ਭੇਜ ਦਿੱਤਾ !

ਹੁਣ ਅਸੀਂ ਕਿਸੇ ਵੀ ਡਾਕਟਰ ਦੀ ਸਹਾਇਤਾ ਤੋਂ ਵਾਂਝੇ ਹੋ ਗਏ ਸਾਂ। ਇਹ ਭਾਵੇਂ ਠੀਕ ਸੀ ਕਿ ਹੁਣ ਸਾਨੂੰ ਡਾਕਟਰ ਦੀ ਉਹ ਜ਼ਰੂਰਤ ਨਹੀਂ ਸੀ, ਮਿਸ ਹਾਲਕੌਂਬ ਦਾ ਬੁਖਾਰ ਉਤਰ ਚੁੱਕਾ ਸੀ, ਅਤੇ ਹੁਣ ਉਹਨੂੰ ਖੁਰਾਕ ਅਤੇ ਸੇਵਾ ਦੀ ਹੀ ਲੋੜ ਸੀ, ਪਰ ਜੇ ਕੋਈ ਮੇਰੀ ਮੰਨਦਾ ਤਾਂ ਡਾਕਟਰ ਦੀ ਨਿਗਰਾਨੀ ਹੇਠਾਂ ਰਹਿਣਾ ਹੀ ਵਧੇਰੇ ਉਚਿਤ ਸੀ।

ਪਰ ਸਰ ਪਰਸੀਵਲ ਮੇਰੇ ਵਾਂਗ ਨਹੀਂ ਸੀ ਸੋਚਦਾ, ਉਹਨੇ ਇਹੀ ਕਿਹਾ ਕਿ ਜੇ ਮਿਸ ਹਾਲਕੌਂਬ ਨੂੰ ਕੋਈ ਤਕਲੀਫ ਮੁੜ ਹੋਈ ਤਾਂ ਕਿਸੇ ਹੋਰ ਡਾਕਟਰ ਨੂੰ ਬਲਾ ਭੇਜਾਂਗੇ। ਅਜੇ ਮਾੜੀ ਮੋਟੀ ਗੱਲ ਵਿਚ ਅਸੀਂ ਕਾਂਊਟ ਦੀ ਸਲਾਹ ਲੈ ਹੀ ਸਕਦੇ ਸਾਂ, ਹੁਣ ਮਿਸ ਹਾਲਕੌਂਬ ਜੇ ਆਪਣੇ ਕੋਲ ਕਿਸੇ ਓਪਰੇ ਡਾਕਟਰ ਨੂੰ ਵੇਖੇਗੀ, ਤਾਂ ਐਵੇਂ ਹੀ ਡਰ ਜਾਏਗੀ। ਉਹ ਭਾਵੇਂ ਆਪਣੇ ਵਲੋਂ ਠੀਕ ਹੀ ਕਹਿ ਰਿਹਾ ਸੀ, ਪਰ ਪਤਾ ਨਹੀਂ ਕਿਉਂ ਮੈਂ ਮਨ ਹੀ ਮਨ ਚਿੰਤਿਤ ਹੋ ਗਈ ਸਾਂ ਅਤੇ ਇਹ ਵੀ ਠੀਕ ਨਹੀਂ ਸਾਂ ਸਮਝਦੀ ਕਿ ਲੇਡੀ ਗਲਾਈਡ ਕੋਲੋਂ ਇਹ ਗੱਲ ਛੁਪਾਈ ਜਾਏ, ਕਿ ਡਾਕਟਰ ਡਾਅਸਨ ਨੇ ਆਉਣਾ ਬੰਦ ਕਰ ਦਿੱਤਾ ਸੀ। ਇਹ ਕਿਸੇ ਨੇ ਉਹਨੂੰ ਨਹੀਂ ਸੀ ਦੱਸਿਆ, ਸ਼ਾਇਦ ਉਹਦੀ ਕਮਜ਼ੋਰੀ ਦੀ ਹਾਲਤ ਵੇਖ ਕੇ ਹੀ। ਪਰ ਮੇਰੇ ਅਸੂਲਾਂ ਅਨੁਸਾਰ ਹੈ ਤਾਂ ਇਹ ਧੋਖਾ ਹੀ ਸੀ, ਜੋ ਅਸੀਂ ਉਹਦੇ ਨਾਲ ਕਰ ਰਹੇ ਸਾਂ।

ਇਕ ਹੋਰ ਸੰਦੇਹ-ਜਨਕ ਘਟਨਾ ਜੋ ਉਸੇ ਦਿਨ ਘਟੀ ਅਤੇ ਇਸ ਗੱਲ ਨਾਲ ਤਾਂ ਮੈਂ ਹੱਕੀ ਬੱਕੀ ਹੀ ਰਹਿ ਗਈ, ਅਤੇ ਮੇਰੇ ਮਨ ਦੇ ਕਿਸੇ ਅੰਦਰਲੇ ਕੋਨੇ ਵਿਚ ਬੇਚੈਨੀ ਸੀ, ਉਹ

ਬਹੁਤ ਵਧ ਗਈ। ਮੈਨੂੰ ਇਹੀ ਮਹਿਸੂਸ ਹੋ ਰਿਹਾ ਸੀ, ਕਿ ਕਿਧਰੇ ਨਾ ਕਿਧਰੇ ਕੋਈ ਗਲਤੀ ਹੈ।

ਮੈਨੂੰ ਸਰ ਪਰਸੀਵਲ ਨੇ ਲਾਇਬਰੇਰੀ ਵਿਚ ਬੁਲਾਇਆ। ਉਹਦੇ ਕੋਲ ਕਾਂਊਟ ਬੈਠਾ ਹੋਇਆ ਸੀ, ਜੋ ਮੇਰੇ ਜਾਣ ਮਗਰੋਂ ਫ਼ੌਰਨ ਉਥੋਂ ਉਠ ਕੇ ਚਲਾ ਗਿਆ। ਸਰ ਪਰਸੀਵਲ ਨੇ ਮੈਨੂੰ ਬੈਠਣ ਲਈ ਕਿਹਾ, ਅਤੇ ਫਿਰ ਮੈਨੂੰ ਇਹ ਗੱਲ ਦੱਸੀ, ਜਿਸ ਨੂੰ ਸੁਣ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਉਹਨੇ ਕਿਹਾ-

"ਮੈਂ ਤੁਹਾਡੇ ਨਾਲ ਅੱਜ ਇਕ ਗੱਲ ਕਰਨੀ ਹੈ, ਮਿਸਜ਼ ਮਾਈਕਲਸਨ। ਇਸ ਦਾ ਫੈਸਲਾ ਤਾਂ ਮੈਂ ਪਹਿਲਾਂ ਹੀ ਕਰ ਚੁੱਕਾ ਸਾਂ ਅਤੇ ਤੁਹਾਨੂੰ ਅੱਜ ਤੋਂ ਕਈ ਦਿਨ ਪਹਿਲਾਂ ਹੀ ਦਸ ਦੇਂਦਾ, ਪਰ ਘਰ ਵਿਚ ਬੀਮਾਰੀ ਦੀ ਵਜ੍ਹਾ ਕਰਕੇ ਚੁੱਪ ਕਰ ਰਿਹਾ ਸਾਂ। ਮੈਨੂੰ ਹੁਣ ਇੱਥੇ ਬਹੁਤੇ ਨੌਕਰ ਚਾਕਰਾਂ ਦੀ ਲੋੜ ਨਹੀਂ। ਲੇਡੀ ਗਲਾਈਡ ਅਤੇ ਮਿਸ ਹਾਲਕੌਂਬ ਦੇ ਜ਼ਰਾ ਹੋਰ ਠੀਕ ਹੋਣ ਉਤੇ, ਮੈਂ ਉਹਨਾਂ ਨੂੰ ਹਵਾ ਪਾਣੀ ਬਦਲਣ ਲਈ ਬਾਹਰ ਲੈ ਜਾ ਰਿਹਾ ਹਾਂ ਅਤੇ ਕਾਂਊਟ ਅਤੇ ਕਾਉਂਟਸ ਲੰਦਨ ਦੇ ਨੇੜੇ ਆਪਣੇ ਮਕਾਨ ਵਿਚ ਜਾ ਰਹੇ ਹਨ। ਮੇਰਾ ਖਰਚ ਇਥੇ ਬਹੁਤ ਹੁੰਦਾ ਹੈ ਇਸ ਵਿਚ ਮੈਂ ਤੁਹਾਨੂੰ ਕੋਈ ਦੋਸ਼ ਨਹੀਂ ਦੇਂਦਾ, ਪਰ ਮੈਨੂੰ ਹੁਣ ਕਿਰਸ ਕਰਨ ਦੀ ਜ਼ਰੂਰਤ ਹੈ, ਇਸ ਲਈ ਮੈਂ ਇਹ ਘਰ ਬੰਦ ਕਰ ਰਿਹਾ ਹਾਂ। ਮੁੱਕਦੀ ਗੱਲ ਕਿ ਮੈਂ ਘੋੜੇ ਆਦਿ ਵੇਚ ਦਿਆਂਗਾ ਅਤੇ ਸਾਰੇ ਨੌਕਰਾਂ ਨੂੰ ਕੱਢ ਦਿਆਂਗਾ। ਤੁਹਾਨੂੰ ਪਤਾ ਹੀ ਹੈ, ਕਿ ਮੈਂ ਕਦੀ ਵੀ ਕੋਈ ਕੰਮ ਅੱਧਾ ਨਹੀਂ ਕਰਦਾ, ਇਸ ਲਈ ਕੱਲ ਸਵੇਰੇ ਇਸ ਵੇਲੇ ਤੀਕ ਤੁਸੀਂ ਸਭ ਨੌਕਰਾਂ ਨੂੰ ਜਵਾਬ ਦੇ ਦੇਣਾ, "ਉਹਨਾਂ ਵਿਚੋਂ ਕਿਸੇ ਦੀ ਵੀ ਲੋੜ ਨਹੀਂ।"

ਮੈਂ ਚੁੱਪ ਕਰਕੇ ਉਸ ਦੀ ਇਹ ਗੱਲ ਸੁਣੀ, ਅਤੇ ਮੇਰਾ ਰੰਗ ਸ਼ਾਇਦ ਉਡ ਗਿਆ ਸੀ।

"ਕੀ ਤੁਹਾਡਾ ਮਤਲਬ ਹੈ ਸਰ ਪਰਸੀਵਲ, ਕਿ ਮੈਂ ਨੌਕਰਾਂ ਨੂੰ ਬਿਨਾਂ ਇਕ ਮਹੀਨੇ ਦੇ ਨੋਟਿਸ ਦੇ ਕੱਢਦਿਆਂ?" "ਹਾਂ ਮੇਰਾ ਇਹੀ ਮਤਲਬ ਹੈ, ਅਸੀਂ ਅਗਲੇ ਮਹੀਨੇ ਤਕ ਇਥੋਂ ਚਲੇ ਜਾਣਾ ਹੈ, ਜਦੋਂ ਅਸੀਂ ਹੀ ਇਥੇ ਨਹੀਂ ਹੋਵਾਂਗੇ, ਤਾਂ ਨੌਕਰਾਂ ਦਾ ਕੀ ਕੰਮ ਹੈ?"

"ਪਰ ਜਦੋਂ ਤਕ ਤੁਸੀਂ ਇਥੇ ਹੋ, ਰੋਟੀ ਕੌਣ ਪਕਾਏਗਾ?"

"ਮਾਰਗਰੇਟ ਪੋਰਚਰ ਕੰਮ ਚਲਾ ਲਵੇਗੀ, ਉਹਨੂੰ ਰਹਿਣ ਦਿਉ। ਮੈਂ ਕੁਕ ਨੂੰ ਕੀ ਕਰਨਾ ਹੈ, ਜਦ ਕੋਈ ਪਾਰਟੀ ਹੀ ਨਹੀਂ ਦੇਣੀ?"

"ਜਿਸ ਨੌਕਰਾਣੀ ਦਾ ਨਾਂ ਤੁਸੀ ਲਿਆ ਹੈ, ਉਹ ਘਰ ਵਿਚ ਸਭ ਤੋਂ ਬੁੱਧੂ ਅਤੇ ਬੇਵਕੂਵ ਨੌਕਰ ਹੈ। ਸਰ ਪਰਸੀਵਲ--"

"ਮੈਂ ਕਹਿ ਰਿਹਾ ਹਾਂ, ਕਿ ਤੁਸੀਂ ਉਹਨੂੰ ਰਹਿਣ ਦਿਉ ਅਤੇ ਇਕ ਹੋਰ ਕਿਸੇ ਔਰਤ ਨੂੰ ਪਿੰਡ ਵਿਚੋਂ ਰੱਖ ਲਵੋ ਜੋ ਆ ਕੇ ਸਫਾਈ ਕਰ ਜਾਏ ਅਤੇ ਫਿਰ ਚਲੀ ਜਾਏ। ਮੇਰੇ ਘਰ ਦੇ ਖਰਚ ਇਕ ਦਮ ਘਟਾ ਦਿਓ। ਮੈਂ ਤੁਹਾਡੇ ਕੋਲੋਂ ਨਾਂਹ ਨੁਕਰ ਨਹੀਂ ਸੁਣਨੀ, ਤੁਸੀਂ ਮੇਰਾ ਹੁਕਮ ਮੰਨੋ। ਕੱਲ ਹੀ ਸਭ ਸੁਸਤ ਨੌਕਰਾਂ ਨੂੰ ਜਵਾਬ ਦੇ ਦਿਉ। ਮਾਰਗਰੇਟ ਪੋਰਚਰ ਘੋੜੇ ਵਾਂਗ ਤਾਕੜੀ ਹੈ, ਅਤੇ ਅਸੀਂ ਉਸ ਕੋਲੋਂ ਪੂਰਾ ਕੰਮ ਲਵਾਂਗੇ।"

"ਪਰ ਮੈਨੂੰ ਖਿਮਾਂ ਕਰਨਾ, ਸਰ ਪਰਸੀਵਲ, ਨੌਕਰਾਂ ਨੂੰ ਇਕ ਮਹੀਨੇ ਦੀ ਤਨਖਾਹ ਤਾਂ ਦੇਣੀ ਹੀ ਪਵੇਗੀ, ਕਿਉਂਕਿ ਅਸੀਂ ਉਹਨਾਂ ਨੂੰ ਨੋਟਿਸ ਨਹੀਂ ਦਿੱਤਾ।"

"ਠੀਕ ਹੈ ਦੇ ਦਿਉ - ਇਕ ਮਹੀਨੇ ਦੀ ਤਨਖਾਹ ਦੇ ਕੇ ਫਿਰ ਵੀ ਬੱਚਤ ਹੋ ਜਾਏਗੀ। ਨੌਕਰ ਖਾਂਦੇ ਵੀ ਤਾਂ ਬਥੇਰਾ ਹਨ।"

ਸਰ ਪਰਸੀਵਲ ਦੀ ਇਹ ਗੱਲ ਸੁਣ ਕੇ ਮੈਨੂੰ ਬੜਾ ਗੁੱਸਾ ਆਇਆ। ਇਹਦਾ ਤੇ ਇਹੀ ਮਤਲਬ ਸੀ, ਕਿ ਮੇਰਾ ਘਰ ਚਲਾਣ ਦਾ ਢੰਗ ਹੀ ਠੀਕ ਨਹੀਂ ਸੀ। ਪਰ ਇਸ ਵੇਲੇ ਮੈਂ ਹੋਰ ਕੁਝ ਕਹਿਣਾ ਠੀਕ ਨਹੀਂ ਸਮਝਿਆ। ਮੈਂ ਤੇ ਉਸੇ ਵੇਲੇ ਜਵਾਬ ਦੇ ਦੇਂਦੀ, ਪਰ ਇਕ ਕਰਿਸਚੀਅਨ ਹੋਣ ਦੇ ਨਾਤੇ, ਲੇਡੀ ਗਲਾਈਡ ਅਤੇ ਮਿਸ ਹਾਲਕੌਂਬ ਦੀ ਹਾਲਤ ਦਾ ਖਿਆਲ ਕਰਕੇ ਚੁੱਪ ਕਰ ਗਈ। ਜੇ ਮੈਂ ਵੀ ਚਲੀ ਜਾਵਾਂ ਤਾਂ ਉਨ੍ਹਾਂ ਦੋਹਾਂ ਦਾ ਕੀ ਬਣੇਗਾ? ਮੈਂ ਜਾਣ ਲਈ ਉਠੀ। ਹੋਰ ਕੁਝ ਕਹਿਣਾ ਤਾਂ ਆਪਣੀ ਬੇਇਜ਼ਤੀ ਹੀ ਹੋਵੇਗੀ।

"ਹੁਣ ਮੈਂ ਹੋਰ ਕੁਝ ਨਹੀਂ ਕਹਿਣਾ ਤੁਹਾਡਾ ਹੁਕਮ ਪੂਰਾ ਹੋ ਜਾਏਗਾ।" ਇਹ ਕਹਿਕੇ ਮੈਂ ਉਥੋਂ ਆ ਗਈ।

ਅਗਲੀ ਸਵੇਰ ਹੀ ਸਭ ਨੌਕਰਾਂ ਨੂੰ ਕੱਢ ਦਿਤਾ ਗਿਆ। ਸਰ ਪਰਸੀਵਲ ਨੇ ਮਰੀਜ਼ਾਂ ਅਤੇ ਕੋਚਵਾਨਾਂ ਨੂੰ ਆਪ ਜਵਾਬ ਦੇ ਦਿੱਤਾ ਅਤੇ ਉਨ੍ਹਾਂ ਨੂੰ ਘੋੜਿਆਂ ਸਣੇ ਲੰਦਨ ਭੇਜ ਦਿੱਤਾ। ਇਕ ਘੋੜਾ ਰਹਿਣ ਦਿੱਤਾ ਗਿਆ। ਹੁਣ ਘਰ ਵਿਚ ਇਕ ਮੈਂ, ਮਾਰਗਰੇਟ ਪੋਰਚਰ ਅਤੇ ਇਕ

ਮਾਲੀ ਹੀ ਸੀ, ਜਿਸ ਨੂੰ ਘੋੜੇ ਦੀ ਦੇਖ-ਭਾਲ ਲਈ ਰੱਖ ਲਿਆ ਗਿਆ ਸੀ। ਮਾਲੀ ਘਰ ਤੋਂ ਦੂਰ ਆਪਣੀ ਕੋਠੜੀ ਵਿਚ ਰਹਿੰਦਾ ਸੀ।

ਹੁਣ ਇੰਨੇ ਵੱਡੇ ਘਰ ਵਿਚ ਇਕੱਲੀ ਮੈਂ ਹੀ ਸਾਂ। ਮਾਲਕਣ ਆਪਣੇ ਕਮਰੇ ਵਿਚ ਬੀਮਾਰ ਪਈ ਸੀ ਅਤੇ ਮਿਸ ਹਾਲਕੌਂਬ ਅਜੇ ਬੜੀ ਕਮਜ਼ੋਰ ਹਾਲਤ ਵਿਚ ਸੀ, ਡਾਕਟਰ ਨਾਲ ਪਹਿਲਾਂ ਹੀ ਲੜਾਈ ਮੁੱਲ ਲੈ ਕੇ ਉਹਦਾ ਆਣਾ ਜਾਣਾ ਬੰਦ ਕਰ ਦਿੱਤਾ ਗਿਆ ਸੀ। ਮੇਰਾ ਵੀ ਦਿਲ ਡੁਬਦਾ ਜਾ ਰਿਹਾ ਸੀ, ਅਤੇ ਮੈਂ ਹਮੇਸ਼ਾਂ ਵਾਂਗ ਨਿਸ਼ਚਿੰਤ ਤੇ ਸ਼ਾਂਤ ਨਹੀਂ ਸਾਂ।

ਮੇਰੇ ਦਿਲ ਵਿਚ ਇਕ ਫਿਕਰ ਸੀ, ਜੋ ਮੈਂ ਆਪਣੇ ਆਪ ਅਗੇ ਵੀ ਖੋਲ੍ਹ ਕੇ ਨਹੀਂ ਸਾਂ ਰਖ ਸਕਦੀ। ਮੈਂ ਦਿਲ ਹੀ ਦਿਲ ਵਿਚ ਇਨ੍ਹਾਂ ਦੋ ਬੇਸਹਾਰਾ ਕੁੜੀਆਂ ਦੀ ਰਖਿਆ ਲਈ ਰਬ ਅਗੇ ਪ੍ਰਾਰਥਨਾ ਕੀਤੀ, ਅਤੇ ਇਹ ਵੀ ਸੋਚਿਆ ਕਿ ਕਾਸ਼ ਮੈਂ ਵੀ ਬਲੈਕਵਾਟਰ ਪਾਰਕ ਤੋਂ ਹੁਣ ਜਾ ਸਕਾਂ।

## II

ਅਗਲੀ ਘਟਨਾ ਜੋ ਘਟੀ, ਉਹ ਤਾਂ ਏਨੀ ਅਸਾਧਾਰਣ ਸੀ, ਕਿ ਮੈਨੂੰ ਤੇ ਇੰਜ ਲਗਾ ਕਿ ਮੈਂ ਹੁਣ ਵਹਿਮੀ ਹੋ ਗਈ ਹਾਂ। ਪਰ ਮੈਨੂੰ ਆਪਣੇ ਧਰਮ ਵਿਚ ਪੂਰਾ ਵਿਸ਼ਵਾਸ ਸੀ, ਇਸ ਲਈ ਮੈਂ ਇਸ ਖਿਆਲ ਨੂੰ ਆਪਣੇ ਮਨ ਵਿਚ ਟਿਕਣ ਨਹੀਂ ਦਿੱਤਾ, ਪਰ ਮੈਂ ਹੈਰਾਨ ਜ਼ਰੂਰ ਸਾਂ। ਜੋ ਮੈਂ ਆਪਣੇ ਦਿਲ ਵਿਚ ਹੀ ਇਹ ਅਰਦਾਸ ਕੀਤੀ ਸੀ, ਕਿ ਮੈਂ ਬਲੈਕਵਾਟਰ ਪਾਰਕ ਤੋਂ ਜਾ ਸਕਾਂ, ਉਹ ਰੱਬ ਨੇ ਕਿਧਰੇ ਉਸੇ ਵੇਲੇ ਹੀ ਸੁਣ ਲਈ ਜਾਪਦੀ ਸੀ। ਅਤੇ ਮੈਨੂੰ ਬਲੈਂਕਵਾਟਰ ਪਾਰਕ ਤੋਂ ਜਾਣਾ ਪਿਆ। ਭਾਵੇਂ ਥੋੜੇ ਦਿਨਾਂ ਲਈ ਹੀ ਜਾਣਾ ਪਿਆ ਸੀ, ਤਾਂ ਵੀ ਇਹ ਗੱਲ ਹੈ ਤਾਂ ਅਜੀਬ ਹੀ ਸੀ।

ਮੈਨੂੰ ਹੇਠ ਲਿਖੇ ਹਾਲਾਤ ਵਿਚ ਬਲੈਂਕਵਾਟਰ ਛੱਡਣਾ ਪਿਆ।

ਨੌਕਰਾਂ ਨੂੰ ਕੱਢੇ ਜਾਣ ਦੇ ਦੋ ਦਿਨ ਮਗਰੋਂ ਮੈਨੂੰ ਸਰ ਪਰਸੀਵਲ ਨੇ ਮੁੜ ਬੁਲਾਇਆ। ਉਹਨੇ ਭਾਵੇਂ ਮੇਰੇ ਘਰ ਚਲਾਉਣ ਦੇ ਢੰਗ ਨੂੰ ਵੱਲ ਫੇਰ ਪਾ ਕੇ ਨਿੰਦਿਆ ਬੀ ਸੀ, ਤਾਂ ਵੀ ਮੈਂ ਆਪਣੇ ਅਸੂਲਾਂ ਤੇ ਧਰਮ ਦੇ ਅਨੁਸਾਰ ਬੁਰਾਈ ਦਾ ਬਦਲਾ ਭਲੇ ਵਿਚ ਹੀ ਦੇਣ ਦੀ ਕੋਸ਼ਿਸ਼ ਕਰਦੀ ਸਾਂ। ਉਹਦੇ ਬਲਾਂਦਿਆਂ ਸਾਰ ਹੀ ਮੈਂ ਉਸਦੇ ਹੁਕਮ ਦੀ ਪਾਲਣਾ ਕੀਤੀ ਭਾਵੇਂ ਮੇਰਾ ਇਕ ਦਿਲ ਕਰਦਾ ਸੀ ਮੈਂ ਉਹਦੇ ਕੋਲ ਹੀ ਨਾ ਜਾਵਾਂ ਤਾਂ ਉਹ ਮੇਰਾ ਕੀ ਕਰ

ਲਵੇਗਾ ਇਹੋ ਜਿਹੇ ਖਿਆਲ ਸਮੇਂ ਸਮੇਂ ਸਾਡੇ ਸਭਨਾਂ ਦੇ ਦਿਲ ਵਿਚ ਹੀ ਆਉਂਦੇ ਹਨ, ਪਰ ਮੈਨੂੰ ਆਪਣਾ ਮਨ ਮਾਰਨ ਦੀ ਆਦਤ ਹੈ। ਇਸ ਲਈ ਮੈਂ ਉਹਦੀ ਗੱਲ ਨਾ ਸੁਣੀ ਤੇ ਆਪਣੀ ਖ਼ੁਸ਼ੀ ਦੀ ਕੁਰਬਾਨੀ ਦੇ ਕੇ ਸਰ ਪਰਸੀਵਲ ਵੱਲ ਤੁਰ ਪਈ।

ਉਸ ਦਿਨ ਵੀ ਸਰ ਪਰਸੀਵਲ ਅਤੇ ਕਾਊਂਟ ਇਕੱਠੇ ਹੀ ਬੈਠੇ ਹੋਏ ਸਨ। ਇਸ ਮੌਕੇ ਉਤੇ ਕਾਊਂਟ ਉਠਕੇ ਨਹੀਂ ਗਿਆ ਸੀ, ਸਗੋਂ ਸਰ ਪਰਸੀਵਲ ਦੇ ਨਾਲ ਨਾਲ ਉਹ ਵੀ ਮੈਨੂੰ ਗੱਲ ਸਮਝਾ ਰਿਹਾ ਸੀ।

ਉਹ ਇਹ ਸੋਚ ਰਹੇ ਸਨ ਕਿ ਲੇਡੀ ਗਲਾਈਡ ਅਤੇ ਮਿਸ-ਹਾਲਕੌਂਬ ਨੂੰ ਹਵਾ ਪਾਣੀ ਬਦਲਣ ਲਈ ਜਲਦੀ ਹੀ ਲੈ ਜਾਣਾ ਚਾਹੀਦਾ ਹੈ। ਸਰ ਪਲਸੀਵੱਲ ਨੇ ਇਹ ਦਸਿਆ ਕਿ ਉਹ ਦੋਵੇਂ ਭੈਣਾਂ ਮਿਸਟਰ ਫ਼ੇਅਰਲੀ ਦੇ ਸੱਦੇ ਤੋਂ ਪਤਝੜ ਦੀ ਰੁੱਤ ਲਿਮਰਿਜ ਵਿਚ ਬਿਤਾਉਣਗੀਆਂ। ਪਰ ਉਹ ਇਹ ਚਾਹੁੰਦਾ ਸੀ, ਕਿ ਉਨ੍ਹਾਂ ਦੋਹਾਂ ਨੂੰ ਪਹਿਲਾਂ ਥੋੜੇ ਦਿਨਾਂ ਲਈ ਤੋਰਕੂਏ ਭੇਜਿਆ ਜਾਏ, ਜਿਥੋਂ ਵੀ ਆਬੋ ਹਵਾ ਬੜੀ ਮੁਫੀਦ ਗਿਣੀ ਜਾਂਦੀ ਸੀ। ਸੋ ਇਸ ਵੇਲੇ ਉਥੇ ਜਾ ਕੇ ਕੋਈ ਮਕਾਨ ਲੱਭਣਾ ਪੈਣਾ ਸੀ; ਜਿਥੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਆਰਾਮ ਮਿਲ ਸਕੇ। ਹੁਣ ਉਨ੍ਹਾਂ ਨੂੰ ਅਜਿਹੇ ਸਿਆਣੇ ਬੰਦੇ ਦੀ ਲੋੜ ਸੀ, ਜੋ ਅਜਿਹਾ ਘਰ ਚੁਣ ਸਕੇ। ਇਹ ਸਾਰੀ ਗੱਲ ਕਾਊਂਟ ਨੇ ਹੀ ਮੇਰੇ ਨਾਲ ਕੀਤੀ, ਅਤੇ ਸਰ ਪਰਸੀਵਲ ਵਲੋਂ ਮੈਨੂੰ ਇਹ ਵੀ ਪੁਛਿਆ ਕਿ ਕੀ ਮੈਂ ਤੋਰਕੂਏ ਜਾ ਕੇ ਇਹ ਕੰਮ ਕਰਨ ਦੀ ਮਿਹਰਬਾਨੀ ਕਰਾਂਗੀ।

ਉਨ੍ਹਾਂ ਨੇ ਸਾਰੀ ਗੱਲ ਇਸ ਢੰਗ ਨਾਲ ਕੀਤੀ ਕਿ ਮੇਰੀ ਥਾਵੇਂ ਕੋਈ ਵੀ ਹੁੰਦਾ, ਉਹਦੇ ਲਈ ਨਾਂਹ ਕਰਨੀ ਮੁਸ਼ਕਿਲ ਹੁੰਦੀ। ਸੋ ਮੈਂ ਨਾਂਹ ਨਹੀਂ ਕੀਤੀ। ਪਰ ਇਹ ਜ਼ਰੂਰ ਕਿਹਾ ਕਿ ਮੇਰੇ ਬਿਨਾਂ ਇਥੇ ਘਰ ਦਾ ਕੰਮ ਚਲਣਾ ਮੁਸ਼ਕਿਲ ਹੋ ਜਾਏਗਾ, ਕਿਉਂਕਿ ਕੋਈ ਨੌਕਰ ਨਹੀਂ ਅਤੇ ਇਕ ਮਾਰਗਰੇਟ ਪੋਰਚਰ ਕਿਹੜਾ ਕਿਹੜਾ ਕੰਮ ਕਰੇਗੀ। ਸਰ ਪਰਸੀਵਲ ਅਤੇ ਕਾਂਊਟ ਦੋਹਾਂ ਨੇ ਹੀ ਮੈਨੂੰ ਤਸੱਲੀ ਦਿੱਤੀ ਕਿ ਉਹ ਦੋਵੇਂ ਇਕ ਦੋ ਦਿਨ ਦੀ ਤਕਲੀਫ ਬਰਦਾਸਤ ਕਰ ਲੈਣਗੇ, ਪਰ ਬਿਮਾਰਾਂ ਲਈ ਪਹਿਲਾਂ ਜਾ ਕੇ ਘਰ ਲੱਭਣਾ ਬਹੁਤ ਜ਼ਰੂਰੀ ਸੀ। ਮੈਂ ਇਹ ਵੀ ਸੁਝਾਅ ਦਿੱਤਾ ਕਿ ਤੋਰਕੂਏ ਵਿਚ ਕਿਸੇ ਦਲਾਲ ਨੂੰ ਲਿਖ ਕੇ ਮਕਾਨ ਦਾ ਇੰਤਜ਼ਾਮ ਕਰ ਲਿਆ ਜਾਏ, ਪਰ ਉਹ ਵੇਖੇ ਬਿਨਾਂ ਕੋਈ ਮਕਾਨ ਲੈਣ ਦੇ ਹੱਕ ਵਿਚ ਨਹੀਂ ਸਨ। ਤੀਜੀ ਗੱਲ, ਜੋ ਉਨ੍ਹਾਂ ਆਪ ਹੀ ਕਹੀ ਉਹ ਇਹ ਸੀ ਕਿ ਉਂਜ ਇਹ ਕੰਮ ਕਾਊਂਟੈਸ ਦੇ ਜ਼ਿੰਮੇ ਲਾਇਆ ਜਾਂਦਾ; ਅਤੇ ਉਹ ਹੀ ਡੈਵਨਸਾਇਰ ਚਲੀ ਜਾਂਦੀ, ਪਰ ਹੁਣ ਉਹਦੀ ਭਤੀਜੀ ਦੀ ਤਬੀਅਤ

ਠੀਕ ਨਹੀਂ ਸੀ, ਸੋ ਉਹ ਉਹਨੂੰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦੀ। ਕਾਂਊਟ ਅਤੇ ਸਰ ਪਰਸੀਵਲ ਨੂੰ ਬਲੈਕਵਾਟਰ ਪਾਰਕ ਵਿਚ ਕਈ ਕੰਮ ਸਨ ਇਸ ਲਈ ਉਹ ਵੀ ਨਹੀਂ ਸਨ ਜਾ ਸਕਦੇ;-ਬਸ ਹੁਣ ਜੇ ਕੋਈ ਜਾ ਸਕਦਾ ਸੀ, ਤਾਂ ਉਹ ਮੈਂ ਹੀ ਸਾਂ। ਸੋ ਮੈਂ ਵੀ ਇਹੀ ਇਕ ਉੱਤਰ ਦੇ ਸਕਦੀ ਸਾਂ, ਜੋ ਦਿੱਤਾ ਕਿ ਲੇਡੀ ਗਲਾਈਡ ਅਤੇ ਮਿਸ ਹਾਲਕੌਂਬ ਦੀ ਸੇਵਾ ਲਈ ਮੈਂ ਜੋ ਕਰ ਸਕਦੀ ਹਾਂ ਕਰ ਦਿਆਂਗੀ।

ਇਹ ਪ੍ਰੋਗਰਾਮ ਬਣਾਇਆ ਗਿਆ। ਕਿ ਮੈਂ ਅਗਲੇ ਦਿਨ ਹੀ ਚਲੀ ਜਾਵਾਂ, ਅਤੇ ਇਕ ਦੋ ਦਿਨ ਲਈ ਤੋਰਕੂਏ ਵਿਚ ਸਾਰੇ ਖਾਲੀ ਮਕਾਨ ਵੇਖਾਂ। ਕਾਊਂਟ ਨੇ ਇਕ ਕਾਗਜ਼ ਉੱਤੇ ਉਹ ਕੁਝ ਲਿਖ ਦਿੱਤਾ, ਜੋ ਮੈਨੂੰ ਇਕ ਮਕਾਨ ਵਿਚ ਵੇਖਣਾ ਚਾਹੀਦਾ ਸੀ, ਅਤੇ ਸਰ ਪਰਸੀਵਲ ਨੇ ਇਹ ਵੀ ਦਸ ਦਿੱਤਾ ਕਿ ਮਕਾਨ ਦਾ ਵਧ ਤੋਂ ਵਧ ਉਹ ਕਿੰਨਾ ਕਿਰਾਇਆ ਦੇ ਸਕਦਾ ਸੀ।

ਮੈਂ ਉਹ ਕਾਗਜ਼ ਪੜ੍ਹ ਕੇ ਵੇਖਿਆ ਤਾਂ ਮੈਨੂੰ ਇਥੇ ਹੀ ਪਤਾ ਲਗ ਗਿਆ ਕਿ ਕਿਹੋ ਜਿਹਾ ਮਕਾਨ ਜਿਸ ਵਿਚ ਇਹ ਸਭ ਆਰਾਮ ਹਾਸਲ ਹੋਣ; ਇੰਗਲੈਂਡ ਵਿਚ ਸਮੁੰਦਰ ਦੇ ਕਿਨਾਰੇ ਥਾਵਾਂ ਉੱਤੇ ਕਿਧਰੇ ਨਹੀਂ ਸੀ ਮਿਲ ਸਕਦਾ ਅਤੇ ਜੇ ਮਿਲ ਵੀ ਜਾਏ, ਤਾਂ ਘੱਟ ਤੋਂ ਘੱਟ ਇਸ ਕਿਰਾਏ ਉੱਤੇ ਕੋਈ ਵੀ ਦੇਣ ਨੂੰ ਤਿਆਰ ਨਹੀਂ ਹੋਵੇਗਾ। ਮੈਂ ਸਰ ਪਰਸੀਵਲ ਅਤੇ ਕਾਊਂਟ ਸਾਹਮਣੇ ਇਹ ਗੱਲ ਵੀ ਖੋਲ ਕੇ ਕਹਿ ਦਿੱਤੀ। ਪਰ ਸਰ ਪਰਸੀਵਲ ਨੇ ਮੈਨੂੰ ਇਹੀ ਕਿਹਾ, ਕਿ ਇਹ ਮੁਸ਼ਕਲ ਕੋਈ ਮੁਸ਼ਕਲ ਨਹੀਂ ਸੀ। ਮੇਰਾ ਤੇ ਕੋਈ ਮਤਲਬ ਨਹੀਂ ਸੀ, ਕਿ ਮੈਂ ਉਹਦੇ ਨਾਲ ਇਸ ਗੱਲ ਉੱਤੇ ਬਹਿਸ ਕਰਾਂ ਸੋ ਮੈਂ ਚੁੱਪ ਹੀ ਰਹੀ। ਪਰ ਮੈਨੂੰ ਯਕੀਨ ਸੀ, ਕਿ ਮੈਂ ਐਵੇਂ ਹੀ ਜਾ ਰਹੀ ਹਾਂ, ਇਹ ਕੰਮ ਹੋਣਾ ਕਿਸੇ ਹਾਲ ਵਿਚ ਸੰਭਵ ਨਹੀਂ ਸੀ।

ਜਾਣ ਤੋਂ ਪਹਿਲਾਂ ਮੈਂ ਮਿਸ ਹਾਲਕੌਂਬ ਦਾ ਹਾਲ ਚਾਲ ਵੇਖਣ ਗਈ। ਹੁਣ ਉਹ ਠੀਕ ਹੋ ਰਹੀ ਸੀ; ਉਹਦੇ ਮੂੰਹ ਤੋਂ ਚਿੰਤਾ ਛਲਕਦੀ ਸੀ, ਪਰ ਉਹ ਜਲਦੀ ਹੀ ਸਿਹਤਮੰਦ ਹੋ ਰਹੀ ਸੀ। ਮੈਨੂੰ ਉਹਦੇ ਇੰਨੀ ਜਲਦੀ ਤਾਕਤ ਫੜਨ ਦੀ ਆਸ ਨਹੀਂ ਸੀ। ਉਹਨੇ ਮੇਰੇ ਰਾਹੀਂ ਲੇਡੀ ਗਲਾਈਡ ਨੂੰ ਸੁਨੇਹਾ ਭੇਜਿਆ, ਕਿ ਉਹ ਠੀਕ ਹੋ ਰਹੀ ਸੀ ਅਤੇ ਲੇਡੀ ਗਲਾਈਡ ਆਪਣੀ ਸਿਹਤ ਦਾ ਧਿਆਨ ਰਖੇ। ਉਹਦੀ ਦੇਖਭਾਲ ਹੁਣ ਵੀ ਮਿਸਜ਼ ਰੂਬੈਲੇ ਹੀ ਕਰ ਰਹੀ ਸੀ। ਮਿਸਜ਼ ਰੂਬੈਲੇ ਆਪਣੇ ਆਪ ਵਿਚ ਹੀ ਮਸਤ ਸੀ, ਅਤੇ ਕਿਸੇ ਨਾਲ ਹੁਣ ਵੀ ਬੋਲਣਾ

ਚਾਲਣਾ ਪਸੰਦ ਨਹੀਂ ਸੀ ਕਰਦੀ, ਜਾਣ ਤੋਂ ਪਹਿਲਾਂ ਮੈਂ ਲੇਡੀ ਗਲਾਈਡ ਦੇ ਕਮਰੇ ਦਾ ਦਰਵਾਜ਼ਾ ਖਟਖਟਾਇਆ, ਕਾਊਂਟੈਸ ਕਮਰੇ ਵਿਚੋਂ ਬਾਹਰ ਨਿਕਲੀ ਅਤੇ ਉਹਨੇ ਮੈਨੂੰ ਦੱਸਿਆ ਕਿ ਲੇਡੀ ਗਲਾਈਡ ਅਜੇ ਵੀ ਬਹੁਤ ਕਮਜ਼ੋਰ ਹੈ, ਕਾਊਂਟੈਸ ਅੱਜ ਕੱਲ ਬਹੁਤਾ ਸਮਾਂ ਲੇਡੀ ਗਲਾਈਡ ਕੋਲ ਹੀ ਰਹਿੰਦੀ ਸੀ। ਜਦੋਂ ਮੈਂ ਛੋਟੀ ਬੱਘੀ ਵਿਚ ਬੈਠ ਕੇ ਜਾ ਰਹੀ ਸਾਂ ਸਰ ਪਰਸੀਵਲ ਅਤੇ ਕਾਊਂਟ ਸੜਕ ਤੇ ਬਾਹਰ ਜਾ ਰਹੇ ਸਨ। ਮੈਂ ਉਨ੍ਹਾਂ ਨੂੰ ਸਿਰ ਝੁਕਾ ਕੇ ਨਮਸਕਾਰ ਕੀਤਾ। ਘਰ ਵਿਚ ਹੁਣ ਮਾਰਗਰੇਟ ਪੋਰਚਰ ਤੇ ਸਿਵਾ ਹੋਰ ਕੋਈ ਨੌਕਰ ਜਾਂ ਨੌਕਰਾਣੀ ਨਹੀਂ ਸੀ।

ਮੈਂ ਇਹੀ ਮਹਿਸੂਸ ਕੀਤਾ ਅਤੇ ਜਿਸਨੂੰ ਵੀ ਪਤਾ ਇਹ ਹਾਲਾਤ ਆਮ ਵਾਂਗ ਨਹੀਂ ਸਨ, ਸਗੋਂ ਪੂਰੀ ਤਰ੍ਹਾਂ ਲਗੇਗਾ ਉਹ ਵੀ ਇਹੀ ਕਹੇਗਾ ਕਿ ਸੰਦੇਹ-ਜਨਕ ਸਨ। ਪਰ ਮੈਂ ਉਨ੍ਹਾਂ ਦੀ ਨੌਕਰਾਣੀ ਸਾਂ ਅਤੇ ਮੈਨੂੰ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨੀ ਹੀ ਪੈਣੀ ਸੀ।

ਤੋਰਕੂਏ ਜਾਕੇ ਉਹੀ ਗੱਲ ਹੋਈ ਜਿਸਦਾ ਮੈਨੂੰ ਡਰ ਸੀ। ਸਾਰੇ ਤੋਰਕੂਏ ਵਿਚ ਇਕ ਵੀ ਘਰ ਉਹੋ ਜਿਹਾ ਨਹੀਂ ਸੀ ਜੋ ਸਰ ਪਰਸੀਵਲ ਨੂੰ ਚਾਹੀਦਾ ਸੀ! ਅਤੇ ਘਰ ਦਾ ਜੋ ਕਿਰਾਇਆ ਸਰ ਪਰਸੀਵਲ ਦੇ ਸਕਦਾ ਸੀ, ਉਸ ਕਿਰਾਏ ਤੇ ਇਕ ਕਮਰਾ ਵੀ ਉਥੇ ਕੋਈ ਦੇਣ ਨੂੰ ਤਿਆਰ ਨਹੀਂ ਸੀ। ਮੈਂ ਬਲੈਕਵਾਟਰ ਪਾਰਕ ਵਾਪਸ ਆ ਗਈ। ਸਰ ਪਰਸੀਵਲ ਮੈਨੂੰ ਬੂਹੇ ਤੇ ਹੀ ਮਿਲ ਗਿਆ, ਮੈਂ ਉਹਨੂੰ ਦਸ ਦਿੱਤਾ ਕਿ ਮੇਰਾ ਕੰਮ ਨਹੀਂ ਬਣਿਆ ਸੀ, ਪਰ ਉਹਨੇ ਮੇਰੀ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ। ਉਹ ਸ਼ਾਇਦ ਕੋਈ ਹੋਰ ਜ਼ਰੂਰੀ ਗੱਲ ਸੋਚ ਰਿਹਾ ਸੀ। ਉਹਦੀ ਪਹਿਲੀ ਗੱਲ ਨੇ ਹੀ ਮੈਨੂੰ ਦਸ ਦਿੱਤਾ ਕਿ ਮੇਰੇ ਜਾਣ ਮਗਰੋਂ ਇੰਨੇ ਥੋੜੇ ਸਮੇਂ ਵਿਚ ਹੀ ਇਕ ਹੋਰ ਤਬਦੀਲੀ ਵੀ ਹੋ ਚੁੱਕੀ ਸੀ।

ਕਾਊਂਟ ਅਤੇ ਕਾਊਂਟੈਸ ਫ਼ੋਸਕੋ ਬਲੈਕਵਾਟਰ ਪਾਰਕ ਤੋਂ ਆਪਣੇ ਘਰ ਸੇਂਟ ਜਾਨਸ ਵੁਡ ਚਲੇ ਗਏ ਸਨ।

ਮੈਨੂੰ ਇਹ ਨਹੀਂ ਦਸਿਆ ਗਿਆ ਕਿ ਉਹ ਕਿਉਂ ਏਨੀ ਅਚਾਨਕ ਚਲੇ ਗਏ ਸਨ, ਪਰ ਇਹ ਕਿਹਾ ਗਿਆ ਸੀ ਕਿ ਕਾਊਂਟ ਨੇ ਮੈਨੂੰ ਸੁਭ ਇਛਾਵਾਂ ਕਹੀਆਂ ਸਨ। ਜਦੋਂ ਮੈਂ ਸਰ ਪਰਸੀਵਲ ਕੋਲੋਂ ਪੁੱਛਿਆ ਕਿ ਲੇਡੀ ਗਲਾਈਡ ਦਾ ਕੰਮ ਕੌਣ ਕਰ ਰਿਹਾ ਸੀ, ਤਾਂ ਉਹਨੇ ਉੱਤਰ ਵਿਚ ਇਹ ਕਿਹਾ ਕਿ ਮਾਰਗਰੇਟ ਪੋਰਚਰ ਉਹਦੇ ਕੋਲ ਹੈ ਸੀ, ਅਤੇ ਇਕ ਨੌਕਰਾਣੀ ਪਿੰਡ ਵਿਚੋਂ ਬੁਲਾ ਲਈ ਗਈ ਸੀ।

ਉਹਦੀ ਇਸ ਗੱਲ ਨਾਲ ਮੈਨੂੰ ਬੜਾ ਸਦਮਾ ਪੁਜਾ। ਘਰ ਦੇ ਨਿਕੇ ਮੋਟੇ ਕੰਮ ਕਰਨ ਵਾਲੀ ਆਮ ਜੇਹੀ ਨੌਕਰਾਣੀ ਨੂੰ ਕੀ ਪਤਾ ਸੀ, ਕਿ ਲੇਡੀ ਗਲਾਈਡ ਦਾ ਕੰਮ ਕਿਵੇਂ ਕਰਨਾ ਸੀ। ਮੈਂ ਇਕਦਮ ਉਪਰ ਗਈ। ਮਾਰਗਰੇਟ ਪੋਰਚਰ ਮੈਨੂੰ ਮਿਲੀ। ਉਹਨੇ ਕਿਹਾ, ਕਿ ਲੇਡੀ ਗਲਾਈਡ ਨੇ ਕਿਹਾ ਹੈ ਕਿ ਉਹਦੇ ਲਈ ਕੋਈ ਕੰਮ ਨਹੀਂ। ਠੀਕ ਹੀ ਤਾਂ ਸੀ ਉਹ ਕਰ ਹੀ ਕੀ ਸਕਦੀ ਸੀ। ਮੈਂ ਮਿਸ ਹਾਲਕੌਂਬ ਬਾਰੇ ਪੁੱਛਿਆ। ਇਸ ਦਾ ਜਵਾਬ ਵੀ ਉਸ ਕੁੜੀ ਨੇ ਬੜੀ ਬਦਤਮੀਜ਼ੀ ਨਾਲ ਦੇਣ ਦੀ ਕੋਸ਼ਿਸ਼ ਕੀਤੀ। ਮੈਂ ਮੁੜ ਉਹਨੂੰ ਕੁਝ ਨਹੀਂ ਪੁੱਛਿਆ। ਜੇ ਕੁਝ ਪੁਛਦੀ ਤਾਂ ਉਹ ਫਿਰ ਉਸੇ ਢੀਠਤਾਈ ਨਾਲ ਬੋਲਦੀ। ਮੈਨੂੰ ਜਲਦੀ ਹੀ ਲੇਡੀ ਗਲਾਈਡ ਕੋਲ ਜਾਣਾ ਚਾਹੀਦਾ ਸੀ ! ਸੋ ਮੈਂ ਲੇਡੀ ਗਲਾਈਡ ਦੇ ਕਮਰੇ ਵਿਚ ਗਈ।

ਮੈਂ ਵੇਖਿਆ, ਉਹਦੀ ਸਿਹਤ ਹੁਣ ਅੱਗੇ ਨਾਲੋਂ ਠੀਕ ਸੀ। ਪਰ ਉਹ ਅਜੇ ਵੀ ਬੜੀ ਨਰਵਸ ਸੀ, ਅਤੇ ਘਬਰਾਈ ਹੋਈ ਸੀ। ਉਹ ਹੁਣ ਕਮਰੇ ਵਿਚ ਬਿਨਾਂ ਕਿਸੇ ਦਾ ਸਹਾਰਾ ਲਿਆ ਘੁੰਮ ਸਕਦੀ ਸੀ। ਭਾਵੇਂ ਥੱਕ ਜਲਦੀ ਹੀ ਜਾਂਦੀ ਸੀ। ਉਹਨੂੰ ਮਿਸ ਹਾਲਕੌਂਬ ਦਾ ਫ਼ਿਕਰ ਸੀ ਕਿਉਂਕਿ ਕਿਸੇ ਨੇ ਵੀ ਆ ਕੇ ਉਹਦੀ ਖ਼ਬਰ ਨਹੀਂ ਸੀ ਦਿੱਤੀ। ਮੈਨੂੰ ਮਿਸਜ਼ ਰੂਬੈਲੇ ਦੀ ਇਸ ਅਣਗਹਿਲੀ ਤੇ ਬੜਾ ਗੁੱਸਾ ਆਇਆ, ਪਰ ਉਸ ਵੇਲੇ ਮੈਂ ਚੁੱਪ ਰਹੀ ਅਤੇ ਲੇਡੀ ਗਲਾਈਡ ਨੂੰ ਪਾਣ ਲਈ ਕੱਪੜੇ ਕੱਢ ਕੇ ਦਿੱਤੇ। ਜਦੋਂ ਉਹ ਤਿਆਰ ਹੋ ਗਈ, ਤਾਂ ਅਸੀਂ ਦੋਵੇਂ ਮਿਸ ਹਾਲਕੌਂਬ ਦੇ ਕਮਰੇ ਵੱਲ ਤੁਰੀਆਂ। ਸਾਨੂੰ ਬਾਹਰ ਗੈਲਰੀ ਵਿਚ ਸਰ ਪਰਸੀਵਲ ਮਿਲ ਗਿਆ। ਜਾਪਦਾ ਸੀ ਉਹ ਬਾਹਰ ਖੜਾ ਸਾਨੂੰ ਹੀ ਉਡੀਕ ਰਿਹਾ ਸੀ।

'ਤੁਸੀਂ ਕਿਥੇ ਜਾ ਰਹੇ ਹੋ।' ਉਹਨੇ ਲੇਡੀ ਗਲਾਈਡ ਨੂੰ ਪੁੱਛਿਆ।

'ਮੈਂ ਮੇਰੀਅਨ ਦੇ ਕਮਰੇ ਵਿਚ ਚੱਲੀ ਸਾਂ।'

'ਤੈਨੂੰ ਘਟ ਨਿਰਾਸ਼ਾ ਹੋਵੇਗੀ, ਜੇ ਮੈਂ ਤੈਨੂੰ ਪਹਿਲਾਂ ਹੀ ਦਸਦਿਆਂ, ਕਿ ਉਹ ਆਪ ਕਮਰੇ ਵਿਚ ਨਹੀਂ ਹੈ।

'ਕਿਥੇ ਹੈ ਉਹ?

'ਉਹ ਕੱਲ ਸਵੇਰੇ ਫੋਸਕੋ ਅਤੇ ਕਾਊਂਟੈਸ ਨਾਲ ਚਲੀ ਗਈ ਹੈ।

ਲੇਡੀ ਗਲਾਈਡ ਇਸ ਖ਼ਬਰ ਲਈ ਬਿਲਕੁਲ ਤਿਆਰ ਨਹੀਂ ਸੀ। ਉਹ ਇਕ ਦਮ ਪੀਲੀ ਪੈ ਗਈ ਅਤੇ ਕੰਧ ਦਾ ਸਹਾਰਾ ਲੈ ਕੇ ਆਪਣੇ ਪਤੀ ਵੱਲ ਚੁੱਪ ਕੀਤੀ ਵੇਖਣ ਲੱਗ ਪਈ।

ਮੈਂ ਆਪ ਏਨੀ ਹੈਰਾਨ ਸਾਂ, ਕਿ ਮੈਨੂੰ ਵੀ ਕੁਝ ਕਹਿਣ ਲਈ ਨਹੀਂ ਅਹੁੜਿਆ ਸੀ। ਮੈਂ ਸਰ ਪਰਸੀਵਲ ਨੂੰ ਪੁੱਛਿਆ ਕਿ ਕੀ ਉਹ ਸਚਮੁਚ ਇਹ ਕਹਿ ਰਿਹਾ ਹੈ ਕਿ ਮਿਸ ਹਾਲਕੌਂਬ ਬਲੈਕਵਾਟਰ ਪਾਰਕ ਤੋਂ ਚਲੀ ਗਈ ਹੈ।

'ਮੇਰਾ ਬਿਲਕੁਲ ਇਹੀ ਮਤਲਬ ਹੈ।' ਉਹਨੇ ਮੈਨੂੰ ਉੱਤਰ ਦਿੱਤਾ।

ਉਹਦੀ ਹਾਲਤ ਤਾਂ ਜਾਣ ਵਾਲੀ ਨਹੀਂ ਸੀ ਅਤੇ ਕੀ ਉਹ ਲੇਡੀ ਗਲਾਈਡ ਨੂੰ ਬਿਨਾਂ ਖਬਰ ਕੀਤਿਆਂ ਹੀ ਚਲੀ ਗਈ ਹੈ?' ਮੈਂ ਕਿਹਾ--

ਉਹਦੇ ਉੱਤਰ ਦੇਣ ਤੋਂ ਪਹਿਲਾਂ ਲੇਡੀ ਗਲਾਈਡ ਨੇ ਉੱਚੀ ਤੇ ਡਰੀ ਹੋਈ ਆਵਾਜ਼ ਵਿਚ ਕਿਹਾ- 'ਡਾਕਟਰ ਕਿਥੇ ਸੀ? ਮਿਸਟਰ ਡਾਅਸਨ ਕਿਥੇ ਸੀ, ਜਦੋਂ ਮੇਰੀਅਨ ਗਈ ਹੈ। ਉਹ ਕੰਧ ਤੋਂ ਦੋ ਕਦਮ ਅੱਗੇ ਵੱਲ ਆ ਗਈ ਸੀ।

'ਮਿਸਟਰ ਡਾਅਸਨ ਦੀ ਲੋੜ ਨਹੀਂ ਸੀ ਅਤੇ ਉਹ ਇਥੇ ਨਹੀਂ ਸੀ। ਉਹ ਆਪਣੀ ਮਰਜ਼ੀ ਨਾਲ ਹੀ ਇਥੋਂ ਗਿਆ ਸੀ, ਇਸ ਤੋਂ ਹੀ ਅੰਦਾਜ਼ਾ ਲਾ ਲੈ ਕਿ ਉਹਦੀ ਲੋੜ ਨਹੀਂ ਸੀ। ਤੂੰ ਮੈਨੂੰ ਘੂਰ ਕਿਉਂ ਰਹੀ ਏਂ? ਜੇ ਤੈਨੂੰ ਵਿਸ਼ਵਾਸ ਨਹੀਂ ਕਿ ਉਹ ਚਲੀ ਗਈ ਹੈ ਤਾਂ ਆਪ ਜਾਕੇ ਉਹਦਾ ਕਮਰਾ ਵੇਖ ਲੈ, ਅਤੇ ਹੋਰ ਵੀ ਜਿੰਨੇ ਮਰਜ਼ੀ ਕਮਰੇ ਵੇਖ ਲੈ।

ਉਹ ਮਿਸ ਹਾਲਕੌਂਬ ਦੇ ਕਮਰੇ ਵੱਲ ਗਈ। ਮੈਂ ਵੀ ਉਹਦੇ ਪਿੱਛੇ ਪਿੱਛੇ ਸਾਂ। ਮਿਸ ਹਾਲਕੌਂਬ ਦੇ ਕਮਰੇ ਵਿਚ ਮਾਰਗਰੇਟ ਪੋਰਚਰ ਸੀ, ਜੋ ਉਹਦੀ ਸਫਾਈ ਕਰ ਰਹੀ ਸੀ, ਅਸੀਂ ਇਸ ਤੋਂ ਪਿਛੋਂ ਡਰੈਸਿੰਗ ਰੂਮ ਅਤੇ ਖਾਲੀ ਕਮਰੇ ਵੀ ਵੇਖੇ, ਪਰ ਕਿਧਰੇ ਕੋਈ ਨਹੀਂ ਸੀ। ਸਰ ਪਰਸੀਵਲ ਸਾਡੀ ਉਡੀਕ ਅਜੇ ਵੀ ਗੈਲਰੀ ਵਿਚ ਕਰ ਰਿਹਾ ਸੀ। ਜਿਸ ਵੇਲੇ ਅਸੀਂ ਅਖੀਰਲਾ ਕਮਰਾ ਵੇਖ ਰਹੀਆਂ ਸਾਂ, ਤਾਂ ਲੇਡੀ ਗਲਾਈਡ ਨੇ ਮੇਰੇ ਕੰਨ ਵਿਚ ਕਿਹਾ, 'ਮਿਸਜ਼ ਮਾਈਕਲਸਨ, ਤੁਸੀਂ ਮੈਨੂੰ ਛੱਡ ਕੇ ਨਾ ਜਾਣਾ, ਰੱਬ ਦਾ ਵਾਸਤਾ ਜੇ।' ਮੈਂ ਅਜੇ ਉਹਨੂੰ ਕੋਈ ਉੱਤਰ ਦੇਂਦੀ, ਉਹ ਇਸ ਤੋਂ ਪਹਿਲਾਂ ਹੀ ਬਾਹਰ ਨਿਕਲ ਗਈ ਅਤੇ ਗੈਲਰੀ ਵਿਚ ਖੜੇ, ਆਪਣੇ ਪਤੀ ਨੂੰ ਬੋਲੀ :-

'ਇਹਦਾ ਕੀ ਮਤਲਬ ਹੈ, ਸਰ ਪਰਸੀਵਲ? ਮੈਂ ਤੁਹਾਡੀ ਮਿੰਨਤ ਕਰਦੀ ਹਾਂ, ਕਿ ਮੈਨੂੰ ਇਸਦਾ ਮਤਲਬ ਸਮਝਾਉ।'

'ਇਹਦਾ ਮਤਲਬ ਸਾਫ ਹੈ, ਕਿ ਕੱਲ ਸਵੇਰੇ ਉਹਦੇ ਵਿਚ ਇੰਨੀ ਹਿੰਮਤ ਸੀ; ਉਹਨੇ ਕੱਪੜੇ ਬਦਲਵਾ ਕੇ ਕਾਊਂਟ ਅਤੇ ਕਾਊਂਟੈਸ ਦੇ ਸਾਥ ਕਰਕੇ ਉਹ ਵੀ ਲੰਦਨ ਜਾਣ ਦੀ ਜ਼ਿੱਦ ਕਰਨ ਲੱਗੀ।'

'ਲੰਦਨ?'

'ਹਾਂ, ਲੰਦਨ ਤੇ ਮਗਰੋਂ ਲਿਮਰਿਜ।'

ਲੇਡੀ ਗਲਾਈਡ ਮੇਰੇ ਵੱਲ ਮੁੜੀ ਅਤੇ ਬੋਲੀ-

ਤੁਸੀ' ਮਿਸ ਹਾਲਕੌਂਬ ਨੂੰ ਉਸ ਦਿਨ ਵੇਖਿਆ ਸੀ, ਕੀ ਉਹ ਸਫਰ ਕਰਨ ਦੇ ਯੋਗ ਸੀ। ਮਿਸਜ਼ ਮਾਈਕਲਸਨ।

ਜੇ ਮੇਰੀ ਰਾਇ ਪੁੱਛਦੇ ਹੋ ਤਾਂ ਬਿਲਕੁਲ ਨਹੀਂ।" ਸਰ ਪਰਸੀਵਲ ਵੀ ਮੌਕੇ ਵੱਲ ਮੁੜ ਕੇ ਮੈਨੂੰ ਹੀ ਕਹਿਣ ਲੱਗਾ--

"ਜਦੋਂ ਤੁਸੀਂ" ਗਏ ਸੀ ਤਾਂ ਤੁਸੀਂ ਆਪ ਹੀ ਨਰਸ ਨੂੰ ਇਹ ਨਹੀਂ ਕਿਹਾ ਸੀ ਕਿ ਮਿਸ ਹਾਲਕੌਂਬ ਪਹਿਲਾਂ ਨਾਲੋਂ ਤਕੜੀ ਅਤੇ ਸਿਹਤਮੰਦ ਦਿਸ ਰਹੀ ਸੀ।"

"ਮੈਂ" ਜਰੂਰ ਇਹ ਗੱਲ ਕਹੀ ਸੀ, ਸਰ ਪਰਸੀਵਲ। " ਮੇਰੀ ਗੱਲ ਉਹ ਲੇਡੀ ਗਲਾਈਡ ਨੂੰ ਕਹਿਣ ਲੱਗਾ -

ਮਿਸਜ਼ ਮਾਈਕਲਸਨ ਦੀਆਂ ਇਹ ਦੋਵੇ ਗੱਲਾਂ ਸੁਣ ਕੇ ਤੂੰ ਠੀਕ ਨਤੀਜਾ ਕਢ ਸਕੇਗੀ। ਜਰਾ ਸੋਚ ਕੇ ਉਹ ਕੁਝ ਠੀਕ ਨਾ ਹੁੰਦੀ ਤਾਂ ਅਸੀਂ ਉਹਨੂੰ ਇਥੋਂ ਲਿਜਾ ਕੇ ਖਤਰਾ ਸਹੇੜਨਾ ਸੀ? ਉਹਦੇ ਨਾਲ ਤਿੰਨ ਬੰਦੇ ਹਨ, ਜੋ ਉਹਦੀ ਦੇਖਭਾਲ ਕਰਨਗੇ। ਕਾਂਊਟ, ਤੇਰੀ ਭੂਆ ਅਤੇ ਮਿਸਜ਼ ਰੂਬੈਲੇ।

ਮਿਸਜ਼ ਰੂਬੈਲੇ ਨੂੰ ਸਿਰਫ ਇਸ ਕੰਮ ਲਈ ਹੀ ਨਾਲ ਭੇਜਿਆ ਗਿਆ ਹੈ, ਉਨ੍ਹਾਂ ਪੂਰਾ ਕਮਰਾ ਵੀ ਇਸੇ ਲਈ ਲਿਆ ਸੀ, ਕਿ ਇਕ ਸੀਟ ਤੇ ਮਿਸ ਹਾਲਕੌਂਬ ਦਾ ਬਿਸਤਰਾ ਕਰਕੇ ਉਹਨੂੰ ਲਿਟਾ ਕੇ ਲੈ ਗਏ ਹਨ। ਅੱਜ ਕਾਂਊਟ ਫ਼ੋਸਕੋ ਅਤੇ ਮਿਸਜ਼ ਰੂਬੈਲੇ ਉਹਨੂੰ ਕੰਬਰਲੈਂਡ ਛੱਡ ਕੇ ਆਉਣਗੇ।'

'ਮੇਰੀਅਨ ਆਪ ਚਲੀ ਗਈ ਹੈ ਮੈਨੂੰ ਇਥੇ ਛੱਡ ਗਈ, ਕਿਸ ਲਈ? ਲੇਡੀ ਗਲਾਈਡ ਨੇ ਫਿਰ ਪੁੱਛਿਆ;

ਕਿਉਂਕਿ ਜਦੋਂ ਤਕ ਤੇਰਾ ਚਾਚਾ ਤੇਰੀ ਭੈਣ ਨੂੰ ਮਿਲ ਨਾ ਲਏ, ਉਹਨੇ ਤੈਨੂੰ ਉਥੇ ਆਉਣ ਦੀ ਇਜਾਜ਼ਤ ਨਹੀਂ ਦੇਣੀ। ਕੀ ਤੂੰ ਉਹ ਚਿੱਠੀ ਭੁਲ ਗਈ ਹੈਂ, ਮਿਸ ਹਾਲਕੌਂਬ ਦੇ ਨਾ ਬੀਮਾਰੀ ਦੇ ਸ਼ੁਰੂ ਵਿਚ ਹੀ ਆਈ ਸੀ? ਉਹ ਤੂੰ ਆਪ ਪੜ੍ਹੀ ਸੀ, - ਤੈਨੂੰ ਯਾਦ ਹੋਣੀ ਚਾਹੀਦੀ ਹੈ।

"ਮੈਨੂੰ ਯਾਦ ਹੈ।"

"ਤਾਂ ਫਿਰ ਤੈਨੂੰ ਹੈਰਾਨੀ ਕਿਉਂ ਹੈ? ਤੂੰ ਵਾਪਿਸ ਲਿਮਰਿਜ ਜਾਣਾ ਚਾਹੁੰਦੀ ਹੈ, ਉਹ ਤੇਰੇ ਲਈ ਤੇਰੇ ਚਾਚੇ ਦੀ ਆਗਿਆ ਲੈਣ ਪਹਿਲਾਂ ਪਹੁੰਚੀ ਹੈ।"

ਵਿਚਾਰੀ ਲੇਡੀ ਗਲਾਈਡ ਦੀਆਂ ਅੱਖਾਂ ਵਿਚ ਹੰਝੂ ਭਰ ਆਏ। "ਉਹ ਮੈਨੂੰ ਅਜੇ ਤਕ ਬਿਨਾਂ ਮਿਲੇ ਕਿਧਰੇ ਨਹੀਂ ਗਈ।"

"ਉਹ ਹੁਣ ਵੀ ਤੈਨੂੰ ਮਿਲੇ ਬਿਨਾਂ ਨਾ ਜਾਂਦੀ, ਜੇ ਉਹਨੂੰ ਆਪਣੇ ਆਪ ਅਤੇ ਤੇਰੇ ਤੇ ਵਿਸ਼ਵਾਸ ਹੁੰਦਾ। ਉਹਨੂੰ ਪਤਾ ਸੀ ਕਿ ਤੂੰ ਉਹਨੂੰ ਰੋਕੇਗੀ, ਜਿਸ ਨਾਲ ਉਹ ਦੁੱਖੀ ਹੁੰਦੀ। ਤੂੰ ਕੁਝ ਹੋਰ ਪੁਛਣਾ ਹੈ ਤਾਂ ਥੱਲੇ ਆਕੇ ਡਾਈਨਿੰਗ ਰੂਮ ਵਿਚ ਪੁੱਛ-ਮੈਨੂੰ ਵਾਈਨ ਦਾ ਇਕ ਗਲਾਸ ਚਾਹੀਦਾ ਹੈ। ਮੈਂ ਅਜਿਹੀਆਂ ਗੱਲਾਂ ਨਾਲ ਪਰੇਸ਼ਾਨ ਹੋ ਉਠਦਾ ਹਾਂ "।" ਅਤੇ ਉਹ ਅਚਾਨਕ ਹੀ ਚਲਾ ਗਿਆ।

ਇਸ ਸਾਰੀ ਗੱਲਬਾਤ ਦੇ ਦੌਰਾਨ ਸਰ ਪਰਸੀਵਲ ਵੀ ਬੜਾ ਨਰਵਸ ਸੀ, ਅਤੇ ਉਹ ਵੀ ਘੜੀ ਘੜੀ ਤ੍ਰਹਿੰਦਾ ਦਿਸਦਾ ਸੀ -

ਮੈਂ ਜੇ ਇਹ ਕਹਾਂ ਕਿ ਉਹ ਲੇਡੀ ਗਲਾਈਡ ਜਿੰਨਾਂ ਹੀ ਘਬਰਾਇਆ ਹੋਇਆ ਸੀ ਤਾਂ ਠੀਕ ਹੀ ਹੋਵੇਗਾ; ਮੈਂ ਉਹਨੂੰ ਏਨੀ ਨਾਜ਼ੁਕ ਤਬੀਅਤ ਦਾ ਨਹੀਂ ਸਾਂ ਸਮਝਦੀ, ਮੈਂ ਤੇ ਇਹ ਸੋਚਦੀ ਸਾਂ ਕਿ ਉਹ ਐਡੀ ਜਲਦੀ ਘਬਰਾਉਣ ਵਾਲਾ ਬੰਦਾ ਨਹੀਂ ਸੀ।

ਮੈਂ ਲੇਡੀ ਗਲਾਈਡ ਨੂੰ ਵਾਪਸ ਆਪਣੇ ਕਮਰੇ ਵਿਚ ਮੁੜਨ ਲਈ ਜ਼ੋਰ ਪਾਇਆ, ਪਰ ਉਹਨੇ ਮੇਰੀ ਇਕ ਨਾ ਸੁਣੀ। ਉਹ ਉਥੇ ਹੀ ਖੜੀ ਰਹੀ ਅਤੇ ਭੈ ਭੀਤ ਹੋ ਕੇ ਬੋਲੀ-

"ਮੇਰੀ ਭੈਣ ਨੂੰ ਕੁਝ ਹੋ ਗਿਆ ਹੈ।"

"ਮੇਰੀ ਮੰਨੋ, ਮਿਸ ਕਾਲਕੌਂਬ ਬੜੀ ਜਿਗਰੇ ਵਾਲੀ ਹੈ, ਉਹ ਉਹ ਕੰਮ ਵੀ ਕਰ ਸਕਦੀ ਹੈ, ਜੋ ਹੋਰ ਕੁੜੀਆਂ ਕਰਨ ਵੇਲੇ ਘਬਰਾਂਦੀਆਂ ਹਨ। ਮੈਨੂੰ ਆਸ ਹੈ ਕਿ ਕੁਝ ਨਹੀਂ ਹੋਇਆ। ਉਹ ਜ਼ਰੂਰ ਠੀਕ ਹੀ ਹੋਵੇਗੀ।" ਮੈਂ ਉਹਨੂੰ ਤਸੱਲੀ ਦਿੱਤੀ :

ਮੈਨੂੰ ਮੇਰੀਅਨ ਦੇ ਕੋਲ ਜਾਣਾ ਚਾਹੀਦਾ ਹੈ, ਜਿਥੇ ਉਹ ਹੈ, ਮੈਂ ਉਥੇ ਹੀ ਰਹਾਂਗੀ। ਮੈਂ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦੀ ਹਾਂ, ਕਿ ਉਹ ਜੀਉਂਦੀ ਹੈ ਅਤੇ ਠੀਕ ਠਾਕ ਹੈ। ਮੇਰੇ ਨਾਲ ਆਉ, ਮੈਂ ਸਰ ਪਰਸੀਵਲ ਕੋਲ ਜਾਣਾ ਹੈ।"

ਮੈਂ ਉਹਦੇ ਨਾਲ ਜਾਣ ਤੋਂ ਜਰਾ ਕੁ ਮਨ ਹੀ ਮਨ ਝਿਜਕੀ। ਸ਼ਾਇਦ ਸਰ ਪਰਸੀਵਲ ਉਥੇ ਮੇਰਾ ਹੋਣਾ ਠੀਕ ਨਾ ਸਮਝੇ। ਇਹ ਗੱਲ ਮੈਂ ਲੇਡੀ ਗਲਾਈਡ ਨੂੰ ਕਹੀ; ਪਰ ਉਹਨੇ ਮੇਰੀ ਨਾਂਹ ਨੁਕਰ ਦੀ ਪ੍ਰਭਾਵ ਨਾ ਕਰਕੇ ਮੇਰੀ ਬਾਂਹ ਘੁਟ ਕੇ ਫੜ ਲਈ। ਜਦੋਂ ਮੈਂ ਡਾਈਨਿੰਗ-ਰੂਮ ਦਾ ਦਰਵਾਜ਼ਾ ਅੰਦਰ ਜਾਣ ਲਈ ਖੋਹਲਿਆ; ਤਾਂ ਵੀ ਉਹਨੇ ਮੈਨੂੰ ਪੱਕਾ ਫੜਿਆ ਹੋਇਆ ਸੀ, ਜਿਵੇਂ ਉਹ ਛੋਟੀ ਅਤੇ ਨਿਤਾਣੀ ਬੱਚੀ ਹੋਵੇ, ਅਤੇ ਉਹਨੂੰ ਮੇਰੇ ਸਹਾਰੇ ਦੀ ਲੋੜ ਹੋਵੇ।

ਸਰ ਪਰਸੀਵਲ ਦੇ ਸਾਹਮਣੇ ਵਾਈਨ ਦਾ ਜਗ ਪਿਆ ਹੋਇਆ ਸੀ ਅਤੇ ਉਹਨੇ ਬੁਲ੍ਹਾਂ ਨਾਲ ਗਲਾਸ ਲਾ ਕੇ ਇਕੋ ਹੀ ਡੀਕ ਵਿਚ ਪੀ ਲਿਆ ਸੀ। ਮੈਨੂੰ ਲਗਾ ਜਿਵੇਂ ਉਹਨੇ ਮੇਰੇ ਉਥੇ ਹੋਣ ਤੇ ਤੀਉੜੀ ਪਾਈ ਹੈ, ਸੋ ਮੈਂ ਉਹਦੇ ਕੋਲੋਂ ਖਿਮਾਂ ਮੰਗਣ ਦੀ ਕੋਸ਼ਿਸ਼ ਕੀਤੀ।

'ਕੀ ਤੁਹਾਡਾ ਖਿਆਲ ਹੈ ਇਸ ਵਿਚ ਕੁਝ ਭੇਤ ਹੈ? ਇਥੇ ਕੋਈ ਭੇਤ ਨਹੀਂ; ਕਿਸੇ ਕੋਲ ਕੁਝ ਛਪਾ ਕੇ ਨਹੀਂ ਰੱਖਿਆ, ਜੋ ਹੋ ਰਿਹਾ ਹੈ ਸਭ ਦੇ ਸਾਹਮਣੇ ਹੀ ਹੋ ਰਿਹਾ ਹੈ।' ਇਕਾਇਕ ਉਹਦੇ ਇਹ ਕਹਿਣ ਦੀ ਕੀ ਲੋੜ ਸੀ? ਉਹ ਬੜੀ ਉੱਚੇ ਅਤੇ ਕੁਰੱਖਤ ਲਹਿਜੇ ਵਿਚ ਬੋਲਿਆ ਸੀ। ਉਹਨੇ ਵਾਈਨ ਦਾ ਇਕ ਗਲਾਸ ਹੋਰ ਭਰਿਆ, ਅਤੇ ਲੇਡੀ ਗਲਾਈਡ ਨੂੰ ਪੁੱਛਿਆ ਕਿ ਉਹ ਕੀ ਕਹਿਣ ਆਈ ਸੀ।

'ਜੇ ਮੇਰੀ ਭੈਣ ਸਫਰ ਕਰਨ ਦੇ ਕਾਬਿਲ ਸੀ ਤਾਂ ਮੈਂ ਵੀ ਸਫਰ ਕਰਨ ਦੇ ਯੋਗ ਹਾਂ, ਮੈਂ ਇਹੀ ਕਹਿਣ ਆਈ ਹਾਂ, ਕਿ ਮੇਰੀਅਨ ਬਾਰੇ ਜੋ ਚਿੰਤਾ ਮੈਨੂੰ ਹੈ, ਉਸ ਦਾ ਖਿਆਲ ਕਰਕੇ ਤੁਸੀਂ ਮੈਨੂੰ ਵੀ ਅੱਜ ਦੁਪਹਿਰ ਦੀ ਗੱਡੀ ਫੜਨ ਦਿਉਗੇ। ਲੇਡੀ ਗਲਾਈਡ ਨੇ ਹੁਣ ਰਤਾ ਦ੍ਰਿੜਤਾ ਨਾਲ ਕਿਹਾ।

'ਤੈਨੂੰ ਕਲ ਤਕ ਉਡੀਕਣਾ ਹੀ ਪਵੇਗਾ। ਕੱਲ ਜੇ ਤੈਨੂੰ ਹੋਰ ਕੋਈ ਖਬਰ ਨਾ ਆਈ ਤਾਂ ਤੂੰ ਵੀ ਚਲੀ ਜਾਈ। ਮੈਂ ਅੱਜ ਰਾਤੀਂ ਫੋਸਕੋ ਨੂੰ ਲਿਖ ਦਿਆਂਗਾ।

'ਕਾਂਊਟ ਫ਼ੋਸਕੋ ਨੂੰ ਲਿਖਣ ਦਾ ਕੀ ਮਤਲਬ ਲੇਡੀ ਗਲਾਈਡ ਨੇ ਹੋਰ ਵੀ ਹੈਰਾਨ ਹੋ ਕੇ ਪੁੱਛਿਆ।

'ਇਹ ਦੱਸਣ ਲਈ, ਕਿ ਉਹ ਦੁਪਹਿਰੀ ਤੈਨੂੰ ਅਗੋਂ ਲੈਣ ਆ ਜਾਏ, ਅਤੇ ਤੂੰ ਆਪਣੀ ਭੂਆ ਦੇ ਘਰ ਸੈਂਟ ਜਾਨਸ ਵੁਡ ਜਾ ਸਕੇ !

ਮੇਰੀ ਬਾਂਹ ਦੇ ਦੁਆਲੇ ਉਹਦੀ ਬਾਂਹ ਜ਼ੋਰ ਜ਼ੋਰ ਦੀ ਕੰਬ ਰਹੀ ਸੀ-ਕਿਉਂ? ਮੈਂ ਇਸਦਾ ਕਈ ਕਾਰਣ ਸੋਚ ਵੀ ਨਹੀਂ ਸਾਂ ਸਕਦੀ। ਉਹ ਬੋਲੀ-

"ਕਾਊਂਟ ਫ਼ੋਸਕੋ ਨੂੰ ਮੈਨੂੰ ਲੈਣ ਆਉਣ ਦੀ ਤਕਲੀਫ ਕਰਨ ਦੀ ਕੋਈ ਲੋੜ ਨਹੀਂ ਮੈਂ ਸਿੱਧੀ ਲਿਮਰਿਜ ਜਾਣਾ ਹੀ ਪਸੰਦ ਕਰਾਂਗੀ।"

"ਤੈਨੂੰ ਲੰਦਨ ਇਕ ਰਾਤ ਰੁਕਣਾ ਹੀ ਚਾਹੀਦਾ ਹੈ, ਤੂੰ ਇਕ ਦਿਨ ਵਿਚ ਕੰਬਰਲੈਂਡ ਤਕ ਜਾਂਦਿਆਂ ਥੱਕ ਜਾਏਗੀ; ਅਤੇ ਮੈਂ ਇਹ ਪਸੰਦ ਨਹੀਂ ਕਰਦਾ ਕਿ ਤੂੰ ਕਿਸੇ ਹੋਟਲ ਵਿਚ ਇਕੱਲੀ ਜਾਵੇ। ਫ਼ੋਸਕੋ ਨੇ ਤੇਰੇ ਚਾਚੇ ਨੂੰ ਪੁੱਛ ਲਿਆ ਹੈ, ਇਹ ਵੇਖ ਉਹਦੀ ਇਹ ਚਿੱਠੀ ਤੇਰੇ ਵੱਲ ਹੀ ਹੈ, ਮੈਂ ਤੈਨੂੰ ਸਵੇਰੇ ਭੇਜਣੀ ਸੀ ਪਰ ਯਾਦ ਹੀ ਨਹੀਂ ਰਹੀ; ਵੇਖ ਮਿਸਟਰ ਫ਼ੇਅਰਲੀ ਕੀ ਲਿਖਦੇ ਹਨ।" ਲੇਡੀ ਗਲਾਈਡ ਨੇ ਚਿੱਠੀ ਵੱਲ ਵੇਖਿਆ, ਫਿਰ ਉਹ ਕਾਗਜ਼ ਮੇਰੇ ਹੱਥ ਉੱਤੇ ਰੱਖ ਦਿੱਤਾ।

"ਇਹ ਪੜ੍ਹੋ ਇਸ ਵਿਚ ਕੀ ਲਿਖਿਆ ਹੈ-ਪਤਾ ਨਹੀਂ ਕੀ ਹੈ ਮੇਰੇ ਕੋਲੋਂ ਪੜ੍ਹਿਆ ਨਹੀਂ ਜਾਂਦਾ।" ਉਹ ਬੜੀ ਹੀ ਨਿਮੋਝੂਣ ਹੋ ਕੇ ਹੌਲੀ ਜਿਹੀ ਬੋਲੀ, ਇਹ ਚਿੱਠੀ ਕੀ ਸੀ। ਬਸ ਚਾਰ ਸਤਰਾਂ ਸਨ ਅਤੇ ਜੋ ਮੈਨੂੰ ਯਾਦ ਹੈ ਉਸ ਵਿਚ ਬਸ ਇਹ ਹੀ ਲਿਖਿਆ ਸੀ-

ਪਿਆਰੀ ਲਾਰਾ, ਜਦੋਂ ਤੇਰਾ ਜੀ ਕਰੇ ਆ ਜਾਈਂ। ਰਾਹ ਵਿਚ ਆਪਣੀ ਭੂਆ ਦੇ ਘਰ ਰੁਕ ਕੇ ਸਾਹ ਲੈ ਲਵੀਂ, ਪਿਆਰੀ ਮੇਰੀਅਨ ਦੀ ਬੀਮਾਰੀ ਦੀ ਖਬਰ ਸੁਣ ਕੇ ਦੁਖੀ ਹਾਂ ਪਿਆਰ ਸਹਿਤ ਫਰੈਡਰਿਕ ਫ਼ੇਅਰਲੀ।'

'ਉਹਨੇ ਚਿੱਠੀ ਪੂਰੀ ਸੁਣੀ ਵੀ ਨਹੀਂ ਸੀ, ਵਿਚੇ ਹੀ ਬੋਲ ਪਈ। ਮੈਂ ਉਥੇ ਨਹੀਂ ਰਹਿਣਾ ਚਾਹੁੰਦੀ। ਕਾਂਊਟ ਫ਼ੋਸਕੋ ਨੂੰ ਲਿਖਣ ਦੀ ਕੋਈ ਲੋੜ ਨਹੀਂ; ਤੁਹਾਡੀ ਬੜੀ ਮਿਹਰਬਾਨੀ ਹੋਵੇਗੀ ਜੇ ਤੁਸੀਂ ਉਹਨੂੰ ਨਾ ਲਿਖੋ।

ਸਰ ਪਰਸੀਵਲ ਨੇ ਵਾਈਨ ਦਾ ਇਕ ਹੋਰ ਗਲਾਸ ਭਰਿਆ, ਪਰ ਉਹਦੇ ਹੱਥ ਵੀ ਸ਼ਾਇਦ ਕੰਬ ਰਹੇ ਸਨ; ਕਿਉਂਕਿ ਵਾਈਨ ਗਲਾਸ ਵਿਚ ਪੈਣ ਦੀ ਥਾਂ ਸਾਰੀ ਮੇਜ਼ ਉਤੇ ਡੁੱਲ ਗਈ ਸੀ। 'ਮੇਰੀ ਨਜ਼ਰ ਮੈਨੂੰ ਧੋਖਾ ਦੇ ਰਹੀ ਹੈ' ਉਹਨੇ ਆਪਣੇ ਆਪ ਨੂੰ ਜਿਵੇਂ ਕਿਹਾ ਹੋਵੇ। ਉਹਨੇ ਮੁੜ ਕੇ ਗਲਾਸ ਮੇਜ਼ ਉਤੇ ਰਖਿਆ, ਉਹਨੂੰ ਭਰਿਆ ਤੇ ਇਕੋ ਡੀਕ ਵਿਚ ਪੀ ਗਿਆ। ਮੈਨੂੰ ਲਗਦਾ ਸੀ ਕਿ ਉਹਨੂੰ ਸ਼ਰਾਬ ਚੜ੍ਹ ਰਹੀ ਸੀ।

"ਮਿਹਰਬਾਨੀ ਕਰਕੇ ਕਾਊਂਟ ਨੂੰ ਚਿੱਠੀ ਨਾ ਲਿਖਣਾ", ਲੇਡੀ ਗਲਾਈਡ ਸਚਮੁਚ ਮਿੰਨਤ ਕਰ ਰਹੀ ਸੀ।

"ਕਿਉਂ ਨਹੀਂ? ਮੈਨੂੰ ਵੀ ਤੇ ਪਤਾ ਲਗੇ।" ਸਰ ਪਰਸੀਵਲ ਚੀਖ ਕੇ ਬੋਲਿਆ। ਅਸੀਂ ਦੋਵੇਂ ਹੀ ਤ੍ਰਬਕ ਗਈਆਂ, ਉਹ ਸਾਨੂੰ ਇਸ ਤਰ੍ਹਾਂ ਭੱਜ ਕੇ ਪਿਆ ਸੀ। "ਤੂੰ ਲੰਦਨ ਵਿਚ ਹੋਰ ਕਿਥੇ ਠਹਿਰ ਸਕਦੀ ਹੈ, ਤੇਰਾ ਚਾਚਾ ਵੀ ਇਹ ਲਿਖਦਾ ਹੈ, ਉਹ ਤੇਰੀ ਭੂਆ ਦੇ ਘਰ ਹੈ। ਮਿਸਜ਼ ਮਾਈਕਲਸਨ ਨੂੰ ਹੀ ਪੁੱਛ ਕੇ ਵੇਖ ਲੈ।"

ਸਰ ਪਰਸੀਵਲ ਦੀ ਗੱਲ ਠੀਕ ਸੀ। ਉਂਜ ਮੈਂ ਲੇਡੀ ਗਲਾਈਡ ਨਾਲ ਪੂਰੀ ਹਮਦਰਦੀ ਰਖਦੀ ਸਾਂ, ਪਰ ਕਾਂਊਟ ਫ਼ੋਸਕੋ ਦੇ ਵਿਰੁਧ ਜੋ ਉਸ ਦੇ ਮਨ ਵਿਚ ਵਹਿਮ ਸੀ, ਮੈਂ ਉਸ ਨਾਲ ਸਹਿਮਤ ਨਹੀਂ ਸਾਂ। ਏਨੇ ਉਚੇ ਖਾਨਦਾਨ ਦੀ ਪੜ੍ਹੀ ਲਿਖੀ ਕੁੜੀ ਬਿਦੇਸ਼ੀਆਂ ਬਾਰੇ ਇੰਨੀ ਵਹਿਮਣ ਹੋਵੇਗੀ, ਇਹ ਮੈਂ ਕਦੀ ਸੋਚ ਵੀ ਨਹੀਂ ਸਾਂ ਸਕਦੀ। ਆਪਣੇ ਚਾਚੇ ਦੀ ਚਿੱਠੀ ਅਤੇ ਸਰ ਪਰਸੀਵਲ ਦੇ ਬਾਰ ਬਾਰ ਕਹਿਣ ਤੇ ਵੀ ਉਹਦੇ ਤੇ ਕਈ ਅਸਰ ਨਹੀਂ ਸੀ ਹੋ ਰਿਹਾ। ਉਹ ਅਜੇ ਵੀ ਆਪਣੇ ਪਤੀ ਨੂੰ ਇਹੀ ਕਹਿ ਰਹੀ ਸੀ ਕਿ ਉਹ ਕਾਂਊਟ ਫ਼ੋਸਕੋ ਦੇ ਘਰ ਨਹੀਂ ਜਾਣਾ ਚਾਹੁੰਦੀ।

"ਇਸ ਗੱਲ ਨੂੰ ਛੱਡ ਦੇ! ਜੇ ਤੇਰੇ ਵਿਚ ਇੰਨੀ ਅਕਲ ਨਹੀਂ, ਕਿ ਤੇਰੀ ਬਿਹਤਰੀ ਕਿਸ ਵਿਚ ਹੈ ਤਾਂ ਹੋਰਨਾਂ ਨੂੰ ਤਾਂ ਆਪਣੀ ਸਮਝ ਤੋਂ ਕੰਮ ਲੈਣ ਦੇ, ਇੰਤਜ਼ਾਮ ਹੋ ਗਿਆ ਹੈ, ਸੋ ਹੁਣ ਬਦਲਿਆ ਨਹੀਂ ਜਾ ਸਕਦਾ। ਮਿਸ ਹਾਲਕੌਂਬ ਵੀ ਤੇਰੇ ਤੋਂ ਪਹਿਲਾਂ ਉਥੇ ਹੀ ਰਹੀ ਹੈ।

"ਮੇਰੀਅਨ ਕਾਂਊਟ ਫ਼ੋਸਕੋ ਦੇ ਘਰ ਰਹੀ ਹੈ?" ਉਹ ਹੁਣ ਬੌਂਦਲੀ ਹੋਈ ਸੀ।

"ਹਾਂ, ਉਹ ਕਲ੍ਹ ਰਾਤੀ ਉਥੇ ਹੀ ਰਹੀ ਹੈ, ਤਾਂ ਜੋ ਉਹਨੂੰ ਸਾਹ ਆ ਜਾਏ। ਤੂੰ ਵੀ ਇੰਜ ਹੀ ਕਰੇਂਗੀ ਅਤੇ ਆਪਣੇ ਚਾਚੇ ਦੀ ਗਲ ਮੰਨੇਂਗੀ। ਮੇਰੇ ਰਾਹ ਵਿਚ ਬਹੁਤੀਆਂ ਰੁਕਾਵਟਾਂ ਨਾ ਖੜੀਆਂ ਕਰ, ਕਿ ਕਿਧਰੇ ਮੈਂ ਤੈਨੂੰ ਭੇਜਾਂ ਹੀ ਨਾ।" "ਅਚਾਨਕ ਉਥੋਂ ਉਠ ਕੇ ਉਹ ਬਰਾਂਡੇ ਵਿਚ ਚਲਾ ਗਿਆ। ਮੈਂ' ਲੇਡੀ ਗਲਾਈਡ ਦੇ ਕੰਨ ਵਿਚ ਕਿਹਾ।"

"ਮੈਨੂੰ ਖਿਮਾਂ ਕਰਨਾ, ਪਰ ਮੈਂ ਇਹੀ ਸਲਾਹ ਦਿਆਂਗੀ ਕਿ ਸਰ ਪਰਸੀਵਲ ਦੇ ਅੰਦਰ ਆਉਣ ਤੋਂ ਪਹਿਲਾਂ ਅਸੀਂ ਇਥੋਂ ਚਲੀਆਂ ਚਲੀਏ, ਉਡੀਕਣ ਦੀ ਕੋਈ ਲੋੜ ਨਹੀਂ, ਉਹ ਇਸ ਵੇਲੇ ਨਸ਼ੇ ਵਿਚ ਹੈ।"

ਉਹਨੇ ਮੇਰੀ ਅੱਧੀ ਗੱਲ ਸੁਣੀ ਤੇ ਅੱਧੀ ਸ਼ਾਇਦ ਨਹੀਂ ਸੁਣੀ: ਪਰ ਉਹ ਮੇਰੇ ਨਾਲ ਆਪਣੇ ਕਮਰੇ ਵਿਚ ਆ ਗਈ। ਜਿਸ ਵੇਲੇ ਅਸੀਂ ਉਪਰ ਪੁੱਜੀਆਂ, ਮੈਂ ਉਹਨੂੰ ਤਸੱਲੀ ਦੇਣ ਦੀ ਬੜੀ ਵਾਹ ਲਾਈ। ਮੈਂ ਉਹਨੂੰ ਇਹੀ ਕਿਹਾ ਕਿ ਮਿਸਟਰ ਫ਼ੇਅਰਲੀ ਦੀ ਚਿੱਠੀ ਇਹੀ ਦੱਸਦੀ ਹੈ, ਕਿ ਉਹਦੀ ਆਗਿਆ ਅਤੇ ਮਰਜੀ ਹੈ ਕਿ ਤੁਸੀਂ ਰਾਹ ਵਿਚ ਇਕ ਰਾਤ ਆਪਣੀ ਭੂਆ ਦੇ ਘਰ ਰਵ੍ਹੋ। ਉਹ ਇਹ ਗੱਲ ਤਾਂ ਮੰਨਦੀ ਸੀ ਕਿ ਉਹ ਚਿੱਠੀ ਉਹਦੇ ਚਾਚੇ ਦੀ ਹੀ ਹੈ, ਪਰ ਉਹਨੂੰ ਇਕ ਪਾਸੇ ਮਿਸ ਹਾਲਕੌਂਬ ਦੀ ਚਿੰਤਾ ਸੀ, ਅਤੇ ਦੂਜੇ ਪਾਸੇ ਕਾਂਊਟ ਦੇ ਘਰ ਸੌਣ ਤੋਂ ਉਹਦੇ ਦਿਲ ਵਿਚ ਇਕ ਭਿਆਨਕ ਡਰ ਸੀ; ਇਕ ਦਹਿਸਤ ਸੀ। ਮੈਂ ਉਹਨੂੰ ਮਨਾਣ ਲਈ ਹਰ ਤਰ੍ਹਾਂ ਦੇ ਯਤਨ ਕੀਤੇ, ਪਰ ਵਿਅਰਥ। ਮੈਂ ਕਾਂਊਟ ਦੇ ਖਿਲਾਫ ਕਈ ਗਲ ਨਹੀਂ ਸਾਂ ਸੁਣ ਸਕਦੀ, ਇਸ ਲਈ ਮੈਂ ਉਹਨੂੰ ਪੂਰਾ ਸਤਿਕਾਰ ਦੇਂਦਿਆਂ ਹੋਇਆਂ ਲੇਡੀ ਗਲਾਈਡ ਨੂੰ ਕਿਹਾ, "ਤੁਸੀਂ ਮੇਰੇ ਬਹੁਤਾ ਬੋਲਣ ਨੂੰ ਮੁਆਫ ਕਰਿਆ ਜੋ ਪਰ ਬੰਦਾ ਕੰਮ ਤੂੰ ਪਛਾਣਿਆ ਜਾਂਦਾ ਹੈ। ਮਿਸ ਹਾਲਕੌਂਬ ਦੀ ਬੀਮਾਰੀ ਦੇ ਸ਼ੁਰੂ ਤੋਂ ਹੀ ਕਾਂਊਟ ਨੇ ਬੜੀ ਸਹਾਇਤਾ ਕੀਤੀ ਸੀ, ਮਿਸ ਹਾਲਕੌਂਬ ਕਰਕੇ ਹੀ ਕਾਂਊਟ ਦਾ ਮਿਸਟਰ ਡਾਅਸਨ ਨਾਲ ਇੰਨਾਂ ਗੰਭੀਰ ਝਗੜਾ ਵੀ ਹੋਇਆ ਸੀ।"

"ਝਗੜਾ?" ਲੇਡੀ ਗਲਾਈਡ ਨੇ ਹੈਰਾਨੀ ਨਾਲ ਪੁੱਛਿਆ। ਉਹਦੇ ਲਹਿਜੇ ਵਿਚ ਹੁਣ ਕੁਝ ਜਾਨਣ ਦੀ ਇਛਿਆ ਸੀ।

ਮੈਂ ਉਹਨੂੰ ਉਹ ਸਾਰੀ ਗੱਲ ਦੱਸੀ। ਜੋ ਕਾਊਂਟ ਅਤੇ ਮਿਸਟਰ ਡਾਅਸਨ ਵਿਚਕਾਰ ਹੋਈ ਸੀ, ਮੈਂ ਉਸ ਵੇਲੇ ਵੀ ਲੇਡੀ ਗਲਾਈਡ ਕੋਲੋਂ ਇਹ ਗੱਲ ਛੁਪਾਣੀ ਉਚਿਤ ਨਹੀਂ ਸਮਝਦੀ ਸੀ, ਉਹ ਸੁਣ ਕੇ ਹੋਰ ਵੀ ਘਬਰਾ ਗਈ ਸੀ।

"ਬੜਾ ਮਾੜਾ ਕੰਮ ਹੋਇਆ ਹੈ- ਉਹ ਕਮਰੇ ਵਿਚ ਹੀ ਪਾਗਲਾਂ ਵਾਂਗ ਚੱਕਰ ਕਟਦੀ ਕਹਿਣ ਲੱਗੀ - 'ਕਾਂਊਟ ਨੂੰ ਪਤਾ ਸੀ ਕਿ ਮਿਸਟਰ ਡਾਅਸਨ ਮੇਰੀਅਨ ਨੂੰ ਸਫਰ ਦੀ ਆਗਿਆ ਨਹੀਂ ਦੇਣਗੇ, ਇਸੇ ਲਈ ਜਾਣ ਬੁਝ ਕੇ ਉਹਨੇ ਉਹ ਲੜਾਈ ਮੁੱਲ ਲਈ ਸੀ। ਸਿਰਫ਼ ਇਸ ਲਈ ਕਿ ਮਿਸਟਰ ਡਾਅਸਨ ਇਥੇ ਆਣਾ ਜਾਣਾ ਬੰਦ ਕਰ ਦੇਵੇ।"

"ਨਹੀਂ, ਇਹ ਕਹਿਣਾ ਠੀਕ ਨਹੀਂ।" ਮੈਂ ਉਹਦੀ ਵਿਰੋਧਤਾ ਕਰਦਿਆਂ ਕਿਹਾ।

ਪਰ ਉਹ ਮੇਰੀ ਗੱਲ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦਿਆਂ ਬੋਲੀ- "ਮੈਂ" ਕਦੀ ਇਹ ਮੰਨ ਨਹੀਂ ਸਕਦੀ, ਕਿ ਮੇਰੀ ਭੈਣ ਆਪਣੀ ਮਰਜ਼ੀ ਨਾਲ ਉਸ ਆਦਮੀ ਦੇ ਘਰ ਗਈ ਹੈ, ਮੈਂ ਉਸ ਕੋਲੋਂ ਬਹੁਤ ਡਰਦੀ ਹਾਂ, ਅਤੇ ਭਾਵੇਂ ਸਰ ਪਰਸੀਵਲ, ਕੁਝ ਵੀ ਕਹੇ ਅਤੇ ਮੇਰਾ ਚਾਚਾ ਵੀ ਕੀ ਪਿਆ ਲਿਖੇ, ਮੈਂ ਕਦੀ ਵੀ ਉਹਦੇ ਘਰ ਜਾ ਕੇ ਸੌਣਾ, ਖਾਣਾ ਪੀਣਾ ਪਸੰਦ ਨਹੀਂ ਕਰਾਂਗੀ। ਮੇਰੀਅਨ ਕਿਥੇ ਹੈ, ਮੈਂ ਉਹਦੇ ਪਿਛੇ ਉਸ ਦੁਸ਼ਟ ਦੇ ਘਰ ਵੀ ਜਾਣ ਦਾ ਹੌਂਸਲਾ ਕਰ ਲਵਾਂਗੀ।"

ਮੈਂ ਉਹਨੂੰ ਯਾਦ ਦਵਾਇਆ ਕਿ ਸਰ ਪਰਸੀਵਲ ਦੇ ਕਹਿਣ ਅਨੁਸਾਰ ਤਾਂ ਮਿਸ ਹਾਲਕੌਂਬ ਹੁਣ ਕੰਬਰਲੈਂਡ ਪਹੁੰਚ ਗਈ ਹੈ।

"ਮੈਨੂੰ ਲਗਦਾ ਹੈ ਉਹ ਅਜੇ ਉਹਦੇ ਘਰ ਹੀ ਹੋਵੇਗੀ। ਜੇ ਉਹ ਲਿਮਰਿਜ ਪਹੁੰਚ ਗਈ ਹੋਈ ਤਾਂ ਮੈਂ ਕਦੀ ਵੀ ਕਾਊਂਟ ਦੇ ਘਰ ਨਹੀਂ ਜਾਵਾਂਗੀ। ਮੇਰੀ ਭੈਣ ਦੇ ਇਲਾਵਾ ਜੋ ਮੈਨੂੰ ਸਭ ਤੋਂ ਬਹੁਤਾ ਪਿਆਰ ਕਰਦੀ ਹੈ ਮੈਂ ਉਸ ਨੂੰ ਲਿਖਾਂਗੀ। ਉਹ ਲੰਦਨ ਦੇ ਨੇੜੇ ਹੀ ਰਹਿੰਦੀ ਹੈ ਤੁਸੀਂ ਸੁਣਿਆ ਹੋਣਾ ਹੈ, ਮੈਂ ਕਈ ਵਾਰ ਮਿਸਜ਼ ਵੈਸੀ ਦੀ ਗੱਲ ਕੀਤੀ ਹੈ, ਮੈਂ ਉਹਦੇ ਕੋਲ ਜਾ ਕੇ ਸੌਂਵਾਂਗੀ; ਕਿਸੇ ਨਾ ਕਿਸੇ ਤਰ੍ਹਾਂ ਅਵੱਸ਼ ਕਾਊਂਟ ਕੋਲੋਂ ਬਚਾਂਗੀ, ਮੇਰੀ ਚਿੱਠੀ ਤੁਸੀਂ ਅਜ ਪਾ ਦਿਓ -ਜੇ ਸਰ ਪਰਸੀਵਲ ਦੀ ਅੱਜ ਦੀ ਚਿੱਠੀ ਕਾਊਂਟ ਫ਼ੋਸਕੋ ਤਕ ਪਹੁੰਚ ਜਾਏਗੀ ਤਾਂ ਮੇਰੀ ਵੀ ਜ਼ਰੂਰ ਪਹੁੰਚੇਗੀ-ਪਰ ਮੇਰੀ ਚਿੱਠੀ ਹੇਠਾਂ ਡਾਕ ਦੇ ਥੱਲੇ ਵਿਚ ਨਾਂ ਪਾਣਾ, ਮੈਨੂੰ ਵਿਸ਼ਵਾਸ ਨਹੀਂ, ਤੁਸੀਂ ਮੇਰੀ ਸਹਾਇਤਾ ਕਰੋ ਮੈਂ ਸਾਰੀ ਜ਼ਿੰਦਗੀ ਯਾਦ ਰਖਾਂਗੀ।"

ਮੈਂ ਵੀ ਉਲਝਣ ਵਿਚ ਸਾਂ। ਕੀ ਲੇਡੀ ਗਲਾਈਡ ਦੇ ਦਿਮਾਗ ਉਤੇ ਚਿੰਤਾ ਅਤੇ ਫਿਕਰ ਦਾ ਅਸਰ ਤੇ ਨਹੀਂ ਹੋ ਗਿਆ। ਖੈਰ ਮੈਂ ਉਹਦੀ ਗਲ ਮੰਨ ਲਈ। ਜੇ ਉਹ ਚਿੱਠੀ ਕਿਸੇ ਹੋਰ ਨੂੰ ਲਿਖਦੀ, ਜਿਸ ਬਾਰੇ ਮੈਂ ਕੁਝ ਵੀ ਨਾ ਜਾਣਦੀ ਹੁੰਦੀ ਤਾਂ ਸ਼ਾਇਦ ਮੈਂ ਨਾਂਹ ਕਰ ਦਿੰਦੀ ਪਰ ਮੈਂ ਉਸ ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਕਰਦੀ ਹਾਂ ਕਿ ਮੈਂ ਉਸ ਦਿਨ ਉਹਨੂੰ ਹਾਂ ਵਿਚ ਉੱਤਰ ਦਿਤਾ। ਪਿਛੋਂ ਜੋ ਜੋ ਘਟਨਾਵਾਂ ਹੋਈਆਂ ਉਨ੍ਹਾਂ ਨੂੰ ਵੇਖ ਕੇ ਤਾਂ ਮੈਨੂੰ ਆਪਣੇ ਆਪ ਤੇ ਏਨੀ ਤਸੱਲੀ ਹੈ ਕਿ ਉਸ ਨੇ ਅਖੀਰਲੇ ਸਮੇਂ ਜੋ ਜੋ ਕਿਹਾ ਮੈਂ ਉਹਦੀ ਕੋਈ ਵੀ ਗਲ ਨਾ ਟਾਲੀ ਅਤੇ ਉਹਦੀ ਕੁਝ ਨਾ ਕੁਝ ਤੇ ਸਹਾਇਤਾ ਕੀਤੀ।

ਮਿਸਜ਼ ਵੈਸੀ ਵੱਲ ਉਹਨੇ ਚਿੱਠੀ ਲਿਖ ਕੇ ਮੈਨੂੰ ਦਿਤੀ ਜੋ ਮੈਂ ਆਪਣੇ ਹੱਥਾਂ ਨਾਲ ਪਿੰਡ ਦੇ ਡਾਕਖਾਨੇ ਵਿਚ ਪਾਈ। ਬਾਕੀ ਸਾਰਾ ਦਿਨ ਸਾਨੂੰ ਸਰ ਪਰਸੀਵਲ ਕਿਧਰੇ ਨਜ਼ਰ ਨਾ ਆਇਆ।

ਲੇਡੀ ਗਲਾਈਡ ਦੇ ਕਹਿਣ ਮੁਤਾਬਿਕ ਮੈਂ ਉਹਦੇ ਨਾਲ ਦੇ ਕਮਰੇ ਵਿਚ ਸੁੱਤੀ। ਸਾਡੇ ਕਮਰਿਆਂ ਦਾ ਵਿਚਕਾਰਲਾ ਦਰਵਾਜ਼ਾ ਖੁੱਲਾ ਰਿਹਾ, ਖਾਲੀ ਘਰ ਹੁਣ ਏਨਾ ਸੁੰਨਾ ਤੇ ਵੀਰਾਨ ਸੀ ਕਿ ਡਰ ਲਗਦਾ ਸੀ ਮੈਂ ਵੀ ਆਪਣੀ ਥਾਵੇਂ ਉਹਨੂੰ ਕੋਲ ਵੇਖ ਕੇ ਖੁਸ਼ ਹੀ ਸਾਂ। ਉਹ ਬੜੀ ਦੇਰ ਤਕ ਜਾਗਦੀ ਰਹੀ। ਚਿੱਠੀਆਂ ਪੜ੍ਹਦੀ ਰਹੀ ਅਤੇ ਸਾੜਦੀ ਰਹੀ-ਸਾਰੇ ਦਰਾਜ਼ ਅਤੇ ਅਲਮਾਰੀਆਂ ਉਹਨੇ ਖਾਲੀ ਕਰ ਦਿਤੀਆਂ। ਉਹ ਇੰਜ ਹਰ ਇਕ ਚੀਜ਼ ਸਮੇਟ ਰਹੀ ਸੀ ਜਿਵੇਂ ਉਹਨੇ ਮੁੜ ਕਦੀ ਬਲੈਕਵਾਟਰ ਪਾਰਕ ਨਹੀਂ ਆਉਣਾ। ਜਦੋਂ ਉਹ ਸੁੱਤੀ ਵੀ ਤਾਂ ਉਹਦੀ ਨੀਂਦਰ ਟੁੱਟੀ ਫੁੱਟੀ ਸੀ ਅਤੇ ਉਹ ਕਈ ਵਾਰ ਸੁੱਤੀ ਸੁੱਤੀ ਰੋ ਪਈ, ਇਕ ਵਾਰੀ ਤਾਂ ਉਹਨੇ ਇੰਨੀ ਜ਼ੋਰ ਦੀ ਚੀਕ ਮਾਰੀ ਕਿ ਉਹ ਆਪ ਵੀ ਤ੍ਰਬਕ ਕੇ ਉਠ ਪਈ। ਮੈਂ ਉਹਨੂੰ ਇਹ ਪੁਛਣੋਂ ਝਿਜਕਦੀ ਸਾਂ ਕਿ ਉਹਨੂੰ ਕਿਹੋ ਜੇਹੇ ਸੁਪਨੇ ਆ ਰਹੇ ਸਨ ਅਤੇ ਉਹਨੇ ਆਪ ਵੀ ਮੈਨੂੰ ਇਸ ਬਾਰੇ ਕੁਝ ਨਹੀਂ ਕਿਹਾ। ਹੁਣ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਮੇਰਾ ਦਿਲ ਉਸ ਲਈ ਬੜਾ ਦੁਖੀ ਸੀ; ਉਹਦੀ ਹਾਲਤ ਵੇਖ ਕੇ ਮੈਨੂੰ ਵੀ ਡੋਬੂ ਪੈਂਦੇ ਸਨ।

ਅਗਲੀ ਸਵੇਰ ਸੁਹਣੀ ਅਤੇ ਧੁਪੀਲੀ ਸੀ। ਬਰੈਕਫਾਸਟ ਮਗਰੋਂ ਸਰ ਪਰਸੀਵਲ ਸਾਨੂੰ ਇਹ ਦੱਸਣ ਆਇਆ ਕਿ ਬੱਘੀ ਪੌਣੇ ਬਾਰਾਂ ਵਜੇ ਆ ਜਾਏਗੀ, ਕਿਉਂਕਿ ਸਾਡੇ ਸਟੇਸ਼ਨ ਤੋਂ ਗਡੀ ਬਾਰਾਂ ਵਜ ਕੇ ਵੀਹ ਮਿੰਟ ਤੇ ਚਲਦੀ ਸੀ। ਉਹ ਕਿਸੇ ਕੰਮ ਲਈ ਬਾਹਰ ਜਾ ਰਿਹਾ ਸੀ ਅਤੇ ਉਮੀਦ ਤੇ ਸੀ ਕਿ ਉਹ ਵਕਤ ਸਿਰ ਘਰ ਪਹੁੰਚ ਜਾਏਗਾ, ਪਰ ਜੇ ਕਿਸੇ ਕਾਰਣ

ਵਸ ਉਹ ਨਾ ਪਹੁੰਚਿਆ ਤਾਂ ਉਹਨੇ ਮੈਨੂੰ ਲੇਡੀ ਗਲਾਈਡ ਨਾਲ ਸਟੇਸ਼ਨ ਤੇ ਜਾਣ ਲਈ ਕਹਿ ਦਿਤਾ। ਉਹਨੇ ਮੈਨੂੰ ਇਹ ਤਾਕੀਦ ਕੀਤੀ ਕਿ ਲੇਡੀ ਗਲਾਈਡ ਕਿਸੇ ਹਾਲਤ ਵਿਚ ਵੀ ਗੱਡੀਓ ਨਾ ਰਹੇ। ਸਰ ਪਰਸੀਵਲ ਇਹ ਸਭ ਗਲਾਂ ਕਾਹਲੀ ਕਾਹਲੀ ਕਹਿ ਰਿਹਾ ਸੀ ਅਤੇ ਆਪਣੀ ਆਦਤ ਮੁਤਾਬਿਕ ਇਧਰ ਉਧਰ ਘੁੰਮ ਰਿਹਾ ਸੀ, ਉਹ ਜਿਧਰ ਵੀ ਜਾਂਦਾ; ਲੇਡੀ ਗਲਾਈਡ ਦੀਆਂ ਨਜ਼ਰਾਂ ਵੀ ਉਧਰ ਹੀ ਜਾਂਦੀਆਂ, ਪਰ ਸਰ ਪਰਸੀਵਲ ਨੇ ਇਕ ਵਾਰ ਵੀ ਉਹਦੀਆ ਤਕਣੀਆਂ ਦਾ ਉੱਤਰ ਨਹੀਂ ਦਿਤਾ। ਇਕ ਵਾਰ ਵੀ ਉਹਦੇ ਵੱਲ ਨਹੀਂ ਵੇਖਿਆ।

ਜਦੋਂ ਉਹ ਕਮਰੇ ਵਿਚੋਂ ਬਾਹਰ ਜਾਣ ਲਗਾ ਤਾਂ ਲੇਡੀ ਗਲਾਈਡ ਨੇ ਆਪਣਾ ਹੱਥ ਅੱਗੇ ਕਰਕੇ ਉਹਨੂੰ ਰੋਕਿਆ।

ਮੈਂ ਹੁਣ ਤੁਹਾਨੂੰ ਕਦੀ ਨਹੀਂ ਮਿਲਾਂਗੀ।" ਹੁਣ ਉਹਦੀ ਆਵਾਜ਼ ਸਥਿਰ ਸੀ ਅਤੇ ਉਹਦਾ ਆਪਣੇ ਆਪ ਉਤੇ ਪੂਰਾ ਕਾਬੂ ਸੀ। "ਅਸੀਂ ਅੱਜ ਵੱਖ ਹੋ ਰਹੇ ਹਾਂ ਅਤੇ ਸ਼ਾਇਦ ਮੁੜ, ਕਦੀ ਨਹੀਂ ਮਿਲਾਂਗੇ। ਪਰਸੀਵਲ ਮੈਂ ਤੁਹਾਨੂੰ ਮੁਆਫ ਕਰ ਦਿਤਾ ਹੈ। ਕੀ ਤੁਸੀਂ ਵੀ ਮੈਨੂੰ ਮੁਆਫ ਕਰਨ ਦੀ ਕੋਸ਼ਿਸ਼ ਕਰੋਗੇ?" ਉਹਦਾ ਮੂੰਹ ਚਿੱਟਾ ਫਟਕ ਹੋ ਗਿਆ। ਉਹਦੇ ਮੱਥੇ ਉਤੇ ਤਰੇਲੀਆਂ ਆਈਆਂ ਸਾਫ ਦਿਸੀਆਂ। "ਮੈਂ" ਆ ਜਾਵਾਂਗਾ" ਇਹ ਕਹਿਕੇ ਉਹ ਝਟਪਟ ਕਮਰੇ ਵਿਚੋਂ ਬਾਹਰ ਨਿਕਲਿਆ, ਜਿਵੇਂ ਆਪਣੀ ਪਤਨੀ ਦੇ ਇਨ੍ਹਾਂ ਸ਼ਬਦਾਂ ਨਾਲ ਡਰ ਗਿਆ ਹੋਵੇ।

ਮੈਨੂੰ ਸਰ ਪਰਸੀਵਲ ਕਦੀ ਵੀ ਚੰਗਾ ਨਹੀਂ ਲੱਗਾ ਸੀ, ਪਰ ਜਿਸ ਤਰ੍ਹਾਂ ਹੁਣ ਉਹ ਆਪਣੀ ਪਤਨੀ ਨੂੰ ਛੱਡ ਕੇ ਗਿਆ, ਮੈਨੂੰ ਆਪਣੇ ਆਪ ਤੇ ਸ਼ਰਮ ਆਈ ਕਿ ਮੈਂ ਅਜਿਹੇ ਆਦਮੀ ਦੀ ਰੋਟੀ ਖਾ ਰਹੀ ਹਾਂ, ਅਤੇ ਨੌਕਰੀ ਕਰ ਰਹੀ ਹਾਂ! ਮੇਰਾ ਜੀਅ ਕੀਤਾ ਕਿ ਲੇਡੀ ਗਲਾਈਡ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰਾਂ, ਪਰ ਉਹਦੇ ਚਿਹਰੇ ਤੇ ਕੋਈ ਅਜਿਹਾ ਭਾਵ ਸੀ, ਕਿ ਮੈਂ ਕੁਝ ਨਾ ਕਹਿਣਾ ਹੀ ਠੀਕ ਸਮਝਿਆ।

ਬਿਲਕੁਲ ਠੀਕ ਵਕਤ ਤੇ ਬੱਘੀ ਆ ਗਈ। ਲੇਡੀ ਗਲਾਈਡ ਦਾ ਕਹਿਣਾ ਠੀਕ ਨਿਕਲਿਆ। ਸਰ ਪਰਸੀਵਲ ਨਹੀਂ ਆਇਆ ਸੀ। ਮੈਂ ਤੇ ਉਹਦੀ ਉਡੀਕ ਬੜੀ ਦੇਰ ਤੀਕ ਕਰਦੀ ਰਹੀ। ਪਰ ਵਿਅਰਥ ਹੀ, ਉਹ ਨੇ ਨਾਂ ਆਉਣਾ ਸੀ ਨਾ ਆਇਆ।

ਮੇਰੀ ਜ਼ਿੰਮੇਵਾਰੀ ਤਾਂ ਨਹੀਂ ਸੀ, ਪਰ ਤਾਂ ਵੀ ਮੈਨੂੰ ਫਿਕਰ ਸੀ। ' ਤੁਸੀਂ ਆਪਣੀ ਮਰਜ਼ੀ ਨਾਲ ਲੰਦਨ ਜਾ ਰਹੇ ਹੋ।" ਮੈਂ ਲੇਡੀ ਗਲਾਈਡ ਨੂੰ ਕਿਹਾ, ਜਦੋਂ ਬੱਘੀ ਲਾਜ ਗੇਟ

ਵਿਚੋਂ ਲੈ ਰਹੀ ਸੀ। "ਮੇਰੇ ਮਨ ਵਿਚ ਜੋ ਧੁਖਧੁਖੀ ਹੈ ਉਸ ਨੂੰ ਖਤਮ ਕਰਨ ਲਈ ਮੈਂ ਕਿਧਰੇ ਵੀ ਸਕਦੀ ਹਾਂ।" ਉਹਨੇ ਕਿਹਾ। ਉਹਦੀਆਂ ਗੱਲਾਂ ਸੁਣ ਕੇ ਮੈਨੂੰ ਵੀ ਮਿਸ ਹਾਲਕੌਂਬ ਬਾਰੇ ਉਂਨੀ ਹੀ ਚਿੰਤਾ ਹੋ ਗਈ ਸੀ, ਜਿੰਨੀ ਉਹਨੂੰ ਸੀ। ਮੈਂ ਉਹਨੂੰ ਕਿਹਾ ਕਿ ਉਹ ਮੈਨੂੰ ਸੁਖ ਸਾਂਦ ਦੀ ਚਿੱਠੀ ਜ਼ਰੂਰ 'ਪਾਏ। "ਜ਼ਰੂਰ ਲਿਖਾਂਗੀ ਮਿਸਜ਼ ਮਾਈਕਲਸਨ।" ਇਹ ਕਹਿ ਕੇ ਉਹ ਫਿਰ ਸੋਚਾਂ ਵਿਚ ਡੁੱਬ ਗਈ। ਮੈਂ ਉਹਨੂੰ ਹੌਂਸਲਾ ਦਿਤਾ ਅਤੇ ਕਿਹਾ, "ਸਾਨੂੰ ਆਪਣੇ ਹਿੱਸੇ ਦਾ ਦੁੱਖ-ਸੁੱਖ ਰੱਬ ਦਾ ਭਾਣਾ ਸਮਝਕੇ ਪ੍ਰਵਾਨ ਕਰਨਾ ਚਾਹੀਦਾ ਹੈ।" ਪਰ ਸ਼ਾਇਦ ਉਹਨੇ ਮੇਰੀ ਗੱਲ ਨਾ ਸੁਣੀ। ਮੈਂ ਫਿਰ ਰਿਹਾ-"ਤੁਸੀ ਸ਼ਾਇਦ ਰਾਤੀ ਸੁਤੇ ਨਹੀਂ।" ਇਸ ਦੇ ਉੱਤਰ ਵਿਚ ਉਹਨੇ ਕਿ-"ਹਾਂ, ਮੈਨੂੰ ਰਾਤੀ ਭਿਆਨਕ ਸੁਪਨੇ ਆਏ ਹਨ।"

"ਸੱਚਮੁਚ?" ਮੈਂ ਸੋਚਿਆ, ਉਹ ਮੈਨੂੰ ਸੁਪਨਿਆਂ ਬਾਰੇ ਕੁਝ ਦਸੇਗੀ। ਪਰ ਹੁਣ ਹੋਰ ਹੀ ਗੱਲ ਕੀਤੀ-"ਕੀ ਤੁਸੀਂ ਚਿੱਠੀ ਪੋਸਟ ਕਰ ਆਏ ਸੀ?"

"ਹਾਂ ਮੈਂ ਆਪਣਿਆਂ ਹੱਥਾਂ ਨਾਲ ਡਾਕਖਾਨੇ ਵਿਚ ਪਾਕੇ ਆਈ ਹਾਂ।" "ਕੀ ਸਰ ਪਰਸੀਵਲ ਨੇ ਇਹ ਕਿਹਾ ਸੀ ਕਿ ਕਾਂਊਟ ਫੋਸਕੋ ਮੈਨੂੰ ਲੰਦਨ ਸਟੇਸ਼ਨ ਮਿਲੇਗਾ?

"ਜੀ ਹਾਂ। ਮੈਂ ਉਹਨੂੰ ਦੱਸਿਆ।

ਉਹਨੇ ਇਕ ਹਉਕਾ ਭਰਿਆ ਤੇ ਚੁਪ ਰਹੀ।

ਅਸੀਂ ਸਟੇਸ਼ਨ ਤੇ ਪੁਜੀਆਂ। ਗੱਡੀ ਚਲਣ ਵਿਚ ਦੋ ਹੀ ਮਿੰਟ ਰਹਿ ਗਏ ਸਨ। ਜਿਸ ਨੇ ਬੱਘੀ ਲਿਆਂਦੀ ਸੀ, ਸਮਾਨ ਕੱਢ ਕੇ ਲੈ ਗਿਆ ਅਤੇ ਮੈਂ ਜਾ ਕੇ ਟਿਕਟ ਲਿਆਂਦੀ ਗੱਡੀ ਨੇ ਸੀਟੀ ਮਾਰ ਦਿਤੀ ਸੀ, ਜਦੋਂ ਮੈਂ ਲੇਡੀ ਗਲਾਈਡ ਨੂੰ ਟਿਕਟ ਦਿਤਾ, ਉਸ ਵੇਲੇ ਬੜੀ ਡਰੀ ਹੋਈ ਸੀ, ਅਤੇ ਉਹਨੇ ਹੱਥ ਆਪਣੇ ਦਿਲ ਉਤੇ ਘੁਟਿਆ, ਜਿਵੇਂ ਉਹਨੂੰ ਕੋਈ ਦਰਦ ਹੋਈ ਹੋਵੇ। ਉਹਨੇ ਮੇਰੀ ਬਾਂਹ ਵੜ ਲਈ।

"ਕਾਸ਼ ! ਤੁਸੀਂ' ਮੇਰੇ ਨਾਲ ਚਲਦੇ।" ਉਹ ਬੋਲੀ।

ਜੇ ਵਕਤ ਹੁੰਦਾ - ਅਤੇ ਜੋ ਮੈਂ ਕੱਲ੍ਹ ਇਹੀ ਕੁਝ ਮਹਿਸੂਸ ਕਰਦੀ ਜੋ ਉਸ ਵੇਲੇ ਕਰ ਰਹੀ ਸਾਂ, ਤਾਂ ਮੈਂ' ਜ਼ਰੂਰ ਉਹਦੇ ਨਾਲ ਹੀ ਜਾਂਦੀ, ਭਾਵੇਂ ਮੈਨੂੰ ਸਰ ਪਰਸੀਵਲ ਕੋਲੋਂ ਛੋਟੀ ਹੀ ਲੈਣੀ ਪੈਂਦੀ। ਪਰ ਉਹਨੇ ਬੜੀ ਦੇਰ ਨਾਲ ਇਹ ਖਵਾਹਿਸ਼ ਪ੍ਰਗਟ ਕੀਤੀ ਸੀ। ਉਹਨੂੰ ਆਪ ਵੀ ਇਹ ਪਤਾ ਸੀ, ਇਸ ਲਈ ਉਹ ਨੇ ਇਹ ਗੱਲ ਮੁੜ ਨਾ ਦੁਹਰਾਈ। ਉਹਨੇ ਮਾਲੀ ਨੂੰ

ਉਹਦੇ ਬੱਚਿਆਂ ਲਈ ਕੋਈ ਸੁਗਾਤ ਦਿਤੀ। ਮੇਰਾ ਹੱਥ ਉਹਨੇ ਆਪਣੇ ਹੱਥਾਂ ਵਿਚ ਘੁਟ ਲਿਆ ਅਤੇ ਕਹਿਣ ਲੱਗੀ।

ਤੁਸੀਂ ਮੇਰਾ ਅਤੇ ਮੇਰੀ ਭੈਣ ਦਾ ਬਹੁਤ ਖਿਆਲ ਰੱਖਿਆ ਹੈ, ਜਦੋਂ ਅਸੀਂ ਬੇਸਹਾਰਾ ਸਾਂ ਅਤੇ ਸਾਡਾ ਕੋਈ ਨਹੀਂ ਸੀ, ਜਿੰਨੀ ਦੇਰ ਮੈਂ ਜੀਉਂਦੀ ਰਹੀ, ਤੁਹਾਡੀ ਰਿਣੀ ਰਵਾਂਗੀ, ਅਤੇ ਤੁਹਾਨੂੰ ਯਾਦ ਰਖਾਂਗੀ, ਹੱਛਾ ਰੱਬ ਤੁਹਾਡੀ ਰਖਿਆ ਕਰੇ।"

ਜਿਸ ਲਹਿਜੇ ਨਾਲ ਉਹਨੇ ਇਹ ਸ਼ਬਦ ਕਹੇ ਮੇਰੀਆਂ ਅੱਖਾਂ ਭਰ ਆਈਆਂ। ਉਹ ਸ਼ਾਇਦ ਮੇਰੇ ਕੋਲੋਂ ਵੀ ਸਦਾ ਲਈ ਵਿਛੜ ਰਹੀ ਸੀ। ਮੈਂ ਉਹਨੂੰ ਡੱਬੇ ਵਿਚ ਬਿਠਾਂਦਿਆਂ ਕਿਹਾ, "ਅਸੀਂ ਫਿਰ ਮਿਲਾਂਗੇ ਲੇਡੀ ਗਲਾਈਡ- ਮੇਰੇ ਵਲੋਂ ਪਿਆਰ ਅਤੇ ਸ਼ੁਭ ਇਛਾਵਾਂ-ਮੁੜ ਇਸ ਤੋਂ ਚੰਗੇ ਸਮੇਂ ਵਿਚ ਮਿਲਣ ਦੀ ਆਸ ਮੈਂ ਹਮੇਸ਼ਾ ਕਰਾਂਗੀ, ਰੱਬ ਤੁਹਾਨੂੰ ਖੁਸ਼ੀ ਦੇਵੇ।" ਉਹਨੇ ਆਪਣਾ ਸਿਰ ਹਿਲਾਇਆ ਅਤੇ ਇਕ ਵਾਰ ਕੰਬੀ। ਗਾਰਡ ਨੇ ਦਰਵਾਜ਼ਾ ਬੰਦ ਕਰ ਦਿਤਾ ਸੀ। ਮੈਂ ਬਾਹਰ ਖਿੜਕੀ ਕੋਲ ਖੜੀ ਸਾਂ, ਉਹ ਮੇਰੇ ਕੰਨ ਕੋਲ ਮੂੰਹ ਕਰਕੇ ਬੋਲੀ, "ਰਾਤੀਂ ਜੋ ਸੁਪਨੇ ਮੈਨੂੰ ਆਏ ਹਨ, ਉਹ ਕਦੀ ਮੈਂ ਸਾਰੀ ਜ਼ਿੰਦਗੀ ਅੱਗੇ ਨਹੀ ਵੇਖੇ ! ਉਹਨਾਂ ਦਾ ਡਰ ਅਜੇ ਤਕ ਮੇਰੇ ਦਿਲ ਤੇ ਛਾਇਆ ਹੋਇਆ ਹੈ।" ਗੱਡੀ ਨੇ ਇਕ ਹੋਰ ਚੀਕ ਮਾਰੀ, ਅਤੇ ਮੈਂ ਉਹਨੂੰ ਕੋਈ ਤਸੱਲੀ ਨਾ ਦੇ ਸਕੀ, ਗੱਡੀ ਹਿਲ ਪਈ ਸੀ। ਉਹਦਾ ਮੂੰਹ ਪੀਲਾ ਜ਼ਰਦ ਸੀ। ਉਹਨੇ ਖਿੜਕੀ ਵਿਚੋਂ ਮੈਨੂੰ ਵੇਖਿਆ। ਉਹਦੇ ਚਿਹਰੇ ਉਤੇ ਡੂੰਘੇ ਦੁੱਖ ਦੀ ਛਾਇਆ ਸੀ। ਉਹਨੇ ਆਪਣਾ ਹੱਥ ਹਿਲਾ ਕੇ ਵਿਦਾ ਕਹੀ ਅਤੇ ਉਹ ਚਲੀ ਗਈ। ਉਹ ਮੈਨੂੰ ਮੁੜ ਨਾ ਦਿਸੀ।

ਉਸੇ ਦਿਨ ਸ਼ਾਮੀਂ ਪੰਜ ਵਜੇ ਦੇ ਲਗਭਗ ਮੈਂ ਘਰ ਦੇ ਕੰਮਾਂ ਤੋਂ ਅੱਖਾਂ ਫੇਰ ਕੇ ਰਤਾ ਆਪਣੇ ਕਮਰੇ ਵਿਚ ਆਈ। ਹੁਣ ਸਾਰੇ ਕੰਮਾਂ ਦਾ ਭਾਰ ਮੇਰੇ ਹੀ ਸਿਰ ਤੇ ਰਹਿ ਗਿਆ ਸੀ, ਮੈਂ ਆਪਣੇ ਦਿਲ ਦਿਮਾਗ ਨੂੰ ਸ਼ਾਂਤ ਕਰਨਾ ਚਾਹੁੰਦੀ ਸਾਂ। ਮੈਂ ਆਪਣੇ ਪਤੀ ਦੇ ਉਪਦੇਸ਼ਾਂ ਦੀ ਕਿਤਾਬ ਲੈ ਕੇ ਬੈਠ ਗਈ। ਪਰ ਜ਼ਿੰਦਗੀ ਵਿਚ ਪਹਿਲੀ ਵਾਰੀ ਮੇਰਾ ਧਿਆਨ ਇਧਰ-ਉਧਰ ਭਟਕ ਰਿਹਾ ਸੀ। ਅਗੇ ਇਨ੍ਹਾਂ ਉਪਦੇਸ਼ਾਂ ਨਾਲ ਆਪਣੇ ਦਿਲ ਨੂੰ ਕਾਬੂ ਵਿਚ ਕਰ ਲੈਂਦੀ ਸਾਂ, ਪਰ ਅੱਜ ਲੇਡੀ ਗਲਾਈਡ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਤੈਰ ਰਿਹਾ ਸੀ। ਉਹਦੇ ਜਾਣ ਨਾਲ ਮੈਂ ਉਦਾਸ ਹੋ ਗਈ ਸਾਂ। ਮੈਂ ਕਿਤਾਬ ਉਥੇ ਹੀ ਰੱਖ ਦਿਤੀ, ਅਤੇ ਥੋੜ੍ਹੀ ਦੇਰ ਟਹਿਲਣ ਲਈ ਬਾਹਰ ਬਗੀਚੇ ਵਿਚ ਨਿਕਲ ਗਈ। ਜਿਥੋਂ ਤਕ ਮੇਰਾ ਖਿਆਲ ਸੀ, ਸਰ ਪਰਸੀਵਲ ਅਜੇ ਤਕ ਨਹੀਂ ਪਰਤਿਆ ਸੀ, ਸੋ ਮੈਂ ਬਿਨਾਂ ਕਿਸੇ ਝਿਜਕ ਦੇ ਬਾਹਰ ਟਹਿਲ ਸਕਦੀ ਸਾਂ। ਮੈਂ

ਘਰ ਦਾ ਮੋੜ ਮੁੜ ਕੇ ਬਗੀਚੇ ਦੇ ਸਾਹਮਣੇ ਪਹੁੰਚੀ ਹੀ ਸੀ, ਕਿ ਮੈਨੂੰ ਉਥੇ ਕੋਈ ਓਪਰਾ ਨਜ਼ਰ ਆਇਆ, ਕੋਈ ਔਰਤ ਦਿਸ ਰਹੀ ਸੀ; ਉਹਦੀ ਪਿੱਠ ਮੇਰੇ ਵੱਲ ਸੀ ਅਤੇ ਉਹ ਫਲ ਚੁਣ ਰਹੀ ਸੀ।

ਮੇਰੇ ਕਦਮਾਂ ਦੀ ਆਹਟ ਸੁਣ ਕੇ ਉਹਨੇ ਮੂੰਹ ਮੇਰੇ ਵੱਲ ਮੋੜਿਆ।

ਮੇਰੀਆਂ ਨਾੜਾਂ ਵਿਚ ਲਹੂ ਜੰਮ ਹੀ ਗਿਆ। ਉਹ ਔਰਤ ਮਿਸਜ਼ ਰੂਬੈਲੇ ਸੀ।

"ਕੀ ਗੱਲ ਹੈ?" ਉਹ ਬੋਲੀ।

"ਤੁਸੀਂ ਇਥੇ?" ਅਖੀਰ ਮੈਂ ਬੋਲੀ, "ਕੀ ਤੁਸੀਂ ਲੰਦਨ ਕੰਬਰਲੈਂਡ ਨਹੀਂ ਗਏ?' ਮਿਸਜ਼ ਰੂਬੈਲੇ ਨੇ ਆਪਣੇ ਹਥਲੇ ਫੁਲਾਂ ਨੂੰ ਸੁੰਘਿਆ ਅਤੇ ਬੋਲੀ-

"ਨਹੀਂ, ਮੈਂ ਤੇ ਬਲੈਕਵਾਟਰ ਪਾਰਕ ਚੋਂ ਕਿਧਰੇ ਵੀ ਨਹੀਂ ਗਈ ਮੈਂ ਹੌਸਲਾ ਕਰਕੇ ਇਕ ਪ੍ਰਸ਼ਨ ਉਹਨੂੰ ਹੋਰ ਪੁੱਛਿਆ।

"ਮਿਸ ਹਾਲਕੌਂਬ ਕਿਥੇ ਹੈ?"

ਮਿਸਜ਼ ਰੁਬੈਲੇ ਨੇ ਹੱਸ ਕੇ ਉੱਤਰ ਦਿਤਾ -

"ਮਿਸ ਹਾਲਕੌਂਬ ਵੀ ਬਲੈਕਵਾਟਰ ਪਾਰਕ ਵਿਚ ਹੀ ਹੈ।

ਉਹਦਾ ਉਤਰ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਵਿਚਾਰੀ ਲੇਡੀ ਗਲਾਈਡ ਮੇਰਾ ਧਿਆਨ ਉਸ ਵੱਲ ਚਲਾ ਗਿਆ। ਜੇ ਇਹ ਭੇਤ ਮੈਨੂੰ ਚਾਰ ਘੰਟੇ ਪਹਿਲਾਂ ਕੋਈ ਦਸ ਦਿੰਦਾ,

ਤਾਂ ਮੈਂ ਉਹਨੂੰ ਆਪਣੀ ਕਈ ਸਾਲਾਂ ਦੀ ਮਿਹਨਤ ਦੀ ਕਮਾਈ ਵੀ ਦੇਣ ਨੂੰ ਤਿਆਰ ਹੋ ਜਾਂਦੀ। ਮਿਸਜ਼ ਰੁਬੈਲੇ ਆਪਣੇ ਗੁਲਦਸਤੇ ਨੂੰ ਉਥੇ ਖੜੀ ਹੋ ਕੇ ਠੀਕ ਕਰਦੀ ਅਤੇ ਸੰਵਾਰਦੀ ਰਹੀ। ਉਹ ਉਡੀਕ ਰਹੀ ਸੀ ਕਿ ਮੈਂ ਕੋਈ ਗੱਲ ਕਰਾਂ।

ਪਰ ਮੇਰੇ ਮੂੰਹ ਕੋਈ ਗੱਲ ਨਾ ਨਿਕਲੀ। ਮੇਰੀ ਜੀਭ ਤਾਲੂ ਨਾਲ ਜੁੜ ਗਈ ਜਾਪਦੀ ਸੀ। ਲੇਡੀ ਗਲਾਇਡ ਦਾ ਕੀ ਹਾਲ ਹੋਵੇਗਾ? ਉਹ ਇਹ ਗੱਲ ਕਿਵੇਂ ਬਰਦਾਸ਼ਤ ਕਰੇਗੀ, ਜਦੋਂ ਥੱਕੀ ਟੁੱਟੀ ਤੇ ਕਮਜ਼ੋਰੀ ਦੀ ਹਾਲਤ ਵਿਚ ਉਹ ਇਹ ਖਬਰ ਸੁਣੇਗੀ ਤਾਂ ਜੋ ਵੀ ਹੋ ਜਾਵੇ ਥੋੜ੍ਹਾ ਹੈ। ਮੇਰਾ ਇਹ ਹਾਲ ਸੀ, ਉਸ ਵਿਚਾਰੀ ਦਾ ਪਤਾ ਨਹੀਂ ਕੀ ਬਣੇਗਾ। ਇਸ ਫ਼ਿਕਰ ਨਾਲ ਮੈਂ ਅੰਦਰ ਹੀ ਅੰਦਰ ਅੱਧੀ ਹੋ ਗਈ। ਮਿਸਜ਼ ਰੁਸਲੇ ਨੇ ਆਪਣੇ ਫੁਲਾਂ ਉਪਰੋਂ ਦੀ ਝਾਕ ਕੇ ਮੈਨੂੰ ਕਿਹਾ, "ਔਹ ਵੇਖੋ, ਸਰ ਪਰਸੀਵਲ ਵਾਪਸ ਆ ਗਏ ਹਨ।"

ਮੈਂ ਵੀ ਉਹਨੂੰ ਆਉਂਦੇ ਨੂੰ ਵੇਖ ਲਿਆ ਸੀ, ਉਹ ਆਪਣੀ ਚਾਬੁਕ ਨਾਲ ਕਿਆਰੀਆਂ ਵਿਚ ਫੁੱਲ ਤੋੜਦਾ ਆ ਰਿਹਾ ਸੀ, ਜਿਵੇਂ ਕੋਈ ਬਦਲਾ ਲੈਣਾ ਹੋਵੇ। ਸਾਡੇ ਨੇੜੇ ਆ ਕੇ ਉਹਨੇ ਉਹੀ ਚਾਬੁਕ ਆਪਣੇ ਬੂਟਾਂ ਉਤੇ ਮਾਰੀ ਅਤੇ ਏਨੀ ਜ਼ੋਰ ਦੀ ਹੱਸਣ ਲਗ ਪਿਆ, ਕਿ ਨਾਲ ਵਾਲੇ ਦਰਖਤ ਉਤੇ ਜੋ ਪੰਛੀ ਬੈਠੇ ਸਨ, ਉਹ ਤਹਿ ਕੇ ਉਥੋਂ ਉੱਡ ਗਏ।

'ਤਾਂ ਮਿਸਜ਼ ਮਾਈਕਲਸਨ ਤੁਹਾਨੂੰ ਅਖੀਰ ਪਤਾ ਲੱਗ ਹੀ ਗਿਆ। ਕਿਉਂ ਲੱਗ ਗਿਆ ਹੈ ਨਾ?"

ਮੈਂ ਉਹਨੂੰ ਕੋਈ ਜਵਾਬ ਦੇਣ ਦਾ ਯਤਨ ਨਾ ਕੀਤਾ। ਉਹਨੇ ਹੁਣ ਮਿਸਜ਼ ਰੂਬੈਲੇ ਨੂੰ ਕਿਹਾ

'ਤੁਸੀ' ਬਗੀਚੇ ਵਿਚ ਕਿਸ ਵੇਲੇ ਆਏ ਹੋ।"

'ਮੈਂ' ਅੱਧਾ ਕੁ ਘੰਟਾ ਪਹਿਲਾਂ ਆਈ ਹੋਵਾਂਗੀ। ਤੁਸੀਂ ਕਿਹਾ ਤੇ ਸੀ, ਕਿ ਲੇਡੀ ਗਲਾਈਡ ਦੇ ਜਾਣ ਮਗਰੋਂ ਮੈਂ ਜਿਥੇ ਮਰਜ਼ੀ ਹੈ ਆਵਾਂ ਜਾਵਾਂ।

"ਮੈਂ, ਸਿਰਫ ਪੁੱਛਿਆ ਹੀ ਹੈ -ਤੁਹਾਨੂੰ ਦੋਸ਼ ਨਹੀਂ ਦੇ ਰਿਹਾ" ਇਕ ਪਲ ਚੁੱਪ ਕਰਨ ਮਗਰੋਂ ਉਹਨੇ ਮੈਨੂੰ ਫਿਰ ਕਿਹਾ-

"ਕੀ ਤਹਾਨੂੰ ਯਕੀਨ ਨਹੀਂ ਆ ਰਿਹਾ?" ਉਹਦਾ ਲਹਿਜਾ ਮੇਰਾ ਮਖੌਲ ਉਡਾ ਰਿਹਾ ਸੀ। "ਤੁਸੀਂ ਅਜਿਹੀ ਗੱਲ ਉਤੇ ਵਿਸ਼ਵਾਸ ਹੀ ਨਹੀਂ ਕਰ ਰਹੇ। ਆਉ, ਆ ਕੇ ਆਪਣੀਆਂ ਅੱਖਾਂ ਨਾਲ ਵੇਖੋ।"

ਉਹ ਮੇਰੇ ਅੱਗੇ-ਅੱਗੇ ਘਰ ਵੱਲ ਤੁਰ ਪਿਆ। ਮੈਂ ਉਹਦੇ ਪਿਛੇ ਸਾਂ ਅਤੇ ਮੇਰੇ ਪਿਛੇ ਮਿਸਜ਼ ਰੂਬੈਲੇ। ਲੋਹੇ ਦਾ ਗੇਟ ਲੰਘ ਕੇ ਉਹ ਰੁਕ ਗਿਆ, ਅਤੇ ਆਪਣੀ ਚਾਬੁਕ ਨਾਲ ਘਰ ਦੇ ਵਿਚਕਾਰਲੇ ਹਿੱਸੇ ਵੱਲ ਇਸ਼ਾਰਾ ਕੀਤਾ, ਜਿਸ ਨੂੰ ਅਸੀਂ ਵਰਤਦੇ ਨਹੀਂ ਸਾਂ।

"ਉਧਰ ਵੇਖੋ ਪਹਿਲੀ ਮੰਜ਼ਿਲ ਵੱਲ ਪੁਰਾਣੇ ਬੈਡ-ਰੂਮਾਂ ਨੂੰ ਤਾਂ ਤੁਸੀਂ ਵੇਖਿਆ ਹੋਣਾ ਹੈ? ਮਿਸ ਹਾਲਕੌਂਬ ਉਨ੍ਹਾਂ ਵਿਚੋਂ ਸਭ ਤੋਂ ਚੰਗੇ ਬੈਡ-ਰੂਮ ਵਿਚ ਬਿਲਕੁਲ ਠੀਕ ਠਾਕ ਆਰਾਮ ਕਰ ਰਹੀ ਹੈ ਮਿਸਜ਼ ਰੂਬੈਲ ਬੋਲੇ। ਇਨ੍ਹਾਂ ਨੂੰ ਅੰਦਰ ਲੈ ਜਾਉ, ਕੀ ਤੁਹਾਡੇ ਕੋਲ ਆਪਣੀ ਚਾਬੀ ਹੈ? ਇਹ ਆਪਣੀਆਂ ਅੱਖਾਂ ਨਾਲ ਵੇਖ ਲੈਣ ਕਿ ਇਸ ਵਾਰ ਸਚਮੁਚ ਕੋਈ ਧੋਖਾ ਨਹੀਂ।"

ਉਹ ਜਿਸ ਤਰ੍ਹਾਂ ਮੇਰੀ ਖਿੱਲੀ ਉਡਾ ਰਿਹਾ ਸੀ, ਜਿਹੜੇ ਲਹਿਜੇ ਵਿਚ ਉਹ ਮੇਰੇ ਨਾਲ ਬੋਲ ਰਿਹਾ ਸੀ, ਮੈਂ ਹੁਣ ਹੋਰ ਸਹਿਨ ਨਹੀਂ ਸਾਂ ਕਰ ਸਕਦੀ। ਇਨ੍ਹਾਂ ਦੋ ਮਿੰਟਾਂ ਵਿਚ ਹੀ ਮੈਂ ਆਪਣਾ ਢਹਿੰਦਾ ਜਾਂਦਾ ਦਿਲ ਥੰਮਿਆ। ਜੇ ਮੈਂ ਸਾਰੀ ਉਮਰ ਨੌਕਰੀ ਹੀ ਕੀਤੀ ਹੁੰਦੀ, ਤਾਂ ਪਤਾ ਨਹੀਂ ਕੀ ਕਰਦੀ ਪਰ ਇਸ ਔਖੇ ਵੇਲੇ ਮੈਂ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਮੈਂ ਕੀ ਕਰਨਾ ਸੀ। ਮੈਂ ਆਪਣੀ ਉਮਰ ਚੰਗੀ ਤਰ੍ਹਾ ਲੰਘਾਈ ਸੀ। ਪਰ ਇਹ ਕੀ ਆਦਮੀ ਸੀ, ਜਿਸਨੇ ਮੇਰੇ ਅਤੇ ਲੇਡੀ ਗਲਾਈਡ ਨਾਲ ਏਨਾ ਸਫੈਦ-ਸਫੈਦ ਝੂਠ ਬੋਲ ਕੇ, ਏਨਾ ਵੱਡਾ ਧੋਖਾ ਕੀਤਾ ਸੀ। ਆਪਣੇ ਆਪ ਵੱਲ ਅਤੇ ਲੇਡੀ ਗਲਾਈਡ ਵੱਲ ਮੇਰਾ ਇਹੀ ਕਰਤੱਵ ਹੈ। ਮੈਂ ਹੁਣ ਇਹਦੀ ਨੌਕਰੀ ਨਹੀਂ ਕਰਾਂਗੀ।

"ਮੈਂ ਤੁਹਾਨੂੰ ਇਕਾਂਤ ਵਿਚ ਕੁਝ ਕਹਿਣਾ ਹੈ ਸਰ ਪਰਸੀਵਲ। ਉਸ ਦੇ ਮਗਰੋਂ ਮੈਂ ਇਸ ਔਰਤ ਨਾਲ ਜਿਸ ਹਾਲਕੌਂਬ ਕੋਲ ਜਾਵਾਂਗੀ।' ਮੈਂ ਦ੍ਰਿੜ੍ਹਤਾ ਨਾਲ ਕਿਹਾ। ਮਿਸਜ਼ ਰੂਬੈਲੇ ਨੇ, ਜਿਸ ਵੱਲ ਮੈਂ ਸਿਰ ਹਿਲਾ ਕੇ ਇਸ਼ਾਰਾ ਕੀਤਾ ਸੀ, ਆਪਣੇ ਗੁਲਦਸਤੇ ਨੂੰ ਸੁੰਘਿਆ ਅਤੇ ਮੇਰੇ ਵੱਲ ਗੁੱਸੇ ਭਰੀਆਂ ਤਕਣੀਆਂ ਸੁਟਦੀ ਹੋਈ ਘਰ ਦੇ ਦਰਵਾਜ਼ੇ ਵੱਲ ਤੁਰ ਪਈ।

"ਹੁਣ ਕੀ ਤਕਲੀਫ ਹੈ?" ਸਰ ਪਰਸੀਵਲ ਨੇ ਤਿਖੀ ਆਵਾਜ਼ ਵਿਚ ਕਿਹਾ।

"ਮੈਂ ਸਿਰਫ ਇਹੀ ਕਹਿਣਾ ਹੈ ਕਿ ਬਲੈਕਵਾਟਰ ਪਾਰਕ ਵਿਚ ਮੈਂ ਹੋਰ ਨਹੀਂ ਰਹਿਣਾ ਚਾਹੁੰਦੀ" ਮੈਂ ਕਈ ਗੋਲ ਮੋਲ ਸ਼ਬਦਾਂ ਵਿਚ ਨਹੀਂ ਕਿਹਾ ਸੀ। ਸਾਫ ਸਾਫ ਕਹਿ ਦੇਣਾ ਹੀ ਠੀਕ ਸੀ।

ਉਹਨੇ ਮੇਰੇ ਵੱਲ ਵੇਖਿਆ, ਵੇਖਿਆ ਕੀ ਜਿਵੇਂ ਮੈਨੂੰ ਅੱਖਾਂ ਨਾਲ ਹੀ ਖਾ ਲਵੇਗਾ। ਆਪਣੇ ਕੋਟ ਦੀਆਂ ਜੇਬਾਂ ਵਿਚ ਹੱਥ ਤੁੰਨਦਾ ਹੋਇਆ ਕਹਿਣ ਲੱਗਾ-

'ਕਿਉਂ'-ਮੈਂ' ਕਾਰਨ ਜਾਣਨਾ ਚਾਹੁੰਦਾ ਹਾਂ।'

'ਮੇਰਾ ਕੋਈ ਅਧਿਕਾਰ ਨਹੀਂ ਕਿ ਜੋ ਕੁਝ ਇਸ ਘਰ ਵਿਚ ਹੋਇਆ ਹੈ, ਉਹਦੇ ਬਾਰੇ ਕੁਝ ਕਹਾਂ, ਮੈਂ ਕਿਸੇ ਨੂੰ ਕੋਈ ਦੋਸ਼ ਨਹੀਂ ਦੇਣਾ ਚਾਹੁੰਦੀ। ਮੈਂ ਬਸ ਇਹੀ ਕਹਿਣਾ ਹੈ ਕਿ ਮੇਰਾ ਫਰਜ਼ ਨਹੀਂ ਕਿ ਲੇਡੀ ਗਲਾਈਡ ਨੂੰ ਧੋਖਾ ਦਿਆਂ, ਮੇਰੇ ਅਸੂਲ ਵੀ ਹੁਣ ਮੈਨੂੰ ਇਥੇ ਹੋਰ ਰਹਿਣ ਦੀ ਆਗਿਆ ਨਹੀਂ ਦੇ ਸਕਦੇ।'

'ਪਰ ਕੀ ਇਹ ਤੁਹਾਡਾ ਕਰਤੱਵ ਹੈ, ਕਿ ਤੁਸੀਂ ਮੇਰੇ ਸਾਹਮਣੇ ਹੀ ਖੜ ਕੇ ਮੇਰੇ ਉੱਤੇ ਸ਼ੱਕ ਕਰੋ? ਉਹ ਕੜਕ ਕੇ ਬੋਲਿਆ 'ਮੈਨੂੰ ਪਤਾ ਹੈ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ; ਤੁਹਾਡਾ ਕੀ ਮਤਲਬ ਹੈ। ਮੈਂ ਲੇਡੀ ਗਲਾਈਡ ਨਾਲ ਨਿੱਕਾ ਜਿਹਾ ਫਰੇਬ ਕੀਤਾ ਹੈ, ਉਹ ਵੀ ਉਹਦੀ ਭਲਾਈ ਲਈ, ਉਹਦੀ ਸਿਹਤ ਲਈ; ਅਤੇ ਤੁਸੀਂ ਆਪਣੇ ਮੈਲੇ ਦਿਲ ਨਾਲ ਉਹਦਾ ਉਲਟ ਅਰਥ ਕੱਢਿਆ ਹੈ। ਉਹਦੀ ਸਿਹਤ ਲਈ ਇਹ ਜ਼ਰੂਰੀ ਸੀ, ਕਿ ਉਹ ਕੁਝ ਚਿਰ ਲਈ ਹਵਾ ਪਾਣੀ ਬਦਲਦੀ ਅਤੇ ਜੇ ਉਹ ਜਾਣਦੀ ਕਿ ਮਿਸ ਹਾਲਕੌਂਬ ਇਥੇ ਹੀ ਹੈ ਤਾਂ ਉਹ ਕਦੀ ਵੀ ਤਿਆਰ ਨਾ ਹੁੰਦੀ। ਉਹਨੂੰ ਉਹਦੀ ਸਿਹਤ ਕਰਕੇ ਹੀ ਧੋਖਾ ਦਿਤਾ ਹੈ। ਮੈਨੂੰ ਕੋਈ ਪ੍ਰਵਾਹ ਨਹੀਂ, ਭਾਵੇਂ ਸਭ ਨੂੰ ਤੁਸੀਂ ਦਸ ਦਿਉ।

ਤੁਸੀਂ ਜਾਣਾ ਹੈ ਤਾਂ ਜਾ ਸਕਦੇ ਹੋ। ਇਕ ਕੀ ਇਥੇ ਕਈ ਹਾਊਸ ਕੀਪਰ ਮਿਲ ਜਾਣਗੀਆਂ; ਬਸ ਇਕ ਵਾਰ ਕਹਿਣ ਦੀ ਦੇਰ ਹੈ; ਅਤੇ ਇਕ ਤੋਂ ਇਕ ਚੰਗੀ ਮਿਲ ਸਕਦੀ ਹੈ। ਜਦੋਂ ਤੁਹਾਡਾ ਦਿਲ ਕਰੇ ਜਾਉ, ਪਰ ਇਥੋਂ ਜਾਕੇ ਮੇਰੀ ਬਦਨਾਮੀ ਧਿਆਨ ਨਾਲ ਕਰਨੀ। ਬਾਹਰ ਜੇ ਕਿਸੇ ਨਾਲ ਗੱਲ ਕਰਨੀ ਹੋਵੇ ਤਾਂ ਸੱਚ ਹੀ ਬੋਲਣਾ ਨਹੀਂ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਵੇਗਾ। ਤੁਸੀਂ ਆਪਣੀਆਂ ਅੱਖਾਂ ਨਾਲ ਮਿਸ ਹਾਲਕੌਂਬ ਨੂੰ ਵੇਖ ਲਵੋ ਆਪਣੀ ਤਸੱਲੀ ਕਰ ਲਵੋ ਕਿ ਇਥੇ ਵੀ ਉਹਦੀ ਉਨੀ ਹੀ ਦੇਖਭਾਲ ਹੋ ਰਹੀ ਹ, ਜਿੰਨੀ ਘਰ ਉਸ ਹਿੱਸੇ ਵਿਚ ਹੋ ਰਹੀ ਸੀ। ਤੁਹਾਡੇ ਸਾਹਮਣੇ ਹੀ ਡਾਕਟਰ ਨੇ ਕਿਹਾ ਸੀ ਕਿ ਲੇਡੀ ਗਲਾਈਡ ਨੂੰ ਹਵਾ ਪਾਣੀ ਬਦਲਣ ਲਈ ਫੌਰਨ ਜਾਣਾ ਚਾਹੀਦਾ ਹੈ। ਇਨ੍ਹਾਂ ਸਭ ਗੱਲਾਂ ਨੂੰ ਭੁਲਣਾ ਨਹੀਂ ਅਤੇ ਉਸ ਤੋਂ ਮਗਰੋਂ ਹੀ ਕਿਸੇ ਨਾਲ ਮੇਰੀ ਕੋਈ ਗੱਲ ਕਰਨਾ।"

ਇਹ ਗੱਲਾਂ ਉਹਨੇ ਇਕੋ ਸਾਹ ਵਿਚ ਕੀਤੀਆਂ। ਨਾਲ ਨਾਲ ਚੱਕਰ ਕੱਟਦਾ ਹੋਇਆ, ਉਹ ਚਾਬੁਕ ਹਵਾ ਵਿਚ ਉਲਾਰਦਾ, ਬੜਾ ਵਹਿਸ਼ੀ ਲਗ ਰਿਹਾ ਸੀ।

ਉਹ ਭਾਵੇਂ ਹੁਣ ਕੁਝ ਵੀ ਕਹਿੰਦਾ, ਕੁਝ ਵੀ ਕਰਦਾ ਪਰ ਮੇਰੇ ਮਨ ਵਿਚ ਜੋ ਰਾਇ ਬਣ ਚੁੱਕੀ ਸੀ, ਉਹ ਹੁਣ ਕੋਈ ਵੀ ਨਹੀਂ ਸੀ ਬਦਲ ਸਕਦਾ। ਮੇਰੇ ਵਿਚਾਰ ਵਿਚ ਉਹਨੇ ਮਹਾਂ-ਛੱਲ ਕੀਤਾ ਸੀ ਅਤੇ ਲੇਡੀ ਗਲਾਈਡ ਨਾਲ ਇਹ ਸਰਾਸਰ ਵਧੀਕੀ ਸੀ; ਕਿ ਉਹਨੂੰ ਉਹਦੀ ਭੈਣ ਕੋਲੋਂ ਇਸ ਤਰ੍ਹਾਂ ਵੱਖ ਕਰਕੇ ਲੰਦਨ ਭੇਜਿਆ ਗਿਆ, ਜਦ ਉਹ ਫਿਕਰ ਨਾਲ ਅੱਧ-ਮੋਈ ਹੋ ਰਹੀ ਸੀ। ਮੈਂ ਇਹ ਸਭ ਗੱਲਾਂ ਦਿਲ ਹੀ ਦਿਲ ਵਿਚ ਸੋਚ ਰਹੀ ਸਾਂ। ਸਰ

ਪਰਸੀਵਲ ਨੂੰ ਮੈਂ ਹੋਰ ਕੁਝ ਨਾ ਕਿਹਾ, ਭਾਵੇਂ ਮੈਂ ਆਪਣੇ ਨਿਸ਼ਚੇ ਵਿਚ ਦ੍ਰਿੜ ਸਾਂ, ਪਰ ਮੈਂ ਉਹਨੂੰ ਹੋਰ ਖਿਝਾਣਾ ਨਹੀਂ ਸਾਂ ਚਾਹੁੰਦੀ। ਗੁੱਸੇ ਦਾ ਉੱਤਰ ਗੁੱਸੇ ਵਾਲਾ ਨਹੀਂ ਹੋਣਾ ਚਾਹੀਦਾ ਇਸ ਲਈ ਉਹਨੂੰ ਮੈਂ ਉੱਤਰ ਦੇਣ ਵੇਲੇ ਨਿਮਰਤਾ ਹੀ ਵਰਤਨੀ ਠੀਕ ਸਮਝੀ। ਸੋ ਮੈਂ ਕਿਹਾ-

'ਜਦੋਂ ਤਕ ਮੈਂ ਤੁਹਾਡੀ ਨੌਕਰੀ ਵਿਚ ਹਾਂ ਮੈਨੂੰ ਕੋਈ ਹੱਕ ਨਹੀਂ ਕਿ ਮੈਂ ਤੁਹਾਡੇ ਮਾਮਲੇ ਵਿਚ ਬਿਨਾਂ ਜ਼ਰੂਰਤ ਤੋਂ ਹੀ ਦਿਲਚਸਪੀ ਲਵਾਂ'

ਉਹ ਮੇਰੀ ਗੱਲ ਟੋਕ ਕੇ ਬੋਲਿਆ 'ਤੁਸੀਂ ਕਦੋਂ ਜਾਣਾ ਚਾਹੁੰਦੇ ਹੋ? ਇਹ ਬਿਲਕੁਲ ਹੀ ਨਾ ਸੋਚਣਾ ਕਿ ਮੈਂ ਤੁਹਾਨੂੰ ਰੋਕਣਾ ਚਾਹੁੰਦਾ ਹਾਂ, ਮੈਨੂੰ ਕੋਈ ਫਰਕ ਨਹੀਂ ਪੈਂਦਾ ਕੀ ਤੁਸੀਂ ਰਵੋ ਜਾਂ ਜਾਉ। ਮੈਂ ਕਿਸੇ ਨਾਲ ਵੀ ਜ਼ੋਰ ਜ਼ਬਰਦਸਤੀ ਨਹੀਂ ਕਰਦਾ-ਤੁਸੀਂ ਕਦੋਂ ਜਾਣਾ ਹੈ?"

'ਜਦੋਂ ਤੁਹਾਨੂੰ ਸਹੂਲਤ ਹੋਵੇ ਅਤੇ ਤੁਸੀਂ-'

'ਮੇਰੀ ਸਹੂਲਤ ਜਾਂ ਆਰਾਮ ਦੀ ਗੱਲ ਛੱਡ। ਮੈਂ ਕਲ ਸਵੇਰੇ ਉਂਜ ਹੀ ਇਸ ਘਰ ਨੂੰ ਛੱਡ ਕੇ ਜਾ ਰਿਹਾ ਹਾਂ। ਅਤੇ ਮੈਂ ਤੁਹਾਡਾ ਹਿਸਾਬ ਅੱਜ ਰਾਤੀ ਹੀ ਕਰ ਦਿਆਂਗਾ। ਜੇ ਤੁਸੀਂ ਕਿਸੇ ਦਾ ਆਰਾਮ ਵੇਖਣਾ ਹੈ ਤਾਂ ਉਹ ਮਿਸ ਹਾਲਕੌਂਬ। ਮਿਸਜ਼ ਰੂਬੈਲੇ ਅੱਜ ਲੰਦਨ ਜਾ ਰਹੀ ਹੈ ਤੇ ਜੇ ਤੁਸੀਂ ਵੀ ਚਲੇ ਗਏ ਤਾਂ ਉਹਦੀ ਦੇਖਭਾਲ ਕਰਨ ਵਾਸਤੇ ਇਥੇ ਕੋਈ ਵੀ ਨਹੀਂ ਹੋਵੇਗਾ।

ਮੈਂ ਹੁਣ ਅਜਿਹੀ ਹਾਲਤ ਵਿਚ ਸਾਂ, ਕਿ ਮਿਸ ਹਾਲਕੌਂਬ ਨੂੰ ਇਸ ਔਖੇ ਵੇਲੇ ਛੱਡ ਕੇ ਨਹੀਂ ਜਾ ਸਕਦੀ। ਇਸ ਲਈ ਪਹਿਲਾਂ ਮੈਂ ਸਰ ਪਰਸੀਵਲ ਨੂੰ ਪੱਕਾ ਪੁੱਛ ਲਿਆ, ਕਿ ਸਚਮੁਚ ਹੀ ਮਿਸਜ਼ ਰੂਬੈਲੇ ਜਾ ਰਹੀ ਸੀ, ਅਤੇ ਨਾਲ ਹੀ ਮਿਸਟਰ ਡਾਅਸਨ ਨੂੰ ਸੱਦਣ ਲਈ ਉਹਦੀ ਆਗਿਆ ਲੈ ਲਈ। ਮੈਂ ਉਹਨੂੰ ਕਹਿ ਦਿੱਤਾ, ਕਿ ਮੈਂ ਉਦੋਂ ਤਕ ਬਲੈਕਵਾਟਰ ਪਾਰਕ ਰੁਕਾਂਗੀ। ਜਦੋਂ ਤਕ ਮਿਸ ਹਾਲਕੌਂਬ ਨੂੰ ਮੇਰੀ ਲੋੜ ਹੈ। ਮੈਂ ਜਾਣ ਤੋਂ ਇਕ ਹਫਤਾ ਪਹਿਲਾਂ ਸਰ ਪਰਸੀਵਲ ਦੇ ਵਕੀਲ ਨੂੰ ਨੋਟਿਸ ਦੇਣਾ ਸੀ, ਅਤੇ ਉਹਨੇ ਹੀ ਨਵੀਂ ਹਾਊਸ ਕੀਪਰ ਨੂੰ ਰੱਖਣ ਲਈ ਸਾਰਾ ਇੰਤਜ਼ਾਮ ਕਰਨਾ ਸੀ। ਇਹ ਸਾਰੀ ਗੱਲਬਾਤ ਥੋੜ੍ਹੇ ਸ਼ਬਦਾਂ ਵਿਚ ਹੀ ਤਹਿ ਹੋ ਗਈ ਸੀ। ਸਰ ਪਰਸੀਵਲ ਉਸੇ ਪਲ ਉਥੋਂ ਚਲਾ ਗਿਆ। ਉਸ ਅਜੀਬ ਬਿਦੇਸ਼ੀ ਔਰਤ ਬਰੂੰਹਾਂ ਤੇ ਬੈਠੀ ਉਡੀਕ ਕਰ ਰਹੀ ਸੀ, ਤਾਂ ਜੋ ਉਹ ਮੈਨੂੰ ਮਿਸ ਹਾਲਕੌਂਬ ਕੋਲ ਲੈ ਜਾਏ।

ਅਜੇ ਮੈਂ ਦਸ ਕਦਮ ਹੀ ਟੁਰੀ ਹੋਵਾਂਗੀ ਕਿ ਸਰ ਪਰਸੀਵਲ ਨੇ ਜੋ ਦੂਜੇ ਪਾਸੇ ਜਾ ਰਿਹਾ ਸੀ, ਰੁਕ ਕੇ ਮੈਨੂੰ ਬੁਲਾਇਆ-

'ਤੁਸੀਂ ਮੇਰੀ ਨੌਕਰੀ ਕਿਉਂ ਛੱਡ ਰਹੇ ਹੋ?"

ਹੁਣ ਇਸ ਗੱਲ ਦਾ ਮੈਂ ਕੀ ਉੱਤਰ ਦੇਂਦੀ, ਅਜੇ ਹੁਣੇ ਹੀ ਸਭ ਕੁਝ ਤਹਿ ਹੋਇਆ ਸੀ - ਸੋ ਮੈਂ ਕੁਝ ਨਾ ਕਿਹਾ। 'ਮੈਨੂੰ ਤੁਹਾਡੇ ਕਿਸੇ ਕਾਰਣ ਦਾ ਪਤਾ ਨਹੀਂ, ਤੁਹਾਨੂੰ ਕੋਈ ਕਾਰਣ ਤਾਂ ਦੱਸਣਾ ਹੀ ਚਾਹੀਦਾ ਹੈ। ਜਦੋਂ ਕਿਧਰੇ ਹੋਰ ਨੌਕਰੀ ਕਰੋਗੇ ਤਾਂ ਕੀ ਕਾਰਣ ਦੱਸੋਗੇ, ਇਹੀ ਨਾ ਕਿ ਘਰ ਵਿਚ ਪਤੀ ਪਤਨੀ ਵੱਖ ਹੋ ਗਏ ਸਨ, ਠੀਕ ਹੈ?'

ਇਹੀ ਕਾਰਣ ਵੀ ਦਸਿਆ ਜਾ ਸਕਦਾ ਹੈ।

'ਬੱਸ ਫਿਰ ਠੀਕ ਹੈ। ਜੇ ਤਹਾਨੂੰ ਕੋਈ ਪਛੇਗਾ, ਤਾਂ ਇਹੀ ਕਿਹਾ ਜੇ ਤੁਸੀਂ ਵੀ ਹੋਰ ਨੌਕਰੀ ਕਰਨੀ ਹੈ; ਜਦੋਂ ਟੱਬਰ ਹੀ ਵੱਖ ਵੱਖ ਹੋ ਗਿਆ ਤਾਂ ਤੁਹਾਡੀ ਕੋਈ ਲੋੜ ਨਹੀਂ ਸੀ।

ਉਹ ਫਿਰ ਦੂਜੇ ਪਾਸੇ ਬਾਹਰ ਜਾ ਰਿਹਾ ਸੀ। ਉਹਦੀ ਬੋਲੀ ਵੀ ਅਜੀਬ ਸੀ, ਉਹਦਾ ਤੌਰ ਤਰੀਕਾ ਵੀ ਅਜੀਬ ਹੀ ਸੀ। ਮੈਂ ਤਾਂ ਸਚਮੁੱਚ ਡਰ ਗਈ ਸਾਂ। ਹੁਣ ਤੇ ਮਿਸਜ਼ ਰੂਬੈਲੇ ਵੀ ਕਾਹਲੀ ਪੈ ਗਈ ਸੀ।

"ਅਖੀਰ ਤੁਸੀਂ" ਵਿਹਲੇ ਤੇ ਹੋਏ ਹੋ।" ਉਹਨੇ ਆਪਣੇ ਪਤਲੇ ਮੋਢੇ ਛੰਡੇ, ਜਿਵੇਂ ਸਿਰਫ਼ ਬਿਦੇਸ਼ੀ ਹੀ ਛੱਡ ਸਕਦੇ ਹਨ। ਉਹ ਘਰ ਦੇ ਉਸ ਪਾਸੇ ਗਈ, ਜਿਧਰ ਅਸੀਂ ਰਹਿੰਦੇ ਸਾਂ। ਪੌੜੀਆਂ ਚੜ੍ਹ ਕੇ ਇਕ ਦਰਵਾਜ਼ੇ ਨੂੰ ਚਾਬੀ ਲਾਕੇ ਖੋਲ੍ਹਿਆ। ਇਹ ਦਰਵਾਜ਼ਾ ਉਸ ਗੈਲਰੀ ਦਾ ਸੀ ਜੋ ਨਵੇਂ ਘਰ ਨੂੰ ਪੁਰਾਣੇ ਹਿੱਸੇ ਨਾਲ ਜੋੜਦੀ ਸੀ! ਮੈਂ ਜਿੰਨੀ ਦੇਰ ਬਲੈਕਵਾਟਰ ਪਾਰਕ ਰਹੀ ਸਾਂ; ਇਹ ਦਰਵਾਜ਼ਾ ਪਹਿਲਾਂ ਮੇਰੇ ਸਾਹਮਣੇ ਕਦੀ ਨਹੀਂ ਵਰਤਿਆ ਗਿਆ ਸੀ। ਇਹ ਕਮਰੇ ਮੇਰੇ ਪਛਾਣੇ ਹੋਏ ਸਨ, ਕਿਉਂਕਿ ਮੈਂ ਘਰ ਦੇ ਦੂਜੇ ਪਾਸਿਉਂ ਇਧਰ ਕਈ ਵਾਰ ਆਈ ਸਾਂ। ਮਿਸਜ਼ ਰੂਬੈਲੇ ਤੀਸਰੇ ਦਰਵਾਜੇ ਅੱਗੇ ਰੁਕ ਗਈ, ਉਹਨੇ ਮੈਨੂੰ ਇਸ ਦਰਵਾਜ਼ੇ ਦੀ ਚਾਬੀ ਦਿੱਤੀ ਅਤੇ ਨਾਲ ਹੀ ਗੈਲਰੀ ਦੇ ਦਰਵਾਜ਼ੇ ਦੀ ਵੀ ਅਤੇ ਉਹ ਮੈਨੂੰ ਕਹਿਣ ਲੱਗੀ ਕਿ ਮਿਸ ਹਾਲਕੈਂਬ ਉਸ ਕਮਰੇ ਵਿਚ ਹੈ। ਮੈਂ ਅੰਦਰ ਜਾਣ ਤੋਂ ਪਹਿਲਾਂ ਉਹਨੂੰ ਦੱਸਣਾ ਚਾਹੁੰਦੀ ਸਾਂ ਕਿ ਹੁਣ ਉਹਦੀ ਕੋਈ ਲੋੜ ਨਹੀਂ ਸੀ। ਮੈਂ ਉਹਨੂੰ ਇਹ ਕਿਹਾ ਕਿ ਬੀਮਾਰ ਦੀ ਦੇਖਭਾਲ ਮੈਂ ਹੁਣ ਆਪੇ ਕਰ ਲਵਾਂਗੀ। ਮੇਰੀ ਗੱਲ ਸੁਣ ਕੇ ਉਹ ਬੋਲੀ-

'ਮੈਨੂੰ ਖੁਸ਼ੀ ਹੈ-ਮੈਂ ਆਪ ਹੀ ਹੁਣ ਜਾਣਾ ਚਾਹੁੰਦੀ ਹਾਂ।

'ਕੀ ਤੁਸੀਂ ਅੱਜ ਹੀ ਜਾ ਰਹੇ ਹੋ?' ਮੈਂ ਪੁੱਛਿਆ।

'ਹੁਣ ਤੁਸੀਂ ਭਾਰ ਸੰਭਾਲ ਲਿਆ ਹੈ, ਮੈਂ ਅੱਧੇ ਘੰਟੇ ਦੇ ਅੰਦਰ ਅੰਦਰ ਜਾ ਰਹੀ ਹਾਂ। ਸਰ ਪਰਸੀਵਲ ਨੇ ਮੈਨੂੰ ਆਗਿਆ ਦਿੱਤੀ ਹੈ, ਕਿ ਮੈਂ ਮਾਲੀ ਅਤੇ ਬੱਘੀ ਨੂੰ ਜਦੋਂ ਚਾਹਾਂ ਵਰਤ ਸਕਦੀ ਹਾਂ। ਮੈਂ ਅੱਧੇ ਘੰਟੇ ਤਕ ਚਲੀ ਜਾਵਾਂਗੀ। ਸਾਮਾਨ ਮੈਂ ਪਹਿਲਾਂ ਹੀ ਬੰਨ੍ਹ ਕੇ ਬੈਠੀ ਹੋਈ ਹਾਂ।" ਉਹਨੇ ਰਤਾ ਕੁ ਸਿਰ ਨੀਵਾਂ ਕੀਤਾ ਅਤੇ ਆਪਣਾ ਗੁਲਦਸਤਾ ਸੁੰਘਦੀ ਸੁੰਘਦੀ ਮੂੰਹ ਹੀ ਮੂੰਹ ਵਿਚ ਕਿਸੇ ਗੀਤ ਦੀ ਪੰਕਤੀ ਗੁਣਗੁਣਾਉਂਦੀ ਉਹ ਉਥੋਂ ਚਲੀ ਗਈ ਗਈ। ਇਹ ਮੇਰੀ ਤੇ ਉਹਦੀ ਅਖੀਰਲੀ ਮੁਲਾਕਾਤ ਸੀ, ਅਤੇ ਇਸ ਲਈ ਵੀ ਮੈ ਰੱਬ ਦਾ ਧੰਨਵਾਦ ਕੀਤਾ।

ਜਦ ਮੈਂ ਕਮਰੇ ਵਿਚ ਵੜੀ ਤਾਂ ਮਿਸ ਹਾਲਕੌਂਬ ਪੁਰਾਣੇ ਫ਼ੈਸ਼ਨ ਦੇ ਉੱਚੇ ਪਲੰਘ ਤੇ ਸੁਤੀ ਹੋਈ ਸੀ। ਉਹ ਪਹਿਲਾਂ ਵਾਂਗ ਹੀ ਦਿਸਦੀ ਸੀ। ਇਹ ਗੱਲ ਤੇ ਮੈਨੂੰ ਮੰਨਣੀ ਹੀ ਪਈ ਕਿ ਉਹਦੀ ਦੇਖਭਾਲ ਠੀਕ ਤਰ੍ਹਾਂ ਹੁੰਦੀ ਰਹੀ ਸੀ। ਕਮਰਾ ਬੜਾ ਹਨੇਰਾ ਤੇ ਸੁੰਨਾ ਸੀ। ਸਭ ਪਾਸੇ ਮਿੱਟੀ ਹੀ ਮਿੱਟੀ ਸੀ। ਇਕ ਖਿੜਕੀ ਜੋ ਘਰ ਦੇ ਪਿਛਲੇ ਵਿਹੜੇ ਵੱਲ ਖੁਲਦੀ ਸੀ; ਤਾਜ਼ੀ ਹਵਾ ਲਈ ਖੋਲ੍ਹੀ ਗਈ ਸੀ ਅਤੇ ਕਮਰੇ ਰਿਹਾਇਸ਼ ਲਈ ਆਰਾਮਦਾਇਕ ਬਣਾਉਣ ਦਾ ਯਤਨ ਕੀਤਾ ਗਿਆ ਸੀ। ਸਰ ਪਰਸੀਵਲ ਦਾ ਲੇਡੀ ਗਲਾਈਡ ਨਾਲ ਇਹ ਝੂਠ ਬੋਲਣਾ ਭੇਦ ਸੀ ਅਤੇ ਲੇਡੀ ਗੁਲਾਈਡ ਨੂੰ ਇਸ ਨਾਲ ਬੜੀ ਮਾਨਸਕ ਤਕਲੀਫ ਹੋਈ ਸੀ, ਅਸਲ ਵਿਚ ਇਹ ਸਾਰੀ ਪੀੜ ਜਾਣ ਬੁੱਝ ਕੇ ਉਸੇ ਨੂੰ ਦਿੱਤੀ ਗਈ ਸੀ। ਮਿਸ ਹਾਲਕੌਂਬ ਨਾਲ ਸਰ ਪਰਸੀਵਲ ਅਤੇ ਮਿਸਜ਼ ਰੂਬੈਲੇ ਨੇ ਜੋ ਬੁਰਾ ਵਰਤਾਵ ਕੀਤਾ ਸੀ; ਉਹ ਇਹੀ ਸੀ ਕਿ ਉਹ ਨੂੰ ਉਹਦੀ ਭੈਣ ਕੋਲੋਂ ਛੁਪਾਇਆ ਗਿਆ ਸੀ।

ਮੈਂ ਉਹਨੂੰ ਸੁੱਤੀ ਨੂੰ ਛੱਡ ਕੇ ਬਾਹਰ ਮਾਲੀ ਨੂੰ ਇਹ ਕਹਿਣ ਗਈ, ਕਿ ਉਹ ਮਿਸਟਰ ਡਾਅਸਨ ਨੂੰ ਬੁਲਾ ਲਿਆਵੇ। ਮੈਂ ਉਹਨੂੰ ਸਮਝਾਇਆ ਕਿ ਉਹ ਮਿਸਜ਼ ਰੂਬੈਲੇ ਨੂੰ ਸਟੇਸ਼ਨ ਤੋਂ ਛੱਡਣ ਮਗਰ' ਮਿਸਟਰ ਡਾਅਸਨ ਦੇ ਘਰ ਜਾਏ ਤੇ ਉਹਨੂੰ ਮੇਰੇ ਵਲੋਂ ਆਉਣ ਲਈ ਸੁਨੇਹਾ ਦੇਵੇ। ਮੈਨੂੰ ਪਤਾ ਸੀ ਕਿ ਉਹ ਮੇਰੇ ਬੁਲਾਉਣ ਤੇ ਅਵੱਸ਼ ਆਏਗਾ ਅਤੇ ਜਦੋਂ ਉਹਨੂੰ ਇਹ ਪਤਾ ਲੱਗੇਗਾ; ਕਿ ਕਾਊਂਟ ਫੋਸਕੋ ਇਥੋਂ ਚਲਾ ਗਿਆ ਤਾਂ ਉਹਨੂੰ ਆਉਣ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ। ਮਾਲੀ ਨੇ ਵਾਪਸੀ ਤੇ ਮੈਨੂੰ ਇਹ ਸੁਨੇਹਾ ਦਿੱਤਾ ਕਿ ਉਹ ਮਿਸਟਰ ਡਾਅਸਨ ਵੱਲ ਗਿਆ ਸੀ, ਪਰ ਉਹਦੀ ਤਬੀਅਤ ਏਨੀ ਠੀਕ ਨਹੀਂ ਸੀ ਸੋ ਉਹ ਸਵੇਰੇ ਹੀ ਆਵੇਗਾ।

ਮਾਲੀ ਮੈਨੂੰ ਇਹ ਸੁਨੇਹਾ ਦੇ ਕੇ ਚਲਿਆ ਹੀ ਸੀ, ਕਿ ਮੈਂ ਉਹਨੂੰ ਰਾਤੀਂ ਘਰ ਦੇ ਇਸ ਹਿੱਸੇ ਵਿਚ ਹੀ ਸੌਣ ਲਈ ਕਿਹਾ- ਤਾਂ ਜੋ ਰਾਤੀਂ ਜੇ ਕਿਧਰੇ ਲੋੜ ਪਵੇ ਤਾਂ ਮੈਂ ਉਹਨੂੰ ਬੁਲਾ ਤਾਂ ਸਕਾਂ। ਉਹ ਸਮਝ ਗਿਆ ਸੀ, ਕਿਉਂ ਜੋ ਸੱਖਣੇ ਘਰ ਦਾ ਇਹ ਸਭ ਤੋਂ ਸੁੰਨਾ ਹਿੱਸਾ ਸੀ; ਅਤੇ ਇਥੇ ਇਕੱਲਾ ਆਦਮੀ ਤਾਂ ਰਹਿੰਦਿਆਂ ਡਰਦਾ ਸੀ। ਉਹਨੇ ਮੈਨੂੰ ਇਹ ਕਹਿ ਕੇ ਤਸੱਲੀ ਦਿੱਤੀ, ਕਿ ਉਹ ਰਾਤੀ ਅੱਠ ਤੋਂ ਨੌਂ ਵਜੇ ਦੇ ਵਿਚਕਾਰ ਆ ਜਾਵੇਗਾ।

ਉਹ ਠੀਕ ਸਮੇਂ ਸਿਰ ਪੁੱਜ ਗਿਆ। ਰਾਤੀ ਮੈਂ ਆਪਣੀ ਇਸ ਸਿਆਣਪ ਲਈ ਆਪਣੇ ਆਪ ਨੂੰ ਸਾਬਾਸ਼ ਦਿੱਤੀ। ਅੱਧੀ ਰਾਤ ਵੇਲੇ ਹੀ ਸਰ ਪਰਸੀਵਲ ਨੇ ਨਸ਼ੇ ਵਿਚ ਅਤੇ ਗੁੱਸੇ ਵਿਚ ਉਹ ਕੁਝ ਬੋਲਣਾ ਸ਼ੁਰੂ ਕੀਤਾ ਕਿ ਰਹੇ ਰੱਬ ਦਾ ਨਾਂ। ਜੇ ਮਾਲੀ ਉਹਨੂੰ ਸ਼ਾਂਤ ਨਾ ਕਰਦਾ, ਤਾਂ ਪਤਾ ਨਹੀਂ ਕੀ ਹੋ ਜਾਂਦਾ।

ਸਾਰੀ ਦੁਪਹਿਰ ਅਤੇ ਸ਼ਾਮ ਉਹ ਕੋਠੀ ਦੇ ਬਾਹਰ ਮੈਦਾਨ ਵਿਚ ਘੁੰਮਦਾ ਰਿਹਾ ਸੀ, ਅਤੇ ਮੇਰਾ ਖਿਆਲ ਹੈ ਕਿ ਉਹਨੇ ਰਾਤੀਂ ਰੋਟੀ ਵੇਲੇ ਇਕਲਿਆਂ ਬੈਠ ਕੇ ਖੂਬ ਸ਼ਰਾਬ ਪੀਤੀ ਹੋਵੇਗੀ। ਕੁਝ ਵੀ ਹੋਇਆ ਪਰ ਰਾਤੀਂ ਜਦੋਂ ਮੈਂ ਗੈਲਰੀ ਵਿਚ ਸੌਣ ਤੋਂ ਪਹਿਲਾਂ ਕੁਝ ਚੱਕਰ ਲਾ ਰਹੀ ਸਾਂ, ਤਾਂ ਮੈਨੂੰ ਉਹਦੇ ਰੌਲੇ ਰੱਪੇ ਦੀ ਆਵਾਜ਼ ਘਰ ਦੇ ਨਵੇਂ ਹਿੱਸੇ ਵਲੋਂ ਸੁਣਾਈ ਦਿੱਤੀ। ਮਾਲੀ ਉਧਰ ਦੌੜਦਾ ਹੋਇਆ ਗਿਆ। ਮੈਂ ਗੈਲਰੀ ਦਾ ਦਰਵਾਜ਼ਾ ਬੰਦ ਕਰ ਦਿੱਤਾ, ਤਾਂ ਜੋ ਆਵਾਜ਼ ਮਿਸਜ਼ ਹਾਲਕੌਂਬ ਨੂੰ ਪਰੇਸ਼ਾਨ ਨਾ ਕਰੇ। ਪੂਰਾ ਇਕ ਘੰਟਾ ਹੋ ਚੁੱਕਾ ਸੀ, ਜਦੋਂ ਮਾਲੀ ਪਰਤ ਕੇ ਆਇਆ। ਉਹਨੇ ਦਸਿਆ ਕਿ ਮਾਲਕ ਬਿਲਕੁਲ ਪਾਗਲਾਂ ਵਾਂਗ ਚੀਕ ਰਿਹਾ ਸੀ। ਮੈਂ ਤੇ ਸੋਚਿਆ ਸੀ, ਕਿ ਉਹਨੇ ਸ਼ਰਾਬ ਬਹੁਤੀ ਪੀ ਲਈ। ਪਰ ਮਾਲੀ ਨੇ ਦਸਿਆ ਕਿ ਉਹਨੂੰ ਨਸ਼ਾ ਨਹੀਂ ਸੀ, ਉਹ ਕਿਸੇ ਭਿਆਨਕ ਦਹਿਸ਼ਤ ਦੀ ਪਕੜ ਵਿਚ ਦਿਸਦਾ ਸੀ। ਉਸ ਭਿਆਨਕ ਡਰ ਦਾ ਕੀ ਕਾਰਨ ਸੀ, ਇਹ ਉਹ ਨਹੀਂ ਸੀ ਦਸ ਸਕਦਾ। ਜਦੋਂ ਉਹ ਉਥੇ ਪਹੁੰਚਿਆ ਤਾਂ ਉਹਨੇ ਕੀ ਵੇਖਿਆ ਕਿ ਸਰ ਪਰਸੀਵਲ ਹਾਲ ਦੇ ਵਿਚ ਬੜੀ ਬੇਚੈਨੀ ਨਾਲ ਤੇਜ਼ ਤੇਜ਼ ਇਧਰ ਉਧਰ ਚੱਕਰ ਲਾਂਦਾ ਪਿਆ ਸੀ, ਅਤੇ ਹਰ ਕਦਮ ਨਾਲ ਗਾਲਾਂ ਕੱਢ ਰਿਹਾ ਸੀ। ਦਿਸਦਾ ਸੀ ਕਿ ਉਹ ਬਹੁਤ ਗੁੱਸੇ ਵਿਚ ਹੈ। ਉਹ ਇਹ ਵੀ ਕਹਿ ਰਿਹਾ ਸੀ ਕਿ ਉਹ ਇਸ ਜੇਲਖਾਨੇ ਵਰਗੇ ਘਰ ਵਿਚ ਹੁਣ ਇਕ ਮਿੰਟ ਵੀ ਨਹੀਂ ਰੁਕੇਗਾ, ਅਤੇ ਉਹ ਹੁਣੇ ਅੱਧੀ ਰਾਤੀ ਹੀ ਇਥੋਂ ਚਲਾ ਜਾਵੇਗਾ। ਮਾਲੀ ਨੂੰ ਵੇਖ ਕੇ ਉਹਨੇ ਹੋਰ ਰੋਲਾ ਪਾਇਆ ਤੇ ਉਹਨੂੰ ਡਰਾਇਆ ਧਮਕਾਇਆ ਕਿ ਉਹ ਉਸੇ ਵੇਲੇ ਜਾ ਕੇ ਬੱਘੀ ਅਤੇ ਘੋੜਾ ਲਿਆਏ। ਅਤੇ ਪੰਦਰਾਂ ਮਿੰਟ ਦੇ

ਅੰਦਰ ਅੰਦਰ ਮਾਲੀ ਨਾਲ ਹੀ ਜਾ ਕੇ ਬੱਘੀ ਤਿਆਰ ਕਰਵਾ ਕੇ ਉਹਨੇ ਘੋੜ ਨੂੰ ਤੇਜ਼ ਦੁੜਾਇਆ। ਚੰਨ-ਚਾਨਣੀ ਵਿਚ ਵੀ ਉਹਦਾ ਮੂੰਹ ਪੀਲਾ ਦਿਸ ਰਿਹਾ ਸੀ। ਮਾਲੀ ਨੇ ਸੁਣਿਆ ਸੀ, ਕਿ ਉਹ ਲਾਜ-ਕੀਪਰ ਨੂੰ ਵੀ ਗਾਲਾਂ ਕੱਢ ਕੱਢ ਕੇ ਫਾਟਕ ਖੋਲ੍ਹਣ ਲਈ ਕਹਿ ਰਿਹਾ ਸੀ। ਫਾਟਕ ਖੁਲਣ ਮਗਰੋਂ ਫਿਰ ਪਹੀਆਂ ਦੇ ਤੇਜ਼ ਚਲਣ ਦੀ ਆਵਾਜ਼ ਆਈ ਸੀ। ਉਸ ਤੋਂ ਮਗਰੋਂ ਪਤਾ ਨਹੀਂ ਉਹ ਕਿਧਰ ਗਿਆ ਤੇ ਕਿਧਰ ਨਹੀਂ।

ਇਸ ਤੋਂ ਇਕ ਜਾਂ ਦੋ ਦਿਨ ਮਗਰੋਂ ਮੈਨੂੰ ਪੱਕਾ ਯਾਦ ਨਹੀਂ ਕਿ ਉਹ ਕਿਹੜਾ ਦਿਨ ਸੀ, ਜਦੋਂ ਨੌਲਸਬਰੀ ਦੀ ਪੁਰਾਣੀ ਸਰਾਂ ਵਿਚੋਂ ਕੋਈ ਸਾਈਸ ਬੱਘੀ ਨੂੰ ਆ ਕੇ ਘਰ ਛੱਡ ਗਿਆ ਸੀ ਨੌਲਸਬਰੀ ਸਾਡੇ ਨੇੜੇ ਦਾ ਕਸਬਾ ਸੀ। ਸਰ ਪਰਸੀਵਲ ਉਥੇ ਰੁਕਿਆ ਸੀ, ਅਤੇ ਉਹਨੇ ਉਥੋਂ ਗੱਡੀ ਫੜੀ ਸੀ। ਸਾਡੇ ਇਹ ਪੁੱਛਣ ਤੇ ਕਿ ਉਹਨੇ ਕਿਹੜੀ ਗੱਡੀ ਫੜੀ ਸੀ, ਉਹ ਆਦਮੀ ਕੁਝ ਨਾ ਦਸ ਸਕਿਆ। ਉਸ ਤੋਂ ਮਗਰੋਂ ਮੈਨੂੰ ਕਿਸੇ ਕੋਲੋਂ ਵੀ ਸਰ ਪਰਸੀਵਲ ਦੀ ਕੋਈ ਖ਼ਬਰ ਨਹੀਂ ਆਈ, ਅਤੇ ਸਾਨੂੰ ਕੋਈ ਪਤਾ ਨਹੀਂ ਸੀ ਕਿ ਉਹ ਕਿਥੇ ਹੈ। ਇਸ ਵੇਲੇ ਵੀ ਮੈਨੂੰ ਇਹ ਖਬਰ ਨਹੀਂ ਕਿ ਉਹ ਇੰਗਲੈਂਡ ਵਿਚ ਹੀ ਹੈ, ਕਿ ਕਿਧਰੋਂ ਬਾਹਰ ਗਿਆ ਹੋਇਆ ਹੈ। ਉਸ ਦਿਨ ਤੋਂ ਪਿਛੋਂ ਮੈਂ ਉਹਨੂੰ ਨਹੀਂ ਮਿਲੀ, ਜਿਸ ਦਿਨ ਉਹ ਆਪਣੇ ਘਰ ਵਿਚ ਹੀ ਕਿਸੇ ਜੇਲ ਵਿਚੋਂ ਭੱਜੇ ਕੈਦੀ ਵਾਂਗ ਚਲਾ ਗਿਆ ਸੀ, ਅਤੇ ਮੇਰੀ ਇਹ ਦਿਲੀ ਅਰਦਾਸ ਹੈ ਕਿ ਉਹਦੀ ਤੇ ਮੇਰੀ ਮੁਲਾਕਾਤ ਮੁੜ ਕੇ ਕਦੀ ਨਾ ਹੋਏ।

ਇਸ ਘਰ ਦੀ ਗ਼ਮਨਾਕ ਕਹਾਣੀ ਵਿਚ ਜੋ ਮੇਰਾ ਹਿੱਸਾ ਸੀ, ਉਸਦਾ ਹਾਲ ਤਾਂ ਹੁਣ ਮੁੱਕਣ ਹੀ ਵਾਲਾ ਹੈ !

ਮੈਨੂੰ ਇਹ ਕਿਹਾ ਗਿਆ ਹੈ, ਕਿ ਮਿਸ ਹਾਲਕੌਂਬ ਦਾ ਉਦੋਂ ਜੋ ਹਾਲ ਹੋਇਆ ਜਦੋਂ ਉਹਨੇ ਮੈਨੂੰ ਆਪਣੇ ਸਿਰਹਾਣੇ ਬੈਠੀ ਵੇਖਿਆ ਅਤੇ ਜੋ ਜੋ ਗੱਲਾਂ ਸਾਡੇ ਵਿਚਕਾਰ ਹੋਈਆਂ, ਉਨ੍ਹਾਂ ਦੇ ਇਥੇ ਦਸਣ ਦੀ ਕੋਈ ਮਹੱਤਤਾ ਨਹੀਂ। ਬਸ ਮੇਰਾ ਇਥੋਂ ਇੰਨਾ ਹੀ ਦਸਣਾ ਕਾਫੀ ਹੈ ਕਿ ਉਹਨੂੰ ਆਪ ਵੀ ਇਹ ਨਹੀਂ ਪਤਾ ਸੀ, ਕਿ ਉਹਨੂੰ ਘਰ ਦੇ ਇਸ ਹਿੱਸੇ ਵਿਚ ਕਿਸ ਤਰ੍ਹਾਂ ਇਥੇ ਲਿਆਂਦਾਗਿਆ ਸੀ। ਉਹ ਘੂਕ ਸੁੱਤੀ ਪਈ ਸੀ-ਇਹ ਨਹੀਂ ਕਿਹਾ ਜਾ ਸਕਦਾ, ਕਿ ਉਹ ਨੀਂਦ- ਕਿਸੇ ਦਵਾਈ ਦਾ ਅਸਰ ਸੀ, ਕਿ ਕੁਦਰਤੀ ਹੀ ਕਮਜ਼ੋਰੀ ਦਾ ਨਤੀਜਾ ਸੀ। ਮੈਂ ਉਸ ਵੇਲੇ ਤਰਕਏ ਵਿਚ ਸਾਂ, ਹੋਰ ਨੌਕਰ ਕੱਢ ਦਿੱਤੇ ਗਏ ਸਨ; ਅਤੇ ਮਾਰਗਰੇਟ ਪੋਰਚਰ ਜਾਂ ਖਾਣ-ਪੀਣ ਵਿਚ ਰੁੱਝੀ ਹੁੰਦੀ ਸੀ ਜਾਂ ਸੁੱਤੀ ਹੁੰਦੀ ਸੀ, ਇਸ ਲਈ ਮਿਸ ਹਾਲਕੌਂਬ ਨੂੰ ਇਧਰ

ਲਿਆਉਣਾ ਕੋਈ ਔਖਾ ਕੰਮ ਨਹੀਂ ਸੀ। ਮੈਂ ਕਮਰੇ ਵਿਚ ਘੁੰਮ ਫਿਰ ਕੇ ਵੇਖ ਚੁੱਕੀ ਸਾਂ ਮਿਸਜ਼ ਰੂਬੈਲੇ ਕੋਲ ਸਾਰਾ ਜ਼ਰੂਰੀ ਸਾਮਾਨ ਸੀ। ਖਾਣ-ਪੀਣ ਦਾ ਰਾਸ਼ਨ, ਅਤੇ ਪਾਣੀ ਤੇ ਸੂਪ ਗਰਮ ਕਰਨ ਵਾਸਤੇ ਵੀ ਉਹਦੇ ਕੋਲ ਸਾਮਾਨ ਸੀ। ਅੱਗ ਬਾਲਣ ਦੀ ਉਹਨੂੰ ਕੋਈ ਲੋੜ ਨਹੀਂ ਸੀ। ਇਹ ਠੀਕ ਸੀ, ਕਿ ਉਹ ਮਿਰ ਗਾਲਕੌਂਬ ਦੇ ਪ੍ਰਸ਼ਨਾਂ ਦੇ ਉੱਤਰ ਨਹੀਂ ਸੀ ਦੇਂਦੀ, ਪਰ ਉਂਜ ਉਹਨੇ ਉਹਦੀ ਸੇਵਾ ਵਿਚ ਕੋਈ ਬੇਧਿਆਨੀ ਨਹੀਂ ਸੀ ਵਰਤੀ। ਮੈਂ ਮਿਸਜ਼ ਰੂਬੈਲੇ ਉੱਤੇ ਸਿਰਫ ਇਹ ਦੋਸ਼ ਲਾਂਦੀ ਹਾਂ, ਕਿ ਉਹਨੇ ਜਾਣ ਬੁਝ ਕੇ ਇਸ ਧੋਖੇ ਦੀ ਖੇਡ ਵਿਚ ਹਿੱਸਾ ਲਿਆ ਸੀ।

ਮੈਨੂੰ ਇਹ ਵੀ ਲਿਖਣ ਦੀ ਲੋੜ ਨਹੀਂ; ਅਤੇ ਇਸ ਲਈ ਤਾਂ ਮੈਂ ਕੁਝ ਕੁਝ ਹਲਕੀ ਵੀ ਮਹਿਸੂਸ ਕਰ ਰਹੀ ਹਾਂ, ਕਿ ਮਿਸ ਹਾਲਕੌਂਬ ਉਤੇ ਲੇਡੀ ਗਲਾਈਡ ਦੇ ਜਾਣ ਦੀ ਖਬਰ ਸੁਣ ਕੇ ਕੀ ਅਸਰ ਹੋਇਆ; ਅਤੇ ਉਸ ਤੋਂ ਵੀ ਹੋਰ ਦੁਖਦਾਈ ਖਬਰਾਂ ਜੋ ਪਿਛੋਂ ਬਲੈਕਵਾਟਰ ਪਾਰਕ ਸਾਨੂੰ ਪੁੱਜੀਆਂ ਉਹ ਉਹਨੇ ਕਿਸ ਤਰ੍ਹਾਂ ਬਰਦਾਸ਼ਤ ਕੀਤੀਆਂ।

ਮੈਂ ਉਹਨੂੰ ਪਹਿਲਾਂ ਕਿੰਨਾਂ ਚਿਰ ਮਾਨਸਿਕ ਤੌਰ ਤੇ ਤਿਆਰ ਕਰਦੀ ਰਹੀ, ਤਾਂ ਜੋ ਉਹ ਇਨ੍ਹਾਂ ਗੱਲਾਂ ਦਾ ਮੁਕਾਬਲਾ ਕਰ ਸਕੇ। ਜਿਵੇਂ ਮੈਨੂੰ ਡਾਕਟਰ ਨੇ ਸਮਝਾਇਆ ਮੈਂ ਉਵੇਂ ਹੀ ਕੀਤਾ। ਮਿਸਟਰ ਡਾਅਸਨ ਮੇਰੇ ਸੁਨੇਹਾ ਭੇਜਣ ਤੋਂ ਕਈ ਦਿਨ ਮਗਰੋਂ ਮੇਰੇ ਕੋਲ ਪਹੁੰਚ ਸਕੇ ਸਨ। ਕਿਉਂਕਿ ਉਹ ਆਪ ਹੀ ਬੀਮਾਰ ਸਨ। ਉਹ ਬੜਾ ਹੀ ਔਖਾ ਸਮਾਂ ਸੀ- ਫ਼ਿਕਰਾਂ ਨਾਲ ਅਤੇ ਦੁਖਾਂ ਨਾਲ ਭਰਪੂਰ ਹੋਏ ਹੋਏ ਦਿਨ ਸੀ। ਮੈਂ ਹੁਣ ਵੀ ਉਨ੍ਹਾਂ ਦਿਨਾਂ ਦਾ ਧਿਆਨ ਕਰਦੀ ਹਾਂ, ਤਾਂ ਮੈਨੂੰ ਕੁਝ ਹੋ ਜਾਂਦਾ ਹੈ। ਇਹ ਕੁਝ ਲਿਖਦਿਆਂ ਵੀ ਮੇਰਾ ਦਿਲ ਕੰਬਦਾ ਹੈ। ਮੈਂ ਮਿਸ ਹਾਲਕੌਂਬ ਨਾਲ ਹਰ ਵੇਲੇ ਧਾਰਮਕ ਉਪਦੇਸ਼ਾਂ ਬਾਰੇ ਗੱਲਾਂ ਕਰਦੀ, ਅਤੇ ਉਹਨੂੰ ਭਾਣਾ ਮੰਨਣ ਬਾਰੇ ਸਮਝਾਂਦੀ ਰਹਿੰਦੀ ਭਾਵੇਂ ਉਹਦੇ ਤੇ ਇਨ੍ਹਾਂ ਗੱਲਾਂ ਦਾ ਬੜੀ ਦੇਰ ਨਾਲ ਅਸਰ ਹੋ ਰਿਹਾ ਸੀ, ਪਰ ਜ਼ਰੂਰ ਰਿਹਾ ਸੀ। ਮੈਂ ਉਦੋਂ ਤਕ ਉਹਦੇ ਨਾਲ ਹੀ ਰਹੀ ਜਦ ਤਕ ਉਹ ਠੀਕ ਨਹੀਂ ਹੋ ਗਈ। ਉਸ ਵੀਰਾਨ ਘਰ ਵਿਚੋਂ ਅਸੀਂ ਇਕੋ ਹੀ ਗੱਡੀ ਤੇ ਚੜ੍ਹੀਆਂ, ਮੈਂ ਤੇ ਉਹ ਲੰਦਨ ਆ ਕੇ ਬੜੇ ਭਾਰੀ ਦਿਲ ਨਾਲ ਵੱਖ ਹੋਈਆਂ। ਦੋਹਾਂ ਦੇ ਦਿਲਾਂ ਵਿਚ ਦੁੱਖ ਸੀ, ਅਤੇ ਦੋਵੇਂ ਹੀ ਉਦਾਸ ਸਾਂ। ਮੈਂ ਕਿਸੇ ਰਿਸ਼ਤੇਦਾਰ ਦੇ ਘਰ ਆਈਲਿੰਗਟਣ ਚਲੀ ਗਈ ਅਤੇ ਉਹ ਕੰਬਰਲੈਂਡ ਵਿਚ ਮਿਸਟਰ ਫੇਅਰਲੀ ਦੇ ਘਰ ਚਲੀ ਗਈ।

ਮੈਂ ਇਥੇ ਇਕ ਦੋ ਗੱਲਾਂ ਹੋਰ ਲਿਖਾਂਗੀ, ਜੋ ਮੇਰੇ ਖਿਆਲ ਵਿਚ ਦਸਣੀਆਂ ਜ਼ਰੂਰੀ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਮੇਰਾ ਆਪਣਾ ਵਿਸ਼ਵਾਸ ਹੈ, ਕਿ ਜਿਨ੍ਹਾਂ ਘਟਨਾਵਾਂ ਦਾ ਮੈਂ ਵਰਨਣ ਕੀਤਾ ਹੈ, ਉਹਨਾਂ ਵਿਚ ਕਾਂਉਟ ਫ਼ੋਸਕੋ ਦਾ ਕੋਈ ਦੋਸ਼ ਨਹੀਂ। ਮੈਨੂੰ ਇਹ ਦਸਿਆ ਗਿਆ ਹੈ, ਕਿ ਉਹਦੇ ਤੇ ਸ਼ੱਕ ਕੀਤਾ ਜਾ ਰਿਹਾ ਹੈ ਅਤੇ ਗੰਭੀਰ ਦੋਸ਼ ਲਾਏ ਜਾ ਰਹੇ ਹਨ, ਪਰ ਮੈਨੂੰ ਉਹਦੀ ਚੰਗੀਆਈ ਵਿਚ ਪੱਕਾ ਯਕੀਨ ਹੈ। ਜੇ ਉਹਨੇ ਮੈਨੂੰ ਸਰ ਪਰਸੀਵਲ ਨਾਲ ਰਲ ਕੇ ਤੋਰਕੁਏ ਭੇਜਿਆ ਸੀ ਤਾਂ ਉਹਨੂੰ ਕੋਈ ਭਰਮ ਹੋਵੇਗਾ ਉਹ ਇਕ ਪਰਦੇਸੀ ਸੀ ਅਤੇ ਓਪਰਾ ਸੀ; ਇਸ ਲਈ ਉਹਨੂੰ ਦੋਸ਼ ਦੇਣ ਦਾ ਕੋਈ ਫਾਇਦਾ ਨਹੀਂ। ਜੋ ਉਹਨੇ ਮਿਸਜ਼ ਰੂਬੈਲੇ ਨੂੰ ਬਲੈਕਵਾਟਰ ਪਾਰਕ ਲਿਆਂਦਾ ਸੀ, ਤਾਂ ਇਹ ਉਹਦੀ ਬਦਕਿਸਮਤੀ ਸੀ ਕਿ ਉਹ ਬਿਦੇਸ਼ੀ ਔਰਤ ਘਰ ਦੇ ਮਾਲਕ ਨਾਲ ਰਲ ਕੇ ਸਭ ਨਾਲ ਛਲ ਕਰ ਰਹੀ ਸੀ। ਇਸ ਵਿਚ ਵੀ ਕਾਂਊਟ ਦਾ ਕੋਈ ਕਸੂਰ ਨਹੀਂ ਸੀ। ਇਸ ਲਈ ਮੈਂ ਸਦਾਚਾਰਕ ਦ੍ਰਿਸ਼ਟੀ ਤੋਂ ਹੀ ਇਸ ਗੱਲ ਦਾ ਸਖਤ ਵਿਰੋਧ ਕਰਦੀ ਹਾਂ। ਕਾਊਂਟ ਉਪਰ ਕਈ ਤਰ੍ਹਾਂ ਦੇ ਜੋ ਅਸੰਭਵ ਦੂਸ਼ਣ ਲਾਏ ਜਾ ਰਹੇ ਹਨ ਉਹ ਬਿਲਕੁਲ ਹੀ ਫਾਲਤੂ ਦੇ ਹਨ।

ਦੂਜੀ ਗੱਲ, ਮੈ ਇਹ ਦੱਸਣਾ ਚਾਹੁੰਦੀ ਹਾਂ ਕਿ ਮੈਂ ਹਜ਼ਾਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹ ਤਾਰੀਖ ਨਹੀਂ ਯਾਦ ਕਰ ਸਕੀ, ਜਿਸ ਦਿਨ ਲੇਡੀ ਗਲਾਈਡ ਬਲੈਕਵਾਟਰ ਪਾਰਕ ਤੋਂ ਲੰਦਨ ਗਈ ਸੀ, ਅਤੇ ਮੈਨੂੰ ਇਸ ਗੱਲ ਦਾ ਦੁੱਖ ਹੈ। ਉਹਨਾਂ ਲਈ ਇਹ ਬਹੁਤ ਜ਼ਰੂਰੀ ਹੈ, ਕਿ ਲੇਡੀ ਗਲਾਈਡ ਦੇ ਇਥੋਂ ਜਾਣ ਦੀ ਤਾਰੀਖ ਬਿਲਕੁਲ ਠੀਕ-ਠੀਕ ਪਤਾ ਹੋਵੇ। ਬਸ ਮੈਨੂੰ ਇਹੀ ਯਾਦ ਹੈ, ਕਿ ਜੁਲਾਈ ਦਾ ਅਖੀਰ ਸੀ। ਸਾਨੂੰ ਸਭ ਨੂੰ ਪਤਾ ਹੈ, ਕਿ ਕਾਫੀ ਸਮਾਂ ਲੰਘ ਜਾਣ ਮਗਰ ਕੋਈ ਤਾਰੀਖ ਯਾਦ ਨਹੀਂ ਰਹਿੰਦੀ; ਜਦ ਤਕ ਉਹ ਪਹਿਲਾਂ ਲਿਖ ਨਾ ਲਈ ਜਾਏ। ਮੈਨੂੰ ਤਾਂ ਇਹ ਵੀ ਯਾਦ ਨਹੀਂ ਆ ਰਿਹਾ; ਕਿਉਂਕਿ ਲੇਡੀ ਗਲਾਈਡ ਦੇ ਜਾਣ ਮਗਰੋਂ ਹੋਰ ਵੀ ਬੜੀਆਂ ਉਲਝਣਾਂ ਝਟਪਟ ਹੀ ਮੇਰੇ ਸਿਰ ਤੇ ਆਣ ਪਈਆਂ ਸਨ। ਕਾਸ਼ ! ਮੈਂ ਉਸ ਵੇਲੇ ਕਿਧਰੇ ਸਭ ਕੁਝ ਲਿਖ ਲੈਂਦੀ। ਮੈਨੂੰ ਅੱਜ ਵੀ ਉਹਦਾ ਉਦਾਸ ਅਤੇ ਗਮਹੀਨ ਚਿਹਰਾ ਸਾਫ ਯਾਦ ਹੈ, ਜਦੋਂ ਉਹਨੇ ਗੱਡੀ ਦੀ ਬਾਰੀ ਵਿਚੋਂ ਮੂੰਹ ਬਾਹਰ ਕੱਢਿਆ ਸੀ, ਅਤੇ ਮੈਂ ਅਖੀਰਲੀ ਵਾਰ ਉਹਨੂੰ ਵੇਖਿਆ ਸੀ; ਕਾਸ਼ ! ਉਹਦੇ ਇਥੋਂ ਜਾਣ ਦੀ ਤਾਰੀਖ ਵੀ ਅੱਜ ਉਵੇਂ ਹੀ ਯਾਦ ਰਹਿੰਦੀ।

*********

ਕਹਾਣੀ-ਕਈਆਂ ਦੀ ਜ਼ਬਾਨੀ

(1) ਕਾਉਂਟ ਫ਼ੋਸਕੋ ਦੀ ਕੁਕ ਹੈਸਟਰ ਪਿਨਹਰਨ ਜੀ ਜ਼ੁਬਾਨੀ-

[ਉਹਦੇ ਬਿਆਨ ਤੋਂ ਇਹ ਪੰਨੇ ਲਿਖੇ ਗਏ ਹਨ।

ਮੈਨੂੰ ਇਸ ਗੱਲ ਦਾ ਅਜੇ ਤਕ ਅਫਸੋਸ ਹੈ ਕਿ ਪੜ੍ਹਨਾ ਲਿਖਣਾ ਕਿਉਂ ਨਾ ਸਿੱਖਿਆ। ਮੈਂ ਸਾਰੀ ਉਮਰ ਮਿਹਨਤ ਕਰਦੀ ਰਹੀ ਹਾਂ, ਅਤੇ ਕੋਈ ਮੇਰੇ ਬਾਰੇ ਕੋਈ ਗੱਲ ਨਹੀਂ ਕਰ ਸਕਦਾ। ਮੈਂ ਜਾਣਦੀ ਹਾਂ ਕਿ ਝੂਠ ਬੋਲਣਾ ਮਹਾਂ ਪਾਪ ਹੈ, ਅਤੇ ਇਸ ਲਈ ਮੈਂ ਇਸ ਬਿਆਨ ਵਿਚ ਵੀ ਯਾਦ ਰੱਖਾਂਗੀ। ਮੈਨੂੰ ਜੋ ਪਤਾ ਹੈ ਮੈਂ ਉਹੀ ਦਸਾਂਗੀ, ਅਤੇ ਜੋ ਸੱਜਣ ਮੇਰਾ ਬਿਆਨ ਲੈ ਰਹੇ ਹਨ; ਮੈਂ ਉਨ੍ਹਾਂ ਅੱਗੇ ਬੇਨਤੀ ਕਰਾਂਗੀ ਕਿ ਮੇਰੀ ਬੋਲੀ ਨੂੰ ਠੀਕ ਕਰਦੇ ਜਾਣ, ਕਿਉਂਕਿ ਮੈਂ ਕੋਈ ਵਿਦਵਾਨ ਨਹੀਂ।

ਇਨ੍ਹਾਂ ਗਰਮੀਆਂ ਵਿਚ ਮੈਂ ਵਿਹਲੀ ਸਾਂ, ਭਾਵੇਂ ਇਸ ਵਿਚ ਮੇਰਾ ਆਪਣਾ ਕੋਈ ਦੋਸ਼ ਨਹੀਂ ਸੀ। ਮੈਂ ਕਿਸੇ ਕੋਲੋਂ ਸੁਣਿਆ ਕਿ ਪੰਜ ਫੋਰੈਸਟ ਰੋਡ, ਸੈਂਟ ਜਾਨਸ ਵੁਡ ਵਿਚ ਇਕ ਰਸੋਈਏ ਦੀ ਥਾਂ ਖਾਲੀ ਹੈ। ਮੈਂ ਇਥੇ ਆ ਕੇ ਨੌਕਰੀ ਕਰ ਲਈ। ਮੇਰੇ ਮਾਲਕ ਦਾ ਨਾਂ ਫ਼ੋਸਕੋ ਸੀ। ਮੇਰੀ ਮਾਲਕਣ ਅੰਗਰੇਜ਼ ਸੀ, ਪਰ ਉਹਦਾ ਪਤੀ ਕੋਈ ਬਿਦੇਸ਼ੀ ਸੀ। ਉਹ ਕਾਊਂਟ ਸੀ ਅਤੇ ਇਸ ਲਈ ਮੇਰੀ ਮਾਲਕਣ ਕਾਉਂਟੈੱਸ ਸੀ। ਇਕ ਹੋਰ ਕੁੜੀ ਸੀ, ਜੋ ਘਰ ਦਾ ਬਾਕੀ ਕੰਮ ਕਰਦੀ ਸੀ; ਉਹ ਬਹੁਤੀ ਸਾਫ ਸੁਥਰੀ ਤਾਂ ਨਹੀਂ ਸੀ, ਪਰ ਉਂਜ ਮਾੜੀ ਨਹੀਂ ਸੀ। ਘਰ ਵਿਚ ਅਸੀਂ ਦੋ ਹੀ ਨੌਕਰ ਸਾਂ।

ਸਾਡੇ ਘਰ ਵਿਚ ਆਉਣ ਤੋਂ ਮਗਰੋਂ ਹੀ ਮਾਲਕ ਤੇ ਮਾਲਕਣ ਆਏ। ਉਨ੍ਹਾਂ ਨੇ ਪਹੁੰਚਦਿਆਂ ਸਾਰ ਹੀ ਸਾਨੂੰ ਕਿਹਾ, ਕਿ ਪਿੰਡ ਵਿਚੋਂ ਹੀ ਮਹਿਮਾਨ ਆ ਰਹੇ ਹਨ।

ਮਹਿਮਾਨ, ਮੇਰੀ ਮਾਲਕਣ ਦੀ ਭਤੀਜੀ ਸੀ। ਅਤੇ ਉਸ ਲਈ ਪਹਿਲੀ ਮੰਜ਼ਿਲ ਦਾ ਪਿਛਲਾ ਬੈਡ-ਰੂਮ ਤਿਆਰ ਕੀਤਾ ਗਿਆ, ਮੇਰੀ ਮਾਲਕਣ ਨੇ ਦੱਸਿਆ ਕਿ ਲੇਡੀ ਗਲਾਈਡ ਦੀ ਸਿਹਤ ਖਰਾਬ ਹੈ, ਇਸ ਲਈ ਮੈਂ ਰੋਟੀ ਪੂਰੇ ਧਿਆਨ ਨਾਲ ਬਣਾਵਾਂ। ਉਹਨੇ ਉਸ ਦਿਨ ਹੀ ਆਉਣਾ ਸੀ, ਪਰ ਤੁਸੀਂ ਮੇਰੀ ਯਾਦ ਤੇ ਹੀ ਸਾਰੀ ਗੱਲ ਨਾ ਛੱਡਣੀ। ਮੈਨੂੰ ਦਿਨਾਂ ਤੋਂ ਤਾਰੀਖਾਂ ਬਾਰੇ ਕੁਝ ਯਾਦ ਨਹੀਂ ਰਹਿੰਦਾ। ਰੋਜ਼ ਤਾਂ ਮੈਨੂੰ ਵੀ ਪਤਾ ਨਹੀਂ ਹੁੰਦਾ ਕਿ ਅੱਜ ਕੀ ਵਾਰ ਹੈ। ਬਸ ਇਕ ਐਤਵਾਰ ਯਾਦ ਹੁੰਦਾ ਹੈ, ਮੈਂ ਕੋਈ ਵਿਦਵਾਨ ਨਹੀਂ। ਰੋਟੀ ਪਕਾਣ

ਵਾਲੀ-ਮੈਂ ਦਿਨਾਂ ਵਾਰਾਂ ਨੂੰ ਕੀ ਕਰਨਾ ਹੈ? ਇਕ ਮਿਹਨਤਣ ਨੌਕਰਾਣੀ ਹਾਂ, ਜਦੋਂ ਲੇਡੀ ਗਲਾਈਡ ਆਈ, ਅਸੀਂ ਤਾਂ ਸਭ ਡਰ ਹੀ ਗਏ। ਮੈਨੂੰ ਇਹ ਪਤਾ ਨਹੀਂ ਕਿ ਮਾਲਕ ਉਹਨੂੰ ਕਿਸ ਤਰ੍ਹਾਂ ਘਰ ਲਿਆਏ, ਕਿਉਂਕਿ, ਉਸ ਵੇਲੇ ਘਰ ਵਿਚ ਕੰਮ ਬਹੁਤ ਸੀ। ਪਰ ਮੇਰਾ ਖਿਆਲ ਹੈ, ਉਹ ਦੁਪਹਿਰੀ ਆਈ ਸੀ। ਉਸ ਦੂਜੀ ਨੌਕਰਾਣੀ ਨੇ ਉਨ੍ਹਾਂ ਨੂੰ ਬੂਹਾ ਖੋਲ੍ਹਿਆ ਅਤੇ ਅੰਦਰ ਲੈ ਗਈ। ਉਹਨੂੰ ਅਜੇ ਰਸੋਈ ਵਿਚ ਆਇਆ ਬਹੁਤੀ ਦੇਰ ਨਹੀਂ ਸੀ ਹੋਈ ਕਿ ਉਪਰ ਬੜੀ ਤੇਜ਼-ਤੇਜ਼ ਤੁਰਨ ਦੀ ਆਵਾਜ਼ ਆਈ, ਸਾਨੂੰ ਬੁਲਾਉਣ ਲਈ ਘੰਟੀ ਵਜੀ ਜਾ ਰਹੀ ਸੀ ਅਤੇ ਮਾਲਕਣ ਸਾਨੂੰ ਵਾਜਾ ਮਾਰ ਰਹੀ ਸੀ।

ਅਸੀਂ ਦੋਵੇਂ ਦੌੜਦੀਆਂ ਗਈਆਂ। ਉਹ ਮਹਿਮਾਨ ਕੁੜੀ ਸੋਫੇ ਤੋਂ ਲੇਟੀ ਹੋਈ ਸੀ, ਉਹਦਾ ਰੰਗ ਚਿੱਟਾ ਪੂਣੀ ਸੀ, ਉਹਨੇ ਮੁਠਾਂ ਘੁੱਟ ਕੇ ਬੰਦ ਕੀਤੀਆਂ ਹੋਈਆਂ ਸਨ ਅਤੇ ਉਹਦਾ ਸਿਰ ਇਕ ਪਾਸੇ ਝੁਕਿਆ ਹੋਇਆ ਸੀ। ਮਾਲਕਣ ਨੇ ਸਾਨੂੰ ਦਸਿਆ ਕਿ ਉਹ ਅਚਾਨਕ ਹੀ ਬਹੁਤ ਡਰ ਗਈ ਸੀ। ਮਾਲਕ ਨੇ ਕਿਹਾ ਕਿ ਉਹਨੂੰ ਦੌਰਾ ਪੈ ਗਿਆ ਸੀ। ਮੈਨੂੰ ਉਸ ਇਲਾਕੇ ਦੀ ਉਨ੍ਹਾਂ ਤੋਂ ਬਹੁਤੀ ਵਾਕਫੀ ਸੀ, ਇਸ ਲਈ ਮੈਂ ਨੇੜੇ ਦੇ ਡਾਕਟਰ ਨੂੰ ਬਲਾਉਣ ਦੌੜੀ ਗਈ। ਸੈਂਟ ਜਾਨਸਵੁਡ ਵਿਚ ਗੁਡਰਿਕ ਅਤੇ ਗਾਰਥ ਦੋਵੇਂ ਡਾਕਟਰ ਬੜੇ ਮਸ਼ਹੂਰ ਹਨ। ਇਹ ਦੋਵੇਂ ਸਾਂਝਾ ਕੰਮ ਕਰਦੇ ਹਨ। ਇਨ੍ਹਾਂ ਦੀ ਉਥੇ ਲੋਕ ਬੜੀ ਤਾਰੀਫ ਕਰਦੇ ਹਨ। ਸੋ ਮੈਂ ਉਨ੍ਹਾਂ ਵੱਲ ਹੀ ਦੌੜਦੀ ਗਈ। ਮਿਸਚਰ ਗੁਡਰਿਕ ਘਰ ਹੀ ਸਨ ਸੋ ਉਹ ਮੇਰੇ ਨਾਲ ਹੀ ਆ ਗਏ। ਉਹਦੇ ਆਉਣ ਮਗਰੋਂ ਵੀ ਕਿੰਨੀ ਦੇਰ ਉਹ ਕੁਝ ਨਾ ਕਰ ਸਕਿਆ ਕਿਉਂਕਿ ਲੇਡੀ ਗਲਾਈਡ ਨੂੰ ਹੋਸ਼ ਆਉਂਦੀ ਹੀ ਸੀ, ਤੇ ਫਿਰ ਦੌਰਾ ਪੈ ਜਾਂਦਾ ਸੀ, ਅੰਤ ਵਿਚ ਉਹ ਥੱਕ ਟੁੱਟ ਗਈ। ਅਸੀਂ ਉਹਨੂੰ ਬਿਸਤਰ ਵਿਚ ਲਿਟਾਇਆ। ਮਿਸਟਰ ਗੁਡਰਿਕ ਘਰ ਦਵਾਈ ਲੈਣ ਗਿਆ ਅਤੇ ਪੰਦਰਾਂ ਮਿੰਟਾ ਦੇ ਵਿਚ ਹੀ ਵਾਪਸ ਵੀ ਆ ਗਿਆ ਸੀ। ਦਵਾਈ ਦੇ ਨਾਲ ਨਾਲ ਉਹਨੇ ਇਕ ਔਜਾਰ ਵੀ ਆਪਣੇ ਨਾਲ ਲਿਆਂਦਾ, ਜੋ ਬਿਗਲ ਵਾਂਗ ਬਣਿਆ ਹੋਇਆ ਸੀ। ਉਹ ਬਿਗਲ ਉਹਨੇ ਲੇਡੀ ਗਲਾਈਡ ਦੇ ਦਿਲ ਤੇ ਰੱਖਿਆ, ਅਤੇ ਉਹਦਾ ਦੂਜਾ ਸਿਰਾ ਆਪਣੇ ਕੰਨ ਨਾਲ ਲਾ ਕੇ ਧਿਆਨ ਨਾਲ ਸੁਣਨ ਲਗਾ।

ਜਦੋਂ ਉਹ ਸੁਣ ਚੁਕਾ ਤਾਂ ਉਹਨੇ ਮੇਰੀ ਮਾਲਕਣ ਨੂੰ ਕਿਹਾ- 'ਹਾਲਤ ਬੜੀ ਨਾਜ਼ੁਕ ਹੈ, ਤੁਸੀਂ ਇਸ ਦੇ ਰਿਸ਼ਤੇਦਾਰਾਂ ਨੂੰ ਫੌਰਨ ਬਲਾ ਲਵੋ।"

ਮੇਰੀ ਮਾਲਕਣ ਨੇ ਪੁੱਛਿਆ, "ਕੀ ਇਹ ਦਿਲ ਦੀ ਬੀਮਾਰੀ ਹੈ?"

ਡਾਕਟਰ ਨੇ ਇਹਦੇ ਉੱਤਰ ਵਿਚ ਕਿਹਾ, "ਹਾਂ; ਇਹ ਬੜੀ ਖਤਰਨਾਕ ਦਿਲ ਦੀ ਬੀਮਾਰੀ ਹੈ।" ਉਹਨੇ ਇਸ ਬੀਮਾਰੀ ਨੂੰ ਖੁੱਲ੍ਹ ਕੇ ਵੀ ਸਮਝਾਇਆ, ਮੈਨੂੰ ਉਹਦੀ ਏਨੀ ਤਾਂ ਸਮਝ ਨਹੀਂ ਸੀ ਆਈ, ਪਰ ਇਹ ਗੱਲ ਮੈਨੂੰ ਯਾਦ ਹੈ, ਉਹਨੇ ਅਖੀਰ ਵਿਚ ਇਹੀ ਕਿਹਾ ਸੀ ਕਿ ਹੁਣ ਨਾ ਹੀ ਉਹ ਆਪ ਅਤੇ ਨਾ ਹੀ ਕੋਈ ਡਾਕਟਰ ਉਸ ਕੁੜੀ ਨੂੰ ਬਚਾ ਸਕਦਾ ਸੀ।

ਮੇਰੀ ਮਾਲਕਣ ਇਹ ਖਬਰ ਸੁਣ ਕੇ ਬਹੁਤੀ ਅਸ਼ਾਂਤ ਨਹੀਂ ਸੀ ਦਿਸ ਰਹੀ। ਪਰ ਮਾਲਕ ਸਗੋਂ ਬਹੁਤਾ ਘਬਰਾਇਆ ਹੋਇਆ ਸੀ। ਉਹ ਅਜੀਬ ਜਿਹਾ ਆਦਮੀ ਸੀ। ਵੱਡੀ ਉਮਰ ਦਾ ਮੋਟਾ ਅਤੇ ਉੱਚਾ ਜਿਹਾ, ਪਰ ਨਿਕੇ ਨਿਕੇ ਪੰਛੀਆਂ ਅਤੇ ਚਿਟਿਆਂ ਚੂਹਿਆਂ ਨਾਲ ਗੱਲਾਂ ਕਰਦਾ ਸੀ, ਜਿਵੇਂ ਉਹ ਛੋਟੇ ਛੋਟੇ ਬੱਚੇ ਹੋਣ, ਉਹ ਬਹੁਤ ਹੀ ਪਰੇਸ਼ਾਨ ਹੋ ਗਿਆ ਦਿਸਦਾ ਸੀ। 'ਵਿਚਾਰੀ, ਲੇਡੀ ਗਲਾਈਡ।" ਇਹ ਸ਼ਬਦ ਉਹਦੇ ਮੂੰਹੋਂ ਘੜੀ ਘੜੀ ਨਿਕਲਦੇ, ਅਤੇ ਉਹ ਆਪਣੇ ਮੋਟੇ ਮੋਟੇ ਹੱਥ ਮਲਦਾ, ਉਹ ਇਕ ਮਸਖਰਾ ਦਿਸਦਾ ਸੀ। ਮਾਲਕਣ, ਡਾਕਟਰ ਨੂੰ ਲੇਡੀ ਗਲਾਈਡ ਦੇ ਹੋਸ਼ ਆਉਣ ਬਾਰੇ ਜਾਂ ਠੀਕ ਹੋਣ ਬਾਰੇ ਇਕ ਸਵਾਲ ਪੁਛਦੀ ਤਾਂ ਕਾਂਉਟ ਪੰਜਾਹ ਪੁਛਦਾ। ਉਹ ਸਾਡਾ ਵੀ ਤ੍ਰਾਹ ਕਰ ਰਿਹਾ ਸੀ। ਅਖੀਰ ਜਦੋਂ ਉਹ ਜ਼ਰਾ ਸ਼ਾਂਤ ਹੋਇਆ, ਤਾਂ ਪਿਛਵਾੜਿਉ ਨਿਕੇ ਜਿਹੇ ਬਗੀਚੇ ਵਿਚੋਂ ਫੁੱਲ ਲਿਆ ਕੇ ਮੈਨੂੰ ਦਿਤੇ ਕਿ ਮੈਂ ਬੀਮਾਰ ਦੇ ਕਮਰੇ ਵਿਚ ਰਖਾਂ। ਹੁਣ ਉਨ੍ਹਾਂ ਫੁੱਲਾਂ ਨੂੰ ਰੱਖਣ ਨਾਲ ਕੀ ਬਣਨਾ ਸੀ? ਮੇਰਾ ਖਿਆਲ ਹੈ, ਕਿ ਕਿਧਰ ਪਹਿਲਾਂ ਉਹਦਾ ਦਿਮਾਗ ਟਿਕਾਣੇ ਨਹੀਂ ਰਿਹਾ ਹੋਣਾ,? ਉਹ ਇਕ ਚੰਗਾ ਮਾਲਕ ਸੀ। ਉਹਦੀ ਜ਼ਬਾਨ ਬੜੀ ਮਿੱਠੀ ਸੀ ਅਤੇ ਉਹ ਪਿਆਰ ਨਾਲ ਕੰਮ ਲੈਂਦਾ ਸੀ; ਪਰ ਕਾਂਉਟੈਂਸ ਬੜੇ ਸਖ਼ਤ ਸੁਭਾ ਦੀ ਸੀ।

ਰਾਤ ਵੇਲੇ ਲੇਡੀ ਗਲਾਈਡ ਰਤਾ ਹੋਸ਼ ਵਿਚ ਆਈ। ਉਹ ਏਨੀ ਨਿਢਾਲ ਹੋ ਚੁੱਕੀ ਸੀ ਕਿ ਜਦੋਂ ਦੀ ਆਈ ਸੀ, ਉਹਨੇ ਇਕ ਉਂਗਲ ਵੀ ਨਹੀਂ ਹਿਲਾਈ ਸੀ ਅਤੇ ਨਾ ਹੀ ਕਿਸੇ ਨਾਲ ਕੋਈ ਗੱਲ ਹੀ ਕੀਤੀ ਸੀ। ਹੁਣ ਉਹ ਬਿਸਤਰ ਵਿਚ ਹਿਲਜੁਲ ਰਹੀ ਸੀ, ਉਹ ਸਾਨੂੰ ਸਭ ਨੂੰ ਵੇਖ ਰਹੀ ਸੀ। ਜਦੋਂ ਉਹ ਸਿਹਤਮੰਦ ਹੋਵੇਗੀ ਤਾਂ ਬੜੀ ਖੂਬਸੂਰਤ ਹੋਣੀ ਏ-ਉਹਦੀਆ ਨੀਲੀਆਂ ਅੱਖਾਂ ਅਤੇ ਭੂਰੇ ਵਾਲ ਇਹ ਦਸ ਹੀ ਰਹੇ ਸਨ। ਮਾਲਕਣ ਉਹਦੇ ਕੋਲ ਰਾਤੀ ਬੈਠੀ ਰਹੀ-ਅਤੇ ਉਹਨੇ ਹੀ ਸਾਨੂੰ ਦੱਸਿਆ ਕਿ ਰਾਤੀ ਲੇਡੀ ਗਲਾਈਡ ਨੂੰ ਬੜੀ

ਤਕਲੀਫ ਰਹੀ ਸੀ। ਮੈਂ ਸੌਣ ਤੋਂ ਪਹਿਲਾਂ ਇਕ ਵਾਰ ਵੇਖਣ ਗਈ ਸਾਂ, ਕਿ ਕਿਧਰੇ ਮੇਰੀ ਲੋੜ ਤਾਂ ਨਹੀਂ। ਉਸ ਵੇਲੇ ਉਹ ਆਪਣੇ ਆਪ ਨਾਲ ਹੀ ਬੋਲ ਰਹੀ ਸੀ। ਉਹ ਕਿਸੇ ਉਸ ਬੰਦੇ ਨਾਲ ਗੱਲਾ ਕਰਨੀਆਂ ਚਾਹੁੰਦੀ ਸੀ, ਜੋ ਉਸ ਵੇਲੇ ਉਹਦੇ ਕੋਲ ਨਹੀਂ ਸੀ। ਮੈਂ ਪਹਿਲੀ ਵਾਰ ਨਾਂ ਨਹੀਂ ਸੁਣ ਸਕੀ ਸਾਂ ਦੂਜੀ ਵਾਰ ਜਦੋਂ ਉਹਨੇ ਉਹੀ ਨਾਂ ਲਿਆ ਤਾਂ ਮਾਲਕ ਨੇ ਬੂਹਾ ਖੜਕਾਇਆ, ਉਹਦੇ ਹੱਥ ਵਿਚ ਚਾਰ ਫੁੱਲ ਸਨ, ਅਤੇ ਉਹ ਕਈ ਤਰ੍ਹਾਂ ਦੇ ਪ੍ਰਸ਼ਨ ਕਰ ਰਿਹਾ ਸੀ।

ਅਗਲੀ ਸਵੇਰੇ ਤੜਕੇ ਹੀ ਮੈਂ ਜਦੋਂ ਉਪਰ ਗਈ ਤਾਂ ਉਹ ਕੁੜੀ ਵਿਚਾਰੀ ਨਿਢਾਲ ਹੋ ਕੇ ਬੇਹੋਸ਼ਾਂ ਵਾਂਗ ਪਈ ਸੀ। ਮਿਸਟਰ ਗੁਡਰਿਕ ਨੇ ਆਪਣੇ ਨਾਲ ਦੇ ਦੂਜੇ ਡਾਕਟਰ ਮਿਸਟਰ ਗਾਰਥ ਨੂੰ ਵੀ ਨਾਲ ਲਿਆਂਦਾ ਸੀ। ਉਨ੍ਹਾਂ ਲੇਡੀ ਗਲਾਈਡ ਨੂੰ ਉਠਾਣਾ ਨਹੀਂ ਚਾਹਿਆ ਪਰ ਮੇਰੀ ਮਾਲਕਣ ਨੂੰ ਕਈ ਸਵਾਲ ਪੁਛੇ, ਕਿ ਪਹਿਲਾਂ ਲੇਡੀ ਗਤਾਈਡ ਦੀ ਸਿਹਤ ਕਿਹੋ ਜਿਹੀ ਸੀ, ਕਿਸ ਦਾ ਇਲਾਜ ਹੋ ਰਿਹਾ ਸੀ, ਅਤੇ ਕੀ ਉਹਦੀ ਇਹ ਤਕਲੀਫ ਪੁਰਾਣੀ ਸੀ, ਇਸ ਸਵਾਲ ਦੇ ਉਤਰ ਵਿਚ ਮਾਲਕਣ ਨੇ 'ਹਾਂ' ਕਿਹਾ ਸੀ। ਮਿਸਟਰ ਗੁਡਰਿਕ ਨੇ ਮਿਸਟਰ ਗਾਰਥ ਵੱਲ ਵੇਖਿਆ ਅਤੇ ਅਫਸੋਸ ਨਾਲ ਆਪਣਾ ਸਿਰ ਹਿਲਾਇਆ। ਉਨ੍ਹਾਂ ਦੀ ਇਹ ਰਾਇ ਸੀ, ਕਿ ਲੇਡੀ ਗਲਾਈਡ ਨੂੰ ਦਿਲ ਦੀ ਬੀਮਾਰੀ ਚਰੋਕਣੀ ਸੀ। ਉਹ ਬੜੀ ਹੀ ਕਮਜ਼ੋਰ ਸੀ, ਉਹ ਕਦੀ ਦੀ ਬਹੁਤ ਤਕੜੀ ਨਹੀਂ ਹੋਵੇਗੀ, ਮੇਰਾ ਤੇ ਆਪਣਾ ਇਹੀ ਖਿਆਲ ਸੀ।

ਦੂਜੇ ਦਿਨ ਸਵੇਰੇ ਜਦੋਂ ਉਹ ਜਾਗੀ, ਤਾਂ ਉਹ ਅੱਗੇ ਨਾਲੋਂ ਕਾਫੀ ਠੀਕ ਨਜ਼ਰ ਆ ਰਹੀ ਸੀ। ਉਸ ਦਿਨ ਮੈਨੂੰ ਅਤੇ ਦੂਜੀ ਨੌਕਰਾਣੀ ਨੂੰ ਵੀ ਉਪਰ ਨਹੀਂ ਜਾਣ ਦਿੱਤਾ ਗਿਆ ਸੀ, ਕਿਉਂਕਿ ਮਾਲਣ ਨਹੀਂ ਸੀ ਚਾਹੁੰਦਾ ਕਿ ਉਹ ਓਪਰਿਆਂ ਨੂੰ ਵੇਖ ਕੇ ਤ੍ਰਬਕ ਜਾਏ। ਉਹਦੀ ਹਾਲਤ ਵਿਚ ਮੋੜਾ ਪਿਆ ਹੈ, ਇਹ ਗੱਲ ਵੀ ਮੈਨੂੰ ਮਾਲਕ ਨੇ ਹੀ ਦੱਸੀ। ਉਸ ਦਿਨ ਉਹ ਬੜੇ ਚੰਗੇ ਮੂਡ ਵਿਚ ਸੀ, ਅਤੇ ਬਾਗ ਵਿਚੋਂ ਦੀ ਰਸੋਈ ਦੀ ਖਿੜਕੀ ਵਿੱਚ ਉਹਨੇ ਝਾਕਿਆ। ਉਹਨੇ ਵੱਡਾ ਚਿੱਟਾ ਹੈਟ ਪਾਇਆ ਹੋਇਆ ਸੀ ਅਤੇ ਉਹ ਬਾਹਰ ਜਾ ਰਿਹਾ ਸੀ। ਮੈਨੂੰ ਸਾਹਮਣੇ ਵੇਖ ਕੇ ਬੋਲਿਆ, "ਮਿਸਜ਼ ਕੁਕ, ਅੱਜ ਲੇਡੀ ਗਲਾਈਡ ਕੱਲ੍ਹ ਨਾਲੋਂ ਬਹੁਤ ਠੀਕ ਹੈ। ਇਸ ਲਈ ਮੈਂ ਵੀ ਖੁਸ਼ ਹਾਂ। ਮੈਂ ਧੁੱਪੇ ਹੀ ਧੁੱਪੇ ਥੋੜੀ ਦੇਰ ਲਈ ਲਤਾਂ ਸਿਧੀਆਂ ਕਰ ਆਵਾਂ। ਕੁਝ ਬਜ਼ਾਰੋਂ ਲਿਆਉਣਾ ਹੈ, ਲੈ ਆਵਾਂ? ਆਹਾ। ਤੁਸੀਂ ਕੀ ਪਕਾ ਰਹੇ ਹੋ? ਪੇਸਟਰੀ- ਰੋੜ੍ਹ ਕੇ

ਬਨਾਈ, ਖਸਤਾ, ਜਿਹੜੀ ਮੂੰਹ ਵਿਚ ਪਾਉ ਅਤੇ ਘੁੱਲ ਜਾਏ।" ਉਹ ਇਸੇ ਤਰ੍ਹਾਂ ਹੀ ਗੱਲਾਂ ਕਰਦਾ ਸੀ-ਸੱਠਾਂ ਤੋਂ ਉਪਰ ਉਹਦੀ ਉਮਰ ਸੀ, ਪਰ ਪੇਸਟਰੀ ਦਾ ਬੜਾ ਸ਼ੌਕੀਨ ਸੀ।

ਡਾਕਟਰ ਦੁਪਹਿਰ ਤੋਂ ਪਹਿਲਾਂ ਆਇਆ ਅਤੇ ਉਹਨੇ ਵੀ ਵੇਖਿਆ, ਕਿ ਲੇਡੀ ਗਲਾਈਡ ਦੀ ਹਾਲਤ ਅਗੋਂ ਨਾਲ ਚੰਗੀ ਸੀ। ਉਹਨੇ ਉਹਨੂੰ ਬੇ-ਆਰਾਮ ਕਰਨ ਤੋਂ ਮਨ੍ਹਾਂ ਕੀਤਾ। ਉਹਨੇ ਕਿਹਾ ਕਿ ਜੇ ਉਹ ਸੌਂਵੇਂ, ਤਾਂ ਉਹਨੂੰ ਸੌਣ ਦਿਉ, ਗੱਲਾਂ ਕਰਨ ਨਾਲ ਉਹ ਥੱਕ ਜਾਏਗੀ ਮੈਂ ਜਦੋਂ ਵੀ ਉਪਰ ਉਹਦੇ ਕੋਲ ਗਈ, ਉਹ ਕਿਸੇ ਨਾਲ ਗੱਲਾਂ ਕਰਨਾ ਨਹੀਂ ਸੀ ਚਾਹੁੰਦੀ, ਪਰ ਰਾਤੀਂ ਉਹ ਫਿਰ ਕੁਝ ਬੋਲਦੀ ਸੁਣੀ ਸੀ, ਪਰ ਮੈਨੂੰ ਸਮਝ ਨਾ ਆਈ ਕਿ ਉਹ ਕੀ ਕਹਿ ਰਹੀ ਸੀ। ਉਹਦੀ ਹਾਲਤ ਪਰ ਵੇਖੀ ਨਹੀਂ ਸੀ ਜਾ ਸਕਦੀ ਡਾਢੀ ਵਿਗੜੀ ਹੋਈ ਸੀ। ਮਿਸਟਰ ਗੁਡਰਿਕ ਉਹਨੂੰ ਵੇਖ ਕੇ ਉਵੇਂ ਖੁਸ਼ ਨਹੀਂ ਹੋਇਆ ਜਿੰਨਾ ਕਿ ਸਾਡਾ ਮਾਲਕ ਸੀ। ਹੇਠਾਂ ਜਾਣ ਵੇਲੇ ਉਹ ਇਹੀ ਕਹਿ ਗਿਆ ਕਿ ਉਹ ਸ਼ਾਮੀਂ ਪੰਜ ਵਜੇ ਮੁੜ ਆਏਗਾ।

ਲਗਭਗ ਪੰਜ ਹੀ ਵਜੇ ਹੋਣਗੇ, ਕਿ ਬੈਡ-ਰੂਮ ਵਿਚੋਂ ਘੰਟੀ ਵਜਣ ਦੀ ਆਵਾਜ਼ ਆਈ। ਮਾਲਕ ਅਜੇ ਤਕ ਘਰ ਨਹੀਂ ਸੀ ਆਇਆ। ਮਾਲਕਣ ਦੌੜਦੀ ਹੋਈ ਪੌੜੀਆਂ ਤਕ ਆਈ ਤੇ ਮੈਨੂੰ ਜਲਦੀ ਹੀ ਮਿਸਟਰ ਗੁਡਰਿਕ ਨੂੰ ਸੱਦ ਲਿਆਉਣ ਲਈ ਕਿਹਾ, ਕਿਉਂਕਿ ਲੇਡੀ ਗਲਾਈਡ ਬੇਹੋਸ਼ ਹੋ ਗਈ ਸੀ। ਮੈਂ ਆਪਣੀ ਟੋਪੀ ਅਤੇ ਸ਼ਾਲ ਲੈਕੇ ਚਲੀ ਹੀ ਸਾਂ, ਕਿ ਡਾਕਟਰ ਆਪੇ ਹੀ ਆ ਗਿਆ। ਉਹਦੇ ਆਣ ਦਾ ਵਕਤ ਹੋ ਚੁੱਕਾ ਸੀ।

ਮੈਂ ਉਹਨੂੰ ਦਰਵਾਜ਼ਾ ਖੋਲ੍ਹਿਆ, ਤੇ ਉਹਦੇ ਨਾਲ ਹੀ ਉਪਰ ਤਕ ਗਈ। "ਲੇਡੀ ਗਲਾਈਡ ਪਹਿਲਾਂ ਵਾਂਗ ਹੀ ਸੀ, ਉਹ ਜਾਗੀ ਸੀ, ਅਤੇ ਆਲੇ-ਦੁਆਲੇ ਅਜੀਬ ਤਰ੍ਹਾਂ ਵੇਖ ਰਹੀ ਸੀ, ਕਿ ਮੈਂ ਅਚਾਨਕ ਉਹਦੀ ਚੀਕ ਸੁਣੀ, ਅਤੇ ਉਹ ਬੇਹੋਸ਼ ਹੋ ਗਈ।" ਕਾਉਂਟਸ ਨੇ ਡਾਕਟਰ ਨੂੰ ਮੇਰੇ ਸਾਹਮਣੇ ਹੀ ਇਹ ਕਿਹਾ। ਡਾਕਟਰ ਮਰੀਜ਼ ਕੋਲ ਗਿਆ। ਉਹਨੇ ਕੁੜੀ ਨੂੰ ਵੇਖਿਆ ਸੀ ਤੇ ਉਹਦਾ ਮੂੰਹ ਇਕਦਮ ਗੰਭੀਰ ਹੋ ਗਿਆ। ਉਹਨੇ ਉਹਦੇ ਦਿਲ ਤੇ ਹੱਥ ਰੱਖਿਆ।

ਮਾਲਕਣ ਡਾਕਟਰ ਨੂੰ ਘਰ ਘਰ ਕੇ ਵੇਖੀ ਜਾ ਰਹੀ ਸੀ।

"ਕੀ ਉਹ ਮਰ ਚੁਕੀ ਹੈ।" ਉਹਨੇ ਡਾਕਟਰ ਨੂੰ ਕਿਹਾ ਅਤੇ ਇਹ ਕਹਿ ਕੇ ਉਹ ਸਿਰ ਤੋਂ ਪੈਰਾਂ ਤਕ ਕੰਬਣ ਲੱਗ ਪਈ।

"ਹਾਂ" ਡਾਕਟਰ ਨੇ ਕਿਹਾ।

"ਉਹ ਮਰ ਚੁਕੀ ਹੈ; ਮੈਂ ਕਲ ਜਦੋਂ ਉਹਦੇ ਦਿਲ ਦਾ ਨਿਰੀਖਣ ਕੀਤਾ ਸੀ ਮੈਨੂੰ ਤਾਂ ਹੀ ਪਤਾ ਲਗ ਗਿਆ ਸੀ; ਕਿ ਕਿਸੇ ਵੇਲੇ ਵੀ ਉਹਦਾ ਦਿਲ ਫੇਲ੍ਹ ਹੋ ਸਕਦਾ ਹੈ।"

ਮਾਲਕਣ ਲੇਡੀ ਗਲਾਈਡ ਦੇ ਬਿਸਤਰੇ ਤੋਂ ਪਿਛੇ ਹਟ ਕੇ ਖੜੀ ਹੋ ਗਈ। ਉਹ ਬੁਰੀ ਤਰ੍ਹਾਂ ਕੰਬ ਰਹੀ ਸੀ। "ਕੀ ਉਹ ਮਰ ਗਈ ਹੈ? ਏਨੀ ਜਲਦੀ! ਏਨੀ ਅਚਾਨਕ ! ਕਾਊਂਟ ਕੀ ਕਹੇਗਾ? ਮਿ: ਗੁਡਰਿਕ ਨੇ ਉਹਨੂੰ ਥੋੜ੍ਹੀ ਦੇਰ ਲਈ ਹੇਠਾਂ ਜਾਣ ਲਈ ਕਿਹਾ, 'ਤੁਸੀਂ ਸਾਰੀ ਰਾਤ ਜਾਗਦੇ ਰਹੇ ਹੋ, ਇਸ ਲਈ ਥੋੜੀ ਦੇਰ ਥੱਲੇ ਜਾ ਕੇ ਆਰਾਮ ਕਰੋ, ਇੰਨੀ ਦੇਰ ਇਹ ਇਥੇ ਰਹੇਗੀ।" 'ਇਹ' ਤੋਂ ਉਹਦਾ ਭਾਵ ਮੇਰੇ ਤੋਂ ਸੀ ਆ ਜਿੰਨੀ ਦੇਰ ਜ਼ਰੂਰੀ ਇੰਤਜ਼ਾਮ ਕਰਦਾ ਹਾਂ, ਇਹ ਇਥੇ ਹੀ ਰਹੇਗੀ।" ਮਾਲਕਣ ਨੇ ਉਵੇਂ ਹੀ ਕੀਤਾ ਜਿਵੇਂ ਡਾਕਟਰ ਨੇ ਕਿਹਾ ਸੀ। "ਹਾਂ, ਮੈਂ ਕਾਂਊਟ ਨੂੰ ਇਹ ਖਬਰ ਅਚਾਨਕ ਹੀ ਨਹੀਂ ਦੇ ਸਕਦੀ।" ਇਹ ਕਹਿ ਕੇ ਉਹ ਕੰਬਦੀ ਕੰਬਦੀ ਕਮਰੇ ਵਿਚੋਂ ਬਾਹਰ ਨਿਕਲ ਗਈ।

'ਤੇਰਾ ਮਾਲਕ ਇਕ ਵਿਦੇਸ਼ੀ ਆਦਮੀ ਹੈ ਕੀ ਉਹ ਜਾਣਦਾ ਹੈ ਕਿ ਕਿਸੇ ਦੀ ਮੌਤ ਇਥੇ ਦਰਜ ਕਰਵਾਣੀ ਪੈਂਦੀ ਹੈ?' ਡਾਕਟਰ ਨੇ ਮੈਨੂੰ ਪੁੱਛਿਆ।

"ਮੈਨੂੰ ਠੀਕ ਤਾਂ ਪਤਾ ਨਹੀਂ, ਪਰ ਮੇਰਾ ਖਿਆਲ ਹੈ ਕਿ ਉਹ ਇਸ ਬਾਰੇ ਕੁਝ ਨਹੀਂ ਜਾਣਦਾ ਹੋਣਾ।"

ਡਾਕਟਰ ਨੇ ਇਕ ਮਿੰਟ ਕੁਝ ਸੋਚਿਆ, ਫਿਰ ਬੋਲਿਆ, "ਉਂਜ ਤੇ ਮੈਂ ਅਜਿਹੇ ਕੰਮ ਨਹੀਂ ਕਰਦਾ, ਪਰ ਇਹ ਪਰਦੇਸੀ ਹਨ; ਇਸ ਲਈ ਮੈਂ ਆਪ ਹੀ ਇਹ ਮੌਤ ਦਰਜ ਕਰਵਾ ਦੇਂਦਾ ਹਾਂ, ਮੈਂ ਅੱਧੇ ਘੰਟੇ ਤਕ ਉਂਜ ਵੀ ਉਸ ਦਫਤਰ ਤਕ ਜਾਣਾ ਹੀ ਹੈ।" ਮੈਂ ਡਾਕਟਰ ਦਾ ਧੰਨਵਾਦ ਕਰਦਿਆਂ ਕਿਹਾ-"ਤੁਹਾਡੀ ਬਹੁਤ ਹੀ ਮਿਹਰਬਾਨੀ ਅਤੇ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਏਨੀ ਖੇਚਲ ਕਰੋਗੇ।" ਡਾਕਟਰ ਨੇ ਮੈਨੂੰ ਮੁੜ ਪੁੱਛਿਆ-"ਕੀ ਤੁਸੀਂ ਥੋੜੀ ਦੇਰ ਇਥੋਂ ਠਹਿਰੋਗੇ?" "ਜੀ ਹਾਂ, ਮੈਂ ਇਥੇ ਇਸ ਵਿਚਾਰੀ ਕੁੜੀ ਕੋਲ ਹੀ ਬੈਠਾਂਗੀ -ਡਾਕਟਰ ਸਾਹਿਬ- ਕੀ ਜੋ ਕੁਝ ਕੀਤਾ ਜਾ ਸਕਦਾ ਸੀ, ਕਰ ਲਿਆ ਗਿਆ ਹੈ? ਕੀ ਉਹਦੀ ਜਾਨ ਬਚਾਈ ਨਹੀਂ

ਸੀ ਜਾ ਸਕਦੀ?" "ਉਹਦੀ ਹਾਲਤ ਮੇਰੇ ਦੇਖਣ ਤੋਂ ਪਹਿਲਾਂ ਹੀ ਬਹੁਤ ਖਰਾਬ ਸੀ -ਉਹ ਪੁਰਾਣੀ ਬੀਮਾਰ ਦਿਸਦੀ ਸੀ" ਡਾਕਟਰ ਨੇ ਉੱਤਰ ਦਿਤਾ। "ਅਸੀਂ ਸਭ ਨੇ ਇਕ ਨਾ ਇਕ ਦਿਨ ਏਸੇ ਤਰ੍ਹਾਂ ਟੁਰ ਜਾਣਾ ਹੈ।" ਮੈਂ ਦੁਖ ਵਿਚ ਭਿੱਜ ਕੇ ਕਿਹਾ। ਪਰ ਡਾਕਟਰ ਨੇ ਮੇਰੀ ਇਸ ਗੱਲ ਦਾ ਕੋਈ ਉੱਤਰ ਨਾ ਦਿੱਤਾ। ਉਹ ਚੁਪ ਕਰਕੇ ਚਲਾ ਗਿਆ।

ਜਦੋਂ ਤੀਕ ਮਿਸਟਰ ਗੁਡਰਿਕ ਨੇ ਕਿਸੇ ਨੂੰ ਨਹੀਂ ਭੇਜਿਆ ਮੈਂ ਉਥੇ ਹੀ ਬੈਠੀ ਰਹੀ। ਅਖੀਰ ਉਹ ਔਰਤ ਆਈ ਉਹਦਾ ਨਾਂ ਜੋਨ ਗੋਲਡ ਸੀ। ਉਹਨੇ ਕੋਈ ਫਾਲਤੂ ਗੱਲ ਨਹੀਂ ਸੀ ਕੀਤੀ, ਬਸ ਇਹੀ ਕਿਹਾ ਕਿ ਉਹ ਆਪਣਾ ਕੰਮ ਚੰਗੀ ਤਰ੍ਹਾਂ ਜਾਣਦੀ ਸੀ, ਅਤੇ ਉਹ ਸਾਰੀ ਉਮਰ ਇਹੀ ਕੁਝ ਕਰਦੀ ਰਹੀ ਸੀ। ਮਾਲਕ ਨੂੰ ਜਦੋਂ ਇਹ ਖਬਰ ਮਿਲੀ, ਤਾਂ ਉਹਦਾ ਕੀ ਹਾਲ ਹੋਇਆ ਹੋਵੇਗਾ, ਮੈਂ ਨਹੀਂ ਕਹਿ ਸਕਦੀ, ਕਿਉਂਕਿ ਮੈਂ ਉਸ ਵੇਲੇ ਉਪਰ ਸਾਂ। ਪਰ ਉਹ ਬੜਾ ਨਿੰਮੋਂ ਝੂਣਾ ਤੇ ਉਦਾਸ ਸੀ। ਉਹਦੇ ਮੋਟੇ ਮੋਟੇ ਹੱਥ ਉਹਦੇ ਭਾਰੇ ਗੋਡਿਆਂ ਤੋਂ ਲਟਕੇ ਹੋਏ ਸਨ ਅਤੇ ਜਦੋਂ ਮੈਂ ਵੇਖਿਆ, ਉਹ ਇਕ ਕੋਨੇ ਵਿਚ ਚੁਪ ਕਰਕੇ ਬੈਠਾ ਹੋਇਆ ਸੀ। ਉਹ ਏਨਾ ਦੁਖੀ ਨਹੀਂ ਜਿੰਨਾ ਹੈਰਾਨ ਦਿਸਦਾ ਸੀ। ਮਾਲਕਣ ਨੇ ਸਾਰਾ ਇੰਤਜ਼ਾਮ ਕੀਤਾ। ਉਹ ਬੜਾ ਪੈਸਾ ਖਰਚ ਕਰ ਰਹੇ ਸਨ। ਕਫਨ ਬੜਾ ਸੁਹਣਾ ਸੀ। ਲੇਡੀ ਗਲਾਈਡ ਦਾ ਪਤੀ ਕਿਧਰੇ ਇੰਗਲੈਂਡ ਤੋਂ ਬਾਹਰ ਸੀ। ਇਸ ਲਈ ਮੇਰੀ ਮਾਲਕਣ ਨੇ ਜੋ ਲੇਡੀ ਗਲਾਈਡ ਦੀ ਭੂਆ ਹੀ ਸੀ, ਰਿਸ਼ਤੇਦਾਰਾਂ ਨਾਲ ਸਲਾਹ ਕਰਕੇ ਇਹੀ ਤਹਿ ਕੀਤਾ; ਕਿ ਲੇਡੀ ਗਲਾਈਡ ਨੂੰ ਉਹਦੀ ਮਾਂ ਦੀ ਕਬਰ ਦੇ ਕੱਲ ਹੀ ਦਫਨਾਇਆ ਜਾਏ।

ਮੈਂ ਫਿਰ ਕਹਿੰਦੀ ਹਾਂ ਕਿ ਅੰਤਮ ਰਸਮਾਂ ਲਈ ਬੜੀ ਸ਼ਾਨਦਾਰ ਤਿਆਰੀ ਕੀਤੀ ਗਈ ਅਤੇ ਮੇਰਾ ਮਾਲਕ ਆਪ ਪਿੰਡ ਗਿਆ। ਜਿਸ ਵੇਲੇ ਉਹਨੇ ਸੋਗ ਦੇ ਕਪੜੇ ਪਾਏ, ਉਹ ਬੜਾ ਸੱਜ ਰਿਹਾ ਸੀ। ਉਹਦੀ ਮੱਠੀ ਤੋਰ, ਗੰਭੀਰ ਚਿਹਰਾ ਅਤੇ ਚੌੜਾ ਹੋਣ ਉਹਨੂੰ ਸਚਮੁਚ ਹੀ ਫਬ ਰਿਹਾ ਸੀ।

ਮੇਰੇ ਤੋਂ ਜੋ ਪ੍ਰਸ਼ਨ ਪੁਛੇ ਜਾ ਰਹੇ ਹਨ, ਅੰਤ ਵਿਚ ਮੈਂ ਉਹਨਾਂ ਦੇ ਵਾਰੀ ਵਾਰੀ ਉਤਰ ਦੇ ਰਹੀ ਹਾਂ: _ (1) ਨਾ ਮੇਰੇ ਅਤੇ ਨਾ ਹੀ ਦੂਜੀ ਨੌਕਰਾਣੀ ਦੇ ਸਾਹਮਣੇ ਸਾਡੇ ਮਾਲਕ ਨੇ ਲੇਡੀ ਗਲਾਈਡ ਨੂੰ ਕੋਈ ਦਵਾਈ ਦਿਤੀ।

(2) ਜਿਥੇ ਤੀਕ ਮੈਨੂੰ ਪਤਾ ਹੈ, ਉਹ ਲੇਡੀ ਗਲਾਈਡ ਦੇ ਕਮਰੇ ਵਿਚ ਇਕੱਲਾ ਇਕ ਮਿੰਟ ਵੀ ਨਹੀਂ ਰਿਹਾ।

(3) ਮਾਲਕਣ ਨੇ ਜੋ ਸਾਨੂੰ ਦਸਿਆ ਸੀ ਕਿ ਆਉਂਦਿਆਂ ਹੀ ਲੇਡੀ ਗਲਾਈਡ ਅਚਾਨਕ ਬਹੁਤ ਭੈ-ਭੀਤ ਹੋ ਗਈ ਸੀ, ਉਸ ਦਾ ਕਾਰਣ ਮੈਂ ਨਹੀਂ ਦਸ ਸਕਦੀ ਇਸ ਕਾਰਣ ਬਾਰੇ ਸਾਡੇ ਨਾਲ ਕਿਸੇ ਨੇ ਕੋਈ ਜ਼ਿਕਰ ਨਹੀਂ ਕੀਤਾ ਸੀ।

ਇਹ ਬਿਆਨ ਮੈਨੂੰ ਪੜ੍ਹ ਕੇ ਸੁਣਾਇਆ ਗਿਆ ਹੈ। ਮੈਂ ਇਸ ਵਿਚ ਹੋਰ ਕੁਝ ਨਹੀਂ ਲਿਖਣਾ- ਅਤੇ ਮੈਂ ਇਕ ਚੰਗੇ ਈਸਾਈ ਵਾਂਗ ਸੌਂਹ ਖਾ ਕੇ ਕਹਿੰਦੀ ਹਾਂ ਇਹ ਜੋ ਮੈਂ ਕਿਹਾ ਹੈ, ਇਸ ਦਾ ਇਕ ਇਕ ਸ਼ਬਦ ਸੱਚ ਹੈ।

(ਇਥੇ ਉਸ ਦੇ ਅੰਗੂਠੇ ਦਾ ਨਿਸ਼ਾਨ ਹੈ)      ਹੈਸਟਰ ਪਿਨ ਹਰਨ+

……      ……      …….

2 ਡਾਕਟਰ ਦਾ ਬਿਆਨ।

ਇਸ ਜ਼ਿਲੇ ਦੇ ਰਜਿਸਟਰਾਰ ਨੂੰ ਜਿਸ ਦੇ ਦਫਤਰ ਵਿਚ ਹੇਠ ਲਿਖੀ ਮੌਤ ਦਰਜ ਹੈ।-ਮੈਂ ਲੇਡੀ ਗਲਾਈਡ ਨੂੰ ਡਾਕਟਰੀ ਸਹਾਇਤਾ ਦਿਤੀ ਸੀ, ਉਸ ਦੀ ਉਮਰ ਉਹਦੇ ਪਿਛਲੇ ਜਨਮ ਦਿਨ ਤੇ ਇਕੀ ਸਾਲ ਦੀ ਹੋਈ ਸੀ, ਮੈਂ ਉਸ ਨੂੰ ਅੰਤਮ ਵਾਰ ਪੰਝੀ ਜੁਲਾਈ, 1850 ਨੂੰ ਵੇਖਿਆ ਅਤੇ ਉਹ ਉਸੇ ਸ਼ਾਮ ਨੂੰ ਹੀ ਸਵਰਗਵਾਸ ਹੋ ਗਈ। ਉਹਨੇ 5, ਫੋਰੈਸਟ ਰੋਡ, ਸੈਂਟ ਜਾਨਸ ਵੁਡ, ਵਿਚ ਹੀ ਆਪਣੇ ਪ੍ਰਾਣ ਤਿਆਗੇ। ਦਿਲ ਦੀ ਬੀਮਾਰੀ, ਉਹਦੀ ਮੌਤ ਦਾ ਕਾਰਣ ਸੀ ਪਰ ਇਹ ਬੀਮਾਰੀ ਕਿੰਨੀ ਪੁਰਾਣੀ ਸੀ, ਇਸ ਬਾਰੇ ਮੈਨੂੰ ਕੁਝ ਪਤਾ ਨਹੀਂ।

(ਦਸਤਖਤ) ਪ੍ਰੋਫੈਸਰ ਐਲਫਰਡ ਗੁਡਰਿਕ

ਐਮ, ਆਰ. ਸੀ. ਐਸ.

ਇੰਗਲੈਂਡ ਐਲ, ਐਸ. ਏ.

12 ਕਰਾਏਡਨ ਗਾਰਡਨਜ਼ ਸੇਂਟ ਜਾਨਸ ਵਡ।

ਜੇਨ ਗੋਲਡ ਦਾ ਬਿਆਨ।

3, ਉਪਰ ਲਿਖੇ ਸਰਟੀਫਿਕੇਟ ਵਿਚ ਲਿਖੇ ਪਤੇ ਉਤੇ ਮੈਨੂੰ ਮਿਸਟਰ ਗੁਡਰਿਕ ਨੇ ਭੇਜਿਆ। ਤਾਂ ਜੋ ਸਵਰਗਵਾਸੀ ਲੇਡੀ ਗਲਾਈਡ ਦੀਆਂ ਅੰਤਮ ਰਸਮਾਂ ਪੂਰੀਆਂ ਕਰਾਂ। ਜਦੋਂ ਮੈਂ ਪਹੁੰਚੀ ਤਾਂ ਕੁਕ ਹੈਸਟਰ ਪਿਨਹਰਨ ਕਮਰੇ ਵਿਚ ਬੈਠੀ ਸੀ, ਮੈਂ ਉਸ ਵੇਲੇ ਲਾਸ਼ ਨੂੰ ਕਫਨ ਲਈ ਤਿਆਰ ਕੀਤਾ। ਮੇਰੇ ਸਾਹਮਣੇ ਹੀ ਲਾਸ਼ ਨੂੰ ਕਫਨ ਵਿਚ ਲਿਟਾਇਆ ਗਿਆ ਅਤੇ ਬੰਦ ਕੀਤਾ ਗਿਆ। ਇਸ ਤੋਂ ਮਗਰੋਂ ਉਨ੍ਹਾਂ ਮੈਨੂੰ ਮੇਰੇ ਪੈਸੇ ਦਿੱਤੇ, ਅਤੇ ਮੈਂ ਉਥੇ ਚਲੀ ਆਈ। ਜੇ ਮੇਰੇ ਬਾਰੇ ਕੁਝ ਪੁੱਛਣਾ ਚਾਹੁੰਦੇ ਹਨ, ਓਹ ਮਿਸਟਰ ਡਰਿਕ ਕੋਲੋਂ ਪੁਛ ਸਕਦੇ ਹਨ। ਉਹ ਇਸ ਗੱਲ ਦੀ ਗਵਾਹੀ ਦੇਣਗੇ ਕਿ ਮੈਂ ਸੱਚ ਹੀ ਬੋਲ ਰਹੀ ਹਾਂ।

(ਦਸਤਖਤ) ਜੇਨ ਗੱਲਡ।

4. ਕਬਰ ਉਪਰ ਲੱਗੇ ਪਥਰ ਉਤੇ ਉਕਰੀ ਹੋਈ ਇਬਾਰਤ ਬਲੈਕਵਾਟਰ ਪਾਰਕ, ਹੈਂਪਸ਼ਾਇਰ ਦੇ ਬੈਰਨ, ਸਰ ਪਰਸੀਵਲ ਗਲਾਈਡ ਦੀ ਪਤਨੀ, ਅਤੇ ਲਿਮਰਿਜ ਹਾਊਸ ਦੇ ਸਵਰਗਵਾਸੀ ਮਿਸਟਰ ਫ਼ਿਲਪ ਫੇਅਰਲੀ ਦੀ ਪੁਤਰੀ ਲਾਰਾ ਲੇਡੀ ਗਲਾਈਡ ਦੀ ਪੱਵਿਤਰ ਯਾਦ ਵਿਚ ਇਹ ਪੱਥਰ ਹੈ। ਜਨਮ, 27 ਮਾਰਚ 1829 ਵਿਆਹ, 22 ਦਸੰਬਰ 1849, ਮੌਤ, 25 ਜੁਲਾਈ, 1850।

5. ਵਾਲਟਰ ਹਾਰਟ ਰਾਈਟ ਦਾ ਬਿਆਨ।

1850 ਦੀ ਗਰਮੀ ਦੇ ਸ਼ੁਰੂ ਵਿਚ, ਮੈਂ ਅਤੇ ਮੇਰੇ ਉਹ ਸਾਥੀ ਜੋ ਮੌਤ ਦੇ ਪੰਜੇ ਤੋਂ ਬਚ ਗਏ ਸਨ, ਮਧ ਅਮਰੀਕਾ ਦੇ ਘਣੇ ਜੰਗਲਾਂ ਨੂੰ ਛੱਡ ਕੇ ਘਰ ਵੱਲ ਰਵਾਨਾ ਹੋਏ। ਅਸੀਂ ਸਮੁੰਦਰ ਕਿਨਾਰੇ ਪਹੁੰਚ ਕੇ ਜਹਾਜ਼ ਉਤੇ ਬੈਠੇ। ਮੈਕਸੀਕੋ ਦੀ ਖਾੜੀ ਵਿਚ ਇਹ ਜਹਾਜ਼ ਡੁਬ ਗਿਆ, ਮੈਂ ਕੁਝ ਹੋਰ ਸਾਥੀਆਂ ਸਣੇ ਬਚ ਗਿਆ। ਇਹ ਤੀਸਰੀ ਵਾਰ ਸੀ ਕਿ ਮੈਂ ਮੌਤ ਤੋਂ ਵਾਲ ਵਾਲ ਬਚਿਆ। ਪਹਿਲੀ ਵਾਰ ਬੀਮਾਰੀ ਨੇ ਸਾਡੇ ਉਤੇ ਹਮਲਾ ਕੀਤਾ, ਮੈਂ ਬਚ ਗਿਆ। ਦੂਜੀ ਵਾਰ ਇੰਨੀਅਨਜ਼ ਨੇ ਹਮਲਾ ਕੀਤਾ,- ਮੈਂ ਬਚ ਗਿਆ। ਤੀਜੀ ਵਾਰ ਇਹ ਜਹਾਜ਼ ਡੁਬਿਆ, ਮੈਂ ਤਾ ਵੀ ਬਚ ਗਿਆ। ਤਿੰਨੋਂ ਵਾਰੀ ਮੌਤ ਮੇਰੇ ਨੇੜਿਓਂ ਲੰਘੀ, ਪਰ ਮੇਰੇ ਤੇ ਉਹਨੇ ਨਜ਼ਰ ਨਹੀਂ ਸੁਟੀ।

ਇਕ ਅਮਰੀਕੀ ਜਹਾਜ਼ ਨੇ ਜੋ ਲਿਵਰਪੂਲ ਵੱਲ ਜਾ ਰਿਹਾ ਸੀ, ਸਾਨੂੰ ਬਚਾਇਆ। ਅਸੀਂ ਤੇਰਾਂ ਅਕਤੂਬਰ 1850 ਨੂੰ ਲਿਵਰਪੂਲ ਪੁਜੇ ਅਤੇ ਮੈਂ ਉਸੇ ਰਾਤ ਲੰਡਨ ਪੁਜ ਗਿਆ।

ਇਨ੍ਹਾਂ ਪੰਨਿਆਂ ਵਿਚ ਮੈਂ ਆਪਣੀ ਮੁਹਿੰਮ ਦਾ ਹਾਲ ਨਹੀਂ ਲਿਖਾਂਗਾ। ਮੈਂ ਆਪਣਾ ਦੇਸ਼ ਅਤੇ ਮਿੱਤਰਾਂ ਪਿਆਰਿਆਂ ਨੂੰ ਕਿਉਂ ਛੱਡ ਕੇ ਗਿਆ ਸਾਂ, ਇਹ ਕਾਰਣ ਮੈਂ ਪਹਿਲਾਂ ਦੀ ਦਸ ਚੁੱਕਾ ਹਾਂ। ਏਨੇ ਖਤਰੇ ਭਰੀ ਜ਼ਿੰਦਗੀ ਮੈਂ' ਜਾਣ ਬੁਝ ਕੇ ਸਹੇੜੀ ਸੀ। ਉਸ ਦੇਸ਼ ਨਿਕਾਲੇ ਦੇ ਅਸਰ ਹੇਠ ਮੈਂ ਹੋਰ ਹੀ ਮਨੁੱਖ ਬਣ ਕੇ ਆਇਆ। ਮੈਂ ਇਹੀ ਅਰਦਾਸ ਕਰਦਾ ਸਾਂ, ਅਤੇ ਆਸ ਕਰਦਾ ਸਾਂ, ਕਿ ਮੇਰੇ ਵਿਚ ਕੁਝ ਤਬਦੀਲੀ ਆਵੇ। ਨਵੀਂ ਤਰ੍ਹਾਂ ਦੀ ਜ਼ਿੰਦਗੀ ਨੇ ਮੈਨੂੰ ਆਪਣੇ ਰੰਗ ਵਿਚ ਰੰਗ ਦਿੱਤਾ। ਉਥੇ ਜੋ-ਮੈਂ ਖਤਰੇ ਦਾ ਸਾਹਮਣਾ ਕਰਦਾ ਰਿਹਾ, ਉਸ ਨਾਲ ਮੇਰਾ ਦਿਲ ਪੱਕਾ ਹੋ ਗਿਆ ਸੀ, ਮੈਂ ਹਠੀ ਹੋ ਗਿਆ ਸਾਂ, ਅਤੇ ਆਪਣੇ ਆਪ ਵਿਚ ਮੇਰਾ ਵਿਸ਼ਵਾਸ ਦ੍ਰਿੜ ਹੋ ਚੁੱਕਾ ਸੀ। ਜਦੋਂ ਮੈਂ ਗਿਆ ਸਾਂ ਤਾਂ ਆਪਣੇ ਭਵਿਸ਼ ਤੋਂ ਅੱਖਾਂ ਚੁਰਾ ਕੇ ਗਿਆ ਸਾਂ, ਪਰ ਹੁਣ ਮੈਂ ਮੁਕਾਬਲਾ ਕਰਨ ਲਈ ਤਿਆਰ ਹੋ ਕੇ ਆਇਆ ਸਾਂ।

ਇਹ ਮੈਂ ਜਾਣਦਾ ਸਾਂ ਕਿ ਮੈਨੂੰ ਹੁਣ ਆਪਣੇ ਆਪ ਤੇ ਸਾਬਤ ਕਰ ਨਾ ਪਵੇਗਾ, ਪਰ ਮੇਰੇ ਦਿਲ ਵਿਚ ਹੁਣ ਕਿਸੇ ਲਈ ਵੀ ਕੋਈ ਗਿਲਾ ਜਾਂ ਸ਼ਿਕਾਇਤ ਨਹੀਂ ਸੀ। ਪਰ ਉਹ ਪਿਆਰ ਤੇ ਉਸ ਅਸਫਲ ਪਿਆਰ ਦੀ ਨਿਰਾਸ਼ਾ ਦੀ ਯਾਦ ਮੇਰੇ ਦਿਲ ਵਿਚ ਉਂਜ ਹੀ ਪਲ ਰਹੀ ਸੀ। ਪਰ ਮੈਂ ਹੁਣ ਸਹਿੰਦੜ ਹੋ ਗਿਆ ਸਾਂ, ਜਦੋਂ ਮੈਂ ਇੰਗਲੈਂਡ ਨੂੰ ਵਿਦਾ ਕਹੀ ਸੀ, ਤਾਂ ਵੀ ਲਾਰਾ ਮੇਰੇ ਖਿਆਲਾਂ ਵਿਚ ਸੀ ਅਤੇ ਹੁਣ ਜਦੋਂ ਮੈਂ ਆਪਣੇ ਦੇਸ਼ ਪਰਤਿਆ ਤੇ ਉਹ ਪਿਆਰਾ ਸਮੁੰਦਰ ਦਾ ਕਿਨਾਰਾ ਸੂਰਜ ਦੀ ਰੋਸ਼ਨੀ ਵਿਚ ਚਮਕਦਾ ਦਿਸਿਆ, ਤਾਂ ਵੀ ਲਾਰਾ ਮੇਰੇ ਦਿਲ ਦੀ ਮਾਲਕ ਸੀ।

ਹੁਣ ਮੈਂ ਵੀ ਉਹਨੂੰ ਲਾਰਾ ਫ਼ੇਅਰਲੀ ਦੇ ਨਾਂ ਨਾਲ ਯਾਦ ਕਰਦਾ ਹਾਂ। ਮੈਂ ਉਹਨੂੰ ਹੋਰ ਕਿਸੇ ਨਾਂ ਨਾਲ ਯਾਦ ਨਹੀਂ ਕਰ ਸਕਦਾ --ਮੈਂ' ਉਹਦੇ ਪਤੀ ਦਾ ਨਾਂ ਉਹਦੇ ਨਾਂ ਨਾਲ ਨਹੀਂ ਜੋੜ ਸਕਦਾ।

ਮੈਂ ਦੂਜੀ ਵਾਰ ਇਸ ਕਹਾਣੀ ਦੇ ਵਰਨਣ ਵਿਚ ਕਿਉਂ ਆਇਆ ਹਾਂ। ਇਹ ਕਾਰਣ ਹੁਣ ਮੈਂ ਨਹੀਂ ਦਸ ਸਕਦਾ, ਪਰ ਜੇ ਮੇਰੇ ਵਿਚ ਹਿੰਮਤ ਹੋਈ ਤਾਂ ਮੈਂ ਇਸ ਨੂੰ ਅੱਗੇ ਤੋਰਾਂਗਾ।

ਸਭ ਤੋਂ ਪਹਿਲਾਂ ਮੇਰਾ ਧਿਆਨ ਆਪਣੀ ਭੈਣ ਤੇ ਮਾਂ ਵੱਲ ਗਿਆ। ਮੈਂ ਉਨ੍ਹਾਂ ਨੂੰ ਅਚਾਨਕ ਹੀ ਜਾ ਕੇ ਨਹੀਂ ਸਾਂ ਮਿਲਣਾ ਚਾਹੁੰਦਾ ਕਿਉਂਕਿ ਕਈ ਮਹੀਨਿਆਂ ਤੋਂ ਉਨ੍ਹਾਂ ਨੂੰ ਮੇਰੀ

ਕੋਈ ਚਿੱਠੀ ਨਹੀਂ ਸੀ ਆਈ, ਮੈਂ ਇਹ ਸੋਚ ਕੇ, ਕਿ ਮੈਨੂੰ ਉਨ੍ਹਾ ਦਾ ਤ੍ਰਾਹ ਨਹੀਂ ਕੱਢਣਾ ਚਾਹੀਦਾ, ਮੈਂ ਹੈਂਪਸਟੈਂਡ ਕਾਟਜ ਸਵੇਰੇ ਹੀ ਚਿੱਠੀ ਪਾਈ ਅਤੇ ਉਸ ਤੋਂ ਇਕ ਘੰਟਾ ਮਗਰੋਂ ਆਪ ਵੀ ਚਲ ਪਿਆ।

ਜਦੋਂ ਮਿਲਣ ਦਾ ਪਹਿਲਾ ਜੋਸ਼ ਜਰਾ ਠੰਢਾ ਹੋਇਆ, ਅਤੇ ਅਸੀਂ ਜਰਾ ਕੁ ਸਾਵੇਂ ਹੋਏ, ਤਾਂ ਮੈਨੂੰ ਆਪਣੀ ਮਾਂ ਦੇ ਮੂੰਹ ਤੋਂ ਕੋਈ ਅਜੀਬ ਜੇਹਾਂ ਭਾਵ ਦਿਸਿਆ। ਉਹਦੇ ਚਿਹਰੇ ਤੋਂ ਜਾਪਦਾ ਸੀ ਕਿ ਉਹਦੇ ਅੰਦਰ ਕੋਈ ਅਣਬਲਿਆ, ਅਣਦਸਿਆ ਫਿਕਰ ਹੈ। ਉਹ ਅਖੀਆਂ ਜੋ ਮੇਰੇ ਵੱਲ ਏਨੇ ਪਿਆਰ ਨਾਲ ਵੇਖ ਰਹੀਆਂ ਸਨ, ਉਨ੍ਹਾਂ ਵਿਚ ਇਕ ਦੁਖ ਵੀ ਛਲਕਦਾ ਸੀ। ਉਹ ਹੱਥ ਜੋ ਮੈਨੂੰ ਪਿਆਰ ਨਾਲ ਘੜੀ ਘੜੀ ਪਲੋਸ ਰਿਹਾ ਸੀ, ਉਸ ਵਿਚ ਮੇਰੇ ਲਈ ਤਰਸ ਵੀ ਸੀ। ਅਸੀਂ ਅੱਜ ਤਕ ਕੋਈ ਵੀ ਗੱਲ ਇਕ ਦੂਜੇ ਕੋਲੋਂ ਨਹੀਂ ਛੁਪਾਈ ਸੀ। ਉਹ ਜਾਣਦੀ ਸੀ, ਕਿ ਕਿਵੇਂ ਪਿਆਰ ਵਿਚ ਮੈਨੂੰ ਨਿਰਾਸ਼ਾ ਹੋਈ ਸੀ, ਉਹਨੂੰ ਪਤਾ ਸੀ ਕਿ ਮੈਂ ਉਹਨੂੰ ਕਿਉਂ ਛਡ ਕੇ ਗਿਆ ਸਾਂ, ਮੇਰੇ ਬੁਲਾਂ ਤੇ ਕਿੰਨੀ ਵਾਰ ਇਹ ਗੱਲ ਆਈ ਕਿ ਮੈਂ ਮਾਂ ਕੋਲੋਂ ਪੁਛਾਂ, ਕਿ ਕਿਧਰੇ ਮਿਸ ਹਾਲਕੌਂਬ ਦੀ ਕੋਈ ਚਿੱਠੀ ਤੇ ਨਹੀਂ ਆਈ, ਜਾਂ ਕੀ ਉਹਦੀ ਭੈਣ ਦੀ ਕੋਈ ਖਬਰ ਆਈ ਹੈ, ਪਰ ਮੈਂ ਮਾਂ ਦੇ ਮੂੰਹ ਵੱਲ ਦੇਖਦਾ ਤੇ ਮੇਰਾ ਹੌਸਲਾ ਨਾ ਪੈਂਦਾ ਕਿ ਮੈਂ ਵੱਲ ਫੇਰ ਪਾ ਕੇ ਵੀ ਇਹ ਗੱਲ ਪੁੱਛਾ। ਮੈਂ ਰਤਾ ਥਿੜਕਦਿਆਂ ਇਹ ਹੀ ਪੁੱਛਿਆ -'ਮਾਂ, ਕਿ ਤੁਸੀਂ ਮੈਨੂੰ ਕੁਝ ਕਹਿਣਾ ਚਾਹੁੰਦੇ ਹੋ?" ਮੇਰੀ ਭੈਣ, ਜੋ ਸਾਹਮਣੇ ਬੈਠੀ ਹੋਈ ਸੀ। ਇਕਾਇਕ ਬਿਨ੍ਹਾਂ ਕੱਝ ਕਹੇ ਉਥੋਂ ਉਠ ਕੇ ਚਲੀ ਗਈ। ਮੇਰੀ ਮਾਂ ਮੇਰੇ ਨੇੜੇ ਸੋਫੇ ਤੇ ਆ ਕੇ ਬਹਿ ਗਈ ! ਤੇ ਮੈਨੂੰ ਘੁਟ ਕੇ ਗਲਵਕੜੀ ਪਾ ਲਈ ਅਤੇ ਮੇਰਾ ਸਿਰ ਉਹਨੇ ਆਪਣੀ ਛਾਤੀ ਤੇ ਰੱਖ ਲਿਆ। ਉਹਦੀਆਂ ਬਾਹਵਾਂ ਕੰਬ ਰਹੀਆਂ ਸਨ ਅਤੇ ਉਹਦੀਆਂ ਅੱਖਾਂ ਵਿਚ ਹੰਝੂ ਵਹਿ ਰਹੇ ਸਨ, ਉਹਨੇ ਮੇਰੇ ਕੰਨਾ ਕੋਲ ਹੌਲੀ ਜਿਹੀ ਕਿਹਾ-

,ਵਾਲਟਰ -ਮੇਰੇ ਬੱਚੇ, ਮੈਂ ਤੇਰੇ ਦੁਖ ਵਿਚ ਬਹੁਤ ਦੁਖੀ ਹਾਂ ! ਮੇਰੇ ਬੱਚੇ ! ਮੇਰੇ ਲਾਡਲੇ !--ਇਹ ਯਾਦ ਰਖੀ, ਕਿ ਮੈਂ ਅਜੇ ਜੀਉਂਦੀ ਹਾਂ।

ਮੇਰਾ ਸਿਰ ਉਹਦੀ ਛਾਤੀ ਨਾਲ ਘੁਟਿਆ ਗਿਆ। ਉਹਨੇ ਇਨ੍ਹਾਂ ਸ਼ਬਦਾਂ ਵਿਚ ਸਭ ਕੁਝ ਕਹਿ ਦਿਤਾ ਸੀ। ਮੈਨੂੰ ਆਇਆਂ ਤੀਜਾ ਦਿਨ ਹੋ ਚੁਕਾ ਸੀ। ਉਸ ਦਿਨ ਸੋਲਾਂ ਅਕਤੂਬਰ ਸੀ। ਮੈਂ ਇਸ ਦਿਨ ਮਾਂ ਕੋਲ ਹੀ ਸਾਂ। ਮੈਂ ਉਨ੍ਹਾਂ ਨੂੰ ਦੁਖੀ ਨਹੀਂ ਸਾਂ ਕਰਨਾ ਚਾਹੁੰਦਾ, ਮੈਂ ਤੇ ਦੁਖੀ

ਹਾਂ ਹੀ ਸੀ। ਮੈਂ ਇਸ ਸਦਮੇ ਨੂੰ ਬਰਦਾਸਤ ਕਰਕੇ ਰੱਬ ਦਾ ਭਾਣਾ ਮੰਨਣਾ ਚਾਹੁੰਦਾ ਸਾਂ: ਮੈਂ ਚਾਹੁੰਦਾ ਸਾਂ, ਮੇਰੇ ਅੰਦਰ ਨਿਰਾਸ਼ਾ ਦੀ ਕਾਲੀ ਰਾਤ ਨਾ ਪਵੇ--ਪਰ ਕੋਈ ਫਾਇਦਾ ਨਹੀਂ ਸੀ ਕੋਸ਼ਿਸ਼ ਕਰਨ ਦਾ। ਮੇਰੀਆਂ ਅੱਖਾਂ ਪੀੜ ਕਰ ਰਹੀਆਂ ਸਨ, ਪਰ ਹੰਝੂ ਮੇਰੇ ਦਿਲ ਵਿਚੋਂ ਨਹੀਂ ਸਨ ਨਿਕਲਦੇ। ਮੇਰੇ ਅੰਦਰ ਉਹ ਪਿਆਰ ਦਾ ਸੋਮਾ ਸੁੱਕ ਗਿਆ ਸੀ: ਭੈਣ ਦੀ ਹਮਦਰਦੀ ਅਤੇ ਮਾਂ ਦਾ ਪਿਆਰ ਮੈਨੂੰ ਦੁੱਖ ਦੀ ਅੰਨੀ ਹਨੇਰੀ ਤੋਂ ਨਹੀਂ ਸੀ ਬਚਾ ਸਕਿਆ।

ਉਸ ਤੀਜੇ ਦਿਨ ਦੀ ਸਵੇਰ ਮੈਂ ਉਨ੍ਹਾਂ ਨਾਲ ਆਪਣੇ ਦਿਲ ਦੀ ਗੱਲ ਕੀਤੀ। ਮੈਂ ਇਹ ਗੱਲ ਉਸੇ ਦਿਨ ਹੀ ਕਹਿਣਾ ਚਾਹੁੰਦਾ ਸਾਂ, ਜਿਸ ਦਿਨ ਮੇਰੀ ਮਾਂ ਨੇ ਮੈਨੂੰ ਇਹ ਗਮਨਾਕ ਖਬਰ ਸੁਣਾਈ ਸੀ। ਮੈਂ ਕਿਹਾ :

"ਮੈਨੂੰ ਇਕ ਵਾਰ ਇਕੱਲਿਆਂ ਉਥੇ ਜਾਣ ਦਿਉ ! ਮੈਂ ਇਕ ਵਾਰ ਉਸ ਥਾਂ ਤੇ ਹੋ ਆਵਾਂ ਜਿਥੇ ਮੈਂ ਉਹਨੂੰ ਪਹਿਲੀ ਵਾਰ ਵੇਖਿਆ ਸੀ; ਮੈਂ ਉਹਦੀ ਕਬਰ ਕੋਲ ਅਰਦਾਸ ਕਰ ਆਵਾਂ, ਤਾਂ ਸ਼ਾਇਦ ਇਹ ਸਦਮਾ ਮੈਂ ਸਹਿ ਲਵਾਂ।"

ਮੈਂ ਇਸ ਨਵੇਂ ਅਤੇ ਅਨੋਖੇ ਸਫਰ ਲਈ ਨਿਕਲ ਪਿਆ। ਲਾਰਾ ਫ਼ੇਅਰਲੀ ਦੀ ਕਬਰ ਵੇਖਣ ਲਈ ਘਰੋਂ ਤੁਰ ਪਿਆ।

ਪਤਝੜ ਦੀ ਤਿਪਹਿਰ ਸੀ, ਜਦੋਂ ਮੈਂ ਉਸ ਸੰਨ-ਸਾਨ ਸਟੇਸ਼ਨ ਤੇ ਪੁੱਜਾ। ਉਸ ਜਾਣੀ ਪਛਾਣੀ ਸੜਕ ਤੇ ਮੈਂ ਤੁਰ ਪਿਆ। ਢਲਦਾ ਸੂਰਜ ਚਿੱਟੇ ਬੱਦਲਾਂ ਵਿਚੋਂ ਕਦੀ ਕਦੀ ਤਾਕ ਲੈਂਦਾ ਸੀ; ਹਵਾ ਭਾਰੀ ਅਤੇ ਗਰਮ ਸੀ; ਸਭ ਪਾਸੇ ਚੁੱਪ-ਚਾਪ ਸੀ ਅਤੇ ਸਰਦੀ ਦੇ ਨੇੜੇ ਆਉਣ ਦੇ ਨਾਲ ਨਾਲ ਉਦਾਸੀ ਛਾਈ ਹੋਈ ਸੀ।

ਮੈਂ ਬੀੜ ਤਕ ਪਹੁੰਚਿਆ; ਮੈਂ ਪਹਾੜੀ ਦੇ ਸਿਰੇ ਤੇ ਖੜ ਕੇ ਵੇਖਿਆ, ਮੈਂ ਅਖੀਰ ਘਰ ਦੇ ਨੇੜੇ ਪੁੱਜ ਰਿਹਾ ਸਾਂ। ਦੂਰ ਕਰਕੇ ਲਿਮਰਿਜ ਹਾਊਸ ਦੇ ਬਗੀਚੇ ਦੇ ਦਰੱਖਤ ਦਿੱਸ ਰਹੇ ਸਨ; ਲਿਮਰਿਜ ਹਾਊਸ ਦੀਆਂ ਉਚੀਆਂ ਚਿੱਟੀਆਂ ਕੰਧਾਂ ਸਾਹਮਣੇ ਹੀ ਨਜ਼ਰ ਆ ਰਹੀਆਂ ਸਨ। ਮੈਂ ਉਸ ਪਗਡੰਡੀ ਵੱਲ ਵੇਖਿਆ; ਪਿਛਲੇ ਮਹੀਨਿਆਂ ਵਿਚ ਜਦ ਪਰਦੇਸਾਂ ਵਿਚ ਮੈਂ ਏਨੀਆਂ ਮੁਸੀਬਤਾਂ ਅਤੇ ਖਤਰਿਆਂ ਦੇ ਮੂੰਹ ਵਿਚ ਰਿਹਾ ਸਾਂ; ਉਹ ਸਮਾਂ ਅੱਜ ਇਸ ਇਕ ਘੜੀ ਵਿਚ ਕਿਧਰੋਂ ਮੇਰੇ ਜੀਵਨ ਵਿਚੋਂ ਅਲੋਪ ਹੀ ਹੋ ਗਿਆ। ਮੈਨੂੰ ਲੱਗਾ ਕਿ ਮੈਂ ਇਥੋਂ ਕਦੀ ਗਿਆ ਹੀ ਨਹੀਂ; ਅਜੇ ਕੱਲ੍ਹ ਹੀ ਤਾਂ ਮੈਂ ਇਸ ਸੁਗੰਧੀਆਂ ਭਰੀ ਪੌਣ ਵਿਚ ਸਾਹ ਲੈ ਰਿਹਾ ਸਾਂ,

ਅਜੇ ਕੱਲ੍ਹ ਹੀ ਮੈਂ ਇਸ ਨਿੱਘੀ ਸੜਕ ਤੇ ਤੁਰਦਾ ਫਿਰਦਾ ਸਾਂ। ਮੈਨੂੰ ਲੱਗਾ ਕਿ ਉਹ ਵੀ ਆਉਂਦੀ ਹੋਵੇਗੀ - ਹੱਥ ਵਿਚ ਸਕੈੱਚ ਬੁਕ ਫੜੀ, ਸਿਧੇ ਸਾਦੇ ਲਿਬਾਸ ਵਿਚ; ਸਟਰਾਅ ਹੈਟ ਦੀ ਛਾਂ ਵਿਚ ਆਪਣਾ ਮੂੰਹ ਛਿਪਾਈ; ਉਹ ਵੀ ਜ਼ਰੂਰ ਮੈਨੂੰ ਮਿਲਣ ਆਉਂਦੀ ਹੋਵੇਗੀ।

ਓ ਮੌਤ ! ਤੂੰ ਬੜੀ ਬਲਵਾਨ ਹੈਂ- ! ਹੇ ਕਬਰ ! ਅੰਤ ਤੂੰ ਹੀ ਜੇਤੂ ਹੈਂ !

ਮੈਂ ਇਕ ਪਾਸੇ ਮੁੜ ਪਿਆ, ਅਤੇ ਉਹ ਥੱਲੇ ਖੱਡ ਵਿਚ ਸੁੰਨਾ ਗਿਰਜਾ ਸੀ; ਉਹ ਪੋਰਚ ਸੀ ਜਿਥੇ ਮੈਂ ਉਸ ਚਿੱਟੇ ਕੱਪੜਿਆਂ ਵਾਲੀ ਕੁੜੀ ਦੀ ਉਡੀਕ ਕੀਤੀ ਸੀ; ਉਹ ਪਹਾੜੀ, ਜੋ ਕਬਰਸਤਾਨ ਦੇ ਆਲੇ ਦੁਆਲੇ ਸੀ, ਉਹ ਵਹਿੰਦਾ ਨਾਲਾ; ਜਿਸਦਾ ਪਾਣੀ ਹੁਣ ਠੰਢਾ ਠਾਰ ਸੀ ਸਭ ਮੇਰਾ ਪਛਾਣਿਆ ਸੱਦਿਆ ਸੀ। ਉਹ ਸੰਗਮਰਮਰ ਦਾ ਚਿੱਟਾ ਦੁੱਧ ਕਰਾਸ ਸੀ, ਉਹ ਕਬਰ ਸੀ; ਜਿਥੇ ਮਾਵਾਂ ਧੀਆਂ ਚਲ ਕੇ ਸੌਂ ਗਈਆਂ ਸਨ।

ਮੈਂ ਕਬਰ ਦੇ ਨੇੜੇ ਪਹੁੰਚਿਆ, ਮੈਂ ਇਕ ਵਾਰ ਫਿਰ ਉਹ ਪੱਥਰ ਦੀ ਭੈਣੀ ਟੱਪੀ ਅਤੇ ਕਬਰਸਤਾਨ ਵਿਚ ਵੜਦਿਆਂ ਹੀ ਆਪਣਾ ਹੈੱਟ ਉਤਾਰ ਦਿੱਤਾ। ਇਥੇ ਮੇਰੇ ਦੁੱਖ ਦੀ ਪਵਿੱਤਰ ਯਾਦ ਸੀ।

ਮੈਂ ਉਸ ਕਰਾਸ ਕੋਲ ਝੁਕਿਆ। ਉਸ ਦੇ ਇਕ ਪਾਸੇ ਇਕ ਨਵਾਂ ਪੱਥਰ ਸੀ, ਜਿਸ ਉਤੇ ਕਾਲੇ ਲਿਖੇ ਅੱਖਰਾਂ ਨੇ ਮੈਨੂੰ ਨਾਗ ਵਾਂਗ ਡਸਿਆ। ਇਨ੍ਹਾਂ ਅੱਖਰਾਂ ਵਿਚ ਉਹਦੀ ਜ਼ਿੰਦਗੀ ਦੀ ਕਹਾਣੀ ਸੀ, ਮੈਂ ਉਨ੍ਹਾਂ ਨੂੰ ਪੜ੍ਹਨ ਦਾ ਯਤਨ ਕੀਤਾ? ਮੈਂ ਬੱਸ ਉਹਦੇ ਨਾਂ ਤਕ ਹੀ ਪੜ੍ਹ ਸਕਿਆ, "ਲਾਰਾ ਦੀ ਯਾਦ... ' ਉਹਦੀਆਂ ਨੀਲੀਆਂ ਹੰਝੂਆਂ ਭਰੀਆਂ ਅੱਖਾਂ ਉਹਦਾ ਸੁਹਣਾ ਸਿਰ ਇਕ ਪਾਸੇ ਨੂੰ ਝੁਕਿਆ ਹੋਇਆ, ਉਹਦੇ ਉਹ ਨਿਰਦੋਸ਼ ਅਤੇ ਨਿਰਛੱਲ ਸਬਦ ਜੋ ਉਹਨੇ ਵਿਛੜਨ ਵੇਲੇ ਮੈਨੂੰ ਕਹੇ ਸਨ; ਮੈਨੂੰ ਇਹੀ ਕੁਛ ਯਾਦ ਆ ਰਿਹਾ ਸੀ- ਉਹਦੀ ਕਬਰ ਕੋਲ- ਕੋਈ ਹੋਰ ਸੁਖਾਵੀਂ ਯਾਦ ਮੇਰੇ ਨੇੜੇ ਨਹੀਂ ਸੀ ਲਗ ਰਹੀ। ਕਾਸ਼! ਉਹਨਾਂ ਖੁਸ਼ੀ ਭਰੇ ਦਿਨਾਂ ਦੀ ਹੋਰ ਕਿਸੇ ਘੜੀ ਦੀ ਯਾਦ ਅਜ ਮੇਰੇ ਨਾਲ ਹੁੰਦੀ ਇਹੀ ਯਾਦ ਮੈਂ ਆਪਣੇ ਨਾਲ ਦੇਸ਼ਾਂ ਪ੍ਰਦੇਸ਼ਾਂ ਵਿਚ ਲੈ ਗਿਆ ਸੀ। ਅਤੇ ਅਜ ਉਸ ਨਾਲ ਹੀ ਉਸ ਦੀ ਕਬਰ ਦੇ ਸਿਰਹਾਣੇ ਬੈਠਾ ਹੋਇਆ ਹਾਂ।

ਦੂਜੀ ਵਾਰ ਮੈਂ ਉਸ ਪੱਥਰ ਉਤੇ ਉਕਰੇ ਹੋਏ ਅਖਰਾਂ ਨੂੰ ਪੜ੍ਹਨ ਦਾ ਯਤਨ ਕੀਤਾ, ਅਖੀਰ ਵਿਚ ਉਹਦੀ ਮੌਤ ਦੀ ਤਾਰੀਖ਼ ਲਿਖੀ ਸੀ, ਅਤੇ ਬਸ ਮੈਂ ਹੋਰ ਨਾ ਪੜ੍ਹ ਸਕਿਆ।

ਉਹਦਾ ਉਥੋਂ ਉਕਰਿਆ ਹੋਇਆ ਨਾਂ ਮੇਰੀ ਆਤਮਾ ਦੇ ਪੜਛੇ ਲਾਹ ਰਿਹਾ ਸੀ। ਮੈਂ ਕਬਰ ਦੇ ਦੂਜੇ ਪਾਸੇ ਮੁੜ ਗਿਆ, ਜਿਥੇ ਪੜ੍ਹਨ ਨੂੰ ਕੁਛ ਨਹੀਂ ਸੀ ਜਿਥੋਂ ਮੈਂ ਨਿਧੜਕ ਉਹਦੀ ਆਤਮਾ ਨੂੰ ਗਲਵਕੜੀ ਵਿਚ ਲੈ ਸਕਦਾ ਸਾਂ, ਜਿਥੇ ਸਾਡੇ ਵਿਚਕਾਰ ਕੋਈ ਪੱਥਰ ਨਹੀਂ ਸੀ, ਬਸ ਉਹਦੀ ਅਤੇ ਮੇਰੀ ਆਤਮਾ ਸੀ।

ਮੈਂ ਕਬਰ ਕੋਲ ਗੋਡਿਆਂ ਪਰਨੇ ਬਹਿ ਗਿਆ। ਉਸ ਚਿੱਟੇ ਚੌੜੇ ਪੱਥਰ ਤੇ ਮੈਂ ਆਪਣਾ ਸਿਰ ਟੇਕ ਦਿੱਤਾ, ਆਪਣੀਆ ਬਾਹਾਂ ਪਸਾਰ ਦਿਤੀਆਂ; ਅਤੇ ਇਸ ਸਾਰੀ ਦੁਨੀਆਂ ਤੋਂ ਮੂੰਹ ਫੇਰ ਕੇ ਅੱਖਾਂ ਬੰਦ ਕਰ ਲਈਆਂ! ਮੇਰੇ ਨੇੜੇ ਹੁਣ ਆ ਜਾ, ਮੇਰੇ ਪਿਆਰ: ਹੁਣ ਮੇਰਾ ਦਿਲ ਤੇਰੇ ਨਾਲ ਖੁੱਲ ਕੇ ਗੱਲਾਂ ਕਰੇਗਾ ਅਸੀਂ ਕੱਲ੍ਹ ਹੀ ਤੇ ਅਜੇ ਵਿਛੜੇ ਹਾਂ; ਕੱਲ੍ਹ ਹੀ ਤੇਰਾ ਹੱਥ ਮੇਰੇ ਹੱਥ ਵਿਚ ਸੀ; ਕਲ ਹੀ ਤੇ ਮੈਂ ਤੈਨੂੰ ਅਖੀਰੀ ਵਾਰ ਵੇਖਿਆ ਸੀ ; ਹਾਇ ! ਮੇਰੇ ਪਿਆਰ !

-ਮੇਰੀ ਪਿਆਰੀ !

...... ...... ......

ਪਤਾ ਨਹੀਂ ਇੰਜ ਕਿੰਨਾ ਹੀ ਸਮਾਂ ਲੰਘ ਗਿਆ ਅਤੇ ਇਕ ਡੂੰਘੀ ਚੁੱਪ ਨੇ, ਚੁੱਪ ਰਾਤ ਵਾਂਗ ਆਪਣੀ ਚਾਦਰ ਤਾਣੀ ਹੋਈ ਸੀ !

ਪਹਿਲੀ ਆਵਾਜ਼ ਜੋ ਮੈਨੂੰ ਆਈ, ਉਹ ਸੀ ਕਿਸੇ ਕਪੜੇ ਦੀ ਸਰਸਰਾਹਟ ਦੀ ਜਿਵੇਂ ਕਬਰਸਤਾਨ ਦੇ ਘਾਹ ਉਤੇ ਹਵਾ ਦਾ ਝੋਕਾ ਰੁਮਕਿਆ ਹੋਵੇ; ਜਿਵੇਂ ਉਹ ਮੇਰੇ ਨੇੜੇ ਹੀ ਨੇੜੇ ਆ ਰਿਹਾ ਹੋਵੇ। ਮੇਰੇ ਨੇੜੇ ਆਉਣ ਤੇ ਮੈਨੂੰ ਲਗਾ, ਕਿ ਇਹ ਤਾਂ ਕਿਸੇ ਦੇ ਕਦਮਾਂ ਦੀ ਆਵਾਜ ਸੀ; ਜੋ ਅਗੇ ਵਧਦੀ ਵਧਦੀ ਰੁਕ ਗਈ ਸੀ।

ਮੈਂ ਉਪਰ ਵੇਖਿਆ !

ਸੂਰਜ ਡੁੱਬਣ ਵਾਲਾ ਸੀ। ਬਦਲ ਤਿੱਤਰ ਬਿੱਤਰ ਹੋ ਖਿੰਡ ਗਏ ਸਨ। ਪਹਾੜੀਆਂ ਉਤੇ ਡੁੱਬਦੇ ਹੋਏ ਸੂਰਜ ਦੀਆਂ ਤਿਰਛੀਆਂ ਕਿਰਨਾਂ ਪੈ ਰਹੀਆਂ ਸਨ। ਠੰਢ ਕਾਫ਼ੀ ਹੋ ਗਈ ਸੀ, ਅਤੇ ਮੌਤ ਦੀ ਵਾਦੀ, ਕਬਰਸਤਾਨ ਵਿਚ ਚੁੱਪ ਦਾ ਰਾਜ ਸੀ। ਉਸ ਨਿੰਮੀ ਰੋਸ਼ਨੀ ਵਿਚ ਮੇਰੇ ਤੋਂ ਥੋੜੀ ਦੂਰੀ ਤੇ ਮੈਨੂੰ ਦੋ ਔਰਤਾਂ ਖੜੀਆਂ ਦਿਸੀਆਂ, ਉਹ ਮਕਬਰੇ ਵੱਲ ਵੇਖ ਰਹੀਆਂ ਸਨ। ਉਹ ਮੈਨੂੰ ਵੇਖ ਰਹੀ ਸੀ।

ਉਹ ਦੋ ਕਦਮ ਤੁਰੀਆਂ ਅਤੇ ਫਿਰ ਰੁਕ ਗਈਆਂ ਉਹਨਾਂ ਦੇ ਮੂੰਹ ਚੁੰਨੀਆਂ ਨਾਲ ਕੱਜੇ ਹੋਏ ਸਨ। ਜਦੋਂ ਉਹ ਰੁਕੀਆਂ ਤਾਂ ਉਹਨਾਂ ਵਿਚੋਂ ਇਕ ਨੇ ਆਪਣਾ ਮੂੰਹ ਨੰਗਾ ਕੀਤਾ; ਉਹ ਚਿਹਰਾ ਮੇਰੀਅਨ ਹਾਲਕੌਂਬ ਦਾ ਸੀ।

ਪਰ ਬਿਲਕੁਲ ਹੋਰ ਹੀ ਸੀ, ਉਸ ਵਿੱਚ ਬੜੀ ਤਬਦੀਲੀ ਸੀ। ਜਿਵੇਂ ਕਈ ਵਰ੍ਹੇ ਲੰਘ ਚੁੱਕੇ ਹੋਣ, ਉਹਦੀਆਂ ਅੱਖਾਂ ਵਿਚ ਅੰਤਾਂ ਦਾ ਡਰ ਸੀ, ਅਤੇ ਪਹਿਲਾਂ ਨਾਲੋਂ ਵੀ ਵੱਡੀਆਂ ਵੱਡੀਆਂ ਲੱਗ ਰਹੀਆਂ ਸਨ। ਉਹਦਾ ਮੂੰਹ ਬੇਹੱਦ ਲਿੱਸਾ ਅਤੇ ਕਮਜ਼ੋਰ ਸੀ, ਦੁੱਖ ਦੀ ਇਕ ਕਹਾਣੀ ਉਸ ਤੇ ਲਿਖੀ ਹੋਈ ਦਿਸਦੀ ਸੀ।

ਮੈਂ ਉਹਦੇ ਵੱਲ ਇਕ ਕਦਮ ਅੱਗੇ ਵਧਿਆ। ਉਹ ਨਾ ਹਿੱਲੀ ਅਤੇ ਨਾ ਹੀ ਬੋਲੀ। ਉਹਦੇ ਨਾਲ ਦੀ ਔਰਤ ਦੇ ਮੂੰਹ ਜਿਸ ਦਾ ਮੂੰਹ ਅਜੇ ਕਜਿਆ ਹੋਇਆ ਸੀ, ਇਕ ਹਲਕੀ ਚੀਕ ਨਿਕਲੀ। ਮੈਂ ਉਥੇ ਹੀ ਖੜਾ ਹੋ ਗਿਆ। ਮੈਂ ਸਿਰ ਤੋਂ ਪੈਰਾਂ ਤੀਕ ਕੰਬ ਗਿਆ। ਇਕ ਭਿਆਨਕ ਡਰ ਨਾਲ ਮੈਂ ਠੰਢਾ ਠਾਰ ਹੋ ਗਿਆ।

ਉਹ ਕੱਜੇ ਹੋਏ ਚਿਹਰੇ ਵਾਲੀ ਔਰਤ ਆਪਣੀ ਸਾਥਣ ਤੋਂ ਅੱਗੇ ਵਧ ਆਈ, ਉਹ ਮੇਰੇ ਵੱਲ ਹੀ ਵਧ ਰਹੀ ਸੀ। ਮੇਰੀਅਨ ਹਾਲਕੌਂਬ ਇਕੱਲੀ ਹੀ ਰਹਿ ਗਈ ਸੀ। ਹੁਣ ਉਹ ਬੋਲੀ, ਇਹ ਉਹੀ ਪਛਾਣੀ ਹੋਈ ਆਵਾਜ਼ ਸੀ, -ਉਹਦਾ ਸਭ ਕੁਝ ਬਦਲ ਜਾਣ ਉਤੇ ਵੀ ਆਵਾਜ਼ ਉਹੀ ਸੀ।

"ਮੇਰਾ ਸੁਪਨਾ, ਮੇਰਾ ਉਹ ਸੁਪਨਾ !" ਉਸ ਚੁਪ ਚਾਂ ਵਿਚ ਉਹਦੀ ਆਵਾਜ਼ ਆਈ। ਉਹ ਉਥੇ ਹੀ ਗੋਡਿਆਂ ਭਾਰ ਝੁਕ ਗਈ ਤੇ ਅਰਦਾਸ ਵਿਚ ਹੱਥ ਜੋੜ ਕੇ ਬੋਲੀ, 'ਹੇ ਪਿਤਾ, ਉਹਦੀ ਮਦਦ ਕਰ। ਉਹਦੀ ਰੱਖਿਆ ਕਰ ਇਸ ਵੇਲੇ।"

ਦੂਜੀ ਔਰਤ ਅੱਗੇ ਵਧਦੀ ਆ ਰਹੀ ਸੀ। ਮੈਂ ਟਿਕਟਿਕੀ ਬੰਨ ਉਸੇ ਵੱਲ,-ਬਸ ਉਸੇ ਵੱਲ ਹੀ ਵੇਖ ਰਿਹਾ ਸਾਂ।

ਮੇਰੇ ਲਈ ਅਰਦਾਸ ਕਰ ਰਹੀ ਆਵਾਜ਼ ਨੀਵੀਂ ਹੋ ਗਈ। ਅਚਾਨਕ ਉਹਨੇ ਚੀਕ ਮਾਰੀ। ਉਹ ਔਰਤ ਮੇਰੇ ਨੇੜੇ ਕਬਰ ਕੋਲ ਆ ਪਹੁੰਚੀ। ਅਸੀਂ ਦੋਵੇਂ ਆਹਮੋ ਸਾਹਮਣੇ ਖੜੇ ਸਾਂ,-- ਸਾਡੇ ਵਿਚਕਾਰ ਇਕ ਕਬਰ ਸੀ। ਉਹਦੇ ਗਾਊਨ ਦੀ ਇਕ ਕੰਨੀ ਉਹਨਾਂ ਕਾਲੇ ਅੱਖਰਾਂ ਉਪਰ ਸ਼ਟਕ ਰਹੀ ਸੀ, ਜੋ ਪੱਥਰ ਉਪਰ ਲਿਖੇ ਹੋਏ ਸਨ।

ਮੇਰੀਅਨ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ।

"ਆਪਣਾ ਮੂੰਹ ਛੁਪਾ ਲੈ, ਉਹਦੇ ਵੱਲ ਨਾਂ ਵੇਖ, ਹੇ ਪ੍ਰਮਾਤਮਾ, ਉਹਦੀ ਰੱਖਿਆ ਕਰ।" ਉਸ ਔਰਤ ਨੇ ਆਪਣਾ ਚਿਹਰਾ ਨੰਗਾ ਕੀਤਾ-

"ਲਾਰਾ ਲੇਡੀ ਗਲਾਈਡ ਦੀ ਪਵਿੱਤਰ ਯਾਦ ਵਿਚ" ਅਤੇ ਲਾਰਾ, ਲੇਡੀ ਗਲਾਈਡ ਉਸੇ ਪੱਥਰ ਦੇ ਕੋਲ, ਮੇਰੀਆਂ ਅੱਖਾਂ ਦੇ ਸਾਹਮਣੇ ਖੜ੍ਹੀ ਸੀ। ਅਤੇ ਕਬਰ ਦੇ ਉਪਰੋਂ ਮੇਰੇ ਵੱਲ ਵੇਖ ਰਹੀ ਸੀ।

(ਕਹਾਣੀ ਦਾ ਦੂਜਾ ਦੌਰ ਇਥੇ ਸਮਾਪਤ ਹੁੰਦਾ ਹੈ)

# ਤੀਜਾ ਦੌਰ

## ਕਹਾਣੀ.....ਵਾਲਟਰ ਹਾਰਟਰਾਈਟ ਦੀ ਜ਼ਬਾਨੀ

### (1)

ਮੈਂ ਹੁਣ ਇਕ ਨਵਾਂ ਪੰਨਾ ਲਿਖ ਰਿਹਾ ਹਾਂ। ਕਹਾਣੀ ਮੈਂ ਇਕ ਹਫਤੇ ਦੀ ਵਿਥ ਪਾ ਕੇ ਮੁੜ ਸ਼ੁਰੂ ਕੀਤੀ ਹੈ। ਮੇਰੇ ਅੰਦਰ ਇਕ ਘਬਰਾਹਟ ਪੈਦਾ ਹੁੰਦੀ ਹੈ, ਜਦੋਂ ਜਦੋਂ ਉਸ ਘੜੀ ਦਾ ਸੋਚਦਾ ਹੀ ਹਾਂ। ਉਸ ਦੀ ਯਾਦ ਨਾਲ ਮੇਰਾ ਦਿਲ ਡੁੱਬਣ ਲੱਗ ਪੈਂਦਾ ਹੈ, ਅਤੇ ਮੈਨੂੰ ਸਮਝ ਨਹੀਂ ਆਉਂਦੀ ਕਿ ਕੀ ਕਰਾਂ ਪਰ ਮੈਂ ਤੁਹਾਨੂੰ ਕੀ ਦੱਸਾਂਗਾ, ਜਦ ਮੈਂ ਆਪ ਹੀ ਭੰਬਲ ਭੂਸਿਆਂ ਵਿਚ ਪਿਆ ਹੋਇਆ ਹਾਂ, ਇੰਜ ਹੋਣਾ ਨਹੀਂ ਚਾਹੀਦਾ, ਕਿਉਂ ਕਿ ਕਹਾਣੀ ਦੀਆਂ ਤੰਦਾ ਉਲਝੀਆਂ ਨਹੀਂ ਰਹਿਣੀਆਂ ਚਾਹੀਦੀਆਂ।

ਮੇਰੀ ਜ਼ਿੰਦਗੀ ਨੇ ਅਚਾਨਕ ਹੀ ਮੋੜ ਖਾ ਲਿਆ ਹੈ। ਮੇਰੇ ਜੀਣ ਦਾ ਮਨੋਰਥ ਹੀ ਬਦਲ ਗਿਆ ਹੈ, ਮੇਰੀਆਂ ਆਸਾਂ, ਉਮੀਦਾਂ, ਮੇਰੇ ਡਰ-ਮੇਰੀਆਂ ਕੁਰਬਾਨੀਆਂ-ਹੁਣ ਸਭ ਦਾ ਇਕ ਹੀ ਕੇਂਦਰ ਹੋ ਗਿਆ ਹੈ। ਜਿਵੇਂ ਪਹਾੜੀ ਉਤੇ ਖੜਕੇ ਇਕ ਦ੍ਰਿਸ਼ ਦਿਸਦਾ ਹੈ, ਤਿਵੇਂ ਹੀ ਮੇਰੇ ਜੀਵਨ ਨੂੰ ਸਾਹਮਣੇ ਇਕ ਨਵੀਂ ਪਗਡੰਡੀ ਦਿਸ ਰਹੀ ਹੈ, ਮੈਂ ਲਿਮਰਿਜ ਗਿਰਜੇ ਦੀ ਚੁੱਪ ਵਿਚ ਕਹਾਣੀ ਨੂੰ ਛੱਡਿਆ ਸੀ; ਅਤੇ ਹੁਣ ਲੰਦਨ ਦੇ ਭੀੜ ਭੜੱਕੇ ਵਿਚ ਇਕ ਹਫਤੇ ਮਗਰੋਂ ਮੈਂ ਫਿਰ ਸ਼ੁਰੂ ਕਰ ਰਿਹਾ ਹਾਂ।

ਇਹ ਗਲੀ ਘੁੱਗ ਵਸਦੀ ਹੈ, ਅਤੇ ਇਥੇ ਬਹੁਤਾ ਕਰਕੇ ਗਰੀਬ ਲੋਕ ਹੀ ਰਹਿੰਦੇ ਹਨ। ਇਥੇ ਇਕ ਘਰ ਦੀ ਥਲਵੀਂ ਮੰਜ਼ਿਲ ਵਿਚ ਅਖਬਾਰਾਂ ਦੀ ਛੋਟੀ ਜੇਹੀ ਦੁਕਾਨ ਹੈ ਇਹਦੀ ਪਹਿਲੀ ਤੇ ਦੂਜੀ ਮੰਜ਼ਿਲ ਰਹਿਣ ਲਈ ਕਿਰਾਏ ਲਈ ਦਿੱਤੀ ਜਾਂਦੀ ਹੈ। ਇਹ ਦੋਵੇਂ ਮੰਜ਼ਿਲਾਂ ਮੈਂ ਕਿਸੇ ਹੋਰ ਨਾਂ ਨਾਲ ਕਿਰਾਏ ਤੇ ਲਈਆਂ ਹਨ। ਦੂਜੀ ਮੰਜ਼ਿਲ ਵਿਚ ਦੋ ਕਮਰੇ ਮੇਰੇ ਕੋਲ ਹਨ, ਇਕ ਮੇਰੇ ਕੰਮ ਕਰਨ ਦਾ ਅਤੇ ਦੂਜਾ ਸੌਣ ਲਈ। ਪਹਿਲੀ ਮੰਜ਼ਿਲ ਵਿਚ ਦੋ ਔਰਤਾਂ ਵੀ ਬਨਾਉਟੀ ਨਾਂ ਨਾਲ ਰਹਿ ਰਹੀਆਂ ਹਨ। ਉਹਨਾਂ ਦੋਹਵਾਂ ਨੂੰ ਮੈਂ ਆਪਣੀਆਂ ਭੈਣਾ ਕਰਕੇ ਦਸਿਆ ਹੈ, ਮੈਂ ਸਸਤੀਆਂ ਮੈਗਜ਼ੀਨਾਂ ਨੂੰ ਤਸਵੀਰਾਂ ਬਣਾ ਕੇ ਦਿੰਦਾ ਹਾਂ, ਇਹੀ ਮੇਰੀ ਕਮਾਈ ਦਾ ਸਾਧਨ ਹੈ। ਮੇਰੀਆਂ ਭੈਣਾਂ ਥੋੜਾ ਬਹੁਤਾ ਸਲਾਈ ਦਾ ਕੰਮ ਕਰਕੇ ਮੇਰੀ ਕੁਝ

ਮਦਦ ਕਰਦੀਆਂ ਹਨ। ਰਹਿਣ ਲਈ ਇਹ ਮਾੜਾ ਜਿਹਾ ਘਰ, ਇਹ ਸਾਡੇ ਬਨਾਉਟੀ ਨਾਂ ਅਤੇ ਇਹ ਦੁਨੀਆਂ ਸਾਹਮਣੇ ਬਣਾਈ ਹੋਈ ਰਿਸ਼ਤੇਦਾਰੀ, ਸਿਰਫ ਆਪਣੇ ਆਪ ਨੂੰ ਲੁਕਾ ਕੇ ਰੱਖਣ ਲਈ ਹੀ ਹੈ। ਅਸੀਂ ਚਾਹੁੰਦੇ ਹਾਂ, ਕਿ ਲੰਦਨ ਦੀ ਇਸ ਭੀੜ ਵਿਚ ਗਵਾਚ ਜਾਈਏ। ਕਿਸੇ ਨੂੰ ਨਜ਼ਰ ਨਾ ਆਈਏ, ਅਸੀਂ ਉਹਨਾਂ ਲੋਕਾਂ ਵਿਚੋਂ ਨਹੀਂ ਜੋ ਸਾਰੇ ਜੱਗ ਦੇ ਸਾਹਮਣੇ ਗੱਜ ਵੱਜ ਕੇ ਰਹਿੰਦੇ ਹਨ, ਅਤੇ ਦੁਨੀਆਂ ਉਹਨਾਂ ਨੂੰ ਪਛਾਣਦੀ ਹੈ। ਮੈਂ ਇਕ ਗਰੀਬ ਜਿਹਾ ਬੰਦਾ ਹਾਂ ਜਿਸਨੂੰ ਕੋਈ ਨਹੀਂ ਜਾਣਦਾ; ਕੋਈ ਮਿੱਤਰ ਮਦਦਗਾਰ ਨਹੀਂ; ਬਸ ਕਿਸੇ ਤਰ੍ਹਾਂ ਦੋਵੇਂ ਵੇਲੇ ਦੀ ਰੋਟੀ ਕਮਾਉਂਦਾ ਹਾਂ। ਮੇਰੀਅਨ ਹਾਲਕੌਂਬ ਮੇਰੀ ਵੱਡੀ ਭੈਣ ਹੈ, ਜੋ ਮਿਹਨਤ ਮਜ਼ੂਰੀ ਕਰਕੇ ਰੋਟੀ ਦਾ ਆਹਰ ਪਾਹਰ ਕਰਦੀ ਹੈ; ਅਤੇ ਅਸੀਂ ਚਾਲਾਕ ਬਦਮਾਸ਼ਾਂ ਦੀ ਨਜ਼ਰ ਵਿਚ ਪਾਗਲ ਏਨ ਕੇਥੈਰਿਕ ਦੇ ਸਾਥੀ ਹਾਂ, ਜੋ ਆਪਣੇ ਆਪ ਨੂੰ ਲੇਡੀ ਗਲਾਈਡ ਕਹਿੰਦੀ ਹੈ ਅਤੇ ਉਹ ਦੀ ਥਾਂ, ਘਰ, ਦੌਲਤ ਅਤੇ ਜ਼ਮੀਨ ਜਾਇਦਾਦ ਮੰਗਦੀ ਹੈ। ਉਹ ਲੋਕ ਸਾਡੇ ਤੇ ਇਸ ਫਰੇਬ ਦਾ ਦੋਸ਼ ਲਾ ਰਹੇ ਹਨ ਕਿ ਅਸੀਂ ਪਾਗਲ ਏਨ ਕੇਥੈਰਿਕ ਨੂੰ ਲੇਡੀ ਗਲਾਈਡ ਦਾ ਨਾਂ ਦੇਣਾ ਚਾਹੁੰਦੇ ਹਾਂ ਅਤੇ ਇਸ ਤਰ੍ਹਾਂ ਜਾਇਦਾਦ ਹੜੱਪਣਾ ਚਾਹੁੰਦੇ ਹਾਂ। ਸੋ ਇਹ ਸਾਡੀ ਸਥਿੱਤੀ ਹੈ। ਅਸੀਂ ਇਸ ਕਹਾਣੀ ਦੇ ਆਉਣ ਵਾਲੇ ਅਜੇ ਬਹੁਤ ਸਾਰੇ ਪੰਨਿਆਂ ਵਿਚ ਇਸ ਰੂਪ ਵਿਚ ਹੀ ਦਿਸਣਾ ਹੈ।

ਕਾਨੂੰਨ ਦੀਆਂ ਨਜ਼ਰਾਂ ਵਿਚ, ਦੋਸਤਾਂ ਮਿੱਤਰਾਂ ਲਈ ਅਤੇ ਸਾਡੀ ਸਭਿਆ ਸੁਸਾਇਟੀ ਦੇ ਸਾਹਮਣੇ ਲਾਰਾ, ਲੇਡੀ ਗਲਾਈਡ, ਲਿਮਰਿਜ ਦੇ ਗਿਰਜ ਵਿਚ ਆਪਣੀ ਮਾਂ ਦੀ ਕਬਰ ਦੇ ਕੋਲ ਦਫਨਾਈ ਗਈ ਹੈ। ਫਿਲਪ ਫ਼ੇਅਰਲੀ ਦੀ ਲੜਕੀ ਸਰ ਪਰਸੀਵਲ ਦੀ ਪਤਨੀ ਭਾਵੇਂ ਆਪਣੀ ਭੈਣ ਲਈ ਜੀਉਂਦੀ ਹੈ; ਮੇਰੇ ਲਈ ਵੀ ਜਿੰਦਾ ਹੈ, ਪਰ ਹੋਰ ਸਾਰੀ ਦੁਨੀਆਂ ਇਸ ਗੱਲ ਨੂੰ ਨਹੀਂ ਮੰਨਦੀ। ਉਸਦੇ ਚਾਚੇ ਦੇ ਭਾਣੇ ਉਹ ਮਰ ਚੁੱਕੀ ਹੈ। ਘਰ ਦੇ ਨੌਕਰਾਂ ਚਾਕਰਾਂ ਨੇ ਉਹਨੂੰ ਪਛਾਨਣ ਤੋਂ ਨਾਂਹ ਕਰ ਦਿੱਤੀ ਹੈ; ਕਾਨੂੰਨ ਨੇ ਉਹਦੀ ਜਾਇਦਾਦ ਉਹਦੇ ਪਤੀ ਅਤੇ ਉਹਦੀ ਭੂਆ ਦੇ ਵਿਚਕਾਰ ਵੰਡ ਦਿੱਤੀ ਹੈ। ਮੇਰੀ ਭੈਣ ਅਤੇ ਮਾਂ ਵੀ ਇਹੀ ਕਹਿੰਦੀਆਂ ਹਨ, ਕਿ ਮੈਂ ਕਿਸੇ ਧੋਖੇਬਾਜ਼ ਦੇ ਜਾਲ ਵਿਚ ਫਸ ਗਿਆ ਹਾਂ; ਲਾਰਾ ਫ਼ੇਅਰਲੀ ਤਾਂ ਸਮਾਜ ਦੀਆਂ, ਕਾਨੂੰਨ ਦੀਆਂ ਨਜ਼ਰਾਂ ਅਤੇ ਆਪਣੇ ਪਤੀ ਦੀਆ ਨਜ਼ਰਾਂ ਵਿਚ ਮਰ ਚੁੱਕੀ ਹੈ।

ਪਰ ਉਹ ਜੀਉਂਦੀ ਹੈ ! ਇਸ ਗਰੀਬੀ ਵਿਚ ਲੁੱਕ ਛਿਪ ਕੇ ਦਿਨ ਬਿਤਾ ਰਹੀ ਹੈ ਇਕ ਗਰੀਬ ਡਰਾਇੰਗ ਮਾਸਟਰ ਹੀ ਉਸ ਦਾ ਸਾਥੀ ਹੈ; ਜੋ ਉਹਨੂੰ ਮੁੜ ਕੇ ਜੀਉਂਦਿਆਂ ਬੰਦਿਆਂ ਦੀ ਦੁਨੀਆਂ ਵਿਚ ਲਿਆਉਣ ਲਈ ਜੀ ਜਾਨ ਨਾਲ ਕੋਸ਼ਿਸ਼ ਕਰੇਗਾ; ਜੋ ਕਾਨੂੰਨ ਦੇ ਸਾਹਮਣੇ ਇਸ ਧੋਖੇ ਦੇ ਜਾਲ ਨੂੰ ਤੋੜ ਕੇ ਵਿਖਾਏਗਾ।

ਕੀ ਮੇਰੇ ਮਨ ਵਿਚ ਵੀ ਉਹਨੂੰ ਵੇਖ ਕੇ ਸ਼ੰਕਾ ਆਈ ਸੀ? ਮੈਂ ਜਾਣਦਾ ਸਾਂ, ਕਿ ਉਸਦੀ ਸ਼ਕਲ ਏਨ ਕੇਥੈਰਿਕ ਨਾਲ ਮਿਲਦੀ ਹੈ, ਤਾਂ ਵੀ ਇਕ ਛਿਣ ਭਰ ਲਈ ਵੀ ਮੈਂ ਇਹ ਨਹੀਂ ਸੋਚਿਆ; ਕਿ ਉਹ ਏਨ ਕੇਥੈਰਿਕ ਹੈ। ਉਹਨੇ ਜਦੋਂ ਉਸ ਕਬਰ ਦੇ ਕੋਲ, ਉਸੇ ਪੱਥਰ ਦੀ ਸਿਲ  ਦੇ ਨੇੜੇ, ਜਿਸ ਉਤੇ ਉਹਦੀ ਮੌਤ ਦਾ ਬਿਆਨ ਲਿਖਿਆ ਹੋਇਆ ਹੈ; ਆਪਣੇ ਮੂੰਹ ਤੋਂ ਪੱਲਾ ਚੁੱਕਿਆ ਸੀ, ਤਾਂ ਮੈਂ ਜਾਣ ਗਿਆ ਸਾਂ ਕਿ ਉਹ ਲਾਰਾ ਫੇਅਰਲੀ ਹੀ ਹੈ।

ਉਸ ਸ਼ਾਮ ਸੂਰਜ ਡੁੱਬਣ ਤੋਂ ਪਹਿਲਾਂ ਉਸ ਘਰ ਦੇ ਸਾਹਮਣੇ ਜਿਸ ਦੇ ਦਰਵਾਜ਼ੇ ਉਸ ਲਈ ਬੰਦ ਕਰ ਦਿਤੇ ਗਏ ਹਨ; ਮੈਂ ਅਤੇ ਉਹਨੇ ਉਹ ਸ਼ਬਦ ਯਾਦ ਕੀਤਾ, ਜੋ ਮੈਂ ਲਿਮਰਿਜ ਹਾਊਸ ਤੋਂ ਵਿਛੜਨ ਵੇਲੇ ਉਹਨੂੰ ਕਹੇ ਸਨ। ਮੈਂ ਆਪਣੇ ਉਹ ਸ਼ਬਦ ਦੁਹਰਾਏ, "ਜੇ ਕਦੀ ਅਜਿਹਾ ਸਮਾਂ ਆਇਆ ਜਦ ਮੇਰੇ ਦਿਲ ਅਤੇ ਆਤਮਾ ਦਾ ਸਾਰਾ ਪਿਆਰ, ਸਾਰੀ ਪੂੰਜਾ ਇਸ ਯੋਗ ਹੋਵੇ ਕਿ ਉਹ ਤੁਹਾਨੂੰ ਇਕ ਪਲ ਵੀ ਖੁਸ਼ੀ ਦੇ ਸਕੇ; ਜਾਂ ਤੁਹਾਨੂੰ ਦੁੱਖ ਤਕਲੀਫ ਤੋਂ ਬਚਾ ਸਕੇ; ਤਾਂ ਕੀ ਤੁਸੀਂ ਆਪਣੇ ਗਰੀਬ ਡਰਾਇੰਗ ਮਾਸਟਰ ਨੂੰ ਯਾਦ ਕਰੋਗੇ--?"

ਉਹਨੂੰ ਅਖੀਰਲੇ ਦਿਨਾਂ ਦੀ ਦੁੱਖ ਤਕਲੀਫ ਯਾਦ ਨਹੀਂ ਸੀ, ਪਰ ਉਹਨੂੰ ਇਹ ਸ਼ਬਦ ਯਾਦ ਸਨ। ਉਹਨੇ ਆਪਣਾ ਸਿਰ ਉਸ ਪੁਰਸ਼ ਦੀ ਛਾਤੀ ਉਤੇ ਭੋਲੇਪਨ ਨਾਲ ਰੱਖ ਦਿੱਤਾ, ਜਿਸ ਨੇ ਇਹ ਸ਼ਬਦ ਕਹੇ ਸਨ ਅਤੇ ਬੋਲੀ, "ਉਨ੍ਹਾਂ ਬੜੀ ਕੋਸ਼ਿਸ਼ ਕੀਤੀ ਕਿ ਮੈਂ ਸਭ ਕੁਛ ਭੁੱਲ ਜਾਵਾਂ ਵਾਲਟਰ, ਪਰ ਮੈਂ ਮੇਰੀਅਨ ਨੂੰ ਅਤੇ ਤੁਹਾਨੂੰ ਨਹੀਂ ਭੁੱਲੀ।" ਉਸ ਪਲ ਤੋਂ ਮੈਂ ਆਪਣੀ ਜ਼ਿੰਦਗੀ ਵੀ ਉਹਦੇ ਹੀ ਲੇਖੇ ਲਾ ਦਿੱਤੀ ਹੈ, ਅਤੇ ਰੱਬ ਦਾ ਸ਼ੁਕਰ ਕੀਤਾ; ਕਿ ਮੈਂ ਇਸ ਘੜੀ ਲਈ ਜੀਉਂਦਾ ਬਚ ਗਿਆ ਸਾਂ।

ਪਿਆਰ ਤੇ ਕਦੋਂ ਦਾ ਮੈਂ ਉਹਨੂੰ ਸੌਂਪ ਚੁੱਕਾ ਸਾਂ। ਹਾਂ, ਹੁਣ ਉਹ ਸਮਾਂ ਆਇਆ ਸੀ, ਹੁਣ ਉਹ ਘੜੀ ਆਈ ਸੀ। ਇੰਗਲੈਂਡ ਤੋਂ ਹਜ਼ਾਰਾਂ ਮੀਲ ਦੂਰ-ਘਣੇ ਜੰਗਲਾਂ ਵਿਚ, ਜਦ ਮੇਰੇ ਤੋਂ ਬਲਵਾਨ ਸਾਥੀ ਮੌਤ ਦਾ ਸ਼ਿਕਾਰ ਹੋ ਚੁੱਕੇ ਸਨ; ਤਿੰਨ ਵਾਰੀ ਸਾਡੇ ਸਭ ਤੇ ਖਤਰਾ

ਆਇਆ ਅਤੇ ਕਈ ਉਸ ਖਤਰੇ ਵਿਚ ਲਪੇਟੇ ਗਏ ਪਰ ਮੈਂ ਤਿੰਨ ਵਾਰੀ ਬਚ ਗਿਆ। ਉਸ ਅਕਾਲ ਪੁਰਖ ਦਾ ਹੱਥ, ਮੈਨੂੰ ਹਨੇਰਿਆਂ ਰਾਹਾਂ ਵਿਚੋਂ ਇਸੇ ਪਲ ਲਈ ਹੀ ਬਚਾ ਰਿਹਾ ਸੀ।

ਇਸ ਸਮੇਂ ਆਪਣੇ ਵੀ ਉਹਨੂੰ ਪਛਾਣਨ ਤੋਂ ਨਾਂਹ ਕਰ ਰਹੇ ਸਨ, ਉਹਨੇ ਪਤਾ ਨਹੀਂ ਕਿਹੜੀਆਂ-ਕਿਹੜੀਆਂ ਤਕਲੀਫਾਂ ਦਾ ਸਾਹਮਣਾ ਕੀਤਾ ਸੀ; ਹੁਣ ਉਹਦਾ ਕੋਈ ਮਿੱਤਰ ਨਹੀਂ ਸੀ। ਉਹਦੀ ਸੁੰਦਰਤਾ ਮੁਰਝਾ ਚੁੱਕੀ ਸੀ,-ਜ਼ਾਲਮਾਂ ਨੇ ਉਹਦਾ ਘਰ ਘਾਟ ਖੋਹ ਲਿਆ ਸੀ। ਅਤੇ ਜੀਉਂਦਿਆਂ ਹੀ ਉਹਨੂੰ ਮੋਇਆਂ ਵਿਚ ਸ਼ਾਮਲ ਕਰ ਦਿੱਤਾ ਸੀ। ਮੈਂ ਹੁਣ ਆਪਣਾ ਸਾਰਾ ਪਿਆਰ ਉਹਦੇ ਕਦਮਾਂ ਤੇ ਨਿਧੜਕ ਰੱਖ ਸਕਦਾ ਸਾਂ; ਆਪਣੀ ਪੂਜਾ ਨਾਲ ਉਹਦੀ ਜ਼ਿੰਦਗੀ ਬਦਲ ਸਕਦਾ ਸਾਂ। ਇਸ ਮੁਸੀਬਤ ਵੇਲੇ ਤਾਂ ਮੈਂ ਉਹਨੂੰ ਅਪਣਾ ਸਕਦਾ ਸਾਂ। ਉਹ ਬੇਸਹਾਰਾ ਸੀ; ਮੈਂ ਉਹਦਾ ਸਹਾਰਾ ਬਣ ਸਕਦਾ ਸਾਂ। ਮੈਂ ਉਹਦੇ ਲਈ ਕਮਾਵਾਂਗਾ, ਉਹਦਾ ਧਿਆਨ ਰਖਾਂਗਾ ਅਤੇ ਉਹਦੀ ਲੜਾਈ ਲੜਾਂਗਾ। ਇੰਜ ਹੀ ਉਹਨੂੰ ਪਿਆਰ ਕਰਾਂਗਾ ਜਿਵੇਂ ਕੋਈ ਪਿਤਾ ਜਾਂ ਭਰਾ ਕਰਦਾ ਹੈ। ਹਰ ਤਰ੍ਹਾਂ ਦਾ ਖਤਰਾ ਸਹੇੜ ਕੇ ਵੀ ਮੈਂ ਉਹਦਾ ਨਾਂ ਉਹਨੂੰ ਵਾਪਸ ਦੇਣਾ ਚਾਹੁੰਦਾ ਹਾਂ। ਹਰ ਤਰ੍ਹਾਂ ਦੀ ਕੁਰਬਾਨੀ ਵੀ ਮੈਂ ਕਰਨ ਨੂੰ ਤਿਆਰ ਹਾਂ, ਇਹ ਲੜਾਈ ਜੋ ਸੌਖੀ ਨਹੀਂ-ਅਤੇ ਇਸ ਦਾ ਨਤੀਜਾ ਵੀ ਕੀ ਹੋਵੇਗਾ, ਕੁਛ ਨਹੀਂ ਕਿਹਾ ਜਾ ਸਕਦਾ। ਇਕ ਪਾਸੇ ਧੋਖਾ ਹੈ, ਛਲ ਹੈ ਅਤੇ ਫਰੇਬ ਕਾਮਯਾਬੀ ਨਾਲ ਖੇਡਿਆ ਜਾ ਚੁੱਕਾ ਹੈ। ਦੂਜੇ ਪਾਸੇ ਮੈਂ ਹੁਣ ਆਪਣਾ ਨਾਂ ਵੀ ਨਹੀਂ ਵਰਤ ਸਕਦਾ; ਆਪਣੇ ਮਿੱਤਰਾਂ ਦੀ ਸਹਾਇਤਾ ਵੀ ਨਹੀਂ ਮੰਗ ਸਕਦਾ, ਅਤੇ ਪਤਾ ਨਹੀਂ, ਦੁਸ਼ਮਣ ਮੇਰੀ ਜਾਨ ਨੂੰ ਮੁਕਾਣ ਲਈ ਕਿਥੇ-ਕਿਥੇ ਤਾਕ ਲਾਈ ਬੈਠੇ ਹਨ।

## (2)

ਮੇਰੀ ਸਥਿਤੀ ਸਭ ਦੇ ਸਾਹਮਣੇ ਹੈ; ਮੇਰਾ ਮਨੋਰਥ ਕੀ ਹੈ; ਮੈਂ ਇਹ ਵੀ ਸਪੱਸ਼ਟ ਸ਼ਬਦਾ ਵਿਚ ਕਹਿ ਚੁੱਕਾ ਹਾਂ। ਹੁਣ ਮੇਰੀਅਨ ਅਤੇ ਲਾਰਾ ਦੀ ਕਹਾਣੀ ਸਾਹਮਣੇ ਆਉਣੀ ਹੀ ਚਾਹੀਦੀ ਹੈ।

ਮੈਂ ਉਨ੍ਹਾ ਦੀ ਕਹਾਣੀ ਉਨ੍ਹਾਂ ਦੇ ਹੀ ਸ਼ਬਦਾਂ ਵਿਚ ਤਾਂ ਨਹੀਂ ਸੁਣਾ ਰਿਹਾ, ਕਿਉਂਕਿ ਬੜੀ ਵਾਰ ਉਨ੍ਹਾਂ ਨੂੰ ਆਪ ਹੀ ਸਮਝ ਨਹੀਂ ਆਉਂਦੀ ਕਿ ਉਹ ਕੀ ਕਹਿਣਾ ਚਾਹੁੰਦੀਆਂ ਹਨ। ਇਸ ਲਈ ਮੈਂ ਆਪਣੇ ਸਿਧੇ ਸਾਦੇ ਲਫਜ਼ਾਂ ਵਿਚ ਹੀ ਬਿਆਨ ਕਰਾਂਗਾ। ਇਹ ਮੈਂ ਆਪਣੇ ਦਿਮਾਗ ਵਿਚ ਇਕ ਸਹੀ ਤਸਵੀਰ ਖਿਚ ਸਕਣ ਦੇ ਖਿਆਲ ਨਾਲ ਲਿਖ ਰਿਹਾ ਹਾਂ ਅਤੇ

ਨਾਲ ਹੀ ਮੇਰੇ ਵਕੀਲ ਨੂੰ ਵੀ ਆਪਣਾ ਕੇਸ ਤਿਆਰ ਕਰ ਸਕਣ ਲਈ ਇਸ ਦੀ ਲੋੜ ਹੈ। ਹੁਣ ਇਸ ਉਲਝੇ ਹੋਏ ਤਾਣੇ-ਪੇਟੇ ਦੀ ਇਕ-ਇਕ ਤੰਦ ਆਪਣੇ ਆਪ ਹੀ ਸੁਲਝਾਈ ਜਾਏਗੀ।

ਮੇਰੀਅਨ ਦੀ ਕਹਾਣੀ ਉਥੇ ਸ਼ੁਰੂ ਹੋਏਗੀ, ਜਿਥੇ ਬਲੈਕਵਾਟਰ ਪਾਰਕ ਦੀ ਹਾਊਸ ਕੀਪਰ ਨੇ ਗੱਲ ਖਤਮ ਕੀਤੀ ਸੀ।

ਹਾਊਸ ਕੀਪਰ ਨੇ ਮਿਸ ਹਾਲਕੌਂਬ ਨੂੰ ਉਹ ਹਾਲਾਤ ਅਤੇ ਘਟਨਾਵਾਂ ਖੁੱਲ੍ਹ ਕੇ ਦਸੀਆਂ, ਜਿਨ੍ਹਾਂ ਵਿਚ ਲੇਡੀ ਗਲਾਈਡ ਆਪਣੇ ਪਤੀ ਦਾ ਘਰ ਛਡ ਕੇ ਗਈ ਸੀ। ਕੁਝ ਦਿਨਾਂ ਮਗਰੋਂ (ਮਿਸਜ਼ ਮਾਈਕਲਸਨ ਇਹ ਦੱਸਣ ਤੋਂ ਅਸਮਰਥ ਹੈ ਕਿ ਠੀਕ-ਠੀਕ ਕਿੰਨੇ ਦਿਨ ਬੀਤੇ ਸਨ) ਮੈਡਮ ਫ਼ੋਸਕੋ ਦੀ ਇਕ ਚਿੱਠੀ ਆਈ ਜਿਸ ਵਿਚ ਲੇਡੀ ਗਲਾਈਡ ਦੀ ਅਚਾਨਕ ਮੌਤ ਦੀ ਦੁਖਦਾਈ ਖਬਰ ਸੀ। ਚਿੱਠੀ ਵਿਚ ਕੋਈ ਤਾਰੀਖ ਨਹੀਂ ਸੀ, ਅਤੇ ਇਹ ਮਿਸਜ਼ ਮਾਈਕਲਸਨ ਉਤੇ ਹੀ ਛੱਡਿਆ ਗਿਆ ਸੀ, ਕਿ ਉਹ ਜਦੋਂ ਅਤੇ ਜਿਵੇਂ ਠੀਕ ਸਮਝੇ, ਮਿਸ ਹਾਲਕੌਂਬ ਨੂੰ ਇਹ ਖਬਰ ਦਸੇ।

ਮਿਸਟਰ ਡਾਅਸਨ, ਜੋ ਕਾਫੀ ਚਿਰ ਬਿਮਾਰ ਰਹਿਣ ਪਿਛੋਂ ਹੀ ਬਲੈਕਵਾਟਰ ਅੱਪੜ ਸਕਿਆ ਸੀ, ਜਦੋਂ ਹਾਊਸ ਕੀਪਰ ਨੂੰ ਮਿਲਿਆ ਤਾਂ ਉਹਨੇ ਉਹਦੀ ਸਲਾਹ ਲਈ। ਮਿਸਟਰ ਡਾਅਸਨ ਦੇ ਸਾਹਮਣੇ ਹੀ ਇਹ ਖਬਰ ਮਿਸ ਹਾਲਕੌਂਬ ਨੂੰ ਦੱਸੀ ਗਈ; ਇਹ ਸ਼ਾਇਦ ਉਸੇ ਦਿਨ ਦੀ ਜਾਂ ਚਿੱਠੀ ਮਿਲਣ ਤੋਂ ਇਕ ਦਿਨ ਮਗਰੋਂ ਦੀ ਘਟਨਾਂ ਹੈ। ਇਥੇ ਇਹ ਦੱਸਣਾ ਜ਼ਰੂਰੀ ਨਹੀਂ, ਕਿ ਇਸ ਗਮ ਨੂੰ ਮਿਸ ਹਾਲਕੌਂਬ ਨੇ ਕਿਵੇਂ ਬਰਦਾਸ਼ਤ ਕੀਤਾ, ਇਥੇ ਇਹ ਕਹਿਣਾ ਕਾਫੀ ਹੋਵੇਗਾ ਕਿ ਉਹ ਇਸ ਤੋਂ ਤਿੰਨ ਹਫ਼ਤੇ ਪਿਛੋਂ ਹੀ ਸਫ਼ਰ ਕਰਨ ਦੇ ਯੋਗ ਹੋਈ। ਉਹ ਹਾਊਸ-ਕੀਪਰ ਦੇ ਨਾਲ ਹੀ ਲੰਦਨ ਗਈ, ਲੰਦਨ ਹੀ ਉਹ ਦੋਵੇਂ ਵੱਖ-ਵੱਖ ਹੋਈਆਂ; ਮਿਸਜ਼ ਮਾਈਕਲਸਨ ਨੇ ਮਿਸ ਹਾਲਕੌਂਬ ਨੂੰ ਆਪਣਾ ਪਤਾ ਵੀ ਦਿੱਤਾ ਸੀ, ਤਾਂ ਜੋ ਲੋੜ ਪੈਣ ਤੇ ਉਹ ਉਹਨੂੰ ਚਿੱਠੀ-ਪੱਤਰ ਪਾ ਸਕੇ।

ਹਾਊਸ ਕੀਪਰ ਤੋ ਵੱਖ ਹੁੰਦੀਆਂ ਹੀ, ਮਿਸ ਹਾਲਕੌਂਬ ਫ਼ੌਰਨ ਹੀ ਮਿਸਟਰ ਗਿਲਮੌਰ ਅਤੇ ਮਿਸਟਰ ਕਾਈਰਲ, ਦੇ ਦਫ਼ਤਰ ਪਹੁੰਚੀ ਤਾਂ ਜੋ ਮਿਸਟਰ ਗਿਲਮੌਰ ਦੀ ਗੈਰ-ਹਾਜ਼ਰੀ ਵਿਚ ਹੁਣ ਮਿਸਟਰ ਕਾਈਰਲ ਨਾਲ ਹੀ ਸਲਾਹ ਕਰ ਸਕੇ। ਉਹਨੇ ਮਿਸਟਰ ਕਾਈਰਲ ਨੂੰ ਆਪਣਾ ਉਹ ਸ਼ੱਕ ਦਸਿਆ ਜੋ ਉਹਨੇ ਸਭ ਕੋਲ ਹੀ ਆਪਣੇ ਮਨ ਵਿਚ ਛੁਪਾਇਆ ਹੋਇਆ ਸੀ। ਇਥੋਂ ਤਕ ਕਿ ਉਹਨੇ ਮਿਸਜ਼ ਮਾਈਕਲਸਨ ਨੂੰ ਇਹ ਵੀ ਗੱਲ ਦੱਸਣੀ ਮੁਨਾਸਿਬ ਨਹੀਂ

ਸੀ ਸਮਝੀ। ਉਸ ਨੇ ਮਿਸਟਰ ਕਾਈਰਲ ਨੂੰ ਕਿਹਾ, ਕਿ ਲੇਡੀ ਗਲਾਈਡ ਦੀ ਮੌਤ ਪਿਛੇ ਕੋਈ ਭੇਤ ਹੈ; ਜਿਸ ਦਾ ਪਤਾ ਅਵੱਸ਼ ਲਾਉਣਾ ਚਾਹੀਦਾ ਹੈ। ਮਿਸਟਰ ਕਾਈਰਲ ਪਹਿਲਾਂ ਵੀ ਮਿਸ ਹਾਲਕੌਂਬ ਨੂੰ ਆਪਣੀ ਸਹਾਇਤਾ ਦਾ ਵਿਸ਼ਵਾਸ ਦਿਵਾ ਚੁੱਕਾ ਸੀ, ਹੁਣ ਵੀ ਉਹਨੇ ਇਹ ਬੀੜਾ ਚੁਕਿਆ; ਕਿ ਜਿੰਨਾਂ ਹਾਲਤਾਂ ਵਿਚ ਲੇਡੀ ਗਲਾਈਡ ਦੀ ਮੌਤ ਹੋਈ ਸੀ, ਉਹ ਜ਼ਰੂਰ ਉਨ੍ਹਾਂ ਦੀ ਤਹਕੀਕਾਤ ਅਤੇ ਛਾਣ-ਬੀਨ ਕਰੇਗਾ। ਭਾਵੇਂ ਇਹ ਕੰਮ ਬੜਾ ਨਾਜ਼ੁਕ ਅਤੇ ਖ਼ਤਰੇ ਤੋਂ ਖ਼ਾਲੀ ਨਹੀਂ ਸੀ; ਤਾਂ ਵੀ ਉਹਨੇ ਮਿਸ ਹਾਲਕੌਂਬ ਨੂੰ ਆਪਣੀ ਮਿਲਵਰਤਣ ਅਤੇ ਸਹਿਯੋਗ ਦਾ ਪੂਰਾ ਭਰੋਸਾ ਦਿੱਤਾ।

ਇਹ ਮੈਂ ਇਥੇ ਹੀ ਵਿਸਥਾਰ ਪੂਰਵਕ ਦਸਦਿਆਂ, ਕਿ ਮਿਸਟਰ ਕਾਈਰਲ ਕਾਂਊਟ ਫ਼ੋਸਕੋ ਨੂੰ ਜਾ ਕੇ ਮਿਲਿਆ, ਅਤੇ ਉਹਦੇ ਇਹ ਦੱਸਣ ਤੇ ਕਿ ਉਹਨੂੰ ਮਿਸ ਹਾਲਕੌਂਬ ਨੇ ਭੇਜਿਆ ਹੈ; ਕਾਂਊਟ ਨੇ ਉਹਦਾ ਸਵਾਗਤ ਕੀਤਾ ਅਤੇ ਉਹਨੇ ਕਿਹਾ, ਕਿ ਉਹ ਲੇਡੀ ਗਲਾਈਡ ਦੀ ਮੌਤ ਦੇ ਕਰਣਾਂ ਬਾਰੇ ਉਨ੍ਹਾਂ ਦੀ ਪੂਰੀ ਤਸੱਲੀ ਕਰਾ ਸਕਦਾ ਸੀ; ਅਤੇ ਮਿਸਟਰ ਕਾਈਰਲ ਜੋ ਵੀ ਚਾਹੇ ਪੁੱਛ ਸਕਦਾ ਸੀ।

ਕਾਊਂਟ ਫ਼ੋਸਕੋ ਨੇ ਮਿਸਟਰ ਕਾਈਰਲ ਨੂੰ ਡਾਕਟਰ ਮਿਸਟਰ ਗੁਡਰਿਕ, ਅਤੇ ਦੋਹਾਂ ਨੌਕਰਾਣੀਆਂ ਨਾਲ ਮਿਲਾਇਆ। ਲੇਡੀ ਗਲਾਈਡ ਦੀ ਬਲੈਕਵਾਟਰ ਪਾਰਕ ਤੋਂ ਚਲਣ ਦੀ ਤਾਰੀਖ ਬਾਰੇ ਕਿਸੇ ਨੂੰ ਪੱਕਾ ਪਤਾ ਨਹੀਂ ਸੀ। ਇਸ ਲਈ ਮਿਸਟਰ ਕਾਈਰਲ ਨੂੰ ਜੋ-ਜੋ ਡਾਕਟਰ ਨੌਕਰਾਣੀਆਂ ਅਤੇ ਕਾਂਊਟ ਕਾਊਂਟੈਸ ਦੇ ਬਿਆਨਾਂ ਤੋਂ ਪਤਾ ਲੱਗ ਸਕਦਾ ਸੀ, ਉਹਦੇ ਤੋਂ ਉਹ ਇਸ ਸਿੱਟੇ ਤੇ ਅਪੜਿਆ ਕਿ ਲੇਡੀ ਗਲਾਈਡ ਦੀ ਮੌਤ ਬਾਰੇ ਕੋਈ ਸ਼ੱਕ ਨਹੀਂ ਸੀ। ਉਹਨੇ ਇਹ ਵੀ ਸੋਚਿਆ, ਕਿ ਮਿਸ ਹਾਲਕੌਂਬ ਨੂੰ ਆਪਣੀ ਭੈਣ ਦੀ ਮੌਤ ਦਾ ਇੰਨਾ ਗਹਿਰਾ ਸਦਮਾ ਪੁੱਜਾ ਹੈ, ਕਿ ਉਹ ਕਈ ਤਰ੍ਹਾਂ ਦੇ ਖਿਆਲਾਂ ਦੇ ਘੋੜੇ ਦੁੜਾਣ ਲੱਗ ਪਈ ਹੈ।

ਸੋ ਮਿਸਟਰ ਕਾਈਰਲ ਨੇ ਮਿਸ ਹਾਲਕੌਂਬ ਨੂੰ ਇਹ ਚਿੱਠੀ ਲਿਖੀ ਕਿ ਜੋ ਸ਼ੱਕ ਉਹ ਕਰ ਰਹੀ ਹੈ; ਉਸਨੂੰ ਸਾਬਤ ਕਰਨ ਲਈ ਕਿਧਰੇ ਵੀ ਕੋਈ ਸਬੂਤ ਨਹੀਂ ਅਤੇ ਉਹ ਸ਼ੱਕ ਐਵੇਂ ਉਸ ਦੇ ਮਨ ਦਾ ਭਰਮ ਹੈ।

ਇਸ ਦੌਰਾਨ ਵਿਚ ਮਿਸ ਹਾਲਕੌਂਬ ਲਿਮਰਿਜ ਹਾਊਸ ਵਾਪਸ ਆ ਗਈ ਸੀ, ਅਤੇ ਜੋ ਵੀ ਜਾਣਕਾਰੀ, ਉਹ ਹਾਸਲ ਕਰ ਸਕਦੀ ਸੀ ਉਹਨੇ ਕੀਤੀ।

ਮਿਸਟਰ ਫ਼ੇਅਰਲੀ ਨੂੰ ਵੀ ਉਹਦੀ ਭਤੀਜੀ ਦੀ ਮੌਤ ਦੀ ਖ਼ਬਰ ਉਹਦੀ ਭੈਣ ਦੀ ਚਿੱਠੀ ਰਾਹੀਂ ਮਿਲੀ। ਇਸ ਚਿੱਠੀ ਵਿਚ ਵੀ ਕੋਈ ਤਾਰੀਖ ਆਦਿ ਨਹੀਂ ਸੀ; ਉਹਨੇ ਆਪਣੀ ਭੈਣ ਦੇ ਇਸ ਸੁਝਾਅ ਦੀ ਪੁਸ਼ਟੀ ਕੀਤੀ ਸੀ ਕਿ ਲਾਰਾ ਦੀ ਕਬਰ ਵੀ ਉਹਦੀ ਮਾਂ ਦੇ ਨਾਲ ਹੀ ਹੋਵੇ। ਕਾਂਊਟ ਫ਼ੋਸਕੋ ਲਾਰਾ ਨੂੰ ਲੈ ਕੇ ਲਿਮਰਿਜ ਪਹੁੰਚਿਆ, ਅਤੇ ਲੇਡੀ ਗਲਾਈਡ ਤੀਹ ਜੁਲਾਈ ਨੂੰ ਦਫਨਾਈ ਗਈ। ਆਂਢੀ-ਗੁਆਂਢੀ ਅਤੇ ਸਾਰੇ ਪਿੰਡ ਦੇ ਲੋਕਾਂ ਦੇ ਸਾਹਮਣੇ ਅੰਤਮ ਰਸਮਾਂ ਪੂਰੀਆਂ ਕੀਤੀਆਂ ਗਈਆਂ। ਇਸ ਤੋਂ ਅਗਲੇ ਦਿਨ ਮੈਡਮ ਫ਼ੋਸਕੋ ਨੇ ਸ਼ਿਲਾ-ਲੇਖ ਤਿਆਰ ਕੀਤਾ; ਜੋ ਮਿਸਟਰ ਫੇਅਰਲੀ ਦੀ ਰਜ਼ਾਮੰਦੀ ਮਗਰੋਂ ਕਬਰ ਦੇ ਉਪਰ ਮਕਬਰੇ ਤੇ ਗੱਡਿਆ ਗਿਆ।

ਇਕ ਦੋ ਦਿਨ ਕਾਂਊਟ ਫ਼ੋਸਕੋ ਵੀ ਲਿਮਰਿਜ ਹਾਊਸ ਵਿਚ ਰਿਹਾ, ਪਰ ਮਿਸਟਰ ਫ਼ੇਅਰਲੀ ਨੇ ਉਹਨੂੰ ਮਿਲਣ ਦੀ ਮਨਜ਼ੂਰੀ ਨਾ ਦਿੱਤੀ। ਉਹਨਾਂ ਵਿਚਕਾਰ ਚਿੱਠੀ-ਪੱਤਰ ਰਾਹੀਂ ਹੀ ਸਭ ਗੱਲਾਂ ਹੋਈਆਂ ਚਿੱਠੀ ਰਾਹੀਂ ਹੀ ਕਾਂਊਟ ਫ਼ੋਸਕੋ ਨੇ ਉਹਨੂੰ ਲੇਡੀ ਗਲਾਈਡ ਦੀ ਮੌਤ ਦੇ ਹਾਲਾਤ ਤੋਂ ਜਾਣੂੰ ਕਰਵਾਇਆ। ਇਸ ਚਿੱਠੀ ਵਿਚ ਉਹਦੀ ਬਿਮਾਰੀ ਅਤੇ ਮੌਤ ਬਾਰੇ ਦਸਿਆ ਗਿਆ ਸੀ। ਕੋਈ ਨਵੀਂ ਗੱਲ ਨਹੀਂ ਸੀ ਪਰ ਅੰਤ ਵਿਚ ਇਕ ਪੈਰਾ ਧਿਆਨ ਦੇਣ ਯੋਗ ਸੀ; ਇਹ ਏਨ ਕੈਥੇਰਿਕ ਬਾਰੇ ਸੀ। ਇਸ ਪੈਰੇ ਦਾ ਭਾਵ ਇਹ ਸੀ :-

ਮਿਸਟਰ ਫ਼ੇਅਰਲੀ ਏਨ ਕੈਥੇਰਿਕ ਬਾਰੇ ਮਿਸ ਹਾਲਕੌਂਬ ਕੋਲੋਂ ਸਭ ਕੁਛ ਪੁੱਛ ਸਕਦੇ ਸਨ। ਏਨ ਕੈਥੇਰਿਕ ਜੋ ਬਲੈਕਵਾਟਰ ਪਾਰਕ ਦੇ ਨੇੜਿਓਂ ਹੀ ਲੱਭੀ ਗਈ ਸੀ; ਹੁਣ ਦੂਜੀ ਵਾਰ ਪਾਗਲ-ਖ਼ਾਨੇ ਵਿਚ ਭਰਤੀ ਕਰਵਾਈ ਗਈ ਸੀ। ਇਸ ਤੋਂ ਮਗਰੋਂ ਕਾਂਊਟ ਫ਼ੋਸਕੋ ਨੇ ਇਹ ਚੇਤਾਵਨੀ ਦਿਤੀ ਸੀ; ਕਿ ਏਨ ਕੈਥੇਰਿਕ ਦੀ ਬੀਮਾਰੀ, ਬਹੁਤ ਦੇਰ ਪਾਗਲਖਾਨੇ ਤੋਂ ਬਾਹਰ ਰਹਿਣ ਨਾਲ ਵਧ ਗਈ ਸੀ, ਅਤੇ ਉਹ ਹੁਣ ਸਰ ਪਰਸੀਵਲ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਨਫਰਤ ਕਰਦੀ ਸੀ। ਉਹ ਹਰ ਤਰ੍ਹਾਂ ਸਰ ਪਰਸੀਵਲ ਨੂੰ ਤੰਗ ਕਰਨਾ ਚਾਹੁੰਦੀ ਸੀ; ਇਸ ਲਈ ਹੁਣ ਉਹਦੀ ਨਫ਼ਰਤ ਨੇ ਨਵਾਂ ਰੂਪ ਧਾਰਣ ਕਰ ਲਿਆ ਸੀ।

ਹੁਣ ਉਹ ਨਰਸਾਂ ਅਤੇ ਹੋਰ ਬੀਮਾਰਾਂ ਦੇ ਸਾਹਮਣੇ ਆਪਣੇ ਆਪ ਨੂੰ ਉਹਦੀ ਸਵਰਗਵਾਸੀ ਪਤਨੀ ਦੇ ਨਾਂ ਨਾਲ ਬੁਲਾਂਦੀ ਹੈ; ਗੱਲ ਕੀ ਉਹ ਸਮਝਦੀ ਹੈ ਕਿ ਉਹ ਲੇਡੀ ਗਲਾਈਡ ਹੈ। ਇਕ ਵਾਰੀ ਕਿਧਰ ਉਹ ਲੇਡੀ ਗਲਾਈਡ ਨੂੰ ਛੁਪ ਕੇ ਮਿਲੀ ਸੀ, ਜਿਸ ਤੋਂ

ਉਹਨੂੰ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦੋਹਾਂ ਦੀ ਸ਼ਕਲ ਕਾਫ਼ੀ ਮਿਲਦੀ ਸੀ। ਇਸ ਲਈ ਹੁਣ ਇਹ ਖਿਆਲ ਉਹਦੇ ਦਿਮਾਗ ਵਿਚ ਘਰ ਕਰ ਗਿਆ ਹੈ। ਇਹ ਹੁਣ ਲਗਭਗ ਅਸੰਭਵ ਹੀ ਹੈ, ਕਿ ਉਹ ਪਾਗਲਖ਼ਾਨੇ ਵਿਚੋਂ ਭਜ ਸਕੇ; ਪਰ ਇਹ ਹੋ ਸਕਦਾ ਹੈ ਕਿ ਹੁਣ ਚਿੱਠੀਆਂ ਰਾਹੀਂ ਲੇਡੀ ਗਲਾਈਡ ਦੇ ਰਿਸ਼ਤੇਦਾਰਾਂ ਨੂੰ ਪਰੇਸ਼ਾਨ ਕਰਨ ਦਾ ਯਤਨ ਕਰੇ। ਇਸੇ ਲਈ ਮਿਸਟਰ ਫ਼ੇਅਰਲੀ ਨੂੰ ਪਹਿਲਾਂ ਹੀ ਖ਼ਬਰਦਾਰ ਕਰ ਦਿੱਤਾ ਜਾਂਦਾ ਹੈ, ਕਿ ਅਜਿਹੀਆਂ ਚਿੱਠੀਆਂ ਮਿਲਣ ਉਤੇ ਉਹ ਉਨ੍ਹਾਂ ਨੂੰ ਏਨ ਕੈਥੇਰਿਕ ਦਾ ਪਾਗਲਪਨ ਹੀ ਸਮਝੇ।

ਮਿਸ ਹਾਲਕੌਂਬ ਜਦੋਂ ਲਿਮਰਿਜ ਪੁੱਜੀ ਤਾਂ ਉਹਨੂੰ ਇਹ ਵਿਖਾਈ ਗਈ। ਉਹਨੂੰ ਲੇਡੀ ਗਲਾਈਡ ਦੇ ਉਹ ਕੱਪੜੇ ਜੋ ਉਹਨੇ ਅੰਤ ਵੇਲੇ ਪਾਏ ਹੋਏ ਸਨ ਵੀ ਦਿਤੇ ਗਏ; ਅਤੇ ਨਾਲ ਹੀ ਉਹ ਸਾਮਾਨ ਵੀ ਜੋ ਉਹ ਬਲੈਕਵਾਟਰ ਤੋਂ ਨਾਲ ਲਿਆਈ ਸੀ; ਮਿਸ ਹਾਲਕੌਂਬ ਦੇ ਹਵਾਲੇ ਕੀਤਾ ਗਿਆ। ਇਹ ਸਭ ਵਸਤੂਆਂ ਮੈਡਮ ਫ਼ੋਸਕੋ ਨੇ ਬੜੇ ਧਿਆਨ ਨਾਲ ਸਾਂਭ ਸਿਕਰ ਕੇ ਮਿਸ ਹਾਲਕੌਂਬ ਨੂੰ ਭੇਜੀਆਂ ਸਨ।

ਸੋ ਜਦੋਂ ਸਤੰਬਰ ਦੇ ਸ਼ੁਰੂ ਵਿਚ ਮਿਸ ਹਾਲਕੌਂਬ ਲਿਮਰਿਜ ਪਹੁੰਚੀ ਤਾਂ ਇਹ ਸਥਿੱਤੀ ਸੀ। ਇਸ ਤੋਂ ਥੋੜਾ ਚਿਰ ਮਗਰੋਂ ਉਹ ਫਿਰ ਬੀਮਾਰ ਪੈ ਗਈ। ਉਹਦੀ ਕਮਜ਼ੋਰ ਅਤੇ ਨਿਤਾਣੀ ਜਾਨ ਇਹ ਮਾਨਸਿਕ ਬੇਚੈਨੀ ਅਤੇ ਫਿਕਰ ਨਾ ਝੱਲ ਸਕੀ; ਇਕ ਮਹੀਨੇ ਮਗਰੋਂ ਉਹਨੂੰ ਜਰਾ ਤਾਕਤ ਪਈ। ਉਹਦੇ ਦਿਲ ਵਿਚ, ਅਜੇ ਵੀ ਇਹ ਵਿਸ਼ਵਾਸ ਸੀ, ਕਿ ਲੇਡੀ ਗਲਾਈਡ ਦੀ ਮੌਤ ਵਿਚ ਜ਼ਰੂਰ ਕਿਧਰੇ ਨਾ ਕਿਧਰੇ ਕੋਈ ਗੜਬੜ ਹੈ। ਸਰ ਪਰਸੀਵਲ ਦੀ ਕੋਈ ਚਿੱਠੀ ਨਹੀਂ ਆਈ ਸੀ, ਪਰ ਮੈਡਮ ਫ਼ੋਸਕੋ ਦੀਆਂ ਕਈ ਪਿਆਰ ਭਰੀਆਂ ਚਿੱਠੀਆਂ ਆ ਚੁੱਕੀਆਂ ਸਨ, ਜਿਨ੍ਹਾਂ ਵਿਚ ਉਹ ਆਪਣੇ ਪਤੀ ਵਲੋਂ ਵੀ ਉਹਦਾ ਹਾਲ ਚਾਲ ਪੁੱਛਦੀ ਸੀ। ਇਨ੍ਹਾਂ ਦਾ ਉੱਤਰ ਦੇਣ ਦੀ ਥਾਵੇਂ ਮਿਸ ਹਾਲਕੌਂਬ ਨੇ ਸੇਂਟ ਜਾਨਸ ਵੁਡ ਦੇ ਘਰ ਅਤੇ ਉਸ ਦੇ ਨਿਵਾਸੀਆਂ ਉਤੇ ਚੋਰੀ ਚੋਰੀ ਜਾਸੂਸੀ ਕਰਵਾਈ।

ਪਰ ਇਸ ਦਾ ਵੀ ਕੋਈ ਸਿੱਟਾ ਨਾ ਨਿਕਲਿਆ। ਉਹਨੇ ਮਿਸਜ਼ ਰੂਬੈਲੇ ਦੀ ਵੀ ਨਿਗਰਾਨੀ ਕਰਵਾਈ। ਉਹ ਕੋਈ ਛੇ ਮਹੀਨੇ ਪਹਿਲਾਂ ਆਪਣੇ ਪਤੀ ਨਾਲ ਲੰਦਨ ਆਈ ਸੀ। ਉਹ ਲਾਇਨਜ਼ ਤੋਂ ਆਏ ਸਨ, ਅਤੇ ਲੀਸੈਸਟਰ ਸੁਕੇਅਰ ਦੇ ਗੁਆਂਢ ਇਕ ਮਕਾਨ ਲੈ ਕੇ ਬੋਰਡਿੰਗ ਹਾਊਸ ਬਣਾਉਣਾ ਚਾਹੁੰਦੇ ਸਨ। 1851 ਵਿਚ, ਇੰਗਲੈਂਡ ਵਿਚ ਜਿਹੜੀ ਨੁਮਇਸ਼

ਹੋਣੀ ਸੀ, ਉਸ ਵਿਚ ਬਾਹਰਲੇ ਮੁਲਕਾਂ ਤੋਂ ਪ੍ਰਦੇਸੀਆਂ ਨੇ ਭਾਰੀ ਗਿਣਤੀ ਵਿਚ ਆਉਣਾ ਸੀ; ਇਹ ਬੋਰਡਿੰਗ ਹਾਊਸ ਉਨ੍ਹਾਂ ਪ੍ਰਦੇਸੀਆਂ ਲਈ ਹੀ ਤਿਆਰ ਕੀਤਾ ਜਾਣਾ ਸੀ। ਮਿਸਟਰ ਅਤੇ ਮਿਸਜ਼ ਰੂਬੈਲੇ ਦੀ ਕੋਈ ਸੰਦੇਹਜਨਕ ਗੱਲ ਨਜ਼ਰ ਨਹੀਂ ਸੀ ਆਈ। ਉਹ ਈਮਾਨਦਾਰ ਲੋਕ ਸਨ। ਇਸ ਤੋਂ ਮਗਰੋਂ ਸਰ ਪਰਸੀਵਲ ਬਾਰੇ ਪਤਾ ਕਰਵਾਇਆ ਗਿਆ। ਉਹ ਪੈਰਿਸ ਵਿਚ ਸੀ, ਅਤੇ ਉਥੇ ਕਈ ਅੰਗਰੇਜ਼ ਤੇ ਫਰਾਂਸੀਸੀ ਮਿੱਤਰਾਂ ਨਾਲ ਮਿਲਦਾ ਜੁਲਦਾ ਸੀ।

ਇਨ੍ਹਾਂ ਸਭ ਪਾਸਿਆਂ ਤੋਂ ਹਾਰ ਖਾਣ ਮਗਰੋਂ ਵੀ ਮਿਸ ਹਾਲਕੌਂਬ ਨੇ ਹਾਰ ਨਾ ਮੰਨੀ; ਅਤੇ ਹੁਣ ਉਹਨੇ ਇਹ ਫੈਸਲਾ ਕੀਤਾ, ਕਿ ਉਹ ਉਸ ਪਾਗਲਖਾਨੇ ਵਿਚ ਜਾਏਗੀ; ਜਿਥੇ ਏਨ ਕੈਥੇਰਿਕ ਨੂੰ ਦੂਜੀ ਵਾਰ ਬੰਦ ਕੀਤਾ ਗਿਆ ਸੀ। ਪਹਿਲਾਂ ਵੀ ਉਹ ਉਹਨੂੰ ਮਿਲਣਾ ਚਾਹੁੰਦੀ ਸੀ, ਪਰ ਹੁਣ ਤੇ ਉਹ ਮਿਲਣ ਲਈ ਹੋਰ ਵੀ ਉਤਾਵਲੀ ਸੀ; ਉਹ ਆਪਣੀਆਂ ਅੱਖਾਂ ਨਾਲ ਜਾ ਕੇ ਵੇਖਣਾ ਚਾਹੁੰਦੀ ਸੀ ਕਿ ਕੀ ਇਹ ਸਚਮੁਚ ਠੀਕ ਹੈ ਕਿ ਏਨ ਕੈਥੇਰਿਕ ਆਪਣੇ ਆਪ ਨੂੰ ਲੇਡੀ ਗਲਾਈਡ ਦਸਦੀ ਹੈ, ਅਤੇ ਜੇ ਇਹ ਗੱਲ ਠੀਕ ਹੈ ਤਾਂ ਉਸ ਵਿਚਾਰੀ ਦੇ ਅਜਿਹਾ ਕਰਨ ਲਈ ਕੀ ਕਾਰਣ ਹੈ ! ਉਹਦੇ ਦਿਲ ਵਿਚ ਕੀ ਹੈ?

ਭਾਵੇਂ ਕਾਂਊਟ ਫ਼ੋਸਕੋ ਦੀ ਚਿੱਠੀ ਵਿਚ ਪਾਗਲਖਾਨੇ ਦਾ ਪਤਾ ਨਹੀਂ ਸੀ ਦਿਤਾ ਹੋਇਆ, ਪਰ ਮਿਸ ਹਾਲਕੌਂਬ ਨੂੰ ਇਹਦੀ ਲੋੜ ਹੀ ਨਹੀਂ ਸੀ। ਜਦੋਂ ਵਾਲਟਰ ਹਾਰਟਰਾਈਡ, ਏਨ ਕੈਥੇਰਿਕ ਨੂੰ ਲਿਮਰਿਜ ਮਿਲਿਆ ਸੀ ਤਾਂ ਉਹਨੇ ਹਾਰਟਰਾਈਟ ਨੂੰ ਉਸ ਇਲਾਕੇ ਦਾ ਨਾਂ ਦੱਸਿਆ ਸੀ, ਜਿਥੇ ਉਹ ਪਾਗਲਖਾਨਾ ਸੀ। ਅਤੇ ਮਿਸ ਹਾਲਕੌਂਬ ਨੇ ਇਸ ਮਿਲਣੀ ਦਾ ਇੰਨ ਬਿਨ ਪੂਰਾ ਹਾਲ ਆਪਣੀ ਡਾਇਰੀ ਵਿਚ ਉਵੇਂ ਹੀ ਲਿਖਿਆ ਸੀ, ਜਿਵੇਂ ਵਾਲਟਰ ਹਾਰਟਰਾਈਟ ਨੇ ਉਹਨੂੰ ਸੁਣਾਇਆ ਸੀ। ਸੋ ਉਹਨੇ ਡਾਇਰੀ ਵਿਚੋਂ ਉਹ ਪਤਾ ਕੱਢ ਲਿਆ, ਅਤੇ ਆਪਣੇ ਕੋਲ ਕਾਊਂਟ ਦੀ ਮਿਸਟਰ ਫ਼ੇਅਰਲੀ ਵਾਲੀ ਉਹ ਚਿੱਠੀ ਵੀ ਰੱਖ ਲਈ, ਜਿਸ ਵਿਚ ਉਹਨੇ ਇਹ ਸਾਰਾ ਕਿੱਸਾ ਲਿਖਿਆ ਹੋਇਆ ਸੀ ਤਾਂ ਜੋ ਲੋੜ ਪੈਣ ਉਤੇ ਉਹ ਚਿੱਠੀ ਵਰਤੀ ਜਾ ਸਕੇ। ਬਾਰਾਂ ਅਕਤੂਬਰ ਨੂੰ ਉਹ ਇਕੱਲੀ ਹੀ ਉਸ ਪਾਗਲਖਾਨੇ ਲਈ ਰਵਾਨਾ ਹੋਈ।

ਉਹ ਯਾਰਾਂ ਅਕਤੂਬਰ ਦੀ ਰਾਤ ਲੰਦਨ ਰਹੀ। ਉਸ ਦੀ ਸਲਾਹ ਤੋਂ ਮਿਸਜ਼ ਵੈਸੀ ਕੋਲ ਰਾਤ ਬਿਤਾਉਣ ਦੀ ਸੀ ਪਰ ਮਿਸਜ਼ ਵੈਸੀ ਦੀ ਉਹਨੂੰ ਵੇਖਦਿਆਂ ਸਾਰ ਹੀ ਬੁਰੀ ਹਾਲਤ

ਹੋਈ। ਉਹ ਉਥੇ ਰਹਿ ਕੇ ਉਹਨੂੰ ਹੋਰ ਦੁਖੀ ਨਹੀਂ ਸੀ ਕਰਨਾ ਚਾਹੁੰਦੀ ਕਿਉਂਕਿ ਮਿਸਜ਼ ਹਾਲਕੌਂਬ ਨੂੰ ਵੇਖਦਿਆਂ ਹੀ ਉਹ ਲਾਰਾ ਫ਼ੇਅਰਲੀ ਲਈ ਰੋ ਰੋ ਕੇ ਫਾਵੀ ਹੋ ਗਈ ਸੀ। ਮਿਸਜ਼ ਵੈਸੀ ਦੀ ਵਿਆਹੀ ਹੋਈ ਭੈਣ ਨੇ ਮਿਸ ਹਾਲਕੌਂਬ ਨੂੰ ਨੇੜੇ ਹੀ ਇਕ ਬੌਰਡਿੰਗ ਹਾਊਸ ਦੱਸਿਆ, ਜਿਥੇ ਉਹਨੇ ਰਾਤ ਕਟੀ। ਦੂਜੇ ਦਿਨ ਸਵੇਰੇ ਹੀ ਉਹ ਲੰਦਨ ਦੇ ਉੱਤਰੀ ਹਿਸੇ ਵੱਲ, ਜਿਥੇ ਉਹ ਪਾਗਲਖਾਨਾ ਸੀ ਰਵਾਨਾ ਹੋਈ।

ਉਹ ਸਿਧੀ ਪਾਗਲਖਾਨੇ ਦੇ ਮਾਲਕ ਕੋਲ ਪਹੁੰਚੀ। ਪਹਿਲਾਂ ਤਾਂ ਉਹ ਮਿਸ ਹਾਲਕੌਂਬ ਨੂੰ ਇਹ ਆਗਿਆ ਨਹੀਂ ਸੀ ਦੇਂਦਾ, ਕਿ ਉਹ ਬੀਮਾਰ ਨੂੰ ਮਿਲੇ। ਪਰ ਜਦੋਂ ਉਹਨੇ ਕਾਂਊਟ ਫ਼ੋਸਕੋ ਦੀ ਉਹ ਚਿੱਠੀ ਓਹਨੂੰ ਵਿਖਾਈ ਅਤੇ ਨਾਲ ਹੀ ਇਹ ਵੀ ਕਿਹਾ, ਕਿ ਉਹ ਹੀ ਮਿਸ ਹਾਲਕੌਂਬ ਹੈ, ਜਿਸ ਦਾ ਜ਼ਿਕਰ ਚਿੱਠੀ ਵਿਚ ਹੈ, ਅਤੇ ਉਹ ਲੇਡੀ ਗਲਾਈਡ ਦੀ ਭੈਣ ਹੈ, ਉਹ ਵੇਖਣਾ ਚਾਹੁੰਦੀ ਹੈ ਕਿ ਏਨ ਕੈਥੇਰਿਕ ਕਿਉਂ ਉਹਦੀ ਭੈਣ ਦਾ ਨਾਂ ਆਪਣੇ ਲਈ ਵਰਤ ਰਹੀ ਹੈ। ਇੰਨਾ ਜ਼ੋਰ ਪਾਣ ਦੇ ਮਗਰੋਂ ਪਾਗਲਖਾਨੇ ਦਾ ਮਾਲਕ ਰਤਾ ਢਿਲਾ ਹੋਇਆ। ਉਹਨੇ ਇਹ ਵੀ ਮਹਿਸੂਸ ਕੀਤਾ, ਕਿ ਘੜੀ ਘੜੀ ਨਾਂਹ ਕਰਨ ਤੇ ਕਿਸੇ ਨੂੰ ਇਹ ਵੀ ਸ਼ੱਕ ਪੈ ਸਕਦਾ ਹੈ; ਕਿ ਉਹਦੇ ਪਾਗਲਖਾਨੇ ਵਿਚ ਕੋਈ ਸੰਦੇਹ-ਜਨਕ ਘਟਨਾਵਾਂ ਹੁੰਦੀਆਂ ਹਨ ਅਤੇ ਨਾਲ ਹੀ ਇੰਨੀ ਵਾਰ ਨਾਂਹ ਕਰਨਾ ਮਿਸ ਹਾਲਕੌਂਬ ਵੱਲ ਬਦਤਮੀਜ਼ੀ ਹੋਵੇਗੀ।

ਮਿਸ ਹਾਲਕੌਂਬ ਦਾ ਖ਼ਿਆਲ ਸੀ ਕਿ ਪਾਗਲਖਾਨੇ ਦੇ ਮਾਲਕ ਨੂੰ ਸਰ ਪਰ ਪਰਸੀਵਲ ਅਤੇ ਕਾਊਂਟ ਫ਼ੋਸਕੋ ਨੇ ਆਪਣੇ ਭੇਤ ਵਿਚ ਨਹੀਂ ਸੀ ਲਿਆ, ਨਹੀਂ ਤੇ ਉਹ ਕਦੀ ਵੀ ਮਿਸ ਹਾਲਕੌਂਬ ਨੂੰ ਮਰੀਜ਼ ਦੇ ਨੇੜੇ ਜਾਣ ਦੀ ਇਜਾਜ਼ਤ ਨਾ ਦੇਂਦਾ, ਭਾਵੇਂ ਉਹ ਲੱਖ ਸਿਰ ਪਟਕਦੀ। ਉਹਦੀਆਂ ਕਈ ਗੱਲਾਂ ਤੋਂ ਵੀ ਮਿਸ ਹਾਲਕੌਂਬ ਦਾ ਇਹ ਖਿਆਲ ਵਿਸ਼ਵਾਸ ਵਿਚ ਬਦਲ ਗਿਆ। ਮਿਸ ਹਾਲਕੌਂਬ ਨਾਲ ਗੱਲਾਂ ਕਰਦਿਆਂ ਉਹਨੇ ਦਸਿਆ, ਕਿ ਏਨ ਕੈਥੇਰਿਕ ਨੂੰ ਕਾਊਂਟ ਫ਼ੋਸਕੋ ਦੂਜੀ ਵਾਰ ਸਤਾਈ ਜੁਲਾਈ ਨੂੰ ਲੈ ਕੇ ਆਇਆ ਸੀ। ਉਹ ਕਈ ਸਰਟੀਫਿਕੇਟ ਵੀ ਲਿਆਇਆ ਸੀ। ਉਹ ਸਰ ਪਰਸੀਵਲ ਦੀ ਇਕ ਚਿੱਠੀ ਵੀ ਨਾਲ ਲਿਆਇਆ ਸੀ, ਜਿਸ ਵਿਚ ਜ਼ਰੂਰੀ ਹਦਾਇਤਾਂ ਸਨ। ਪਾਗਲਖਾਨੇ ਦੇ ਮਾਲਕ ਨੇ ਮਿਸ ਹਾਲਕੌਂਬ ਨੂੰ ਇਹ ਵੀ ਦਸਿਆ, ਕਿ ਏਨ ਕੈਥੇਰਿਕ ਜਦੋਂ ਦੀ ਮੁੜ ਕੇ ਆਈ ਸੀ, ਉਹਦੇ ਵਿਚ ਅਜੀਬ ਜੇਹਾ

ਪ੍ਰੀਵਰਤਨ ਸੀ। ਇਹ ਠੀਕ ਸੀ ਕਿ ਕਈ ਵਾਰ ਪਾਗਲਾਂ ਵਿਚ ਅਜੇਹੀਆਂ ਤਬਦੀਲੀਆਂ ਆ ਜਾਂਦੀਆਂ ਹਨ। ਪਾਗਲਾਂ ਦੀਆਂ ਆਦਤਾਂ ਕਈ ਵਾਰ ਬਦਲਦੀਆਂ ਹਨ; ਉਹ ਕਈ ਵਾਰ ਬਿਲਕੁਲ ਠੀਕ ਜਾਪਦੇ ਹਨ ਅਤੇ ਕਈ ਵਾਰ ਉਨ੍ਹਾਂ ਦੀ ਹਾਲਤ ਅਗੇ ਨਾਲੋਂ ਵੀ ਭੈੜੀ ਹੋ ਜਾਂਦੀ ਹੈ। ਅਤੇ ਇੰਜ ਉਨ੍ਹਾਂ ਦੀ ਸਕਲ ਸੂਰਤ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ ! ਏਨਾ ਤਾਂ ਉਹਨੂੰ ਤਜਰਬਾ ਸੀ ਅਤੇ ਉਹ ਏਨ ਕੈਥੇਰਿਕ ਦੇ ਨਵੇਂ ਭਰਮ ਦਾ ਵੀ ਏਨਾ ਖਿਆਲ ਨਹੀਂ ਸੀ ਕਰਦਾ ਜਾਪਦਾ, ਪਰ ਤਾਂ ਵੀ ਉਹ ਆਪ ਕਈ ਵਾਰ ਬੜਾ ਹੈਰਾਨ ਹੋ ਜਾਂਦਾ ਸੀ, ਕਿ ਨੱਸ ਕੇ ਜਾਣ ਵਾਲੀ ਏਨ ਕੈਥੇਰਿਕ ਅਤੇ ਹੁਣ ਵਾਲੀ ਏਨ ਵਿਚ ਬਹੁਤ ਫਰਕ ਸੀ। ਇਹ ਫਰਕ ਉਹ ਸ਼ਬਦਾ ਵਿਚ ਬਿਆਨ ਕਰ ਸਕਣ ਅਤੇ ਮਿਸ ਹਾਲਕੌਂਬ ਨੂੰ ਸਮਝਾ ਸਕਣ ਵਿਚ ਅਸਮੱਰਥ ਸੀ। ਉਹਦੀ ਸ਼ਕਲ ਉਚਾਈ, ਰੰਗ ਰੂਪ ਵਿਚ ਬਹੁਤਾ ਫਰਕ ਨਹੀਂ ਸੀ। ਉਹੀਓ ਅੱਖਾਂ ਸਨ, ਉਹੀ ਵਾਲਾ ਦਾ ਰੰਗ ਸੀ; ਪਰ ਉਹ ਫਰਕ ਮਹਿਸੂਸ ਕਰਦਾ ਸੀ। ਅਸਲ ਵਿਚ ਉਹਨੂੰ ਏਨ ਕੈਥੇਰਿਕ ਦੇ ਕੇਸ ਦੀ ਸ਼ੁਰੂ ਤੋਂ ਹੀ ਸਮਝ ਨਹੀਂ ਸੀ ਆਉਂਦੀ ਅਤੇ ਹੁਣ ਤੇ ਹੋਰ ਵੀ ਉਲਝਣ ਵਧ ਗਈ ਸੀ।

ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਪਾਗਲਖਾਨੇ ਦੇ ਮਾਲਕ ਦੀਆਂ ਗੱਲਾਂ ਨੇ ਮਿਸ ਹਾਲਕੌਂਬ ਨੂੰ ਆਉਣ ਵਾਲੀ ਘਟਨਾ ਲਈ ਤਿਆਰ ਕਰ ਦਿੱਤਾ ਸੀ, ਪਰ ਉਹਦੀਆਂ ਗੱਲਾਂ ਨਾਲ ਉਹਦਾ ਦਿਲ ਘਬਰਾ ਗਿਆ ਸੀ, ਅਤੇ ਉਹ ਕਿੰਨਾ ਹੀ ਚਿਰ ਉਥੇ ਚੁਪਚਾਪ ਬੈਠੀ ਰਹੀ। ਫਿਰ ਦਿਲ ਪੱਕਾ ਕਰਕੇ ਮਾਲਕ ਦੇ ਪਿੱਛੇ ਪਿੱਛੇ ਟੁਰ ਪਈ। ਉਹ ਉਹਨੂੰ ਘਰ ਦੇ ਉਸ ਹਿੱਸੇ ਵਿਚ ਲੈ ਗਿਆ, ਜਿਥੇ ਬੀਮਾਰ ਸਨ। ਪੁਛਣ ਤੋਂ ਪਤਾ ਲਗਾ ਕਿ ਏਨ ਕੈਥੇਰਿਕ ਮੈਦਾਨ ਵਿਚ ਸੈਰ ਕਰ ਰਹੀ ਹੈ। ਇਹ ਮੈਦਾਨ ਉਸ ਘਰ ਦੇ ਨਾਲ ਹੀ ਸੀ; ਇਕ ਨਰਸ ਮਿਸ ਹਾਲਕੌਂਬ ਨੂੰ ਉਹਦੇ ਕੋਲ ਪਹੁੰਚਾਣ ਲਈ ਉਹਦੇ ਨਾਲ ਹੋ ਪਈ। ਮਾਲਕ ਨੂੰ ਅੰਦਰ ਕੁਝ ਚਿਰ ਲਈ ਕੋਈ ਕੰਮ ਸੀ, ਸੋ ਉਹਨੇ ਕਿਹਾ, ਕਿ ਉਹ ਕੁਝ ਮਿੰਟਾਂ ਮਗਰੋਂ ਮਿਸ ਹਾਲਕੌਂਬ ਨੂੰ ਬਾਹਰ ਮੈਦਾਨ ਵਿਚ ਹੀ ਮਿਲ ਪਵੇਗਾ। ਨਰਸ ਮਿਸ ਹਾਲਕੌਂਬ ਨੂੰ ਘਰ ਦੇ ਇਕ ਪਾਸੇ ਵੱਲ ਲਿਜਾ ਰਹੀ ਸੀ। ਇਹ ਬਗੀਚਾ ਸੁਹਣਾ ਸੀ ਅਤੇ ਥੋੜੀ ਦੂਰ ਜਾ ਕੇ ਪਗਡੰਡੀ ਉਤੇ ਘਾਹ ਹੀ ਘਾਹ ਉਗਿਆ ਹੋਇਆ ਸੀ। ਦੋਵੇਂ ਪਾਸੇ ਝਾੜੀਆਂ ਸਨ। ਦੂਰ ਦੋ ਔਰਤਾਂ ਆ ਰਹੀਆਂ ਸਨ। ਨਰਸ ਨੇ ਮਿਸ ਹਾਲਕੌਂਬ ਨੂੰ ਕਿਹਾ-

ਉਹ ਏਨ ਕੈਥੇਰਿਕ ਹੈ ਅਤੇ ਨਾਲ ਉਹਦੀ ਨਰਸ ਹੈ। ਉਹ ਤੁਹਾਨੂੰ ਤੁਹਾਡੀਆਂ ਪੁਛਾਂ ਦੇ ਉੱਤਰ ਦੇਏਗੀ।" ਇਹ ਕਹਿ ਕੇ ਉਹ ਪਹਿਲੀ ਨਰਸ ਵਾਪਸ ਆਪਣੀ ਡਿਊਟੀ ਉਤੇ ਚਲੀ ਗਈ।

ਇਧਰੋਂ ਮਿਸ ਹਾਲਕੌਂਬ ਤੁਰਦੀ ਜਾ ਰਹੀ ਸੀ ਅਤੇ ਉਧਰੋਂ ਉਹ ਦੋਵੇਂ ਅੱਗੇ ਵਧ ਰਹੀਆਂ ਸਨ। ਉਨ੍ਹਾਂ ਦੋਹਾਂ ਵਿਚ ਇਕ ਨੇ ਮਿਸ ਹਾਲਕੌਂਬ ਨੂੰ ਵੇਖਿਆ, ਆਪਣੀ ਬਾਂਹ ਨਰਸ ਕੋਲੋਂ ਛੁਡਾਈ ਅਤੇ ਅਗਲੇ ਪਲ ਉਹ ਮਿਸ ਹਾਲਕੌਂਬ ਦੀ ਗਲਵਕੜੀ ਵਿਚ ਸੀ। ਉਸੇ ਪਲ ਮਿਸ ਹਾਲਕੌਂਬ ਨੇ ਆਪਣੀ ਭੈਣ ਨੂੰ ਪਛਾਣ ਲਿਆ ਅਤੇ ਉਹ ਇਹ ਵੀ ਜਾਣ ਗਈ ਕਿ ਲਾਰਾ, ਲੇਡੀ ਗਲਾਈਡ ਜੀਉਂਦੀ ਹੈ।

ਇਹ ਵੀ ਚੰਗੀ ਕਿਸਮਤ ਹੀ ਸਮਝੋ ਕਿ ਉਸ ਵੇਲੇ ਉਥੇ ਇਕ ਨਰਸ ਦੇ ਇਲਾਵਾ ਹਰ ਕੋਈ ਨਹੀਂ ਸੀ; ਨਹੀਂ ਤੇ ਪਿਛੇ ਜੋ ਉਪਰਾਲਾ ਕੀਤਾ ਗਿਆ, ਉਸ ਵਿਚ ਸਫਲਤਾ ਕੁਝ ਮੁਸ਼ਕਲ ਹੁੰਦੀ। ਉਹ ਵੀ ਜਵਾਨ ਕੁੜੀ ਸੀ ਅਤੇ ਪਹਿਲਾਂ ਤੇ ਉਹ ਵੀ ਇੰਨਾ ਤ੍ਰਬਕ ਗਈ ਕਿ ਕੁਝ ਨਾ ਬੋਲੀ। ਉਧਰ ਮਿਸ ਹਾਲਕੌਂਬ ਨੂੰ ਏਨਾ ਧੱਕਾ ਲੱਗਾ ਕਿ ਉਹ ਲਗਭਗ ਬੇਹੋਸ਼ ਹੀ ਹੋ ਗਈ। ਨਰਸ ਨੂੰ ਉਹਦੀ ਮਦਦ ਕੀਤੀ। ਥੋੜੀ ਦੇਰ ਛਾਂ ਵਿਚ ਬੈਠਣ ਨਾਲ ਅਤੇ ਤਾਜੀ ਹਵਾ ਨਾਲ ਉਹ ਹੋਸ਼ ਵਿਚ ਆਈ। ਉਹਨੂੰ ਇਹ ਗੱਲ ਯਾਦ ਸੀ ਕਿ ਆਪਣੀ ਅਭਾਗਣ ਭੈਣ ਦੀ ਖ਼ਾਤਿਰ ਉਹਨੂੰ ਆਪਣਾ ਦਿਮਾਗ ਉਸ ਵੇਲੇ ਟਿਕਾਣੇ ਰਖਣਾ ਚਾਹੀਦਾ ਹੈ। ਇਸ ਖਿਆਲ ਨਾਲ ਉਹਨੇ ਜਲਦੀ ਹੀ ਆਪਣੇ ਆਪ ਨੂੰ ਸ਼ਾਂਤ ਕਰ ਲਿਆ।

ਉਨ੍ਹਾਂ ਨੇ ਨਰਸ ਵੱਲੋਂ ਇਹ ਆਗਿਆ ਲੈ ਲਈ ਕਿ ਉਹ ਉਹਦੀਆਂ ਅੱਖਾਂ ਦੇ ਸਾਹਮਣੇ ਹੀ, ਪਰ ਥੋੜੀ ਵਿਥ ਤੇ ਆਪਸ ਵਿਚ ਗੱਲਾਂ ਕਰ ਸਕਣ। ਬਹੁਤੇ ਸਵਾਲ ਜਾਂ ਪ੍ਰਸ਼ਨ ਪੁੱਛਣ ਦਾ ਸਮਾਂ ਨਹੀਂ ਸੀ। ਮਿਸ ਹਾਲਕੌਂਬ ਨੇ ਆਪਣੀ ਭੈਣ ਨੂੰ ਇਹੀ ਕਿਹਾ ਕਿ ਉਹ ਆਪਣੇ ਆਪ ਨੂੰ ਕਾਬੂ ਵਿਚ ਰੱਖੇ ਅਤੇ ਹੁਣ ਉਹ ਆਪ ਉਹਨੂੰ ਉਥੋਂ ਕੱਢਣ ਦਾ ਪੂਰਾ ਇੰਤਜ਼ਾਮ ਕਰੇਗੀ ਲੇਡੀ ਗਲਾਈਡ ਨੂੰ ਇੰਨੀ ਸਮਝ ਆ ਗਈ ਕਿ ਜੇ ਉਹ ਆਪਣੀ ਭੈਣ ਦੇ ਆਖੇ ਲਗੇਗੀ ਤਾਂ ਪਾਗਲਖ਼ਾਨੇ ਵਿਚੋਂ ਨਿਕਲ ਸਕੇਗੀ। ਇਸ ਤੋਂ ਪਿਛੋਂ ਮਿਸ ਹਾਲਕੌਂਬ ਨੇ ਵੇਖਿਆ ਕਿ ਉਸ ਵੇਲੇ ਉਹਦੇ ਕੋਲ ਤਿੰਨ ਪੌਂਡ ਹੀ ਸਨ। ਉਸਨੇ ਉਹ ਤਿੰਨੇ ਹੀ ਨਰਸ ਦੀ ਮੁੱਠ ਵਿਚ ਪਾ ਕੇ ਪੁੱਛਿਆ ਕਿ ਉਹ ਉਹਨੂੰ ਇਕਾਂਤ ਵਿਚ ਕਿਥੇ ਮਿਲ ਕੇ ਉਹਦੇ ਨਾਲ ਕੋਈ ਗੱਲ ਕਰ ਸਕਦੀ ਹੈ?

ਪਹਿਲਾਂ ਤਾਂ ਉਸ ਨਰਸ ਨੂੰ ਏਨੀ ਹੈਰਾਨੀ ਸੀ, ਕਿ ਉਹ ਕਿਸੇ ਗੱਲ ਤੇ ਯਕੀਨ ਹੀ ਨਹੀਂ ਸੀ ਕਰ ਰਹੀ। ਮਿਸ ਹਾਲਕੌਂਬ ਨੇ ਉਹਨੂੰ ਤਸੱਲੀ ਦਿਤੀ, ਕਿ ਉਹ ਉਹਦੇ ਕੋਲੋਂ ਕੋਈ ਨਜ਼ਾਇਜ਼ ਕੰਮ ਨਹੀਂ ਕਰਵਾਣਾ ਚਾਹੁੰਦੀ, ਸਿਰਫ ਕੁਝ ਸਵਾਲ ਪੁਛਣਾ ਹੈ; ਜੋ ਉਸ ਵੇਲੇ ਘਬਰਾਈ ਹੋਣ ਕਰਕੇ ਨਹੀਂ ਪੁਛ ਸਕਦੀ। ਇਸ ਤੋਂ ਉਸ ਨੇ ਪੈਸੇ ਲੈ ਲਏ ਅਤੇ ਅਗਲੇ ਦਿਨ ਤਿੰਨ ਵਜੇ ਦਾ ਸਮਾਂ ਦਸਿਆ। ਬੀਮਾਰਾਂ ਦੇ ਰੋਟੀ ਆ ਚੁੱਕਣ ਮਗਰੋਂ ਉਹ ਅਧਾ ਘੰਟਾ ਕਿਸੇ ਨਾ ਕਿਸੇ ਤਰਾਂ ਕੱਢ ਲਵੇਗੀ ਅਤੇ ਮਿਸ ਹਾਲਕੌਂਬ ਨੂੰ ਉਸ ਉੱਤਰੀ ਕੰਧ ਦੇ ਕੋਲ ਮਿਲੇਗੀ, ਜਿਹੜੀ ਮੈਦਾਨ ਨੂੰ ਓਹਲਾ ਕਰਦੀ ਸੀ ਅਤੇ ਜਿਥੇ ਇਕਾਂਤ ਹੁੰਦੀ ਸੀ। ਮਿਸ ਹਾਲਕੌਂਬ ਕੋਲ ਬਸ ਹਾਂ ਕਹਿਣਾ ਦਾ ਹੀ ਸਮਾਂ ਸੀ ਉਹਨੇ ਚਟਪਟ ਆਪਣੀ ਭੈਣ ਨੂੰ ਵੀ ਇਹ ਕਿਹਾ ਕਿ ਅਗਲੇ ਦਿਨ ਉਹ ਮੁੜ ਆਵੇਗੀ। ਇੰਨੇ ਚਿਰ ਨੂੰ ਪਾਗਲਖ਼ਾਨੇ ਦਾ ਮਾਲਕ ਆ ਪਹੁੰਚਿਆ। ਉਹਨੇ ਵੀ ਮਿਸ ਹਾਲਕੌਂਬ ਦੀ ਘਬਰਾਹਟ ਵੇਖੀ, ਪਰ ਮਿਸ ਹਾਲਕੌਂਬ ਨੇ ਉਹਦਾ ਤੋਖਲਾ ਇਹ ਕਹਿ ਕੇ ਦੂਰ ਕਰ ਦਿਤਾ ਕਿ ਏਨ ਕੈਥੇਰਿਕ ਨੂੰ ਵੇਖ ਕੇ ਉਹਦਾ ਤ੍ਰਾਹ ਨਿਕਲ ਗਿਆ ਸੀ। ਇਸ ਤੋਂ ਮਗਰੋਂ ਉਹਨੇ ਕਿਸੇ ਤਰ੍ਹਾਂ ਹਿੰਮਤ ਕਰਕੇ ਉਥੋਂ ਵਿਦਾ ਲਈ।

ਥੋੜੀ ਸੋਚ ਵਿਚਾਰ ਮਗਰੋਂ ਮਿਸ ਹਾਲਕੌਂਬ ਇਸ ਨਤੀਜੇ ਤੇ ਪੁੱਜੀ, ਕਿ ਜੇ ਲੇਡੀ ਗਲਾਈਡ ਨੂੰ ਜੀਉਂਦਾ ਸਾਬਤ ਕਰਨ ਲਈ ਅਤੇ ਪਾਗਲਖਾਨੇ ਵਿਚੋਂ ਕੱਢਣ ਲਈ ਇਸ ਵੇਲੇ ਕਾਨੂੰਨ ਦਾ ਸਹਾਰਾ ਲਿਆ ਗਿਆ, ਤਾਂ ਬਹੁਤ ਸਮਾਂ ਲੱਗ ਜਾਵੇਗਾ। ਇਹ ਦੇਰ ਉਸਦੀ ਭੈਣ ਲਈ ਬੜੀ ਘਾਤਕ ਸਿੱਧ ਹੋ ਸਕਦੀ ਸੀ, ਕਿਉਂਕਿ ਹੁਣ ਵੀ ਉਹ ਆਪਣੀ ਬਦ ਕਿਸਮਤੀ ਨਾਲ ਪਾਗਲ ਹੀ ਹੋਈ ਹੋਈ ਸੀ। ਮਿਸ ਹਾਲਕੌਂਬ ਨੂੰ ਇਹੀ ਡਰ ਸੀ, ਕਿ ਕਿਧਰੇ ਉਹ ਸਚਮੁਚ ਹੀ ਆਪਣੇ ਹੋਸ਼ ਹਵਾਸ ਨਾ ਗਵਾ ਬੈਠੇ। ਲੰਦਨ ਪਹੁੰਚਦਿਆਂ ਤਕ ਉਹਨੇ ਆਪਣੇ ਮਨ ਵਿਚ ਇਹ ਦ੍ਰਿੜ ਨਿਸ਼ਚਾ ਕਰ ਲਿਆ ਕਿ ਉਹ ਨਰਸ ਦੇ ਰਾਹੀਂ ਲੇਡੀ ਗਲਾਈਡ ਨੂੰ ਪਾਗਲਖਾਨੇ ਵਿਚ ਕਿਸੇ ਤਰ੍ਹਾਂ ਕਢ ਲਵੇਗੀ।

ਉਹ ਸਿੱਧੀ ਹੀ ਆਪਣੇ ਦਲਾਲ ਕੋਲ ਗਈ, ਤੇ ਉਹਦੇ ਕੋਲ ਜੋ ਕੁਝ ਸੀ ਉਹ ਉਹਨੇ ਉਸੇ ਵੇਲੇ ਵੇਚ ਦਿਤਾ। ਸਭ ਵੇਚ ਵਟ ਕੇ ਉਹਦੇ ਕੋਲ ਸਤ ਸੌ ਪੌਂਡ ਬਣੇ। ਉਹ ਆਪਣੀ ਭੈਣ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਦੇਣ ਨੂੰ ਤਿਆਰ ਸੀ। ਉਹ ਇਹ ਸਾਰੀ ਰਕਮ ਬੈਂਕ ਨੋਟਾਂ ਦੀ ਸ਼ਕਲ ਵਿਚ ਆਪਣੇ ਨਾਲ ਲੈ ਕੇ ਅਗਲੇ ਦਿਨ ਹੀ ਪਾਗਲਖਾਨੇ ਦੀ ਬਾਹਰਲੀ ਕੰਧ ਦੇ ਕੋਲ ਪੁੱਜ ਗਈ।

ਨਰਸ ਉਹਨੂੰ ਉਥੋਂ ਉਡੀਕ ਹੀ ਰਹੀ ਸੀ। ਮਿਸ ਹਾਲਕੌਂਬ ਨੇ ਉਹਨੂੰ ਵੱਲ ਫੇਰ ਪਾਕੇ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛ ਜਿਸ ਤੋਂ ਉਹਨੂੰ ਇਹ ਪਤਾ ਲੱਗਾ ਕਿ ਪਹਿਲਾਂ ਅਸਲੀ ਏਨ ਕੈਥੇਰਿਕ ਦੀ ਜਿਹੜੀ ਨਰਸ ਦੇਖ-ਭਾਲ ਕਰਦੀ ਸੀ, ਉਹਨੂੰ ਏਨ ਕੈਥੇਰਿਕ ਦੇ ਪਾਗਲਖਾਨੇ ਵਿਚੋਂ ਨਸ ਜਾਣ ਉਤੇ ਨੌਕਰੀ ਤੋਂ ਕੱਢ ਦਿਤਾ ਗਿਆ ਸੀ ਅਤੇ ਜੇ ਹੁਣ ਏਨ ਕੈਥੇਰਿਕ ਨਸ ਗਈ, ਤਾਂ ਉਹਨੂੰ ਵੀ ਇਹੀ ਸਜ਼ਾ ਮਿਲੇਗੀ। ਪਰ ਉਸ ਨਰਸ ਲਈ ਨੌਕਰੀ ਦੀ ਇਸ ਵੇਲੇ ਬੜੀ ਲੋੜ ਸੀ, ਕਿਉਂਕਿ ਉਹਦੀ ਕੁੜਮਾਈ ਹੋਈ ਹੋਈ ਸੀ ਅਤੇ ਜਦ ਤਕ ਉਹਦੇ ਅਤੇ ਉਹਦੇ ਅਤੇ ਉਹਦੇ ਭਾਵੀ ਪਤੀ ਕੋਲ ਦੋ ਤਿੰਨ ਸੋ ਪੌਂਡ ਇਕੱਠੇ ਨਾ ਹੋ ਜਾਣ; ਉਹ ਬਿਜਨੈਸ ਸ਼ੁਰੂ ਨਹੀਂ ਸਨ ਕਰ ਸਕਦੇ। ਨਰਸ ਦੀ ਤਨਖਾਹ ਚੰਗੀ ਸੀ ਅਤੇ ਜੇ ਉਹ ਬੜੀ ਹੀ ਕਿਰਸ ਕਰੇ ਤਾਂ ਦੋ ਸਾਲਾਂ ਦੇ ਅੰਦਰ ਇੰਨੀ ਰਕਮ ਜੋੜ ਲੈਣ ਦੀ ਉਨ੍ਹਾਂ ਦੋਹਾਂ ਨੂੰ ਆਸ ਸੀ।

ਜਦੋਂ ਨਰਸ ਨੇ ਇਹ ਗੱਲ ਕੀਤੀ ਤਾਂ ਮਿਸ ਹਾਲਕੌਂਬ ਆਪਣੇ ਅਸਲੀ ਮਤਲਬ ਤੇ ਆਈ ਉਹਨੇ ਨਰਸ ਨੂੰ ਦਸਿਆ ਕਿ ਇਹ ਏਨ ਕੈਥੇਰਿਕ ਨਹੀਂ ਸੀ ਅਤੇ ਕਿਸੇ ਭਾਰੀ ਗਲਤੀ ਦਾ ਸ਼ਿਕਾਰ ਹੋ ਕੇ ਉਹ ਇਥੇ ਆ ਫਸੀ ਸੀ, ਉਹ ਉਸਦੀ ਨਜ਼ਦੀਕੀ ਰਿਸ਼ਤੇਦਾਰ ਸੀ। ਮਿਸ ਹਾਲਕੌਂਬ ਨੇ ਨਰਸ ਨੂੰ ਧਰਮ ਦਾ ਵਾਸਤਾ ਵੀ ਪਾਇਆ ਅਤੇ ਸਮਝਾਇਆ ਕਿ ਉਹਨੂੰ ਨਸਾਉਣ ਵਿਚ ਉਹ ਕੋਈ ਵੀ ਮਾੜਾ ਕੰਮ ਨਹੀਂ ਕਰੇਗੀ, ਸਗੋਂ ਦੋਹਾਂ ਭੈਣਾਂ ਨੂੰ ਮਿਲਾਣ ਦਾ ਪੁੰਨ ਉਹਨੂੰ ਮਿਲੇਗਾ। ਇਸ ਤੋਂ ਪਹਿਲਾਂ ਕਿ ਨਰਸ ਕੋਈ ਉਜਰ ਕਰ ਸਕਦੀ, ਮਿਸ ਹਾਲਕੌਂਬ ਨੇ ਸੱਤ ਸੌ ਪੌਂਡ ਦੇ ਚਾਰ ਨੋਟ ਆਪਣੀ ਜੇਬ ਵਿਚੋਂ ਕੱਢੇ ਅਤੇ ਦੇਣੇ ਚਾਹੇ ਨਰਸ ਹੈਰਾਨ ਸੀ, ਇਸ ਲਈ ਉਹ ਝਿਜਕ ਰਹੀ ਸੀ। ਮਿਸ ਹਾਲਕੌਂਬ ਨੇ ਆਪਣੀ ਗਲ ਉਹਨੂੰ ਫਿਰ ਸਮਝਾਈ :-

"ਜੇ ਤੂੰ ਇਹ ਕੰਮ ਕਰੇਂਗੀ ਤਾਂ ਕਿਸੇ ਅਭਾਗਣ ਦੀ ਜ਼ਿੰਦਗੀ ਬਣ ਜਾਏਗੀ। ਇਹ ਤੇਰੇ ਵਿਆਹ ਲਈ ਪੈਸੇ ਕੰਮ ਆਉਣਗੇ। ਤੂੰ ਉਹਨੂੰ ਮੇਰੇ ਕੋਲ ਇਥੋਂ ਲੈ ਆ, ਕਿਸੇ ਨੂੰ ਪਤਾ ਨਾ ਲੱਗੇ; ਮੈਂ ਤੈਨੂੰ ਇਹ ਚਾਰੇ ਨੋਟ ਦੇ ਦਿਆਂਗੀ।'

"ਕੀ ਤੁਸੀਂ ਇਕ ਚਿੱਠੀ ਦੇ ਦਿਓਗੇ ਜਿਸ ਵਿਚ ਇਹ ਲਿਖ ਦੇਣਾ, ਕਿ ਇਹ ਪੈਸੇ ਤੁਸੀਂ ਮੈਨੂੰ ਕਿਉਂ ਦੇ ਰਹੇ ਹੋ ਤਾਂ ਜੋ ਮੈਂ ਆਪਣੇ ਮੰਗੇਤਰ ਨੂੰ ਦਸ ਸਕਾਂ?" ਨਰਸ ਨੇ ਪੁੱਛਿਆ।

"ਮੈ ਚਿੱਠੀ ਲਿਖ ਕੇ ਅਤੇ ਸਾਈਨ ਕਰਕੇ ਆਪਣੇ ਨਾਲ ਹੀ ਲੈ ਆਵਾਂਗੀ ਮਿਸ ਹਾਲਕੌਂਬ ਨੇ ਉੱਤਰ ਦਿਤਾ।"

"ਹੱਛਾ ਤਾਂ ਮੈਂ ਆਪਣਾ ਕੰਮ ਕਰ ਦਿਆਂਗੀ" ਨਰਸ ਨੇ ਕਿਹਾ।

"ਕਦੋਂ-?"

"ਕਲ।"

ਉਨ੍ਹਾਂ ਕਾਹਲੀ ਕਾਹਲੀ ਇਹ ਤਹਿ ਕੀਤਾ, ਕਿ ਮਿਸ ਹਾਲਕੌਂਬ ਦੂਜੇ ਦਿਨ ਸਵੇਰੇ ਹੀ ਆ ਕੇ ਬਾਹਰ ਦਰਖਤਾਂ ਦੇ ਓਹਲੇ ਉਸੇ ਹੀ ਥਾਂ ਤੇ ਉਤਰੀ ਕੰਧ ਦੇ ਓਹਲੇ ਉਡੀਕੇਗੀ। ਨਰਸ ਕੋਈ ਪੱਕ ਵਕਤ ਨਹੀਂ ਸੀ ਦੇ ਸਕਦੀ, ਸੋ ਉਹਨੇ ਇਹੀ ਕਿਹਾ ਕਿ ਜਿਸ ਤਰ੍ਹਾਂ ਮੌਕਾ ਹੋਏਗਾ, ਉਹ ਕਰੇਗੀ। ਇਸ ਤੋਂ ਮਗਰੋਂ ਉਹ ਵਖ ਹੋ ਗਈਆਂ।

ਮਿਸ ਹਾਲਕੌਂਬ ਦੂਜੇ ਦਿਨ ਆਪਣੀ ਥਾਂ ਤੇ ਨੋਟਾਂ ਅਤੇ ਚਿੱਠੀ ਸਣੇ ਪੁੱਜ ਗਈ ਸੀ। ਉਹ ਦਸ ਵਜੇ ਤੋਂ ਪਹਿਲਾਂ ਹੀ ਉਥੇ ਪਹੁੰਚ ਗਈ, ਡੇਢ ਕੁ ਘੰਟਾਂ ਉਡੀਕਣ ਮਗਰੋਂ ਨਰਸ ਤੇਜ਼ ਤੇਜ਼ ਲੇਡੀ ਗਲਾਈਡ ਨੂੰ ਫੜੀ ਆਉਂਦੀ ਦਿਸੀ; ਉਹਦੇ ਕੋਲ ਆਉਣ ਤੇ ਮਿਸ ਹਾਲਕੌਂਬ ਨੇ ਉਹ ਨੋਟ ਅਤੇ ਚਿੱਠੀ ਨਰਸ ਦੇ ਹੱਥ ਫੜਾਈ।

ਨਰਸ ਨੇ ਬੜੀ ਸਿਆਣਪ ਵਰਤੀ ਸੀ, ਕਿ ਲੇਡੀ ਗਲਾਈਡ ਨੂੰ ਉਹਦੇ ਆਪਣੇ ਹੀ ਕੱਪੜੇ ਪਵਾਏ ਸਨ। ਮਿਸ ਹਾਲਕੌਂਬ ਨੇ ਨਰਸ ਨੂੰ ਇਕ ਮਿੰਟ ਰੋਕ ਕੇ ਇਹੀ ਕਿਹਾ, ਕਿ ਜਦੋਂ ਇਹ ਪਤਾ ਲੱਗੇ ਕਿ ਏਨ ਕੈਥੇਰਿਕ ਨਸ ਗਈ ਹੈ ਤਾਂ ਉਹ ਪਿਛਾ ਕਰਨ ਵਾਲਿਆਂ ਨੂੰ ਗਲਤ ਰਾਹ ਤੇ ਪਾ ਦੇਏ। ਮਿਸ ਹਾਲਕੌਂਬ ਨੇ ਉਹਨੂੰ ਇਹ ਸੁਝਾ ਦਿਤਾ, ਕਿ ਨਰਸ ਵਾਪਸ ਜਾ ਕੇ ਹੋਰ ਨਰਸਾਂ ਦੇ ਸਾਹਮਣੇ ਗੱਲਾਂ ਗੱਲਾਂ ਵਿਚ ਇਹੀ ਕਹੇ ਕਿ ਏਨ ਕੈਥੇਰਿਕ ਪਿਛੇ ਕਈ ਦਿਨਾਂ ਤੋਂ ਲੰਦਨ ਤੋਂ ਹੈਂਪਸ਼ਾਇਰ ਦਾ ਰਾਹ ਪੁਛਦੀ ਸੀ ਅਤੇ ਜਿੰਨੀ ਦੇਰ ਭੇਦ ਖੋਲਣ ਤੋਂ ਟਾਲ ਸਕੇ, ਟਾਲੀ ਜਾਏ, ਉਸ ਤੋਂ ਮਗਰੋਂ ਇਹੀ ਹਾਲ ਦੁਹਾਈ ਪਾਏ ਕਿ ਏਨ ਕੈਥੇਰਿਕ ਨਹੀਂ ਮਿਲ ਰਹੀ ਅਤੇ ਹਰ ਇਕ ਨੂੰ ਹੈਂਪਸ਼ਾਇਰ ਵਾਲਾ ਸ਼ੱਕ ਹੀ ਪਾਏ ! ਪਾਗਲਖਾਨੇ ਦਾ ਮਾਲਕ ਵੀ ਹੈਂਪਸ਼ਾਇਰ ਵੱਲ ਹੀ ਜਾਏਗਾ ਅਤੇ ਇਹੀ ਸੋਚੇਗਾ ਕਿ ਉਹਦੀ ਮਰੀਜ਼ ਫਿਰ ਵਾਪਸ

ਬਲੈਕਵਾਟਰ ਪਾਰਕ ਹੀ ਚਲੀ ਗਈ ਹੈ। ਇਹ ਸ਼ੱਕ ਹੋਣਾ ਸਭ ਨੂੰ ਕੁਦਰਤੀ ਹੀ ਸੀ, ਕਿਉਂਕਿ ਉਹ ਆਪਣੇ ਆਪ ਨੂੰ ਲੇਡੀ ਗਲਾਈਡ ਜੋ ਕਹਿੰਦੀ ਸੀ ਅਤੇ ਜੋ ਵੀ ਉਹਨੂੰ ਲੱਭਣ ਜਾਏਗਾ, ਉਸੇ ਹੀ ਪਾਸੇ ਜਾਏਗਾ।

ਨਰਸ ਨੇ ਮਿਸ ਹਾਲਕੌਂਬ ਦੀਆਂ ਇਹ ਸਭ ਗੱਲਾਂ ਮੰਨ ਲਈਆਂ। ਉਹਨੂੰ ਵੀ ਇਹੀ ਕੁਝ ਕਹਿਣ ਵਿਚ ਫਾਇਦਾ ਹੀ ਸੀ। ਇਸ ਤੇ ਉਹਦੇ ਤੇ ਕੋਈ ਇਲਜ਼ਾਮ ਨਹੀਂ ਸੀ ਲਾ ਸਕਦਾ ਵਧ ਤੋਂ ਵਧ ਉਹਨੂੰ ਨੌਕਰੀ ਤੋਂ ਹੀ ਕੱਢ ਸਕਦੇ ਸਨ। ਉਹ ਅੰਦਰ ਵਾਪਸ ਪਾਗਲਖਾਨੇ ਵਿਚ ਚਲੀ ਗਈ। ਮਿਸ ਹਾਲਕੌਂਬ ਆਪਣੀ ਭੈਣ ਨੂੰ ਲੈ ਕੇ ਵਾਪਸ ਲੰਦਨ ਪਹੁੰਚੀ। ਉਨ੍ਹਾਂ ਉਸੇ ਦਿਨ ਕਾਰ ਲਿਸਲੀ ਦੀ ਗੱਡੀ ਫੜੀ ਅਤੇ ਉਸੇ ਰਾਤ ਲਿਮਰਿਜ ਪਹੁੰਚ ਗਈਆਂ। ਸਫਰ ਦੇ ਦੌਰਾਨ ਜਦੋਂ ਉਹ ਡੱਬੇ ਵਿਚ ਇਕਲੀਆਂ ਸਨ, ਤਾਂ ਮਿਸ ਹਾਲਕੌਂਬ ਨੇ ਆਪਣੀ ਕੋਲੋਂ ਜੋ ਕੁਝ ਪੁਛਿਆ, ਉਹ ਸਭ ਉਹ ਲੜੀਵਾਰ ਤਾਂ ਨਾਹ ਦਸ ਸਕੀ, ਕਿਉਂਕਿ ਉਹਦੀ ਯਾਦ ਬੜੀ ਕਮਜ਼ੋਰ ਹੋ ਚੁੱਕੀ ਸੀ; ਜੋ ਕੁਝ ਉਹ ਦਸਦੀ ਸੀ, ਉਸ ਸਭ ਦਾ ਇਕ ਦੂਜੀ ਘਟਨਾ ਨਾਲ ਕੋਈ ਸੰਬੰਧ ਨਹੀਂ ਸੀ ਜੁੜ ਰਿਹਾ। ਪਰ ਜੋ ਕੁਝ ਵੀ ਉਹਨੇ ਦਸਿਆ ਸੀ, ਉਹ ਇਥੇ ਲਿਖਿਆ ਅਵਸ ਜਾਏਗਾ। ਇਸ ਤੋਂ ਮਗਰੋਂ ਦੂਜੇ ਦਿਨ ਲਿਮਰਿਜ ਕੀ ਵਾਪਰਿਆ, ਉਸਦਾ ਹਾਲ ਵਰਨਣ ਕੀਤਾ ਜਾਏਗਾ।

ਲੇਡੀ ਗਲਾਈਡ ਨੇ ਇਹ ਦੱਸਿਆ ਕਿ ਜਦੋਂ ਉਹ ਬਲੈਕਵਾਟਰ ਪਾਰਕ ਤੋਂ ਲੰਦਨ ਦੀ ਦੱਖਣ ਪੱਛਮੀ ਰੇਲਵੇ ਦੇ ਸਟੇਸ਼ਨ ਤੇ ਅਪੜੀ ਤਾਂ ਕਾਂਊਂਟ ਫ਼ੋਸਕੋ ਅਗੋਂ ਉਹਨੂੰ ਉਡੀਕ ਹੀ ਰਿਹਾ ਸੀ। ਅਜੇ ਕੁਲੀ ਨੇ ਦਰਵਾਜਾ ਖੋਲਿਆ ਹੀ ਸੀ, ਕਿ ਉਹ ਅੰਦਰ ਆ ਗਿਆ। ਉਸ ਦਿਨ ਗੱਡੀ ਵਿਚ ਬੜੀ ਭੀੜ ਸੀ ਅਤੇ ਸਮਾਨ ਕੱਢਣ ਵਿਚ ਕੁਝ ਔਖਿਆਈ ਹੋਈ ਸੀ। ਕਾਂਊਂਟ ਫ਼ੋਸਕੋ ਦੇ ਨਾਲ ਕੋਈ ਸੀ, ਜਿਸ ਨੇ ਸਾਮਾਨ ਕੱਢਿਆ। ਉਹਦੇ ਸਮਾਨ ਉਤੇ ਗਲਾਈਡ ਲਿਖਿਆ ਹੋਇਆ ਸੀ। ਸਫਰ ਸ਼ੁਰੂ ਕਰਨ ਤੋਂ ਪਹਿਲਾਂ ਉਹਨੇ ਕਿਧਰੇ ਤਾਰੀਖ ਨਹੀਂ ਸੀ ਲਿਖੀ ਹੋਈ; ਕਿ ਉਹ ਕਿਸ ਦਿਨ ਲੰਦਨ ਜਾ ਰਹੀ ਸੀ ਅਤੇ ਨਾ ਹੀ ਉਹਨੂੰ ਇਹ ਯਾਦ ਸੀ, ਕਿ ਉਹ ਕਿਹੜੀ ਤਾਰੀਖ ਲੰਦਨ ਪੁੱਜੀ। ਸੋ ਇਹ ਤਾਰੀਖ ਪਤਾ ਲਾਉਣ ਦੀ ਹੁਣ ਘੱਟ ਹੀ ਆਸ ਸੀ। ਕਾਂਊਂਟ ਨਾਲ ਉਹ ਇਕੱਲੀ ਹੀ ਸੀ। ਉਹਨੂੰ ਇਹ ਵੀ ਯਾਦ ਨਹੀਂ ਸੀ, ਕਿ ਉਹ ਕਾਹਦੇ ਵਿਚ ਬੈਠੀ ਸੀ।

ਸਟੇਸ਼ਨ ਤੋਂ ਬਾਹਰ ਆਉਣ ਤੇ ਪਹਿਲਾ ਸਵਾਲ ਉਹਨੇ ਮਿਸ ਹਾਲਕੌਂਬ ਬਾਰੇ ਹੀ ਪੁੱਛਿਆ ਸੀ। ਕਾਂਊਟ ਨੇ ਇੰਨਾ ਦੱਸਿਆ ਕਿ ਮਿਸ ਹਾਲਕੌਂਬ ਅਜੇ ਕੰਬਰਲੈਂਡ ਨਹੀਂ ਗਈ। ਕਿਉਂਕਿ ਉਹ ਅਜੇ ਬਹੁਤ ਕਮਜ਼ੋਰ ਸੀ। ਕੁਝ ਦਿਨ ਆਰਾਮ ਕਰਕੇ ਹੀ ਉਹ ਸਫਰ ਕਰਨ ਦੇ ਯੋਗ ਹੋਵੇਗੀ।

ਇਸ ਤੋਂ ਪਿਛੋਂ ਲੇਡੀ ਗਲਾਈਡ ਨੇ ਇਹ ਪੁੱਛਿਆ, ਕਿ ਕੀ ਮਿਸ ਹਾਲਕੌਂਬ ਅਜੇ ਉਹਦੇ ਘਰ ਹੀ ਹੈ; ਉਹਨੂੰ ਇਹ ਯਾਦ ਨਹੀਂ ਕਿ ਕਾਂਊਟ ਨੇ ਕੀ ਜਵਾਬ ਦਿੱਤਾ, ਪਰ ਉਹਨੂੰ ਇਕ ਗੱਲ ਯਾਦ ਸੀ ਕਿ ਕਾਂਊਟ ਨੇ ਇਹ ਵੀ ਕਿਹਾ ਸੀ ਕਿ ਉਹਨੂੰ ਆਪਣੀ ਭੈਣ ਕੋਲ ਹੀ ਲੈ ਕੇ ਜਾ ਰਿਹਾ ਸੀ। ਲੇਡੀ ਗਲਾਈਡ ਨੂੰ ਲੰਦਨ ਦੀ ਬਹੁਤੀ ਵਾਕਫੀ ਨਹੀਂ ਸੀ, ਇਸ ਲਈ ਉਹ ਇਹ ਵੀ ਨਹੀਂ ਸੀ ਦਸ ਸਕਦੀ, ਕਿ ਉਹ ਕਿਹੜੀਆਂ ਗਲੀਆਂ ਵਿਚੋਂ ਉਸ ਵੇਲੇ ਲੰਘ ਰਹੀ ਸੀ। ਪਰ ਕਿਧਰੇ ਵੀ ਬਾਗ ਬਗੀਚੇ ਜਾਂ ਦਰੱਖਤ ਨਹੀਂ ਸਨ, ਗਲੀਆਂ ਹੀ ਗਲੀਆਂ ਸਨ। ਜਿਥੇ ਬੱਘੀ ਰੁਕੀ, ਉਹ ਇਕ ਨਿਕੀ ਜੇਹੀ ਗਲੀ ਸੀ। ਉਸਦੇ ਅਗੇ ਇਕ ਸੁਕੇਅਰ ਸੀ, ਜਿਸ ਵਿਚ ਦੁਕਾਨਾਂ, ਇਮਾਰਤਾਂ ਅਤੇ ਲੋਕਾਂ ਦੀ ਬੜੀ ਭੀੜ ਸ। ਇਸ ਤੋਂ ਇਹੀ ਜਾਪਦਾ ਸੀ, ਕਿ ਕਾਂਊਟ ਲੇਡੀ ਗਲਾਈਡ ਨੂੰ ਆਪਣੇ ਘਰ ਸੈਂਟ ਜਾਨਸ ਵੁਡ ਵੱਲ ਲੈ ਹੀ ਨਹੀਂ ਗਿਆ ਸੀ।

ਉਹ ਘਰ ਦੇ ਅੰਦਰ ਦਾਖਲ ਹੋਏ, ਅਤੇ ਉਪਰਲੀ ਮੰਜ਼ਿਲ ਦੇ ਇਕ ਪਿਛਲੇ ਕਮਰੇ ਵਿਚ ਗਏ। ਸਾਮਾਨ ਵੀ ਅੰਦਰ ਲਿਆਂਦਾ ਗਿਆ ਸੀ। ਇਕ ਨੌਕਰਾਣੀ ਨੇ ਦਰਵਾਜ਼ਾ ਖੋਲਿਆ ਸੀ, ਅਤੇ ਇਕ ਕਾਲਾ ਜਿਹਾ ਆਦਮੀ, ਜਿਸ ਨੇ ਦਾੜ੍ਹੀ ਰੱਖੀ ਹੋਈ ਸੀ, ਉਹਨਾਂ ਨੂੰ ਹਾਲ ਵਿਚ ਮਿਲਿਆ। ਇਹ ਆਦਮੀ ਅੰਗਰੇਜ਼ ਨਹੀਂ ਸੀ। ਉਹਨੇ ਹੀ ਉਹਨਾਂ ਨੂੰ ਉਪਰਲਾ ਰਾਹ ਦੱਸਿਆ ਸੀ। ਲੇਡੀ ਗਲਾਈਡ ਦੇ ਬਾਰ ਬਾਰ ਪੁੱਛਣ ਉਤੇ ਕਾਂਊਟ ਨੇ ਉਹਨੂੰ ਇਹ ਕਹਿ ਕੇ ਤਸੱਲੀ ਦਿਤੀ, ਕਿ ਮਿਸ ਹਾਲਕੌਂਬ ਉਥੇ ਹੀ ਹੈ, ਤੇ ਉਹਨੂੰ ਹੁਣੇ ਲੇਡੀ ਗਲਾਈਡ ਦੇ ਪਹੁੰਚਣ ਦੀ ਖਬਰ ਦਿੱਤੀ ਜਾਏਗੀ।

ਕਾਂਊਟ ਅਤੇ ਉਹ ਬਿਦੇਸ਼ੀ ਦੋਵੇਂ ਚਲੇ ਗਏ, ਅਤੇ ਉਹ ਕਮਰੇ ਵਿਚ ਇਕੱਲੀ ਹੀ ਰਹਿ ਗਈ। ਇਹ ਕੋਈ ਘਟੀਆ ਜੇਹੇ ਫਰਨੀਚਰ ਨਾਲ ਸਜੀ ਹੋਈ ਬੈਠਕ ਸੀ, ਅਤੇ ਉਥੋਂ ਹੋਰਨਾਂ ਘਰਾਂ ਦੇ ਪਿਛਵਾੜੇ ਹੀ ਦਿਸ ਰਹੇ ਸਨ।

ਸਭ ਪਾਸੇ ਬੜੀ ਸੰਨਸਾਨ ਸੀ। ਘਰ ਵਿਚ ਕੋਈ ਆਵਾਜ਼ ਨਹੀਂ ਸੀ। ਪੌੜੀਆਂ ਤੇ ਵੀ ਕਿਸੇ ਦੇ ਚੜ੍ਹਨ ਜਾਂ ਉਤਰਨ ਦੀ ਆਵਾਜ਼ ਨਹੀਂ ਸੀ ਆਉਂਦੀ। ਹੇਠੋਂ ਆਦਮੀਆਂ ਦੀਆਂ ਗੱਲਾਂ ਸੁਣਾਈ ਦੇ ਰਹੀਆਂ ਸਨ। ਕਾਂਊਟ ਮੁੜਕੇ ਉਪਰ ਇਹ ਦੱਸਣ ਆਇਆ ਕਿ ਮਿਸ ਹਾਲਕੌਂਬ ਆਰਾਮ ਕਰ ਰਹੀ ਹੈ, ਅਤੇ ਜਦੋਂ ਉਠੇਗੀ ਉਹਨੂੰ ਦੱਸ ਦਿਤਾ ਜਾਏਗਾ। ਉਹਦੇ ਨਾਲ ਇਕ ਅੰਗਰੇਜ਼ ਸੀ, ਜਿਸਨੂੰ ਕਾਂਊਟ ਨੇ ਆਪਣਾ ਮਿੱਤਰ ਕਹਿ ਕੇ ਉਹਦੇ ਨਾਲ ਜਾਣ ਪਛਾਣ ਕਰਵਾਈ।

ਇਹ ਅਜੀਬ ਜਾਣ ਪਛਾਣ ਕਰਾਣ ਦਾ ਤਰੀਕਾ ਸੀ, ਲੇਡੀ ਗਲਾਈਡ ਨੂੰ ਇਹ ਯਾਦ ਹੈ, ਕਿ ਕੋਈ ਵੀ ਨਾਂ ਨਹੀਂ ਸੀ ਦਸਿਆ ਗਿਆ। ਕਾਊਂਟ ਬਾਹਰ ਚਲਾ ਗਿਆ, ਅਤੇ ਉਹ ਅੰਗਰੇਜ਼ ਉਥੇ ਹੀ ਰਿਹਾ ਉਹ ਚੰਗਾ ਆਦਮੀ ਦਿਸਦਾ ਸੀ। ਪਰ ਉਹ ਉਹਨੂੰ ਉਹਦੇ ਬਾਰੇ ਅਜੀਬ ਅਜੀਬ ਸਵਾਲ ਪੁੱਛਣ ਲੱਗ ਪਿਆ। ਜਿਸ ਨਾਲ ਉਹ ਕੁਝ ਘਬਰਾ ਜੇਹੀ ਗਈ। ਥੋੜੀ ਦੇਰ ਮਗਰੋਂ ਉਹ ਤੇ ਉਠ ਕੇ ਚਲਾ ਗਿਆ, ਹੁਣ ਉਹਦੀ ਥਾਂ ਤੇ ਇਕ ਹੋਰ ਅੰਗਰੇਜ਼ ਆ ਗਿਆ। ਉਹਨੇ ਵੀ ਆਪਣੇ ਆਪ ਨੂੰ ਕਾਂਊਟ ਫ਼ੋਸਕੋ ਦਾ ਇਕ ਮਿੱਤਰ ਦਸਿਆ। ਉਹ ਵੀ ਉਹਦੇ ਵੱਲ ਅਜੀਬ ਤਰ੍ਹਾਂ ਵੇਖਦਾ ਸੀ ਅਤੇ ਉਸ ਤੋਂ ਵੀ ਅਜੀਬ ਪ੍ਰਸ਼ਨ ਪੁਛਦਾ ਰਿਹਾ। ਪਰ ਇਕ ਵਾਰੀ ਵੀ ਉਹਨੇ ਉਹਨੂੰ ਲੇਡੀ ਗਲਾਈਡ ਕਹਿ ਕੇ ਨਹੀਂ ਬੁਲਾਇਆ ਸੀ ਉਹ ਵੀ ਪਹਿਲੇ ਅੰਗਰੇਜ਼ ਵਾਂਗ ਬੜੀ ਦੇਰ ਮਗਰੋਂ ਬਹਿ ਕੇ ਚਲਾ ਗਿਆ। ਹੁਣ ਉਹ ਸਖਤ ਡਰ ਗਈ ਸੀ ਅਤੇ ਉਹਨੂੰ ਆਪਣੀ ਭੈਣ ਦਾ ਬਹੁਤ ਫਿਕਰ ਹੋਣਾ ਸ਼ੁਰੂ ਹੋ ਗਿਆ ਸੀ, ਉਹਨੇ ਇਹ ਸੋਚਿਆ ਕਿ ਉਹ ਉਥੋਂ ਉਠ ਕੇ ਹੇਠਾਂ ਚਲੀ ਜਾਏ, ਤੇ ਉਸ ਨੌਕਰਾਣੀ ਕੋਲ ਪਹੁੰਚੇ ਜਿਸ ਨੇ ਦਰਵਾਜ਼ਾ ਖੋਲਿਆ ਸੀ। ਉਹਨੂੰ ਘਰ ਵਿਚ ਉਹੀ ਇਕ ਔਰਤ ਦਿਸੀ ਸੀ। ਉਹਨੇ ਇਹੀ ਸੋਚਿਆ ਕਿ ਉਹਦੇ ਕੋਲ ਰਹਿਣ ਨਾਲ ਉਸ ਦਾ ਖਤਰਾ ਕੁਛ ਘੱਟ ਹੋ ਸਕਦਾ ਹੈ।

ਉਹ ਕੁਰਸੀ ਤੋਂ ਉਠੀ ਹੀ ਸੀ ਕਿ ਕਾਊਂਟ ਮੁੜ ਕਮਰੇ ਵਿਚ ਆ ਗਿਆ।

ਲੇਡੀ ਗਲਾਈਡ ਨੇ ਉਹਨੂੰ ਚਿੰਤਾਤੁਰ ਲਹਿਜੇ ਵਿਚ ਫਿਰ ਇਹ ਪੁਛਿਆ ਕਿ ਉਹਨੂੰ ਮਿਸ ਹਾਲਕੌਂਬ ਨਾਲ ਕਦੋਂ ਮਿਲਾਇਆ ਜਾਏਗਾ। ਪਹਿਲਾਂ ਤਾਂ ਕਾਂਊਟ ਨੇ ਟਾਲਮਟੋਲ ਕੀਤਾ ਅਤੇ ਉਹਨੂੰ ਕੋਈ ਸਪੱਸ਼ਟ ਉਤਰ ਨਾ ਦਿਤਾ। ਪਰ ਜਦ ਲੇਡੀ ਗਲਾਈਡ ਨੇ ਬਹੁਤ ਜ਼ੋਰ ਨਾਲ ਪੁੱਛਿਆ ਤਾਂ ਕਾਊਂਟ ਨੇ ਬੜੀ ਝਿਜਕ ਨਾਲ ਇਹ ਕਿਹਾ ਕਿ ਮਿਸ ਹਲਕੌਂਬ ਉਨੀ ਠੀਕ

ਨਹੀਂ ਸੀ ਜਿੰਨੀ ਕਿ ਉਹਨੂੰ ਦੱਸਿਆ ਗਿਆ ਸੀ। ਕਾਂਊਟ ਦਾ ਇਹ ਕਹਿਣ ਦਾ ਢੰਗ ਅਜਿਹਾ ਸੀ ਕਿ ਲੇਡੀ ਗਲਾਈਡ ਦੀ ਉਹ ਬੈਚੇਨੀ ਜੋ ਉਹਨਾਂ ਓਪਰਿਆਂ ਮਰਦਾਂ ਦੀ ਮੌਜੂਦਗੀ ਨਾਲ ਸ਼ੁਰੂ ਹੋਈ ਸੀ, ਹੁਣ ਬਹੁਤ ਵਧ ਗਈ ਤੇ ਉਹਨੇ ਇਕ ਪਾਣੀ ਦਾ ਗਲਾਸ ਮੰਗਿਆ। ਕਾਂਊਟ ਨੇ ਦਰਵਾਜ਼ੇ ਕੋਲ ਜਾਕੇ ਪਾਣੀ ਲਈ ਆਵਾਜ਼ ਦਿੱਤੀ। ਨਾਲ ਹੀ ਬੇਹੋਸ਼ੀ ਦੂਰ ਕਰਨ ਲਈ ਸੰਘਣ ਵਾਲੀ ਸ਼ੀਸ਼ੀ ਵੀ ਮੰਗਵਾਈ। ਇਹ ਦੋਵੇਂ ਚੀਜ਼ਾਂ ਉਹ ਬਿਦੇਸ਼ੀ ਆਦਮੀ ਲਿਆਇਆ ਜਿਸ ਦੀ ਦਾੜ੍ਹੀ ਸੀ। ਪਾਣੀ ਦਾ ਸਵਾਦ ਕੁਝ ਹੋਰ ਹੀ ਤਰ੍ਹਾਂ ਦਾ ਸੀ। ਲੇਡੀ ਗਲਾਈਡ ਨੇ ਇਕ ਹੀ ਘੁੱਟ ਭਰਿਆ ਸੀ, ਕਿ ਉਹਨੂੰ ਬੇਹੋਸ਼ੀ ਆਉਣੀ ਸ਼ੁਰੂ ਹੋ ਗਈ, ਉਹਨੇ ਕਾਹਲੀ ਨਾਲ ਕਾਂਊਂਟ ਦੇ ਹੱਥੋਂ ਉਹ ਸੀਸੀ ਖੋਹੀ ਅਤੇ ਸੁੰਘੀ। ਉਸੇ ਪਲ ਉਹਨੂੰ ਚੱਕਰ ਆਉਣੇ ਸ਼ੁਰੂ ਹੋ ਗਏ। ਸੀਸ਼ੀ ਉਹਦੇ ਹੱਥੋਂ ਡਿੱਗ ਪਈ। ਅਤੇ ਕਾਂਊਟ ਨੇ ਉਹ ਚੁੱਕ ਕੇ ਫਿਰ ਉਹਦੇ ਨੱਕ ਅੱਗੇ ਰੱਖੀ। ਬਸ ਇਹੀ ਉਹਦੀ ਅਖੀਰਲੀ ਯਾਦ ਸੀ। ਉਸ ਤੋਂ ਅੱਗ ਉਹਨੂੰ ਹਰ ਕੁਝ ਪਤਾ ਨਾ ਰਿਹਾ।

ਅਤੇ ਇਸ ਤੋਂ ਮਗਰੋਂ ਉਹਨੂੰ ਜੋ ਕੁਝ ਵੀ ਹੋਰ ਯਾਦ ਆਉਂਦਾ ਸੀ, ਉਹ ਸਪਸ਼ਟ ਰੂਪ ਵਿਚ ਨਹੀਂ ਸੀ ਉਘੜਦਾ। ਸਭ ਯਾਦਾਂ ਖਿੰਡਰੀਆਂ ਪੁੰਡਰੀਆਂ, ਉਲਰੀਆਂ ਅਤੇ ਟੋਟੇ ਟੋਟੇ ਸਨ। ਉਹਦਾ ਆਪਣਾ ਵਿਚਾਰ ਸੀ, ਕਿ ਉਹਨੂੰ ਸ਼ਾਮੀਂ ਜਾ ਕੇ ਕਿਧਰੇ ਹੋਸ਼ ਆਈ ਅਤੇ ਉਹ ਉਸ ਘਰ ਵਿਚੋਂ ਚਲੀ ਗਈ। ਉਹ ਆਪਣੀ ਬਲੈਕਵਾਟਰ ਪਾਰਕ ਵਿਚ ਕੀਤੀ ਹੋਈ ਸਲਾਹ ਦੇ ਅਨੁਸਾਰ ਮਿਸੇਜ਼ ਵੈਸੀ ਦੇ ਘਰ ਗਈ। ਉਹਨੇ ਉਥੇ ਹੀ ਚਾਹ ਪੀਤੀ। ਉਹਨੇ ਰਾਤ ਵੀ ਮਿਸਜ਼ ਵੈਸੀ ਦੇ ਘਰ ਹੀ ਬਿਤਾਈ ਸੀ। ਇਹ ਉਹਨੂੰ ਬਿਲਕੁਲ ਯਾਦ ਨਹੀਂ ਸੀ, ਕਿ ਉਹ ਉਸ ਘਰ ਵਿਚੋਂ ਕਿਵੇਂ, ਕਿਸ ਨਾਲ ਅਤੇ ਕਿਉਂ ਬਾਹਰ ਆਈ, ਜਿਥੇ ਉਹਨੂੰ ਕਾਂਊਟ ਫ਼ੋਸਕੋ ਲੈ ਗਿਆ ਸੀ। ਪਰ ਇਹ ਉਹ ਯਕੀਨ ਨਾਲ ਦੱਸਦੀ ਸੀ, ਕਿ ਉਹ ਮਿਸਜ਼ ਵੈਸੀ ਦੇ ਘਰ ਗਈ ਸੀ, ਅਤੇ ਇਕ ਹੋਰ ਅਜ਼ੀਬ ਗੱਲ ਇਹ ਦੱਸਦੀ ਸੀ, ਕਿ ਉਹਦੇ ਕੱਪੜੇ ਮਿਸਜ਼ ਰੁਬੈਲੇ ਨੇ ਬਦਲੇ ਅਤੇ ਉਹ ਹੀ ਉਹਨੂੰ ਬਿਸਤਰੇ ਤੇ ਲੈ ਗਈ ਸੀ। ਮਿਸਜ਼ ਵੈਸੀ ਦੇ ਘਰ ਦੀ ਕੀ ਗੱਲਬਾਤ ਹੋਈ, ਇਹ ਵੀ ਉਹਨੂੰ ਯਾਦ ਨਹੀਂ ਸੀ। ਕੀ ਉਥੋਂ ਕੋਈ ਹੋਰ ਵੀ ਸੀ, ਜਾਂ ਮਿਸਜ਼ ਰੂਬੈਲੇ ਉਥੇ ਕੀ ਕਰ ਰਹੀ ਸੀ, ਇਹਨਾਂ ਪੁੱਛਾਂ ਦਾ ਉੱਤਰ ਵੀ ਉਹ ਦੇਣ ਤੋਂ ਅਸਮੱਰਥ ਸੀ।

ਉਸ ਤੋਂ ਅਗਲੇ ਦਿਨ ਕੀ ਕੀ ਹੋਇਆ, ਇਸ ਬਾਰੇ ਵੀ ਉਹਦੀ ਯਾਦ ਬੜੀ ਧੁੰਦਲੀ ਸੀ ਅਤੇ ਉਸ ਤੇ ਨਿਰਭਰ ਨਹੀਂ ਸੀ ਕੀਤਾ ਜਾ ਸਕਦਾ।

ਉਹਨੂੰ ਮਾੜੀ ਜੇਹੀ ਇਹ ਗੱਲ ਯਾਦ ਸੀ ਕਿ ਉਹ ਕਾਂਊਟ ਫ਼ੋਸਕੋ ਅਤੇ ਮਿਸਜ਼ ਰੂਬੇਲੇ ਨਾਲ ਬੱਘੀ ਤੇ ਕਿਧਰੇ ਗਈ, ਪਰ ਉਹ ਮਿਸਜ਼ ਵੈਸੀ ਤੋਂ ਕਿਵੇਂ ਤੇ ਕਿਉਂ ਵਿਛੜੀ, ਬੱਘੀ ਤੇ ਬੈਠ ਕੇ ਕਿਧਰੇ ਗਈ ਕਿਥੇ ਉਤਰੀ ਅਤੇ ਕੀ ਕਾਂਊਟ ਫ਼ੋਸਕੋ ਅਤੇ ਮਿਸਜ਼ ਰੂਬੈਲੇ ਸਾਰਾ ਵਕਤ ਉਹਦੇ ਨਾਲ ਹੀ ਰਹੇ ਜਾਂ ਕਿਧਰੇ ਵੱਖ ਹੋਏ- ਇਹ ਉਹਨੂੰ ਕੁਝ ਯਾਦ ਨਹੀਂ ਸੀ। ਇਸ ਵਕਤ ਦੀਆਂ ਘਟਨਾਵਾਂ ਉਹਦੇ ਦਿਮਾਗ ਵਿਚ ਉੱਕਾ ਹੀ ਨਹੀਂ ਸਨ। ਇਸ ਸਮੇਂ ਦਾ ਕੁਝ ਵੀ ਉਹਨੂੰ ਯਾਦ ਨਹੀਂ ਸੀ ਕਿ ਉਹਦੇ ਨਾਲ ਕੀ ਹੋਇਆ। ਬਸ ਜਦੋਂ ਉਹਨੂੰ ਹੋਸ਼ ਆਈ ਤਾਂ ਉਹ ਇਕ ਓਪਰੀ ਥਾਂ ਤੇ ਸੀ, ਜਿਥੇ ਉਹਦੇ ਆਲੇ ਦੁਆਲੇ ਔਰਤਾਂ ਸਨ, ਜਿਹਨਾਂ ਨੂੰ ਉਹ ਬਿਲਕੁਲ ਨਹੀਂ ਸੀ ਜਾਣਦੀ ਇਹ ਪਾਗਲਖਾਨਾ ਸੀ। ਇਥੋਂ ਉਹਨੂੰ ਸਭ ਏਨ ਕੈਥੇਰਿਕ ਦੇ ਨਾਂ ਨਾਲ ਬੁਲਾਂਦੇ ਸਨ। ਇਸ ਸਾਜਿਸ਼ ਵਿਚ ਇਕ ਜ਼ਰੂਰੀ ਗੱਲ ਇਥੇ ਹੋਰ ਵਾਪਰੀ, ਉਹ ਸੀ ਕਿ ਉਹਨੂੰ ਏਨ ਕੈਥੇਰਿਕ ਦੇ ਕੱਪੜੇ ਪਵਾਏ ਗਏ ਸਨ। ਪਹਿਲੀ ਰਾਤ ਹੀ ਪਾਗਲਖਾਨੇ ਦੀ ਨਰਸ ਨੇ ਉਹਦੇ ਕੱਪੜਿਆਂ ਤੇ ਏਨ ਕੈਥੇਰਿਕ ਦਾ ਨਾਂ ਲਿਖਿਆ ਹੋਇਆ ਵਿਖਾ ਦਿੱਤਾ ਸੀ। ਨਰਸ ਨਾਂ ਵਿਖਾ ਕੇ ਬੋਲੀ, "ਹੁਣ ਤੂੰ ਆਪਣਿਆਂ ਕੱਪੜਿਆਂ ਤੇ ਆਪਣਾ ਨਾਂ ਹੀ ਵੇਖ ਲੈ ,ਸੋ ਹੁਣ ਸਾਨੂੰ ਆਪਣਾ ਨਾ ਲੇਡੀ ਗਲਾਈਡ ਕਹਿ ਕੇ ਘੜੀ-ਘੜੀ ਤੰਗ ਨਾ ਕਰੀਂ। ਉਹ ਮਰ ਚੁੱਕੀ ਹੈ; ਅਤੇ ਉਹਦਾ ਕਿਰਿਆ ਕਰਮ ਹੋ ਚੁੱਕਾ ਹੈ, ਤੂੰ ਜੀਉਂਦੀ ਅਤੇ ਸਿਹਤਮੰਦ ਹੈ ਵੇਖ ਲੈ, ਤੇਰੇ ਸਾਰੇ ਸਾਮਾਨ ਉਤੇ ਏਨ ਕੈਥੇਰਿਕ ਲਿਖਿਆ ਹੋਇਆ ਹੈ।"

ਉਸ ਰਾਤ ਮਿਸ ਹਾਲਕੌਂਬ ਨੇ ਆਪਣੀ ਭੈਣ ਦੇ ਕੱਪੜਿਆਂ ਉਤੇ ਆਪਣੀਆਂ ਅੱਖਾਂ ਨਾਲ ਏਨ ਕੈਥੇਰਿਕ ਦਾ ਨਾਂ ਲਿਮਰਿਜ ਪੁੱਜਣ ਤੇ ਵੇਖਿਆ।

ਕੰਬਰਲੈਂਡ ਜਾਂਦਿਆਂ ਰਾਹ ਵਿਚ ਬੜੇ ਪ੍ਰਸ਼ਨ ਪੁੱਛਣ ਮਗਰੋਂ ਮਿਸ ਹਾਲਕੌਂਬ ਲੇਡੀ ਗਲਾਈਡ ਕੋਲੋਂ ਬੱਸ ਇਹ ਕੁਛ ਹੀ ਜਾਣ ਸਕੀ, ਜੋ ਉਪਰ ਲਿਖਿਆ ਜਾ ਚੁੱਕਾ ਹੈ। ਲੇਡੀ ਗਲਾਈਡ ਨੂੰ ਕੁਝ ਵੀ ਸਮੁੱਚੇ ਰੂਪ ਵਿਚ ਯਾਦ ਨਹੀਂ ਸੀ ਆ ਰਿਹਾ; ਅਤੇ ਕਈ ਗੱਲਾਂ ਸਨ ਜੋ ਮੰਨੀਆਂ ਹੀ ਨਹੀਂ ਸਨ ਜਾ ਸਕਦੀਆਂ। ਮਿਸ ਹਾਲਕੌਂਬ ਪਾਗਲਖਾਨੇ ਬਾਰੇ ਹੋਰ ਪ੍ਰਸ਼ਨ ਨਹੀਂ

ਸੀ ਪੁੱਛਣਾ ਚਾਹੁੰਦੀ; ਕਿਉਂਕਿ ਉਹ ਆਪ ਵੀ ਇਹ ਦੁਖਾਵੀਆਂ ਗੱਲਾਂ ਬਰਦਾਸ਼ਤ ਨਹੀਂ ਸੀ ਕਰ ਸਕਦੀ।

ਪਾਗਲਖਾਨੇ ਦੇ ਮਾਲਕ ਨੇ ਆਪ ਇਹ ਹੀ ਦਸਿਆ ਸੀ, ਕਿ ਏਨ ਕੈਥੇਰਿਕ ਮੁੜ ਸਤਾਈ ਜੁਲਾਈ ਨੂੰ ਭਰਤੀ ਕੀਤੀ ਗਈ ਸੀ। ਸਤਾਈ ਜੁਲਾਈ ਤੋਂ ਲੈ ਕੇ ਪੰਦਰਾਂ ਅਕਤੂਬਰ ਤਕ ਉਹ ਪਾਗਲਖਾਨੇ ਵਿਚ ਇਕ ਤਰ੍ਹਾਂ ਨਾਲ ਕੈਦ ਹੀ ਰਹੀ ਸੀ। ਉਥੇ ਹਰ ਵਕਤ ਉਹਦੇ ਦਿਮਾਗ ਤੇ ਇਹੀ ਜ਼ੋਰ ਪਾਇਆ ਜਾਂਦਾ ਰਿਹਾ ਸੀ, ਕਿ ਉਹ ਏਨ ਕੈਥੇਰਿਕ ਹੀ ਹੈ, ਅਤੇ ਉਹ ਪਾਗਲ ਹੈ। ਜੇ ਉਸ ਨਾਲੋਂ ਕੋਈ ਤਕੜੀ ਕੁੜੀ ਹੁੰਦੀ ਉਹ ਵੀ ਅਜਿਹੇ ਹਾਲਾਤ ਵਿਚ ਪਾਗਲ ਹੋ ਜਾਂਦੀ।

ਲੇਡੀ ਗਲਾਈਡ ਤਾਂ ਉਂਜ ਹੀ ਬੜੀ ਕੋਮਲ ਅਤੇ ਨਾਜ਼ੁਕ ਸੀ। ਕੋਈ ਮਰਦ ਵੀ ਅਜਿਹੇ ਅਨੁਭਵ ਮਗਰੋਂ ਮੁੜ ਪਹਿਲਾਂ ਜਿਹਾ ਨਾ ਹੋ ਸਕਦਾ। ਪੰਦਰਾਂ ਅਕਤੂਬਰ ਦੀ ਸ਼ਾਮ ਉਹ ਦੋਵੇਂ ਲਿਮਰਿਜ ਪੁਜ ਗਈਆਂ।

ਸਵੇਰੇ ਸਭ ਤੋਂ ਪਹਿਲਾ ਕੰਮ ਮਿਸ ਹਾਲਕੌਂਬ ਨੇ ਇਹ ਕੀਤਾ, ਕਿ ਉਹ ਮਿਸਟਰ ਫ਼ੇਅਰਲੀ ਦੇ ਕਮਰੇ ਵਿਚ ਗਈ। ਉਹਨੇ ਮਿਸਟਰ ਫੇਅਰਲੀ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ, ਉਹਨੂੰ ਬੜੀ ਹੁਸ਼ਿਆਰੀ ਨਾਲ ਸਾਰੀ ਕਹਾਣੀ ਸੁਣਾਈ।

ਮਿਸਟਰ ਫ਼ੇਅਰਲੀ ਪਹਿਲਾਂ ਤਾਂ ਕੁਝ ਤ੍ਰਬਕਿਆ ਅਤੇ ਹੈਰਾਨ ਹੋਇਆ, ਪਰ ਫਿਰ ਮਿਸ ਹਾਲਕੌਂਬ ਤੇ ਗੁੱਸੇ ਹੋਇਆ, ਕਿ ਏਨ ਕੈਥੇਰਿਕ ਦੇ ਛਲ ਅਤੇ ਧੋਖੇ ਦਾ ਸ਼ਿਕਾਰ ਹੋ ਗਈ ਹੈ। ਉਹਨੇ ਮਿਸ ਹਾਲਕੌਂਬ ਨੂੰ ਕਾਂਊਂਟ ਫ਼ੋਸਕੋ ਦੀ ਚਿੱਠੀ ਯਾਦ ਕਰਵਾਈ; ਜਿਸ ਵਿਚ ਏਨ ਕੈਥੇਰਿਕ ਦੇ ਧੋਖੇ ਤੋਂ ਬਚ ਕੇ ਰਹਿਣ ਲਈ ਚਿਤਾਵਨੀ ਦਿੱਤੀ ਗਈ ਸੀ। ਮਿਸਟਰ ਫ਼ੇਅਰਲੀ ਨੇ ਵੀ ਕਿਹਾ ਕਿ ਮਿਸ ਹਾਲਕੌਂਬ ਆਪ ਹੀ ਇਹ ਗੱਲ ਕਰ ਚੁੱਕੀ ਸੀ, ਕਿ ਏਨ ਕੈਥੇਰਿਕ ਦੀ ਅਤੇ ਲੇਡੀ ਗਲਾਈਡ ਦੀ ਸ਼ਕਲ ਬਹੁਤ ਮਿਲਦੀ ਜੁਲਦੀ ਸੀ। ਉਹ ਬਹੁਤ ਹੀ ਨਾਰਾਜ਼ ਹੋਇਆ ਕਿ ਉਹਦੇ ਘਰ ਵਿਚ ਇਕ ਪਾਗਲ ਔਰਤ ਨੂੰ ਕਿਉਂ ਲਿਆਂਦਾ ਗਿਆ ਹੈ। ਉਹ ਕਦੀ ਵੀ ਕਿਸੇ ਪਾਗਲ ਨੂੰ ਮਿਲਣ ਦੀ ਆਗਿਆ ਨਹੀਂ ਦੇ ਸਕਦਾ। ਇਹ ਉਹਦੀ ਸਰਾਸਰ ਬੇਇਜ਼ਤੀ ਹੈ।

ਮਿਸ ਹਾਲਕੌਂਬ ਗੁੱਸੇ ਵਿਚ ਭਰੀ ਪੀਤੀ ਉਥੋਂ ਚਲੀ ਆਈ ਅਤੇ ਜਦੋਂ ਗੁੱਸਾ ਰਤਾ ਘਟ ਹੋਇਆ ਤਾਂ ਉਹਨੇ ਠੰਢੇ ਦਿਲ ਨਾਲ ਇਹ ਨਿਸਚਾ ਕੀਤਾ; ਕਿ ਘੱਟ ਤੋਂ ਘੱਟ ਇਨਸਾਨੀਅਤ ਦੇ ਨਾਤੇ ਇਕ ਵਾਰ ਤਾਂ ਮਿਸਟਰ ਫੇਅਰਲੀ ਆਪਣੀ ਭਤੀਜੀ ਨੂੰ ਮਿਲੇ। ਇਸ ਤੋਂ ਪਹਿਲਾਂ ਕਿ ਉਹ

ਆਪਣੇ ਘਰ ਦੇ ਦਰਵਾਜ਼ੇ ਉਸ ਲਈ ਬੰਦ ਕਰੇ, ਇਕ ਨਜ਼ਰ ਨਾਲ ਤਾਂ ਉਹਨੂੰ ਦੇਖਣਾ ਚਾਹੀਦਾ ਹੈ, ਕਿ ਕੌਣ ਉਸਦੇ ਸਾਹਮਣੇ ਖੜ੍ਹਾ ਹੈ।

ਮਿਸਟਰ ਫ਼ੇਅਰਲੀ ਨੂੰ ਕੋਈ ਖਬਰ ਕੀਤੇ ਬਿਨਾਂ ਹੀ ਉਹ ਲੇਡੀ ਗਲਾਈਡ ਦੀ ਬਾਂਹ ਫੜ ਕੇ ਉਨ੍ਹਾਂ ਦੇ ਕਮਰੇ ਵਿਚ ਚਲੀ ਗਈ। ਮਿਸਟਰ ਫ਼ੇਅਰਲੀ ਦੇ ਨੌਕਰ ਨੇ, ਜੋ ਦਰਵਾਜੇ ਤੇ ਪਹਿਰਾ ਦੇ ਰਿਹਾ ਸੀ। ਉਨ੍ਹਾਂ ਨੂੰ ਰੋਕਿਆ ਪਰ ਮਿਸ ਹਾਲਕੌਂਬ ਉਹਨੂੰ ਇਕ ਪਾਸੇ ਕਰਕੇ ਆਪ ਵੀ ਅਤੇ ਆਪਣੀ ਭੈਣ ਨੂੰ ਵੀ ਅੰਦਰ ਲੈ ਗਈ।

ਇਸ ਤੋਂ ਮਗਰੋਂ ਜੋ ਹੋਇਆ, ਉਹ ਏਨਾ ਦੁਖਦਾਈ ਸੀ, ਕਿ ਮਿਸ ਹਾਲਕੌਂਬ ਵੀ ਉਹਨੂੰ ਬਿਆਨ ਕਰਨ ਤੋਂ ਘਬਰਾਂਦੀ ਸੀ। ਸਾਰੀ ਘਟਨਾ ਕੁਝ ਮਿੰਟਾਂ ਵਿਚ ਹੀ ਹੋਈ, ਪਰ ਮਿਸਟਰ ਫ਼ੇਅਰਲੀ ਨੇ ਬੜੀ ਬੇਤਰਸੀ ਨਾਲ ਸਾਫ-ਸਾਫ ਕਹਿ ਦਿੱਤਾ; ਕਿ ਉਹ ਉਸ ਔਰਤ ਨੂੰ ਨਹੀਂ ਪਛਾਣਦਾ ਜੋ ਉਸ ਕਮਰੇ ਵਿਚ ਲਿਆਂਦੀ ਗਈ ਹੈ। ਅਤੇ ਉਹਨੂੰ ਵੇਖ ਕੇ ਇਕ ਮਿੰਟ ਵਾਸਤੇ ਵੀ ਉਹਦੇ ਦਿਲ ਵਿਚ ਕੋਈ ਸ਼ੱਕ ਨਹੀਂ ਹੋਇਆ। ਅਤੇ ਉਹਦੀ ਭਤੀਜੀ ਮਰ ਗਈ ਹੈ, ਅਤੇ ਉਹਦੀ ਕਬਰ ਉਹਦੀ ਮਾਂ ਦੇ ਕੋਲ ਹੀ ਲਿਮਰਿਜ ਦੇ ਗਿਰਜੇ ਵਿਚ ਹੈ। ਜੇ ਮਿਸ ਹਾਲਕੌਂਬ ਨੇ ਉਸ ਔਰਤ ਨੂੰ ਉਥੋਂ ਨਾ ਕੱਢਿਆ ਤਾਂ ਉਹ ਪੁਲੀਸ ਨੂੰ ਬੁਲਾ ਕੇ ਉਹਨੂੰ ਕਢਵਾ ਦੇਵੇਗਾ !

ਭਾਵੇਂ ਮਿਸਟਰ ਫ਼ੇਅਰਲੀ ਬਹੁਤ ਹੀ ਸਵਾਰਥੀ ਅਤੇ ਆਲਸੀ ਸੀ, ਭਾਵੇਂ ਪਿਆਰ ਨਾਂ ਦੀ ਚੀਜ਼ ਉਹਦੇ ਦਿਲ ਵਿਚ ਕਦੀ ਪੈਦਾ ਹੀ ਨਹੀਂ ਸੀ ਹੋਈ; ਤਾਂ ਵੀ ਉਹ ਏਨਾ ਕਮੀਨਾ ਨਹੀਂ ਸੀ ਹੋ ਸਕਦਾ; ਕਿ ਆਪਣੇ ਭਰਾ ਦੀ ਔਲਾਦ ਨੂੰ ਦਿਲੋਂ ਪਛਾਣ ਕੇ ਵੀ ਉਪਰੋਂ ਨਾ ਮੰਨੇ। ਮਿਸ ਹਾਲਕੌਂਬ ਨੇ ਵੀ ਬਥੇਰਾ ਜ਼ੋਰ ਪਾਇਆ ਕਿ ਉਹ ਵਹਿਮਾ ਤੇ ਭਰਮਾਂ ਤੋਂ ਉਪਰ ਉਠ ਕੇ ਆਪਣੀ ਅਕਲ ਤੋਂ ਕੰਮ ਲਵੇ; ਉਹਨੇ ਮੁੜਕੇ ਉਹਨੂੰ ਲੇਡੀ ਗਲਾਈਡ ਦੇ ਵਿਰੁੱਧ ਹੋਈ ਸਾਜਿਸ਼ ਸਮਝਾਈ।

ਪਰ ਜਦੋਂ ਮਿਸ ਹਾਲਕੌਂਬ ਨੇ ਨੌਕਰਾਂ ਨੂੰ ਬੁਲਾ ਕੇ ਪਛਾਣਨ ਲਈ ਕਿਹਾ, ਤਾਂ ਉਹਨੇ ਵੇਖਿਆ ਕਿ ਉਹ ਵੀ ਝਿਜਕ ਰਹੇ ਸਨ। ਸਭ ਨੂੰ ਹੁਣ ਤਕ ਇਹ ਖਬਰ ਹੋ ਚੁੱਕੀ ਸੀ, ਕਿ ਲੇਡੀ ਗਲਾਈਡ ਅਤੇ ਏਨ ਕੈਥੇਰਿਕ ਦੀ ਸ਼ਕਲ ਮਿਲਦੀ ਸੀ। ਨੌਕਰ ਵੀ ਸਾਫ-ਸਾਫ ਇਹ

ਨਹੀਂ ਸਨ ਕਹਿੰਦੇ ਕਿ ਉਹ ਔਰਤ ਹੀ ਉਨ੍ਹਾਂ ਦੀ ਮਾਲਕਣ ਸੀ। ਹੁਣ ਮਿਸ ਹਾਲਕੌਂਬ ਨੂੰ ਇਸ ਗੱਲ ਦੀ ਸਮਝ ਆਈ, ਕਿ ਪਾਗਲਖਾਨੇ ਦੀ ਉਸ ਕੈਦ ਨਾਲ ਲੇਡੀ ਗਲਾਈਡ ਦੀ ਸ਼ਕਲ, ਤੌਰ ਤਰੀਕੇ, ਅਤੇ ਚਾਲ ਢਾਲ ਵਿਚ ਬੜਾ ਗੰਭੀਰ ਫ਼ਰਕ ਆਇਆ। ਉਸ ਘਰ ਵਿਚ, ਜਿਥੇ ਉਹ ਪਲੀ ਸੀ, ਉਪਰੀ ਹੋ ਗਈ ਸੀ। ਸਾਜਿਸ਼ ਕਰਨ ਵਾਲਿਆਂ ਏਨੀ ਨੀਚ ਧੋਖੇ ਦੀ ਖੇਡ ਖੇਡੀ ਸੀ, ਕਿ ਉਸ ਵਿਚਾਰੀ ਨੂੰ ਹੁਣ ਆਪਣੇ ਵੀ ਨਹੀਂ ਸਨ ਪਛਾਣ ਰਹੇ।

ਪਰ ਕੋਸ਼ਿਸ਼ ਜਾਰੀ ਰੱਖਣੀ ਬਹੁਤ ਜਰੂਰੀ ਸੀ।

ਫੈਨੀ, ਜੋ ਲੇਡੀ ਗਲਾਈਡ ਦੀ ਨੌਕਰਾਣੀ ਸੀ, ਉਸ ਵੇਲੇ ਘਰ ਵਿਚ ਨਹੀਂ ਸੀ। ਉਸਨੇ ਦੋ ਦਿਨਾਂ ਦੇ ਵਿਚ-ਵਿਚ ਘਰ ਵਾਪਸ ਮੁੜ ਆਉਣਾ ਸੀ। ਉਹ ਲੇਡੀ ਗਲਾਈਡ ਨੂੰ ਬਹੁਤ ਪਿਆਰ ਕਰਦੀ ਸੀ, ਅਤੇ ਉਸ ਨਾਲ ਹੀ ਬਹੁਤਾ ਸਮਾਂ ਗੁਜ਼ਾਬਦੀ ਸੀ; ਇਸ ਲਈ ਹੋ ਸਕਦਾ ਸੀ। ਉਹ ਠੀਕ ਪਛਾਣ ਲੈਂਦੀ। ਜਾਂ ਲੇਡੀ ਗਲਾਈਡ ਨੂੰ ਘਰ ਵਿਚ, ਜਾਂ ਪਿੰਡ ਵਿਚ ਕਿਧਰੇ ਚੋਰੀ- ਚੋਰੀ ਰਖਿਆ ਜਾਂਦਾ; ਅਤੇ ਉਹਦੀ ਸਿਹਤ ਠੀਕ ਹੋਣ ਤਕ ਉਡੀਕਿਆ ਜਾਂਦਾ। ਉਹਦੀ ਸਿਹਤ ਠੀਕ ਹੋਣ ਨਾਲ ਉਹਦੀ ਯਾਦ ਵੀ ਪਰਤੇਗੀ, ਤਾਂ ਉਹ ਬੀਤੇ ਹੋਏ ਸਮੇਂ ਦੀਆਂ ਕਈ ਘਟਨਾਵਾਂ ਦਾ ਜ਼ਿਕਰ ਕਰਕੇ ਘਰ ਵਾਲਿਆਂ ਦਾ ਸ਼ੱਕ ਦੂਰ ਕਰ ਸਕਦੀ ਹੈ; ਕਈ ਗੱਲਾਂ ਕੋਈ ਬਾਹਰਲਾ ਨਹੀਂ ਜਾਣ ਸਕਦਾ; ਜੇ ਉਹ ਜਾਣਦੀ ਹੋਵੇਗੀ ਅਤੇ ਸਮਾਂ ਬੀਤਣ ਨਾਲ ਉਹ ਆਪਣੀਆਂ ਗੱਲਾਂ ਨਾਲ ਹੀ ਪਛਾਣੀ ਜਾ ਸਕੇਗੀ।

ਪਰ ਇਹ ਸਮਾਂ ਉਡੀਕਣ ਦਾ ਨਹੀਂ ਸੀ, ਇਸ ਲਈ ਨਾ ਤੇ ਉਹਨੂੰ ਕਿਧਰੇ ਪਿੰਡ ਵਿਚ ਛੁਪਾਇਆ ਜਾ ਸਕਦਾ ਸੀ, ਕਿ ਉਹ ਠੀਕ ਹੋਵੇ ਅਤੇ ਲੋਕ ਉਹਨੂੰ ਪਛਾਨਣ; ਕਿਉਂਕਿ ਪਾਗਲਖਾਨੇ ਤੋਂ ਪਿਛਾ ਕਰਨ ਵਾਲਿਆਂ ਨੇ ਹੈਂਪਸ਼ਾਇਰ ਤੋਂ ਜਦ ਨਿਰਾਸ਼ ਹੋਣਾ ਸੀ; ਉਨ੍ਹਾਂ ਸਿੱਧਾ ਕੰਬਰਲੈਂਡ ਵੱਲ ਮੂੰਹ ਕਰਨਾ ਸੀ। ਅਤੇ ਸ਼ਾਇਦ ਕੁਛ ਘੰਟਿਆਂ ਵਿਚ ਉਹ ਲਿਮਰਿਜ ਹਾਊਸ ਆ ਹੀ ਪਹੁੰਚਣ। ਮਿਸਟਰ ਫ਼ੇਅਰਲੀ ਨੂੰ ਜਿਸ ਗੁੱਸੇ ਵਿਚ ਉਹ ਛੱਡ ਆਇਆਂ ਸਨ, ਉਸ ਗੁੱਸੇ ਵਿਚ ਉਹ ਪਾਗਲਖਾਨੇ ਵਾਲਿਆਂ ਦੀ ਹਰ ਸੰਭਵ ਮਦਦ ਕਰਨ ਨੂੰ ਤਿਆਰ ਹੋਵੇਗਾ।

ਹੁਣ ਮਿਸ ਹਾਲਕੌਂਬ ਨੇ ਸੋਚਿਆ ਕਿ ਲੇਡੀ ਗਲਾਈਡ ਨੂੰ ਲਿਮਰਿਜ ਤੋਂ ਜਿੰਨੀ ਦੂਰ ਲਜਾਇਆ ਜਾਏ, ਜਿੰਨੀ ਜਲਦੀ ਲੈ ਜਾਇਆ ਜਾਏ; ਉਨ੍ਹਾਂ ਹੀ ਠੀਕ ਹੋਵੇਗਾ। ਆਪਣਾ ਘਰ ਹੀ ਉਸ ਲਈ ਖ਼ਤਰਨਾਕ ਸੀ। ਪਿਛਾ ਕਰਨ ਵਾਲਿਆਂ ਖ਼ਬਰ ਦਿਤੇ ਬਿਨਾਂ ਹੀ ਉਥੇ ਪੁੱਜ ਜਾਣਾ ਸੀ, ਸਮਾਂ ਆਪੇ ਹੀ ਸ਼ਾਇਦ ਮਿਹਰਬਾਨ ਹੋ ਜਾਏ, ਅਤੇ ਉਸ ਦੀ ਕਿਸਮਤ ਸਿੱਧੀ ਹੋ ਜਾਏ।

ਸੋ ਇਕ ਦਮ ਵਾਪਸ ਲੰਡਨ ਪਰਤਣਾ ਹੀ ਠੀਕ ਕਦਮ ਸੀ। ਵੱਡੇ ਸ਼ਹਿਰ ਵਿਚ ਉਹ ਕਿਧਰੇ ਵੀ ਛੁਪ ਸਕਦੀਆਂ ਸਨ। ਕੋਈ ਤਿਆਰੀ ਨਹੀਂ ਸੀ ਕਰਨੀ; ਕਿਸੇ ਨੂੰ ਅਲਵਿਦਾ ਨਹੀਂ ਸੀ ਕਹਿਣੀ, ਸੋਲਾਂ ਤਾਰੀਖ ਦੀ ਉਸ ਤਿਪਹਿਰ ਨੂੰ ਮਿਸ ਹਾਲਕੌਂਬ ਨੇ ਆਪਣੀ ਭੈਣ ਨੂੰ ਥੋੜੀ ਹੋਰ ਹਿੰਮਤ ਕਰਨ ਲਈ ਉਤਸ਼ਾਹ ਦਿੱਤਾ। ਦੋਵੇਂ ਭੈਣਾਂ ਲਿਮਰਜ ਹਾਊਸ ਤੋਂ ਸਦਾ ਲਈ ਮੂੰਹ ਮੋੜ ਦੁਨੀਆਂ ਦੇ ਅਥਾਹ ਸਾਗਰ ਅੰਦਰ ਵਿਚਰ ਪਈਆਂ। ਅਜਿਹਾ ਕੋਈ ਨਹੀਂ ਸੀ, ਜੋ ਉਹਨਾਂ ਨੂੰ ਪਿਆਰ ਜਾਂ ਹੌਂਸਲੇ ਨਾਲ ਵਿਦਾ ਕਰਦਾ।

ਉਹ ਗਿਰਜੇ ਦੀ ਪਹਾੜੀ ਤੋਂ ਲੰਘ ਗਈਆਂ ਮਨ, ਜਦੋਂ ਲੇਡੀ ਗਲਾਈਡ ਨੇ ਇਕ ਵਾਰ ਆਪਣੀ ਮਾਂ ਦੀ ਕਬਰ ਤੇ ਜਾਣ ਲਈ ਇਕ ਖਵਾਹਿਸ਼ ਪ੍ਰਗਟ ਕੀਤੀ। ਮਿਸ ਹਾਲਕੌਂਬ ਨੇ ਉਹਨੂੰ ਟਾਲਣਾ ਚਾਹਿਆ, ਪਰ ਲੇਡੀ ਗਲਾਈਡ ਨਾਂ ਮੰਨੀ ਉਹਦਾ ਨਿਸ਼ਚਾ ਦ੍ਰਿੜ ਸੀ। ਉਹਦੀਆਂ ਅੱਖਾਂ ਵਿਚ ਇਕ ਚਮਕ ਆ ਗਈ ਸੀ, ਅਤੇ ਉਹਨੇ ਨਿਤਾਣੀਆਂ ਉਂਗਲਾਂ ਨਾਲ ਆਪਣੀ ਭੈਣ ਦੀ ਬਾਂਹ ਜ਼ੋਰ ਦੀ ਘੁੱਟ ਕੇ ਪਕੜ ਲਈ ਸੀ, ਮੈਨੂੰ ਵਿਸ਼ਵਾਸ ਹੈ ਕਿ ਉਸ ਵੇਲੇ ਰੱਬ ਹੀ ਉਹਨਾਂ ਨੂੰ ਇਧਰ ਭੇਜ ਰਿਹਾ ਸੀ, ਅਤੇ ਮੈਂ ਜੋ ਉਸ ਵੇਲੇ ਸ਼ਾਇਦ ਦੁਨੀਆਂ ਉਤੇ ਸਭ ਤੋਂ ਦੁਖੀ ਸਾਂ, ਮੈਂ ਇਹ ਕਰਿਸ਼ਮਾ ਆਪਣੀਆਂ ਅੱਖਾਂ ਨਾਲ ਵੇਖਿਆ।

ਉਹ ਵਾਪਸ ਕਬਰਸਤਾਨ ਵੱਲ ਮੁੜੀਆਂ ਉਹਨਾਂ ਦੇ ਇਹ ਚਾਰ ਕਦਮ ਵਾਪਸ ਮੁੜਨ ਨਾਲ ਸਾਡੀ ਤਿੰਨਾਂ ਦੀ ਕਿਸਮਤ ਸਾਂਝੀ ਹੋ ਗਈ-ਅਤੇ ਸਾਡਾ ਭਵਿੱਸ ਇਕ ਹੀ ਹੋ ਗਿਆ।

(3)

ਸੋ ਅਤੀਤ ਦੀ ਇੰਨੀ ਹੀ ਕਹਾਣੀ ਹੈ-ਜਿੰਨੀ ਸਾਨੂੰ ਪਤਾ ਸੀ, ਜਾਂ ਜਿੰਨੀ ਅਸੀਂ ਉਦੋਂ ਜਾਣਦੇ ਸਾਂ।

ਇਸ ਨੂੰ ਸੁਣਨ ਮਗਰੋਂ ਮੈਂ ਦੋ ਸਿੱਟਿਆ ਉਤੇ ਅਪੜਿਆ ਸਾਂ। ਪਹਿਲਾਂ ਤਾਂ ਇਹ ਸੀ, ਕਿ ਲੇਡੀ ਗਲਾਈਡ ਵਿਰੁੱਧ ਇਹ ਸਾਜਿਸ਼ ਦੁਸ਼ਮਣਾਂ ਨੇ ਬੜੀ ਸੋਚ ਵਿਚਾਰ ਕੇ ਬਣਾਈ ਸੀ, ਹਰ ਇਕ ਮੌਕੇ ਦਾ ਪੂਰਾ ਫਾਇਦਾ ਉਠਾਇਆ ਗਿਆ ਸੀ, ਅਤੇ ਹਾਲਾਤ ਨੂੰ ਆਪਣੇ ਮੰਤਵ ਲਈ ਵਰਤਿਆ ਗਿਆ ਸੀ। ਕਾਨੂੰਨ ਵਿਰੁੱਧ ਏਨਾਂ ਘੋਰ ਜ਼ੁਰਮ ਕੀਤਾ ਗਿਆ ਸੀ, ਪਰ ਇੰਨੀ ਹੁਸ਼ਿਆਰੀ ਨਾਲ, ਕਿ ਕੋਈ ਲੱਖ ਕੋਸ਼ਿਸ਼ ਕਰਨ ਤੇ ਵੀ ਉਹਨਾਂ ਨੂੰ ਪਕੜ ਨਹੀਂ ਸੀ ਸਕਦਾ। ਲੇਡੀ ਗਲਾਈਡ ਅਤੇ ਏਨ ਕੈਥੇਰਿਕ ਦੀ ਮਿਲਦੀ ਸ਼ਕਲ ਦਾ ਵਧ ਤੋਂ ਵਧ ਫਾਇਦਾ ਉਠਾਇਆ ਗਿਆ ਸੀ। ਇਹ ਸਪਸ਼ਟ ਸੀ ਕਾਂਊਟ ਫ਼ੋਸਕੋ ਦੇ ਘਰ ਵਿਚ ਏਨ ਕੈਥੇਰਿਕ ਨੂੰ ਹੀ ਲੇਡੀ ਗਲਾਈਡ ਦੱਸ ਕੇ ਜਾਣ ਪਛਾਣ ਕਰਵਾਈ ਗਈ ਸੀ, ਅਤੇ ਲੇਡੀ ਗਲਾਈਡ ਨੂੰ ਪਾਗਲਖਾਨੇ ਵਿਚ ਏਨ ਕੈਥੇਰਿਕ ਦੱਸਕੇ ਮੁੜ ਬੰਦ ਕੀਤਾ ਗਿਆ ਸੀ। ਅਤੇ ਇਹ ਇਸ ਢੰਗ ਨਾਲ ਹੋਇਆ ਸੀ ਕਿ ਨਿਰਦੋਸ਼ ਲੋਕ ਵੀ (ਜਿਵੇਂ ਕਿ ਡਾਕਟਰ ਗੁਡਰਿਕ ਕਾਊਂਟ ਦੀਆਂ ਨੌਕਰਾਣੀਆਂ ਅਤੇ ਪਾਗਲਖਾਨੇ ਦਾ ਮਾਲਕ ਆਦਿ) ਇਸ ਜ਼ੁਰਮ ਵਿਚ ਭਾਈਵਾਲ ਬਣਾਏ ਗਏ ਸਨ--।

ਦੂਜਾ ਸਿੱਟਾ, ਜਿਸ ਉਤੇ ਮੈਂ ਅਪੜਿਆ ਸਾਂ ਉਹ ਇਹ ਸੀ, ਕਿ ਸਾਨੂੰ ਤਿੰਨਾਂ ਨੂੰ ਕਾਂਊਟ ਫ਼ੋਸਕੋ ਅਤੇ ਸਰ ਪਰਸੀਵਲ ਕੋਲੋਂ ਕਿਸੇ ਤਰਸ ਦੀ ਕੋਈ ਆਸ ਨਹੀਂ ਸੀ ਰੱਖਣੀ ਚਾਹੀਦੀ। ਇਸ ਸਾਜ਼ਿਸ਼ ਦੀ ਕਾਮਯਾਬੀ ਨਾਲ ਇਹਨਾਂ ਦੋਹਾਂ ਨੂੰ ਤੀਹ ਹਜ਼ਾਰ ਪੌਂਡ ਦਾ ਫਾਇਦਾ ਹੋਇਆ ਸੀ। ਵੀਹ ਹਜ਼ਾਰ ਇਕ ਨੂੰ ਮਿਲ ਗਏ ਸਨ; ਅਤੇ ਦੂਜੇ ਨੂੰ ਆਪਣੀ ਪਤਨੀ ਰਾਹੀਂ ਦਸ ਹਜ਼ਾਰ ਪਿੰਡ ਮਿਲੇ ਸਨ।

ਉਹਨਾਂ ਨੂੰ ਇਸ ਜਾਇਦਾਦ ਦੇ ਮਿਲਣ ਦੇ ਨਾਲ ਨਾਲ ਹੋਰ ਵੀ ਬੜੇ ਫਾਇਦੇ ਸਨ, ਅਤੇ ਇਹ ਗੱਲ ਉਹ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਕੋਈ ਉਹਨਾਂ ਦਾ ਭੇਦ ਖੋਹਲੇ। ਇਸ ਲਈ ਉਹ ਆਪਣਾ ਸ਼ਿਕਾਰ ਲੱਭਣ ਵਿਚ ਹਰ ਕੋਸ਼ਿਸ਼ ਕਰਨਗੇ; ਉਹ ਹਰ ਕੁਰਬਾਨੀ ਕਰਨ ਨੂੰ ਤਿਆਰ ਹੋਣਗੇ। ਜੋ ਵੀ ਉਹਨਾਂ ਦੇ ਰਾਹ ਵਿਚ ਰੋੜਾ ਅਟਕਾਏਗਾ, ਉਹਦੀ ਉਹਨਾਂ ਜ਼ਰਾ ਪ੍ਰਵਾਹ ਨਹੀਂ ਕਰਨੀ ਅਤੇ ਲੇਡੀ ਗਲਾਈਡ ਨੂੰ ਆਪਣੇ ਦੋ ਪਿਆਰਿਆਂ ਇਕ ਮੈਂ ਅਤੇ ਦੂਜੀ ਮੇਰੀਅਨ ਹਾਲਕੌਂਬ ਕੋਲੋਂ ਵਖ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਦੇਣਗੇ।

ਇਹ ਗੰਭੀਰ ਖਤਰਾ ਸੀ, ਅਤੇ ਹਰ ਇਕ ਪਲ ਸਾਨੂੰ ਉਸ ਖਤਰੇ ਦੇ ਨੇੜੇ ਹੀ ਨੇੜੇ ਲਿਜਾ ਰਿਹਾ ਸੀ। ਇਸ ਖ਼ਤਰੇ ਨੂੰ ਸਾਹਮਣੇ ਰੱਖ ਕੇ ਹੀ ਮੈਂ ਆਪਣੇ ਰਹਿਣ ਲਈ ਅਜਿਹੀ ਥਾਂ ਚੁਣਨਾ ਚਾਹੁੰਦਾ ਸਾਂ, ਜਿਥੇ ਸਾਨੂੰ ਕੋਈ ਜਾਣੇ ਪਛਾਣੇ ਨਾਂ। ਮੈਂ ਲੰਦਨ ਦਾ ਪੂਰਬੀ ਹਿੱਸਾ ਹੀ ਚੁਣਿਆ, ਜਿਥੇ ਲੋਕਾਂ ਨੂੰ ਬਹੁਤ ਘੱਟ ਵਿਹਲੇ ਘੁੰਮਣ ਫਿਰਨ ਦੀ ਫੁਰਸਤ ਮਿਲਦੀ ਹੈ। ਮੈਂ ਉਹ ਮਹੱਲਾ ਚੁਣਿਆ, ਜਿਥੇ ਬਹੁਤ ਹੀ ਗਰੀਬ ਲੋਕ ਰਹਿੰਦੇ ਸਨ, ਅਤੇ ਆਬਾਦੀ ਬੜੀ ਸੰਘਣੀ ਸੀ। ਕਿਉਂਕਿ ਜਿਥੇ ਹਰ ਇਕ ਨੂੰ ਰੋਟੀ ਕਮਾਣ ਦਾ ਫਿਕਰ ਹੋਵੇ, ਉਥੇ ਲੋਕਾਂ ਨੂੰ ਇਹ ਵਿਹਲ ਨਹੀਂ ਹੁੰਦੀ, ਕਿ ਉਹ ਦੂਜਿਅ ਵਿਚ ਦਿਲਚਸਪੀ ਲੈਣ ਅਤੇ ਨੋਕ ਝੋਕ ਕਰਨ, ਕਿ ਕੌਣ ਉਪਰੇ ਜੇਹੇ ਉਹਨਾਂ ਵਿਚਕਾਰ ਆ ਗਏ ਹਨ। ਮੈਂ ਇਹੀ ਗੱਲ ਸੋਚ ਕੇ ਇਧਰ ਰਹਿਣ ਲਈ ਆਇਆ ਸਾਂ, ਪਰ ਨਾਲ ਹੀ ਸਾਨੂੰ ਹੋਰ ਵੀ ਫਾਇਦਾ ਹੋ ਗਿਆ। ਉਹ ਇਹ ਸੀ ਕਿ ਅਸੀਂ ਇਥੇ ਥੋੜਾ ਖਰਚ ਕਰਕੇ ਰਹਿ ਸਕਦੇ ਸਾਂ; ਅਤੇ ਹਰ ਇਕ ਵਾਧੂ ਪੈਸਾ ਬਚਾ ਕੇ ਰੱਖ ਸਕਦੇ ਸਾਂ, ਜੋ ਸਾਨੂੰ ਆਪਣੇ ਕੰਮ ਦੀ ਸਫਲਤਾ ਲਈ ਲੋੜ ਸੀ। ਮੇਰਾ ਮੰਤਵ ਹੀ ਇਹੀ ਸੀ ਕਿ ਲੇਡੀ ਗਲਾਈਡ ਨਾਲ ਜੋ ਧੋਖਾ ਕੀਤਾ ਗਿਆ ਹੈ, ਕਿਸੇ ਨਾ ਕਿਸੇ ਤਰ੍ਹਾਂ ਦੁਨੀਆਂ ਸਾਹਮਣੇ ਉਹਦਾ ਪਾਜ ਉਘੇੜ ਕੇ ਰੱਖਦਿਆਂ; ਅਤੇ ਪੂਰਾ ਪੂਰਾ ਇਨਸਾਫ ਉਹਦੇ ਨਾਲ ਹੋਵੇ। ਮੇਰੇ ਜੀਵਨ ਦਾ ਮਨੋਰਥ ਹੀ ਇਹੀ ਸੀ।

ਇਕ ਹਫਤੇ ਦੇ ਅੰਦਰ ਅੰਦਰ ਮੈਂ ਅਤੇ ਮੇਰੀਅਮ ਹਾਲਕੌਂਬ ਨੇ ਇਹ ਨਿਰਣਾ ਕਰ ਲਿਆ, ਕਿ ਸਾਡੀ ਨਵੀਂ ਜ਼ਿੰਦਗੀ ਕਿਹੜੀਆਂ ਲੀਹਾਂ ਤੇ ਚਲਣੀ ਹੈ।

ਉਸ ਘਰ ਵਿਚ ਹੋਰ ਕੋਈ ਕਿਰਾਏਦਾਰ ਨਹੀਂ ਸਨ। ਸਾਨੂੰ ਬਾਹਰ ਜਾਣ ਆਉਣ ਲਈ ਦੁਕਾਨ ਵਿਚੋਂ ਨਹੀਂ ਸੀ ਲੰਘਣਾ ਪੈਂਦਾ। ਮੈਂ ਮੇਰੀਅਨ ਨੂੰ ਇਹ ਗੱਲ ਸਮਝਾ ਦਿੱਤੀ, ਕਿ ਨਾ ਉਹ ਆਪ ਅਤੇ ਨਾਂ ਹੀ ਲਾਰਾ, ਦੋਵੇਂ ਹੀ ਮੇਰੇ ਬਿਨਾਂ ਬਾਹਰ ਕਿਧਰੇ ਵੀ ਜਾਣ-। ਮੈਂ ਤੇ ਉਹਨੂੰ ਇਥੋਂ ਤਕ ਖ਼ਬਰਦਾਰ ਕੀਤਾ, ਕਿ ਉਹ ਦੋਵੇਂ ਅਜੇ ਘਰ ਦੇ ਬੂਹੇ ਤੋਂ ਵੀ ਪੈਰ ਨਾਂ ਬਾਹਰ ਕੱਢਣ, ਅਤੇ ਨਾਂ ਹੀ ਕਿਸੇ ਨੂੰ ਅੰਦਰ ਆਉਣ ਦੇਣ। ਭਾਵੇਂ ਕੋਈ ਕਿੰਨਾ ਹੀ ਜ਼ਰੂਰੀ ਕੰਮ ਕਿਉਂ ਨਾ ਦੱਸੇ ਉਹ ਕਿਸੇ ਨੂੰ ਦਰਵਾਜ਼ਾ ਹੀ ਨਾ ਖੋਲਣ। ਸਾਡੀ ਹਿਫਾਜ਼ਤ ਇਸ ਵਿਚ ਹੀ ਸੀ। ਦੁਸ਼ਮਣ ਆਪਣੀ ਮੰਤਵ ਪੂਰਤੀ ਲਈ ਹਰ ਤਰ੍ਹਾਂ ਦੇ ਹਥਿਆਰ ਵਰਤਣ ਤੇ ਉਤਾਰੂ ਹੋਣ ਵਾਲੇ ਬੇਕਿਰਕ ਬੰਦੇ ਸਨ। ਇਸ ਗੱਲ ਬਾਰੇ ਉਹਨਾਂ ਨੂੰ ਪੱਕਿਆਂ ਕਰਕੇ ਮੈਂ ਆਪਣੇ ਇਕ

ਪੁਰਾਣੇ ਮਿੱਤਰ ਕੋਲ ਗਿਆ; ਜੋ ਲੱਕੜ ਉਤੇ ਖੁਦਾਈ ਦਾ ਕੰਮ ਕਰਦਾ ਸੀ। ਉਸ ਦਾ ਕੰਮ ਚੰਗਾ ਚਲਿਆ ਹੋਇਆ ਸੀ। ਮੈਂ ਵੀ ਉਹਦੇ ਕੋਲ ਕਿਸੇ ਕੰਮ ਦੀ ਭਾਲ ਵਿਚ ਹੀ ਗਿਆ ਸਾਂ। ਮੈਂ ਉਹਨੂੰ ਕਿਹਾ ਕਿ ਮੈਨੂੰ ਨੌਕਰੀ ਦੀ ਲੋੜ ਹੈ, ਪਰ ਮੈਂ ਆਪਣਾ ਪਤਾ ਕਿਸੇ ਨੂੰ ਦੱਸਣਾ ਨਹੀਂ ਚਾਹੁੰਦਾ।

ਉਹਨੇ ਮਨ ਵਿਚ ਇਹੀ ਸਮਝਿਆ, ਕਿ ਸ਼ਾਇਦ ਮੈਂ ਕਰਜ਼ਾ ਲਿਆ ਹੋਇਆ ਹੈ, ਇਸੇ ਲਈ ਲੁਕਿਆ ਬੈਠਾਂ ਹਾਂ। ਸੋ ਉਹਨੇ ਇਸ ਗੱਲ ਤੇ ਦੁੱਖ ਪ੍ਰਗਟ ਕਰਦਿਆਂ ਹੋਇਆਂ, ਮੈਨੂੰ ਆਪਣੀ ਪੂਰੀ ਮਦਦ ਦੇਣ ਦਾ ਇਕਰਾਰ ਕੀਤਾ। ਮੈਂ ਉਹਦੇ ਮਨ ਵਿਚਲੀ ਗਲਤ ਫਹਿਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਨਾ ਕੀਤੀ; ਅਤੇ ਜੋ ਵੀ ਕੰਮ ਉਹ ਦੇਂਦਾ ਮੈਂ ਲੈ ਆਉਂਦਾ। ਉਹਨੂੰ ਮੇਰੇ ਕੰਮ ਬਾਰੇ ਪੂਰੀ ਤਸੱਲੀ ਸੀ; ਮੈਨੂੰ ਤਜਰਬਾ ਵੀ ਸੀ, ਅਤੇ ਮੈਂ ਪੂਰੀ ਮਿਹਨਤ ਨਾਲ ਉਹਨੂੰ ਕੰਮ ਕਰਕੇ ਦੇਂਦਾ ਸੀ। ਉਸਨੂੰ ਅਜਿਹਾ ਹੀ ਬੰਦਾ ਚਾਹੀਦਾ ਸੀ ਜਿਸਨੂੰ ਇਸ ਕੰਮ ਵਿਚ ਮਹਾਰਤ ਹਾਸਿਲ ਹੋਵੇ ਅਤੇ ਜਿਹੜਾ ਧੀਰਜ ਨਾਲ ਕੰਮ ਕਰ ਸਕੇ। ਇਸ ਲਈ ਉਹ ਆਪਣੀ ਥਾਂ ਤੇ ਖੁਸ਼ ਸੀ ਅਤੇ ਮੈਂ ਆਪਣੀ ਥਾਵੇਂ। ਮੇਰੀ ਆਮਦਨ ਭਾਵੇਂ ਥੋੜੀ ਹੀ ਸੀ, ਪਰ ਸਾਡੀਆਂ ਲੋੜਾਂ ਲਈ ਬਥੇਰੀ ਸੀ। ਜਦੋਂ ਮੈਨੂੰ ਇਹ ਨੌਕਰੀ ਮਿਲ ਗਈ, -, ਮੇਰੀਅਨ ਅਤੇ ਮੈਂ ਦੋਹਾਂ ਨੇ ਆਪਣੀ ਸਾਰੀ ਪੂੰਜੀ ਇਕੱਠੀ ਕੀਤੀ। ਉਹਦੇ ਕੋਲ ਤਿੰਨ ਸੋ ਪਿੰਡ ਦੇ ਲਗਪਗ ਰਕਮ ਸੀ ਅਤੇ ਮੈਂ ਇੰਗਲਡ ਤੋਂ ਜਾਣ ਵੇਲੇ ਆਪਣੀ ਡਰਾਇੰਗ ਮਾਸਟਰੀ ਦੀ ਪ੍ਰੈਕਟਿਸ ਵੇਚ ਕੇ ਜੋ ਵਟਿਆ ਸੀ; ਉਸ ਵਿਚੋਂ ਮੇਰੇ ਕੋਲ ਵੀ ਤਕਰੀਬਨ ਇੰਨੀ ਹੀ ਰਕਮ ਬਚੀ ਸੈ

ਚਾਰ ਸੌ ਪੌਂਡ ਇਕ ਬੈਂਕ ਵਿਚ ਜਮ੍ਹਾਂ ਕਰਵਾ ਦਿਤੇ। ਸਾਨੂੰ ਆਪਣੀ ਤਹਕੀਕਾਤ ਦੇ ਦੌਰਾਨ ਪੈਸਿਆਂ ਦੀ ਲੋੜ ਪੈਣੀ ਸੀ; ਜੇ ਹੋਰ ਕੋਈ ਬੰਦਾ ਮੈਨੂੰ ਇਸ ਛਾਣ ਬੀਣ ਲਈ ਨਾਂ ਮਿਲਿਆ, ਤਾਂ ਮੈਂ ਸੋਚ ਲਿਆ ਸੀ ਕਿ ਇਹ ਕੰਮ ਮੈਂ ਆਪ ਹੀ ਕਰਾਂਗਾ! ਅਸੀਂ ਆਪਣਾ ਹਫ਼ਤੇ ਦਾ ਖਰਚ ਇਕ ਪਾਸੇ ਰਖ ਲੈਂਦੇ ਸਾਂ, ਅਤੇ ਬੜੀ ਕਿਰਸ ਨਾਲ ਗੁਜ਼ਾਰਾ ਕਰਦੇ ਸਾਂ ਉਸ ਜਮ੍ਹਾਂ ਕੀਤੇ ਹੋਏ ਪੈਸੇ ਨੂੰ ਉਦੋਂ ਹੀ ਛੇੜਦੇ ਸਾਂ, ਜਦੋਂ ਸਾਨੂੰ ਲਾਰਾ ਲਈ ਲੋੜ ਪੈਂਦੀ।

ਘਰ ਦੇ ਕੰਮ ਲਈ ਅਸੀਂ ਭਾਵੇਂ ਨੌਕਰ ਹੀ ਰੱਖ ਲੈਂਦੇ; ਪਰ ਸਾਡੇ ਵਿਚ ਇੰਨੀ ਹਿੰਮਤ ਨਹੀਂ ਸੀ, ਕਿ ਕਿਸੇ ਓਪਰੇ ਨੂੰ ਘਰ ਵਿਚ ਆਉਣ ਦੇਂਦੇ। ਇਹ ਕੰਮ ਪਹਿਲੇ ਦਿਨ ਤੋਂ ਹੀ ਮੇਰੀਅਨ ਹਾਲਕੌਂਬ ਨੇ ਆਪਣੇ ਜ਼ਿੰਮੇ ਲੈ ਲਿਆ। ਉਹ ਬੋਲੀ, "ਜੋ ਵੀ ਕੰਮ ਔਰਤ ਦੇ ਹੱਥ

ਹਰ ਵੇਲੇ ਕਰ ਸਕਦੇ ਹਨ; ਉਹ ਮੇਰੇ ਹੱਥ ਵੀ ਹਨੇਰੇ ਸਵੇਰੇ ਕਰਨਗੇ।" ਇਹ ਕਹਿਕੇ ਉਹਨੇ ਆਪਣੇ ਕਮਜ਼ੋਰ ਹੱਥ ਮੇਰੇ ਸਾਹਮਣੇ ਕਰ ਦਿਤੇ। ਉਹਦੇ ਉਹ ਹੱਥ ਉਸ ਵੇਲੇ ਕੰਬ ਰਹੇ ਸਨ; ਉਹਦੀਆਂ ਕਮਜ਼ੋਰ ਬਾਹਵਾਂ ਉਸ ਔਖੇ ਵਕਤ ਦੀ ਕਹਾਣੀ ਦਸ ਰਹੀਆਂ ਸਨ; ਜੋ ਉਨ੍ਹਾਂ ਝਾਗਿਆ ਸੀ। ਉਹਨੇ ਆਪਣੇ ਸਾਦੇ ਗਾਊਨ ਦੀਆਂ ਬਾਹਵਾਂ ਉਪਰ ਕਰਕੇ ਛੰਗ ਲਈਆਂ ਸਨ। ਪਰ ਉਸ ਦੀ ਦਲੇਰੀ ਅਜੇ ਵੀ ਡਾਵਾਂ ਡੋਲ ਨਹੀਂ ਸੀ ਹੋਈ। ਉਹਦੀਆਂ ਅੱਖਾਂ ਵਿਚ ਮੋਟੇ ਮੋਟੇ ਹੰਝੂ ਭਰ ਆਏ; ਉਹ ਉਹਦੀਆਂ ਗੱਲ੍ਹਾਂ ਤਕ ਲਮਕ ਆਏ; ਉਹਨੇ ਉਨ੍ਹਾਂ ਅਣਸੱਦੇ ਹੰਝੂਆਂ ਨੂੰ ਛਿਣਕਦਿਆਂ ਪਹਿਲਾਂ ਵਰਗੇ ਹੌਂਸਲੇ ਨਾਲ ਮੈਨੂੰ ਕਿਹਾ "ਵਾਲਟਰ, ਮੇਰੀ ਹਿੰਮਤ ਅਤੇ ਦਲੇਰੀ ਉਤੇ ਸ਼ੱਕ ਨਾਂ ਕਰੀਂ ! ਇਹ ਮੈਂ ਨਹੀਂ ਰੋ ਰਹੀ;-ਇਹ ਮੇਰੀ ਕਮਜ਼ੋਰੀ ਹੈ; ਘਰ ਦਾ ਕੰਮ ਕਰਨ ਨਾਲ ਮੈਂ ਜਲਦੀ ਹੀ ਤਕੜੀ ਹੋ ਜਾਵਾਂਗੀ।" ਅਤੇ ਸ਼ਾਮੀਂ ਜਦੋਂ ਮੈਂ ਘਰ ਪਹੁੰਚਿਆ, ਸਚਮੁੱਚ ਹੀ ਉਹ ਪਹਿਲਾਂ ਵਾਂਗ ਲੱਗ ਰਹੀ ਸੀ। ਉਹ ਆਪਣੀਆਂ ਵੱਡੀਆਂ ਕਾਲੀਆਂ ਅੱਖਾਂ ਨਾਲ ਮੈਨੂੰ ਇਕ ਟਿਕ ਦੇਖਦੀ ਬੋਲੀ "ਮੈਂ ਅਜੇ ਮਰ ਨਹੀਂ ਗਈ ਵਾਲਟਰ -ਮੈਂ ਦੁਖਾਂ ਤੋਂ ਘਬਰਾਈ ਹਾਂ ਪਰ ਇਨ੍ਹਾਂ ਨਾਲ ਮੁੱਕੀ ਨਹੀਂ" ਉਹਦੀਆਂ ਅੱਖਾਂ ਤੇ ਲਹਿਜੇ ਵਿਚ ਉਹ ਪਹਿਲੇ ਵਾਲੀ ਹੀ ਦ੍ਰਿੜਤਾ ਸੀ, "ਮੈਂ ਆਪਣੇ ਹਿੱਸੇ ਦਾ ਕੰਮ ਕਰਾਂਗੀ," ਮੁੜ ਹੌਲੀ ਜਿਹੀ ਬੋਲੀ, "ਵਾਲਟਰ, ਹਰ ਖ਼ਤਰੇ ਵਿਚ ਵੀ ਮੈਂ ਪੂਰੀ ਤੇਰੀ ਭਾਈਵਾਲ ਬਣਾਂਗੀ, ਮੇਰੇ ਤੇ ਵਿਸ਼ਵਾਸ਼ ਕਰਨਾਂ ! ਸਮਾਂ ਆਉਣ ਤੇ ਇਹ ਗੱਲ ਭੁੱਲਣਾ ਨਹੀਂ।" ਅਤੇ ਜਦੋਂ ਸਮਾਂ ਆਇਆ, ਮੈਂ ਇਹ ਗੱਲ ਭੁਲਿਆ ਨਹੀਂ ਸਾਂ।

ਅਕਤੂਬਰ ਦੇ ਅਖੀਰ ਤਕ ਅਸੀਂ ਤਿੰਨ ਇਸ ਨਵੀਂ ਜ਼ਿੰਦਗੀ ਨਾਲ ਹਿੱਲ ਗਏ ਸਾਂ। ਅਸੀਂ ਉਸ ਘਰ ਵਿਚ ਇੰਜ ਵੱਖਰੇ ਛੁਪੇ ਬੈਠੇ ਸਾਂ, ਜਿਵੇਂ ਉਹ ਕੋਈ ਰੇਤੀਲਾ ਟਾਪੂ ਹੋਵੇ। ਸਾਡੇ ਲਈ ਆਲੇ ਦੁਆਲੇ ਦੀਆਂ ਗਲੀਆਂ ਅਤੇ ਉਹ ਹਜ਼ਾਰਾਂ ਲੋਕ ਜੋ ਉਨ੍ਹਾਂ ਵਿਚ ਰਹਿੰਦੇ ਸਨ ਸਭ ਇਕ ਅੰਤਹੀਨ ਸਾਗਰ ਦੇ ਪਾਣੀ ਵਾਂਗ ਸਨ। ਹੁਣ ਵਿਹਲੇ ਸਮੇਂ ਮੈਂ ਇਹ ਸੋਚਦਾ ਸਾਂ, ਕਿ ਸਰ ਪਰਸੀਵਲ ਅਤੇ ਕਾਂਊਟ ਨਾਲ ਮੁਕਾਬਲਾ ਕਰਨ ਲਈ ਮੈਂ ਕੀ ਕੀ ਕਰਾਂ, ਅਤੇ ਕੋਈ ਇਹੋ ਜੇਹੀ ਸਕੀਮ ਬਣਾਵਾਂ; ਜਿਸ ਨਾਲ ਸਾਨੂੰ ਘੱਟ ਤੋਂ ਘੱਟ ਖ਼ਤਰੇ ਦਾ ਸਾਹਮਣਾ ਕਰਨਾ ਪਵੇ।

ਮੈਂ, ਜਾਂ ਮੇਰੀਅਨ ਲਾਰਾ ਨੂੰ ਪਛਾਣਦੇ ਸਾਂ, ਇਹ ਗੱਲ ਤੇ ਕਿਸੇ ਨੇ ਵੀ ਨਹੀਂ ਸੀ ਸੁਣਨੀ। ਜੇ ਅਸੀਂ ਵੀ ਉਹਨੂੰ ਏਨਾ ਪਿਆਰ ਨਾ ਕਰਦੇ ਹੁੰਦੇ, ਤਾਂ ਸ਼ਾਇਦ ਅਸੀਂ ਵੀ ਉਹਨੂੰ ਪਛਾਣਨ ਤੋਂ ਹਿਚਕਦੇ! ਇਸ ਪਿਆਰ ਦਾ ਸਦਕਾ ਸਾਡੇ ਅੰਦਰ ਕੁਦਰਤੀ ਹੀ ਇਹ ਸੂਝ ਸੀ ਕਿ ਉਹ ਲਾਰਾ ਹੈ, ਇਹ ਗੱਲ ਅਸੀਂ ਦਲੀਲਾਂ ਦੇ ਕੇ ਕਿਸੇ ਸਾਹਮਣੇ ਸਿੱਧ ਨਹੀਂ ਸਾਂ ਕਰ ਸਕਦੇ।

ਦੁੱਖ ਅਤੇ ਡਰ ਨਾਲ ਲਾਰਾ ਨੂੰ ਏਨਾਂ ਨਿਰਬਲ ਕਰ ਦਿੱਤਾ ਸੀ ਕਿ ਉਹਦੀ ਸ਼ਕਲ ਸਚ ਹੀ ਏਨ ਕੈਥੇਰਿਕ ਨਾਲ ਬਹੁਤ ਮਿਲਣ ਲੱਗ ਪਈ ਸੀ। ਮੈਂ ਜਦੋਂ ਲਿਮਰਿਜ ਹਾਊਸ ਵਿਚ ਰਹਿਣ ਦਾ ਆਪਣਾ ਹਾਲ ਲਿਖਿਆ ਸੀ; ਤਾਂ ਮੈਂ ਇਕ ਥਾਂ ਤੇ ਉਦੋਂ ਇਹ ਵੀ ਲਿਖਿਆ ਸੀ; ਕਿ ਆਮ ਵੇਖਣ ਵਾਲਾ ਭਾਵੇਂ ਕਹਿ ਦੇਵੇ ਕਿ ਦੋਹਾਂ ਦੀ ਸ਼ਕਲ ਮਿਲਦੀ ਹੈ ਪਰ ਧਿਆਨ ਨਾਲ ਵੇਖਣ ਤੇ ਦੋਹਾਂ ਵਿਚ ਸਾਫ਼ ਫਰਕ ਦਿਸਦਾ ਸੀ। ਜੋ ਉਨ੍ਹਾਂ ਦਿਨਾਂ ਵਿਚ ਕੋਈ ਉਨ੍ਹਾਂ ਨੂੰ ਇਕੱਠੀਆਂ ਖੜਈਆਂ ਵੇਖਦਾ, ਤਾਂ ਉਹ ਇਕ ਮਿੰਟ ਵਿਚ ਹੀ ਦੋਹਾਂ ਨੂੰ ਵੱਖ ਵੱਖ ਤੌਰ ਤੇ ਪਛਾਣ ਲੈਂਦਾ। ਆਮ ਤੌਰ ਤੇ ਜੋੜੇ ਦੀਆਂ ਭੈਣਾਂ ਵੀ ਹੋਣ ਤਾਂ ਵੀ ਦੋਹਾਂ ਵਿਚ ਕੁਝ ਨਾ ਕੁਝ ਫਰਕ ਜ਼ਰੂਰ ਹੁੰਦਾ ਹੈ। ਪਰ ਹੁਣ ਇਹ ਗੱਲ ਕਹਿਣੀ ਕੁਝ ਔਖੀ ਹੀ ਸੀ; ਅਜਿਹਾ ਦੁੱਖ ਅਤੇ ਤਕਲੀਫ਼, ਜਿਸ ਨਾਲ ਕਦੀ ਮੈਂ ਲਾਰਾ ਫ਼ੇਅਰਲੀ ਦਾ ਨਾਂ ਮੈਂ ਸੁਪਨੇ ਵਿਚ ਵੀ ਨਹੀਂ ਸਾਂ ਜੋੜ ਸਕਦਾ, ਹੁਣ ਉਸ ਤੇ ਆਪਣੇ ਨਿਸ਼ਾਨ ਛੱਡ ਗਏ ਸਨ। ਉਹਦੇ ਮੂੰਹ ਦੀ ਕੋਮਲਤਾ ਅਤੇ ਭੋਲਾਪਨ ਹੁਣ ਅਲੋਪ ਹੋ ਚੁਕੇ ਸਨ। ਇਕ ਵਾਰੀ ਮੈਂ ਲਾਰਾ ਫ਼ੇਅਰਲੀ ਦੀ ਏਨ ਕੈਥੇਰਿਕ ਨਾਲ ਮਿਲਦੀ ਸ਼ਕਲ ਵੇਖਕੇ ਖ਼ਿਆਲਾਂ ਵਿਚ ਹੀ ਕੰਬ ਗਿਆ ਸਾਂ; ਹੁਣ ਉਹ ਮੇਰੇ ਸਾਹਮਣੇ ਸੀ।

ਜਦੋਂ ਉਹ ਪਗਲਖ਼ਾਨੇ ਵਿਚੋਂ ਪਹਿਲਾਂ ਪਹਿਲਾਂ ਨਿਕਲੀ ਸੀ, ਤਾਂ ਓਪਰੇ ਕੀ ਅਤੇ ਆਪਣੇ ਕੀ, ਕੋਈ ਵੀ ਉਹਨੂੰ ਵੇਖਕੇ ਕਹਿ ਸਕਦਾ ਸੀ ਕਿ ਉਹ ਉਹੀ ਲਾਰਾ ਫ਼ੇਅਰਲੀ ਹੈ, ਜਿਸ ਨੂੰ ਉਹਨੇ ਪਹਿਲਾਂ ਕਦੀ ਵੇਖਿਆ ਸੀ।

ਅਸੀਂ ਇਕ ਅੰਤਲਾ ਤਰੀਕਾ ਇਖਤਿਆਰ ਕਰਨ ਦੀ ਗੱਲ ਸੋਚ ਹੀ ਰਹੇ ਸਾਂ ਕਿ ਸ਼ਾਇਦ ਪਿਛਲੀਆਂ ਕੁਝ ਘਟਨਾਵਾਂ ਜਾਂ ਬੀਂਦਿਆਂ ਦੀਆਂ ਗੱਲਾਂ ਉਹ ਸਾਡੇ ਨਾਲ ਕਰੇ, ਜੋ ਕੋਈ ਝੂਠਾ ਤੇ ਠੱਗਣ ਵਾਲਾ ਬੰਦਾ ਨਹੀਂ ਸੀ ਕਰ ਸਕਦਾ, ਪਰ ਅਸੀਂ ਜਿਉਂ ਹੀ ਕੋਈ ਪੁਰਾਣੀ ਗੱਲ ਛੇੜਦੇ, ਇਹੀ ਡਰ ਹੁੰਦਾ, ਕਿ ਪੁਰਾਣੇ ਔਖੇ ਦਿਨਾਂ ਨੂੰ ਯਾਦ ਕਰਕੇ ਕਿਧਰੇ ਉਹਨੂੰ ਕੁਛ

ਹੋਰ ਹੀ ਨਾਂ ਹੋ ਜਾਏ। ਸੋ ਅਸੀਂ ਇਸ ਕੋਸ਼ਿਸ਼ ਵਿਚ ਲੱਗੇ ਰਹਿੰਦੇ, ਕਿ ਉਹਦੀ ਸਿਹਤ ਕਿਸੇ ਤਰ੍ਹਾਂ ਠੀਕ ਹੋਵੇ। ਇਸ ਵਾਸਤੇ ਅਸੀਂ ਉਹਨੂੰ ਕੋਈ ਦੁਖਾਵੀਂ ਘਟਨਾ ਦੀ ਯਾਦ ਕਰਵਾਂਦੇ ਵੀ ਡਰਦੇ ਸਾਂ।

ਅਸੀਂ ਉਹਨੂੰ ਲਿਮਰਿਜ ਦੀਆਂ ਨਿੱਕੀਆਂ ਨਿੱਕੀਆਂ ਉਹ ਗੱਲ ਯਾਦ ਕਰਾਂਦੇ, ਜਿਹੜੀਆਂ ਉਹਦੇ ਦਿਲ ਨੂੰ ਹੁਣ ਕੋਈ ਪ੍ਰਸੰਨਤਾ ਦਿੰਦੀਆਂ ਸਨ, ਜਦੋਂ ਉਹ ਖੁਸ਼ ਅਤੇ ਬੇਫ਼ਿਕਰ ਸੀ, ਉਨ੍ਹਾਂ  ਦਿਨਾਂ ਦੀਆਂ ਗੱਲਾਂ ਸੁਣਕੇ ਵੀ ਉਹਦੀ ਸੂਰਤ ਪਿਛੇ ਵੱਲ ਦੌੜਦੀ, ਮੈਂ ਉਹਦੇ ਨਾਲ ਉਨ੍ਹਾਂ ਦਿਨਾਂ ਦੀਆਂ ਗੱਲਾਂ ਕਰਦਾ, ਜਦ ਮੈਂ ਪਹਿਲਾਂ ਪਹਿਲਾਂ ਲਿਮਰਿਜ ਗਿਆ ਸਾਂ ਅਤੇ ਉਹਨੂੰ ਡਰਾਇੰਗ ਸਿਖਾਉਂਦਾ ਸਾਂ। ਮੈਂ ਉਹਨੂੰ ਉਹ ਸਕੈੱਚ ਵੀ ਵਿਖਾਇਆ, ਜੋ ਉਸਨੇ ਮੈਨੂੰ ਵਿਛੜਨ ਵੇਲੇ ਦਿੱਤਾ ਸੀ, ਅਤੇ ਜਿਸਨੂੰ ਮੈਂ ਹਮੇਸ਼ਾਂ ਆਪਣੇ ਨਾਲ ਹੀ ਰੱਖਦਾ ਸਾਂ। ਸਮਰ ਹਾਊਸ ਦਾ ਉਹ ਸਕੈੱਚ ਵਿਖਾਉਣ ਨਾਲ ਸਾਡੀਆਂ ਆਸਾਂ ਦਾ ਪੁਨਰ ਜਨਮ ਹੋਇਆ। ਹੌਲੀ ਹੌਲੀ ਮੇਰੇ ਯਾਦ ਕਰਾਉਣ ਤੇ ਉਹਨੂੰ ਉਹ ਸੈਰਾਂ ਯਾਦ ਆਈਆਂ। ਜੋ ਲਿਮਰਿਜ ਵਿਚ ਅਸੀਂ ਕਰਿਆ ਕਰਦੇ ਸਾਂ। ਉਹਦੀਆਂ ਥੱਕੀਆਂ ਹੋਈਆਂ ਅੱਖਾਂ ਵਿਚ ਇਕ ਨਵੀਂ ਸੋਚ ਸੀ, ਅਤੇ ਉਹਨੇ ਮੈਨੂੰ ਅਤੇ ਮੇਰੀਅਨ ਨੂੰ ਬੜੇ ਧਿਆਨ ਨਾਲ ਵੇਖਿਆ। ਮੈਂ ਉਹਦੇ ਲਈ ਰੰਗਾਂ ਦਾ ਇਕ ਛੋਟਾ ਡੱਬਾ ਅਤੇ ਇਕ ਉਹ ਜਿਹੀ ਸਕੈੱਚ ਬੁੱਕ ਲਿਆਇਆ, ਜਿਹੋ ਜਿਹੀ ਮੈਂ ਪਹਿਲੇ ਦਿਨ ਉਹਦੇ ਹੱਥ ਵਿਚ ਵੇਖੀ ਸੀ। ਇਕ ਵਾਰ ਮੁੜਕੇ ਮੈਂ ਲੰਦਨ ਦੇ ਉਸ ਗਰੀਬੜੇ ਘਰ ਵਿਚ, ਉਸ ਮਾੜੀ ਜਿਹੀ ਰੋਸ਼ਨੀ ਵਿਚ, ਆਪਣੇ ਵਿਹਲੇ ਵਕਤ ਉਹਨੂੰ ਡਰਾਇੰਗ ਸਿਖਾਉਣ ਲੱਗਾ। ਮੈਂ ਉਹਦੇ ਕੋਲ ਬੈਠਦਾ ਅਤੇ ਉਹਦੇ ਕੰਬਦੇ ਹੱਥਾਂ ਨੂੰ ਫੜ ਫੜ ਕੇ ਸਹੀ ਢੰਗ ਦਸਦਾ। ਹੌਲੀ ਹੌਲੀ ਦਿਨ ਬੀਤਦੇ ਗਏ, ਅਤੇ ਮੈਂ ਉਹਨੂੰ ਏਨੀ ਕੁ ਡਰਾਇੰਗ ਸਿਖਾਉਣ ਵਿਚ ਕਾਮਯਾਬ ਹੋ ਗਿਆ ਜੋ ਕਿ ਉਹ ਆਪਣੀ ਡਰਾਇੰਗ ਦੀਆਂ ਗੱਲਾਂ ਕਰ ਸਕਦੀ; ਅਤੇ ਇਕੱਲੀ ਵੀ ਬੈਠੀ ਬੈਠੀ ਡਰਾਇੰਗ ਨਾਲ ਆਪਣਾ ਮਨ ਪ੍ਰਚਾਂਦੀ ਰਹਿੰਦੀ। ਮੇਰੇ ਉਤਸ਼ਾਹ ਦੇਣ ਨਾਲ ਉਹਨੂੰ ਖੁਸ਼ੀ ਮਿਲਦੀ; ਅਤੇ ਜਿਉਂ

ਜਿਉਂ ਉਹਦਾ ਹੱਥ ਸਾਫ ਹੁੰਦਾ ਅਤੇ ਹੋਰ ਖੁਲਦਾ ਜਾਂਦਾ; ਉਹ ਵੀ ਨਾਲ ਨਾਲ ਪ੍ਰਫੁਲਿਤ ਹੁੰਦੀ। ਉਹਨੂੰ ਇਹ ਸਭ ਕੁਝ ਉਸ ਖੁਸ਼ੀਆਂ ਭਰੇ ਸਮੇਂ ਦਾ ਇਕ ਹਿੱਸਾ ਹੀ ਜਾਪਦਾ ਸੀ -ਜੋ ਬੀਤ ਚੁੱਕਾ ਸੀ।

ਅਸੀਂ ਇਸ ਸਿਧੇ ਸਾਧੇ ਢੰਗ ਨਾਲ ਹੀ ਉਹਦੀ ਯਾਦ ਨੂੰ ਸੁਰਜੀਤ ਕਰਨਾ ਚਾਹੁੰਦੇ ਸਾਂ। ਮੌਸਮ ਚੰਗਾ ਹੁੰਦਾ ਤਾਂ ਅਸੀਂ ਦੋਵੇਂ ਉਸ ਨੂੰ ਕਿਧਰੋਂ ਨੇੜੇ ਦੇ ਪਾਰਕ ਵਿਚ ਸੈਰ ਕਰਨ ਲੈ ਜਾਂਦੇ। ਕਿਸੇ ਅਜਿਹੀ ਚੁੱਪ ਤੇ ਇਕਾਂਤ ਥਾਂ ਤੇ ਲੈ ਜਾਂਦੇ; ਜਿਥੇ ਕੋਈ ਅਜਿਹੀ ਘਟਨਾ ਹੋਣ ਦੀ ਕੋਈ ਸੰਭਾਵਨਾ ਨਾਂ ਹੁੰਦੀ, ਜਿਸ ਨਾਲ ਉਹ ਅਸ਼ਾਂਤ ਹੋ ਜਾਏ ਜਾਂ ਘਬਰਾ ਜਾਏ।

ਕੁਝ ਥੋੜੇ ਪੈਸੇ, ਜੋ ਅਸੀਂ ਬਚਾ ਕੇ ਰੱਖੇ ਸਨ, ਉਨ੍ਹਾਂ ਵਿਚੋਂ ਉਸ ਲਈ ਖਾਣ ਪੀਣ ਦੀਆਂ ਤਾਕਤਵਰ ਵਸਤੂਆਂ ਅਤੇ ਵਾਈਨ ਖਰੀਦਦੇ। ਸ਼ਾਮੀਂ ਅਸੀਂ ਬੱਚਿਆਂ ਵਾਂਗ ਤਾਸ਼ ਦੀਆਂ ਸਿੱਧੀਆਂ ਜੇਹੀਆਂ ਖੇਡਾਂ ਖੇਡਦੇ, ਮੈਂ ਆਪਣੇ ਉਸ ਮਿੱਤਰ ਕੋਲੋਂ ਜਿਸ ਕੋਲ ਮੈਂ ਕੰਮ ਕਰਦਾ ਸਾਂ, ਤਸਵੀਰਾਂ ਵਾਲੀਆਂ ਕਿਤਾਬਾਂ ਮੰਗ ਲਿਆਉਂਦਾ, ਜਿਨ੍ਹਾਂ ਨੂੰ ਉਹ ਦਿਲਚਸਪੀ ਨਾਲ ਵੇਖਦੀ। ਇਨ੍ਹਾਂ ਨਿੱਕੀਆਂ ਨਿੱਕੀਆਂ ਪਿਆਰ ਭਰੀਆਂ ਗੱਲਾਂ ਨਾਲ ਅਸੀਂ ਹੌਲੀ ਹੌਲੀ ਉਹਦੀ ਸੁਰਤ ਟਿਕਾਣੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਸਾਂ। ਸਾਡੇ ਇਸ ਪਿਆਰ ਵਿਚ ਆਸ ਸੀ ਕਦੀ ਨਾਂ ਕਦੀ ਉਹ ਪੂਰੀ ਤਰ੍ਹਾਂ ਠੀਕ ਹੋ ਜਾਏਗੀ।

ਪਰ ਇਸ ਪਿਆਰ ਭਰੇ ਵਾਤਾਵਰਣ ਤੋਂ ਕੱਢ ਕੇ ਉਹਨੂੰ ਅਜਿਹੇ ਓਪਰੇ ਬੰਦਿਆਂ ਵਿਚ ਲੈ ਜਾਣਾ, ਜਿਨ੍ਹਾਂ ਨੂੰ ਵੇਖ ਕੇ ਆਪਣੀ ਜ਼ਿੰਦਗੀ ਦੇ ਉਹ ਗਮਗੀਨ ਦਿਨ ਮੁੜ ਯਾਦ ਆ ਜਾਣ ਉਸ  ਤੇ ਜ਼ੁਲਮ ਕਰਨ ਦੇ ਬਰਾਬਰ ਹੀ ਸੀ। ਭਾਵੇਂ ਅਸੀਂ ਇਹ ਉਹਦੇ ਭਲੇ ਲਈ ਹੀ ਕਰਦੇ, ਪਰ ਉਹਨੂੰ ਅਜਿਹਾ ਸਦਮਾ ਲਗਦਾ ਕਿ ਪਤਾ ਨਹੀਂ ਕੀ ਹੋ ਜਾਂਦਾ। ਸਾਡੇ ਵਿਚ ਇਹ ਹਿੰਮਤ ਨਹੀਂ ਸੀ, ਕਿ ਓਪਰੇ ਜਾਂ ਮਾਮੂਲੀ ਵਾਕਫ਼ ਲੋਕਾਂ ਕੋਲ ਲੈ ਜਾਈਏ, ਜੋ ਉਹਨੂੰ ਹਰ ਤਰ੍ਹਾਂ ਦੇ ਪ੍ਰਸ਼ਨ ਪੁੱਛਣ।

ਭਾਵੇਂ ਦਿਨ ਕਿੰਨੀ ਹੀ ਹੌਲੀ ਬੀਤਣ, ਭਾਵੇਂ ਸਾਨੂੰ ਕਿੰਨੀ ਭਾਰੀ ਕੁਰਬਾਨੀ ਦੇਣੀ ਪਵੇ, ਪਰ ਜੋ ਜ਼ੁਲਮ ਉਹਦੇ ਨਾਲ ਕੀਤਾ ਗਿਆ ਸੀ, ਸਾਨੂੰ ਉਹਦੀ ਜਾਣਕਾਰੀ ਬਿਨਾਂ ਹੀ ਉਸਦਾ ਉਤਰ ਦੇਣਾ ਪੈਣਾ ਸੀ। ਜੋ ਕਿਸੇ ਮਨੁੱਖ ਦੀ ਤਾਕਤ ਵਿਚ ਉਨ੍ਹਾਂ ਦੁਸ਼ਮਣਾਂ ਕੋਲੋਂ ਬਦਲਾ ਲੈਣਾ ਸੰਭਵ ਸੀ; ਤਾਂ ਇਹ ਮੈਨੂੰ ਲਾਰਾ ਦੀ ਸਹਾਇਤਾ ਬਿਨਾਂ ਹੀ ਲੈਣਾ ਪੈਣਾ ਸੀ।

ਜਦੋਂ ਮੈਂ ਇਹ ਨਿਰਣਾ ਕਰ ਲਿਆ, ਤਾਂ ਹੁਣ ਸੋਚਣ ਵਾਲੀ ਇਹ ਗੱਲ ਸੀ, ਕਿ ਪਹਿਲਾ ਕਦਮ ਕਿਸ ਪਾਸੇ ਅਤੇ ਕਿਸ ਤਰ੍ਹਾਂ ਚੁੱਕਣਾ ਚਾਹੀਦਾ ਹੈ।

ਮੈਂ ਮੇਰੀਅਨ ਨਾਲ ਇਸ ਬਾਰੇ ਸਲਾਹ ਕੀਤੀ। ਪਹਿਲਾ ਕੰਮ ਜੋ ਮੈਂ ਕੀਤਾ ਉਹ ਇਹ ਸੀ। ਕਿ ਜਿੰਨੀ ਵੀ ਕਹਾਣੀ ਮੈਂ ਸਬੂਤ ਦੇ ਕੇ ਪੇਸ਼ ਕਰ ਸਕਦਾ ਸਾਂ ਉਨੀ ਹੀ ਮੈਂ ਮਿਸਟਰ

ਕਾਈਰਲ ਨੂੰ ਸੁਣਾ ਕੇ ਉਹਦੀ ਸਲਾਹ ਲਵਾਂ। ਅਸੀਂ ਉਸ ਉਤੇ ਪੂਰਾ ਭਰੋਸਾ ਕਰ ਸਕਦੇ ਸਾਂ। ਉਹਦੇ ਕੋਲ ਇਕ ਜ਼ਰੂਰੀ ਗੱਲ ਇਹ ਪੁਛਣੀ ਸੀ, ਕਿ ਕੀ ਕਾਨੂੰਨੀ ਤੌਰ ਤੇ ਵੀ ਅਸੀਂ ਕੁਝ ਕਰ ਸਕਦੇ ਸਾਂ ਕਿ ਨਹੀਂ। ਮੈਂ ਲਾਰਾ ਦੇ ਭਵਿੱਸ਼ ਨੂੰ ਸਾਹਮਣੇ ਰੱਖ ਕੇ ਸੋਚਦਾ ਸਾਂ, ਕਿ ਜੇ ਮੈਂ ਕਿਸੇ ਹੋਰ ਦੀ ਸਹਾਇਤਾ ਨਾਲ ਆਪਣਾ ਪੱਲਾ ਭਾਰੀ ਕਰ ਸਕਦਾ ਹਾਂ ਤਾਂ ਮੈਨੂੰ ਅਵੱਸ਼ ਉਹ ਸਹਾਇਤਾ ਲੈਣੀ ਚਾਹੀਦੀ ਹੈ। ਜੇ ਕਿਸੇ ਹੋਰ ਦੀ ਮਿਲਵਰਤਣ ਨਾਲ ਲਾਰਾ ਦਾ ਭਵਿੱਸ਼ ਉਜਵਲ ਹੋ ਸਕਦਾ ਹੈ, ਤਾਂ ਮੈਂ ਚਾਰ ਕਦਮ ਅਗੇ ਜਾ ਕੇ ਵੀ ਉਹ ਸਹਿਯੋਗ ਹਾਸਲ ਕਰਾਂਗਾ।

ਸਭ ਤੋਂ ਪਹਿਲਾਂ ਮੈਂ ਮੇਰੀਅਨ ਹਾਲਕੌਂਬ ਦੀ ਡਾਇਰੀ ਵਿਚੋਂ ਲੋੜੀਂਦੀਆਂ ਗੱਲਾਂ ਨੋਟ ਕਰਾਂਗਾ। ਇਸ ਡਾਇਰੀ ਵਿਚ, ਕਈ ਥਾਵਾਂ ਤੇ ਮੇਰੇ ਬਾਰੇ ਕੁਝ ਲਿਖਿਆ ਹੋਇਆ ਹੈ ਜੋ ਮੇਰੀਅਨ ਨਹੀਂ ਸੀ ਚਾਹੁੰਦੀ ਕਿ ਮੈਂ ਪੜ੍ਹਾਂ, ਸੋ ਉਹ ਆਪਣੀ ਡਾਇਰੀ ਆਪ ਹੀ ਪੜ੍ਹਦੀ ਜਾਂਦੀ ਤੇ ਮੈਂ ਜੋ ਜੋ ਠੀਕ ਸਮਝਦਾ ਨੋਟ ਕਰਦਾ। ਅਸੀਂ ਇਹ ਕੰਮ ਰਾਤੀਂ ਦੇਰ ਤੀਕ ਕਰਦੇ ਰਹਿੰਦੇ। ਤਿੰਨ ਰਾਤਾਂ ਵਿਚ ਇਹ ਕੰਮ ਮੈਂ ਮੁਕਾਇਆ। ਜੋ ਵੀ ਮੇਰੀਅਨ ਨੂੰ ਹੁਣ ਤਕ ਪਤਾ ਸੀ ਅਤੇ ਮੇਰੇ ਅਗਲੇ ਕੰਮ ਲਈ ਜ਼ਰੂਰੀ ਸੀ; ਮੈਂ ਆਪਣੇ ਕੋਲ ਨੋਟ ਕਰ ਲਿਆ ਸੀ।

ਦੂਜਾ ਕੰਮ ਜੋ ਮੈਂ ਕੀਤਾ, ਉਹ ਇਹ ਸੀ ਕਿ ਹੋਰ ਲੋਕਾਂ ਕੋਲੋਂ ਵੀ ਜੋ ਕੁਝ ਪਤਾ ਕਰ ਸਕਦਾ ਸਾਂ, ਉਹ ਇਸ ਢੰਗ ਨਾਲ ਪੁਛਾਂ ਕਿ ਕਿਸੇ ਨੂੰ ਰਤਾ ਵੀ ਸ਼ੱਕ ਕਰਨ ਦਾ ਮੌਕਾ ਨਾ ਮਿਲੇ। ਮੈਂ ਮਿਸਿਜ਼ ਵੈਸੀ ਨੂੰ ਆਪ ਜਾ ਕੇ ਮਿਲਿਆ, ਕਿ ਲਾਰਾ ਦਾ ਇਹ ਖਿਆਲ ਕਿ ਉਹ ਇਕ ਰਾਤ ਵੈਸੀ ਕੋਲ ਸੁੱਤੀ ਸੀ- ਠੀਕ ਸੀ ਜਾਂ ਨਹੀਂ, ਮਿਸੇਜ਼ ਵੈਸੀ ਨੂੰ ਵੀ ਅਸਲੀ ਗੱਲ ਨਹੀਂ ਦੱਸੀ-ਕਿਉਂਕਿ ਇਕ ਤੋਂ ਉਹ ਬੁੱਢੀ ਸੀ-ਦੂਜਾ ਬੀਮਾਰ ਸੀ, ਅਤੇ ਤੀਜਾ ਗੱਲ ਖੁਲ ਜਾਣ ਤੇ ਤਾਂ ਸਾਨੂੰ ਕਿਧਰੇ ਨਾ ਕਿਧਰੇ ਖਤਰੇ ਵਿਚ ਪੈਣ ਦੀ ਸੰਭਾਵਨਾ ਵੀ ਸੀ। ਸੋ ਮੈਂ ਲਾਰਾ ਨੂੰ ਉਹਦੇ ਸਾਹਮਣੇ "ਸਵਰਗਵਾਸੀ ਲੇਡੀ ਗਲਾਈਡ" ਹੀ ਕਹਿੰਦਾ ਰਿਹਾ। ਮਿਸੇਜ਼ ਵੈਸੀ ਨੇ ਉਹੀ ਕੁਝ ਦਸਿਆ, ਜਿਸ ਦਾ ਮੈਨੂੰ ਡਰ ਸੀ। ਲਾਰਾ ਨੇ ਇਕ ਚਿੱਠੀ ਉਹਨੂੰ ਪਾਈ ਜ਼ਰੂਰ ਸੀ, ਜਿਸ ਵਿਚ ਉਹਨੇ ਇਹ ਲਿਖਿਆ ਸੀ; ਕਿ ਉਹ ਇਕ ਰਾਤ ਉਹਦੇ ਕੋਲ ਰਹੇਗੀ ਪਰ ਉਹ ਘਰ ਦੇ ਨੇੜੇ ਵੀ ਕਿਧਰੇ ਨਹੀਂ ਸੀ ਪਹੁੰਚੀ।

ਮੈਨੂੰ ਪਹਿਲਾਂ ਹੀ ਇਹ ਖਿਆਲ ਸੀ। ਜੋ ਕੁਝ ਉਹਨੇ ਕਰਨ ਲਈ ਪਹਿਲਾਂ ਸੋਚਿਆ ਹੋਇਆ ਸੀ; ਉਹ ਉਹਨੂੰ ਹੁਣ ਜਾਪਦਾ ਸੀ, ਕਿ ਉਹਨੇ ਕੀਤਾ ਹੈ। ਉਹਦੀਆਂ ਹੋਰ ਕਈ

ਗੱਲਾਂ ਤੋਂ ਵੀ ਸਾਨੂੰ ਇਹੀ ਪ੍ਰਭਾਵ ਪੈਂਦਾ ਸੀ। ਮੈਂ ਆਪਣੇ ਮਨ ਵਿਚ ਤਾਂ ਇਸ ਗੱਲ ਨੂੰ ਸਮਝਦਾ ਸਾਂ, ਪਰ ਇਹਦਾ ਬੜਾ ਗੰਭੀਰ ਪ੍ਰਤੀਕਰਮ ਹੋ ਸਕਦਾ ਸੀ। ਸ਼ੁਰੂ ਵਿਚ ਹੀ ਇਹ ਬੜੀ ਵੱਡੀ ਅੜਚਨ ਸੀ। ਲਾਰਾ ਦੀ ਆਪਣੀ ਗਵਾਹੀ ਹੀ ਉਸਦੇ ਖਿਲਾਫ਼ ਜਾ ਰਹੀ ਸੀ।

ਮੈਂ ਮਿਸੇਜ਼ ਵੈਸੀ ਨੂੰ ਉਸ ਚਿੱਠੀ ਬਾਰੇ ਪੁਛਿਆ ਜੋ ਲਾਰਾ ਨੇ ਬਲੈਕਵਾਟਰ ਪਾਰਕ ਤੋਂ ਉਹਨੂੰ ਲਿਖੀ ਸੀ। ਉਹਨੇ ਮੈਨੂੰ ਇਹ ਚਿੱਠੀ ਬਿਨਾਂ ਕਿਸੇ ਲਿਫ਼ਾਵੇ ਤੋਂ ਹੀ ਪਕੜਾਈ। ਲਿਫ਼ਾਫ਼ਾ ਚਿੱਠੀ ਖੋਲ੍ਹਣ ਤੇ ਹੀ ਰੱਦੀ ਦੀ ਟੱਕਰੀ ਵਿਕ ਸੁੱਟ ਦਿੱਤਾ ਗਿਆ ਸੀ, ਅਤੇ ਹੁਣ ਉਹਦਾ ਨਾਂ ਨਿਸ਼ਾਨ ਵੀ ਨਹੀਂ ਸੀ। ਚਿੱਠੀ ਵਿਚ ਵੀ ਕੋਈ ਤਾਰੀਖ ਨਹੀਂ ਸੀ, ਨਾ ਹੀ ਕਿਸੇ ਦਿਨ ਵਾਰ ਦਾ ਜ਼ਿਕਰ ਸੀ। ਚਿੱਠੀ ਬੜੀ ਸੰਖੇਪ ਸੀ :--

"ਪਿਆਰੀ ਮਿਸੇਜ਼ ਵੈਸੀ, ਮੈਂ ਬੜੇ ਦੁੱਖ ਤੇ ਚਿੰਤਾ ਵਿਚ ਇਹ ਚਿੱਠੀ ਲਿਖ ਰਹੀ ਹਾਂ। ਮੈਂ ਕਲ ਸ਼ਾਇਦ ਤੁਹਾਡੇ ਘਰ ਆਵਾਂ ਅਤੇ ਰਾਤ ਉਥੇ ਹੀ ਰਵਾਂ। ਮੈਂ ਤੁਹਾਨੂੰ ਇਸ ਚਿੱਠੀ ਵਿਚ ਇਹ ਨਹੀਂ ਦੱਸ ਸਕਦੀ, ਕਿ ਕੀ ਗੱਲ ਹੈ। ਮੈਨੂੰ ਇਹੀ ਡਰ ਹੈ ਕਿ ਕਿਸੇ ਨਾ ਕਿਸੇ ਨੂੰ ਕੁਝ ਪਤਾ ਲਗ ਜਾਏਗਾ। ਤੁਸੀਂ ਘਰ ਹੀ ਰਹਿਣਾ। ਮੈਂ ਤੁਹਾਨੂੰ ਮਿਲ ਕੇ ਹਜ਼ਾਰ ਵਾਰ ਚੁੰਮਾਂਗੀ; ਅਤੇ ਸਾਰੀ ਗੱਲ ਦਸਾਂਗੀ। ਪਿਆਰ ਨਾਲ, ਆਪ ਦੀ ਲਾਰਾ" ਇਨ੍ਹਾਂ ਸੱਤਰਾਂ ਵਿਚੋਂ ਮੈਨੂੰ ਕੀ ਕੀ ਪਤਾ ਲੱਗ ਸਕਦਾ ਸੀ? ਕੁਝ ਵੀ ਨਹੀਂ।

ਮਿਸੇਜ਼ ਵੈਸੀ ਕੋਲੋਂ ਹੋ ਕੇ ਮੈਂ ਪਰਤਿਆ, ਤਾਂ ਮੈਂ ਮੇਰੀਅਨ ਨੂੰ ਵੀ ਮਿਸੇਜ਼ ਮਾਈਕਲਸਨ ਨੂੰ ਚਿੱਠੀ ਲਿਖਣ ਲਈ ਕਿਹਾ। ਮੈਂ ਮੇਰੀਅਨ ਨੂੰ ਵੀ ਚੇਤਾਵਨੀ ਦਿੱਤੀ; ਕਿ ਕਿਧਰੇ ਅਸਲੀ ਗੱਲ ਦਾ ਕੋਈ ਜ਼ਿਕਰ ਨਾ ਕੀਤਾ ਜਾਏ। ਮੈਂ ਮੇਰੀਅਨ ਨੂੰ ਦਸਿਆ, ਕਿ ਉਹ ਲਿਖੇ ਕਿ ਉਹਨੂੰ ਕਾਂਊਂਟ ਫ਼ੋਸਕੋ ਤੇ ਸ਼ੱਕ ਹੈ, ਅਤੇ ਉਹ ਜਾਣਦੀ ਹੈ ਕਿ ਮਿਸੇਜ਼ ਮਾਈਕਲਸ਼ਨ ਕਦੀ ਵੀ ਝੂਠ ਨਹੀਂ ਬੋਲੇਗੀ :-

ਇਸ ਲਈ ਸਾਰੀ ਘਟਨਾ ਜਿਹੜੀ ਉਹਦੀਆਂ ਅੱਖਾਂ ਸਾਹਮਣੇ ਹੋਈ ਸੀ, ਪੂਰੀ ਦੀ ਪੂਰੀ ਲਿਖ ਭੇਜੇ। ਜਦੋਂ ਅਸੀਂ ਇਸ ਚਿੱਠੀ ਦੇ ਉੱਤਰ ਦੀ ਉਡੀਕ ਕਰ ਰਹੇ ਸਾਂ, ਜੋ ਇਕ ਹਫਤੇ ਮਗਰੋਂ ਸਾਨੂੰ ਮਿਲਿਆ; ਮੈਂ ਸੇਂਟ ਜਾਨਸ ਵੁੱਡ ਦੇ ਡਾਕਟਰ ਮਿਸਟਰ ਗੁਡਰਿਕ ਕੋਲ ਪਹੁੰਚਿਆ। ਉਹਦੇ ਨਾਲ ਮੈਂ ਆਪਣੀ ਜਾਣ ਪਛਾਣ ਇਹ ਕਹਿ ਕਹਿ ਕੇ ਕਰਾਈ, ਕਿ ਮੈਨੂੰ ਮਿਸ ਹਾਲਕੌਂਬ ਨੇ ਭੇਜਿਆ ਹੈ, ਕਿ ਮੈਂ ਉਹਦੀ ਭੈਣ ਦੀ ਉਸ ਬੀਮਾਰੀ ਬਾਰੇ ਕੁਝ ਗੱਲਾਂ ਪਤਾ

ਕਰ ਸਕਾਂ, ਜੋ ਮਿਸਟਰ ਕਾਈਰਲ ਸਮੇਂ ਦੀ ਥੁੜ੍ਹ ਕਾਰਨ, ਉਸ ਵੇਲੇ ਨਹੀਂ ਜਾਣ ਸਕਿਆ ਸੀ। ਸੋ ਉਹ ਬਹੁਤਾ ਕੁਝ ਮਿਸ ਹਾਲਕੌਂਬ ਨੂੰ ਨਹੀਂ ਦੱਸ ਸਕੇ।

ਮਿਸਟਰ ਗੁਡਰਿਕ ਦੀ ਸਹਾਇਤਾ ਨਾਲ ਮੈਂ ਮੌਤ ਦੇ ਸਰਟੀਫਿਕੇਟ ਦੀ ਨਕਲ ਲਈ ਅਤੇ ਉਹਨਾਂ ਨੇ ਮੈਨੂੰ ਜੇਨ ਗੋਲਡ ਨਾਂ ਦੀ ਇਕ ਔਰਤ ਨਾਲ ਮਿਲਾਇਆ, ਜਿਸ ਲਾਸ਼ ਨੂੰ ਕਫਨ ਵਿਚ ਪਾਣ ਲਈ ਤਿਆਰ ਕੀਤਾ ਸੀ। ਅਗੋਂ ਜੇਨ ਗੋਲਡ ਨੇ ਮੈਨੂੰ ਉਸ ਨੌਕਰਾਣੀ ਨਾਲ ਮਿਲਾਇਆ ਜੋ ਕਾਂਊਟ ਦੇ ਘਰ ਉਦੋਂ ਕੰਮ ਕਰਦੀ ਸੀ; ਪਰ ਹੁਣ ਮੈਡਮ ਫ਼ੋਸਕੋ ਨਾਲ ਝਗੜਾ ਹੋ ਜਾਣ ਤੇ ਨੌਕਰੀ ਛੱਡ ਆਈ ਸੀ। ਉਹਦਾ ਨਾਂ ਹੈਸਟਰ ਪਿਨਹੋਰਨ ਸੀ ਤੇ ਹੁਣ ਉਹ ਗਵਾਂਢ ਵਿਚ ਹੀ ਕਿਸੇ ਕੋਲ ਠਹਿਰੀ ਹੋਈ ਸੀ। ਇਨ੍ਹਾਂ ਲੋਕਾਂ ਨੂੰ ਜੇਨ ਗੋਲਡ ਜਾਣਦੀ ਸੀ; ਸੋ ਮੈਂ ਇਸ ਢੰਗ ਨਾਲ ਮਿਸੇਜ਼ ਮਾਈਕਲਸਨ-ਹਾਊਸਕੀਪਰ, ਡਾਕਟਰ, ਜੇਨ ਗੋਲਡ ਅਤੇ ਹੈਸਟਰ ਪਿਨਹੋਰਨ ਦੇ ਬਿਆਨ ਹਾਸਲ ਕੀਤੇ;-ਜੋ ਕਿ ਇਨ੍ਹਾਂ ਪੰਨਿਆਂ ਵਿਚ ਦਰਜ ਕਰ ਦਿਤੇ ਜਾ ਚੁੱਕੇ ਹਨ।

ਇਹ ਜਾਣਕਾਰੀ ਹਾਸਲ ਕਰਨ ਮਗਰੋਂ ਮੈਂ ਮਿਸਟਰ ਕਾਈਰਲ ਕੋਲ ਜਾਣ ਲਈ ਤਿਆਰ ਹੋਇਆ। ਮੇਰੀਅਨ ਨੇ ਉਹਨੂੰ ਇਕ ਚਿੱਠੀ ਲਿਖੀ, ਜਿਸ ਵਿਚ ਉਹਨੇ ਮੇਰਾ ਨਾਂ ਲਿਖ ਕੇ ਨਾਲ ਇਹ ਵੀ ਲਿਖ ਦਿਤਾ, ਕਿ ਮੈਂ ਉਹਨੂੰ ਕਿਸੇ ਕੰਮ ਬਾਰੇ ਫਲਾਣੇ ਦਿਨ ਫਲਾਣੇ ਵਕਤ ਮਿਲਣ ਆਵਾਂਗਾ।

ਸਵੇਰੇ ਮੇਰੇ ਕੋਲ ਇੰਨਾ ਵਕਤ ਸੀ, ਕਿ ਮੈਂ ਉਹਨੂੰ ਸੈਰ ਲਈ ਬਾਹਰ ਲਿਜਾ ਸਕਾਂ। ਸੈਰ ਮਗਰੋਂ ਮੈਂ ਉਹਨੂੰ ਡਰਾਇੰਗ ਕਰਨ ਵੀ ਬਿਠਾ ਦਿੱਤਾ। ਮੈਂ ਬਾਹਰ ਜਾਣ ਲਈ ਨਿਕਲਿਆ ਤਾਂ ਉਹਦੇ ਮੂੰਹ ਤੋਂ ਮੈਨੂੰ ਇਕ ਨਵੀਂ ਚਿੰਤਾ ਵਿਖਾਈ ਦਿੱਤੀ। ਉਹਦੀਆਂ ਉਂਗਲਾਂ ਪੁਰਾਣੀ ਆਦਤ ਤੋਂ ਮਜ਼ਬੂਰ ਹੋ, ਮੇਜ਼ ਤੇ ਪਈਆਂ ਪੈਨਸਿਲਾਂ ਅਤੇ ਬੁਰਸ਼ਾਂ ਨਾਲ ਖੇਡ ਰਹੀਆਂ ਸਨ।

"ਤੁਸੀਂ ਮੇਰੇ ਤੋਂ ਅੱਕ ਤਾਂ ਨਹੀਂ ਗਏ, ਉਹ ਬੋਲੀ। "ਕੀ ਤੁਸੀਂ ਇਸ ਲਈ ਜਾ ਰਹੇ ਹੋ, ਕਿ ਮੇਰੇ ਤੋਂ ਅੱਕ ਗਏ ਹੋ; ਮੈਂ ਕੋਸ਼ਿਸ਼ ਕਰਾਂਗੀ, ਕਿ ਮੈਂ ਠੀਕ ਹੋ ਜਾਂਵਾ। ਵਾਲਟਰ ਕੀ ਤੁਸੀਂ ਹੁਣ ਵੀ ਮੈਨੂੰ ਪਹਿਲੇ ਵਾਂਗ ਹੀ ਪਿਆਰ ਕਰਦੇ ਹੋ; ਹੁਣ ਜਦ ਮੈਂ ਸਿੱਖਣ ਵਿਚ ਏਨਾ ਵਕਤ ਲਾਉਂਦੀ ਹਾਂ ਅਤੇ ਮੈਂ ਇੰਨੀ ਪੀਲੀ ਤੇ ਪਤਲੀ ਹਾਂ, ਕੀ ਤੁਸੀਂ ਮੈਨੂੰ ਪਿਆਰ ਕਰਦੇ ਹੋ।"

ਉਹ ਮੇਰੇ ਸਾਹਮਣੇ ਕਿਸੇ ਬੱਚੇ ਵਾਂਗ ਆਪਣਾ ਦਿਲ ਖੋਲ੍ਹ ਕੇ ਰੱਖ ਰਹੀ ਸੀ; ਕੁਝ ਵੀ ਨਹੀਂ ਸੀ ਛਪਾਂ ਰਹੀ। ਮੈਂ ਥੋੜ੍ਹੀ ਦੇਰ ਹੋਰ ਚੁੱਪ ਰਿਹਾ। ਮੈਂ ਉਹਨੂੰ ਦਸਿਆ, ਕਿ ਉਹ ਮੈਨੂੰ

ਹੁਣ ਪਹਿਲਾਂ ਨਾਲੋਂ ਵੀ ਪਿਆਰੀ ਸੀ। "ਤੁਸੀਂ ਠੀਕ ਹੋਣ ਦੀ ਕੋਸ਼ਿਸ਼ ਕਰੋ, ਮੇਰੇ ਅਤੇ ਮੇਰੀਅਨ ਖ਼ਾਤਿਰ ਤੁਸੀਂ ਜਲਦੀ-ਜਲਦੀ ਠੀਕ ਹੋ ਜਾਓ।" ਮੈਂ ਉਹਦੇ ਅੰਦਰ ਨਵੀਂ ਜਾਗ ਰਹੀ ਉਮੀਦ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਸਾਂ।

"ਹਾਂ! ਮੈਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਉਹ ਦੋਵੇਂ ਮੈਨੂੰ ਇੰਨਾਂ ਪਿਆਰ ਕਰਦੇ ਹਨ।" ਇਹ ਗੱਲ ਉਹਨੇ ਡਰਾਇੰਗ ਕਰਦਿਆਂ ਆਪਣੇ ਆਪ ਨੂੰ ਹੀ ਕਹੀ ਸੀ। ਉਹ ਮੇਰੇ ਵੱਲ ਵੇਖ ਕੇ ਅਚਾਨਕ ਬੋਲੀ "ਬਹੁਤ ਦੇਰ ਨਾ ਲਾਉਣਾ, ਵਾਲਟਰ, ਮੈਂ ਤੁਹਾਡੀ ਸਹਾਇਤਾ ਬਿਨਾਂ ਡਰਾਇੰਗ ਕਰ ਹੀ ਨਹੀਂ ਸਕਦੀ।" "ਮੈਂ ਬਹੁਤ ਜਲਦੀ ਹੀ ਪਰਤਾਂਗਾ ਅਗੇ ਆਕੇ ਦੇਖਾਂਗਾ ਕਿ ਕੁਹਾੜੀ ਡਰਾਇੰਗ ਦਾ ਮੇਰੇ ਪਿਛੋ ਕੀ ਬਣਿਆ ਹੈ।"

ਮੇਰੀ ਆਵਾਜ ਰਤਾ ਕੰਬ ਹੀ ਗਈ ਸੀ, ਭਾਵੇ ਆਪਣੇ-ਆਪ ਤੇ ਬੜਾ ਕਾਬੂ ਪਾਣ ਦੀ ਕੋਸਿਸ਼ ਕੀਤੀ ਸੀ। ਮੇਰਾ ਉਸ ਵੇਲੇ ਜਰਾ ਵੀ ਬਾਹਰ ਜਾਣ ਨੂੰ ਜੀ ਨਹੀਂ ਸੀ ਕਰ ਰਿਹਾ-ਪਰ ਮੇਰਾ ਆਪਣੇ ਆਪ ਤੇ ਜ਼ਬਤ ਅਜ ਬਹੁਤ ਹੀ ਅਵੱਸ਼ਕ ਸੀ, ਪਤਾ ਨਹੀਂ ਸਾਰਾ ਦਿਨ ਮੈਨੂੰ ਕਿਥੇ ਕਿਥੇ ਇਸ ਦੀ ਲੋੜ ਪੈਣੀ ਸੀ।

ਮੈਂ ਦਰਵਾਜ਼ਾ ਖੋਲਿਆ ਅਤੇ ਮੇਰੀਅਨ ਨੂੰ ਉਪਰ ਆਉਣ ਲਈ ਇਸ਼ਾਰਾ ਕੀਤਾ। ਮੇਰੇ ਖੁਲਮ ਖੁੱਲਾ ਬਾਹਰ ਆਉਣ ਜਾਣ ਨਾਲ ਕਦੀ ਕੁਝ ਵੀ ਹੋ ਸਕਦਾ ਸੀ, ਸੋ ਮੈਂ ਮੇਰੀਅਨ ਨੂੰ ਇਸ ਸੰਭਾਵਨਾ ਲਈ ਤਿਆਰ ਕਰਨਾ ਉਚਿਤ ਸਮਝਿਆ।

'ਮੈਂ ਕੁਝ ਘੰਟਿਆਂ ਮਗਰੋਂ ਘਰ ਪਰਤ ਆਵਾਂਗਾ ਤੁਸੀ ਮੇਰੀ ਗੈਰ-ਹਾਜ਼ਰੀ ਵਿਚ ਕਿਸੇ ਨੂੰ ਦਰਵਾਜ਼ਾ ਨਾ ਖੋਲਣਾ ਅਤੇ ਅੱਗੇ ਵਾਂਗ ਹੀ ਧਿਆਨ ਨਾਲ ਰਹਿਣਾ ਪਰ ਜੇ ਕੁਝ ਹੋਵੇ.....

"ਕੀ ਹੋ ਸਕਦਾ ਹੈ ਉਹਨੇ ਮੈਨੂੰ ਕਾਹਲੀ ਨਾਲ ਟੋਕਿਆ, "ਮੈਨੂੰ ਸਾਫ ਸਾਫ ਦੱਸ ਦੇ ਵਾਲਟਰ ਕਿਹੋ ਜਿਹਾ ਖਤਰਾ ਹੈ, ਤਾਂ ਮੈਂ ਉਹਦਾ ਮੁਕਾਬਲਾ ਤਾਂ ਚੰਗੀ ਤਰ੍ਹਾਂ ਕਰ ਸਕਾਂਗੀ।"

'ਖਤਰਾ ਇਹੀ ਹੈ ਮੇਰੀਅਨ, ਕਿ ਹੋ ਸਕਦਾ ਹੈ, ਲਾਰਾ ਦੇ ਪਾਗਲਖਾਨੇ ਵਿਚੋਂ ਜਾਣ ਦੀ ਖਬਰ ਸਰ ਪਰਸੀਵਲ ਤੀਕ ਪੁੱਜ ਗਈ ਹੋਵੇ, ਅਤੇ ਉਹ ਵਾਪਸ ਲੰਦਨ ਪਹੁੰਚ ਗਿਆ ਹੋਵੇ। ਤੁਹਾਨੂੰ ਪਤਾ ਹੀ ਹੈ, ਕਿ ਉਹ ਮੇਰੀ ਪਹਿਲਾਂ ਵੀ ਨਿਗਰਾਨੀ ਕਰ ਚੁੱਕਾ ਹੈ। ਉਹ ਮੈਨੂੰ ਚੰਗੀ ਤਰ੍ਹਾਂ ਪਛਾਣਦਾ ਹੈ, ਪਰ ਮੈਂ ਉਹਨੂੰ ਵੇਖਿਆ ਵੀ ਨਹੀਂ ਹੋਇਆ।"

ਉਹਨੇ ਮੇਰੇ ਮੰਢੇ ਤੇ ਹੱਥ ਰੱਖਿਆ, ਅਤੇ ਚਿੰਤਾਤੁਰ ਤਕਣੀਆਂ ਨਾਲ ਚੁੱਪ ਕਰਕੇ ਮੇਰੇ ਵੱਲ ਵੇਖਦੀ ਰਹੀ। ਉਹ ਸਮਝ ਗਈ ਸੀ, ਕਿ ਸਾਡੇ ਲਈ ਇਹ ਸਚਮੁੱਚ ਹੀ ਬੜਾ ਗੰਭੀਰ ਖਤਰਾ ਸੀ।

"ਇਹ ਜ਼ਰੂਰੀ ਨਹੀਂ ਕਿ ਮੈਨੂੰ ਸਰ ਪਰਸੀਵਲ ਜਾਂ ਉਹਦੇ ਸਾਥੀ ਲੰਦਨ ਵਿਚ ਇੰਨੀ ਜਲਦੀ ਲੱਭ ਲੈਣ, ਪਰ ਕੋਈ ਦੁਰਘਟਨਾ ਹੋਣ ਦੀ ਸੰਭਾਵਨਾ ਮਨ ਵਿਚ ਰੱਖਣੀ ਚਾਹੀਦੀ ਹੈ। ਜੇ ਕਈ ਅਜਿਹੀ ਗੱਲ ਹੋ ਜਾਏ, ਅਤੇ ਮੈਂ ਅੱਜ ਰਾਤੀ ਵਾਪਸ ਨਾ ਆਵਾਂ: ਤੁਸੀਂ ਬਿਲਕੁਲ ਨਹੀਂ ਘਬਣਾ ਲਾਰਾ ਜੇ ਪੁਛੇ ਤਾਂ ਸੋਚ ਕੇ ਕੋਈ ਠੀਕ ਉਤਰ ਦੇ ਦੇਣਾ। ਜੇ ਮੈਨੂੰ ਇਹ ਮਾੜਾ ਜੇਹਾ ਵੀ ਸ਼ੱਕ ਪਿਆ ਕਿ ਕੋਈ ਮੇਰਾ ਪਿੱਛਾ ਕਰ ਰਿਹਾ ਹੈ, ਤਾਂ ਮੈਂ ਇਹ ਧਿਆਨ ਰੱਖਾਂਗਾ ਕਿ ਕੋਈ ਇਸ ਘਰ ਤੀਕ ਮੇਰੇ ਪਿਛੇ ਨਾ ਆਵੇ। ਮੈਂ ਅਵਾਂਗਾ ਜ਼ਰੂਰ ਮੇਰੀਅਨ ! ਭਾਵੇਂ ਦੇਰ ਹੋ ਜਾਏ ਪਰ ਤੁਸੀਂ ਡਰਨਾ ਜਾਂ ਘਬਰਾਣਾ ਨਹੀਂ।"

"ਬਿਲਕੁਲ ਨਹੀਂ ਡਰਾਂਗੀ।" ਉਹਨੇ ਉੱਤਰ ਦਿੱਤਾ, "ਵਾਲਟਰ ਤੇ ਕਦੀ ਇਸ ਗੱਲ ਲਈ ਨਹੀਂ ਪਛਤਾਏਂਗਾ, ਕਿ ਤੇਰੀ ਮਦਦ ਕਰਨ ਲਈ ਸਿਰਫ ਔਰਤ ਹੀ ਸੀ " ਉਹਨੇ ਮੈਨੂੰ ਰੋਕ ਲਿਆ ਅਤੇ ਇਕ ਮਿੰਟ ਰੁਕ ਕੇ ਇਹ ਮੇਰਾ ਹੱਥ ਘੁਟਦੀ ਕਹਿਣ ਲੱਗੀ : "ਆਪਣਾ ਧਿਆਨ ਰੱਖੀਂ ਚੰਗੀ ਤਰ੍ਹਾਂ ਧਿਆਨ ਨਾਲ ਜਾਈਂ।"

ਮੈਂ ਉਹਨੂੰ ਉਥੇ ਹੀ ਖੜੀ ਛੱਡ ਕੇ ਤੁਰ ਪਿਆ। ਉਸ ਹਨੇਰੇ ਅਤੇ ਕਠਿਨ ਰਾਹ ਤੇ ਕਿਸੇ ਖੋਜ ਦੀ ਆਸ ਵਿਚ ਤੁਰ ਪਿਆ-ਇਹ ਬੜਾ ਬਿਖੜ ਰਸਤਾ ਸੀ-ਅਤੇ ਇਹ ਵਕੀਲ ਦੇ ਦਰਵਾਜ਼ੇ ਤੋਂ ਸ਼ੁਰੂ ਹੁੰਦਾ ਸੀ।

## (4)

ਚਾਨਸਰੀ ਵੇਨ ਵਿਚ ਸਥਿਤ ਸ੍ਰੀ ਗਿਲਮੌਰ ਅਤੇ ਕਾਈਰਲ ਦੇ ਦਫਤਰ ਜਾਂਦਿਆਂ ਕੋਈ ਮਹੱਤਵਪੂਰਨ ਘਟਨਾ ਨਾ ਹੋਈ।

ਮੈਂ ਆਪਣਾ ਕਾਰਡ ਅਜੇ ਅੰਦਰ ਭੇਜ ਹੀ ਰਿਹਾ ਸਾਂ, ਕਿ ਇਕ ਇਕ ਖਿਆਲ ਮੈਨੂੰ ਆਇਆ। ਮੈਨੂੰ ਇਹ ਬੜਾ ਪਛਤਾਵਾ ਹੋਇਆ ਕਿ ਮੈਨੂੰ ਪਹਿਲਾਂ ਹੀ ਇਹ ਗੱਲ ਕਿਉਂ ਨਹੀਂ ਸੁੱਝੀ। ਮੇਰੀਅਨ ਦੀ ਡਾਇਰੀ ਤੋਂ ਇਹ ਪਤਾ ਲੱਗ ਚੁੱਕਾ ਸੀ, ਕਿ ਕਾਂਊਟ ਫ਼ੋਸਕੋ ਨੇ ਮੇਰੀਅਨ ਦੀ ਬਲੈਕਵਾਟਰ ਪਾਰਕ ਤੋਂ ਮਿਸਟਰ ਕਾਈਰਲ ਵੱਲ ਪਹਿਲੀ ਚਿੱਠੀ, ਵੀ ਪੜ੍ਹ ਲਈ ਸੀ ਅਤੇ ਦੂਜੀ ਵੀ ਅਪਣੀ ਪਤਨੀ ਰਾਹੀਂ ਉਹਦੇ ਤਕ ਪੁੱਜਣ ਹੀ ਨਹੀਂ ਸੀ ਦਿਤੀ। ਉਹ ਇਸ

ਦਫਤਰ ਦਾ ਪੱਕਾ ਪਤਾ ਜਾਣਦਾ ਸੀ। ਉਹ ਇਹ ਵੀ ਜਾਣਦਾ ਸੀ; ਕਿ ਜੋ ਲਾਰਾ ਦੇ ਪਾਗਲਖਾਨੇ ਵਿਚੋਂ ਗਾਇਬ ਹੋ ਜਾਣ ਉਤੇ ਮੇਰੀਅਮ ਨੂੰ ਕਿਸੇ ਸਲਾਹ ਦੀ ਲੋੜ ਹੋਈ, ਤਾਂ ਉਹ ਜ਼ਰੂਰ ਮਿਸਟਰ ਕਾਈਰਲ ਨੂੰ ਹੀ ਚਿੱਠੀ ਲਿਖੇਗੀ। ਸੋ ਇਹ ਦਫਤਰ ਤਾਂ ਪਹਿਲੀ ਥਾਂ ਹੋਵੇਗਾ ਜਿਥੇ ਕਾਂਊਟ ਫ਼ੋਸਕੋ ਅਤੇ ਸਰ ਪਰਸੀਵਲ ਨਿਗਰਾਨੀ ਰੱਖਣਗੇ; ਅਤੇ ਜੇ ਉਹਨਾਂ ਉਹੀ ਆਦਮੀ ਇਸ ਕੰਮ ਲਈ ਇਥੋਂ ਨਿਯੁਕਤ ਕੀਤੇ, ਜੋ ਮੇਰੇ ਇੰਗਲੈਂਡ ਤੋਂ ਜਾਣ ਤੋਂ ਪਹਿਲਾਂ ਮੇਰਾ ਪਿੱਛਾ ਕਰਦੇ ਰਹੇ ਸਨ, ਤਾਂ ਅੱਜ ਹੀ ਮੇਰੇ ਇਸ ਦਫ਼ਤਰ ਵਿਚ ਆਉਣ ਤੋਂ ਮਗਰੋਂ ਉਹ ਖਬਰਦਾਰ ਹੋ ਜਾਣਗੇ। ਮੈਂ ਇਹ ਸੋਚਦਾ ਰਿਹਾ ਸਾਂ ਕਿ ਕੋਈ ਗਲੀਆਂ ਵਿਚ ਮੇਰਾ ਪਿਛਾ ਨਾ ਕਰਦਾ ਹੋਏ, ਪਰ ਮਿਸਟਰ ਕਾਈਰਲ ਦੇ ਦਫਤਰ ਆਉਣ ਵਿਚ ਜੋ ਏਨਾ ਵੱਡਾ ਖਤਰਾ ਸੀ, ਉਸ ਦਾ ਮੈਨੂੰ ਇਕ ਵਾਰ ਵੀ ਖਿਆਲ ਨਹੀਂ ਸੀ ਆਇਆ। ਹੁਣ ਜਦੋਂ ਮੇਰਾ ਕਾਰਡ ਮੇਰੇ ਹੱਥ ਵਿਚ ਸੀ, ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, ਪਰ ਹੁਣ ਕੁਝ ਨਹੀਂ ਸੀ ਹੋ ਸਕਦਾ। ਪਹਿਲਾਂ ਖਿਆਲ ਆਉਂਦਾ ਤਾਂ ਵਕੀਲ ਨੂੰ ਕਿਸੇ ਹੋਰ ਥਾਂ ਉਥੇ ਮਿਲ ਲੈਂਦਾ। ਹੁਣ ਇਕੋ ਹੀ ਇਲਾਜ ਸੀ ਕਿ ਚਾਂਸਰੀ ਲੇਨ ਤੋਂ ਸਿੱਧਾ ਘਰ ਨਾ ਜਾਵਾਂ।

ਕੁਝ ਪਲ ਉਡੀਕਣ ਮਗਰੋਂ ਮੈਨੂੰ ਮਿਸਟਰ ਕਾਈਰਲ ਨੇ ਅੰਦਰਲੇ ਦਫਤਰ ਵਿਚ ਬੁਲਾ ਭੇਜਿਆ। ਮਿਸਟਰ ਕਾਈਰਲ ਪਤਲਾ, ਪੀਲਾ ਅਤੇ ਚੁਪੀ ਤੇ ਸੁਭਾ ਦਾ ਬੰਦਾ ਦਿਸਦਾ ਸੀ। ਗੱਲ ਬੜੀ ਹੌਲੀ ਕਰਦਾ ਸੀ, ਓਪਰਿਆਂ ਨਾਲ ਜਲਦੀ ਹੀ ਖੁਲ ਕੇ ਗੱਲ ਕਰਨਾ ਸ਼ਾਇਦ ਉਸਦੀ ਆਦਤ ਨਹੀਂ ਸੀ। ਮੈਨੂੰ ਇਹੀ ਲੱਗਾ, ਕਿ ਉਹ ਹਰ ਗੱਲ ਬੜੇ ਸੋਚ ਵਿਚਾਰ ਕੇ ਕਰਦਾ ਹੈ। ਉਹ ਆਪਣੇ ਕੰਮ ਵਿਚ ਮਾਹਿਰ ਲਗਦਾ ਸੀ। ਮੈਨੂੰ ਅਜਿਹੇ ਬੰਦੇ ਦੀ ਲੋੜ ਸੀ। ਜੇ ਉਹਨੇ ਆਪਣਾ ਇਹ ਸਮੇਂ ਨਿਰਣਾ ਦਿੱਤਾ; ਅਤੇ ਜੇ ਇਹ ਨਿਰਣਾ ਸਾਡੇ ਹੱਕ ਵਿਚ ਹੋਇਆ, ਤਾਂ ਮੈਂ ਸਮਝਾਂਗਾ ਕਿ ਸਾਡਾ ਇਹ ਕੇਸ ਲਗਪਗ ਜਿੱਤੇ ਜਾਣ ਦੇ ਹੀ ਬਰਾਬਰ ਹੈ। ਮੈਂ ਉਹਨੂੰ ਨਮਸਕਾਰ ਕਰਕੇ ਕਿਹਾ :

"ਇਸ ਤੋਂ ਪਹਿਲਾਂ, ਕਿ ਮੈਂ ਤੁਹਾਨੂੰ ਇਹ ਦੱਸਾਂ ਕਿ ਮੈਂ ਕਿਸ ਕੰਮ ਲਈ ਤੁਹਾਡੇ ਕੋਲ ਆਇਆ ਹਾਂ, ਮੈਂ ਇਹ ਦੱਸਣਾ ਚਾਹਵਾਂਗਾ ਕਿ ਮੈਂ ਭਾਵੇਂ ਕਿੰਨੀ ਵੀ ਸੰਖੇਪ ਰੂਪ ਵਿਚ ਗੱਲ ਕਰਾਂ-ਤੁਹਾਡਾ ਕੁਝ ਸਮਾਂ ਜ਼ਰੂਰ ਲੱਗੇਗਾ।"

ਮੈਂ ਮਿਸ ਹਾਲਕੌਂਬ ਦੀ ਹਰ ਤਰ੍ਹਾਂ ਸੇਵਾ ਕਰਨ ਨੂੰ ਤਿਆਰ ਹਾਂ, ਉਹਨਾਂ ਦੇ ਮਾਮਲੇ ਵਿਚ ਮੈਂ ਜਾਤੀ ਤੌਰ ਤੇ ਵੀ ਦਿਲਚਸਪੀ ਲੈਂਦਾ ਹਾਂ, ਕਿਉਂਕਿ ਮਿਸਟਰ ਗਿਲਮੌਰ ਨੇ ਮੈਨੂੰ

ਜਾਂਦੀ ਵਾਰ ਇਸ ਬਾਰੇ ਉਚੇਚਾ ਕਿਹਾ ਸੀ। ਉਂਜ ਮੈਂ ਉਹਨਾਂ ਦਾ ਵਕੀਲ ਵੀ ਹਾਂ। ਇਸ ਲਈ ਮੈਂ ਤੁਹਾਡੀ ਸਾਰੀ ਗੱਲ ਬੜੇ ਧਿਆਨ ਨਾਲ ਸੁਣਾਂਗਾ" ਉਹਨੇ ਉੱਤਰ ਦਿੱਤਾ।

"ਕੀ ਮੈਂ ਪੁੱਛ ਸਕਦਾ ਹਾਂ, ਕਿ ਮਿਸਟਰ ਗਿਲਮੌਰ ਇੰਗਲੈਂਡ ਵਿਚ ਹਨ ਜਾਂ ਬਾਹਰ?"

"ਨਹੀਂ ਉਹ ਇੰਗਲੈਂਡ ਵਿਚ ਨਹੀਂ ਸਨ। ਉਹ ਜਰਮਨੀ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਰਹੇ ਹਨ। ਉਹਨਾਂ ਦੀ ਸਿਹਤ ਅੱਗੇ ਨਾਲੋਂ ਠੀਕ ਹੈ, ਪਰ ਅਜੇ ਉਹਨਾਂ ਦੇ ਵਾਪਸ ਆਉਣ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।"

ਅਸੀਂ ਜਦੋਂ ਇਹ ਗੱਲਾਂ ਕਰ ਹੀ ਰਹੇ ਸਾਂ, ਤਾਂ ਉਹ ਆਪਣੇ ਕਾਗਜਾਂ ਦੀ ਫੋਲਾ ਫਾਲੀ ਕਰਕੇ ਕੁਝ ਲੱਭ ਰਿਹਾ ਸੀ। ਉਹਨੇ ਇਕ ਸੀਲਬੰਦ ਲਿਫਾਫਾ ਕੱਢਿਆ। ਮੈਨੂੰ ਲੱਗਾ ਕਿ ਉਹ ਮੈਨੂੰ ਦੇਣ ਲੱਗਾ ਹੈ, ਪਰ ਫਿਰ ਕੁਝ ਸੋਚ ਕੇ ਉਹਨੇ ਉਸ ਲਿਫਾਫੇ ਨੂੰ ਸਾਹਮਣੇ ਮੇਜ਼ ਤੇ ਰੱਖ ਲਿਆ, ਆਪ ਨਿੱਸਲ ਹੋ ਕੇ ਕੁਰਸੀ ਵਿਚ ਮੇਰੀ ਗੱਲ ਸੁਣਨ ਲਈ ਬੈਠ ਗਿਆ।

ਮੈਂ ਕੋਈ ਫਾਲਤੂ ਦੀ ਭੂਮਿਕਾ ਬੰਨ੍ਹੇ ਬਿਨਾਂ ਹੀ ਉਹ ਸਭ ਘਟਨਾਵਾਂ ਸ਼ੁਰੂ ਤੋਂ ਅਖੀਰ ਤਕ ਸੁਣਾਈਆਂ ਬਿਲਕੁਲ ਉਵੇਂ ਹੀ, ਜਿਵੇਂ ਇਹਨਾਂ ਪੰਨਿਆਂ ਵਿਚ ਵਰਨਣ ਕੀਤੀਆਂ ਗਈਆਂ ਹਨ।

ਭਾਵੇਂ ਉਹ ਵਕੀਲ ਸੀ, ਅਤੇ ਰੋਜ਼ ਹੀ ਅਜੀਬ ਅਜੀਬ ਗੱਲਾਂ ਨਾਲ ਉਹਦਾ ਵਾਹ ਪੈਂਦਾ ਹੋਵੇਗਾ, ਪਰ ਤਾਂ ਵੀ ਉਹ ਕਈ ਵਾਰ ਵਿਚ ਤਬਕਿਆ। ਉਹਨੇ ਕਈ ਵਾਰ ਆਪਣੀ ਹੈਰਾਨੀ ਪ੍ਰਗਟ ਕੀਤੀ--। ਖੈਰ, ਅੰਤ ਤੀਕ ਸਭ ਘਟਨਾਵਾਂ ਦਾ ਵਿਸਥਾਰ ਪੂਰਵਕ ਵੇਰਵਾ ਉਹਨੂੰ ਦਿੱਤਾ। ਜਦੋਂ ਖਤਮ ਕਰ ਚੁੱਕਾ, ਤਾਂ ਮੈਂ ਹਿੰਮਤ ਕਰਕੇ ਉਹਨੂੰ ਇਕ ਪ੍ਰਸ਼ਨ ਪੁੱਛਿਆ

"ਮਿਸਟਰ ਕਾਈਰਲ ਤੁਹਾਡੀ ਕੀ ਰਾਇ ਹੈ -?'

ਉਹ ਬੜਾ ਸਾਵਧਾਨ ਸੀ ਇਕਾਇਕ ਆਪਣੀ ਰਾਇ ਉਹਨੇ ਮੈਨੂੰ ਨਹੀਂ ਦੱਸੀ।

"ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਆਪਣੀ ਰਾਇ ਦਿਆਂ ਪਹਿਲਾਂ ਮੈਂ ਤੁਹਾਨੂੰ ਕੁਝ ਪ੍ਰਸ਼ਨ ਪੁਛਾਂਗਾ--"

ਉਹਨੇ ਮੈਨੂੰ ਕਈ ਸਵਾਲ ਪੁੱਛੇ, ਜਿਹਨਾਂ ਵਿਚ ਬਹੁਤ ਸ਼ੱਕ ਝਲਕਦਾ ਸੀ। ਜਿਉਂ ਜਿਉਂ ਉਹ ਪੁੱਛਦਾ ਗਿਆ ਮੈਂ ਮਹਿਸੂਸ ਕੀਤਾ ਕਿ ਉਹ ਸਮਝਦਾ ਹੈ, ਕਿ ਮੈਨੂੰ ਵਹਿਮ ਹੋ

ਗਿਆ ਹੈ। ਅਤੇ ਜੇ ਮਿਸ ਹਾਲਕੌਂਬ ਦੀ ਮੇਰੀ ਜਾਣ ਪਛਾਣ ਬਾਰੇ ਉਹ ਚਿੱਠੀ ਉਹਨੂੰ ਨਾ ਮਿਲੀ ਹੁੰਦੀ ਤਾਂ ਉਹ ਜ਼ਰੂਰ ਇਹ ਸੋਚਦਾ, ਕਿ ਮੈਂ ਚਲਾਕੀ ਨਾਲ ਕੋਈ ਗੋਂਦ ਗੁੰਦ ਰਿਹਾ ਹਾਂ।

"ਕੀ ਤੁਹਾਨੂੰ ਹੁਣ ਵਿਸ਼ਵਾਸ ਹੈ; ਕਿ ਮੈਂ ਸੱਚ ਹੀ ਬੋਲ ਰਿਹਾ ਹਾਂ।"

"ਹਾਂ ਮੈਨੂੰ ਵਿਸ਼ਵਾਸ ਹੈ, ਕਿ ਤੁਸੀਂ ਸੱਚ ਬੋਲ ਰਹੇ ਹੋ। ਮਿਸ ਹਾਲਕੌਂਬ ਲਈ ਮੇਰੇ ਦਿਲ ਵਿਚ ਬਹੁਤ ਸਤਿਕਾਰ ਹੈ, ਅਤੇ ਅਜਿਹੇ ਨਾਜ਼ਕ ਅਤੇ ਗੰਭੀਰ ਮਾਮਲੇ ਵਿਚ ਉਹ ਤੁਹਾਡੇ ਤੇ ਏਨਾ ਭਰੋਸਾ ਕਰਦੀ ਹੈ, ਤਾਂ ਮੈਂ ਵੀ ਤੁਹਾਨੂੰ ਉਨਾਂ ਹੀ ਸਤਿਕਾਰ ਦਿਆਂਗਾ। ਮੈਂ ਇਸ ਤੋਂ ਵੀ ਇਕ ਕਦਮ ਹੋਰ ਅੱਗੇ ਵਧਦਾ ਹਾਂ, ਅਤੇ ਤੁਹਾਡੇ ਨਾਲ ਤੁਹਾਡੀ ਇਹ ਗੱਲ ਮੰਨਦਾ ਹਾਂ ਕਿ ਤੁਸੀਂ ਦੋਵੇਂ ਹੀ ਲੇਡੀ  ਗਲਾਈਡ ਨੂੰ ਪਛਾਣਦੇ ਹੋ; ਪਰ ਜੇ ਮੈਂ ਇਕ ਵਕੀਲ ਦੀ ਹੈਸੀਅਤ ਵਿਚ ਤੁਹਾਨੂੰ ਆਪਣੀ ਰਾਇ ਦਿਆਂ ਤਾਂ ਮੈਂ ਇਹੀ ਕਹਾਂਗਾ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਤੁਸੀਂ ਕੁਝ ਨਹੀਂ ਕਰ ਸਕਦੇ। ਮਿਸਟਰ ਹਾਰਟਰਾਈਟ, ਇਹਨਾਂ ਗੱਲਾਂ ਨਾਲ ਕਦੀ ਵੀ ਕੇਸ ਤਿਆਰ ਨਹੀਂ ਹੋ ਸਕਦਾ।"

"ਤੁਸੀਂ ਬੜੀ ਦ੍ਰਿੜਤਾ ਨਾਲ ਇਹ ਗੱਲ ਕਹਿ ਰਹੇ ਹੋ "

"ਮੈਂ ਤੁਹਾਨੂੰ ਹੋਰ ਸਪਸਟ ਕਰਕੇ ਵੀ ਸਮਝਾ ਦੇਂਦਾ ਹਾਂ। ਲੇਡੀ ਗਲਾਈਡ ਦੀ ਮੌਤ ਦੇ ਗਵਾਹ ਹਨ-। ਪਹਿਲਾਂ ਤਾਂ ਉਹਦੀ ਭੂਆ ਦੀ ਗਵਾਹੀ ਹੈ, ਕਿ ਉਹ ਕਾਂਊਂਟ ਫ਼ੋਸਕੋ ਦੇ ਘਰ ਆਈ, ਉਥੇ ਬੀਮਾਰ ਪਈ ਤੇ ਮਰ ਗਈ। ਡਾਕਟਰ ਦਾ ਸਰਟੀਫਿਕੇਟ ਇਹ ਸਾਬਤ ਕਰਦਾ ਹੈ। ਕਿ ਉਸਦੀ ਮੌਤ ਬੀਮਾਰੀ ਕਾਰਨ ਹੋਈ। ਲਿਮਰਿਜ ਵਿਚ ਅੰਤਮ ਰਸਮਾਂ ਸਭ ਦੇ ਸਾਹਮਣੇ ਪੂਰੀਆਂ ਕੀਤੀਆਂ ਗਈਆਂ ਅਤੇ ਮਕਬਰੇ ਉਤੇ ਲੱਗਾ ਸ਼ਿਲਾ-ਲੇਖ ਵੀ ਇਕ ਗਵਾਹੀ ਦੇ ਰੂਪ ਵਿਚ ਹੀ ਹੈ? ਤੁਸੀਂ ਇਸ ਕੇਸ ਨੂੰ ਝੂਠਾ ਸਾਬਤ ਕਰਨਾ ਚਾਹੁੰਦੇ ਹੋ। ਹੁਣ ਇਹ ਵੇਖੋ ਕਿ ਤੁਹਾਡੇ ਕੇਸ ਵਿਚ ਕੀ ਕੀ ਹੈ। ਤੁਸੀਂ ਕਿਸ ਤਰ੍ਹਾਂ ਸਾਬਤ ਕਰ ਸਕਦੇ ਹੋ ਕਿ ਜਿਹੜੀ ਔਰਤ ਦੀ ਮੌਤ ਹੋਈ ਅਤੇ ਦਫਨਾਈ ਗਈ ਉਹ ਲੇਡੀ ਗਲਾਈਡ ਨਹੀਂ ਸੀ? ਤੁਹਾਡੇ ਕੋਲ ਕੀ ਸਬੂਤ ਹੈ? ਅਸੀਂ ਸਾਰੇ ਮਾਮਲੇ ਤੇ ਨਜ਼ਰ ਮਾਰਦੇ ਹਾਂ।

ਮਿਸ ਹਾਲਕੌਂਬ ਇਕ ਪਾਗਲਖਾਨੇ ਵਿਚ ਜਾਂਦੀ ਹੈ ਅਤੇ ਉਥੇ ਇਕ ਪਾਗਲ ਔਰਤ ਨੂੰ ਵੇਖਦੀ ਹੈ, ਇਹ ਗੱਲ ਸਭ ਜਾਣਦੇ ਹਨ, ਕਿ ਇਕ ਪਾਗਲ ਕੁੜੀ ਜਿਸਦੀ ਸ਼ਕਲ ਲੇਡੀ ਗਲਾਈਡ ਨਾਲ ਬਹੁਤ ਮਿਲਦੀ ਸੀ; ਪਾਗਲਖਾਨੇ ਵਿਚ ਨਸੀ ਹੋਈ ਸੀ ਅਤੇ ਪਾਗਲਖਾਨੇ

ਵਿਚ ਪਿਛਲੀ ਜੁਲਾਈ ਵਿਚ ਇਸੇ ਕੁੜੀ ਨੂੰ ਮੁੜ ਫੜ ਕੇ ਲਿਆਂਦਾ ਗਿਆ। ਇਹ ਵੀ ਸਭ ਨੂੰ ਪਤਾ ਹੈ ਕਿ ਜਿਹੜਾ ਬੰਦਾ ਉਹਨੂੰ ਵਾਪਸ ਲਿਆਇਆ, ਉਹਨੇ ਮਿਸਟਰ ਫ਼ੇਅਰਲੀ ਨੂੰ ਪਹਿਲਾਂ ਹੀ ਖ਼ਬਰਦਾਰ ਕਰ ਦਿੱਤਾ ਸੀ; ਕਿ ਏਨ ਕੈਥੇਰਿਕ ਆਪਣੇ ਆਪ ਨੂੰ ਲੇਡੀ ਗਲਾਈਡ ਦਸਦੀ ਹੈ। ਉਸ ਕੁੜੀ ਨੇ ਪਾਗਲਖਾਨੇ ਵਿਚ ਸਭ ਦੇ ਸਾਹਮਣੇ ਆਪਣੇ ਆਪ ਨੂੰ ਬੜੀ ਵਾਰ ਲੇਡੀ ਗਲਾਈਡ ਹੀ ਕਿਹਾ, ਪਰ ਉਥੇ ਕਿਸੇ ਨੇ ਉਹਦੇ ਉਤੇ ਵਿਸ਼ਵਾਸ ਨਾ ਕੀਤਾ। ਇਹ ਸੱਚੀਆਂ ਗੱਲਾਂ ਹਨ। ਤੁਸੀਂ ਇਨ੍ਹਾਂ ਨੂੰ ਕਿਵੇਂ ਝੂਠ ਬਣਾਉਗੇ? ਕੀ ਮਿਸ ਹਾਲਕੌਂਬ ਨੇ ਪਾਗਲਖਾਨੇ ਦੇ ਮਾਲਕ ਸਾਹਮਣੇ ਆਪਣੀ ਭੈਣ ਨੂੰ ਪਛਾਣਿਆ ਅਤੇ ਉਹਨੂੰ ਉਥੋਂ ਕੱਢਣ ਲਈ ਕਾਨੂੰਨ ਦੀ ਮਦਦ ਲਈ? ਨਹੀਂ, ਸਗੋਂ ਉ ਨੇ ਇਕ ਨਰਸ ਨੂੰ ਰਿਸ਼ਵਤ ਦਿਤੀ ਅਤੇ ਉਥੋਂ ਚੋਰੀ, ਉਸ ਕੁੜੀ ਨੂੰ ਕੱਢ ਕੇ ਲਿਆਈ। ਜਦੋਂ ਇੰਜ ਚੋਰੀ ਛੁਪੇ ਮਿਸ ਹਾਲਕੌਂਬ ਉਹਨੂੰ ਮਿਸਟਰ ਫੇਅਰਲੀ ਕੋਲ ਲੈ ਗਈ; ਤਾਂ ਕੀ ਮਿਸਟਰ ਫ਼ੇਅਰਲੀ ਨੇ ਉਹਨੂੰ ਪਛਾਣਿਆ? ਕੀ ਇਕ ਵਾਰ ਵੀ ਉਹਨੂੰ ਭੁਲੇਖਾ ਹੋਇਆ ਕਿ ਉਹਦੀ ਭਤੀਜੀ ਹੀ ਉਹਦੇ ਸਾਹਮਣੇ ਖੜੀ ਹੈ -? ਨਹੀਂ। ਕੀ ਨੌਕਰਾਂ ਨੇ ਉਹਨੂੰ ਆਪਣੀ ਮਾਲਕਣ ਦੇ ਰੂਪ ਵਿਚ ਪਛਾਣਿਆ? ਮੈਂ ਫਿਰ ਕਹਿੰਦਾ ਹਾਂ, ਨਹੀਂ। ਕੀ ਉਹਨੂੰ ਲਿਮਰਿਜ ਵਿਚ ਹੀ ਰਖਿਆ ਗਿਆ ਤਾਂ ਜੋ ਹੋਰ ਕੋਈ ਕਾਰਵਾਈ ਕੀਤੀ ਜਾਏ ਅਤੇ ਉਹਨੂੰ ਕਾਨੂੰਨੀ ਤੌਰ ਤੇ ਕੋਈ ਸਹਾਇਤਾ ਦਿਤੀ ਜਾਏ? ਨਹੀਂ ਸਗੋਂ ਉਹਨੂੰ ਰਾਤੋਂ ਰਾਤ ਲੰਦਨ ਲਿਆਂਦਾ ਗਿਆ। ਇਸ ਦੌਰਾਨ ਵਿਚ ਤੁਸੀਂ ਉਹਨੂੰ ਪਛਾਣ ਲਿਆ, ਪਰ ਤੁਸੀਂ ਉਹਦੇ ਕੁਝ ਨਹੀਂ ਲਾਦੇ। ਤੁਸੀਂ ਉਨ੍ਹਾਂ ਦੇ ਪੁਰਾਣੇ ਮਿੱਤਰ ਵੀ ਨਹੀਂ। ਨੌਕਰਾਂ ਦੀ ਰਾਇ ਅਤੇ ਮਿਸਟਰ ਫ਼ੇਅਰਲੀ ਦੀ ਰਾਇ ਤੁਹਾਡੇ ਤੋਂ ਫ਼ਰਕ ਹੈ। ਮਿਸਟਰ ਫ਼ੇਅਰਲੀ, ਮਿਸ ਹਾਲਕੌਂਬ ਨੂੰ ਵੀ ਗਲਤ ਦਸਦੇ ਹਨ ਅਤੇ ਉਹ ਜਿਸਨੂੰ ਤੁਸੀਂ ਲੇਡੀ ਗਲਾਈਡ ਕਹਿੰਦੇ ਹੋ, ਆਪਣੀ ਗੱਲ ਦੀ ਖੁਦ ਆਪ ਵਿਰੋਧਤਾ ਕਰ ਰਹੀ ਹੈ। ਉਹ ਆਪ ਕਹਿੰਦੀ ਹੈ ਕਿ ਲੰਦਨ ਵਿਚ ਉਹਨੇ ਕਿਸੇ ਦੇ ਘਰ ਰਾਤ ਵਿਤਾਦੀ ਹੈ, ਪਰ ਤੁਸੀਂ ਆਪ ਪਤਾ ਕਰਕੇ ਆਏ ਹੋ ਕੇ ਉਹ ਉਸ ਘਰ ਦੇ ਨੇੜੇ ਫਟਕੀ ਵੀ ਨਹੀਂ। ਤੁਸੀਂ ਇਹ ਵੀ ਮੰਨਦੇ ਹੋ ਕਿ ਉਸ ਦੀ ਮਾਨਸਿਕ ਹਾਲਤ ਅਜਿਹੀ ਹੈ, ਕਿ ਤੁਸੀਂ ਉਹਨੂੰ ਕਿਸੇ ਸਾਹਮਣੇ ਛਾਣ ਬੀਣ ਲਈ ਪੇਸ਼ ਨਹੀਂ ਕਰ ਸਕਦੇ ਅਤੇ ਆਪ ਵੀ ਉਹਨੂੰ ਪੁਛਣੋ ਝਿਜਕਦੇ ਹੋ। ਮੈਂ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਛੱਡ ਹੀ ਦੇਂਦਾ ਹਾਂ-ਕਿਉਂ ਜੋ ਇਸ ਤਰ੍ਹਾਂ ਸਾਡਾ ਦੋਹਾਂ ਦਾ ਵਕਤ ਬਚੇਗਾ। ਮੈਂ ਸਿਰਫ਼ ਇਹ ਕਹਿੰਦਾ ਹਾਂ, ਕਿ ਜੋ ਇਹ ਕੇਸ

ਕਚਿਹਰੀ ਵਿਚ ਜਾਵੇਗਾ -ਇਕ ਜਿਊਰੀ ਦੇ ਸਾਹਮਣੇ, ਉਥੇ ਤਾਂ ਉਨ੍ਹਾਂ ਇੰਜ਼ ਪੇਸ਼ ਕਰਨਾ ਹੈ, ਜਿਵੇਂ ਮੈਂ ਤੁਹਾਨੂੰ ਦਸਿਆ ਹੈ-ਤੁਹਾਡੇ ਕੋਲ ਕੀ ਸਬੂਤ ਹਨ?"

ਮੈਂ ਇਕਦਮ ਇਨ੍ਹਾਂ ਸਾਰੀਆਂ ਗੱਲਾਂ ਦਾ ਕੋਈ ਉੱਤਰ ਨਾ ਦੇ ਸਕਿਆ। ਪਹਿਲੀ ਵਾਰੀ ਕਿਸੇ ਉਪਰੇ ਦੀਆਂ ਨਜ਼ਰਾਂ ਨਾਲ ਮੈਂ ਇਸ ਕਹਾਣੀ ਨੂੰ ਵੇਖਿਆ ਸੀ; ਪਹਿਲੀ ਵਾਰ ਮੈਨੂੰ ਸਮਝ ਆਈ ਸੀ, ਕਿ ਸਾਡੇ ਰਾਹ ਵਿਚ ਕਿੰਨੀਆਂ ਭਿਅੰਕਰ ਅਤੇ ਠੋਸ ਰੁਕਾਵਟਾਂ ਹਨ। ਮੈਂ ਮੇਰੀਅਨ ਅਤੇ ਲਾਰਾ ਦੀ ਜ਼ਿੰਦਗੀ ਨੂੰ ਅੱਜ ਉਸ ਤਰ੍ਹਾਂ ਵੇਖਿਆ ਸੀ ਜਿਵੇਂ ਲੋਕ ਇਸ ਨੂੰ ਵੇਖਦੇ।

"ਇਸ ਵਿਚ ਕੋਈ ਸ਼ੱਕ ਨਹੀਂ ਕਿ ਘਟਨਾਵਾਂ ਸਾਡੇ ਖਿਲਾਫ ਜਾ ਰਹੀਆਂ ਹਨ-

"ਪਰ ਤੁਸੀਂ ਸੋਚਦੇ ਹੋ ਕਿ ਇਨ੍ਹਾਂ ਨੂੰ ਖੋਲ ਕੇ ਰੱਖਣ ਨਾਲ ਅਸਲੀਅਤ ਪ੍ਰਗਟ ਹੋ ਜਾਏਗੀ, ਮੈਂ ਤੁਹਾਨੂੰ ਇਕ ਗੱਲ ਦਸਾਂ --ਜਦੋਂ ਕਿਸੇ ਅੰਗਰੇਜ਼ ਜਿਊਰੀ ਨੂੰ, ਪ੍ਰਗਟ ਸਚਾਈ ਅਤੇ ਉਹਦੀ ਤਹਿ ਹੇਠਾਂ ਛੁਪੇ ਹੋਏ ਕਿਸੇ ਹੋਰ ਭੇਤ ਵਿਚੋਂ ਦੀ ਚੁਣਨਾ ਪੈਂਦਾ ਹੈ--ਤਾਂ ਉਹ ਲੋਕ ਪ੍ਰਗਟ ਸਚਾਈ ਨੂੰ ਹੀ ਚੁਣਨਾ ਪਸੰਦ ਕਰਦੇ ਹਨ। ਫਰਜ਼ ਕਰੋ, ਕਿ ਲੇਡੀ ਗਲਾਈਡ (ਮੈਂ ਵੀ ਉਸ ਔਰਤ ਨੂੰ ਤੁਹਾਡੇ ਨਾਲ ਲੇਡੀ ਗਲਾਈਡ ਹੀ ਕਹਿੰਦਾ) ਇਹ ਕਹਿੰਦੀ ਹੈ, ਕਿ ਮੈਂ ਲੰਦਨ ਦੇ ਫਲਾਣੇ ਘਰ ਵਿਚ ਸੁੱਤੀ ਸਾਂ ਅਤੇ ਉਥੇ ਕਚਿਹਰੀ ਵਿਚ ਹੀ ਨਾਲ ਹੀ ਇਹ ਸਾਬਤ ਹੋ ਜਾਏ, ਕਿ ਉਹ ਉਸ ਘਰ ਦੇ ਨੇੜੇ ਵੀ ਨਹੀਂ ਗਈ, ਤੁਸੀਂ ਤਾਂ ਉਹਨੂੰ ਸਮਝਦੇ ਹੋਵੋਗੇ ਅਤੇ ਨਾਂ ਹੀ ਮੈਂ ਇਹੀ ਕਹਿੰਦੀ ਹਾਂ ਕਿ ਤੁਹਾਡਾ ਵਿਸ਼ਵਾਸ ਗਲਤ ਹੈ; ਪਰ ਜਿਊਰੀ ਕੀ ਕਹੇਗੀ? ਉਹ ਤੇ ਇਹੀ ਕਹੇਗੀ ਕਿ ਉਹ ਆਪ ਹੀ ਆਪਣੀ ਗੱਲ ਨੂੰ ਰੱਦ ਕਰ ਰਹੀ ਹੈ, ਅਤੇ ਤੁਹਾਡੀ ਸਫਾਈ ਸੁਣਨ ਦੀ ਉਥੇ ਕੋਈ ਪ੍ਰਵਾਹ ਵੀ ਨਹੀਂ ਕਰੇਗਾ।"

"ਪਰ ਕੀ ਮਿਹਨਤ ਅਤੇ ਸਬਰ ਕਰਨ ਨਾਲ ਹੋਰ ਸਬੂਤ ਮੈਨੂੰ ਨਾਂ ਮਿਲ ਸਕੇਗਾ? ਮੇਰੇ ਅਤੇ ਮਿਸ ਹਾਲਕੌਂਬ ਕੱਲ ਥੋੜਾ ਪੈਸਾ ਹੈ...."

ਉਹਨੇ ਮੇਰੇ ਵੱਲ ਇੰਜ਼ ਵੇਖਿਆ-ਜਿਵੇਂ ਮੇਰੇ ਪਾਗਲਪਨ ਉਤੇ ਤਰਸ ਖਾ ਰਿਹਾ ਹੋਵੇ। ਉਹਨੇ ਸਿਰ ਹਿਲਾ ਕੇ ਕਿਹਾ :--

"ਮਿਸਟਰ ਹਾਰਟਰਾਈਟ-ਤੁਸੀਂ ਆਪਣੇ ਦ੍ਰਿਸ਼ਟੀਕੋਣ ਤੋਂ ਹੀ ਸਾਰੀ ਘਟਨਾ ਵੱਲ ਨਜ਼ਰ ਮਾਰੋ। ਜੇ ਵਹਾਡੇ ਵਿਚਾਰ ਸਰ ਪਰਸੀਵਲ ਅਤੇ ਕਾਂਉਟ ਫ਼ੋਸਕੋ ਬਾਰੇ ਸਹੀ ਹਨ--ਭਾਵੇਂ

ਮੈਂ ਤੁਹਾਡੇ ਨਾਲ ਸਹਿਮਤ ਨਹੀਂ, ਤਾਂ ਤੁਹਾਡੇ ਰਾਹ ਵਿਚ ਹਰ ਮੁਸ਼ਕਲ ਖੜੀ ਕੀਤੀ ਜਾਏਗੀ ਤਾਂ ਜੋ ਤੁਸੀਂ ਕੋਈ ਠੋਸ ਸਬੂਤ ਹਾਸਲ ਨਾ ਕਰ ਸਕੋ। ਨਿੱਕੀ ਤੋਂ ਨਿੱਕੀ ਗੱਲ ਤੋਂ ਮੁਕੱਦਮੇ ਬਾਜ਼ੀ ਕੀਤੀ ਜਾਏਗੀ; ਅਤੇ ਸਾਡੇ ਕੇਸ ਦਾ ਇਕ ਇਕ ਨੁਕਤਾ ਕਚਹਿਰੀ ਵਿਚ ਮੁਕੱਦਮਾ ਬਣਾਇਆ ਜਾਏਗਾ ਅਤੇ ਜਦੋਂ ਅਸੀਂ ਹਜ਼ਾਰਾਂ ਪੌਂਡ ਖਰਚ ਵੀ ਕਰ ਚੁੱਕਾਂਗੇ, ਤਾਂ ਵੀ ਮੁਕੱਦਮੇ ਦਾ ਫੈਸਲਾ ਸਾਡੇ ਖਿਲਾਫ ਹੀ ਹੋਵੇਗਾ। ਇਕ ਆਮ ਕੇਸ ਦਾ ਫੈਸਲਾ ਜਿਸ ਵਿਚ ਦੋ ਬੰਦਿਆਂ ਦੀ ਸ਼ਕਲ ਮਿਲਦੀ ਹੁੰਦੀ ਹੈ, ਵੀ ਬਹੁਤ ਮੁਸ਼ਕਲ ਹੁੰਦਾ ਹੈ ਅਤੇ ਜੇ ਅਜਿਹਾ ਕੇਸ ਹੋਵੇ, ਜਿਸ ਵਿਚ ਸ਼ਕਲਾਂ ਮਿਲਣ ਦੇ ਨਾਲ ਨਾਲ ਹੋਰ ਵੀ ਜਾਇਦਾਦ ਦੀਆਂ ਮੁਸ਼ਕਲਾਂ ਹਨ, ਸਭ ਤੋਂ ਮੁਸ਼ਕਲ ਬਣ ਜਾਂਦਾ ਹੈ ! ਮੈਂ ਇਸ ਅਜੀਬ ਕੇਸ ਨੂੰ ਕਿਸੇ ਹੋਰ ਦ੍ਰਿਸ਼ਟੀਕੋਣ ਨਾਲ ਨਹੀਂ ਵੇਖ ਸਕਦਾ। ਜੇ ਲਿਮਰਿਜ ਗਿਰਜੇ ਦੇ ਕਬਰਸਤਾਨ ਵਿਚ ਜਿਹੜੀ ਔਰਤ ਦਫਨਾਈ ਗਈ, ਲੇਡੀ ਗਲਾਈਡ ਨਾਂ ਵੀ ਹੋਵੇ; ਤਾਂ ਵੀ ਪੁਲੀਸ ਦੇ ਮੁੜ ਕੇ ਲਾਸ਼ ਕੱਢਣ ਨਾਲ ਵੀ ਸਾਨੂੰ ਕੋਈ ਫਾਇਦਾ ਨਹੀਂ ਹੋਵੇਗਾ, ਕਿਉਂਕਿ ਤੁਹਾਡੇ ਆਪਣੇ ਕਥਨ ਅਨੁਸਾਰ ਲੇਡੀ ਗਲਾਈਡ ਦੀ ਸ਼ਕਲ ਉਸ ਨਾਲ ਮਿਲਦੀ ਜੁਲਦੀ ਹੈ। ਗੱਲ ਉਥੇ ਹੀ ਮੁਕਦੀ ਹੈ, ਮਿਸਟਰ ਹਾਰਟਰਾਈਟ, ਕਿ ਕੋਈ ਵੀ ਕੇਸ ਬਣ ਨਹੀਂ ਸਕਦਾ, ਮੈਂ ਮੁੜ ਕਹਿੰਦਾ ਹਾਂ, ਕਿ ਕੋਈ ਕੇਸ ਨਹੀਂ ਬਣ ਸਕਦਾ।"

ਪਰ ਮੈਂ ਇਸ ਗੱਲ ਉਤੇ ਅੜਿਆ ਹੋਇਆ ਸਾਂ ਕਿ ਕੇਸ ਬਣਿਆ ਹੋਇਆ ਹੈ; ਇਸ ਲਈ ਮੈਂ ਇਕ ਵਾਰ ਮੁੜ ਉਹਨੂੰ ਕਿਹਾ : --

"ਜੇ ਅਸੀਂ ਇਸ ਸ਼ਕਲ ਮਿਲਣ ਦੇ ਨੁਕਤੇ ਨੂੰ ਛੱਡ ਹੀ ਦੇਈਏ ਤਾਂ ਕੀ ਅਸੀਂ ਹੋਰ ਸਬੂਤ ਪੇਸ਼ ਨਹੀਂ ਕਰ ਸਕਦੇ?"

"ਤੁਸੀਂ ਕਿਸੇ ਹੋਰ ਤਰ੍ਹਾਂ ਸਾਬਤ ਨਹੀਂ ਕਰ ਸਕਦੇ, ਇਕੋ ਹੀ ਸਬੂਤ ਜੋ ਪੱਕਾ ਹੋ ਸਕਦਾ ਹੈ ਉਹ ਹੈ; ਠੀਕ ਤਾਰੀਖਾਂ ਲੱਭਣ ਦਾ। ਅਤੇ ਉਹ ਤੁਹਾਡੀ ਪਹੁੰਚ ਤੋਂ ਬਾਹਰ ਹੈ। ਜੇ ਤੁਸੀਂ ਕਿਸੇ ਤਰ੍ਹਾਂ ਇਹ ਸਾਬਤ ਕਰ ਸਕੋ ਕਿ ਮੌਤ ਦੇ ਡਾਕਟਰੀ ਸਰਟੀਫ਼ਿਕੇਟ ਅਤੇ ਲੇਡੀ ਗਲਾਈਡ ਦੇ ਬਲੈਕਵਾਟਰ ਪਾਰਕ ਤੋਂ ਲੰਦਨ ਲਈ ਰਵਾਨਾ ਹੋਣ ਦੀ ਤਾਰੀਖ਼ ਵਿਚ ਕੋਈ ਫਰਕ ਸੀ ਤਾਂ ਤੇ ਇਹ ਕੇਸ ਬਿਲਕੁਲ ਹੋਰ ਹੀ ਬਣ ਜਾਂਦਾ ਹੈ। ਉਸ ਹਾਲਤ ਵਿਚ ਮੈਂ ਤੁਹਾਡਾ ਸਾਥ ਸਭ ਤੋਂ ਪਹਿਲਾ ਦਿਆਂਗਾ।"

"ਇਹ ਠੀਕ ਤਾਰੀਖ਼ ਅਜੇ ਲਭੀ ਜਾ ਸਕਦੀ ਹੈ ਮਿਸਟਰ ਕਾਈਰਲ !"

"ਜਿਸ ਦਿਨ ਤੁਸੀਂ ਇਹ ਤਾਰੀਖ਼ਾਂ ਦਾ ਮਾਮਲਾ ਨਿਬੜ ਲਵੋਗੇ ਇਹ ਸਮਝਣਾ ਕਿ ਕੇਸ ਤਿਆਰ ਹੈ। ਉਸ ਵੇਲੇ ਤੁਸੀਂ ਮੇਰੇ ਕੋਲ ਆਣਾ ਤਾਂ, ਮੈਂ ਤੁਹਾਨੂੰ ਕੋਈ ਸਲਾਹ ਦੇ ਸਕਾਂਗਾ ਕਿ ਅਗੋਂ ਕੀ ਕਰਨਾ ਹੈ।

ਮੈਂ ਕੁਝ ਚਿਰ ਚੁਪ ਸੋਚਾਂ ਵਿਚ ਗਵਾਚਿਆ ਰਿਹਾ। ਹਾਊਸ-ਕੀਪਰ ਸਾਡੀ ਕੋਈ ਮਦਦ ਨਹੀਂ ਸੀ ਕਰ ਸਕੀ। ਲਾਰਾ ਵੀ ਕੁਝ ਦਸਣੋਂ ਅਸਮੱਰਥ ਸੀ; ਮੇਰੀਅਨ ਨੂੰ ਵੀ ਕੁਛ ਪਤਾ ਨਹੀਂ ਸੀ। ਸਾਰੀ ਦੁਨੀਆਂ ਵਿਚ ਸ਼ਾਇਦ ਦੋ ਹੀ ਬੰਦੇ ਸਨ, ਜੋ ਉਸ ਠੀਕ ਤਾਰੀਖ਼ ਨੂੰ ਜਾਣਦੇ ਸਨ, ਉਹ ਸਨ ਸਰ ਪਰਸੀਵਲ ਅਤੇ ਕਾਂਊਟ ਫ਼ੋਸਕੋ। ਅਖੀਰ ਮੈਂ ਮਿਸਟਰ ਕਾਈਰਲ ਨੂੰ ਕਿਹਾ:

ਇਸ ਵੇਲੇ ਮੈਨੂੰ ਇਹ ਨਹੀਂ ਅਹੁੜ ਰਿਹਾ ਕਿ ਮੈਂ ਤਾਰੀਖ ਦਾ ਪਤਾ ਕਿਸ ਕੋਲੋਂ ਲਵਾਂਗਾ, ਕਿਉਂਕਿ ਦੋ ਹੀ ਆਦਮੀ ਇਸ ਤਾਰੀਖ ਨੂੰ ਜਾਣਦੇ ਹਨ, ਉਹ ਹਨ ਸਰ ਪਰਸੀਵਲ ਅਤੇ ਕਾਂਊਟ ਫ਼ੋਸਕੋ।"

ਮੇਰੀ ਇਹ ਗੱਲ ਸੁਣਕੇ ਮਿਸਟਰ ਕਾਈਰਲ ਅਖੀਰ ਮੁਸਕਰਾ ਪਿਆ।

"ਤੁਸੀਂ ਅਤੇ ਤੁਹਾਡੇ ਜੋ ਵਿਚਾਰ ਉਨ੍ਹਾਂ ਦੋਹਾਂ ਸੱਜਣਾਂ ਬਾਰੇ ਹਨ -ਉਹ ਵੇਖਦਿਆ ਹੋਇਆਂ, ਉਹ ਤੁਹਾਡੀ ਸਹਾਇਤਾ ਕਿਉਂ ਕਰਨਗੇ-? ਜੇ ਉਨ੍ਹਾਂ ਇਹ ਗੋਂਦ ਗੁੰਦਕੇ ਏਨੀ ਭਾਰੀ ਜਾਇਦਾਦ ਉਤੇ ਕਬਜ਼ਾ ਕੀਤਾ ਹੈ ਤਾਂ ਉਹ ਘੱਟ ਤੋਂ ਘੱਟ ਇਹ ਸਵੀਕਾਰ ਕਦੀ ਨਹੀਂ ਕਰਨਗੇ।'

"ਪਰ ਉਨ੍ਹਾਂ ਕੋਲੋਂ ਇਹ ਗੱਲ ਜ਼ਬਰਦਸਤੀ ਮੰਨਵਾਈ ਤਾਂ ਜਾ ਸਕਦੀ ਹੈ ਮਿਸਟਰ ਕਾਈਰਲ?"

"ਕੌਣ ਉਨ੍ਹਾਂ ਨੂੰ ਮਜ਼ਬੂਰ ਕਰੇਗਾ?"

ਅਸੀਂ ਦੋਵੇਂ ਇਕੱਠੇ ਹੀ ਉਠ ਕੇ ਖੜੇ ਹੋਏ। ਉਹਨੇ ਮੇਰੇ ਵੱਲ ਧਿਆਨ-ਪੂਰਵਕ ਦੇਖਿਆ। ਸ਼ਾਇਦ ਉਹ ਕੁਛ ਸਮਝ ਨਹੀਂ ਸੀ ਰਿਹਾਂ। ਉਹ ਬੋਲਿਆ: -

"ਤੁਸੀਂ ਆਪਣੇ ਨਿਸਚੇ ਉੱਤੇ ਦ੍ਰਿੜ ਡਟੇ ਹੋਏ ਹੋ। ਇਸ ਗੱਲ ਲਈ ਤੁਹਾਡਾ ਕੋਈ ਨਿੱਜੀ ਮਨੋਰਥ ਵੀ ਹੋਵੇਗਾ, ਪਰ ਉਸ ਨਾਲ ਮੇਰਾ ਕੋਈ ਮਤਲਬ ਨਹੀਂ ਜੋ ਕਦੀ ਇਹ ਕੇਸ

ਕਚਹਿਰੀ ਵਿਚ ਪੇਸ਼ ਕਰਨ ਲਾਇਕ ਹੋਇਆ ਤਾਂ ਮੈਂ ਤੁਹਾਡੀ ਵਧ ਤੋਂ ਵਧ ਸਹਾਇਤਾ ਕਰਾਂਗਾ। ਇਸ ਵੇਲੇ ਤਾਂ ਮੈਂ ਇਹੀ ਕਹਿ ਸਕਦਾ ਹਾਂ। ਪਰ ਮੈਂ ਤੁਹਾਨੂੰ ਇਸ ਵੇਲੇ ਇਸ ਗੱਲ ਤੋਂ ਵੀ ਸਾਵਧਾਨ ਕਰਦਿਆਂ ਕਿ ਜੇ ਕਦੀ ਇਹ ਵੀ ਸਾਬਤ ਹੋ ਗਿਆ; ਕਿ ਲੇਡੀ ਗਲਾਈਡ ਜੀਉਂਦੀ ਹੈ, ਤਾਂ ਉਸਦੀ ਗਵਾਹੀ ਹੋਈ ਜਾਇਦਾਦ ਮੁੜ ਮਿਲਣੀ ਲਗਭਗ ਅਸੰਭਵ ਹੀ ਹੋਵੇਗੀ। ਵਿਦੇਸ਼ੀ ਤਾਂ ਲੰਦਨ ਛੱਡ ਕੇ ਹੀ ਚਲਾ ਜਾਵੇਗਾ, ਅਤੇ ਉਸ ਤੇ ਕੋਈ ਮੁਕੱਦਮਾ ਪਿਛੋਂ ਚਲ ਹੀ ਨਹੀਂ ਸਕੇਗਾ। ਸਰ ਪਰਸੀਵਲ ਦੇ ਸਿਰ ਏਨਾਂ ਕਰਜ਼ਾ ਹੈ, ਕਿ ਉਹ ਇਸ ਜਾਇਦਾਦ ਨੂੰ ਚਰੋਕਣਾ ਖਤਮ ਕਰ ਚੁਕ ਹੋਵੇਗਾ ਅਤੇ ਜਦੋਂ ਤੀਕ ਤੁਹਾਡੇ ਕੇਸ ਦਾ ਕੋਈ ਫੈਸਲਾ ਹੋਵੇਗਾ-ਉਦੋਂ ਤੀਕ ਇਕ ਪੈਸਾ ਵੀ ਨਹੀਂ ਬਚਣਾ। ਮੈਨੂੰ ਆਸ ਹੈ, ਕਿ ਤੁਹਾਨੂੰ ਪਤਾ ਹੀ ਹੋਵੇਗਾ।" ਮੈਂ ਉਹਨੂੰ ਇਥੇ ਟੋਕ ਦਿਤਾ।

"ਮੈਂ ਤੁਹਾਡੀ ਮਿੰਨਤ ਕਰਦਾ ਹਾਂ, ਕਿ ਲੇਡੀ ਗਲਾਈਡ ਦੀ ਜਾਇਦਾਦ ਬਾਰੇ ਨਾਂ ਮੈਨੂੰ ਪਹਿਲਾਂ ਹੀ ਪਤਾ ਸੀ, ਅਤੇ ਨਾਂ ਹੀ ਹੁਣ ਕੁਝ ਜਾਣਦਾ ਹਾਂ। ਮੈਂ ਬਸ ਇਹੀ ਜਾਣਦਾ ਹਾਂ, ਕਿ ਉਹਦੀ ਸਾਰੀ ਜਾਇਦਾਦ ਖਤਮ ਹੋ ਗਈ ਹੈ। ਤੁਹਾਡਾ ਅਨੁਮਾਨ ਠੀਕ ਹੈ ਕਿ ਮੇਰਾ ਆਪਣਾ ਕੋਈ ਸਵਾਰਥ ਵੀ ਇਸ ਮਾਮਲੇ ਵਿਚ ਹੈ। ਪਰ ਮੇਰੇ ਸਵਾਰਥ ਦਾ ਉਹਦੇ ਪੈਸੇ ਨਾਲ ਕਈ ਸਰੋਕਾਰ ਨਹੀਂ।" ਉਹਨੇ ਮੈਨੂੰ ਆਪਣੀ ਗੱਲ ਸਮਝਾਣੀ ਚਾਹੀ। ਪਰ ਮੈਂ ਰਤਾ ਗਰਮ ਹੋ ਗਿਆ ਸਾਂ। ਸ਼ਾਇਦ ਇਹ ਸੋਚ ਕੇ ਕਿ ਉਹ ਮੇਰੇ ਉਤੇ ਸ਼ੱਕ ਕਰ ਰਿਹਾ ਹੈ, ਮੈਨੂੰ ਥੋੜਾ ਗੁੱਸਾ ਆ ਗਿਆ ਸੀ। ਮੈਂ ਉਹਦੀ ਗੱਲ ਅਣ-ਸੁਣੀ ਕਰਕੇ ਬੜੇ ਰੁੱਖੇ ਲਹਿਜੇ ਵਿਚ ਬੋਲਿਆ:--

"ਮੈਂ ਜੋ ਸਹਾਇਤਾ ਲੇਡੀ ਗਲਾਈਡ ਦੀ ਕਰਨੀ ਚਾਹੁੰਦਾ ਹਾਂ ਉਸ ਵਿਚ ਮੈਨੂੰ ਨਾ ਤਾ ਪੈਸੇ ਨਾਲ ਮਤਲਬ ਹੈ ਨਾਂ ਮੇਰਾ ਕੋਈ ਹੋਰ ਨਿੱਜੀ ਫਾਇਦਾ ਹੈ। ਉਹ ਜਿਸ ਘਰ ਵਿਚ ਜੰਮੀ ਪਲੀ, ਉਹਨੂੰ ਉਥੋਂ ਹੀ ਬੇਘਰ ਕਰ ਦਿੱਤਾ ਗਿਆ ਹੈ; ਉਹਦੀ ਮਾਂ ਦੇ ਮਕਬਰੇ ਤੇ ਇਕ ਸ਼ਿਲਾ ਲੇਖ ਲਾਇਆ ਗਿਆ ਹੈ; ਜਿਸ ਵਿਚ ਉਹਦੀ ਮੌਤ ਦਾ ਝੂਠਾ ਵਰਨਣ ਹੈ, ਦੋ ਆਦਮੀ ਜਿਨ੍ਹਾਂ ਨੇ ਇਹ ਘੋਰ ਜੁਰਮ ਕੀਤਾ ਹੈ, ਦੁਨੀਆਂ ਵਿਚ ਆਜ਼ਾਦ ਘੁੰਮ ਰਹੇ ਹਨ, ਕੋਈ ਨਹੀਂ ਜੋ ਉਨਾ ਨੂੰ ਸਜ਼ਾ ਦੇਏ। ਉਹਨੂੰ ਉਸੇ ਘਰ ਵਿਚ ਮੁੜ ਇਜ਼ਤ ਨਾਲ ਥਾਂ ਦਿੱਤੀ ਜਾਏਗੀ, ਅਤੇ ਉਨ੍ਹਾਂ ਸਭਾ ਦੇ ਸਾਹਮਣੇ ਜਿਨ੍ਹਾਂ ਸਾਹਮਣੇ ਉਹਨੂੰ ਕਬਰਸਤਾਨ ਵਿਚ ਦਫਨਾਇਆ ਗਿਆ ਸੀ। ਘਰ ਦੇ ਬਜ਼ੁਰਗ ਦੀ ਆਪਣੀ ਆਗਿਆ ਨਾਲ ਉਸ ਮਕਬਰੇ ਤੋਂ ਉਹ ਝੂਠਾ ਸ਼ਿਲਾਲੇਖ ਉਤਾਰਿਆ

ਜਾਏਗਾ, ਉਹ ਵੀ ਸਭ ਲੋਕਾਂ ਦੇ ਸਾਹਮਣੇ, ਅਤੇ ਉਨ੍ਹਾਂ ਬਦਮਾਸ਼ਾਂ ਨੂੰ ਮੈਂ ਸਜ਼ਾ ਦੇਵਾਂਗਾ. ਭਾਵੇਂ ਕਾਨੂੰਨ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਉਨ੍ਹਾਂ ਦੇ ਇਸ ਕੁਕਰਮ ਦਾ ਬਦਲਾ ਮੈਂ ਉਨ੍ਹਾਂ ਨੂੰ ਦਿਆਗਾ। ਮੇਰੀ ਜ਼ਿੰਦਗੀ ਦਾ ਇਹੀ ਮੰਤਵ ਹੈ ਅਤੇ ਮੈਂ ਹੁਣ ਵੀ ਇਹੀ ਕਹਿੰਦਾ ਹੈ ਕਿ ਜੇ ਮੇਰੀ ਜ਼ਿੰਦਗੀ ਹੋਈ ਤਾਂ ਇਹ ਸਾਰੇ ਕੰਮ ਜ਼ਰੂਰ ਕੀਤੇ ਜਾਣਗੇ।" ਉਹ ਚੁੱਪ ਕਰਕੇ ਆਪਣੇ ਮੇਜ਼ ਕੋਲ ਚਲਾ ਗਿਆ ਉਹ ਪ੍ਰਤੱਖ ਸੀ, ਕਿ ਉਹ ਇਹ ਸਮਝ ਰਿਹਾ ਸੀ ਕਿ ਮੇਰੇ ਵਹਿਮ ਨੇ ਮੇਰੇ ਦਿਮਾਗ ਉਤੇ ਕਬਜ਼ਾ ਕਰ ਲਿਆ ਹੈ, ਅਤੇ ਹੁਣ ਉਹਦੀ ਕਿਸੇ ਵੀ ਸਲਾਹ ਦਾ ਮੈਨੂੰ ਸਨਕੀ ਨੂੰ ਕਈ ਫਾਇਦਾ ਨਹੀਂ ਹੋਣਾ।

"ਸਾਡੇ ਦੋਹਾਂ ਦੀ ਰਾਇ ਵਖਰੀ ਵਖਰੀ ਹੈ ਮਿਸਟਰ ਕਾਈਰਲ। ਅਸੀਂ ਉਸ ਸਮੇਂ ਦੀ ਉਡੀਕ ਕਰਾਂਗੇ, ਜਦੋਂ ਤਕ ਘਟਨਾਂਵਾਂ ਹੀ ਭੱਵਿਸ਼ ਵਿਚ ਕੋਈ ਨਿਰਣਾ ਨਹੀਂ ਕਰਦੀਆਂ। ਮੈਂ ਤੁਹਾਡਾ ਬੜਾ ਰਿਣੀ ਹਾਂ, ਕਿ ਤੁਸੀਂ ਮੈਨੂੰ ਆਪਣਾ ਵਕਤ ਦੇ ਕੇ ਮੇਰੀ ਗੱਲ ਸੁਣੀ ਅਤੇ ਮੈਨੂੰ ਆਪਣੀ ਕੀਮਤੀ ਰਾਇ ਦਿੱਤੀ ਹੈ। ਤੁਸੀਂ ਇਹ ਵੀ ਸਮਝਾਉਣ ਦੀ ਕਿਰਪਾ ਕੀਤੀ ਹੈ, ਕਿ ਕਾਨੂੰਨੀ ਤੌਰ ਤੇ ਅਸੀਂ ਇਸ ਵੇਲੇ ਕੁਝ ਨਹੀਂ ਕਰ ਸਕਦੇ। ਸਾਡੇ ਕੋਲ ਇੰਨਾ ਪੈਸਾ ਵੀ ਨਹੀਂ ਕਿ ਅਸੀਂ ਮੁਕੱਦਮੇ ਲੜ ਸਕੀਏ ਅਤੇ ਉਹ ਪੱਕਾ ਸਬੂਤ ਵੀ ਨਹੀਂ, ਜਿਸ ਨਾਲ ਅਸੀਂ ਮੁਕੱਦਮਾ ਜਿੱਤ ਸਕੀਏ ! ਤੁਹਾਡੇ ਕੋਲ ਮੈਨੂੰ ਇਹ ਤਾਂ ਪਤਾ ਲੱਗ ਹੀ ਗਿਆ ਹੈ, ਮੈਂ ਧੰਨਵਾਦੀ ਹਾਂ !

ਮੈਂ ਸਿਰ ਝੁਕਾ ਕੇ ਨਮਸਕਾਰ ਕੀਤੀ, ਅਤੇ ਦਰਵਾਜ਼ੇ ਤੀਕ ਆਇਆ। ਉਹਨੇ ਮੈਨੂੰ ਮੁੜ ਬੁਲਾਕੇ ਉਹ ਚਿੱਠੀ ਦਿੱਤੀ, ਜੋ ਉਹਨੇ ਮੁਲਾਕਾਤ ਦੇ ਸ਼ੁਰੂ ਵਿਚ ਹੀ ਮੇਜ਼ ਤੋ ਰੱਖ ਲਈ ਸੀ।

"ਇਹ ਚਿੱਠੀ ਮਿਸ ਹਾਲਕੌਂਬ ਨੂੰ ਦੇ ਦੇਣੀ, ਕੁਝ ਦਿਨ ਹੋਏ ਇਹ ਡਾਕ ਰਾਹੀਂ ਆਈ ਸੀ। ਮੇਰੇ ਵਲੋਂ ਵੀ ਕਹਿਣਾ ਕਿ ਮੈਨੂੰ ਸਰਮੁਚ ਇਸ ਗੱਲ ਦਾ ਦਿਲੀ ਅਫ਼ਸੋਸ ਹੈ ਕਿ ਮੈਂ ਉਨ੍ਹਾਂ ਦੀ ਅਜੇ ਤੀਕ ਕੋਈ ਸਹਾਇਤਾ ਨਹੀਂ ਕਰ ਸਕਿਆ ਅਤੇ ਮੇਰੀ ਸਲਾਹ ਦੀ, ਸ਼ਾਇਦ ਉਨ੍ਹਾਂ ਨੂੰ ਵੀ ਇਸ ਵੇਲੇ ਏਨੀ ਲੋੜ ਨਹੀਂ।"

ਮੈਂ ਚਿੱਠੀ ਵੱਲ ਇਕ ਨਜ਼ਰ ਮਾਰੀ। ਮਿਸ ਹਾਲਕੌਂਬ ਦੇ ਨਾਂ ਸੀ ਅਤੇ ਸ੍ਰੀ ਗਿਲਮੌਰ ਅਤੇ ਕਾਈਰਲ ਦੀ ਮਾਰਫਤ ਭੇਜੀ ਗਈ ਸੀ, ਲਿਖਾਈ ਮੇਰੇ ਲਈ ਬਿਲਕੁਲ ਓਪਰੀ ਸੀ।

ਜਾਣ ਤੋਂ ਪਹਿਲਾਂ ਮੈਂ ਇਕ ਪ੍ਰਸ਼ਨ ਮਿਸਟਰ ਕਾਈਰਲ ਕਲੋਂ ਪੁੱਛਿਆ

ਕੀ ਤੁਹਾਨੂੰ ਪਤਾ ਹੈ ਕਿ ਸਰ ਪਰਸੀਵਲ ਇਸ ਵੇਲੇ ਕਿਥੇ ਹੈ ਪੈਰਿਸ ਜਾਂ ਲੰਦਨ ਵਿਚ?

"ਉਹ ਪੈਰਿਸ ਤੋਂ ਪਰਤ ਆਇਆ ਹੈ। ਰਾਤੀ ਹੀ ਮੈਨੂੰ ਉਹਦੇ ਵਕੀਲ ਤੋਂ ਪਤਾ ਲੱਗਾ ਹੈ।" ਇਹ ਗੱਲ ਸੁਣਨ ਮਗਰੋਂ ਮੈਂ ਬਾਹਰ ਨਿਕਲ ਆਇਆ।

ਦਫਤਰ ਤੋਂ ਬਾਹਰ ਨਿਕਲ ਮੈਂ ਤੁਰਦਾ ਹੀ ਗਿਆ, ਕਿਉਂਕਿ ਉਥੇ ਖੜੇ ਹੋ ਕੇ ਚਾਰੇ ਪਾਸੇ ਨਜ਼ਰ ਮਾਰਨ ਨਾਲ ਵੀ ਲੋਕਾਂ ਦਾ ਧਿਆਨ ਮੇਰੇ ਵੱਲ ਖਿਚਿਆ ਜਾ ਸਕਦਾ ਸੀ। ਹਾਲਬੋਰਨ ਦੇ ਉੱਤਰੀ ਪਾਸੇ ਜੋ ਵੱਡੇ ਵੱਡੇ ਸੁਕੇਅਰ ਸਨ, ਮੈਂ ਉਧਰ ਤੁਰ ਪਿਆ। ਥੋੜਾ ਅੱਗੇ ਜਾ ਕੇ ਇਕ ਸੁਨਸਾਨ ਜਗ੍ਹਾ ਤੇ ਅਚਾਨਕ ਪਿਛੇ ਮੁੜ ਕੇ ਵੇਖਿਆ, ਮੇਰੇ ਪਿਛੇ ਕਾਫੀ ਥਾਂ ਖਾਲੀ ਸੀ।

ਸੁਕੇਅਰ ਦੀ ਇਕ ਨੁਕਰ ਤੇ ਦੋ ਹੋਰ ਆਦਮੀ ਸਨ ਜੋ ਮੇਰੇ ਰੁਕਣ ਨਾਲ ਹੀ ਰੁਕੇ ਸਨ, ਅਤੇ ਉਹ ਆਪਸ ਵਿਚ ਗੱਲਾਂ ਕਰ ਰਹੇ ਸਨ। ਮੈਂ ਇਕ ਪਲ ਸੋਚਿਆ, ਕਿ ਹੁਣ ਕੀ ਕੀਤਾ ਜਾਏ। ਮੈਂ ਵਾਪਸ ਪਿਛੇ ਵੱਲ ਦੀ ਹੋ ਤੁਰਿਆ ਤਾਂ ਜੋ ਉਨ੍ਹਾਂ ਕੋਲੋਂ ਲੰਘਾਂ। ਉਨ੍ਹਾਂ ਵਿਚੋਂ ਇਕ ਹਿਲਿਆ ਅਤੇ ਉਹ ਮੋੜ ਮੁੜਿਆ ਜਿਹੜਾ ਸੁਕੇਅਰ ਵਿਚ ਗਲੀ ਵੱਲ ਜਾਂਦਾ ਸੀ। ਦੂਜਾ ਉਥੇ ਹੀ ਖੜੋਤਾ ਰਿਹਾ। ਮੈਂ ਉਹਦੇ ਕੋਲੋਂ ਲੰਘਿਆ ਤਾਂ ਉਹਨੂੰ ਪਛਾਣ ਗਿਆ, ਉਹ ਉਹੀ ਬੰਦਾ ਸੀ ਜੋ ਮੇਰੇ ਇੰਗਲੈਂਡ ਛੱਡਣ ਤੋਂ ਪਹਿਲਾਂ ਮੇਰਾ ਪਿੱਛਾ ਕਰਿਆ ਕਰਦਾ ਸੀ।

ਜੇ ਮੈਂ ਉਸ ਵੇਲੇ ਆਪਣੇ ਦਿਲ ਦੀ ਗੱਲ ਮੰਨਦਾ, ਤਾਂ ਮੈਂ ਉਸ ਆਦਮੀ ਨਾਲ ਦੋ ਦੋ ਹੱਥ ਕਰਦਾ, ਅਤੇ ਉਹਨੂੰ ਚੰਗੀ ਤਰ੍ਹਾਂ ਕੁਟਦਾ, ਪਰ ਮੈਂ ਇੰਜ ਨਹੀਂ ਸਾਂ ਕਰ ਸਕਦਾ। ਇਕ ਵਾਰੀ ਵੀ ਗਲਤ ਕਦਮ ਚੁਕਣ ਨਾਲ ਮੈਂ ਸਰ ਪਰਸੀਵਲ ਦੇ ਹੱਥ ਵਿਚ ਉਹ ਹਥਿਆਰ ਆਪ ਹੀ ਦੇ ਦੇਣੇ ਸਨ; ਜਿਨ੍ਹਾਂ ਨਾਲ ਉਹਨੇ ਮੈਨੂੰ ਹਰਾ ਦੇਣਾ ਸੀ। ਸੋ ਮੈਂ ਖੂਨ ਦਾ ਘੁੱਟ ਪੀ ਕੇ ਰਹਿ ਗਿਆ। ਛੱਲ ਦਾ ਉੱਤਰ ਛੱਲ ਨਾਲ ਹੀ ਦੇਣਾ ਪਵੇਗਾ। ਮੈਂ ਵੀ ਉਸੇ ਗਲੀ ਵਿਚ ਗਿਆ, ਜਿਧਰ ਉਹ ਪਹਿਲਾ ਆਦਮੀ ਗਿਆ ਸੀ। ਉਹ ਇਕ ਦਰਵਾਜ਼ੇ ਦੇ ਅੱਗੇ ਖੜਾ ਹੋ ਕੇ ਮੇਰੀ ਉਡੀਕ ਕਰ ਰਿਹਾ ਸੀ। ਉਹ ਮੇਰੇ ਲਈ ਨਵਾਂ ਸੀ। ਮੈਂ ਉਹਨੂੰ ਧਿਆਨ ਨਾਲ ਦੇਖ ਲੈਣਾ ਚਾਹੁੰਦਾ ਸਾਂ, ਤਾਂ ਜੋ ਅਗੋਂ ਉਹਦੇ ਤੋਂ ਖ਼ਬਰਦਾਰ ਰਹਿ ਸਕਾਂ। ਮੈਂ ਮੁੜ ਉਤਰੀ ਪਾਸੇ ਵੱਲ ਨੀਯੂ ਰੋਡ ਤੀਕ ਤੁਰਦਾ ਗਿਆ। ਉਹ ਵੀ ਮੇਰੇ ਪਿਛੇ ਪਿਛੇ ਤੁਰਦੇ ਆ ਰਹੇ ਸਨ। ਮੈਂ ਪੱਛਮੀ ਪਾਸੇ

ਮੁੜ ਕੇ ਅਜਿਹੀ ਥਾਂ ਤੇ ਖੜੋਤਾ, ਜਿਥੋਂ ਟੈਕਸੀਆਂ ਦਾ ਅੱਡਾ ਮੇਰੇ ਤੋਂ ਥੋੜੀ ਦੂਰੀ ਤੇ ਸੀ। ਮੈਂ ਕਿਸੇ ਅਜਿਹੀ ਬੱਘੀ ਦੀ ਉਡੀਕ ਵਿਚ ਸਾਂ ਜੋ ਖਾਲੀ ਅਤੇ ਤੇਜ਼ ਚਲਣ ਵਾਲੀ ਹੋਵੇ। ਕੁੱਝ ਪਲ ਖੜੇ ਹੋਣ ਮਗਰੋਂ ਇਕ ਤੇਜ਼ ਖ਼ਾਲੀ ਬੱਘੀ ਮੈਨੂੰ ਆਪਣੇ ਵੱਲ ਆਉਂਦੀ ਦਿਸੀ, ਮੈਂ ਕੁੱਦ ਕੇ ਉਹਦੇ ਵਿਚ ਬੈਠ ਗਿਆ ਅਤੇ ਕੋਚਵਾਨ ਨੂੰ ਹਾਈਡ ਪਾਰਕ ਵੱਲ ਬੜੀ ਤੇਜ਼ ਜਾਣ ਲਈ ਕਿਹਾ। ਮੇਰੇ ਜਾਸੂਸਾਂ ਲਈ ਪਿਛੋਂ ਕੋਈ ਬੱਘੀ ਨਹੀਂ ਸੀ। ਉਹ ਦੌੜਦੇ ਹੋਏ ਹੀ ਮੇਰੇ ਪਿਛੇ ਆ ਰਹੇ ਸਨ। ਪਰ ਜਦੋਂ ਮੈਂ ਬੱਘੀ ਰੋਕੀ ਤੇ ਬਾਹਰ ਨਿਕਲਿਆ, ਪਤਾ ਨਹੀਂ ਉਹ ਕਿੱਥੇ ਰਹਿ ਗਏ ਸਨ। ਮੈਂ ਹਾਈਡ ਪਾਰਕ ਨੂੰ ਪਾਰ ਕਰਕੇ ਇਕ ਖੁੱਲੀ ਥਾਂ ਤੇ ਖੜ ਕੇ ਚਾਰੋਂ ਪਾਸੇ ਨਜ਼ਰ ਮਾਰ ਕੇ ਪੱਕਾ ਵੇਖ ਲਿਆ ਕਿ ਮੇਰੇ ਪਿਛੇ ਹੁਣ ਕੋਈ ਨਹੀਂ ਸੀ ਆ ਰਿਹਾ। ਜਦੋਂ ਮੈਂ ਘਰ ਵੱਲ ਮੂੰਹ ਕੀਤਾ, ਸ਼ਾਮ ਕਾਫੀ ਹਨੇਰੀ ਹੋ ਚੁੱਕੀ ਸੀ।

ਮੇਰੀਅਨ ਉਸ ਛੋਟੀ ਬੈਠਕ ਵਿਚ ਬੈਠੀ ਮੇਰੀ ਉਡੀਕ ਕਰ ਰਹੀ ਸੀ। ਉਹ ਨੇ ਲਾਰਾ ਨੂੰ ਬੜੀ ਮੁਸ਼ਕਲ ਸੌਂ ਜਾਣ ਲਈ ਮਨਾਇਆ ਸੀ; ਇਹ ਇਕਰਾਰ ਕਰਕੇ, ਕਿ ਮੈਨੂੰ ਆਉਂਦਿਆ ਹੀ ਉਹਦੀ ਡਰਾਇੰਗ ਵਿਖਾਏਗੀ। ਉਹ ਫਿੱਕੀ ਧੁੰਦਲੀ ਡਰਾਇੰਗ ਨੂੰ ਮੇਜ਼ ਉਤੇ ਦੇ ਕਿਤਾਬਾ ਦੇ ਸਹਾਰੇ ਅਜਿਹੀ ਥਾਂ ਤੇ ਸਜਾ ਕੇ ਰੱਖਿਆ ਸੀ; ਜਿਥੇ ਉਸ ਇਕ ਮੋਮਬੱਤੀ, ਦਾ ਚਾਨਣਾ ਉਹਦੇ ਤੇ ਪਵੇ।

ਆਪਣੇ ਆਪ ਵਿਚ ਇਹ ਇਕ ਮਾਮੂਲੀ ਸਕੈੱਚ ਸੀ, ਪਰ ਉਹਨੂੰ ਵੇਖ ਕੇ ਯਾਦਾਂ ਦੀ ਭੀੜ ਮੇਰੇ ਦਿਲ ਵਿਚ ਲੱਗ ਗਈ ਸੀ। ਮੋਮਬੱਤੀ ਮੇਜ਼ ਤੇ ਬਲ ਰਹੀ ਸੀ ਅਤੇ ਮੈਂ ਉਸ ਤਸਵੀਰ ਉਤੇ ਝੁਕਿਆ, ਮੇਰੀਅਨ ਨੂੰ ਸਾਰੀ ਗੱਲ ਬੜੀ ਧੀਮੀ ਆਵਾਜ਼ ਵਿਚ ਸੁਣਾਈ। ਦੋਹਾਂ ਕਮਰਿਆਂ ਦੇ ਵਿਚਕਾਰ ਇਕ ਪਤਲੀ ਜਿਹੀ ਲੱਕੜੀ ਸੀ। ਸਾਨੂੰ ਇਧਰ ਲਾਰਾ ਦੇ ਸਾਹ ਲੈਣ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ; ਅਤੇ ਜੋ ਅਸੀਂ ਉੱਚੀ ਆਵਾਜ਼ ਵਿਚ ਗੱਲਾਂ ਕਰਦੇ ਤਾਂ ਉਹ ਜ਼ਰੂਰ ਹੀ ਜਾਗ ਪੈਂਦੀ।

ਜਦੋਂ ਤੀਕ ਮੈਂ ਮੇਰੀਅਨ ਨੂੰ ਮਿਸਟਰ ਕਾਈਰਲ ਨਾਲ ਹੋਈ ਗੱਲਬਾਤ ਦੱਸਦਾ ਰਿਹਾ ਉਦੋਂ ਤੀਕ ਤੇ ਉਹ ਅਡੋਲ ਬੈਠੀ ਰਹੀ। ਪਰ ਜਦੋਂ ਮੈਂ ਉਹਨੂੰ ਆਪਣੇ ਪਿੱਛੇ ਲੱਗੇ ਜਾਸੂਸ ਬਾਰੇ ਦੱਸਿਆ ਅਤੇ ਨਾਲ ਹੀ ਸਰ ਪਰਸੀਵਲ ਦੇ ਲੰਦਨ ਆਉਣ ਦੀ ਖ਼ਬਰ ਦਿੱਤੀ ਤਾਂ ਉਹਦੇ ਮੂੰਹ ਉਤੇ ਚਿੰਤਾ ਦੇ ਪ੍ਰਛਾਵੇ ਸਨ; ਅਤੇ ਉਹ ਪਰੇਸ਼ਾਨ ਨਜ਼ਰ ਆ ਰਹੀ ਸੀ।

"ਬੜੀ ਹੀ ਬੁਰੀ ਖ਼ਬਰ ਲਿਆਇਆ ਹੈ ਵਾਲਟਰ ! ਕੀ ਹੋਰ ਕੋਈ ਖਬਰ ਨਹੀਂ- ਉਹਨੇ ਕਿਹਾ।

"ਹਾਂ ਸੱਚ, ਕੁਝ ਹੋਰ ਵੀ ਹੈ" ਇਹ ਕਹਿਕੇ ਮੈਂ ਉਹਦੇ ਹੱਥ ਉਹ ਚਿੱਠੀ ਫੜਾਈ, ਜੋ ਮੈਨੂੰ ਮਿਸਟਰ ਕਾਈਰਲ ਨੇ ਸੌਂਪੀ ਸੀ, ਉਹਨੇ ਚਿੱਠੀ ਨੂੰ ਵੇਖਿਆ ਅਤੇ ਵੇਖਦਿਆਂ ਸਾਰ ਹੀ ਲਿਖਾਈ ਪਛਾਣ ਗਈ। ਮੈਂ ਪੁਛਿਆ;

"ਤੁਹਾਨੂੰ ਪਤਾ ਹੈ ਕਿ ਲਿਖਣ ਵਾਲਾ ਕੌਣ ਹੈ-?' '

"ਹਾਂ -, ਇਹ ਚਿੱਠੀ ਕਾਉਂਟ ਫ਼ੋਸਕੋ ਦੀ ਹੈ।"

ਇਹ ਕਹਿ ਕੇ ਉਹਨੇ ਚਿੱਠੀ ਖੋਲ੍ਹੀ। ਪੜਦਿਆਂ-ਪੜਦਿਆਂ ਉਹਦਾ ਮੂੰਹ ਲਾਲ ਹੋ ਗਿਆ। ਅਤੇ ਉਹਦੀਆਂ ਅੱਖਾਂ ਵਿਚੋਂ ਗੁੱਸੇ ਦੀਆਂ ਚਿੰਗਾਰੀਆਂ ਨਿਕਲ ਰਹੀਆਂ ਸਨ। ਚਿੱਠੀ ਖਤਮ ਕਰਨ ਤੋਂ ਮਗਰੋਂ ਉਹਨੇ ਮੇਰੇ ਹੱਥ ਫੜਾ ਦਿੱਤੀ।

ਚਿੱਠੀ ਇਉਂ ਸੀ :-

ਮੇਰੇ ਦਿਲ ਵਿਚ ਜੋ ਤੁਹਾਡੇ ਲਈ ਪ੍ਰਸੰਸਾ ਹੈ, ਉਸ ਤੋਂ ਮਜ਼ਬੂਰ ਹੋ ਕੇ ਇਹ ਸੱਤਰਾਂ ਲਿਖ ਰਿਹਾ ਹਾਂ। ਇਹ ਪ੍ਰਸੰਸਾ ਬੜੀ ਪਵਿੱਤਰ ਹੈ-, ਅਤੇ ਮੈਂ ਤੁਹਾਡਾ ਸਤਿਕਾਰ ਕਰਦਾ ਹਾਂ- ਸ਼ਾਨਦਾਰ ਮੇਰੀਅਨ ! ਤੁਹਾਡੀ ਸ਼ਾਤੀ ਲਈ ਮੈਂ ਦੋ ਸ਼ਬਦ ਲਿਖ ਰਿਹਾ ਹਾਂ।

"ਕਿਸੇ ਕੋਲੋਂ ਨਾ ਡਰੋ

ਹੇ ਸ਼ਲਾਘਾਯੋਗ ਔਰਤ ! ਆਪਣੀ ਸਿਆਣਪ ਤੋਂ ਕੰਮ ਲਵੋ ਅਤੇ ਇਕਾਂਤ ਵਿਚ ਹੀ ਰਵ੍ਹੋ। ਹੋਰ ਕੋਈ ਖ਼ਤਰਾ ਨਾ ਸਹੇੜਨਾ। ਰੱਬ ਦਾ ਭਾਣਾ ਮੰਨਣ ਵਿਚ ਹੀ ਸੱਚਾ ਸੁੱਖ ਹੈ। ਇਸ ਲਈ ਸਬਰ ਕਰੋ ! ਆਪਣੇ ਘਰ ਵਿਚ ਜੋ ਸੁੱਖ ਹੈ, ਉਹ ਕਿਧਰੇ ਨਹੀਂ। ਜ਼ਿੰਦਗੀ ਦੇ ਤੁਫ਼ਾਨ ਇਕਾਂਤ ਦੀ ਵਾਦੀ ਉਤੋਂ ਚੁੱਪ ਚੁਪੀਤੇ ਲੰਘ ਜਾਂਦੇ ਹਨ - ਇਸ ਲਈ ਉਥੇ ਹੀ ਰਹਿਣਾ ਉਚਿਤ ਹੈ।

ਮੇਰੇ ਆਖੇ ਲੱਗ ਕੇ ਇਹ ਕੰਮ ਕਰੋ, ਫਿਰ ਤੁਹਾਨੂੰ ਕੋਈ ਡਰ ਨਹੀਂ। ਕੋਈ ਤੁਹਾਨੂੰ ਤੰਗ ਨਹੀਂ ਕਰੇਗਾ। ਕੋਈ ਨਵੀਂ ਦੁਰਘਟਨਾ ਤੁਹਾਡੇ ਨਾਲ ਨਹੀਂ ਵਾਪਰੇਗੀ। ਤੁਹਾਡੀਆਂ ਸੂਖਮ ਭਾਵਨਾਵਾਂ ਨੂੰ ਕੋਈ ਠੇਸ ਨਹੀਂ ਪਹੁੰਚਾਏਗਾ। ਤੁਹਾਡੀ ਪਿਆਰੀ ਸਾਥਣ ਹੁਣ ਤੁਹਾਡੇ ਸੋਹਣੇ ਦਿਲ ਵਿਚ ਵਸਦੀ ਹੈ ! ਮੈਨੂੰ ਉਸ ਨਾਲ ਈਰਖਾ ਹੈ।

ਇਕ ਵਾਰ ਫਿਰ ਪਿਆਰ ਭਰੀ ਚਿਤਾਵਨੀ ਦੇ ਰਿਹਾ ਹਾਂ, ਅਤੇ ਉਸ ਤੋਂ ਮਗਰੋਂ ਮੈਂ ਆਪਣੇ ਆਪ ਨੂੰ ਤੁਹਾਨੂੰ ਹੋਰ ਕੁਛ ਲਿਖਣ ਦੇ ਲਾਲਚ ਤੋਂ ਰੋਕਾਂਗਾ।

ਇਸ ਤੋਂ ਅੱਗੇ ਹੋਰ ਨਾ ਵਧਣਾ; ਕਿਸੇ ਨੂੰ ਡਰਾਉਣਾ ਧਮਕਾਣਾ ਨਾ; ਮੈਂ ਤੁਹਾਡੀ ਮਿੰਨਤ ਕਰਦਾ ਹਾਂ-ਵਾਸਤਾ ਪਾਂਦਾ ਹਾਂ ਕਿ ਮੈਨੂੰ ਕੋਈ ਕਦਮ ਲੈਣ ਉਤੇ ਮਜ਼ਬੂਰ ਨਾ ਕਰਨਾ ! ਕਿਉਂਕਿ ਮੇਰੀ ਜ਼ਿੰਦਗੀ ਦਾ ਇਕ ਇਹ ਮੰਤਵ ਹੈ ਕਿ ਤੁਹਾਡੀ ਖਾਤਿਰ ਤੁਹਾਡੇ ਖਿਲਾਫ ਇਕ ਕਦਮ ਵੀ ਨਾ ਚੁੱਕਾਂ; ਆਪਣੇ ਇਸ ਤੇਜ਼ ਦਿਮਾਗ ਕੋਲੋਂ ਕੋਈ ਅਜਿਹਾ ਕੰਮ ਨਾ ਲਵੋ ਜੋ ਤੁਹਾਨੂੰ ਪਸੰਦ ਨਾ ਹੋਵੇ; ਜੇ ਕੋਈ ਤੁਹਾਡਾ ਮਿੱਤਰ ਬੜੇ ਕਾਹਲੇ ਸਭਾ ਦਾ ਹੈ ਤਾਂ ਉਹਨੂੰ ਠੰਢਾ ਕਰਨਾ; -ਅਤੇ ਜੇ ਮਿਸਟਰ ਹਾਰਟਰਾਈਟ ਇੰਗਲੈਂਡ ਆਵੇਂ;-ਉਹਦੇ ਨਾਲ ਕੋਈ ਵਾਸਤਾ ਨਾ ਰੱਖਣਾ। ਮੇਰਾ ਆਪਣਾ ਵੱਖਰਾ ਰਾਹ ਹੈ ਅਤੇ ਪਰਸੀਵਲ ਮੇਰੇ ਕਦਮਾਂ ਦੇ ਪਿੱਛੇ-ਪਿੱਛੇ ਆ ਰਿਹਾ ਹੈ। ਜਿਸ ਦਿਨ ਹਾਰਟਰਾਈਟ ਮੇਰੇ ਰਸਤੇ ਤੇ ਆਇਆ, ਸਮਝ ਲੈਣਾ ਉਸ ਦਿਨ ਉਹਦੀ ਜਾਨ ਨੂੰ ਖਤਰਾ ਹੋਵੇਗਾ।"

ਇਨ੍ਹਾਂ ਸੱਤਰਾਂ ਦੇ ਹੇਠਾਂ ਸਿਰਫ਼ ਇਕ ਅੱਖਰ 'ਐਫ' ਲਿਖਿਆ ਹੋਇਆ ਸੀ, ਜਿਸ ਦੇ ਆਲੇ-ਦੁਆਲੇ ਇਕ ਗੋਲ ਚੱਕਰ ਪਾਕੇ ਕਈ ਤਰ੍ਹਾਂ ਦੇ ਘੇਰੇ ਬਣਾਏ ਹੋਏ ਸਨ। ਮੈਂ ਘਿਰਣ ਨਾਲ ਚਿੱਠੀ ਮੇਜ਼ ਉਤੇ ਸੁੱਟ ਦਿੱਤੀ।

"ਉਹ ਤੁਹਾਨੂੰ ਡਰਾਣ ਦੀ ਕੋਸ਼ਿਸ਼ ਕਰ ਰਿਹਾ ਹੈ- ਜਿਸ ਦਾ ਮਤਲਬ ਇਹ ਹੈ ਕਿ ਉਹ ਆਪ ਡਰ ਰਿਹਾ ਹੈ।" ਮੈਂ ਕਿਹਾ।

ਉਹਨੇ ਵੀ ਉਸ ਚਿੱਠੀ ਨੂੰ ਘਿਰਣਾ ਨਾਲ ਵੇਖਿਆ। ਉਹ ਔਰਤ ਕਿਸੇ ਨਾਲ ਛੱਲ ਨਹੀਂ ਸੀ ਕਰ ਸਕਦੀ। ਚਿੱਠੀ ਦਾ ਗੁਸਤਾਖ ਲਹਿਜਾ, ਅਤੇ ਉਸ ਵਿਚ ਪ੍ਰਗਟਾਈ ਗਈ ਡੂੰਘੀ ਅਪਣੱਤ ਅਤੇ ਮਿੱਤਰਤਾ ਨਾਲ ਉਹਦਾ ਖੂਨ ਖੌਲ੍ਹ ਉਠਿਆ ਸੀ। ਉਹ ਮੇਰੇ ਵੱਲ ਵੇਖ ਰਹੀ ਸੀ, -ਉਹਦੇ ਹੱਥਾਂ ਦੀਆਂ ਮੁੱਠੀਆਂ ਘੁੱਟ ਕੇ ਵੱਟੀਆਂ ਹੋਈਆਂ ਸਨ। ਅੱਜ ਉਹਦੀਆਂ ਅੱਖਾਂ ਤੇ ਗੱਲ੍ਹਾਂ ਵਿਚ ਪੁਰਾਣੇ ਜ਼ਮਾਨੇ ਦਾ ਹੀ ਗੁੱਸਾ ਫਿਰ ਭੜਕ ਉਠਿਆ ਸੀ। ਉਹਨੇ ਮੈਨੂੰ ਕਿਹਾ

"ਵਾਲਟਰ ਜੇ ਕਦੀ ਇਹ ਦੋਵੇਂ ਆਦਮੀ ਤੇਰੇ ਕਾਬੂ ਆਉਣ, ਅਤੇ ਤੂੰ ਇਕ ਨੂੰ ਛੱਡਣ ਉਤੇ ਮਜ਼ਬੂਰ ਹੋਵੇ ਤਾਂ ਕਾਂਊਟ ਉਤੇ ਕਦੀ ਤਰਸ ਨਾ ਖਾਈਂ।"

"ਮੈਂ ਉਹਦੀ ਇਹ ਚਿੱਠੀ ਸਾਂਭ ਕੇ ਰੱਖਾਂਗਾ ਕਿ ਜਦੋਂ ਬਕਤ ਆਵੇ, ਮੈਂ ਭੁੱਲ ਨਾ ਜਾਵਾ !" ਮੈਂ ਕਿਹਾ।

ਜਦੋਂ ਮੈਂ ਉਹ ਚਿੱਠੀ ਆਪਣੀ ਪਾਕੇਟ ਬੁੱਕ ਵਿਚ ਪਾਈ ਤਾਂ ਮੈਨੂੰ ਉਹ ਧਿਆਨ ਨਾਲ ਦੇਖ ਰਹੀ ਸੀ।

'ਜਦੋਂ ਵਕਤ ਆਏ।" ਉਹਨੇ ਦੁਹਰਾਇਆ ' ਤੂੰ ਭਵਿੱਸ਼ ਦੀ ਗੱਲ ਕਿਵੇਂ ਕਰ ਰਿਹਾ ਹੈ--ਜਿਵੇਂ ਤੈਨੂੰ ਪੱਕਾ ਯਕੀਨ ਹੈ ਕਿ ਉਹ ਵਕਤ ਆਏਗਾ। ਅਜੇ ਅੱਜ ਤੇ ਤੂੰ ਮਿਸਟਰ ਕਾਈਰਲ ਦੇ ਮੂੰਹੋਂ ਕੀ-ਕੀ ਸੁਣ ਕੇ ਆਇਆ ਹੈ-; ਅਤੇ ਅੱਜ ਉਸ ਤੋਂ ਮਗਰੋਂ ਕੀ ਕੀ ਹੋ ਚੁੱਕਾ ਹੈ; ਤਾਂ ਵੀ ਤੂੰ ਇੰਜ ਗੱਲਾਂ ਕਰ ਰਿਹਾ ਹੈ।

"ਮੇਰੀਅਨ, ਮੈਂ ਅਜ ਤੋਂ ਇਹ ਸਮਾਂ ਨਹੀਂ ਗਿਣ ਰਿਹਾ, ਅਜ ਤੇ ਮੈਂ ਸਿਰਫ ਕਿਸੇ ਹੋਰ ਨੂੰ ਆਪਣੇ ਲਈ ਕੋਈ ਕੰਮ ਕਰਨ ਲਈ ਕਹਿ ਰਿਹਾ ਸਾਂ, ਮੈਂ ਇਹ ਸਮਾਂ ਕੱਲ੍ਹ ਤੋਂ ਹੀ ਗਿਣਾਂਗਾ !"

"ਕੱਲ੍ਹ ਤੋਂ ਕਿਉਂ?

"ਕਲ ਤੋਂ ਮੈਂ ਆਪ ਹੀ ਉਹ ਕਰਾਂਗਾ ਜੋ ਕੁਝ ਵੀ ਕਰਨਾ ਹੈ !'

"ਕਿਵੇਂ?"

"ਮੈਂ ਸਵੇਰੇ ਪਹਿਲੀ ਗੱਡੀ ਤੋਂ ਬਲੈਕਵਾਟਰ ਪਾਰਕ ਜਾਵਾਂਗਾ ਅਤੇ ਆਸ ਕਰਦਾ ਹਾਂ। ਕਿ ਰਾਤ ਦੀ ਗੱਡੀ ਵਾਪਸ ਆ ਸਕਾਂਗਾ।

"ਬਲੈਕ ਵਾਟਰ?"

"ਹਾਂ ਮਿਸਟਰ ਕਾਈਰਲ ਨੂੰ ਮਿਲਣ ਮਗਰੋਂ ਕੁਝ ਸੋਚਦਾ ਰਿਹਾ ਹਾਂ, ਮਿਸਟਰ ਕਾਈਰਲ ਦੀ ਅਤੇ ਮੇਰੀ ਰਾਇ ਇਕ ਗੱਲ ਤੇ ਬਿਲਕੁਲ ਮਿਲਦੀ ਹੈ। ਸਾਨੂੰ ਲਾਰਾ ਦੇ ਸਫ਼ਰ ਦੀ ਤਾਰੀਖ ਦੀ ਪੂਰੇ ਜ਼ੋਰ ਨਾਲ ਛਾਣ-ਬਣ ਕਰਨੀ ਚਾਹੀਦੀ ਹੈ। ਇਸ ਸਾਰੀ ਗੋਂਦ ਵਿਚ ਜੇ ਕੋਈ ਕਮਜ਼ੋਰ ਥਾਂ ਹੈ, ਤਾਂ ਇਹੀ ਹੈ। ਅਤੇ ਸ਼ਾਇਦ ਸਾਡੇ ਕੋਲ ਇਕ ਹੀ ਨੁਕਤਾ ਇਹੀ ਹੈ; ਜਿਸ ਨਾਲ ਅਸੀਂ ਸਾਬਤ ਕਰ ਸਕਾਂਗੇ, ਕਿ ਉਹ ਜੀਉਂਦੀ ਔਰਤ ਹੈ।"

"ਤੇਰਾ ਮਤਲਬ ਹੈ, ਕਿ ਜਦੋਂ ਸਾਨੂੰ ਇਹ ਪਤਾ ਲਗ ਜਾਏਗਾ ਕਿ ਲਾਰਾ ਬਲੈਕਵਾਟਰ ਪਾਰਕ ਤੋਂ ਅਜੇ ਚਲੀ ਵੀ ਨਹੀਂ ਸੀ ਅਤੇ ਇਧਰ ਉਹਦੇ ਮਰਨ ਦਾ ਸਰਟੀਫ਼ਿਕੇਟ ਵੀ ਬਣ ਗਿਆ ਸੀ?"

ਮੇਰੀਅਨ ਨੇ ਕਿਹਾ।

"ਬਿਲਕੁਲ ਇਹੀ !'

"ਤੈਨੂੰ ਇਹ ਕਿਵੇਂ ਖਿਆਲ ਹੈ, ਕਿ ਉਹ ਪਿਛੋਂ ਟੁਰੀ ਸੀ -? ਲਾਰਾ ਤਾਂ ਸਾਨੂੰ ਕੁਝ ਵੀ ਨਹੀਂ ਦਸ ਸਕੀ ਕਿ ਉਹ ਲੰਦਨ ਕਦੋਂ ਪਹੁੰਚੀ ਸੀ !"

'ਪਰ ਤੁਹਾਨੂੰ ਪਾਗਲਖਾਨੇ ਦੇ ਮਾਲਕ ਨੇ ਦਸਿਆ ਸੀ, ਕਿ ਉਹ ਉਥੇ ਸਤਾਈ ਜੁਲਾਈ ਨੂੰ ਪਹੁੰਚੀ ਸੀ। ਕਾਂਊਟ ਉਹਨੂੰ ਲੰਦਨ ਵਿਚ ਇਕ ਰਾਤ ਤੋਂ ਵਧ ਨਹੀਂ ਸੀ ਰੱਖ ਸਕਦਾ ਨਹੀਂ ਤੇ ਉਹਨੂੰ ਜ਼ਰੂਰ ਪਤਾ ਲਗਦਾ ਕਿ ਉਹਦੇ ਆਲੇ ਦੁਆਲੇ ਕੀ ਹੋ ਰਿਹਾ ਹੈ। ਇਸਦਾ ਮਤਲਬ ਤਾਂ ਇਹ ਨਿਕਲਦਾ ਹੈ ਕਿ ਉਹ ਛੱਬੀ ਤਰੀਕ ਬਲੈਕਵਾਟਰ ਪਾਰਕ ਤੋਂ ਟੁਰੀ ਹੋਵੇਗੀ। ਅਤੇ ਆਪਣੇ ਮੌਤ ਦੇ ਸਰਟੀਫਿਕੇਟ ਬਣਨ ਤੋਂ ਇਕ ਦਿਨ ਮਗਰੋਂ ਲੰਦਨ ਪਹੁੰਚੀ ਹੋਵੇਗੀ। ਜੇ ਅਸੀਂ ਇਸ ਤਾਰੀਖ ਦਾ ਕੋਈ ਸਬੂਤ ਦੇ ਸਕੀਏ, ਤਾਂ ਸਰ ਪਰਸੀਵਲ ਅਤੇ ਕਾਂਊਟ ਫ਼ੋਸਕੋ ਵਿਰੁੱਧ ਸਾਡਾ ਕੇਸ ਤਿਆਰ ਹੈ।"

"ਹਾਂ ਇਹ ਗਲ ਤਾਂ ਠੀਕ ਹੈ; ਪਰ ਇਹ ਸਬੂਤ ਕਿਥੋਂ ਮਿਲੇਗਾ--?

"ਮਿਸਜ਼ ਮਾਈਕਲਸਨ ਦੇ ਬਿਆਨ ਨੂੰ ਪੜ੍ਹ ਕੇ ਮੈਨੂੰ ਇਹ ਖਿਆਲ ਆਇਆ ਹੈ, ਕਿ ਅਸੀਂ ਦੋ ਤਰੀਕੇ ਵਰਤ ਸਕਦੇ ਹਾਂ -: ਪਹਿਲਾਂ ਤਾਂ ਇਹ ਕਿ ਅਸੀਂ ਮਿਸਟਰ ਡਾਅਸਨ ਨੂੰ ਪੁਛੀਏ। ਉਹਨੂੰ ਸ਼ਾਇਦ ਯਾਦ ਹੋਵੇ ਕਿ ਬਲੈਕਵਾਟਰ ਪਾਰਕ ਵਿਚ ਉਹਨੇ ਮੁੜ ਕਿਹੜੀ ਤਾਰੀਖ ਨੂੰ ਆਉਣਾ ਸ਼ੁਰੂ ਕੀਤਾ ਸੀ। ਦੂਜਾ ਉਸ ਸਰਾਂ ਵਿਚ ਜਾ ਕੇ ਪਤਾ ਕਰਨਾ ਚਾਹੀਦਾ ਹੈ, ਜਿਥੇ ਅੱਧੀ ਰਾਤੀਂ ਸਰ ਪਰਸੀਵਲ ਇਕੱਲਾ ਹੀ ਬੱਘੀ ਲੈ ਕੇ ਗਿਆ ਸੀ। ਉਹ ਲਾਰਾ ਦੇ ਤੁਰਨ ਦੇ ਕੁਝ ਘੰਟਿਆਂ ਮਗਰੋਂ ਹੀ ਚਲਾ ਗਿਆ ਸੀ; ਸ਼ਾਇਦ ਇਸ ਤਰ੍ਹਾਂ ਸਾਨੂੰ ਉਹ ਤਾਰੀਖ ਮਿਲ ਜਾਏ। ਘਟ ਤੋਂ ਘਟ ਕੋਸ਼ਿਸ਼ ਤਾਂ ਕਰਨੀ ਹੀ ਚਾਹੀਦੀ ਹੈ; ਮੈਂ ਜ਼ਰੂਰ ਜਾ ਕੇ ਆਪ ਪਤਾ ਕਰਾਂਗਾ।"

"ਫਰਜ਼ ਕਰੋ ਜੇ ਸਾਨੂੰ ਇਥੋਂ ਵੀ ਕੁਝ ਪਤਾ ਨਹੀਂ ਲਗਦਾ, ਤੂੰ ਕਹੇਂਗਾ ਕਿ ਮੈਂ ਹਮੇਸ਼ਾਂ ਤਸਵੀਰ ਦੇ ਹਨੇਰੇ ਪਾਸੇ ਹੀ ਵੇਖਦੀ ਹਾਂ ਪਰ ਹੁਣ ਤੋਂ ਮੈਂ ਚਾਨਣੇ ਪੱਖ ਵੱਲ ਹੀ ਦੇਖਿਆ ਕਰਾਂਗੀ। ਫਿਰ ਵੀ ਇਹ ਸੋਚ ਕਿ ਤੈਨੂੰ ਬਲੈਕਵਾਟਰ ਪਾਰਕ ਤੋਂ ਕੁਝ ਵੀ ਪਤਾ ਨਹੀਂ ਲਗਦਾ ਫਿਰ ਕੀ ਕਰੇਂਗਾ, ਜੋ ਉਥੋਂ ਵੀ ਨਿਰਾਸ਼ਾ ਹੋਈ ਤਾਂ?

"ਦੋ ਆਦਮੀ ਇਸ ਵੇਲੇ ਲੰਦਨ ਵਿਚ ਹਨ, ਜੋ ਮੇਰੀ ਮਦਦ ਕਰਨਗੇ ਅਤੇ ਉਹੀ ਕਰ ਸਕਦੇ ਹਨ। ਸਰ ਪਰਸੀਵਲ ਅਤੇ ਕਾਂਊਟ। ਨਿਰਦੋਸ਼ ਆਦਮੀ ਤਾਂ ਭੁਲ ਸਕਦਾ ਹੈ, ਪਰ ਉਹ ਦੋਸ਼ੀ ਹਨ, ਇਸ ਲਈ ਉਨ੍ਹਾਂ ਨੂੰ ਇਹ ਤਾਰੀਖ ਯਾਦ ਹੈ। ਜੇ ਮੈਨੂੰ ਕਿਧਰੇ ਹੋਰ ਥਾਂ ਤੋਂ ਕੁਝ ਵੀ ਪਤਾ ਨਾ ਲਗਾ ਤਾਂ ਮੈਂ ਇਨ੍ਹਾਂ ਦੋਹਾਂ ਵਿਚੋਂ ਇਕ ਕੋਲੋਂ ਜਾਂ ਦੋਹਾਂ ਕੋਲੋਂ ਇਹ ਤਾਰੀਖ ਜ਼ਬਰਦਸਤੀ ਕਢਵਾਵਾਂਗਾ।"

ਮੇਰੀਅਨ ਆਖਰ ਇਕ ਔਰਤ ਹੀ ਸੀ ! ਉਹਦਾ ਮੂੰਹ ਲਾਲ ਹੋ ਗਿਆ ਅਤੇ ਉਹ ਬੋਲੀ- "ਕਾਂਊਟ ਨੂੰ ਹੀ ਫੜੀ ਪਹਿਲਾਂ ਮੇਰੀ ਖਾਤਿਰ ਕਾਂਊਟ ਦੀ ਸੰਘੀ ਪਹਿਲਾਂ ਹੀ ਨਹੁੰ ਦੇਈਂ !"

"ਲਾਰਾ ਦੀ ਖਾਤਿਰ, ਅਸੀਂ ਉਸ ਨੂੰ ਫੜਾਂਗੇ, ਜਿਥੋਂ ਸਾਨੂੰ ਕਾਮਯਾਬੀ ਮਿਲਣ ਦੀ ਵਧੇਰੇ ਆਸ ਅਤੇ ਸੰਭਾਵਨਾ ਹੋਵੇਗੀ।" ਮੈਂ ਉੱਤਰ ਦਿਤਾ। ਉਹਦਾ ਮੂੰਹ ਹੁਣ ਪਹਿਲਾਂ ਵਾਂਗ ਹੀ ਹੋ ਗਿਆ ਸੀ, ਉਹ ਬੋਲੀ :-

"ਹਾਂ, ਤੂੰ ਠੀਕ ਕਹਿ ਰਿਹਾ ਹੈ; ਮੈਂ ਆਪਣੇ ਹੀ ਸਵਾਰਥ ਵਿਚ ਲੈ ਆਈ ਹਾਂ। ਹੁਣ ਮੈਂ ਸਬਰ ਕਰਦੀ ਹਾਂ, ਵਾਲਟਰ, ਤੇ ਪਹਿਲਾਂ ਨਾਲੋਂ ਠੀਕ ਮਹਿਸੂਸ ਕਰਦੀ ਹਾਂ। ਪਰ ਅਜੇ ਵੀ ਕਦੀ ਕਦੀ ਮੇਰਾ ਪਹਿਲੇ ਵਾਲਾ ਗੁੱਸਾ ਉਭਰ ਆਉਂਦਾ ਹੈ; ਖਾਸ ਕਰਕੇ ਜਦੋਂ ਮੈਂ ਕਾਂਊਟ ਵੀ ਗੱਲ ਕਰਦੀ ਹਾਂ !

"ਉਹਦੀ ਵੀ ਵਾਰੀ ਆਏਈ, ਧੀਰਜ ਰੱਖੋ ! ਪਰ ਸਾਨੂੰ ਅਜੇ ਕਾਂਊਟ ਦੀ ਜਿੰਦਗੀ ਬਾਰੇ ਹੋਰ ਕੁੱਝ ਪਤਾ ਨਹੀਂ -ਜਿਥੋਂ ਤਕ ਅਸੀਂ ਜਾਣਦੇ ਹਾਂ, ਉਹਦੀ ਜ਼ਿੰਦਗੀ ਵਿਚ ਕੋਈ ਰਾਜ ਹੈ ਨਹੀਂ।"

ਮੈਂ ਪਲ ਭਰ ਚੁੱਪ ਕਰ ਗਿਆ ਤਾਂ ਜੋ ਉਹ ਜ਼ਰਾ ਸ਼ਾਂਤ ਹੋ ਜਾਏ ਅਤੇ ਫਿਰ ਕਿਹਾ, "ਪਰ ਸਾਨੂੰ ਸਰ ਪਰਸੀਵਲ ਬਾਰੇ ਇਹ ਪੱਕਾ ਪਤਾ ਹੈ ਕਿ ਉਹਦੀ ਜ਼ਿੰਦਗੀ ਵਿਚ ਕੋਈ ਭੇਤ ਹੈ।"

"ਤੇਰਾ ਮਤਲਬ ਉਸ 'ਭੇਤ' ਤੋਂ ਹੈ ਜਿਸ ਤੋਂ ਉਹ ਡਰਦਾ ਹੈ।"

"ਹਾਂ ਉਹੀ 'ਭੇਤ ! ਅਸੀਂ ਉਸ ਨੂੰ ਧਮਕਾ ਸਕਦੇ ਹਾਂ। ਮੈਂ ਉਹਨੂੰ ਉਹਦੀ ਉੱਚੀ ਪਦਵੀ ਤੋਂ ਥੱਲੇ ਲਾਹ ਸਕਦਾ ਹਾਂ। ਉਹਦੀ ਕਮੀਨਗੀ ਅਤੇ ਬਦਮਾਸ਼ੀ ਦੁਨੀਆਂ ਸਾਹਮਣੇ

ਖੋਲ੍ਹ ਕੇ ਰਖ ਸਕਦਾ ਹਾਂ, ਲਾਰਾ ਦੇ ਵਿਰੁੱਧ ਜੋ ਉਨ੍ਹਾਂ ਰਲ ਕੇ ਗੋਂਦ ਬਣਾਈ ਸੀ, ਉਸ ਵਿਚ ਸਰ ਪਰਸੀਵਲ ਨੂੰ ਜਾਇਦਾਦ ਹਾਸਲ ਕਰਨ ਤੋਂ ਇਲਾਵਾ ਕੋਈ ਹੋਰ ਵੀ ਫ਼ਾਇਦਾ ਸੀ। ਤੁਸੀਂ ਆਪ ਉਹਨੂੰ ਕਾਂਉਟ ਨੂੰ ਇਹ ਕਹਿੰਦਿਆਂ ਸੁਣਿਆ ਸੀ, ਕਿ ਉਹਦੀ ਪਤਨੀ ਏਨਾ ਕੁਝ ਜਾਣ ਗਈ ਹੈ; ਜਿਸ ਨਾਲ ਉਹ ਉਹਨੂੰ ਤਬਾਹ ਅਤੇ ਬਰਬਾਦ ਕਰ ਸਕਦੀ ਹੈ ! ਤੁਸੀਂ ਆਪ ਸੁਣਿਆ ਹੈ ਕਿ ਜੇ ਏਨ ਕੈਥੇਰਿਕ ਦਾ ਭੇਤ ਖੁਲ ਜਾਏ ਤਾਂ ਉਹਦਾ ਕੱਖ ਨਹੀਂ ਰਹਿੰਦਾ।"

"ਹਾਂ ਮੈਂ ਇਹ ਆਪਣੇ ਕੰਨਾਂ ਨਾਲ ਸੁਣਿਆ ਹੈ !"

"ਜੇ ਹੋਰ ਕਿਧਰੋਂ ਵੀ ਮੈਨੂੰ ਕੁਝ ਪਤਾ ਨਾ ਲੱਗ ਸਕਿਆ; ਤਾਂ ਮੇਰੀਅਨ, ਮੈਂ ਇਸ ਭੇਤ ਨੂੰ ਜਾਣਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿਆਂਗਾ। ਮੇਰਾ ਪੁਰਾਣਾ ਵਹਿਮ ਅਜੇ ਵੀ ਮੈਨੂੰ ਚਿਬੜਿਆ ਹੋਇਆ ਹੈ ! ਮੈਂ ਮੁੜ ਇਹੀ ਕਹਿੰਦਾ ਹਾਂ ਕਿ ਉਸੇ ਚਿੱਟੇ ਭੇਸ ਵਾਲੀ ਔਰਤ ਦਾ ਸਾਡੇ ਤਿੰਨਾਂ ਦੇ ਜੀਵਨ ਉਪਰ ਡੂੰਘਾ ਪ੍ਰਭਾਵ ਹੈ ! ਹੁਣ ਅੰਤ ਨੇੜੇ ਹੀ ਆ ਰਿਹਾ ਹੈ। ਏਨ ਕੈਥੇਰਿਕ ਆਪਣੀ ਕਬਰ ਵਿਚੋਂ ਅਜੇ ਵੀ ਸਾਨੂੰ ਰਾਹ ਵਿਖਾ ਰਹੀ ਹੈ !"

(5)

ਪਹਿਲੀ ਵਾਰ ਹੈਪਸ਼ਾਇਰ ਵਿਚ ਪੁੱਛ ਗਿੱਛ ਕਰਨ ਤੇ ਮੈਨੂੰ ਜੋ ਕੁਝ ਪਤਾ ਲੱਗਾ, ਉਹਦੀ ਕਹਾਣੀ ਸੰਖੇਪ ਵਿਚ ਹੇਠਾਂ ਦਿੱਤੀ ਜਾ ਰਹੀ ਹੈ।

ਮੈਂ ਲੰਦਨ ਤੋਂ ਪਹਿਲੀ ਗੱਡੀ ਫੜ ਲਈ ਸੀ, ਇਸ ਲਈ ਮਿਸਟਰ ਡਾਅਸਨ ਦੇ ਘਰ ਮੈਂ ਦੁਪਹਿਰ ਤੋਂ ਪਹਿਲਾਂ ਹੀ ਪਹੁੰਚ ਗਿਆ। ਜੋ ਕੁਝ ਮੈਂ ਉਹਦੇ ਕੋਲੋਂ ਪੁੱਛਣਾ ਚਾਹੁੰਦਾ ਸੀ; ਉਸ ਬਾਰੇ ਮੈਨੂੰ ਇਸ ਮੁਲਾਕਾਤ ਵਿਚ ਕੁਝ ਵੀ ਪਤਾ ਨਾ ਲਗ ਸਕਿਆ।

ਮਿਸਟਰ ਡਾਅਸਨ ਦੇ ਰਜਿਸਟਰ ਵਿਚੋਂ ਇਹ ਤਾਂ ਪਤਾ ਲੱਗ ਗਿਆ ਕਿ ਉਹਨੂੰ ਬਲੈਕਵਾਟਰ ਪਾਰਕ ਮੁੜ ਕੇ ਕਦੋਂ ਜਾਣਾ ਸ਼ੁਰੂ ਕੀਤਾ ਸੀ। ਪਰ ਇਸ ਤਾਰੀਖ ਤੋਂ ਬਿਲਕੁਲ ਸਹੀ ਹਿਸਾਬ ਲਾਣਾ ਮੁਸ਼ਕਲ ਸੀ, ਜਦ ਤਕ ਮਿਸੇਜ਼ ਮਾਈਕਲਸਨ ਥੋੜੀ ਜੇਹੀ ਮਦਦ ਨਾ ਕਰਦੀ। ਪਰ ਮਿਸੇਜ਼ ਮਾਈਕਲਸਨ ਨੂੰ ਕੁਝ ਵੀ ਯਾਦ ਨਹੀਂ। (ਇਹੋ ਜੇਹੀ ਗੱਲ ਆਮ ਕਰ ਕੇ ਯਾਦ ਰਖਣੀ ਹੈ ਵੀ ਮੁਸ਼ਕਲ ਸੀ।]

ਲੇਡੀ ਗਲਾਈਡ ਦੇ ਬਲੈਕਵਾਟਰ ਪਾਰਕ ਤੋਂ' ਜਾਣ ਮਗਰੋਂ ਕਿੰਨਿਆਂ ਦਿਨਾਂ ਬਾਦ ਮਿਸਟਰ ਡਾਅਸਨ, ਬਲੈਕਵਾਟਰ ਪਾਰਕ ਆਇਆ ਸੀ, ਹੁਣ ਇਸ ਦਾ ਲੇਖਾ ਜੋਖਾ ਨਿਰੀ

ਯਾਦ ਤੇ ਜ਼ੋਰ ਪਾਣ ਨਾਲ ਕਿਸ ਤਰ੍ਹਾਂ ਸੰਭਵ ਸੀ। ਉਹਨੇ ਮਿਸ ਹਾਲਕੌਂਬ ਨੂੰ ਲੇਡੀ ਗਲਾਈਡ ਦੇ ਜਾਣ ਦੀ ਗੱਲ, ਉਹਦੇ ਜਾਣ ਦੇ ਦੂਜੇ ਦਿਨ ਹੀ ਦੱਸ ਦਿਤੀ ਸੀ, ਪਰ ਨਾਂ ਤੇ ਉਹਨੂੰ ਲੇਡੀ ਗਲਾਈਡ ਦੇ ਜਾਣ ਦੀ ਤਾਰੀਖ ਯਾਦ ਸੀ, ਅਤੇ ਨਾਂ ਹੀ ਉਹ ਤਾਰੀਖ ਯਾਦ ਸੀ, ਜਿਸ ਦਿਨ ਉਹਨੇ ਮਿਸ ਹਾਲਕੌਂਬ ਨੂੰ ਇਹ ਗੱਲ ਦੱਸੀ ਸੀ। ਉਹਨੂੰ ਇਹ ਵੀ ਨਹੀਂ ਸੀ ਯਾਦ ਆਉਂਦਾ, ਕਿ ਲੇਡੀ ਗਲਾਈਡ ਦੇ ਜਾਣ ਤੋਂ ਕਿੰਨੇ ਦਿਨ ਮਗਰੋਂ ਮੈਡਮ ਫ਼ੋਸਕੋ ਦੀ ਉਹ ਚਿੱਠੀ ਆਈ ਸੀ, ਜਿਸ ਉਤੇ ਕੋਈ ਤਾਰੀਖ ਨਹੀਂ ਸੀ। ਇਹ ਮੁਸ਼ਕਲ ਇਥੇ ਹੀ ਬੱਸ ਨਹੀਂ ਸੀ ਹੋ ਗਈ। ਮਿਸਟਰ ਡਾਅਸਨ ਆਪ ਬੀਮਾਰ ਸਨ; ਇਸ ਕਰਕੇ ਉਨ੍ਹਾਂ ਨੇ ਤਾਰੀਖ ਵੀ ਕਿਧਰੇ ਨੋਟ ਨਹੀਂ ਸੀ ਕੀਤੀ ਹੋਈ, ਜਿਸ ਦਿਨ ਮਾਲੀ ਮਿਸਜ਼ ਮਾਈਕਲਸਨ ਦਾ ਸੁਨੇਹਾ ਲੈ ਕੇ ਉਨਾਂ ਕੋਲ ਪੁੱਜਾ ਸੀ।

ਮਿਸਟਰ ਡਾਅਸਨ ਕੋਲੋਂ ਹੋਰ ਕੁਝ ਹੁਣ ਪਤਾ ਲੱਗਣ ਦੀ ਕੋਈ ਆਸ ਨਹੀਂ ਸੀ, ਸੋ ਮੈਂ ਨਿਸ਼ਚਾ ਕੀਤਾ ਕਿ ਨੋਲਸਬਰੀ ਜਾ ਕੇ ਪੁੱਛ ਗਿੱਛ ਕਰਾਂ, ਸ਼ਾਇਦ ਉਥੋਂ ਕੋਈ ਸੁਰਾਗ ਮਿਲ ਜਾਏ।

ਪਰ ਦਿਸਦਾ ਸੀ ਕਿ ਕਿਸਮਤ ਸਾਥ ਨਹੀਂ ਦੇ ਰਹੀ। ਮੈਂ ਨੋਲਸਬਰੀ ਪੁੱਜਾਂ, ਤਾਂ ਸਰਾਂ ਹੀ ਬੰਦ ਹੋ ਚੁੱਕੀ ਸੀ। ਸ਼ੁਰੂ ਤੋਂ ਉਹ ਘਾਟੇ ਵਿਚ ਹੀ ਚਲ ਰਹੀ ਸੀ। ਇਸ ਲਈ ਹੁਣ ਉਹਨੂੰ ਬੰਦ ਕਰਨ ਵਿਚ ਹੀ ਫਾਇਦਾ ਸੀ। ਸਟੇਸ਼ਨ ਤੇ ਨਵੇਂ ਖੁਲ੍ਹੇ ਹੋਟਲ ਕੋਲ ਹੀ ਸਾਰਾ ਕੰਮ ਜਾਂਦਾ ਸੀ; ਇਸ ਲਈ ਇਹ ਪੁਰਾਣੀ ਸਰਾਂ ਦੋ ਕੁ ਮਹੀਨੇ ਬੰਦ ਹੋ ਚੁਕੀ ਸੀ। ਸਰ ਪਰਸੀਵਲ ਇਸ ਪੁਰਾਣੀ ਸਰਾਂ ਵਿੱਚ ਹੀ ਠਹਿਰਿਆ ਸੀ। ਸਰਾਂ ਦਾ ਮਾਲਕ ਆਪਣਾ ਸਾਰਾ ਸਮਾਨ ਲੈ ਕੇ ਦੋ ਕੁ ਮਹੀਨੇ ਹੋਏ ਉਥੋਂ ਚਲਾ ਗਿਆ ਸੀ। ਇਹ ਕੋਈ ਵੀ ਨਹੀਂ ਸੀ ਜਾਣਦਾ ਕਿ ਉਹ ਕਿਥੇ ਗਿਆ ਸੀ। ਮੈਂ ਚਾਰ ਬੰਦਿਆ ਕੋਲੋਂ ਪੁੱਛਿਆ ਅਤੇ ਚਾਰਾਂ ਨੇ ਵੱਖ ਵੱਖ ਉੱਤਰ ਦਿਤਾ। ਸਰਾਂ ਦੇ ਮਾਲਕ ਦੇ ਨੋਲਸਬਰੀ ਤੋਂ ਜਾਣ ਵੇਲੇ ਭਵਿੱਖ ਬਾਰੇ ਕਈ ਵਖਰੇ ਵਖਰੇ ਪ੍ਰੋਗਰਾਮ ਸਨ; ਸੋ ਹੁਣ ਕੀ ਕਿਹਾ ਜਾ ਸਕਦਾ ਸੀ ਕਿ, ਅੰਤ ਉਹਨੇ ਕਿਸ ਪ੍ਰੋਗਰਾਮ ਬਾਰੇ ਪੱਕੀ ਸਲਾਹ ਬਣਾਈ ਸੀ।

ਲੰਦਨ ਦੀ ਗੱਡੀ ਵਿਚ ਅਜੇ ਕੁਝ ਘੰਟੇ ਬਾਕੀ ਸਨ, ਸੋ ਮੈਂ ਇਕ ਬੱਘੀ ਲੈ ਕੇ ਬਲੈਕਵਾਟਰ ਪਾਰਕ ਵਾਪਸ ਪੁੱਜਾ; ਤਾਂ ਜੋ ਮਾਲੀ ਅਤੇ ਲੋਜ-ਕੀਪਰ ਨੂੰ ਵੀ ਪੁੱਛ ਗਿੱਛ ਕਰ

ਲਵਾਂ। ਜੇ ਉਹ ਵੀ ਕੁਝ ਨਾ ਦਸ ਸਕੇ ਤਾਂ ਇਸ ਵੇਲੇ ਮੈਨੂੰ ਉਥੇ ਹੋਰ ਕੋਈ ਕੰਮ ਨਹੀਂ ਸੀ; ਮੈਂ ਫਿਰ ਵਾਪਸ ਲੰਦਨ ਚਲਾ ਜਾਵਾਂਗਾ '

ਮੈਂ ਬੱਘੀ ਬਲੈਕਵਾਟਰ ਤੋਂ ਇਕ ਮੀਲ ਉਰੇ ਹੀ ਛੱਡ ਦਿਤੀ ਅਤੇ ਕੋਚਵਾਨ ਨੂੰ ਰਾਹ ਪੁੱਛ ਕੇ ਪੈਦਲ ਹੀ ਤੁਰ ਪਿਆ।

ਜਦੋਂ ਮੈਂ ਵਡੀ ਸੜਕ ਤੋਂ ਗਲੀ ਵੱਲ ਮੁੜਿਆ, ਤਾਂ ਮੈਂ ਵੇਖਿਆ ਕਿ ਮੇਰੇ ਅਗੇ ਕਾਹਲੀ ਕਾਹਲੀ, ਇਕ ਛੋਟੇ ਜੇਹੇ ਕੱਦ ਦਾ ਬੰਦਾ ਹੱਥ ਵਿਚ ਇਕ ਬੈਗ ਫੜੀ ਜਾ ਰਿਹਾ ਸੀ। ਉਹਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ ਅਤੇ ਉਹਦੇ ਸਿਰ ਤੇ ਇਕ ਬਹੁਤਾ ਵੱਡਾ ਹੈਟ ਸੀ। ਮੈਨੂੰ ਉਹ ਕਿਸੇ ਵਕੀਲ ਦਾ ਕਲਰਕ ਦਿਸਿਆ। ਮੈਂ ਜ਼ਰਾ ਰੁਕ ਗਿਆ, ਤਾਂ ਜੋ ਉਹਦੇ ਅਤੇ ਮੇਰੇ ਵਿਚਕਾਰ ਵਿੱਥ ਥੋੜ੍ਹੀ ਵਧ ਜਾਏ। ਉਹਨੂੰ ਮੇਰੀ ਆਵਾਜ਼ ਨਹੀਂ ਸੀ ਪਹੁੰਚੀ, ਅਤੇ ਉਹ ਪਿਛੇ ਵੇਖੇ ਬਿਨਾਂ ਹੀ ਤੁਰਦਾ ਗਿਆ ਅਤੇ ਥੋੜ੍ਹੀ ਦੇਰ ਮਗਰੋਂ ਅੱਖਾਂ ਤੋਂ ਓਹਲੇ ਹੋ ਗਿਆ। ਜਦੋਂ ਮੈਂ ਫਾਟਕ ਲੰਘਿਆ ਤਾਂ ਉਹ ਮੈਨੂੰ ਕਿਧਰੇ ਨਜ਼ਰ ਨਹੀਂ ਆਇਆ ਉਹ ਸ਼ਾਇਦ ਅੰਦਰ ਘਰ ਵੱਲ ਚਲਾ ਗਿਆ ਸੀ।

ਲੌਂਜ ਵਿਚ ਦੋ ਔਰਤਾਂ ਸਨ। ਇਕ ਤਾਂ ਬੁੱਢੀ ਸੀ, ਅਤੇ ਦੂਜੀ ਮੈਨੂੰ ਮਾਰਗਰੇਟ ਪੋਰਚਰ ਦਿੱਸੀ। ਉਹਦੀ ਸ਼ਕਲ ਸੂਰਤ ਬਾਰੇ ਮੈਂ ਮੇਰੀਅਨ ਦੇ ਵਰਨਣ ਵਿਚੋਂ ਪੜ ਚੁਕਾ ਸਾਂ।

ਸਭ ਤੋਂ ਪਹਿਲਾਂ ਮੈਂ ਸਰ ਪਰਸੀਵਲ ਬਾਰੇ ਪੁਛਿਆ ਕਿ ਉਹ ਘਰ ਹੈ। ਜਦੋਂ ਉਨ੍ਹਾਂ ਮੈਨੂੰ ਇਸ ਪ੍ਰਸ਼ਨ ਦਾ ਉੱਤਰ ਨਾਂਹ ਵਿਚ ਦਿਤਾ ਤਾਂ ਮੈਂ ਇਹ ਪੁਛਿਆ ਕਿ ਉਹ ਕਦੋਂ ਦਾ ਇਥੋਂ ਗਿਆ ਹੋਇਆ ਹੈ। ਉਨ੍ਹਾਂ ਦੋਹਾਂ ਨੇ ਇਹੀ ਕਿਹਾ ਕਿ ਉਹ ਗਰਮੀਆਂ ਵਿਚ ਗਿਆ ਸੀ ਇਸ ਤੋਂ ਵਧ ਹੋਰ ਕੁਝ ਨਹੀਂ ਸਨ ਦਸ ਸਕਦੀਆਂ।

ਮਾਰਗਰੈੱਟ ਪੋਰਚਰ ਸਖਣੀਆਂ ਤਕਣੀਆਂ ਨਾਲ ਮੁਸਕਰਾਣ ਅਤੇ ਝੱਲਿਆਂ ਵਾਂਗ ਸਿਰ ਹਿਲਾਣ ਤੋਂ ਵਧ ਬਹੁਤਾ ਕੁਝ ਨਾ ਦਸ ਸਕੀ।

ਉਹ ਬੁਢੀ ਔਰਤ ਜ਼ਰਾ ਸਿਆਣੀ ਸੀ। ਮੈਂ ਉਹਦੇ ਨਾਲ ਗੱਲਾਂ ਗੱਲਾਂ ਵਿਚ ਸਰ ਪਰਸੀਵਲ ਦੇ ਜਾਣ ਬਾਰੇ ਪੁੱਛਿਆ; ਅਤੇ ਉਹਨੇ ਵੀ ਇਹ ਗੱਲ ਮੰਨ ਲਈ ਕਿ ਉਸ ਦਿਨ ਸਰ ਪਰਸੀਵਲ ਬਹੁਤ ਗੁੱਸੇ ਵਿਚ ਸੀ। ਉਹਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਉਹਨੇ ਅੱਧੀ ਰਾਤੀਂ ਉਹਨੂੰ ਸੁੱਤੀ ਨੂੰ ਆ ਜਗਾਇਆ ਸੀ; ਅਤੇ ਕਈ ਤਰ੍ਹਾਂ ਦੀਆਂ ਗਾਲ੍ਹਾਂ ਕੱਢੀਆਂ ਸਨ। ਉਹ ਤੇ

ਡਰ ਹੀ ਗਈ ਸੀ। ਪਰ ਜਦੋਂ ਮੈਂ ਇਸ ਘਟਨਾ ਦੀ ਤਾਰੀਖ ਬਾਰੇ ਪੁੱਛਿਆ ਤਾਂ ਉਹਨੇ ਸਾਫ ਸਾਫ ਕਿਹਾ, ਕਿ ਉਸਨੂੰ ਯਾਦ ਰੱਖਣਾ ਉਸ ਦੇ ਵਸ ਦੀ ਗੱਲ ਨਹੀਂ।

ਲਾਜ ਤੋਂ ਬਾਹਰ ਨਿਕਲ ਕੇ ਵੇਖਿਆ, ਕਿ ਮਾਲੀ ਵੀ ਨੇੜੇ ਹੀ ਕੰਮ ਕਰ ਰਿਹਾ ਸੀ। ਮੈਂ ਉਹਦੇ ਨਾਲ ਗੱਲ ਸ਼ੁਰੂ ਕੀਤੀ ਤਾਂ ਉਹਨੇ ਮੈਨੂੰ ਇੰਜ ਵੇਖਿਆ ਜਿਵੇਂ ਉਹ ਮੇਰੇ ਤੇ ਸ਼ੱਕ ਕਰ ਰਿਹਾ ਹੋਵੇ; ਪਰ ਮੇਰੇ ਮਿਸੇਜ਼ ਮਾਈਕਲਸਨ ਦਾ ਨਾ ਲੈਂਦਿਆਂ ਹੀ ਉਹ ਗੱਲਬਾਤ ਕਰਨ ਨੂੰ ਤਿਆਰ ਹੋ ਗਿਆ। ਮੈਂ ਉਹਦੇ ਨਾਲ ਬੜੇ ਸਤਿਕਾਰ ਨਾਲ ਗਲਬਾਤ ਕਰ ਰਿਹਾ ਸਾਂ। ਪਰ ਇਸ ਪੁੱਛ ਗਿੱਛ ਦਾ ਵੀ ਉਹੀ ਨਤੀਜਾ ਸੀ। ਮੈਂ ਉਸ ਤਾਰੀਖ਼ ਦੇ ਨੇੜੇ ਤੇੜੇ ਅਜੇ ਤੀਕ ਨਹੀਂ ਪੁੱਜ ਸਕਿਆ ਸਾਂ। ਮਾਲੀ ਇੰਨਾ ਜਾਣਦਾ ਸੀ ਕਿ ਉਹਦਾ ਮਾਲਕ ਜੁਲਾਈ ਵਿਚ ਇਕ ਦਿਨ, ਅਧੀ ਰਾਤ ਵੇਲੇ ਘਰ ਗਿਆ ਸੀ। ਉਹਦੇ ਹਿਸਾਬ ਇਹ ਜੁਲਾਈ ਦਾ ਪਿਛਲਾ ਪੰਦਰਵਾੜਾ ਜਾਂ ਅਖੀਰਲੇ ਦਸ ਦਿਨ ਹੋਣਗੇ। ਇਸ ਤੋਂ ਵੱਧ ਉਹਨੂੰ ਕੁਝ ਪਤਾ ਨਹੀਂ ਸੀ। ਅਜੇ ਅਸੀਂ ਗੱਲਾਂ ਕਰ ਹੀ ਰਹੇ ਸਾਂ, ਕਿ ਉਹ ਵੱਡੇ ਕੋਟ ਅਤੇ ਕਾਲੇ ਕੱਪੜਿਆਂ ਵਾਲਾ ਬੰਦਾ ਮੈਨੂੰ ਘਰ ਦੇ ਅੰਦਰ ਆਉਂਦਾ ਦਿੱਸਿਆ। ਉਹ ਸਾਡੇ ਤੋਂ ਥੋੜ੍ਹੀ ਵਿਥ ਤੇ ਖੜਾ ਹੋ ਕੇ ਸਾਨੂੰ ਘੂਰਨ ਲੱਗ ਪਿਆ।

ਮੈਨੂੰ ਉਹਦੇ ਉੱਤੇ ਪਹਿਲਾਂ ਹੀ ਸ਼ੱਕ ਪਿਆ ਸੀ, ਮਾਲੀ ਨੂੰ ਮੈਂ ਪੁੱਛਿਆ ਤਾਂ ਉਹਨੇ ਕਿਹਾ ਕਿ ਉਹ ਓਪਰੇ ਆਦਮੀ ਨੂੰ ਨਹੀਂ ਪਛਾਣਦਾ ਸੀ, ਜਾਂ ਸ਼ਾਇਦ ਉਹ ਮੈਨੂੰ ਦੱਸਣ ਤੋਂ ਕਤਰਾਉਂਦਾ ਸੀ। ਮੈਂ ਉਸ ਆਦਮੀ ਨਾਲ ਆਪ ਹੀ ਸਿੱਧੀ ਤਰ੍ਹਾਂ ਗੱਲ ਕਰਨਾ ਠੀਕ ਸਮਝਿਆ। ਉਹਦੇ ਨੇੜੇ ਜਾ ਕੇ ਮੈਂ ਪੁੱਛਿਆ ਕਿ ਕੀ ਉਸ ਘਰ ਨੂੰ ਵੇਖਣ ਲਈ ਬਾਹਰੋਂ ਕੋਈ ਜਾ ਸਕਦਾ ਸੀ। ਇਹੀ ਇਕ ਪ੍ਰਸ਼ਨ ਸੀ ਜੋ ਮੈਂ ਉਹਨੂੰ ਪੁੱਛ ਸਕਦਾ ਸਾਂ। ਉਹਦੀ ਚਾਲ-ਢਾਲ ਅਤੇ ਉੱਤਰ ਦੇਣ ਦੇ ਢੰਗ ਤੋਂ ਮੈਨੂੰ ਇਹ ਪਤਾ ਲੱਗ ਗਿਆ, ਕਿ ਉਹ ਮੈਨੂੰ ਜਾਣਦਾ ਸੀ। ਉਹ ਜਾਣ ਕੇ ਮੈਨੂੰ ਖਿਝਾਣਾ ਚਾਹੁੰਦਾ ਸੀ, ਤਾਂ ਜੋ ਮੈਂ ਉਹਦੇ ਨਾਲ ਕਿਸੇ ਤਰ੍ਹਾਂ ਲੜ ਪਵਾਂ। ਉਹਨੇ ਬੜੀ ਬਦਤਮੀਜੀ ਨਾਲ ਮੈਨੂੰ ਉੱਤਰ ਦਿੱਤਾ ਅਤੇ ਜੇ ਮੈਂ ਉਹਦੀ ਚਾਲ ਨਾ ਸਮਝਦਾ ਹੁੰਦਾ ਤਾਂ ਇਕ ਹੂਰਾ ਉਹਦੇ ਬੂਥੇ ਤੇ ਦੇਂਦਾ, ਪਰ ਮੈਂ ਉਹਨੂੰ ਬੜੀ ਹੀ ਨਿਮਰਤਾ ਨਾਲ ਜਵਾਬ ਦੇ ਕੇ ਉਹਦੇ ਕੋਲੋਂ ਉਸ ਥਾਂ ਤੇ ਆਉਣ ਦੀ ਦਲੇਰੀ ਕਰਨ ਦੀ ਮੁਆਫ਼ੀ ਮੰਗੀ। ਸਭ ਕੁਝ ਉਂਜ ਹੀ ਹੋ ਰਿਹਾ ਸੀ, ਜਿਸ ਤਰ੍ਹਾਂ ਮੈਨੂੰ ਸ਼ੱਕ ਸੀ। ਮਿਸਟਰ ਕਾਈਰਲ ਦੇ ਦਫਤਰ ਤੋਂ ਨਿਕਲਦਿਆਂ ਹੀ ਮੇਰੀ ਖ਼ਬਰ ਸਰ ਪਰਸੀਵਲ ਨੂੰ ਪਹੁੰਚਾ ਦਿੱਤੀ ਗਈ ਸੀ, ਅਤੇ ਇਹ ਕਾਲੇ ਕੱਪੜਿਆਂ ਵਾਲਾ ਬੰਦਾ ਬਲੈਕਵਾਟਰ ਪਾਰਕ ਪਹਿਲਾਂ ਹੀ ਭੇਜ ਦਿੱਤਾ ਗਿਆ ਸੀ। ਕਿਉਂਕਿ ਉਹ ਜਾਣਦੇ ਸਨ

ਕਿ ਮੈਂ ਬਲੈਕਵਾਟਰ ਪਾਰਕ ਜਾਂ ਉਹਦੇ ਗੁਆਢ ਕਿਸੇ ਪੁੱਛ-ਗਿੱਛ ਲਈ ਪਹੁੰਚਾਗਾਂ। ਜੇ ਮੈਂ ਬਦਕਿਸਮਤੀ ਨਾਲ ਉਹਦੇ ਨਾਲ ਕਿਧਰੇ ਉਲਝ ਪੈਂਦਾ ਤਾਂ ਉਥੋਂ ਦੇ ਮੈਜਿਸਟਰੇਟ ਦੀ ਮਦਦ ਲੈਣਾ ਸਰ ਪਰਸੀਵਲ ਦੇ ਖੱਬੇ ਹੱਥ ਦਾ ਕੰਮ ਸੀ। ਉਨ੍ਹਾਂ ਮੈਨੂੰ ਇਸੇ ਬਹਾਨੇ ਅੰਦਰ ਬੰਦ ਕਰ ਦੇਣਾ ਸੀ, ਇਸ ਤਰ੍ਹਾਂ ਉਹ ਮੈਨੂੰ ਲਾਰਾ ਅਤੇ ਮੇਰੀਅਨ ਕੋਲੋਂ ਵੱਖ ਕਰਨ ਵਿਚ ਕਾਮਯਾਬ ਹੋ ਜਾਂਦੇ।

ਮੈਂ ਹੁਣ ਇਸ ਗੱਲ ਲਈ ਤਿਆਰ ਸਾਂ, ਕਿ ਉਹ ਮੇਰਾ ਪਿੱਛਾ ਸਟੇਸ਼ਨ ਤੀਕ ਕਰਨਗੇ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕੱਲ੍ਹ ਲੰਦਨ ਵਿਚ ਕੀਤਾ ਸੀ। ਪਰ ਮੈਨੂੰ ਉਸ ਵੇਲੇ ਪਤਾ ਨਹੀਂ ਲੱਗਾ ਕਿ ਸੱਚਮੁੱਚ ਹੀ ਕੋਈ ਮੈਨੂੰ ਵੇਖ ਰਿਹਾ ਹੈ, ਕਿ ਮੇਰਾ ਵਹਿਮ ਹੀ ਹੈ। ਉਸ ਕਾਲੇ ਕੱਪੜਿਆਂ ਵਾਲੇ ਨੇ ਸ਼ਾਇਦ ਕਿਸੇ ਹੋਰ ਰਾਹੀਂ ਮੇਰੀ ਨਿਗਰਾਨੀ ਕੀਤੀ ਹੋਵੇ, ਪਰ ਉਹ ਆਪ ਮੈਨੂੰ ਮੁੜ ਨਹੀਂ ਦਿੱਸਿਆ ਅਤੇ ਨਾ ਹੀ ਬਲੈਕਵਾਟਰ ਤੋਂ ਸਟੇਸ਼ਨ ਤੱਕ, ਅਤੇ ਨਾ ਹੀ ਲੰਦਨ ਉਤਰਨ ਮਗਰੋਂ ਮੈਂ ਉਹਦੀ ਸ਼ਕਲ ਵੇਖੀ। ਮੈਂ ਪੈਦਲ ਹੀ, ਸਭ ਤੋਂ ਸੁੰਨੀ ਗਲੀ ਰਾਹੀਂ, ਹਨ੍ਹੇਰਾ ਪਏ ਘਰ ਪਰਤਿਆ, ਜਿਥੇ ਮੈਂ ਘੜੀ-ਘੜੀ ਖੜਾ ਹੋ ਕੇ ਪਿੱਛੇ ਵੇਖ ਲੈਂਦਾ ਸਾਂ, ਕਿ ਕੋਈ ਮੇਰੇ ਪਿੱਛੇ ਤੇ ਨਹੀਂ ਆ ਰਿਹਾ ਸੀ। ਇਹ ਦਾਉਪੇਚ ਮੈਂ ਮੱਧ ਅਮਰੀਕਾ ਦੇ ਘਣੇ ਜੰਗਲਾਂ ਵਿਚ ਸਿੱਖਿਆ ਸਾਂ। ਉਥੇ ਅਸੀਂ ਇਹ ਪੈਂਤੜਾ ਪਤਾ ਲਾਉਣ ਲਈ ਵਰਤਦੇ ਸਾਂ ਕਿ ਕਿਧਰੇ ਸਾਡੇ ਨਾਲ ਧੋਖਾ ਤਾਂ ਨਹੀਂ ਹੋ ਰਿਹਾ, ਹੁਣ ਮੈਂ ਲੰਦਨ ਵਰਗੇ ਵੱਸਦੇ ਘੁੱਗ ਸ਼ਹਿਰ ਵਿਚ ਇਹ ਤਰਕੀਬ ਪਹਿਲਾਂ ਨਾਲੋਂ ਵੀ ਹੁਸ਼ਿਆਰੀ ਨਾਲ ਵਰਤ ਰਿਹਾ ਸਾਂ।

ਮੇਰੀ ਗੈਰ ਹਾਜ਼ਰੀ ਵਿਚ ਕੋਈ ਅਜਿਹੀ ਗੱਲ ਨਹੀਂ ਸੀ ਵਾਪਰੀ ਕਿ ਮੇਰੀਅਨ ਡਰ ਜਾਂਦੀ। ਉਹਨੇ ਮੈਨੂੰ ਉਕਸੁਕਤਾ ਨਾਲ ਪੁੱਛਿਆ ਕਿ ਕੁੱਝ ਪਤਾ ਲੱਗ ਸਕਿਆ ਹੈ ਕਿ ਨਹੀਂ। ਜਦੋਂ ਮੈਂ ਉਹਨੂੰ ਸਭ ਕੁਝ ਸੁਣਾਇਆ ਤਾਂ ਉਹ ਇਸ ਗੱਲ ਉੱਤੇ ਬੜੀ ਹੈਰਾਨ ਹੋਈ ਕਿ ਮੈਂ ਕੁਝ ਵੀ ਪਤਾ ਨਾ ਲੱਗ ਸਕਣ ਉੱਤੇ ਵੀ ਨਿਰਾਸ ਨਹੀਂ ਸਾਂ ਹੋਇਆ।

ਸਚਾਈ ਤਾ ਇਹੀ ਸੀ ਕਿ ਮੇਰੀ ਅਸਫਲਤਾ ਨੇ ਵੀ ਮੈਨੂੰ ਢਹਿਦੀਆਂ ਕਲਾ ਵਿਚ ਨਹੀ ਸੀ ਜਾਣ ਦਿੱਤਾ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਉਥੇ ਜਾਣ ਦਾ ਕੋਈ ਲਾਭ ਨਹੀਂ ਹੋਣਾ, ਪਰ ਇਕ ਵਾਰ ਉਥੇ ਜਾ ਕੇ ਪੁੱਛ-ਗਿੱਛ ਕਰਨੀ ਤਾਂ ਮੇਰਾ ਫਰਜ਼ ਹੀ ਸੀ। ਸਗੋਂ ਮੈਂ ਦਿਲ ਹੀ ਦਿਲ ਇਸ ਗੱਲ ਉੱਤੇ ਪ੍ਰਸੰਨ ਹੋ ਰਿਹਾ ਸਾਂ, ਕਿ ਹੁਣ ਮੇਰਾ ਤੇ ਸਰ ਪਰਸੀਵਲ ਦਾ ਅਸਲੀ ਮੁਕਾਬਲਾ ਹੈ। ਉਸ ਵੇਲੇ ਮੇਰੀ ਮਾਨਸਿਕ ਸਥਿਤੀ ਕੁਝ ਅਜਿਹੀ ਹੀ ਸੀ ਕਿ ਇਹ

ਗੱਲ ਮਹਿਸੂਸ ਕਰਕੇ ਮੈਂ ਹੋਲਾ ਪ੍ਰਤੀਤ ਕਰਦਾ ਸੀ। ਸਰ ਪਰਸੀਵਲ ਕੋਲੋਂ ਬਦਲਾ ਲੈਣ ਦੀ ਖਵਾਹਿਸ਼ ਵੀ ਪ੍ਰਫੁੱਲ ਹੁੰਦੀ ਜਾ ਰਹੀ ਸੀ। ਹੁਣ ਇਕੋ ਹੀ ਰਾਹ ਰਹਿ ਗਿਆ ਸੀ, ਜਿਸ ਨਾਲ ਮੈਂ ਲਾਰਾ ਦਾ ਕੁੱਝ ਸਵਾਰ ਸਕਦਾ ਸਾਂ, ਕਿ ਉਸ ਬਦਮਾਸ਼ ਨੂੰ ਹਰ ਪਾਸਿਉਂ ਜਕੜ ਲਵਾਂ; ਅਤੇ ਉਸ ਕੋਲੋਂ ਹੀ ਹੁਣ ਕੋਈ ਸਬੂਤ ਮਿਲ ਸਕਦਾ ਸੀ, ਜਿਸ ਨਾਲ ਇਕ ਦਿਨ ਲਾਰਾ ਦਾ ਵਿਆਹ ਹੋਇਆ ਸੀ। ਭਾਵੇਂ ਮੈਂ ਇਸ ਤੋਂ ਮਨੁੱਕਰ ਨਹੀਂ ਹੁੰਦਾ ਕਿ ਮੇਰੇ ਦਿਲ ਵਿਚ ਬਦਲੇ ਦੀ ਭਾਵਨਾ ਜ਼ੋਰ ਪਕੜ ਗਈ ਸੀ ਪਰ ਦੂਜੇ ਪਾਸੇ ਮੈਂ ਆਪਣੇ ਪੱਖ ਵਿਚ ਇਹ ਜ਼ਰੂਰ ਕਹਾਂਗਾ ਕਿ ਮੇਰੇ ਦਿਲ ਵਿਚ ਆਪਣੇ ਅਤੇ ਲਾਰਾ ਦੇ ਵਿਚਕਾਰ ਭਵਿਸ਼ ਵਿਚ ਕੋਈ ਹੋਰ ਰਿਸ਼ਤਾ ਜੋੜਨ ਦਾ ਖਿਆਲ ਤੱਕ ਵੀ ਨਹੀਂ ਸੀ ਆਉਂਦਾ ਅਤੇ ਜੋ ਕਦੀ ਸਰ ਪਰਸੀਵਲ ਨੂੰ ਪਕੜ ਕੇ ਜਬਰਦਸਤੀ ਉਹਦੇ ਕੋਲੋਂ ਕੁਝ ਮੰਨਵਾਣਾ ਸੀ ਤਾਂ ਉਹ ਆਪਣੀ ਸਵਾਰਥ ਸਿਧੀ ਲਈ ਨਹੀਂ ਹੁਣ ਇਹ ਸਵਾਲ ਹੀ ਨਹੀਂ ਸੀ ਉਠਦਾ। ਮੈਂ ਆਪਣੇ ਆਪ ਨੂੰ ਇਹ ਕਦੀ ਨਹੀਂ ਸੀ ਕਿਹਾ, "ਜੇ ਮੈਂ ਕਾਮਯਾਬ ਹੋ ਗਿਆ, ਤਾਂ ਮੇਰੀ ਸਫ਼ਲਤਾ ਸਦਕਾ ਉਹ ਮੇਰੇ ਕੋਲ ਆਪਣੇ ਪਤੀ ਦੀ ਪਹੁੰਚ ਤੋਂ ਬਾਹਰ ਹੋ ਜਾਏਗੀ।" ਮੈਂ ਉਹਦੇ ਲਾਰਾ ਦੇ ਉਦਾਸ ਚਿਹਰੇ ਵੱਲ ਵੇਖ ਕੇ ਅਜਿਹੀਆਂ ਸੋਚਾਂ ਨਹੀਂ ਸੋਚ ਸਕਦਾ। ਉਹਦੇ ਵਿਚ ਏਨੀ ਤਬਦੀਲੀ ਵੇਖ ਕੇ ਮੈਨੂੰ ਉਹਦੇ ਤੇ ਤਰਸ ਆਉਂਦਾ ਸੀ। ਮੇਰੇ ਦਿਲ ਵਿਚ ਉਹੀ ਕੋਮਲਤਾ ਸੀ; ਜੋ ਉਹਦੇ ਪਿਤਾ ਜਾਂ ਭਰਾ ਦੇ ਦਿਲ ਵਿਚ ਉਹਦਾ ਦੁੱਖ ਵੇਖ ਕੇ ਹੁੰਦੀ। ਮੇਰਾ ਰੱਬ ਜਾਣਦਾ ਹੈ, ਕਿ ਮੈਂ ਦਿਲ ਵਿਚ ਇਹੀ ਕੁਝ ਮਹਿਸੂਸ ਕਰਦਾ ਸਾਂ! ਬੱਸ ਮੇਰੀ ਇਕੋ ਆਸ ਸੀ, ਕਿ ਉਹ ਬਿਲਕੁਲ ਰਾਜ਼ੀ-ਬਾਜ਼ੀ ਹੋ ਜਾਏ ਜਿਵੇਂ ਪਹਿਲਾਂ ਸੀ, ਉਹ ਮੁੜ ਕੇ ਪਹਿਲਾਂ ਵਾਂਗ ਹੀ ਤਕੜੀ ਅਤੇ ਖੁਸ਼ ਹੋਵੇ; ਮੇਰੇ ਵੱਲ ਇਕ ਵਾਰ ਉਸੇ ਤਰ੍ਹਾਂ ਵੇਖੇ ਜਿਵੇਂ ਪਹਿਲਾਂ ਵੇਖਿਆ ਕਰਦਾ ਸੀ। ਬੱਸ, ਇਹੀ ਮੇਰੀ ਕਾਮਨਾ ਸੀ; ਇਹੀ ਮੇਰੀਆਂ ਆਸਾਵਾਂ ਦਾ ਸਿਖਰ ਸੀ।

ਇਹ ਸ਼ਬਦ ਮੈਂ ਐਵੇਂ ਹੀ ਆਪਣੀ ਵਡਿਆਈ ਲਈ ਨਹੀਂ ਲਿਖ ਰਿਹਾ। ਮੇਰੇ ਇਸ ਵਰਨਣ ਵਿਚ ਅਜੇ ਅਜਿਹਾ ਬਿਆਨ ਆਵੇਗਾ ਅਤੇ ਮੈਨੂੰ ਮੇਰੇ ਕਰਮ ਤੋਂ ਪਰੀਖਿਆ ਜਾਏਗਾ ਇਸ ਲਈ ਮੈਂ ਇਹ ਆਵੱਸ਼ਕ ਸਮਝਿਆ ਹੈ ਕਿ ਮੇਰੀ ਸ਼ਖਸੀਅਤ ਦੇ ਦੋਵੇਂ ਪੱਖ ਹੀ ਸਾਹਮਣੇ ਰੱਖੇ ਜਾਣ।

ਹੈਂਪਸ਼ਾਹਿਰ ਤੋਂ ਪਰਤਣ ਮਗਰੋਂ ਦੂਜੇ ਦਿਨ ਮੈਂ ਮੇਰੀਅਨ ਨੂੰ ਉੱਪਰ ਆਪਣੇ ਕੰਮ ਕਰਨ ਵਾਲੇ ਕਮਰੇ ਵਿਚ ਬੁਲਾਇਆ, ਅਤੇ ਉਹਦੇ ਸਾਹਮਣੇ ਆਪਣੀ ਉਹ ਯੋਜਨਾ ਰੱਖੀ ਜੋ

ਮੈਂ ਆਪਣੇ  ਦਿਮਾਗ ਵਿਚ ਬੜੀ ਸੋਚ ਵਿਚਾਰ ਤੋਂ ਮਗਰੋਂ ਬਣਾਈ ਸੀ। ਸਰ ਪਰਸੀਵਲ ਦੀ ਜਿੰਦਗੀ ਵਿਚ ਇਕ ਕਮਜ਼ੋਰ ਥਾਂ ਸੀ; ਜਿਥੇ ਧਾਵਾ ਬੋਲਿਆ ਜਾ ਸਕਦਾ ਸੀ।

ਉਸ ਭੇਤ ਦੀ ਕੁੰਜੀ ਚਿੱਟੇ ਭੇਸ ਵਾਲੀ ਔਰਤ ਕੋਲ ਸੀ, ਜਿਸ ਨਾਲ ਅਸੀਂ ਅਜੇ ਤੀਕ ਇਹ ਗੱਲ ਸਾਂਝੀ ਨਹੀਂ ਸਾਂ ਕਰ ਸਕੇ। ਉਹਦੀ ਮੌਤ ਮਗਰੋਂ ਹੁਣ ਉਹ ਉਹਦੀ ਮਾਂ ਕੋਲ ਪਹੁੰਚਿਆ ਜਾ ਸਕਦਾ ਸੀ; ਮਿਸਿਜ ਕੈਥੇਰਿਕ ਕੋਲੋਂ ਕਿਸੇ ਸਹਾਇਤਾ ਦੀ ਆਸ ਤਾਂ ਰੱਖੀ ਜਾ ਸਕਦੀ ਹੈ, ਜੇ ਮੈਂ ਉਸਨੂੰ ਮਿਲਣ ਤੋਂ ਪਹਿਲਾਂ ਮਿਸਜ ਕਲੀਮੈਂਟਸ ਕੋਲੋਂ ਉਸ ਬਾਰੇ ਪੂਰੀ ਜਾਣਕਾਰੀ ਹਾਸਲ ਕਰ ਲਵਾਂ। ਮੈਂ ਪੂਰੀ ਇਕਾਗਰਤਾ ਨਾਲ ਇਸ ਮਾਮਲੇ ਤੇ ਸੋਚਿਆ ਸੀ, ਅਤੇ ਇਸ ਸਿੱਟੇ ਤੋਂ ਪੁੱਜਿਆ ਸਾਂ ਕਿ ਹੁਣ ਏਨ ਕੈਥੇਰਿਕ ਦੀ ਉਸ ਪੁਰਾਣੀ ਮਿੱਤਰ ਕੋਲੋਂ ਹੀ ਕੁਝ ਪਤਾ ਲੱਗਣ ਦੀ ਆਸ ਹੋ ਸਕਦੀ ਹੈ, ਉਹ ਏਨ ਕੈਥੇਰਿਕ ਨੂੰ ਆਪਣੀ ਜਾਨ ਤੋਂ ਵਧ ਪਿਆਰ ਕਰਦੀ ਸੀ। ਹੋ ਸਕਦਾ ਹੈ, ਕਿ ਉਹ ਮੈਨੂੰ ਕੁਝ ਠੋਸ ਜਾਣਕਾਰੀ ਦੇ ਸਕੇ।

ਹੁਣ ਪਹਿਲੀ ਮੁਸ਼ਕਲ ਸੀ। ਮਿਸਜ਼ ਕਲੀਮੈਂਟਸ ਨੂੰ ਲੱਭਣਾ।

ਮੈਂ ਮੇਰੀਅਨ ਦਾ ਧੰਨਵਾਦੀ ਹਾਂ, ਕਿਉਂਕਿ ਉਹਨੇ ਇਸ ਮੁਸ਼ਕਲ ਨੂੰ ਹੱਲ ਕਰਨ ਦਾ ਸਭ ਤੋਂ ਸੁੱਖਾ ਅਤੇ ਠੀਕ ਤਰੀਕਾ ਇਕ ਦਮ ਦਸ ਦਿੱਤਾ। ਉਹਨੇ ਕਿਹਾ ਕਿ ਉਹ ਟਾਡਸ ਕਾਰਨਰ ਵਿਚ, ਜੋ ਲਿਮਰਿਜ ਦੇ ਨੇੜੇ ਫਾਰਮ ਸੀ, ਮਿਸਿਜ਼ ਟਾਡ ਨੂੰ ਚਿੱਠੀ ਲਿਖ ਕੇ ਪੁੱਛੇਗੀ ਕਿ ਕੀ ਉਨ੍ਹਾਂ ਨੂੰ ਮਿਸਿਜ਼ ਕਲੀਮੈਂਟਸ ਦੀ ਕੋਈ ਚਿੱਠੀ ਆਈ ਹੈ। ਮਿਸਿਜ਼ ਕਲੀਮਟਸ ਕੋਲੋਂ ਏਨ ਕੈਥੇਰਿਕ ਨੂੰ ਕਿਵੇਂ ਵੱਖ ਕੀਤਾ ਗਿਆ, ਇਸ ਬਾਰੇ ਸਾਨੂੰ ਆਪ ਵੀ ਕੁਝ ਪਤਾਂ ਨਹੀਂ ਸੀ। ਪਰ ਵੱਖ ਹੋ ਜਾਣ ਮਗਰੋਂ ਮਿਸਿਜ਼ ਕਲੀਮੈਂਟਸ ਨੇ ਜ਼ਰੂਰ ਟਾਡਸ ਕਾਰਨਰ ਚਿੱਠੀ ਲਿਖੀ ਹੋਵੇਗੀ, ਕਿਉਂਕਿ ਉਹ ਜਾਣਦੀ ਸੀ ਕਿ ਏਨ ਕੈਥੇਰਿਕ ਨੂੰ ਉਸ ਥਾਂ ਨਾਲ ਬਹੁਤ ਹੀ ਪਿਆਰ ਸੀ। ਏਨ ਕੈਥੋਰਿਕ ਲਿਮਰਿਜ ਨੂੰ ਬਹੁਤ ਹੀ ਡੂੰਘਾ ਪਿਆਰ ਕਰਦੀ ਸੀ। ਮੈਂ ਵੀ ਮੇਰੀਅਨ ਦੀ ਗੱਲ ਦੀ ਸੱਚਾਈ ਮਹਿਸੂਸ ਕੀਤੀ। ਉਹਨੇ ਉਸੇ ਦਿਨ ਹੀ ਪਹਿਲੀ ਡਾਕ ਰਾਹੀਂ ਟਾਡਸ ਕਾਰਨਰ ਚਿੱਠੀ ਲਿਖ ਦਿੱਤੀ।

ਚਿੱਠੀ ਦੀ ਉਡੀਕ ਦੇ ਦੌਰਾਨ ਵਿਚ, ਮੈਂ ਮੇਰੀਅਨ ਕੋਲੋਂ ਸਰ ਪਰਸੀਵਲ ਦੀ ਪਹਿਲੀ ਜ਼ਿੰਦਗੀ ਬਾਰੇ ਸਭ ਕੁਝ ਪੁੱਛਦਾ ਰਿਹਾ। ਮੇਰੀਅਨ ਨੂੰ ਸੁਣਿਆ-ਸੁਣਾਇਆ ਹੀ ਕੁਝ ਪਤਾ ਸੀ, ਪਰ ਉਹਨੂੰ ਵਿਸ਼ਵਾਸ ਸੀ ਕਿ ਉਸ ਵਿਚ ਕੁਝ ਵੀ ਝੂਠ ਨਹੀਂ ਸੀ।

ਸਰ ਪਰਸੀਵਲ ਆਪਣੇ ਮਾਪਿਆਂ ਦਾ ਇਕਲੋਤਾ ਪੁੱਤਰ ਸੀ, ਉਹਦਾ ਪਿਤਾ ਸਰ ਫੈਲਿਕਸ ਗਲਾਈਡ ਜਨਮ ਤੋਂ ਹੀ ਕਿਸੇ ਲਾਇਲਾਜ ਬੀਮਾਰੀ ਦਾ ਫਲਸਰੂਪ ਕੁਰੂਪ ਹੋ ਚੁੱਕਾ ਸੀ। ਇਹ ਬੀਮਾਰੀ ਬੜੀ ਕਸ਼ਟਮਈ ਸੀ। ਉਹ ਕਿਸੇ ਨਾਲ ਵੀ ਮਿਲਣਾ ਵਰਤਣਾ ਪਸੰਦ ਨਹੀਂ ਸੀ ਕਰਦਾ, ਬਚਪਨ ਤੋਂ ਹੀ ਇਕੱਲਾ-ਇਕੱਲਾ ਰਹਿੰਦਾ ਸੀ। ਉਹ ਸੰਗੀਤ ਦਾ ਬੜਾ ਸ਼ੁਕੀਨ ਸੀ, ਅਤੇ ਜਦੋਂ ਉਹਨੇ ਵਿਆਹ ਕੀਤਾ ਤਾਂ ਅਜਿਹੀ ਕੁੜੀ ਨਾਲ਼ ਜੋ ਬਹੁਤ ਸੋਹਣਾ ਗਾਉਂਦੀ ਸੀ। ਸਰ ਫੈਲਿਕਸ ਨੂੰ ਬੜੀ ਛੋਟੀ ਉਮਰ ਵਿਚ ਹੀ ਬਲੈਕਵਾਟਰ ਪਾਰਕ ਵਿਰਾਸਤ ਵਿਚ ਮਿਲਿਆ ਸੀ; ਉਹ ਦੋਵੇਂ ਜੀਅ ਆਪਣੇ ਆਢ-ਗੁਆਂਢ ਦੇ ਲੋਕਾਂ ਨਾਲ ਵੀ ਨਹੀਂ ਮਿਲਦੇ ਸਨ ਅਤੇ ਨਾ ਹੀ ਉਨ੍ਹਾਂ ਦੇ ਗੁਆਂਢੀਆਂ ਵਿਚੋਂ ਕੋਈ ਇਹ ਯਤਨ ਕਰਦਾ ਸੀ ਕਿ ਉਨ੍ਹਾਂ ਦਾ ਆਪਸ ਵਿਚ ਆਉਣ ਜਾਣ ਹੋਵੇ। ਬਸ ਇਕ ਪਿੰਡ ਦਾ ਪਾਦਰੀ ਸੀ, ਜੋ ਉਨ੍ਹਾਂ ਕੋਲ ਆਉਣ ਜਾਣ ਦੀ ਕੋਸ਼ਿਸ਼ ਕਰਦਾ ਸੀ।

ਪਾਦਰੀ ਬੜੀ ਤੀਬਰ ਲਗਨ ਵਾਲਾ ਮਨੁੱਖ ਸੀ ਅਤੇ ਉਹ ਭਲਾ ਕਰਦਾ-ਕਰਦਾ ਅਨਜਾਣੇ ਹੀ ਨੁਕਸਾਨ ਕਰ ਜਾਂਦਾ ਸੀ। ਉਹਨੂੰ ਇਸ ਗੱਲ ਦੀ ਭਿਣਕ ਪੈ ਗਈ ਸੀ ਕਿ ਸਰ ਫ਼ੈਲਿਕਸ ਕਾਲਜ ਦੇ ਦਿਨਾਂ ਵਿੱਚ ਰਾਜਨੀਤੀ ਵਿਚ ਅਗਾਂਹ-ਵਧੂ ਵਿਚਾਰ ਪ੍ਰਗਟ ਕਰਿਆ ਕਰਦਾ ਸੀ। ਆਪਣੇ ਆਪ ਨੂੰ ਨਾਸਤਕ ਕਹਿੰਦਾ ਸੀ। ਹੁਣ ਉਹ ਆਪਣਾ ਫ਼ਰਜ ਸਮਝਦਾ ਸੀ ਕਿ ਸਰ ਫ਼ੈਲਿਕਸ ਨੂੰ ਪਿੰਡ ਦੇ ਮਾਲਕ ਦੀ ਹੈਸੀਅਤ ਗਿਰਜੇ ਵਿਚ ਆ ਕੇ ਬੈਠਣ ਲਈ ਕਹੇ। ਉਹ ਗਿਰਜੇ ਵਿਚ ਆ ਕੇ ਪਾਦਰੀ ਦਾ ਉਪਦੇਸ਼ ਸੁਣੇ; ਅਤੇ ਆਪਣਾ ਜੀਵਨ ਸੁਧਾਰੇ। ਪਰ ਸਰ ਫੈਲਿਕਸ ਨੂੰ ਪਾਦਰੀ ਦੀ ਇਸ ਨਿਰਦੋਸ਼ ਹਰਕਤ ਤੇ ਬੜਾ ਗੁੱਸਾ ਚੜ੍ਹਿਆ; ਅਤੇ ਉਹਨੇ ਸਭਦੇ ਸਾਹਮਣੇ ਪਾਦਰੀ ਦੀ ਪਾਣ-ਪਤ ਇੰਜ ਲਾਹੀ ਕਿ ਪਿੰਡ ਦਿਆ ਲੋਕਾਂ ਨੇ ਸਰ ਫੈਲਿਕਸ ਨੂੰ ਚਿੱਠੀਆਂ ਰਾਹੀਂ ਆਪਣਾ ਰੋਹ ਪ੍ਰਗਟ ਕੀਤਾ। ਇਥੋਂ ਤੱਕ ਕਿ ਬਲੈਕਵਾਟਰ ਪਾਰਕ ਦੇ ਮੁਜੈਰਿਆਂ ਨੇ ਵੀ ਸਰ ਫੈਲਿਕਸ ਦੇ ਬਰਖਿਲਾਫ਼ ਗੁੱਸਾ ਪ੍ਰਗਟ ਕੀਤਾ। ਸਰ ਫੈਲਿਕਸ ਨੂੰ ਆਪਣੀ ਜਾਇਦਾਦ ਨਾਲ ਜਾਂ ਪਿੰਡ ਨਾਲ ਕੋਈ ਪਿਆਰ ਨਹੀਂ ਸੀ। ਉਹ ਇਸੇ ਗੱਲ ਤੋਂ ਹੀ ਬਲੈਕਵਾਟਰ ਨੂੰ ਛੱਡ ਕੇ ਲੰਦਨ ਚਲਾ ਗਿਆ।

ਥੋੜ੍ਹਾ ਚਿਰ ਲੰਦਨ ਰਹਿਣ ਪਿਛੋਂ ਉਹ ਦੋ ਵੇ ਜੀਅ ਯੌਰਪ ਚਲੇ ਗਏ ਅਤੇ ਫਿਰ ਮੁੜ ਇੰਗਲੈਂਡ ਨਾ ਆਏ। ਕਦੀ ਉਹ ਫਰਾਂਸ ਰਹਿੰਦੇ, ਅਤੇ ਕਦੀ ਜਰਮਨੀ, ਪਰ ਜਿਥੇ ਵੀ ਰਹੇ

ਉਥੇ ਹੀ ਉਨ੍ਹਾਂ ਨੇ ਕਿਸੇ ਨਾਲ ਵੀ ਸਮਾਜਿਕ ਤੌਰ ਤੇ ਕੋਈ ਰਿਸ਼ਤਾ ਨਾਤਾ ਸਥਾਪਤ ਨਾ ਕੀਤਾ। ਕਿਉਂਕਿ ਸਰ ਫੈਲਿਕਸ ਦੀ ਕੁਰੂਪਤਾ ਹੀ ਉਹਨੂੰ ਲੋਕਾਂ ਵਿਚ ਮਿਲਣ ਭਿੱਜਣ ਨਹੀਂ ਸੀ ਦੇਂਦੀ। ਪਰਸੀਵਲ ਵੀ ਉਥੇ ਹੀ ਜੰਮਿਆ ਸੀ। ਉਹਦੀ ਪੜ੍ਹਾਈ ਸਿਖਲਾਈ ਘਰ ਮਾਸਟਰਾਂ ਕੋਲ ਹੁੰਦੀ ਰਹੀ। ਪਹਿਲਾਂ ਉਹਦੀ ਮਾਂ ਦੀ ਮੌਤ ਹੋਈ ਅਤੇ ਉਸ ਤੋਂ ਥੋੜ੍ਹੇ ਸਾਲ ਪਿਛੋਂ 1825 ਜਾਂ 1826 ਵਿਚ ਉਹਦੇ ਪਿਤਾ ਦੀ ਵੀ ਮੌਤ ਹੋ ਗਈ। ਸਰ ਪਰਸੀਵਲ ਇਸ ਤੋਂ ਪਹਿਲਾਂ ਇਕ ਦੋ ਵਾਰ ਇੰਗਲੈਂਡ ਵੀ ਗਿਆ ਸੀ। ਪਰ ਉਹਦੀ ਸਵਰਗਵਾਸੀ ਮਿਸਟਰ ਫ਼ੇਅਰਲੀ ਨਾਲ ਜਾਣ-ਪਛਾਣ ਉਹਦੇ ਪਿਤਾ ਦੀ ਮੌਤ ਮਗਰੋਂ ਹੋਈ ਸੀ। ਮਿਸਟਰ ਫ਼ੇਅਰਲੀ ਤੇ ਸਰ ਪਰਸੀਵਲ ਦਾ ਆਪਸ ਵਿਚ ਬੜਾ ਘਨਿਸ਼ਟ ਸੰਬੰਧ ਸੀ; ਭਾਵੇਂ ਉਨ੍ਹਾਂ ਦਿਨਾਂ ਵਿਚ ਸਰ ਪਰਸੀਵਲ ਕਦੀ ਲਿਮਰਿਜ ਆ ਠਹਿਰਦਾ ਨਹੀਂ ਸੀ। ਮਿਸਟਰ ਫਰੈਡਰਿਕ ਫੇਅਰਲੀ ਸ਼ਾਇਦ ਇਕ ਦੋ ਵਾਰੀ ਸਰ ਪਰਸੀਵਲ ਨੂੰ ਮਿਸਟਰ ਫਿਲਪ ਫ਼ੇਅਰਲੀ ਦੇ ਸਾਥ ਵਿਚ ਮਿਲਿਆ ਹੋਵੇਗਾ, ਪਰ ਉਹ ਉਹਨੂੰ ਚੰਗੀ ਤਰ੍ਹਾਂ ਨਹੀਂ ਜਾਣਦਾ ਸੀ। ਸਰ ਪਰਸੀਵਲ ਦਾ ਮਿੱਤਰ ਲਾਰਾ ਦਾ ਪਿਤਾ ਹੀ ਸੀ।

ਮੈਨੂੰ ਮੇਰੀਅਨ ਸਰ ਪਰਸੀਵਲ ਬਾਰੇ ਇੰਨਾ ਕੁਝ ਹੀ ਦਸ ਸਕੀ ਸੀ। ਭਾਵੇਂ ਇਸ ਵਿੱਚ ਕੁਝ ਖਾਸ ਨਹੀਂ ਸੀ, ਜੋ ਮੇਰੇ ਕੰਮ ਆਉਂਦਾ ਤਾਂ ਵੀ ਮੈਂ ਇਹ ਸਭ ਕੁਝ ਆਪਣੇ ਕੋਲ ਲਿਖ ਕੇ ਰੱਖ ਲਿਆ, ਕਿ ਸ਼ਾਇਦ ਭਵਿਖ ਵਿਚ ਇਸ ਦਾ ਕੁਝ ਮਹੱਤਵ ਹੋਵੇ।

ਮਿਸਿਜ਼ ਟਾਡ ਦਾ ਉੱਤਰ ਸਾਡੇ ਨੇੜੇ ਦੇ ਇਕ ਡਾਕ-ਘਰ ਵਿਚ ਆ ਚੁੱਕਾ ਸੀ। ਅਸੀਂ ਜਾਣ ਬੁਝ ਕੇ ਹੀ ਡਾਕ-ਘਰ ਦਾ ਪਤਾ ਦਿੱਤਾ ਸੀ। ਇਸੇ ਪਲ ਤੋਂ ਹੀ ਘਟਨਾਵਾਂ ਦਾ ਚੱਕਰ ਸਾਡੇ ਪੱਖ ਵਿਚ ਚਲਣਾ ਸ਼ੁਰੂ ਹੋ ਗਿਆ। ਮਿਸਿਜ਼ ਟਾਡ ਦੀ ਚਿੱਠੀ ਵਿਚ ਇਹ ਜਾਣਕਾਰੀ ਸੀ ਜਿਸਦੀ ਅਸੀਂ ਤਲਾਸ਼ ਕਰ ਰਹੇ ਸਾਂ।

ਸਾਡਾ ਅਨੁਮਾਨ ਸਹੀ ਸੀ। ਮਿਸਿਜ਼ ਕਲੀਮੈਂਟਸ ਨੇ ਟਾਡਸ ਕਾਰਨਰ ਚਿੱਠੀ ਪਾਈ ਸੀ। ਪਹਿਲਾਂ ਤਾਂ ਉਹਨੇ ਇਸ ਗੱਲ ਦੀ ਖਿਮਾਂ ਮੰਗੀ ਸੀ; ਕਿ ਉਹ ਟਾਡਸ ਕਾਰਨਰ ਤੋਂ ਅਚਾਨਕ ਹੀ ਚਲੀਆਂ ਗਈਆਂ ਸਨ; ਉਹ ਉਦੋਂ ਹੀ ਗੱਲ ਕਰ ਰਹੀ ਸੀ, ਜਦੋਂ ਮੈਂ ਲਿਮਰਿਜ ਉਨ੍ਹਾਂ ਨੂੰ ਮਿਲਿਆ ਸਾਂ। ਇਸ ਤੋਂ ਉਹਨੇ ਮਿਸਿਜ਼ ਟਾਡ ਨੂੰ ਏਨ ਦੇ ਗਾਇਬ ਹੋਣ ਦੀ ਖ਼ਬਰ ਦਿੱਤੀ ਸੀ, ਅਤੇ ਉਸਦਾ ਵਾਸਤਾ ਪਾਇਆ ਸੀ ਕਿ ਉਹ ਲਿਮਰਿਜ ਦੇ ਗੁਆਂਢ ਪਤਾ ਕਰੇ ਜਾ

ਕਰਵਾਏ। ਹੋ ਸਕਦਾ ਸੀ, ਕਿ ਏਨ ਮੁੜ ਲਿਮਰਿਜ਼ ਪਰਤ ਗਈ ਹੋਵੇ। ਇਹ ਬੇਨਤੀ ਕਰਕੇ ਮਿਸਿਜ਼ ਕਲੀਮੈਂਟਸ ਨੇ ਆਪਣਾ ਪਤਾ ਵੀ ਦਿਤਾ ਸੀ, ਜਿਸ ਤੇ ਉਹਨੂੰ ਕੋਈ ਖ਼ਬਰ ਭੇਜੀ ਜਾ ਸਕਦੀ ਹੋਵੇ। ਮਿਸਿਜ਼ ਟਾਡ ਨੇ ਮੇਰੀਅਨ ਨੂੰ ਉਹੀ ਪਤਾ ਲਿਖ ਭੇਜਿਆ ਸੀ ਅਤੇ ਸਾਡੇ ਘਰ ਤੋਂ ਉਥੇ ਪਹੁੰਚਣ ਤੀਕ ਅੱਧਾ ਕੁ ਘੰਟਾ ਲੱਗਦਾ ਸੀ।

ਹੁਣ ਮੈਂ ਕਿਸ ਗੱਲ ਦੀ ਉਡੀਕ ਕਰਨੀ ਸੀ, ਅਗਲੀ ਹੀ ਸਵੇਰ ਮੈਂ' ਮਿਸਿਜ਼ ਕਲੀਮੈਂਟਸ ਨਾਲ ਮੁਲਾਕਾਤ ਕਰਨ ਲਈ ਤੁਰ ਪਿਆ। ਇਸ ਤਹਕੀਕਾਤ ਵਿਚ ਮੈਂ ਪਹਿਲੀਵਾਰ ਕੁਝ ਅੱਗੇ ਵੱਧ ਰਿਹਾ ਸਾਂ, ਉਸ ਖ਼ਤਰਨਾਕ ਕੰਮ ਦੀ ਕਹਾਣੀ ਜਿਸ ਲਈ ਮੈਂ ਤਿਆਰ ਹੋ ਕੇ ਨਿਕਲਿਆ ਸਾਂ; ਇਥੋਂ ਹੀ ਸ਼ੁਰੂ ਹੁੰਦੀ ਹੈ।

## VI

ਮਿਸਿਜ਼ ਟਾਡ ਦੇ ਭੇਜੇ ਹੋਏ ਪਤੇ ਉੱਤੇ ਅੰਤ ਮੈਂ ਪਹੁੰਚ ਗਿਆ। ਗਰੇਂਜ਼ ਇਨ ਰੋਡ ਦੇ ਨੇੜੇ ਇਕ ਗਲੀ ਵਿਚ ਇਹ ਇਕ ਛੋਟਾ ਜਿਹਾ ਮਕਾਨ ਸੀ।

ਮੇਰੇ ਬੂਹਾ ਖੜਕਾਉਣ ਉੱਤੇ, ਮਿਸਿਜ਼ ਕਲੀਮੈਂਟਸ ਨੇ ਆਪ ਹੀ ਖੋਲ੍ਹਿਆ। ਉਹਨੇ ਮੈਨੂੰ ਨਹੀਂ ਸੀ ਪਛਾਣਿਆ, ਸੋ ਉਹਨੇ ਮੇਰੇ ਕੋਲ ਆਉਣ ਦਾ ਕਾਰਣ ਪੁੱਛਿਆ। ਮੈਂ ਉਹਨੂੰ ਲਿਮਰਿਜ ਦੇ ਗਿਰਜੇ ਵਿਚ ਉਹ ਮੁਲਾਕਾਤ ਯਾਦ ਕਰਾਈ, ਜਦੋਂ ਚਿੱਟੇ ਭੇਸ ਵਾਲੀ ਕੁੜੀ ਨੂੰ ਮਿਲਣ ਤੋਂ ਮਗਰੋਂ ਉਹਨੂੰ ਮਿਲਿਆ ਸਾਂ। ਮੈਂ ਉਹਨੂੰ ਵਿਸ਼ੇਸ਼ ਰੂਪ ਵਿਚ ਇਹ ਗੱਲ ਦੱਸੀ, ਕਿ ਉਹ ਮੈਂ ਹੀ ਸਾਂ, ਜਿਸਨੇ ਏਨ ਨੂੰ ਪਾਗਲਖਾਨੇ ਵਿਚੋਂ ਭੱਜੀ ਜਾਂਦੀ ਨੂੰ ਬਚਾਇਆ ਸੀ। ਉਹਨੂੰ ਯਾਦ ਆ ਗਿਆ, ਕਿ ਇਹ ਗੱਲ ਏਨ ਨੇ ਉਹਨੂੰ ਕਹੀ ਸੀ। ਉਹਦਾ ਵਿਸ਼ਵਾਸ ਮੈਂ ਇੰਨੀ ਕੁ ਗੱਲ ਨਾਲ ਜਿੱਤ ਸਕਦਾ ਸਾਂ। ਉਹਨੂੰ ਸਭ ਕੁਝ ਯਾਦ ਆ ਗਿਆ ਸੀ। ਉਹ ਬੜੀ ਘਬਰਾਈ ਅਤੇ ਚਿੰਤਿਤ ਹੋਈ ਮੈਨੂੰ ਅੰਦਰ ਲੈ ਗਈ, ਅਤੇ ਮੈਨੂੰ ਏਨ ਬਾਰੇ ਪੁੱਛਣ ਲੱਗੀ, ਕਿ ਕੀ ਮੈਂ ਉਹਦੀ ਇਹ ਖ਼ਬਰ ਲੈ ਕੇ ਆਇਆ ਸਾਂ।

ਮੈਂ ਉਹਨੂੰ ਸੱਚੀ ਗੱਲ ਨਹੀਂ ਸਾਂ ਦਸ ਸਕਦਾ, ਕਿਉਂਕਿ ਜੇ ਉਹ ਦੱਸਦਾ ਤਾਂ ਸਾਰੀ ਦੀ ਸਾਰੀ ਕਹਾਣੀ ਓਹਦੇ ਅੱਗੇ ਖੋਲਣੀ ਪੈਣੀ ਸੀ ਅਤੇ ਇੰਜ ਕਰਨਾ ਸਾਡੇ ਲਈ ਖ਼ਤਰਨਾਕ ਸਾਬਤ ਹੋ ਸਕਦਾ ਸੀ। ਪਰ ਮੈਂ ਇੰਨਾਂ ਜ਼ਾਲਮ ਨਹੀਂ ਸਾਂ, ਮੈਂ ਉਹਨੂੰ ਝੂਠੀਆਂ ਉਮੀਦਾਂ ਵੀ ਨਹੀਂ ਸਾਂ ਦੇ ਸਕਦਾ, ਉਹਨੂੰ ਇਹੀ ਕਿਹਾ, ਕਿ ਮੈਂ ਉਨ੍ਹਾਂ ਬੰਦਿਆਂ ਦੀ ਤਾਲਾਸ਼ ਵਿਚ ਸਾਂ,

ਜਿਨ੍ਹਾਂ ਨੇ ਏਨ ਕੈਥੇਰਿਕ ਨੂੰ ਗਾਇਬ ਕੀਤਾ ਸੀ। ਮੈਂ ਉਹਨੂੰ ਇਹ ਵੀ ਕਿਹਾ, ਕਿ ਮੈਨੂੰ ਉਹਦੇ ਮਿਲਣ ਦੀ ਹੁਣ ਰਤਾ ਜਿੰਨੀ ਵੀ ਆਸ ਨਹੀਂ ਸੀ; ਅਤੇ ਸ਼ਾਇਦ ਹੁਣ ਜੀਉਂਦੀ ਸਾਨੂੰ ਕਦੇ ਦਿਸੇ ਵੀ ਨਾ ਇਹ ਮੈਂ ਇਸ ਲਈ ਕਿਹਾ ਤਾਂ ਜੋ ਪਿੱਛੋਂ ਮੇਰੀ ਆਤਮਾ ਮੈਨੂੰ ਧਿਕਾਰਦੀ ਹੀ ਨਾ ਰਹੇ, ਮੈਂ ਆਪਣੇ ਕੋਲੋਂ ਇਹ ਭਾਰ ਲਾਹ ਦੇਣਾ ਚਾਹੁੰਦਾ ਸਾਂ। ਮੈਂ ਮਿਸਿਜ਼ ਕਲੀਮੈਂਟਸ ਨੂੰ ਇਹ ਦੱਸਿਆ ਕਿ ਮੈਂ ਉਨ੍ਹਾਂ ਦੋਹਾਂ ਬੰਦਿਆਂ ਦੇ ਪਿੱਛੇ ਹਾਂ, ਜਿਹੜੇ ਏਨ ਨੂੰ ਕਿਧਰ ਲੈ ਗਏ ਹਨ। ਉਨ੍ਹਾਂ ਬਦਮਾਸ਼ਾਂ ਨੇ ਮੇਰੇ ਅਤੇ ਮੇਰੇ ਬੜੇ ਪਿਆਰੇ ਮਿੱਤਰਾਂ ਨਾਲ ਬੜਾ ਵੱਡਾ ਧੋਖਾ ਅਤੇ ਅਨਿਆਂ ਕੀਤਾ ਹੈ। ਇੰਜ ਕਹਿ ਕੇ ਮੈਂ ਹੁਣ ਮਿਸਿਜ਼ ਕਲੀਮੈਂਟਸ ਦੇ ਸਿਰ ਤੇ ਜ਼ਿੰਮੇਵਾਰੀ ਸੁੱਟ ਦਿੱਤੀ, ਕਿ ਹੁਣ ਉਹ ਮੇਰੀ ਮਦਦ ਕਰੇਗੀ ਜਾਂ ਨਹੀਂ, ਇਹ ਉਹਦੀ ਆਪਣੀ ਮਰਜ਼ੀ ਸੀ। ਭਾਵੇਂ ਸਾਡੇ ਮੰਤਵ ਭਿੰਨ ਹੋਣ, ਪਰ ਸਾਡੀ ਮੰਜ਼ਿਲ ਇਕ ਹੀ ਸੀ। ਜਿੰਨੀ ਕੁ ਜਾਣਕਾਰੀ ਉਹਦੇ ਕੋਲ ਹੈ, ਕੀ ਉਹ ਮੈਨੂੰ ਦਸ ਕੇ ਇਸ ਕੰਮ ਵਿਚ ਮੇਰੀ ਸਹਾਇਤਾ ਕਰਨ ਤੋਂ ਝਿਜਕੇਗੀ? ਉਹ ਵਿਚਾਰੀ ਪਹਿਲਾਂ ਤਾਂ ਏਨੀ ਪਰੇਸ਼ਾਨ ਹੋਈ ਅਤੇ ਘਬਰਾ ਗਈ, ਕਿ ਉਹਨੂੰ ਪੂਰੀ ਤਰ੍ਹਾਂ ਮੇਰੀ ਗੱਲ ਸਮਝ ਹੀ ਨਾ ਆਈ। ਉਹਨੇ ਇਹੀ ਉੱਤਰ ਦਿੱਤਾ, ਕਿ ਏਨ ਦੀ ਸਹਾਇਤਾ ਕਰਨ ਦੇ ਬਦਲੇ ਮੈਂ ਉਹਦੇ ਕੋਲੋਂ ਜੋ ਪੁੱਛਾਂਗਾ, ਉਹ ਦੱਸੇਗੀ। ਪਰ ਉਹਨੇ ਇਹ ਵੀ ਕਿਹਾ, ਕਿ ਉਹ ਓਪਰਿਆਂ ਨਾਲ ਏਨੀ ਜਲਦੀ ਕਦੀ ਵੀ ਖੁਲ੍ਹ ਕੇ ਗੱਲ ਨਹੀਂ ਕਰ ਸਕਦੀ, ਸੋ ਪ੍ਰਸ਼ਨ ਮੈਨੂੰ ਹੀ ਪੁੱਛਣੇ ਪੈਣੇ ਹਨ, ਉਹ ਜਿਵੇਂ ਕਿਵੇਂ ਜਵਾਬ ਦੇ ਸਕੇਗੀ, ਦਏਗੀ।

ਮੈਨੂੰ ਇਹ ਤਜਰਬਾ ਸੀ, ਕਿ ਜਿਹੜੇ ਲੋਕ ਆਪਣੇ ਵਿਚਾਰਾਂ ਨੂੰ ਇਕ ਲੜੀ ਵਿਚ ਨਹੀਂ ਪਰੋ ਸਕਦੇ ਉਨ੍ਹਾਂ ਕੋਲੋਂ' ਬਹੁਤ ਪਹਿਲਾਂ ਦੀਆਂ ਗੱਲਾਂ ਸ਼ੁਰੂ ਵਿਚ ਪੁੱਛਣੀਆਂ ਚਾਹੀਦੀਆਂ ਹਨ, ਸੋ ਮੈਂ ਮਿਸਜ਼ ਕਲੀਮੈਂਟਸ ਨੂੰ ਪਹਿਲਾਂ ਇਹੀ ਪੁੱਛਿਆ, ਕਿ ਜਦੋਂ ਉਹ ਲਿਮਰਿਜ ਤੋਂ ਗਈ ਸੀ, ਤਾਂ ਉਸ ਮਗਰੋਂ ਕੀ ਹੋਇਆ ਸੀ? ਮੈਂ ਉਹਨੂੰ ਨਿੱਕੇ-ਨਿੱਕੇ ਸਵਾਲ ਪੁੱਛ ਕੇ ਉਹਦੇ ਕੋਲੋਂ ਪੂਰੀ ਕਹਾਣੀ ਸੁਣੀ; ਅੰਤ ਅਸੀਂ ਉਥੇ ਪੁੱਜੇ, ਜਿਥੇ ਏਨ ਗਵਾਚ ਗਈ ਸੀ।

ਜੋ ਕੁਝ ਮੈਨੂੰ ਮਿਸਜ਼ ਕਲੀਮੈਂਟਸ ਕੋਲੋਂ ਪਤਾ ਲਗਾ ਹੈ ਉਹਦੇ ਸਾਰ ਅੰਸ਼ ਇਸ ਪ੍ਰਕਾਰ ਹੈ :-

ਟਾਡਸ ਕਾਰਨਰ ਤੋਂ ਮਿਸਜ਼ ਕਲੀਮੈਂਟਸ ਅਤੇ ਏਨ ਉਸ ਦਿਨ ਡਰਬੀ ਤਕ ਗਈਆਂ ਸਨ, ਅਤੇ ਉਥੇ ਪਹੁੰਚ ਕੇ ਉਹ ਇਕ ਹਫ਼ਤਾ ਉਥੇ ਹੀ ਠਹਿਰੀਆਂ ਸਨ, ਕਿਉਂਕਿ ਏਨ ਦੀ ਤਬੀਅਤ ਠੀਕ ਨਹੀਂ ਸੀ। ਫਿਰ ਉਹ ਲੰਦਨ ਚਲੀਆਂ ਗਈਆਂ, ਅਤੇ ਮਿਸਜ਼ ਕਲੀਮੈਂਟਸ ਦੇ ਘਰ ਇਕ ਜਾਂ ਸਵਾ ਮਹੀਨਾ ਰਹੀਆਂ। ਮਕਾਨ ਮਾਲਕ ਨੂੰ ਘਰ ਚਾਹੀਦਾ ਸੀ, ਸੋ ਉਹਨਾਂ ਨੂੰ ਉਹ ਥਾਂ ਛੱਡਣੀ ਪਈ। ਏਨ ਬਾਹਰ ਨਿਕਲਣ ਜਾਂ ਜਾਣ ਤੋਂ ਏਨਾ ਡਰਦੀ ਸੀ, ਕਿ ਮਿਸਿਜ਼ ਕਲੀਮੈਂਟਸ ਨੂੰ ਵੀ ਬਹੁਤ ਡਰ ਲੱਗਣ ਲਗ ਪਿਆ ਸੀ। ਇਹ ਸੋਚ ਉਹ ਲਿੰਕਨ ਸ਼ਾਇਰ ਵਿਚ ਗਰਿਮਜ਼ਬਾਈ ਕਸਬੇ ਵਿਚ ਚਲੀਆਂ ਗਈਆਂ। ਇਥੇ ਮਿਸਿਜ਼ ਕਲੀਮੈਂਟਸ ਦਾ ਪਤੀ ਪਹਿਲੀ ਉਮਰੇ ਰਿਹਾ ਸੀ, ਅਤੇ ਉਹਦੇ ਸਾਰੇ ਰਿਸ਼ਤੇਦਾਰ ਇਥੇ ਹੀ ਰਹਿੰਦੇ ਸਨ। ਇਹ ਇਲਾਕਾ ਬਿਲਕੁਲ ਇਕ ਪਾਸੇ ਕਰਕੇ ਸੀ, ਸੋ ਉਨ੍ਹਾਂ ਲਈ ਚੰਗਾ ਸੀ। ਇਥੇ ਮਿਸਜ਼ ਕਲੀਮੈਂਟਸ ਦੀ ਸਭ ਇਜ਼ਤ ਕਰਦੇ ਸਨ, ਸੋ ਉਹਨੂੰ ਕੋਈ ਹੋਰ ਥਾਂ ਇਸ ਤੋਂ ਚੰਗੀ ਨਹੀਂ ਦਿਸੀ ਜਿਥੇ ਉਹ ਏਨ ਨੂੰ ਲੈ ਜਾਂਦੀ। ਏਨ ਆਪਣੀ ਮਾਂ ਕੋਲ ਵੈਲਮਿੰਗਮ ਨਹੀਂ ਜਾਣਾ ਚਾਹੁੰਦੀ ਸੀ, ਕਿਉਂਕਿ ਉਥੋਂ ਹੀ ਉਹਨੂੰ ਪਾਗਲਖਾਨੇ ਵਿਚ ਲਿਜਾਇਆ ਗਿਆ ਸੀ ਅਤੇ ਇਹ ਪੱਕਾ ਸੀ ਕਿ ਸਰ ਪਰਸੀਵਲ ਮੁੜ ਉਥੇ ਪਹੁੰਚ ਕੇ ਉਹਨੂੰ ਲੈ ਜਾਵੇਗਾ। ਏਨ ਦੀ ਇਹ ਗੱਲ ਸੱਚੀ ਸੀ, ਅਤੇ ਮਿਸਜ ਕਲੀਮੈਂਟਸ ਉਹਨੂੰ ਉਹਦੀ ਮਾਂ ਕੋਲ ਨਹੀਂ ਸੀ ਲਿਜਾ ਸਕਦੀ।

ਗੁਰਿਮਜ਼ਬਾਈ ਜਾ ਕੇ ਏਨ ਬੜੀ ਬੀਮਾਰ ਹੋ ਗਈ ਸੀ। ਲੇਡੀ ਗਲਾਈਡ ਦੇ ਵਿਆਹ ਦੀ ਖਬਰ ਅਖ਼ਬਾਰਾਂ ਰਾਹੀਂ ਉਹਦੇ ਤਕ ਵੀ ਪੁੱਜ ਗਈ ਸੀ। ਉਹਦੀ ਬੀਮਾਰੀ ਦੀ ਗੰਭੀਰ ਲੱਛਣ ਉਦੋਂ ਹੀ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ।

ਜਿਹੜਾ ਡਾਕਟਰ ਏਨ ਲਈ ਬੁਲਾਇਆ ਗਿਆ ਸੀ, ਉਹਨੇ ਆਉਂਦਿਆਂ ਹੀ ਦਸ ਦਿੱਤਾ ਕਿ ਉਹਨੂੰ ਦਿਲ ਦੀ ਬੀਮਾਰੀ ਸੀ। ਉਹ ਕਾਫ਼ੀ ਦੇਰ ਬੀਮਾਰ ਰਹੀ, ਅਤੇ ਬਹੁਤ ਹੀ ਕਮਜ਼ੋਰ ਹੋ ਗਈ। ਉਹ ਰਤਾ ਕੁ ਠੀਕ ਹੁੰਦੀ, ਤਾਂ ਬੀਮਾਰੀ ਫਿਰ ਆਪਣਾ ਜ਼ੋਰ ਪਾਂਦੀ। ਇਸ ਲਈ ਉਹ ਉਥੋਂ ਛੇ ਮਹੀਨੇ ਤਕ ਨਾ ਹਿਲੀਆਂ। ਉਹ ਸ਼ਾਇਦ ਅਜੇ ਉਥੋਂ ਨਾ ਹੀ ਆਉਂਦੀਆਂ, ਪਰ ਏਨ ਕੈਥੇਰਿਕ ਨੇ ਅਚਾਨਕ ਹੀ ਇਹ ਨਿਸ਼ਚਾ ਕਰ ਲਿਆ, ਕਿ ਹੈਂਪਸ਼ਾਇਰ ਜਾ ਕੇ ਲੇਡੀ ਗਲਾਈਡ ਨੂੰ ਮਿਲੇਗੀ।

ਮਿਸਿਜ਼ ਕਲੀਮੈਂਟਸ ਨੂੰ ਇਸ ਕੰਮ ਤੋਂ ਮਨ੍ਹਾ ਕਰਨ ਦੀ ਹਜ਼ਾਰ ਕੋਸ਼ਿਸ਼ ਕੀਤੀ ਕਿ ਉਸਨੇ ਸਮਝਾਇਆ, ਕਿ ਇਹ ਕੰਮ ਉਹਦੀ ਸਿਹਤ ਲਈ ਖ਼ਤਰਨਾਕ ਹੈ। ਪਰ ਏਨ ਕਿਥੇ ਮੰਨਦੀ ਸੀ। ਉਹਦੀ ਇਹੀ ਰਟ ਸੀ ਕਿ ਹੁਣ ਉਹ ਮੌਤ ਦੇ ਨੇੜੇ ਹੈ, ਅਤੇ ਉਹਨੇ ਸਭ ਕੋਲੋਂ ਚੋਰੀ ਲੇਡੀ ਗਲਾਈਡ ਨੂੰ ਕੁਝ ਕਹਿਣਾ ਹੈ। ਉਹਨੇ ਦਿਲ ਵਿਚ ਹੁਣ ਇਹ ਫੈਸਲਾ ਪੱਕਾ ਕਰ ਲਿਆ ਸੀ, ਅਤੇ ਉਹ ਇਹ ਵੀ ਕਹਿੰਦੀ ਸੀ, ਕਿ ਜੇ ਮਿਸਜ਼ ਕਲੀਮੈਂਟਸ ਦੀ ਮਰਜ਼ੀ ਨਹੀਂ, ਤਾਂ ਉਹ ਇਕੱਲੀ ਹੀ ਹੈਪਸ਼ਾਇਰ ਚ ਜਾਏਗੀ। ਮਿਸਿਜ਼ ਕਲੀਮੈਂਟਸ ਨੇ ਡਾਕਟਰ ਕੋਲੋਂ ਰਾਇ ਪੁੱਛੀ, ਤਾਂ ਉਹਨੇ ਵੀ ਇਹੀ ਸਲਾਹ ਦਿੱਤੀ, ਕਿ ਏਨ ਦੀ ਗੱਲ ਮੰਨ ਲੈਣੀ ਚਾਹੀਦੀ ਹੈ; ਕਿਉਂਕਿ ਜੇ ਉਹਦੀ ਖਵਾਹਿਸ਼ ਨਾਂ ਪੂਰੀ ਕੀਤੀ ਗਈ ਤਾਂ ਉਹ ਬਹੁਤੀ ਬੀਮਾਰ ਹੋ ਜਾਏਗੀ ਅਤੇ ਫਿਰ ਸ਼ਾਇਦ ਉਹ ਬਚ ਵੀ ਨਾ ਸਕੇ। ਮਿਸੇਜ਼ ਕਲੀਮੈਂਟਸ ਵਿਚਾਰੀ ਕੀ ਕਰਦੀ। ਉਹ ਭਾਵੇਂ ਜਾਣਦੀ ਸੀ ਕਿ ਗੁਰਿਮਜ਼ਬਾਈ ਤੋਂ ਜਾਣ ਨਾਲ ਤਕਲੀਫ਼ ਸੀ ਅਤੇ ਪਤਾ ਨਹੀਂ ਕੀ ਦਾ ਕੀ ਹੋ ਜਾਏ, ਪਰ ਉਹ ਏਨ ਦੀ ਇਹ ਗੱਲ ਵੀ ਚੁਪ ਕਰਕੇ ਮੰਨ ਗਈ।

ਲੰਦਨ ਤੋਂ ਹੈਂਪਸ਼ਾਇਰ ਜਾਂਦਿਆਂ ਉਨ੍ਹਾਂ ਨੂੰ ਗੱਡੀ ਵਿਚ ਇਕ ਔਰਤ ਮਿਲੀ, ਜਿਸਨੂੰ ਬਲੈਕਵਾਟਰ ਦੇ ਆਂਢ-ਗੁਆਂਢ ਦੇ ਇਲਾਕੇ ਦੀ ਪੂਰੀ ਵਾਕਫੀਅਤ ਸੀ। ਮਿਸਿਜ਼ ਕਲੀਮੈਂਟਸ ਨੇ ਉਹਦੇ ਕੱਲੋਂ ਪੁੱਛ ਭਾਲ ਕੇ ਇਹ ਪਤਾ ਕਰ ਲਿਆ, ਕਿ ਸੈਂਡਨ ਨਾਂ ਦਾ ਇਕ ਵੱਡਾ ਪਿੰਡ ਬਲੈਕਵਾਟਰ ਪਾਰਕ ਦੇ ਇੰਨੀ ਨੇੜੇ ਨਹੀਂ ਸੀ, ਕਿ ਉਨ੍ਹਾਂ ਨੂੰ ਬਹੁਤਾ ਖ਼ਤਰਾ ਹੁੰਦਾ ਅਤੇ ਉਹ ਉਥੇ ਜਾ ਕੇ ਰਹਿ ਸਕਦੀਆਂ ਸਨ। ਇਹ ਪਿੰਡ ਬਲੈਕਵਾਟਰ ਪਾਰਕ ਤੋਂ ਤਿੰਨ ਚਾਰ ਮੀਲ ਦੂਰ ਸੀ ਅਤੇ ਏਨ, ਲੇਡੀ ਗਲਾਈਡ ਨੂੰ ਜਿੰਨੀ ਵਾਰੀ ਮਿਲਣ ਆਈ ਸੀ, ਏਨਾਂ ਪਿੰਡਾਂ ਪੈਦਲ ਤੁਰ ਕੇ ਆਉਂਦੀ ਅਤੇ ਜਾਂਦੀ ਰਹੀ ਸੀ।

ਸੈਂਡਨ ਵਿਚ, ਉਹ ਇਕ ਵਿਧਵਾ ਕੋਲੋਂ ਇਕ ਕਮਰਾ ਲੈ ਕੇ ਰਹਿ ਪਈਆਂ ਸਨ। ਇਹ ਘਰ ਪਿੰਡ ਦੇ ਇਕ ਪਾਸੇ ਕਰਕੇ ਸੀ ਅਤੇ ਮਿਸਜ਼ ਕਲੀਮੈਂਟਸ ਨੇ ਵਿਧਵਾ ਨੂੰ ਪੱਕਾ ਕਰ ਦਿੱਤਾ ਸੀ ਕਿ ਉਹ ਉਨ੍ਹਾਂ ਬਾਰੇ ਕਿਸੇ ਨਾਲ ਗੱਲ ਨਾਂ ਕਰੇ। ਉਹਨੇ ਏਨਾਂ ਨੂੰ ਵੀ ਕਿਹਾ ਕਿ ਉਹ ਲੇਡੀ ਗਲਾਈਡ ਨੂੰ ਮਿਲਣ ਦੀ ਥਾਂ ਚਿੱਠੀ ਲਿਖੇ ਪਰ ਏਨ ਦੀ ਜਿਦ ਸੀ ਕਿ ਉਹ ਆਪ ਮਿਲ ਕੇ ਹੀ ਲੇਡੀ ਗਲਾਈਡ ਨਾਲ ਗੱਲ ਕਰੇਗੀ ਕਿਉਂਕਿ ਅਗੇ ਇਕ ਵਾਰ ਲਿਮਰਿਜ ਜਿਹੜੀ ਉਹਨੇ ਚਿੱਠੀ ਭੇਜੀ ਸੀ, ਉਹਦਾ ਕੋਈ ਫ਼ਾਇਦਾ ਨਹੀਂ ਸੀ ਹੋਇਆ। ਉਹ ਇਕੱਲੀ ਹੀ ਲੇਡੀ ਗਲਾਈਡ ਕੋਲ ਜਾਣ ਲਈ ਤੁਲੀ ਹੋਈ ਸੀ।

ਉਹਨੂੰ ਦੱਸੇ ਬਿਨਾਂ ਮਿਸਿਜ਼ ਕਲੀਮੈਂਟਸ ਹਰ ਵਾਰ ਉਹਦੇ ਪਿੱਛੇ-ਪਿੱਛੇ ਜਾਂਦੀ ਪਰ ਉਹ ਬੋਟ- ਹਾਊਸ ਦੇ ਏਨੀ ਨੇੜੇ ਕਦੀ ਨਹੀਂ ਸੀ ਆਈ ਤੇ ਉਹ ਨਹੀਂ ਸੀ ਜਾਣਦੀ ਕਿ ਉਥੇ ਕੀ ਗੱਲਬਾਤ ਹੋਈ ਸੀ। ਜਦ ਏਨ ਅਖੀਰਲੀ ਵਾਰ ਉਸ ਖਤਰਨਾਕ ਅਤੇ ਨਹਿਸ਼ ਥਾਂ ਤੋਂ ਮੁੜੀ ਸੀ; ਤਾਂ ਉਹਨੂੰ ਉਸ ਰੋਜ਼-ਰੋਜ਼ ਦੀ ਥਕਾਵਟ ਨੇ ਚੂਰ ਕਰ ਦਿੱਤਾ ਸੀ। ਰੋਜ਼ ਹੀ ਇੰਨੇ ਇੰਨੇ ਮੀਲ ਪੈਦਲ ਤੁਰਨਾ ਉਹਦੇ ਵਰਗੀ ਕਮਜ਼ੋਰ ਕੁੜੀ ਲਈ ਘਾਤਕ ਸਿੱਧ ਹੋਇਆ।

ਮਿਸਿਜ਼ ਕਲੀਮੈਂਟਸ ਇਸੇ ਗੱਲ ਤੋਂ ਤਾਂ ਡਰਦੀ ਸੀ।

ਏਨ ਕੈਥੇਰਿਕ ਘਬਰਾਈ, ਅਤੇ ਥੱਕੀ ਆਈ ਅਤੇ ਬੀਮਾਰ ਪੈ ਗਈ। ਉਹਦੇ ਦਿਲ ਵਿਚ ਸਖ਼ਤ ਦਰਦ ਸੀ ਅਤੇ ਜਿਸ ਤਰ੍ਹਾਂ ਦੇ ਅਟੈਕ ਉਹਨੂੰ ਗੁਰਿਮਜ਼ਬਾਈ ਵਿਚ ਹੁੰਦੇ ਸਨ, ਉਹ ਜੇਹਾ ਹੀ ਅਟੈਕ ਇਥੇ ਵੀ ਹੋਇਆ।

ਬੀਮਾਰੀ ਦੀ ਇਸ ਹਾਲਤ ਵਿਚ ਏਨ ਨੂੰ ਸ਼ਾਂਤ ਕਰਨਾ ਬਹੁਤ ਜ਼ਰੂਰੀ ਸੀ। ਇਹ ਮਿਸਿਜ਼ ਕਲੀਮੈਂਟਸ ਆਪਣੇ ਪਹਿਲੇ ਅਨੁਭਵ ਤੋਂ ਸਮਝਦੀ ਸੀ; ਇਸੇ ਲਈ ਉਹ ਦੂਜੇ ਦਿਨ ਆਪ ਝੀਲ ਕੋਲ ਗਈ, ਤਾਂ ਜੋ ਉਹ ਲੇਡੀ ਗਲਾਈਡ ਨੂੰ ਸੈਂਡਨ ਵਿਚ ਏਨ ਕੋਲ ਆਉਣ ਲਈ ਕਹਿ ਸਕੇ। ਏਨ ਨੇ ਉਹਨੂੰ ਦਸਿਆ ਸੀ ਕਿ ਲੇਡੀ ਗਲਾਈਡ ਬੋਟ-ਹਾਉਸ ਕੋਲ ਜ਼ਰੂਰ ਸੈਰ ਕਰਨ ਆਉਂਦੀ ਸੀ। ਜਿਸ ਵੇਲੇ ਮਿਸਜ਼ ਕਲੀਮੈਂਟਸ ਉਸ ਰੁੱਖਾਂ ਦੀ ਝੰਗੀ-ਕੋਲ ਹੀ ਪਹੁੰਚੀ ਸੀ ਤਾਂ ਉਥੇ ਲੇਡੀ ਗਤਾਈਡ ਦੀ ਥਾਂ ਇਕ ਵੱਡੀ ਉਮਰ ਦਾ ਲੰਮਾ ਅਤੇ ਮੋਟਾ ਆਦਮੀ ਹੱਥ ਵਿਚ ਇਕ ਕਿਤਾਬ ਫੜੀ ਬੈਠਾ ਸੀ। ਇਹ ਆਦਮੀ ਕਾਊਂਟ ਫੈਸਕੋ ਹੀ ਸੀ।

ਕਾਂਊਟ ਨੇ ਉਹਨੂੰ ਬੜੀ ਗਹੁ ਨਾਲ ਵੇਖਿਆ; ਅਤੇ ਪੁੱਛਿਆ ਕਿ ਕੀ ਉਹ ਕਿਸੇ ਨੂੰ ਉਥੇ ਉਡੀਕ ਰਹੀ ਸੀ। ਉਹਦੇ ਕੋਈ ਉੱਤਰ ਦੇਣ ਤੋਂ ਪਹਿਲਾਂ ਹੀ ਉਹਨੇ ਆਪ ਹੀ ਫਿਰ ਕਿਹਾ, ਕਿ ਉਹ ਲੇਡੀ ਗਲਾਈਡ ਵਲੋਂ ਇਕ ਸੁਨੇਹਾ ਲੈ ਕੇ ਉਥੇ ਬੈਠਾ ਹੋਇਆ ਸੀ; ਪਰ ਜਿਸਨੂੰ ਉਹਨੇ ਸੁਨੇਹਾ ਦੇਣਾ ਸੀ, ਉਹ ਅਜੇ ਤੀਕ ਨਹੀਂ ਸੀ ਆਇਆ।

ਉਹਦੀ ਇਹ ਸੁਣਕੇ ਮਿਸਜ਼ ਕਲੀਮੈਂਟਸ ਨੇ ਝੱਟ ਹੀ ਆਪਣਾ ਸੁਨੇਹਾ ਉਹਨੂੰ ਦੇ ਦਿੱਤਾ, ਅਤੇ ਲੇਡੀ ਗਲਾਈਡ ਤੀਕ ਉਹ ਸੁਨੇਹਾ ਪਹੁੰਚਾਉਣ ਦੀ ਉਹਨੂੰ ਤਾਕੀਦ ਕੀਤੀ, ਕਿਉਂਕਿ ਇਸ ਤਰ੍ਹਾਂ ਹੀ ਏਨ ਦੀ ਚਿੰਤਾ ਦੂਰ ਹੋ ਸਕਦੀ ਸੀ। ਕਾਂਊਟ ਨੇ ਉਹਦੀ ਗੱਲ ਮੰਨ ਲਈ, ਅਤੇ ਮਿਸਜ਼ ਕਲੀਮੈਂਟਸ ਨੂੰ ਇਹ ਕਿਹਾ ਕਿ ਲੇਡੀ ਗਲਾਈਡ ਇਹ ਚਾਹੁੰਦੀ ਹੈ, ਕਿ

ਉਹ ਦੋਵੇਂ ਜਲਦੀ ਤੋਂ ਜਲਦੀ ਲੰਦਨ ਚਲੀਆਂ ਜਾਣ, ਨਹੀਂ ਤੇ ਸਰ ਪਰਸੀਵਲ ਉਨ੍ਹਾਂ ਨੂੰ ਇਥੋਂ ਜ਼ਰੂਰ ਲੱਭ ਲਏਗਾ। ਉਹ ਆਪ ਵੀ ਥੋੜੇ ਚਿਰ ਲਈ ਲੰਦਨ ਹੀ ਜਾ ਰਹੀ ਸੀ ਅਤੇ ਜੇ ਉਹ ਪਹਿਲਾਂ ਚਲੀਆਂ ਗਈਆਂ, ਤਾਂ ਆਪਣਾ ਪਤਾ ਉਹਨੂੰ ਦੇ ਜਾਣ। ਉਹ ਉੱਥੇ ਹੀ ਉਨ੍ਹਾਂ ਨੂੰ ਮਿਲੇਗੀ। ਕਾਂਊਟ ਨੇ ਮਿਸਜ਼ ਕਲੀਮੈਂਟਸ ਨੂੰ ਇਹ ਵੀ ਕਿਹਾ ਕਿ ਉਸ ਦਿਨ ਉਹ ਆਪ ਵੀ ਏਨ ਨੂੰ ਸਾਵਧਾਨ ਕਰਨ ਲਗਾ ਸੀ। ਪਰ ਉਹ ਉਹਨੂੰ ਵੇਖਦਿਆਂ ਹੀ ਡਰ ਗਈ ਸੀ।

ਮਿਸਜ਼ ਕਲੀਮੈਂਟਸ ਨੇ ਉਹਨੂੰ ਉੱਤਰ ਦਿੱਤਾ ਕਿ ਉਹ ਹੋਰ ਕੁਝ ਨਹੀਂ ਸੀ ਚਾਹੁੰਦੀ, ਸਿਰਫ ਏਨ ਨੂੰ ਸੁਖੀ ਸਾਂਦੀ ਲੰਦਨ ਲਿਜਾਣਾ ਚਾਹੁੰਦੀ ਸੀ, ਪਰ ਹੁਣ ਉਹ ਬੀਮਾਰ ਸੀ। ਕਾਂਊਟ ਨੇ ਇਸ ਗੱਲ ਤੇ ਮਿਸਜ਼ ਕਲੀਮੈਂਟਸ ਨੂੰ ਇਹ ਪੁੱਛਿਆ ਕਿ ਕੀ ਉਹਨੇ ਡਾਕਟਰ ਬੁਲਾਇਆ ਹੈ ਕਿ ਨਹੀਂ ਪਰ ਜਦ ਉਹਨੂੰ ਪਤਾ ਲੱਗਾ ਕਿ ਉਹਨੇ ਡਰਦੀ ਮਾਰੀ ਨੇ ਕਿਸੇ ਡਾਕਟਰ ਦੀ ਸਹਾਇਤਾ ਨਹੀਂ ਲਈ ਤਾਂ ਉਹ ਕਹਿਣ ਲੱਗਾ ਕਿ ਉਹ ਆਪ ਡਾਕਟਰ ਹੈ; ਇਸ ਲਈ ਉਹ ਉਹਦੇ ਕੋਲ ਜਾ ਕੇ ਮਰੀਜ਼ ਨੂੰ ਵੇਖ ਲਵੇਗਾ। ਮਿਸਜ਼ ਕਲੀਮੈਂਟਸ ਨੂੰ ਉਹਦੇ ਤੇ ਪੂਰਾ ਭਰੋਸਾ ਆ ਗਿਆ ਕਿਉਂਕਿ ਉਹਨੂੰ ਜਦ ਲੇਡੀ ਗਲਾਈਡ ਦਾ ਸੁਨੇਹਾ ਦਿੱਤਾ ਸੀ, ਤਾਂ ਉਹ ਜ਼ਰੂਰ ਕੋਈ ਭੇਤੀ ਹੀ ਹੋਵੇਗਾ। ਇਸ ਲਈ ਉਹ ਉਹਨੂੰ ਧੰਨਵਾਦ ਦੇਂਦੀ ਉਹਨੂੰ ਆਪਣੇ ਨਾਲ ਲੈ ਤੁਰੀ।

ਜਦੋਂ ਉਹ ਘਰ ਪੁੱਜੇ ਤਾਂ ਏਨ ਸੁਤੀ ਹੋਈ ਸੀ। ਏਨ ਨੂੰ ਵੇਖਦਿਆਂ ਹੀ ਕਾਊਂਟ ਤ੍ਰਬਕ ਗਿਆ; (ਉਹ ਤਾਂ ਤ੍ਰਬਕਿਆ ਸੀ, ਕਿ ਏਨ ਦੀ ਸ਼ਕਲ ਲੇਡੀ ਗਲਾਈਡ ਨਾਲ ਬਿਲਕੁਲ ਮਿਲਦੀ ਉਹਨੇ ਉਸ ਵੇਲੇ ਵੇਖੀ ਸੀ)। ਪਰ ਮਿਸਜ਼ ਕਲੀਮੈਂਟਸ ਨੇ ਸੋਚਿਆ ਕਿ ਉਹਦੀ ਨਾਜ਼ੁਕ ਹਾਲਤ ਵੇਖਕੇ ਹੈਰਾਨ ਹੋ ਗਿਆ ਸੀ। ਉਹਨੇ ਏਨ ਨੂੰ ਸੁੱਤੀ ਹੀ ਰਹਿਣ ਦਿੱਤਾ। ਉਹ ਮਿਸਜ਼ ਕਲੀਮੈਂਟਸ ਨੂੰ ਹੀ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਦਾ ਰਿਹਾ। ਵਿਚ ਵਿਚ ਉਹ ਏਨ ਦੀ ਨਬਜ਼ ਵੀ ਟੋਹ ਲੈਂਦਾ ਸੀ; ਸੈਂਡਨ ਕਾਫੀ ਵੱਡਾ ਪਿੰਡ ਸੀ ਅਤੇ ਉਥੇ ਦਵਾਈਆਂ ਦੀ ਦੁਕਾਨ ਹੈ ਸੀ। ਕਾਊਂਟ ਏਨ ਨੂੰ ਵੇਖ ਕੇ ਬਾਜ਼ਾਰ ਗਿਆ, ਅਤੇ ਉਥੋਂ ਹੀ ਦਵਾਈ ਬਣਵਾ ਕੇ ਲਿਆਇਆ। ਉਹਨੇ ਆ ਕੇ ਦਸਿਆ ਕਿ ਉਹ ਦਵਾਈ ਨਸ਼ੀਲੀ ਸੀ, ਅਤੇ ਉਹਦੇ ਪੀਣ ਮਗਰੋਂ ਏਨ ਵਿਚ ਏਨੀ ਕੁ ਹਿੰਮਤ ਆ ਜਾਏਗੀ; ਕਿ ਉਹ ਲੰਦਨ ਤੀਕ ਸਫਰ ਕਰ ਸਕੇ। ਉਹ ਦਵਾਈ ਦੇਣ ਬਾਰੇ ਵੀ ਉਹ ਹਿਦਾਇਤਾਂ ਦੇ ਗਿਆ ਸੀ। ਏਨ ਦੋ ਦਿਨ ਦਵਾਈ ਪੀਣ ਮਗਰੋਂ

ਤੀਜੇ ਦਿਨ ਲੰਦਨ ਜਾ ਸਕਦੀ ਸੀ, ਅਤੇ ਉਹਨੇ ਮਿਸਜ਼ ਕਲੀਮੈਂਟਸ ਨੂੰ ਕਿਹਾ ਕਿ ਤੀਜੇ ਦਿਨ ਬਲੈਕਵਾਟਰ ਸਟੇਸ਼ਨ ਤੇ ਉਹ ਉਨ੍ਹਾਂ ਨੂੰ ਮਿਲੇਗੀ। ਜਿਹੜੀ ਗੱਡੀ ਦੁਪਿਹਰ ਲੰਦਨ ਜਾਂਦੀ ਸੀ, ਉਹ ਉਸ ਗੱਡੀ ਤੇ ਜਾਣ, ਅਤੇ ਜੇ ਉਹ ਸਟੇਸ਼ਨ ਤੇ ਵਕਤ ਸਿਰ ਨਾ ਪੁਜੀਆਂ ਤਾਂ ਉਹ ਸਮਝ ਲਵੇਗਾ, ਕਿ ਏਨ ਦੀ ਤਬੀਅਤ ਅੱਗੇ ਨਾਲ ਖਰਾਬ ਸੀ ਤਾਂ ਉਹ ਉਨ੍ਹਾਂ ਨੂੰ ਘਰ ਆ ਮਿਲੇਗਾ।

ਪਰ ਅਜਿਹੀ ਕੋਈ ਗੱਲ ਨਾਂ ਹੋਈ। ਉਸ ਦਵਾਈ ਦੇ ਅਸਰ ਏਨ ਤੇ ਜਾਦੂ ਵਾਂਗ ਹੋਇਆ। ਉਸ ਦੇ ਨਾਲ ਨਾਲ ਮਿਸਜ਼ ਕਲੀਮੈਂਟਸ ਉਹਨੂੰ ਇਹ ਧਰਵਾਸ ਵੀ ਦੇਂਦੀ ਰਹੀ ਸੀ; ਕਿ ਉਹ ਹੁਣ ਜਲਦੀ ਹੀ ਲੇਡੀ ਗਲਾਈਡ ਨੂੰ ਲੰਦਨ ਵਿਚ ਮਿਲੇਗੀ। ਉਹ ਸਮੇਂ ਸਿਰ ਬਲੈਕਵਾਟਰ ਸਟੇਸ਼ਨ ਤੇ ਪਹੁੰਚ ਗਈਆਂ; (ਅਜੇ ਉਸ ਨੂੰ ਹੈਂਪਸ਼ਾਹਿਰ ਪਹੁੰਚਿਆਂ ਹਫਤਾ ਵੀ ਨਹੀਂ ਸੀ ਹੋਇਆ) ਕਾਊਂਟ ਸਟੇਸ਼ਨ ਤੇ ਮੌਜੂਦ ਸੀ ਅਤੇ ਉਥੋਂ ਕਿਸੇ ਔਰਤ ਜੋ ਉਮਰ ਵਿਚ ਵਡੇਰੀ ਸੀ, ਨਾਲ ਗੱਲਾਂ ਕਰ ਰਿਹਾ ਸੀ। ਉਹ ਔਰਤ ਵੀ ਉਸੇ ਗੱਡੀ ਰਾਹੀਂ ਲੰਦਨ ਜਾ ਰਹੀ ਸੀ। ਕਾਂਊਟ ਨੇ ਉਨ੍ਹਾਂ ਨੂੰ ਗੱਡੀ ਚੜ੍ਹਾਇਆ। ਮਿਸਜ਼ ਕਲੀਮੈਂਟਸ ਨੂੰ ਉਹਨੇ ਕਈ ਵਾਰ ਪੱਕਾ ਕੀਤਾ; ਕਿ ਉਹ ਆਪਣਾ ਪਤਾ ਲੇਡੀ ਗਲਾਈਡ ਨੂੰ ਅਵੱਸ਼ ਭੇਜੇ। ਉਹ ਔਰਤ ਜਿਸ ਨਾਲ ਕਾਊਂਟ ਗੱਲਾਂ ਕਰ ਰਿਹਾ ਸੀ, ਕਿਸੇ ਹੋਰ ਡੱਬੇ ਵਿਚ ਬੈਠੀ ਸੀ, ਅਤੇ ਉਨ੍ਹਾਂ ਨੂੰ ਲੰਦਨ ਦੇ ਸਟੇਸ਼ਨ ਤੇ ਉਹ ਕਿਧਰੇ ਨਜ਼ਰ ਨਹੀਂ ਆਈ ਸੀ। ਮਿਸਜ਼ ਕਲੀਮੈਟਸ ਜਦੋਂ ਕੋਈ ਘਰ ਲੈ ਕੇ ਟਿਕ ਟਿਕਾ ਗਈ ਤਾਂ ਉਹਨੇ ਆਪਣੇ ਇਕਰਾਰ ਮੁਜਬ ਆਪਣਾ ਪਤਾ ਲੇਡੀ ਗਲਾਈਡ ਨੂੰ ਭੇਜ ਦਿੱਤਾ।

ਪੰਦਰਾਂ ਦਿਨ ਬੀਤ ਗਏ ਸਨ, ਪਰ ਉਹਦੀ ਇਸ ਚਿੱਠੀ ਦਾ ਕੋਈ ਉੱਤਰ ਨਹੀਂ ਸੀ ਆਇਆ।

ਇਨ੍ਹਾਂ ਪੰਦਰਾਂ ਦਿਨਾਂ ਮਗਰੋਂ ਉਹੀ ਵਡੇਰੀ ਉਮਰ ਦੀ ਔਰਤ ਜਿਸ ਨੂੰ ਉਨ੍ਹਾਂ ਕਾਂਊਟ ਨਾਲ ਵੇਖਿਆ ਸੀ, ਉਨ੍ਹਾਂ ਦੇ ਘਰ ਬੱਘੀ ਵਿਚ ਪਹੁੰਚੀ। ਉਹਨੇ ਮਿਸਜ਼ ਕਲੀਮੈਂਟਸ ਨੂੰ ਆਪਣੇ ਨਾਲ ਚਲਣ ਲਈ ਕਿਹਾ, ਕਿਉਂਕਿ ਲੇਡੀ ਗਲਾਈਡ ਇਕ ਹੋਟਲ ਵਿਚ ਉਹਦਾ ਇੰਤਜ਼ਾਰ ਕਰ ਰਹੀ ਸੀ, ਤਾਂ ਜੋ ਏਨ ਨੂੰ ਮਿਲਣ ਲਈ ਕੋਈ ਸਮਾਂ ਨਿਸ਼ਚਿਤ ਕੀਤਾ ਜਾ ਸਕੇ। ਮਿਸਜ਼ ਕਲੀਮੈਂਟਸ ਵੀ ਉਹਦੇ ਨਾਲ ਚੱਲਣ ਲਈ ਰਾਜ਼ੀ ਹੋ ਗਈ। ਇਕ ਤਾਂ ਏਨ ਉਹਨੂੰ ਮਜ਼ਬੂਰ ਕਰ ਰਹੀ ਸੀ; ਅਤੇ ਦੂਜਾ ਉਹਨੇ ਇਹ ਵੀ ਸੋਚਿਆ ਕਿ ਉਹਨੂੰ ਬਹੁਤੀ ਦੇਰ ਨਹੀਂ ਲਗੇਗੀ।

ਸਿਰਫ ਅੱਧਾ ਹੀ ਘੰਟਾ ਜਾਏਗੀ ਅਤੇ ਵਾਪਸ ਆ ਜਾਏਗੀ। ਉਹ ਉਸ ਔਰਤ ਨਾਲ, ਜੋ ਕਿ ਮੈਡਮ ਫ਼ੋਸਕੋ ਸੀ, ਬੱਘੀ ਵਿਚ ਬੈਠ ਕੇ ਚਲੀ ਗਈ। ਰਾਹ ਵਿਚ ਹੀ ਉਸ ਔਰਤ ਨੇ ਬੱਘੀ ਨੂੰ ਇਕ ਦੁਕਾਨ ਸਾਹਮਣੇ ਰੋਕਿਆ। ਉਹ ਮਿਸਜ਼ ਕਲੀਮੈਂਟਸ ਨੂੰ ਇਹ ਕਹਿ ਕੇ ਥੱਲੇ ਉੱਤਰ ਗਈ ਕਿ ਉਹਨੇ ਕੁੱਝ ਖਰੀਦਣਾ ਹੈ। ਤੇ ਉਹ ਪੰਜ ਮਿੰਟਾਂ ਦੇ ਅੰਦਰ-ਅੰਦਰ ਵਾਪਸ ਆਉਂਦੀ ਹੈ। ਪਰ ਮਿਸਜ਼ ਕਲੀਮੈਂਟਸ ਜਿਉਂ ਬੈਠੀ, ਜਿਉਂ ਬੈਠੀ, ਉਹ ਔਰਤ ਮੁੜ ਕੇ ਨਾਂ ਆਈ।

ਅੰਤ ਹਾਰ ਕੇ ਮਿਸਜ਼ ਕਲੀਮੈਂਟਸ ਨੇ ਕੋਚਵਾਨ ਨੂੰ ਕਿਹਾ ਕਿ ਉਹ ਉਸ ਨੂੰ ਵਾਪਸ ਘਰ ਪੁਚਾ ਦੇਵੇ। ਹੁਣ ਉਹ ਅੱਧੇ ਘੰਟੇ ਤੋਂ ਵੀ ਜ਼ਿਆਦਾ ਘਰੋਂ ਬਾਹਰ ਰਹੀ ਸੀ। ਜਦੋਂ ਘਰ ਪਹੁੰਚੀ, ਘਰ ਵਿਚ ਏਨ ਕੋਈ ਨਹੀਂ ਸੀ। ਮਿਸਜ਼ ਕਲੀਮੈਂਟਸ ਨੇ ਉਸ ਨੌਕਰਾਣੀ ਕੋਲੋਂ ਪੁੱਛਿਆ, ਜੋ ਸਭ ਕਿਰਾਏਦਾਰਾਂ ਦੀ ਸਾਂਝੀ ਸੀ, ਤਾਂ ਉਹਨੇ ਦਸਿਆ ਕਿ ਇਕ ਮੁੰਡਾ ਇਕ ਚਿੱਠੀ ਲੈ ਕੇ ਆਇਆ ਸੀ। "ਦੂਜੀ ਮੰਜ਼ਿਲ ਤੇ ਰਹਿੰਦੀ ਕੁੜੀ" ਨੂੰ ਉਹ ਚਿੱਠੀ ਦੇਣ ਲਈ ਕਹਿਕੇ ਆਪ ਚਲਾ ਗਿਆ ਸੀ। ਨੌਕਰਾਣੀ ਉਹ ਚਿੱਠੀ ਏਨ ਨੂੰ ਦੇ ਕੇ ਆਪ ਹੇਠਾਂ ਕਿਸੇ ਕੰਮ ਚਲੀ ਗਈ ਸੀ; ਅਤੇ ਪੰਜ ਮਿੰਟਾਂ ਮਗਰੋਂ ਉਹਨੇ ਵੇਖਿਆ ਸੀ ਕਿ ਏਨ ਆਪਣਾ ਹੈਟ ਪਾ ਕੇ ਅਤੇ ਸ਼ਾਲ ਵਲੇਟ ਕੇ ਬੂਹਾ ਖੋਹਲ ਕੇ ਬਾਹਰ ਜਾ ਰਹੀ ਸੀ। ਉਹ ਚਿੱਠੀ ਵੀ ਸ਼ਾਇਦ ਉਹ ਨਾਲ ਹੀ ਲੈ ਗਈ ਸੀ, ਸੋ ਕੁਝ ਪਤਾ ਨਹੀਂ ਸੀ ਕਿ ਉਸ ਵਿਚ ਕੀ ਅਜਿਹੀ ਗੱਲ ਲਿਖੀ ਸੀ; ਏਨ ਝੱਟ-ਪੱਟ ਹੀ ਬਾਹਰ ਚਲੀ ਗਈ। ਕੋਈ ਬੜੀ ਹੀ ਜ਼ਰੂਰੀ ਗੱਲ ਲਿਖੀ ਹੋਵੇਗੀ; ਨਹੀਂ ਤੇ ਏਨ ਲੰਦਨ ਵਿਚ ਇਕ ਕਦਮ ਇਕੱਲਿਆਂ ਤੁਰਨ ਚੋਂ ਘਬਰਾਦੀ ਸੀ। ਜੇ ਮਿਸਜ਼ ਕਲੀਮੈਂਟਸ ਨੂੰ ਇਹ ਅਨੁਭਵ ਨਾ ਹੁੰਦਾ ਤਾਂ ਉਹ ਅੱਧਾ ਘੰਟਾ ਕੀ ਅੱਧਾ ਮਿੰਟ ਵੀ ਘਰੋਂ ਬਾਹਰ ਨਾਂ ਜਾਂਦੀ। ਉਹਨੂੰ ਪਤਾ ਸੀ, ਕਿ ਏਨ ਕਦੀ ਘਰੋਂ ਕਦਮ ਨਹੀਂ ਕੱਢੇਗੀ; ਨਹੀਂ ਤੇ ਉਹ ਉਸ ਔਰਤ ਨਾਲ ਕਿਸ ਹਾਲਤ ਵਿਚ ਵੀ ਨਾਂ ਜਾਂਦੀ।

ਜ਼ਰਾ ਹੋਸ਼ ਸੰਭਲਣ ਮਗਰੋਂ ਉਹਨੇ ਸੱਚਿਆ ਕਿ ਪਾਗਲਖਾਨੇ ਹੀ ਜਾ ਕੇ ਪਤਾ ਕਰੋ, ਸ਼ਾਇਦ ਉਹਨੂੰ ਕਿਸੇ ਨੇ ਧੋਖੇ ਨਾਲ ਉਥੇ ਹੀ ਫਸਾ ਦਿੱਤਾ ਹੋਵੇ !

ਉਹਨੂੰ ਏਨ ਨੇ ਹੀ ਪਾਗਲਖਾਨੇ ਦਾ ਪਤਾ ਦਿੱਤਾ ਸੀ।

ਉਹ ਉਥੇ ਪੁੱਜੀ ਤਾਂ ਪਾਗਲਖਾਨੇ ਵਾਲਿਆਂ ਦੱਸਿਆ ਏਨ ਕੈਥੇਰਿਕ ਵਾਪਸ ਨਹੀਂ ਲਿਆਂਦੀ ਗਈ। ਉਦੋਂ ਤੀਕ ਸ਼ਾਇਦ ਲੇਡੀ ਗਲਾਈਡ ਨੂੰ ਏਨ ਕੈਥੇਰਿਕ ਦਸ ਕੇ ਅਜੇ ਭਰਤੀ

ਨਹੀਂ ਕਰਾਇਆ ਗਿਆ ਸੀ। ਇਥੇ ਪਰਤ ਕੇ ਉਹਨੇ ਮਿਸਜ਼ ਕੈਥੇਰਿਕ ਨੂੰ ਵੈਲਮਿੰਗਮ ਚਿੱਠੀ ਲਿਖ ਕੇ ਪੁੱਛਿਆ, ਕਿ ਕਿਧਰੇ ਏਨ ਉਹਦੇ ਕੋਲ ਤਾਂ ਨਹੀਂ ਪੁੱਜ ਗਈ। ਸੀ। ਮਿਸਜ਼ ਕੈਥੇਰਿਕ ਦੀ ਚਿੱਠੀ ਤੋਂ ਵੀ ਇਹ ਪਤਾ ਲਗਾ ਕਿ ਏਨ ਉਧਰ ਵੀ ਕਿਧਰੇ ਨਹੀਂ ਪਹੁੰਚੀ ਸੀ। ਹੁਣ ਮਿਸਜ਼ ਕਲੀਮੈਂਟਸ ਨੂੰ ਕੁਝ ਅਹੁੜਦਾ ਨਹੀਂ ਸੀ। ਕਿ ਉਹ ਕੀ ਕਰੇ। ਕਿਸੇ ਨੂੰ ਪੁੱਛੇ ਅਤੇ ਕਿਸ ਕੋਲੋਂ ਸਹਾਇਤਾ ਮੰਗੇ।। ਇਸ ਸਮੇਂ ਤੋਂ ਮਗਰੋਂ ਉਹ ਨਾ ਹੀ ਏਨ ਨੂੰ ਮਿਲੀ ਅਤੇ ਨਾ ਹੀ ਉਹਦੀ ਕੋਈ ਖ਼ਬਰ ਉਹਦੇ ਤੀਕ ਪੁੱਜੀ ਸੀ।

## VII

ਜੋ ਕੁਝ ਮੈਨੂੰ ਮਿਸਜ਼ ਕਲੀਮੈਂਟਸ ਨੇ ਦਸਿਆ, ਉਹ ਭਾਵੇਂ ਪਹਿਲਾਂ ਨਹੀਂ ਸਾਂ ਜਾਣਦਾ, ਪਰ ਤਾਂ ਵੀ ਇਹ ਜਾਣਕਾਰੀ ਪ੍ਰਾਰੰਭਿਕ ਹੀ ਸੀ।

ਇਹ ਵੀ ਸਪੱਸ਼ਟ ਸੀ ਕਾਂਉਟ ਅਤੇ ਮੈਡਮ ਫ਼ੋਸਕੋ ਨੇ ਹੀ ਇੰਨਾ ਵੱਡਾ ਧੋਖਾ ਕਰਕੇ ਏਨ ਨੂੰ ਲੰਦਨ ਲਿਆਂਦਾ ਅਤੇ ਉਥੇ ਚਲਾਕੀ ਅਤੇ ਛਲ ਨਾਲ ਮਿਸਜ਼ ਕਲੀਮੈਂਟਸ ਨੂੰ ਏਨ ਕੋਲੋਂ ਵੱਖ ਕੀਤਾ। ਹੁਣ ਇਹ ਸੋਚਣ ਦਾ ਸਮਾਂ ਨਹੀਂ ਸੀ, ਕਿ ਉਹਨਾਂ ਨੂੰ ਕਾਨੂੰਨ ਅਨੁਸਾਰ ਦੋਸ਼ੀ ਵੀ ਠਹਿਰਾਇਆ ਜਾ ਸਕਦਾ ਸੀ ਕਿ ਨਹੀਂ। ਇਸ ਗੱਲ ਤੇ ਅੱਗੇ ਕਿਧਰੇ ਵਿਚਾਰ ਕੀਤੀ ਜਾਏਗੀ, ਪਰ ਹੁਣ ਮੈਂ ਕਿਸੇ ਹੋਰ ਕੰਮ ਮਿਸਜ਼ ਕਲੀਮੈਂਟਸ ਨੂੰ ਮਿਲਣ ਆਇਆ ਸਾਂ। ਮੈਂ ਇਹ ਪੁੱਛਣਾ ਚਾਹੁੰਦਾ ਸਾਂ, ਕਿ ਕੀ ਮਿਸਜ਼ ਕਲੀਮੈਂਟਸ ਨੂੰ ਸਰ ਪਰਸੀਵਲ ਦੇ ਭੇਤ ਬਾਰੇ ਕੁਝ ਪਤਾ ਹੈ ਕਿ ਨਹੀਂ। ਅਜ ਤੀਕ ਉਹਨੇ ਇਸ ਮਾਮਲੇ ਬਾਰੇ ਕੋਈ ਗੱਲ ਨਹੀਂ ਸੀ ਕੀਤੀ। ਮੈਂ ਉਸਨੂੰ ਗੁਜ਼ਰੇ ਅਤੇ ਬੀਤੇ ਹੋਏ ਸਮੇਂ ਵਿਚ ਲੈ ਜਾਣਾ ਚਾਹੁੰਦਾ ਸਾਂ, ਜਿਥੇ ਉਹ ਆਪਣੀ ਯਾਦ ਤੇ ਜ਼ੋਰ ਪਾ ਕੇ ਹੋਰ ਬੰਦਿਆਂ ਅਤੇ ਹੋਰ ਘਟਨਾਵਾਂ ਬਾਰੇ ਮੈਨੂੰ ਦੱਸ ਸਕੇ। ਮੈਂ ਉਹਨੂੰ ਹੁਣ ਇਹੀ ਗੱਲ ਵਲ-ਫੇਰ ਪਾ ਕੇ ਪੁੱਛੀ !, ਮੈਂ ਉਹਨੂੰ ਕਿਹਾ- ' ਕਾਸ਼ ! ਮੈਂ ਤੁਹਾਡੀ ਕੋਈ ਮਦਦ ਕਰ ਸਕਦਾ ! ਮੈਂ ਤੁਹਾਡੇ ਦੁੱਖ ਵਿਚ ਦੁੱਖੀ ਹਾਂ। ਜੇ ਏਨ ਤੁਹਾਡੀ ਆਪਣੀ ਬੱਚੀ ਹੁੰਦੀ, ਤਾਂ ਇਸ ਤੋਂ ਵਧ ਕੁਰਬਾਨੀ ਤੁਸੀਂ ਨਾ ਕਰ ਸਕਦੇ। ਇਸ ਤੋਂ ਵਧ ਪਿਆਰ ਉਹਨੂੰ ਨਾਂ ਦੇ ਸਕਦੇ।"

"ਇਸ ਵਿਚ ਮੇਰੀ ਕੋਈ ਵਡਿਆਈ ਨਹੀਂ," ਉਹਨੂੰ ਮੇਰੀ ਬੱਚੀ ਹੀ ਸਮਝ, ਮੈਂ ਹੀ ਉਹਨੂੰ ਪਾਲਿਆ ਸੀ, ਮੈਂ ਉਹਨੂੰ ਜੰਮਦੀ ਨੂੰ ਹੀ ਸਾਂਭਿਆ, ਉਹਦੇ ਪਹਿਲੇ ਫਰਾਕ ਸੀਤੇ ਅਤੇ ਇਨ੍ਹਾਂ ਹੱਥਾਂ ਹੀ ਉਹਨੂੰ ਤੁਰਨਾ ਸਿਖਾਇਆ, ਨਹੀਂ ਤੇ ਉਹਨੂੰ ਗਵਾਕੇ ਅੱਜ ਮੈਂ ਇਸ ਤਰ੍ਹਾਂ

ਕਿਉਂ ਰੋਂਦੀ?" ਮੈਂ ਉਹਨੂੰ ਰੱਬ ਦਾ ਭੇਜਿਆ ਵਰਦਾਨ ਸਮਝਿਆ ਸੀ, ਮੇਰਾ ਆਪਣਾ ਕੋਈ ਬੱਚਾ ਨਹੀਂ ਸੀ। ਪਰ ਮੈਂ ਉਹਨੂੰ ਉਹੀ ਪਿਆਰ ਦਿੱਤਾ ਜੋ ਮੈਂ ਆਪਣੇ ਕਿਸੇ ਬੱਚੇ ਨੂੰ ਦੇਂਦੀ। ਹੁਣ ਉਹ ਮੇਰੇ ਕੋਲ ਨਹੀਂ, ਮੈਂ ਉਹਦੇ ਬਚਪਨ ਨੂੰ ਯਾਦ ਕਰਕੇ ਰੋਂਦੀ ਰਹਿੰਦੀ ਹਾਂ।

"ਉਫ ! ਮੈਂ ਕੀ ਕਰਾਂ!" ਉਹਦੇ ਹੰਝੂ ਫਿਰ ਛਲਕ ਆਏ ਸਨ। ਮੈਂ ਵੀ ਕੁਝ ਚਿਰ ਚੁੱਪ ਰਿਹਾ, ਤਾਂ ਜੋ ਉਹ ਸੰਭਲ ਜਾਏ। ਕੀ ਪਤਾ ਏਨ ਕੈਥੇਰਿਕ ਦੇ ਬਚਪਨ ਦੀਆਂ ਯਾਦਾਂ ਵਿਚੋਂ ਹੀ ਕੋਈ ਜ਼ਰੂਰੀ ਗੱਲ ਨਿਕਲ ਆਵੇ-?

"ਕੀ ਤੁਸੀਂ ਮਿਸਜ਼ ਕੈਥੇਰਿਕ ਨੂੰ ਏਨ ਦੇ ਜੰਮਣ ਤੋਂ ਪਹਿਲਾਂ ਜਾਣਦੇ ਸੀ?" ਮੈਂ ਚਾਹੁੰਦਾ ਸਾਂ ਕਿ ਉਹ ਏਨ ਦੇ ਬਚਪਨ ਵੇਲੇ ਦੀਆਂ ਗੱਲਾਂ ਕਰੇ।

"ਨਹੀਂ, ਏਨ ਦੇ ਜੰਮਣ ਤੋਂ ਚਾਰ ਕੁ ਮਹੀਨੇ ਪਹਿਲਾਂ ਤੋਂ ਮੈਂ ਉਸਨੂੰ ਜਾਣਦੀ ਹਾਂ। ਅਸੀਂ ਭਾਵੇਂ ਆਪਸ ਵਿਚ ਕਈ ਵਾਰ ਮਿਲਦੀਆਂ ਸਾਂ; ਪਰ ਮੇਰਾ ਉਹਦੇ ਨਾਲ ਕੋਈ ਸਹੇਲਪੁਣਾ ਨਹੀਂ ਸੀ।" ਹੁਣ ਉਹਦੀ ਆਵਾਜ਼ ਵਿਚ ਉਹ ਕੰਬਣੀ ਨਹੀਂ ਸੀ। ਬੀਤੇ ਹੋਏ ਦਿਨਾਂ ਦੀਆਂ ਗੱਲਾਂ ਕਰ ਕੇ ਉਹ ਵਰਤਮਾਨ ਦੇ ਭਿਆਨਕ ਦੁੱਖ ਅਤੇ ਸਦਮੇ ਤੋਂ ਥੋੜ੍ਹੀ ਮੁਕਤੀ ਮਿਲੀ ਮਹਿਸੂਸ ਕਰ ਰਹੀ ਸੀ। "ਕੀ ਤੁਸੀਂ ਅਤੇ ਮਿਸਜ਼ ਕੈਥੇਰਿਕ ਗੁਆਂਢੀ ਸੀ-?" ਮੈਂ ਉਹਨੂੰ ਹੌਲੀ ਹੌਲੀ ਹੋਰ ਪਿਛੇ ਵੱਲ ਲਿਜਾ ਰਿਹਾ ਸਾਂ।ਕੀ ਨੇ

"ਜੀ ਹਾਂ- ਪੁਰਾਣੇ ਵੈਲਮਿੰਗਮ ਵਿਚ ਅਸੀਂ ਨਾਲ ਨਾਲ ਹੀ ਰਹਿੰਦੇ ਸੀ।

"ਪੁਰਾਣੇ ਵੈਲਮਿੰਗਮ ਵਿਚ? ਤਾਂ ਕੀ ਹੈਂਪਸ਼ਾਇਰ ਵਿਚ ਇਸ ਨਾਂ ਦੀਆਂ ਦੋ ਥਾਵਾਂ ਹਨ?'

"ਉਹਨਾਂ ਦਿਨਾਂ ਵਿਚ ਦੋ ਹੀ ਸਨ। ਇਹ ਕੋਈ ਤਰੇਈ ਸਾਲ ਪਹਿਲਾਂ ਦੀ ਗੱਲ ਹੈ, ਲੋਕਾਂ ਨੇ ਦੋ ਮੀਲ ਦੀ ਦੂਰੀ ਤੇ, ਦਰਿਆ ਦੇ ਕਿਨਾਰੇ ਇਕ ਨਵਾਂ ਕਸਬਾ ਵਸਾ ਲਿਆ ਸੀ ਅਤੇ ਪੁਰਾਣਾ ਵੈਲਮਿੰਗਮ, ਜੋ ਉਂਜ ਹੀ ਨਿਕਾ ਜਿਹਾ ਪਿੰਡ ਸੀ, ਕਸਬੇ ਦੇ ਵਸਣ ਨਾਲ ਹੌਲੀ ਹੌਲੀ ਬੇਆਬਾਦ ਹੋਣਾ ਸ਼ੁਰੂ ਹੋ ਗਿਆ ਸੀ। ਹੁਣ ਜਿਸ ਨੂੰ ਵੈਲਮਿੰਗਮ ਕਹਿੰਦੇ ਹਨ, ਉਹ ਉਹੀ ਕਸਬਾ ਹੈ ਜੋ ਉਦੋਂ ਨਵਾਂ ਨਵਾਂ ਵਸਿਆ ਸੀ। ਪਰ ਉਹ ਪੁਰਾਣਾ ਗਿਰਜਾ ਹੀ ਹੁਣ ਵੀ ਸ਼ਹਿਰ ਦਾ ਗਿਰਜਾ ਹੈ। ਇਹ ਗਿਰਜਾ ਉਵੇਂ ਦਾ ਉਵੇਂ ਹੀ ਹੈ, ਭਾਵੇਂ ਇਸ ਦੇ ਆਲੇ ਦੁਆਲੇ ਕਈ

ਮਕਾਨ ਡਿਗ ਢਹਿ ਚੁੱਕੇ ਸਨ, ਉਦੋਂ ਇਹ ਥਾਂ ਬੜੀ ਸੁਹਣੀ ਹੁੰਦੀ ਸੀ। ਮੇਰੇ ਵੇਖਦਿਆਂ ਵੇਖਦਿਆਂ ਹੀ ਕਿੰਨੀ ਤਬਦੀਲੀ ਆਈ ਹੈ।"

"ਕੀ ਤੁਸੀਂ ਆਪਣੇ ਵਿਆਹ ਤੋਂ ਪਹਿਲਾਂ ਵੀ ਉਥੇ ਹੀ ਰਹਿੰਦੇ ਸੀ।" ਮੈਂ ਉਹਨੂੰ ਫਿਰ ਪੁੱਛਿਆ।

"ਨਹੀਂ, ਮੈਂ ਨੋਰਫੋਕ ਦੀ ਰਹਿਣ ਵਾਲੀ ਹਾਂ। ਮੇਰਾ ਪਤੀ ਵੀ ਇਥੇ ਦਾ ਨਿਵਾਸੀ ਨਹੀਂ ਸੀ; ਮੈਂ ਤੁਹਾਨੂੰ ਦਸਿਆ ਹੈ ਕਿ ਉਹ ਗਰਿੱਮਜਬਾਈ ਦਾ ਰਹਿਣ ਵਾਲਾ ਸੀ, ਉਹਨੇ ਕੰਮ ਉਥੇ ਹੀ ਸਿਖਿਆ ਸੀ। ਪਰ ਸਾਊਥੈਂਪਟਨ ਵਿਚ ਉਹਦੇ ਕੁਝ ਵਾਕਿਫ਼ ਸਨ। ਸੋ ਉਹ ਉਥੇ ਜਾ ਕੇ ਬਿਜ਼ਨਿਸ ਕਰਨ ਲੱਗ ਪਿਆ। ਭਾਵੇਂ ਕੰਮ ਥੋੜ੍ਹਾ ਹੀ ਸੀ, ਪਰ ਤਾਂ ਵੀ ਉਹਦੀ ਕਮਾਈ ਬਥੇਰੀ ਸੀ। ਜਦੋਂ ਸਾਡਾ ਵਿਆਹ ਹੋਇਆ. ਅਸੀਂ ਵੈਲਮਿੰਗਮ ਚਲੇ ਗਏ। ਭਾਵੇਂ ਅਸੀਂ ਦੋਵੇਂ ਜਵਾਨ ਨਹੀਂ ਸਾਂ, ਪਰ ਅਸੀਂ ਖੁਸ਼ ਰਹਿੰਦੇ ਸਾਂ। ਅਸੀਂ ਆਪਣੇ ਗਵਾਢੀਆਂ ਤੋਂ ਹਰ ਹਾਲਤ ਵਿਚ ਜ਼ਿਆਦਾ ਖੁਸ਼ ਸਾਂ। ਸਾਡੇ ਤੋਂ ਦੋ ਕੁ ਸਾਲ ਮਗਰੋਂ ਮਿਸਟਰ ਕੈਥੇਰਿਕ ਆਪਣੀ ਪਤਨੀ ਸਮੇਤ ਉਥੇ ਹੀ ਰਹਿਣ ਆਏ।" "ਕੀ ਤੁਹਾਡੇ ਪਤੀ ਦੀ ਉਨ੍ਹਾਂ ਨਾਲ ਪਹਿਲਾਂ ਵੀ ਕੋਈ ਜਾਣ-ਪਛਾਣ ਸੀ ਮਿਸ ਕਲੀਮੈਂਟਸ?"

"ਹਾਂ ਉਹ ਕੈਥੇਰਿਕ ਨੂੰ ਜਾਣਦੇ ਸੀ, ਪਰ ਉਹਦੀ ਪਤਨੀ ਨੂੰ ਅਸੀਂ ਦੋਵੇਂ ਨਹੀਂ ਜਾਣਦੇ ਸਾਂ। ਕਿਸੇ ਦੇ ਕਹਿਣ ਸੁਣਨ ਨਾਲ ਉਹਨੂੰ ਵੈਲਮਿੰਗਮ ਦੇ ਗਿਰਜ ਵਿਚ ਕਲਰਕ ਦੀ ਨੌਕਰੀ ਮਿਲ ਗਈ ਸੀ।" "ਨਵੀਂ ਲਾਈਨ ਇਸੇ ਲਈ ਹੀ ਤਾਂ ਉਹ ਸਾਡੇ ਗੁਆਂਢ ਰਹਿਣ ਲਈ ਆਇਆ ਸੀ, ਉਹ ਆਪਣੇ ਨਾਲ ਆਪਣੀ ਸਜ ਵਿਆਹੀ ਪਤਨੀ ਨੂੰ ਵੀ ਲਿਆਇਆ ਸੀ। ਉਹ ਪਹਿਲਾਂ ਸਾਊਥੈਂਪਟਨ ਦੇ ਨੇੜੇ ਵਾਰਨੈਕ ਹਾਲ ਵਿਚ ਨੌਕਰੀ ਕਰਦੀ ਸੀ। ਕੈਥੇਰਿਕ ਨੇ ਉਹਨੂੰ ਵਿਆਹ ਲਈ ਬੜੀ ਮੁਸ਼ਕਲ ਮਨਾਇਆ ਸੀ, ਕਿਉਂਕਿ ਉਹ ਆਪਣੇ ਆਪ ਨੂੰ ਸਭ ਲੋਕਾਂ ਨਾਲੋਂ ਵੱਖਰਾ ਸਮਝਦੀ ਸੀ। ਉਸ ਬੜੀ ਆਕੜੀ ਹੋਈ ਸੀ। ਕੈਥੇਰਿਕ ਨੇ ਉਹਨੂੰ ਵਿਆਹ ਕਰਨ ਲਈ ਪਤਾ ਨਹੀਂ ਕਿੰਨੀ ਵਾਰੀ ਕਿਹਾ, ਪਰ ਉਹਨੇ ਹਾਂ ਨਾ ਕੀਤੀ। ਪਰ ਜਦੋਂ ਉਸਨੇ ਇਸ ਗੱਲ ਦੀ ਆਸ ਉਮੀਦ ਉੱਕਾ ਹੀ ਲਾਹ ਛੱਡੀ ਸੀ, ਤਾਂ ਉਹ ਇਕ ਦਿਨ ਉਹ ਆਪੇ ਹੀ ਉਹਦੇ ਕੋਲ ਆ ਗਈ। ਮੇਰਾ ਪਤੀ ਵਿਚਾਰਾ ਤਾਂ ਇਹੀ ਕਹਿੰਦਾ ਸੀ ਕਿ ਉਹੀ ਵਕਤ ਸੀ ਜਦੋਂ ਕੈਥੇਰਿਕ ਉਹਨੂੰ ਸਬਕ ਸਿਖਾ ਸਕਦਾ ਸੀ। ਪਰ ਕੈਥੇਰਿਕ ਉਹਨੂੰ ਬਹੁਤ

ਪਿਆਰ ਕਰਦਾ ਸੀ। ਉਹਨੇ ਕਦੀ ਵੀ ਆਪਣੀ ਪਤਨੀ ਨੂੰ ਕਿਸੇ ਗੱਲ ਲਈ ਨਹੀਂ ਸੀ ਟੋਕਿਆ, ਨਾ ਵਿਆਹ ਤੋਂ ਪਹਿਲਾਂ ਅਤੇ ਨਾ ਹੀ ਮਗਰੋਂ। ਉਹਨੇ ਉਹਨੂੰ ਸਿਰ ਚੜ੍ਹਾ ਛਡਿਆ ਸੀ, ਜੇ ਕੋਈ ਹੋਰ ਚੰਗੀ ਪਤਨੀ ਹੁੰਦੀ ਵੀ ਤਾਂ ਉਹ ਉਹਨੂੰ ਵੀ ਵਿਗਾੜ ਕੇ ਰਖ ਦੇਂਦਾ। ਉਹ ਦਿਲ ਦੇ ਆਖੇ ਲਗਦਾ ਸੀ। ਮੈਂ ਕਿਸੇ ਦੀ ਪਿੱਠ ਪਿਛੋਂ ਨਿੰਦਿਆ ਨਹੀਂ ਕਰਦੀ, ਪਰ ਉਹ ਸਚਮੁੱਚ ਹੀ ਪੱਥਰ ਦੀ ਬਣੀ ਹੋਈ ਸੀ ਅਤੇ ਬੜੀ ਢੀਠ ਤੇ ਜਿੱਦਲ ਸੀ। ਉਹਨੂੰ ਬਾਹਰਲੀ ਟੀਪਟਾਪ, ਕੱਪੜਿਆਂ ਅਤੇ ਝੂਠੀ ਤਾਰੀਫ਼ ਦਾ ਬਹੁਤ ਸ਼ੌਂਕ ਸੀ ਉਹਨੇ ਕੈਥੇਰਿਕ ਦੀ ਕਦੀ ਵੀ ਇਜ਼ਤ ਨਾ ਕੀਤੀ, ਭਾਵੇਂ ਉਹ ਉਹਦੇ ਲਈ ਆਪਣੀ ਜਾਨ ਵੀ ਦੇਣ ਨੂੰ ਤਿਆਰ ਸੀ। ਜਦੋਂ ਉਹ ਨਵੇਂ ਨਵੇਂ ਸਾਡੇ ਗੁਆਂਢ ਆਏ, ਮੇਰੇ ਪਤੀ ਨੇ ਉਦੋਂ ਹੀ ਕਹਿ ਦਿੱਤਾ ਸੀ, ਕਿ ਇਕ ਨਾ ਇਕ ਦਿਨ ਕੈਥੇਰਿਕ ਦੀ ਪਤਨੀ ਦੀ ਬੇਵਕੂਫੀ ਰੰਗ ਲਿਆਏਗੀ ਅਤੇ ਆਖੀਰ ਵਿਚ ਉਹੀ ਗੱਲ ਹੋਈ। ਉਨ੍ਹਾਂ ਨੂੰ ਸਾਡੇ ਪਿੰਡ ਆਇਆਂ ਅਜੇ ਚਾਰ ਹੀ ਮਹੀਨੇ ਹੋਏ ਸਨ, ਕਿ ਉਨ੍ਹਾਂ ਦੀ ਪਿੰਡ ਵਿਚ ਬੜੀ ਬਦਨਾਮੀ ਹੋਈ ਉਨ੍ਹਾਂ ਦੇ ਘਰ ਬੜੀ ਲੜਾਈ ਹੋਈ ਦੋਹਾਂ ਦਾ ਹੀ ਕਸੂਰ ਸੀ, ਮੈਂ ਤਾਂ ਇਹ ਹੀ ਕਹਾਂਗੀ ਕਿ ਦੋਹਾਂ ਦਾ ਇਕ ਜਿਹਾ ਕਸੂਰ ਸੀ।

'ਦੋਹਾਂ ਪਤੀ ਪਤਨੀ ਦਾ?" ਮੈਂ ਪੁੱਛਿਆ।

"ਨਹੀਂ ਨਹੀਂ ਕੈਥੇਰਿਕ ਦਾ ਕਈ ਦੋਸ਼ ਨਹੀਂ ਸੀ। ਉਸ ਉੱਤੇ ਤੇ ਤਰਸ ਆਉਂਦਾ ਸੀ। ਕੈਥੇਰਿਕ ਦੀ ਪਤਨੀ ਅਤੇ ਉਸ ਆਦਮੀ ਦਾ "ਜਿਸ ਕਾਰਣ ਬਦਨਾਮੀ ਹੋਈ ਸੀ?"

"ਹਾਂ, ਜੋ ਉਹ ਬੜੇ ਉੱਚੇ ਖਾਨਦਾਨ ਦਾ ਸੀ ਅਤੇ ਘਟ ਤੋਂ ਘਟ ਉਹਨੂੰ ਤਾਂ ਕੋਈ ਖਿਆਲ ਕਰਨਾ ਚਾਹੀਦਾ ਸੀ, ਤੁਸੀਂ ਉਹਨੂੰ ਜਾਣਦੇ ਹੋ ਮੇਰੀ ਭੋਲੀ ਏਨ ਤਾ ਉਹਨੂੰ ਚੰਗੀ ਤਰਾ ਜਾਣਦੀ ਸੀ।"

"ਸਰ ਪਰਸੀਵਲ ਗਲਾਈਡ"

"ਹਾਂ ਇਹ ਉਹੀ ਆਦਮੀ ਸਰ ਪਰਸੀਵਲ ਗੁਲਾਈਡ" ਮੇਰਾ ਦਿਲ ਤੇਜ ਤੇਜ ਧੜਕਣ ਲਗ ਪਿਆ ਸੀ, ਮੈਂ ਸੋਚਿਆ ਸ਼ਾਇਦ ਹੁਣੇ ਮੈਨੂੰ ਉਸ ਤੱਤ ਦੀ ਭਿਣਕ ਪਵੇ ਉਦੋਂ ਮੈਂ ਕੀ ਜਾਣਦਾ ਸਾਂ; ਕਿ ਅਤੇ ਕਿਹੜੀਆਂ ਕਿਹੜੀਆਂ ਭੁੱਲ ਭੁਲਦੀਆਂ ਵਿਚ ਮੈਂ' ਗਵਾਚਣਾ ਸੀ।

ਕੀ ਸਰ ਪਰਸੀਵਲ ਉਦੋਂ ਤੁਹਾਡੇ ਨੇੜੇ ਤੇਰੇ ਰਿਹਾ ਕਰਦਾ ਸੀ?"

"ਨਹੀਂ" --ਉਹ ਸਾਡੇ ਲਈ ਓਪਰਾ ਹੀ ਸੀ। ਉਹ ਦੇ ਪਿਤਾ ਦੀ ਮੌਤ ਕਿਧਰੇ ਇੰਗਲੈਂਡ ਤੋਂ ਬਾਹਰ ਉਦੋਂ ਹੀ ਹੋਈ ਸੀ। ਉਸ ਵੇਲੇ ਉਹ ਉਸਦਾ ਸੋਗ ਮਨਾ ਰਿਹਾ ਸੀ। ਦਰਿਆ ਦੇ ਕਿਨਾਰੇ ਇਕ ਪੁਰਾਣੀ ਸਰਾਂ ਹੁੰਦੀ ਸੀ; ਉਥੇ ਉਹ ਠਹਿਰੀਆ ਸੀ। ਅਸੀਂ ਪਹਿਲਾਂ ਉਹਦੇ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਸੀ, ਕਿਉਂਕਿ ਇੰਗਲੈਂਡ ਦੇ ਸਭ ਪਾਸਿਓ ਲੋਕ ਇਸ ਨਦੀ ਵਿਚ ਮੱਛੀਆਂ ਪਕੜਿਆ ਕਰਦੇ ਸਨ।"

"ਕੀ ਉਹ ਏਨ ਦੇ ਜਨਮ ਤੋਂ ਪਹਿਲਾਂ ਪਿੰਡ ਵਿਚ ਆਇਆ ਸੀ?"

"ਹਾਂ ਉਹ ਏਨ ਦੇ ਜਨਮ ਤੋਂ ਪਹਿਲਾਂ ਹੀ ਆਇਆ ਸੀ ਏਨ ਅਠਾਰਾਂ ਸੋ ਸਤਾਈ ਦੇ ਜੂਨ ਵਿਚ ਜੰਮੀ ਸੀ ਅਤੇ ਉਹ ਅਪਰੈਲ ਦੇ ਅਤੇ ਜਾਂ ਮਈ ਦੇ ਸ਼ੁਰੂ ਵਿਚ ਆਇਆ ਸੀ।

"ਕੀ ਉਹ ਤੁਹਾਡੇ ਸਭ ਲਈ ਹੀ ਉਪਰਾ ਸੀ? ਤੁਹਾਡੇ ਲਈ ਵੀ ਅਤੇ ਮਿਸਜ਼ ਕੈਥੇਰਿਕ ਲਈ ਵੀ?"

"ਅਸੀਂ" ਵੀ ਪਹਿਲਾਂ ਇਹੀ ਸੋਚਦੇ ਸਾਂ, ਪਰ ਜਦ ਬੜੀ ਬਦਨਾਮੀ ਹੋਈ ਤਾਂ ਕੋਈ ਵੀ ਇਸ ਗੱਲ ਤੇ ਯਕੀਨ ਨਹੀਂ ਸੀ ਕਰਦਾ ਮੈਨੂੰ ਹੁਣ ਵੀ ਇਹ ਸਭ ਤਰ੍ਹਾਂ ਯਾਦ ਹੈ, ਜਿਵੇਂ ਕੱਲ੍ਹ ਦੀ ਹੀ ਘਟਨਾ ਹੋਵੇ। ਇਕ ਰਾਤ ਕੈਥੇਰਿਕ ਸਾਡੇ ਬਗੀਚੇ ਵਿਚ ਆਇਆ। ਉਹਨੇ ਥੋੜ੍ਹੀ ਜੇਹੀ ਬਜਰੀ ਚੁੱਕ ਕੇ ਸਾਡੀ ਖਿੜਕੀ ਉੱਤੇ ਮਾਰੀ। ਮੈਨੂੰ ਆਵਾਜ਼ ਆਈ, ਉਹ ਮੇਰੇ ਪਤੀ ਨੂੰ ਕਿਸੇ ਗੱਲ ਲਈ ਹੇਠਾਂ ਬੁਲਾ ਰਿਹਾ ਸੀ। ਉਹ ਦੋਵੇਂ ਪੋਰਚ ਵਿਚ ਬੜੀ ਦੇਰ ਤੀਕ ਗੱਲਾਂ ਕਰਦੇ ਰਹੇ। ਜਦੋਂ ਮੇਰਾ ਪਤੀ ਵਾਪਸ ਆਇਆ ਤਾਂ ਉਹ ਕੰਬ ਰਿਹਾ ਸੀ, ਉਹ ਬਿਸਤਰੇ ਤੇ ਇਕ ਪਾਸੇ ਬੈਠ ਕੇ ਬੋਲਿਆ- "ਲਿਜ਼ੀ, ਮੈਂ ਤੈਨੂੰ ਕਹਿੰਦਾ ਸਾਂ ਨਾ, ਕਿ ਉਹ ਔਰਤ ਕੁਝ ਠੀਕ ਨਹੀਂ। ਮੈਂ ਹਮੇਸ਼ਾਂ ਕਹਿੰਦਾ ਸਾਂ ਕਿ ਅੰਤ ਕੁਛ ਨਾ ਕੁਛ ਹੋਣਾ ਹੈ; ਅਤੇ ਮੇਰੇ ਵਿਚਾਰ ਵਿਚ ਹੁਣ ਸਭ ਕੁੱਝ ਖਤਮ ਹੋ ਜਾਏਗਾ। ਕੈਥੇਰਿਕ ਨੂੰ ਆਪਣੀ ਪਤਨੀ ਦੇ ਦਰਾਜ ਵਿਚ' ਵਧੀਆ ਲੇਸ ਦੇ ਰਮਾਲ, ਦੋ ਸੋਨੇ ਦੀਆਂ ਅੰਗੂਠੀਆਂ, ਇਕ ਸੋਨੇ ਦੀ ਘੜੀ ਜਿਸ ਨਾਲ ਸੋਨੇ ਦੀ ਚੇਨ ਹੈ, ਲੱਭੀ ਹੈ। ਇਹ ਸਭ ਚੀਜ਼ਾਂ ਤੇ ਅਮੀਰਾਂ ਦੇ ਘਰਾਂ ਵਿਚ ਹੁੰਦੀਆਂ ਹਨ, ਪਰ ਕੈਥੇਰਿਕ ਦੇ ਪੁੱਛਣ ਤੇ ਵੀ ਉਹ ਨਹੀਂ ਦਸਦੀ, ਕਿ ਉਹਨੇ ਇਹ ਸਾਮਾਨ ਕਿਥੋਂ ਲਿਆ ਹੈ।

"ਕੀ ਉਹ ਸਮਝਦਾ ਹੈ ਕਿ ਉਹਨੇ ਚੋਰੀ ਕੀਤੀ ਹੈ?" ਮੈਂ ਆਪਣੇ ਪਤੀ ਨੂੰ ਪੁੱਛਿਆ।

"ਨਹੀਂ, ਨਹੀਂ -ਇਹ ਤੋਹਫ਼ੇ ਹਨ ਲਿਜ਼ੀ। ਘੜੀ ਦੇ ਅੰਦਰ ਉਹਦੇ ਨਾਂ ਦੇ ਪਹਿਲੇ ਅੱਖਰ ਉਕਰੇ ਹੋਏ ਹਨ। ਚੋਰੀ ਵੀ ਭਾਵੇਂ ਜੁਰਮ ਹੀ ਹੈ। ਪਰ ਉਹਨੇ ਉਸ ਤੋਂ ਵੀ ਵੱਡਾ ਜੁਰਮ ਕੀਤਾ ਹੈ। ਕੈਥੇਰਿਕ ਨੇ ਉਹਨੂੰ ਵੇਖਿਆ ਹੈ ਕਿ ਉਹ ਛੁਪ-ਛੁਪ ਕੇ ਉਸ ਅਮੀਰਜਾਦੇ ਨਾਲ ਮਿਲਦੀ ਹੈ; ਜੋ ਆਪਣੇ ਪਿਤਾ ਦਾ ਸੋਗ ਮਨਾ ਰਿਹਾ ਹੈ, ਅਤੇ ਜਿਸ ਦਾ ਨਾਂ ਸਰ ਪਰਸੀਵਲ ਗਲਾਈਡ ਹੈ। ਤੂੰ ਅਜੇ ਉਹਨੂੰ ਕੁਝ ਨਾ ਕਹੀ। ਮੈਂ ਅਜੇ ਕੈਥੇਰਿਕ ਨੂੰ ਸ਼ਾਂਤ ਕੀਤਾ ਹੈ, ਤੇ ਇਹ ਸਲਾਹ ਦਿਤੀ ਹੈ ਕਿ ਉਹ ਚੌਂਕਸ ਹੋ ਕੇ ਤਾਕ ਵਿਚ ਰਹੇ ਤੇ ਜਦੋਂ ਉਹਨੂੰ ਕੋਈ ਸਬੂਤ ਮਿਲੇ ਉਦੋਂ ਉਨ੍ਹਾਂ ਨੂੰ ਪਕੜੇ।

"ਨਹੀਂ, ਨਹੀਂ ਉਹ ਇਸ ਤਰ੍ਹਾਂ ਨਹੀਂ ਕਰ ਸਕਦੀ; -ਉਹਨੂੰ ਇਥੇ ਬਹੁਤ ਆਰਾਮ ਹੈ, ਮਿਸਜ਼ ਕੈਥੇਰਿਕ ਨੂੰ ਆਖਿਰ ਕੀ ਲੋੜ ਹੈ ਕਿ ਉਹ ਇਕ ਓਪਰੇ ਆਦਮੀ ਨਾਲ ਦੋਸਤੀ ਕਰੇ?" ਮੈਂ ਆਪਣੇ ਪਤੀ ਨੂੰ ਕਿਹਾ। ਉਹਨੇ ਅਗੋਂ ਉੱਤਰ ਦਿਤਾ, 'ਤੂੰ ਕਹਿ ਰਹੀ ਏ ਨਾਂ ਓਪਰਾ ਏ-ਪਰ ਕੀ ਉਹ ਉਹਨੂੰ ਪਹਿਲਾਂ ਨਹੀਂ ਜਾਣਦੀ ਹੋਣੀ?- ਤੂੰ ਭੁੱਲ ਗਈ ਏਂ ਕਿ ਕੈਥੇਰਿਕ ਦੀ ਪਤਨੀ ਵਿਆਹ ਲਈ ਕਿਵੇਂ ਮੰਨੀ ਸੀ? ਪਹਿਲਾਂ ਹਜ਼ਾਰ ਵਾਰ ਨਾਂਹ ਕਰਨ ਮਗਰੋਂ ਆਪੇ ਹੀ ਇਕ ਦਿਨ ਆ ਕੇ ਵਿਆਹ ਲਈ ਮੰਨ ਗਈ ਸੀ;-ਉਹਦੇ ਤੋਂ ਪਹਿਲਾਂ ਕਈ ਭੈੜੀਆਂ ਅਤੇ ਬਦਮਾਸ਼ ਔਰਤਾਂ ਹੋ ਚੁੱਕੀਆਂ ਹਨ ਜੋ ਆਪਣੀ ਇਜ਼ਤ ਬਚਾਉਣ ਲਈ ਉਨ੍ਹਾਂ ਈਮਾਨਦਾਰ ਤੇ ਗਰੀਬ ਬੰਦਿਆਂ ਨੂੰ ਬੁੱਧੂ ਬਣਾਦੀਆਂ ਹਨ, ਜੋ ਉਹਨਾਂ ਨੂੰ ਪਿਆਰ ਕਰਦੇ ਹਨ। ਹੁਣ ਤੇ ਮੈਨੂੰ ਯਕੀਨ ਹੈ ਹੈ ਕਿ ਮਿਸਜ਼ ਕੈਥੇਰਿਕ ਵੀ ਉਨ੍ਹਾਂ ਹੀ ਔਰਤਾਂ ਵਿਚੋਂ ਹੈ। ਗੱਲ ਸਭ ਦੇ ਸਾਹਮਣੇ ਹੀ ਆ ਜਾਣੀ ਹੈ, ਤੁਸੀਂ ਵੇਖੀ ਤੇ ਚਲੋਂ।" ਅਤੇ ਉਹਦੀ ਗੱਲ ਸੱਚੀ ਹੋਈ। ਦੋ ਦਿਨਾਂ ਮਗਰੋਂ ਸਭ ਨੂੰ ਪਤਾ ਲੱਗ ਗਿਆ।" ਇੰਨਾ ਕਹਿ ਕੇ ਮਿਸਜ਼ ਕਲੀਮੈਂਟਸ ਇਕ ਪਲ ਚੁੱਪ ਹੋ ਗਈ। ਉਸ ਵਕਤ ਵੀ ਮੈਂ ਇਸ ਸਸ਼ੋਪੰਜ ਵਿਚ ਸਾਂ, ਕਿ ਮੈਂ ਸਚਮੁਚ ਹੀ ਉਸ ਭੁਲ-ਭੁਲਈਆਂ ਵਿਚ ਕੇਂਦਰ ਬਿੰਦੂ ਵੱਲ ਵਧ ਰਿਹਾ ਹਾਂ, - ਕੀ ਮਿਸਜ਼ ਕਲੀਮੈਂਟਸ ਦਾ ਇਹ ਵੇਰਵਾ ਮੈਨੂੰ ਉਸ ਭੇਤ ਤਕ ਪਹੁੰਚਾ ਦੇਗਾ? ਕੀ ਇਕ ਮਰਦ ਦੇ ਧੋਖੇ ਦੀ ਅਤੇ ਇਕ ਔਰਤ ਦੀ ਕਮਜ਼ੋਰੀ ਦੀ ਕਹਾਣੀ ਤੋਂ ਹੀ ਸਰ ਪਰਸੀਵਲ ਸਾਰੀ ਜ਼ਿੰਦਗੀ ਏਨੀ ਬੁਰੀ ਤਰ੍ਹਾਂ ਭੈ-ਭੀਤ ਰਿਹਾ ਹੈ? ਇਹ ਤਾਂ ਆਮ ਗੱਲ ਹੈ-! ਮਿਸਜ਼ ਕਲੀਮੈਂਟਸ ਨੇ ਆਪਣੀ ਗੱਲ ਮੁੜ ਸ਼ੁਰੂ ਕੀਤੀ।"-

"ਮੇਰੇ ਪਤੀ ਦੀ ਸਲਾਹ ਮੰਨ ਕੇ ਕੈਥਰਿਕ ਚੁੱਪ ਰਿਹਾ। ਉਹ ਕਿਸੇ ਮੌਕੇ ਦੀ ਭਾਲ ਵਿਚ ਸੀ, ਜੋ ਉਹਨੂੰ ਜਲਦੀ ਹੀ ਮਿਲ ਗਿਆ। ਦੂਜੇ ਦਿਨ ਹੀ ਕੈਥੇਰਿਕ ਨੇ ਆਪਣੀ ਪਤਨੀ ਅਤੇ ਸਰ ਪਰਸੀਵਲ ਨੂੰ ਗਿਰਜੇ ਦੇ ਛੋਟੇ ਕਮਰੇ ਵਿਚ ਘੁਸਰ ਮੁਸਰ ਕਰਦਿਆਂ ਫੜ ਲਿਆ। ਮੇਰਾ ਆਪਣਾ ਖਿਆਲ ਹੈ, ਕਿ ਉਨ੍ਹਾਂ ਇਹ ਸੋਚਿਆ ਹੋਵੇਗਾ ਕਿ ਗਿਰਜੇ ਦੇ ਆਲੇ ਦਆਲੇ ਕੌਣ ਉਹਨਾਂ ਤੋਂ ਸ਼ੱਕ ਕਰ ਸਕਦਾ ਸੀ। ਸਰ ਪਰਸੀਵਲ ਬੜਾ ਹੈਰਾਨ ਸੀ ਅਤੇ ਘਬਰਾ ਗਿਆ ਸੀ, ਕੈਥੇਰਿਕ ਨੇ ਵੀ ਗੁੱਸੇ ਵਿਚ ਸਰ ਪਰਸੀਵਲ ਨੂੰ ਮਾਰਿਆ, ਉਹਨੇ ਵੀ ਕੈਥੇਰਿਕ ਨੂੰ ਸਭ ਦੇ ਸਾਹਮਣੇ ਕੁੱਟਣਾ ਸ਼ੁਰੂ ਕਰ ਦਿੱਤਾ ਕੈਥੇਰਿਕ ਹਰ ਇਕ ਗੱਲ ਨੂੰ ਦਿਲ ਨਾਲ ਲਾ ਲੈਂਦਾ ਸੀ। ਇਹ ਮਾਰ ਕੁਟਾਈ ਸ਼ਾਮ ਵੇਲੇ ਹੋਈ ਅਤੇ ਰਾਤੀਂ ਮੇਰਾ ਪਤੀ ਉਹਨਾਂ ਦੇ ਘਰ ਗਿਆ ਤਾਂ ਕੈਥੇਰਿਕ ਜਾ ਚੁੱਕਾ ਸੀ। ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਕਿਥੇ ਗਿਆ ਹੈ। ਪਰ ਮੁੜ ਕਿਸੇ ਨੇ ਉਹਨੂੰ ਨਹੀਂ ਵੇਖਿਆ। ਉਹਨੂੰ ਪਤਾ ਲਗ ਚੁਕਾ ਸੀ ਕਿ ਉਹਦੀ ਪਤਨੀ ਆਪਣੀ ਹੀ ਮਰਜ਼ੀ ਨਾਲ ਵਿਆਹ ਕਰਨ ਕਿਉਂ ਉਹਦੇ ਕੋਲ ਆਈ ਸੀ, ਅਤੇ ਉਹ ਆਪਣੀ ਏਨੀ ਬਦਨਾਮੀ ਸਹਿਨ ਨਹੀਂ ਸੀ ਕਰ ਸਕਦਾ। ਗੁਆਂਢੀਆਂ ਨੇ ਅੱਖਾਂ ਨਾਲ ਸਭ ਕੁਝ ਵੇਖਿਆ ਸੀ ਇਸ ਕਾਰਨ ਹੁਣ ਉਹ ਆਪਣਾ ਮੂੰਹ ਕਿਸੇ ਨੂੰ ਨਹੀਂ ਸੀ ਵਿਖਾਉਣਾ ਚਾਹੁੰਦਾ। ਪਾਦਰੀ ਨੇ ਅਖਬਾਰ ਵਿਚ ਇਸ਼ਤਿਹਾਰ ਵੀ ਦਿੱਤਾ, ਕਿ ਜਿਥੇ ਵੀ ਉਹ ਹੈ ਉਥੋਂ ਵਾਪਸ ਆ ਜਾਵੇ ਅਤੇ ਆਪਣੀ ਨੌਕਰੀ ਸੰਭਾਲੇ। ਲੋਕ ਤਾਂ ਕਹਿੰਦੇ ਸਨ, ਕਿ ਉਹ ਆਕੜਿਆ ਹੋਇਆ ਹੈ, ਪਰ ਮੈਂ ਕਹਿੰਦੀ ਹਾਂ, ਕਿ ਉਹਨੇ ਆਪਣੀ ਬੇਇਜ਼ਤੀ ਬਹੁਤ ਜ਼ਿਆਦਾ ਮਹਿਸੂਸ ਕੀਤੀ ਸੀ, ਇਸ ਲਈ ਉਹ ਮੁੜ ਕੇ ਨਾ ਪਰਤਿਆ। ਉਹ ਇੰਗਲੈਂਡ ਛੱਡ ਕੇ ਹੀ ਚਲਾ ਗਿਆ। ਜਾਣ ਤੋਂ ਪਹਿਲਾਂ ਉਹਨੇ ਮੇਰੇ ਪਤੀ ਨੂੰ ਇਕ ਚਿੱਠੀ ਲਿਖੀ। ਅਤੇ ਇਕ ਚਿੱਠੀ ਉਦੋਂ ਆਈ ਜਦੋਂ ਉਹ ਅਮਰੀਕਾ ਜਾ ਕੇ ਵਸ ਗਿਆ ਸੀ। ਹੁਣ ਉਹ ਉਥੇ ਰਾਜ਼ੀ ਖੁਸ਼ੀ ਹੈ, ਪਰ ਅਸੀਂ ਉਹਨੂੰ ਮੁੜ ਨਹੀਂ ਵੇਖਿਆ। ਅਤੇ ਨਾ ਹੀ ਉਹਦੀ ਬਦਨਾਮ ਪਤਨੀ ਮੁੜ ਕਦੀ ਉਹਨੂੰ ਮਿਲ ਸਕੇਗੀ।"

"ਸਰ ਪਰਸੀਵਲ ਦਾ ਕੀ ਹੋਇਆ? ਕੀ ਉਹ ਇਸ ਘਟਨਾ ਤੋਂ ਮਗਰੋਂ ਵੀ ਉਹ ਉਥੇ ਹੀ ਰਿਹਾ?" ਮੈਂ ਪੁੱਛਿਆ।

"ਉਹ ਉਥੇ ਕਿਸ ਤਰ੍ਹਾਂ ਰਹਿ ਸਕਦਾ ਸੀ-? ਉਸੇ ਰਾਤ ਹੀ ਉਹਦੇ ਅਤੇ ਮਿਸਜ਼ ਕੈਥੇਰਿਕ ਵਿਚਕਾਰ ਉੱਚੀ ਉੱਚੀ ਲੜਾਈ ਹੁੰਦੀ ਸੁਣੀ ਗਈ। ਦੂਜੇ ਦਿਨ ਸਵੇਰੇ ਹੀ ਉਹ ਵੀ ਚਲਾ ਗਿਆ।"

"ਮਿਸਜ਼ ਕੈਥੇਰਿਕ ਦਾ ਕੀ ਬਣਿਆ--? ਉਹ ਉਸ ਪਿੰਡ ਵਿੱਚ ਤਾਂ ਨਹੀਂ ਰੁਕੀ ਹੋਣੀ ਜਿਥੇ ਉਹਦੀ ਬਦਨਾਮੀ ਹੋ ਰਹੀ ਸੀ,

"ਉਹ ਉਸੇ ਹੀ ਪਿੰਡ ਵਿਚ ਰਹੀ ਅਤੇ ਉਹਨੇ ਸਾਰੇ ਗਵਾਢੀਆਂ ਨੂੰ ਇਹੀ ਕਿਹਾ, ਕਿ ਉਹਦੇ ਤੇ ਝੂਠਾ ਇਲਜ਼ਾਮ ਲਾਇਆ ਗਿਆ ਹੈ। ਉਹਨੇ ਪਾਦਰੀ ਨੂੰ ਵੀ ਇਹੀ ਕਿਹਾ, ਕਿ ਉਹ ਕਿਸੇ ਭਾਰੀ ਗਲਤਫਹਿਮੀ ਦਾ ਸ਼ਿਕਾਰ ਹੈ, ਅਤੇ ਉਹ ਉਸੇ ਪਿੰਡ ਵਿਚ ਹੀ ਡਟ ਕੇ ਰਹੇਗੀ। ਕਿਉਂਕਿ ਉਹਨੇ ਕੋਈ ਗੁਨਾਹ ਨਹੀਂ ਸੀ ਕੀਤਾ। ਜਦੋਂ ਤੀਕ ਮੈਂ ਉਥੇ ਰਹੀ, ਉਹ ਵੀ ਉਥੇ ਹੀ ਸੀ। ਮੇਰੇ ਉਥੋਂ ਆਉਣ ਮਗਰੋਂ ਜਦੋਂ ਸਾਰੇ ਲੋਕ ਨਵੇਂ ਵੈਲਮਿੰਗਮ ਚਲੇ ਗਏ, ਤਾਂ ਉਹ ਵੀ ਉਥੇ ਚਲੀ ਗਈ। ਉਹ ਉਨ੍ਹਾਂ ਲੋਕਾਂ ਦਾ ਸਾਥ ਛਡਣਾ ਨਹੀਂ ਸੀ ਚਾਹੁੰਦੀ। ਸ਼ਾਇਦ ਉਹ ਉਨ੍ਹਾਂ ਕੋਲ' ਆਪਣੀ ਬਦਨਾਮੀ ਦਾ ਬਦਲਾ ਲੈਣਾ ਚਾਹੁੰਦੀ ਸੀ। ਉਹ ਹੁਣ ਵੀ ਉਥੇ ਹੀ ਰਹਿੰਦੀ ਹੈ।

"ਪਰ ਉਹਨੂੰ ਖ਼ਰਚ ਕੌਣ ਦੇਂਦਾ ਰਿਹਾ? ਕੀ ਉਹਦਾ ਪਤੀ ਪੈਸੇ ਭੇਜਦਾ ਸੀ?" ਮੈਂ ਪੁੱਛਿਆ।

"ਉਹਦਾ ਪਤੀ ਉਹਨੂੰ ਪੈਸੇ ਭੇਜਣਾ ਚਾਹੁੰਦਾ ਸੀ, ਉਹਨੇ ਆਪਣੀ ਦੂਜੀ ਚਿੱਠੀ ਵਿਚ ਮੇਰੇ ਪਤੀ ਨੂੰ ਇਹੀ ਲਿਖਿਆ ਸੀ, ਕਿ ਭਾਵੇਂ ਉਹ ਭੈੜੀ ਹੈ, ਪਰ ਉਹਦੀ ਪਤਨੀ ਹੀ ਹੈ, ਅਤੇ ਉਹਦੇ ਘਰ ਵਿਚ ਪਹਿਲਾਂ ਵਾਂਗ ਰਹਿ ਰਹੀ ਹੈ। ਉਹ ਨਹੀਂ ਚਾਹੁੰਦਾ ਕਿ ਉਹ ਮੰਗਤਿਆਂ ਵਾਂਗ ਰਵੇ। ਉਹ ਉਹਨੂੰ ਲੰਦਨ ਇਕ ਬੈਂਕ ਵਿਚ ਪੈਸੇ ਭੇਜਦਿਆ ਕਰੇਗਾ। ਉਹ ਉਥੇ ਜਾ ਕੇ ਹਰ ਤਿੰਨਾਂ ਮਹੀਨਿਆਂ ਮਗਰੋਂ ਕਢਵਾ ਲਿਆ ਕਰੇ।"

"ਤਾਂ ਮਿਸਜ਼ ਕੈਥੇਰਿਕ ਨੇ ਕੀ ਕਿਹਾ-?"

“ਉਹ ਉਹਦੀ ਭੇਜੀ ਇਕ ਪਾਈ ਵੀ ਲੈਣ ਨੂੰ ਤਿਆਰ ਨਹੀਂ ਸੀ ਉਹਨੇ ਇਹੀ ਉੱਤਰ ਦਿਤਾ ਕਿ ਭਾਵੇ ਉਹ ਸੌ ਸਾਲ ਤਕ ਜੀਉਂਦੀ ਰਹੇ, ਉਹ ਕਦੀ ਕੈਥੇਰਿਕ ਕੋਲੋਂ ਇਕ ਪੈਸਾ ਨਹੀਂ ਲਏਗੀ। ਜਦੋਂ ਮੇਰੇ ਪਤੀ ਦੀ ਮੌਤ ਹੋ ਗਈ, ਤਾਂ ਮੈਂ ਫਿਰ ਉਹਨੂੰ ਕਿਹਾ, ਕਿ ਜੇ ਉਹ ਨੂੰ ਕੋਈ ਜ਼ਰੂਰਤ ਹੋਈ ਤਾਂ ਉਹ ਮੈਨੂੰ ਦੱਸੇ। ਉਹਨੇ ਇਸ ਗੱਲ ਦਾ ਜਵਾਬ ਮੈਨੂੰ ਇੰਜ ਦਿਤਾ, "ਜੇ ਮੈਨੂੰ ਕਦੀ ਲੋੜ ਹੋਈ ਤਾਂ ਮੈਂ ਸਾਰੇ ਇੰਗਲੈਂਡ ਨੂੰ ਦਸ ਦਿਆਂਗੀ, ਪਰ ਕੈਥੇਰਿਕ

ਜਾਂ ਉਹਦੇ ਕਿਸੇ ਮਿੱਤਰ ਨੂੰ ਨਹੀਂ ਇਹ ਮੇਰਾ ਉੱਤਰ ਹੈ ਅਤੇ ਇਹ ਗੱਲ ਕੈਥਰਿਕ ਨੂੰ ਵੀ ਲਿਖ ਦੇਣਾ, - ਜੇ ਕਦੀ ਉਹਦੀ ਚਿੱਠੀ ਆਵੇ।

"ਤਾਂ ਕੀ ਉਹਦੇ ਕੋਲ ਆਪਣਾ ਪੈਸਾ ਹੈ ਸੀ?"

"ਮੇਰਾ ਖਿਆਲ ਹੈ ਕਿ ਉਹਦੇ ਕੋਲ ਕੋਈ ਪੈਸਾ ਨਹੀਂ ਸੀ। ਪਰ ਸਾਰੇ ਲੋਕ ਇਹੀ ਕਹਿੰਦੇ ਸਨ ਕਿ ਉਹਨੂੰ ਸਰ ਪਰਸੀਵਲ ਪੈਸੇ ਭੇਜਦਾ ਸੀ

ਮਿਸਜ਼ ਕਲੀਮੈਂਟਸ ਦੀ ਇਹੀ ਗੱਲ ਸੁਣ ਕੇ ਮੈਂ ਚੁਪ ਕਰ ਗਿਆ। ਮੈਂ ਹੁਣ ਤਕ ਕਹਾਣੀ ਸੁਣਦਾ ਰਿਹਾ ਸਾਂ, ਪਰ ਹੁਣ ਇਹ ਸਪਸ਼ਟ ਹੋ ਗਿਆ ਸੀ; ਕਿ ਮੈਂ ਜਿਸ ਭੇਤ ਦੀ ਇਥੇ ਸਹੁ ਕੱਢਣ ਆਇਆ ਸਾਂ, ਅਜੇ ਉਸ ਦੇ ਨੇੜੇ ਤੇੜੇ ਵੀ ਕਿਧਰੇ ਨਹੀਂ ਪਹੁੰਚ ਸਕਿਆ ਸਾਂ। ਮੇਰੇ ਸਾਹਮਣੇ ਹੁਣੇ ਫਿਰ ਘੋਰ ਨਿਰਾਸ਼ਾ ਸੀ।

ਇਸ ਕਹਾਣੀ ਵਿਚ ਇਕ ਗੱਲ ਸੀ, ਜਿਸ ਤੋਂ ਮੈਨੂੰ ਇਹ ਸ਼ੱਕ ਪੈਂਦਾ ਸੀ; ਕਿ ਸਚਮੁਚ ਸਚਾਈ ਕੁਛ ਹੋਰ ਹੀ ਹੋਵੇਗੀ।

ਮੈਨੂੰ ਇਸ ਗੱਲ ਦੀ ਸਮਝ ਨਹੀਂ ਸੀ ਆ ਰਹੀ, ਕਿ ਉਸ ਕਲਰਕ ਦੀ ਪਤਨੀ ਨੇ ਉਥੇ ਹੀ ਸਾਰੀ ਉਮਰ ਕਿਉਂ ਬਿਤਾਉਣੀ ਚਾਹੀ; ਜਿਥੇ ਉਸਦੀ ਬਦਨਾਮੀ ਅਤੇ ਬੇਇਜ਼ਤੀ ਹੋਈ ਸੀ? ਭਾਵੇਂ ਉਹਦੀ ਦਲੀਲ ਇਹ ਸੀ, ਕਿ ਉਹ ਉਥੇ ਰਹਿ ਕੇ ਆਪਣੀ ਬੇਗੁਨਾਹੀ ਸਾਬਤ ਕਰਨਾ ਚਾਹੁੰਦੀ ਸੀ, ਪਰ ਮੇਰਾ ਮਨ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਮੈਨੂੰ ਤਾਂ ਇਹ ਜਾਪਦਾ ਸੀ ਕਿ ਇਸ ਮਾਮਲੇ ਵਿਚ ਉਹ ਆਪਣੀ ਮਰਜ਼ੀ ਨਹੀਂ ਸੀ ਵਰਤ ਸਕਦੀ ਤਾਂ ਹੋਰ ਕੌਣ ਉਹਨੂੰ ਵੈਲਮਿੰਗਮ ਰਹਿਣ ਲਈ ਮਜ਼ਬੂਰ ਕਰ ਸਕਦਾ ਸੀ? ਉਹ ਇਕ ਹੀ ਬੰਦਾ ਹੋ ਸਕਦਾ ਸੀ, ਜੋ ਉਹਨੂੰ ਖਰਚ ਦਿੰਦਾ ਸੀ। ਉਹਦੇ ਕੋਲ ਕੋਈ ਜਾਇਦਾਦ ਨਹੀਂ ਸੀ। ਪਤੀ ਦੀ ਸਹਾਇਤਾ ਲੈਣ ਤੋਂ ਉਹਨੇ ਨਾਂਹ ਕਰ ਦਿਤੀ ਸੀ। ਦੁਨੀਆਂ ਤੇ ਉਹ ਕਲਮਕੱਲੀ, ਬੇ-ਸਹਾਰਾ ਅਤੇ ਬਦਨਾਮ ਔਰਤ ਸੀ; ਉਸ ਵੇਲੇ ਕੌਣ ਉਹਦੀ ਮਦਦ ਕਰਦਾ? ਸਰ ਪਰਸੀਵਲ ਗਲਾਈਡ ਹੀ ਉਹ ਆਦਮੀ ਹੋ ਸਕਦਾ ਸੀ, ਜੋ ਉਸ ਵੇਲੇ ਉਹਨੂੰ ਰਹਿਣ ਲਈ ਖਰਚ ਆਦਿ ਦੇ ਸਕਦਾ ਸੀ

ਮੈਂ ਇਸੇ ਧਾਰਨਾਂ ਦੇ ਅਨੁਕੂਲ ਸੋਚਦਾ ਇਸ ਸਿੱਟੇ ਤੇ ਅਪੜਿਆ ਕਿ ਇਹ ਸਰ ਪਰਸੀਵਲ ਦੇ ਭਲੇ ਲਈ ਸੀ, ਕਿ ਉਹ ਵੈਲਮਿੰਗਮ ਹੀ ਰਵ੍ਹੇ। ਕਿਉਂ ਜੋ ਮਿਸਜ਼ ਕੈਥੇਰਿਕ ਨੂੰ ਉਹਦੇ ਭੇਤ ਜਾਂ ਦਾ ਪਤਾ ਸੀ; ਇਸ ਲਈ ਉਹ ਇਹ ਹੀ ਚਾਹੁੰਦਾ ਸੀ, ਕਿ ਉਹ ਵੈਲਮਿੰਗਮ ਰਹੇ। ਜਿਥੇ ਉਹਦੀ ਕੋਈ ਨਿਘੀ ਸਹੇਲੀ ਨਹੀਂ ਸੀ; ਅਤੇ ਜਿਥੇ ਉਹ ਖੁੱਲ ਕੇ ਕਿਸੇ ਨਾਲ ਗੱਲ ਨਹੀਂ ਸੀ ਕਰ ਸਕਦੀ। ਸਾਰੇ ਆਢੀ-ਗੁਵਾਂਢੀ ਉਹਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਦੇ ਸਨ, ਇਸ ਲਈ ਉਹਦਾ  ਕਿਧਰੇ ਆਣ-ਜਾਣ ਵੀ ਨਹੀਂ ਸੀ। ਉਹਦਾ ਭੇਤ ਛੁਪੇ ਰਹਿਣ ਦੀ ਇਸ ਤਰ੍ਹਾਂ ਬਹੁਤੀ ਸੰਭਾਵਨਾ ਸੀ। ਪਰ ਉਹ ਭੇਤ ਕੀ ਸੀ? ਉਹਦਾ ਅਤੇ ਮਿਸਜ਼ ਕੈਥੇਰਿਕ ਦਾ ਕੋਈ ਆਪਸ ਵਿਚ ਅਜੇਹਾ ਸੰਬੰਧ ਜਿਸ ਕਾਰਣ ਉਨ੍ਹਾਂ ਦੀ ਬਦਨਾਮੀ ਹੋਈ ਸੀ-? ਉਹ ਗੱਲ ਤੇ ਵੈਲਮਿੰਗਮ ਵਿਚ ਸਭ ਜਾਣਦੇ ਸਨ ਸੋ ਸਰ ਪਰਸੀਵਲ ਦਾ ਭੇਤ ਇਹ ਨਹੀਂ ਸੀ ਹੋ ਸਕਦਾ। ਕੀ ਉਹ ਇਹ ਗੱਲ ਛਪਾਉਣਾ ਚਾਹੁੰਦਾ ਸੀ, ਕਿ ਉਹ ਏਨ ਦਾ ਪਿਤਾ ਸੀ? ਇਹ ਸ਼ੱਕ ਤੇ ਵੈਲਮਿੰਗਮ ਵਾਸੀਆਂ ਦੇ ਦਿਲ ਵਿਚ ਹੋਣਾ ਜਰੂਰੀ ਸੀ; ਸੋ ਇਹ ਵੀ ਗੱਲ ਨਹੀਂ ਸੀ ਹੋ ਸਕਦੀ। ਜੇ ਮੈਂ ਵੀ ਸਭ ਲੋਕਾਂ ਵਾਂਗ ਇਸ ਸਾਰੀ ਘਟਨਾ ਨੂੰ ਘੋਖੇ-ਪਰਖੇ ਬਿਨਾਂ ਹੀ ਇਹ ਮੰਨ ਲਵਾਂ; ਕਿ ਮਿਸਜ਼ ਕੈਥੇਰਿਕ ਗੁਨਾਹਗਾਰ ਸੀ, ਅਤੇ ਮੈਂ ਵੀ ਉਨ੍ਹਾਂ ਲੋਕਾਂ ਵਾਂਗ ਉਹੀ ਨਤੀਜਾ ਕੱਢਾਂ, ਤਾਂ ਉਸ ਭੇਤ ਦਾ ਕੀ ਬਣਿਆ, ਜੋ ਉਦੋਂ ਤੋਂ ਲੈ ਕੇ ਮਿਸਜ਼ ਕੈਥੇਰਿਕ ਨੇ ਹੁਣ ਤੀਕ ਸਾਂਭੀ ਰਖਿਆ ਸੀ?

ਪਰ ਉਨ੍ਹਾਂ ਚੋਰੀ-ਚੋਰੀ ਦੀਆਂ ਮੁਲਾਕਾਤਾਂ ਵਿਚ ਅਤੇ ਸਰ ਪਰਸੀਵਲ ਅਤੇ ਕਲਰਕ ਕੈਥੇਰਿਕ ਦੀ ਪਤਨੀ ਵਿਚਕਾਰ ਉਸ ਘੁਸਰ-ਮੁਸਰ ਵਿਚ ਕੋਈ ਨਾ ਕੋਈ ਭੇਤ ਅਵੱਸ਼ ਸੀ ! ਇਸ ਵਿਚ ਹੁਣ ਕੋਈ ਸ਼ੱਕ ਨਹੀਂ ਸੀ।

ਕੀ ਇਹ ਸੰਭਵ ਸੀ, ਕਿ ਇਹ ਸਾਰਾ ਸਮਾਂ ਲੋਕ ਹੋਰ ਪਾਸੇ ਸ਼ੱਕ ਕਰਦੇ ਰਹੇ ਸਨ - ਤੇ ਗੱਲ ਅਸਲ ਵਿਚ ਕੋਈ ਹੋਰ ਹੀ ਸੀ? ਕੀ ਮਿਸਜ਼ ਕੈਥੇਰਿਕ ਦਾ ਇਹ ਕਹਿਣਾ ਕਿ ਉਹ ਕਿਸੇ ਗ਼ਲਤਫ਼ਹਿਮੀ ਦਾ ਸ਼ਿਕਾਰ ਸੀ ਕੁਝ ਹੱਦ ਤਕ ਠੀਕ ਸੀ-? ਜਾਂ ਜੇ ਇਹ ਗੱਲ ਵੀ ਝੂਠ ਮੰਨ ਲਈ ਜਾਏ ਤਾਂ ਸਰ ਪਰਸੀਵਲ ਅਤੇ ਉਹਦੇ ਵਿਚਕਾਰ ਕਿਹੜੀ ਹੋਰ ਕੋਈ ਗੱਲ ਸੀ। ਸਰ ਪਰਸੀਵਲ ਜਾਣ ਬੁਝ ਕੇ ਲੋਕਾਂ ਦੇ ਗਲਤ ਸ਼ੱਕ ਨੂੰ ਹੀ ਪਾਣੀ ਦੇਂਦਾ ਰਿਹਾ ਸੀ ਤਾਂ ਜੋ ਅਸਲੀ ਭੇਤ ਕੋਈ ਨਾਂ ਜਾਣ ਸਕੇ ! ਹਾਂ, ਜ਼ਰੂਰ ਇਹੀ ਗੱਲ ਹੋਵੇਗੀ ਤੇ ਇਸ ਆਮ ਜੇਹੀ

ਕਹਾਣੀ ਦੇ ਅੰਦਰ ਹੀ ਉਹ ਭੇਤ ਲੁਕਿਆ ਹੋਇਆ ਸੀ, ਜਿਸ ਨੂੰ ਸਰ ਪਰਸੀਵਲ ਛੁਪਾਉਣਾ ਚਾਹੁੰਦਾ ਸੀ।

ਮੇਰਾ ਇਸ ਤੋਂ ਅਗਲਾ ਪ੍ਰਸ਼ਨ ਜੋ ਸੀ, ਉਸ ਨਾਲ ਮੈਂ ਇਹ ਪਤਾ ਕਰਨਾ ਚਾਹੁੰਦਾ ਸਾਂ ਕਿ ਮਿਸਟਰ ਕੈਥੇਰਿਕ ਨੂੰ ਆਪਣੀ ਪਤਨੀ ਦੇ ਚਾਲ ਚਲਨ ਬਾਰੇ ਜੋ ਪਤਾ ਲਗਾ ਸੀ, ਕੀ ਉਹ ਸੱਚੀ ਗੱਲ ਸੀ-ਇਸ ਗੱਲ ਤੇ ਮਿਸਜ਼ ਕਲੀਮੈਂਟਸ ਨੂੰ ਕੋਈ ਸ਼ੱਕ ਨਹੀਂ ਸੀ। ਵਿਆਹ ਤੋਂ ਪਹਿਲਾਂ ਹੀ ਉਹ ਗਰਭਵਤੀ ਸੀ, ਅਤੇ ਆਪਣੀ ਇੱਜ਼ਤ ਬਚਾਉਣ ਲਈ ਉਹਨੇ ਕੈਥੇਰਿਕ ਨਾਲ ਵਿਆਹ ਕਰ ਲਿਆ ਸੀ। ਕਿਉਂਕਿ ਵਕਤ ਦਾ ਹਿਸਾਬ ਲਾਇਆ ਵੀ ਇਹ ਗੱਲ ਸੋਲਾਂ ਆਨੇ ਸੱਚ ਸੀ, ਕਿ ਉਹ ਬੱਚੀ ਜਿਸਨੂੰ ਮਿਸਜ਼ ਕੈਥਰਿਕ ਨੇ ਜਨਮ ਦਿਤਾ ਸੀ -ਉਹਦੇ ਪਤੀ ਦੀ ਔਲਾਦ ਨਹੀਂ ਸੀ। ਉਹਦਾ ਪਿਤਾ ਕੋਈ ਹੋਰ ਹੀ ਸੀ।

ਅਗਲੀ ਮੁਸ਼ਕਲ ਜੋ ਸੀ, ਉਹ ਏਨੀ ਜਲਦੀ ਸੁਲਝਣ ਵਾਲੀ ਨਹੀਂ ਸੀ। ਕੀ ਸਰ ਪਰਸੀਵਲ ਏਨ ਦਾ ਪਿਤਾ ਸੀ-? ਇਹ ਹੋ ਵੀ ਸਕਦਾ ਸੀ, ਅਤੇ ਨਹੀਂ ਵੀ -। ਕੌਣ ਇਸ ਗੱਲ ਦਾ ਅਨੁਮਾਨ ਲਾ ਸਕਦਾ ਸੀ। ਏਨ ਦੀ ਸ਼ਕਲ ਸਰ ਪਰਸੀਵਲ ਨਾਲ ਮਿਲਦੀ ਸੀ ਜਾਂ ਨਹੀਂ ਬਸ ਇਸ ਤੋਂ ਹੀ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਸੀ। ਅਖ਼ੀਰ ਮੈਂ ਪੁੱਛਿਆ

“ਤੁਸੀਂ ਤਾਂ ਆਪਣੇ ਪਿੰਡ ਵਿਚ ਸਰ ਪਰਸੀਵਲ ਨੂੰ ਕਈ ਵਾਰ ਵੇਖਿਆ ਹੋਵੇਗਾ?"

"ਬਹੁਤ ਵਾਰ" ਮਿਸਜ਼ ਕੈਲੀਮੈਂਟਸ ਨੇ ਉੱਤਰ ਦਿਤਾ।"

"ਕੀ ਤੁਹਾਡੇ ਵਿਚਾਰ ਵਿਚ ਏਨ ਦੀ ਸ਼ਕਲ ਉਹਦੇ ਨਾਲ ਮਿਲਦੀ ਸੀ?"

"ਬਿਲਕੁਲ ਨਹੀਂ।"

“ ਉਹਦੀ ਸ਼ਕਲ ਮਾਂ ਨਾਲ ਵੀ ਨਹੀਂ ਸੀ ਮਿਲਦੀ।

"ਮਿਸਜ਼ ਕੈਥੇਰਿਕ ਦਾ ਰੰਗ ਕਾਲਾ ਸੀ, ਅਤੇ ਉਹਦਾ ਚਿਹਰਾ ਵੀ ਭਾਰਾ ਸੀ।"

ਉਹ ਨਾਂ ਮਾਂ ਨਾਲ ਮਿਲਦੀ ਸੀ, ਅਤੇ ਨਾਂ ਹੀ ਉਸ ਆਦਮੀ ਨਾਲ ਉਹਦੀ ਸ਼ਕਲ ਰਤਾ ਵੀ ਮਿਲਦੀ; ਜਿਸਨੂੰ ਲੋਕ ਉਸਦਾ ਪਿਤਾ ਸਮਝਦੇ ਸਨ। ਇਹ ਜ਼ਰੂਰੀ ਨਹੀਂ ਕਿ ਬੱਚਿਆ ਦੀ ਸ਼ਕਲ ਆਪਣੇ ਮਾਂ ਪਿਓ ਨਾਲ ਹੀ ਮਿਲੇ, ਪਰ ਫਿਰ ਵੀ ਇਹ ਗੱਲ ਸੁੱਟ ਪਾਣ ਵਾਲੀ ਨਹੀਂ ਸੀ। ਸ਼ਾਇਦ ਮਿਸਜ਼ ਕੈਥੇਰਿਕ ਅਤੇ ਸਰ ਪਰਸੀਵਲ ਦੀ ਹੋਰ ਪਹਿਲੇ ਦੀ ਜ਼ਿੰਦਗੀ ਤੋਂ ਕੁਝ ਜਾਣਕਾਰੀ ਮਿਲ ਸਕਦੀ ਹੋਵੇ? ਪੁਰਾਣੇ ਵੈਲਮਿੰਗਮ ਵਿਚ ਆਉਣ ਤੋਂ

ਪਹਿਲਾਂ ਉਹ ਕਿਥੇ-ਕਿਥੇ ਰਹੇ ਤੇ ਕਦੋਂ ਆਪਸ ਵਿਚ ਮਿਲੇ। ਸੋ ਮੈਂ' ਪ੍ਰਸ਼ਨ ਇਸੇ ਗੱਲ ਨੂੰ ਮੁੱਖ ਰਖ ਕੇ ਹੀ ਪੁੱਛਿਆ-

"ਜਦੋਂ ਪਹਿਲਾਂ-ਪਹਿਲ ਸਰ ਪਰਸੀਵਲ ਤੁਹਾਡੇ ਪਿੰਡ ਦੇ ਨੇੜੇ ਆ ਕੇ ਠਹਿਰਿਆਂ, ਤਾਂ ਉਹ ਕਿਥੋਂ ਆਇਆ ਸੀ? ਕੀ ਇਸ ਬਾਰੇ ਉਨ੍ਹਾਂ ਦਿਨਾਂ ਵਿਚ ਕੋਈ ਗੱਲ ਤੁਸੀਂ ਸੁਣੀ ਸੀ?"

"ਮੈਨੂੰ ਪੱਕਾ ਪਤਾ ਨਹੀਂ - ਕਈ ਲੋਕ ਕਹਿੰਦੇ ਹਨ ਕਿ ਉਹ ਬਲੈਕਵਾਟਰ ਪਾਰਕ ਤੋਂ ਆਇਆ ਸੀ ਅਤੇ ਕਈਆਂ ਦਾ ਖ਼ਿਆਲ ਸੀ। ਪਰ ਕਿਸੇ ਨੂੰ ਪੱਕਾ ਪਤਾ ਨਹੀਂ ਸੀ?'

"ਅਤੇ ਕੀ ਮਿਸਜ਼ ਕੈਥੇਰਿਕ ਆਪਣੇ ਵਿਆਹ ਤਕ ਵਾਰਨੈਕ ਹਾਲ ਵਿਚ ਨੌਕਰੀ ਕਰਦੀ ਰਹੀ ਸੀ?"

"ਹਾਂ ਜੀ?"

"ਕੀ ਉਹਨੇ ਉਥੇ ਕਾਫ਼ੀ ਚਿਰ ਨੌਕਰੀ ਕੀਤੀ ਸੀ?"

"ਤਿੰਨ ਜਾਂ ਚਾਰ ਸਾਲ -ਮੈਨੂੰ ਪੱਕਾ ਪਤਾ ਨਹੀਂ?"

"ਉਨ੍ਹਾਂ ਦਿਨਾਂ ਵਿਚ ਵਾਰਨੈਕ ਹਾਲ ਦਾ ਕੌਣ ਮਾਲਿਕ ਸੀ?"

"ਉਹਦਾ ਨਾਂ ਮੇਜਰ ਡਾਨਥੋਰਨ ਸੀ

"ਕੀ ਕਦੀ ਮਿਸਟਰ ਕੈਥੇਰਿਕ ਜਾਂ ਹਰ ਕਿਸੇ ਨੇ ਜਿਸ ਨੂੰ ਤੁਸੀਂ ਜਾਣਦੇ ਹੋਵੋ, ਇਹ ਸੁਣਿਆ ਸੀ ਕਿ ਸਰ ਪਰਸੀਵਲ ਮੇਜਰ ਡਾਨਥੋਰਨ ਦਾ ਮਿੱਤਰ ਸੀ ਜਾਂ ਉਹਨੂੰ ਕਿਸੇ ਨੇ ਵਾਰਨੈਕ ਹਾਲ ਵਿਚ ਆਉਂਦਿਆਂ ਜਾਂਦਿਆਂ ਕਦੀ ਵੇਖਿਆ ਸੀ?"

"ਕੈਥੇਰਿਕ ਨੇ ਤਾਂ ਕਦੀ ਨਹੀਂ ਕਿਹਾ ਸੀ ਅਤੇ ਨਾਂ ਹੀ ਹੋਰ ਸਾਡੇ ਕਿਸੇ ਵਾਕਿਫ਼ ਨੇ ਇਹ ਗੱਲ ਕਦੀ ਕੀਤੀ ਸੀ।'

ਮੈਂ ਮੇਜਰ ਡਾਨਥੋਰਨ ਦਾ ਨਾਂ ਪਤਾ ਨੋਟ ਕਰ ਲਿਆ ਇਸ ਖ਼ਿਆਲ ਨਾਲ ਕਿ ਜੇ ਉਹ ਜੀਉਂਦਾ ਹੋਇਆ, ਤਾਂ ਸ਼ਾਇਦ ਉਹਦੇ ਕੋਲੋਂ ਪੁੱਛ-ਗਿੱਛ ਕਰਨ ਦੀ ਲੋੜ ਪੈ ਜਾਏ। ਹੁਣ ਤਕ ਮੈਨੂੰ ਇਹ ਯਕੀਨ ਹੋ ਗਿਆ ਸੀ, ਕਿ ਸਰ ਪਰਸੀਵਲ ਏਨ ਦਾ ਪਿਤਾ ਹਰਗਿਜ਼ ਨਹੀਂ ਸੀ

ਅਤੇ ਉਹਦਾ ਮਿਸਜ਼ ਕੈਥੇਰਿਕ ਨੂੰ ਛੁਪ-ਛੁਪ ਕੇ ਮਿਲਣ ਵਿਚ ਕੋਈ ਹੋਰ ਹੀ ਭੇਤ ਸੀ। ਉਹ ਗੱਲ ਨਹੀਂ ਸੀ ਜਿਸ ਪਿਛੇ-ਉਸ ਔਰਤ ਨੇ ਆਪਣੇ ਪਤੀ ਦੀ ਏਨੀ ਬਦਨਾਮੀ ਕਰਵਾਈ ਸੀ। ਮੈਂ ਮਿਸਜ਼ ਕੈਲੀਮੈਂਟਸ ਕੋਲੋਂ ਇਸ ਬਾਰੇ ਹੋਰ ਕੁਝ ਨਹੀਂ ਸਾਂ ਪੁੱਛ ਸਕਦਾ। ਮੈਂ ਹੁਣ ਏਨ ਬਾਰੇ ਗੱਲਾਂ ਕਰਨ ਦਾ ਹੀ ਸੋਚਿਆ। ਸ਼ਾਇਦ ਇਸੇ ਤਰ੍ਹਾਂ ਹੀ ਕਈ ਹੋਰ ਸਹ ਨਿਕਲ ਆਏ। ਸੋ ਮੈਂ ਕਿਹਾ-

"ਉਹ ਬੱਚੀ, ਜਿਸ ਨੂੰ ਮਿਸਜ਼ ਕੈਥੇਰਿਕ ਨੇ ਏਨੀ ਬਦਨਾਮੀ ਭਰੇ ਵਾਤਾਵਰਣ ਵਿਚ ਜਨਮ ਦਿਤਾ, ਤੁਹਾਡੇ ਹਵਾਲੇ ਕਿਸ ਨੇ ਕੀਤੀ-

"ਉਸ ਬੱਚੀ ਨੂੰ ਕੋਈ ਸਾਂਭਣ ਵਾਲਾ ਨਹੀਂ ਸੀ। ਮਾਂ ਆਪਣੀ ਬੱਚੀ ਨੂੰ ਏਨੀ ਘਿਰਣਾ ਕਰਦੀ ਸੀ; ਜਿਵੇਂ ਉਸਦਾ ਹੀ ਸਾਰਾ ਦੋਸ਼ ਹੋਵੇ। ਉਹ ਉਹਨੂੰ ਪਹਿਲੇ ਦਿਨ ਤੋਂ ਹੀ ਨਹੀਂ ਸੀ ਵੇਖ ਸਕਦੀ। ਸੋ ਮੈਂ ਉਹਦੀ ਮਿੰਨਤ ਕੀਤੀ, ਕਿ ਮੈਂ ਹੀ ਉਸ ਬੱਚੀ ਦੀ ਪਾਲਨਾ ਕਰਾਂਗੀ ! "

"ਕੀ ਏਨ ਉਦੋਂ ਦੀ ਹੀ ਤੁਹਾਡੇ ਕੋਲ ਸੀ? "

"ਸਾਰਾ ਵਕਤ ਤਾਂ ਉਹ ਮੇਰੇ ਕੋਲ ਨਹੀਂ ਰਹੀ, ਮਿਸਜ਼ ਕੈਥੇਰਿਕ ਕਦੀ ਤੋਲਾ ਹੋ ਜਾਂਦੀ ਸੀ ਕਦੀ ਮਾਸਾ, ਕਦੀ ਮੇਰੇ ਕੋਲੋਂ ਏਨ ਨੂੰ ਇਹ ਕਹਿ ਕੇ ਲੈ ਜਾਂਦੀ ਕਿ ਉਹਦੀ ਬੱਚੀ ਸੀ। ਉਹ ਮੈਨੂੰ ਤੰਗ ਕਰਨਾ ਚਾਹੁੰਦੀ ਸੀ। ਪਰ ਉਹਦਾ ਇਹ ਮੂਡ ਥੋੜਾ ਹੀ ਚਿਰ ਰਹਿੰਦਾ; ਉਹ ਆਪੇ ਹੀ ਏਨ ਨੂੰ ਮੇਰੇ ਕੋਲ ਭੇਜ ਦੇਂਦੀ ਅਤੇ ਏਨ ਵੀ ਮੇਰੇ ਕੋਲ ਆ ਕੇ ਖੁਸ਼ ਹੀ ਹੁੰਦੀ। ਭਾਵੇਂ ਮੇਰੇ ਘਰ ਉਹਦੀ ਕੋਈ ਸਹੇਲੀ ਨਹੀਂ ਸੀ; ਜਿਸ ਨਾਲ ਉਹ ਹੱਸਦੀ ਖੇਡਦੀ। ਸਭ ਤੋਂ ਲੰਮਾ ਵਿਛੋੜਾ ਉਦੋਂ ਹੋਇਆ, ਜਦੋਂ ਉਹਦੀ ਮਾਂ ਉਹਨੂੰ ਲਿਮਰਿਜ ਲੈ ਗਈ। ਉਦੋਂ ਹੀ ਮੇਰੇ ਪਤੀ ਦੀ ਮੌਤ ਹੋ ਗਈ। ਮੈਂ ਸੋਚਿਆ ਕਿ ਇਹ ਠੀਕ ਹੀ ਹੈ, ਕਿ ਉਨ੍ਹਾਂ ਸੋਗ ਦੇ ਗ਼ਮਭਰੇ ਉਦਾਸ ਦਿਨਾਂ ਵਿਦ ਏਨ ਮੇਰੇ ਕੋਲ ਨਹੀਂ ਸੀ। ਉਦੋਂ ਏਨ ਦੀ ਉਮਰ ਕੋਈ ਦਸ ਜਾਂ ਬਾਰਾਂ ਸਾਲ ਦੀ ਹੋਵੇਗੀ। ਉਹ ਹੋਰ ਬੱਚਿਆਂ ਵਾਂਗ ਖੁਸ਼ ਨਹੀਂ ਸੀ ਰਹਿੰਦੀ; ਅਤੇ ਪੜ੍ਹਾਈ ਵਿਚ ਵੀ ਬਹੁਤੀ ਤੇਜ਼ ਨਹੀਂ ਸੀ। ਪਰ ਉਹ ਬੜੀ ਸੁਹਣੀ ਹੁੰਦੀ ਸੀ। ਮੈਂ ਉਹਨੂੰ ਪਿੰਡ ਉਡੀਕਦੀ ਰਹੀ। ਜਦੋਂ ਉਹਦੀ ਮਾਂ ਉਹਨੂੰ ਵਾਪਸ ਲਿਆਈ; ਤਾਂ ਮੈਂ ਉਹਨੂੰ ਲੰਦਨ ਲੈ ਜਾਣ ਦੀ ਗੱਲ ਤੋਰੀ, ਕਿਉਂਕਿ ਹੁਣ ਮੇਰਾ ਇਕੱਲੀ ਦਾ ਉਥੇ ਰਹਿਣ ਨੂੰ ਦਿਲ ਨਹੀਂ ਸੀ ਕਰਦਾ। ਉਹੀ ਪਿੰਡ ਤੇ ਉਹੀ ਘਰ ਹੁਣ ਖਾਣ ਨੂੰ ਦੌੜਦਾ ਸੀ।"

"ਕੀ ਮਿਸਜ਼ ਕੈਥਰਿਕ ਤੁਹਾਡੀ ਗੱਲ ਮੰਨ ਗਈ?"

"ਉਹ ਨਹੀਂ ਸੀ ਮੰਨਦੀ। ਉਹ ਕੰਬਰਲੈਂਡ ਤੋਂ ਹੋਰ ਵੀ ਪੱਥਰ ਦਿਲ ਹੋ ਕੇ ਮੁੜੀ ਸੀ। ਲੋਕ ਉਦੋਂ ਵੀ ਗੱਲਾਂ ਕਰਦੇ ਸਨ, ਕਿ ਪਹਿਲਾਂ ਤਾਂ ਉਹਨੂੰ ਸਰ ਪਰਸੀਵਲ ਦੀ ਇਜਾਜ਼ਤ ਲੈਣੀ ਨੇ ਪਈ ਸੀ ਤਾਂ ਜੋ ਜਾਕੇ ਆਪਣੀ ਬੀਮਾਰ ਭੈਣ ਦੀ ਸੇਵਾ ਕਰ ਸਕੇ। ਉਹਨੂੰ ਇਹ ਖ਼ਿਆਲ ਸੀ ਕਿ ਉਸਦੀ ਭੈਣ ਕੋਲ ਕੁਝ ਪੈਸਾ ਸੀ;--ਜੋ ਸ਼ਾਇਦ ਉਹਨੂੰ ਦੇ ਜਾਏਗੀ। ਪਰ ਜਦੋਂ ਉਹਦੀ ਭੈਣ ਮਰੀ ਤਾਂ ਉਹਦੇ ਕੋਲੋਂ ਕਫ਼ਨ ਜੋਗੇ ਵੀ ਪੈਸੇ ਨਾਂ ਨਿਕਲੇ। ਹੋ ਸਕਦਾ ਸੀ ਕਿ ਉਹ ਇਨ੍ਹਾਂ ਸਭ ਗੱਲਾਂ ਨਾਲ ਸਤੀ ਹੋਈ ਸੀ, ਪਰ ਜੋ ਵੀ ਕਾਰਨ ਸਨ ਉਹ ਇਹ ਗੱਲ ਹੀ ਨਹੀਂ ਸੀ ਸੁਣਨ ਚਾਹੁੰਦੀ; ਕਿ ਮੈਂ ਏਨ ਨੂੰ ਲੰਦਨ ਲੈ ਜਾਵਾਂ। ਉਹਨੂੰ ਸਾਨੂੰ ਦੋਹਾਂ ਨੂੰ ਵੱਖ ਕਰਕੇ ਇਹ ਤਸੱਲੀ ਜੇਹੀ ਹੁੰਦੀ ਸੀ। ਮੈਂ ਤੁਰਦੀ ਵਾਰੀ ਏਨ ਨੂੰ ਆਪਣਾ ਪਤਾ ਦੇ ਕੇ, ਉਹਦੀ ਮਾਂ ਕੋਲੋਂ ਚੋਰੀ ਇਹ ਕਹਿ ਕੇ ਆਈ, ਕਿ ਜਦੋਂ ਕਦੀ ਉਹ ਤਕਲੀਫ ਵਿਚ ਹੋਵੇ, ਉਹ ਮੇਰੇ ਕੋਲ ਪਹੁੰਚ ਜਾਵੇ। ਬੜੇ ਸਾਲਾਂ ਮਗਰੋਂ ਉਹ ਉਸ ਰਾਤ ਮੇਰੇ ਕੋਲ ਪੁੱਜੀ, ਜਦ ਉਹ ਪਾਗਲਖਾਨੇ ਵਿਚੋਂ ਨਸ ਕੇ ਆਈ ਸੀ।"

"ਕੀ ਤੁਹਾਨੂੰ ਕੁਝ ਇਸ ਗੱਲ ਦਾ ਪਤਾ ਹੈ ਕਿ ਸਰ ਪਰਸੀਵਲ ਨੇ ਏਨ ਨੂੰ ਪਾਗਲਖਾਨੇ ਵਿਚ ਕਿਉਂ ਭੇਜ ਦਿਤਾ ਸੀ?"

"ਮੈਨੂੰ ਤਾਂ ਉਹੀ ਕੁਝ ਪਤਾ ਹੈ, ਜੋ ਏਨ ਨੇ ਮੈਨੂੰ ਦਸਿਆ ਹੈ। ਉਹ ਵਿਚਾਰੀ ਹਰ ਸਮੇਂ ਝੁਰਦੀ ਰਹਿੰਦੀ; ਉਹਨੇ ਮੈਨੂੰ ਇਹੀ ਦਸਿਆ ਸੀ ਕਿ ਉਹਦੀ ਮਾਂ ਕੋਲ ਸਰ ਪਰਸੀਵਲ ਦਾ ਇਕ ਭੇਤ ਸੀ। ਮੇਰੇ ਹੈਂਪਸ਼ਾਇਰ ਛੱਡ ਕੇ ਆਉਣ ਦੇ ਕਈ ਸਾਲ ਮਗਰੋਂ ਉਹਦੀ ਮਾਂ ਨੇ ਇਹ ਭੇਤ ਉਹਨੂੰ ਦੱਸ ਦਿਤਾ ਸੀ। ਜਦੋਂ ਸਰ ਪਰਸੀਵਲ ਨੂੰ ਇਸ ਗੱਲ ਦਾ ਪਤਾ ਲੱਗਾ; ਤਾਂ ਉਹਨੇ ਏਨ ਨੂੰ ਪਾਗਲਖਾਨੇ ਵਿਚ ਬੰਦ ਕਰਵਾ ਦਿਤਾ, ਪਰ ਏਨ ਨੇ ਮੈਨੂੰ ਕਦੀ ਨਹੀਂ ਦਸਿਆ ਕਿ ਉਹ ਕੀ ਭੇਤ ਸੀ, ਅਤੇ ਮੇਰਾ ਆਪਣਾ ਖਿਆਲ ਹੈ ਕਿ ਉਹਨੂੰ ਇਸ ਭੇਤ ਬਾਰੇ ਕੱਖ ਵੀ ਨਹੀਂ ਸੀ ਪਤਾ ਨਹੀਂ ਤੇ ਉਹ ਮੈਨੂੰ ਤੇ ਜ਼ਰੂਰ ਦੱਸਦੀ। ਉਹਨੇ ਮੈਨੂੰ ਇਹੀ ਕਿਹਾ ਸੀ; ਕਿ ਜੇ ਉਹਦੀ ਮਾਂ ਚਾਹੇ, ਤਾਂ ਉਹ ਸਰ ਪਰਸੀਵਲ ਨੂੰ ਬਰਬਾਦ ਕਰ ਸਕਦੀ ਸੀ। ਮੈਨੂੰ ਤਾਂ ਵਿਸ਼ਵਾਸ ਹੈ; ਕਿ ਮਿਸਜ਼ ਕੈਥੇਰਿਕ ਨੇ ਇੰਨੀ ਹੀ ਗੱਲ ਕਿਧਰੇ ਉਹਦੇ ਸਾਹਮਣੇ ਕੀਤੀ ਹੋਵੇਗੀ, ਜਿਹੜੀ ਉਹਨੇ

ਪੱਲੇ ਨਾਲ ਬੰਨ ਲਈ; ਅਤੇ ਉਹ ਹੌਲੀ-ਹੌਲੀ ਇਹੀ ਸਮਝਣ ਲੱਗ ਪਈ, ਕਿ ਉਹ ਵੀ ਇਸ ਭੇਤ ਨੂੰ ਜਾਣਦੀ ਹੈ। ਉਹ ਅਸਲ ਵਿਚ ਕੁਝ ਵੀ ਨਹੀਂ ਸੀ ਜਾਣਦੀ।

ਮੈਨੂੰ ਵੀ ਇਹ ਫੁਰਨਾ ਕਈ ਵਾਰ ਫੁਰਿਆ ਸੀ। ਮੈਂ ਮੇਰੀਅਨ ਅੱਗੇ ਆਪਣਾ ਇਹ ਸ਼ੱਕ ਪ੍ਰਗਟ ਵੀ ਕੀਤਾ ਸੀ। ਉਨ੍ਹਾਂ ਦਾ ਇਹ ਖਿਆਲ ਸੀ ਕਿ ਏਨ ਬੋਟ-ਹਾਊਸ ਵਿਚ ਲਾਰਾ ਨੂੰ ਕੁਝ ਨਾ ਕੁਝ ਦੱਸਣ ਲੱਗੀ ਸੀ; ਜਦੋਂ ਕਾਂਊਟ ਫ਼ੋਸਕੋ ਨੂੰ ਵੇਖ ਕੇ ਉਹ ਘਬਰਾ ਕੇ ਚਲੀ ਗਈ ਸੀ। ਪਰ ਮੇਰੀ ਰਾਇ ਵਿਚ ਏਨ ਨੂੰ ਆਪ ਉਸ ਭੇਤ ਦਾ ਕੁਝ ਪਤਾ ਨਹੀਂ ਸੀ, ਉਹਦੀ ਮਾਨਸਿਕ ਸਥਿਤੀ ਹੀ ਅਜੇਹੀ ਸੀ, ਕਿ ਉਹ ਸ਼ੱਕ ਕਰਦੀ-ਕਰਦੀ ਅਖੀਰ ਵਿਚ ਇਹੀ ਵਿਸ਼ਵਾਸ ਕਰਨ ਲੱਗ ਪਈ, ਕਿ ਉਹ ਸਾਰੀ ਗੱਲ ਜਾਣਦੀ ਸੀ। ਸਰ ਪਰਸੀਵਲ ਨੂੰ ਤਾਂ ਉਂਜ ਵੀ ਕਿਸੇ ਉਤੇ ਯਕੀਨ ਨਹੀਂ ਸੀ, ਉਹ ਇਹੀ ਸਮਝਦਾ ਰਿਹਾ ਕਿ ਉਹਨੂੰ ਆਪਣੀ ਮਾਂ ਕੋਲੋਂ ਸਭ ਕੁਝ ਪਤਾ ਲਗ ਗਿਆ ਸੀ, ਜਿਵੇਂ ਪਿਛੇ ਉਹਨੂੰ ਇਹ ਵਹਿਮ ਹੋ ਗਿਆ ਸੀ ਕਿ ਲਾਰਾ ਏਨ ਕੋਲੋਂ ਸਭ ਕੁਝ ਜਾਣ ਗਈ ਸੀ। ਵਕਤ ਬੀਤਦਾ ਜਾ ਰਿਹਾ ਸੀ; ਹੁਣ ਦੁਪਹਿਰ ਹੋਣ ਲੱਗੀ ਸੀ। ਮੈਂ ਮਿਸਜ਼ ਕੈਲੀਮੈਂਟਸ ਕੋਲ ਉਹਦੇ ਪਹਿਲੇ ਜੀਵਨ ਬਾਰੇ ਉਹ ਗੱਲਾਂ ਸੁਣੀਆਂ ਸਨ; ਜਿਨ੍ਹਾਂ ਨਾਲ ਮੈਨੂੰ ਇਸ ਮਾਮਲੇ ਦੀ ਛਾਣਬੀਣ ਕਰਨ ਵਿਚ ਬੜੀ ਸਹਾਇਤਾ ਮਿਲਦੀ ਸੀ। ਹੁਣ ਹੋਰ ਕੋਈ ਅਜਿਹੀ ਗੱਲ ਨਹੀਂ ਸੀ ਰਹਿ ਗਈ ਜੋ ਉਹ ਮੈਨੂੰ ਦਸ ਸਕਦੀ ਸੀ। ਸੋ ਮੈਂ ਮਿਸਜ਼ ਕੈਲੀਮੈਂਟਸ ਦਾ ਬਹੁਤ ਬਹੁਤ ਧੰਨਵਾਦ ਕਰਦਾ ਹੋਇਆ ਉਠਿਆ। ਉਹਨੇ ਮੇਰੀ ਬੜੀ ਸਹਾਇਤਾ ਕੀਤੀ ਸੀ, ਸੋ ਮੈ ਇਹ ਕਹਿਣੋ ਨਾ ਰਹਿ ਸਕਿਆ

"ਤੁਸੀਂ" ਕਹਿੰਦੇ ਤਾਂ ਹੋਵੇਗੇ ਕਿ ਮੈਂ ਬੜਾ ਹੀ ਘੋਖੀ ਹਾਂ, ਮੈਂ ਤੁਹਾਨੂੰ ਕਿੰਨੇ ਹੀ ਪ੍ਰਸ਼ਨ ਪੁਛੇ ਹਨ ! ਕੋਈ ਹੋਰ ਹੁੰਦਾ ਤਾਂ ਮੈਨੂੰ ਸ਼ਾਇਦ ਕੋਈ ਉੱਤਰ ਨਾਂ ਦੇਂਦਾ।"

"ਤੁਸੀਂ ਜੋ ਮਰਜ਼ੀ ਹੋਰ ਪੁੱਛ, ਮੈਨੂੰ ਜੋ ਪਤਾ ਹੈ, ਉਹ ਮੈਂ ਦਸ ਸਕਦੀ ਹਾਂ।" ਇੰਨੀ ਗੱਲ ਕਹਿ ਕੇ ਉਹ ਚੁੱਪ ਹੋ ਗਈ ਅਤੇ ਉਦਾਸ ਨਜ਼ਰਾਂ ਨਾਲ ਮੇਰੇ ਵੱਲ ਵੇਖਦੀ ਹੋਈ ਬੋਲੀ, "ਕਾਸ਼ ! ਤੁਸੀਂ ਮੈਨੂੰ ਏਨ ਦੀ ਖਬਰ ਵੀ ਦੇ ਸਕਦੇ। ਜਦੋਂ ਤੁਸੀਂ ਅੰਦਰ ਆਏ ਸੀ, ਮੈਨੂੰ ਤੁਹਾਡੇ ਚਿਹਰੇ ਤੋਂ ਇੰਜ ਲੱਗਾ ਸੀ ਕਿ ਤੁਹਾਨੂੰ ਪਤਾ ਹੈ। ਤੁਸੀਂ ਨਹੀਂ ਜਾਣਦੇ, ਕਿ ਮੈਂ ਕਿੰਨੀ ਔਖੀ ਹਾਂ। ਮੈਨੂੰ ਇਹ ਹੀ ਪੱਕਾ ਪਤਾ ਲਗ ਜਾਏ ਕਿ ਜੀਉਂਦੀ ਹੈ, ਜਾਂ ਮਰ ਗਈ ਹੈ। ਜੇ ਮੈਨੂੰ ਪੱਕਾ ਪਤਾ ਲੱਗ ਜਾਏ, ਤਾਂ ਮੈਂ ਸਬਰ ਹੀ ਕਰ ਲਵਾਂ, ਤੁਸੀਂ ਹੁਣੇ ਕਿਹਾ ਸੀ ਕਿ ਸ਼ਾਇਦ ਉਹ ਸਾਨੂੰ

ਜੀਉਂਦੀ ਨਾਂ ਦਿਸੇ-ਕੀ ਤੁਹਾਨੂੰ ਕੁਝ ਪਤਾ ਹੈ-ਕਿ ਉਹ ਕਿਧਰੇ ਰੱਬ ਨੂੰ ਪਿਆਰੀ ਤਾਂ ਨਹੀਂ ਹੋ ਗਈ?' ਮੈਂ ਏਨਾ ਨੀਚ ਅਤੇ ਜ਼ਾਲਮ ਨਹੀਂ ਸਾਂ। ਮੈਂ ਹੁਣ ਉਹਦੇ ਨਾਲ ਝੂਠ ਨਹੀਂ ਸਾਂ ਬੋਲ ਸਕਦਾ, ਜੋ ਮੇਰਾ ਦਿਲ ਪੱਥਰ ਦਾ ਹੁੰਦਾ ਤਾਂ ਵੀ ਪਿਘਲ ਜਾਂਦਾ। ਮੈਂ ਬੜੀ ਨਰਮੀ ਅਤੇ ਪਿਆਰ ਨਾਲ ਉਹਨੂੰ ਕਿਹਾ,- -- 'ਮੈਨੂੰ ਇਹ ਵਿਸ਼ਵਾਸ ਹੈ ਕਿ ਉਹਦੀਆਂ ਦੁਨਿਆਵੀ ਤਕਲੀਫਾਂ ਦਾ ਅੰਤ ਹੋ ਗਿਆ ਮੇਰਾ ਦਿਲ ਇਸ ਗੱਲ ਦੀ ਗਵਾਹੀ ਦੇਂਦਾ ਹੈ।"

ਮੇਰੀ ਗੱਲ ਸੁਣਕੇ ਉਹ ਵਿਚਾਰੀ ਦੁਖਿਆਰੀ ਕੁਰਸੀ ਵਿਚ ਡਿਗ ਪਈ ਅਤੇ ਆਪਣਾ ਮੂੰਹ ਮੇਰੇ ਤੋਂ ਛਪਾ ਕੇ ਬੋਲੀ, "ਉਹ ! ਤੁਹਾਨੂੰ ਕਿਹਨੇ ਦਸਿਆ ਹੈ? ਤੁਸੀਂ ਕਿਵੇਂ ਜਾਣਦੇ ਹੋ?"

"ਮੈਨੂੰ ਕਿਸੇ ਨੇ ਨਹੀਂ ਦਸਿਆ ਮਿਸਜ਼ ਕੈਲੀਮਿੰਟਸ, ਪਰ ਕਈ ਕਾਰਣ ਹਨ ਜਿਸ ਕਰਕੇ ਮੈਨੂੰ ਇਸ ਗੱਲ ਦਾ ਯਕੀਨ ਹੋ ਗਿਆ ਹੈ। ਮੈਂ ਤੁਹਾਨੂੰ ਉਹ ਕਾਰਨ ਕੁਝ ਦਿਨਾਂ ਮਗਰੋਂ ਦਸ ਦਿਆਂਗਾ, ਮੈਂ ਇਕਰਾਰ ਕਰਦਾ ਹਾਂ, ਪਰ ਹੁਣ ਨਹੀਂ ਦਸ ਸਕਦਾ। ਮੈਨੂੰ ਇਹ ਵੀ ਯਕੀਨ ਹੈ, ਕਿ ਉਹਦੀ ਦਿਲ ਦੀ ਬੀਮਾਰੀ ਹੀ ਉਹਦੀ ਮੌਤ ਦਾ ਕਾਰਨ ਸੀ ਅਤੇ ਉਹਦੀ ਦੇਖ ਭਾਲ ਠੀਕ ਕੀਤੀ ਗਈ ਸੀ। ਤੁਹਨੂੰ ਥੋੜੇ ਸਮੇਂ ਮਗਰੋਂ ਇਹ ਵੀ ਪਤਾ ਲੱਗ ਜਾਏਗਾ, ਕਿ ਉਹ ਇਕ ਸ਼ਾਂਤ ਗਿਰਜੇ ਦੇ ਕਬਰਸਤਾਨ ਵਿਚ ਦਫਨਾਈ ਗਈ ਹੈ। ਜਿਹੋ ਜੇਹੀ ਥਾਂ ਤੁਸੀਂ ਆਪ ਉਹਦੇ ਲਈ ਚੁਣਦੇ।"

"ਉਹ ਮਰ ਗਈ ਹੈ - ! ਹਾਏ ! ਏਨੀ ਜਵਾਨ ਹੀ ਉਹ ਚਲੀ ਗਈ ਹੈ, ਅਤੇ ਮੈਂ ਇਹ ਸੁਣਨ ਲਈ ਰਹਿ ਗਈ ਹਾਂ ! ਮੈਂ ਉਹਨੂੰ ਪਾਲਿਆ ਸੀ;- ਉਹਦੇ ਪਹਿਲੇ ਫਰਾਕ ਹੀ ਮੈਂ ਸੀਤੇ ਸਨ; ਅਤੇ ਪਹਿਲੀ ਵਾਰੀ ਜਦੋਂ ਉਹਨੇ ਤੋਤਲੇ ਸ਼ਬਦਾਂ ਵਿਚ 'ਮਾਂ' ਕਿਹਾ, ਉਹ ਮੈਨੂੰ ਹੀ ਕਿਹਾ ਸੀ। ਮੈਂ ਹੀ ਉਹਨੂੰ ਹੱਥ ਫੜ ਕੇ ਤੁਰਨਾ ਸਿਖਾਇਆ; ਤੇ ਹੁਣ ਉਹ ਮਰ ਵੀ ਗਈ ਹੈ :- ਹਾਇ !" ਉਹ ਰੋਣ ਲਗ ਪਈ। ਫਿਰ ਮੂੰਹ ਤੋਂ ਰੁਮਾਲ ਚੁੱਕ ਕੇ ਮੈਨੂੰ ਕਹਿਣ ਲੱਗੀ, "ਤੁਸੀਂ ਕੀ ਕਿਹਾ ਹੈ ਕੀ ਉਹਨੂੰ ਚੰਗੀ ਤਰ੍ਹਾਂ ਦਫਨਾਇਆ ਗਿਆ ਹੈ -" ਕੀ ਉਹਦੀ ਅੰਤਮ ਕ੍ਰਿਆ ਕਰਮ ਉਸੇ ਸ਼ਾਨ ਨਾਲ ਕੀਤਾ ਗਿਆ ਹੈ ਜਿਹੋ ਜੇਹਾ ਮੈਂ' ਆਪਣੀ ਬੱਚੀ ਦਾ ਕਰਦੀ -?"

ਮੈਂ ਉਹਦੀ ਤਸੱਲੀ ਕਰਾਈ ਕਿ ਉਹਦੀ ਕ੍ਰਿਆ ਕਰਮ ਮਰਿਆਦਾ ਪੂਰਵਕ ਹੀ ਕੀਤਾ ਗਿਆ ਸੀ। ਉਹਨੂੰ ਮੇਰੇ ਇਸ ਉੱਤਰ ਨਾਲ ਥੋੜੀ ਤਸੱਲੀ ਹੋਈ; ਇਹ ਵੀ ਉਹਦੇ ਲਈ

ਬੜੇ ਮਾਣ ਦੀ ਗੱਲ ਸੀ ਕਿ ਉਹਦੀਆਂ ਅੰਤਮ ਰਸਮਾਂ ਸ਼ਾਨ ਨਾਲ ਪੂਰੀਆਂ ਕੀਤੀਆਂ ਗਈਆਂ ਸਨ।

"ਮੇਰਾ ਦਿਲ ਉੱਕਾ ਹੀ ਟੁੱਟ ਜਾਂਦਾ, ਜੇ ਇਹ ਕੰਮ ਠੀਕ ਤਰ੍ਹਾਂ ਸਿਰ ਨਾਂ ਚਾੜ੍ਹਿਆ ਗਿਆ ਹੁੰਦਾ। ਪਰ ਤਹਾਨੂੰ ਕਿਵੇਂ ਪਤਾ ਹੈ? ਕਿਸਨੇ ਤੁਹਾਨੂੰ ਦੱਸਿਆ ਹੈ?" ਮੈ' ਫਿਰ ਇਕ ਵਾਰੀ ਉਹਦੀ ਮਿੰਨਤ ਕੀਤੀ ਕਿ ਉਹ ਥੋੜੀ ਦੇਰ ਹੋਰ ਉਡੀਕੇ ਤਾਂ ਮੈਂ ਉਹਨੂੰ ਸਾਰੀ ਗੱਲ ਦਸਾਗਾਂ, "ਮੈਂ ਤੁਹਾਨੂੰ ਮੁੜ ਮਿਲਣ ਆਵਾਂਗਾ, ਜਦੋਂ ਰਤਾ ਤੁਸੀਂ ਸੰਭਲ ਜਾਉਗੇ ਮੈਂ ਤੁਹਾਡੇ ਕੋਲੋਂ ਕੁਝ ਪੁੱਛਣ ਆਵਾਂਗਾ।"

"ਮੇਰੇ ਰੋਂਣ ਦੀ ਪ੍ਰਵਾਹ ਨਾ ਕਰਨੀ; ਮੈਂ ਤਾਂ ਹੁਣ ਰੋਣਾ ਹੀ ਹੈ। ਤੁਸੀਂ ਜੋ ਪੁਛਣਾ ਹੈ ਪੁੱਛੋ :- ਜੇ ਮੇਰੇ ਕੋਲੋਂ ਤੁਹਾਡਾ ਕੋਈ ਕੰਮ ਬਣੇ ਤਾਂ ਮੈਂ ਹਾਜ਼ਰ ਹਾਂ।" ਉਹ ਬੋਲੀ।"

"ਮੈਂ ਇਕ ਅਖੀਰਲੀ ਗੱਲ ਤੁਹਾਡੇ ਕੋਲੋਂ ਪੁਛਣੀ ਹੈ। ਕੀ ਵੈਲਮਿੰਗਮ ਮਿਸਜ਼ ਕੈਥੇਰਿਕ ਦਾ ਪਤਾ ਮੈਨੂੰ ਦਸ ਸਕੋਗੇ?"

ਮੇਰੀ ਇਹ ਗੱਲ ਸੁਣ ਕੇ ਉਹ ਏਨੀ ਤ੍ਰਬਕ ਗਈ; ਕਿ ਏਨ ਦੀ ਮੌਤ ਦੀ ਖ਼ਬਰ ਹੀ ਉਹਦੇ ਦਿਮਾਗ ਵਿਚੋਂ ਜਿਵੇਂ ਇਕ ਪਲ ਲਈ ਨਿਕਲ ਗਈ। ਉਹਦੇ ਅਥਰੂ ਸੁੱਕ ਗਏ ਅਤੇ ਉਹ ਖੁਲੀਆਂ ਅੱਖਾਂ ਨਾਲ ਮੇਰੇ ਵੱਲ ਵੇਖਦੀ ਹੀ ਰਹਿ ਗਈ।

"ਰੱਬ ਦਾ ਵਾਸਤਾ ਜੇ ਤੁਸੀਂ ਉਹਨੂੰ ਮਿਲ ਕੇ ਕੀ ਕਰਨਾ ਹੈ?" ਉਹ ਬੋਲੀ।

"ਮਿਸਜ਼ ਕਲੀਮੈਂਟਸ, ਮੈਂ ਉਹਦੇ ਕੋਲੋਂ ਮਿਲ ਕੇ ਇਹ ਪੁਛਣਾ ਚਾਹੁੰਦਾ ਹਾਂ, ਕਿ ਉਨ੍ਹਾਂ ਦੀਆਂ ਉਨ੍ਹਾਂ ਚੋਰੀ ਦੀਆਂ ਮੁਲਾਕਾਤਾਂ ਪਿਛੇ ਕੀ ਭੇਤ ਸੀ? ਉਨ੍ਹਾ ਦੋਹਾਂ ਦੇ ਸਬੰਧਾਂ ਵਿਚ ਕੁਝ ਹੋਰ ਰਾਜ ਸੀ, ਜਿਸ ਤੇ ਤੁਸੀਂ ਤੇ ਤੁਹਾਡੇ ਕਿਸੇ ਗਵਾਂਢੀ ਨੇ ਸ਼ੱਕ ਵੀ ਨਹੀਂ ਕੀਤਾ ਸੀ। ਉਨ੍ਹਾਂ ਦੀ ਪਿਛਲੀ ਬੀਤੀ ਹੋਈ ਜ਼ਿੰਦਗੀ ਦਾ ਕੋਈ ਭੇਤ ਸੀ; ਜਿਸਦਾ ਸਾਨੂੰ ਕਿਸੇ ਨੂੰ ਕੁਝ ਪਤਾ ਨਹੀਂ। ਮੈਂ ਉਹੀ ਭੇਤ ਮਿਸਜ਼ ਕੈਥੇਰਿਕ ਨੂੰ ਪੁੱਛਣ ਜਾ ਰਿਹਾ ਹਾਂ। '

"ਮਿਸਜ਼ ਕੈਲੀਮੈਂਟਸ ਨੇ ਇਹ ਸੁਣਕੇ ਆਪਣਾ ਹੱਥ ਮੇਰੀ ਬਾਂਹ ਤੇ ਰੱਖ ਦਿਤਾ ਅਤੇ ਬੋਲੀ : "ਉਥੇ ਜਾਣ ਤੋਂ ਪਹਿਲਾਂ ਮੁੜ ਸੋਚ ਲੈਣਾ। ਉਹ ਬੜੀ ਕੱਬੀ ਔਰਤ ਹੈ; ਮੈਂ ਉਹਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਤੁਸੀਂ ਉਹਨੂੰ ਨਹੀਂ ਜਾਣਦੇ --ਉਥੇ ਜਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣੀ।"

"ਮੈਂ ਜਾਣਦਾ ਹਾਂ, ਤੁਸੀਂ ਮੈਨੂੰ ਪਿਆਰ ਖ਼ਾਤਿਰ ਸਾਵਧਾਨ ਕਰ ਰਹੇ ਹੋ ਪਰ ਮੈਂ ਆਪਣੇ ਨਿਸ਼ਚੇ ਵਿਚ ਦ੍ਰਿੜ ਹਾਂ ਮੈਂ ਉਹਨੂੰ ਜ਼ਰੂਰ ਮਿਲਣ ਜਾਣਾ ਹੈ; ਭਾਵੇਂ ਇਹਦਾ ਨਤੀਜਾ ਕੀ ਵੀ ਨਿਕਲੇ?"

ਉਹਨੇ ਚਿੰਤਾਤੁਰ ਤਕਣੀਆਂ ਨਾਲ ਮੈਨੂੰ ਵੇਖਿਆ।

"ਜੇ ਤੁਸੀਂ ਨਿਸ਼ਚੇ ਦੇ ਪੱਕੇ ਹੋ; ਤਾਂ ਮੈਂ ਤੁਹਾਨੂੰ ਉਹਦਾ ਪਤਾ ਦੇ ਦੇਂਦੀ ਹਾਂ?"

ਮੈਂ ਉਹ ਪਤਾ ਆਪਣੀ ਨੋਟ-ਬੁਕ ਵਿਚ ਲਿਖ ਲਿਆ ਅਤੇ ਉਹਦਾ ਹੱਥ ਫੜ ਕੇ ਘੁਟਿਆ

"ਮੈਂ" ਤੁਹਾਨੂੰ ਜਲਦੀ ਹੀ ਮੁੜ ਮਿਲਾਂਗਾ, ਅਤੇ ਤੁਹਾਨੂੰ ਸਭ ਕੁਝ ਆਪਣੇ ਕੀਤੇ ਇਕਰਾਰ ਮੁਤਾਬਿਕ ਦਸਾਂਗਾ।" ਉਹਨੇ ਇਕ ਹਉਕਾ ਭਰਿਆ ਅਤੇ ਸ਼ੱਕ ਵਿਚ ਸਿਰ ਹਿਲਾਂਦੀ ਬੋਲੀ "ਕਦੇ ਕਦੇ ਬੱਢਿਆਂ ਦੀ ਮੱਤ ਲੈ ਲੈਣੀ ਚਾਹੀਦੀ ਹੈ; ਵੈਲਮਿੰਗਮ ਜਾਣ ਤੋਂ ਪਹਿਲਾਂ ਸੋਚ ਲੈਣਾ।"

## VIII

ਮਿਸਜ਼ ਕਲੀਮੈਂਟਸ ਦੇ ਘਰੋਂ ਮੈਂ ਆਪਣੇ ਘਰ ਪੁੱਜਾ, ਤਾਂ ਲਾਰਾ ਦੇ ਵਿਚ ਅਚਾਨਕ ਇਕ ਤਬਦੀਲੀ ਵੇਖ ਕੇ ਮੇਰਾ ਤ੍ਰਾਹ ਹੀ ਨਿਕਲ ਗਿਆ। ਉਹਦੇ ਸੁਭਾ ਦੀ ਨਰਮੀ ਅਤੇ ਸਬਰ ਉਤੇ ਘੋਰ ਦੁੱਖ ਵੀ ਆਪਣਾ ਪ੍ਰਭਾਵ ਪਾਣ ਤੇ ਅਸਫਲ ਰਿਹਾ ਸੀ, ਅੱਜ ਅਚਾਨਕ ਹੀ ਉਹ ਬੜੀ ਉਦਾਸ ਅਤੇ ਬੇਸਬਰ ਹੋ ਉਠੀ ਸੀ। ਮੇਰੀਅਨ ਨੇ ਬੜੀ ਕੋਸ਼ਿਸ਼ ਕੀਤੀ ਸੀ, ਕਿ ਉਹ ਕਿਸੇ ਤਰ੍ਹਾਂ ਆਪਣਾ ਆਪ ਭੁੱਲੇ ਅਤੇ ਹਸੇ ਖੇਡ ਪਰ ਅੱਜ ਉਹ ਉਹਦੀ ਗੱਲ ਹੀ ਨਹੀਂ ਸੁਣਦੀ ਸੀ। ਮੈਂ ਵੇਖਿਆ ਉਹਨੇ ਆਪਣੀ ਡਰਾਇੰਗ ਮੇਜ਼ ਉਤੇ ਇਕ ਪਾਸੇ ਸੁਟੀ ਹੋਈ ਸੀ। ਨੀਂਵੀਆਂ ਅੱਖਾਂ ਕਰੀ, ਉਹ ਆਪਣੀਆਂ ਉਂਗਲਾਂ ਨਾਲ ਹੀ ਖੇਡ ਰਹੀ ਸੀ, ਆਪਣੀ ਝੋਲੀ ਵਿਚ ਕਦੀ ਉਨ੍ਹਾਂ ਦੀ ਕਰਿੰਗੜੀ ਪਾਂਦੀ, ਕਦੀ ਖੋਲਦੀ ਉਹ ਬੜੀ ਬੇਚੈਨ ਲੱਗ ਰਹੀ ਸੀ। ਮੇਰੀਅਨ ਇਹ ਸਭ ਵੇਖ ਕੇ ਬੜੀ ਹੀ ਉਦਾਸ ਅਤੇ ਦੁਖੀ ਨਜ਼ਰ ਆ ਰਹੀ ਸੀ। ਮੈਨੂੰ ਵੇਖ ਕੇ ਵੀ ਲਾਰਾ ਨੇ ਅੱਖਾਂ ਨਾ ਉਚੀਆਂ ਕੀਤੀਆਂ। ਮੇਰੀਅਨ ਨੇ ਮੇਰੇ ਕੰਨ ਵਿਚ ਕਿਹਾ,

"ਹੁਣ ਤੂੰ ਕੋਸ਼ਿਸ਼ ਕਰ, ਕਿ ਇਹ ਇਥੋਂ ਉਠੇ-' ਅਤੇ ਉਹ ਕਮਰੇ ਵਿਚੋਂ ਬਾਹਰ ਚਲੀ ਗਈ। ਮੈਂ ਖਾਲੀ ਕੁਰਸੀ ਉਤੇ ਬੈਠ ਗਿਆ। ਉਹਦੀਆਂ ਕਮਜ਼ੋਰ ਉਂਗਲਾਂ ਨੂੰ ਵੱਖ-ਵੱਖ ਕਰਕੇ, ਉਹਦੇ ਦੋਹਾਂ ਹੱਥਾਂ ਨੂੰ ਆਪਣੇ ਹੱਥਾਂ ਵਿਚ ਲਿਆ।

"ਲਾਰਾ ਕੀ ਗੱਲ ਹੈ? ਮੈਨੂੰ ਦਸ ਤੈਨੂੰ ਕੀ ਤਕਲੀਫ ਹੈ, ਪਿਆਰੀ ਲਾਰਾ"

ਉਹ ਆਪਣੀਆਂ ਅੱਖਾਂ ਮੇਰੀਆਂ ਅੱਖਾਂ ਵਿਚ ਪਾ ਕੇ ਬੋਲੀ ' ਮੈਂ ਖੁਸ਼ ਨਹੀਂ, --ਮੈਂ ਇਹੀ ਸੋਚਦੀ ਹਾਂ- ......" ਉਹ ਰੁਕ ਗਈ ਅਤੇ ਅਗੋਂ ਰੁਕ ਕੇ ਉਹਨੇ ਆਪਣਾ ਸਿਰ ਮੇਰੇ ਮੋਢੇ ਉੱਤੇ ਟਿਕਾ ਦਿੱਤਾ। ਉਹ ਬੜੀ ਨਿਤਾਣੀ ਅਤੇ ਨਾਖੁਸ਼ ਲੱਗ ਰਹੀ ਸੀ।

ਮੇਰੇ ਦਿਲ ਵਿਚ ਰੁੱਗ ਭਰਿਆ ਗਿਆ।

"ਮੈਨੂੰ ਦਸ ਦੇ ਲਾਰਾ, ਤੂੰ ਕਿਉਂ ਖੁਸ਼ ਨਹੀਂ?--ਕੋਸ਼ਿਸ਼ ਕਰਕੇ ਵੇਖ -।" ਮੈਂ ਪਿਆਰ ਨਾਲ ਦੁਹਰਾਇਆ।

"ਮੈਂ ਤੁਹਾਡੇ ਕਿਸੇ ਕੰਮ ਨਹੀਂ ਆ ਰਹੀ। ਮੈਂ ਤੁਹਾਡੇ ਦੋਹਾਂ ਉੱਤੇ ਇਕ ਭਾਰ ਹਾਂ, ਤੁਸੀਂ ਕੰਮ ਕਰਕੇ ਪੈਸੇ ਲਿਆਉਂਦੇ ਹੋ ਅਤੇ ਮੇਰੀਅਨ ਘਰ ਵਿਚ ਕੰਮ ਕਰਦੀ ਹੈ; ਪਰ ਮੈਂ ਕੁਝ ਵੀ ਨਹੀਂ ਕਰਦੀ। ! ਤੁਸੀਂ ਮੇਰੀਅਨ ਨੂੰ ਹੀ ਪਿਆਰ ਕਰਨ ਲੱਗ ਪਵੋਗੇ, ਕਿਉਂਕਿ ਮੈਂ ਇਕ ਭਾਰ ਹਾਂ। ਮੈਨੂੰ ਬੱਚਿਆਂ ਵਾਂਗ ਨਾ ਭੁਲਾਉ; ਮੈਨੂੰ ਇਕ ਬੱਚਾ ਨਾ ਸਮਝੋ।"

ਮੈਂ ਉਹਦਾ ਮੂੰਹ ਉੱਚਾ ਕੀਤਾ, ਅਤੇ ਉਹਦੇ ਖਿਲਰੇ ਹੋਏ ਵਾਲ ਸੰਵਾਰੇ; ਉਹਨੂੰ ਚੁੰਮਿਆ ਮੇਰਾ ਮੁਰਝਾਇਆ ਹੋਇਆ ਫੁਲ ਸੀ, ਮੇਰੀ ਦੁਖੀ ਭੈਣ ! ਮੈਂ ਉਹਨੂੰ ਦਿਲਾਸਾ ਦੇ ਕੇ ਕਿਹਾ।

"ਲਾਰਾ, ਤੂੰ ਅਜ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇਵੇਗੀ। ਹੁਣ ਤੋਂ ਹੀ ਸਾਡੀ ਸਹਾਇਤਾ ਕਰਨੀ ਸ਼ੁਰੂ ਕਰੇਗੀ। ਉਹਨੇ ਮੇਰੇ ਵੱਲ ਇਕ ਨਵੀਂ ਆਸ ਨਾਲ ਵੇਖਿਆ, ਉਹਦੇ ਚਿਹਰੇ ਤੇ ਇਕ ਉਤਸਕਤਾ ਸੀ। ਉਹ ਸਾਹ ਰੋਕ ਕੇ ਮੇਰੀ ਗੱਲ ਸੁਣ ਰਹੀ ਸੀ।

ਮੈਂ ਉਠ ਕੇ ਉਹਦੀ ਡਰਾਇੰਗ ਦਾ ਸਾਮਾਨ ਉਹਦੇ ਕੋਲ ਰੱਖ ਦਿੱਤਾ ਅਤੇ ਕਿਹਾ

"ਤੂੰ ਜਾਣਦੀ ਹੀ ਹੈ, ਕਿ ਮੈਂ ਡਰਾਇੰਗ ਕਰਕੇ ਪੈਸੈ ਕਮਾਉਂਦਾ ਹਾਂ--, ਹੁਣ ਤੇਰੀ ਡਰਾਇੰਗ ਵੀ ਬਹੁਤ ਚੰਗੀ ਹੋ ਗਈ ਹੈ। ਤੂੰ ਵੀ ਡਰਾਇੰਗ ਕਰਿਆ ਕਰ ਅਤੇ ਤੈਨੂੰ ਵੀ ਪੈਸੇ ਮਿਲਿਆ ਕਰਨਗੇ। ਇਸ ਸਕੈੱਚ ਨੂੰ ਸਫਾਈ ਨਾਲ ਖਤਮ ਕਰ, ਜਦੋਂ ਇਹ ਖਤਮ ਹੋ ਗਿਆ, ਮੈਂ ਇਹਨੂੰ ਲੈ ਜਾਵਾਂਗਾ, ਅਤੇ ਜਿਹੜਾ ਬੰਦਾ ਮੇਰੀਆਂ ਤਸਵੀਰਾਂ ਖਰੀਦਦਾ ਹੈ, ਉਹ ਇਹਨੂੰ ਵੀ ਖਰੀਦ ਲਵੇਗਾ। ਪੈਸੇ ਤੂੰ ਆਪਣੇ ਬਟੂਏ ਵਿਚ ਪਾਈ। ਮੇਰੀਅਨ ਤੇਰੇ ਕੋਲ ਵੀ ਉਸੇ ਤਰ੍ਹਾਂ

ਆਏਗੀ, ਜਿਵੇਂ ਮੇਰੇ ਕੋਲ ਆਉਂਦੀ ਹੈ। ਰਤਾ ਸੋਚ, ਕਿ ਹੁਣ ਤੂੰ ਸਾਨੂੰ ਕਿਵੇਂ ਕਮਾ ਕੇ ਦੇ ਸਕਦੀ ਹੈ। ਤੂੰ ਵੀ ਖੁਸ਼ ਹੋਏਗੀ ਅਤੇ ਅਸੀ ਵੀ।"

ਉਹਦੇ ਮੂੰਹ ਤੇ ਇਕ ਮੁਸਕਾਨ ਆ ਗਈ। ਉਸ ਘੜੀ ਜਦੋਂ ਉਹਨੇ ਪੈਨਸਲਾਂ ਚੁੱਕੀਆ ਅਤੇ ਮੁਸਕਰਾਈ ਮੈਨੂੰ ਉਹ ਪਹਿਲੇ ਵਾਲੀ ਲਾਰਾ ਹੀ ਦਿਸੀ।

ਮੈਨੂੰ ਉਸ ਦਿਨ ਜਾਪਿਆ ਜਿਵੇਂ ਹੌਲੀ ਹੌਲੀ ਸਿਹਤਮੰਦ ਹੋ ਰਹੀ ਸੀ, ਤਾਂ ਹੀ ਤੇ ਉਹਨੇ ਬਿਆਨ ਕੀਤਾ ਸੀ ਕਿ ਮੈਂ ਤੇ ਮੇਰੀਅਨ ਕੀ ਕੀ ਕਰਦੇ ਸਾਂ। ਮੇਰੀਅਨ ਨੇ ਵੀ ਇਹ ਮਹਿਸੂਸ ਕੀਤਾ ਕਿ ਉਹ ਵੀ ਬੜੀ ਤੀਬਰਤਾ ਨਾਲ ਕੁਝ ਕਰਕੇ ਆਪਣੇ ਆਪ ਹੋਰ ਮਹੱਤਵਪੂਰਣ ਸਿੱਧ ਕਰਨਾ ਚਾਹੁੰਦੀ ਸੀ। ਉਹਦੇ ਆਤਮ-ਵਿਸ਼ਵਾਸ ਜਾਗ ਪਿਆ ਸੀ ਅਤੇ ਉਹ ਕੁਝ ਕਰਕੇ ਵਿਖਾਉਣਾ ਚਾਹੁੰਦੀ ਸੀ। ਉਸ ਦਿਨ ਤੋਂ ਅਸੀਂ ਉਹਦੇ ਮੰਨ ਵਿਚ ਜਾਗੀ ਇਸ ਖਵਾਹਿਸ਼ ਨੂੰ ਪੂਰਾ ਕਰਨ ਲਈ ਉਚੇਚਾ ਧਿਆਨ ਰੱਖਦੇ। ਸਾਨੂੰ ਹੁਣ ਉਮੀਦ ਹੋ ਗਈ ਸੀ, ਕਿ ਸਾਡੇ ਵੀ ਖੁਸ਼ੀਆਂ ਭਰੇ ਦਿਨ ਮੁੜਨਗੇਂ। ਉਹ ਆਪਣੇ ਸਕੈੱਚ ਖਤਮ ਕਰਕੇ ਜਾਂ ਖਤਮ ਕਰਨ ਦੀ ਕੋਸ਼ਿਸ਼ ਕਰਕੇ ਮੈਨੂੰ ਦੇ ਦੇਂਦੀ; ਅਤੇ ਮੈਰੀਅਨ ਉਨ੍ਹਾਂ ਨੂੰ ਧਿਆਨ ਨਾਲ ਕਿਧਰੇ ਛੁਪਾ ਦਿੰਦੀ। ਮੈਂ ਉਹਦੇ ਲਈ ਕੁਝ ਪੈਸੇ ਹਫਤੇ ਦੇ ਸ਼ੁਰੂ ਵਿਚ ਹੀ ਵੱਖਰੇ ਰਖ ਦੇਂਦਾ, ਜੋ ਉਹਨੂੰ ਉਹਦੀਆਂ ਧੁੰਦਲੀਆਂ ਅਤੇ ਫਿਕੀਆਂ ਤਸਵੀਰਾਂ ਦੇ ਬਦਲੇ ਕੀਮਤ ਦੇ ਰੂਪ ਵਿਚ ਦੇਂਦਾ। ਮੈਂ ਹੀ ਇਕੋ ਇਕ ਖ਼ਰੀਦਦਾਰ ਸਾਂ। ਕਈ ਵਾਰ ਸਾਨੂੰ ਇਹ ਧੋਖਾ ਕਰਨਾ ਬੜਾ ਕਠਿਨ ਜਾਪਦਾ ਜਦੋਂ ਉਹ ਮਾਣ ਨਾਲ ਆਪਣਾ ਬਟੂਆ ਕੱਢ ਲਿਆਉਂਦੀ ਅਤੇ ਬੜੀ ਗੰਭੀਰਤਾ ਨਾਲ ਪੁੱਛਦੀ, ਕਿ ਇਸ ਹਫ਼ਤੇ ਬਹੁਤਾ ਕਿੰਨੇ ਕਮਾਇਆ ਹੈ-ਮੈਂ ਕਿ ਉਹਨੇ। ਮੇਰੇ ਕੋਲ ਅਜੇ ਵੀ ਉਹ ਤਸਵੀਰਾਂ ਸਾਂਭੀਆਂ ਹੋਈਆਂ ਹਨ। ਮੇਰੇ ਲਈ ਉਹ ਅਨਮੋਲ ਖਜ਼ਾਨਾ ਹਨ। ਮੇਰੇ ਲਈ ਉਹ ਉਸ ਬੀਤੇ ਵਕਤ ਦੀਆਂ ਯਾਦਾਂ ਹਨ; ਜਿਸ ਨੂੰ ਸਦਾ ਜੀਉਂਦਾ ਰੱਖਣਾ ਚਾਹੁੰਦਾ ਹਾਂ। ਮੇਰੇ ਦੁੱਖ ਦੇ ਵੇਲੇ ਇਹ ਤਸਵੀਰਾਂ ਹੀ ਮੇਰੀਆਂ ਮਿੱਤਰ ਸਨ ਜਿਨਾਂ ਕੋਲੋਂ ਮੇਰਾ ਦਿਲ ਕਦੀ ਨਹੀਂ ਵੱਖ ਹੋਵੇਗਾ। ਇਨ੍ਹਾਂ ਨੂੰ ਮੇਰਾ ਪਿਆਰ ਕਦੀ ਨਹੀਂ ਭੁਲੇਗਾ।

ਕੀ ਮੈਂ ਇਥੇ ਨਿਗੂਣੀਆਂ ਗੱਲਾਂ ਵਿਚ ਪੈ ਗਿਆ ਹਾਂ? ਕੀ ਮੈਂ ਪਹਿਲਾਂ ਉਸ ਆਸ-ਮਈ ਭਵਿੱਖ ਦੀਆਂ ਗੱਲਾਂ ਕਰ ਰਿਹਾ ਹਾਂ, ਜਿਥੇ ਅਜੇ ਮੇਰੀ ਕਹਾਣੀ ਪੁੱਜੀ ਵੀ ਨਹੀਂ? ਨਹੀਂ ਮੈਂ ਅਜੇ ਇਨ੍ਹਾਂ ਦਿਨਾਂ ਦੀ ਹੀ ਕਹਾਣੀ ਸੁਣਾਵਾਂਗਾ। ਜਦੋਂ ਅਜੇ ਡਰ ਸੀ ਅਤੇ ਕਈ ਤਰ੍ਹਾਂ ਦੇ ਸ਼ੱਕ ਸਨ-: ਅਤੇ ਮੈਂ ਸਾਰਾ ਦਿਨ ਸਸ਼ੋਪੰਜ ਵਿਚ ਉਲਰਿਆ ਰਹਿੰਦਾ ਸਾਂ। ਮੈਂ ਥੋੜਾ ਸਾਹ

ਲਿਆ ਸੀ- ਸ਼ਾਇਦ ਮੇਰੇ ਮਿੱਤਰ ਜੀ ਇਹ ਪੰਨੇ ਪੜ੍ਹ ਰਹੇ ਹਨ, ਥੋੜਾ ਸਸਤਾਣਾ ਚਾਹੁੰਦੇ ਹੋਣ। ਸੋ ਇਹ ਵਕਤ ਖਰਾਬ ਨਹੀਂ ਹੋਇਆ, ਲੇਖੇ ਲੱਗਾ ਹੈ। ਮੈਨੂੰ ਜਦੋਂ ਪਹਿਲਾਂ ਮੌਕਾ ਮਿਲਿਆ ਮੈਂ ਮੇਰੀਅਨ ਨੂੰ ਇਕ ਪਾਸੇ ਲਿਜਾ ਕੇ ਉਹ ਸਭ ਕੁਝ ਦਸਿਆ, ਜੋ ਮੈਨੂੰ ਅੱਜ ਸਵੇਰੇ ਪਤਾ ਲਗਾ ਸੀ। ਉਹਨੇ ਵੀ ਮੇਰੀ ਵੈਲਮਿੰਗਮ ਜਾਣ ਦੀ ਸਲਾਹ ਨੂੰ ਕੁਝ ਠੀਕ ਨਹੀਂ ਸਮਝਿਆ। ਉਹਦੀ ਵੀ ਉਹੀ ਰਾਇ ਸੀ, ਜੋ ਮਿਸਜ਼ ਕੈਲੀਮੈਂਟਸ ਦੀ ਸੀ। ਉਹ ਬੋਲੀ :-

"ਅਜੇ ਤੈਨੂੰ ਪੂਰੀ ਗੱਲ ਤਾਂ ਪਤਾ ਨਹੀਂ ਵਾਲਟਰ; ਫਿਰ ਤੈਨੂੰ ਕੀ ਉਮੀਦ ਹੈ ਕਿ ਮਿਸਜ਼ ਕੈਥੇਰਿਕ ਤੈਨੂੰ ਆਪਣੇ ਭੇਤ ਵਿਚ ਲਏਗੀ। ਕੀ ਪਹਿਲਾਂ ਕੋਈ ਹੋਰ ਸਿੱਧੇ ਤੇ ਘਟ ਖ਼ਤਰਨਾਕ ਢੰਗ ਨਹੀਂ ਅਪਣਾਏ ਜਾ ਸਕਦੇ; ਜਿਨ੍ਹਾਂ ਰਾਹੀਂ ਸਾਨੂੰ ਹੋਰ ਜਾਣਕਾਰੀ ਮਿਲ ਸਕਦੀ ਹੋਵੇ? ਜਦੋਂ ਤੂੰ ਮੈਨੂੰ ਇਹ ਕਿਹਾ ਸੀ ਕਿ ਸਰ ਪਰਸੀਵਲ ਅਤੇ ਕਾਂਊਟ ਹੀ ਇਸ ਤਾਰੀਖ ਨੂੰ ਜਾਣਦੇ ਹਨ, ਤਾਂ ਤੂੰ ਤੇ ਮੈਂ ਦੋਵੇਂ ਹੀ ਭੁੱਲ ਗਏ ਸਾਂ ਕਿ ਮਿਸਜ਼ ਰੁਬੈਲੇ ਨੂੰ ਵੀ ਇਸ ਤਾਰੀਖ ਦਾ ਜ਼ਰੂਰ ਪਤਾ ਹੋਵੇਗਾ ਕੀ ਮਿਸਜ਼ ਰੂਬੈਲ ਕੋਲੋਂ ਇਹ ਤਾਰੀਖ ਪੁੱਛਣੀ ਆਸਾਨ ਨਹੀਂ ਹੋਵੇਗੀ? ਅਤੇ ਮਿਸਜ਼ ਰੁਬੈਲੇ ਸਰ ਪਰਸੀਵਲ ਜਿੰਨੀ ਖ਼ਤਰਨਾਕ ਵੀ ਨਹੀਂ ਹੋਵੇਗੀ।

"ਮਿਸਜ਼ ਰੂਬੈਲੇ ਕੋਲੋਂ ਤਾਰੀਖ ਪੁੱਛਣੀ ਸ਼ਾਇਦ ਆਸਾਨ ਹੀ ਹੋਵੇਗੀ ਪਰ ਸਾਨੂੰ ਇਹ ਪਤਾ ਨਹੀਂ ਕਿ ਇਸ ਛਲ ਵਿਚ ਉਹਦਾ ਕਿੰਨਾ ਕੁ ਹਿੱਸਾ ਹੈ ਅਤੇ ਹੋ ਸਕਦਾ ਹੈ ਕਿ ਉਹਨੇ ਵੀ ਇਸ ਤਾਰੀਖ਼ ਨੂੰ ਯਾਦ ਨਾ ਰੱਖਿਆ ਹੋਵੇ, ਕਾਂਊਟ ਅਤੇ ਸਰ ਪਰਸੀਵਲ ਦੇ ਦਿਮਾਗ ਵਿਚ ਇਹ ਤਾਰੀਖ਼ ਉਕਰੀ ਹੋਈ ਹੈ। ਹੁਣ ਮਿਸਜ਼ ਰੂਬੈਲੇ ਕੋਲ ਸਮਾਂ ਖਰਾਬ ਨਹੀਂ ਕਰ ਸਕਦਾ। ਕਿ ਮੈਂ ਤਾਂ ਹੁਣ ਸਰ ਪਰਸੀਵਲ ਦੀ ਜ਼ਿੰਦਗੀ ਵਿਚ ਜਿਹੜੀ ਕਮਜ਼ੋਰ ਜਗ੍ਹਾ ਹੈ, ਉਸਤੇ ਧਾਵਾ ਬੋਲਣ ਦੀ ਸੋਚ ਰਿਹਾ ਹਾਂ। ਕੀ ਤੂੰ ਸਚਮੁੱਚ ਇਹ ਸੋਚ ਰਹੀ ਹੈ; ਕਿ ਮੇਰਾ ਹੈਂਪਸ਼ਾਇਰ ਜਾਣਾ ਬਹੁਤ ਖ਼ਤਰਨਾਕ ਹੈ -? ਜਾਂ ਇਹ ਕਿ ਸਰ ਪਰਸੀਵਲ ਮੇਰੇ ਕੋਲੋਂ ਜ਼ਿਆਦਾ ਤਾਕਤਵਰ ਸਿੱਧ ਹੋਵੇਗਾ।"

"ਨਹੀਂ, ਉਹ ਤੇਰੇ ਕੋਲੋਂ ਤਾਕਤਵਰ ਨਹੀਂ ਹੋਵੇਗਾ" ਉਹਨੇ ਉੱਤਰ ਦਿੱਤਾ। ਕਿਉਂਕਿ ਉਹ ਉਸ ਬਦਮਾਸ਼ ਮੀਸਣੇ ਕਾਂਊਟ ਦੀ ਸਹਾਇਤਾ ਨਹੀਂ ਲਏਗਾ।"

"ਤੈਨੂੰ ਇਹ ਕਿੰਜ ਪਤਾ ਹੈ?" ਮੈਂ ਹੈਰਾਨ ਹੋ ਕੇ ਕਿਹਾ।

"ਕਿਉਂਕਿ ਮੈਂ ਜਾਣਦੀ ਹਾਂ; ਉਹ ਜਿਦੀ ਹੈ ਅਤੇ ਕਾਂਊਟ ਜਦੋਂ ਉਹਨੂੰ ਕਾਬੂ ਕਰਨਾ ਚਾਹੁੰਦਾ ਹੈ; ਉਹ ਉਥੋਂ ਭੱਜਣ ਲਈ ਕਾਹਲਾ ਪੈਂਦਾ ਹੈ। ਉਹ ਤੇਰਾ ਮੁਕਾਬਲਾ ਇਕੱਲਾ ਹੀ ਕਰਨਾ ਚਾਹੇਗਾ; ਉਵੇਂ ਹੀ ਜਿਵੇਂ ਉਹ ਬਲੈਕਵਾਟਰ ਪਾਰਕ ਵੀ ਪਹਿਲਾਂ ਆਪਣੇ ਆਪ ਵੀ ਸਭ ਕੁਝ ਕਰਨਾ ਚਾਹੁੰਦਾ ਸੀ। ਕਾਊਂਟ ਤੇ ਇਸ ਮਾਮਲੇ ਵਿਚ ਦਖ਼ਲ ਦੇਣ ਦਾ ਸਮਾਂ ਉਦੋਂ ਆਵੇਗਾ ਜਦੋ ਤੂੰ ਸਰ ਪਰਸੀਵਲ ਨੂੰ ਕਾਬੂ ਕਰ ਲਵੇਗਾ ਉਦੋਂ ਕਾਂਊਟ ਨੂੰ ਉਸ ਅੱਗ ਦਾ ਸੇਕ ਪੁਜੇਗਾ ਅਤੇ ਉਹ ਆਪਣੇ ਬਚਾਅ ਲਈ ਹਰ ਹਥਿਆਰ ਵਰਤ ਸਕਦਾ ਹੈ।

"ਮੈਂ ਉਹਦੇ ਉਹ ਹਥਿਆਰ ਪਹਿਲਾਂ ਹੀ ਹਥਿਆ ਲਵਾਂਗਾ। ਮੈਂ ਕਿਹਾ, "ਮਿਸਜ਼ ਕੈਲੀਮੈਂਟਸ ਦੀਆਂ ਦਸੀਆਂ ਹੋਈਆਂ ਗੱਲਾਂ ਉਹਦੇ ਖਿਲਾਫ ਹੀ ਜਾਂਦੀਆਂ ਹਨ; ਹੋਰ ਕਈ ਤਰੀਕਿਆਂ ਰਾਹੀਂ ਮੈਂ ਉਹਨੂੰ ਫਸਾ ਸਕਦਾ ਹਾਂ। ਮਿਸਜ਼ ਮਾਈਕਲਸਨ ਦੇ ਬਿਆਨ ਤੋਂ ਵੀ ਇਹ ਪ੍ਰਗਟ ਹੈ ਕਿ ਉਹ ਮਿਸਟਰ ਫ਼ੇਅਰਲੀ ਨੂੰ ਵੀ ਮਿਲਿਆ: ਮੈਨੂੰ ਯਕੀਨ ਹੈ ਕਿ ਉਥੇ ਵੀ ਉਹਨੇ ਕੁਝ ਚਾਲ ਜ਼ਰੂਰ ਖੇਡੀ ਹੋਵੇਗੀ ਮੇਰੀਅਨ, ਮੇਰੇ ਜਾਣ ਮਗਰੋਂ" ਤੂੰ ਮਿਸਟਰ ਫ਼ੇਅਰਲੀ ਨੂੰ ਚਿੱਠੀ ਲਿਖ ਕੇ ਪੁੱਛੀ ਕਿ ਉਹਦੇ ਅਤੇ ਕਾਂਊਟ ਦੇ ਵਿਚਕਾਰ ਕੀ ਕੀ ਗਲਬਾਤ ਹੋਈ ਸੀ। ਇਹ ਵੀ ਲਿਖਣਾ ਕਿ ਜੇ ਕੋਈ ਖ਼ਬਰ ਉਹਨੂੰ ਆਪਣੀ ਭਤੀਜੀ ਦੀ ਹੋਵੇ- ਜਾਂ ਭਤੀਜੀ ਬਾਰੇ ਹੋਵੇ ਉਹ, ਉਹ ਵੀ ਲਿਖ ਭੇਜੇ। ਉਹਨੂੰ ਪਕਾ ਦਸ ਦੇਣਾ ਕਿ ਉਹਨੂੰ ਇਹ ਸਾਰੀ ਮੁਲਾਕਾਤ ਅਵੱਸ਼ ਬਿਆਨ ਕਰਨੀ ਪੈਣੀ ਤੇ।"

"ਮੈਂ ਚਿੱਠੀ ਲਿਖ ਦਿਆਂਗੀ? ਤੇ ਸਚਮੁਚ ਹੀ ਵੈਲਮਿੰਗਮ ਜਾਏਂਗਾ?"

"ਮੈਂ ਪੱਕਾ ਨਿਸ਼ਚਾ ਕਰ ਚੁੱਕਾ ਹਾਂ। ਮੈਂ ਅਗਲੇ ਦੋ ਦਿਨ ਹਫਤੇ ਦਾ ਪੂਰਾ ਕੰਮ ਕਰਾਂਗਾ, ਤਾਂ ਜੋ ਸਾਨੂੰ ਪੈਸੇ ਮਿਲ ਜਾਣ ਤੇ ਤੀਜੇ ਦਿਨ ਮੈਂ ਹੈਂਪਸ਼ਾਇਰ ਜਾਵਾਂਗਾ।"

ਉਸ ਤੋਂ ਤੀਜੇ ਦਿਨ ਮੈਂ ਸਫਰ ਲਈ ਤਿਆਰ ਸਾਂ।

ਮੈਂ ਮੇਰੀਅਨ ਨੂੰ ਕਿਹਾ ਕਿ ਜਿੰਨੇ ਦਿਨ ਮੈਂ ਬਾਹਰ ਰਹਿਣਾ ਹੈ,- ਮੈਂ ਰੋਜ਼ ਹੀ ਚਿੱਠੀ ਲਿਖਾਂਗਾ, ਅਤੇ ਉਹ ਵੀ ਰੋਜ਼ ਹੀ ਲਿਖੇ। ਕਿਉਂਕਿ ਮੇਰੇ ਕੁਝ ਦਿਨ ਬਾਹਰ ਰਹਿਣ ਦੀ ਸੰਭਾਵਨਾ ਤਾਂ ਸੀ। ਚਿੱਠੀਆਂ ਵਿਚ ਅਸੀਂ ਬਨਾਉਟੀ ਨਾਂ ਹੀ ਲਿਖਣੇ ਸਨ। ਜਦੋਂ ਤਕ ਮੈਨੂੰ ਚਿੱਠੀਆਂ ਮਿਲਦੀਆਂ ਰਹਿਣਗੀਆਂ ਮੈਂ ਸਮਝਾਂਗਾ, ਸਭ ਸੁੱਖ-ਸਾਂਦ ਹੈ। ਪਰ ਜਿਸ ਦਿਨ ਸਵੇਰੇ ਮੈਨੂੰ ਚਿੱਠੀ ਨਾ ਮਿਲੀ, ਮੈਂ ਪਹਿਲੀ ਗੱਡੀ ਫੜ ਕੇ ਹੀ ਲੰਦਨ ਪਹੁੰਚ ਜਾਵਾਂਗਾ। ਮੈਂ ਲਾਰਾ ਨੂੰ

ਇਹ ਦਸਿਆ, ਕਿ ਮੈਂ ਪਿੰਡਾਂ ਵੱਲ ਆਪਣੀਆਂ ਤਸਵੀਰਾਂ ਲਈ ਨਵੇਂ ਗਾਹਕ ਲੱਭਣ ਜਾ ਰਿਹਾ ਸਾਂ। ਉਹ ਖੁਸ਼ ਅਤੇ ਰੁਝੀ ਹੋਈ ਸੀ। ਮੇਰੀਅਨ ਮੇਰੇ ਨਾਲ ਹੇਠਾਂ ਗਲੀ ਦੇ ਦਰਵਾਜ਼ੇ ਤੀਕ ਆਈ --

"ਯਾਦ ਰੱਖੀ। ਅਸੀਂ ਇਥੇ ਤੇਰੀ ਚਿੰਤਾ ਕਰਾਂਗੀਆਂ," ਉਹਨੇ ਮੈਨੂੰ ਬੜੀ ਧੀਮੀ ਆਵਾਜ਼ ਵਿਚ ਕਿਹਾ, "ਤੇਰੇ ਸੁਖੀ-ਸਾਂਦੀ ਪਰਤ ਆਉਣ ਉੱਤੇ ਸਾਡੀਆਂ ਉਮੀਦਾਂ ਲੱਗੀਆਂ ਹੋਈਆਂ ਹਨ। ਜੇ ਤੇਰੇ ਨਾਲ ਕੋਈ ਅਜੀਬ ਘਟਨਾਵਾਂ ਹੋਣ, -ਜੇ ਤੈਨੂੰ ਕਿਧਰ ਸਰ ਪਰਸੀਵਲ ਮਿਲੇ......।"

"ਤੈਨੂੰ ਇਹ ਸੋਚ ਕਿਵੇਂ ਆਈ, ਕਿ ਉਹ ਮੈਨੂੰ ਮਿਲੇਗਾ?'

"ਕਹਿ ਨਹੀਂ ਸਕਦੀ, -ਮੈਨੂੰ ਕਈ ਤਰ੍ਹਾਂ ਦੇ ਡਰ ਹਨ, ਜਿਨ੍ਹਾਂ ਦਾ ਕੋਈ ਕਾਰਨ ਮੈਂ ਨਹੀਂ ਦਸ ਸਕਦੀ, ਬੇਸ਼ਕ, ਤੂੰ ਉਨ੍ਹਾਂ ਤੇ ਹੱਸ, ਮੈਨੂੰ ਅਤੇ ਮੇਰਾ ਮਖੌਲ ਉਡਾ ਲੈ, ਪਰ ਵਾਲਟਰ ਜੇ ਤੇਰਾ ਮੇਲ ਸਰ ਪਰਸੀਵਲ ਨਾਲ ਹੋਇਆ ਤਾਂ ਗੁੱਸੇ ਨੂੰ ਆਪਣੇ ਨੇੜੇ ਨਾ ਫਟਕਣ ਦੇਈ ਤੂੰ ਕੋਈ ਚਿੰਤਾ ਨਾ ਕਰ ਮੇਰੀਅਨ, -ਮੈਂ ਆਪਣੇ ਆਪ ਉੱਤੇ ਪੂਰਾ ਕਾਬੂ ਰਖਾਂਗਾ।"

ਇੰਨਾ ਕਹਿਕੇ ਮੈਂ ਘਰੋਂ ਨਿਕਲ ਤੁਰਿਆ।

ਮੈਂ ਸਟੇਸ਼ਨ ਤੇ ਤ੍ਰਿਖਾ ਤ੍ਰਿਖਾ ਤੁਰ ਕੇ ਝਟ ਪਹੁੰਚ ਗਿਆ। ਹੁਣ ਮੇਰੇ ਦਿਲ ਵਿਚ ਆਸ ਸੀ, ਮੈਨੂੰ ਵਿਸ਼ਵਾਸ ਸੀ, ਕਿ ਮੇਰੇ ਇਸ ਸਫਰ ਦਾ ਕੋਈ ਚੰਗਾ ਹੀ ਨਤੀਜਾ ਨਿਕਲੇਗਾ। ਦਿਨ ਵੀ ਬਹੁਤ ਸੁਹਣਾ ਸੀ, ਅਤੇ ਮੈਂ ਬਿਲਕੁਲ ਸ਼ਾਂਤ ਸਾਂ। ਮੇਰੀ ਦ੍ਰਿੜਤਾ ਅਤੇ ਮੇਰੇ ਦਿਲ ਦੀ ਆਸ ਨੇ ਮੈਨੂੰ ਅੱਡ ਇਕ ਨਵੀਂ ਹੀ ਹਿੰਮਤ ਦਿਤੀ ਸੀ। ਮੈਂ ਪੈਰਾਂ ਤੋਂ ਸਿਰ ਤੀਕ ਆਪਣੇ ਆਪ ਵਿਚ ਇਕ ਨਵਾਂ ਸਾਹਸ ਮਹਿਸੂਸ ਕਰ ਰਿਹਾਂ ਸਾਂ।

ਰੇਲਵੇ ਪਲੇਟ ਫਾਰਮ ਪਾਰ ਕਰਕੇ ਆਲੇ ਦੁਆਲੇ ਦੀ ਭੀੜ ਵੱਲ ਧਿਆਨ ਨਾਲ ਵੇਖਿਆ ਕਿ ਕਿਤੇ ਕੋਈ ਅਜਿਹਾ ਬੰਦਾ ਤਾਂ ਨਹੀਂ ਜੋ ਮੇਰਾ ਪਿੱਛਾ ਕਰ ਰਿਹਾ ਹੋਵੇ। ਮੇਰੇ ਦਿਲ ਵਿਚ ਇਕ ਪਲ ਲਈ ਸੋਚ ਆਈ ਕਿ ਮੈਨੂੰ ਹੈਂਪਸ਼ਾਇਰ ਜਾਣ ਤੋਂ ਪਹਿਲਾਂ ਭੇਸ ਬਦਲ ਲੈਣਾ ਚਾਹੀਦਾ ਸੀ। ਪਰ ਇਹ ਸੋਚ ਕੇ ਹੀ ਮੈਨੂੰ ਕਰੀਰ ਆ ਗਈ,-ਭੇਸ ਬਦਲਣ ਨਾਲ ਮੈਂ ਵੀ ਇਕ ਮਾਮੂਲੀ ਜਾਸੂਸ ਹੀ ਬਣ ਜਾਣਾ ਸੀ। ਭਾਵੇਂ ਕਿੰਨੀ ਵੀ ਲੋੜ ਕਿਉਂ ਨਾ ਹੋਵੇ, ਮੈਂ ਭੇਸ ਕਦੀ ਨਾ ਬਦਲਦਾ। ਜੇ ਮੈਂ ਘਰ ਕੋਈ ਭੇਸ ਬਦਲ ਕੇ ਵੇਖਦਾ ਤਾਂ ਮਾਲਕ ਮਕਾਨ ਨੂੰ ਇਕ ਨਾ ਇਕ ਦਿਨ ਪਤਾ ਲੱਗ ਹੀ ਜਾਣਾ ਹੈ, ਅਤੇ ਉਹਨੂੰ ਸਾਡੇ ਉੱਤੇ ਸ਼ੱਕ ਪੈ ਜਾਣਾ ਸੀ। ਜੇ ਮੈਂ ਘਰ ਤੋਂ

ਦੂਰ ਇਹ ਤਜਰਬਾ ਕਰਕੇ ਵੇਖਦਾ, ਤਾਂ ਕਈ ਲੋਕ ਮੈਨੂੰ ਬਦਲੇ ਹੋਏ ਭੇਸ ਵਿਚ ਵੇਖਦੇ ਅਤੇ ਫਿਰ ਇਤਫਾਕ ਨਾਲ ਮੇਰੇ ਅਸਲ ਰੂਪ ਵਿਚ ਵੀ ਵੇਖ ਲੈਂਦੇ। ਇਸ ਤਰ੍ਹਾਂ ਕਈਆਂ ਦਾ ਧਿਆਨ ਮੇਰੇ ਵੱਲ ਖਿੱਚਿਆ ਜਾਂਦਾ। ਕਈ ਮੇਰੇ ਤੇ ਯਕੀਨ ਹੀ ਨਾ ਕਰਦੇ - ਮੈਂ ਤਾਂ ਚੁੱਪਚਾਪ ਇਸ ਤਰ੍ਹਾਂ ਰਹਿਣਾ ਚਾਹੁੰਦਾ ਸਾਂ। ਜੇ ਕੋਈ ਸਾਡੇ ਵੱਲ ਵੇਖੇ ਹੀ ਨਾ। ਮੈਂ ਆਪਣੇ ਅਸਲ ਰੂਪ ਵਿਚ ਹੁਣ ਤਕ ਰਿਹਾ ਸਾਂ ਤੇ ਅੰਤ ਤਕ ਇਸ ਤਰ੍ਹਾਂ ਹੀ ਰਵਾਂਗਾ।

ਗੱਡੀ ਵੈਲਮਿੰਗਮ ਦੁਪਹਿਰ ਤੋਂ ਥੋੜ੍ਹਾ ਚਿਰ ਮਗਰੋਂ ਪੁੱਜੀ।

ਵੈਲਮਿੰਗਮ ਦੀਆਂ ਗਲੀਆਂ ਵਿਚੋਂ ਲੰਘਦਿਆਂ ਮੈਂ ਵੇਖਿਆ, ਚਾਰੇ ਪਾਸੇ ਇਕ ਆਲਸ ਜਿਹਾ ਛਾਇਆ ਹੋਇਆ ਸੀ, ਸਭ ਪਾਸੇ ਸੁੰਨਸਾਨ ਅਤੇ ਇਕੱਲਤਾ ਦਾ ਰਾਜ ਸੀ। ਏਨੀ ਤਾਂ ਉਜਾੜ ਸ਼ਾਇਦ ਅਰਬ ਦੇ ਰੇਗਿਸਤਾਨ ਵਿਚ ਵੀ ਨਾ ਹੋਵੇਗੀ, ਸ਼ਾਇਦ ਫਿਲਸਤੀਨ ਦੇ ਖੰਡਰ ਵੀ ਏਨ ਵੀਰਾਨ ਨਾ ਹੋਣਗੇ। ਇਹ ਕਸਬਾ ਨਵਾਂ ਵਸ ਰਿਹਾ ਸੀ, ਅਤੇ ਇੰਗਲੈਂਡ ਦੇ ਕਿਸੇ ਨਵੇਂ ਵਸ ਰਹੇ ਕਸਬੇ ਵਿਚ ਲੰਘਦਿਆਂ ਦਿਲ ਘੋਰ ਨਿਰਾਸ਼ਾ ਨਾਲ ਡੁਬਦਾ ਜਾਂਦਾ ਹੈ। ਮੇਰਾ ਇਹ ਹਾਲ ਹੋ ਰਿਹਾ ਸੀ। ਦੁਕਾਨਦਾਰ ਆਪਣੀਆਂ ਸਖਣੀਆਂ ਦੁਕਾਨਾਂ ਵਿਚੋਂ ਦੀ ਝਾਕ ਕੇ ਮੇਰੇ ਵੱਲ ਦੇਖਦੇ ਅਤੇ ਅਧ ਬਣੇ

ਘਰ ਬੰਦਿਆਂ ਦੀ ਉਡੀਕ ਕਰ ਰਹੇ ਦਿਸਦੇ ਸਨ। ਦਰੱਖਤ ਵੀ ਕੁਮਲਾਏ ਹੋਏ ਖੜੇ ਸਨ- ਗੱਲ ਕੀ, ਜੋ ਜੋ ਚੀਜ਼ ਮੈਂ ਵੇਖਦਾ ਤੁਰਿਆ ਜਾ ਰਿਹਾ ਸਾਂ, ਸਭ ਮੇਰੇ ਪ੍ਰਸ਼ਨ ਦਾ ਇਕ ਹੀ ਉੱਤਰ ਦੇ ਰਹੀਆਂ ਹਨ। ਇਹੀ ਕਿ ਅਰਬ ਦੇ ਰੇਤਲੇ ਹਿੱਸੇ ਸ਼ਾਂਤੀ ਸਭਿਅਤਾ ਦੀ ਦੇਣ, ਇਸ ਘੋਰ ਨਿਰਾਸ਼ਾ ਤੋਂ ਅਨਜਾਣ ਹਨ, ਕਿ ਫਿਲਸਤੀਨ ਦੇ ਖੰਡਰ ਸਾਡੀ ਅਧੁਨਿਕ ਜ਼ਿੰਦਗੀ ਉਦਾਸੀ ਨੂੰ ਨਹੀਂ ਜਾਣਦੇ।

ਮੈਂ ਵੈਲਮਿੰਗਮ ਦੇ ਉਸ ਪਾਸ ਦਾ ਪਤਾ ਪੁੱਛਿਆ ਜਿਧਰ ਮਿਸਜ਼ ਕੈਥੇਰਿਕ ਰਹਿੰਦੀ ਸੀ। ਉਥੇ ਪੁੱਜ ਕੇ ਮੈਂ ਵੇਖਿਆ, ਕਿ ਉਥੇ ਸਾਰੇ ਘਰ ਛੋਟੇ ਅਤੇ ਇਕ ਮੰਜ਼ਿਲੇ ਸਨ। ਸੁਕੇਅਰ ਦੇ ਵਿਚਕਾਰ ਕਰਕੇ ਇਕ ਛੋਟਾ ਜਿਹਾ ਘਾਹ ਦਾ ਲਾਨ ਸੀ, ਜਿਸ ਨੂੰ ਸਸਤੀ ਜਿਹੀ ਕਡਿਆਲੀ ਤਾਰ ਨਾਲ ਵਲਿਆ ਹੋਇਆ ਸੀ। ਇਕ ਵੱਡੀ ਉਮਰ ਦੀ ਆਇਆ ਦੇ ਬੱਚਿਆ ਨੂੰ ਲੈ ਕੇ ਘਾਹ ਦੇ ਕੋਲ ਖੜੀ ਇਕ ਮਾੜੀ ਜੇਹੀ ਬੱਕਰੀ ਨੂੰ ਘਾਹ ਖਾਦਿਆ ਵੇਖ ਰਹੀ ਸੀ ਜੋ ਘਰਾਂ ਦੇ ਅਗੇ ਦੋ ਆਦਮੀ ਖੜੇ ਆਪਸ ਵਿਚ ਗੱਲਾਂ ਕਰ ਰਹੇ ਸਨ ਅਤੇ ਇਕ ਵਿਹਲੜ ਨਿੱਕਾ ਮੁੰਡਾ

ਇਕ ਵਿਹਲੜ ਕੁੱਤੇ ਨੂੰ ਖਿੱਚ ਧਰੂਹ ਰਿਹਾ ਸੀ। ਦੂਰੋਂ ਇਕ ਪਿਆਨੋ ਵੱਜਣ ਦੀ ਆਵਾਜ ਆ ਰਹੀ ਸੀ ਜੋ ਇਕ ਹਥੌੜੇ ਦੀ ਠਕ ਠਕ ਨਾਲ ਪੂਰੀ ਤਰ੍ਹਾਂ ਸੁਣੀ ਨਹੀਂ ਸੀ ਜਾ ਸਕਦੀ। ਮੈਂ ਸੁਕੇਅਰ ਵਿਚ ਵੜਿਆ ਤਾਂ ਓਥੇ ਇਹੀ ਕੁਝ ਸੀ ਜੋ ਮੈਂ ਵੇਖਿਆ।

ਮੈਂ ਇਕ ਦਮ ਹੀ ਮਿਸਿਜ਼ ਕੈਥੇਰਿਕ ਦਾ ਤੇਰ੍ਹਾਂ ਨੰਬਰ ਦਾ ਬੂਹਾ ਜਾ ਖੜਕਾਇਆ। ਮੈਂ ਇਹ ਵੀ ਨਾ ਸੋਚਿਆ ਕਿ ਮੈਂ ਉਹਨੂੰ ਕੀ ਕਹਿਣਾ ਹੈ। ਪਹਿਲਾਂ ਮੈਂ ਉਹਨੂੰ ਵੇਖ ਕੇ ਫਿਰ ਸੋਚਾਂਗਾ ਕਿ ਆਪਣਾ ਮਤਲਬ ਹਲ ਕਰਨ ਲਈ ਉਸ ਨਾਲ ਕਿਸ ਤਰ੍ਹਾਂ ਗੱਲ ਸ਼ੁਰੂ ਕਰਨੀ ਚਾਹੀਦੀ ਹੈ।

ਮੈਨੂੰ ਇਕ ਅਧਖੜ ਉਮਰ ਦੀ ਉਦਾਸ ਜੇਹੀ ਨੌਕਰਾਣੀ ਨੇ ਬੂਹਾ ਖੋਲਿਆ। ਮੈਂ ਉਹਨੂੰ ਆਪਣਾ ਕਾਰਡ ਦਿਤਾ, ਅਤੇ ਕਿਹਾ ਕਿ ਮੈਂ ਮਿਸਿਜ਼ ਕੈਥੇਰਿਕ ਨੂੰ ਮਿਲਣਾ ਚਾਹੁੰਦਾ ਹਾਂ। ਉਹ ਕਾਰਡ ਲੈ ਗਈ ਅਤੇ ਝਟ ਹੀ ਵਾਪਸ ਮੁੜ ਆਈ। ਉਹ ਮੇਰੇ ਕੋਲੋਂ ਆਉਣ ਦਾ ਕਾਰਨ ਪੁੱਛ ਰਹੀ ਸੀ।

"ਤੁਸੀਂ ਕਹਿ ਦਿਓ ਕਿ ਮੈਂ ਉਹਨਾਂ ਦੀ ਲੜਕੀ ਬਾਰੇ ਮਿਲਣ ਆਇਆ ਹਾਂ। ਉਸ ਵੇਲੇ ਮੈਂ ਇਹੀ ਬਹਾਨਾ ਸਭ ਤੋਂ ਚੰਗਾ ਸਮਝਿਆ। ਨੌਕਰਾਣੀ ਮੁੜ ਕੇ ਅੰਦਰ ਗਈ ਅਤੇ ਫਿਰ ਆ ਕੇ ਮੈਨੂੰ ਹੈਰਾਨ ਹੋਈ ਹੋਈ ਅੰਦਰ ਲੈ ਗਈ।

ਨੌਕਰਾਣੀ ਨਾਲ ਮੈਂ ਜਿਸ ਕਮਰੇ ਵਿਚ ਦਾਖਿਲ ਹੋਇਆ। ਉਸ ਦੀਆਂ ਕੰਧਾਂ ਤੇ ਬੜਾ ਭੜਕੀਲਾ ਅਤੇ ਵੱਡੇ ਵੱਡੇ ਫੁੱਲਾਂ ਵਾਲਾ ਕਾਗਜ ਲਗਾ ਹੋਇਆ ਸੀ। ਮੇਜ਼, ਅਲਮਾਰੀ, ਕੁਰਸੀਆਂ, ਅਤੇ ਸੋਫੇ ਸਭ ਸਸਤੇ ਕਪੜੇ ਨਾਲ ਸਜਾਏ ਗਏ ਸਨ; ਕਮਰੇ ਦੇ ਬਿਲਕੁਲ ਵਿਚਕਾਰ ਇਕ ਵੱਡੇ ਸਾਰੇ ਮੇਜ਼ ਦੇ ਐਨ ਵਿਚ ਕਰਕੇ ਇਕ ਲਾਲ ਤੇ ਪੀਲੀ ਉਨੀ ਚਟਾਈ ਦੇ ਉਪਰ ਇਕ ਬੜੀ ਸੁਹਣੀ ਬਾਈਬਲ ਰੱਖੀ ਹੋਈ ਸੀ। ਖਿੜਕੀ ਦੇ ਨੇੜੇ ਇਕ ਮੇਜ਼ ਦੇ ਕੋਲ ਆਪਣੀ ਝੋਲੀ ਵਿਚ ਸਲਾਈਆਂ ਰਖੀ ਇਕ ਵਡੇਰੀ ਉਮਰ ਦੀ ਔਰਤ ਬੈਠੀ ਸੀ; ਉਹਦੇ ਪੈਰਾਂ ਕੋਲ ਇਕ ਚੁੰਨੀਆਂ ਅੱਖਾਂ ਵਾਲਾ ਸਪੇਨੀਅਲ ਬੈਠਾ ਸੀ; ਜਿਸਦੇ ਸਾਹ ਦੀ ਆਵਾਜ ਘਰੜ-ਘਰੜ ਕਰਕੇ ਆ ਰਹੀ ਸੀ। ਉਸ ਔਰਤ ਨੇ ਕਾਲਾ ਸਿਲਕ ਦਾ ਗਾਊਨ ਪਹਿਨਿਆ ਹੋਇਆ ਸੀ; ਅਤੇ ਸਿਰ ਉਤੇ ਕਾਲੀ ਜਾਲੀ ਦੀ ਟੋਪੀ ਪਾਈ ਹੋਈ ਸੀ। ਹੱਥਾਂ ਉਤੇ ਸਲੇਟੀ

ਰੰਗ ਦੇ ਦਸਤਾਨੇ ਸਨ। ਉਹਦੇ ਕਰੜੇ ਬਰੜੇ ਸੰਘਣੇ ਵਾਲ ਉਹਦੇ ਚਿਹਰੇ ਦੇ ਦੋਵੇਂ ਪਾਸੇ ਅਗੇ ਕਰਕੇ ਵਾਹੇ ਹੋਏ ਸਨ। ਉਹ ਆਪਣੇ ਸਾਹਮਣੇ ਹੀ ਨੀਝ ਲਾਕੇ ਦੇਖ ਰਹੀ ਸੀ। ਉਹਦੀ ਤਕਣੀ ਵਿਚੋਂ ਕੁਝ ਵੀ ਨਹੀਂ ਸੀ ਪੜ੍ਹਿਆ ਜਾ ਸਕਦਾ, ਉਹਦਾ ਮੂੰਹ ਭਾਰਾ ਅਤੇ ਠੋਡੀ ਲਮੂਤਰੀ, ਅਤੇ ਰੰਗ ਹੀਣ ਬੁਲ ਸਨ। ਉਹ ਦੂਹਰੇ ਪਿੰਡੇ ਦੀ ਸੀ, ਅਤੇ ਆਪਣੇ ਆਪ ਵਿਚ ਉਹਨੂੰ ਬਹੁਤ ਵਿਸ਼ਵਾਸ ਦਿਸਦਾ ਸੀ ਤਾਂ ਇਹ ਮਿਸਿਜ਼ ਕੈਥੇਰਿਕ ਸੀ। ਮੈਂ ਅਜੇ ਮੂੰਹੋਂ ਇਕ ਵੀ ਸ਼ਬਦ ਨਹੀਂ ਸੀ ਕੱਢਿਆ ਪਹਿਲਾਂ ਉਹੀ ਬੋਲੀ, -

"ਤੁਸੀਂ ਮੇਰੀ ਲੜਕੀ ਬਾਰੇ ਕੁਝ ਕਹਿਣ ਆਏ ਹੋ; ਜੋ ਕੁਛ ਕਹਿਣਾ ਹੈ ਕਹੋ-ਮੈਂ ਸੁਣ ਰਹੀ ਹਾਂ।" ਉਹਦਾ ਲਹਿਜਾ ਵੀ ਉਹਦੀਆਂ ਤਕਣੀਆਂ ਵਾਂਗ ਕਠੋਰ ਅਤੇ ਗੁਸਤਾਖ ਸੀ। ਉਹਨੇ ਇਕ ਕੁਰਸੀ ਵੱਲ ਇਸ਼ਾਰਾ ਕੀਤਾ ਅਤੇ ਮੈਨੂੰ ਸਿਰ ਤੋਂ ਪੈਰਾ ਤੀਕ ਗਹੁ ਨਾਲ ਵੇਖਿਆ। ਮੈਂ ਬੈਠ ਗਿਆ। ਮੈਂ ਇਹ ਵੇਖ ਲਿਆ ਸੀ ਇਸ ਔਰਤ ਨਾਲ ਕਠੋਰ ਤੇ ਗੁਸਤਾਖ ਹੋ ਕੇ ਹੀ ਕੰਮ ਨਿਕਲੱਗਾ ਨਰਮੀ ਨਾਲ ਮੇਰਾ ਕੰਮ ਇਥੇ ਨਹੀਂ ਸੀ ਬਣਦਾ ਦਿਸਦਾ।

"ਕੀ ਤੁਸੀਂ ਜਾਣਦੇ ਹੋ ਕੇ ਕੁਹਾਡੀ ਪੁੱਤਰੀ ਗਵਾਚ ਗਈ ਹੈ-?'

"ਮੈਂ ਚੰਗੀ ਤਰ੍ਹਾਂ ਜਾਣਦੀ ਹਾਂ?"

"ਕੀ ਤੁਹਾਨੂੰ ਇਹ ਡਰ ਮਹਿਸੂਸ ਹੋਇਆ ਹੈ, ਕਿ ਉਹ ਕਿਧਰੇ ਮਰ ਹੀ ਨਾ ਗਈ ਹੋਵੇ"

"ਹਾ"

"ਕਿਉਂ?"

ਉਹਨੇ ਇਹ ਅਜੀਬ ਪ੍ਰਸ਼ਨ ਪੁੱਛਿਆ, ਤਾਂ ਉਹਦੇ ਮੂੰਹ ਅਤੇ ਉਹਦੇ ਲਹਿਜੇ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਪ੍ਰੀਵਰਤਨ ਨਹੀਂ ਆਇਆ ਸੀ। ਜੇ ਮੈਂ ਉਹਨੂੰ ਬਾਹਰ ਖੜੀ ਬੱਕਰੀ ਮਰ ਜਾਣ ਦੀ ਖ਼ਬਰ ਸੁਣਾਂਦਾ; ਸ਼ਾਇਦ ਉਹਦੇ ਤੇ ਇਹੀ ਅਸਰ ਹੁੰਦਾ; ਜਿਵੇਂ ਉਹ ਪੱਥਰ ਦੀ ਬਣੀ ਹੋਵੇ।

"ਕਿਉਂ--? ਤੁਸੀਂ ਇਹ ਪੁਛਦੇ ਹੋ, ਕਿ ਮੈਂ ਕਿਉਂ ਤੁਹਾਡੀ ਲੜਕੀ ਦੀ ਮੌਤ ਦੀ ਖ਼ਬਰ ਲਿਆਇਆ ਹਾਂ?"

"ਹਾਂ ਤੁਹਾਨੂੰ ਮੇਰੇ ਜਾਂ ਉਹਦੇ ਵਿਚ ਕੀ ਦਿਲਚਸਪੀ ਹੈ? ਤੁਹਾਨੂੰ ਮੇਰੀ ਲੜਕੀ ਦਾ ਪਤਾ ਹੀ ਕਿਵੇਂ ਲਗਾ?"

"ਜਿਸ ਰਾਤ ਉਹ ਪਾਗਲਖ਼ਾਨੇ ਵਿੱਚੋਂ ਨੱਸੀ ਸੀ, ਮੈਂ ਹੀ ਥਾਂ ਸਿਰ ਪਹੁੰਚਣ ਵਿਚ ਉਹ ਮਦਦ ਕੀਤੀ ਸੀ।"

"ਤੁਸੀਂ ਬਹੁਤ ਗਲਤ ਕੰਮ ਕੀਤਾ ਸੀ।"

"ਉਹਦੀ ਮਾਂ ਹੀ ਇਹ ਕਹਿ ਰਹੀ ਹੈ; ਬੜਾ ਅਫ਼ਸੋਸ ਹੈ।"

"ਉਹਦੀ ਮਾਂ ਇਹੀ ਕਹੇਗੀ! ਤੁਹਾਨੂੰ ਕਿੰਜ ਪਤਾ ਹੈ ਕਿ ਉਹ ਮਰ ਚੁੱਕੀ ਹੈ!"

"ਮੈਂ" ਇਹ ਨਹੀਂ ਦਸ ਸਕਦਾ; ਪਰ ਉਹ ਮਰ ਚੁੱਕੀ ਹੈ !"

"ਕੀ ਤੁਸੀਂ ਇਹ ਦਸ ਸਕਦੇ ਹੋ ਕਿ ਤੁਹਾਨੂੰ ਮੇਰਾ ਪਤਾ ਕਿਵੇਂ ਪਤਾ ਲੱਗਾ?'

"ਜ਼ਰੂਰ-ਮਿਸਜ਼ ਕੈਲੀਮੈਂਟਸ ਕੋਲੋਂ।"

"ਮਿਸਜ਼ ਕਲੀਮੈਂਟਸ ਬੇਵਕੂਫ਼ ਔਰਤ ਹੈ, ਕੀ ਉਹਨੇ ਤੁਹਾਨੂੰ ਇਥੇ ਆਉਣ ਲਈ ਕਿਹਾ ਹੈ?"

"ਨਹੀਂ।"

"ਤਾਂ ਮੈਂ ਮੁੜ ਪਛਦੀ ਹਾਂ, ਕਿ ਤੁਸੀਂ ਮੇਰੇ ਕੋਲ ਕਿਉਂ ਆਏ ਹੋ?"

"ਉਹ ਇਸ ਗੱਲ ਦਾ ਜਵਾਬ ਮੰਗ ਰਹੀ ਸੀ, ਮੈਂ ਮੈਂ' ਸੋਚਿਆ ਕਿ ਉਹਨੂੰ ਸਪਸ਼ਟ ਉੱਤਰ ਹੀ ਦਿਆਂਗਾ।"

'ਮੈਂ' ਸੋਚਿਆ ਸੀ ਕਿ ਏਨ ਕੈਥੇਰਿਕ ਦੀ ਮਾਂ ਨੂੰ ਸ਼ਾਇਦ ਇਹ ਚਿੰਤਾ ਹੋਵੇਗੀ ਕਿ ਉਹ ਜੀਉਂਦੀ ਹੈ ਜਾਂ ਮਰ ਚੁੱਕੀ ਹੈ।"

"ਬਸ !" ਜਿਵੇਂ ਹੁਣ ਉਹ ਬੇਫਿਕਰ ਹੋ ਗਈ ਹੋਵੇ? "ਕੀ ਤਹਾਨੂੰ ਕਈ ਹੋਰ ਕੰਮ ਤਾਂ ਨਹੀਂ?"

ਮੈਂ ਰਤਾ ਝਿਜਕਿਆ, ਇਸ ਸਵਾਲ ਦਾ ਝਟਪਟ ਹੀ ਕੀ ਉੱਤਰ ਦਿਆਂ। ਮੈਂ ਫੈਸਲਾ ਨਾ ਕਰ ਸਕਿਆ।

"ਜੇ ਤੁਹਾਨੂੰ ਹੋਰ ਕੋਈ ਕੰਮ ਨਹੀਂ, ਤਾਂ ਮੈਂ ਤੁਹਾਡੀ ਧੰਨਵਾਦੀ ਹਾਂ।"

ਇਹ ਕਹਿ ਕੇ ਉਹਨੇ ਮੇਰੇ ਸਾਹਮਣੇ ਹੀ ਜਾਣ ਬੁਝ ਕੇ ਆਪਣੇ ਸਲੇਟੀ ਰੰਗ ਦੇ ਦਸਤਾਨ ਲਾਹ ਦਿਤੇ ਅਤੇ ਬੋਲੀ, "ਹੁਣ ਮੈਂ ਤੁਹਾਨੂੰ ਹੋਰ ਨਹੀਂ ਰੋਕਾਂਗੀ। ਜੇ ਤੁਸੀਂ ਇਹ ਦਸ ਸਕਦੇ ਕਿ ਤੁਹਾਨੂੰ ਇਹ ਖ਼ਬਰ ਕਿਵੇਂ ਪਤਾ ਲਗੀ ਹੈ, ਤਾਂ ਹੋਰ ਵੀ ਚੰਗਾ ਹੁੰਦਾ ਖ਼ੈਰ। ਮੈਂ ਸੋਗ ਦੇ ਕਪੜੇ ਪਾਈ ਬੈਠੀ ਹਾਂ ਅਤੇ ਮੈਂ ਦਸਤਾਨੇ ਉਤਾਰ ਕੇ ਹੁਣ ਸਿਰਫ਼ ਕਾਲੇ ਹੀ ਕਪੜਿਆ ਵਿਚ ਹਾਂ?'

ਉਹਨੇ ਆਪਣੇ ਗਾਊਨ ਦੀ ਜੇਬ ਵਿਚ ਹੱਥ ਪਾਇਆ, ਅਤੇ ਉਹਦੇ ਵਿਚੋਂ ਕਾਲੀ ਲੈਸ ਦੇ ਦਸਤਾਨੇ ਕਢਕੇ ਪਾ ਲਏ। ਉਹਦੇ ਮੂੰਹ ਉੱਤੇ ਇਸ ਦੁਖਦਾਈ ਖ਼ਬਰ ਦਾ ਕੋਈ ਅਸਰ ਨਹੀਂ ਸੀ ਹੋਇਆ ਦਿਸਦਾ। ਪੱਥਰ ਦਾ ਬੁੱਤ ਬਣੀ ਹੋਈ ਉਹ ਬੈਠੀ ਸੀ। ਉਹਨੇ ਆਪਣੇ ਹੱਥ ਆਪਣੀ ਝੋਲੀ ਵਿਚ ਕਸ ਲਏ।

"ਮੈਂ ਤੁਹਾਨੂੰ ਹੁਣ ਨਮਸਕਾਰ ਕਰਾਂਗੀ।"

ਉਹਦੀ ਇਸ ਢੀਠਤਾਈ ਨਾਲ ਮੈਂ ਝਟਪਟ ਆਪਣੇ ਮਤਲਬ ਦੀ ਗੱਲ ਤੇ ਆਇਆ ਅਤੇ ਖਿੱਝ ਕੇ ਬੋਲਿਆ

"ਮੈਨੂੰ ਹੋਰ ਵੀ ਇਕ ਕੰਮ ਹੈ !"

"ਹਾਂ, ਮੈਂ ਵੀ ਇਹੀ ਸੋਚਿਆ ਸੀ।" ਮਿਸਜ਼ ਕੈਥੇਰਿਕ ਨੇ ਉੱਤਰ ਦਿੱਤਾ।

"ਤੁਹਾਡੀ ਲੜਕੀ ਦੀ ਮੌਤ----"

"ਉਹਦੀ ਮੌਤ ਦਾ ਕੀ ਕਾਰਨ ਸੀ?"

"ਦਿਲ ਦੀ ਬੀਮਾਰੀ ਨਾਲ।"

"ਅਗੋਂ ਕਹੀ ਚਲੋ !"

"ਤੁਹਾਡੀ ਲੜਕੀ ਦੀ ਮੌਤ ਦੇ ਬਹਾਨੇ ਮੇਰੇ ਇਕ ਅਤਿ ਪਿਆਰੇ ਮਿੱਤਰ ਨਾਲ ਵਧੀਕੀ ਕੀਤੀ ਗਈ ਹੈ; ਜਿਥੇ ਤੀਕ ਮੈਂ ਜਾਣਦਾ ਹਾਂ, ਇਸ ਛੱਲ ਕਪਟ ਦੀ ਦੋਹਾਂ ਆਦਮੀ-ਗੌਂਦ ਗੁੰਦੀ ਸੀ। ਉਨ੍ਹਾਂ ਵਿਚੋਂ ਇਕ ਸਰ ਪਰਸੀਵਲ ਗਲਾਈਡ ਹੈ।"

"ਸਚਮੁੱਚ!"

ਮੈਂ ਗੱਲ ਕਰਦਿਆਂ ਬੜੇ ਧਿਆਨ ਨਾਲ ਵੇਖਦਾ ਰਿਹਾ, ਕਿ ਸਰ ਪਰਸੀਵਲ ਦਾ ਨਾਂ ਲੈਣ ਉਤੇ ਕੀ ਉਹ ਤ੍ਰਬਕਦੀ ਹੈ। ਪਰ ਨਹੀਂ, ਉਹਦੇ ਮੂੰਹ ਤੇ ਕੋਈ ਭਾਵ ਨਹੀਂ ਸੀ ; ਉਹਦੀ ਉਹ ਕਠੋਰ ਤੇ ਢੀਠ ਤਕਣੀ ਰਤਾ ਵੀ ਨਹੀਂ ਕੰਬੀ ਸੀ।

"ਤੁਸੀਂ ਹੈਰਾਨ ਹੋਵੋਗੇ, ਕਿ ਤੁਹਾਡੀ ਬੱਚੀ ਦੀ ਮੌਤ ਰਾਹੀਂ ਕਿਸ ਤਰ੍ਹਾਂ ਕਿਸੇ ਹੋਰ ਆਦਮੀ ਨੂੰ ਤੰਗ ਕੀਤਾ ਜਾ ਸਕਦਾ ਹੈ?"

"ਨਹੀਂ, ਮੈਂ ਬਿਲਕੁਲ ਇਸ ਗੱਲ ਬਾਰੇ ਸੋਚ ਹੀ ਨਹੀਂ ਸਕਦੀ ਸੀ। ਇਹ ਤੁਹਾਡਾ ਆਪਣਾ ਮਾਮਲਾ ਹੈ-ਤੁਹਾਨੂੰ ਮੇਰੀਆਂ ਗੱਲਾਂ ਵਿਚ ਕੋਈ ਦਿਲਚਸਪੀ ਹੈ; ਪਰ ਮੇਰੀ ਤੁਹਾਡੇ ਕਿਸੇ ਮਾਮਲੇ ਵਿਚ ਨਹੀਂ।" ਮਿਸਜ਼ ਕੈਥੇਰਿਕ ਨੇ ਉਸੇ ਹੀ ਲਹਿਜੇ ਵਿਚ ਉੱਤਰ ਦਿੱਤਾ।

"ਤੁਸੀਂ ਘੱਟ ਤੋਂ ਘੱਟ ਇਹ ਤਾਂ ਪੁਛੋ ਕਿ ਮੈਂ ਤੁਹਾਡੇ ਸਾਹਮਣੇ ਇਹ ਗੱਲਾਂ ਕਿਉਂ ਕਰ ਰਿਹਾ ਹਾਂ?"

"ਹਾਂ ਇਹ ਤਾਂ ਮੈਂ ਪੁੱਛਾਂਗੀ !

"ਮੈਂ ਤੁਹਾਡੇ ਸਾਹਮਣੇ ਇਸ ਲਈ ਇਹ ਗੱਲਾਂ ਕਰ ਰਿਹਾ ਹਾਂ, ਕਿਉਂਕਿ ਮੈਂ ਸਰ ਪਰਸੀਵਲ ਕੋਲੋਂ ਇਸ ਬਦਨਾਮੀ ਦਾ ਬਦਲਾ ਪੂਰਾ-ਪੂਰਾ ਲਵਾਂਗਾ।"

"ਤੁਸੀਂ ਨਿਸ਼ਚਾ ਕਰ ਲਿਆ ਹੈ, ਠੀਕ ਹੈ, ਪਰ ਮੇਰਾ ਇਸ ਵਿਚ ਕੀ ਦਖ਼ਲ ਹੈ?"

"ਤੁਹਾਨੂੰ ਹੌਲੀ-ਹੌਲੀ ਸਭ ਦਸ ਰਿਹਾ ਹਾਂ। ਸਰ ਪਰਸੀਵਲ ਦੀ ਪਹਿਲੀ ਜ਼ਿੰਦਗੀ ਦੀਆਂ ਕਈ ਘਟਨਾਵਾਂ ਹਨ; ਜਿਨ੍ਹਾਂ ਨੂੰ ਮੈਂ ਜਾਣਨਾ ਚਾਹੁੰਦਾ ਹਾਂ। ਤੁਸੀਂ ਸਭ ਜਾਣਦੇ ਹੋ, ਮੈਂ ਇਸ ਲਈ ਤੁਹਾਡੇ ਕੋਲ ਆਇਆ ਹਾਂ।

"ਤੁਹਾਡਾ ਇੰਨ੍ਹਾਂ ਘਟਨਾਵਾਂ ਤੋਂ ਭਾਵ ਹੈ -?

"ਉਹ ਘਟਨਾਵਾਂ ਜੋ ਉਦੋਂ ਵਾਪਰਦੀਆਂ; ਜਦੋਂ ਤੁਹਾਡਾ ਪਤੀ ਪੁਰਾਣੇ ਵੈਲਮਿੰਗਮ ਦੇ ਗਿਰਜ਼ੇ ਵਿਚ ਕਲਰਕ ਸੀ, ਘਟਨਾਵਾਂ ਜੋ ਤੁਹਾਡੀ ਬੱਚੀ ਦੇ ਜਨਮ ਤੋਂ ਪਹਿਲਾਂ ਹੋਈਆਂ ਬੀਤੀਆਂ ਹਨ !'

ਅੰਤ ਮੈਂ ਉਹਦੇ ਮੂੰਹ ਤੋਂ ਉਹ ਨਕਾਬ ਉਤਾਰਨ ਵਿਚ ਸਫਲ ਹੋ ਗਿਆ ਸਾਂ; ਉਹਦੀਆਂ ਅੱਖਾਂ ਵਿਚ ਗੁੱਸੇ ਦੀਆਂ ਲਪਟਾਂ ਦਿਸ ਰਹੀਆਂ ਸਨ। ਉਹਦੇ ਹੱਥ ਵੀ ਕਿਸੇ ਵੈਗ

ਵਿਚ ਕੰਬਦੇ ਪਏ ਸਨ। ਬੇਚੈਨੀ ਵਿਚ ਉਹਨੇ ਮਠਾਂ ਵੱਟੀਆਂ, ਪਰ ਫਿਰ ਗੋਡਿਆਂ ਉਤੋਂ ਆਪਣੇ ਗਾਊਨ ਨੂੰ ਸਿੱਧਾ ਕਰਨ ਲਗ ਪਈ।

"ਤੁਸੀਂ ਉਨ੍ਹਾਂ ਦਿਨਾਂ ਬਾਰੇ ਕੀ ਜਾਣਦੇ ਹੋ -?

"ਮੈਂ" ਸਭ ਜਾਣਦਾ ਹਾਂ, ਜੋ ਮਿਸਜ਼ ਕਲੀਮੈਂਟਸ ਜਾਣਦੀ ਹੈ !"

ਇਕ ਛਣ ਲਈ ਉਹਦਾ ਚਿਹਰਾ ਲਾਲ ਹੋ ਗਿਆ। ਉਹਦੇ ਹੱਥ ਜਿਥੇ ਪਏ ਸਨ, ਇਕ ਪਲ ਉਥੇ ਹੀ ਅਹਿੱਲ ਪਏ ਰਹੇ ਜਾਪਦਾ ਸੀ ਕਿ ਹੁਣੇ ਉਹ ਗੁੱਸੇ ਦੇ ਉਬਾਲ ਵਿਚ ਉਹ ਮੇਰੇ ਤੇ ਵਰ੍ਹ ਪਵੇਗੀ। ਅਤੇ ਸਭ ਕੁਝ ਦਸ ਦਏਗੀ; ਪਰ ਕੁਝ ਨਾਂ ਹੋਇਆ। ਉਹਨੇ ਆਪਣੇ ਗੁੱਸੇ ਨੂੰ ਕਾਬੂ ਕਰ ਲਿਆ ਸੀ। ਆਪਣੀ ਕੁਰਸੀ ਨਾਲ ਢਾਅ ਲਾ ਕੇ ਉਹਨੇ ਆਪਣੀਆਂ ਬਾਹਾਂ ਛਾਤੀ ਉੱਤੇ ਰੱਖ ਲਈਆਂ। ਮੇਰੇ ਵੱਲ ਘੂਰੀ ਵੱਟ ਕੇ ਵੇਖਿਆ ਅਤੇ ਮੋਟੇ ਬੁਲ੍ਹਾਂ ਉਤੇ ਵਿਅੰਗ ਮਈ ਮੁਸਕਾਨ ਲਿਆ ਕੇ ਬੋਲੀ !--

ਹੱਛਾ ਤਾਂ ਹੁਣ ਮੈਨੂੰ ਸਮਝ ਆ ਰਹੀ ਹੈ।"

ਉਹਦਾ ਗੁੱਸਾ ਇਨ੍ਹਾਂ ਚੁਭਵੇਂ ਸਬਦਾਂ ਵਿਚ ਸਪਸ਼ਟ ਝਲਕ ਰਿਹਾ ਸੀ, "ਹਾਂ ਹੈ, ਇਸ ਲਈ ਮੈਂ ਤੁਹਾਨੂੰ ਸਰ ਪਰਸੀਬਲ ਵਿਰੁੱਧ ਕੀ ਗਿਲ੍ਹਾ ਹੈ ਅਤੇ ਬਲਦਾ ਲੈਣ ਲਈ ਤੁਸੀਂ ਮੇਰੀ ਸਹਾਇਤਾ ਲੈਣ ਆਏ ਹੋ, ਇਸ ਲਈ ਮੈਂ ਤੁਹਾਨੂੰ ਆਪਣੇ ਸਰ ਪਰਸੀਵਲ ਬਾਰੇ ਸਭ ਕੁਝ ਦਸਾਂ-ਮੈਨੂੰ ਦਸਣਾ ਹੀ ਪਵੇਗਾ? ਕਿਉਂ ਨਹੀਂ-! ਤੁਸੀਂ ਮੇਰੇ ਨਿੱਜੀ ਮਾਮਲਿਆਂ ਵਿਚ ਨੋਕ ਝੋਕ ਕਰਦੇ ਹੋ। ਤੁਸੀਂ ਕੀ ਸਮਝ ਕੇ ਏਥੇ ਆਏ ਹੋ ਕਿ ਇਕ ਇਕਲੀ ਬਦਚਲਣ ਔਰਤ ਇਥੇ ਰਹਿ ਰਹੀ ਹੈ ਜੋ ਤੁਹਾਡੇ ਕਹਿਣ ਤੇ ਕੁਝ ਵੀ ਕਰ ਦਵੇਗੀ ਨਹੀਂ ਤਾਂ ਤੁਸੀ ਉਹਨੂੰ ਲੋਕਾਂ ਸਾਹਮਣੇ ਬਦਨਾਮ ਕਰ ਦਿਉਗੇ। ਮੈਂ ਤੁਹਾਡਾ ਮਤਲਬ ਚੰਗੀ ਤਰ੍ਹਾਂ ਸਮਝ ਲਿਆ ਹੈ ਅਤੇ ਕੁਹਾਡੀ ਕੀਮਤੀ ਸਕੀਮ ਵੀ ਮੇਰੀ ਸਮਝ ਵਿਚ ਖੂਬ ਆ ਗਈ ਹੈ, ਵਾਹਵਾ ! ਤੁਸੀਂ ਮੇਰਾ ਮਨਪ੍ਰਚਾਵਾ ਚੰਗਾ ਕਰਨ ਆਏ ਹੋ।"

ਉਹਦੀਆਂ ਬਾਹਵਾਂ ਦੀ ਕੱਸ ਹੋਰ ਸਖ਼ਤ ਹੋ ਗਈ, ਗੱਲਾਂ ਕਰਦੀ ਉਹ ਚੁਪ ਹੋ ਗਈ ਅਤੇ ਹੱਸਣ ਲੱਗ ਪਈ। ਇਹ ਹਾਸਾ ਕੀ ਸੀ! ਉਸ ਹਾਸੇ ਵਿਚ ਗੁੱਸਾ, ਕਠੋਰਤਾ ਅਤੇ ਨਿਡਰਤਾ ਸੀ ! ਉਹ ਫਿਰ ਬੋਲੀ :-- "ਤੁਸੀਂ ਨਹੀਂ ਜਾਣਦੇ ਕਿ ਮੈਂ ਇਥੇ ਕਿਵੇਂ ਰਹੀ ਹਾਂ ਅਤੇ ਮੈਂ ਕੀ ਕੀ ਕੀਤਾ ਹੈ, ਮਿਸਟਰ ਮੈਨੂੰ ਤੁਹਾਡਾ ਨਾਂ ਨਹੀਂ ਪਤਾ-ਮੈਂ ਤੁਹਾਨੂੰ ਜ਼ਰੂਰ ਦਸਾਂਗੀ ਇਸ

ਤੋਂ ਪਹਿਲਾਂ ਕਿ ਮੈਂ ਘੰਟੀ ਵਜਾਵਾਂ ਅਤੇ ਨੌਕਰਾਣੀ ਨਾਲ ਤੁਹਾਨੂੰ ਬਾਹਰ ਭੇਜਾਂ, ਮੈਂ ਜਦੋਂ ਇਥੇ ਆਈ ਤਾਂ ਮੇਰੇ ਨਾਲ ਬੜਾ ਜ਼ੁਲਮ ਹੋ ਚੁਕਾ ਸੀ। ਮੈਂ ਇਹ ਨਿਸ਼ਚਾ ਕਰਕੇ ਆਈ ਸੀ ਕਿ ਮੈਂ ਆਪਣੀ ਇਜ਼ਤ ਜ਼ਰੂਰ ਬਣਾਵਾਂਗੀ। ਮੈਂ ਸਾਲਾਂ ਦੇ ਸਾਲ ਇਸ ਲਈ ਮਿਹਨਤ ਕੀਤੀ ਹੈ, ਅਤੇ ਮੈਂ ਆਪਣੀ ਥਾਂ ਸਮਾਜ ਵਿਚ ਬਣਾਈ ਹੈ। ਮੈਂ' ਵੀ ਲੋਕਾਂ ਵਿਚ ਉਨ੍ਹਾਂ ਦੇ ਬਰਾਬਰ ਬੈਠ ਸਕਦੀ ਹਾਂ। ਜੇ ਉਹਨਾਂ ਮੇਰੀ ਕੋਈ ਗੱਲ ਕਰਨੀ ਹੋਵੇ ਤਾਂ ਉਹ ਮੇਰੀ ਪਿੱਠ ਤੇ ਹੀ ਕਰਨਗੇ। ਮੇਰੇ ਸਾਹਮਣੇ ਤਾਂ ਕਿਸੇ ਦੀ ਕੋਈ ਹਿੰਮਤ ਨਹੀਂ ਜੋ ਮੇਰੀ ਕੋਈ ਗੱਲ ਕਰੇ। ਇਸ ਸ਼ਹਿਰ ਵਿਚ ਹੁਣ ਮੇਰੀ ਬਹੁਤ ਇੱਜ਼ਤ ਹੈ;-ਤੂੰ ਮੇਰਾ ਕੁਝ ਨਹੀਂ ਵਿਗਾੜ ਸਕਦਾ। ਪਾਦਰੀ ਵੀ ਮੇਰਾ ਸਤਿਕਾਰ ਕਰਦਾ ਹੈ। ਤੁਸੀਂ ਜਦੋਂ ਇਥੇ ਆਏ ਸੀ ਤਾਂ ਤੁਹਾਨੂੰ ਇਹ ਕੁੱਝ ਪਤਾ ਨਹੀਂ ਸੀ ! ਜਾਉ, ਗਿਰਜੇ ਵਿਚੋਂ ਪਤਾ ਕਰੋ; ਉਥੇ ਮੇਰੀ ਵੀ ਸਭ ਲੋਕਾਂ ਦੇ ਵਾਂਗ ਵੱਖਰੀ ਕੁਰਸੀ ਹੈ, ਅਤੇ ਮੈਂ ਆਪਣੇ ਹਿੱਸੇ ਦੇ ਪੈਸੇ ਸਭ ਤੋਂ ਪਹਿਲਾਂ ਉਥੇ ਦੇਂਦੀ ਹਾਂ। ਤੁਸੀਂ ਟਾਊਨ ਹਾਲ ਜਾਉ। ਉਥੇ ਸਾਰੇ ਇਜ਼ਤਦਾਰ ਸ਼ਹਿਰੀਆਂ ਵਲੋਂ ਇਕ ਅਰਜ਼ੀ ਦਿੱਤੀ ਗਈ ਹੈ, ਤਾਂ ਜੋ ਸਾਡੇ ਸ਼ਹਿਰ ਵਿਚ ਇਕ ਸਰਕਸ ਨੂੰ ਆਉਣ ਦੀ ਆਗਿਆ ਨਾ ਦਿੱਤੀ ਜਾਏ, ਕਿਉਂਕਿ ਉਸ ਦੇ ਨਾਲ ਸਾਡੇ ਚਾਲ ਚਲਣ ਤੇ ਭੈੜਾ ਅਸਰ ਪੈਂਦਾ ਹੈ ! ਕੀ ਤੂੰ ਸੁਣਿਆ ਹੈ-? ਸਾਡੇ ਚਾਲਚਲਣ ਤੇ, ਅਤੇ ਮੈਂ ਇਸ ਅਰਜ਼ੀ ਉਤੇ ਅੱਜ ਸਵੇਰੇ ਹੀ ਦਸਤਖ਼ਤ ਕੀਤੇ ਹਨ। ਕਿਤਾਬਾਂ ਦੀ ਦੁਕਾਨ ਤੇ ਜਾ ਕੇ ਪਛੋਂ- ਪਾਦਰੀ ਦੇ ਭਾਸ਼ਣ ਚੰਦੇ ਨਾਲ ਛਪਵਾਏ ਜਾਂਦੇ ਹਨ। ਮੈਂ ਉਹ ਚੰਦਾ ਦੇਂਦੀ ਹਾਂ। ਪਿਛਲੀ ਵਾਰ ਡਾਕਟਰ ਦੀ ਪਤਨੀ ਨੇ ਜਿਥੇ ਇਕ ਸ਼ਲਿੰਗ ਦਾਨ ਦਿਤਾ, ਮੈਂ ਉਥੇ ਅੱਧਾ ਕਰਾਊਨ ਦਿਤਾ। ਪਾਦਰੀ ਨੇ ਸਿਰ ਝੁਕਾ ਕੇ ਮੇਰਾ ਦਾਨ ਲਿਆ। ਦਸ ਸਾਲ ਪਹਿਲਾਂ ਉਸਨੇ ਹੀ ਕਿਹਾ ਸੀ, ਕਿ ਮੈਨੂੰ ਇਸ ਸ਼ਹਿਰ ਵਿਚੋਂ ਚਾਬੁਕਾਂ ਮਾਰ ਕੇ ਕੱਢ ਦੇਣਾ ਚਾਹੀਦਾ ਹੈ। ਕੀ ਤੇਰੀ ਮਾਂ ਜੀਉਂਦੀ ਹੈ ਕੀ ਉਹਦੇ ਮੇਜ਼ ਤੇ ਇਸ ਤੋਂ ਚੰਗੀ ਬਾਈਬਲ ਹੈ? ਕੀ ਉਹਦੇ ਦੁਕਾਨਦਾਰਾਂ ਨਾਲ ਮੇਰੇ ਤੋਂ ਵੀ ਚੰਗੇ ਸੰਬੰਧ ਹਨ? ਕੀ ਉਹ ਹਮੇਸ਼ਾਂ ਮੇਰੇ ਵਾਂਗ ਆਪਣੀ ਆਮਦਨ ਦੇ ਅੰਦਰ-ਅੰਦਰ ਹੀ ਗੁਜ਼ਾਰਾ ਕਰਦੀ ਰਹੀ ਹੈ? ਔਹ ਸਾਹਮਣੇ ਪਾਦਰੀ ਸੁਕੇਅਰ ਵਲੋਂ ਆ ਰਿਹਾ ਹੈ ਦੇਖ ਲੈ ਮਿਸਟਰ, ਆਪਣੀਆਂ ਅੱਖਾਂ ਨਾਲ ਵੱਖ ਲੇ।"

ਉਹ ਇਕ ਜਵਾਨ ਕੁੜੀ ਦੀ ਫੁਰਤੀ ਨਾਲ ਉਠੀ, ਅਤੇ ਜਾ ਕੇ ਖਿੜਕੀ ਵਿਚ ਖੜੀ ਹੋ ਗਈ। ਪਾਦਰੀ ਨੇ ਆਪਣਾ ਹੇਟ ਲਾਹ ਕੇ ਉਹਨੂੰ ਸਿਰ ਝੁਕਾਇਆ ਅਤੇ ਲੰਘ ਗਿਆ।

ਮਿਸਿਜ਼ ਕੈਥੇਰਿਕ ਨੇ ਵੀ ਬੜੀ ਗੰਭੀਰਤਾ ਨਾਲ ਸਿਰ ਨੀਂਵਾਂ ਕੀਤਾ। ਪਾਦਰੀ ਦੇ ਲੰਘ ਜਾਣ ਮਗਰੋਂ ਉਹ ਫਿਰ ਆਪਣੀ ਕਰਸੀ ਵਿਚ ਆ ਬੈਠੀ, ਅਤੇ ਮੈਨੂੰ ਤਾਹਨੇ ਦੰਦੀਆਂ ਤਕਣੀਆਂ ਨਾਲ ਵੇਖ ਕੇ ਬੋਲੀ - ਹੁਣ ਤੁਹਾਡਾ ਉਸ ਬਦਚਲਨ ਔਰਤ ਬਾਰੇ ਕੀ ਖਿਆਲ ਹੈ?" ਉਸਦੇ ਗੱਲਾਂ ਕਰਨ ਦੇ ਇਸ ਅਨੋਖੇ ਢੰਗ ਨੇ ਮੈਨੂੰ ਹੈਰਾਨ ਕਰ ਦਿਤਾ। ਕਿਵੇਂ ਉਸ ਨੇ ਇਹ ਇਜ਼ਤ ਬਣਾਈ ਹੋਈ ਸੀ, ਅਤੇ ਕਿੰਨੀ ਜਲਦੀ ਹੀ ਉਹਨੇ ਮੈਨੂੰ ਇਸ ਗੱਲ ਦਾ ਸਬੂਤ ਵੀ ਦੇ ਦਿੱਤਾ ਸੀ। ਇਹ ਸੋਚਦਾ ਮੈਂ ਕੁਝ ਚਿਰ ਚੁੱਪ ਹੀ ਬੈਠਾ ਰਿਹਾ। ਪਰ ਮੈਂ ਵੀ ਆਪਣੇ ਨਿਸ਼ਚੇ ਵਿਚ ਦ੍ਰਿੜ ਸਾਂ। ਇਸ ਵਾਰ ਜੋ ਇਰਾਦਾ ਕਰਕੇ ਆਇਆ ਸਾਂ, ਮੈਂ ਪੂਰਾ ਕਰਨਾ ਸੀ, ਮੈਂ ਉਹਨੂੰ ਇਕ ਵਾਰ ਫਿਰ ਅਚਾਨਕ ਹੀ ਹੈਰਾਨ ਕਰਾਂਗਾ। ਜੇ ਇਕ ਵਾਰ ਇਹ ਔਰਤ ਗੁੱਸੇ ਵਿਚ ਬੇਕਾਬੂ ਹੋ ਜਾਏ, ਤਾਂ ਸ਼ਾਇਦ ਇਹਦੇ ਮੂੰਹੋਂ ਕੋਈ ਗੱਲ ਅਜਿਹੀ ਨਿਕਲੇ, ਜਿਸ ਨਾਲ ਉਸ ਭੇਤ ਦੀ ਕੋਈ ਉੱਘ-ਸੁੱਘ ਨਿਕਲਣ ਦੀ ਆਸ ਬਝ ਜਾਏ।

"ਹੁਣ ਤੂੰ ਕੀ ਸੋਚ ਰਿਹਾ ਹੈ?"

"ਮੈਂ" ਜੋ ਇਰਾਦਾ ਆਪਣੇ ਮਨ ਵਿਚ ਕਰਕੇ ਆਇਆ ਸਾਂ, ਉਸ ਵਿਚ ਪੱਕਾ ਹਾਂ। ਠੀਕ ਹੈ, ਤੁਹਾਡੀ ਸ਼ਹਿਰ ਵਿਚ ਇਜ਼ਤ ਹੈ, ਅਤੇ ਮੈਂ ਉਸਨੂੰ ਕੋਈ ਹਾਨੀ ਪਹੁੰਚਾਉਣ ਨਹੀਂ ਆਇਆ। ਮੈਂ ਤੇ ਤੁਹਾਡੇ ਕੋਲ ਇਸ ਲਈ ਆਇਆ ਹਾਂ ਕਿ ਮੇਰੀ ਜਾਣਕਾਰੀ ਮੁਤਾਬਿਕ ਸਰ ਪਰਸੀਵਲ ਗਲਾਇਡ ਤੁਹਾਡਾ ਵੀ ਉਵੇਂ ਹੀ ਦੁਸ਼ਮਣ ਹੈ, ਜਿਵੇਂ ਮੇਰਾ, ਜੇ ਮੈਨੂੰ ਉਸਦੇ ਵਿਰੁੱਧ ਗਿਲ੍ਹਾ ਹੈ, ਤਾਂ ਤੁਹਾਨੂੰ ਵੀ ਹੈ- ਹੁਣ ਭਾਵੇਂ ਤੁਸੀਂ ਮੁਨਕਰ ਹੋ ਜਾਉ, ਇਹ ਤੇ ਭਾਵੇਂ ਹੁਣ ਯਕੀਨ ਨਾ ਕਰੋ। ਜਿੰਨਾ ਮਰਜ਼ੀ ਹੋਰ ਗੁੱਸੇ ਹੋ ਲਵੋ, ਪਰ ਸਾਰੇ ਇੰਗਲੈਂਡ ਵਿਚ ਜੇ ਕੋਈ ਔਰਤ ਮੇਰੀ ਮਦਦ ਕਰ ਸਕਦੀ ਹੈ ਉਹ ਤੁਸੀਂ ਹੀ ਹੋ; ਪਰ ਜੇ ਤੁਹਾਨੂੰ ਇਹ ਅਹਿਸਾਸ ਹੋਵੇ ਕਿ ਤੁਹਾਡੇ ਨਾਲ ਵਧੀਕੀ ਹੋ ਚੁਕੀ ਹੈ ਤਾਂ ਤੁਸੀਂ ਉਹਨੂੰ ਖ਼ਤਮ ਕਰਨ ਵਿਚ ਮੇਰ ਮਦਦ ਕਰੋ।"

"ਉਹਨੂੰ ਤੁਸੀਂ ਆਪਣੇ ਆਪ ਹੀ ਖਤਮ ਕਰਕੇ ਮੇਰੇ ਕੋਲ ਆਉਣਾ; ਫਿਰ ਮੈਂ ਦਸਾਂਗੀ ਕਿ ਮੇਰੀ ਕੀ ਰਾਇ ਹੈ।"

ਉਹਨੇ ਇਹ ਸ਼ਬਦ ਜਿਸ ਲਹਿਜੇ ਵਿਚ ਕਹੇ ਹਨ, ਉਹ ਨਵਾਂ ਹੀ ਸੀ। ਬਦਲੇ ਦੀ ਭਿਆਨਕ ਅੱਗ ਦਾ ਅਹਿਸਾਸ ਇਨ੍ਹਾਂ ਸ਼ਬਦਾਂ ਵਿਚ ਸੀ। ਮੈਂ ਉਹਦੀ ਵਰ੍ਹਿਆਂ ਦੀ ਸੁੱਤੀ ਹੋਈ ਨਫਰਤ ਜਗ੍ਹਾ ਦਿੱਤੀ ਸੀ, ਪਰ ਸਿਰਫ ਇਕ ਪਲ ਲਈ। ਜਿਉਂ ਹੀ ਉਹ ਆਪਣੀ ਕੁਰਸੀ

ਵਿਚ ਅਗੇ ਵੱਲ ਹੋਈ, ਉਸ ਨਫਰਤ ਦੀ ਸੱਪਣੀ ਨੇ ਆਪਣਾ ਸਿਰ ਚੁਕਿਆ ਅਤੇ ਇਹ ਗੱਲ ਕਹਿ ਕੇ ਜਿਉ ਹੀ ਉਸਨੇ ਕੁਰਸੀ ਨਾਲ ਢੰਗ ਲਾਇਆ,ਉਹ ਸੱਪਣੀ ਕਿਧਰੇ ਓਹਲੇ ਅਲੋਪ ਹੋ ਚੁੱਕੀ ਸੀ।

"ਤੁਸੀਂ ਮੇਰੇ ਉਤੇ ਭਰੋਸਾ ਨਹੀਂ ਕਰੋਗੇ?" ਮੈਂ ਪੁੱਛਿਆ !

"ਨਹੀਂ"।"

"ਤੁਸੀਂ ਡਰਦੇ ਹੋ? "

"ਕੀ ਤੁਹਾਨੂੰ ਮਹਿਸੂਸ ਹੁੰਦਾ ਹੈ? "

"ਤੁਸੀਂ ਸਰ ਪਰਸੀਵਲ ਗਲਾਈਡ ਕੋਲ ਡਰਦੇ ਹੋ?"

"ਸਚਮੁੱਚ?"

ਉਹਦਾ ਰੰਗ ਮੁੜ ਲਾਲ ਹੋ ਰਿਹਾ ਸੀ, ਅਤੇ ਉਹਦੇ ਹੱਥ ਮੁੜ ਬੈਚੇਨ। ਰਹਿ ਰਹਿ ਕੇ ਉਹ ਆਪਣੇ ਗਾਊਨ ਤੇ ਹੱਥ ਫੇਰਦੀ ! ਮੈਂ ਹੋਰ ਅਗੇ ਹੀ ਅਗੇ ਵਧਦਾ ਜਾ ਰਿਹਾ ਸਾਂ, ਉਸਨੂੰ ਸਾਹ ਲੈਣ ਲਈ ਸਮਾਂ ਨਹੀਂ ਸਾਂ ਦੇਣਾ ਚਾਹੁੰਦਾ "ਸਰ ਪਰਸੀਵਲ ਇਕ ਬਹੁਤ ਵੱਡਾ ਆਦਮੀ ਹੈ, ਇਸ ਵਿਚ ਕੋਈ ਹੈਰਾਨੀ ਨਹੀਂ ਕਿ ਤੁਸੀਂ ਉਸ ਤੋਂ ਡਰਦੇ ਹੋ। ਉਹ ਬੈਰਨ ਹੈ- ਇਕ ਬਹੁਤ ਭਾਰੀ ਜਾਗੀਰ ਦਾ ਵਾਰਸ ਹੈ, ਇਕ ਬੜੇ ਵੱਡੇ ਖਾਨਦਾਨ ਦਾ...."

ਉਹ ਇਕਾ-ਇਕ ਹੱਸਣ ਲੱਗ ਪਈ-ਮੇਰੀ ਗੱਲ ਅੱਧੀ ਹੀ ਰਹਿ ਗਈ। ਉਸਦੇ ਇਸ ਹਾਸੇ ਨਾਲ ਮੈਂ ਸੰਨਾਟੇ ਵਿਚ ਆ ਗਿਆ।

"ਹਾਂ" ਉਹਨੇ ਬੜੀ ਘ੍ਰਿਣਾ ਨਾਲ ਕਿਹਾ "ਬੈਰਨ ਹੈ-ਭਾਰੀ ਜਾਗੀਰ ਦਾ ਮਾਲਕ ਹੈ ਅਤੇ ਇਕ ਵੱਡੇ ਖ਼ਾਨਦਾਨ ਦਾ ਚਿਰਾਗ ਹੈ-ਬਹੁਤ ਹੀ ਵੱਡੇ ਖ਼ਾਨਦਾਨ ਦਾ, ਖ਼ਾਸ ਕਰਕੇ ਮਾਂ ਦੇ ਪਾਸਿਉਂ।" ਉਹਦੇ ਮੂੰਹੋਂ ਇਹ ਸ਼ਬਦ ਨਿਕਲੇ ਸਨ, ਪਰ ਮੈਂ ਇਹ ਸੋਚਿਆ ਕਿ ਇਨ੍ਹਾਂ ਤੇ ਮੈਂ ਪਿੱਛੋਂ ਵਿਚਾਰ ਕਰਾਂਗਾ ਮੈਂ ਉਹਨੂੰ ਇਹ ਕਿਹਾ-

"ਮੈਂ ਇਥੇ ਖ਼ਾਨਦਾਨਾਂ ਦੇ ਝਗੜਿਆਂ ਵਿਚ ਪੈਣ ਨਹੀਂ ਆਇਆ, ਮੈਨੂੰ ਸਰ ਪਰਸੀਵਲ ਦੀ ਮਾਂ ਬਾਰੇ ਕੁਝ ਪਤਾ ਨਹੀਂ।

"ਤੁਹਾਨੂੰ ਸਰ ਪਰਸੀਵਲ ਬਾਰੇ ਵੀ ਕੁਝ ਪਤਾ ਨਹੀਂ।" ਉਹ ਮੇਰੀ ਗੱਲ ਤੇਜ਼ੀ ਨਾਲ ਟੋਕਦੀ ਹੋਈ ਬੋਲੀ।

"ਇਹ ਗੱਲ ਨਹੀਂ, ਮੈਨੂੰ ਕਈਆਂ ਗੱਲਾਂ ਦਾ ਪਤਾ ਹੈ, ਅਤੇ ਕਈਆਂ ਬਾਰੇ ਮੇਰੇ ਮਨ ਵਿਚ ਸ਼ੱਕ ਪੈਦਾ ਹੋ ਰਹੇ ਹਨ--।"

"ਕੀ ਸ਼ੱਕ ਹੈ ਤੁਹਾਨੂੰ?"

"ਮੈਂ ਤੁਹਾਨੂੰ ਉਹ ਗੱਲ ਦੱਸਾਗਾਂ, ਜੋ ਮੈਂ ਠੀਕ ਜਾਣਦਾ ਹਾਂ-ਮੈਨੂੰ ਇਹ ਪਤਾ ਹੈ ਕਿ ਉਹ ਏਨ ਦਾ ਪਿਤਾ ਨਹੀਂ ਹੈ।"

ਉਹ ਗੁੱਸੇ ਵਿਚ ਖੜੋ ਗਈ ਤੇ ਮੇਰੇ ਕੋਲ ਆ ਗਈ। ਉਹ ਮੈਨੂੰ ਇਉਂ ਵੇਖ ਰਹੀ ਸੀ; ਜਿਵੇਂ ਮੈਨੂੰ ਖਾ ਹੀ ਜਾਏਗੀ।

ਤੇਰੀ ਇਹ ਮਜਾਲ, ਕਿ ਤੂੰ ਮੇਰੇ ਨਾਲ ਏਨ ਦੇ ਪਿਤਾ ਬਾਰੇ ਗੱਲ ਕਰੇ। ਤੇਰੀ ਹਿੰਮਤ ਕਿਵੇਂ ਹੋਈ ਇਹ ਗੱਲ ਕਹਿਣ ਦੀ, ਮੈਨੂੰ ਕੀ ਮਤਲਬ ਹੈ ਇਸ ਨਾਲ ਕਿ ਏਨ ਦਾ ਪਿਤਾ ਕੌਣ ਹੈ ਅਤੇ ਕੌਣ ਨਹੀਂ?" ਉਹਦੇ ਬਲ ਕਿਰ ਰਹੇ ਸਨ ਅਤੇ ਆਵਾਜ ਗੁੱਸੇ ਵਿਚ ਕੰਬ ਰਹੀ ਸੀ। ਪਰ ਮੈ ਡਰਿਆ ਨਹੀਂ ਬੋਲਦਾ ਹੀ ਗਿਆ।

"ਤੁਹਾਡੇ ਤੇ ਸਰ ਪਰਸੀਵਲ ਵਿਰਕਾਰ ਜੋ ਭੇਤ ਹੈ। ਉਹ ਇਹ ਨਹੀਂ ਹੈ। ਜਿਸ ਭੇਤ ਨੇ ਸਰ ਪਰਸੀਵਲ ਦੀ ਜ਼ਿੰਦਗੀ ਵਿਚ ਹਨੇਰਾ ਕੀਤਾ ਹੋਇਆ ਹੈ, ਉਹ ਤੁਹਾਡੀ ਬੱਚੀ ਦੇ ਜਨਮ ਦੇ ਪਹਿਲਾਂ ਹੀ ਸੀ, ਅਤੇ ਉਸ ਦੀ ਮੌਤ ਨਾਲ ਖ਼ਤਮ ਨਹੀਂ ਹੋ ਗਿਆ।"

ਉਹ ਇਕ ਕਦਮ ਪਿੱਛੇ ਹਟੀ, ਦਰਵਾਜ਼ੇ ਵੱਲ ਇਸ਼ਾਰਾ ਕਰਕੇ ਬੋਲੀ, ਚਲੇ ਜਾਉ" ਮੈਂ ਉਹਦੀ ਗੱਲ ਅਣਸੁਣੀ ਕਰਕੇ ਵੀ ਬੋਲਦਾ ਹੀ ਗਿਆ।

"ਨਾਂ ਉਹਦੇ ਅਤੇ ਨਾ ਤੁਹਾਡੇ ਦਿਲ ਵਿਚ ਹੀ ਬੱਚੀ ਦਾ ਕੋਈ ਖ਼ਿਆਲ ਸੀ। ਤੁਹਾਡੇ ਅਤੇ ਉਹਦੇ ਵਿਚਕਾਰ ਕੋਈ ਨਜ਼ਾਇਜ਼ ਪਿਆਰ ਨਹੀਂ ਸੀ; ਕੋਈ ਹੋਰ ਹੀ ਗੱਲ ਸੀ, ਜਦੋਂ ਤੁਹਾਡੇ ਪਤੀ ਨੇ ਤੁਹਾਨੂੰ ਦੋਹਾਂ ਨੂੰ ਗਿਰਜੇ ਦੀ ਵੈਸਟਰੀ ਵਿਚ ਗੱਲਾਂ ਕਰਦਿਆਂ ਫੜਿਆ ਸੀ।"

ਜਿਸ ਬਾਂਹ ਨਾਲ ਉਹ ਬੂਹੇ ਵੱਲ ਇਸ਼ਾਰਾ ਕਰ ਰਿਹਾ ਸੀ, ਉਹ ਆਪਣੇ ਆਪ ਹੀ ਹੇਠਾਂ ਲਟਕ ਗਈ। ਉਹਦੇ ਚਿਹਰੇ ਤੋਂ ਗੁੱਸੇ ਦੀ ਲਾਲੀ ਵੀ ਉਸੇ ਪਲ ਉੱਡ ਗਈ। ਉਹਦੇ ਵਿਚ ਇਕਾਇਕ ਬੜਾ ਭਾਰਾ ਅੰਤਰ ਆ ਗਿਆ। ਉਹ ਕਠੋਰ ਪੱਥਰ ਦੀ ਔਰਤ ਜਿਸ ਵਿਚ ਸਵੈ- ਵਿਸ਼ਵਾਸ ਸੀ, ਇਕ ਭਿਆਨਕ ਡਰ ਨਾਲ ਕੰਬ ਰਹੀ ਸੀ-ਮੈਂ ਸਿਰਫ਼ 'ਵੈਸਟਰੀ' ਸ਼ਬਦ ਹੀ ਵਰਤੇ ਸਨ !

ਕੁਝ ਛਿਣ ਅਸੀਂ ਦੋਵੇਂ ਚੁੱਪ ਚੁਪੀਤੇ ਇਕ ਦੂਜੇ ਨੂੰ ਘਰਦੇ ਰਹੇ। ਅੰਤ ਮੈਂ ਹੀ ਇਹ ਚੁੱਪ ਤੋੜੀ--

"ਕੀ ਤੁਸੀਂ ਅਜੇ ਵੀ ਮੇਰੇ ਉੱਤੇ ਭਰੋਸਾ ਨਹੀਂ ਕਰ ਸਕਦੇ ਹੋ?"

"ਨਹੀਂ ਮੈਂ ਨਹੀਂ ਕਰ ਸਕਦੀ।'

"ਕੀ ਤੁਸੀਂ ਅਜੇ ਵੀ ਮੈਨੂੰ ਜਾਣ ਲਈ ਕਹਿੰਦੇ ਹੋ? '

"ਹਾਂ, ਹਮੇਸ਼ਾ ਲਈ ਚਲੇ ਜਾਉ।"

ਮੈਂ ਦਰਵਾਜ਼ੇ ਤੀਕ ਗਿਆ ਪਰ ਉਹਨੂੰ ਖੋਲ੍ਹਣ ਤੋਂ ਪਹਿਲਾਂ ਮੈਂ ਮੁੜ ਕੇ ਉਹਦੇ ਵੱਲ ਵੇਖਿਆ ਅਤੇ ਕਿਹਾ, "ਸ਼ਾਇਦ ਮੈਂ ਤੁਹਾਨੂੰ ਸਰ ਪਰਸੀਵਲ ਦੀ ਅਜਿਹੀ ਖ਼ਬਰ ਸੁਣਾਉਣੀ ਹੋਵੇ ਜਿਸਦੀ ਤੁਹਾਨੂੰ ਆਸ ਹੀ ਨਾ ਹੋਵੇ। ਜੇ ਕੋਈ ਅਜਿਹੀ ਗੱਲ ਹੋਈ ਤਾਂ ਮੈਂ ਮੁੜ ਜ਼ਰੂਰ ਆਵਾਗਾਂ।

"ਮੈਨੂੰ ਸਰ ਪਰਸੀਵਲ ਦੀ ਇਕ ਖ਼ਬਰ ਦੀ ਹੁਣ ਉਡੀਕ ਹੈ" ਉਹ ਕਹਿੰਦੀ-ਕਹਿੰਦੀ ਰੁਕ ਗਈ, ਅਤੇ ਉਹ ਬਿਨਾਂ ਖੜਾਕ ਕੀਤਿਆਂ ਬਿੱਲੀ ਵਾਂਗ ਝਪਟ ਕੇ ਆਪਣੀ ਕੁਰਸੀ ਤੇ ਬੈਠ ਗਈ।"

"ਉਹ ਹੈ ਉਹਦੀ ਮੌਤ ਦੀ।" ਉਹਦੀਆਂ ਅੱਖਾਂ ਵਿਚ ਨਫ਼ਰਤ ਦੇ ਸ਼ੋਅਲੇ ਭੜਕੇ ਸਨ, ਅਤੇ ਬੁਲਾਂ ਤੇ ਇਕ ਵਿਅੰਗ ਭਰੀ ਮੁਸਕਾਨ ਸੀ।

"ਮੈਂ ਬਾਹਰ ਜਾਣ ਲਈ ਬੂਹਾ ਖੋਲਿਆ। ਉਹਨੇ ਮੇਰੇ ਵੱਲ ਕਾਹਲੀ ਨਾਲ ਵੇਖਿਆ। ਉਹਨੇ ਸਿਰ ਤੋਂ ਪੈਰਾਂ ਠੀਕ ਨਜ਼ਰਾਂ ਨਾਲ ਮੈਨੂੰ ਜਾਚਿਆਂ। ਉਹਦੇ ਮੂੰਹ ਤੇ ਇਕ ਆਸ ਚਮਕ ਰਹੀ ਸੀ। ਕੀ ਉਹ ਮੇਰੀ ਜਵਾਨੀ ਅਤੇ ਸਿਹਤ ਤੋਂ ਮੇਰੀ ਤਾਕਤ ਦਾ ਅੰਦਾਜ਼ਾ ਲਾ ਰਹੀ ਸੀ? ਕੀ ਉਹ ਦਿਲ ਹੀ ਦਿਲ ਵਿਚ ਇਹ ਸੋਚ ਰਹੀ ਸੀ ਕਿ ਸਰ ਪਰਸੀਵਲ ਨੇ ਮੈਨੂੰ ਕਿੰਨਾ ਡੂੰਘਾ ਫਟ ਲਾਇਆ ਸੀ, ਅਤੇ ਮੇਰੇ ਵਿਚ ਕਿੰਨਾ ਕੁ ਸਬਰ ਸੀ? ਕੀ ਦਿਲ ਹੀ ਦਿਲ ਵਿਚ ਉਹ ਮੈਨੂੰ ਸਰ ਪਰਸੀਵਲ ਦੇ ਮੁਕਾਬਲੇ ਵਿਚ ਵੇਖ ਰਹੀ ਸੀ? ਕਿ ਜੇ ਕਦੀ ਅਸੀਂ ਦੋਵੇਂ ਆਹਮੋ-ਸਾਹਮਣੇ ਹੋਏ ਤਾਂ ਸਾਡੇ ਦੋਹਾਂ ਵਿਚੋਂ ਕੌਣ ਜਿੱਤੇਗਾ? ਉਹਦੇ ਚਿਹਰੇ ਉੱਤੇ ਇਹ ਭਾਵ ਵੇਖ ਕੇ ਮੈਂ ਚੁੱਪ ਰਹਿ ਗਿਆ। ਨਾਂ ਉਹਨੇ ਅਤੇ ਨਾ ਮੈਂ ਹੀ ਵਿਛੜਨ ਵੇਲੇ ਨਮਸਕਾਰ ਤੱਕ ਕੀਤੀ। ਮੈਂ ਉਸੇ ਤਰ੍ਹਾਂ ਹੀ ਬਾਹਰ ਆ ਗਿਆ।

ਮੈਂ ਬਾਹਰਲਾ ਦਰਵਾਜ਼ਾ ਖੋਲਿਆ ਤਾਂ ਵੇਖਿਆ ਕਿ ਉਹੀ ਪਾਦਰੀ ਜੋ ਪਹਿਲਾਂ ਲੰਘਿਆ ਸੀ, ਹੁਣ ਵਾਪਸ ਜਾ ਰਿਹਾ ਸੀ। ਮੈਂ ਦਲੀਜ਼ ਕੋਲ ਖੜਾ ਹੋ ਗਿਆ ਤਾਂ ਜੋ ਉਹ ਲੰਘ ਜਾਏ--। ਮੈਂ ਕਮਰੇ ਦੀ ਖਿੜਕੀ ਵੱਲ ਝਾਕਿਆ।

ਮਿਸਿਜ਼ ਕੈਥੇਰਿਕ ਨੇ ਪਾਦਰੀ ਦੇ ਕਦਮਾਂ ਦੀ ਆਵਾਜ਼ ਸੁਣ ਲਈ ਸੀ। ਉਹ ਵੀ ਖਿੜਕੀ ਤੇ ਆ ਕੇ ਖੜੀ ਹੋ ਗਈ ਸੀ, ਅਤੇ ਪਾਦਰੀ ਦੀ ਉਡੀਕ ਕਰ ਰਹੀ ਸੀ। ਮੈਂ ਉਹਦੇ ਵਿਚ ਅੱਜ ਕਈ ਤਰ੍ਹਾਂ ਦੇ ਡਰ ਤੇ ਭੈ ਜਗਾ ਚੁੱਕਾ ਸਾਂ - ਪਰ ਤਾਂ ਵੀ ਉਹ ਸਮਾਜ ਦੇ ਇਸ ਸਤਿਕਾਰ ਦਾ ਲਾਲਚ ਨਹੀਂ ਸੀ ਛੱਡ ਸਕੀ, ਜੋ ਉਹਨੂੰ ਵਰ੍ਹਿਆਂ ਦੀ ਮਿਹਨਤ ਮਗਰੋਂ ਮਿਲਿਆ ਸੀ। ਮੇਰੇ ਘਰ ਵਿਚੋਂ ਨਿਕਲਣ ਤੋਂ ਇਕ ਮਿੰਟ ਮਗਰੋਂ ਹੀ ਉਹ ਉਸ ਥਾਂ ਤੇ ਜਾਣ ਬੁੱਝ ਕੇ ਖੜੀ ਹੋ ਗਈ ਸੀ। ਜਿਥੇ ਪਾਦਰੀ ਨੂੰ ਹਰ ਹਾਲਤ ਵਿਚ ਉਹਨੂੰ ਨਮਸਕਾਰ ਕਰਨੀ ਹੀ ਪੈਣੀ ਸੀ। ਪਾਦਰੀ ਨੇ ਦੂਜੀ ਵਾਰ ਆਪਣਾ ਹੈਟ ਉਤਾਰਿਆ, ਅਤੇ ਆਪਣਾ ਸਿਰ ਝੁਕਾਇਆ। ਮੈਂ ਵੇਖਿਆ ਖਿੜਕੀ ਦੇ ਪਿੱਛੇ ਮਿਸਿਜ਼ ਕੈਥੇਰਿਕ ਦਾ ਕਠੋਰ ਚਿਹਰਾ ਨਰਮ ਹੋ ਗਿਆ ਸੀ। ਉਹਦੇ ਉੱਤੇ ਮਾਣ ਦੀ ਆਭਾ ਸੀ। ਉਹਨੇ ਵੀ ਪਾਦਰੀ ਨੂੰ ਸਤਿਕਾਰ ਵਜੋਂ ਸਿਰ ਝੁਕਾਇਆ। ਪਾਦਰੀ ਨੇ ਦੋ ਵਾਰ ਉਹਨੂੰ ਨਮਸਕਾਰ ਕੀਤੀ ਸੀ-ਅਤੇ ਉਹ ਵੀ ਮੇਰੇ ਸਾਹਮਣੇ।

## IX

ਮੈਂ ਉਥੋਂ ਨਿਕਲਿਆ, ਤਾਂ ਇਹ ਮਹਿਸੂਸ ਕੀਤਾ ਕਿ ਮਿਸਿਜ਼ ਕੈਥੇਰਿਕ ਨੇ ਨਾਂ ਚਾਹੁੰਦਿਆਂ ਹੋਇਆ ਵੀ ਮੇਰੀ ਮਦਦ ਕਰ ਦਿੱਤੀ ਸੀ। ਮੈਂ ਅਜੇ ਸੁਕੇਅਰ ਦਾ ਮੋੜ ਵੀ ਨਹੀਂ ਸਾਂ ਮੁੜਿਆ, ਕਿ ਮੈਨੂੰ ਪਿੱਛੋਂ ਇਕ ਬੂਹਾ ਬੰਦ ਹੋਣ ਦੀ ਆਵਾਜ਼ ਆਈ !

ਮੈਂ ਪਿੱਛੇ ਵੇਖਿਆ ਇਕ ਮਧਰੇ ਕੱਦ ਦਾ ਬੰਦਾ,ਜਿਸਨੇ ਕਾਲੇ ਕੱਪੜੇ ਪਹਿਨੇ ਹੋਏ ਸਨ, ਮਿਸਿਜ਼ ਕੈਥੇਰਿਕ ਦੇ ਨਾਲ ਵਾਲੇ ਘਰ ਦੇ ਬੂਹੇ ਅੱਗੇ ਖੜਾ ਸੀ। ਇਹ ਘਰ ਉਹ ਸੀ, ਜਿਹੜਾ ਮੇਰੇ ਨੇੜੇ ਵਾਲੇ ਪਾਸੇ ਸੀ। ਉਹ ਉਸੇ ਮੋੜ ਵੱਲ ਵਧਿਆ ਜਿਥੇ ਮੈਂ ਖੜਾ ਸਾਂ। ਇਹ ਉਹੀ ਆਦਮੀ ਸੀ, ਸੋ ਬਲੈਕਵਾਟਰ ਪਾਰਕ ਵਿਚ ਮੇਰੇ ਅੱਗੇ-ਅੱਗੇ ਜਾ ਰਿਹਾ ਸੀ ਅਤੇ ਮੇਰੇ ਗੱਲ  ਕਰਨ ਤੇ ਉਹਨੇ ਲੜਨ ਦੀ ਕੋਸ਼ਿਸ਼ ਕੀਤੀ ਸੀ। ਮੈਂ ਉਹਨੂੰ ਸਿਰਫ ਇਹੀ ਪੁੱਛਿਆ ਸੀ ਕਿ ਮੈਂ ਘਰ ਦੇਖ ਸਕਦਾ ਹਾਂ ਕਿ ਨਹੀਂ?

ਮੈਂ ਹੁਣ ਵੀ ਜਿਥੇ ਖੜਾ ਸਾਂ, ਉਥੇ ਹੀ ਪੜਤੋਤਾ ਰਿਹਾ। ਮੈਂ ਇਹ ਵੇਖਣਾ ਚਾਹੁੰਦਾ ਸੀ, ਕਿ ਕੀ ਉਹ ਮੇਰੇ ਨੇੜੇ ਆ ਕੇ ਮੇਰੇ ਨਾਲ ਕੋਈ ਗੱਲ ਕਰਨੀ ਚਾਹੁੰਦਾ ਸੀ? ਪਰ ਉਹ ਮੇਰੇ ਕੋਲ ਦੀ ਕਾਹਲੀ-ਕਾਹਲੀ ਅੱਗੇ ਲੰਘ ਗਿਆ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਹਨੇ ਮੇਰੇ ਮੂੰਹ ਵੱਲ ਵੇਖਣ ਦੀ ਵੀ ਖੇਚਲ ਨਾ ਕੀਤੀ। ਇਹ ਗੱਲ ਉਸ ਵੇਲੇ ਦੀ ਸਥਿਤੀ ਵੇਖਦਿਆਂ ਹੋਇਆ ਕੁਝ ਠੀਕ ਨਹੀਂ ਸੀ ਲੱਗ ਰਹੀ-ਜੇ ਉਹ ਮੇਰਾ ਪਿੱਛਾ ਕਰ ਰਿਹਾ ਸੀ ਤਾਂ ਹੁਣ ਉਹ ਕਿਥੇ ਜਾ ਰਿਹਾ ਸੀ? ਮੈਨੂੰ ਵੀ ਸ਼ੱਕ ਪੈ ਚੁੱਕਾ ਸੀ, ਇਸ ਲਈ ਮੈਂ ਉਹਦਾ ਪਿੱਛਾ ਕਰਨ ਦੇ ਖਿਆਲ ਨਾਲ ਤੁਰ ਪਿਆ। ਮੈਂ ਜਾਣਨਾ ਚਾਹੁੰਦਾ ਸਾਂ ਕਿ ਉਹ ਕਿਸ ਕੰਮ ਵਿਚ ਰੁਝਾ ਹੋਇਆ ਹੈ। ਮੈਨੂੰ ਹੁਣ ਇਸ ਗੱਲ ਦੀ ਕਈ ਪ੍ਰਵਾਹ ਨਹੀਂ ਸੀ, ਕਿ ਉਹ ਮੈਨੂੰ ਵੇਖ ਰਿਹਾ ਹੈ ਜਾਂ ਨਹੀਂ, ਮੈਂ ਉਹਦੇ ਪਿੱਛੇ-ਪਿੱਛੇ ਤੁਰ ਪਿਆ। ਪਰ ਉਹਨੇ ਇਕ ਵਾਰ ਵੀ ਮੁੜਕੇ ਨਹੀਂ ਵੇਖਿਆ। ਉਹ ਕਈ ਗਲੀਆਂ ਵਿਚੋਂ ਦੀ ਹੁੰਦਾ ਹੋਇਆ ਸਟੇਸ਼ਨ ਤੇ ਪੁੱਜ ਗਿਆ ਸੀ।

ਗੱਡੀ ਚਲਣ ਵਾਲੀ ਸੀ ਅਤੇ ਟਿਕਟ ਘਰ ਅੱਗ ਦੋ ਤਿੰਨ ਮੁਸਾਫਰ ਜਿਨ੍ਹਾਂ ਨੂੰ ਦੇਰ ਹੋ ਚੁੱਕੀ ਸੀ, ਘੇਰਾ ਪਾ ਕੇ ਖੜੇ ਸਨ। ਮੈਂ ਵੀ ਉਨ੍ਹਾਂ ਵਿਚ ਰਲ ਗਿਆ। ਉਹ ਵਕੀਲ ਦਾ ਕਲਰਕ, ਬਲੈਕਵਾਟਰ ਸਟੇਸ਼ਨ ਦਾ ਟਿਕਟ ਮੰਗ ਰਿਹਾ ਸੀ। ਉਹ ਗੱਡੀ ਫੜ ਕੇ ਜਦੋਂ ਚਲਾ ਗਿਆ, ਤਾਂ ਮੈਂ ਸਟੇਸ਼ਨ ਤੋਂ ਵਾਪਸ ਆਇਆ।

ਇਸ ਦਾ ਇਕੋ ਹੀ ਮਤਲਬ ਸੀ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਕਿ ਉਹ ਆਦਮੀ ਮਿਸਿਜ਼ ਕੈਥੇਰਿਕ ਦੇ ਨਾਲ ਵਾਲੇ ਘਰ ਵਿਚੋਂ ਨਿਕਲਿਆ ਸੀ। ਸਰ ਪਰਸੀਵਲ ਨੂੰ ਇਹ ਸ਼ੱਕ ਸੀ ਕਿ ਮੈਂ ਕਦੀ ਨਾ ਕਦੀ ਇਥੇ ਪੁੱਜਣਾ ਜ਼ਰੂਰ ਹੈ। ਸੋ ਉਹਨੇ ਪਹਿਲਾਂ ਹੀ ਇਸ ਆਦਮੀ ਨੂੰ ਮੇਰੀ ਪਹੁੰਚ ਦਾ ਪਤਾ ਲਾਉਣ ਭੇਜ ਦਿੱਤਾ ਹੋਵੇਗਾ। ਉਹਨੇ ਮੈਨੂੰ ਮਿਸਿਜ਼ ਕੈਥੇਰਿਕ ਦੇ ਘਰ ਜਾਂਦਿਆਂ ਅਤੇ ਬਾਹਰ ਨਿਕਲਦਿਆਂ ਵੇਖ ਲਿਆ ਸੀ। ਸੋ ਹੁਣ ਉਹ ਬਲੈਕਵਾਟਰ ਇਹੀ ਗੱਲ ਦੱਸਣ ਜਾ ਰਿਹਾ ਸੀ, ਸਰ ਪਰਸੀਵਲ ਜੋ ਮੇਰਾ ਪਿੱਛਾ ਕਰਵਾ ਰਿਹਾ ਸੀ, ਹੁਣ ਬਲੈਕਵਾਟਰ ਪਾਰਕ ਪੁੱਜ ਗਿਆ ਹੋਵੇਗਾ, ਤਾਂ ਜੋ ਮੈਂ ਹੈਂਪਸ਼ਾਇਰ ਵਾਪਸ ਜਾਵਾਂ ਤਾਂ ਉਹ ਮੈਨੂੰ ਤਿਆਰੀ ਨਾਲ ਮਿਲ ਸਕੇ। ਹੁਣ ਸਾਡੀ ਮੁਲਾਕਾਤ ਜਲਦੀ ਹੀ ਹੋਵੇਗੀ ਇਹ ਮੇਰਾ ਦਿਲ ਕਹਿ ਰਿਹਾ ਸੀ।

ਭਾਵੇਂ ਹੁਣ ਕੀ ਨਤੀਜਾ ਨਿਕਲੇ, ਮੈਂ ਇਹ ਨਿਸ਼ਚਾ ਕਰ ਚੁੱਕਾ ਸਾਂ, ਕਿ ਮੈਂ ਆਪਣੀ ਬਣਾਈ ਹੋਈ ਯੋਜਨਾ ਦੇ ਅਨੁਸਾਰ ਹੀ ਕੰਮ ਕਰਾਂਗਾ, ਅਤੇ ਕਿਸੇ ਸਰ ਪਰਸੀਵਲ ਲਈ

ਆਪਣੇ ਚੁਣੇ ਹੋਏ ਰਸਤੇ ਤੋਂ ਇਧਰ-ਉਧਰ ਨਹੀਂ ਹੋਵਾਂਗਾ। ਲੰਦਨ ਵਿਚ ਮੇਰੇ ਸਿਰ ਤੇ ਇਕ ਬੜੀ ਭਾਰੀ ਜ਼ਿੰਮੇਵਾਰੀ ਸੀ, ਉਥੇ ਮੇਰੀ ਜ਼ਰਾ ਜਿੰਨੀ ਗਲਤੀ ਨਾਲ ਲਾਰਾ ਦਾ ਪਤਾ ਉਨ੍ਹਾਂ ਨੂੰ ਲੱਗ ਜਾਣਾ ਸੀ ਹੈਂਪਸ਼ਾਇਰ ਵਿਚ ਮੈਂ ਇਹ ਜਾਣਦਾ ਸਾਂ, ਕਿ ਮੈਂ ਜੋ ਮਰਜ਼ੀ ਹੈ ਕਰਾਂ ਉਹ ਘੱਟ ਤੋਂ ਘੱਟ ਲਾਰਾ ਤੀਕ ਨਹੀਂ ਪਹੁੰਚ ਸਕਦੇ। ਜੇ ਮੇਰੇ ਕੋਲੋਂ ਕੋਈ ਅਣਗਹਿਲੀ ਹੋ ਵੀ ਗਈ ਤਾਂ ਉਹਦੀ ਸਜਾ ਮੈਨੂੰ ਇਕੱਲੇ ਹੀ ਨੂੰ ਹੀ ਮਿਲੇਗੀ।

ਜਦੋਂ ਮੈਂ ਸਟੇਸ਼ਨ ਤੋਂ ਮੁੜਿਆ ਤਾਂ ਸਰਦੀਆਂ ਦੀ ਨਾਮ ਡੂੰਘੀ ਹੀ ਰਹੀ ਸੀ। ਨਵੀਂ ਥਾਂ ਤੇ ਮੇਰੇ ਲਈ ਹਨੇਰੇ ਵਿਚ ਪੁੱਛ-ਗਿੱਛ ਕਰਨੀ ਔਖੀ ਸੀ। ਇਸ ਲਈ ਮੈਂ ਨੇੜੇ ਦੇ ਇਕ ਹੋਟਲ ਵਿਚ ਜਾ ਕੇ ਰੋਟੀ ਖਾਧੀ। ਉਥੇ ਹੀ ਸੌਣ ਦਾ ਇੰਤਜਾਮ ਵੀ ਸੀ। ਇਸ ਤੋਂ ਮਗਰੋਂ ਮੈਂ ਮੇਰੀਅਨ ਨੂੰ ਚਿੱਠੀ ਲਿਖੀ ਜਿਸ ਵਿਚ ਉਹਨੂੰ ਆਪਣੀ ਸੁਖ-ਸਾਂਦ ਦੀ ਖ਼ਬਰ ਭੇਜੀ, ਅਤੇ ਇਹ ਵੀ ਲਿਖਿਆ ਕਿ ਮੈਨੂੰ ਸਫਲਤਾ ਦੀ ਪੂਰੀ ਆਸ ਹੈ। ਮੈ ਉਹਨੂੰ ਇਹੀ ਕਹਿ ਕੇ ਤੁਰਿਆ ਸਾਂ, ਕਿ ਉਹ ਮੈਨੂੰ ਪਹਿਲੀ ਚਿੱਠੀ ਡਾਕ-ਘਰ ਵੈਲਮਿੰਗਮ ਦੇ ਪੱਤੇ ਤੇ ਪਾਏ। ਹੁਣ ਵੀ ਉਹਨੂੰ ਇਸੇ ਪੱਤੇ ਤੇ ਹੀ ਚਿੱਠੀ ਲਿਖਣ ਦੀ ਹਦਾਇਤ ਕੀਤੀ। ਮੈਂ ਪੋਸਟ ਮਾਸਟਰ ਕੋਲੋਂ ਇਹ ਚਿੱਠੀਆਂ ਮੰਗਵਾ ਸਕਦਾ ਸਾਂ, ਜੋ ਇਨ੍ਹਾਂ ਦੇ ਪੁੱਜਣ ਤੇ ਮੈਂ ਵੈਲਮਿੰਗਮ ਤੋਂ ਇਕ ਅੱਧੇ ਦਿਨ ਲਈ ਬਾਹਰ ਵੀ ਹੋਵਾਂ ਤਾਂ ਵੀ ਇਹ ਮੈਨੂੰ ਮਿਲ ਸਕਦੀਆਂ ਸਨ।

ਹੋਟਲ ਦਾ ਕਾਫੀ-ਰੂਮ ਰਾਤ ਪੈਣ ਤੇ ਬਿਲਕੁਲ ਸੁੰਨਸਾਨ ਹੋ ਗਿਆ ਸੀ। ਮੈਂ ਉਥੇ ਬੈਠ ਕੇ ਆਪਣੇ ਦਿਨ ਦੇ ਕੰਮ ਕੀਤੇ ਬਾਰੇ ਆਰਾਮ ਨਾਲ ਸੌ ਇੰਜ ਸੋਚ ਵਿਚਾਰ ਕਰ ਸਕਦਾ ਸਾਂ, ਜਿਵੇਂ ਇਹ ਮੇਰਾ ਆਪਣਾ ਘਰ ਹੀ ਹੋਵੇ। ਸੌਣ ਤੋਂ ਪਹਿਲਾਂ ਮੈਂ ਮਿਸਿਜ਼ ਕੈਥੇਰਿਕ ਨਾਲ ਹੋਈ ਇਸ ਅਨੋਖੀ ਮਿਲਣੀ ਬਾਰੇ ਸ਼ੁਰੂ ਤੋਂ ਲੈ ਕੇ ਅੰਤ ਤਕ ਗੌਰ ਕੀਤੀ। ਸਵੇਰੇ ਕਾਹਲੀ-ਕਾਹਲੀ ਵਿਚ ਮੈਂ ਜਿਸ ਸਿੱਟੇ ਤੇ ਅਪੜਿਆ ਸਾਂ, ਹੁਣ ਆਰਾਮ ਨਾਲ ਸੋਚਣ ਤੇ ਵੀ ਮੈਂ ਉਹੀ ਨਤੀਜਾ ਕਢਿਆ।

ਮੈਂ ਘੜੀ ਘੜੀ ਗਿਰਜੇ ਦੀ ਉਸ ਵੈਸਟਰੀ ਬਾਰੇ ਸੋਚ ਰਿਹਾ ਸਾਂ, ਜਿਥੇ ਮਿਸਜ਼ ਕੈਥੇਰਿਕ ਸਰ ਪਰਸੀਵਲ ਨਾਲ ਫੜੀ ਗਈ ਸੀ। ਉਸੇ ਦੀ ਰੋਸ਼ਨੀ ਵਿਚ ਮੈਂ ਮਿਸਜ਼ ਕੈਥੇਰਿਕ ਨੂੰ ਵੇਖ ਤੇ ਪਰਖ ਰਿਹਾ ਸਾਂ।

ਜਦੋਂ ਮਿਸਿਜ਼ ਕੈਲੀਮੈਂਟਸ ਨੇ ਮੈਨੂੰ ਦਸਿਆ ਸੀ ਕਿ ਮਿਸਿਜ਼ ਕੈਥੇਰਿਕ ਗਰਜੇ ਦੇ ਉਸ ਵੈਸਟਰੀ ਵਿਚ ਫੜੀ ਗਈ ਸੀ, ਜਿਥੇ ਗਿਰਜੇ ਦਾ ਰਿਕਾਰਡ ਰੱਖਿਆ ਜਾਂਦਾ ਸੀ, ਤਾਂ ਵੀ ਮੇਰੇ ਦਿਮਾਗ ਵਿਚ ਇਹ ਸਵਾਲ ਉਠਿਆ ਸੀ, ਕਿ ਸਰ ਪਰਸੀਵਲ ਨੇ ਮਿਸਿਜ਼ ਕੈਥੇਰਿਕ ਨੂੰ ਮਿਲਣ ਲਈ ਕਿੰਨੀ ਅਜੀਬ ਥਾਂ ਚੁਣੀ ਸੀ। ਮੈਂ ਇਸੇ ਖਿਆਲ ਨਾਲ ਹੀ ਮਿਸਿਜ਼ ਕੈਥੇਰਿਕ ਦੇ ਸਾਹਮਣੇ ਗਿਰਜੇ ਦੀ ਵੈਸਟਰੀ ਦਾ ਜ਼ਿਕਰ ਕੀਤਾ ਸੀ। ਮੈਂ ਸੋਚਿਆ ਸੀ ਕਿ ਉਹ ਜਾਂ ਘਬਰਾ ਜਾਏਗੀ, ਜਾਂ ਮੈਨੂੰ ਗਾਲ੍ਹਾਂ ਕਢੇਗੀ, ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਹ ਮੇਰੇ ਇਹ ਸ਼ਬਦ ਸੁਣਨ ਤੇ ਬੜੀ ਭੈ-ਭੀਤ ਹੋ ਉਠੀ। ਮੈਨੂੰ ਇਹ ਤਾਂ ਪੱਕਾ ਵਿਸ਼ਵਾਸ ਸੀ, ਕਿ ਸਰ ਪਰਸੀਵਲ ਦਾ ਭੇਤ ਕਿਸੇ ਗੁਨਾਹ ਨੂੰ ਛਪਾਣ ਨਾਲ ਹੀ ਸੰਬੰਧਿਤ ਹੈ, ਜਿਸ ਦੀ ਜਾਣਕਾਰੀ ਮਿਸਿਜ਼ ਕੈਥੇਰਿਕ ਨੂੰ ਹੈ, ਪਰ ਹੁਣ ਉਸ ਦੇ ਡਰ ਨੂੰ ਵੇਖ ਕੇ ਮੈਂ ਇਹ ਅਨੁਮਾਨ ਲਾਇਆ ਕਿ ਹੋਵੇ ਨਾ ਹੋਵੇ, ਇਸ ਗੁਨਾਹ ਦਾ ਸੰਬੰਧ ਗਿਰਜੇ ਦੀ ਵੈਸਟਰੀ ਨਾਲ ਹੀ ਹੈ, ਅਤੇ ਮਿਸਿਜ਼ ਕੈਥੇਰਿਕ ਨਿਰੀ ਇਸ ਦੀ ਗਵਾਹ ਹੀ ਨਹੀਂ, ਸਗੋਂ ਉਸ ਗੁਨਾਹ ਵਿਚ ਉਸ ਦਾ ਵੀ ਹੱਥ ਹੈ।

ਉਹ ਕਿਹੋ ਜਿਹਾ ਗੁਨਾਹ ਹੋਵਗਾ? ਇਹ ਖਤਰਨਾਕ ਤਾਂ ਹੋਵੇਗਾ ਹੀ, ਪਰ ਇਸ ਦਾ ਇਕ ਪੱਖ ਘ੍ਰਿਣਾਯੋਗ ਵੀ ਅਵਸ਼ ਹੋਵੇਗਾ, ਨਹੀਂ ਤਾਂ ਮਿਸਿਜ਼ ਕੈਥੇਰਿਕ ਸਰ ਪਰਸੀਵਲ ਦੇ ਖ਼ਾਨਦਾਨ ਤੇ ਜਗੀਰ ਬਾਰੇ ਮੇਰੇ ਕਹੇ ਸ਼ਬਦ ਇੰਜ ਖੁਲਮ-ਖੁੱਲਾ ਨਫਰਤ ਨਾਲ ਨਾ ਦੁਹਰਾਦੀ ਇਹੀ ਸਿੱਧ ਹੁੰਦਾ ਸੀ, ਕਿ ਇਹ ਗੁਨਾਹ ਖਤਰਨਾਕ ਸੀ, ਘ੍ਰਿਣਾਯੋਗ ਸੀ, ਅਤੇ ਮਿਸਿਜ਼ ਕੈਥੇਰਿਕ ਇਸ ਵਿਚ ਸਾਂਝੀਵਾਲ ਸੀ ਅਤੇ ਇਸ ਦਾ ਸੰਬੰਧ ਗਿਰਜੇ ਦੀ ਵੈਸਟਰੀ ਨਾਲ ਸੀ।

ਹੋਰ ਸੋਚਣ ਨਾਲ ਮੈਂ ਆਪਣੀ ਛਾਣਬੀਣ ਵਿਚ ਇਕ ਕਦਮ ਹੋਰ ਅਗੇਰੇ ਵਧਿਆ ਸਾਂ।

ਮਿਸਿਜ਼ ਕੈਥੇਰਿਕ ਸਰ ਪਰਸੀਵਲ ਨੂੰ ਘ੍ਰਿਣਾ ਕਰਦੀ ਸੀ, ਪਰ ਗੱਲ ਇਥੇ ਹੀ ਨਹੀਂ ਮੁਕਦੀ ਸੀ, ਉਹ ਉਹਦੀ ਮਾਂ ਨੂੰ ਵੀ ਨਫ਼ਰਤ ਦੀ ਨਿਗਾਹ ਨਾਲ ਦੇਖਦੀ ਸੀ। ਉਹਨੇ ਕਿੰਨੇ ਤਾਹਨੇ ਨਾਲ ਕਿਹਾ ਸੀ, "ਹਾਂ ਵੱਡੇ ਖ਼ਾਨਦਾਨ ਦਾ ਹੈ ਖਾਸ ਕਰਕੇ ਮਾਂ ਦੇ ਪਾਸਿਉਂ-" ਇਸ ਗੱਲ ਪਿਛੇ ਕੀ ਰਾਜ ਸੀ? ਇਸ ਦੇ ਦੋ ਮਤਲਬ ਨਿਕਲ ਸਕਦੇ ਸਨ। ਇਕ ਤਾਂ ਇਹ ਕਿ ਸਰ ਪਰਸੀਵਲ ਦੀ ਮਾਂ ਗਰੀਬਾਂ ਦੀ ਧੀ ਸੀ, ਜਾਂ ਉਹਦੀ ਕੋਈ ਬਦਨਾਮੀ ਹੋ ਚੁੱਕੀ ਸੀ ਜਿਸ ਦਾ

ਸਰ ਪਰਸੀਵਲ ਅਤੇ ਮਿਸਿਜ਼ ਕੈਥੇਰਿਕ ਦੋਹਾਂ ਨੂੰ ਪਤਾ ਸੀ। ਮੈਂ ਉਹਦੇ ਵਿਆਹ ਦੇ ਰਜਿਸਟਰ ਨੂੰ ਉਹ ਦੇ ਮਾਂ-ਪਿਉ ਦਾ ਨਾਂ ਆਦਿ ਪੜ੍ਹ ਕੇ ਵੇਖ ਸਕਦਾ ਸਾਂ ਕਿ ਉਹ ਕਿਨ੍ਹਾਂ ਲੋਕਾਂ ਵਿਚੋਂ ਸੀ। ਇਹ ਕੰਮ ਹੀ ਪਹਿਲਾਂ ਕਰਨਾ ਚਾਹੀਦਾ ਸੀ।

ਦੂਜੀ ਗੱਲ, ਜੋ ਸੋਚਣ ਵਾਲੀ ਸੀ ਕਿ ਜੇ ਉਹ ਅਮੀਰ ਖ਼ਾਨਦਾਨ ਦੀ ਸੀ, ਤਾਂ ਉਹਦੀ ਨਮੋਸ਼ੀ ਕਿਉਂ ਤੇ ਕਦੋਂ ਹੋਈ-ਮੈਂ ਮੇਰੀਅਨ ਦੇ ਮੂੰਹੋਂ ਸਰ ਪਰਸੀਵਲ ਦੀ ਪਹਿਲੀ ਜ਼ਿੰਦਗੀ ਦੀ ਕਹਾਣੀ ਸੁਣੀ ਸੀ। ਮੈਨੂੰ ਯਾਦ ਆਇਆ, ਕਿ ਉਹਨੇ ਦਸਿਆਂ ਸੀ ਕਿ ਉਹਦੇ ਮਾਪੇ ਸ਼ੱਕੀ ਸੁਭਾ ਦੇ ਸਨ ਅਤੇ ਸਾਰੀ ਜ਼ਿੰਦਗੀ ਕਿਸੇ ਨਾਲ ਮਿਲਦੇ ਜੁਲਦੇ ਨਹੀਂ ਸਨ। ਕਿਧਰੇ ਇਹ ਤਾਂ ਨਹੀਂ ਸੀ ਕਿ ਸਰ ਪਰਸੀਵਲ ਦੀ ਮਾਂ ਦਾ ਵਿਆਹ ਹੀ ਨਾ ਹੋਇਆ ਹੋਵੇ ! ਖੈਰ ! ਇਹ ਗੱਲ ਵੀ ਵਿਆਹ ਦੇ ਰਜਿਸਟਰ ਤੋਂ ਦੇਖੀ ਜਾ ਸਕਦੀ ਸੀ। ਪਰ ਹੁਣ ਉਹ ਰਜਿਸਟਰ ਕਿਥੇ ਹੋਵੇਗਾ? ਇਸ ਦਾ ਉੱਤਰ ਮੈਨੂੰ ਇਹੀ ਸਮਝ ਆਇਆ, ਕਿ ਉਹ ਰਜਿਸਟਰ ਵੀ ਪੁਰਾਣੇ ਵੈਲਮਿੰਗਮ ਦੇ ਗਿਰਜੇ ਵਿਚ ਹੀ ਹੋਣਾ ਚਾਹੀਦਾ ਹੈ।

ਮਿਸਿਜ਼ ਕੈਥਰਿਕ ਨਾਲ ਮੁਲਾਕਾਤ ਮਗਰੋਂ ਇਨ੍ਹਾਂ ਸਿਟਿਆਂ ਉੱਤੇ ਮੈਂ ਅਪੜਿਆ ਸਾਂ, ਅਤੇ ਬੜੀ ਸੋਚ ਵਿਚਾਰ ਕਰਕੇ ਮੈਂ ਇਹੀ ਨਤੀਜਾ ਕੱਢਿਆ ਸੀ ਕਿ ਪਹਿਲਾਂ ਕੱਲ ਚਲਕੇ ਰਜਿਸਰ ਹੀ ਵੇਖਣਾਂ ਚਾਹੀਦਾ ਹੈ।

ਦੂਜੇ ਦਿਨ ਸਵੇਰੇ ਬਦਲ ਝੁਕੇ ਸਨ, ਪਰ ਬਾਰਸ਼ ਨਹੀਂ ਹੋ ਰਹੀ ਸੀ। ਮੈਂ ਆਪਣਾ ਬੈਗ ਹੋਟਲ ਵਿਚ ਹੀ ਰਹਿਣ ਦਿੱਤਾ, ਅਤੇ ਉਨ੍ਹਾਂ ਨੂੰ ਇਹੀ ਕਿਹਾ ਕਿ ਮੈਂ ਫਿਰ ਆ ਕੇ ਲੈ ਜਾਵਾਂਗਾ। ਰਾਹ ਪਛਦਾ ਪੁਛਾਂਦਾ ਮੈਂ' ਪੁਰਾਣੇ ਵੈਲਮਿੰਗਮ ਦੇ ਗਿਰਜੇ ਵੱਲ ਚਲ ਪਿਆ।

ਗਿਰਜਾ ਕੋਈ ਉਥੋਂ ਦੋ ਕੁ ਮੀਲ ਦੀ ਵਿੱਥ ਤੇ ਸੀ, ਅਤੇ ਸਾਰਾ ਰਾਹ ਚੜ੍ਹਾਈ ਹੀ ਚੜ੍ਹਾਈ ਸੀ। ਗਿਰਜਾ ਸਭ ਤੋਂ ਉੱਚੀ ਥਾਂ ਤੇ ਬਣਿਆ ਹੋਇਆ ਸੀ। ਇਹ ਇਕ ਪੁਰਾਣੀ ਇਮਾਰਤ ਅਤੇ ਇਸ ਨੇ ਕਈ ਰੁਤਾਂ ਹੰਢਾਈਆਂ ਸਨ। ਦੋਵੇਂ ਪਾਸੇ ਬੜੇ ਭਾਰੇ ਭਾਰੇ ਥੰਮ ਸਨ, ਅਤੇ ਮੱਥੇ ਇਕ ਚਕੋਰ ਬੁਰਜ ਬਣਿਆ ਹੋਇਆ ਸੀ। ਗਿਰਜੇ ਦੇ ਪਿਛੇ ਕਰਕੇ ਜੋ ਕਮਰੇ ਬਣੇ ਹੋਏ ਸਨ, ਉਹ ਵੀ ਗਿਰਜੇ ਦੇ ਨਾਲ ਹੀ ਬਣੇ ਹੋਏ ਦਿਸਦੇ ਸਨ। ਗਿਰਜੇ ਦੇ ਦੁਆਲੇ ਚੱਕਰ ਕਟਦਿਆਂ ਕਈ ਥਾਵਾਂ ਤੋਂ ਉਹ ਪੁਰਾਣਾ ਪਿੰਡ ਦਿਸਦਾ ਸੀ, ਜਿਸ ਦਾ ਜ਼ਿਕਰ ਮਿਸਿਜ਼ ਕੈਲੀਮੈਂਟਸ ਨੇ ਮੇਰੇ ਨਾਲ ਕੀਤਾ ਸੀ। ਇਸੇ ਥਾਂ ਤੇ ਉਹ ਅਤੇ ਉਸ ਦਾ ਪਤੀ ਕਈ ਵਰ੍ਹੇ

ਪਹਿਲਾਂ ਰਹਿੰਦੇ ਸਨ। ਇਥੋਂ ਦੇ ਵਸਨੀਕ ਵੀ ਹੁਣ ਚਰੋਕਣੇ ਨਵੇਂ ਇਲਾਕੇ ਵੱਲ ਚਲੇ ਗਏ ਸਨ। ਕਈ ਘਰਾਂ ਦੀਆਂ ਸਿਰਫ ਕੰਧਾਂ ਹੀ ਰਹਿ ਗਈਆਂ ਸਨ। ਕਈ ਉਂਜ ਹੀ ਕਿਰ ਕਿਰ ਕਰ ਰਹੇ ਸਨ, ਅਤੇ ਕਈਆਂ ਵਿਚ ਅਜੇ ਵੀ ਬੜੇ ਹੀ ਗਰੀਬ ਲੋਕ ਰਹਿ ਰਹੇ ਦਿਸਦੇ ਸਨ। ਬੜੀ ਹੀ ਉਜਾੜ ਪਈ ਸੀ, ਪਰ ਇਸ ਦੀ ਉਜਾੜ ਵਿਚ ਵੀ ਉਹ ਬੇਰੌਣਕੀ ਨਹੀਂ ਸੀ, ਜੋ ਨਵੇਂ ਵੈਲਮਿੰਗਮ ਵਿਚ ਸੀ। ਇਥੇ ਆਲ ਦੁਆਲੇ ਕਈ ਖੇਤ ਸਨ, ਜਿਨ੍ਹਾਂ ਨਾਲ ਅੱਖਾਂ ਨੂੰ ਤਰਾਵਤ ਪਹੁੰਚਦੀ ਸੀ। ਦਰੱਖਤ ਸਨ, ਜਿਨ੍ਹਾਂ ਉੱਤੇ ਭਾਵੇਂ ਹੁਣ ਕੋਈ ਪੱਤਾ ਤਕ ਨਹੀਂ ਸੀ, ਪਰ ਤਾਂ ਵੀ ਆਸ ਤਾਂ ਬਝਦੀ ਸੀ ਕਿ ਗਰਮੀਆਂ ਵਿਚ ਇਨ੍ਹਾਂ ਦੇ ਹੇਠਾਂ ਕਦੀ ਛਾਂ ਹੋਏਗੀ। ਨਵੇਂ ਸ਼ਹਿਰ ਵਾਂਗ ਆਲੇ ਦੁਆਲੇ ਵਿਚ ਇਕ ਜੋਹੇ ਮਕਾਨ ਹੀ ਮਕਾਨ ਸਨ, ਜਿਨ੍ਹਾਂ ਨਾਲ ਅੱਖਾਂ ਥੱਕ ਜਾਂਦੀਆਂ ਅਤੇ ਸਭ ਮਨੁੱਖਾਂ ਦਾ ਕੋਈ ਵਖਰਾ ਵਖਰਾ ਆਕਾਰ ਨਹੀਂ ਸੀ ਰਹਿ ਜਾਂਦਾ--।

ਜਿਉਂ ਹੀ ਮੈਂ ਗਿਰਜੇ ਦੇ ਪਿਛਵਾੜਿਉਂ ਦੀ ਪੁਰਾਣਿਆਂ ਘਰਾਂ ਵੱਲ ਨਿਕਲਿਆ, ਤਾਂ ਜੋ ਕਿਸੇ ਕੋਲੋਂ ਕਲਰਕ ਦਾ ਘਰ ਪੁੱਛਾਂ, ਦੋ ਹੀ ਆਦਮੀ ਇਕ ਕੰਧ ਦੇ ਪਿਛੋਂ ਦੀ ਝਟ ਮੇਰੇ ਪਿੱਛੇ ਹੋ ਤੁਰੇ। ਉਨ੍ਹਾਂ ਵਿਚੋਂ ਇਕ ਲੰਮਾ ਉੱਚਾ ਅਤੇ ਤਕੜਾ ਬੰਦਾ ਸੀ, ਅਤੇ ਦੂਜਾ ਓਹੀ ਸੀ, ਜੋ ਮੇਰੇ ਪਿਛੇ ਉਸ ਦਿਨ ਲੱਗਾ ਸੀ ਜਦੋਂ ਮੈਂ ਮਿਸਟਰ ਕਾਈਰਲ ਦੇ ਦਫਤਰ ਬਾਹਰ ਨਿਕਲਿਆਂ ਸਾਂ। ਉਸ ਵੇਲੇ ਮੈਂ ਉਹਨੂੰ ਖਾਸ ਧਿਆਨ ਨਾਲ ਵੇਖਿਆ ਸੀ, ਇਸ ਲਈ ਮੈਂ ਹੁਣ ਪਛਾਣ ਗਿਆ ਸਾਂ।

ਉਨ੍ਹਾਂ ਦੋਹਾਂ ਨੇ ਮੇਰੇ ਨਾਲ ਗੱਲ ਕਰਨ ਦੀ ਕੋਸ਼ਿਸ਼ ਨਾ ਕੀਤੀ, ਅਤੇ ਨਾ ਹੀ ਮੇਰੇ ਨੇੜੇ ਆਏ। ਉਨ੍ਹਾਂ ਦਾ ਗਿਰਜੇ ਦੇ ਨੇੜੇ ਆਉਣ ਵਿਚ ਕੀ ਮਨੋਰਥ ਸੀ, ਇਹ ਪ੍ਰਤੱਖ ਹੀ ਦਿਸ ਰਿਹਾ ਸੀ। ਸਭ ਕੁਝ ਉਵੇਂ ਹੀ ਹੋ ਰਿਹਾ ਸੀ, ਜਿਵੇਂ ਮੈਂ ਸੋਚਿਆ ਸੀ। ਸਰ ਪਰਸੀਵਲ ਮੇਰੇ ਲਈ ਪੂਰੀ ਤਰ੍ਹਾਂ ਤਿਆਰ ਸੀ। ਮਿਸਿਜ਼ ਕੈਥੇਰਿਕ ਨੂੰ ਮੈਂ ਮਿਲ ਚੁੱਕਾ ਹਾਂ, ਇਹ ਖ਼ਬਰ ਵੀ ਉਹਨੂੰ ਪਹੁੰਚਾ ਦਿਤੀ ਗਈ ਸੀ। ਇਹੀ ਕਾਰਣ ਸੀ, ਕਿ ਦੋ ਆਦਮੀ ਮੇਰੇ ਇਥੇ ਪੁੱਜਣ ਦੀ ਉਡੀਕ ਵਿਚ ਪਹਿਲਾਂ ਹੀ ਪਹੁੰਚੇ ਹੋਏ ਸਨ। ਜੇ ਮੈਨੂੰ ਆਪਣੀ ਬਣਾਈ ਹੋਈ ਯੋਜਨਾ ਵਿਚ ਕੋਈ ਰਤਾ ਵੀ ਸ਼ੱਕ ਹੁੰਦਾ ਤਾਂ ਹੁਣ ਇਨ੍ਹਾਂ ਜਾਸੂਸਾਂ ਨੂੰ ਇਥੇ ਵੇਖ ਕੇ ਉਹ ਵੀ ਗਾਇਬ ਹੋ ਜਾਂਦਾ।

ਮੈਂ ਗਿਰਜੇ ਤੋਂ ਦੂਰ ਦੂਰ ਹੁੰਦਾ ਗਿਆ। ਇਕ ਘਰ ਮੈਨੂੰ ਅਜਿਹਾ ਦਿਸਿਆ, ਜਿਥੇ ਕੋਈ ਰਹਿੰਦਾ ਸੀ। ਘਰ ਦੇ ਪਿਛਵਾੜੇ ਇਕ ਨਿਕਾ ਜਿਹਾ ਬਗੀਚਾ ਸੀ, ਜਿਥੇ ਇਕ ਮਜ਼ਦੂਰ ਕੰਮ ਕਰ ਰਿਹਾ ਸੀ। ਉਹਨੇ ਮੈਨੂੰ ਕਲਰਕ ਦੇ ਘਰ ਦਾ ਰਾਹ ਦਸਿਆ। ਕਲਰਕ ਉਥੋਂ ਕੁਝ ਦੂਰ ਰਹਿੰਦਾ ਸੀ ਅਤੇ ਉਹਦਾ ਘਰ ਪਿੰਡ ਦੇ ਇਕ ਪਾਸੇ ਕਰਕੇ ਸੀ। ਮੈਂ ਜਦੋਂ ਪਹੁੰਚਿਆ ਤਾਂ ਉਹ ਘਰ ਹੀ ਸੀ। ਉਹ ਬੜਾ ਖੁਸ਼ ਰਹਿਣਾ, ਗਲਾਧੜ ਅਤੇ ਜਲਦੀ ਹੀ ਘੁਲ ਮਿਲ ਜਾਣ ਵਾਲਾ ਬੰਦਾ ਦਿਸਦਾ ਸੀ। ਉਹਨੂੰ ਇਸ ਪਿੰਡ ਵਿਚ ਕੁਝ ਵੀ ਪਸੰਦ ਨਹੀਂ ਸੀ। ਉਹ ਆਪ ਲੰਦਨ ਹੋ ਆਇਆ ਸੀ। ਇਸ ਲਈ ਆਪਣੇ ਗੁਆਂਢੀਆਂ ਤੋਂ ਆਪਣੇ ਆਪ ਨੂੰ ਵੱਖਰਾ ਸਮਝਦਾ ਸੀ। ਇਹ ਸਭ ਕੁਝ ਮੈਨੂੰ ਉਹਦੇ ਨਾਲ ਗੱਲਾਂ ਕਰਦਿਆਂ ਪਤਾ ਲਗਾ।

"ਤੁਸੀਂ ਚੰਗਾ ਕੀਤਾ ਹੈ, ਕਿ ਜਲਦੀ ਆ ਗਏ ਹੋ, "ਉਹ ਮੇਰੇ ਉਥੇ ਪਹੁੰਚਣ ਦਾ ਕਾਰਣ ਜਾਣਕੇ ਬੋਲਿਆ। "ਮੈਂ" ਤੇ ਹੋਰ ਦਸਾਂ ਮਿੰਟਾਂ ਵਿਚ ਤੁਹਾਨੂੰ ਇਥੇ ਨਹੀਂ ਸੀ ਮਿਲਣਾ ਅਤੇ ਮੈਂ ਬੜੀ ਦੂਰ ਜਾਣਾ ਹੈ-ਮੇਰੀ ਉਮਰ ਲਈ ਇਹ ਪੈਂਡਾ ਚੋਖਾ ਲੰਮਾ ਹੈ, ਸ੍ਰੀ ਮਾਨ ਜੀ, ਮੈਂ ਅਜੇ ਵੀ ਏਨਾ ਤਕੜਾ ਹਾਂ ਕਿ ਟੁਰ ਫਿਰ ਸਕਦਾ ਹਾਂ, ਜਦੋਂ ਤਕ ਆਦਮੀ ਦੀਆਂ ਲੱਤਾਂ ਜਵਾਬ ਨਾ ਦੇ ਦੇਣ, ਸੋਚੋ, ਕਿ ਉਹ ਅਜੇ ਸਿਹਤਮੰਦ ਹੈ ਕੀ ਤੁਹਾਡਾ ਵੀ ਇਹੀ ਖਿਆਲ ਨਹੀਂ? ਇੰਜ ਗੱਲਾਂ ਕਰਦਿਆਂ ਕਰਦਿਆਂ, ਉਹਨੇ ਅੰਗੀਠੀ ਦੇ ਉਪਰ ਇਕ ਕਿਲੀ ਤੋਂ ਚਾਬੀਆਂ ਲਾਹੀਆ ਅਤੇ ਬਾਹਰ ਨਿਕਲਣ ਤੇ ਉਹਨੇ ਤਾਲਾ ਬੰਦ ਕੀਤਾ।

"ਕੋਈ ਨਹੀਂ ਜੋ ਮੇਰੇ ਨਾਲ ਰਵੇ- ਮੇਰੀ ਪਤਨੀ ਗਿਰਜੇ ਦੇ ਕਬਰਸਤਾਨ ਵਿਚ ਹੈ, ਅਤੇ ਬੱਚੇ ਸਭ ਵਿਆਹੇ ਗਏ ਹਨ। ਇਹ ਥਾਂ ਬੜੀ ਗੰਦੀ ਹੈ-ਕਿਉਂ? ਕੀ ਠੀਕ ਨਹੀਂ ਕਹਿ ਰਿਹਾ ਮੈਂ-?" ਪਰ ਸਾਡਾ ਪ੍ਰਚਾਰ ਦਾ ਖੇਤਰ ਇਥੇ ਬਹੁਤ ਵੱਡਾ ਹੈ, ਸਾਰੇ ਹੀ ਲੋਕ ਮੇਰੇ ਜਿੰਨਾ ਕੰਮ ਨਹੀਂ ਕਰ ਸਕਦੇ। ਮੈਂ ਸ਼ੁੱਧ ਅੰਗਰੇਜ਼ੀ ਬੋਲ ਲੈਂਦਾ ਹਾਂ, ਜੋ ਇਥੋਂ ਦੇ ਲੋਕ ਨਹੀਂ ਬੋਲ ਸਕਦੇ। ਕੀ ਤੁਸੀਂ ਲੰਦਨ ਤੋਂ ਆਏ ਹੋ? ਮੈਂ ਵੀ ਪੈਂਤੀ ਸਾਲ ਪਹਿਲਾਂ ਲੰਦਨ ਗਿਆ ਸਾਂ -, ਉਥੋਂ ਦੀ ਕੋਈ ਖਬਰ ਸੁਣਾਉ।"

ਇੰਜ਼ ਹੀ ਗੱਲਾਂ ਕਰਦਿਆ ਉਹ ਮੇਰੇ ਨਾਲ ਗਿਰਜੇ ਦੀ ਉਸ ਪਿਛਲੀ ਇਮਾਰਤ ਵੈਸਟਰੀ ਤਕ ਆ ਗਿਆ। ਮੈਂ ਆਸੇ ਪਾਸੇ ਵੇਖਿਆ, ਉਹ ਦੋਵੇਂ ਜਾਸੂਸ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਸ਼ਾਇਦ ਉਹ ਕਿਧਰੇ ਛੁਪ ਕੇ ਵੇਖ ਰਹੇ ਹੋਣ ਕਿ ਮੈਂ ਕੀ ਕਰ ਰਿਹਾ ਹਾਂ।

ਵੈਸਟਰੀ ਦਾ ਦਰਵਾਜ਼ਾ ਪੁਰਾਣੇ ਢੰਗ ਦਾ ਸੀ। ਉਹਦੇ ਵਿਚ ਵੱਡੀਆਂ ਵੱਡੀਆਂ ਮਜ਼ਬੂਤ ਮੇਖਾਂ ਲੱਗੀਆਂ ਹੋਈਆਂ ਸਨ। ਕਲਰਕ ਨੇ ਤਾਲੇ ਨੂੰ ਇਕ ਚਾਬੀ ਨਾਲ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਪਰ ਅਤੇ ਇੰਜ ਮੂੰਹ ਬਣਾਇਆ ਜਿਵੇਂ ਕੋਈ ਬੜੀ ਭਾਰੀ ਮੁਸ਼ਕਲ ਆਣ ਪਈ ਹੈ, ਜਿਸਨੂੰ ਪਤਾ ਨਹੀਂ ਕਿਸ ਤਰ੍ਹਾਂ ਸੁਲਝਾਇਆ ਜਾਏਗਾ

"ਮੈਂ ਤੁਹਾਨੂੰ ਇਧਰੋਂ ਲਿਆਇਆ ਹਾਂ, ਕਿਉਂ ਜੋ ਵੈਸਟਰੀ ਅਤੇ ਗਿਰਜੇ ਦਾ ਵਿਚਕਾਰਲਾ ਦਰਵਾਜ਼ਾ ਵੈਸਟਰੀ ਵਲੋਂ ਅੰਦਰੋਂ ਬੰਦ ਕੀਤਾ ਹੋਇਆ ਹੈ, ਨਹੀਂ ਤਾਂ ਅਸੀਂ ਗਿਰਜੇ ਦੇ ਅੰਦਰ ਇਧਰ ਆ ਜਾਂਦੇ। ਇਹ ਬੜਾ ਭੈੜਾ ਤਾਲਾ ਹੈ। ਇਹ ਤੇ ਇਕ ਜੇਲਖਾਨੇ ਨੂੰ ਲਗਾਣਾ ਚਾਹੀਦਾ ਹੈ, ਮੈਂ ਕਈ ਵਾਰ ਵਾਰਡਨ ਸਾਹਿਬ ਨੂੰ ਕਹਿ ਬੈਠਾਂ ਹਾਂ, ਕਿ ਇਹ ਦਾ ਕੁਝ ਕਰੋ, ਪਰ ਉਹ ਹਰ ਵਾਰੀ ਇਹ ਹੀ ਕਹਿੰਦੇ ਹਨ, ਕਿ ਕੁਝ ਕਰਾਂਗੇ -ਪਰ ਉਹਨਾਂ ਅਜੇ ਤੀਕ ਕੁਝ ਨਹੀਂ ਕੀਤਾ।"

"ਅਸੀਂ ਇਥੇ ਸੁੱਤੇ ਹੋਏ ਹਾਂ ਜਨਾਬ-! ਬਸ ਦੁਨੀਆਂ ਦਾ ਇਹ ਅਖੀਰਲਾ ਕੋਨਾ ਹੈ, --- ਅਸੀਂ ਇਥੇ ਵਕਤ ਦੇ ਨਾਲ ਨਾਲ ਅਗੇ ਨਹੀਂ ਵਧ ਰਹੇ। ਬਸ ਸੁੱਤੇ ਹੀ ਸਮਝ ਲਵੋ- ਲੰਦਨ ਵਿਚ ਇਹ ਕੁਝ ਥੋੜਾ ਚਲ ਸਕਦਾ ਹੈ।"

ਚਾਬੀ ਨੂੰ ਕਈ ਵਾਰ ਬਾਹਰ ਕੱਢਿਆ ਗਿਆ ਅਤੇ ਕਈ ਵਾਰ ਘੁਮਾਇਆ ਗਿਆ ਤਾਂ ਉਹ ਭਾਰਾ ਦਰਵਾਜ਼ਾ ਖੁੱਲਿਆ।

ਬਾਹਰੋਂ ਵੈਸਟਰੀ ਇੰਨੀ ਵੱਡੀ ਨਹੀਂ ਦਿਸਦੀ ਸੀ, ਪਰ ਅੰਦਰੋਂ ਇਹ ਕਮਰਾ ਕਾਫ਼ੀ ਮੋਕਲਾ ਸੀ। ਕਮਰਾ ਬੜਾ ਹੀ ਸਾਹ ਘੁਟਵਾਂ ਸੀ, ਅਤੇ ਇਹ ਦਾ ਛੱਤ ਵੀ ਕਾਫ਼ੀ ਨੀਵਾਂ ਸੀ। ਕਮਰੇ ਦੇ  ਦੋਵੇਂ ਪਾਸੇ ਵੱਡੀਆਂ ਵੱਡੀਆਂ ਦੋ ਅਲਮਾਰੀਆਂ ਸਨ, ਜਿਨ੍ਹਾਂ ਨੂੰ ਸਿਉਂਕ ਲੱਗੀ ਹੋਈ ਜਾਪਦਾ ਸੀ ਅਤੇ ਜਾਪਦਾ ਸੀ ਕਿ ਉਹ ਹੱਥ ਲਾਣ ਨਾਲ ਹੀ ਡਿਗ ਪੈਣਗੀਆਂ। ਇਕ ਅਲਮਾਰੀ ਵਿਚ ਪਾਦਰੀਆਂ ਦੇ ਪਾਣ ਵਾਲੇ ਕਈ ਜਾਮੇ ਟੰਗੇ ਹੋਏ ਸਨ। ਇਨ੍ਹਾਂ ਦੇ ਹੇਠਾਂ ਅਲਮਾਰੀ ਦੇ ਫਰਸ਼ ਉੱਤੇ ਤਿੰਨ ਡੱਬੇ ਸਨ, ਜਿਨ੍ਹਾਂ ਵਿਚੋਂ ਸੁੱਕਾ ਘਾਹ ਬਾਹਰ ਤਕ ਨਿਕਲ ਰਿਹਾ ਸੀ। ਇਕ ਕੋਨੇ ਵਿਚ ਮਿੱਟੀ ਨਾਲ ਭਰਿਆ ਹੋਇਆ ਇਕ ਕਾਗਜਾਂ ਦਾ ਢੇਰ ਸੀ। ਕਈ ਕਾਗਜ਼ ਲੰਮੇ ਸਨ ਅਤੇ ਵਲੈਂਦੇ ਹੋਏ ਸਨ, ਜਿਵੇਂ ਨਕਸ਼ੇ ਹੋਣ, ਅਤੇ ਕਈ ਫਾਈਲਾਂ ਵਿਚ ਸਨ, ਜਿਵੇਂ ਬਿੱਲ ਜਾਂ ਚਿੱਠੀਆਂ ਹੋਣ। ਕਮਰੇ ਵਿਚ ਕਿਸੇ ਜ਼ਮਾਨੇ ਵਿਚ ਇਕ ਖਿੜਕੀ ਸੀ, ਜਿਸ

ਅਗੇ ਹੁਣ ਇੱਟਾਂ ਲਾ ਦਿਤੀਆਂ ਗਈਆ ਸਨ। ਇਸ ਖਿੜਕੀ ਦੀ ਥਾਂ ਉਪਰ ਇਕ ਰੋਸ਼ਨਦਾਨ ਕੱਢਿਆ ਗਿਆ ਸੀ। ਕਮਰੇ ਦੀ ਅੰਦਰਲੀ ਹਵਾ ਬੜੀ ਭਾਰੀ ਸੀ ਕਿਉਂ ਜੋ ਗਿਰਜੇ ਵਿਚਲਾ ਬਹਾ ਉਪਰ ਥੱਲਿਉਂ ਦੋਵੇਂ ਥਾਵਾਂ ਤੋਂ ਪੱਕਾ ਬੰਦ ਕੀਤਾ ਹੋਇਆ ਸੀ। ਇਹ ਦਰਵਾਜ਼ਾ ਵੀ ਬੜਾ ਭਾਰਾ ਸੀ।

"ਅਸੀਂ ਥੋੜੀ ਸਫ਼ਾਈ ਕਰ ਸਕਦੇ ਹਾਂ ਪਰ ਕੀ ਕੀਤਾ ਜਾਏ, ਅਜਿਹੀ ਥਾਂ ਤੇ ਕੁਝ ਵੀ ਕਰਨ ਤੇ ਦਿਲ ਨਹੀਂ ਕਰਦਾ। ਉਹ ਵੇਖੋ, ਜਿਹੜੇ ਸਾਹਮਣੇ ਡੱਬੇਬੰਦ ਦਿਸਦੇ ਜੇ ਉਹ ਲੰਦਨ ਭੇਜੇ ਜਾਣ ਲਈ ਇਕ ਸਾਲ ਪਹਿਲਾਂ ਤਿਆਰ ਕੀਤੇ ਸਨ, ਪਰ ਅਜੇ ਤਕ ਇਥੇ ਪਏ ਹੋਏ ਨੇ। ਮੇਰਾ ਖਿਆਲ ਹੈ, ਇਹ ਹਮੇਸ਼ਾਂ ਇਥੇ ਹੀ ਪਏ ਰਹਿਣਗੇ। ਇਹ ਲੰਦਨ ਨਹੀਂ ਜਿਵੇਂ ਮੈਂ ਕਿਹਾ ਹੈ। ਇਥੇ ਤੇ ਅਸੀਂ ਬਸ ਸੌਂ ਕੇ ਉਮਰ ਗੁਜ਼ਾਰ ਦੇਣੀ ਏ-, ਅਸੀਂ ਵਕਤ ਦੇ ਨਾਲ ਨਾਲ ਨਹੀਂ ਤੁਰਦੇ।"

"ਇਨ੍ਹਾਂ ਡੱਬਿਆਂ ਵਿਚ ਹੈ ਕੀ ਏ-?" ਮੈਂ ਪੁੱਛਿਆ।

"ਟੁੱਟੀਆਂ ਹੋਈਆਂ ਮੂਰਤੀਆਂ ਹਨ, ਪੂਜਾ ਸਥਾਨ ਤੋਂ ਕੁਝ ਸਜਾਵਟ ਦਾ ਸਾਮਾਨ ਵੀ ਟੁੱਟ ਗਿਆ ਸੀ ਉਹ ਵੀ ਬੰਦ ਕੀਤਾ ਸੀ।"

"ਕੀ ਇਨ੍ਹਾਂ ਨੂੰ ਮੁਰੰਮਤ ਲਈ ਲੰਦਨ ਭੇਜ ਰਹੇ ਹੋ?'

"ਹਾਂ-ਤੇ ਜਿਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ, ਉਨ੍ਹਾਂ ਦੀ ਹੂਬਹੂ ਨਕਲ ਬਣਵਾਣ ਲਈ। ਪਰ ਪੈਸੇ ਦੀ ਥੁੜ ਕਰਕੇ ਇਹ ਇਥੇ ਹੀ ਪਏ ਰਹੇ ਨੇ। ਹੁਣ ਲੋਕ ਨਵਾਂ ਚੰਦਾ ਦੇਣਗੇ ਤਾਂ ਇਨ੍ਹਾਂ ਦੀ ਵਾਰੀ ਆਏਗੀ। ਇਹ ਪਿਛਲੇ ਸਾਲ ਦੀ ਗੱਲ ਹੈ, ਛੇ ਆਦਮੀ ਇਥੇ ਆਏ ਸਨ। ਨਵੇਂ ਸ਼ਹਿਰ ਤੇ ਹੋਟਲ ਵਿਚ ਉਨ੍ਹਾਂ ਰੋਟੀ ਖਾਧੀ। ਉਨ੍ਹਾਂ ਬੜੇ ਲੈਕਚਰ ਦਿਤੇ, ਕਿ ਗਿਰਜੇ ਦੇ ਏਨੀ ਕੀਮਤੀ ਸਾਮਾਨ ਨੂੰ ਮੁਰੰਮਤ ਕਰਵਾਣਾ ਚਾਹੀਦਾ ਹੈ। ਇਸ ਕੰਮ ਲਈ ਉਨ੍ਹਾਂ ਟਰੈਕਟ ਵੀ ਛਪਵਾਏ -ਬਹੁਤ ਸੁਹਣੇ ਟਰੈਕਟ ਸਨ ਉਹ। ਨਵੇਂ ਗਿਰਜੇ ਲਈ ਨਕਸ਼ਾਨਵੀਸ ਕੋਲ ਨਕਸ਼ਾ ਵੀ ਬਣ-ਵਾਇਆ ਗਿਆ, ਇਨ੍ਹਾਂ ਡੱਬਿਆਂ ਵਿਚ ਉਹ ਟਰੈਕਟ ਵੀ ਪਏ ਹਨ, ਜਿਹੜੇ ਬਚ ਗਏ ਸਨ। ਉਹ ਨਕਸ਼ੇ ਪਏ ਹਨ ਅਤੇ ਉਹ ਚਿੱਠੀਆਂ ਹਨ, ਜਿਨ੍ਹਾਂ ਤੋਂ ਉਨ੍ਹਾਂ ਲੋਕਾਂ ਦੀ ਆਪਸ ਵਿਚ ਲੜਾਈ ਹੋ ਗਈ ਸੀ; ਅਤੇ ਹੁਣ ਸਭ ਕੁਝ ਇਸ ਕਮਰੇ ਵਿਚ ਬੰਦ ਹੈ। ਥੋੜਾ ਜਿਹਾ ਪੈਸਾ ਇਕੱਠਾ ਹੋਇਆ ਜਿਸ ਨਾਲ ਛਾਪੇਖਾਨੇ ਵਾਲੇ ਦੇ ਅਤੇ ਨਕਸ਼ਾਨਵੀਸ ਦੇ ਪੈਸੇ

ਦਿਤੇ ਗਏ, ਇਹ ਮੂਰਤੀਆਂ ਪੈਕ ਕਰਵਾਈਆਂ ਗਈਆਂ ਤੇ ਬਸ ਪੈਸੇ ਖਤਮ ਹੋ ਗਏ। ਅਸੀਂ ਹੁਣ ਇਹ ਚੀਜ਼ਾਂ ਕਿੱਥੇ ਰਖੀਏ -? ਨਵੇਂ ਸ਼ਹਿਰ ਵਿਚ ਕੋਈ ਸਾਨੂੰ ਪੈਰ ਨਹੀਂ ਰੱਖਣ ਦੇਂਦਾ, ਇਹੀ ਥਾਂ ਸਾਡੇ ਜੋਗੀ ਰਹਿ ਗਈ ਹੈ। ਕੀ ਕੀਤਾ ਜਾਏ ਇਥੇ ਸਫ਼ਾਈ ਹੁਣ ਕੰਨੀ ਕਰੋ, ਇਹੀ ਹਾਲ ਰਹਿਣਾ ਏ।"

ਕਲਰਕ ਖੜਾ ਖੁਸ ਰਹਿਣਾ ਦਿਸਦਾ ਸੀ। ਮੈਨੂੰ ਰਜਿਸਟਰ ਵੇਖਣ ਦੀ ਕਾਹਲ ਸੀ, ਇਸ ਲਈ ਮੈਂ ਉਹਨੂੰ ਹੋਰ ਗੱਲਾਂ ਕਰਨ ਲਈ ਉਤਸਾਹਤ ਨਹੀਂ ਸਾਂ ਕਰ ਰਿਹਾ। ਮੈਂ ਵੀ ਉਹਦੀ ਹਾਂ ਵਿਚ ਹਾਂ ਮਿਲਾਦਿਆਂ ਕਿਹਾ ਕਿ ਵੈਸਟਰੀ ਇਸ ਤੋਂ ਵਧ ਹੋਰ ਸਾਫ ਨਹੀਂ ਸੀ ਹੋ ਸਕਦੀ। ਉਸ ਤੋਂ ਮਗਰੋਂ ਉਹਨੂੰ ਰਜਿਸਟਰ ਕੱਢਣ ਲਈ ਕਿਹਾ। 'ਵਿਆਹ ਦਾ ਰਜਿਸਟਰ – ਜਰੂਰ ਜ਼ਰੂਰ ਮੈਂ ਹੁਣ ਕਢਦਾ ਹਾਂ। ਤੁਸੀ ਕਿਹੜੇ ਸਾਲ ਦਾ ਵੇਖਣਾ ਚਾਹੋਗੇ?"

ਜਦੋਂ ਲਾਰਾ ਦੀ ਕੁੜਮਾਈ ਹੋਈ ਸੀ ਉਦੋਂ ਮੈਨੂੰ ਮਿਸ ਮੈਰੀਅਨ ਨੇ ਸਰ ਪਰਸੀਵਲ ਦੀ ਉਮਰ ਪੰਜਤਾਲੀ ਸਾਲ ਦੱਸੀ ਸੀ। ਇਕ ਹੋਰ ਸਾਲ ਨਾਲ ਰਲਾ ਕੇ ਮੈਂ' ਹਿਸਾਬ ਲਾ ਕੇ ਇਹੀ ਅਨੁਮਾਨ ਲਾਇਆ ਕਿ ਉਹ ਅਠਾਰਾਂ ਸੌ ਚਾਰ ਵਿਚ ਜੰਮਿਆ ਹੋਵੇਗਾ। ਸੋ ਮੈਂ ਇਸੇ ਸਾਲ ਦਾ ਰਜਿਸਟਰ ਮੰਗਿਆ। ਮੈਂ ਕਲਰਕ ਨੂੰ ਕਿਹਾ :

"ਮੈਂ" ਅਠਾਰਾਂ ਸੌ ਚਾਰ ਦਾ ਅਤੇ ਕੁਝ ਹੋਰ ਰਜਿਸਟਰ ਵੀ ਦੇਖਣਾ ਚਾਹੁੰਦਾ ਹਾਂ।"

"ਮੈਂ ਅਠਾਰਾਂ ਸੋ ਚਾਰ ਤੋਂ ਅਗਲੇ ਕਿ ਪਿਛਲੇ ਰਜਿਸਟਰ? ਕਲਰਕ ਨੇ ਪੁੱਛਿਆ।

"ਅਠਾਰਾਂ ਸੌ ਚਾਰ ਤੋਂ ਪਿਛਲੇ ਰਜਿਸਟਰ" ਮੈਂ' ਕਿਹਾ :

ਉਹਨੇ ਇਕ ਅਲਮਾਰੀ ਦਾ ਉਹ ਪਾਸਾ ਖੋਲਿਆ ਜਿਧਰ ਪਾਦਰੀਆਂ ਦੇ ਜਾਮੇ ਟੰਗੇ ਹੋਏ ਸਨ। ਉਹਦੇ ਵਿਚੋਂ ਇਕ ਵੱਡਾ ਰਜਿਸਟਰ ਕੱਢਿਆ, ਜਿਸ ਉੱਤੇ ਚਮੜੇ ਦੀ ਥਿੰਦੀ ਜਿਹੀ ਜਿਲਦ ਸੀ। ਅਲਮਾਰੀ ਦਾ ਭਿੱਤ ਬੜਾ ਹੀ ਪੁਰਾਣਾ ਹੋ ਚੁੱਕਾ ਸੀ, ਜੋ ਹੱਥਾਂ ਦੀ ਇਕ ਮਾਰ ਨਾਲ ਹੀ ਟੁੱਟ ਸਕਦੀ ਸੀ ਤਾਲਾ ਵੀ ਐਵੇਂ ਮਾਮੂਲੀ ਸੀ, ਜਿਸਨੂੰ ਮੈਂ ਆਪਣੀ ਹਥਲੀ ਸੋਟੀ ਨਾਲ ਵੀ ਆਸਾਨੀ ਨਾਲ ਹੀ ਤੋੜ ਸਕਦਾ ਸਾਂ।

"ਕੀ ਇਹ ਤਾਲਾ ਅਤੇ ਇਹ ਅਲਮਾਰੀ ਇਸ ਰਜਿਸਟਰ ਦੀ ਸਾਂਭ ਸੰਭਾਲ ਲਈ ਕਾਫ਼ੀ ਹੈ? ਇੰਨੇ ਜ਼ਰੂਰੀ ਕਾਗਜ਼ਾਤ ਤੋਂ ਕਿਸੇ ਲੋਹੇ ਦੀ ਅਲਮਾਰੀ ਵਿਚ ਅਤੇ ਮਜ਼ਬੂਤ ਤਾਲੇ ਅੰਦਰ ਰੱਖਣੇ ਚਾਹੀਦੇ ਹਨ।" ਮੈਂ ਕਲਰਕ ਨੂੰ ਕਿਹਾ।

ਰਜਿਸਟਰ ਨੂੰ ਖੋਲ ਕੇ ਉਹਨੇ ਜ਼ੋਰ ਦੀ ਮੁੜ ਬੰਦ ਕਰ ਦਿੱਤਾ ਅਤੇ ਬੋਲਿਆ-"ਤੁਸੀਂ ਠੀਕ ਕਹਿ ਰਹੇ ਹੋ। ਇਹ ਬੜੀ ਅਜੀਬ ਗੱਲ ਹੈ। ਜਦੋਂ ਮੈਂ ਛੋਟਾ ਜਿਹਾ ਮੁੰਡਾ ਸਾਂ ਤਾਂ ਮੇਰਾ ਮਾਲਕ ਵੀ ਇਹੀ ਗੱਲ ਕਿਹਾ ਕਰਦਾ ਸੀ। ਮੈਂ ਉਹਨੂੰ ਹਜ਼ਾਰ ਵਾਰ ਇਹੀ ਕਹਿੰਦਿਆਂ ਸੁਣਿਆ ਹੈ, "ਕਿ ਇਹ ਰਜਿਸਟਰ ਲੋਹੇ ਦੀ ਅਲਮਾਰੀ ਵਿਚ ਕਿਉਂ ਨਹੀਂ ਰੱਖਿਆ ਜਾਂਦਾ?" ਉਹ ਵਕੀਲ ਸੀ ਜਨਾਬ, ਅਤੇ ਵੈਸਟਰੀ ਦਾ ਕਲਰਕ ਵੀ ਉਹੀ ਸੀ। ਉਹ ਇਨ੍ਹਾਂ ਗੱਲਾਂ ਦਾ ਬਹੁਤ ਖਿਆਲ ਕਰਿਆ ਕਰਦਾ ਸੀ, ਜਿੰਨੀ ਦੇਰ ਉਹ ਜੀਉਂਦਾ ਰਿਹਾ, ਉਹਨੇ ਇਸ ਰਜਿਸਟਰ ਦੀ ਇਕ ਨਕਲ ਆਪਣੇ ਦਫਤਰ ਨੌਲਸਬਰੀ ਵਿਚ ਰੱਖੀ, ਅਤੇ ਜਿਉਂ ਜਿਉਂ ਹੋਰ ਵਿਆਹ ਦਰਜ ਹੁੰਦੇ, ਉਹ ਉਨ੍ਹਾਂ ਦੀ ਨਕਲ ਕਰਕੇ ਆਪਣੇ ਨੌਲਸਬਰੀ ਵਾਲੇ ਰਜਿਸਟਰ ਵਿਚ ਰੱਖਦਾ ਜਾਂਦਾ। ਉਹ ਹਰ ਗਿਰਜੇ ਵਿਚ ਆਪ ਜਾ ਕੇ ਵੇਖਦਾ ਸੀ ਅਤੇ ਹਰ ਤਿੰਨਾਂ ਮਹੀਨਿਆਂ ਮਗਰੋਂ ਉਹ ਇੱਥੇ ਵੀ ਆਉਂਦਾ ਅਤੇ ਆਪਣੀਆਂ ਅੱਖਾਂ ਨਾਲ ਆਕੇ ਇਹ ਰਜਿਸਟਰ ਵੀ ਚੈੱਕ ਕਰਦਾ। ਚਿੱਟੇ ਘੋੜੇ ਤੇ ਉਹ ਇਹ ਕੰਮ ਕਰਨ ਆਉਂਦਾ ਸੀ ਅਤੇ ਉਹ ਕਿਹਾ ਕਰਦਾ ਸੀ।

"ਮੈਨੂੰ ਕੀ ਪਤਾ, ਕਿ ਇਥੇ ਦਾ ਰਜਿਸਟਰ ਚੋਰੀ ਨਹੀਂ ਹੋ ਗਿਆ ਜਾਂ ਉਂਜ ਉਸ ਵਿੱਚ ਹੋਰ ਗੜਬੜੀ ਨਹੀਂ ਹੋ ਗਈ? ਇਹਨੂੰ ਲੋਹੇ ਦੀ ਅਲਮਾਰੀ ਵਿਚ ਮਜਬੂਤ ਤਾਲੇ ਦੇ ਅੰਦਰ ਰੱਖਣਾ ਚਾਹੀਦਾ ਹੈ। ਪਤਾ ਨਹੀ ਸਾਰੇ ਲੋਕ ਇਸ ਗੱਲ ਦਾ ਧਿਆਨ ਕਿਉਂ ਨਹੀਂ ਰਖਦੇ। ਇਕ ਨਾਂ ਇਕ ਦਿਨ ਤੁਸੀਂ ਇਸ ਲਈ ਪਛਤਾਉਗੇ। ਜੇ ਕੋਈ ਦੁਰਘਟਨਾ ਹੋ ਗਈ, ਜਾਂ ਰਜਿਸਟਰ ਗਵਾਚ ਗਿਆ ਤਾਂ ਤੁਹਾਨੂੰ ਮੇਰੀ ਉਸ ਨਕਲ ਦੀ ਕੀਮਤ ਪਤਾ ਲਗੇਗੀ।" ਇਹ ਕਹਿ ਕੇ ਉਹ ਥੋੜੀ ਨਸਵਾਰ ਚੜਾਉਂਦਾ ਸੀ। ਉਹ ਜਿਹਾ ਕੰਮ ਕਰਨ ਵਾਲਾ ਬੰਦਾ ਤੁਹਾਨੂੰ ਕਿਧਰੇ ਨਹੀਂ ਮਿਲਣਾ| ਸਾਰੇ ਲੰਦਨ ਵਿਚ ਇਕ ਆਦਮੀ ਵੀ ਉਹਦੇ ਮੁਕਾਬਲੇ ਦਾ ਤੁਸੀਂ ਨਹੀਂ ਲੱਭ ਸਕਦੇ। ਤੁਸੀਂ ਕਿਹੜਾ ਸਾਲ ਕਿਹਾ ਹੈ-? ਅਠਾਰਾਂ ਸੋ

"ਅਠਾਰਾ ਸੋ ਚਾਰ" ਮੈਂ ਉੱਤਰ ਦਿਤਾ। ਹੁਣ ਮੈਂ ਰਜਿਸਟਰ ਵੇਖਣ ਲਈ ਉਤਾਵਲਾ ਸਾਂ। ਸੋ ਹਰ ਕੋਈ ਗੱਲ ਨਾਂ ਕੀਤੀ, ਤਾਂ ਜੋ ਉਹ ਗਲਾਧੜ ਕਲਰਕ ਕਿਧਰ ਫਿਰ ਗੱਲਾਂ ਨਾ ਛੇੜ ਦੇਵੇ।

ਉਹਨੇ ਆਪਣੀ ਐਨਕ ਪਾ ਲਈ, ਅਤੇ ਰਜਿਸਟਰ ਦੇ ਪੰਨੇ ਉਲਟਣ ਲੱਗ ਪਿਆ। ਹਰ ਤੀਜੇ ਸਫੇ ਤੋਂ ਉਹ ਉਂਗਲਾਂ ਨੂੰ ਥੁੱਕ ਨਾਲ ਗਿਲਾ ਕਰਦਾ। ਅਚਾਨਕ ਉਹਨੇ ਇਕ ਪੰਨੇ ਤੇ ਜ਼ੋਰ ਦੀ ਹੱਥ ਮਾਰਿਆ ਅਤੇ ਬੋਲਿਆ, "ਇਹ ਜੇ ਤੁਹਾਡਾ ਸਾਲ।'

ਕਿਉਂਕਿ ਮੈਨੂੰ ਪਰਸੀਵਲ ਦਾ ਜਨਮ ਦਿਨ ਦਾ ਪਤਾ ਨਹੀਂ ਸੀ। ਸੋ ਮੈਂ ਸਾਲ ਦੇ ਸ਼ੁਰੂ ਤੋਂ ਰਜਿਸਟਰ ਨੂੰ ਵੇਖਣਾ ਸ਼ੁਰੂ ਕੀਤਾ। ਰਜਿਸਟਰ ਬਹੁਤ ਪੁਰਾਣੇ ਢੰਗ ਦਾ ਸੀ, ਅਤੇ ਆਪ ਸਿਆਹੀ ਨਾਲ ਲੀਕਾਂ ਵਾਹ ਕੇ ਖਾਨੇ ਬਣਾਏ ਹੋਏ ਸਨ।

ਮੈਂ ਅਠਾਰਾਂ ਸੌ ਚਾਰ ਦੇ ਮਹੀਨੇ ਵੇਖੇ, ਪਰ ਕਿਧਰੇ ਵੀ ਵਿਆਹ ਦਰਜ ਨਹੀਂ ਸੀ। ਮੈਂ ਅਠਾਰਾਂ ਸੌ ਤਿੰਨ ਦਾ ਦਸੰਬਰ, ਨਵੰਬਰ ਅਤੇ ਅਕਤੂਬਰ ਦਾ ਮਹੀਨਾ ਵੀ ਵੇਖਿਆ। ਹਾਂ, ਸਤੰਬਰ ਦੇ ਮਹੀਨੇ ਵਿਚ ਵਿਆਹ ਦਰਜ ਕੀਤਾ ਹੋਇਆ ਸੀ।

ਮੈਂ ਬੜੀ ਗਹੁ ਨਾਲ ਵੇਖਿਆ। ਇਹ ਸਫੇ ਦੇ ਬਿਲਕੁਲ ਹੇਠਾਂ ਦਰਜ ਕੀਤਾ ਹੋਇਆ ਸੀ, ਅਤੇ ਥੋੜੀ ਥਾਂ ਹੋਣ ਕਰਕੇ ਬੜੇ ਨਿਕੇ ਨਿਕੇ ਅੱਖਰਾਂ ਵਿਚ ਲਿਖਿਆ ਹੋਇਆ ਸੀ। ਇਸ ਤੋਂ ਪਹਿਲੇ ਜਿਹੜਾ ਵਿਆਹ ਦਰਜ ਕੀਤਾ ਹੋਇਆ ਸੀ, ਉਸ ਵਿਚ ਲਾੜੇ ਦਾ ਨਾਂ ਮੇਰੇ ਨਾਂ ਵਰਗਾ ਸੀ, ਉਹ ਬੜਾ ਖੁਲਾ ਖੁਲਾ ਲਿਖਿਆ ਹੋਇਆ ਸੀ। ਦੂਜੇ ਸਫੇ ਉਤੇ ਦੋ ਭਰਾਵਾਂ ਦਾ ਇਕ ਵੇਲੇ ਵਿਆਹ ਦਰਜ ਕੀਤਾ ਹੋਇਆ ਸੀ, ਜਿਸਨੇ ਬੜੀ ਥਾਂ ਘੇਰੀ ਹੋਈ ਸੀ। ਮੈਂ ਫਿਰ ਵੇਖਿਆ ਸਰ ਫੈਲਿਕਮ ਗਲਾਈਡ ਦੇ ਦਰਜ ਕੀਤੇ ਵਿਆਹ ਬਾਰੇ ਕੋਈ ਵਿਸ਼ੇਸ਼ ਗੱਲ ਮੈਨੂੰ ਨਜ਼ਰ ਨਹੀਂ ਆਈ ਸੀ, ਸਿਰਫ ਇਹੀ ਕਿ ਥੋੜੀ ਥਾਂ ਮਲ ਕੇ ਹੀ ਲਿਖਿਆ ਗਿਆ ਸੀ। ਉਹਦੀ ਪਤਨੀ ਬਾਰੇ ਵੀ ਕੁਝ ਵਖਰਾ ਨਹੀਂ ਸੀ ਲਿਖਿਆ ਗਿਆ। ਉਹਦੇ ਅਗੇ ਲਿਖਿਆ ਸੀ "ਸਵਰਗਵਾਸੀ ਪੈਟਰਿਕ ਐਲਸਟਰ ਜੋ ਪਹਿਲਾਂ ਬਾਥ ਦੇ ਨਿਵਾਸੀ ਸਨ, ਅਤੇ ਮਗਰੋਂ ਪਾਰਕ ਵਿਊ ਕਾਟੇਜ਼, ਨੌਲਸਬਰੀ ਦੇ ਰਹਿਣ ਵਾਲੇ ਸਨ, ਉਨ੍ਹਾਂ ਦੀ ਇਕਲੌਤੀ ਪੁਤਰੀ ਸੀਸੈਲੀਆ ਜੇਨ ਐਲਸਟਰ ਸੀ।"

ਮੈ' ਆਪਣੀ ਨੋਟ ਬੁਕ ਵਿਚ ਇਹ ਸਭ ਲਿਖ ਲਿਆ। ਪਰ ਅਚਾਨਕ ਹੀ ਮੈਨੂੰ ਬੜੀ ਨਿਰਾਸ਼ਾ ਦਾ ਅਹਿਸਾਸ ਹੋਇਆ। ਹੁਣ ਤੀਕ ਮੈਨੂੰ ਇਹੀ ਆਸ ਸੀ ਕਿ ਭੇਤ ਖੁਲਣ ਦੇ ਨੇੜੇ ਹੈ, ਪਰ ਅਜਿਹੀ ਕੋਈ ਗੱਲ ਨਹੀਂ ਸੀ। ਪਤਾ ਨਹੀਂ ਕੀ ਭੇਤ ਸੀ?

ਵੈਸਟਰੀ ਆਉਣ ਮਗਰੋਂ ਮੈਨੂੰ ਕੀ ਪਤਾ ਲੱਗਾ ਸੀ? ਕਈ ਨਵੀਂ ਗੱਲ ਨਹੀਂ ਸੀ ਲੱਭੀ। ਸਭ ਪਰਸੀਵਲ ਦੀ ਮਾਂ ਦੀ ਜੇ ਕੋਈ ਬਦਨਾਮੀ ਹੋਈ ਸੀ ਤਾਂ ਕਿਉਂ? ਮੈਨੂੰ ਕੁਝ ਅਹੁੜ

ਨਹੀਂ ਸੀ ਰਿਹਾ। ਸਗੋਂ ਜੋ ਕੁਝ ਮੈਂ ਇਥੇ ਵੇਖਿਆ ਸੀ, ਉਸ ਨਾਲ ਤੇ ਇਹ ਪੱਕਾ ਹੋ ਗਿਆ ਸੀ, ਕਿ ਉਹ ਚੰਗੇ ਘਰ ਦੀ ਧੀ ਸੀ, ਅਤੇ ਬਕਾਇਦਾ ਵਿਆਹੀ ਆਈ ਸੀ। ਨਵੇਂ ਸ਼ੱਕ ਨਵੇਂ ਭਰ ਅਤੇ ਹੋਰ ਹੀ ਹੋਰ ਵਿਘਨ ਮੈਨੂੰ ਚਾਰਿਉ ਪਾਸੇ ਨਜ਼ਰ ਆਉਣ ਲੱਗ ਪਏ। ਹੁਣ ਮੈਂ ਕੀ ਕਰਾਂ-? ਹੁਣ ਮੇਰੇ ਲਈ ਇਕ ਹੀ ਰਾਹ ਰਹਿ ਗਿਆ ਸੀ ਕਿ ਨੌਲਸਬਰੀ ਜਾ ਕੇ ਮਿਸ ਸੀਸੈਲੀਆ ਐਲਸਟਰ ਬਾਰੇ ਕੁਝ ਪੁਛ ਗਿੱਛ ਕਰਾਂ ਤਾਂ ਜੋ ਮੈਨੂੰ ਇਹ ਗੱਲ ਪਤਾ ਲੱਗੇ ਕਿ ਮਿਸਿਜ਼ ਕੈਥੇਰਿਕ ਨੇ ਸਰ ਪਰਸੀਵਲ ਦੀ ਮਾਂ ਦਾ ਅਜਿਹੇ ਘ੍ਰਿਣਾ ਭਰੇ ਢੰਗ ਨਾਲ ਜ਼ਿਕਰ ਕਿਉਂ ਕੀਤਾ ਸੀ।

"ਹਾਂ. ਮੈਂ ਜੋ ਵੇਖਣਾ ਸੀ, ਵੇਖ ਲਿਆ ਹੈ, ਪਰ ਅਜੇ ਕਈ ਪ੍ਰਸ਼ਨ ਪੁਛਣੇ ਹਨ। ਉਹ ਪਾਦਰੀ ਜਿਸਨੇ ਅਠਾਰਾਂ ਸੋ ਤਿੰਨ ਵਿਚ ਵਿਆਹ ਕਰਵਾਏ ਹੋਣਗੇ, ਹੁਣ ਜੀਉਂਦਾ ਤੇ ਨਹੀਂ ਹੋਵੇਗਾ?"

“ਉਹ ਮੇਰੇ ਆਉਣ ਤੋਂ ਤਿੰਨ ਚਾਰ ਸਾਲ ਪਹਿਲਾਂ ਹੀ ਮਰ ਚੁਕਾ ਸੀ।" ਉਸ ਗਲਾਧੜ ਕਲਰਕ ਨੇ ਫਿਰ ਲੰਮੀ ਕਹਾਣੀ ਛੇੜ ਦਿੱਤੀ, "ਮੇਰੇ ਆਉਣ ਤੋਂ ਪਹਿਲਾਂ ਜੋ ਕਲਰਕ ਸੀ, ਉਹ ਅਚਾਨਕ ਹੀ ਛੱਡ ਕੇ ਚਲਾ ਗਿਆ ਸੀ। ਕਹਿੰਦੇ ਨੇ ਉਹ ਆਪਣੀ ਪਤਨੀ ਕੋਲੋਂ ਤੰਗ ਆ ਕੇ ਚਲਾ ਗਿਆ। ਉਹ ਅਜੇ ਨਵੇਂ ਸ਼ਹਿਰ ਵਿਚ ਰਹਿੰਦੀ ਹੈ। ਮੈਨੂੰ ਆਪ ਪੂਰੀ ਕਹਾਣੀ ਦਾ ਪਤਾ ਨਹੀਂ। ਮੈਨੂੰ ਤਾਂ ਮੇਰੇ ਮਾਲਕ ਮਿਸਟਰ ਵੈਨਸਬਰ, ਜਿਸਦਾ ਜ਼ਿਕਰ ਮੈਂ ਤੁਹਾਡੇ ਨਾਲ ਹੁਣੇ ਕਰ ਰਿਹਾ ਸਾਂ, ਦੇ ਲੜਕੇ ਨੇ ਹੀ ਕੁਝ ਦਸਿਆ ਸੀ। ਉਹ ਵੀ ਬੜਾ ਹੀ ਚੰਗਾ ਸੱਜਣ ਪੁਰਸ਼ ਹੈ-ਉਹ ਵੀ ਸ਼ਿਕਾਰ ਖੇਡਦਾ ਹੈ - ਅਤੇ ਆਪਣੇ ਪਿਤਾ ਵਾਂਗ ਹੀ ਵੈਸਟਰੀ ਦਾ ਕਲਰਕ ਹੈ।"

"ਕੀ ਤੁਸੀਂ ਮੈਨੂੰ ਇਹ ਨਹੀਂ ਕਿਹਾ ਸੀ ਕਿ ਤੁਹਾਡਾ ਮਾਲਕ ਨੌਲਸਬਰੀ ਵਿਚ ਰਹਿੰਦਾ ਸੀ-?" ਮੈਂ ਉਹ ਕਹਾਣੀ ਯਾਦ ਕਰਕੇ ਕਿਹਾ, ਜੋ ਮੈਨੂੰ ਥੋੜਾ ਚਿਰ ਪਹਿਲਾਂ ਇਸ ਕਲਰਕ ਨੇ ਵਿਸਥਾਰ ਪੂਰਵਕ ਸੁਣਾਈ ਸੀ।

"ਹਾਂ ਜੀ ! ਹਾਂ ਜੀ, ਮਿਸਟਰ ਵੈਨਸਬਰ ਵੀ ਉਥੇ ਹੀ ਰਹਿੰਦੇ ਸਨ, ਅਤੇ ਉਨ੍ਹਾਂ ਦਾ ਲੜਕਾ ਵੀ ਉਥੇ ਹੀ ਰਹਿੰਦਾ ਹੈ।"

"ਤੁਸੀਂ ਹੁਣੇ ਕਿਹਾ ਸੀ, ਕਿ ਉਹ ਵੀ ਆਪਣੇ ਪਿਤਾ ਵਾਂਗ ਵੈਸਟਰੀ ਕਲਰਕ ਹੈ। ਮੈਨੂੰ ਏਨੀ ਸਮਝ ਨਹੀਂ ਕਿ ਵੈਸਟਰੀ ਕਲਰਕ ਕੀ ਕਰਦਾ ਹੈ?"

"ਤੁਸੀਂ ਇਹ ਵੀ ਨਹੀਂ ਜਾਣਦੇ ਅਤੇ ਤੁਸੀਂ ਲੰਦਨ ਤੋਂ ਆਏ ਹੋ-! ਹਰ ਗਿਰਜੇ ਵਿਚ ਦੋ ਕਲਰਕ ਹੁੰਦੇ ਹਨ, ਇਕ ਗਿਰਜੇ ਦਾ ਅਤੇ ਵੈਸਟਰੀ ਦਾ। ਗਿਰਜੇ ਦੇ ਕਲਰਕ ਮੇਰੇ ਵਾਂਗ ਹੀ ਹੁੰਦੇ ਹਨ, ਹਾਂ ਇਕ ਫਰਕ ਹੈ ਕਿ ਮੈਂ ਬਹੁਤਾ ਪੜ੍ਹਿਆ ਹੋਇਆ ਹਾਂ। ਆਮ ਤੌਰ ਤੇ ਉਹ ਲੋਕ ਬਹੁਤਾ ਪੜ੍ਹੇ ਲਿਖੇ ਨਹੀਂ ਹੁੰਦੇ। ਵੈਸਟਰੀ ਕਲਰਕ ਆਮ ਤੌਰ ਤੇ ਵਕੀਲਾਂ ਨੂੰ ਬਣਾਇਆ ਜਾਂਦਾ ਹੈ। ਵੈਸਟਰੀ ਦਾ ਜੋ ਵੀ ਰਿਕਾਰਡ ਰੱਖਣਾ ਹੁੰਦਾ ਹੈ, ਉਹੀ ਰੱਖਦੇ ਹਨ। ਲੰਦਨ ਵੀ ਇਸੇ ਤਰ੍ਹਾਂ ਹੁੰਦਾ ਹੈ। ਕਿਸੇ ਗਿਰਜੇ ਵਿਚ ਜਾਕੇ ਵੇਖ ਲਵੋ ਵੈਸਟਰੀ ਕਲਰਕ ਇਕ ਵਕੀਲ ਹੀ ਹੋਵੇਗਾ।

"ਇਸਦਾ ਇਹ ਮਤਲਬ ਹੋਇਆ ਕਿ ਮਿਸਟਰ ਵੈਨਸਬੋਰੋ ਇਕ ਵਕੀਲ ਹੀ ਹਨ।" ਮੈਂ ਕਿਹਾ।

"ਹੋਰ ਕੀ ਉਹ ਵਕੀਲ ਹਨ। ਨੌਲਸਬਰੀ ਦੀ ਹਾਈ ਸਟਰੀਟ ਵਿਚ ਉਨ੍ਹਾਂ ਦਾ ਦਫ਼ਤਰ ਹੈ, ਇਹੀ ਦਫ਼ਤਰ ਉਨ੍ਹਾਂ ਦੇ ਪਿਤਾ ਦਾ ਸੀ। ਮੈਂ ਕਈ ਵਾਰ ਉਹ ਕਮਰੇ ਸਾਫ਼ ਕੀਤੇ ਹਨ ਮਿਸਟਰ ਵੇਨਸਬੋਰੋ ਆਪਣੇ ਚਿੱਟੇ ਘੋੜੇ ਉਤੇ ਚੜ੍ਹ ਕੇ ਦਫ਼ਤਰ ਆਉਂਦੇ ਸਨ, ਅਤੇ ਸਾਰੀ ਗਲੀ ਉਨ੍ਹਾਂ ਨੂੰ ਵਾਰੀ ਵਾਰੀ ਨਮਸਕਾਰ ਕਰਦੀ ਸੀ। ਉਹ ਬੜੇ ਹੀ ਹਰਮਨ ਪਿਆਰੇ ਸਨ। ਜੇ ਕਦੀ ਉਹ ਲੰਦਨ ਪ੍ਰੈਕਟਿਸ ਕਰਦੇ ਤਾਂ ਉਨ੍ਹਾਂ ਉਥੇ ਵੀ ਸਫਲ ਹੋ ਜਾਣਾ ਸੀ।"

"ਨੌਸਲਬਰੀ ਇਥੋਂ ਕਿੰਨੀ ਦੂਰ ਹੈ?"

"ਬੜੀ ਦੂਰ ਹੈ।"

ਮੈਂ ਸਮਝਦਾ ਸਾਂ ਕਿ ਪਿੰਡ ਦੇ ਲੋਕ ਕਿਸੇ ਵੀ ਫ਼ਾਸਲੇ ਨੂੰ ਵਧਾ ਕੇ ਦਸਦੇ ਹਨ। ਅਤੇ ਉਨ੍ਹਾਂ ਨੂੰ ਇਕ ਤੋਂ ਦੂਜੀ ਥਾਂ ਜਾਣਾ ਬੜਾ ਔਖਾ ਲੱਗਦਾ ਹੈ, ਉਹ ਫਿਰ ਬੋਲਿਆ- ਪੰਜ ਮੀਲ ਦੇ ਲਗਭਗ ਹੋਵੇਗਾ।”

ਅਜੇ ਦੁਪਿਹਰ ਵੀ ਨਹੀਂ ਹੋਈ ਸੀ। ਨੌਲਸਬਰੀ ਜਾ ਕੇ ਮੁੜ ਵਾਪਸ ਵੈਲਮਿੰਗਮ ਆਉਣ ਲਈ ਕਾਫ਼ੀ ਵਕਤ ਸੀ। ਹੋਰ ਕੋਈ ਇੰਨੀ ਚੰਗੀ ਤਰ੍ਹਾਂ ਸਰ ਪਰਸੀਵਲ ਦੀ ਮਾਂ ਬਾਰੇ ਮੈਨੂੰ ਨਹੀਂ ਸੀ ਦਸ ਸਕਦਾ। ਉਹ ਉਸੇ ਸ਼ਹਿਰ ਦਾ ਵਕੀਲ ਸੀ। ਮੈਂ ਨੌਲਸਬਰੀ ਜਾਣ ਦਾ

ਫੈਸਲਾ ਕਰਕੇ ਵੈਸਟਰੀ ਵਿਚੋਂ ਨਿਕਲਿਆ। ਮੈਂ ਕਲਰਕ ਦੇ ਹੱਥ ਵਿਚ ਉਹਦੇ ਲਈ ਲਿਆਂਦਾ ਇਕ ਤੋਹਫਾ ਦਿੱਤਾ ਉਹ ਮੇਰਾ ਧੰਨਵਾਦ ਕਰਦਾ ਬੋਲਿਆ :-

"ਧੰਨਵਾਦ-! ਕੀ ਤੁਸੀਂ ਨੌਲਸਬਰੀ ਪੈਦਲ ਹੀ ਜਾਉਗੇ? ਤੁਸੀਂ ਜਵਾਨ ਹੋ ਅਤੇ ਤਕੜੇ ਹੋ! ਇਹ ਵੀ ਰੱਬ ਦੀ ਬਖਸ਼ਿਸ਼ ਸਮਝੋ। ਉਹ ਸਾਹਮਣੀ ਸੜਕ ਜਾਂਦੀ ਹੈ, ਇਥੋਂ ਰਾਹ ਕੋਈ ਨਹੀਂ ਭੁੱਲ ਸਕਦਾ। ਕਾਸ਼ ! ਮੈਂ ਵੀ ਤੁਹਾਡੇ ਨਾਲ ਚਲ ਸਕਦਾ। ਦੁਨੀਆਂ ਦੇ ਅਖੀਰਲੇ ਕੋਨੇ ਵਿਚ ਜੇ ਅਚਾਨਕ ਤੁਹਾਡੀ ਮੁਲਾਕਾਤ ਕਦੀ ਕਿਸੇ ਲੰਦਨ ਨਿਵਾਸੀ ਨਾਲ ਹੋ ਜਾਏ ਤਾਂ ਕਿੰਨਾ ਚੰਗਾ ਲੱਗਦਾ ਹੈ। ਕਈ ਨਵੀਂ ਤਾਜ਼ੀ ਖ਼ਬਰ ਸੁਣਨ ਨੂੰ ਮਿਲਦੀ ਹੈ। ਧੰਨਵਾਦ, ਬਹੁਤ ਬਹੁਤ ਧੰਨਵਾਦ।"।

ਅਸੀਂ ਦੋਵੇਂ ਵੱਖ ਵੱਖ ਰਾਹਾਂ ਤੇ ਤੁਰ ਪਏ। ਮੈਂ ਗਿਰਜੇ ਤੋਂ ਥੋੜੀ ਦੂਰ ਅੱਗੇ ਆ ਕੇ ਪਿਛੇ ਮੁੜ ਕੇ ਵੇਖਿਆ। ਉਹੀ ਦੋ ਆਦਮੀ ਆ ਰਹੇ ਸਨ- ਇਸ ਵਾਰ ਉਨ੍ਹਾਂ ਨਾਲ ਇਕ ਤੀਜਾ ਬੰਦਾ ਵੀ ਸੀ। ਇਹ ਤੀਜਾ ਉਹੀ ਕਾਲੇ ਕਪੜਿਆਂ ਵਾਲਾ ਸੀ, ਜਿਸਨੂੰ ਮੈਂ ਇਕ ਸ਼ਾਮ ਪਹਿਲਾਂ ਗੱਡੀ ਚੜ੍ਹਦੀਆਂ ਵੇਖਿਆ ਸੀ।

ਉਹ ਤਿੰਨੋਂ ਹੀ ਕੁਝ ਦੇਰ ਇਕੱਠੇ ਖੜੇ ਹੋ ਕੇ ਗੱਲਾਂ ਕਰਦੇ ਰਹੇ, ਫਿਰ ਵੱਖ ਵੱਖ ਹੋ ਗਏ। ਕਾਲੇ ਕੱਪੜਿਆਂ ਵਾਲਾ ਇਕੱਲਾ ਹੀ ਵੈਲਮਿੰਗਮ ਵੱਲ ਤੁਰ ਪਿਆ। ਦੂਜੇ ਮੇਰੀ ਉਡੀਕ ਵਿਚ ਖੜ੍ਹੇ ਸਨ, ਕਿ ਮੈਂ ਤੁਰਾਂ ਤੇ ਉਹ ਮੇਰੇ ਪਿਛੇ ਪਿਛੇ ਹੀ ਚਲਣ।

ਮੈਂ ਆਪਣੇ ਰਾਹ ਤੇ ਚਲ ਪਿਆ। ਉਨ੍ਹਾਂ ਬੰਦਿਆਂ ਨੂੰ ਮੈਂ ਇਹ ਮਹਿਸੂਸ ਨਾ ਹੋਣ ਦਿੱਤਾ ਕਿ ਮੈਂ ਉਨ੍ਹਾਂ ਦਾ ਕੋਈ ਖਾਸ ਖਿਆਲ ਰੱਖ ਰਿਹਾ ਹਾਂ। ਉਸ ਵੇਲੇ ਉਨਾਂ ਨੂੰ ਵੇਖ ਕੇ ਮੈਨੂੰ ਖਿਝ ਨਹੀਂ ਸੀ ਆਈ, ਪਰ ਮੇਰੀ ਡੁਬਦੀ ਹੋਈ ਆਸ ਫਿਰ ਜੀ ਪਈ ਸੀ ਵਿਆਹ ਦਾ ਰੀਕਾਰਡ ਰਜਿਸਟਰ ਵਿਚ ਵੇਖ ਕੇ ਮੈਨੂੰ ਇੰਨੀ ਹੈਰਾਨੀ ਹੋਈ ਸੀ, ਕਿ ਉਨ੍ਹਾਂ ਜਾਸੂਸਾਂ ਨੂੰ ਵੈਸਟਰੀ ਕੋਲ ਵੇਖ ਕੇ ਮੈਂ ਜੋ ਸਿੱਟਾ ਕੱਢਿਆ ਸੀ, ਉਹਨੂੰ ਵੀ ਭੁੱਲ ਗਿਆ ਸਾਂ। ਉਨ੍ਹਾਂ ਦਾ ਉਥੇ ਹੋਣਾ ਇਸ ਗੱਲ ਦੀ ਪੁਸ਼ਟੀ ਕਰਦਾ ਸੀ ਕਿ ਸਰ ਪਰਸੀਵਲ ਪਹਿਲਾਂ ਹੀ ਇਹ ਜਾਣਦਾ ਸੀ ਕਿ ਮੈਂ ਪੁਰਾਣੇ ਵੈਲਮਿੰਗਮ ਦੇ ਗਿਰਜੇ ਵਿਚ ਜ਼ਰੂਰ ਪਹੁੰਚਾਂਗਾ। ਨਹੀਂ ਤਾਂ ਉਹ ਕਦੀ ਆਪਣੇ ਜਾਸੂਸਾਂ ਨੂੰ ਮੇਰੇ ਤੋਂ ਪਹਿਲਾਂ ਹੀ ਉਥੇ ਮੇਰੀ ਉਡੀਕ ਕਰਨ ਲਈ ਨਾਂ ਭੇਜਦਾ। ਬੇਸ਼ਕ ਵੈਸਟਰੀ ਵਿਚ ਜੋ ਮੈਂ ਵੇਖਿਆ ਸੀ ਉਹ ਸਪਸ਼ਟ ਸੀ;- ਪਰ ਤਾਂ ਵੀ ਕਿਧਰੇ ਨਾਂ ਕਿਧਰੇ ਕੋਈ ਗੜਬੜ ਜ਼ਰੂਰ ਸੀ। ਉਸ ਰਜਿਸਟਰ ਵਿਚ ਹੀ ਕੁਝ ਸੀ, ਜੋ ਮੈਂ ਲਭ ਨਹੀਂ ਸਕਿਆ ਸਾਂ।

X

ਗਿਰਜਾ ਜਦ ਅਖੀਉ ਓਹਲੇ ਹੋਇਆ ਤਾਂ ਮੈਂ ਆਪਣੀ ਚਾਲ ਤਿੱਖੀ ਕਰ ਲਈ। ਜਦੋਂ ਵੀ ਮੈਂ ਪਿਛੇ ਵੇਖਦਾ, ਉਹ ਜਾਸੂਸ ਆ ਰਹੇ ਹੁੰਦੇ।

ਸੜਕ ਪੱਧਰੀ ਅਤੇ ਸਿੱਧੀ ਸੀ। ਬਹੁਤਾ ਰਸਤਾ ਉਹ ਮੇਰੇ ਤੋਂ ਕਾਫ਼ੀ ਵਿੱਥ ਤੇ ਰਹੇ। ਇਕ ਦੋ ਵਾਰ ਉਨ੍ਹਾਂ ਮੇਰੇ ਨਾਲ ਰਲਣ ਦੀ ਕੋਸ਼ਿਸ਼ ਵੀ ਕੀਤੀ। ਫਿਰ ਰੁਕ ਕੇ ਕੋਈ ਸਲਾਹ ਬਣਾ ਕੇ ਉਹ ਮੇਰੇ ਤੋਂ ਪਿਛੇ ਰਹਿ ਕੇ ਉਹ ਆਪਣੀ ਪਹਿਲੀ ਤੋਰ ਤੁਰਦੇ ਰਹੇ; ਉਨ੍ਹਾਂ ਕੁਝ ਕਰਨ ਦਾ ਮਤਾ ਪਕਾਇਆ ਹੋਇਆ ਸੀ; ਪਰ ਜਿਵੇਂ ਉਨ੍ਹਾਂ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਕਿਸ ਢੰਗ ਨਾਲ ਕੁਝ ਕਰਨ। ਮੈਂ ਉਨ੍ਹਾਂ ਦੇ ਦਿਲ ਦੀ ਗੱਲ ਤਾਂ ਨਹੀਂ ਸਾਂ ਜਾਣਦਾ; ਪਰ ਮੈਨੂੰ ਸ਼ੱਕ ਸੀ ਕਿ ਰਾਹ ਵਿਚ ਕੁਝ ਨਾ ਕੁਝ ਜ਼ਰੂਰ ਹੋਏਗਾ। ਅਖੀਰ ਉਹੀ ਹੋਇਆ ਜਿਸਦਾ ਮੈਨੂੰ ਡਰ ਸੀ।

ਮੈਂ ਸੜਕ ਦੇ ਇਕ ਸੁੰਨਸਾਨ ਹਿੱਸੇ ਵਿਚ ਸਾਂ। ਅਤੇ ਮੇਰੇ ਤੋਂ ਥੋੜੀ ਅੱਗੇ ਕਰਕੇ ਇਕ ਮੋੜ ਸੀ। ਮੈਂ ਇਹ ਅਨੁਮਾਨ ਹੀ ਲਾ ਰਿਹਾ ਸਾਂ ਕਿ ਮੈਂ ਹੁਣ ਨੌਲਸਬਰੀ ਦੇ ਨੇੜੇ ਤੇੜੇ ਹੀ ਹੋਵਾਂਗਾ; ਕਿ ਮੈਨੂੰ ਪਿਛੋਂ ਕਦਮਾਂ ਦੀ ਆਹਟ ਨੇੜੇ ਹੁੰਦੀ ਸੁਣੀ। ਮੈਂ ਅਜੇ ਪਿਛੇ ਮੁੜ ਕੇ ਵੇਖਿਆ ਵੀ ਨਹੀਂ ਸੀ; ਕਿ ਇਕ ਆਦਮੀ, ਜਿਸਨੇ ਲੰਦਨ ਵਿਚ ਮੇਰਾ ਪਿਛਾ ਕੀਤਾ ਸੀ, ਮੇਰੇ ਖੱਬੇ ਪਾਸਿਉਂ ਦੀ ਹੋ ਕੇ ਮੈਨੂੰ ਮੋਢਾ ਮਾਰ ਕੇ ਲੰਘਿਆ, ਮੈਂ ਉਨ੍ਹਾਂ ਦੇ ਇਸ ਤਰ੍ਹਾਂ ਪਿਛੇ ਪਿਛੇ ਆਉਣ ਨਾਲ ਕਾਫ਼ੀ ਖਿੱਝ ਚੁੱਕਾ ਹੋਇਆ ਸਾਂ, ਜਿਸਨੂੰ ਪ੍ਰਗਟ ਕਰਨ ਲਈ ਮੈਂ ਵੀ ਗਲਤੀ ਨਾਲ ਹੀ ਉਹਨੂੰ ਹੱਥ ਨਾਲ ਪਰ੍ਹੇ ਧੱਕ ਦਿੱਤਾ। ਮੇਰੇ ਹੱਥ ਲਾਉਣ ਦੀ ਢਿੱਲ ਸੀ ਕਿ ਉਹ ਉਚੀ-ਉਚੀ ਰੌਲਾ ਪਾਣ ਲੱਗ ਪਿਆ। ਉਹਦਾ ਲੰਮਾ ਊਚਾ ਸਾਥੀ ਜਿਸਨੇ ਸ਼ਿਕਾਰੀ ਦਾ ਲਿਬਾਸ ਪਹਿਨਿਆਂ ਹੋਇਆ ਸੀ। ਝੱਟ ਕੁੱਦ ਕੇ ਮੇਰੇ ਸੱਜੇ ਹੱਥ ਆ ਗਿਆ ਅਤੇ ਅਗਲੇ ਹੀ ਪਲ ਦੋਹਾਂ ਬਦਮਾਸ਼ਾਂ ਨੇ ਮੈਨੂੰ ਆਪਣੇ ਵਿਚਕਾਰ ਘੇਰ ਲਿਆ।

ਮੈਨੂੰ ਵਿਸ਼ਵਾਸ ਸੀ ਕਿ ਇਹ ਉਨ੍ਹਾਂ ਦਾ ਵਿਛਾਇਆ ਹੋਇਆ ਜਾਲ ਸੀ, ਜਿਸ ਵਿਚ ਵਿ ਆਪਣੀ ਬੇਵਕੂਫੀ ਨਾਲ ਫਸ ਚੁੱਕਾ ਸਾਂ। ਸੋ ਮੈਂ ਆਪਣੇ ਆਪ ਨੂੰ ਖ਼ਬਰਦਾਰ ਕੀਤਾ ਇਹ ਨਿਸ਼ਚਾ ਕੀਤਾ, ਕਿ ਹੁਣ ਉਨ੍ਹਾਂ ਨਾਲ ਜ਼ੋਰ ਜ਼ਬਰਦਸਤੀ ਕੀਤਿਆ ਕੁਝ ਨਹੀਂ ਬਣਨਾ; ਕਿਉਂਕਿ ਹੁਣ ਉਨ੍ਹਾਂ ਵਿਚੋਂ ਇਕ ਤਾਂ ਮੇਰੇ ਤੋਂ ਬਹੁਤ ਤਕੜਾ ਸੀ, ਅਤੇ ਮੈਂ ਇਕੱਲਾ ਉਹਦਾ

ਮੁਕਾਬਲਾ ਨਹੀਂ ਸਾਂ ਕਰ ਸਕਦਾ। ਮੇਰਾ ਦਿਲ ਤਾਂ ਕਰਦਾ ਸੀ, ਕਿ ਉਨ੍ਹਾਂ ਨੂੰ ਮੁੱਕੇ ਮਾਰ ਕੇ ਪਰੇ ਸੁੱਟਾ ਪਰ ਮੈਂ ਆਪਣੇ ਆਪ ਨੂੰ ਰੋਕਿਆ ਅਤੇ ਆਲੇ-ਦੁਆਲੇ ਨਜ਼ਰ ਮਾਰੀ ਕਿ ਜੇ ਕੋਈ ਬੰਦਾ ਨੇੜੇ ਤੇੜੇ ਹੋਵੇ ਤਾਂ ਉਹਦੇ ਕੋਲੋਂ ਸਹਾਇਤਾ ਮੰਗਾ।

ਨਾਲ ਦੇ ਇਕ ਖੇਤ ਵਿਚ ਇਕ ਮਜ਼ਦੂਰ ਕੰਮ ਕਰ ਰਿਹਾ ਸੀ। ਉਹਨੇ ਸਭ ਕੁਝ ਜਰੂਰ ਵੇਖਿਆ ਹੋਣਾ, ਮੈਂ ਉਹਨੂੰ ਕਿਹਾ ਕਿ ਉਹ ਸਾਡੇ ਪਿਛੇ-ਪਿਛੇ ਸ਼ਹਿਰ ਵੱਲ ਆਵੇ ਪਰ ਉਹ ਨਾਂਹ ਕਰਕੇ ਆਪਣੇ ਘਰ ਵੱਲ ਤੁਰਦਾ ਹੋਇਆ, ਜੋ ਸੜਕ ਤੇ ਪਰ੍ਹੇ ਹਟ ਕੇ ਸੀ। ਉਸ ਵੇਲੇ ਉਨ੍ਹਾਂ ਬਦਮਾਸ਼ਾਂ ਨੇ ਮੈਨੂੰ ਕਿਹਾ ਕਿ ਮੈਂ ਉਨ੍ਹਾਂ ਉਤੇ ਹਮਲਾ ਕੀਤਾ ਹੈ, ਇਸ ਲਈ ਉਹ ਮੈਨੂੰ ਕੋਤਵਾਲੀ ਲੈ ਜਾਣਗੇ। ਪਰ ਹੁਣ ਮੇਰੀ ਹੋਸ਼ ਇੰਨੀ ਕੁ ਟਿਕਾਣੇ ਆ ਚੁੱਕੀ ਸੀ ਕਿ ਮੈਂ ਉਨ੍ਹਾਂ ਦੀ ਵਿਰੋਧਤਾ ਕੀਤੀ। "ਤੁਸੀਂ ਮੇਰੀਆ ਬਾਹਵਾਂ ਛੱਡ ਦਿਉ-ਮੈਂ ਆਪਣੇ ਆਪ ਤੁਹਾਡੇ ਨਾਲ ਚਲਾਂਗਾ" ਲੰਮਾ ਬਦਮਾਸ਼ ਮੇਰੀ ਇਹ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਪਰ ਦੂਜੇ ਨੇ ਉਹਨੂੰ ਸਲਾਹ ਦਿੱਤੀ ਕਿ ਫਾਲਤੂ ਰੋਲਾ ਪਾਣ ਦੀ ਕੋਈ ਲੋੜ ਨਹੀਂ ਸੀ। ਉਹਨੇ ਇਸ਼ਾਰਾ ਕੀਤਾ ਤੇ ਲੰਮੇ ਨੇ ਵੀ ਮੇਰੀ ਬਾਂਹ ਛੱਡ ਦਿੱਤੀ। ਹੁਣ ਮੈਂ ਆਜ਼ਾਦ ਸਾਂ, ਪਰ ਦੋਹਾਂ ਦੇ ਵਿਚਕਾਰ ਤੁਰ ਰਿਹਾ ਸਾਂ।

ਅਸੀਂ ਸੜਕ ਦੇ ਮੋੜ ਤੇ ਸਾਂ ਅਤੇ ਹੁਣ ਸਾਡੇ ਸਾਹਮਣੇ ਨੌਲਸਬਰੀ ਦੇ ਮੁਹੱਲੇ ਸਨ। ਸੜਕ ਉੱਤੇ ਇਕ ਸਿਪਾਹੀ ਜਾ ਰਿਹਾ ਸੀ। ਉਨ੍ਹਾਂ ਗੁੰਡਿਆਂ ਇਕਦਮ ਮੇਰੀ ਸ਼ਿਕਾਇਤ ਉਹਦੇ ਕੋਲ ਲਾਈ। ਸਿਪਾਹੀ ਨੇ ਜਵਾਬ ਵਿਚ ਉਹਨੂੰ ਮੇਜਿਸਟਰੇਟ ਕੋਲ ਜਾਣ ਲਈ ਕਿਹਾ ਜੋ ਉਸ ਵੇਲੇ ਟਾਊਨ ਹਾਲ ਵਿਚ ਮਿਲ ਸਕਦਾ ਸੀ। ਉਹਨੇ ਉਨ੍ਹਾਂ ਨੂੰ ਫ਼ੌਰਨ ਜਾਣ ਲਈ ਕਿਹਾ। ਦੇਰ ਹੋ ਜਾਣ ਉੱਤੇ ਮੈਜਿਸਟਰੇਟ ਨੇ ਉਠ ਜਾਣਾ ਸੀ।

ਸੋ ਅਸੀਂ ਟਾਊਨ ਹਾਲ ਪੁੱਜੇ। ਕਲਰਕ ਨੇ ਸੰਮਨ ਲਿਖਿਆ ਅਤੇ ਉਨ੍ਹਾਂ ਗੁਡਿਆਂ ਨੇ ਮੇਰੇ ਖ਼ਿਲਾਫ ਇਲਜ਼ਾਮ ਖੂਬ ਵਧਾ ਚੜ੍ਹਾ ਕੇ ਲਾਇਆ। ਸਾਰੇ ਬਿਆਨ ਵਿਚ ਰਾਈ ਜਿੰਨਾ ਵੀ ਸੱਚ ਨਹੀਂ ਸੀ। ਮੈਜਿਸਟਰੇਟ ਵੀ ਬੜਾ ਹੀ ਸੜੀਅਲ ਸੁਭਾ ਦਾ ਦਿਸਦਾ ਸੀ; ਜੋ ਆਪਣੀ ਸਾਨ ਦਿਖਾਣਾ ਚਾਹੁੰਦਾ ਸੀ। ਉਹਨੇ ਉਨ੍ਹਾਂ ਜਾਸੂਸਾਂ ਕੋਲੋਂ ਇਹ ਪੁੱਛਿਆ ਕਿ ਕੀ ਕੋਈ ਗਵਾਹ ਸੀ, ਜਿਸਨੇ ਇਹ ਸਭ ਕੁਝ ਦੇਖਿਆ ਹੋਵੇ? ਮੈਂ ਬੜਾ ਹੈਰਾਨ ਹੋਇਆ, ਜਦੋਂ ਉਨ੍ਹਾਂ ਨੇ ਉਸ ਮਜ਼ਦੂਰ ਦਾ ਜ਼ਿਕਰ ਕੀਤਾ। ਪਰ ਮੈਜਿਸਟਰੇਟ ਦੀ ਅਗਲੀ ਗੱਲ ਤੋਂ ਮੈਨੂੰ ਉਨ੍ਹਾਂ ਦੀ ਚਾਲਾਕੀ

ਸਮਝ ਪਈ। ਮੈਜਿਸਟਰੇਟ ਨੇ ਹੁਕਮ ਦਿੱਤਾ; ਕਿ ਜਦੋਂ ਤੀਕ ਉਹ ਗਵਾਹ ਨਹੀਂ ਪਹੁੰਚਦਾ, ਮੈਨੂੰ ਬੰਦ ਕਰ ਦਿੱਤਾ ਜਾਏ-ਜਾਂ ਮੈਂ' ਕੋਈ ਜ਼ਮਾਨਤ ਦਿਆਂ ਜਾਂ ਸ਼ਹਿਰ ਦਾ ਕੋਈ ਇਕ ਬੰਦਾ ਮੇਰੀ ਜਮਾਨਤ ਦੇਵੇ। ਜੇ ਮੈਂ ਉਥੇ ਕਿਸੇ ਨੂੰ ਜਾਣਦਾ ਹੁੰਦਾ ਤਾਂ ਮੈਂ ਕਿਸੇ ਦਾ ਨਾਂ ਲੈਂਦਾ ਮੈਂ ਇਥੇ ਓਪਰਾ ਸਾਂ। ਇਸ ਲਈ ਮੇਰੀ ਜਮਾਨਤ ਆਵਸ਼ਕ ਸੀ।

ਉਨ੍ਹਾਂ ਦੇ ਕਪਟ ਦਾ ਪਰਦਾ ਹੁਣ ਮੇਰੇ ਸਾਹਮਣਿਉਂ ਚੁੱਕਿਆ ਗਿਆ ਸੀ। ਉਨ੍ਹਾਂ ਨੇ ਮੇਰੇ ਨਾਲ ਛਲ ਕਰਕ ਮੈਨੂੰ ਹਵਾਲਾਤ ਵਿਚ ਬੰਦ ਕਰਵਾ ਦੇਣ ਦੀ ਸਕੀਮ ਬਣਾਈ ਸੀ। ਇਥੇ ਮੈਂ ਪਰਦੇਸੀ ਸਾਂ, ਅਤੇ ਕੋਈ ਮੇਰੀ ਜਮਾਨਤ ਦੇਣ ਵਾਲਾ ਨਹੀਂ ਸੀ। ਭਾਵੇਂ ਮੈਨੂੰ ਤਿੰਨ ਦਿਨ ਹੀ ਹਵਾਲਾਤ ਵਿਚ ਰੁਕਣਾ ਪੈਣਾ ਸੀ। ਤੀਜੇ ਦਿਨ ਫਿਰ ਪੇਸੀ ਹੋਣ ਤੇ ਮੈਨੂੰ ਰਿਹਾ ਕਰ ਦਿੱਤਾ ਜਾਂਦਾ, ਪਰ ਇਨ੍ਹਾਂ ਤਿੰਨ ਦਿਨਾਂ ਵਿਚ ਸਰ ਪਰਸੀਵਲ ਕੀ ਨਹੀਂ ਕਰ ਸਕਦਾ ਸੀ; ਉਹ ਜੇ ਕੋਈ ਕਿਧਰੇ ਕਿਸੇ ਚੀਜ ਦਾ ਸਬੂਤ ਹੈ ਵੀ ਸਾਂ, ਤਾਂ ਬੜੀ ਆਸਾਨੀ ਨਾਲ ਖ਼ਤਮ ਕਰ ਤਿੰਨ ਦਿਨਾਂ ਮਗਰੋਂ ਮੈਨੂੰ ਰਿਹਾਈ ਮਿਲਣੀ ਸੀ, ਭਾਵੇਂ ਗਵਾਹ ਆਵੇ ਤੇ ਨਾ ਆਵੇ ਇੰਨਾ ਗੁੱਸਾ ਆਇਆ ਜਾਂ ਇੰਜ ਕਵ੍ਹਾਂ ਕਿ ਮੈਂ ਸੱਚਮੁਚ ਹੀ ਦੁੱਖੀ ਹੋ ਗਿਆ ਸਾਂ। ਭਾਵੇਂ ਨਾ। ਕਿ ਦੁਸ਼ਮਣਾ ਨੇ ਕਿਵੇਂ ਚਾਲਬਾਜ਼ੀ ਨਾਲ ਮੈਨੂੰ ਨਿਢਾਲ ਕਰ ਦਿੱਤਾ ਸੀ। ਇਹ ਰੁਕਾਵਟ ਮਾਮੂਲੀ ਸੀ, ਪਰ ਇਸ ਦਾ ਸਿੱਟਾ ਬੜਾ ਗੰਭੀਰ ਨਿਕਲ ਸਕਦਾ ਸੀ। ਇਹ ਸੋਚ ਕੇ ਹੁਣ ਮੇਰਾ ਦਿਮਾਗ ਕੰਮ ਹੀ ਨਹੀਂ ਕਰ ਰਿਹਾ ਸੀ; ਕਿ ਇਸ ਮੁਸ਼ਕਲ ਵਿਚ ਕਿਵੇਂ ਜਾਨ ਛੁਡਾਵਾਂ? ਮੈਂ ਇੰਨਾ ਬੇਵਕੂਫ਼ ਸਾਂ ਕਿ ਮੈਂ ਕਾਗਜ਼ ਕਲਮ ਮੰਗਵਾਇਆ ਅਤੇ ਸੋਚਿਆ ਕਿ ਕਿਉਂ ਨਾ ਮੈਜਿਸਟਰੇਟ ਨੂੰ ਅਸਲੀ ਗੱਲ ਦੱਸਦਿਆਂ। ਮੈਂ ਇਸ ਚਿੱਠੀ ਦੀਆਂ ਪਹਿਲੀਆਂ ਸਤਰਾਂ ਲਿਖੀਆਂ ਤਾਂ ਮੈਨੂੰ ਹੋਸ਼ ਆਈ ਕਿ ਮੇਰੀ ਮੱਤ ਕਿੰਨੀ ਹੀ ਮਾਰੀ ਗਈ ਸੀ; ਜੋ ਮੈਂ ਇਸ ਪਾਗਲਪਨ ਤੇ ਉੱਤਰ ਆਇਆ ਸਾਂ। ਮੈਨੂੰ ਆਪਣੀ ਬੇਵਕੂਫੀ ਤੇ ਬੜੀ ਸ਼ਰਮਿੰਦਗੀ ਹੋਈ। ਉਸੇ ਹੀ ਪਲ ਮੇਰੇ ਇਹ ਖ਼ਿਆਲ ਮੇਰੇ ਦਿਮਾਗ ਵਿਚ ਬਿਜਲੀ ਵਾਂਗ ਕੋਂਦ ਗਿਆ। ਇਹ ਸੰਭਾਵਨਾ ਸਰ ਪਰਸੀਵਲ ਦੇ ਦਿਮਾਗ ਵਿਚ ਵੀ ਨਹੀਂ ਆਈ ਹੋਣੀ ਅਤੇ ਇਸ ਨਾਲ ਮੈਂ ਕੁਝ ਘੰਟਿਆਂ ਵਿਚ ਹੀ ਰਿਹਾ ਹੋ ਸਕਦਾ ਸਾਂ। ਮੈਂ ਮਿਸਟਰ ਡਾਅਸਨ ਨੂੰ, ਜੋ ਔਕਲਾਜ ਵਿਚ ਰਹਿੰਦੇ ਸਨ, ਸੁਨੇਹਾ ਭੇਜਣ ਦੀ ਗੱਲ ਸੋਚੀ।

ਜਦੋਂ ਮੈਂ ਪਹਿਲਾਂ ਬਲੈਕਵਾਟਰ ਪਾਰਕ ਪੁੱਛ ਗਿੱਛ ਕਰਨ ਲਈ ਆਇਆ ਸਾਂ ਤਾਂ ਮੈਂ ਮਿਸਟਰ ਡਾਅਸਨ ਦੇ ਘਰ ਗਿਆ ਸਾਂ। ਉਦੋਂ ਮੈਂ ਮਿਸ ਹਾਲਕੌਂਬ ਵਲੋਂ ਉਹਨੂੰ ਇਕ ਚਿੱਠੀ ਦਿੱਤੀ ਸੀ; ਜਿਸ ਵਿਚ ਉਹਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਮੇਰੇ ਬਾਰੇ ਲਿਖਿਆ ਸੀ ਕਿ ਮੈਂ ਘਰ ਦਾ ਹੀ ਇਕ ਬੰਦਾ ਸਾਂ। ਮੈਂ ਹੁਣ ਮਿਸਟਰ ਡਾਅਸਨ ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਮਿਸ ਹਾਲਕੌਂਬ ਦੀ ਪਹਿਲੀ ਚਿੱਠੀ ਦਾ ਜ਼ਿਕਰ ਵੀ ਕੀਤਾ; ਅਤੇ ਨਾਲ ਹੀ ਥੋੜਾ ਬਹੁਤਾ ਆਪਣੀ ਛਾਣ ਬੀਣ ਬਾਰੇ ਲਿਖਿਆ। ਮੈਂ ਉਹਨੂੰ ਪਹਿਲਾਂ ਵੀ ਪੂਰੀ ਗੱਲ ਨਹੀਂ ਸੀ ਦਸੀ। ਮੈਂ ਉਹਨੂੰ ਇਹੀ ਕਿਹਾ ਸੀ, ਕਿ ਮਿਸ ਹਾਲਕੌਂਬ ਦਾ ਕੋਈ ਬੜਾ ਆਵੱਸ਼ਕ ਘਰੋਗੀ ਮਾਮਲਾ ਹੈ; ਜਿਸ ਲਈ ਕੁਝ ਪੁੱਛ ਗਿੱਛ ਕਰਨ ਮੈਂ" ਆਇਆ ਸਾਂ। ਮੈਂ ਹੁਣ ਵੀ ਉਹਨੂੰ ਸਪਸ਼ਟ ਸ਼ਬਦਾਂ ਵਿਚ ਕੁਝ ਨਹੀਂ ਸੀ ਲਿਖਿਆ, ਹਾਂ ਇਹ ਦਸਿਆ ਸੀ ਕਿ, ਹਾਲਕੌਂਬ ਨੇ ਮੈਨੂੰ ਜੋ ਕੰਮ ਸੌਂਪਿਆ ਸੀ, ਉਸੇ ਕਾਰਣ ਮੈਂ ਨੌਲਸਬਰੀ ਆਇਆ ਸਾਂ। ਕੀ ਉਹ ਉਸ ਵਿਸ਼ਵਾਸ ਸਦਕਾ ਜੋ ਮਿਸ ਹਾਲਕੌਂਬ ਮੇਰੇ ਤੇ ਕਰਦੀ ਸੀ, ਮੇਰੀ ਸਹਾਇਤਾ ਲਈ ਪਹੁੰਚਣਗੇ? ਇਥੇ ਮੈਂ ਪਰਦੇਸੀ ਸਾਂ, ਕੋਈ ਮੈਨੂੰ ਪਛਾਣਦਾ ਤਕ ਨਹੀਂ ਸੀ।

ਮੈਂ ਅਫਸਰ ਕੋਲ ਇਹ ਆਗਿਆ ਲਈ ਕਿ ਮੈਂ ਇਹ ਚਿੱਠੀ ਕਿਸੇ ਦੇ ਹੱਥ ਮਿਸਟਰ ਡਾਅਸਨ ਨੂੰ ਭਿਜਵਾ ਦੇਵਾਂ। ਉਸ ਬੰਦੇ ਨੂੰ ਮੈਂ ਬੱਘੀ ਲਿਜਾਣ ਲਈ ਕਿਹਾ ਜਿਸ ਵਿਚ ਬਿਠਾ ਕੇ ਵਾਪਸੀ ਤੇ ਉਹ ਮਿਸਟਰ ਡਾਅਸਨ ਨੂੰ ਨਾਲ ਹੀ ਲੈ ਆਏਗਾ। ਮੈਂ ਉਹਨੂੰ ਪੱਕੀ ਕੀਤੀ ਕਿ ਜੇ ਮਿਸਟਰ ਡਾਅਸਨ ਘਰ ਨਾਂ ਮਿਲੇ, ਤਾਂ ਉਹ ਜਿਥੇ ਵੀ ਹੋਵੇ, ਉਥੇ ਹੀ ਜਾਏ ਅਤੇ ਉਹਨੂੰ ਹਰ ਹਾਲਤ ਵਿਚ ਨਾਲ ਹੀ ਲੈ ਕੇ ਆਏ। ਔਕਲਾਜ ਬਲੈਕਵਾਟਰ ਵਾਲੀ ਸੜਕ ਤੇ ਸੀ। ਉਸ ਹਰਕਾਰੇ ਨੇ ਮੈਨੂੰ ਤਸੱਲੀ ਦਿੱਤੀ, ਕਿ ਚਾਲੀ ਮਿੰਟ ਜਾਂਦਿਆਂ ਲੰਗਦੇ ਹਨ, ਅਤੇ ਚਾਲੀ ਹੀ ਆਉਂਦਿਆਂ-ਅਤੇ ਉਹ ਜਲਦੀ ਤੋਂ ਜਲਦੀ ਮਿਸਟਰ ਡਾਅਸਨ ਨੂੰ ਲੈ ਕੇ ਮੁੜੇਗਾ। ਮੈਂ ਜਿੰਨਾ ਕੁ ਸਬਰ ਉਸ ਵੇਲੇ ਮੈਂ ਕਰ ਸਕਦਾ ਸਾਂ, ਮੈਂ ਉਸ ਬੰਦੇ ਨੂੰ ਭੇਜਣ ਮਗਰੋਂ ਕਰਕੇ ਬੈਠ ਗਿਆ।

ਉਹ ਡੇਢ ਵਜੇ ਤੋ ਕੁਝ ਪਹਿਲਾਂ ਹੀ ਤੁਰਿਆ, ਅਤੇ ਸਾਢੇ ਤਿੰਨ ਤੋਂ ਪਹਿਲਾਂ ਪਰਤ ਆਇਆ ਸੀ। ਮਿਸਟਰ ਡਾਅਸਨ ਉਹਦੇ ਨਾਲ ਆਇਆ ਸੀ। ਮਿਸਟਰ ਡਾਅਸਨ ਮੈਨੂੰ ਬੜੇ ਪਿਆਰ ਨਾਲ ਮਿਲੇ, ਅਤੇ ਉਨ੍ਹਾਂ ਬਿਨਾਂ ਕਿਸੇ ਹੈਸਾਨ ਕਰਨ ਦੇ ਖਿਆਲ ਨਾਲ ਮੇਰੀ ਸਹਾਇਤਾ ਕੀਤੀ। ਜਿੰਨੀ ਜ਼ਮਾਨਤ ਉਨ੍ਹਾਂ ਮੰਗੀ, ਉਨੀ ਹੀ ਮਿਸਟਰ ਡਾਅਸਨ ਨੇ ਦਿੱਤੀ।

ਚਾਰ ਤੋਂ ਪਹਿਲਾਂ ਹੀ ਮੈਂ' ਮਿਸਟਰ ਡਾਅਸਨ ਨਾਲ ਬੜੀ ਗਰਮ ਜੋਸੀ ਨਾਲ ਹੱਥ ਮਿਲਾ ਰਿਹਾ ਸਾਂ। ਮੈਂ ਹੁਣ ਆਜ਼ਾਦ ਸਾਂ।

ਮਿਸਟਰ ਡਾਅਸਨ ਨੇ ਮੈਨੂੰ ਆਪਣੇ ਘਰ ਚਲਣ ਦਾ ਸੱਦਾ ਦਿੱਤਾ, ਅਤੇ ਬੜਾ ਜ਼ੋਰ ਲਾਇਆ ਕਿ ਮੈਂ ਰਾਤ ਉਥੇ ਹੀ ਕੱਟਾਂ। ਮੈਂ ਉਹਨੂੰ ਧੰਨਵਾਦ ਕੀਤਾ ਤੇ ਕਿਹਾ ਕਿ ਮੈਂ ਕੁਝ ਦਿਨਾਂ ਮਗਰੋਂ ਜ਼ਰੂਰ ਆਵਾਂਗਾ ਅਤੇ ਉਨ੍ਹਾਂ ਨੂੰ ਉਹ ਸਾਰੀ ਗੱਲ ਦਸਾਂਗਾ ਜੋ ਹੁਣ ਮੈਂ ਕਿਸੇ ਮਜ਼ਬੂਰੀ ਕਰਕੇ ਦੱਸਣ ਤੋਂ ਅਸਮਰਥ ਹਾਂ। ਅਸੀਂ ਬੜੇ ਪਿਆਰ ਤੇ ਨਿੱਘੀ ਮਿੱਤਰਤਾ ਦੇ ਅਹਿਸਾਸ ਨਾਲ ਇਕ ਦੂਜੇ ਤੋਂ ਵਿਛੜੇ। ਮੈਂ ਹੁਣ ਵੈਨਸਬਰੋ ਦੇ ਦਫਤਰ, ਹਾਈਸਟਰੀਟ ਵੱਲ ਮੂੰਹ ਕੀਤਾ। ਇਹ ਵਕਤ ਬੜਾ ਕੀਮਤੀ ਸੀ।

ਰਾਤ ਤੋਂ ਪਹਿਲਾਂ ਹੀ ਮੇਰੇ ਰਿਹਾ ਹੋਣ ਦੀ ਖ਼ਬਰ ਸਰ ਪਰਸੀਵਲ ਤੀਕ ਜ਼ਰੂਰ ਪੁੱਜ ਜਾਣੀ ਸੀ। ਜੇ ਅਗਲੇ ਕੁਝ ਘੰਟਿਆਂ ਵਿਚ ਮੈਂ ਉਹ ਕੰਮ ਨਾਂ ਕਰ ਲਵਾਂ ਜਿਸ ਤੋਂ ਉਹ ਡਰ ਰਿਹਾ ਸੀ ਤਾਂ ਮੈਨੂੰ ਮੁੜ ਕਦੀ ਅਜਿਹਾ ਮੌਕਾ ਨਹੀਂ ਮਿਲੇਗਾ। ਉਹਦਾ ਪੱਥਰ ਦਿਲ, ਸਾਰੇ ਇਲਾਕੇ ਵਿਚ ਦਬਦਬਾ, ਅਤੇ ਆਪਣਾ ਇਕ ਭੇਤ ਖੁੱਲਣ ਦਾ ਖ਼ਤਰਾ, ਉਹਦੇ ਕੋਲੋਂ ਸਭ ਕੁਝ ਕਰਵਾ ਸਕਦਾ ਸੀ। ਜਿਸ ਭੇਤ ਨੂੰ ਲੱਭਣ ਲਈ ਮੈਂ ਅੰਧਾਂਧੁੰਦ ਵਧਦਾ ਜਾ ਰਿਹਾ ਸਾਂ, ਉਹ ਉਸ ਨੂੰ ਛੁਪਾਈ ਰੱਖਣ ਲਈ ਮੇਰੀ ਜਾਨ ਵੀ ਲੈ ਸਕਦਾ ਸੀ। ਮੈਨੂੰ ਇਹੀ ਕਾਹਲੀ ਸੀ, ਕਿ ਇਸ ਖ਼ਤਰਨਾਕ ਖੇਡ ਵਿਚ ਪਹਿਲੀ ਚਾਲ ਮੈਂ ਹੀ ਚਲਾਂ। ਮੈਂ ਇਕ ਮਿੰਟ ਵੀ ਇਧਰ ਉਧਰ ਨਹੀਂ ਸਾ ਗਵਾਣਾ ਚਾਹੁੰਦਾ। ਜਿੰਨੀ ਦੇਰ ਮਿਸਟਰ ਡਾਅਸਨ ਨਹੀਂ ਸਨ ਪਹੁੰਚੇ; ਮੈਨੂੰ ਸੋਚਣ ਦਾ ਸਮਾਂ

ਮਿਲ ਗਿਆ ਸੀ ਅਤੇ ਮੈਂ ਪੂਰਾ ਲਾਭ ਉਠਾਇਆ ਸੀ। ਉਸ ਗਲਾਧੜ ਕਲਰਕ ਦੀਆਂ ਗੱਲਾਂ, ਜੋ ਮੈਨੂੰ ਉਸ ਵੱਲੋਂ ਅਕਾ ਤੇ ਬਣਾ ਰਹੀਆਂ ਸਨ, ਮੈਨੂੰ ਹੁਣ ਯਾਦ ਆਈਆਂ ਅਤੇ ਮੈਂ ਉਨ੍ਹਾਂ ਨੂੰ ਨਵੀਂ" ਰੋਸ਼ਨੀ ਵਿਚ ਵੇਖਿਆ। ਇਕ ਸ਼ੱਕ ਹੁਣ ਮੇਰੇ ਦਿਮਾਗ ਵਿਚ ਆਇਆ, ਜੋ ਵੈਸਟਰੀ ਵਿਚ ਖਲੋਤਿਆਂ ਨਹੀਂ ਸੀ ਲੱਭਿਆ। ਨੌਲਸਬਰੀ ਆਉਣ ਵੇਲੇ ਮੈਂ ਸਿਰਫ ਇਹ ਹੀ ਸੋਚਿਆ ਸੀ ਕਿ ਮੈਂ ਮਿਸਟਰ ਵੈਨਸਬਰੋ ਨੂੰ ਸਰ ਪਰਸੀਵਲ ਦੀ ਮਾਂ ਦੇ ਚਾਲ ਚਲਣ ਬਾਰੇ ਪੁਛਾਂਗਾ ਪਰ ਹੁਣ ਮੈਂ ਉਸ ਪੁਰਾਣੇ ਵੈਲਮਿੰਗਮ ਦੇ ਵਿਆਹ ਵਾਲੇ ਰਜਿਸਟਰ ਦੀ ਨਕਲ ਵੇਖਣਾ ਚਾਹੁੰਦਾ ਸੀ।

ਮਿਸਟਰ ਵੈਨਸਬਰੋ ਆਪਣੇ ਦਫਤਰ ਵਿਚ ਹੀ ਸੀ। ਉਹ ਬੜਾ ਖੁਸ਼ ਰਹਿਣਾ ਅਤੇ ਹਸਮੁਖ ਸਭਾ ਦਾ ਦਿਸਦਾ ਸੀ। ਉਹ ਇਕ ਵਕੀਲ ਨਹੀਂ ਸਗੋਂ ਪਿੰਡ ਦਾ ਚੌਧਰੀ ਦਿਸਦਾ ਸੀ। ਮੇਰੀ ਗੱਲ ਸੁਣ ਕੇ ਉਹ ਕੁਝ ਹੈਰਾਨ ਵੀ ਹੋਇਆ ਅਤੇ ਖੁਸ਼ ਵੀ। ਉਹਨੇ ਸੁਣਿਆ ਹੋਇਆ ਸੀ, ਕਿ ਉਹਦੇ ਪਿਤਾ ਕੋਲ ਪੁਰਾਣੇ ਵੈਲਮਿੰਗਮ ਦੇ ਗਿਰਜ ਦੇ ਰਜਿਸਟਰ ਦੀ ਇਕ ਨਕਲ ਸੀ; ਪਰ ਉਹਨੇ ਆਪ ਵੀ ਕਦੀ ਨਹੀਂ ਵੇਖੀ ਸੀ। ਕਿਸੇ ਨੇ ਕਦੀ ਉਹਦੇ ਬਾਰੇ ਪੁੱਛਿਆ ਨਹੀਂ ਸੀ ਅਤੇ ਉਹ ਜ਼ਰੂਰ ਉਹਦੇ ਪਿਤਾ ਦੇ ਹੋਰ ਕਾਗਜਾਂ ਨਾਲ ਤਹਿਖਾਨੇ ਵਿਚ ਹੋਵੇਗੀ। ਉਹਨੇ ਆਪਣੇ ਪਿਤਾ ਦੇ ਕਾਗਜ਼ ਕਦੀ ਛੇੜ ਨਹੀਂ ਸਨ। ਉਹਨੇ ਇਹ ਵੀ ਦੁੱਖ ਪ੍ਰਗਟ ਕੀਤਾ, ਕਿ ਜੇ ਅੱਜ ਉਹਦਾ ਪਿਤਾ ਜੀਉਂਦਾ ਹੁੰਦਾ ਤਾਂ ਕਿੰਨਾ ਖੁਸ਼ ਹੁੰਦਾ, ਕਿ ਕਿਸੇ ਨੇ ਆ ਕੇ ਉਹ ਨਕਲ ਵੇਖਣੀ ਚਾਹੀ ਹੈ। ਅਤੇ ਉਹ ਪਹਿਲਾਂ ਨਾਲੋਂ ਵੀ ਵਧੇਰੇ ਜੋਸ਼ ਨਾਲ ਇਹ ਕੰਮ ਜਾਰੀ ਰੱਖਦਾ। ਉਹ ਨੇ ਮੈਨੂੰ ਇਹ ਪੁੱਛਿਆ ਕਿ ਮੈਨੂੰ ਇਸ ਨਕਲ ਬਾਰੇ ਕਿਥੋਂ ਪਤਾ ਲੱਗ ਗਿਆ ਸੀ--? ਕੀ ਸ਼ਹਿਰ ਵਿਚ ਕਿਸੇ ਕੋਲੋਂ ਸੁਣਿਆਂ ਸੀ?"

ਮੈਂ ਇਸ ਦਾ ਉੱਤਰ ਦੇਣ ਵਿਚ ਕੁਝ ਟਾਲ ਮਟੋਲ ਕੀਤਾ। ਭਾਵੇਂ ਇਸ ਥਾਂ ਤੇ ਪੁੱਜ ਕੇ ਹੁਣ ਬਹੁਤ ਛੁਪਾ ਲੁਕਾ ਕਰਨਾ ਔਖਾ ਸੀ, ਪਰ ਅਜੇ ਮਿਸਟਰ ਵੈਨਸਬਰੋ ਨੂੰ ਇਹ ਦੱਸਣਾ ਕਿ ਮੈਂ ਅਸਲੀ ਰਜਿਸਟਰ ਵੇਖ ਆਇਆ ਹਾਂ, ਵੀ ਠੀਕ ਨਹੀਂ ਸੀ। ਸੋ ਮੈਂ ਇਹੀ ਕਹਿਣਾ ਉਚਿਤ ਸਮਝਿਆ ਕਿ ਕਿਸੇ ਘਰਗੀ ਮਾਮਲੇ ਲਈ ਇਹ ਵਿਆਹ ਦਾ ਰਜਿਸਟਰ ਵੇਖਣਾ ਜ਼ਰੂਰੀ ਸੀ, ਅਤੇ ਮੈਂ ਜਲਦੀ ਤੋਂ ਜਲਦੀ ਕੁਝ ਕਾਗਜ਼ ਅੱਜ ਦੀ ਡਾਕ ਹੀ ਲੰਦਨ ਭੇਜਣੇ ਸਨ। ਸੋ ਮੇਰੇ ਕੋਲ ਵੈਲਮਿੰਗਮ ਜਾ ਕੇ ਅਸਲੀ ਰਜਿਸਟਰ ਦੇਖਣ ਦਾ ਟਾਈਮ ਨਹੀਂ ਸੀ। ਮੈਂ ਜ਼ਰੂਰੀ ਫੀਸ ਦੇ ਕੇ ਇਹ ਨਕਲ ਹੀ ਵੇਖ ਕੇ ਆਪਣਾ ਕੰਮ ਸਾਰ ਲਵਾਂਗਾ। ਮੈਂ ਇਹ ਵੀ ਕਿਹਾ ਕਿ ਜੇ ਮੈਨੂੰ ਅਸਲੀ ਕਾਪੀ ਦੀ ਲੋੜ ਪਈ, ਤਾਂ ਮੈਂ ਉਨ੍ਹਾਂ ਦੇ ਦਫ਼ਤਰ ਵਿਚ ਅਰਜ਼ੀ ਭੇਜ ਦਿਆਂਗਾਂ।

ਮਿਸਟਰ ਵੈਨਸਬਰੋ ਨੂੰ ਹੁਣ ਉਹ ਨਕਲ ਵਿਖਾਉਣ ਵਿਚ ਕੋਈ ਉਜ਼ਰ ਨਹੀਂ ਸੀ, ਇਕ ਕਲਰਕ ਨੂੰ ਤਹਿਖਾਨੇ ਵਿਚ ਭੇਜਿਆ। ਉਹ ਥੋੜੀ ਦੇਰ ਮਗਰੋਂ ਇਕ ਰਜਿਸਟਰ ਲੈਕੇ ਆਇਆ, ਇਹ ਰਜਿਸਟਰ ਬਿਲਕੁਲ ਵੈਸਟਰੀ ਦੇ ਰਜਿਸਟਰ ਵਾਂਗ ਹੀ ਸੀ, ਸਿਰਫ ਇਹ ਦੀ ਜਿਲਦ ਸੋਹਣੀ ਸੀ। ਮੈਂ ਇਕ ਖਾਲੀ ਡੈਸਕ ਤੇ ਉਸ ਰਜਿਸਟਰ ਨੂੰ ਲੈਕੇ ਬੈਠ ਗਿਆ। ਮੇਰੇ ਹੱਥ ਕੰਬ ਰਹੇ ਸਨ, ਮੇਰਾ ਸਿਰ ਬਲ ਰਿਹਾ ਸੀ। ਰਜਿਸਟਰ ਖੋਲ੍ਹਣ ਤੋਂ ਪਹਿਲਾਂ ਮੈਨੂੰ ਰਤਾ

ਸ਼ਾਂਤ ਹੋਣਾ ਚਾਹੀਦਾ ਸੀ, ਨਹੀਂ ਤਾਂ ਜੋ ਲੋਕ ਉਥੇ ਬੈਠੇ ਸਨ ਉਹ ਕੀ ਸੋਚਣਗੇ? ਮੈਂ ਪੂਰੀ ਕੋਸ਼ਿਸ਼ ਕੀਤੀ ਕਿ ਮੈਂ ਜ਼ਰਾ ਸੰਭਲ ਜਾਵਾਂ।

ਪਹਿਲੇ ਖਾਲੀ ਸਫੇ ਉੱਤੇ ਫ਼ਿਕੀ ਜੇਹੀ ਸਿਆਹੀ ਦੇ ਵਿਚ ਲਿਖਿਆ ਸੀ;

"ਵੈਲਮਿੰਗਮ ਗਿਰਜੇ ਦੇ ਵਿਆਹ ਦੇ ਰਜਿਸਟਰ ਦੀ ਇਕ ਨਕਲ, ਜਿਸਨੂੰ ਮੇਰੀ ਆਗਿਆ ਦੇ ਨਾਲ ਤਿਆਰ ਕੀਤਾ ਗਿਆ ਹੈ, ਅਤੇ ਇਕ ਇਕ ਨਾਂ ਮੈਂ ਅਸਲੀ ਰਜਿਸਟਰ ਨਾਲ ਆਪ ਮਿਲਾ ਕੇ ਵੇਖਿਆ ਹੈ, ਰਾਬਰਟ ਵੈਨਸਬਰੋ ਵੈਸਟਰੀ ਕਲਰਕ"

ਇਸ ਤੋਂ ਹੇਠਾਂ ਕਿਸੇ ਹੋਰ ਦੀ ਲਿਖਾਈ ਵਿਚ ਇਹ ਲਿਖਿਆ ਸੀ, ਪਹਿਲੀ ਜਨਵਰੀ 1800 ਤੋਂ ਤਰੀਹ ਜੂਨ ਅਠਾਰਾਂ ਸੌ ਪੰਦਰਾਂ ਤੀਕ।"

ਮੈਂ ਅਠਾਰਾਂ ਸੌ ਤਿੰਨ ਦਾ ਸਤੰਬਰ ਮਹੀਨੇ ਦਾ ਪੰਨਾ ਫੋਲਿਆ। ਮੈਂ ਉਸ ਆਦਮੀ ਦਾ ਵਿਆਹ ਦਰਜ ਹੋਇਆ ਵੇਖਿਆ, ਜਿਸ ਦਾ ਨਾਂ ਮੇਰੇ ਨਾਂ ਵਰਗਾ ਹੀ ਸੀ। ਉਸ ਤੋਂ ਮਗਰੋਂ ਦੋਹਾਂ ਭਰਾਵਾਂ ਦਾ ਵਿਆਹ ਦਰਜ ਸੀ। ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰ ਹੇਠਾ ਕਰਕੇ? ਪੰਨੇ ਦੇ ਕੁਝ ਵੀ ਨਹੀਂ ਸੀ! ਇਥੇ ਸਰ ਫੈਲਿਕਸ ਗਲਾਈਡ ਅਤੇ ਸੀਸੈਲੀਆ ਜੇਨ ਐਲਸਟਰ ਦੇ ਵਿਆਹ ਦਾ ਕੋਈ ਜ਼ਿਕਰ ਨਹੀਂ ਸੀ।

ਮੇਰਾ ਦਿਲ ਉਛਲ ਕੇ ਜਿਵੇਂ ਮੇਰੇ ਮੂੰਹ ਵਿਚ ਆ ਗਿਆ ਹੋਵੇ। ਮੈਂ ਮੁੜ ਧਿਆਨ ਨਾਲ ਵੇਖਿਆ। ਮੈਨੂੰ ਆਪਣੀਆਂ ਅੱਖਾਂ ਤੇ ਵੀ ਸ਼ੱਕ ਹੋ ਰਿਹਾ ਸੀ, ਕਿ ਮੈਂ ਠੀਕ ਹੀ ਵੇਖਿਆ ਹੈ, ਕਿ ਨਹੀਂ? ਮੈਨੂੰ ਆਪਣਾ ਸਾਹ ਘੁਟਦਾ ਪ੍ਰਤੀਤ ਹੋਇਆ। ਉਨ੍ਹਾਂ ਦੇ ਵਿਆਹ ਦਾ ਕੋਈ ਜ਼ਿਕਰ ਨਹੀਂ ਸੀ। ਇਸ ਰਜਿਸਟਰ ਵਿਚ ਵੀ ਨਾਵਾਂ ਦੀ ਸੂਚੀ ਉਸੇ ਤਰ੍ਹਾਂ ਲਿਖੀ ਗਈ ਸੀ, ਜਿਵੇਂ ਅਸਲੀ ਰਜਿਸਟਰ ਵਿਚ ਸੀ। ਇਕ ਸਫੇ ਤੇ ਮੇਰੇ ਨਾਂ ਵਾਲੇ ਸੱਜਣ ਦੇ ਵਿਆਹ ਦਾ ਰਿਕਾਰਡ ਸੀ, ਅਤੇ ਉਸ ਦੇ ਹੇਠਾਂ ਥੋੜ੍ਹੀ ਜੇਹੀ ਥਾਂ ਖਾਲੀ ਸੀ। ਇਹ ਥਾਂ ਖਾਲੀ ਛੱਡ ਕੇ ਦੋਵਾਂ ਭਰਾਵਾਂ ਦੇ ਨਾਂ ਆਦਿ ਅਗਲੇ ਸਫੇ ਉਤੇ ਲਿਖੇ ਗਏ ਸਨ, ਕਿਉਂਕਿ ਉਨ੍ਹਾਂ ਬਹੁਤੀ ਥਾਂ ਘੇਰਨੀ ਸੀ। ਇਸ ਖਾਲੀ ਥਾਂ ਨੇ ਮੈਨੂੰ ਸਾਰੀ ਕਹਾਣੀ ਮੂੰਹੋਂ ਬੋਲ ਕੇ ਕਹਿ ਦਿੱਤੀ। ਇਹ ਅਠਾਰਾਂ ਸੋ ਤਿੰਨ ਤੋਂ ਅਠਾਰਾਂ ਸੋ ਸਤਾਈ ਤੀਕ ਇੰਜ ਹੀ ਖਾਲੀ ਰਹੀ ਹੋਵੇਗੀ ਜਦੋਂ ਸਰ ਪਰਸੀਵਲ ਪੁਰਾਣੇ ਵੈਲਮਿੰਗਮ ਪਹੁੰਚਿਆ। ਉਥੇ ਹੀ ਉਹਨੂੰ ਰਜਿਸਟਰ ਵਿਚ ਇਹ ਜਾਅਲਸਾਜ਼ੀ ਕਰਨ ਦਾ ਮੌਕਾ ਮਿਲਿਆ।

ਮੇਰੇ ਸਿਰ ਨੂੰ ਚੱਕਰ ਆ ਗਿਆ। ਮੈਂ ਡੈਸਕ ਨੂੰ ਘੁੱਟ ਕੇ ਫੜਿਆ, ਤਾਂ ਜੋ ਡਿਗ ਹੀ ਨਾ ਪਵਾਂ। ਮੈਂ ਕਈ ਤਰ੍ਹਾਂ ਦੇ ਅੰਦਾਜ਼ੇ ਲਾਉਂਦਾ ਹੁੰਦਾ ਸਾਂ ਕਿ ਸਰ ਪਰਸੀਵਲ ਦਾ ਕੀ ਭੇਤ ਹੋਵੇਗਾ, ਪਰ ਮੇਰਾ ਇਕ ਵੀ ਅਨੁਮਾਨ ਠੀਕ ਨਹੀਂ ਸੀ ਨਿਕਲਿਆ। ਮੈਨੂੰ ਇਹ ਸੁਪਨੇ ਵਿਚ ਵੀ ਕਦੀ ਖਿਆਲ ਨਹੀਂ ਸੀ ਆ ਸਕਦਾ ਕਿ ਉਹ ਬੈਰਨ ਨਹੀਂ, ਉਹ ਬਲੈਕਵਾਟਰ ਪਾਰਕ ਦੀ ਜ਼ਗੀਰ ਤੇ ਰਤਾ ਵੀ ਕੋਈ ਹੱਕ ਨਹੀਂ --ਉਹ ਵੀ ਇਕ ਉਸ ਮਜਦੂਰ ਵਾਂਗ ਹੀ ਹੈ ਜੋ ਉਹਦੀ ਜ਼ੰਗੀਰ ਤੇ ਕੰਮ ਕਰਦਾ ਰਿਹਾ ਹੈ ! ਉਹ ਬੜਾ ਹੀ ਕਮੀਨਾ ਬੰਦਾ ਸੀ, ਕਈ ਵਾਰ ਮੈਂ ਸੋਚਦਾ ਸਾਂ, ਕਿ ਉਹ ਏਨ ਕੈਥਰਿਕ ਦਾ ਪਿਤਾ ਹੋਵੇਗਾ, - ਕਈ ਵਾਰ ਮੈਂ ਇਹ ਅੰਦਾਜ਼ਾ ਲਾਉਂਦਾ ਕਿ ਹੋਵੇ ਨਾਂ ਹੋਵੇ ਉਹ ਏਨ ਕੈਥੇਰਿਕ ਦਾ ਪਤੀ ਹੀ ਹੋਵੇ ਪਰ ਉਸ ਦੀ ਅਸਲੀ ਕਮੀਨਗੀ ਤਾਂ ਹੁਣ ਮੇਰੇ ਸਾਹਮਣੇ ਖੁੱਲੀ ਸੀ। ਇਸ ਦੀ ਮੈਂ ਕਦੀ ਕਲਪਨਾ ਹੀ ਨਹੀਂ ਕਰ ਸਕਦਾ।

ਕਿੰਨਾ ਭਾਰਾ ਗੁਨਾਹ ਸੀ ਇਹ ਅਤੇ ਇਸ ਕਧਟ ਨੂੰ ਸਿਰ੍ਹੇ ਚਾੜ੍ਹਨ ਲਈ ਕਿੰਨੇ ਨੀਚ ਸਾਧਨ ਵਰਤੇ ਗਏ ਸਨ। ਅਤੇ ਜੋ ਇਹ ਭੇਤ ਕਿਧਰੇ ਖੁੱਲ ਜਾਂਦਾ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਦੇ।

ਉਸ ਕਮੀਨੇ ਨੀਚ ਦੇ ਸੁਭਾ ਵਿਚ ਜੋ ਬੇਚੈਨੀ ਸੀ, ਹੁਣ ਇਸ ਦਾ ਕਾਰਨ ਸਮਝ ਵਿਚ ਆ ਰਿਹਾ ਸੀ। ਕਦੀ ਉਹ ਗੁੱਸੇ ਨਾਲ ਪਾਗਲ ਹੋ ਉਠਦਾ ਸੀ, ਅਤੇ ਕਦੇ ਬੜਾ ਮਿੱਠਾ ਬਣਦਾ ਸੀ। ਕਿਸ ਤਰ੍ਹਾਂ ਸ਼ੱਕ ਦਾ ਸ਼ਿਕਾਰ ਹੋ ਕੇ ਉਹਨੇ ਏਨ ਕੈਥੇਰਿਕ ਨੂੰ ਪਾਗਲਖਾਨੇ ਵਿਚ ਬੰਦ ਕਰ ਦਿੱਤਾ ਅਤੇ ਆਪਣੀ ਪਤਨੀ ਦੇ ਵਿਰੁੱਧ ਇੰਨੀ ਕਮੀਨੀ ਗੋਂਦ ਗੁੰਦੀ। ਉਹਨੂੰ ਉਹਦੇ ਤੇ ਵੀ ਵਿਸ਼ਵਾਸ ਨਹੀਂ ਸੀ। ਪਹਿਲਾਂ ਤਾਂ ਇਸ ਗੁਨਾਹ ਦੇ ਬਦਲੇ ਉਹ ਨੂੰ ਫਾਂਸੀ ਲੱਗ ਸਕਦੀ ਸੀ; ਅਤੇ ਹੁਣ ਉਮਰ ਕੈਦ ਉਹ ਦੀ ਸਜਾ ਸੀ। ਇਸ ਦੇ ਖੁੱਲਣ ਨਾਲ ਉਹ ਦਾ ਖ਼ਿਤਾਬ, ਉਹ ਦੀ ਜਾਗੀਰ, ਅਤੇ ਉਹਦੀ ਸਾਰੀ ਜ਼ਿੰਦਗੀ ਹੀ ਉਹਦੇ ਕੋਲੋਂ ਖੁੱਸ ਜਾਣੀ ਸੀ। ਇਹੀ ਉਹਦਾ ਭੇਤ ਸੀ। ਅਤੇ ਹੁਣ ਇਹ ਮੈਨੂੰ ਪਤਾ ਸੀ।

ਮੈਂ ਇਕ ਸ਼ਬਦ ਬੋਲਾਂ, ਤਾਂ ਉਹਦਾ ਘਰ, ਉਹਦਾ ਖ਼ਿਤਾਬ, ਜ਼ਮੀਨ ਜਾਇਦਾਦ-ਕੱਖ ਵੀ ਉਹਦਾ ਨਹੀਂ ਸੀ ਰਹਿ ਸਕਦਾ। ਮੇਰੇ ਇਕ ਸ਼ਬਦ ਨਾਲ ਹੀ ਉਹਨੂੰ ਦੁਨੀਆਂ ਵਿਚ ਧੱਕੇ

ਖਾਣ ਲਈ ਨਿਕਲਣਾ ਪੈਂਦਾ; ਨਾ ਪੈਸਾ ਨਾ ਧੇਲਾ- ਅਤੇ ਨਾ ਕੋਈ ਮਿੱਤਰ ਸਾਕ ਉਹਦਾ ਸਾਥ ਦੇਂਦਾ ਮੇਰੀ ਜ਼ਬਾਨ ਨਾਲ ਹੀ ਹੁਣ ਉਹਦਾ ਭਵਿੱਸ਼ ਸੀ ਅਤੇ ਉਹ ਇਸ ਗੱਲ ਨੂੰ ਜਾਣਦਾ ਸੀ !

ਮੈਂ ਸੋਚਾਂ ਵਿਚੋਂ ਨਿਕਲਿਆ, ਮੈਨੂੰ ਇਸ ਵੇਲੇ ਬੜੀ ਸਾਵਧਾਨੀ ਵਰਤਣ ਦੀ ਲੋੜ ਸੀ ! ਸਰ ਪਰਸੀਵਲ ਨੇ ਮੈਨੂੰ ਜਾਨੋਂ ਮਾਰਨ ਨੂੰ ਵੀ ਇਸ ਵੇਲੇ ਕੋਈ ਹਿਚਕ ਨਹੀਂ ਸੀ ਹੋਣੀ। ਇਸ ਵੇਲੇ ਉਹਨੇ ਕਿਸੇ ਕੀਮਤ ਤੇ ਵੀ ਪਿਛੇ ਨਹੀਂ ਸੀ ਹਟਣਾ। ਉਹ ਆਪਣੇ ਆਪ ਨੂੰ ਆਪਣੇ ਭੇਤ ਨੂੰ ਅਤੇ ਆਪਣੀ ਇਜ਼ੱਤ ਬਚਾਉਣ ਲਈ ਹਰ ਤਰ੍ਹਾਂ ਦਾ ਗੁਨਾਹ ਕਰ ਸਕਦਾ ਸੀ।

ਮੈਂ ਇਕ ਮਿੰਟ ਸੋਚਿਆ, ਕਿ ਮੈਨੂੰ ਹੁਣ ਸਭ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਸੀ। ਸਭ ਤੋਂ ਜ਼ਰੂਰੀ ਕੰਮ ਸੀ, ਕਿ ਮੇਰੇ ਕੋਲ ਇਸ ਗੱਲ ਦਾ ਲਿਖਤ ਰੂਪ ਵਿਚ ਸਬੂਤ ਹੋਣਾ ਚਾਹੀਦਾ ਸੀ, ਅਤੇ ਉਹ ਸਬੂਤ ਸਰ ਪਰਸੀਵਲ ਦੀ ਪਹੁੰਚ ਤੋਂ ਦੂਰ ਹੋਣਾ ਚਾਹੀਦਾ ਸੀ। ਜੇ ਮੈਨੂੰ ਕਿਧਰੋਂ ਕੁਝ ਹੋ ਜਾਏ ਤਾਂ ਵੀ ਉਹ ਸਬੂਤ ਉਹ ਹਾਸਿਲ ਨਾ ਕਰ ਸਕੇ। ਰਜਿਸਟਰੀ ਦੀ ਨਕਲ ਤਾਂ ਇਥੇ ਮਿਸਟਰ ਵੈਨਸਬਰੋ ਦੇ ਤਹਿਖਾਨੇ ਵਿਚ ਸੁਰੱਖਿਅਤ ਸੀ, ਪਰ ਅਸਲੀ ਰਜਿਸਟਰ ਨੂੰ ਤਾਂ ਕੋਈ ਵੀ ਕੁਝ ਕਰ ਸਕਦਾ ਸੀ।

ਮੈਂ ਵਾਪਸ ਪੁਰਾਣੇ ਵੈਲਮਿੰਗਮ ਜਾਣ ਦਾ ਫੈਸਲਾ ਕੀਤਾ ਤਾਂ ਜੋ ਉਥੋਂ ਗਿਰਜੇ ਵਿਚ ਜਾ ਕੇ ਕਲਰਕ ਨੂੰ ਮਿਲਣ ਮਗਰੋਂ ਰਜਿਸਟਰ ਵਿਚ ਉਹ ਕਾਗਜ਼ ਲੈ ਸਕਾਂ। ਇਹ ਕੰਮ ਰਾਤ ਤੋਂ ਪਹਿਲਾਂ ਹਰ ਹਾਲਤ ਵਿਚ ਹੋਣਾ ਚਾਹੀਦਾ ਹੈ।

ਉਸ ਵੇਲੇ ਮੈਂ ਇਹ ਨਹੀਂ ਸਾਂ ਜਾਣਦਾ ਕਿ ਰਜਿਸਟਰ ਵਿਚੋਂ ਮੇਰਾ ਸਫਾ ਫਾੜ ਲੈਣਾ ਹੀ ਕੋਈ ਸਬੂਤ ਨਹੀਂ ਸੀ, ਇਸ ਕਾਗਜ਼ ਉਤੇ ਵਕੀਲ ਦੇ ਦਸਤਖ਼ਤ ਹੋਣੇ ਜ਼ਰੂਰੀ ਸਨ ! ਤਾਂ ਹੀ ਇਹ ਕਾਗਜ਼ ਕਿਧਰੇ ਕਚਹਿਰੀ ਵਿਚ ਸਬੂਤ ਦੇ ਤੌਰ ਤੇ ਪੇਸ਼ ਕੀਤਾ ਜਾ ਸਕਦਾ ਸੀ। ਜੇ ਮੈਂ ਮਿਸਟਰ ਵੈਨਸਬਰੋ ਕੋਲੋਂ ਸਲਾਹ ਪੁੱਛਦਾ ਤਾਂ ਮੈਨੂੰ ਇਹ ਗੱਲ ਪਤਾ ਲਗ ਜਾਂਦੀ, ਪਰ ਮੈਂ ਸਭ ਕੁਝ ਅਜੇ ਛੁਪਾ ਕੇ ਰੱਖਣਾ ਚਾਹੁੰਦਾ ਸਾਂ। ਹੁਣ ਮੇਰੇ ਤੇ ਵੈਲਮਿੰਗਮ ਪਹੁੰਚਣ ਦਾ ਭੂਤ ਸਵਾਰ ਹੋ ਚੁੱਕਾ ਸੀ। ਮਿਸਟਰ ਵੈਨਸਬਰੋ ਨੇ ਮੇਰੇ ਮੂੰਹ ਤੇ ਤਬਦੀਲੀ ਵੇਖ ਕੇ ਇਸ ਦਾ ਕਾਰਨ ਵੀ ਪੁੱਛਿਆ, ਅਤੇ ਮੈਂ ਉਹਨੂੰ ਬਣਦਾ ਫਬਦਾ ਉੱਤਰ ਦੇਣ ਦਾ ਯਤਨ ਕੀਤਾ। ਮੈਂ ਉਹ ਦੀ ਫੀਸ ਵੀ ਦਿਤੀ ਅਤੇ ਇਹ ਕਹਿ ਕੇ ਉਹਦੇ ਕੋਲੋਂ ਵਿਦਾ ਲਈ, ਕਿ ਮੈਂ ਇਕ ਦੋ ਦਿਨਾਂ ਤੀਕ ਉਹਨੂੰ ਚਿੱਠੀ ਲਿਖਾਂਗਾ। ਜਿਸ ਵੇਲੇ ਮੈਂ ਬਾਹਰ ਆਇਆ ਮੇਰਾ ਸਿਰ ਚਕਰਾ ਰਿਹਾ ਸੀ, ਅਤੇ ਮੇਰਾ ਪਿੰਡਾ ਇੰਝ ਬਲ ਰਿਹਾ ਸੀ ਜਿਵੇਂ ਭੱਠ ਬੁਖਾਰ ਹੋਵੇ।

ਹਨੇਰਾ ਤਾਂ ਪਹਿਲਾਂ ਹੀ ਪੈ ਚੁੱਕਾ ਸੀ। ਹੁਣ ਵਾਪਸੀ ਤੇ ਵੀ ਜਾਸੂਸ ਮੇਰਾ ਪਿੱਛਾ ਕਰਨਗੇ। ਅਤੇ ਹੋ ਸਕਦਾ ਸੀ ਕਿ ਮੈਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਜਾਏ।

ਮੇਰੀ ਸੋਟੀ ਮਾਮੂਲੀ ਸੀ, ਅਤੇ ਉਸ ਨਾਲ ਮੇਰਾ ਬਚਾਅ ਸੰਭਵ ਨਹੀਂ ਸੀ। ਮੈਂ ਨੌਲਸਬਰੀ ਦੇ ਬਜ਼ਾਰ ਵਿਚੋਂ ਇਕ ਸੋਟੀ ਖਰੀਦੀ, ਜੋ ਆਕਾਰ ਵਿਚ ਵੱਡੀ ਸੀ। ਉਹਦਾ ਇਕ ਸਿਰਾ ਹਥੌੜੇ ਵਾਂਗ ਮੋਟਾ ਤੇ ਭਾਰਾ ਸੀ। ਹੁਣ ਮੈਂ ਆਪਣਾ ਬਚਾ ਇਸ ਸੋਟੀ ਨਾਲ ਕਰ ਸਕਦਾ ਸਾਂ। ਜੇ ਕੋਈ ਇਕ ਅੱਧਾ ਬੰਦਾ ਹੋਇਆ ਇਸ ਸੱਟੀ ਦੀ ਮਦਦ ਨਾਲ ਮੈਂ ਉਹਦਾ ਮੁਕਬਲਾ ਕਰ ਸਕਦਾ ਸਾਂ। ਅਤੇ ਜੇ ਬਹੁਤੇ ਬਦਮਾਸ਼ ਹੋਏ ਤਾਂ ਮੈਂ' ਦੌੜ ਕੇ ਜਾਨ ਬਚਾਵਾਂਗਾ। ਮੈਂ ਸਕੂਲ ਦੇ ਦਿਨਾਂ ਵਿਚ ਸਦਾ ਦੌੜਾਂ ਵਿਚੋਂ ਫਸਟ ਆਉਂਦਾ ਸਾਂ। ਅਤੇ ਮੱਧ ਅਮਰੀਕਾ ਵਿਚ ਵੀ ਬੜੀ ਵਾਰ ਦੌੜ ਕੇ ਆਪਣੀ ਰਖਿਆ ਕੀਤੀ ਸੀ।

ਮੈਂ ਨੌਲਸਬਰੀ ਤੋਂ ਤੁਰ ਪਿਆ,ਅਤੇ ਸੜਕ ਦੇ ਵਿਚਕਾਰ ਵਿਚਕਾਰ ਧਿਆਨ ਨਾਲ ਕਾਹਲੀ ਕਾਹਲੀ ਰਵਾਨਾ ਹੋਇਆ।

ਥੋੜ੍ਹੀ ਥੋੜ੍ਹੀ ਬਾਰਸ਼ ਹੋ ਰਹੀ ਸੀ, ਅਤੇ ਚਾਰੇ ਪਾਸੇ ਧੁੰਦ ਹੋਣ ਕਰਕੇ ਮੈਨੂੰ ਪਹਿਲੇ ਦੋ ਕੁ ਮੀਲ ਇਹ ਪਤਾ ਨਾ' ਲਗਾ ਕਿ ਮੇਰੇ ਪਿਛੇ ਕੋਈ ਆ ਰਿਹਾ ਹੈ ਕਿ ਨਹੀਂ। ਜਦੋਂ ਮੈਂ ਅੱਧੇ ਰਸਤੇ ਵਿਚ ਹੋਵਾਂਗਾ ਕਿ ਇਕ ਆਦਮੀ ਮੇਰੇ ਕੋਲ ਦੌੜ ਕੇ ਅੱਗੇ ਲੰਘ ਗਿਆ। ਉਸ ਤੋਂ ਪਲ ਕੁ ਮਗਰੋਂ ਸੜਕ ਦੇ ਕਿਨਾਰੇ ਇਕ ਫਾਟਕ ਬੰਦ ਹੋਣ ਦੀ ਆਵਾਜ਼ ਆਈ। ਇਹ ਕਿਸੇ ਖੇਤ ਦਾ ਫਾਟਕ ਹੋਵੇਗਾ। ਮੈਂ ਆਪਣੀ ਸੋਟੀ ਆਪਣੇ ਹੱਥ ਵਿਚ ਚੰਗੀ ਤਰ੍ਹਾਂ ਫੜ ਲਈ ਤੇ ਦੁਸ਼ਮਣਾਂ ਦੇ ਮੁਕਾਬਲੇ ਲਈ ਤਿਆਰ ਹੋ ਗਿਆ। ਧੁੰਦ, ਹਨੇਰੇ ਅਤੇ ਬਾਰਸ਼ ਵਿਚ ਅੱਖਾਂ ਫਾੜ ਫਾੜ ਵੇਖ ਰਿਹਾ ਸਾਂ। ਅਜੇ ਮੈਂ ਇਥੋਂ ਸੌ ਕੁ ਗਜ਼ ਅੱਗੇ ਵਧਿਆ ਹੋਵਾਂਗਾ, ਕਿ ਮੇਰੇ ਸੱਜੇ ਹੱਥ ਵਾਲੇ ਪਾਸਿਉਂ ਵਾੜ ਵਿਚੋਂ ਕੋਈ ਆਵਾਜ਼ ਆਈ ਅਤੇ ਤਿੰਨ ਬੰਦੇ ਸੜਕ ਉਤੇ ਕੁਦ ਕੇ ਆ ਗਏ।

ਮੈਂ ਉਸੇ ਪਲ ਸੜਕ ਦੇ ਇਕ ਕਿਨਾਰੇ ਵੱਲ ਹੋ ਗਿਆ। ਪਹਿਲੇ ਦੋ ਬੰਦਿਆਂ ਨੂੰ ਤਾਂ ਮੈਂ ਸੋਟੀ ਮਾਰੀ ਅਤੇ ਉਹ ਆਪਣੇ ਆਪ ਨੂੰ ਸੰਭਾਲ ਸਕੇ। ਤੀਜਾ ਬਿਜਲੀ ਵਾਂਗ ਤੇਜ਼ ਸੀ ਉਹ ਰੁਕਿਆ ਅਤੇ ਮੁੜ ਕੇ ਉਹਨੇ ਮੇਰੇ ਤੇ ਵਾਰ ਕੀਤਾ। ਉਹਦਾ ਵਾਰ ਨਿਸ਼ਾਨੇ ਤੋਂ ਉਕ ਗਿਆ ਅਤੇ ਮੇਰੇ ਖੱਬੇ ਮੁੱਢੇ ਤੇ ਆ ਲਗਾ। ਮੈਂ ਵੀ ਇਹਦਾ ਬਦਲਾ ਉਹਦੇ ਸਿਰ ਤੇ ਸੋਟੀ ਮਾਰ ਕੇ ਲਿਆ। ਉਹ ਸੰਭਲ ਨਾ ਸਕਿਆ, ਅਤੇ ਆਪਣੇ ਦੋਹਾਂ ਸਾਥੀਆਂ ਤੇ ਜਾ ਡਿੱਗਾ, ਜੋ ਮੇਰੇ ਉੱਤੇ ਹਮਲਾ ਕਰਨ ਲਈ ਅੱਗੇ ਵਧ ਰਹੇ ਸਨ। ਜਿੰਨੀ ਦੇਰ ਉਹ ਸੰਭਲਣ ਲੱਵਗੇ, ਮੈਂ ਸਿਰ ਤੇ

ਪੈਰ ਰੱਖ ਕੇ ਫਿਰ ਸੜਕ ਦੇ ਵਿਚਕਾਰ ਬੜੀ ਤੇਜ਼ੀ ਨਾਲ ਦੌੜਿਆ। ਉਹ ਦੋ ਬਦਮਾਸ਼ ਜਿਹੜੇ ਠੀਕ ਠਾਕ ਸਨ, ਮੇਰੇ ਪਿਛੇ ਨਸੇ ਸੜਕ ਸਾਵਾਂ ਅਤੇ ਪੱਧਰੀ ਸੀ। ਮੈਨੂੰ ਪਤਾ ਸੀ ਕਿ ਉਹ ਬਿਲਕੁੱਲ ਮੇਰੇ ਨਾਲ ਹੀ ਨਾਲ ਹਨ। ਹਨੇਰੇ ਵਿਚ ਦੌੜਨਾ ਬਹੁਤ ਮੁਸ਼ਕਲ ਸੀ, ਕੁਝ ਪਤਾ ਨਹੀਂ ਸੀ ਕੇ ਅਗਲਾ ਪੈਰ ਕਿਥੇ ਪੈ ਜਾਏਗਾ। ਥੋੜੀ ਦੇਰ ਇੰਜ ਦੌੜਨ ਮਗਰੋਂ ਮੈਨੂੰ ਅਹਿਸਾਸ ਹੋਇਆ ਹੁਣ ਚੜ੍ਹਾਈ ਆ ਗਈ ਸੀ। ਜਿੰਨੀ ਦੇਰ ਢਲਾਣ ਸੀ, ਉਹ ਦੋਵੇਂ ਬੜੀ ਤੇਜ਼ ਆ ਰਹੇ ਸਨ, ਪਰ ਹੁਣ ਮੈਂ ਉਨ੍ਹਾਂ ਤੋਂ ਅਗੇ ਲੰਘ ਗਿਆ ਸਾਂ। ਉਨ੍ਹਾਂ ਦੇ ਪੈਰਾਂ ਦੀ ਆਵਾਜ ਦੂਰ ਦੂਰ ਹੁੰਦੀ ਜਾ ਰਹੀ ਸੀ। ਮੈਂ ਸੜਕ ਛੱਡ ਕੇ ਇਕ ਪਾਸੇ ਹੋ ਗਿਆ ਤਾਂ ਜੋ ਖੇਤਾਂ ਦੇ ਵਿਚ ਹੋ ਜਾਵਾਂ। ਸੜਕ ਦੇ ਇਕ ਪਾਸੇ ਮੈਨੂੰ ਫਾਟਕ ਦਿਸਿਆ ਕੀ, ਮੇਰਾ ਅੰਦਾਜ਼ਾ ਸੀ ਕਿ ਇਥੋਂ ਕੋਈ ਰਸਤਾ ਹੈ। ਮੈਂ ਫਾਟਕ ਦੇ ਉਪਰ ਦੀ ਛਾਲ ਮਾਰ ਕੇ ਖੇਤਾਂ ਦੇ ਵਿਚੋਂ ਦੀ ਦੌੜਦਾ ਗਿਆ। ਮੈਂ ਸੁਣਿਆ ਦੋਵੇਂ ਫਾਟਕ ਤੋਂ ਅੱਗੇ ਲੰਘ ਗਏ ਸਨ। ਫਿਰ ਇਕ ਮਿੰਟ ਮਗਰੋਂ ਇਕ ਨੇ ਦੂਜੇ ਨੂੰ ਵਾਪਸ ਆਉਣ ਲਈ ਆਵਾਜ਼ ਦਿਤੀ। ਹੁਣ ਭਾਵੇਂ ਉਹ ਕੀ ਪਏ ਕਰਨ, ਮੈਂ ਉਨ੍ਹਾਂ ਦੀ ਪਕੜ ਤੋਂ ਬਾਹਰ ਸਾਂ। ਖੇਤ ਦੇ ਅਖੀਰ ਤਕ ਜਾ ਕੇ ਮੈਂ ਰਤਾ ਸਾਹ ਲੈਣ ਲਈ ਰੁਕਿਆ।

ਹੁਣ ਸੜਕ ਤੇ ਵਾਪਸ ਜਾਣਾ ਅਸੰਭਵ ਸੀ, ਪਰ ਮੈਂ ਵੈਲਮਿੰਗਮ ਜ਼ਰੂਰ ਪੁਜਣਾ ਸੀ।

ਕਾਲੀ ਬੋਲੀ ਰਾਤ ਸੀ--ਕੋਈ ਚੰਨ ਤਾਰਿਆਂ ਦਾ ਚਾਨਣ ਨਹੀਂ ਸੀ ਜਿਸ ਨਾਲ ਮੈਂ ਕੋਈ ਪਗਡੰਡੀ ਆਦਿ ਲੱਭ ਸਕਦਾ। ਮੈਨੂੰ ਬਸ ਇਹ ਪਤਾ ਸੀ, ਕਿ ਨੌਲਸਬਰੀ ਤੋਂ ਤੁਰਨ ਵੇਲੇ ਬਾਰਸ਼ ਤੇ ਹਵਾ ਮੈਨੂੰ ਪਿਛੇ ਨੂੰ ਧੱਕਦੀ ਸੀ। ਅਤੇ ਜੇ ਹੁਣ ਵੀ ਹਵਾ ਅਤੇ ਬਾਰਸ਼ ਮੈਨੂੰ ਪਿੱਛੇ ਪਾਸਿਉਂ ਧੱਕੇ ਤਾਂ ਅਵੱਸ਼ ਠੀਕ ਰਸਤੇ ਉਤੇ ਹੀ ਹੋਵਾਂਗਾ।

ਇਹੀ ਸੋਚ ਕੇ ਮੈਂ ਤੁਰਦਾ ਗਿਆ। ਰਾਹ ਵਿਚ ਕਈ ਕੰਡਿਆਲੀਆਂ ਝਾੜੀਆਂ, ਅਤੇ ਵਾੜਾਂ ਸਨ। ਮੈਨੂੰ ਅਚਾਨਕ ਹੀ ਆਪਣੇ ਪੈਰਾਂ ਹੇਠ ਫਿਰ ਢਲਵਾਨ ਮਹਿਸੂਸ ਹੋਈ। ਮੈਂ ਪਹਾੜੀ ਦੇ ਇਕ ਪਾਸੇ ਸਾਂ, ਅਤੇ ਤੇਜ਼ੀ ਨਾਲ ਥੱਲੇ ਲਹਿੰਦਾ ਜਾ ਰਿਹਾ ਸਾਂ, ਥੱਲੇ ਉਤਰ ਕੇ ਇਕ ਵਾੜ ਵਿਚੋਂ ਦੀ ਲੰਘ ਕੇ ਇਕ ਗਲੀ ਵਿਚ ਪਹੁੰਚ ਗਿਆ। ਗਲੀ ਚਿੱਕੜ ਨਾਲ ਭਰੀ ਹੋਈ ਸੀ ਅਤੇ ਘੜੀ ਘੜੀ ਕਈ ਮੋੜ ਮੁੜਦੀ ਸੀ। ਦਸ ਕੁ ਮਿੰਟ ਮੈਂ ਇਸੇ ਗਲੀ ਵਿਚ ਹੀ ਤੁਰਦਾ ਰਿਹਾ। ਤਾਂ

ਕਿਧਰੇ ਮੈਨੂੰ ਇਕ ਘਰ ਨਜ਼ਰੀ ਆਇਆ। ਇਸ ਦਾ ਫਾਟਕ ਖੁਲਾ ਹੋਇਆ ਸੀ। ਮੈਂ ਝਟ ਪਟ ਅੰਦਰ ਗਿਆ ਤਾਂ ਜੋ ਰਾਹ ਪੁਛ ਸਕਾਂ।

ਮੈਂ ਅਜੇ ਬੂਹੇ ਨੂੰ ਖੜਕਾਇਆ ਵੀ ਨਹੀਂ ਸੀ ਕਿ ਉਹ ਆਪੇ ਹੀ ਖੁਲ ਗਿਆ। ਉਹਦੇ ਅੰਦਰ ਇਕ ਆਦਮੀ ਹੱਥ ਵਿਚ ਲਾਲਟੈਨ ਫੜੀ ਦੌੜਦਾ ਹੋਇਆ ਬਾਹਰ ਨਿਕਲਿਆ। ਉਹ ਮੈਨੂੰ ਵੇਖ ਕੇ ਰੁਕ ਗਿਆ ਅਤੇ ਲੈਂਪ ਉੱਚੀ ਕਰਕੇ ਉਹਨੇ ਮੈਨੂੰ ਵੇਖਿਆ। ਅਸੀਂ ਦੋਹਾਂ ਨੇ ਇਕ ਦੂਜੇ ਨੂੰ ਹੈਰਾਨੀ ਨਾਲ ਤਕਿਆ। ਮੈਂ ਰਾਹ ਭੁਲਿਆ ਹਨੇਰੇ ਵਿਚ ਪਿੰਡ ਦੇ ਹੇਠਲੇ ਹਿੱਸੇ ਵੱਲ ਪਹੁੰਚ ਗਿਆ ਸਾਂ। ਇਹ ਲਾਲਟੈਨ ਹੱਥ ਵਿਚ ਫੜੀ ਉਹ ਸਵੇਰ ਵਾਲਾ ਗਿਰਜੇ ਦਾ ਕਲਰਕ ਹੀ ਸੀ, ਅਤੇ ਮੈਂ ਪੁਰਾਣੇ ਵੈਲਮਿੰਗਮ ਵਿਚ ਸਾਂ।

ਉਹ ਇੰਨੇ ਥੋੜੇ ਸਮੇਂ ਵਿਚ ਹੀ ਬਹੁਤ ਬਦਲ ਗਿਆ ਜਾਪਦਾ ਸੀ। ਬੜਾ ਘਬਰਾਇਆ ਹੋਇਆ ਸੀ। ਉਹਦਾ ਮੂੰਹ ਲਾਲ ਅਤੇ ਭਖਿਆ ਹੋਇਆ ਸੀ, ਉਹਨੇ ਮੈਨੂੰ ਸ਼ੱਕ ਭਾਰੀਆਂ ਤਕਣੀਆਂ ਨਾਲ ਵੇਖ ਕੇ ਜੋ ਕਿਹਾ, ਪਹਿਲਾਂ ਮੈਨੂੰ ਉਹਦੀ ਸਮਝ ਹੀ ਨਾ ਆਈ "ਚਾਬੀਆਂ ਕਿਥੇ ਹਨ ਉਹਨੇ ਪੁੱਛਿਆ "ਕੀ ਤੁਸੀਂ ਚਾਬੀਆਂ ਲਈਆਂ ਹਨ?"

"ਕਿਹੜੀਆਂ ਚਾਬੀਆਂ? ਮੈਂ ਤਾਂ ਸਿੱਧਾ ਨੌਲਸਬਰੀ ਤੋਂ ਆ ਰਿਹਾ ਹਾਂ- ਤੁਹਾਡਾ ਵੀ ਮਤਲਬ ਹੈ? ਕਿਹੜੀਆਂ ਚਾਬੀਆਂ?" ਮੈਂ' ਉਹਦੀ ਘਬਰਾਹਟ ਵੇਖ ਕੇ ਬੋਲਿਆ।

"ਵੈਸਟਰੀ ਦੀਆਂ ਚਾਬੀਆਂ ! ਰੱਬ ਸੱਚਾ ਸਾਡੀ ਸਹਾਇਤਾ ਕਰੇ। ਹੁਣ ਮੈਂ ਕੀ ਕਰਾ ਚਾਬੀਆਂ ਗੁੰਮ ਹਨ ! ਤੁਸੀਂ ਸੁਣ ਰਹੇ ਹੋ। ਚਾਬੀਆਂ ਲੱਭ ਨਹੀਂ ਰਹੀਆਂ!" ਉਹਦੇ ਹੱਥ ਵਿਚ ਲਾਲਟੇਨ ਕੰਬ ਰਹੀ ਸੀ।

ਕਿਵੇਂ ਕਦੋਂ ਅਤੇ ਚਾਬੀਆਂ ਨੂੰ ਕੌਣ ਲੈ ਗਿਆ ਹੈ-?' ਮੈਂ ਪੁੱਛਿਆ।

"ਮੈਨੂੰ ਕੁਝ ਪਤਾ ਨਹੀਂ", ਉਹ ਹਨੇਰੇ ਵਿਚ ਘੂਰ ਰਿਹਾ ਸੀ। ਮੈਂ ਤੁਹਾਨੂੰ ਦਸਿਆ ਸੀ ਨਾਂ ਕਿ ਅੱਜ ਮੈਨੂੰ ਬੜਾ ਕੰਮ ਸੀ। ਮੈਂ ਇਹ ਖਿੜਕੀ ਬੰਦ ਕਰਕੇ ਬੂਹੇ ਨੂੰ ਤਾਲਾ ਮਾਰ ਗਿਆ ਸਾਂ। ਮੈਂ ਹੁਣੇ ਹੀ ਆਇਆ ਹਾਂ। ਇਹ ਖਿੜਕੀ ਖੁਲ੍ਹੀ ਪਈ ਹੈ ਅਤੇ ਚਾਬੀਆਂ ਦਾ ਕੁਝ ਪਤਾ ਨਹੀਂ ਕੋਈ ਆਇਆ ਹੈ ਤੇ ਚਾਬੀਆਂ ਲੈ ਗਿਆ ਹੈ।"

ਉਹ ਮੈਨੂੰ ਖਿੜਕੀ ਵਿਖਾਉਣ ਲਈ ਮੁੜਿਆ ਤਾਂ ਲਾਲਟੈਨ ਦੀ ਚਿਮਨੀ ਲਟਕ ਗਈ। ਹਵਾ ਦੇ ਜ਼ੋਰ ਨਾਲ ਬੱਤੀ ਬੁਝ ਗਈ।

"ਇਹਨੂੰ ਜਲਦੀ ਬਾਲ ਲਵੋ, ਅਸੀਂ ਦੋਵੇਂ ਵੈਸਟਰੀ ਚਲਦੇ ਹਾਂ। ਜਲਦੀ-ਜਲਦੀ ਕਰੋ।" ਮੈਂ ਉਹਨੂੰ ਬਹੁਤ ਜਲਦੀ ਕਰਨ ਲਈ ਜ਼ੋਰ ਪਾਇਆ। ਉਹ ਧੋਖਾ ਜਿਸ ਤੋਂ ਮੈਂ ਡਰ

ਰਿਹਾ ਸਾਂ, ਸ਼ਾਇਦ ਵੈਸਟਰੀ ਵਿਚ ਮੇਰੇ ਨਾਲ ਕੀਤਾ ਜਾ ਰਿਹਾ ਹੋਵੇ –ਅਤੇ ਫਿਰ ਮੇਰੇ ਕੋਲ ਕੋਈ ਸਬੂਤ ਨਹੀਂ ਰਵੇਗਾ, ਕਿ ਜਾਅਲਸਾਜ਼ੀ ਕੀਤੀ ਗਈ ਸੀ। ਕਲਰਕ ਜਿੰਨੀ ਦੇਰ ਲੈਂਪ ਬਾਲਦਾ ਮੇਰੇ ਕੋਲੋਂ ਖਲੋਂ ਨਹੀਂ ਸੀ ਹੋ ਰਿਹਾ। ਮੈਂ ਕਾਹਲੀ-ਕਾਹਲੀ ਗਲੀ ਵਿਚ ਆ ਕੇ ਖੜ ਗਿਆ।

ਮੈਂ ਅਜੇ ਦਸ ਕਦਮ ਹੀ ਤੁਰਿਆ ਸਾਂ, ਕਿ ਗਿਰਜੇ ਵੱਲੋਂ' ਇਕ ਆਦਮੀ ਮੇਰੇ ਵੱਲ ਆਇਆ ਅਤੇ ਉਹਨੇ ਮੈਨੂੰ ਬੜੇ ਸਤਿਕਾਰ ਨਾਲ ਸੰਬੋਧਨ ਕੀਤਾ। ਮੈਂ ਉਹਦਾ ਚਿਹਰਾ ਹਨੇਰੇ ਵਿਚ ਨਹੀਂ ਵੇਖ ਸਕਿਆ, ਪਰ ਆਵਾਜ਼ ਤੋਂ ਹੀ ਮੈਨੂੰ ਪਤਾ ਲਗ ਗਿਆ ਸੀ ਕਿ ਮੈਂ ਉਹਨੂੰ ਜਾਣਦਾ ਨਹੀਂ ਸਾਂ। ਉਹ ਇਕ ਅਜਨਬੀ ਸੀ।

"ਮੈਂ ਖਿਮਾਂ ਮੰਗਦਾ ਹਾਂ, ਸਰ ਪਰਸੀਵਲ" ਮੈਂ ਉਹਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਟੋਕ ਦਿਤਾ।

"ਤੁਹਾਨੂੰ ਗਲਤੀ ਲੱਗੀ ਹੈ, ਮੈਂ ਸਰ ਪਰਸੀਵਲ ਨਹੀਂ ਹਾਂ।"

ਮੈਂ ਕਿਹਾ।

"ਮੈਂ ਸੋਚਿਆ ਮੇਰੇ ਮਾਲਕ ਹਨ।" ਉਹ ਕੁਝ ਘਬਰਾ ਗਿਆ ਸੀ।

"ਤੁਸੀਂ ਆਪਣੇ ਮਾਲਕ ਨੂੰ ਇਥੇ ਮਿਲਣਾ ਸੀ?"

"ਹਾਂ ਮੈਨੂੰ ਉਨ੍ਹਾਂ ਗਲੀ ਵਿਚ ਉਡੀਕਣ ਲਈ ਕਿਹਾ ਸੀ।" ਇਹ ਕਹਿ ਕੇ ਉਹ ਵਾਪਸ ਗਿਰਜੇ ਵੱਲ ਹੀ ਤੁਰ ਪਿਆ। ਇਧਰ ਕਲਰਕ ਹੱਥ ਵਿਚ ਲਾਲਟੇਨ ਫੜੀ ਆ ਰਿਹਾ ਸੀ, ਉਹਨ੍ਹੇ ਇੰਨੀ ਦੇਰ ਵਿਚ ਉਹਨੂੰ ਮੁੜ ਬਾਲ ਲਿਆ ਸੀ। ਮੈਂ ਉਹਦੀ ਬਾਂਹ ਫੜ ਲਈ, ਤਾਂ ਜੋ ਉਹ ਹੋਰ ਤੇਜ਼ ਤੁਰ ਸਕੇ। ਮੈਂ ਲੈਂਪ ਦੀ ਰੋਸ਼ਨੀ ਵਿਚ ਵੇਖਿਆ, ਉਸ ਨੌਕਰ ਨੇ ਵਰਦੀ ਪਾਈ ਹੋਈ ਸੀ।

"ਉਹ ਕੌਣ ਹੈ-? ਕੀ ਉਹਨੂੰ ਚਾਬੀਆਂ ਦਾ ਪਤਾ ਹੈ? ਕਲਰਕ ਨੇ ਮੈਨੂੰ ਹੌਲੀ ਜਿਹੀ ਪੁੱਛਿਆ !

"ਅਸੀਂ" ਇਹਦੇ ਕੋਲੋਂ ਨਹੀਂ ਪੁੱਛਣਾ ਅਸੀਂ ਆਪ ਵੈਸਟਰੀ ਜਾ ਕੇ ਵੇਖ ਲੈਂਦੇ ਹਾਂ।" ਗਿਰਜਾ ਇਥੋਂ' ਦਿਨੇ ਵੀ ਨਹੀਂ ਸੀ ਦਿੱਸਦਾ। ਜਦੋਂ ਗਲੀ ਮੁਕਦੀ ਤਾਂ ਉਹ ਦਿੱਸਣਾ ਸ਼ੁਰੂ ਹੁੰਦਾ ਸੀ। ਉਥੋਂ ਹੀ ਚੜ੍ਹਾਈ ਸ਼ੁਰੂ ਹੋ ਗਈ ਸੀ। ਪਿੰਡ ਦਾ ਇਕ ਮੁੰਡਾ ਜਿਸਨੇ ਲੈਂਪ ਦੇ ਚਾਨਣ ਵਿਚ

ਕਲਰਕ ਨੂੰ ਪਛਾਣ ਲਿਆ ਸੀ; ਸਾਡੇ ਨੇੜੇ ਆ ਕੇ ਕਲਰਕ ਦੇ ਕੋਟ ਨੂੰ ਖਿੱਚਦਾ-ਖਿੱਚਦਾ ਬੋਲਿਆ--"ਸਾਹਿਬ ਜੀ, ਉਥੇ ਕੋਈ ਗਿਰਜੇ ਦੇ ਅੰਦਰ ਹੈ। ਮੈਂ ਆਪ ਸੁਣਿਆ ਉਹਨੇ ਅੰਦਰ ਵੜ ਕੇ ਕੁੰਡੀ ਮਾਰੀ ਹੈ ਤੇ ਇਕ ਤੀਲੀ ਬਲਣ ਦੀ ਆਵਾਜ਼ ਮੈਨੂੰ ਅੰਦਰੋਂ ਆਈ ਹੈ।'

ਕਲਰਕ ਕੰਬਣ ਲੱਗ ਪਿਆ। ਉਹਨੇ ਆਪਣਾ ਸਾਰਾ ਭਾਰ ਮੇਰੇ ਤੇ ਸੁੱਟ ਦਿੱਤਾ।

"ਜਲਦੀ ਆਉ-ਅਜੇ ਬਹੁਤੀ ਦੇਰ ਨਹੀਂ ਹੋਈ; ਅਸੀਂ ਜੋ ਵੀ ਹੋਇਆ, ਉਹਨੂੰ ਫੜ ਲਵਾਂਗੇ। ਤੁਸੀਂ ਪਿੱਛੇ-ਪਿੱਛੇ ਲੈਂਪ ਲੈ ਕੇ ਆਈ ਚਲੋ।" ਮੈਂ ਇਹ ਕਹਿ ਕੇ ਅੱਗੇ-ਅੱਗੇ ਪਹਾੜੀ ਚੜ੍ਹਨ ਲੱਗ ਪਿਆ। ਰਾਤ ਦੇ ਹਨ੍ਹੇਰੇ ਵਿਚ ਗਿਰਜੇ ਦਾ ਬੁਰਜ ਮੈਨੂੰ ਸਭ ਤੋਂ ਪਹਿਲਾਂ ਦਿੱਸਿਆ। ਮੈਂ ਵੈਸਟਰੀ ਵੱਲ ਮੁੜਿਆ ਤਾਂ ਮੈਨੂੰ ਪਿੱਛੋਂ ਭਾਰੇ-ਭਾਰੇ ਬੂਟਾਂ ਦੀ ਆਵਾਜ਼ ਆਈ। ਇਹੀ ਉਹੀ ਨੌਕਰ ਸੀ; ਉਹ ਬਹੁਤ ਡਰ ਕੇ ਬੋਲਿਆ, "ਮੈਂ ਸਿਰਫ਼ ਆਪਣੇ ਮਾਲਕ ਨੂੰ ਲੱਭ ਰਿਹਾ ਹਾਂ।" ਮੈਂ ਉਹਦੀ ਗੱਲ ਸੁਣੀ ਹੀ ਨਾ, ਅਤੇ ਅੱਗੇ ਵੱਧਦਾ ਗਿਆ। ਵੈਸਟਰੀ ਮੈਨੂੰ ਮੋੜ ਮੁੜਨ ਤੇ ਦਿੱਸੀ। ਉਹਦੇ ਰੋਸ਼ਨਦਾਨ ਅੰਦਰ ਮੈਨੂੰ ਬੜਾ ਚਾਨਣਾ ਦਿੱਸਿਆ। ਕਾਲੀ ਹਨ੍ਹੇਰੀ ਰਾਤ ਵਿਚ ਉਹ ਬਹੁਤ ਹੀ ਚਮਕ ਰਿਹਾ ਸੀ। ਮੈਂ ਦੌੜ ਕੇ ਦਰਵਾਜ਼ੇ ਤੀਕ ਪੁੱਜਾ।

ਮੈਂ ਨੇੜੇ ਪਹੁੰਚਿਆਂ, ਤਾਂ ਅੰਦਰੋਂ ਅਜੀਬ ਜਿਹੀ ਬੋ ਆ ਰਹੀ ਸੀ। ਅੰਦਰੋਂ ਕੁਝ ਬੰਦ ਕਰਨ ਦੀ ਆਵਾਜ਼ ਆਈ ਰੌਸ਼ਨਦਾਨ ਵਿਚ ਚਾਨਣਾ ਵੱਧਦਾ ਜਾ ਰਿਹਾ ਸੀ। ਇਕ ਸ਼ੀਸ਼ਾ ਤਿੜਕਿਆ-ਮੈਂ ਬੂਹੇ ਤੇ ਹੱਥ ਰੱਖਿਆ- ਵੈਸਟਰੀ ਨੂੰ ਅੱਗ ਲੱਗ ਚੁੱਕੀ ਸੀ।

ਇਹ ਦੇਖ ਕੇ ਮੇਰਾ ਉਪਰਲਾ ਸਾਹ ਉਪਰ ਅਤੇ ਹੇਠਲਾ ਸਾਹ ਹੇਠਾਂ ਹੀ ਰਹਿ ਗਿਆ ਅਚਾਨਕ ਅੰਦਰ ਕਿਸੇ ਨੇ ਬੜੀ ਜ਼ੋਰ ਦੀ ਬੂਹਾ ਭੰਨਿਆ। ਉਹਦੇ ਚਾਬੀ ਨੂੰ ਵੀ ਘੁਮਾਇਆ, ਅਤੇ ਮਦਦ ਲਈ ਚੀਕ ਮਾਰੀ।

ਉਹ ਨੌਕਰ ਜੋ ਮੇਰੇ ਪਿੱਛੇ ਸੀ- ਗੋਡਿਆਂ ਭਾਰ ਉਥੇ ਹੀ ਬਹਿ ਗਿਆ ਅਤੇ ਬੋਲਿਆ "ਮੇਰਿਆ ਰੱਬਾ ! ਇਹ ਸਰ ਪਰਸੀਵਲ ਹੈ।"

ਕਲਰਕ ਵੀ ਪਹੁੰਚ ਚੁੱਕਾ ਸੀ, ਉਸ ਵੇਲੇ ਅੰਦਰੋ ਚਾਬੀ ਘੁਮਾਣ ਦੀ ਆਵਾਜ਼ ਫਿਰ ਆਈ "ਰੱਬ ਉਹਦੇ ਉੱਤੇ ਦਯਾ ਕਰੇ ! ਉਹ ਹੁਣ ਨਹੀਂ ਬਚ ਸਕਦਾ। ਉਹਨੇ ਤਾਲੇ ਨੂੰ ਫਸਾ ਦਿੱਤਾ ਹੈ।

ਮੈਂ ਦਰਵਾਜ਼ੇ ਵੱਲ ਮੁੜ ਭਜਿਆ। ਪਿਛਲੇ ਕਈ ਹਫਤਿਆਂ ਤੋਂ ਜਿਸ ਮੰਤਵ ਨੇ ਮੇਰੀ ਨੀਂਦ ਹਰਾਮ ਕੀਤੀ ਹੋਈ ਸੀ --, ਜਿਸ ਲਈ ਮੈਂ" ਜੀਉਂਦਾ ਸਾਂ, ਉਹ ਇਸ ਇਕ ਪਲ ਵਿਚ ਮੈਂ ਭੁੱਲ ਗਿਆ। ਉਹਨੇ ਸਾਡੇ ਨਾਲ ਕਿੰਨਾ ਜ਼ੁਲਮ ਕੀਤਾ ਸੀ-ਕਿੰਨਾ ਪਿਆਰ, ਸੁਹੱਪਣ, ਅਤੇ

ਖੁਸ਼ੀ ਬਰਬਾਦ ਕੀਤੀ ਸੀ ਮੈਂ ਇਹ ਸਭ ਭੁੱਲ ਗਿਆ। ਉਹ ਸੌਂਹ ਜੋ ਮੈਂ ਖਾਧੀ ਸੀ ਕਿ ਮੈਂ ਇਕ ਦਿਨ ਉਹਨੂੰ ਤੜਪਾ ਤੜਪਾ ਕੇ ਮਾਰਾਂਗਾ, ਮੈਨੂੰ ਇਹ ਯਾਦ ਹੀ ਨਾ ਰਹੀ। ਬਸ ਮੈਨੂੰ ਇਕ ਇਹੀ ਯਾਦ ਸੀ ਕਿ ਉਹਨੂੰ ਕਿਸੇ ਨਾ ਕਿਸੇ ਤਰ੍ਹਾਂ ਬਚਾਵਾਂ। ਉਹ ਕਿੰਨਾ ਬੇਸਹਾਰਾ ਸੀ। ਉਹਨੂੰ ਇਸ ਭਿਆਨਕ ਮੌਤ ਦੇ ਸ਼ਿਕੰਜੇ ਵਿਚੋਂ ਕੱਢਣਾ ਮੇਰਾ ਧਰਮ ਸੀ।

"ਦੂਜਾ ਬੂਹਾ ਖੋਲੋ !" ਮੈਂ ਜ਼ੋਰ ਦੀ ਚੀਕ ਕੇ ਬੋਲਿਆ, "ਗਿਰਜੇ ਵਾਲਾ ਬੂਹਾ ਖੋਲੋ, ਇਹ ਦਾ ਤਾਲਾ ਖ਼ਰਾਬ ਹੋ ਗਿਆ ਹੈ-ਜਲਦੀ ਕਰੋ-!"

ਅਖੀਰਲੀ ਵਾਰੀ ਚਾਬੀ ਘੁੰਮਣ ਦੀ ਆਵਾਜ਼ ਮਗਰੋਂ ਅੰਦਰੋਂ ਫਿਰ ਕਿਸੇ ਕਿਸਮ ਦਾ ਖੜਾਕ ਨਹੀਂ ਸੀ ਸੁਣਾਈ ਦਿੱਤਾ,--ਹੁਣ ਸਾਨੂੰ ਪਤਾ ਨਹੀਂ ਸੀ, ਕਿ ਉਹ ਅੰਦਰ ਜੀਉਂਦਾ ਸੀ ਜਾਂ ਨਹੀਂ। ਲਪਟਾਂ ਦੇ ਭੜਕਣ ਦੀ ਆਵਾਜ਼ ਆਈ ਅਤੇ ਰੋਸ਼ਨਦਾਨ ਦਾ ਸ਼ੀਸ਼ਾ ਟੁੱਟਿਆ। ਮੈਂ ਆਪਣੇ ਦੋਹਾਂ ਸਾਥੀਆਂ ਨੂੰ ਪਲ ਭਰ ਵੇਖਿਆ। ਨੌਕਰ ਉਠ ਖੜੋਤਾ ਸੀ ਅਤੇ ਲੈਂਪ ਹੱਥ ਵਿਚ ਫੜਕੇ ਦਰਵਾਜ਼ੇ ਨੂੰ ਦੇਖ ਰਿਹਾ ਸੀ। ਡਰ ਨਾਲ ਉਸ ਦਾ ਦਿਮਾਗ ਹਿਲ ਗਿਆ ਦਿਸਦਾ ਸੀ। ਉਹ ਜੋ ਮੈਂ ਕਰਦਾ ਸਾਂ- ਉਹੀ ਕਰਦਾ ਸੀ। ਉਹ ਇਕ ਕੁੱਤੇ ਵਾਂਗ ਮੇਰੇ ਪਿੱਛੇ ਪਿੱਛੇ ਸੀ। ਕਲਰਕ ਇਕ ਮਕਬਰੇ ਉੱਤੇ ਬੈਠਾ ਬੈਠਾ ਕੰਬ ਰਿਹਾ ਸੀ, ਅਤੇ ਵਿਚ ਵਿਚ ਕੁਝ ਬੋਲਦਾ ਜਾ ਰਿਹਾ ਸੀ, ਉਹ ਦੋਵੇਂ ਮਦਦ ਦੇਣ ਦੀ ਹਾਲਤ ਵਿਚ ਨਹੀਂ ਸਨ।

ਮੈਨੂੰ ਇਹ ਪਤਾ ਨਹੀਂ ਸੀ, ਕਿ ਮੈਂ ਕੀ ਕਰ ਰਿਹਾ ਹਾਂ, ਪਰ ਜੋ ਉਸ ਵੇਲੇ ਮੈਨੂੰ ਠੀਕ ਦਿਸਿਆ, ਉਹ ਇਹੀ ਸੀ। ਮੈਂ ਨੌਕਰ ਨੂੰ ਵੈਸਟਰੀ ਕੰਧ ਨਾਲ ਖਿਚਿਆ ਅਤੇ ਉਹਨੂੰ ਉਥੇ ਝੁਕਣ ਲਈ ਕਿਹਾ, "ਇੰਜ ਝੁਕ ਕੇ ਖੜ, ਮੈਂ ਤੇਰੇ ਉੱਤੇ ਚੜ੍ਹ ਕੇ ਛੱਤ ਉੱਤੇ ਚੜ੍ਹਾਂਗਾ ਤੇ ਉਹ ਰੋਸ਼ਨਦਾਨ ਖੋਲਾਂਗਾ ਤਾਂ ਜੋ ਥੋੜੀ ਹਵਾ ਉਹਨੂੰ ਅੰਦਰ ਜਾਏ।""

ਉਹ ਭਾਵੇਂ ਸਿਰ ਤੋਂ ਪੈਰਾਂ ਤੀਕ ਕੰਬ ਰਿਹਾ ਸੀ, ਪਰ ਉਹ ਪੱਕੀ ਤਰ੍ਹਾਂ ਖੜੋਤਾ ਰਿਹਾ। ਮੈਂ ਆਪਣੀ ਸੋਟੀ ਮੂੰਹ ਵਿਚ ਪਾ ਕੇ ਉਹਦੀ ਪਿੱਠ ਉਤੇ ਚੜ੍ਹ ਗਿਆ ਅਤੇ ਇਕ ਮਿੰਟ ਵਿਚ ਵੈਸਟਰੀ ਦੀ ਛੱਤ ਤੇ ਪਹੁੰਚ ਗਿਆ। ਉਸ ਵੇਲੇ ਇੰਨੀ ਭਾਜੜ ਸੀ ਕਿ ਮੈਨੂੰ ਇੰਨੀ ਵੀ ਸਮਝ ਨਹੀਂ ਸੀ ਆਈ, ਕਿ ਰੋਸ਼ਨਦਾਨ ਖੁੱਲਣ ਨਾਲ ਅੱਗ ਹੋਰ ਭੜਕੇਗੀ। ਮੈਂ ਰੋਸ਼ਨਦਾਨ ਉੱਤੇ ਸੋਟੀ ਮਾਰੀ। ਉਹਦਾ ਸ਼ੀਸ਼ਾ ਟੁੱਟ ਕੇ ਅੰਦਰ ਜਾ ਡਿੱਗਾ। ਅੱਗ ਇੰਜ਼ ਕੁੱਦ ਕੇ ਬਾਹਰ ਆਈ ਜਿਵੇਂ ਕੋਈ ਜੰਗਲੀ ਜਾਨਵਰ ਆਪਣੇ ਪਿੰਜਰੇ ਵਿਚੋਂ ਭੱਜ ਕੇ ਬਾਹਰ ਪੈਂਦਾ ਹੈ! ਜੇ ਹਵਾ

ਦੂਜੇ ਰੁੱਖ ਦੀ ਨਾ ਹੁੰਦੀ ਤਾਂ ਮੈਂ ਉਥੇ ਹੀ ਸੜ ਕੇ ਸਵਾਹ ਹੋ ਜਾਣਾ ਸੀ। ਲਪਟਾਂ ਦਾ ਮੂੰਹ ਦੂਜੇ ਪਾਸੇ ਨੂੰ ਹੋ ਗਿਆ ਤਾਂ ਮੈਂ ਬਚ ਸਕਿਆ ਸਾਂ ਮੈਂ ਛੱਤ ਦੇ ਇਕ ਪਾਸੇ ਗੁੱਛਾ ਮੁੱਛਾ ਹੋ ਗਿਆ-ਅੱਗ ਦਾ ਧੂੰਆਂ ਉੱਪਰ ਘਿਰ ਰਿਹਾ ਸੀ। ਚਮਕਦੀਆਂ ਲਪਟਾਂ ਵਿਚ ਮੈਂ ਵੇਖਿਆ ਨੌਕਰ ਸਖਣੀਆ ਤਕਣੀਆਂ ਨਾਲ ਦੇਖ ਰਿਹਾ ਸੀ ਅਤੇ ਕਲਰਕ ਖੜੇ ਕੇ ਆਪਣੇ ਹੱਥ ਦੁੱਖ ਨਾਲ ਮਲ ਰਿਹਾ ਸੀ। ਪਿੰਡ ਦੇ ਲੋਕ ਜਿੰਨੇ ਕਿ ਉਥੇ ਰਹਿੰਦੇ ਸਨ, ਸਭ ਇਕੱਠੇ ਹੋ ਗਏ ਸਨ। ਮਰਦਾਂ ਦੇ ਮੂੰਹ ਪੀਲੇ ਕੂਕ ਅਤੇ ਡਰੀਆਂ ਹੋਈਆਂ ਔਰਤਾਂ ਅਤੇ ਬੱਚੇ ਸਭ ਟੋਲੀਆਂ ਬਣਾ ਕੇ ਖੜੇ ਸਨ। ਉਹ ਆਦਮੀ ਮੇਰੇ ਪੈਰਾ ਹੇਠਾਂ ਸੀ-ਕਮਰੇ ਵਿਚ ਉਹਦਾ ਸਾਹ ਘੁੱਟਿਆ ਗਿਆ ਸੀ। ਉਹ ਭਿਆਨਕ ਮੌਤ ਮਰ ਰਿਹਾ ਸੀ, ਪਰ ਸਾਡੇ ਕੋਲ ਉਹਨੂੰ ਬਚਾਉਣ ਦਾ ਕੋਈ ਵਸੀਲਾ ਨਹੀਂ ਸੀ। ਅਸੀਂ ਬੇਬੱਸ ਸਾਂ, ਉਹਦੇ ਲਈ ਕੁਝ ਨਹੀਂ ਸਾਂ ਕਰ ਸਕਦੇ।

ਮੈਂ ਇਸ ਖਿਆਲ ਨਾਲ ਹੀ ਪਾਗਲ ਹੋ ਰਿਹਾ ਸਾਂ। ਮੈਂ ਛੱਤ ਤੋਂ ਹੇਠਾਂ ਛਾਲ ਮਾਰੀ ਅਤੇ ਕਲਰਕ ਨੂੰ ਜ਼ੋਰ ਦੀ ਕਿਹਾ --

"ਗਿਰਜੇ ਦੀ ਚਾਬੀ ਕਿੱਥੇ ਹੈ? ਅਸੀਂ ਉਹ ਦਰਵਾਜ਼ਾ ਤੋੜ ਕੇ ਉਹਨੂੰ ਬਚਾ ਸਕਦੇ ਹਾਂ।

-ਅਜੇ ਵੀ ਬਚਾ ਸਕਦੇ ਹਾਂ।"

"ਨਹੀਂ, ਨਹੀਂ, ਕੁਝ ਨਾ ਕਰੋ-ਹੁਣ ਕੁਝ ਨਹੀਂ ਹੋ ਸਕਦਾ, ਵੈਸਟਰੀ ਦੀ ਅਤੇ ਗਿਰਜੇ ਦੀ ਚਾਬੀ ਇਕ ਛੱਲੇ ਵਿਚ ਸਨ-ਦੋਵੇਂ ਉਥੇ ਅੰਦਰ ਹੀ ਹਨ। ਉਫ ! ਉਹ ਮਰ ਚੁੱਕਾ ਹੋਵੇਗਾ --!' ਉਹਨੇ ਰੋਣ ਹਾਕੀ ਆਵਾਜ਼ ਵਿਚ ਉੱਤਰ ਦਿਤਾ।

"ਅੱਗ ਉਹ ਸ਼ਹਿਰ ਵਿਚੋਂ ਵੇਖ ਲੈਣਗੇ" ਕਿਸੇ ਨੇ ਭੀੜ ਵਿਚੋਂ ਕਿਹਾ- ' ਸ਼ਹਿਰ ਵਿਚ ਇਕ ਇੰਜਨ ਹੈ ਉਹ ਗਿਰਜੇ ਨੂੰ ਬਚਾ ਲੈਣਗੇ।"

ਮੈਂ ਉਹਦੀ ਗੱਲ ਸੁਣ ਕੇ ਉਸੇ ਆਦਮੀ ਨੂੰ ਬੁਲਾਇਆ ਇੰਜਨ ਵਿਚ ਘਟ ਤੋਂ ਘਟ ਪੰਦਰਾਂ ਮਿੰਟ ਲਗਣਗੇ। ਅਤੇ ਏਨੀ ਦੇਰ ਕੁਝ ਨਾ ਕਰਕੇ ਚੁੱਪ ਚਾਪ ਖਲੋਣਾ ਮੇਰੇ ਵਸ ਤੋਂ ਬਾਹਰ ਸੀ। ਮੈਂ ਅਜੇ ਇਹ ਮੰਨਣ ਨੂੰ ਤਿਆਰ ਨਹੀਂ ਸਾਂ, ਕਿ ਉਹ ਨੀਚ ਅੰਦਰ ਮਰ ਚੁੱਕਾ ਹੋਵੇਗਾ- ਸਾਇਦ ਅਸੀਂ ਬੂਹਾ ਤੋੜ ਕੇ ਉਹਨੂੰ ਅਜੇ ਵੀ ਬਚਾ ਸਕੀਏ! ਮੈਨੂੰ ਪਤਾ ਸੀ ਕਿ ਦਰਵਾਜ਼ਾ ਬੜਾ ਭਾਰਾ ਸੀ। ਅਤੇ ਉਸਦੇ ਅੰਦਰ ਮੇਖਾਂ ਠੁਕੀਆਂ ਹੋਈਆਂ ਸਨ। ਮੈਂ ਇਹ ਵੀ ਜਾਣਦਾ ਸਾਂ, ਕਿ ਇਹ ਦਰਵਾਜ਼ਾ ਜਾਂ ਤਾਲਾ ਤੋੜਨਾ ਲਗਭਗ ਅਸੰਭਵ ਹੀ ਸੀ। ਮੈਨੂੰ

ਖ਼ਿਆਲ ਆਇਆ, ਗਿਰਜੇ ਦੇ ਨੇੜੇ ਜਿਹੜੇ ਟੁੱਟੇ ਹੋਏ ਘਰ ਸਨ ਉਨ੍ਹਾਂ ਵਿਚ ਸ਼ਤੀਰ ਪਏ ਸਨ। ਤਾਂ ਅਸੀਂ ਸ਼ਤੀਰ ਨਾਲ ਇਹ ਬੂਹਾ ਤੋੜ ਸਕਦੇ ਸਾਂ।

ਇਹ ਖ਼ਿਆਲ ਮੇਰੇ ਦਿਮਾਗ ਵਿਚ ਉਨੀ ਹੀ ਤੇਜ਼ੀ ਨਾਲ ਆਇਆ, ਜਿੰਨੀ ਤੇਜ਼ੀ ਨਾਲ ਅੱਗ ਰੋਸ਼ਨਦਾਨ ਵਿਚੋਂ ਭਬਕ ਭਬਕ ਕੇ ਬਾਹਰ ਨਿਕਲਦੀ ਪਈ ਸੀ। ਮੈਂ ਉਸ ਆਦਮੀ ਨੂੰ ਬੁਲਾ ਕੇ ਪੁੱਛਿਆ ਕਿ "ਕੀ ਉਨ੍ਹਾਂ ਕੋਲ ਗੈਤੀਆਂ ਹਨ?" ਹਾਂ ਹੈ ਸਨ, ਉਨ੍ਹਾਂ ਕੋਲ ਕੁਹਾੜੀਆਂ, ਆਰੀ ਅਤੇ ਰਸੀ ਵੀ ਸੀ।" "ਸੱਚ ਹੈ ਨੇ।" ਮੈਂ ਦੌੜ ਕੇ ਪਿੰਡ ਦੇ ਲੋਕਾਂ ਕੋਲ ਗਿਆ। "ਮੈਂ ਹਰ ਇਕ ਨੂੰ ਪੰਜ ਸ਼ਲਿੰਗ ਦਿਆਂਗਾ, ਜਿਹੜਾ ਮੇਰੀ ਮਦਦ ਕਰੇਗਾ।" ਮੈਂ ਉਨ੍ਹਾਂ ਨੂੰ ਕਿਹਾ। ਉਹ ਜਿਵੇਂ ਸੁੱਤੇ ਜਾਗ ਪਏ, ਪੈਸੇ ਦੀ ਲੋੜ ਨੇ ਇਕ ਪਲ ਵਿਚ ਉਨ੍ਹਾਂ ਵਿਚ ਨਵੀਂ ਰੂਹ ਫੂਕ ਦਿਤੀ ! ''ਦੋ ਬੰਦੇ ਜੇ ਹੋਰ ਲੈਂਪਾਂ ਮਿਲ ਸਕਦੀਆਂ ਹਨ ਤਾਂ ਲਿਆਓ- ਦੋ ਹਥਿਆਰ ਕੱਢੋ ਅਤੇ ਮੇਰੇ ਨਾਲ ਆ ਜਾਉ ਤਾਂ ਜੋ ਕੋਈ ਸ਼ਤੀਰੀ ਲੱਭ ਲਿਆਈਏ।" ਸਾਰਿਆਂ ਨੇ ਇਕ ਦੂਜੇ ਨੂੰ ਜਲਦੀ ਕਰਨ ਲਈ ਕਿਹਾ। ਜ਼ਨਾਨੀਆਂ ਅਤੇ ਬੱਚੇ ਸਭ ਕੁਝ ਨਾ ਕੁਝ ਲੱਭਣ ਦੌੜ ਗਏ। ਅਸੀਂ ਸਾਰੇ ਇਕੱਠੇ ਹੀ ਗਿਰਜੇ ਦੇ ਸਭ ਤੋਂ ਨੇੜੇ ਦੇ ਖਾਲੀ ਘਰ ਵਿਚ ਪਹੁੰਚੇ। ਕੋਈ ਵੀ ਪਿਛੇ ਨਹੀਂ ਰਿਹਾ ਸੀ, ਬਸ ਇਕ ਕਲਰਕ ਹੀ ਸੀ, ਜੋ ਮਕਬਰੇ ਉੱਤੇ ਬੈਠਾ ਗਿਰਜੇ ਲਈ ਰੋ ਰਿਹਾ ਸੀ। ਸਰ ਪਰਸੀਵਲ ਦਾ ਨੌਕਰ ਵੀ ਮੇਰੇ ਨਾਲ ਹੀ ਸੀ। ਉਹਦਾ ਰੰਗ ਚਿੱਟਾ ਪੂੱਣੀ ਸੀ। ਉਹ ਬਹੁਤ ਹੀ ਭੈ-ਭੀਤ ਸੀ। ਫਰਸ਼ ਤੇ ਲੱਕੜਾ ਪਈਆਂ ਸਨ, ਪਰ ਉਹ ਸਾਡੇ ਕੰਮ ਲਈ ਕਮਜ਼ੋਰ ਸਨ। ਸਾਡੇ ਸਿਰਾਂ ਉੱਤੇ ਇਕ ਸ਼ਤੀਰੀ ਸੀ। ਅਸੀਂ ਉਹਦੇ ਤੇ ਕੁਹਾੜੀਆਂ ਅਤੇ ਗੇਤੀਆਂ ਨਾਲ ਟੁੱਟ ਪਏ। ਘਰ ਦੀ ਛੱਤ ਕੋਈ ਨਹੀਂ ਸੀ। ਇਹ ਸ਼ਤੀਰੀ ਦੋਵੇਂ ਪਾਸੇ ਕੰਧਾਂ ਦੇ ਵਿਚ ਫਸੀ ਹੋਈ ਸੀ। ਨਾ ਛੱਤ ਸੀ, ਨਾਂ ਫਰਸ, ਪਰ ਇਹ ਸ਼ਤੀਰੀ ਬੜੀ ਹੀ ਮੁਸ਼ਕਲ ਨਾਲ ਅਸੀ' ਕੱਢੀ। ਅਸੀਂ ਸਭ ਨੇ ਮਿਲਕੇ ਦੋਵੇਂ ਪਾਸੇ ਹਮਲਾ ਕੀਤਾ ਤਾਂ ਕਿਧਰੇ ਇਕ ਪਾਸਿਉਂ ਉਹ ਢਿੱਲੀ ਹੋਈ। ਨਾਲ ਹੀ ਸੀਮੈਂਟ ਤੇ ਗਾਰਾ ਡਿਗਣ ਦੀ ਆਵਾਜ਼ ਆਈ ਅਤੇ ਸ਼ਤੀਰੀ ਥੱਲੇ ਆ ਪਈ। ਬੂਹੇ ਅੱਗੇ ਖੜੋਤੀਆਂ ਜਨਾਨੀਆਂ ਨੇ ਚੀਕਾਂ ਮਾਰੀਆ, ਦੋ ਆਦਮੀ ਵੀ ਡਿਗ ਪਏ ਸਨ, ਪਰ ਉਨ੍ਹਾਂ ਨੂੰ ਸੱਟ ਨਹੀਂ ਸੀ ਲੱਗੀ। ਅਸੀਂ ਸਭ ਨੇ ਰਲ ਕੇ ਸ਼ਤੀਰੀ ਨੂੰ ਮੋਢਿਆਂ ਉੱਤੇ ਚੁੱਕ ਲਿਆ ਅਤੇ ਰਾਹ ਖਾਲੀ ਕਰਨ ਲਈ ਸਭ ਨੂੰ ਇਕ ਪਾਸੇ ਹੋ ਜਾਣ ਲਈ ਕਿਹਾ। 'ਚਲ, ਚਲੋ ਹੁਣ ਕੰਮ ਕਰੀਏ।" ਅੱਗ ਫੈਲ ਰਹੀ ਸੀ, ਅੱਗ ਨਾਲ ਹੁਣ ਉੱਚੀਆਂ ਲਪਟਾਂ ਉਠ ਰਹੀਆਂ

ਸਨ। ਅਸੀਂ ਸ਼ਤੀਰੀ ਨਾਲ ਦਰਵਾਜ਼ੇ ਨੂੰ ਧੱਕਾ ਮਾਰਿਆ। ਦਰਵਾਜ਼ਾ ਹਿਲ ਗਿਆ ਸੀ। ਜੇ ਤਾਲਾ ਨਾ ਵੀ ਖੁਲਿਆ ਤਾਂ ਵੀ ਇਹ ਟੁੱਟ ਜਾਏਗਾ। ਇਕ ਵਾਰੀ ਮੁੜ ਅਸੀਂ ਦੌੜ ਕੇ ਸ਼ਤੀਰੀ ਨਾਲ ਬੂਹੇ ਉੱਤੇ ਹਮਲਾ ਕੀਤਾ। ਬੂਹਾ ਹੁਣ ਕਾਫੀ ਢਿੱਲਾ ਹੋ ਚੁੱਕਾ ਸੀ। ਇਸੇ ਤਰ੍ਹਾਂ ਅਸੀਂ ਤਿੰਨ ਚਾਰ ਵਾਰ ਬੂਹੇ ਨੂੰ ਸ਼ਤੀਰੀ ਨਾਲ ਤੋੜਨ ਦਾ ਯਤਨ ਕੀਤਾ। ਦਰਵਾਜ਼ਾ ਕਾੜ ਕਰਕੇ ਹੇਠਾਂ ਆ ਡਿਗਾ। ਸਾਡੇ ਸਾਰਿਆਂ ਤੇ ਇਕ ਚੁੱਪ ਛਾ ਗਈ। ਅੱਗ ਦੇ ਸੇਕ ਕਰਕੇ ਕੋਈ ਅਗੇ ਨਹੀਂ ਸੀ ਜਾ ਸਕਦਾ। ਅਸੀਂ ਸਭ ਪਾਸੇ ਵੇਖਿਆ-- ਉੱਪਰ, ਹੇਠਾਂ ਸਾਰੇ ਕਮਰੇ ਵਿਚ ਸਿਵਾਏ ਅੱਗ ਦੀ ਚਾਦਰ ਦੇ ਕੁਝ ਹੋਰ ਨਹੀਂ ਦਿਸਦਾ ਸੀ।

"ਉਹ ਕਿਥੇ ਹੈ?" ਨੌਕਰ ਨੇ ਸਖਣੀਆਂ ਤਕਣੀਆਂ ਨਾਲ ਅੱਗ ਦੀਆਂ ਲਪਟਾਂ ਕੋਲੋਂ ਜਿਵੇਂ ਪੁੱਛਿਆ ਹੋਵੇ।

"ਹੁਣ ਉਹ ਮਿਟੀ ਹੋ ਚੁੱਕਾ ਹੈ ਤੇ ਕਿਤਾਬਾਂ ਕਾਗਜ਼ ਮਿਟੀ ਹੋ ਚੁਕੇ ਹਨ, ਅਤੇ ਹੁਣੇ ਇਹ ਗਿਰਜਾ ਵੀ ਸਵਾਹ ਹੋ ਜਾਏਗਾ।" ਕਲਰਕ ਨੇ ਉੱਤਰ ਦਿੱਤਾ।

ਬਸ ਉਨ੍ਹਾਂ ਦੋਹਾਂ ਨੇ ਹੀ ਇਹ ਗੱਲਬਾਤ ਕੀਤੀ। ਫਿਰ ਸਭ ਚੁੱਪ ਚਾਪ ਹੋ ਗਈ। ਅੱਗ ਵਿਚ ਲੱਕੜੀਆਂ ਦੇ ਤਿੜਕਣ ਦੀ ਆਵਾਜ਼ ਸੁਣਾਈ ਦੇ ਰਹੀ ਸੀ।

ਸੁਣੋ ! ਹਾਂ ਦੂਰੋਂ ਘੋੜੇ ਦੌੜਦੇ ਸੁਣਾਈ ਦੇ ਰਹੇ ਸਨ। ਉਸਦੇ ਨਾਲ ਨਾਲ ਮਨੁੱਖਾਂ ਦਾ ਰੌਲਾ-ਗੌਲਾ ਵੀ ਨੇੜੇ ਨੇੜੇ ਆ ਰਿਹਾ ਸੀ। ਇੰਜਨ ਅਖੀਰ ਪਹੁੰਚ ਗਿਆ ਸੀ।

ਸਾਰੇ ਲੋਕ ਅੱਗ ਕੋਲੋਂ ਇੰਜਨ ਵੱਲ ਦੌੜਨ ਲੱਗ ਪਏ। ਕਲਰਕ ਨੇ ਵੀ ਉਠਕੇ ਉਨ੍ਹਾਂ ਨਾਲ ਜਾਣ ਦੀ ਕੋਸ਼ਿਸ ਕੀਤੀ; ਪਰ ਉਹਦੇ ਵਿਚ ਹੁਣ ਹਿੰਮਤ ਨਹੀਂ ਸੀ। ਓਹ ਡਿਗਣ ਲੱਗਾ ਸੀ। ਉਹ ਇਕ ਕਬਰ ਉਪਰ ਲੱਗੇ ਪੱਥਰ ਨੂੰ ਉਹਨੇ ਘੁਟ ਕੇ ਫੜਿਆ ਤਾਂ ਕਿਧਰੇ ਉਹ ਬਚਿਆ ਉਥੇ ਖੜੋਤੇ ਖੜੋਤੇ ਹੀ ਉਹ ਬੋਲਿਆ "ਗਿਰਜੇ ਨੂੰ ਬਚਾ ਲਵੋ।"- ਉਹਦੀ ਆਵਾਜ਼ ਨਾਲ ਖੜੋਤੇ ਬੰਦੇ ਨੂੰ ਵੀ ਸੁਣਾਈ ਨਹੀਂ ਦੇ ਰਹੀ ਸੀ। ਇਕ ਵਾਰ ਫਿਰ ਉਹ ਬੋਲਿਆ।

"ਗਿਰਜੇ ਨੂੰ ਬਚਾ ਲਵੋ" ਜਿਵੇਂ ਅੱਗ ਬੁਝਾਉਣ ਵਾਲਿਆਂ ਉਹਦੀ ਗੱਲ ਸੁਣ ਲਈ ਹੋਵੇ। ਪਰ ਉਹ ਨੌਕਰ ਅਹਿਲ ਖੜਾ ਰਿਹਾ। ਉਹ ਉਥੇ ਹੀ ਖੜਾ ਅੱਗ ਵਿਚ ਖਾਲੀ ਖਾਲੀ ਅੱਖਾਂ ਨਾਲ ਘੂਰ ਰਿਹਾ ਸੀ। ਮੈਂ ਉਹਨੂੰ ਬੁਲਾਇਆ ਅਤੇ ਹਿਲਾਇਆ ਜੁਲਾਇਆ, ਪਰ ਉਹਨੂੰ ਹੁਣ ਕੋਈ ਹੋਸ਼ ਨਹੀਂ ਸੀ। ਉਹਨੇ ਇਕ ਵਾਰੀ ਫਿਰ ਕਿਹਾ, "ਉਹ ਕਿਥੇ ਹੈ?"

ਦਸਾਂ ਮਿੰਟਾਂ ਵਿਚ ਇੰਜਨ ਥਾਂ ਸਿਰ ਪਹੁੰਚ ਗਿਆ ਸੀ। ਉਨ੍ਹਾਂ ਗਿਰਜੇ ਦੇ ਪਿਛਵਾੜੇ ਵਾਲੇ ਘਰ ਵਿਚੋਂ ਪਾਣੀ ਪਾਈਪਾਂ ਰਾਹੀਂ ਵੈਸਟਰੀ ਦੇ ਦਰਵਾਜ਼ੇ ਉੱਤੇ ਪਾਣਾ ਸ਼ੁਰੂ ਕੀਤਾ। ਹੁਣ

ਜੇ ਮੈਨੂੰ ਕੋਈ ਕੁਝ ਕਰਨ ਨੂੰ ਕਹਿੰਦਾ, ਤਾਂ ਮੇਰੇ ਵਿਚ ਕੋਈ ਸਾਹ ਸੱਤ ਨਹੀਂ ਸੀ ਰਿਹਾ। ਮੈਂ ਥੱਕ ਕੇ ਚੂਰ ਹੋ ਗਿਆ ਸਾਂ। ਮੇਰੇ ਦਿਮਾਗ ਵਿਚ ਜੋ ਤੂਫਾਨ ਸੀ; ਅਚਾਨਕ ਹੀ ਥੰਮ ਗਿਆ ਸੀ। ਉਹ ਮਰ ਚੁਕਾ ਸੀ; ਅਤੇ ਮੈਂ ਉਹਨੂੰ ਬਚਾ ਨਹੀਂ ਸਾਂ ਸਕਿਆ। ਬਸ ਉਸ ਅੱਗ ਵੱਲ ਵੇਖੀ ਜਾ ਰਿਹਾ ਸਾਂ- ਇਕ ਫਾਲਤੂ ਅਤੇ ਨਿਢਾਲ ਜੇਹਾ ਬੰਦਾ-ਬੇਬਸ ਖੜਾ ਸਾਂ।

ਇੰਜਨ ਹੌਲੀ ਹੌਲੀ ਅੱਗ ਬੁਝਾਉਣ ਵਿਚ ਸਫਲ ਹੋ ਗਿਆ। ਹੁਣ ਅੱਗ ਦੇ ਚਾਨਣੇ ਦੀ ਥਾਂ ਧੂੰਆਂ ਨਿਕਲ ਰਿਹਾ ਸੀ; ਫ਼ਰਸ਼ ਤੋਂ ਲਾਲ ਚਿੰਗਿਆੜੇ ਭਖ ਰਹੇ ਸਨ। ਅੱਗ ਬੁਝਾਉਣ ਵਾਲੇ ਅਤੇ ਪੁਲੀਸ ਇਕੱਠੀ ਹੀ ਅੰਦਰ ਗਈ;-ਸਾਰੇ ਦਰਵਾਜ਼ੇ ਵਿਚ ਖੜੇ ਹੋ ਕੇ ਕੋਈ ਸਲਾਹ ਕਰ ਰਹੇ ਦਿਸਦੇ ਸਨ। ਫਿਰ ਦੋ ਆਦਮੀ ਗਿਰਜੇ ਵਿਚੋਂ ਬਾਹਰ ਗਏ; ਭੀੜ ਨੇ ਚੁਪ ਚੁਪੀਤੇ ਜਾਣ ਲਈ ਰਾਹ ਬਣਾ ਦਿੱਤਾ।

ਥੋੜਾ ਸਮਾਂ ਹੋਰ ਬੀਤ ਗਿਆ-ਲੋਕ ਹੋਰ ਪਿਛੇ ਹਟ ਗਏ। ਉਹ ਦੋ ਬੰਦੇ ਕਿਸੇ ਖਾਲੀ ਘਰ ਵਿਚੋਂ ਇਕ ਬੂਹਾ ਚੁੱਕ ਕੇ ਲਿਆ ਰਹੇ ਸਨ। ਉਹ ਵੈਸਟਰੀ ਦੇ ਅੰਦਰ ਵੜ ਗਏ। ਪੁਲੀਸ ਦਰਵਾਜ਼ੇ ਤੇ ਹੀ ਖੜੀ ਸੀ। ਦੋਹਾਂ ਦੋਹਾਂ ਦੇ ਜੁੱਟ ਅਗੇ ਹੋ ਹੋ ਕੇ ਵੇਖ ਰਹੇ ਸਨ; ਹੋਰ ਬੜੀ ਉਤਸੁਕਤਾ ਨਾਲ ਖੜੇ ਸਨ, ਤਾਂ ਜੋ ਉਹ ਸਭ ਕੁਝ ਸੁਣ ਸਕਣ ਅਤੇ ਵੇਖ ਸਕਣ। ਜ਼ਨਾਨੀਆਂ ਅਤੇ ਬੱਚੇ ਸਭ ਤੋਂ ਪਿਛੇ ਸਨ।

ਵੈਸਟਰੀ ਵਲੋਂ ਖ਼ਬਰਾਂ ਸਿਧੀਆਂ ਭੀੜ ਵੱਲ ਆ ਰਹੀਆਂ ਸਨ। ਇਕ ਦੂਜੇ ਦੱਸਦਾ, ਦੂਜਾ ਤੀਜੇ ਨੂੰ ਅੰਤ ਖ਼ਬਰ ਉਥੇ ਤਕ ਵੀ ਪਹੁੰਚ ਹੀ ਜਾਂਦੀ ਜਿੱਥੇ ਮੈਂ ਖੜਾ ਸਾਂ। ਮੇਰੇ ਆਲੇ ਦੁਆਲੇ ਲੋਕ ਘੁਸਰ ਮੁਸਰ ਕਰ ਰਹੇ ਸਨ :-

"ਕੀ ਉਹਨੂੰ ਲਭ ਲਿਆ ਨੇ?" "ਹਾਂ" "ਕਿਥੇ ਸੀ" "ਉਹ ਮੂੰਹ ਪਰਨੇ ਦਰਵਾਜ਼ੇ ਕੋਲ ਡਿਗਾ ਪਿਆ ਸੀ।" "ਕਿਹੜੇ ਦਰਵਾਜ਼ੇ ਕੋਲ?" ਜਿਹੜਾ ਗਿਰਜੇ ਵਿਚ ਖੁਲਦਾ ਹੈ।" "ਉਹ ਦਾ ਸਿਰ ਦਰਵਾਜ਼ੇ ਤੇ ਸੀ ਅਤੇ ਮੂੰਹ ਭਾਰ ਡਿਗ ਪਿਆ ਹੋਣਾ ਏ !" "ਉਹ ਕੌਣ ਸੀ" "ਨਾਈਟ ਸੀ" "ਬੈਰਨ ਸੀ" "ਅੰਦਰ ਕੀ ਕਰ ਰਿਹਾ ਸੀ" "ਕੋਈ ਚੰਗਾ ਕੰਮ ਨਹੀਂ ਕਰਨ ਗਿਆ ਹੋਣਾ !" "ਕੀ ਉਹਨੇ ਜਾਣ ਬੁਝ ਕੇ ਅੱਗ ਲਾਈ ਸੀ-?" "ਹਾਂ ਉਹਨੇ ਵੈਸਟਰੀ ਨੂੰ ਜਾਣ ਬੁਝ ਕੇ ਅੱਗ ਲਾਈ ਸੀ।" "ਕੀ ਉਹਦਾ ਮੂੰਹ ਸੜ ਗਿਆ ਹੈ?" "ਬੜੀ ਭਿਆਨਕ ਮੌਤ ਹੈ।" "ਕਈ ਉਹਨੂੰ ਜਾਣਦਾ ਹੈ ਕਿ ਨਹੀਂ- " "ਇਕ ਬੰਦਾ ਉਹਨੂੰ ਜਾਣਦਾ ਹੈ, ਉਹਦਾ ਨੌਕਰ ਹੈ, ਪਰ ਉਹ

ਪਾਗਲ ਹੋ ਗਿਆ ਹੈ। ਪੁਲੀਸ ਉਹਦੀ ਕੋਈ ਗੱਲ ਨਹੀਂ ਮੰਨ ਰਹੀ।" ਹੋਰ ਕਈ ਉਹਨੂੰ ਨਹੀਂ ਜਾਣਦਾ?" "ਚੁੱਪ ਕਰੋ -ਚੁੱਪ ਕਰੋ।"

ਕਿਸੇ ਅਫ਼ਸਰ ਦੇ ਚੁੱਪ ਕਰਾਉਣ ਤੇ ਸਾਰੀ ਭੀੜ ਵਿਚ ਚੁੱਪ ਛਾ ਗਈ। ਉਹ ਬੋਲਿਆ:- "ਜਿਸਨੇ ਉਹਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ; ਉਹ ਕਿਥੇ ਹੈ-?"

"ਇਥੇ ਹੈ ਜੀ, ਇਸ ਪਾਸੇ !" ਕਈ ਦਰਜਨ ਮੂੰਹ ਮੇਰੇ ਨਾਲ ਜੁੜ ਗਏ ਕਈਆਂ ਨੇ ਅਗੇ ਵਧ ਕੇ ਅਫ਼ਸਰ ਨੂੰ ਮੇਰੇ ਤਕ ਪਹੁੰਚਾ ਦਿੱਤਾ। ਉਹਦੇ ਹੱਥ ਵਿਚ ਲੈਂਪ ਸੀ; ਉਹਨੇ ਮੇਰੀ ਬਾਂਹ ਫੜ ਲਈ ਅਤੇ ਕਿਹਾ- 'ਮਿਹਰਬਾਨੀ ਕਰਕੇ ਇਧਰ ਆ ਜਾਓ !"

ਮੈਂ ਇਕ ਸ਼ਬਦ ਵੀ ਨਾ ਬੋਲ ਸਕਿਆ ! ਉਹਨੇ ਮੇਰੀ ਬਾਂਹ ਫੜੀ, ਮੈਂ ਉਹਦੇ ਨਾਲ ਤੁਰ ਪਿਆ, ਜਿਵੇਂ ਮੈਂ ਕੱਠਪੁਤਲੀ ਹੋਵਾਂ। ਮੈਂ ਕਹਿਣਾ ਚਾਹੁੰਦਾ ਸਾਂ, ਕਿ ਮੈਂ ਉਹਨੂੰ ਜੀਉਂਦਿਆਂ ਕਦੇ ਨਹੀਂ ਵੇਖਿਆ ਸੀ! ਮੈਂ ਉਹਨੂੰ ਕਦੀ ਨਹੀਂ ਸਾਂ ਮਿਲਿਆਂ, ਮੈਂ ਉਹਨੂੰ ਕਿਵੇਂ ਪਛਾਣ ਸਕਦਾ ਸਾਂ! ਪਰ ਮੇਰਾ ਮੂੰਹ ਨਾ ਖੁੱਲਿਆ-ਮੇਰੀ ਜੀਭ ਤਾਲੂ ਨਾਲ ਲੱਗ ਗਈ। ਮੈਨੂੰ ਲੱਗਦਾ ਸੀ ਕਿ ਮੈਂ ਬੇਹੋਸ਼ ਹੋ ਜਾਵਾਂਗਾ !

"ਕੀ ਤੁਸੀਂ ਉਹਨੂੰ ਜਾਣਦੇ ਹੋ -?"

ਮੇਰੇ ਦੁਆਲੇ ਤਿੰਨ ਆਦਮੀ ਗੋਲ ਚੱਕਰ ਵਿਚ ਖੜੇ ਸਨ। ਉਨ੍ਹਾਂ ਨੇ ਲੈਂਪਾਂ ਜ਼ਮੀਨ ਤੇ ਰਖ ਦਿੱਤੀਆਂ ਸਨ। ਉਹ ਮੇਰੇ ਵੱਲ ਕਿਸੇ ਆਸ ਨਾਲ ਵੇਖ ਰਹੇ ਸਨ। ਮੈਨੂੰ ਇਹ ਅਹਿਸਾਸ ਹੈ, ਕਿ ਮੇਰੇ ਪੈਰਾਂ ਕੋਲ ਕੀ ਪਿਆ ਹੈ ਕਿਉਂ ਉਨ੍ਹਾਂ ਨੇ ਲੈਂਪਾਂ ਨੀਵੀਆਂ ਕੀਤੀਆਂ ਹਨ !

"ਕੀ ਤੁਸੀਂ ਉਹਨੂੰ ਪਛਾਣ ਸਕਦੇ ਹੋ-?"

ਮੈਂ ਹੇਠਾਂ ਵੇਖਿਆ! ਪਹਿਲਾਂ ਮੈਨੂੰ ਇਕ ਕਪੜੇ ਤੋਂ ਸਿਵਾ ਕੁਝ ਹੋਰ ਨਾਂ ਦਿਸਿਆ; ਬਾਰਸ਼ ਦੀਆਂ ਕਣੀਆਂ ਉਸ ਕੱਪੜੇ ਉਤੇ ਟਿੱਪ ਟਿੱਪ ਕਰਕੇ ਪੈ ਰਹੀਆਂ ਸਨ। ਮੈਂ ਇਕ ਹੋਰ ਨਜ਼ਰ ਮਾਰੀ ਅਤੇ ਉਸ ਕੱਪੜੇ ਦੇ ਇਕ ਸਿਰੇ ਤੇ ਉਹਦਾ ਮੂੰਹ ਮੈਨੂੰ ਦਿਸਿਆ। ਉਸ ਪੀਲੀ ਮੱਧਮ ਰੌਸ਼ਨੀ ਵਿਚ ਮੈਂ ਉਹਦਾ ਕਾਲਾ ਕਠੋਰ ਮੂੰਹ ਵੇਖਿਆ !

ਇੰਜ ਮੈਂ ਪਹਿਲੀ ਅਤੇ ਅੰਤਮ ਵਾਰ ਓਹਨੂੰ ਮਿਲਿਆ ! ਮੈਂ ਉਹਨੂੰ ਉਸ ਘੜੀ ਪਹਿਲੀ ਵਾਰ ਵੇਖਿਆ ਸੀ; ਰੱਬ ਦੀ ਇਹੀ ਮਰਜ਼ੀ ਸੀ ਕਿ ਅਸੀਂ ਦੋਵੇਂ ਇੰਜ ਹੀ ਮਿਲਦੇ।

## XI

ਮਿਰਤੂ-ਪੜਤਾਲੀਏ ਨੇ ਇਸ ਮੌਤ ਦੀ ਤਫਤੀਸ਼ ਬੜੀ ਕਾਹਲੀ ਕਾਹਲੀ ਸ਼ੁਰੂ ਕਰ ਦਿਤੀ। ਅਗਲੇ ਦਿਨ ਦੁਪਹਿਰ ਨੂੰ ਇਹ ਕਾਰਵਾਈ ਕੀਤੀ ਗਈ। ਮੈਨੂੰ ਹੀ ਇਕ ਗਵਾਹ ਦੇ ਤੌਰ ਤੇ ਕਚਿਹਰੀ ਆਉਣਾ ਪਿਆ।

ਸਵੇਰੇ ਹੀ ਮੈਂ ਡਾਕਖਾਨੇ ਜਾ ਕੇ ਮੇਰੀਅਨ ਦੀ ਚਿੱਠੀ ਬਾਰੇ ਪੁੱਛਿਆ। ਲੰਦਨ ਤੋਂ ਦੂਰ ਮੇਰੇ ਦਿਲ ਵਿਚ ਉਨ੍ਹਾਂ ਬਾਰੇ ਚਿੰਤਾ ਹੀ ਸੀ, ਭਾਵੇਂ ਇਥੇ ਵੀ ਕਿੰਨੀ ਵੱਡੀ ਤੋਂ ਵੱਡੀ ਘਟਨਾ ਹੋ ਗਈ ਸੀ ਤਾਂ ਵੀ ਮੇਰਾ ਧਿਆਨ ਉਧਰ ਹੀ ਸੀ। ਮੇਰੀਅਨ ਦੀ ਚਿੱਠੀ ਤੋਂ ਹੀ ਮੈਨੂੰ ਤਸੱਲੀ ਹੋ ਸਕਦੀ ਸੀ, ਕਿ ਉਥੋਂ ਮੇਰੇ ਪਿਛੋਂ ਸੁਖ-ਸਾਂਦ ਹੈ।

ਮੈਂ ਸ਼ੁਕਰ ਕੀਤਾ, ਜਦੋ ਮੇਰੀਅਨ ਦੀ ਚਿੱਠੀ ਮੈਨੂੰ ਮਿਲੀ। ਦੋਵੇਂ ਠੀਕ ਠਾਕ ਸਨ, ਕੋਈ ਘਟਨਾ ਪਿਛੋਂ ਨਹੀਂ ਸੀ ਵਾਪਰੀ। ਲਾਰਾ ਨੇ ਮੈਨੂੰ ਆਪਣਾ ਪਿਆਰ ਭੇਜਿਆ ਸੀ, ਅਤੇ ਨਾਲ ਹੀ ਇਹ ਸੁਨੇਹਾ ਵੀ ਦਿਤਾ ਸੀ ਕਿ ਮੈਂ ਆਪਣੇ ਆਉਣ ਦਾ ਪ੍ਰੋਗਰਾਮ ਇਕ ਦਿਨ ਪਹਿਲਾਂ ਲਿਖ ਭੇਜਾਂ। ਮੇਰੀਅਨ ਨੇ ਹੇਠਾਂ ਇਸ ਦਾ ਭੇਤ ਵੀ ਖੋਲ ਦਿੱਤਾ ਸੀ ਕਿ ਉਹਨੇ ਕੁਝ ਪੈਸੇ ਬਚਾ ਕੇ ਰੱਖੇ ਹਨ। ਅਤੇ ਮੇਰੇ ਲੰਦਨ ਪਹੁੰਚਣ ਦੀ ਖੁਸ਼ੀ ਵਿਚ ਉਹ ਉਸ ਦਿਨ ਸ਼ਾਨਦਾਰ ਰੋਟੀ ਖਵਾਉਣਾ ਚਾਹੁੰਦੀ ਸੀ। ਬੜਾ ਸੁਹਣਾ ਦਿਨ ਸੀ, ਮੈਂ ਇਹ ਚਿੱਠੀ ਪੜ ਰਿਹਾ ਸਾਂ, ਤੇ ਮੇਰੇ ਦਿਮਾਗ ਵਿਚ ਰਾਤ ਦੇ ਸੀਨ ਘੁੰਮ ਰਹੇ ਸਨ। ਚਿੱਠੀ ਪੜਦਿਆਂ ਮੈਨੂੰ ਇਹ ਖਿਆਲ ਆਇਆ ਕਿ ਲਾਰਾ ਨੂੰ ਇਹ ਖਬਰ ਅਚਾਨਕ ਪਤਾ ਨਹੀਂ ਲਗਣੀ ਚਾਹੀਦੀ। ਮੈਂ ਮੇਰੀਅਨ ਨੂੰ ਚਿੱਠੀ ਲਿਖੀ ਅਤੇ ਉਸ ਵਿਚ ਉਹ ਸਭ ਕੁਝ ਲਿਖਿਆ ਜੋ ਮੈਂ ਇਹਨਾਂ ਪੰਨਿਆਂ ਵਿਚ ਬਿਆਨ ਕੀਤਾ ਹੈ। ਮੈਂ ਮੇਰੀਅਨ ਨੂੰ ਵੀ ਚਿੱਠੀ ਇਸ ਤਰ੍ਹਾਂ ਲਿਖੀ ਜੋ ਉਹਦਾ ਪੜ੍ਹ ਕੇ ਕਿਧਰੇ ਤ੍ਰਾਹ ਹੀ ਨਾ ਨਿਕਲ ਜਾਏ, ਉਹਨੂੰ ਇਸ ਗੱਲ ਲਈ ਪੱਕੀ ਕੀਤੀ ਕਿ ਮੇਰੀ ਗੈਰ ਹਾਜ਼ਰੀ ਵਿਚ ਇਹ ਧਿਆਨ ਰੱਖੇ, ਕਿ ਕੋਈ ਅਖ਼ਬਾਰ ਆਦਿ ਲਾਰਾ ਨਾਂ ਪੜੇ। ਕੋਈ ਹੋਰ ਔਰਤ ਹੁੰਦੀ, ਜਿਸ ਵਿਚ ਏਨਾ ਹੌਸਲਾਂ ਅਤੇ ਦ੍ਰਿੜਤਾ ਨਾ ਹੁੰਦੀ, ਤਾਂ ਸ਼ਾਇਦ ਮੈਂ ਉਸਨੂੰ ਕੋਈ ਖਬਰ ਨਾ ਭੇਜਦਾ ਪਰ ਮੈਂ ਮੇਰੀਅਨ ਉਤੇ ਪੂਰਾ ਵਿਸ਼ਵਾਸ ਕਰ ਸਕਦਾ ਸਾਂ।

ਇਹ ਚਿੱਠੀ ਮੈਂ ਕਚਿਹਰੀ ਜਾਣ ਤਕ ਲਿਖਦਾ ਰਿਹਾ। ਚਿੱਠੀ ਬੜੀ ਲੰਮੀ ਸੀ।

ਮੌਤ ਦੀ ਤਫ਼ਤੀਸ਼ ਵਿਚ ਕਈ ਉਲਝਣਾਂ ਸਨ। ਅੱਗ ਦਾ ਕਾਰਨ ਕੀ ਸੀ? ਕਲਰਕ ਦੇ ਘਰੋਂ ਚਾਬੀਆਂ ਕਿਸਨੇ ਲਈਆਂ, ਵੈਸਟਰੀ ਵਿਚ ਅੱਗ ਲਗਣ ਸਮੇਂ ਇਕ ਉਪਰੇ ਬੰਦੇ ਦਾ ਮੌਜੂਦ ਹੋਣਾ ਸਭ ਅਜਿਹੇ ਪ੍ਰਸ਼ਨ ਸਨ, ਜਿਨ੍ਹਾਂ ਦਾ ਉਨ੍ਹਾਂ ਕੋਲ ਕੋਈ ਉੱਤਰ ਨਹੀਂ ਸੀ।

ਅਜੇ ਤਕ ਸਰ ਪਰਸੀਵਲ ਦੀ ਪਛਾਣ ਪੱਕੀ ਤਰ੍ਹਾਂ ਨਹੀਂ ਸੀ ਹੋਈ। ਨੌਕਰ ਦਾ ਦਿਮਾਗ ਖ਼ਰਾਬ ਹੋ ਗਿਆ ਸੀ, ਇਸ ਲਈ ਪੁਲੀਸ ਉਸ ਉਤੇ ਯਕੀਨ ਨਹੀਂ ਸੀ ਕਰਦੀ। ਸਵੇਰੇ ਹੀ ਨੌਲਸਬਰੀ ਤੋਂ ਕੁਝ ਅਜਿਹੇ ਸੱਜਣ ਮੰਗਵਾਏ ਗਏ, ਜੋ ਸਰ ਪਰਸੀਵਲ ਨੂੰ ਚੰਗੀ ਤਰ੍ਹਾਂ ਪਛਾਣਦੇ ਸਨ। ਉਨ੍ਹਾਂ ਸਭ ਤੋਂ ਪਹਿਲਾਂ ਬਲੈਕਵਾਟਰ ਪਾਰਕ ਕਿਸੇ ਨੂੰ ਭੇਜ ਕੇ ਖ਼ਬਰ ਮੰਗਵਾਈ। ਇਸ ਨਾਲ ਜੀਊਰੀ ਦੀ ਤਸੱਲੀ ਹੋ ਗਈ ਕਿ ਕਿ ਮਰਨ ਵਾਲਾ ਸਰ ਪਰਸੀਵਲ ਹੀ ਹੈ, ਅਤੇ, ਨੌਕਰ ਜੋ ਕਹਿ ਰਿਹਾ ਹੈ ਉਸ ਵਿਚ ਸ਼ੱਕ ਦੀ ਕੋਈ ਸੰਭਾਵਨਾ ਨਹੀਂ। ਹੋਰ ਕਈ ਗਵਾਹਾਂ ਦੀ ਪੇਸ਼ੀ ਵੀ ਇਸ ਸੰਬੰਧ ਵਿਚ ਹੋਈ ਅਤੇ ਸਭ ਤੋਂ ਪੱਕਾ ਸਬੂਤ ਸਰ ਪਰਸੀਵਲ ਦੀ ਘੜੀ ਦਾ ਸੀ। ਘੜੀ ਦੇ ਅੰਦਰ ਸਰ ਪਰਸੀਵਲ ਦਾ ਨਾਂ ਲਿਖਿਆ ਹੋਇਆ ਸੀ। ਉਹ ਘੜੀ ਮਰਨ ਵੇਲੇ ਉਹਦੀ ਬਾਹ ਉਤੇ ਸੀ।

ਇਸ ਤੋਂ ਮਗਰੋਂ ਅੱਗ ਲੱਗਣ ਦੇ ਕਾਰਣਾਂ ਉਤੇ ਪ੍ਰਸ਼ਨ ਕੀਤੇ ਗਏ।

ਮੈਂ, ਸਰ ਪਰਸੀਵਲ ਦਾ ਨੌਕਰ ਅਤੇ ਉਹ ਮੁੰਡਾ ਜਿਸਨੇ ਤੀਲੀ ਬਾਲਣ ਦੀ ਆਵਾਜ ਸੁਣੀ ਸੀ, ਤਿੰਨੇ ਬੁਲਾਏ ਗਏ। ਮੁੰਡੇ ਨੇ ਆਪਣਾ ਬਿਆਨ ਠੀਕ ਅਤੇ ਸਪੱਸਟ ਰੂਪ ਵਿਚ ਦਿਤਾ। ਨੌਕਰ ਅਜੇ ਉਸ ਸਦਮੇ ਤੋਂ ਸੰਭਲਿਆ ਨਹੀਂ ਸੀ, ਸੋ ਉਹ ਕਿਸੇ ਗੱਲ ਦਾ ਵੀ ਕੋਈ ਉੱਤਰ ਨਾਂ ਦੇ ਸਕਿਆ।

ਮੇਰੇ ਕੋਲ ਵੀ ਉਨ੍ਹਾਂ ਬਹੁਤੇ ਪ੍ਰਸ਼ਨ ਨਾ ਪੁੱਛੇ। ਮੈਂ ਸਰ ਪਰਸੀਵਲ ਨੂੰ ਜਾਣਦਾ ਨਹੀਂ ਹਾਂ। ਮੈਂ ਉਹਨੂੰ ਕਦੀ ਵੇਖਿਆ ਨਹੀਂ ਸੀ। ਮੈਨੂੰ ਇਹ ਵੀ ਕੋਈ ਜਾਣਕਾਰੀ ਨਹੀਂ ਸੀ ਕਿ ਉਹ ਵੈਲਮਿੰਗਮ ਪਹੁੰਚਿਆ ਹੋਇਆ ਸੀ, ਅਤੇ ਮੈਂ ਵੈਸਟਰੀ ਵਿਚ ਨਹੀਂ ਸਾਂ, ਜਦੋਂ ਉਹਦੀ ਲਾਸ਼ ਲੱਭੀ। ਮੈਂ ਇਹੀ ਦਸਿਆ, ਕਿ ਮੈਂ ਕਲਰਕ ਦੇ ਕੋਲ ਰਾਹ ਪੁੱਛਣ ਲਈ ਖੜੋਤਾ ਸਾਂ ਅਤੇ ਉਹਨੇ ਮੇਰੇ ਨਾਲ ਚਾਬੀਆਂ ਦੀ ਗੱਲ ਕੀਤੀ ਸੀ। ਮੈਂ ਮਗਰੋਂ ਉਹਦੇ ਨਾਲ ਹੀ ਗਿਰਜੇ ਗਿਆ, ਜੋ ਜਿੰਨੀ ਕੁ ਸਹਾਇਤਾ ਕਰ ਸਕਦਾ ਸਾਂ, ਕਰਾਂ। ਮੈਂ ਵੈਸਟਰੀ ਵਿਚ ਅੱਗ ਵੇਖੀ, ਅਤੇ ਇਹ ਸੁਣਿਆ ਕਿ ਅੰਦਰ ਕੋਈ ਅਨਜਾਣ ਆਦਮੀ ਤਾਲਾ ਖੋਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਮੈਂ ਮਨੁੱਖਤਾ ਦੇ ਨਾਤੇ, ਜੋ ਕੁਝ ਉਸ ਆਦਮੀ ਦੀ ਜਾਨ ਬਚਾਉਣ ਲਈ ਕਰ ਸਕਦਾ ਸਾਂ, ਕੀਤਾ

ਸੀ। ਹੋਰ ਗਵਾਹਾਂ ਕੋਲ ਜੋ ਸਰ ਪਰਸੀਵਲ ਨੂੰ ਜਾਣਦੇ ਸਨ, ਇਹ ਪੁੱਛਿਆ ਗਿਆ ਕਿ ਕੀ ਉਹ ਜਾਣਦੇ ਸਨ ਕਿ ਸਰ ਪਰਸੀਵਲ ਨੇ ਚਾਬੀਆਂ ਕਿਉਂ ਲਈਆਂ ਸਨ ਅਤੇ ਉਸਦਾ ਵੈਸਟਰੀ ਵਿਚ ਕੀ ਕੰਮ ਸੀ। ਪਰ ਮੈਨੂੰ ਉਸ ਅਫਸਰ ਨੇ ਇਸ ਬਾਰੇ ਕੁਝ ਨਾ ਪੁੱਛਿਆ, ਕਿਉਂਕਿ ਉਹ ਆਪ ਹੀ ਇਸ ਸਿੱਟੇ ਤੇ ਉਪੜ ਗਿਆ ਸੀ ਕਿ ਮੈਂ ਇਕ ਪ੍ਰਦੇਸੀ, ਜੋ ਕਦੀ ਉਹਨੂੰ ਮਿਲਿਆ ਤਕ ਨਹੀਂ ਸਾਂ ਉਹਦੇ ਕਿਸੇ ਕੰਮ ਬਾਰੇ ਕਿਵੇਂ ਜਾਣ ਸਕਦਾ ਸਾਂ।

ਇਸ ਕਚਿਹਰੀ ਤੋਂ ਵਿਹਲਿਆਂ ਹੋ ਮੈਂ ਹੁਣ ਆਪਣੇ ਅਗਲੇ ਪ੍ਰੋਗਰਾਮ ਬਾਰੇ ਸੋਚਿਆ। ਮੈਂ ਆਪ ਉਨ੍ਹਾਂ ਅਫਸਰਾਂ ਅਤੇ ਜਾਉਰੀ ਨੂੰ ਕੁਝ ਕਹਿਣਾ ਠੀਕ ਨਾ ਸਮਝਿਆ। ਪਹਿਲੀ ਗੱਲ ਤਾਂ ਇਹ ਸੀ ਕਿ ਹੁਣ ਕੁਝ ਕਹਿਣ ਦਾ ਫਾਇਦਾ ਹੀ ਨਹੀਂ ਸੀ, ਕਿਉਂਕਿ ਸਬੂਤ ਵੀ ਵੈਸਟਰੀ ਦੇ ਨਾਲ ਹੀ ਸੜ ਕੇ ਸੁਆਹ ਹੋ ਚੁਕਾ ਸੀ। ਦੂਜਾ, ਮੈਂ ਸਾਰੀ ਕਹਾਣੀ ਦੱਸੇ ਬਿਨਾਂ ਉਹਨਾਂ ਨੂੰ ਕੁਝ ਵੀ ਸਮਝਾ ਨਹੀਂ ਸਾਂ ਸਕਦਾ। ਮੈਨੂੰ ਸਾਰੀ ਗੌਂਦੀ ਹੋਈ ਛਲ ਕਪਟ ਦੀ ਗੇਂਦ ਬਾਰੇ ਦਸਣਾ ਪੈਣਾ ਸੀ, ਅਤੇ ਕਿਸੇ ਨੇ ਮੇਰੇ ਉਤੇ ਵਿਸ਼ਵਾਸ ਨਹੀਂ ਸੀ ਕਰਨਾ। ਜੀਉਰੀ ਤੇ ਵੀ ਉਹੀ ਅਸਰ ਹੋਣਾ ਸੀ, ਜੋ ਮਿਸਟਰ ਕਾਈਰਲ ਉਤੇ ਹੋਇਆ ਸੀ

ਇੰਨਾਂ ਪੰਨਿਆਂ ਵਿਚ ਮੈਨੂੰ ਕੋਈ ਸਾਵਧਾਨੀ ਵਰਤਣ ਦੀ ਲੋੜ ਨਹੀਂ ਅਤੇ ਮੈਂ ਆਪਣੀ ਹਰ ਇਕ ਰਾਇ ਨਿਧੜਕ ਹੋਕੇ ਦੇ ਰਿਹਾ ਹਾਂ। ਮੈਂ ਇਥੇ ਆਪਣਾ ਖਿਆਲ ਦਸਾਂਗਾ ਕਿ ਕਿਵੇਂ ਚਾਬੀਆਂ ਗੁੰਮੀਆਂ, ਕਿਵੇਂ ਅੱਗ ਲੱਗੀ, ਅਤੇ ਕਿਵੇਂ ਸਰ ਪਰਸੀਵਲ ਮੌਤ ਦੇ ਮੂੰਹ ਵਿਚ ਜਾ ਫਸਿਆ।

ਜਿਸ ਵੇਲੇ ਪਰਸੀਵਲ ਨੂੰ ਮੇਰੇ ਆਜ਼ਾਦ ਹੋਣ ਦੀ ਖ਼ਬਰ ਮਿਲੀ ਹੋਵੇਗੀ, ਉਹ ਆਪਣੇ ਅੰਤਲੇ ਖ਼ਤਰਨਾਕ ਹਥਿਆਰਾਂ ਉੱਤੇ ਉੱਤਰ ਆਇਆ ਸੀ। ਗੁੰਡਿਆਂ ਕੋਲੋਂ ਮੇਰੇ ਤੇ ਹਮਲਾ ਕਰਵਾਉਣਾ ਵੀ ਉਹਦਾ ਇਕ ਹਥਿਆਰ ਸੀ, ਅਤੇ ਵੈਸਟਰੀ ਵਿਚ ਜਾ ਕੇ ਰਜਿਸਟਰ ਦਾ ਉਹ ਸਫ਼ਾ ਹੀ ਫਾੜ ਕੇ ਖਤਮ ਕਰ ਦੇਣਾ ਉਹਦਾ ਅਖੀਰਲਾ ਯਤਨ ਸੀ, ਜਿਸ ਨਾਲ ਕਿਧਰੇ ਕੋਈ ਸਬੂਤ ਹੀ ਨਹੀਂ ਸੀ ਰਹਿਣਾ। ਜੇ ਮੈਂ ਅਸਲੀ ਰਜਿਸਟਰ ਦੇ ਉਸ ਪੰਨੇ ਨੂੰ ਨਕਲੀ ਰਜਿਸਟਰ ਨਾਲ ਪੂਰੀ ਤਰ੍ਹਾਂ ਮਿਲਾ ਕੇ ਵਿਖਾਵਾਂ ਤਾਂ ਮੈਂ ਉਹਦਾ ਕੁਝ ਵੀ ਨਹੀਂ ਸਾਂ ਵਿਗਾੜ ਸਕਦਾ। ਸੋ ਜੇ ਉਹ ਵੈਸਟਰੀ ਵਿਚ ਚੋਰੀ ਜਾਵੇ ਉਹ ਸਫਾ ਫਾੜ ਕੇ ਮੁੜ ਉਸੇ ਤਰ੍ਹਾਂ ਚੋਰੀ ਹੀ ਨਿਕਲ ਆਵੇ ਤਾਂ ਉਹਦਾ ਕੰਮ ਬਣ ਜਾਣਾ ਸੀ।

ਇਸ ਲਈ ਉਹ ਰਾਤ ਨੂੰ ਉਡੀਕਦਾ ਰਿਹਾ ਕਲਰਕ ਘਰ ਨਹੀਂ ਸੀ, ਸੋ ਉਹਨੂੰ ਚਾਬੀਆਂ ਲੈਣ ਵਿਚ ਕੋਈ ਖਾਸ ਤਕਲੀਫ ਨਹੀਂ ਹੋਈ। ਉਹਨੇ ਠੀਕ ਰਜਿਸਟਰ ਲੱਭਣ ਲਈ ਤੀਲੀ ਬਾਲੀ ਹੋਣੀ ਏ, ਤੇ ਇਹ ਵੀ ਕੁਦਰਤੀ ਹੀ ਸੀ ਕਿ ਉਹ ਅੰਦਰੋਂ ਤਾਲਾ ਮਾਰਦਾ, ਕਿਉਂਕਿ ਬਾਹਰੋਂ ਕੋਈ ਵੀ ਅੰਦਰ ਆ ਸਕਦਾ ਸੀ। ਉਹਨੂੰ ਮੇਰਾ ਵੀ ਡਰ ਸੀ।

ਮੈਂ ਇਹ ਗੱਲ ਨਹੀਂ ਮੰਨਦਾ ਕਿ ਉਹਨੇ ਜਾਣ-ਬੁਝ ਕੇ ਅੱਗ ਲਾਈ ਸੀ। ਕਿਉਂਕਿ ਉਹਨੇ ਇਹ ਜ਼ਰੂਰ ਸੋਚਿਆ ਹੋਵੇਗਾ ਕਿ ਅੱਗ ਵਕਤ ਸਿਰ ਬੁਝਾਈ ਗਈ ਤਾਂ ਹੋ ਸਕਦਾ ਹੈ ਰਜਿਸਟਰ ਵੀ ਬਚ ਜਾਏ। ਇਹ ਤਾਂ ਦੁਰਘਟਨਾ ਹੀ ਸੀ। ਵੈਸਟਰੀ ਵਿਚ ਅਜਿਹੀਆਂ ਚੀਜ਼ਾਂ ਪਈਆਂ ਸਨ, ਜਿਨ੍ਹਾਂ ਬੜੀ ਜਲਦੀ ਅੱਗ ਫੜ ਲੈਣੀ ਸੀ! ਪੇਟੀਆਂ-ਸੁੱਕਾ ਹੋਇਆ ਘਾਹ, ਕਾਗਜ਼ ਅਤੇ ਪੁਰਾਣੀਆਂ ਅਲਮਾਰੀਆਂ ਆਦਿ ਸਭ ਮਿੰਟਾਂ ਵਿਚ ਹੀ ਸੜ ਕੇ ਸਵਾਹ ਹੋਣ ਵਾਲੀਆਂ ਸਨ। ਕੁਝ ਨਾ ਕੁਝ ਅਣਗਹਿਲੀ ਉਹਦੇ ਕੋਲੋਂ ਹੋਈ ਹੋਵੇਗੀ ਅਤੇ ਅੱਗ ਮਿੰਟਾਂ ਵਿਚ ਹੀ ਫੈਲ ਗਈ।

ਪਹਿਲਾਂ ਤਾਂ ਉਹਨੇ ਅੱਗ ਬੁਝਾਣ ਦੀ ਕੋਸ਼ਿਸ਼ ਕੀਤੀ ਹੋਵੇਗੀ, ਪਰ ਜਦੋਂ ਉਹ ਉਹਨੂੰ ਕਾਬੂ ਨਾ ਕਰ ਸਕਿਆ ਤਾਂ ਉਹਨੇ ਦਰਵਾਜ਼ੇ ਦਾ ਤਾਲਾ ਖੋਲ੍ਹ ਕੇ ਨਿਕਲਣਾ ਚਾਹਿਆ, ਪਰ ਉਹਨੂੰ ਤਾਲੇ ਦੀ ਹਾਲਤ ਦਾ ਪਤਾ ਨਹੀਂ ਸੀ। ਜਦੋਂ ਮੈਂ ਉਹਨੂੰ ਬਾਹਰੋਂ ਦੂਜੇ ਬੂਹੇ ਰਾਹੀਂ ਨਿਕਲਣ ਲਈ ਕਿਹਾ ਸੀ, ਤਾਂ ਅੱਗ ਉਸ ਬੂਹੇ ਤੱਕ ਵੀ ਪੁੱਜ ਚੁੱਕੀ ਹੋਣੀ ਹੈ, ਉਸਦੇ ਨਾਲ ਹੀ ਸਾਰਾ ਸਾਮਾਨ ਜਲਦੀ ਅੱਗ ਫੜਨ ਵਾਲਾ ਸੀ, ਅੱਗ ਅਤੇ ਧੂੰਏ ਕਰਕੇ ਉਹ ਉਸ ਬੂਹੇ ਕੋਲ ਬੇਹੋਸ਼ ਹੋ ਕੇ ਡਿੱਗ ਪਿਆ ਹੋਵੇਗਾ। ਜਿਸ ਵੇਲੇ ਮੈਂ' ਉਪਰ ਚੜ੍ਹ ਕੇ ਰੋਸ਼ਨਦਾਨ ਤੋੜ ਰਿਹਾ ਸਾਂ, ਉਹ ਉਥੇ ਡਿੱਗ ਪਿਆ ਹੋਵੇਗਾ। ਜੇ ਅਸੀਂ ਗਿਰਜੇ ਵਿਚ ਵੜ ਕੇ ਦੂਜਾ ਬੂਹਾ ਖੋਲ੍ਹਣ ਵਿਚ ਕਾਮਯਾਬ ਵੀ ਹੋ ਜਾਂਦੇ, ਤਾਂ ਵੀ ਉਹਨੂੰ ਅਸੀਂ ਨਹੀਂ ਸਾਂ ਬਚਾ ਸਕਦੇ। ਉਹ ਤਾਂ ਚਰੋਕਣਾ ਹੀ ਮਰ ਗਿਆ ਸੀ, ਸਗੋਂ ਅੱਗ ਨੇ ਗਿਰਜੇ ਵਿਚ ਆ ਵੜਨਾ ਸੀ ਅਤੇ ਗਿਰਜਾ ਵੀ ਮਿੰਟਾਂ ਵਿਚ ਸੜ ਕੇ ਮਿੱਟੀ ਨਾਲ ਮਿੱਟੀ ਹੋ ਜਾਣਾ ਸੀ। ਮੇਰੇ ਮਨ ਵਿਚ ਹੁਣ ਇਹ ਪੱਕਾ ਹੈ ਅਤੇ ਕਿਸੇ ਨੂੰ ਵੀ ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਜਦੋਂ ਅਸੀਂ ਉਸ ਖ਼ਾਲੀ ਘਰ ਵਿਚੋਂ ਸ਼ਤੀਰੀ ਲੈਣ ਲਈ ਦੌੜੇ ਸਾਂ, ਉਹ ਉਸ ਤੋਂ ਕਾਫ਼ੀ ਚਿਰ ਪਹਿਲਾਂ ਹੀ ਖ਼ਤਮ ਹੋ ਗਿਆ ਸੀ। ਅਸੀਂ ਉਸ ਸ਼ਤੀਰੀ ਨੂੰ ਭਾਵੇਂ ਸਾਰੀ ਤਾਕਤ ਲਾ ਕੇ ਕੱਢਿਆ ਸੀ। ਪਰ ਉਹਨੂੰ ਕੋਈ ਵੀ ਉਸ ਵੇਲੇ ਨਹੀਂ ਸੀ ਬਚਾ ਸਕਦਾ।

ਇਹ ਮੇਰਾ ਆਪਣਾ ਖ਼ਿਆਲ ਹੈ ਕਿ ਉਹਦੀ ਮੌਤ ਘਟਨਾਵਾਂ ਬਿਆਨ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਬਾਹਰ ਜੋ ਹੋਇਆ ਉਹ ਵਰਣਨ ਕੀਤਾ ਗਿਆ ਹੈ, ਅਤੇ ਹੁਣ ਮੈਂ' ਆਪਣਾ ਅੰਦਾਜ਼ਾ ਲਾ ਕੇ ਦੱਸਿਆ ਹੈ ਕਿ ਉਹ ਵੈਸਟਰੀ ਕਿਉਂ ਪੁੱਜਾ ਸੀ।

ਤਫਤੀਸ਼ ਦਾ ਕੰਮ ਇਕ ਦਿਨ ਲਈ ਮੁਲਤਵੀ ਕਰ ਦਿਤਾ ਕਿਉਂਕਿ ਪੁਲਿਸ ਨੂੰ ਇਸ ਮੌਤ ਦੇ ਭੇਤ ਗਿਆ ਨੂੰ ਖੋਲ੍ਹਣ ਲਈ ਕਿਧਰੋਂ ਕੋਈ ਮਦਦ ਨਹੀਂ ਸੀ ਮਿਲ ਰਹੀ।

ਹੋਰ ਗਵਾਹਾਂ ਨੂੰ ਬੁਲਾਉਣ ਲਈ ਸੱਦਿਆ ਗਿਆ, ਅਤੇ ਸਰ ਪਰਸੀਵਲ ਦੇ ਵਕੀਲ ਨੂੰ ਲੰਦਨ ਤੋਂ ਸੱਦਾ ਭੇਜਿਆ ਗਿਆ। ਨੌਕਰ ਲਈ ਵੀ ਇਕ ਡਾਕਟਰ ਦਾ ਇੰਤਜਾਮ ਕੀਤਾ ਗਿਆ, ਜੋ ਉਹਦੇ ਦਿਮਾਗ਼ ਦੀ ਹਾਲਤ ਦੱਸ ਸਕੇ। ਉਹਦੀ ਗਵਾਹੀ ਤੇ ਅਜੇ ਗਵਾਹੀ ਮੰਨੀ ਹੀ ਨਹੀਂ ਸੀ ਜਾ ਸਕਦੀ। ਉਹ ਸਿਰਫ਼ ਇਹੀ ਦੱਸਦਾ ਸੀ ਕਿ ਉਸ ਰਾਤ ਉਹਨੂੰ ਗਲੀ ਵਿਚ ਉਡੀਕਣ ਲਈ ਹੁਕਮ ਦਿੱਤਾ ਗਿਆ ਸੀ, ਅਤੇ ਜੋ ਵੈਸਟਰੀ ਵਿਚ ਅੱਗ ਲੱਗਣ ਨਾਲ ਮਰਿਆ ਸੀ, ਉਹ ਉਹਦਾ ਮਾਲਿਕ ਹੀ ਸੀ। ਮੇਰਾ ਖਿਆਲ ਸੀ, ਕਿ ਉਹਨੂੰ ਪਹਿਲਾਂ ਇਹ ਵੇਖਣ ਲਈ ਭੇਜਿਆ ਗਿਆ ਸੀ ਕਿ ਕਲਰਕ ਘਰ ਹੈ ਕਿ ਨਹੀਂ। ਉਸ ਤੋਂ ਮਗਰੋਂ ਉਹਨੂੰ ਗਿਰਜੇ ਦੇ ਨੇੜੇ ਉਡੀਕਣ ਲਈ ਕਿਹਾ ਗਿਆ ਹੋਵੇਗਾ, ਉਸ ਥਾਂ ਤੋਂ ਵੈਸਟਰੀ ਨਜ਼ਰ ਨਹੀਂ ਆਉਂਦੀ ਸੀ। ਇਹ ਇੰਤਜ਼ਾਮ ਇਸ ਸੰਭਾਵਨਾ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੋਵੇਗਾ, ਕਿ ਮੈਂ ਸੜਕ ਤੇ ਮੁੰਡਿਆਂ ਦੇ ਹਮਲੇ ਤੋਂ ਬਚ ਕੇ ਕਿਧਰੇ ਗਿਰਜੇ ਵਿਚ ਪੁੱਜਣ ਦੀ ਕੋਸ਼ਿਸ਼ ਕਰਾਂ ਤਾਂ ਸਰ ਪਰਸੀਵਲ ਆਪਣੇ ਨੌਕਰ ਦੀ ਸਹਾਇਤਾ ਲੈ ਸਕੇ। ਇਥੇ ਮੈਂ ਇਹ ਦਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਉਸ ਨੌਕਰ ਕੋਲੋਂ ਮੈਂ ਕੁਝ ਨਹੀਂ ਪੁੱਛਿਆ ਅਤੇ ਨਾ ਹੀ ਦੂਜੇ ਦਿਨ ਉਹਨੇ ਕੋਈ ਠੀਕ ਤਰ੍ਹਾਂ ਗਵਾਹੀ ਦਿੱਤੀ, ਕਿਉਂਕਿ ਡਾਕਟਰਾਂ ਨੇ ਉਹਦਾ ਮੁਆਇਨਾ ਕਰਨ ਮਗਰੋਂ ਇਹ ਰਾਇ ਦਿੱਤੀ ਸੀ, ਕਿ ਉਹਦਾ ਦਿਮਾਗ ਹਿਲ ਚੁੱਕਾ ਹੈ। ਮੇਰਾ ਆਪਣਾ ਖਿਆਲ ਹੈ, ਕਿ ਉਹ ਅਜੇ ਤੀਕ ਠੀਕ ਨਹੀਂ ਹੋਇਆ ਹੋਵੇਗਾ। ਉਹਦੇ ਦਿਮਾਗ ਉੱਤੇ ਅਚਾਨਕ ਹੀ ਗਹਿਰਾ ਸਦਮਾ ਲੱਗਾ।

ਮੈਂ ਥੱਕ ਟੁੱਟ ਕੇ ਵੈਲਮਿੰਗਮ ਹੋਟਲ ਵਿਚ ਪੁੱਜਾ। ਮੈਂ ਜਿਸਮਾਨੀ ਅਤੇ ਮਾਨਸਿਕ ਤੌਰ ਤੇ ਬੜੀ ਕਮਜ਼ੋਰੀ ਮਹਿਸੂਸ ਕਰ ਰਿਹਾ ਸਾਂ। ਇਨ੍ਹਾਂ ਦੋ ਦਿਨਾ ਵਿਚ ਕੀ-ਕੀ ਵਾਪਰ ਗਿਆ ਸੀ? ਕਾਫ਼ੀ ਰੂਮ ਵਿਚ ਲੋਕ ਮੇਰੇ ਕੋਲੋਂ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਣ ਲੱਗ ਪਏ, ਪਰ ਮੇਰੇ ਵਿਚ ਉਨ੍ਹਾਂ ਨੂੰ ਜਵਾਬ ਦੇਣ ਦੀ ਵੀ ਹਿੰਮਤ ਨਹੀਂ ਸੀ। ਮੈਂ ਝਟਪਟ ਰੋਟੀ ਖ਼ਤਮ ਕਰਕੇ ਆਪਣੇ

ਕਮਰੇ ਵਿਚ ਚਲਾ ਗਿਆ, ਤਾਂ ਜੋ ਉਥੇ ਥੋੜ੍ਹਾ ਆਰਾਮ ਕਰਾਂ ਅਤੇ ਲਾਰਾ ਤੇ ਮੇਰੀਅਨ ਬਾਰੇ ਸੋਚ ਸਕਾਂ।

ਜੇ ਮੇਰੇ ਕੋਲ ਖੁਲ੍ਹ ਪੈਸੇ ਹੁੰਦੇ ਤਾਂ ਮੈਂ ਉਸ ਰਾਤ ਵਾਪਸ ਲੰਦਨ ਪੁੱਜ ਜਾਂਦਾ ਅਤੇ ਉਨ੍ਹਾਂ ਦੋਹਾਂ ਨੂੰ ਮਿਲ ਆਉਂਦਾ। ਆਪਣੀਆਂ ਅੱਖਾਂ ਨਾਲ ਵੇਖ ਲੈਂਦਾ। ਪਰ ਮੈਨੂੰ ਇਥੋਂ ਕਚਿਹਰੀ ਵਿਚ ਹਾਜ਼ਰੀ ਦੇਣੀ ਪੈਣੀ ਸੀ। ਨੌਲਸਬਰੀ ਵਿਚ ਮੈਜਿਸਟਰੇਟ ਸਾਹਮਣੇ ਮੇਰੀ ਪੇਸ਼ੀ ਸੀ। ਅਸੀਂ ਜੋ ਕੁਝ ਬਚਾ ਕੇ ਰਖਿਆ ਸੀ ਉਹ ਬੜੀ ਤੇਜ਼ੀ ਨਾਲ ਘਟਦਾ ਜਾ ਰਿਹਾ ਸੀ। ਕੁਝ ਪਤਾ ਨਹੀਂ ਸੀ, ਭਵਿੱਸ਼ ਵਿਚ ਸਾਨੂੰ ਕਿਸ ਵੇਲੇ ਪੈਸੇ ਦੀ ਲੋੜ ਪੈ ਜਾਣੀ ਸੀ। ਮੈਂ ਫਜ਼ੂਲ ਖਰਚੀ ਨਹੀਂ ਸਾਂ ਕਰ ਸਕਦਾ। ਭਾਵੇਂ ਸੈਕਿੰਡ ਕਲਾਸ ਵਿਚ ਹੀ ਸਫਰ ਕਰਾਂ, ਤਾਂ ਵੀ ਇਹ ਪੈਸੇ ਅਜਾਈ ਜਾਣੇ ਸਨ। ਅਗਲੇ ਦਿਨ ਮੈਂ ਵਿਹਲਾ ਹੀ ਸਾਂ। ਸਭ ਤੋਂ ਪਹਿਲਾਂ ਸਵੇਰ ਮੈਂ ਡਾਕਖਾਨੇ ਮੇਰੀਅਨ ਦੀ ਚਿੱਠੀ ਦਾ ਪਤਾ ਕੀਤਾ, ਜੋ ਉਥੇ ਮੇਰੀ ਉਡੀਕ ਕਰ ਰਹੀ ਸੀ। ਚਿੱਠੀ ਰਾਹੀਂ ਮੈਨੂੰ ਉਨ੍ਹਾਂ ਦੀ ਸੁਖ-ਸਾਂਦ ਪਤਾ ਲਗ ਗਈ ਗਈ ਅਤੇ ਮੈਂ' ਨਿਸਚਿੰਤ ਹੋ ਕੇ ਪੁਰਾਣੇ ਵੈਲਮਿੰਗਮ ਜਾਣ ਦੀ ਸਲਾਹ ਬਣਾਈ।

ਜਦੋਂ ਮੈਂ ਉਥੇ ਪਹੁੰਚਿਆ ਤਾਂ ਉਥੇ ਉਹ ਤਬਦੀਲੀ ਵੇਖੀ ਜਿਸਦੀ ਮੈਂ ਕਦੀ ਕਲਪਣਾ ਵੀ ਨਹੀਂ ਸਾਂ ਕਰ ਸਕਦਾ।

ਇਸ ਅਜੀਬ ਦੁਨੀਆਂ ਵਿਚ ਤੁੱਛ ਅਤੇ ਭਿਆਨਕ ਘਟਨਾਵਾਂ ਨਾਲ ਹੀ ਨਾਲ ਘਟਦੀਆਂ ਹਨ। ਹੋਣੀ ਮਨੁੱਖ ਤੇ ਵਿਅੰਗ ਕਰਦੀ ਹੈ। ਮੈਂ ਗਿਰਜੇ ਕੋਲ ਪੁੱਜਾ ਤਾਂ ਕਬਰਸਤਾਨ ਦੇ ਘਰ ਤੋਂ ਪਤਾ ਲਗਦਾ ਸੀ, ਕਿ ਇਥੋਂ ਕੁਝ ਹੋਇਆ ਸੀ। ਮਿਧਿਆ ਹੋਇਆ ਘਾਹ ਉਸ ਭਿਆਨਕ ਅੱਗ ਅਤੇ ਮੌਤ ਦੀ ਕਹਾਣੀ ਸੁਣਾ ਰਿਹਾ ਸੀ। ਵੈਸਟਰੀ ਦੇ ਬੂਹੇ ਅੱਗੇ ਕਰਕੇ ਕਈ ਫੱਟੇ ਪਏ ਹੋਏ ਸਨ। ਬੂਹੇ ਉਤੇ ਬੱਚਿਆਂ ਨੇ ਕਈ ਤਰ੍ਹਾਂ ਦੇ ਕਾਰਟੂਨ ਵਾਹੇ ਸਨ ਤੇ ਸਭ ਮੌਰੀਆਂ ਵਿਖੇ ਅੰਦਰ ਝਾਕਣ ਲਈ ਲੜ ਰਹੇ ਸਨ। ਉਸੇ ਥਾਂ ਤੇ ਜਿਥੇ ਮੈਂ ਖੜੋ ਕੇ ਸਰ ਪਰਸੀਵਲ ਦੀ ਚੀਖ ਸੁਣੀ ਸੀ, ਜਦੋਂ ਉਹਨੇ ਮਦਦ ਲਈ ਆਵਾਜ਼ ਦਿਤੀ ਸੀ, ਉਸੇ ਥਾਂ ਤੇ ਜਿਥੇ ਉਹਦਾ ਨੌਕਰ ਗੱਡਿਆਂ ਭਾਰ ਡਿਗ ਪਿਆ ਸੀ, ਉਸੇ ਹੀ ਥਾਂ ਤੇ ਅੱਜ ਮੁਰਗੇ ਮੁਰਗੀਆਂ ਕੀੜਿਆਂ ਲਈ ਆਪਣਾ ਵਿਚ ਗੁਥਮ ਗੁੱਥਾ ਹੋ ਰਹੇ ਸਨ, ਇਹ ਕੀੜੇ ਬਾਰਸ਼ ਮਗਰੋਂ ਜ਼ਮੀਨ ਵਿਚੋਂ ਨਿਕਲੇ ਸਨ। ਉਹ ਥਾਂ ਤੇ ਜਿਥੇ ਦਰਵਾਜ਼ੇ ਦੇ ਫੱਟੇ ਤੇ ਪਾਕੇ ਸਰ ਪਰਸੀਵਲ ਨੂੰ ਮੇਰੇ ਪੈਰਾਂ ਕੋਲ ਲਿਟਾ ਦਿੱਤਾ ਗਿਆ ਸੀ, ਅੱਜ ਇਕ ਮਜ਼ਦੂਰ ਦੀ ਰੋਟੀ ਪੀਲੇ ਡੱਬੇ ਵਿਚ ਪਈ ਉਹਨੂੰ

ਉਡੀਕ ਰਹੀ ਸੀ। ਮੈਨੂੰ ਦਰਵਾਜ਼ੇ ਦੇ ਨੇੜੇ ਵੇਖ ਉਸ ਕੁੱਤੇ ਨੇ ਭੌਂਕਣਾ ਸ਼ੁਰੂ ਕਰ ਦਿੱਤਾ। ਬੁੱਢਾ ਕਲਰਕ ਮੁਰੰਮਤ ਕਰਨ ਵਾਲੇ ਬੰਦਿਆਂ ਨੂੰ ਆਲਸ ਨਾਲ ਵੇਖ ਰਿਹਾ ਸੀ, ਉਹ ਹੁਣ ਇਕ ਹੀ ਗੱਲ ਦੁਹਰਾਂਦਾ ਸੀ ਕਿ ਇਸ ਦੁਰਘਟਨਾ ਵਿਚ ਉਹਦਾ ਕੋਈ ਕਸੂਰ ਨਹੀਂ ਸੀ। ਇਕ ਔਰਤ ਦਾ ਮੂੰਹ ਮੈਨੂੰ ਯਾਦ ਸੀ। ਜਿਸ ਵੇਲੇ ਅਸੀਂ ਸ਼ਤੀਰੀ ਕੱਢੀ ਸੀ, ਡਰ ਨਾਲ ਉਹਦੇ ਚਿਹਰੇ ਦਾ ਰੰਗ ਬਿਲਕੁਲ ਚਿੱਟਾ ਲੱਗ ਰਿਹਾ ਸੀ, ਹੁਣ ਉਹੀ ਔਰਤ, ਕਿਸੇ ਹੋਰ ਔਰਤ ਨਾਲ ਕਪੜੇ ਧੋਂਦੀ ਗੱਲਾਂ ਕਰ ਕਰ ਕੇ ਹੱਸਦੀ ਵਿਖਾਈ ਦਿਤੀ। ਜ਼ਿੰਦਗੀ ਸੱਚਮੁਚ ਅਨੋਖੀ ਹੈ। ਕੁਝ ਵੀ ਗੰਭੀਰ ਨਹੀਂ – ਕੁਝ ਵੀ ਸਥਿਰ ਨਹੀਂ ਰਹਿੰਦਾ-!

ਮੈਂ ਉਥੋਂ ਤੁਰਿਆ ਤਾਂ ਮੈਨੂੰ ਮੁੜ ਕੇ ਇਹੀ ਖਿਆਲ ਆਇਆ, ਕਿ ਸਰ ਪਰਸੀਵਲ ਦੀ ਮੌਤ ਹੋਣ ਨਾਲ ਸਾਡੀ ਇਕ ਉਮੀਦ ਤੇ ਵੀ ਪਾਣੀ ਫਿਰ ਗਿਆ ਸੀ। ਹੁਣ ਅਸੀਂ ਲਾਰਾ ਨੂੰ ਉਹਦਾ ਅਸਲੀ ਨਾਂ ਅਤੇ ਘਰ ਜ਼ਮੀਨ ਜਾਇਦਾਦ ਕਿਵੇਂ ਦੇ ਸਕਾਂਗੇ? ਇਹ ਮੌਕਾ ਹੀ ਸਾਡੇ ਹਥੋਂ ਨਿਕਲ ਗਿਆ ਸੀ।

ਕੀ ਇਹ ਗੱਲ ਸਚਮੁਚ ਠੀਕ ਸੀ ਜਾਂ ਮੇਰਾ ਖਿਆਲ ਹੀ ਸੀ?

ਜੇ ਉਹ ਜੀਉਂਦਾ ਰਹਿੰਦਾ ਤਾਂ ਕੀ ਕੁਝ ਹੋ ਸਕਦਾ ਸੀ? ਮੈਨੂੰ ਸਰ ਪਰਸੀਵਲ ਦੇ ਗੁਨਾਹ ਦਾ ਪਤਾ ਲਗ ਗਿਆ ਸੀ, ਪਰ ਕੀ ਮੈਂ ਉਹਨੂੰ ਪ੍ਰਗਟ ਕਰ ਸਕਦਾ ਸਾਂ? ਕੀ ਇਸ ਨਾਲ ਲਾਰਾ ਦਾ ਕੁਝ ਬਣ ਜਾਣਾ ਸੀ? ਜੇ ਮੈਂ ਉਹਦੇ ਕੋਲੋਂ ਸਭ ਕੁੱਝ ਮੰਨਵਾ ਵੀ ਲੈਂਦਾ ਤਾਂ ਵੀ ਲਾਰਾ ਨੂੰ ਮੁੜ ਉਹ ਕਿਵੇਂ ਅਸਲੀ ਥਾਂ ਅਤੇ ਅਸਲੀ ਘਰ ਵਿਚ ਲਿਆਉਂਦਾ? ਜੇ ਸਭ ਪਰਸੀਵਲ ਜੀਉਂਦਾ ਵੀ ਰਹਿੰਦਾ ਤਾਂ ਵੀ ਮੈਂ ਉਹਦੇ ਭੇਤ ਨੂੰ ਲਾਰਾ ਦਾ ਭਵਿੱਸ ਬਣਾਉਣ ਲਈ ਆਪਣੀ ਮਰਜ਼ੀ ਨਾਲ ਨਹੀਂ ਸਾਂ ਵਰਤ ਸਕਦਾ। ਮੈਨੂੰ ਜਾਗੀਰ ਦੇ ਅਸਲੀ ਵਾਰਸ ਨੂੰ ਦੱਸਣਾ ਹੀ ਪੈਣਾ ਸੀ, ਉਦੋਂ ਵੀ ਇਹ ਕੰਮ ਇਸ ਤਰ੍ਹਾਂ ਹੀ ਉਲਝਿਆ ਹੋਣਾ ਸੀ ਜਿਵੇਂ ਹੁਣ ਹੈ। ਪਰ ਮੈਂ ਪੱਕਾ ਨਿਸ਼ਚਾ ਕੀਤਾ ਕਿ ਮੈਂ ਕੋਈ ਨਾ ਕੋਈ ਰਾਹ ਜਰੂਰ ਕਢਾਂਗਾ।

ਜਦੋ ਮੈ ਵਾਪਸ ਆਇਆ, ਤਾਂ ਮੈਂ ਅਗੇ ਨਾਲੋਂ ਕਾਫੀ ਸ਼ਾਂਤ ਸਾਂ ਅਤੇ ਆਪਣੇ ਇਰਾਦੇ ਵਿਚ ਪਹਿਲਾਂ ਨਾਲੋਂ ਵਧੇਰੇ ਦ੍ਰਿੜ ਸਾਂ।

ਹੋਟਲ ਜਾਂਦਿਆਂ ਮੈਂ ਉਸ ਸੁਕੇਅਰ ਕੋਲੋਂ ਲੰਘਿਆ, ਜਿਥੇ ਮਿਸਜ਼ ਕੈਥੇਰਿਕ ਰਹਿੰਦੀ ਸੀ। ਕੀ ਮੈਂ ਇਕ ਵਾਰ ਮੁੜ ਉਹਦੇ ਘਰ ਜਾਵਾਂ ਤੇ ਉਹਨੂੰ ਮਿਲਣ ਦੀ ਕੋਸ਼ਿਸ਼ ਕਰਾਂ? ਨਹੀਂ

ਮੈਂ ਨਹੀਂ ਜਾਵਾਂਗਾ। ਉਹ ਖਬਰ ਜਿਸਦੀ ਉਹਨੂੰ ਜ਼ਰਾ ਵੀ ਉਮੀਦ ਨਹੀਂ ਸੀ, ਚਰੋਕਣੀ ਉਸ ਤੀਕ ਪੁੱਜ ਗਈ ਹੋਵੇਗੀ। ਕਚਿਹਰੀ ਦੀ ਕਾਰਵਾਈ ਦੀ ਖ਼ਬਰ ਵੀ ਅਖ਼ਬਾਰ ਵਿਚ ਸੀ, ਸੋ ਉਹ ਸਭ ਕੁਝ ਜਾਣਦੀ ਸੀ। ਮੈਂ ਉਹਨੂੰ ਕੋਈ ਨਵੀਂ ਖ਼ਬਰ ਨਹੀਂ ਸਾਂ ਦੇ ਸਕਦਾ। ਹੁਣ ਮੈਨੂੰ ਉਹਦੇ ਵਿਚ ਕੋਈ ਦਿਲਚਸਪੀ ਨਹੀਂ ਸੀ ਰਹਿ ਗਈ। ਉਹਦੇ ਮੂੰਹ ਤੇ ਕਿੰਨੀ ਘਿਰਣਾ ਸੀ ਜਦੋਂ ਉਹਨੇ ਕਿਹਾ ਸੀ 'ਮੈਨੂੰ ਸਰ ਪਰਸੀਵਲ ਦੀ ਹੋਰ ਕਿਸੇ ਖ਼ਬਰ ਦੀ ਉਡੀਕ ਨਹੀਂ; ਸਿਵਾਏ ਉਹਦੀ ਮੌਤ ਦੇ। ਇਹ ਕਹਿਕੇ ਉਹਨੇ ਮੇਰੇ ਮੂੰਹ ਤੋਂ ਕੁਝ ਪੜ੍ਹਨਾ ਚਾਹਿਆ ਸੀ। ਮੇਰੇ ਅੰਦਰ ਮੇਰਾ ਦਿਲ ਹੀ ਮੈਨੂੰ ਹੋੜ ਰਿਹਾ ਸੀ। ਮੈਂ ਉਹਨੂੰ ਹੁਣ ਮਿਲਣਾ ਨਹੀਂ ਸਾਂ ਚਾਹੁੰਦਾ, ਮੈਂ ਸਿੱਧਾ ਹੀ ਆਪਣੇ ਹੋਟਲ ਚਲਾ ਗਿਆ।

ਕੁਝ ਘੰਟਿਆਂ ਮਗਰੋਂ, ਹੋਟਲ ਦੇ ਇਕ ਨੌਕਰ ਨੇ ਮੈਨੂੰ ਇਕ ਚਿੱਠੀ ਦਿਤੀ। ਉਸ ਉਤੇ ਮੇਰਾ ਪਤਾ ਲਿਖਿਆ ਹੋਇਆ ਸੀ, ਪੁੱਛਣ ਤੇ ਪਤਾ ਲਗਾ ਕਿ ਕੋਈ ਔਰਤ ਹਨੇਰੇ ਪਏ ਆਈ ਸੀ, ਅਤੇ ਇਹ ਚਿੱਠੀ ਛੱਡ ਗਈ ਸੀ। ਉਦੋਂ ਅਜੇ ਲੈਂਪ ਵੀ ਨਹੀਂ ਸਨ ਜਗਾਏ ਗਏ। ਉਹਨੇ ਕੁਝ ਕਿਹਾ ਨਹੀਂ ਸੀ ਅਤੇ ਝਟਪਟ ਹੀ ਚਿੱਠੀ ਦੇ ਕੇ ਆਪਣੇ ਰਾਹ ਪਈ ਸੀ।

ਮੈਂ ਚਿੱਠੀ ਖੋਲੀ। ਚਿੱਠੀ ਉਪਰ ਕੋਈ ਤਾਰੀਖ ਨਹੀਂ ਸੀ ਅਤੇ ਹੇਠਾਂ ਕਿਸੇ ਦੇ ਦਸਤਖਤ ਨਹੀਂ ਸਨ। ਆਪਣੀ ਲਿਖਾਈ ਵੀ ਛੁਪਾਣ ਦੀ ਕੋਸ਼ਿਸ਼ ਕੀਤੀ ਗਈ ਸੀ। ਮੈਂ ਇਕ ਵਾਕ ਵੀ ਪੂਰਾ ਨਹੀਂ ਕੀਤਾ ਹੋਣਾ, ਕਿ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਚਿੱਠੀ ਕਿਸਦੀ ਹੈ। ਚਿੱਠੀ ਮਿਸਿਜ਼ ਕੈਥੇਰਿਕ ਵਲੋਂ ਸੀ। ਮੈਂ ਉਸ ਚਿੱਠੀ ਦੀ ਹੁਬਹੂ ਨਕਲ ਹੇਠਾਂ ਲਿਖ ਰਿਹਾ ਹਾਂ :-

ਕਹਾਣੀ ਮਿਸਟਰ ਕੈਥੇਰਿਕ ਦੀ ਜ਼ਬਾਨੀ-

ਸ੍ਰੀ ਮਾਨ ਜੀ, ਤੁਸੀਂ ਆਪਣੇ ਇਕਰਾਰ ਮੂਜਬ ਆਏ ਨਹੀਂ! ਕੋਈ ਗੱਲ ਨਹੀਂ; ਮੈਨੂੰ ਖਬਰ ਪਤਾ ਲੱਗ ਗਈ ਹੈ ਇਸੇ ਲਈ ਹੀ ਮੈਂ ਇਹ ਚਿੱਠੀ ਲਿਖ ਰਹੀ ਹਾਂ। ਕੀ ਤੁਸੀਂ ਜਾਣ ਵੇਲੇ ਮੇਰੇ ਮੂੰਹ ਤੇ ਕੁਝ ਵੇਖਿਆ ਸੀ? ਮੈਂ ਇਹੀ ਸੋਚ ਰਹੀ ਸਾਂ, ਕਿ ਉਹਦਾ ਅੰਤ ਆ ਗਿਆ ਹੈ ਅਤੇ ਤੁਸੀਂ ਰੱਬ ਵਲੋ, ਇਸ ਕੰਮ ਨੂੰ ਸਿਰੇ ਚਾੜ੍ਹਨ ਤਾਂ  ਨਹੀ ਆਏ? ਤੁਸੀ ਰੱਬ ਦੇ ਭੇਜੇ ਹੋਏ ਸੀ, ਤਾਂ ਹੀ ਇਹ ਕੰਮ ਪੂਰਾ ਹੋਇਆ ਹੈ।

ਮੈ ਸੁਣਿਆ ਹੈ, ਕਿ ਤੁਹਾਡੇ ਵਿਚ ਵੀ ਉਸ ਵੇਲੇ ਕਮਜ਼ੋਰੀ ਆ ਗਈ ਸੀ, ਤੇ ਤੁਸੀਂ ਉਹਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਜੇ ਉਹ ਬਚ ਜਾਂਦਾ ਤਾਂ ਮੈਂ ਤੁਹਾਨੂੰ ਆਪਣਾ

ਦਸ਼ਮਣ ਸਮਝਦੀ, ਹੁਣ ਤੁਸੀਂ ਉਹਦੀ ਜਾਨ ਬਚਾਉਣ ਵਿਚ ਨਾ-ਕਾਮਯਾਬ ਹੋਏ ਹੋ, ਇਸ ਲਈ ਮੇਰੇ ਮਿੱਤਰ ਹੋ। ਤੁਹਾਡੀ ਪੁੱਛ ਗਿੱਛ ਕਾਰਣ ਹੀ ਉਹਨੂੰ ਰਾਤੀ ਵੈਸਟਰੀ ਜਾਣਾ ਪਿਆ, ਅਤੇ ਭਾਵੇਂ ਤੁਸੀਂ ਇਹ ਨਹੀਂ ਸੀ ਚਾਹੁੰਦੇ, ਪਰ ਤਰੇਈ ਵਰ੍ਹਿਆਂ ਦੀ ਨਫ਼ਰਤ ਦੀ ਅਰਦਾਸ ਸੁਣੀ ਗਈ ਹੈ। ਮੇਰਾ ਬਦਲਾ ਲਿਆ ਗਿਆ ਹੈ।

ਮੈਂ ਤੁਹਾਡਾ ਧੰਨਵਾਦ ਕਰਦੀ ਹਾਂ।

ਮੈਂ ਤੁਹਾਡੀ ਰਿਣੀ ਹਾਂ ! ਤੁਸੀਂ ਮੇਰੇ ਲਈ ਬਹੁਤ ਕੁਝ ਕੀਤਾ ਹੈ। ਮੈਂ ਤੁਹਾਡੇ ਇਸ ਹੈਸਾਨ ਦਾ ਬਦਲਾ ਕਿਵੇਂ ਮੋੜ ਸਕਦੀ ਹਾਂ? ਜੇ ਮੈਂ ਜਵਾਨ ਹੁੰਦੀ ਤਾਂ ਤੁਹਾਨੂੰ ਕਹਿੰਦੀ, ਆਓ, ਮੇਰੇ ਲੱਕ ਦੁਆਲੇ ਬਾਹਵਾਂ ਪਾ ਲਉ ਅਤੇ ਅਸੀਂ ਪਿਆਰ ਕਰੀਏ। ਮੈਂ ਇਹ ਜ਼ਰੂਰ ਕਹਿੰਦੀ, ਅਤੇ ਤੁਸੀਂ ਮੇਰਾ ਸੱਦਾ ਸਵੀਕਾਰ ਕਰਦੇ ਹਾਂ, ਅੱਜ ਤੋਂ ਵੀਹ ਸਾਲ ਪਹਿਲਾਂ ਤੁਸੀਂ ਜ਼ਰੂਰ ਇਹ ਕੰਮ ਕਰਦੇ। ਪਰ ਹੁਣ ਮੈਂ ਬੁੱਢੀ ਹੋ ਚੁਕੀ ਹਾਂ। ਪਰ ਹੁਣ ਮੈਂ ਤੁਹਾਡੀ ਉਤਸੁਕਤਾ ਨੂੰ ਸ਼ਾਂਤ ਕਰ ਸਕਦੀ ਹਾਂ।

ਤੁਸੀਂ ਮੇਰੇ ਕੋਲੋਂ ਬੜਾ ਕੁਝ ਪੁੱਛਣਾ ਚਾਹੁੰਦੇ ਸੀ, ਜੋ ਮੇਰੀ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਸੀ। ਭਾਵੇਂ ਤੁਸੀਂ ਬੜੇ ਸਿਆਣੇ ਹੋ, ਪਰ ਤੁਹਾਨੂੰ ਉਨ੍ਹਾਂ ਗੱਲਾਂ ਦਾ ਮੇਰੀ ਮਦਦ ਬਿਨਾਂ ਕੁਝ ਪਤਾ ਨਹੀਂ ਸੀ ਲੱਗ ਸਕਦਾ ਅਤੇ ਹੁਣ ਵੀ ਤੁਸੀਂ ਉਨ੍ਹਾਂ ਮਾਮਲਿਆਂ ਦੀ ਤਹਿ ਤਕ ਨਹੀਂ ਪਹੁੰਚੇ। ਪਰ ਹੁਣ ਤੁਹਾਨੂੰ ਮੈਂ ਸਭ ਕੁਝ ਆਪ ਦਸਾਂਗੀ। ਮੇਰੇ ਨੌਜਵਾਨ ਮਿੱਤਰ, ਮੈਂ ਹੁਣ ਤੈਨੂੰ ਖੁਸ਼ ਕਰਨ ਦਾ ਯਤਨ ਕਰਾਂਗੀ।

ਤੁਸੀਂ ਅਠਾਰਾਂ ਸੌ ਸਤਾਈ ਵਿਚ ਬਹੁਤ ਛੋਟੇ ਹੋਵੇਗੇ। ਮੈਂ ਉਸ ਵੇਲੇ ਭਰ ਜਵਾਨ ਸੀ। ਇਥੇ ਪੁਰਾਣੇ ਵੈਲਮਿੰਗਮ ਵਿਚ ਰਹਿੰਦੀ ਸਾਂ, ਮੇਰਾ ਪਤੀ ਇਕ ਬੁੱਢੂ ਆਦਮੀ ਸੀ। ਉਸ ਵੇਲੇ ਮੈਂ ਇਕ ਹੋਰ ਨੌਜਵਾਨ ਨੂੰ ਵੀ ਜਾਣਦੀ ਸਾਂ-ਉਹ ਕੌਣ ਸੀ? ਮੈਂ' ਉਹਦਾ ਨਾਂ ਨਹੀਂ ਲਵਾਂਗੀ, ਉਹਦਾ ਆਪਣਾ ਕੋਈ ਨਾਂ ਨਹੀਂ ਸੀ, ਇਹ ਤਾਂ ਹੁਣ ਤੁਹਾਨੂੰ ਵੀ ਪਤਾ ਲੱਗ ਚੁੱਕਾ ਹੈ।

ਤੁਹਾਨੂੰ ਇੰਨਾ ਹੀ ਦੱਸਣਾ ਉਚਿਤ ਹੋਵੇਗਾ ਕਿ ਉਹਨੇ ਮੇਰੇ ਨਾਲ ਜਾਣ ਪਛਾਣ ਕਿੰਜ ਕੀਤੀ। ਮੈਂ ਉਨ੍ਹਾਂ ਸਭ ਚੀਜਾਂ ਦੀ ਸ਼ੌਕੀਨ ਸਾਂ ਜੋ ਅਮੀਰ ਔਰਤਾਂ ਪਾਂਦੀਆਂ ਲਾਂਦੀਆਂ ਸਨ। ਉਹ ਮੇਰੀ ਤਾਰੀਫ ਕਰਦਾ ਤੇ ਸੁਗਾਤਾਂ ਦੇਂਦਾ। ਕਿਹੜੀ ਔਰਤ ਹੈ, ਜੋ ਆਪਣੀ ਸੁੰਦਰਤਾ ਦੀ ਪ੍ਰਸ਼ੰਸਾ ਨਾ ਸੁਣਨੀ ਚਾਹੇਗੀ? ਕਿਹੜੀ ਔਰਤ ਹੈ, ਜੋ ਉਹ ਸੁਗਾਤਾ ਨਾ ਲਵੇ,

ਜਿਹੜੀਆਂ ਤਲਕੁਲ ਉਹਦੀ ਮਨ ਪਸੰਦ ਦੀਆਂ ਹੋਣ? ਉਹਨੂੰ ਮੇਰੀ ਇਸ ਕਮਜ਼ੋਰੀ ਦਾ ਪਤਾ ਲੱਗ ਚੁੱਕਾ ਸੀ, ਸਭ ਆਦਮੀਆਂ ਨੂੰ ਲਗ ਜਾਂਦਾ ਹੈ। ਉਹ ਵੀ ਬਦਲੇ ਵਿਚ ਕੁਝ ਚਾਹੁੰਦਾ ਸੀ।

ਸਭ ਆਦਮੀ ਹੀ ਚਾਹੁੰਦੇ ਹਨ। ਉਹ ਕੀ ਚਾਹੁੰਦਾ ਸੀ। ਬੜੀ ਮਾਮੂਲੀ ਜਿਹੀ ਚੀਜ਼ ! ਵੈਸਟਰੀ ਦੀ ਚਾਬੀ ਅਤੇ ਅੰਦਰਲੀ ਅਲਮਾਰੀ ਦੀ ਚਾਬੀ। ਜਦੋਂ ਮੈਂ ਉਹਨੂੰ ਚਾਬੀ ਮੰਗਣ ਦਾ ਕਾਰਣ ਪੁੱਛਿਆ, ਤਾਂ ਉਹਨੇ ਝੂਠ ਬੋਲਿਆ। ਮੈਂ ਉਹਦੇ ਤੇ ਵਿਸ਼ਵਾਸ ਨਹੀਂ ਸਾਂ ਕਰਦੀ। ਪਰ ਮੈਨੂੰ ਕੀ ਮਤਲਬ ਸੀ, ਕਿ ਉਹ ਕੀ ਕਰਨਾ ਚਾਹੁੰਦਾ ਸੀ। ਮੈਨੂੰ ਤਾਂ ਆਪਣੀਆ ਸੁਗਾਤਾਂ ਤੇ ਤੋਹਫ਼ਿਆਂ ਨਾਲ ਮਤਲਬ ਸੀ। ਸੋ ਜਦੋਂ ਮੇਰਾ ਪਤੀ ਇਧਰ ਉਧਰ ਹੁੰਦਾ ਮੈਂ ਉਹਨੂੰ ਚਾਬੀ ਦੇ ਦੇਂਦੀ, ਮੈਂ ਛਪ ਕੇ ਵੇਖਦੀ ਕਿ ਉਹ ਕੀ ਕਰਦਾ ਹੈ। ਚੌਥੀ ਵਾਰ ਦੇਖਣ ਮਗਰੋਂ ਮੈਨੂੰ ਪਤਾ ਲਗ ਗਿਆ ਕਿ ਉਹ ਕੀ ਕਰਨਾ ਚਾਹੁੰਦਾ ਸੀ।

ਮੈਂ ਕਦੀ ਲੋਕਾਂ ਦੇ ਮਾਮਲੇ ਵਿਚ ਬਹੁਤੀ ਦਿਲਚਸਪੀ ਨਹੀਂ ਸੀ ਲਈ, ਅਤੇ ਹੁਣ ਵੀ ਜੇ ਉਹ ਵਿਆਹਾਂ ਦੀ ਸੂਚੀ ਵਿਚ ਇਕ ਹੋਰ ਵਿਆਹ ਦਰਜ ਕਰਾਉਣਾ ਚਾਹੁੰਦਾ ਸੀ, ਤਾਂ ਮੈਨੂੰ ਕੀ ਦਿਲਚਸਪੀ ਹੋ ਸਕਦੀ ਸੀ।

ਹਾਂ, ਇਹ ਤੇ ਮੈਂ ਜਾਣਦੀ ਸਾਂ ਕਿ ਉਹ ਜੋ ਕੁਝ ਕਰ ਰਿਹਾ ਹੈ ਠੀਕ ਨਹੀਂ। ਪਰ ਮੈਨੂੰ ਤੇ ਉਹਦਾ ਕੋਈ ਨੁਕਸਾਨ ਨਹੀਂ ਸੀ, ਸੋ ਮੈਂ ਕਿਉਂ ਰੌਲਾ ਪਾਵਾਂ? ਮੇਰੇ ਕੋਲ ਸੋਨੇ ਦੀ ਚੈਨ ਵਾਲੀ ਸੋਨੇ ਦੀ ਘੜੀ ਵੀ ਨਹੀਂ ਸੀ। ਉਹਨੇ ਮੇਰੇ ਲਈ ਇਹ ਦੋਵੇਂ ਚੀਜ਼ਾਂ ਲੰਦਨ ਤੋਂ ਲਿਆਉਣ ਦਾ ਇਕਰਾਰ ਕੀਤਾ। ਜੇ ਮੈਨੂੰ ਪਤਾ ਹੁੰਦਾ ਕਿ ਜੋ ਉਹ ਕਰ ਰਿਹਾ ਸੀ ਇਕ ਗੁਨਾਹ ਸੀ, ਅਤੇ ਇਸ ਦੀ ਕਾਨੂੰਨ ਸਖਤ ਸਜ਼ਾ ਦੇਂਦਾ ਹੈ, ਤਾਂ ਮੈਂ ਉਹਨੂੰ ਉਥੇ ਹੀ ਪਕੜਵਾ ਦੇਂਦੀ ਅਤੇ ਉਹਦਾ ਭੇਤ ਖੋਲ ਦੇਂਦੀ। ਪਰ ਮੈਨੂੰ ਇਨ੍ਹਾਂ ਗੱਲਾਂ ਦਾ ਕੁਝ ਪਤਾ ਨਹੀਂ ਸੀ, ਅਤੇ ਇਕ ਸੋਨੇ ਦੀ ਘੜੀ ਦੀ ਖਵਾਹਿਸ਼ ਮੇਰੇ ਦਿਲ ਵਿਚ ਸੀ।

ਮੈਂ ਉਹਨੂੰ ਇਹੀ ਕਿਹਾ ਕਿ ਉਹ ਮੈਨੂੰ ਆਪਣਾ ਭੇਤ ਦੱਸੇ। ਮੈਂ ਉਹਦੇ ਮਾਮਲੇ ਵਿਚ ਬੜੀ ਦਿਲਚਸਪੀ ਲੈ ਰਹੀ ਸਾਂ ਉਹਨੇ ਮੈਨੂੰ ਆਪਣੇ ਭੇਤ ਵਿਚ ਲਿਆ, ਪਰ ਇਸ ਪਿਛੇ ਵੀ ਇਕ ਰਾਜ ਸੀ। ਉਹ ਵੀ ਤੁਹਾਨੂੰ ਹੁਣੇ ਸਮਝ ਵਿਚ ਆ ਜਾਏਗਾ।

ਉਹ ਮੈਨੂੰ ਕੁਝ ਵੀ ਦੱਸਣਾ ਨਹੀਂ ਚਾਹੁੰਦਾ ਸੀ। ਪਰ ਮੈਂ ਸੱਚੀ ਗੱਲ ਜਾਣਨ ਉਤੇ ਤੁਲੀ ਹੋਈ ਸਾਂ। ਅੱਧ-ਪਚੱਧਾ ਫਿਰ ਉਹਨੂੰ ਦੱਸਣਾ ਹੀ ਪਿਆ, ਤੇ ਬਾਕੀ ਦਾ ਮੈਂ ਉਹਦੇ ਕੋਲੋਂ ਸਵਾਲ ਪੁੱਛ ਪੁੱਛ ਕੇ ਕਢਵਾ ਲਿਆ।

ਉਹਨੂੰ ਵੀ ਲੋਕਾਂ ਵਾਂਗ ਆਪਣੇ ਮਾਂ ਅਤੇ ਪਿਉ ਦੇ ਸੰਬੰਧਾਂ ਦਾ ਕੁਝ ਪਤਾ ਨਹੀਂ ਸੀ ਜਦੋਂ ਉਹਦੀ ਮਾਂ ਦਾ ਚਲਾਣਾ ਹੋ ਗਿਆ, ਤਾਂ ਉਹਦੇ ਪਿਤਾ ਨੇ ਆਪ ਹੀ ਉਹਨੂੰ ਸਭ ਦੱਸਿਆ। ਉਹਨੇ ਇਹ ਵੀ ਕਿਹਾ, ਕਿ ਉਹ ਆਪਣੇ ਪੁੱਤਰ ਲਈ ਜੋ ਵੀ ਕਰ ਸਕੇਗਾ ਕਰੇਗਾ, ਪਰ ਉਹ ਵਸੀਅਤ ਬਣਾਉਣ ਤੋਂ ਪਹਿਲਾਂ ਹੀ ਸਵਰਗਵਾਸ ਹੋ ਗਿਆ। ਸੋ ਪੁੱਤਰ ਨੇ ਆਪ ਹੀ ਸਭ ਕੁਝ ਠੀਕ ਕਰਨ ਦਾ ਫੈਸਲਾ ਕੀਤਾ। ਉਹਨੇ ਇੰਗਲੈਂਡ ਆ ਕੇ ਆਪਣੀ ਜਾਇਦਾਦ ਸਾਂਭ ਲਈ। ਕੋਈ ਸ਼ੱਕ ਕਰਨ ਵਾਲਾ ਨਹੀਂ ਸੀ, ਉਹ ਦੇ ਮਾਤਾ ਪਿਤਾ ਹਮੇਸ਼ਾਂ ਪਤੀ ਪਤਨੀ ਵਾਂਗ ਰਹੇ ਸਨ। ਕੋਈ ਸੋਚ ਵੀ ਨਹੀਂ ਸੀ ਸਕਦਾ, ਕਿ ਉਨ੍ਹਾਂ ਦਾ ਵਿਆਹ ਨਹੀਂ ਸੀ ਹੋਇਆ। ਜਾਇਦਾਦ ਦਾ ਅਸਲੀ ਹੱਕਦਾਰ ਕੋਈ ਦੂਰ ਦਾ ਰਿਸ਼ਤੇਦਾਰ ਸੀ, ਜਿਸਨੂੰ ਇਹ ਕਦੀ ਸ਼ੱਕ ਨਹੀਂ ਸੀ ਪਿਆ ਕਿ ਉਹ ਇਸ ਜਾਗੀਰ ਜਾਇਦਾਦ ਦਾ ਅਸਲ ਵਾਰਿਸ ਹੈ। ਉਹ ਕਿਸੇ ਸਮੁੰਦਰੀ ਯਾਤਰਾ ਤੇ ਗਿਆ ਹੋਇਆ ਸੀ।

ਇਹਨੂੰ ਆਪਣੇ ਘਰ ਆ ਕੇ ਹਰ ਇਕ ਚੀਜ ਦਾ ਮਾਲਕ ਬਣਨ ਵਿਚ ਕੋਈ ਤਕਲੀਫ ਨਾ ਹੋਈ। ਪਰ ਉਹ ਇਸ ਜਾਇਦਾਦ ਤੇ ਕਰਜਾ ਕਦੀ ਨਹੀਂ ਲੈ ਸਕਦਾ। ਇਸ ਲਈ ਦੋ ਸਰਟੀਫਿਕੇਟ ਜ਼ਰੂਰੀ ਚਾਹੀਦੇ ਸਨ। ਇਕ ਉਹਦੇ ਜਨਮ ਦਾ ਸਰਟੀਫਿਕੇਟ, ਅਤੇ ਦੂਜਾ ਆਪਣੇ ਮਾਤਾ ਪਿਤਾ ਦੇ ਵਿਆਹ ਦਾ ਸਰਟੀਫਿਕੇਟ। ਉਹਨੂੰ ਜਨਮ ਦਾ ਸਰਟੀਫਿਕੇਟ ਤਾਂ ਅਸਾਨੀ ਨਾਲ ਮਿਲ ਗਿਆ। ਉਹ ਇੰਗਲੈਂਡ ਤੋਂ ਬਾਹਰ ਜੰਮਿਆ ਸੀ ਅਤੇ ਉਥੋਂ ਉਹਨੂੰ ਝੱਟ ਆਪਣਾ ਸਰਟੀਫਿਕੇਟ ਮਿਲ ਗਿਆ। ਦੂਜਾ ਸਰਟੀਫਿਕੇਟ ਲੈਣਾ ਹੀ ਮੁਸ਼ਕਲ ਸੀ, ਇਸੇ ਲਈ ਉਹ ਵੈਲਮਿੰਗਮ ਪਹੁੰਚਿਆ। ਉਹ ਨੌਲਸਬਰੀ ਚਲਾ ਜਾਂਦਾ, ਪਰ ਉਥੇ ਜਾਣ ਵਿਚ ਵੀ ਇਕ ਹੋਰ ਮੁਸ਼ਕਲ ਸੀ।

ਉਹਦੀ ਮਾਂ ਉਦੋਂ ਨੌਲਸਬਰੀ ਰਹਿੰਦੀ ਸੀ, ਜਦੋਂ ਉਹਦੇ ਪਿਤਾ ਨਾਲ ਉਹਦੀ ਮੁਲਾਕਾਤ ਹੋਈ ਸੀ। ਉਹ ਉਥੇ ਕੁਆਰੀ ਕੁੜੀ ਵਾਂਗ ਰਹਿੰਦੀ ਸੀ, ਪਰ ਅਸਲ ਵਿਚ ਉਹ ਵਿਆਹੀ ਹੋਈ ਸੀ। ਉਹਨੇ ਆਇਰਲੈਂਡ ਵਿਚ ਵਿਆਹ ਕੀਤਾ ਸੀ, ਪਰ ਉਹਦੇ ਪਤੀ ਨੇ ਉਹਨੂੰ ਮਾਰਿਆ ਕੁੱਟਿਆ ਸੀ ਅਤੇ ਉਹ ਆਪ ਕਿਸੇ ਹੋਰ ਨਾਲ ਚਲਾ ਗਿਆ ਸੀ। ਮੈਂ ਤੁਹਾਨੂੰ ਇਹ ਗੱਲ ਬਿਲਕੁਲ ਸੱਚ ਦਸ ਰਹੀ ਹਾਂ, ਕਿਉਂਕਿ ਸਰ ਫੈਲਿਕਸ ਨੇ ਵਿਆਹ ਨਾਂ ਕਰਨ ਦਾ ਇਹੀ ਕਾਰਣ ਆਪਣੇ ਪੁੱਤਰ ਨੂੰ ਦਸਿਆ ਸੀ। ਤੁਸੀਂ ਸੋਚਦੇ ਹੋਵੋਗੇ, ਕਿ ਜਦ ਉਹਦੇ ਮਾਤਾ ਪਿਤਾ ਨੌਲਸਬਰੀ ਵਿਚ ਹੀ ਮਿਲੇ ਸਨ, ਤਾਂ ਪੁੱਤਰ ਨੇ ਨੌਲਸਬਰੀ ਦੇ ਰਜਿਸਟਰ ਵਿਚ ਹੀ

ਕਿਉਂ ਛੇੜ-ਛਾੜ ਨਾ ਕੀਤੀ। ਇਸਦਾ ਇਹ ਕਾਰਣ ਸੀ ਕਿ ਅਠਾਰਾਂ ਸੋ ਤਿੰਨ ਵਿਚ ਜਿਸ ਪਾਦਰੀ ਨੇ ਵਿਆਹ ਕਰਵਾਏ ਸਨ, ਉਹ ਉਦੋਂ ਅਠਾਰਾਂ ਸੌ ਸਤਾਈ ਦੀ ਜਨਵਰੀ ਵਿਚ ਜੀਉਂਦਾ ਸੀ, ਜਦੋਂ ਪੁੱਤਰ ਨੇ ਆ ਕੇ ਆਪਣੀ ਜਾਇਦਾਦ ਉੱਤੇ ਕਬਜ਼ਾ ਕੀਤਾ ਸੀ। ਸੋ ਉਹਨੇ ਸਾਡੇ ਗਿਰਜੇ ਵਿਚ ਆ ਕੇ ਪਤਾ ਕੀਤਾ, ਇਥੇ ਕੋਈ ਖਤਰਾ ਨਹੀਂ ਸੀ ਕਿਉਂਕਿ ਸਾਡੇ ਗਿਰਜੇ ਵਿਚ ਪਹਿਲਾ ਪਾਦਰੀ ਕਾਫ਼ੀ ਸਾਲਾਂ ਤੋਂ ਮਰ ਚੁੱਕਾ ਹੋਇਆ ਸੀ।

ਉਹਦੇ ਲਈ ਪੁਰਾਣੇ ਵੈਲਮਿੰਗਮ ਜਾਂ ਨੌਲਸਬਰੀ ਵਿਚ ਕੋਈ ਫਰਕ ਨਹੀਂ ਸੀ। ਉਹਦਾ ਪਿਤਾ ਉਹਦੀ ਮਾਂ ਨੂੰ ਨੌਲਸਬਰੀ ਤੋਂ ਲਿਆ ਕੇ ਸਾਡੇ ਪਿੰਡ ਦੇ ਨੇੜੇ ਨਦੀ ਦੇ ਕਿਨਾਰੇ ਇਕ ਘਰ ਵਿਚ ਵੀ ਰਿਹਾ ਸੀ। ਲੋਕਾਂ ਨੂੰ ਉਹਦੀਆਂ ਆਦਤਾਂ ਦਾ ਪਤਾ ਸੀ। ਉਹ ਜਦੋਂ ਇਕੱਲਾ ਸੀ ਤਾਂ ਵੀ ਕਿਸੇ ਨਾਲ ਮਿਲਦਾ ਜੁਲਦਾ ਨਹੀਂ ਸੀ, ਅਤੇ ਹੁਣ ਜਦੋਂ ਉਹਦੀ ਪਤਨੀ ਵੀ ਸੀ, ਲੋਕਾਂ ਨੂੰ ਉਹਦੇ ਇੰਜ ਵੱਖ ਰਹਿਣ ਉੱਤੇ ਵੀ ਹੈਰਾਨੀ ਹੋ ਸਕਦੀ ਸੀ। ਉਹ ਵੇਖਣ ਵਿਚ ਬਹੁਤ ਭੱਦਾ, ਅਤੇ ਬਦਸੂਰਤ ਸੀ, ਇਸ ਲਈ ਕਿਸੇ ਨੂੰ ਵੀ ਕੋਈ ਸ਼ੱਕ ਨਹੀਂ ਪਿਆ। ਸਭ ਇਹੀ ਸਮਝਦੇ ਸਨ, ਕਿ ਉਹ ਆਪਣੀ ਕਰੂਪਤਾ ਕਾਰਣ ਛੁਪ ਕੇ ਰਹਿੰਦਾ ਹੈ, ਅਤੇ ਕਿਸੇ ਨਾਲ ਬੋਲ ਚਾਲ ਕੇ ਖੁਸ਼ ਨਹੀਂ ਹੁੰਦਾ। ਉਹ ਉਦੋਂ ਤੀਕ ਸਾਡੇ ਗੁਵਾਂਢ ਹੀ ਰਿਹਾ, ਜਦੋਂ ਤੀਕ ਬਲੈਕਵਾਟਰ ਪਾਰਕ ਉਹਨੂੰ ਨਹੀਂ ਮਿਲਿਆ ਸੀ। ਤੇਈ ਜਾਂ ਚੌਵੀਂ ਸਾਲਾਂ ਮਗਰੋਂ ਕੌਣ ਕਹਿ ਸਕਦਾ ਸੀ ਕਿ ਉਹਦਾ ਵਿਆਹ ਨਹੀਂ ਹੋਇਆ ਸੀ।

ਉਸ ਵੇਲੇ ਜੋ ਪਾਦਰੀ ਵਿਆਹ ਕਰਾਉਂਦਾ ਸੀ, ਉਹ ਮਰ ਖੱਪ ਚੁਕਾ ਸੀ, ਅਤੇ ਲੋਕਾਂ ਨੇ ਇਹੀ ਅੰਦਾਜ਼ਾ ਲਾਇਆ ਹੋਣਾ ਹੈ ਕਿ ਸਰ ਫੈਲਿਕਸ ਨੇ ਵਿਆਹ ਵੀ ਸਭ ਲੋਕਾਂ ਤੋਂ ਛੁਪ ਕੇ ਹੀ ਕਰਵਾਇਆ ਹੋਣਾ ਹੈ। ਕੌਣ ਕਹਿ ਸਕਦਾ ਸੀ, ਕਿ ਉਹਦਾ ਵਿਆਹ ਪੁਰਾਣੇ ਵੈਲਮਿੰਗਮ ਗਿਰਜੇ ਵਿਚ ਨਹੀਂ ਸੀ ਹੋਇਆ।

ਸੋ, ਜਿਵੇਂ ਮੈਂ ਤੁਹਾਨੂੰ ਦੱਸ ਚੁੱਕੀ ਹਾਂ, ਪੁੱਤਰ ਨੂੰ ਸਾਡਾ ਗਿਰਜਾ ਸਭ ਤੋਂ ਉਚਿਤ ਥਾਂ ਦਿਸੀ, ਜਿਥੇ ਉਹਦਾ ਕੰਮ ਨਿਰਵਿਘਨ ਸੰਪੰਨ ਹੋ ਸਕਦਾ ਸੀ। ਤੁਹਾਨੂੰ ਸੁਣ ਕੇ ਹੈਰਾਨੀ ਰਵੇਗੀ ਕਿ ਜੋ ਕੁਝ ਉਹਨੇ ਰਜਿਸਟਰ ਵਿਚ ਕੀਤਾ ਸੀ, ਉਹ ਉਹਨੇ ਪਹਿਲਾਂ ਸੋਚਿਆ ਹੀ ਨਹੀਂ ਸੀ।

ਸੋਚ ਕੇ ਤਾਂ ਉਹ ਕੁਝ ਹੋਰ ਹੀ ਗਿਆ ਸੀ। ਉਹਨੇ ਉਸ ਸਾਲ ਅਤੇ ਮਹੀਨੇ ਦਾ, ਜਿਸ ਵਿਚ ਉਹਦੇ ਮਾਤਾ ਪਿਤਾ ਦਾ ਵਿਆਹ ਦਰਜ ਹੋਣਾ ਚਾਹੀਦਾ ਸੀ, ਦਾ ਪੰਨਾ ਫਾੜ ਲੈਣ ਦੀ ਸਲਾਹ ਬਣਾਈ ਸੀ। ਇਸ ਤੋਂ ਮਗਰੋਂ ਉਹ ਲੰਦਨ ਜਾ ਕੇ ਆਪਣੇ ਵਕੀਲ ਨੂੰ ਕਹਿੰਦਾ ਕਿ ਉਹਨੂੰ ਆਪਣੇ ਮਾਤਾ ਪਿਤਾ ਦੇ ਵਿਆਹ ਦਾ ਸਰਟੀਵਿਕੇਟ ਚਾਹੀਦਾ ਹੈ, ਅਤੇ ਉਹਨੂੰ ਉਹੀ ਸਾਲ ਤੇ ਤਾਰੀਖ ਦੱਸਦਾ, ਜਿਸਦਾ ਪੰਨਾ ਉਸ ਨੇ ਫਾੜ ਲਿਆ ਸੀ। ਫਿਰ ਕੋਈ ਵੀ ਇਹ ਗੱਲ ਕਦੀ ਵੀ ਨਹੀਂ ਕਹਿ ਸਦਕਾ ਸੀ, ਕਿ ਉਹਦੇ ਮਾਤਾ ਪਿਤਾ ਦਾ ਵਿਆਹ ਨਹੀਂ ਹੋਇਆ ਸੀ। ਫਿਰ ਉਹਨੂੰ ਕਰਜਾ ਵੀ ਮਿਲ ਸਕਦਾ ਸੀ, ਅਤੇ ਜੇ ਕੋਈ ਜਾਗੀਰ ਬਾਰੇ ਉਹਦੇ ਹੱਕ ਤੇ ਸ਼ੱਕ ਕਰਦਾ ਤਾਂ ਉਹਦਾ ਜਵਾਬ ਉਹਦੇ ਕੋਲ ਤਿਆਰ ਹੁੰਦਾ।

ਪਰ ਜਦੋਂ ਉਹਨੇ ਆਪ ਵੈਸਟਰੀ ਵਿਚ ਜਾ ਕੇ ਰਜਿਸਟਰ ਵੇਖਿਆ, ਤਾਂ ਉਹਨੂੰ ਅਠਾਰਾਂ ਸੋ ਤਿੰਨ ਸਾਲ ਦੀ ਸੂਚੀ ਵਿਚ ਇਕ ਪੰਨੇ ਹੇਠਾਂ ਥੋੜੀ ਜੇਹੀ ਥਾਂ ਖਾਲੀ ਦਿਸੀ। ਕਿਉਂਕਿ ਉਥੇ ਦੋ ਭਰਾਵਾਂ ਦੇ ਵਿਆਹ ਦਰਜ ਕਰਨੇ ਸਨ, ਸੋ ਪਾਦਰੀ ਨੇ ਇਹੀ ਠੀਕ ਸਮਝਿਆ ਹੋਵੇਗਾ ਕਿ ਦੂਜੇ ਪੰਨੇ ਤੇ ਹੀ ਨਾਂ ਦਰਜ ਕੀਤੇ ਜਾਣ। ਇਸ ਖਾਲੀ ਥਾਂ ਨੂੰ ਵੇਖ ਕੇ ਉਹਦੀ ਸਾਰੀ ਸਕੀਮ ਹੀ ਬਦਲ ਗਈ, ਅਜਿਹਾ ਮੌਕਾ ਮਿਲਣ ਦੀ ਉਹਨੂੰ ਕੋਈ ਉਮੀਦ ਨਹੀਂ ਸੀ। ਉਹਦੇ ਜਨਮ ਦੇ ਸਰਟੀਫਿਕੇਟ ਅਨੁਸਾਰ ਇਹ ਵਿਆਹ ਜੁਲਾਈ ਵਿਚ ਹੋਣਾ ਚਾਹੀਦਾ ਸੀ, ਪਰ ਜੇ ਕਦੀ ਕਿਸੇ ਨੂੰ ਸ਼ੱਕ ਹੋਇਆ ਤਾਂ ਉਹਨੂੰ ਇਹ ਜਵਾਬ ਦਿਤਾ ਜਾ ਸਕਦਾ ਸੀ, ਕਿ ਉਹ ਸਤ-ਮਾਹਿਆਂ ਸੀ।

ਮੈਂ ਏਨੀ ਬੇਵਕੂਫ਼ ਸਾਂ ਕਿ ਜਦੋਂ ਉਹਨੇ ਇਹ ਕਹਾਣੀ ਸੁਣਾਈ ਤਾਂ ਉਹਦੇ ਤੇ ਤਰਸ ਕਰਨ ਲੱਗ ਪਈ, ਕੁਝ ਦਿਲਚਸਪੀ ਲੈਣ ਲੱਗ ਪਈ, ਉਹਨੂੰ ਇਹ ਪਹਿਲਾਂ ਹੀ ਪਤਾ ਸੀ।

ਮੈਂ ਇਹੀ ਸੋਚਿਆ, ਕਿ ਉਹਦੇ ਨਾਲ ਦੁਨੀਆਂ ਨੇ ਚੰਗਾ ਵਰਤਾਉ ਨਹੀਂ ਕੀਤਾ। ਉਹਦਾ ਕੀ ਕਸੂਰ ਸੀ ਕਿ ਜੇ ਉਹਦੇ ਮਾਤਾ ਪਿਤਾ ਨੇ ਵਿਆਹ ਨਹੀਂ ਕਰਵਾਇਆ ਸੀ। ਉਹਦੇ ਮਾਤਾ ਪਿਤਾ ਦਾ ਵੀ ਕੋਈ ਕਸੂਰ ਨਹੀਂ ਸੀ। ਕੋਈ ਹੋਰ ਮੇਰੇ ਤੋਂ ਸਿਆਣੀ ਔਰਤ ਹੁੰਦੀ- ਜਿਸ ਨੇ ਸੋਨੇ ਦੀ ਘੜੀ ਉਤੇ ਅੱਖ ਨਾ ਲਾਈ ਹੁੰਦੀ, ਉਹ ਵੀ ਸ਼ਾਇਦ ਉਹਦੇ ਜਾਲ ਵਿਚ ਫਸ ਹੀ ਜਾਂਦੀ। ਮੈਂ ਵੀ ਕਿਸੇ ਨੂੰ ਕੁਝ ਨਾ ਦਸਿਆ ਸਗੋਂ ਉਹ ਜੋ ਕਰ ਰਿਹਾ ਸੀ, ਉਸ ਉਤੇ ਪਰਦਾ ਪਾਣ ਦੀ ਕੋਸ਼ਿਸ਼ ਕੀਤੀ।

ਉਹ ਕੁਝ ਦਿਨ ਸਿਆਹੀਆਂ ਨੂੰ ਮੇਰੀਆਂ ਹੀ ਬੋਤਲਾਂ ਵਿਚ ਮਿਲਾ ਕੇ ਵੇਖਦਾ ਰਿਹਾ, ਅਤੇ ਕੁਝ ਚਿਰ ਲਿਖਾਈ ਮਿਲਾਣ ਦੀ ਕੋਸ਼ਿਸ਼ ਕਰਦਾ ਰਿਹਾ। ਅੰਤ ਵਿਚ ਉਹ ਕਾਮਯਾਬ ਹੋ ਗਿਆ। ਉਹਨੇ ਆਪਣੀ ਮਰ ਚੁਕੀ ਮਾਂ ਦੇ ਪੱਲੇ ਤੋਂ ਉਹ ਦਾਗ ਧੋ ਛਡਿਆ। ਇਥੋਂ ਤਕ ਕੇ ਉਹ ਮੇਰੇ ਨਾਲ ਬੜੀ ਚੰਗੀ ਤਰ੍ਹਾਂ ਪੇਸ਼ ਆਇਆ। ਉਹਨੇ ਮੈਨੂੰ ਸੋਨੇ ਦੀ ਜੰਜੀਰ ਵਾਲੀ ਸੋਨੇ ਦੀ ਘੜੀ ਦਿਤੀ। ਦੋਵੇਂ ਹੀ ਚੀਜ਼ਾਂ ਬੜੀਆਂ ਮਹਿੰਗੀਆਂ ਸਨ। ਮੇਰੇ ਕੋਲ ਅਜੇ ਤਕ ਹਨ। ਘੜੀ ਬਿਲਕੁਲ ਠੀਕ ਵਕਤ ਦੇਂਦੀ ਹੈ।

ਤੁਸੀਂ ਉਸ ਦਿਨ ਕਿਹਾ ਸੀ, ਕਿ ਤਹਾਨੂੰ ਮਿਸੇਜ ਕਲੀਮੈਂਟਸ ਨੇ ਸਭ ਕੁੱਝ ਦਸ ਦਿਤਾ ਸੀ। ਮੈਂ ਉਹ ਸਭ ਕੁਝ ਨਹੀਂ ਲਿਖਾਂਗੀ। ਮੇਰੇ ਖਿਲਾਫ ਚਿੱਕੜ ਉਛਾਲਿਆ ਗਿਆ ਜਿਸ ਵਿਚ ਮੈਂ ਬਿਲਕੁਲ ਨਿਰਦੋਸ਼ ਸਾਂ। ਤੁਸੀਂ ਆਪ ਅੰਦਾਜ਼ਾ ਲਾ ਸਕਦੇ ਹੋ, ਕਿ ਮੇਰੇ ਪਤੀ ਨੇ ਆਪਣੇ ਮਨ ਵਿਚ ਕੀ ਸੋਚਿਆ ਹੋਵੇਗਾ। ਜਦੋਂ ਉਹਨੇ ਮੈਨੂੰ ਤੇ ਮੇਰੇ ਅਮੀਰ ਨੌਜਵਾਨ ਨੂੰ ਛੁਪ ਛਪ ਕੇ ਗੱਲਾਂ ਕਰਦਿਆਂ ਵੇਖਿਆ ਹੋਵੇਗਾ। ਪਰ ਤੁਸੀਂ ਇਹ ਨਹੀਂ ਜਾਣਦੇ ਕਿ ਉਸ ਨੌਜਵਾਨ ਤੇ ਮੇਰੇ ਵਿਚਕਾਰ ਇਹ ਗੱਲ ਖਤਮ ਕਿਵੇਂ ਹੋਈ। ਤੁਸੀਂ ਹੁਣੇ ਪੜ੍ਹੋਗੇ ਤੁਹਾਨੂੰ ਪਤਾ ਲਗੇਗਾ।

ਜਿਸ ਵੇਲੇ ਮੈਂ ਵੇਖਿਆ ਕਿ ਸਾਰਾ ਪਿੰਡ ਅਤੇ ਮੇਰਾ ਪਤੀ ਵੀ ਮੈਨੂੰ ਇਕ ਭੈੜੀ ਔਰਤ ਸਮਝ ਰਿਹਾ ਹੈ, ਮੈਂ ਉਹਨੂੰ ਇਹ ਕਿਹਾ, "ਮੇਰੇ ਨਾਲ ਇਨਸਾਫ਼ ਕਰ, ਮੇਰੀ ਇੱਜ਼ਤ ਤੇ ਦਾਗ ਲੱਗ ਰਿਹਾ ਹੈ, ਤੂੰ ਸਾਰੀ ਦੁਨੀਆਂ ਸਾਹਮਣੇ ਦਸ ਦੇ ਕਿ ਮੈਂ ਬੇਕਸੂਰ ਹਾਂ। ਮੈਂ ਇਹ ਨਹੀਂ ਕਹਿੰਦੀ, ਕਿ ਮੇਰੇ ਪਤੀ ਨੂੰ ਸਭ ਕੁਝ ਦਸ ਦੇ। ਮੈਂ ਸਿਰਫ ਇਹ ਕਹਿ ਰਹੀ ਹਾਂ, ਕਿ ਤੂੰ ਉਹਨੂੰ ਸਾਫ ਸਾਫ ਕਹਿ ਦੇ, ਕਿ ਮੈਂ ਉਹਦੀ ਇਜ਼ਤ ਨੂੰ ਮਲੀਆ-ਮੇਟ ਨਹੀਂ ਕੀਤਾ, ਮੈਂ ਉਹਨੂੰ ਕੋਈ ਧੋਖਾ ਨਹੀਂ ਦਿਤਾ। ਮੈਂ ਤੇਰੇ ਲਈ ਇੰਨਾ ਕੁਝ ਕੀਤਾ ਹੈ, ਤੂੰ ਘਟ ਤੋਂ ਘਟ ਮੇਰੇ ਨਾਲ ਇਹ ਨਿਆਂ ਹੋ ਜਾਣ ਦੇ।" ਪਰ ਉਹਨੇ ਮੈਨੂੰ ਸਾਫ ਨਾਂਹ ਕਰ ਦਿਤੀ। ਉਹਨੇ ਕਿਹਾ, ਕਿ ਉਹਨੂੰ ਇਸ ਗੱਲ ਦਾ ਫਾਇਦਾ ਹੈ ਕਿ ਸਾਰੇ ਲੋਕ ਇਹੀ ਸਮਝਣ, ਕਿ ਮੈਂ ਭੈੜੀ ਹਾਂ ਇਸ ਤਰ੍ਹਾਂ ਉਹ ਅਸਲ ਗੱਲ ਬਾਰੇ ਕਦੀ ਸ਼ੱਕ ਵੀ ਨਹੀਂ ਕਰਨਗੇ। ਮੈਂ ਉਹਨੂੰ ਕਿਹਾ, ਕਿ ਮੈਂ ਸਭ ਨੂੰ ਸੱਚੀ ਗੱਲ ਦਸ ਦਿਆਂਗੀ। ਪਰ ਉਹਨੇ ਇਕ ਸ਼ਬਦ ਕਹਿ ਕੇ ਮੇਰੀ ਜ਼ਬਾਨ ਬੰਦ ਕਰ ਦਿਤੀ। ਜੇ ਮੈਂ ਦੱਸਿਆ ਤਾਂ ਮੈਂ ਵੀ ਨਾਲ ਹੀ ਫੜੀ ਜਾਵਾਂਗੀ।

ਤਾਂ ਇਹ ਗੱਲ ਸੀ। ਮੈ ਉਹਦੀ ਮਦਦ ਕਰਨ ਨਾਲ ਕਿੰਨਾ ਖ਼ਤਰਾ ਸਹੇੜ ਲਿਆ ਸੀ, ਇਸ ਦਾ ਮੈਨੂੰ ਕੋਈ ਅਨੁਮਾਨ ਹੀ ਨਹੀਂ ਸੀ। ਉਹਨੇ ਮੇਰੀ ਅਗਿਆਨਤਾ ਤੋਂ ਵਾਇਦ ਉਠਾਦਿਆ ਸੀ। ਉਹਨੇ ਮੈਨੂੰ ਤੋਹਫ਼ਿਆਂ ਦਾ ਲਾਲਚ ਦੇ ਕੇ ਫਸਾ ਲਿਆ ਸੀ, ਆਪਣੀਆਂ ਉਲਟੀਆਂ ਸਿਧੀਆਂ ਕਹਾਣੀਆਂ ਸੁਣਾ ਕੇ, ਮੈਨੂੰ ਆਪਣੇ ਨਾਲ ਕੁਕਰਮ ਵਿਚ ਭਾਈਵਾਲ ਬਣਾ ਲਿਆ ਸੀ। ਉਹਨੇ ਇਹ ਗੱਲ ਮੈਨੂੰ ਠੰਢੇ ਦਿਲ ਨਾਲ ਸਮਝਾਈ, ਅਤੇ ਇਹ ਵੀ ਪਹਿਲੀ ਵਾਰ ਦੱਸਿਆ ਕਿ ਇਸ ਗੁਨਾਹ ਦੀ ਉਹਦੇ ਲਈ ਕੀ ਸਜ਼ਾ ਸੀ, ਅਤੇ ਮੇਰੇ ਲਈ ਕੀ ਸਜ਼ਾ ਸੀ। ਉਹਨਾਂ ਦਿਨਾਂ ਵਿਚ ਸਜ਼ਾਵਾਂ ਬੜੀਆਂ ਸਖਤ ਹੁੰਦੀਆਂ ਸਨ। ਸਿਰਫ ਕਾਤਲਾਂ ਨੂੰ ਹੀ ਫਾਂਸੀ ਦੀ ਸਜ਼ਾ ਨਹੀਂ ਦਿਤੀ ਜਾਂਦੀ ਸੀ, ਸਗੋਂ ਕੈਦਣਾਂ ਨਾਲ ਬੜਾ ਬੁਰਾ ਵਰਤਾਵ ਕੀਤਾ ਜਾਂਦਾ ਸੀ। ਉਹਨੇ ਮੈਨੂੰ ਡਰਾ ਦਿਤਾ, ਉਹ ਕਮੀਨਾ ਸੀ, ਨੀਚ ਸੀ, ਅਤੇ ਬੁਜ਼ਦਿਲ ਬਦਮਾਸ਼ ਸੀ। ਹੁਣ ਤੁਸੀਂ ਸਮਝ ਗਏ ਹੋਵੇਗੇ, ਕਿ ਮੈਂ ਉਹਨੂੰ ਨਫ਼ਰਤ ਕਿਉਂ ਕਰਦੀ ਸਾਂ। ਤਾਂ ਹੀ ਮੈਂ ਉਸ ਨੌਜਵਾਨ ਨੂੰ ਇੰਨਾ ਧੰਨਵਾਦ ਦੇ ਰਹੀ ਹਾਂ, ਜਿਸ ਨੇ ਉਹਦੇ ਗੁਨਾਹ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਅਤੇ ਸਫਲ ਹੋਇਆ।

ਖੈਰ-ਉਸ ਵੇਲੇ ਉਹ ਚੁੱਪ ਹੋ ਗਿਆ, ਉਹ ਏਨਾ ਬੇਵਕੂਫ ਨਹੀਂ ਸੀ, ਕਿ ਮੈਨੂੰ ਇਕਦਮ ਜਵਾਬ ਦੇ ਦੇਂਦਾ। ਉਹਨੇ ਮੈਨੂੰ ਕਈ ਤਰ੍ਹਾਂ ਦੀਆਂ ਹੋਰ ਉਮੀਦਾਂ ਆਸਾਂ ਦਿਤੀਆਂ ਅਤੇ ਉਸ ਵੇਲੇ ਮੇਰਾ ਮੂੰਹ ਬੰਦ ਕਰ ਦਿਤਾ।

ਉਹਨੇ ਮੇਰੇ ਤੇ ਮਿਹਰਬਾਨੀ ਕੀਤੀ ਅਤੇ ਇਹ ਕਿਹਾ ਕਿ ਮੈਨੂੰ ਇਨਾਮ ਮਿਲਣਾ ਚਾਹੀਦਾ ਹੈ ਅਤੇ ਜੋ ਬਦਨਾਮੀ ਮੈਂ ਝਲੀ ਹੈ, ਕੋਈ ਨਾ ਕੋਈ ਇਵਜਾਨਾ ਉਸ ਦਾ ਵੀ ਉਹ ਮੈਨੂੰ ਦੇਏਗਾ। ਉਹ ਮੈਨੂੰ ਸਾਲ ਲਈ ਖਰਚ ਦੇਣ ਨੂੰ ਵੀ ਤਿਆਰ ਹੋ ਗਿਆ। ਪਰ ਇਸ ਲਈ ਉਹਨੇ ਦੋ ਸ਼ਰਤਾਂ ਰਖੀਆ ਇਕ ਤੇ ਮੈਂ ਚੁਪ ਰਵਾ ਕਿਉਂਕਿ ਸਾਡਾ ਦੋਹਾਂ ਦਾ ਭਲਾ ਇਸ ਵਿਚ ਹੀ ਸੀ, ਦੂਜੀ ਇਹ ਕਿ ਮੈਂ ਵੈਲਮਿੰਗਮ ਵਿਚ ਹੀ ਰਵਾ। ਜੇ ਉਥੋਂ ਕਿਧਰੇ ਜਾਣਾ ਹੋਵੇ ਤਾਂ ਮੈਨੂੰ ਉਹਦੀ ਆਗਿਆ ਲੈਣੀ ਪਵੇਗੀ। ਕਿਉਂਕਿ ਇਸ ਪਿੰਡ ਵਿਚ ਕਈ ਗਵਾਂਢਣ ਮੇਰੇ ਨਾਲ ਆ ਕੇ ਨਹੀਂ ਬੈਠੇਗੀ ਅਤੇ ਨਾ ਹੀ ਮੈਂ ਆਪਣੇ ਦਿਲ ਦੀ ਗੱਲ ਕਿਸੇ ਨੂੰ ਦਸਾਂਗੀ। ਇਥੇ ਮੈਨੂੰ ਉਹ ਹਰ ਵੇਲੇ ਆ ਕੇ ਲੱਭ ਸਕਦਾ ਸੀ। ਇਹ ਬੜੀ ਸਖ਼ਤ ਪਾਬੰਦੀ ਸੀ ਮੇਰੇ ਤੇ, ਪਰ ਮੈਂ ਮੰਨ ਗਈ। ਕੀ ਕਰਦੀ ਫਸ ਗਈ ਸਾਂ ਤੇ ਹੁਣ ਭਟਕਣਾ ਕੀ ਸੀ। ਮੈਂ ਇਕੱਲੀ ਬੇਸਹਾਰਾ ਔਰਤ

ਸਾਂ। ਮੈਂ ਆਪਣੇ ਪਤੀ ਕੋਲ ਕੁਝ ਮੰਗ ਨਹੀਂ ਸਾਂ ਸਕਦੀ, ਜਿਸ ਨੇ ਆਪ ਹੀ ਮੇਰੀ ਬਦਨਾਮੀ ਕੀਤੀ ਸੀ। ਇਸ ਤੋਂ ਤਾਂ ਮੈਂ ਮਰ ਜਾਣਾ ਚੰਗਾ ਸਮਝਦੀ ਸਾਂ। ਉਹਨੇ ਮੈਨੂੰ ਚੰਗੇ ਪੈਸੇ ਦੇਣੇ ਸ਼ੁਰੂ ਕੀਤੀ। ਉਹ ਔਰਤਾਂ ਜੋ ਮੈਨੂੰ ਵੇਖ ਕੇ ਨੱਕ ਚਾੜ੍ਹਦੀਆਂ ਸਨ, ਉਹ ਮੇਰੇ ਕੱਪੜੇ, ਮੇਰਾ ਘਰ, ਮੇਰੇ ਘਰ ਦੇ ਗਲੀਚੇ ਤਕ ਕੇ ਹੁਣ ਸੜਦੀਆਂ ਸਨ। ਲੋਕ ਸੂਤੀ ਕਪੜੇ ਪਾਂਦੇ ਸਨ ਪਰ ਮੈ ਸਿਲਕ ਪਾਂਦੀ ਸੀ।

ਮੈਂ ਉਸ ਬਦਮਾਸ਼ ਦੀਆਂ ਸ਼ਰਤਾਂ ਮੰਨ ਕੇ ਹੀ ਚੁੱਪ ਹੋ ਗਈ। ਆਪਣੇ ਇਜ਼ਤਦਾਰ ਗਵਾਂਢੀਆਂ ਵਿਚ ਰਹਿ ਕੇ ਹੀ ਉਨ੍ਹਾਂ ਦਿਆਂ ਤਾਹਨਿਆਂ ਮਿਹਣਿਆਂ ਨੂੰ ਸੁਣਿਆ ਅਤੇ ਅਖੀਰ ਵਿਚ ਆਪਣੀ ਇਜ਼ਤ ਬਣਾਉਣ ਵਿਚ ਕਾਮਯਾਬ ਹੋਈ ਜਿਵੇਂ ਤੁਸੀਂ ਵੇਖ ਚੁਕੇ ਹੋ। ਮੈਂ ਉਹਦਾ ਭੇਤ ਕਿਵੇਂ ਸਾਂਭਿਆ ਅਤੇ ਕੀ ਸਚਮੁਚ ਮੇਰੀ ਸਵਰਗਵਾਸੀ ਲੜਕੀ ਏਨ ਨੂੰ ਕੁਝ ਪਤਾ ਸੀ ਕਿ ਨਹੀਂ ਸ਼ਾਇਦ ਤੁਸੀਂ ਇਹ ਜਾਣਨਾ ਚਾਹੁੰਦੇ ਹੋਵੇਗੇ ! ਮੈਂ ਤੁਹਾਡੀ ਰਿਣੀ ਹਾਂ, ਇਸ ਲਈ ਤੁਹਾਨੂੰ ਸਭ ਦੱਸ ਦਿਆਂਗੀ। ਪਰ ਮੈਂ ਹੈਰਾਨ ਹਾਂ, ਮਿਸਟਰ ਹਾਰਟਰਾਈਟ, ਕਿ ਤੁਹਾਨੂੰ ਮੇਰੀ ਲੜਕੀ ਵਿਚ ਕੀ ਦਿਲਚਸਪੀ ਸੀ? ਮੈਨੂੰ ਇਸ ਦੀ ਸਮਝ ਨਹੀਂ ਆਈ। ਜੋ ਤੁਸੀਂ ਕਿਸੇ ਖਾਸ ਕਾਰਨ ਕਰਕੇ ਉਹਦੀ ਪਹਿਲੀ ਜ਼ਿੰਦਗੀ ਬਾਰੇ ਜਾਣਨਾ ਚਾਹੁੰਦੇ ਹੋ, ਤਾਂ ਤੁਸੀਂ ਮਿਸਜ਼ ਕਲੀਮੈਂਟਸ ਤੋਂ ਪੁਛਣਾ, ਉਹਨੂੰ ਮੇਰੇ ਨਾਲੋਂ ਉਹਦਾ ਜ਼ਿਆਦਾ ਪਤਾ ਹੈ। ਮੈਂ ਐਵੇਂ ਝੂਠ ਨਹੀਂ ਬੋਲਾਂਗੀ, ਕਿ ਮੈਂ ਉਹਨੂੰ ਬਹੁਤ ਪਿਆਰ ਕਰਦੀ ਸਾਂ। ਉਹ ਸ਼ੁਰੂ ਤੋਂ ਅਖੀਰ ਤਕ ਮੇਰੇ ਲਈ ਚਿੰਤਾ ਦਾ ਕਾਰਣ ਸੀ, ਅਤੇ ਉਹਦਾ ਦਿਮਾਗ ਵੀ ਕੁਝ ਠੀਕ ਨਹੀਂ ਸੀ। ਤੁਸੀਂ ਸਾ ਸਪਸ਼ਟ ਗੱਲ ਪਸੰਦ ਕਰਦੇ ਹੋ, ਇਸ ਲਈ ਮੈਂ ਤੁਹਾਨੂੰ ਸੱਚ ਹੀ ਦਸ ਰਹੀ ਹਾਂ।

ਮੈਂ ਆਪਣੀਆਂ ਨਿੱਕੀਆਂ ਨਿੱਕੀਆਂ ਗੱਲਾਂ ਦਸ ਕੇ ਤੁਹਾਨੂੰ ਪਰੇਸ਼ਾਨ ਨਹੀਂ ਕਰਾਂਗੀ। ਮੈਂ ਆਪਣੇ ਵਲੋਂ ਉਨ੍ਹਾਂ ਸ਼ਰਤਾਂ ਵਿਚ ਕਿਸੇ ਕਿਸਮ ਦੀ ਅਣਗਹਿਲੀ ਨਹੀਂ ਕੀਤੀ। ਮੈਨੂੰ ਆਪਣਾ ਖਰਚ ਹਰ ਤਿੰਨਾਂ ਮਹੀਨਿਆਂ ਬਾਦ ਮਿਲਦਾ ਰਿਹਾ। ਵਿਚ ਵਿਚ ਮੈਂ ਇਥੋਂ ਜਾਂਦੀ ਸੀ, ਪਰ ਪਹਿਲਾਂ ਮੈਂ ਉਹਦੇ ਕੋਲੋਂ ਆਗਿਆ ਲੈਂਦੀ ਸਾਂ, ਜੋ ਸਦਾ ਮੈਨੂੰ ਮਿਲ ਜਾਂਦੀ ਰਹੀ। ਉਹ ਮੈਨੂੰ ਤੰਗ ਨਹੀਂ ਸੀ ਕਰ ਸਕਦਾ, ਅਤੇ ਉਹ ਜਾਣਦਾ ਸੀ ਕਿ ਮੈਂ ਕਿਸੇ ਨਾਲ ਕੋਈ ਗੱਲ ਨਹੀਂ ਕਰਾਂਗੀ। ਕਿਉਂਕਿ ਮੈਂ ਆਪ ਵੀ ਉਸ ਗੁਨਾਹ ਦੀ ਹਿੱਸੇਦਾਰ ਸਾਂ। ਮੈਂ ਲਿਮਰਿਜ ਕਾਫੀ ਦੇਰ ਲਈ ਗਈ ਸਾਂ। ਉਥੇ ਮੈਂ' ਆਪਣੀ ਮਤਰੇਈ ਭੈਣ ਦੀ ਸੇਵਾ ਕਰਨ ਗਈ ਸਾਂ। ਮੈਂ ਸੁਣਿਆ ਸੀ,

ਉਸਨੇ ਕਾਫ਼ੀ ਰਕਮ ਜਮਾਂ ਕੀਤੀ ਹੋਈ ਹੈ। ਮੈਂ ਦਿਲ ਵਿਚ ਸੋਚਿਆ ਕਿ ਜੇ ਕਦੀ ਇਧਰ ਮੇਰੀ ਆਮਦਨ ਬੰਦ ਹੋ ਜਾਵੇ ਤਾਂ ਮੈਨੂੰ ਵੀ ਆਪਣਾ ਕੋਈ ਇੰਤਜਾਮ ਕਰਨਾ ਚਾਹੀਦਾ ਹੈ। ਪਰ ਉਥੇ ਮੇਰੀ ਮਿਹਨਤ ਅਜਾਈ ਗਈ। ਉਹਦੇ ਕੋਲ ਕੁਝ ਵੀ ਨਹੀਂ ਸੀ। ਸੋ ਮੈਨੂੰ ਕੁਝ ਵੀ ਨਾ ਮਿਲਿਆ।

ਮੈਂ ਏਨ ਨੂੰ ਵੀ ਆਪਣੇ ਨਾਲ ਉੱਤਰ ਵੱਲ ਲੈ ਗਈ। ਕਈ ਵਾਰ ਮੈਨੂੰ ਮਿਸੇਜ ਕਲੀਮੈਂਟਸ ਨਾਲ ਈਰਖਾ ਹੁੰਦੀ, ਕਿ ਉਹਦਾ ਪ੍ਰਭਾਵ ਮੇਰੀ ਬੱਚੀ ਤੇ ਬਹੁਤ ਜ਼ਿਆਦਾ ਸੀ। ਮੈਨੂੰ ਮਿਸਜ਼ ਕਲੀਮੈਂਟਸ ਕਦੀ ਚੰਗੀ ਨਹੀਂ ਲੱਗੀ ਸੀ। ਬੁੱਧੂ, ਗਰੀਬ ਅਤੇ ਢਿਲੱੜ, ਹਰ ਵੇਲੇ ਕਿਸੇ ਨਾ ਕਿਸੇ ਦੀ ਵਗਾਰ ਪੂਰੀ ਕਰਦੀ ਦਿਸਦੀ। ਕਈ ਵਾਰ ਮੈਂ ਉਹਨੂੰ ਤੰਗ ਕਰਨਾ ਚਾਹੁੰਦੀ ਸਾਂ, ਉਦੋਂ ਮੈਂ ਏਨ ਨੂੰ ਉਹਦੇ ਕੋਲ ਲੈ ਆਉਂਦੀ। ਜਦੋਂ ਮੈਂ ਕੰਬਰਲੈਂਡ ਗਈ, ਤਾਂ ਉਥੇ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਮੈਂ ਏਨ ਨੂੰ ਕੀ ਕਰਾਂ, ਇਸ ਲਈ ਮੈਂ ਉਹਨੂੰ ਸਕੂਲ ਵਿਚ ਦਾਖ਼ਿਲ ਕਰਾ ਦਿਤਾ। ਮਿਸੇਜ਼ ਫ਼ੇਅਰਲੀ ਨੇ, (ਜੋ ਆਪ ਬਿਲਕੁਲ ਸੁਹਣੀ ਨਹੀਂ ਸੀ, ਪਰ ਉਹਨੇ ਇੰਗਲੈਂਡ ਦਾ ਸਭ ਤੋਂ ਸੁਹਣਾ ਆਦਮੀ ਫਸਾ ਲਿਆ ਸੀ) ਇਕ ਸਕੂਲ ਖੋਲਿਆ ਹੋਇਆ ਸੀ। ਉਹਨੂੰ ਮੇਰੀ ਲੜਕੀ ਵੇਖਦਿਆਂ ਸਾਰ ਹੀ ਬੜੀ ਚੰਗੀ ਲੱਗੀ। ਇਸ ਦਾ ਨਤੀਜਾ ਇਹ ਹੋਇਆ, ਕਿ ਉਹ ਸਕੂਲ ਵਿਚ ਵੀ ਕੁਝ ਨਾ ਪੜ੍ਹ ਲਿਖ ਸਕੀ। ਉਹਨੂੰ ਲਿਮਰਿਜ ਹਾਊਸ ਵਿਚ ਬੜਾ ਪਿਆਰ ਕੀਤਾ ਜਾਂਦਾ, ਅਤੇ ਉਨ੍ਹਾਂ ਵੀ ਕੁੜੀ ਨੂੰ ਵਿਗਾੜ ਕੇ ਰਖ ਦਿਤਾ। ਹੋਰ ਜੋ ਗੱਲਾਂ ਉਹ ਸਿਖੀ ਉਹ ਤਾਂ ਜੋ ਹੈ ਸਨ ਹੈ ਹੀ ਸਨ, ਪਰ ਇਕ ਉਨ੍ਹਾਂ ਲੋਕਾਂ ਨੇ ਉਹਦੇ ਮਨ ਵਿਚ ਇਹ ਵਹਿਮ ਪਾ ਦਿਤਾ, ਕਿ ਉਹ ਸਦਾ ਚਿੱਟੇ ਕਪੜੇ ਹੀ ਪਾਇਆ ਕਰੇ। ਮੈਨੂੰ ਚਿੱਟੇ ਕਪੜਿਆਂ ਨਾਲ ਨਫਰਤ ਸੀ, ਸੋ ਮੈਂ ਘਰ ਪਹੁੰਚਦਿਆਂ ਸਾਰ ਹੀ ਉਹਦੇ ਦਿਮਾਗ ਵਿਚੋਂ ਇਹ ਗੱਲ ਕੱਢਣੀ ਚਾਹੀ। ਪਰ ਇਕ ਅਜੀਬ ਗੱਲ ਹੋਈ, ਕਿ ਮੇਰੀ ਲੜਕੀ ਮੇਰੀ ਗੱਲ ਨਹੀਂ ਮੰਨਦੀ ਸੀ। ਇਕ ਵਾਰੀ ਉਹ ਕੋਈ ਗੱਲ ਸੋਚ ਲੈਂਦੀ ਤਾਂ ਮੂਰਖਾਂ ਵਾਂਗ ਉਸ ਤੇ ਅੜੀ ਰਹਿੰਦੀ। ਅਸੀਂ ਦੋਵੇਂ ਲੜ ਪਈਆਂ। ਮਿਸੇਜ਼ ਕਲੀਮੈਂਟਸ ਨੂੰ ਇਹ ਗੱਲ ਕੁਝ ਚੰਗੀ ਨਾ ਲਗੀ। ਉਹਨੇ ਮੇਰੇ ਕੋਲੋਂ ਪੁਛਿਆ ਕਿ ਕੀ ਉਹ ਏਨ ਨੂੰ ਆਪਣੇ ਨਾਲ ਲੰਦਨ ਰਹਿਣ ਲਈ ਲੈ ਜਾਏ? ਮੈਂ ਹਾਂ ਕਰ ਦੇਂਦੀ, ਜੇ ਮਿਸੇਜ਼ ਕਲੀਮੈਂਟਸ ਚਿੱਟੇ ਕਪੜਿਆਂ ਦੇ ਮਾਮਲੇ ਵਿਚ ਏਨ ਦਾ ਪੱਖ ਨਾ ਲੈਂਦੀ। ਪਰ ਮੈਂ ਨਿਸ਼ਚਾ ਕਰ ਚੁਕੀ ਸਾਂ, ਕਿ ਮੇਰੀ ਲੜਕੀ ਚਿੱਟੇ ਕਪੜੇ ਨਹੀਂ ਪਾਏਗੀ। ਮੈਨੂੰ

ਮਿਸੇਜ਼ ਕਲੀਮੈਂਟਸ ਨਾਲ ਨਫ਼ਰਤ ਹੋ ਗਈ ਸੀ। ਉਹ ਹਰ ਵਕਤ ਮੇਰੀ ਬੱਚੀ ਨੂੰ ਮੇਰੇ ਖਿਲਾਫ਼ ਭੜਕਾਂਦੀ ਸੀ। ਮੈਂ ਉਹਨੂੰ ਹਜ਼ਾਰ ਵਾਰ ਨਾਂਹ ਕੀਤੀ। ਸੋ ਮੇਰੀ ਲੜਕੀ ਮੇਰੇ ਕੋਲ ਹੀ ਰਹੀ। ਇਸੇ ਦੇ ਫਲਸਰੂਪ ਮੇਰੇ ਤੇ ਉਹਦੇ ਵਿਚਕਾਰ 'ਭੇਤ' ਬਾਰੇ ਪਹਿਲੀ ਗੰਭੀਰ ਲੜਾਈ ਹੋਈ।

ਇਹ ਲੜਾਈ ਉਸ ਵਕਤ ਤੋਂ ਬੜਾ ਚਿਰ ਮਗਰੋਂ ਹੋਈ, ਜਦੋਂ ਦੀ ਮੈਂ ਗੱਲ ਕਰ ਰਹੀ ਹਾਂ। ਮੈਂ ਨਵੇਂ ਸ਼ਹਿਰ ਵਿਚ ਟਿਕ ਟਿਕਾ ਗਈ ਸਾਂ। ਲੋਕ ਮੇਰੀ ਬਦਨਾਮੀ ਭੁੱਲ ਗਏ ਸਨ। ਇਜ਼ਤਦਾਰ ਸ਼ਹਿਰੀਆਂ ਵਿਚ ਮੇਰੀ ਗਿਣਤੀ ਹੁੰਦੀ ਸੀ। ਮੇਰੀ ਬੱਚੀ ਮੇਰੇ ਕੋਲ ਰਹੇ ਤਾਂ ਮੈਨੂੰ ਇਸ ਮਨੋਰਥ ਵਿਚ ਬੜੀ ਸਹਾਇਤਾ ਮਿਲਦੀ ਸੀ। ਉਹਦਾ ਭੋਲਾਪਨ ਅਤੇ ਸਦਾ ਚਿੱਟੇ ਕਪੜੇ ਪਹਿਨਣਾ ਲੋਕਾਂ ਨੂੰ ਚੰਗਾ ਲਗਦਾ ਸੀ। ਮੈਂ ਉਹਨੂੰ ਮਨ੍ਹਾਂ ਨਹੀਂ ਸਾਂ ਕਰਦੀ, ਕਿਉਂਕਿ ਇੰਜ ਲੋਕਾਂ ਦੀ ਹਮਦਰਦੀ ਮੇਰੇ ਲਈ ਵੀ ਜਾਗਦੀ ਸੀ, ਅਤੇ ਹੋਇਆ ਵੀ ਇੰਜ ਹੀ। ਗਿਰਜੇ ਵਿਚ ਮੈਨੂੰ ਮੇਰੀ ਪਸੰਦ ਦੀ ਥਾਂ ਮਿਲ ਗਈ ਅਤੇ ਉਥੇ ਹੀ ਬੈਠ ਕੇ ਮੈਨੂੰ ਪਾਦਰੀ ਨੇ ਪਹਿਲੀ ਵਾਰ ਨਮਸਕਾਰ ਕੀਤਾ।

ਇਕ ਦਿਨ ਮੈਨੂੰ ਉਸ ਉਚੇ ਘਰਾਣੇ ਦੇ ਨੌਜਵਾਨ ਦਾ ਪੱਤਰ ਆਇਆ, ਜੋ ਉਸ ਨੇ ਮੇਰੀ ਇਕ ਚਿੱਠੀ ਦੇ ਜਵਾਬ ਵਿਚ ਭੇਜਿਆ ਸੀ। ਮੈਂ ਕਿਧਰੇ ਜਾਣ ਦੀ ਇਜਾਜ਼ਤ ਮੰਗੀ ਸੀ। ਜਿਸ ਦਾ ਜਵਾਬ ਉਹਨੇ ਬੁਰੀ ਤਰ੍ਹਾਂ ਦਿਤਾ ਸੀ। ਮੈਂ ਆਪਣਾ ਆਪ ਭੁੱਲ ਗਈ ਤੇ ਏਨ ਦੇ ਸਾਹਮਣੇ ਇਹ ਸ਼ਬਦ ਮੇਰੇ ਮੂੰਹ ਨਿਕਲੇ "ਕਮੀਨਾ, ਬਦਮਾਸ਼। ਮੈਂ ਜ਼ੁਬਾਨ ਖੋਲਾਂ, ਤਾਂ ਬਰਬਾਦ ਹੋ ਏ।" ਮੈਂ ਇਹ ਕਿਹਾ ਹੀ ਸੀ, ਕਿ ਮੈਨੂੰ ਹੋਸ਼ ਆ ਗਈ। ਮੇਰੀ ਲੜਕੀ ਬੜੀ ਉਤਸੁਕਤਾ ਨਾਲ ਮੈਨੂੰ ਦੇਖ ਅਤੇ ਸੁਣ ਰਹੀ ਸੀ। ਮੈਂ ਇਕਦਮ ਉਹਨੂੰ ਕਮਰੇ ਵਿਚੋਂ ਬਾਹਰ ਭੇਜਿਆ।

ਮੈਂ ਆਪਣੀ ਗਲਤੀ ਮਹਿਸੂਸ ਕੀਤੀ। ਉਸ ਸਾਲ ਏਨ ਅਗੇ ਨਾਲੋਂ ਵੀ ਵਧ ਅਜੀਬ ਹੋਈ ਹੋਈ ਸੀ। ਮੈਂ ਇਹ ਸੋਚਿਆ ਕਿ ਜੇ ਏਨ ਕਿਸੇ ਸਾਹਮਣੇ ਇਹ ਸ਼ਬਦ ਉਹਦੇ ਸੰਬੰਧ ਵਿਚ ਕਹੇਗੀ, ਤਾਂ ਪਤਾ ਨਹੀਂ ਇਸਦਾ ਕੀ ਨਤੀਜਾ ਨਿਕਲੇਗਾ! ਮੈਂ ਡਰ ਗਈ। ਦੂਜੇ ਹੀ ਦਿਨ ਉਹ ਗੱਲ ਹੋਈ ਜਿਸਦਾ ਮੈਨੂੰ ਚਿਤ-ਚੇਤਾ ਨਹੀਂ ਸੀ। ਉਹ ਨੀਚ ਕਿਸ ਹਦ ਤਕ ਜਾ ਸਕਦਾ ਹੈ, ਇਹ ਮੈਂ ਅਜੇ ਵੀ ਸੋਚ ਨਹੀਂ ਸਾਂ ਸਕਦੀ। ਜੋ ਕੁਝ ਅਗਲੇ ਦਿਨ ਹੋਇਆ, 'ਮੈਂ ਉਸ ਲਈ ਬਿਲਕੁਲ ਤਿਆਰ ਨਹੀਂ ਸਾਂ।

ਦੂਜੇ ਦਿਨ ਬਿਨਾਂ ਕਿਸੇ ਖਬਰ ਦੇ, ਉਹ ਅਚਾਨਕ ਹੀ ਆ ਪੁੱਜਾ।

ਉਹਦੀ ਪਹਿਲੀ ਗੱਲ ਸੁਣ ਕੇ ਹੀ ਮੈਨੂੰ ਪਤਾ ਲਗ ਗਿਆ ਕਿ ਉਹ ਮੇਰੇ ਵੱਲ ਲਿਖੀ ਚਿੱਠੀ ਤੇ ਪਛਤਾ ਰਿਹਾ ਸੀ।

ਹੁਣ ਉਸ ਚਿੱਠੀ ਦੀ ਮੁਆਫੀ ਮੰਗਣ ਆਇਆ ਸੀ। ਭਾਵੇਂ ਉਸ ਵੇਲੇ ਵੀ ਉਹ ਬੜੇ ਭੈੜੇ ਮੂਡ ਵਿਚ ਸੀ, ਮੈਂ ਏਨ ਨੂੰ ਅਖੀਉ' ਉਹਲੇ ਨਹੀਂ ਜਾਣ ਦਿਤਾ ਸੀ, ਕਿਉਂਕਿ ਮੈਨੂੰ ਡਰ ਸੀ, ਕਿਧਰੇ ਉਹਦੇ ਮੂੰਹੋਂ ਕੁਝ ਕਿਸੇ ਸਾਹਮਣੇ ਨਿਕਲ ਹੀ ਨਾ ਜਾਏ। ਏਨ ਨੂੰ ਕਮਰੇ ਵਿਚ ਵੇਖ ਕੇ ਉਹਨੇ ਉਹਨੂੰ ਬਾਹਰ ਜਾਣ ਲਈ ਕਿਹਾ। ਉਹ ਦੋਵੇਂ ਹੀ ਇਕ ਦੂਜੇ ਨੂੰ ਘਿਰਣਾ ਕਰਦੇ ਸਨ। ਪਰਸੀਵਲ ਨੇ ਏਨ ਉਤੇ ਉਹ ਗੁੱਸਾ ਕੱਢਿਆ, ਜੋ ਉਹ ਮੇਰੇ ਤੋਂ ਡਰਦਾ ਮਾਰਾ ਕੱਢ ਨਹੀਂ ਸੀ ਸਕਦਾ। ਉਹ ਬੋਲਿਆ

“ਬਾਹਰ ਚਲੀ ਜਾ।"

ਉਹ ਜਿਥੇ ਖੜੀ ਸੀ, ਉਥੇ ਹੀ ਖੜੀ ਰਹੀ-ਜਿਵੇਂ ਉਹਦੀ ਗੱਲ ਸੁਣੀ ਹੀ ਨਾ ਹੋਵੇ। ਉਹ ਫਿਰ ਗੱਜਿਆ-

"ਕੀ ਤੂੰ ਸੁਣਿਆ ਨਹੀਂ,-ਮੈਂ ਕਿਹਾ, ਇਥੋਂ ਚਲੀ ਜਾ।"

ਏਨ ਦਾ ਮੂੰਹ ਵੀ ਗੁੱਸੇ ਨਾਲ ਲਾਲ ਹੋ ਗਿਆ ਅਤੇ ਉਹਨੇ ਕਿਹਾ--"ਮੇਰੇ ਨਾਲ ਤਮੀਜ਼ ਨਾਲ ਬੋਲ।"

ਫਿਰ ਪਰਸੀਵਲ ਨੇ ਮੇਰੇ ਵੱਲ ਵੇਖ ਕੇ ਕਿਹਾ-"ਇਹਨੂੰ ਬੇਵਕੂਫ ਨੂੰ ਬਾਹਰ ਕੱਢ-" ਏਨ ਆਪਣੇ ਆਪ ਨੂੰ ਬੜੀ ਅਮੀਰ ਸਵਾਣੀ ਸਮਝਦੀ ਸੀ, ਜਦੋਂ ਉਹਨੇ ‘ਬੇਵਕੂਫ' ਸ਼ਬਦ ਸੁਣਿਆ ਤਾਂ ਉਹ ਅੱਗ ਭੁਬਕਾ ਹੋ ਕੇ ਉਹਦੇ ਅੱਗੇ ਆ ਖੜੋਤੀ-ਮੇਰੇ ਕੋਲੋਂ ਮੁਆਫੀ ਮੰਗ, ਨਹੀਂ ਤਾਂ ਮੈਂ ਤੇਰਾ ਭੇਤ ਪ੍ਰਗਟ ਕਰ ਦਿਆਂਗੀ। ਮੇਰੇ ਰਤਾ ਜ਼ਬਾਨ ਖੋਲਣ ਦੀ ਦੇਰ ਹੈ, ਕਿ ਤੂੰ ਕਿਸੇ ਥਾਂ ਜੋਗਾ ਨਹੀਂ ਰਹਿਣਾ।" ਉਹਨੇ ਮੇਰੇ ਹੀ ਸ਼ਬਦ ਉਹਦੇ ਅਗੇ ਦੁਹਰਾ ਦਿਤੇ। ਉਹ ਇੰਜ ਕਹਿ ਰਹੀ ਸੀ, ਜਿਵੇਂ ਉਹਦੇ ਆਪਣੇ ਸ਼ਬਦ ਹੋਣ, ਅਤੇ ਉਹ ਦਿਲੋਂ ਗੱਲ ਕਹਿ ਰਹੀ ਹੋਵੇ। ਮੈਂ ਏਨ ਨੂੰ ਧੱਕਾ ਮਾਰ ਕੇ ਬਾਹਰ ਕੱਢਿਆ, ਤੇ ਪਰਸੀਵਲ ਦੇ ਮੂੰਹੋਂ ਤਾਂ ਗੱਲ ਹੀ ਨਾ ਨਿਕਲੀ। ਉਹ ਉੱਥੇ ਹੀ ਬੈਠ ਗਿਆ, ਉਹਦਾ ਰੰਗ ਇਸ ਕਾਗਜ਼ ਵਰਗਾ ਹੀ ਚਿੱਟਾ ਹੋ ਗਿਆ ਸੀ। ਅਤੇ ਜਦੋਂ ਉਹਨੂੰ ਹੋਸ਼ ਆਈ ..।

ਉਹਨੇ ਜੋ ਕੁਝ ਬਕਵਾਸ ਕੀਤੀ, ਮੈਂ ਨਹੀਂ ਲਿਖ ਸਕਦੀ। ਮੈਂ ਧਾਰਮਕ ਮੈਗਜ਼ੀਨ ਵਾਸਤੇ ਲੇਖ ਲਿਖਦੀ ਹਾਂ, ਮੈਂ ਆਪਣੀ ਕਲਮ ਨੂੰ ਬਕ ਬਕ ਲਿਖ ਕੇ ਗੰਦਾ ਅਤੇ ਅਪਵਿੱਤਰ

ਨਹੀਂ ਕਰ ਸਕਦੀ। ਤੁਸੀਂ ਸੋਚ ਲਵੋ, ਕਿ ਇੰਗਲੈਂਡ ਵਿਚ ਕੋਈ ਬੜਾ ਹੀ ਕਮੀਨ ਬੰਦਾ ਉਹੋ ਜਿਹੀ ਬਕਵਾਸ ਕਰ ਸਕਦਾ ਹੋਵੇਗਾ। ਗੁੱਸੇ ਵਿਚ ਉਹ ਉਬਲ ਰਿਹਾ ਸੀ ਖੈਰ ਮੈਂ ਹੁਣ ਜਲਦੀ ਹੀ ਤੁਹਾਨੂੰ ਦਸਦੀ ਹਾਂ, ਕਿ ਇਸ ਦਾ ਅੰਤ ਕਿਵੇਂ ਹੋਇਆ।

ਮੈਂ ਸਭ ਕੁਝ ਠੀਕ-ਠਾਕ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਹਨੂੰ ਸਮਝਾਇਆ, ਕਿ ਉਹਨੇ ਤੋਤੇ ਵਾਂਗ ਰੱਟ ਕੇ ਮੇਰੇ ਹੀ ਲਫਜ਼ ਦੁਹਰਾਏ ਹਨ। ਉਹਨੂੰ ਕਿਸੇ ਗੱਲ ਦਾ ਪਤਾ ਨਹੀਂ, ਕਿਉਂਕਿ ਮੈਂ ਉਹਨੂੰ ਕੋਈ ਗੱਲ ਦੱਸੀ ਹੀ ਨਹੀਂ ਸੀ। ਉਹਨੇ ਤਾਂ ਸਿਰਫ ਗੁੱਸੇ ਨਾਲ ਉਹਨੂੰ ਤੰਗ ਕਰਨ ਲਈ ਇਹ ਸ਼ਬਦ ਜਾਣ ਬੁਝ ਕੇ ਇੰਝ ਕਹੇ ਹਨ, ਜਿਵੇਂ ਉਹ ਸਭ ਕੁਝ ਜਾਣਦੀ ਹੋਵੇ। ਏਨ ਨੇ ਤਾਂ ਇਹ ਗੱਲ ਕਹੀ ਸੀ ਕਿਉਂ ਜੋ ਉਹ ਉਹਨੂੰ ਬਦਤਮੀਜ਼ੀ ਨਾਲ ਬੋਲਿਆ ਸੀ, ਮੇਰੇ ਮੂੰਹੋਂ ਜੋ ਸ਼ਬਦ ਅਚਾਨਕ ਨਿਕਲ ਗਏ ਸਨ, ਉਸ ਨਾਲ ਏਨ ਨੂੰ ਉਹਨੂੰ ਤੰਗ ਕਰਨ ਅਤੇ ਖਿਝਾਉਣ ਦਾ ਮੌਕਾ ਮਿਲ ਗਿਆ ਸੀ। ਮੈਂ ਉਹਨੂੰ ਬਤੇਰਾ ਸਮਝਾਇਆ, ਕਿ ਉਹ ਕੁੜੀ ਤਾਂ ਨੀਮ ਪਾਗਲ ਹੈ ਅਤੇ ਉਹ ਜਾਣਦਾ ਹੈ ਕਿ ਅਜਿਹੇ ਲੋਕ ਕਿਸ ਤਰ੍ਹਾਂ ਹੁੰਦੇ ਹਨ। ਮੈਂ ਸੋਹਾਂ ਵੀ ਖਾਧੀਆਂ ਕਿ ਮੈਂ ਉਹਦਾ ਭੇਤ ਕਿਸੇ ਅੱਗੇ ਜ਼ਾਹਿਰ ਨਹੀਂ ਕੀਤਾ, ਪਰ ਉਹ ਕੋਈ ਗੱਲ ਮੰਨਣ ਨੂੰ ਤਿਆਰ ਨਹੀਂ ਸੀ। ਉਹਨੂੰ ਇਹੀ ਯਕੀਨ ਸੀ ਕਿ ਮੈਂ ਉਹਨੂੰ ਧੋਖਾ ਦਿਤਾ ਹੈ। ਬਸ ਹੁਣ ਉਹ ਏਨ ਨੂੰ ਕਿਧਰੇ ਬੰਦ ਕਰਨਾ ਚਾਹੁੰਦਾ ਸੀ।

ਅਜਿਹੇ ਹਾਲਾਤ ਹੋ ਗਏ ਸਨ ਕਿ ਮੈਂ ਹੁਣ ਕੁਝ ਨਹੀਂ ਸਾਂ ਕਰ ਸਕਦੀ। ਪਰ ਮੈਂ ਮਾਂ ਸਾਂ। ਇਹ ਕਿਵੇਂ ਸਹਿ ਸਕਦੀ ਸਾਂ, ਕਿ ਮੇਰੀ ਬੱਚੀ ਇਕ ਆਮ ਗਰੀਬਾਂ ਦੇ ਹਸਪਤਾਲ ਜਾਂ ਪਾਗਲਖ਼ਾਨੇ ਵਿਚ ਪਈ ਰੁਲੇ। ਮੈਂ ਉਹਨੂੰ ਸਾਫ ਸਾਫ ਕਿਹਾ "ਗਰੀਬਾਂ ਦੇ ਪਾਗਲਖ਼ਾਨੇ ਵਿਚ ਮੈਂ ਕਦੀ ਵੀ ਆਪਣੀ ਬੱਚੀ ਨੂੰ ਨਹੀਂ ਭੇਜਾਂਗੀ। ਕਿਸੇ ਪ੍ਰਾਈਵੇਟ ਹਸਪਤਾਲ ਵਿਚ ਭੇਜਾਂਗੀ ਉਹੋ ਜਿਹਾ ਹਸਪਤਾਲ ਜਿਥੇ ਮੇਰੇ ਅਮੀਰ ਗਵਾਂਢੀ ਆਪਣੇ ਰਿਸ਼ਤੇਦਾਰਾਂ ਨੂੰ ਭੇਜਦੇ ਹਨ। ਮੇਰੀ ਵੀ ਤੇ ਇਜ਼ਤ ਹੈ ਅਤੇ ਮੈਂ ਮਾਂ ਹਾਂ-ਇਸ ਗੱਲ ਦਾ ਤੇ ਧਿਆਨ ਕਰ।" ਇਹ ਸੋਚ ਕੇ ਮੈਨੂੰ ਹੁਣ ਵੀ ਤਸੱਲੀ ਹੈ ਕਿ ਮੈਂ ਆਪਣਾ ਫਰਜ਼ ਪੂਰਾ ਕੀਤਾ। ਭਾਵੇਂ ਮੈਂ ਆਪਣੀ ਬੱਚੀ ਨੂੰ ਬਹੁਤ ਜ਼ਿਆਦਾ ਪਿਆਰ ਨਹੀਂ ਕਰਦੀ ਸਾਂ, ਪਰ ਮੈਨੂੰ ਉਹਦੇ ਤੇ ਮਾਣ ਸੀ। ਮੇਰੀ ਬੱਚੀ ਕਿਸੇ ਦਿਨ ਵੀ ਗਰੀਬਾਂ ਵਾਂਗ ਨਹੀਂ ਪਲੀ। ਇਸ ਗੱਲ ਉਤੇ ਮੈਂ ਡਟੀ ਹੋਈ ਸਾਂ।

ਉਹਨੂੰ ਮੇਰੀ ਜ਼ਿਦ ਮੰਨਣੀ ਹੀ ਪਈ। ਮੈਂ ਵੀ ਇਹ ਮੰਨਾਂਗੀ ਕਿ ਏਨ ਨੂੰ ਪਾਗਲਖਾਨੇ ਵਿਚ ਭਰਤੀ ਕਰਵਾਣ ਦੇ ਕਈ ਫ਼ਾਇਦੇ ਸਨ। ਪਹਿਲੀ ਗੱਲ ਤਾਂ ਇਹ ਸੀ, ਕਿ ਉਥੇ ਉਹਦੀ ਦੇਖ-ਭਾਲ ਬਹੁਤ ਚੰਗੀ ਤਰ੍ਹਾਂ ਹੁੰਦੀ ਸੀ। ਉਥੋਂ ਉਹਦੇ ਨਾਲ ਅਮੀਰ ਖਾਨਦਾਨ ਦੀ ਲੜਕੀ

ਵਰਗਾ ਸਲੂਕ ਕੀਤਾ ਜਾਂਦਾ ਸੀ। ਇਹ ਗੱਲ ਮੈਂ ਆਪਣੇ ਗਵਾਂਢ ਵਿਚ ਦਸੀ, ਕਿ ਏਨ ਅਮੀਰਾਂ ਦੇ ਪਾਗਲਖਾਨੇ ਵਿਚ ਇਲਾਜ ਕਰਵਾ ਰਹੀ ਹੈ। ਦੂਜਾ ਇਹ ਇਸ ਲਈ ਠੀਕ ਸੀ ਕਿ ਉਹ ਵੈਲਮਿੰਗਮ ਤੋਂ ਦੂਰ ਸੀ, ਜਿਥੇ ਉਹ ਮੇਰੇ ਸ਼ਬਦ ਦੁਹਰਾ ਕੇ ਲੋਕਾਂ ਦੇ ਦਿਲਾਂ ਵਿਚ ਨਵੇਂ ਸਿਰਿਉਂ ਕਈ ਸ਼ੱਕ ਜਗਾ ਸਕਦੀ ਸੀ।

ਉਹਨੂੰ ਬੰਦ ਕਰਨ ਨਾਲ ਇਕ ਮਾੜੀ ਗੱਲ ਵੀ ਹੋਈ, ਇਸ ਨਾਲ ਉਹਦੇ ਮਨ ਵਿਚ ਇਹ ਵਿਸ਼ਵਾਸ ਪੱਕਾ ਹੋ ਗਿਆ, ਕਿ ਉਹ ਭੇਤ ਨੂੰ ਜਾਣਦੀ ਸੀ। ਪਹਿਲਾਂ ਤਾਂ ਉਹਨੇ ਪਰਸੀਵਲ ਨੂੰ ਇਹ ਗੱਲ ਜ਼ਿਦ ਵਿਚ ਹੀ ਆ ਕੇ ਕਹੀ ਸੀ, ਕਿਉਂਕਿ ਉਹ ਠੀਕ ਤਰ੍ਹਾਂ ਬੋਲਦਾ ਨਹੀਂ ਸੀ। ਪਰ ਉਹਨੂੰ ਪਤਾ ਲਗ ਗਿਆ ਸੀ ਕਿ ਉਹਦੀ ਗੱਲ ਨਾਲ ਪਰਸੀਵਲ ਡਰ ਗਿਆ ਹੈ। ਇਹ ਵੀ ਉਹ ਜਾਣ ਗਈ ਸੀ, ਕਿ ਉਹਨੂੰ ਪਾਗਲਖਾਨੇ ਵਿਚ ਪਰਸੀਵਲ ਨੇ ਹੀ ਭਰਤੀ ਕਰਾਇਆ ਸੀ। ਉਹ ਉਹਨੂੰ ਬਹੁਤ ਘਿਰਣਾ ਕਰਨ ਲਗ ਪਈ ਸੀ। ਪਾਗਲਖਾਨੇ ਵਿਚ ਜਦੋਂ ਉਹਨੂੰ ਹੋਸ਼ ਆਈ ਤਾਂ ਉਹਨੇ ਨਰਸਾਂ ਨਾਲ ਪਹਿਲੀ ਗੱਲ ਇਹੀ ਕੀਤੀ, ਕਿ ਉਹਨੂੰ ਪਰਸੀਵਲ ਦਾ ਭੇਤ ਪਤਾ ਹੈ ਇਸ ਲਈ ਉਹ ਉਹਨੂੰ ਇਥੇ ਕੈਦ ਕਰਵਾ ਗਿਆ ਹੈ। ਪਰ ਜਦੋਂ ਠੀਕ ਵਕਤ ਆਇਆ, ਉਹ ਆਪਣੀ ਜ਼ਬਾਨ ਖੋਲ ਕੇ ਉਹਨੂੰ ਤਬਾਹ ਕਰ ਦਏਗੀ।

ਉਹਨੇ ਤੁਹਾਨੂੰ ਵੀ ਇਹੀ ਸ਼ਬਦ ਕਹੇ ਹੋਣਗੇ ਜਦੋਂ ਤੁਸੀਂ ਧਾਗਲਖਾਨੇ ਵਿਚੋਂ ਨਸਣ ਵਿਚ ਉਹਦੀ ਸਹਾਇਤਾ ਕੀਤੀ ਹੋਵੇਗੀ। ਗਰਮੀਆਂ ਵਿਚ ਇਹੀ ਸ਼ਬਦ ਉਹਨੇ ਉਸ ਅਭਾਗਣ ਨੂੰ ਵੀ ਕਹੇ, ਜਿਸਨੇ ਇਸ ਮਿੱਠੇ ਸੁਭਾ ਵਾਲੇ ਅਮੀਰਜ਼ਾਦੇ ਨਾਲ ਵਿਆਹ ਕਰਵਾਇਆ ਸੀ। ਜੇ ਤੁਸੀਂ ਜਾਂ ਉਹ ਕਰਮਾਂ ਮਾਰੀ ਔਰਤ ਮੇਰੀ ਬੱਚੀ ਨੂੰ ਪੁਛਦੇ, ਕਿ ਉਹ ਭੇਤ ਕੀ ਸੀ, ਤਾਂ ਉਹਨੇ ਕੁਝ ਨਹੀਂ ਸੀ ਦਸ ਸਕਣਾ। ਇਹ ਗੱਲ ਹੁੰਦੀ ਤਾਂ ਉਹ ਘਬਰਾ ਜਾਂਦੀ। ਉਹ ਇਹ ਜਾਣਦੀ ਸੀ ਕਿ ਕੋਈ ਭੇਤ ਹੈ-ਇਸ ਨਾਲ ਕੌਣ-ਕੌਣ ਸੰਬੰਧਿਤ ਹੈ ਅਤੇ ਇਸ ਦੇ ਖੁੱਲਣ ਨਾਲ ਕੌਣ ਬਰਬਾਦ ਹੋ ਸਕਦਾ ਹੈ। ਬਸ ਇਸ ਤੋਂ ਅੱਗੇ ਉਹ ਇਕ ਸ਼ਬਦ ਵੀ ਨਹੀਂ ਜਾਣਦੀ ਸੀ। ਉਹ ਭਾਵੇਂ ਓਪਰਿਆਂ ਅਗੇ ਬੜਾ ਕਹਿੰਦੀ ਫਿਰਦੀ ਸੀ, ਕਿ ਉਹ ਸਭ ਕੁਛ ਜਾਣਦੀ ਹੈ। ਪਰ ਉਹਨੂੰ ਮਰਦੇ ਦਮ ਤੀਕ ਅਸਲੀ ਗੱਲ ਪਤਾ ਨਹੀਂ ਲੱਗੀ।

ਕੀ ਹੁਣ ਤੁਹਾਡੀ ਉਤਸਕਤਾ ਸ਼ਾਂਤ ਹੋਈ ਹੈ। ਘਟ ਤੋਂ ਘਟ, ਮੈਂ ਤਾਂ ਪੂਰੀ ਕੋਸ਼ਿਸ਼ ਕੀਤੀ ਹੈ, ਹੋਰ ਕੋਈ ਅਜਿਹੀ ਗੱਲ ਜੋ ਤੁਸੀਂ ਜਾਣਨੀ ਚਾਹੋ, ਤਾਂ ਪੁਛ ਸਕਦੇ ਹੋ। ਮੇਰਾ ਫਿਕਰ ਉਦੋਂ ਹੀ ਲਹਿ ਗਿਆ ਸੀ, ਜਦੋਂ ਉਹਨੂੰ ਪਾਗਲਖਾਨੇ ਵਿਚ ਭੇਜ ਦਿਤਾ ਗਿਆ ਸੀ, ਮੈਨੂੰ ਮਿਸ

ਹਾਲਕੌਂਬ ਨੇ ਚਿੱਠੀ ਲਿਖ ਕੇ ਪੁੱਛਿਆ ਸੀ, ਕਿ ਏਨ ਕਿਨ੍ਹਾਂ ਕਾਰਣਾਂ ਕਰਕੇ ਪਾਗਲਖਾਨੇ ਭੇਜੀ ਗਈ ਸੀ, ਆਪਣੀ ਗਵਾਚੀ ਹੋਈ ਲੜਕੀ ਨੂੰ ਲੱਭਣ ਦੀ ਬਥੇਰੀ ਕੋਸ਼ਿਸ਼ ਕੀਤੀ ਤਾਂ ਜੋ ਉਹ ਕਿਧਰੇ ਗੱਲ ਨਾ ਫੈਲਾਂਦੀ ਫਿਰੇ। ਮੈਂ ਆਪ ਬਲੈਕਵਾਟਰ ਲੱਭਣ ਗਈ, ਪਰ ਤੁਹਾਨੂੰ ਇਹਨਾਂ ਨਿਗੂਣੀਆਂ ਗੱਲਾਂ ਵਿਚ ਹੁਣ ਕਾਹਦੀ ਦਿਲਚਸਪੀ ਹੋਣੀ ਹੈ। ਹੁਣ ਤਕ ਤੇ ਮੈਂ ਜੋ ਲਿਖਿਆ ਹੈ, ਇਕ ਮਿੱਤਰ ਦੀ ਹੈਸੀਅਤ ਵਿਚ ਲਿਖਿਆ ਹੈ, ਪਰ ਹੁਣ ਮੈਂ ਤੁਹਾਨੂੰ ਸਚਮੁਚ ਗੁੱਸੇ ਵੀ ਹੋਵਾਂਗੀ।

ਜਦੋਂ ਤੁਸੀਂ ਮੈਨੂੰ ਮਿਲਣ ਆਏ ਤਾਂ ਮੇਰੀ ਬੱਚੀ ਦੇ ਪਿਤਾ ਬਾਰੇ ਕੁਛ ਕਹਿਣ ਦੀ ਹਿੰਮਤ ਤੁਸੀਂ ਕੀਤੀ। ਮੇਰਾ ਪਤੀ ਹੀ ਏਨ ਦਾ ਪਿਤਾ ਹੈ, ਇਸ ਵਿਚ ਸ਼ੱਕ ਕਰਕੇ ਤੁਸੀਂ ਮੇਰਾ ਨਿਰਾਦਰ ਕੀਤਾ ਹੈ, ਇਹ ਗੱਲ ਤੁਹਾਨੂੰ ਸੋਭਾ ਨਹੀਂ ਸੀ ਦੇਂਦੀ, ਜੋ ਹੁਣ ਕਦੀ ਮਿਲਣ ਆਓ ਤਾਂ ਅਜਿਹੀ ਗੱਲ ਕਦੇ ਮੇਰੇ ਸਾਹਮਣੇ ਨਾ ਕਰਨੀ। ਹੁਣ ਮੈਂ ਆਪਣੀ ਇੱਜ਼ਤ ਨਾਲ ਖੇਡ ਨਹੀਂ ਸਕਦੀ, ਅਤੇ ਪਾਦਰੀ ਦੇ ਸ਼ਬਦਾਂ ਵਿਚ ਵੈਲਮਿੰਗਮ ਵਿਚ ਇਹੋ ਜਹੀਆਂ ਗੱਲਾਂ ਕਰਕੇ ਵਾਤਾਵਰਣ ਨੂੰ ਦੂਸਿਤ ਨਹੀਂ ਹੋਣ ਦਿਆਂਗੀ। ਤੁਸੀਂ ਮੇਰੀ ਬੜੀ ਬੇਇਜ਼ਤੀ ਕੀਤੀ ਸੀ। ਮੈਂ ਮਰਨ ਤਕ ਇਸ ਦਾ ਤੁਹਾਨੂੰ ਕੋਈ ਉੱਤਰ ਨਹੀਂ ਦਿਆਂਗੀ।

ਸ਼ਾਇਦ ਤੁਸੀਂ ਹੁਣ ਮੇਰੇ ਕੋਲੋਂ ਚਿੱਠੀ ਲਿਖਕੇ ਮੁਆਫ਼ੀ ਮੰਗੋ ਜੇ ਮੰਗੋਗੇ ਤਾਂ ਮੈਂ ਤੁਹਾਡੀ ਚਿੱਠੀ ਲੈ ਲਵਾਂਗੀ। ਇਥੋਂ ਤਕ ਕਿ ਜੇ ਤੁਸੀਂ ਆਉ ਤਾਂ ਮੈਂ ਤੁਹਾਨੂੰ ਵੀ ਮਿਲਾਂਗੀ। ਮੈਂ ਤੁਹਾਨੂੰ ਚਾਹ ਤੇ ਸੱਦਾ ਦੇ ਸਕਦੀ ਹਾਂ। ਹੁਣ ਜੋ ਘਟਨਾ ਹੋਈ ਹੈ, ਮੈਨੂੰ ਉਸ ਨਾਲ ਕੋਈ ਖ਼ਾਸ ਫਰਕੇ ਨਹੀਂ ਪਿਆ। ਮੈਂ ਵੀਹ ਸਾਲਾਂ ਵਿਚ ਏਨਾ ਕੁ ਬਚਾ ਲਿਆ ਹੈ ਕਿ ਹੁਣ ਆਰਾਮ ਦੀ ਜ਼ਿੰਦਗੀ ਬਸਰ ਕਰ ਸਕਾਂ। ਮੈਂ ਇਥੇ ਹੀ ਵੈਲਮਿੰਗਮ ਵਿਚ ਰਵਾਂਗੀ। ਇਥੋਂ ਰਹਿਣ ਦੇ ਮੈਨੂੰ ਕਈ ਫਾਇਦੇ ਹਨ ਪਾਦਰੀ ਮੇਰਾ ਸਤਿਕਾਰ ਕਰਦਾ ਹੈ, ਪਰ ਉਹਦੀ ਪਤਨੀ ਅਜੇ ਜ਼ਰਾ ਨੱਕ ਤੋਂ ਸੁਕੇੜਦੀ ਹੈ। ਮੈਂ ਹੁਣ ਤਰਕਾਸ ਸਭਾ ਦੀ ਮੈਂਬਰ ਬਣਨ ਬਾਰੇ ਸੋਚ ਰਹੀ ਹਾਂ ਅਤੇ ਇਸ ਮਗਰੋਂ ਪਾਦਰੀ ਦੀ ਪਤਨੀ ਵੀ ਮੈਨੂੰ ਝੁਕ ਕੇ ਨਮਸਕਾਰ ਕਰੇਗੀ। ਜੇ ਤੁਸੀਂ ਮੈਨੂੰ ਮਿਲਣ ਆਉ, ਤਾਂ ਇਸ ਚਿੱਠੀ ਦਾ ਜ਼ਿਕਰ ਨਾ ਕਰਨਾ। ਮੈਂ ਇਹ ਚਿੱਠੀ ਲਿਖੀ ਹੈ। ਇਹ ਗੱਲ ਮੈਂ ਕਦੀ ਸਵੀਕਾਰ ਨਹੀਂ ਕਰਨੀ। ਹੁਣ ਸਭ ਕੁਝ ਅੱਗ ਵਿਚ ਤਬਾਹ ਹੋ ਚੁਕਾ ਹੈ।

ਮੈਂ ਆਪਣੇ ਦਸਤਖ਼ਤ ਨਹੀਂ ਕਰ ਰਹੀ। ਇਹ ਲਿਖਾਈ ਮੇਰੀ ਲਿਖਾਈ ਨਹੀਂ। ਮੈਂ ਆਪ ਹੀ ਇਸ ਚਿੱਠੀ ਨੂੰ ਹਨੇਰੇ ਪਏ ਤੁਹਾਡੇ ਤਕ ਦੇਣ ਜਾਵਾਂਗੀ। ਮੇਰੇ ਤੇ ਕਿਸੇ ਨੂੰ ਕੋਈ ਸ਼ੱਕ

ਨਹੀਂ ਹੋ ਸਕਦਾ! ਮੇਰੇ ਦਿਲ ਵਿਚ ਤੁਹਾਡੇ ਲਈ ਪਿਆਰ ਉਪਜਿਆ ਹੈ। ਇਸ ਲਈ ਤੁਹਾਨੂੰ ਇਹ ਚਿੱਠੀ ਲਿਖੀ ਹੈ। ਮੇਰੀ ਚਾਹ ਦਾ ਵਕਤ ਠੀਕ ਸਾਢੇ ਪੰਜ ਵਜੇ ਹੈ, ਮੇਰੀ ਚਾਹ ਅਤੇ ਟੋਸਟ ਕਿਸੇ ਦੀ ਉਡੀਕ ਨਹੀਂ ਕਰਦੇ।

ਕਹਾਣੀ--ਵਾਲਟਰ ਹਾਰਟਰਾਈਟ ਦੀ ਜ਼ਬਾਨੀ

(1)

ਮਿਸੇਜ਼ ਕੈਥੇਰਿਕ ਦੀ ਚਿੱਠੀ ਪੜ੍ਹਨ ਮਗਰੋਂ ਸਭ ਤੋਂ ਪਹਿਲਾਂ ਖਿਆਲ ਮੇਰੇ ਦਿਲ ਵਿਚ ਜੋ ਆਇਆ, ਉਹ ਇਹੀ ਸੀ, ਕਿ ਉਸਨੂੰ ਫਾੜ ਕੇ ਪਰੇ ਸੁੱਟ ਦੇਵਾਂ। ਸਾਰੇ ਖਤ ਵਿਚ ਜੋ ਅੜਬਪੁਣਾ ਅਤੇ ਬੇਸ਼ਰਮੀ ਸੀ, ਮੈਂ ਉਹ ਬਰਦਾਸ਼ਤ ਨਹੀਂ ਸਾਂ ਕਰ ਸਕਦਾ। ਉਹ ਪੁਠੇ ਦਿਮਾਗ ਦੀ ਔਰਤ ਦਿਸਦੀ ਸੀ ਕਿਉਂਕਿ ਸ਼ੁਰੂ ਤੋਂ ਅਖੀਰ ਤਕ ਮੈਨੂੰ ਉਸ ਘਟਨਾ ਨਾਲ ਜੋੜ ਰਹੀ ਸੀ, ਜਿਸ ਨਾਲ ਮੇਰਾ ਕੋਈ ਸੰਬੰਧ ਨਹੀਂ ਸੀ। ਉਹ ਉਸ ਮੌਤ ਲਈ ਬਾਰਬਾਰ ਮੇਰਾ ਧੰਨਵਾਦ ਕਰ ਰਹੀ ਸੀ ਜਿਸਨੂੰ  ਟਾਲਣ ਲਈ ਮੈਂ ਆਪਣੀ ਜਾਨ ਵੀ ਖਤਰੇ ਵਿਚ ਪਾ ਚੁੱਕਾ ਸੀ। ਫਿਰ ਮੈਨੂੰ ਖ਼ਿਆਲ ਆਇਆ ਕਿ ਸ਼ਾਇਦ ਇਸ ਚਿੱਠੀ ਦੀ ਕਦੀ ਲੋੜ ਪੇ ਹੀ ਜਾਏ।

ਹੁਣ ਇਸ ਚਿੱਠੀ ਦਾ ਸਰ ਪਰਸੀਵਲ ਨਾਲ ਭੀ ਕੋਈ ਸੰਬੰਧ ਨਹੀਂ ਸੀ। ਉਹਦੇ ਬਾਰੇ ਚਿੱਠੀ ਵਿਚ ਜੋ ਜਾਣਕਾਰੀ ਦਿੱਤੀ ਗਈ ਸੀ ਉਹ ਮੈਨੂੰ ਪਹਿਲਾਂ ਹੀ ਪਤਾ ਸੀ।

ਉਸਨੇ ਉਸੇ ਤਰ੍ਹਾਂ ਰਜਿਸਟਰ ਵਿਚ ਵਿਆਹ ਦੀ ਤਾਰੀਖ ਦਰਜ ਕੀਤੀ ਸੀ, ਜਿਵੇਂ ਮੈਂ ਅਨੁਮਾਨ ਲਾਇਆ ਸੀ। ਮਿਸੇਜ਼ ਕੈਥੇਰਿਕ ਦੀ ਚਿੱਠੀ ਵਿਚ ਵੀ ਨੌਲਸਬਰੀ ਦੇ ਰਜਿਸਟਰ ਦਾ ਕੋਈ ਜਿਕਰ ਨਹੀਂ ਸੀ। ਸੋ ਮੇਰਾ ਇਹ ਅਨੁਮਾਨ ਵੀ ਠੀਕ ਹੀ ਨਿਕਲਿਆ ਕਿ ਸਰ ਪਰਸੀਵਲ ਨੂੰ ਇਹ ਬਿਲਕੁਲ ਪਤਾ ਨਹੀਂ ਸੀ ਕਿ ਉਹ ਰਜਿਸਟਰ ਦੀ ਇਕ ਨਕਲ ਨੌਲਸਬਰੀ ਵਿਚ ਪਈ ਹੋਈ ਹੈ, ਹੁਣ ਜਾਹਲਸਾਜ਼ੀ ਦੇ ਮਾਮਲੇ ਵਿਚ ਕਈ ਦਿਲਚਸਪੀ ਨਹੀਂ ਸੀ ਰਹਿ ਗਈ। ਇਹ ਚਿੱਠੀ ਮੈਂ ਤਾਂ ਇਸ ਖਿਆਲ ਨਾਲ ਰੱਖੀ ਸੀ ਕਿ ਸ਼ਾਇਦ ਕਦੀ ਏਨ ਕੈਥੇਰਿਕ ਦੇ ਪਿਤਾ ਦਾ ਪਤਾ ਲਾਣਾ ਪਵੇ। ਇਸ ਚਿੱਠੀ ਵਿਚ ਇਕ ਦੋ ਵਾਕ ਸਨ, ਜਿਨ੍ਹਾਂ ਨੂੰ

ਮੈਂ ਫਿਰ ਕਦੀ ਧਿਆਨ ਨਾਲ ਪੜਾਂਗਾ, ਜਦੋਂ ਮੈਨੂੰ ਵਿਹਲ ਹੋਈ। ਮੈਨੂੰ ਅਜੇ ਵੀ ਕਈ ਵਾਰ ਖਿਆਲ ਆਉਂਦਾ ਸੀ, ਤੇ ਮੈਨੂੰ ਉਮੀਦ ਹੈ ਕਿ ਮੈਂ ਕਦੀ ਨਾ ਕਦੀ ਇਹ ਭੇਤ ਵੀ ਲਭਾਂਗਾ ਕਿ ਵਿਚਾਰੀ ਏਨ ਜੋ ਹੁਣ ਮਿਸੇਜ਼ ਫੇਅਰਲੀ ਦੀ ਕਬਰ ਵਿਚ ਆਰਾਮ ਕਰ ਰਹੀ ਸੀ, ਦਾ ਪਿਤਾ ਕੌਣ ਸੀ। ਇਹ ਸੋਚ ਕਿ ਮੈਂ ਚਿੱਠੀ ਬੰਦ ਕਰਕੇ ਧਿਆਨ ਨਾਲ ਆਪਣੀ ਪਾਕੇਟ ਬੁੱਕ ਵਿਚ ਰੱਖ ਲਈ ਤਾਂ ਜੋ ਵਕਤ ਆਉਣ ਤੇ ਇਸ ਨੂੰ ਵਰਤ ਸਕਾਂ।

ਅਗਲਾ ਦਿਨ ਹੈਂਪਸ਼ਾਇਰ ਵਿਚ ਮੇਰਾ ਅਖੀਰਲਾ ਦਿਨ ਸੀ। ਨੌਲਸਬਰੀ ਮੈਜਿਸਟਰੇਟ ਸਾਹਮਣੇ ਪੇਸ਼ੀ ਦੇਣ ਮਗਰੋਂ ਤੇ ਇਥੇ ਕਚਿਹਰੀ ਵਿਚ ਮੌਤ ਦੀ ਦੁਰਘਟਨਾ ਦੀ ਤਫ਼ਤੀਸ਼ ਖਤਮ ਹੋਣ ਮਗਰੋਂ ਮੈਂ ਵਿਹਲਿਆਂ ਹੋਣਾ ਸੀ। ਲੰਦਨ ਜਾਣ ਲਈ ਮੈਂ ਸ਼ਾਮ ਦੀ ਗੱਡੀ ਫੜ ਸਕਦਾ ਸਾਂ।

ਸਵੇਰੇ ਮੈਂ ਪਹਿਲਾਂ ਰੋਜ਼ ਵਾਂਗ ਡਾਕਖਾਨੇ ਗਿਆ। ਮੇਰੀਅਨ ਦੀ ਚਿੱਠੀ ਆਈ ਤਾਂ ਹੋਈ ਸੀ। ਪਰ ਮੈਨੂੰ ਬੜੀ ਹਲਕੀ ਲੱਗੀ। ਇੰਨੀ ਛੋਟੀ ਚਿੱਠੀ ਤਾਂ ਉਹਨੇ ਕਦੀ ਨਹੀਂ ਸੀ ਪਾਈ। ਮੈਂ ਚਿੰਤਾ ਵਿਚ ਹੀ ਚਿੱਠੀ ਖੋਲ੍ਹੀ, ਇਕ ਨਿਕਾ ਜੇਹਾ ਕਾਗਜ਼ ਸੀ ਜਿਸ ਉਤੇ ਦੋ ਗਲਾਂ ਕਾਹਲੀ ਕਾਹਲੀ ਵਿਚ ਲਿਖੀਆਂ ਹੋਈਆਂ ਸਨ :- ਜਿੰਨੀ ਜਲਦੀ ਆ ਸਕੋ, ਆ ਜਾਣਾ ਮੈਨੂੰ ਘਰ ਬਦਲਣਾ ਪਿਆ ਹੈ। ਗੋਵਰ ਵਾਕ ਫੁਲਹਮ (ਪੰਜ ਨੰਬਰ) ਵਿਚ ਆ ਜਾਣਾ। ਮੈਂ ਤੁਹਾਡੀ ਉਡੀਕ ਕਰਾਂਗੀ। ਘਬਰਾਉਣ ਦੀ ਲੋੜ ਨਹੀਂ। ਅਸੀਂ ਦੋਵੇਂ ਠੀਕ ਹਾਂ। ਪਰ ਤੁਸੀਂ' ਜਲਦੀ ਆਉਣਾ, ਮੇਰੀਅਨ"

ਇਹ ਚਿੱਠੀ ਪੜ੍ਹਕੇ ਮੈਂ ਇਹੀ ਨਤੀਜਾ ਕੱਢਿਆ ਕਿ ਕਾਊਂਟ ਫ਼ੋਸਕੋ ਨੇ ਕੋਈ ਨਵੀਂ ਚਾਲ ਚਲੀ ਹੋਵੇਗੀ। ਇਕ ਪਲ ਲਈ ਤਾਂ ਮੇਰਾ ਸਾਹ ਹੀ ਸੁੱਕ ਗਿਆ। ਕੀ ਹੋਇਆ ਹੋਵੇਗਾ? ਉਹ ਚਿੱਠੀ ਹੱਥ ਵਿਚ ਘੁੱਟ ਕੇ ਮੈਂ ਉਥੇ ਹੀ ਖੜੋਤਾ ਰਿਹਾ। ਕਾਊਂਟ ਨੇ ਕੀ ਬਦਮਾਸ਼ੀ ਕੀਤੀ ਹੈ, ਮੇਰੀ ਗੈਰ ਹਾਜ਼ਰੀ ਵਿਚ ਉਹਨੇ ਕੀ ਛੜਯੰਤਰ ਰਚਿਆ ਹੋਵੇਗਾ? ਇਕ ਰਾਤ ਲੰਘ ਚੁੱਕੀ ਹੈ, ਜਦੋਂ ਇਹ ਚਿੱਠੀ ਲਿਖੀ ਗਈ ਸੀ। ਅਜੇ ਕਈ ਘੰਟਿਆਂ ਮਗਰੋਂ ਮੈਂ ਉਨ੍ਹਾਂ ਕੋਲ ਪਹੁੰਚਣਾ ਸੀ। ਉਥੇ ਕੁਝ ਨਾ ਕੁਝ ਭਿਆਨਕ ਵਾਪਰ ਚੁੱਕਾ ਹੋਵੇਗਾ ਜਿਸ ਬਾਰੇ ਮੈਨੂੰ ਕੁਝ ਪਤਾ ਨਹੀਂ। ਇਥੇ ਮੀਲਾਂ ਦੂਰ ਮੈਂ ਕਾਨੂੰਨ ਦੇ ਬੰਧਨ ਵਿਚ ਬੱਝਾ ਬੈਠਾ ਸਾਂ, ਜਦੋਂ ਤਕ ਇਥੋਂ ਆਗਿਆ ਨਾ ਮਿਲੇ, ਮੈਂ ਇਥੋਂ ਹਿਲ ਨਹੀਂ ਸਾਂ ਸਕਦਾ।

ਜੇ ਮੈਨੂੰ ਮੇਰੀਅਨ ਦੇ ਹੌਂਸਲੇ ਦਾ ਪਤਾ ਨਾ ਹੁੰਦਾ ਤਾਂ ਸਾਇਦ ਮੈਂ ਘਬਰਾਹਟ ਡਰ ਅਤੇ ਚਿੰਤਾ ਵਿਚ ਪਤਾ ਨਹੀਂ ਕੀ ਕਰ ਬਹਿੰਦਾ ਸ਼ਾਇਦ ਆਪਣੀਆਂ ਮਜਬੂਰੀਆਂ ਭੁੱਲ ਕੇ ਲੰਦਨ ਹੀ ਤੁਰ ਪੈਂਦਾ। ਪਰ ਮੈਨੂੰ ਮੇਰੀਅਨ ਉਤੇ ਪੂਰਾ ਵਿਸ਼ਵਾਸ ਸੀ, ਸੋ ਮੈਂ ਸਬਰ ਕਰਕੇ ਚੁੱਪ ਕਰ ਗਿਆ। ਪਹਿਲਾਂ ਮੈਂ ਕਚਿਹਰੀ ਗਿਆ। ਉਥੇ ਸਾਰੀ ਕਾਰਵਾਈ ਹੋਈ। ਮੇਰੀ ਹਾਜ਼ਰੀ ਉੱਥੇ ਜ਼ਰੂਰੀ ਸੀ, ਪਰ ਮੈਨੂੰ ਮੁੜ ਬਣਾਲਿਆ ਨਾ ਗਿਆ। ਮੈਂ ਬੜਾ ਬੇਸਬਰ ਹੀ ਚੁੱਕਾ ਸਾਂ ਪਰ ਕੋਈ ਹੋਰ ਚਾਰਾ ਨਹੀਂ ਸੀ। ਮੈਂ ਆਪਣਾ ਪੂਰਾ ਧਿਆਨ ਕਚਿਹਰੀ ਦੀ ਕਾਰਵਾਈ ਵੱਲ ਲਾਇਆ।

ਸਰ ਪਰਸੀਵਲ ਦਾ ਵਕੀਲ, ਮਿਸਟਰ ਮੈਰੀਮੈਨ ਵੀ ਮੌਜੂਦ ਸੀ, ਪਰ ਉਹਨੂੰ ਕੋਈ ਬਹੁਤੀ ਜਾਣਕਾਰੀ ਨਹੀਂ ਸੀ। ਉਹਨੇ ਇਹੀ ਕਿਹਾ ਕਿ, ਉਹ ਬਹੁਤ ਹੈਰਾਨ ਸੀ ਅਤੇ ਉਹਨੂੰ ਇਸ ਮੌਤ ਨਾਲ ਸਦਮਾ ਪੁੱਜਾ ਸੀ ਪਰ ਉਹ ਇਸ ਤੇ ਕੋਈ ਚਾਨਣਾ ਪਾਣ ਤੋਂ ਅਸਮਰੱਥ ਸੀ। ਉਹਨੇ ਵੀ ਕਈ ਪ੍ਰਸ਼ਨ ਸੁਝਾਏ, ਪਰ ਉਨ੍ਹਾਂ ਸਵਾਲਾਂ ਨਾਲ ਵੀ ਤਹਕੀਕਾਤ ਕੁਝ ਅੱਗੇ ਨਾ ਵਧ ਸਕੀ। ਪੂਰੇ ਤਿੰਨ ਘੰਟੇ ਸਵਾਲ ਜਵਾਬ ਹੁੰਦੇ ਰਹੇ ਅਤੇ ਜੱਜ ਨੇ ਪੂਰੀ ਵਾਹ ਲਾਈ। ਪਰ ਅਖੀਰ ਵਿਚ ਜਿਊਰੀ ਨੂੰ ਇਹੀ ਰਾਇ ਦੇਣੀ ਪਈ, ਕਿ ਮੌਤ ਦੁਰਘਟਨਾਂ ਨਾਲ ਹੋਈ ਹੈ। ਉਨ੍ਹਾਂ ਇਹ ਵੀ ਲਿਖ ਦਿੱਤਾ, ਕਿ ਇਸ ਗੱਲ ਦਾ ਸਬੂਤ ਨਹੀਂ ਮਿਲ ਸਕਿਆ, ਕਿ ਚਾਬੀਆਂ ਕਲਰਕ ਦੇ ਘਰ ਕਿਵੇਂ ਕੱਢੀਆਂ ਗਈਆਂ, ਅੱਗ ਕਿਵੇਂ ਲੱਗੀ, ਅਤੇ ਸਰ ਪਰਸੀਵਲ ਵੈਸਟਰੀ ਕਿਸ ਕੰਮ ਲਈ ਗਿਆ ਸੀ। ਇਸ ਤੋਂ ਮਗਰੋਂ ਅਦਾਲਤ ਬਰਖ਼ਾਸਤ ਹੋ ਗਈ। ਪਰਸੀਵਲ ਦੇ ਵਕੀਲ ਨੂੰ ਰੁਕਣਾ ਪਿਆ ਤਾਂ ਜੋ ਦਫਨਾਉਣ ਦਾ ਇੰਤਜ਼ਾਮ ਕਰੇ। ਬਾਕੀ ਸਭ ਜਾ ਸਕਦੇ ਸਨ।

ਮੈਂ ਝਟਪਟ ਆਪਣੇ ਹੋਟਲ ਪਹੁੰਚ ਕੇ ਉਨ੍ਹਾਂ ਦੇ ਪੈਸੇ ਦਿੱਤੇ ਅਤੇ ਉਥੋਂ ਇਕ ਬੱਘੀ ਕਿਰਾਏ ਤੇ ਲੈਕੇ ਉਹਨੂੰ ਨੌਲਸਬਰੀ ਜਾਣ ਲਈ ਕਿਹਾ। ਇਕ ਸੱਜਣ ਜਿਨ੍ਹਾਂ ਮੈਨੂੰ ਇਹ ਕਹਿੰਦਿਆ ਸੁਣਿਆ, ਮੇਰੇ ਕੋਲ ਆਏ ਅਤੇ ਕਹਿਣ ਲੱਗੇ ਕਿ ਉਨ੍ਹਾਂ ਵੀ ਨੌਲਸਬਰੀ ਦੇ ਨੇੜੇ ਜਾਣਾ ਹੈ, ਅਤੇ ਕੀ ਮੈਂ ਉਨ੍ਹਾਂ ਨੂੰ ਵੀ ਆਪਣੇ ਨਾਲ ਲੈ ਜਾਵਾਂਗਾ। ਮੈਨੂੰ ਕੀ ਉਜਰ ਹੋ ਸਕਦਾ ਸੀ।

ਅਸੀਂ ਰਾਹ ਵਿਚ ਸਰ ਪਰਸੀਵਲ ਦੀ ਮੌਤ ਬਾਰੇ ਹੀ ਗੱਲਾਂ ਕਰਦੇ ਰਹੇ, ਕਿਉਂਕਿ ਉਸ ਵੇਲੇ ਹਰ ਪਾਸੇ ਇਹੀ ਚਰਚਾ ਸੀ।

ਇਹ ਸੱਜਣ ਸਰ ਪਰਸੀਵਲ ਦੇ ਵਕੀਲ ਦੇ ਜਾਣੂੰ ਸਨ ਅਤੇ ਉਹ ਵਕੀਲ ਨਾਲ ਉਹਦੀ ਜਾਇਦਾਦ ਦੇ ਵਾਰਿਸ ਬਾਰੇ ਗੱਲਾਂ ਕਰਦੇ ਰਹੇ ਸਨ! ਸਰ ਪਰਸੀਵਲ ਨੇ ਏਨਾ ਕਰਜ਼ਾ ਚੁਕਿਆ ਹੋਇਆ ਸੀ, ਕਿ ਉਹਦਾ ਵਕੀਲ ਹੁਣ ਕਿਸੇ ਕੋਲੋਂ ਛੁਪਾ ਨਹੀਂ ਸਕਦਾ ਸੀ।

ਉਹ ਕੋਈ ਵਸੀਅਤ ਬਣਾਏ ਬਿਨਾਂ ਹੀ ਮਰ ਗਿਆ ਸੀ, ਪਰ ਜੇ ਉਹ ਕੋਈ ਵਸੀਅਤ ਬਣਾਉਂਦਾ ਵੀ, ਤਾਂ ਵੀ ਉਹਦੇ ਕੋਲ ਕੁਝ ਹੈ ਹੀ ਨਹੀਂ ਸੀ, ਜੋ ਉਹ ਕਿਸੇ ਨੂੰ ਦੇ ਕੇ ਜਾਂਦਾ। ਆਪਣੀ ਵਹੁਟੀ ਦੀ ਜਾਇਦਾਦ ਵੀ ਉਹ ਕਰਜ਼ਦਾਰਾਂ ਨੂੰ ਦੇ ਬੈਠਾ ਸੀ ਉਹਦਾ ਬੱਚਾ ਕੋਈ ਹੈ ਹੀ ਨਹੀਂ ਸੀ, ਸੋ ਫ਼ੈਲਿਕਸ ਗਲਾਈਡ ਦਾ ਇਕ ਚਾਚੇ ਦਾ ਪੁੱਤਰ ਹੁਣ ਵਾਰਸ ਸੀ। ਉਹ ਈਸਟ ਇੰਡੀਆ ਕੰਪਨੀ ਵਿਚ ਕਪਤਾਨ ਸੀ। ਭਾਵੇਂ ਜਾਇਦਾਦ ਤੇ ਬੜਾ ਕਰਜ਼ਾ ਸੀ, ਪਰ ਜੇ ਕਪਤਾਨ ਸਾਹਿਬ ਜੀਉਂਦੇ ਰਹੇ ਤੇ ਹੁਸ਼ਿਆਰ ਰਹਿਣ ਤਾਂ ਉਹ ਕਦੀ ਨਾ ਕਦੀ ਜ਼ਰੂਰ ਅਮੀਰ ਹੋ ਜਾਣਗੇ।

ਭਾਵੇਂ ਮੈਂ ਲੰਦਨ ਦੇ ਖਿਆਲਾਂ ਵਿਚ ਡੁੱਬਾ ਹੋਇਆ ਸਾਂ, ਪਰ ਉਸ ਸੱਜਣ ਦੀਆ ਗੱਲਾਂ ਨੇ ਮੇਰਾ ਧਿਆਨ ਖਿੱਚਿਆ, ਜੇ ਮੈਂ ਸਰ ਪਰਸੀਵਲ ਦੀ ਜਾਹਲਸਾਜ਼ੀ ਨੂੰ ਨੰਗਿਆਂ ਨਹੀਂ ਸੀ ਕੀਤਾ, ਠੀਕ ਹੀ ਕੀਤਾ ਸੀ, ਕਿਉਂਕਿ ਜਿਸ ਬੰਦੇ ਨੂੰ ਹੁਣ ਜਾਇਦਾਦ ਮਿਲਣੀ ਸੀ ਉਹੀ ਆਦਮੀ ਸੀ, ਜਿਸ ਦਾ ਹੱਕ ਉਸ ਨੇ ਪਹਿਲਾਂ ਮਾਰਿਆ ਸੀ। ਪਿਛਲੇ ਤਰੇਈ ਵਰ੍ਹਿਆਂ ਤੋਂ ਇਸ ਜਾਗੀਰ ਦੀ ਆਮਦਨ ਤੇ ਉਹਦਾ ਹੀ ਹੱਕ ਸੀ ਜੋ ਕਿ ਇਸ ਹੁਣ ਮਰ ਚੁਕੇ ਸ਼ਖਸ ਨੇ ਖੂਬ ਜੀਅ ਖੋਲ੍ਹ ਕੇ ਖਰਚ ਕੀਤੀ ਸੀ। ਜੇ ਮੈਂ ਬੋਲਦਾ, ਤਾਂ ਇਸ ਦਾ ਕਿਸੇ ਨੂੰ ਕੋਈ ਫਾਇਦਾ ਨਹੀਂ ਸੀ ਹੋਣਾ। ਜੇ ਮੈਂ ਇਸ ਭੇਤ ਨੂੰ ਭੇਤ ਹੀ ਰਹਿਣ ਦਿੱਤਾ ਸੀ ਤਾਂ ਇਸ ਨਾਲ ਉਸ ਬੰਦੇ ਦਾ ਚਾਲਚਲਣ ਲੋਕਾਂ ਵਿਚ ਨਸ਼ਰ ਹੋਣੋਂ ਬਚ ਗਿਆ ਸੀ, ਜਿਸ ਨੇ ਲਾਰਾ ਨੂੰ ਧੋਖਾ ਦੇ ਕੇ ਵਿਆਹ ਕਰ ਲਿਆ ਸੀ। ਉਹਦੀ ਖਾਤਿਰ ਹੀ ਮੈਂ ਇਸ ਗੱਲ ਨੂੰ ਛੁਪਾਈ ਰਖਿਆ ਸੀ ਅਤੇ ਉਹਦੀ ਖ਼ਾਤਿਰ ਹੀ ਮੈਂ ਇਹ ਕਹਾਣੀ ਬਨਾਵਟੀ ਨਾਵਾਂ ਨਾਲ ਲਿਖ ਰਿਹਾ ਹਾਂ।

ਮੈਂ ਆਪਣੇ ਇਸ ਸਾਥੀ ਤੋਂ ਨੌਲਸਬਰੀ ਵੱਖ ਹੋਇਆ ਅਤੇ ਸਿਧਾ ਟਾਊਨ-ਹਾਲ ਗਿਆ। ਜਿਵੇਂ ਮੈਂ ਪਹਿਲਾਂ ਹੀ ਜਾਣਦਾ ਸਾਂ, ਕੋਈ ਮੇਰੇ ਖਿਲਾਫ਼ ਮੁਕੱਦਮਾ ਕਰਨ ਨੂੰ ਤਿਆਰ ਨਹੀਂ ਸੀ। ਜ਼ਰੂਰੀ ਕਾਰਵਾਈ ਕੀਤੀ ਗਈ ਅਤੇ ਮੈਨੂੰ ਛੁਟੀ ਮਿਲੀ। ਇਕ ਚਿੱਠੀ ਮਿਸਟਰ

ਡਾਅਜਨ ਵਲੋਂ ਮੈਨੂੰ ਇਥੇ ਦਿਤੀ ਗਈ, ਉਨ੍ਹਾਂ ਲਿਖਿਆ ਸੀ ਕਿ ਉਹ ਕਿਸੇ ਕੰਮ ਕਰ ਕੇ ਆਪ ਨਹੀਂ ਆ ਸਕੇ, ਅਤੇ ਜੇ ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਹੋਵੇ ਤਾਂ ਮੈਂ ਉਨ੍ਹਾਂ ਨੂੰ ਲਿਖ ਭੇਜਾਂ। ਮੈਂ ਇਸ ਦੇ ਉੱਤਰ ਵਿਚ ਚਿੱਠੀ ਲਿਖ ਕੇ ਉਨ੍ਹਾਂ ਦਾ ਧੰਨਵਾਦ ਕੀਤਾ, ਅਤੇ ਉਨ੍ਹਾਂ ਨੂੰ ਆਪ ਜਾ ਕੇ ਨਾ ਮਿਲ ਸਕਣ ਲਈ ਖਿਮਾਂ ਮੰਗੀ। ਮੈਂ ਉਨ੍ਹਾਂ ਨੂੰ ਇਹ ਵੀ ਲਿਖ ਦਿਤਾ ਕਿ ਮੈਂ ਕਿਸੇ ਜ਼ਰੂਰੀ ਕੰਮ ਕਰਕੇ ਲੰਦਨ ਜਾ ਰਿਹਾ ਹਾਂ।

ਅੱਧਾ ਘੰਟਾ ਮਗਰੋਂ ਮੈਂ' ਐਕਸਪਰੈਸ ਗਡੀ ਰਾਹੀਂ ਲੰਦਨ ਜਾ ਰਿਹਾ ਸਾਂ

II

ਨੌਂ ਤੇ ਦਸ ਵਜੇ ਦੇ ਵਿਚਕਾਰ ਮੈਂ ਫੁਲਹਮ ਉਤਰਿਆ ਅਤੇ ਗੋਵਰਜ਼ ਵਾਕ ਪਹੁੰਚਿਆ।

ਲਾਰਾ ਤੇ ਮੇਰੀਅਨ ਦੋਵੇਂ ਹੀ ਮੈਨੂੰ ਬੂਹੇ ਤੇ ਲੈਣ ਆਈਆਂ, ਸਾਨੂੰ ਅਜ ਤੋਂ ਪਹਿਲਾਂ ਸ਼ਾਇਦ ਇਸ ਗੱਲ ਦਾ ਇੰਨੀ ਤੀਬਰਤਾ ਨਾਲ ਅਹਿਸਾਸ ਨਹੀਂ ਹੋਇਆ ਸੀ ਕਿ ਅਸੀਂ ਤਿੰਨ ਆਪਸ ਵਿਚ ਕਿੰਨਾ ਬੱਝ ਚੁਕੇ ਹਾਂ। ਸਾਨੂੰ ਜਾਪਦਾ ਸੀ, ਅਸੀਂ ਪਤਾ ਨਹੀਂ ਕਿੰਨੇ ਮਹੀਨਿਆਂ ਮਗਰੋਂ ਮਿਲੇ ਹਾਂ, ਹਾਲਾਂ ਕਿ ਮੈਨੂੰ ਇਥੋਂ ਗਿਆਂ ਅਜੇ ਕੁਝ ਦਿਨ ਹੀ ਹੋਏ ਸਨ। ਮੇਰੀਅਨ ਦਾ ਚਿਹਰਾ ਬੜਾ ਥੱਕਿਆ ਅਤੇ ਚਿੰਤਾਤੁਰ ਸੀ। ਉਹਦੇ ਮੂੰਹ ਵੱਲ ਵੇਖ ਕੇ ਹੀ ਪਤਾ ਲਗ ਜਾਂਦਾ ਸੀ, ਕਿ ਮੇਰੀ ਗੈਰ ਹਾਜ਼ਰੀ ਵਿਚ ਉਹਨੇ ਹੀ ਚਿੰਤਾ ਦਾ ਭਾਰ ਚੁੱਕੀ ਰਖਿਆ ਸੀ। ਲਾਰਾ ਅਗੇ ਨਾਲੋਂ ਖੁਸ਼ ਸੀ, ਉਹਦੇ ਮੂੰਹ ਤੋਂ ਵੇਖਣ ਤੇ ਇਹ ਪਤਾ ਲਗਦਾ ਸੀ ਕਿ ਉਹਨੂੰ ਵੈਲਮਿੰਗਮ ਵਿਚ ਹੋਈ ਭਿਆਨਕ ਮੌਤ ਦੀ ਖਬਰ ਨਹੀਂ ਦਸੀ ਗਈ, ਅਤੇ ਨਾ ਹੀ ਘਰ ਬਦਲਣ ਦਾ ਅਸਲ ਕਾਰਨ ਉਹ ਜਾਣਦੀ ਹੈ। ਸਗੋਂ ਉਹ ਨਵੇਂ ਘਰ ਵਿਚ ਪਹਿਲਾਂ ਨਾਲੋਂ ਵੀ ਜਿਆਦਾ ਖੁਸ਼ ਸੀ ਉਹਨੇ ਮੈਨੂੰ ਦੱਸਿਆ, ਕਿ ਮੇਰੀਅਨ ਮੈਨੂੰ ਮਕਾਨ ਬਦਲ ਕੇ ਹੈਰਾਨ ਕਰਨਾ ਚਾਹੁੰਦੀ ਸੀ। ਪਹਿਲਾਂ ਘਰ ਬੜੇ ਰੌਲੇ ਗੌਲੇ ਵਿਚ ਸੀ, ਅਤੇ ਨਵਾਂ ਘਰ ਦਰਖਤਾਂ, ਖੇਤਾਂ ਅਤੇ ਨਦੀ ਦੇ ਨੇੜੇ ਸੀ। ਉਹ ਹੁਣ ਖੁਸ਼ੀ-ਖੁਸ਼ੀ ਭਵਿੱਸ ਦੀਆਂ ਗੱਲਾਂ ਕਰਦੀ ਸੀ। ਉਹ ਕਿੰਨੀਆਂ ਤਸਵੀਰਾਂ ਬਣਾਏਗੀ ਅਤੇ ਉਹਨੇ ਮੈਨੂੰ ਪੁੱਛਿਆ, ਕਿ ਮੈਂ ਕਿ ਕਿਥੇ ਨਵੇਂ ਗਾਹਕ ਬਣਾ ਕੇ ਆਇਆ ਹਾਂ। ਕੌਣ ਕੌਣ ਸਾਡੀਆਂ ਤਸਵੀਰਾਂ ਖਰੀਦੇਗਾ? ਉਹਨੇ ਜੋ ਪੈਸੇ ਜਮ੍ਹਾਂ ਕੀਤੇ ਸਨ, ਮੈਨੂੰ ਉਹ ਬਟੂਆ ਵਿਖਾਇਆ। ਉਹ ਬੜੀ ਖੁਸ਼ ਸੀ, ਉਹਦਾ ਬਟੂਆ ਕਿੰਨਾ ਭਾਰਾ ਸੀ। ਮੇਰੀ ਗੈਰ-

ਹਾਜ਼ਰੀ ਵਿਚ ਉਹਦੇ ਵਿਚ ਜੋ ਤਬਦੀਲੀ ਆਈ ਸੀ, ਮੈਂ ਉਸ ਲਈ ਬਿਲਕੁਲ ਤਿਆਰ ਨਹੀਂ ਸਾਂ। ਮੈਂ ਉਸ ਨੂੰ ਇਸ ਤਰ੍ਹਾਂ ਖਿੜੀ ਹੋਈ ਵੇਖ ਕੇ ਇੰਨਾ ਖੁਸ਼ ਹੋਇਆ, ਕਿ ਮੈਂ ਕੁਝ ਬੋਲ ਨਾ ਸਕਿਆ ਇਸ ਲਈ ਮੈਂ ਮੇਰੀਅਨ ਦੇ ਪਿਆਰ ਅਤੇ ਹੌਂਸਲੇ ਦਾ ਦੇਣਦਾਰ ਸਾਂ।

ਜਦੋਂ ਮੈਂ ਤੇ ਮੇਰੀਅਨ ਇਕੱਲੇ ਹੋਏ ਤਾਂ ਮੈਂ ਮੇਰੀਅਨ ਨੂੰ ਧੰਨਵਾਦ ਦੇਣ ਦੀ ਕੋਸ਼ਿਸ਼ ਕੀਤੀ। ਪਰ ਉਹ ਅਜਿਹੀ ਗੱਲ ਸੁਣਨ ਨੂੰ ਹੀ ਤਿਆਰ ਨਹੀਂ ਸੀ। ਔਰਤਾਂ ਵਿਚ ਇਹ ਕਿੰਨਾ ਮਹਾਨ ਗੁਣ ਹੁੰਦਾ ਹੈ। ਆਪਣੇ ਆਪ ਵੱਲ ਜ਼ਰਾ ਧਿਆਨ ਨਹੀਂ ਦੇਂਦੀਆਂ !

ਉਹਨੇ ਹੁਣ ਮੇਰਾ ਹਾਲ ਪੁੱਛਣਾ ਸ਼ੁਰੂ ਕੀਤਾ ਅਤੇ ਬੋਲੀ :-

"ਮੇਰੇ ਕੋਲ ਉਸ ਵੇਲੇ ਬਿਲਕੁਲ ਵਕਤ ਨਹੀਂ ਸੀ, ਨਹੀਂ ਤਾਂ ਮੈਂ ਚਿੱਠੀ ਕੁੱਝ ਖੋਲ੍ਹ ਕੇ ਲਿਖਦੀ। ਤੂੰ ਬੜਾ ਥੱਕਿਆ ਹੋਇਆ ਦਿਸ ਰਿਹਾ ਏਂ, ਮੇਰੀ ਚਿੱਠੀ ਨਾਲ ਕੀ ਬਹੁਤ ਘਬਰਾ ਗਿਆ ਸੈਂ"?"

"ਹਾਂ ਪਹਿਲਾਂ ਤਾਂ ਮੈਂ ਬਹੁਤ ਘਬਰਾ ਗਿਆ ਸਾਂ, ਪਰ ਮੇਰਾ ਤੁਹਾਡੇ ਵਿਚ ਬਹੁਤ ਵਿਸ਼ਵਾਸ ਹੈ। ਇਸ ਲਈ ਪਿਛੋਂ ਤਾਂ ਮੈਂ ਸ਼ਾਂਤ ਹੋ ਗਿਆ ਸਾਂ। ਕੀ ਕਾਊਂਟ ਫ਼ੋਸਕੋ ਨੇ ਕੋਈ ਚਾਲ ਮੁੜ ਚਲੀ ਹੈ?"

"ਹਾਂ, ਮੈਂ ਉਹਨੂੰ ਕੱਲ੍ਹ ਵੇਖਿਆ ਸੀ, ਅਤੇ ਜੋ ਮਾੜੀ ਗੱਲ ਹੋਈ ਹੈ ਉਹ ਇਹ ਹੈ ਕਿ ਮੈਂ ਉਹਦੇ ਨਾਲ ਬੋਲੀ ਵੀ ਹਾਂ।"

"ਕੀ ਮਤਲਬ? ਕੀ ਉਹ ਜਾਣਦਾ ਸੀ ਕਿ ਅਸੀਂ ਕਿਥੇ ਰਹਿੰਦੇ ਹਾਂ, ਕੀ ਉਹ ਸਾਡੇ ਘਰ ਆਇਆ ਸੀ?"

"ਉਹ ਆਇਆ ਤਾਂ ਸੀ, ਪਰ ਹੇਠਾਂ ਹੀ ਲਾਰਾ ਨੂੰ ਕੁਝ ਪਤਾ ਨਹੀਂ। ਮੈਂ ਤੈਨੂੰ ਦਸਦੀ ਹਾਂ ਕਿ ਗੱਲ ਕਿਵੇਂ ਹੋਈ? ਮੈਨੂੰ ਆਸ ਹੈ, ਕਿ ਜੋ ਖਤਰਾ ਸੀ, ਹੁਣ ਟਲ ਚੁਕਾ ਹੈ। ਕੱਲ੍ਹ ਮੈਂ ਆਪਣੇ ਪੁਰਾਣੇ ਘਰ ਦੀ ਬੈਠਕ ਵਿਚ ਸਾਂ। ਲਾਰਾ ਮੇਜ਼ ਤੇ ਬੈਠੀ ਡਰਾਇੰਗ ਕਰ ਰਹੀ ਸੀ, ਮੈਂ ਇਧਰ ਉਧਰ ਚੱਕਰ ਲਾਂਦੀ ਚੀਜ਼ਾਂ ਠੀਕ ਠਾਕ ਕਰ ਰਹੀ ਸਾਂ। ਇਕ ਵਾਰੀ ਮੈਂ ਖਿੜਕੀ ਕੋਲੋਂ ਲੰਘੀ ਤਾਂ ਬਾਹਰ ਝਾਕ ਕੇ ਵੇਖਿਆ, ਸੜਕ ਦੇ ਸਾਹਮਣੇ ਪਾਸੇ ਕਾਊਂਟ ਕਿਸੇ ਨਾਲ ਗੱਲਾਂ ਕਰ ਰਿਹਾ ਸੀ।"

"ਕੀ ਉਹਨੇ ਵੀ ਉਪਰ ਤੁਹਾਨੂੰ ਵੇਖਿਆ?"

"ਮੇਰਾ ਤੇ ਇਹੀ ਖਿਆਲ ਏ ਕਿ ਓਹਨੇ ਮੈਨੂੰ ਨਹੀਂ ਵੇਖਿਆ। ਮੇਰਾ ਇੰਨਾ ਤ੍ਰਾਹ ਨਿਕਲ ਗਿਆ ਸੀ ਕਿ ਮੈਂ ਕੁਛ ਯਕੀਨ ਨਾਲ ਕਹਿ ਨਹੀਂ ਸਕਦੀ।"

"ਦੂਜਾ ਆਦਮੀ ਕੌਣ ਸੀ-? ਕੀ ਤੁਸੀ ਉਹਨੂੰ ਜਾਣਦੇ ਸੀ ਕਿ ਨਹੀਂ?"

"ਜਿਉਂ ਹੀ ਮੈਨੂੰ ਜ਼ਰਾ ਹੋਸ਼ ਆਈ, ਮੈਂ ਦੂਜੇ ਵੱਲ ਵੇਖਿਆ, ਉਹ ਪਾਗਲਖਾਨੇ ਦਾ ਮਾਲਕ ਸੀ।"

"ਕੀ ਕਾਊਂਟ ਘਰ ਵੱਲ ਇਸ਼ਾਰਾ ਕਰ ਰਿਹਾ ਸੀ?"

"ਨਹੀਂ, ਉਹ ਇੰਜ ਗੱਲਾਂ ਕਰ ਰਹੇ ਸਨ, ਜਿਵੇਂ ਉਹ ਅਚਾਨਕ ਹੀ ਮਿਲ ਗਏ ਹੋਣ। ਮੈਂ ਪਰਦੇ ਦੇ ਪਿਛੋਂ ਉਨ੍ਹਾਂ ਨੂੰ ਵੇਖਦੀ ਰਹੀਂ। ਜੇ ਮੈਂ ਕਦੀ ਲਾਰਾ ਵੱਲ ਮੂੰਹ ਕਰਦੀ, ਇਹ ਵੀ ਸ਼ੁਕਰ ਹੀ ਹੋਇਆ ਕਿ ਲਾਰਾ ਆਪਣੀ ਡਰਾਇੰਗ ਵਿਚ ਮਸਤ ਸੀ; ਨਹੀਂ ਤਾਂ ਮੇਰੀ ਹਾਲਤ ਉਹਦੇ ਕੋਲੋਂ ਛਪੀ ਨਹੀਂ ਸੀ ਰਹਿਣੀ। ਥੋੜੀ ਦੇਰ ਗੱਲਾਂ ਕਰਨ ਮਗਰੋਂ ਉਹ ਦੋਵੇਂ ਵੱਖ ਵੱਖ ਰਾਹਾਂ ਤੇ ਚਲੇ ਗਏ। ਮੈਂ ਇਹੀ ਸੋਚਿਆ ਕਿ ਉਹ ਰਾਹ ਜਾਂਦੇ ਅਚਾਨਕ ਹੀ ਮਿਲ ਗਏ ਸਨ। ਕਾਊਂਟ ਥੋੜੀ ਦੇਰ ਮਗਰੋਂ ਵਾਪਸ ਆ ਗਿਆ। ਉਸੇ ਥਾਂ ਤੇ ਸਾਡੇ ਸਾਹਮਣੇ ਖੜਾ ਹੋ ਕੇ, ਆਪਣਾ ਕਾਰਡ ਕੱਢਕੇ ਉਸ ਉੱਤੇ ਪੈਨਸਿਲ ਨਾਲ ਕੁਛ ਲਿਖਿਆ, ਅਤੇ ਫਿਰ ਸੜਕ ਪਾਰ ਕਰਕੇ ਸਾਡੇ ਪਾਸੇ ਹੀ ਆ ਗਿਆ। ਮੈਂ ਲਾਰਾ ਕੱਲ ਦੌੜ ਕੇ ਲੰਘੀ ਅਤੇ ਉਹਨੂੰ ਇਹ ਕਹਿ ਗਈ ਕਿ ਮੈਂ ਉਪਰ ਕੁਝ ਭੁੱਲ ਆਈ ਸਾਂ। ਕਮਰੇ ਤੋਂ ਬਾਹਰ ਆਕੇ ਮੈਂ ਪੌੜੀਆਂ ਉਤਰੀ। ਮੈਂ ਇਹ ਸੋਚ ਲਿਆ ਸੀ; ਕਿ ਜੇ ਉਹਨੇ ਉੱਪਰ ਆਉਣ ਦੀ ਰਤਾ ਵੀ ਕੋਸਿਸ਼ ਕੀਤੀ ਤਾਂ ਮੈਂ ਉਹਨੂੰ ਕਦੀ ਸਫਲ ਨਹੀਂ ਹੋਣ ਦਿਆਂਗੀ। ਪਰ ਉਹ ਉਪਰ ਨਹੀਂ ਆਇਆ। ਦੁਕਾਨ ਵਿਚ ਖੜੋਤੀ ਕੁੜੀ ਨੂੰ ਉਹਨੇ ਕਾਰਡ ਦੇ ਕੇ ਮੇਰੇ ਵੱਲ ਭੇਜਿਆ, ਚਿੱਟਾ ਕਾਰਡ ਸੀ, ਉਹਨੇ ਨਾਂ ਦੇ ਹੇਠਾਂ ਪੈਨਸਿਲ ਨਾਲ ਲਿਖਿਆ ਸੀ, "ਮੈਨੂੰ ਇਕ ਮਿੰਟ ਤੁਹਾਡੇ ਨਾਲ ਜ਼ਰੂਰੀ ਕੰਮ ਹੈ।"

ਉਹ ਬਦਮਾਸ਼ ਅਜੇ ਵੀ ਮੈਨੂੰ ਚਿੱਠੀ ਲਿਖਣ ਦੀ ਦਲੇਰੀ ਕਰ ਸਕਦਾ ਸੀ ! ਮੁਸੀਬਤ ਵੇਲੇ ਜੇ ਕੋਈ ਸੋਚ ਸਕੇ, ਤਾਂ ਸਗੋਂ ਬੜੀ ਜਲਦੀ ਕੁਝ ਸੋਚ ਲਈਦਾ ਹੈ ! ਮੈਨੂੰ ਪਤਾ ਸੀ, ਕਿ ਕਾਊਂਟ ਦੀ ਗੱਲ ਸੁਣਨੀ ਹੀ ਪੈਣੀ ਹੈ; ਪਤਾ ਨਹੀਂ ਉਹ ਤੇਰੀ ਗੈਰ ਹਾਜ਼ਰੀ ਵਿਚ ਕੀ ਕਰ ਬੈਠੇ। ਇਹ ਸੋਚ ਸੋਚ ਕ ਮੈਂ ਘੁਲਦੀ ਰਵਾਂਗੀ, ਇਸ ਨਾਲੋਂ ਤੇ ਇਹੀ ਚੰਗਾ ਸੀ ਕਿ ਮੈਂ ਉਹਨੂੰ ਮਿਲ ਹੀ ਲਵਾਂ।

"ਉਹਨੂੰ ਉਡੀਕ ਕਰਨ ਲਈ ਕਹਿ", ਮੈਂ ਨੌਕਰਾਣੀ ਨੂੰ ਕਿਹਾ ਅਤੇ ਮੈਂ ਦੌੜ ਕੇ ਕੋਠੇ ਤੋਂ ਆਪਣੀ ਹੈਟ ਲਿਆਈ। ਮੈਂ ਉਹਨੂੰ ਦੁਕਾਨ ਵਿਚ ਵੀ ਨਹੀਂ ਮਿਲਣਾ ਚਾਹੁੰਦੀ ਸਾਂ। ਉਹਦੀ ਆਵਾਜ਼ ਇੰਨੀ ਗੂੰਜਦੀ ਸੀ; ਕਿ ਲਾਰਾ ਨੇ ਜ਼ਰੂਰ ਸੁਣ ਲੈਣੀ ਸੀ। ਮੈਂ ਦਰਵਾਜ਼ਾ ਖੋਲ੍ਹ ਕੇ ਗਲੀ ਵਿਚ ਚਲੀ ਗਈ। ਉਹ ਦੁਕਾਨ ਵਿਚੋਂ ਮੈਨੂੰ ਮਿਲਣ ਲਈ ਬਾਹਰ ਆਇਆ। ਉਹ ਉਸੇ ਤਰ੍ਹਾਂ ਹੀ ਸੀ; ਸੋਗ ਦੇ ਕੱਪੜੇ ਪਹਿਨੇ ਹੋਏ ਸਨ। ਉਹਦੀ ਉਹੀ ਜ਼ਹਿਰ ਭਰੀ ਮੁਸਕਾਨ ਸੀ। ਗਲੀ ਦੇ ਮੁੰਡੇ ਤੇ ਔਰਤਾਂ ਉਹਦੇ ਮੋਟਾਪੇ ਨੂੰ ਹੈਰਾਨ ਹੋ ਕੇ ਦੇਖ ਰਹੇ ਸਨ; ਉਹਦੇ ਵਧੀਆ ਕੱਪੜੇ ਅਤੇ ਹੱਥ ਵਿਚ ਬੈਂਤ ਜਿਸਦੇ ਸਿਰ ਤੇ ਸੋਨਾ ਲਗਾ ਹੋਇਆ ਸੀ, ਸਭ ਨੂੰ ਚਕਾਚੌਂਧ ਕਰ ਰਹੇ ਸਨ। ਮੈਂ ਉਹਨੂੰ ਸਾਹਮਣੇ ਵੇਖਿਆ ਤਾਂ ਮੈਨੂੰ ਬਲੈਕਵਾਟਰ ਦੇ ਉਹ ਭਿਆਨਕ ਦਿਨ ਯਾਦ ਆ ਗਏ; ਜਿਸ ਵੇਲੇ ਉਹਨੇ ਇਕ ਐਕਟਰ ਵਾਂਗ ਆਪਣਾ ਹੈਟ ਉਤਾਰਿਆ; ਤਾਂ ਮੇਰੇ ਦਿਲ ਅੰਦਰ ਜੋ ਉਸ ਲਈ ਘਿਰਣਾ ਸੀ ਸਾਰੀ ਇਕੱਠੀ ਹੋ ਕੇ ਮੇਰੀਆਂ ਅੱਖਾਂ ਵਿਚ ਬਲਣ ਲੱਗ ਪਈ। ਉਹਨੇ ਮੇਰੇ ਨਾਲ ਇੰਜ ਗੱਲ ਕੀਤੀ; ਜਿਵੇਂ ਅਸੀਂ ਮਿੱਤਰਾਂ ਵਾਂਗ ਕਲ੍ਹ ਹੀ ਵਿਛੜੇ ਹੋਈਏ।"

"ਕੀ ਤੁਹਾਨੂੰ ਯਾਦ ਹੈ, ਕਿ ਉਹਨੇ ਕੀ ਕਿਹਾ ਸੀ?"

"ਵਾਲਟਰ, ਮੈਂ ਦੱਸ ਨਹੀਂ ਸਕਦੀ, ਜੋ ਉਹਨੇ ਤੇਰੇ ਬਾਰੇ ਕਿਹਾ, ਉਹ ਤਾਂ ਮੈਂ ਦਸਾਂਗੀ, ਪਰ ਜੋ ਉਹਨੇ ਮੇਰੇ ਬਾਰੇ ਕਿਹਾ ਉਹਨੂੰ ਮੈਂ ਦੁਹਰਾ ਵੀ ਨਹੀਂ ਸਕਦੀ। ਉਸ ਚਿੱਠੀ ਨਾਲ ਵੀ ਉਹ ਵਧੇਰੇ ਗੁਸਤਾਖ ਸ਼ਬਦ ਸਨ; ਮੇਰਾ ਜੀਅ ਕਰਦਾ ਸੀ, ਕਿ ਉਹਨੂੰ ਕਾੜ ਕਰਕੇ ਇਕ ਚਪੇੜ ਮਾਰਾਂ, ਪਰ ਮੈਂ ਇਸ ਦੀ ਥਾਂ ਤੇ ਸ਼ਾਲ ਹੇਠਾਂ ਉਹਦਾ ਕਾਰਡ ਗੁੱਸੇ ਵਿਚ ਟੁਕੜੇ ਟੁਕੜੇ ਕਰ ਦਿੱਤਾ। ਮੈਂ ਇਕ ਸ਼ਬਦ ਵੀ ਨਾ ਬੋਲੀ ਅਤੇ ਘਰ ਤੋਂ ਦੂਰ ਦੂਰ ਕਿਸੇ ਗਲੀ ਵਿਚ ਚਲੀ ਗਈ। ਉਹ ਮੇਰੇ ਪਿਛੇ ਪਿਛੇ ਆਉਂਦਾ ਸਾਰਾ ਰਾਹ ਕੁਝ ਨਾ ਕੁਝ ਬੋਲਦਾ ਰਿਹਾ। ਉਹ ਦੋ ਗੱਲਾਂ ਕਰਨ ਆਇਆ ਸੀ; ਪਹਿਲਾਂ ਤਾਂ ਉਹ ਆਪਣੇ ਦਿਲ ਦੇ ਭਾਵਾਂ ਨੂੰ ਪ੍ਰਗਟਾਉਣਾ ਚਾਹੁੰਦਾ ਸੀ। ਮੈਂ ਇਹ ਸੁਣਨ ਤੋਂ ਇਨਕਾਰ ਕੀਤਾ ਤਾਂ ਉਹਨੇ ਹੋਰ ਕੰਮ ਕੱਢਿਆ। ਉਹੀ ਚੇਤਾਵਨੀ ਮੁੜ ਉਹਨੇ ਦਿਤੀ। ਮੈਂ ਓਹਨੂੰ ਪੁਛਿਆ ਕਿ ਸਾਨੂੰ ਹੁਣ ਖਬਰਦਾਰ ਕਿਉਂ ਕੀਤਾ ਜਾ ਰਿਹਾ ਸੀ, ਉਹਨੇ ਮੁਸਕਰਾ ਕੇ ਸਿਰ ਝੁਕਾਇਆ ਅਤੇ ਸਾਰੀ ਗੱਲ ਖੋਲ੍ਹੀ। ਯਾਦ ਹੈ ਤੈਨੂੰ ਵਾਲਟਰ, ਮੈਂ ਤੈਨੂੰ ਜਾਣ ਤੋਂ ਪਹਿਲਾਂ ਕਿਹਾ ਸੀ ਕਿ ਸਰ ਪਰਸੀਵਲ ਤੇਰੇ ਬਾਰੇ ਕਾਊਂਟ ਕੋਲੋਂ

ਕੋਈ ਸਲਾਹ ਨਹੀਂ ਲਵੇਗਾ, ਅਤੇ ਕਾਊਂਟ ਕੋਲੋਂ ਸਾਨੂੰ ਉਨੀਂ ਦੇਰ ਕੋਈ ਡਰ ਨਹੀਂ, ਜਦੋਂ ਤਕ ਅਸੀਂ ਉਹਦੇ ਪਿਛੇ ਪੈ ਕੇ ਉਹਨੂੰ ਕੁਝ ਕਰਨ ਲਈ ਮਜਬੂਰ ਨਹੀਂ ਕਰਦੇ।"

"ਮੈਨੂੰ ਯਾਦ ਹੈ ਮੇਰੀਅਨ।"

"ਉਹੀ ਗੱਲ ਹੋਈ ਹੈ। ਕਾਊਂਟ ਨੇ ਸਰ ਪਰਸੀਵਲ ਨੂੰ ਸਲਾਹ ਦਿੱਤੀ ਸੀ, ਪਰ ਸਰ ਪਰਸੀਵਲ ਕਿਥੇ ਸੁਣਨ ਵਾਲਾ ਸੀ, ਉਹ ਗੁੱਸੇ ਵਿਚ ਆਪਣੀ ਜ਼ਿੱਦ ਤੇ ਅੜਿਆ ਰਿਹਾ-ਉਹਨੇ ਤੇਰੇ ਖਿਲਾਫ ਆਪਣੀ ਘਿਰਣਾ ਦੇ ਅੱਗੇ ਕਿਸੇ ਦੀ ਮੰਨੀ ਨਾ। ਕਾਊਂਟ ਨੇ ਫਿਰ ਉਹਨੂੰ ਕਹਿਣਾ ਹੀ ਛਡ ਦਿੱਤਾ। ਪਰ ਕਾਊਂਟ ਨੇ ਸਾਡੇ ਘਰ ਦਾ ਪਤਾ ਲਾ ਲਿਆ ਸੀ; ਕਿ ਜੇ ਕਿਤੇ ਅਸੀਂ ਉਹਦੇ ਕਿਸੇ ਮਾਮਲੇ ਵਿਚ ਦਖਲ ਦੇਈਏ ਤਾਂ ਉਹ ਸਾਡੇ ਤਕ ਪਹੁੰਚ ਸਕੇ। ਵਾਲਟਰ, ਜਦੋਂ ਤੂੰ ਪਹਿਲੀ ਵਾਰ ਹੈਂਪਸਾਇਰ ਤੋਂ ਪਰਤਿਆ ਤਾਂ ਵਕੀਲ ਦੇ ਆਦਮੀਆਂ ਨੇ ਤੇਰਾ ਕੁਝ ਚਿਰ ਤੀਕ ਪਿੱਛਾ ਕੀਤਾ ਸੀ; ਅਤੇ ਅਗੋਂ ਕਾਊਂਟ ਨੇ ਘਰ ਦੇ ਦਰਵਾਜ਼ੇ ਤੀਕ। ਉਹ ਤੇਰੇ ਕੋਲੋਂ ਕਿਵੇਂ ਛੁਪਿਆ ਰਿਹਾ; ਇਹ ਤਾਂ ਮੈਨੂੰ ਉਸ ਨੇ ਨਹੀਂ ਦੱਸਿਆ, ਪਰ ਉਨੇ ਸਾਡਾ ਘਰ ਵੇਖ ਲਿਆ ਸੀ। ਜਦੋਂ ਸਰ ਪਰਸੀਵਲ ਦੀ ਮੌਤ ਦੀ ਖ਼ਬਰ ਉਹਨੂੰ ਪਹੁੰਚੀ; ਤਾਂ ਉਹਨੇ ਸੋਚਿਆ ਕਿ ਹੁਣ ਤੂੰ ਉਹਦੇ ਪਿਛੇ ਪਏਗਾ, ਇਸ ਲਈ ਉਹ ਹੁਸ਼ਿਆਰ ਹੋ ਗਿਆ। ਉਹਨੇ ਪਾਗਲਖਾਨੇ ਦੇ ਮਾਲਕ ਨੂੰ ਬੁਲਾ ਭੇਜਿਆ ਤਾਂ ਜੋ ਉਹ ਥਾਂ ਉਹਨੂੰ ਵਿਖਾ ਦੇਵੇ, ਜਿਥੇ ਉਹਦੀ ਮਰੀਜ਼ ਨੱਸ ਕੇ ਗਈ ਹੈ। ਇਸ ਤਰ੍ਹਾਂ ਉਹ ਤੈਨੂੰ ਫਸਾਣਾ ਚਾਹੁੰਦਾ ਹੈ-ਅਤੇ ਕਾਨੂੰਨ ਦੀ ਮਦਦ ਨਾਲ ਅੰਦਰ ਵੀ ਕਰਵਾ ਸਕਦਾ ਹੈ? ਇਹ ਗੱਲ ਉਹਨੇ ਮੇਰੇ ਸਾਹਮਣੇ ਮੰਨੀ ਹੈ। ਪਰ ਇਥੇ ਪਹੁੰਥ ਕੇ ਉਹਨੇ ਆਪਣੀ ਸਲਾਹ ਬਦਲ ਲਈ !

"ਸੱਚ?"

"ਇਹ ਕਹਿਣਾ ਮੁਸ਼ਕਿਲ ਹੈ, ਵਾਲਟਰ ਪਰ ਮੈਨੂੰ ਇਹ ਕਹਿਣਾ ਹੀ ਪਵੇਗਾ-ਉਹਨੇ ਮੇਰਾ ਖਿਆਲ ਕਰਕੇ ਹੀ ਇਹ ਕਦਮ ਨਹੀਂ ਚੁੱਕਿਆ! ਮੈਂ ਇਹ ਸੋਚਦੀ ਹਾਂ ਤੇ ਮੈਨੂੰ ਆਪਣੇ ਆਪ ਤੋਂ ਵੀ ਘ੍ਰਿਣਾ ਆਉਂਦੀ ਹੈ; ਪਰ ਇਹ ਮੰਨਣਾ ਪਏਗਾ ਕਿ ਇਸ ਲੋਹੇ ਦੇ ਆਦਮੀ ਦੇ ਵਿਚ ਜੇ ਕੋਈ ਕਮਜ਼ੋਰੀ ਹੈ, ਤਾਂ ਉਹ ਇਹੀ ਹੈ ਕਿ ਉਹ ਆਪ ਮੈਨੂੰ ਸ਼ਲਾਘਾ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ। ਮੈਂ ਬੜਾ ਚਾਹੁੰਦੀ ਸਾਂ, ਕਿ ਇਸ ਗੱਲ ਨੂੰ ਨਾ ਮੰਨਾ। ਪਰ ਉਹਦੀਆਂ ਨਜਰਾਂ ਉਹਦੀ ਤੱਕਣੀ ਅਤੇ ਉਹਦੀ ਚਾਲ ਢਾਲ ਮੂੰਹੋਂ ਬੋਲ ਕੇ ਇਹੀ ਗੱਲ ਕਹਿੰਦੀ ਹੈ। ਉਸ

ਬਦਮਾਸ਼ ਦੀਆਂ ਅੱਖਾਂ ਸਚਮੁੱਖ ਗਿੱਲੀਆਂ ਸਨ, ਵਾਲਟਰ। ਜਦ ਉਹ ਮੇਰੇ ਨਾਲ ਗੱਲਾਂ ਕਰ ਰਿਹਾ ਸੀ! ਉਹਨੇ ਮੈਨੂੰ ਦੱਸਿਆ ਕਿ ਜਦੋਂ ਉਹ ਡਾਕਟਰ ਨੂੰ ਸਾਡਾ ਘਰ ਉਂਗਲੀ ਦੇ ਇਸਾਰੇ ਨਾਲ ਦੱਸਣ ਹੀ ਲੱਗਾ ਸੀ, ਕਿ ਉਹਨੇ ਇਹ ਸੋਚਿਆ ਕਿ ਮੈਨੂੰ ਜੇ ਲਾਰਾ ਨਾਲੋਂ ਵੱਖ ਕੀਤਾ ਗਿਆ ਤਾਂ ਮੈਂ ਕਿੰਨੀ ਦੁੱਖੀ ਹੋਵਾਂਗੀ! ਮੇਰੀ ਕੀ ਹਾਲਤ ਹੋਵੇਗੀ ਜੇ ਮੈਨੂੰ ਕਚਿਹਰੀ ਵਿਚ ਇਸ ਗੱਲ ਦਾ ਉੱਤਰ ਦੇਣਾ ਪਿਆ ਕਿ ਮੈਂ ਲਾਰਾ ਨੂੰ ਕਿਉਂ ਨਸਾਇਆ ਸੀ, ਇਸ ਖ਼ਿਆਲ ਨਾਲ ਹੀ ਉਹਨੇ ਇਹ ਪ੍ਰਵਾਹ ਵੀ ਨਾ ਕੀਤੀ ਕਿ ਤੂੰ ਉਹਦਾ ਕਿੰਨਾ ਕੁਝ ਵਿਗਾੜ ਸਕਦਾ ਹੈ। ਅਤੇ ਦੂਜੀ ਵਾਰ ਉਹਨੇ ਸਾਨੂੰ ਛੱਡ ਦਿੱਤਾ। ਉਹਨੇ ਮੈਨੂੰ ਇਹ ਕੁਰਬਾਨੀ ਯਾਦ ਰੱਖਣ ਲਈ ਕਿਹਾ ਹੈ। ਉਹਨੇ ਸਾਨੂੰ ਫਿਰ ਚੇਤਾਵਨੀ ਦਿੱਤੀ ਕਿ ਮੈਂ ਤੈਨੂੰ ਰੋਕਾਂ; ਨਹੀਂ ਤੇ, ਉਹ ਮੁੜ ਕਦੀ ਸਾਡਾ ਲਿਹਾਜ਼ ਨਹੀਂ ਕਰੇਗਾ! ਮੈਂ ਉਹਦੇ ਨਾਲ ਇਕਰਾਰ ਨਹੀਂ ਕੀਤਾ ਇਸ ਤੋਂ ਪਹਿਲਾਂ ਤੇ ਮੈਂ ਮਰ ਜਾਣਾ ਚੰਗਾ ਸਮਝਦੀ। ਉਹਦੇ ਤੇ ਵਿਸ਼ਵਾਸ ਕੀਤਾ ਜਾਏ ਜਾਂ ਨਾ, ਪਤਾ ਨਹੀਂ ਇਹ ਝੂਠ ਹੈ ਕਿ ਸੱਚ, ਪਰ ਇਹ ਤੇ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ; ਕਿ ਉਹ ਪਾਗਲਖਾਨੇ ਦਾ ਮਾਲਕ ਨੂੰ ਉਸ ਗਲੀ ਵਿਚੋਂ ਝੱਟ ਹੀ ਦੂਜੇ ਪਾਸੇ ਚਲਾ ਗਿਆ। ਉਹਨੇ ਇਕ ਵਾਰੀ ਵੀ ਸਾਡੀ ਖਿੜਕੀ ਵੱਲ ਨਹੀਂ ਝਾਕਿਆ ਅਤੇ ਨਾ ਹੀ ਇਸ ਪਾਸੇ ਉਹਨੇ ਵੇਖਿਆ।'

"ਇਹ ਗੱਲ ਸੱਚ ਹੀ ਹੋਵੇਗੀ ਮੇਰੀਅਨ! ਜੇ ਕੋਈ ਚੰਗਾ ਆਦਮੀ ਸਦਾ ਭਲਾ ਨਹੀਂ ਕਰ ਸਕਦਾ, ਤਾਂ ਇਕ ਭੈੜਾ ਆਦਮੀ ਵੀ ਹਮੇਸ਼ਾ ਭੈੜਾ ਨਹੀਂ ਹੁੰਦਾ ਪਰ ਇਹ ਹੋ ਸਕਦਾ ਹੈ, ਕਿ ਉਹ ਤੈਨੂੰ ਡਰਾਉਣਾ ਚਾਹੁੰਦਾ ਹੋਵੇ, ਹੁਣ ਸਰ ਪਰਸੀਵਲ ਮਰ ਚੁੱਕਾ ਹੈ ਅਤੇ ਮਿਸਜ਼ ਕੈਥੇਰਿਕ ਨੂੰ ਕਿਸੇ ਦਾ ਡਰ ਨਹੀ; - ਕਾਊਂਟ ਸ਼ਾਇਦ ਅਸਲ ਵਿਚ ਕੁਝ ਵੀ ਨਾ ਕਰ ਸਕਦਾ ਹੋਵੇ। ਹੋਰ ਕਿ ਕਿਹਾ ਸੀ ਉਹਨੇ?

"ਉਹਨੇ ਜਾਂਦੀ ਵਾਰ ਫਿਰ ਤੇਰੀ ਹੀ ਗੱਲ ਕੀਤੀ। ਉਹਦੀਆਂ ਅੱਖਾਂ ਵਿਚ ਇਕ ਚਮਕ ਆ ਗਈ ਤੇ ਉਹਦਾ ਲਹਿਜਾ ਉਹੀ ਹੋ ਗਿਆ। ਜੋ ਬਲੈਕਵਾਟਰ ਪਾਰਕ ਵਿਚ ਹੋਇਆ ਕਰਦਾ ਸੀ। ਉਹ ਦੀ ਆਵਾਜ਼ ਵਿਚ ਦ੍ਰਿੜ੍ਹ ਇਰਾਦਾ ਅਤੇ ਵਿਅੰਗ ਸੀ। ਕੋਈ ਕਹਿ ਨਹੀਂ ਸਕਦਾ ਕਿ ਉਹਦੇ ਦਿਲ ਵਿਚ ਕੀ ਹੁੰਦਾ ਹੈ, ਜਦੋਂ ਉਹ ਇੰਜ ਗੱਲਾਂ ਕਰਦਾ ਹੈ-ਉਹ ਬੋਲਿਆ, "ਮਿਸਟਰ ਹਾਰਟ ਰਾਈਟ ਨੂੰ ਸਾਵਧਾਨ ਕਰ ਦੇਣਾ, ਉਹਦਾ ਵਾਹ ਹੁਣ ਇਕ ਅਕਲਮੰਦ ਆਦਮੀ ਨਾਲ ਹੈ; ਇਕ ਅਜਿਹੇ ਪੁਰਸ਼ ਨਾਲ ਜੋ ਸਮਾਜ ਦੇ ਕਾਇਦੇ ਕਾਨੂੰਨਾਂ ਨੂੰ

ਕੁਝ ਨਹੀਂ ਸਮਝਦਾ; ਜੇ ਮੇਰੇ ਦੋਸਤ ਨੇ ਮੇਰੀ ਸਲਾਹ ਮੰਨੀ ਹੁੰਦੀ ਤਾਂ ਅੱਜ ਪਰਸੀਵਲ ਦੀ ਥਾਂ ਹਾਰਟਰਾਈਟ ਦੀ ਮੌਤ ਉਤੇ ਤਹਕੀਕਾਤ ਹੋ ਰਹੀ ਹੁੰਦੀ! ਪਰ ਉਹ ਜ਼ਿੱਦਲ ਸੀ; ਉਹਨੇ ਮੇਰੀ ਇਕ ਨਾ ਸੁਣੀ ! ਮੈਨੂੰ ਉਹਦੇ ਮਰਨ ਦਾ ਬੜਾ ਦੁੱਖ ਹੈ ! ਇਹ ਵੇਖੋ, ਮੈਂ ਹੈਟ ਤੇ ਵੀ ਸੋਗ ਦਾ ਨਿਸ਼ਾਨ ਇਹ ਕਾਲੀ ਕਰੇਪ ਲਾਈ ਹੈ। ਮਿਸਟਰ ਹਾਰਟਰਾਈਟ ਨੂੰ ਕਹਿਣਾ ਇਹ ਗੱਲ ਯਾਦ ਰੱਖੇ। ਜੇ ਉਹਨੇ ਮੈਨੂੰ ਰਤਾ ਵੀ ਛੇੜਿਆ ਤਾਂ ਪਤਾ ਨਹੀਂ ਕਿੰਨੀ ਸਖਤ ਦੁਸ਼ਮਣੀ ਜਾਗ ਉਠੇ! ਉਹਦੇ ਕੋਲ ਜੋ ਕੁਝ ਹੈ ਉਹਨੂੰ ਹੁਣ ਉਹਦੇ ਨਾਲ ਹੀ ਸ਼ਾਂਤੀ ਕਰਨੀ ਚਾਹੀਦੀ ਹੈ। ਜੋ ਮੈਂ ਉਹਦੇ ਕੋਲ ਛੱਡਿਆ ਹੈ; ਉਹ ਤੁਹਾਡੀ ਖ਼ਾਤਿਰ ਹੀ ਛੱਡ ਰਿਹਾ ਹਾਂ ਅਤੇ ਉਹਨੂੰ ਮੇਰੇ ਵਲੋਂ ਸ਼ੁਭ ਇਛਾਵਾਂ ਦੇਣਾ; ਅਤੇ ਇਹ ਕਹਿਣਾ ਕਿ ਹੁਣ ਉਹਦਾ ਮੁਕਾਬਲਾ ਫ਼ੋਸਕੋ ਨਾਲ ਹੈ। ਅਤੇ ਫ਼ੋਸਕੋ ਕਿਧਰੇ ਵੀ ਰੁਕਦਾ ਨਹੀ – !" ਇਹ ਕਹਿ ਕੇ ਉਹਨੇ ਆਪਣਾ ਹੈਟ ਲਾਹਿਆ ਅਤੇ ਭੈੜੀਆਂ ਜਾਲਮ ਅੱਖਾਂ ਨਾਲ ਮੇਰੇ ਵੱਲ ਵੇਖ ਕੇ ਆਪਣਾ ਨੰਗਾ ਸਿਰ ਮੇਰੇ ਅੱਗੇ ਝੁਕਾ ਦਿੱਤਾ! ; ਅਤੇ ਫਿਰ ਉਹ ਚਲਾ ਗਿਆ !'

"ਕੀ ਉਹਨੇ ਹੋਰ ਕੁਝ ਨਹੀਂ ਕਿਹਾ?"

"ਉਹਨੇ ਮੋੜ ਕੇ ਪਿਛੇ ਜਾ ਕੇ ਵੇਖਿਆ, ਆਪਣਾ ਹੱਥ ਹਿਲਾ ਕੇ ਨਾਟਕੀ ਢੰਗ ਨਾਲ ਆਪਣੀ ਛਾਤੀ ਤੇ ਰੱਖਿਆ। ਉਸ ਤੋਂ ਪਿਛੋਂ ਫਿਰ ਉਹ ਮੈਨੂੰ ਨਹੀਂ ਦਿਸਿਆ। ਸਾਡੇ ਘਰ ਤੋਂ ਪਰਲੇ ਪਾਸੇ ਉਹ ਗਾਇਬ ਹੋ ਗਿਆ। ਮੈਂ ਦੌੜ ਕੇ ਘਰ ਵਾਪਸ ਆਈ, ਪਰ ਮੈਂ ਉਸੇ ਪਲ ਮਕਾਨ ਬਦਲਣ ਦਾ ਫ਼ੈਸਲਾ ਕਰ ਲਿਆ ਸੀ। ਕਾਊਂਟ ਨੂੰ ਸਾਡੇ ਘਰ ਦਾ ਪਤਾ ਲਗ ਚੁੱਕਾ ਸੀ; ਇਹ ਸਾਡੇ ਲਈ ਕੋਈ ਹਿਫਾਜ਼ਤ ਦੀ ਥਾਂ ਨਹੀਂ ਸੀ ਰਹਿ ਗਈ, ਸਗੋਂ ਇਥੇ ਰਹਿਣ ਦਾ ਖਤਰਾ ਹੀ ਖਤਰਾ ਸੀ। ਮੈਨੂੰ ਤੇਰੇ ਆਉਣ ਦਾ ਪੱਕਾ ਪਤਾ ਨਹੀਂ ਸੀ ਸੋ ਮੈਂ ਹੋਰ ਉਡੀਕ ਨਹੀਂ ਸਾਂ ਕਰ ਸਕਦੀ। ਤੇਰੀ ਗੈਰ ਹਾਜ਼ਰੀ ਵਿਚ ਪਤਾ ਨਹੀਂ ਕੀ ਦਾ ਕੀ ਹੋ ਜਾਏ। ਤੂੰ ਜਾਣ ਤੋਂ ਪਹਿਲਾਂ ਇਕ ਵਾਰ ਕਿਹਾ ਸੀ ਕਿ ਅਸੀਂ ਲਾਰਾ ਦੀ ਖਾਤਿਰ ਕਿਧਰੇ ਖੁੱਲੀ ਥਾਂ ਤੇ ਮਕਾਨ ਢੂੰਡੀਏ। ਮੈਂ ਲਾਰਾ ਨੂੰ ਇਹੀ ਦਸਿਆ ਅਤੇ ਨਾਲ ਹੀ ਇਹ ਵੀ ਕਿਹਾ ਕਿ ਜੇ ਅਸੀਂ ਤੇਰੇ ਪਿਛੋਂ ਮਕਾਨ ਬਦਲ ਲਈਏ ਤਾਂ ਤੈਨੂੰ ਘਟ ਖੇਚਲ ਹੋਵੇਗੀ ਨਾਲੇ ਅਸੀਂ ਤੈਨੂੰ ਹੈਰਾਨ ਕਰ ਦਿਆਂਗੀਆਂ। ਇਹ ਗੱਲ ਸੁਣ ਕੇ ਲਾਰਾ ਵੀ ਝਟਪਟ ਸਮਾਨ ਬੰਨ੍ਹਣ ਲੱਗ ਗਈ। ਇਥੇ ਆ ਕੇ ਉਹਨੇ ਹੀ ਤੇਰਾ ਸਾਮਾਨ ਤੇਰੇ ਕਮਰੇ ਵਿਚ ਸਜਾਇਆ ਹੈ।

"ਤੁਹਾਨੂੰ ਇਸ ਥਾਂ ਤੇ ਆਉਣ ਦਾ ਖਿਆਲ ਕਿੰਜ ਆਇਆ ਹੈ?"

"ਮੈਨੂੰ ਲੰਦਨ ਦੇ ਕਿਸੇ ਹੋਰ ਇਲਾਕੇ ਬਾਰੇ ਕੁਝ ਪਤਾ ਨਹੀਂ। ਮੈਨੂੰ ਸਿਰਫ ਇਹੀ ਧੁਨ ਸੀ ਕਿ ਉਸ ਘਰ ਤੋਂ ਜਿੰਨੀ ਦੂਰ ਹੋ ਸਕਦਾ ਹੈ, ਮਕਾਨ ਲਵਾਂ; ਮੈਨੂੰ ਫੁਲਹਮ ਦਾ ਕੁਝ ਪਤਾ ਸੀ, ਕਿਉਂਕਿ ਮੈਂ ਥੋੜ੍ਹਾ ਚਿਰ ਲਈ ਇਥੇ ਇਕ ਸਕੂਲ ਵਿਚ ਰਹੀ ਸਾਂ। ਮੈਂ ਕਿਸੇ ਹੱਥ ਉਸੇ ਸਕੂਲ ਵਿਚ ਚਿੱਠੀ ਭੇਜੀ। ਮਨ ਵਿਚ ਮੈਂ ਇਹੀ ਸੋਚਿਆ ਕਿ ਸ਼ਾਇਦ ਉਹ ਸਕੂਲ ਅਜੇ ਹੋਵੇ। ਸਕੂਲ ਅਜੇ ਹੈ ਤੇ ਮੇਰੀ ਉਸਤਾਨੀ ਦੀਆਂ ਲੜਕੀਆਂ ਹੁਣ ਸਕੂਲ ਨੂੰ ਚਲਾਂਦੀਆਂ ਹਨ। ਉਹਨਾਂ ਮੇਰੀ ਚਿੱਠੀ ਦੇ ਅਨੁਸਾਰ ਇਹ ਮਕਾਨ ਮੈਨੂੰ ਲੱਭ ਦਿੱਤਾ, ਜਦੋਂ ਉਹਨਾਂ ਮੈਨੂੰ ਇਹ ਸੁਨੇਹਾ ਭੇਜਿਆ, ਤਾਂ ਡਾਕ ਨਿਕਲਣ ਵਾਲੀ ਸੀ ਤਾਂ ਹੀ ਮੈਂ ਉਹ ਚਿੱਠੀ ਇਕਦਮ ਡਾਕ ਪਾਈ। ਹਨੇਰਾ ਹੋਣ ਤੇ ਅਸੀਂ ਮਕਾਨ ਬਦਲ ਲਿਆ। ਮੈਂ ਠੀਕ ਕੀਤਾ ਹੈ ਵਾਲਟਰ ਕਿ ਨਹੀਂ? ਕੀ ਮੈਂ ਕੋਈ ਗਲਤੀ ਤੇ ਨਹੀਂ ਕਰ ਬੈਠੀ?" ਮੈਂ ਉਹਨੂੰ ਪਿਆਰ ਨਾਲ ਤਸੱਲੀ ਦਿਤੀ। ਉਹਨੇ ਜੋ ਕੀਤਾ ਸੀ ਬਿਲਕੁਲ ਠੀਕ ਸੀ। ਮੈਂ ਉਹਦਾ ਇਹਸਾਨ ਕਿਵੇਂ ਕਦੀ ਭੁਲਾ ਸਕਦਾ ਸਾਂ। ਉਹਦੇ ਚਿਹਰੇ ਤੇ ਅਜੇ ਵੀ ਚਿੰਤਾ ਝਲਕ ਰਹੀ ਸੀ। ਉਹਨੇ ਮੈਨੂੰ ਕਾਊਂਟ ਫ਼ੋਸਕੋ ਬਾਰੇ ਅਗਲਾ ਪ੍ਰਸ਼ਨ ਪੁਛਿਆ।

ਹੁਣ ਉਹ ਉਸ ਬਾਰੇ ਹੋਰ ਤਰ੍ਹਾਂ ਸੋਚ ਰਹੀ ਸੀ। ਹੁਣ ਉਹਨੂੰ ਗੁੱਸਾ ਨਹੀਂ ਸੀ ਆਇਆ ਨਾਂ ਹੀ ਉਹਨੇ ਮੈਨੂੰ ਜੋਸ਼ ਵਿਚ ਆਕੇ ਵਾਸਤਾ ਪਾਇਆ ਕਿ ਮੈਂ ਉਹਦੇ ਕੋਲੋਂ ਜਲਦੀ ਬਦਲਾ ਲਵਾਂ। ਉਹਨੂੰ ਇਹ ਹੁਣ ਵਿਸ਼ਵਾਸ ਸੀ ਕਿ ਉਹ ਸੱਚਮੁੱਚ ਹੀ ਉਹਨੂੰ ਪਿਆਰ ਕਰਦਾ ਸੀ। ਉਹ ਉਹਦੀ ਚਾਲਾਕੀ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ। ਉਹਨੂੰ ਉਹਦੀ ਕਮੀਨਗੀ ਭੁੱਲੀ ਨਹੀਂ ਸੀ। ਉਹਨੇ ਮੇਰੀਆਂ ਅੱਖਾਂ ਵਿਚ ਵੇਖਿਆ; ਇਕ ਅਜੀਬ ਜਿਹਾ ਡਰ ਉਹਨਾਂ ਵਿਚ ਸੀ। ਉਹਨੇ ਮੈਨੂੰ ਹੌਲੀ ਜਿਹੀ ਪੁੱਛਿਆ ਕਿ ਕਾਊਂਟ ਜੋ ਕਹਿ ਗਿਆ ਸੀ, ਉਹਦਾ ਕੀ ਮਤਲਬ ਕੱਢਣਾ ਚਾਹੀਦਾ ਹੈ।

"ਮੇਰੀਅਨ, ਅਜੇ ਬਹੁਤੇ ਹਫਤੇ ਨਹੀਂ ਹੋਏ, ਜਦੋਂ ਮੈਂ ਮਿਸਟਰ ਕਾਈਰਲ ਨੂੰ ਉਨ੍ਹਾਂ ਦੇ ਦਫਤਰ ਮਿਲਣ ਗਿਆ ਸਾਂ। ਜਦੋਂ ਮੈਂ ਉਥੋਂ ਆਉਣ ਲੱਗਾ ਸਾਂ ਤਾਂ ਮੈਂ ਉਨ੍ਹਾਂ ਨੂੰ ਕਿਹਾ ਸੀ, "ਉਹਦੇ ਚਾਚੇ ਨੂੰ ਲਾਰਾ ਨੂੰ ਉਹਨਾਂ ਸਭ ਲੋਕਾਂ ਦੇ ਸਾਹਮਣੇ ਘਰ ਵਿਚ ਸਵੀਕਾਰ ਕਰਨਾ ਪਏਗਾ, ਜੋ ਉਹਨੂੰ ਹੀ ਦਫਨਾਣ ਲਈ ਕਬਰਸਤਾਨ ਵਿਚ ਗਏ ਸਨ ! ਉਹਦੇ ਚਾਚੇ ਦੀ

ਆਗਿਆ ਨਾਲ ਹੀ ਕਬਰ ਤੇ ਲੱਗਾ ਹੋਇਆ ਉਹ ਝੂਠਾ ਸ਼ਿਲਾਲੇਖ ਉਤਾਰਿਆ ਜਾਏਗਾ, ਅਤੇ ਉਹ ਦੋ ਆਦਮੀ ਜਿਨ੍ਹਾਂ ਨੇ ਉਸਨੂੰ ਇਸ ਗੱਲ ਤਕ ਪਹੁੰਚਾਇਆ ਹੈ; ਉਨ੍ਹਾਂ ਨੂੰ ਮੈਨੂੰ ਜਵਾਬ ਦੇਣਾ ਪਏਗਾ, ਭਾਵੇਂ ਉਹ ਕਾਨੂੰਨ ਦੀ ਪਕੜ ਤੋਂ ਬਾਹਰ ਹਨ।" ਇਕ ਆਦਮੀ ਉਨ੍ਹਾਂ ਵਿਚੋਂ ਮਰ ਚੁੱਕਾ ਹੈ ਪਰ ਦੂਜਾ ਜੀਉਂਦਾ ਹੈ; ਅਤੇ ਮੈਂ ਆਪਣੇ ਨਿਸ਼ਚੇ ਉਤੇ ਦ੍ਰਿੜ ਹਾਂ।"

ਉਹਦੀਆਂ ਅੱਖਾਂ ਵਿਚ ਚਮਕ ਆ ਗਈ, ਉਹਦਾ ਮੂੰਹ ਲਾਲ ਹੋ ਗਿਆ। ਪਰ ਮੈਨੂੰ ਪਤਾ ਸੀ ਕਿ ਉਹਦੀ ਸਾਰੀ ਹਮਦਰਦੀ ਮੇਰੇ ਨਾਲ ਹੈ। ਮੈਂ ਆਪਣੇ ਰਉਂ ਵਿਚ ਉਹਨੂੰ ਕਹਿੰਦਾ ਗਿਆ।

"ਮੈਂ ਇਹ ਗੱਲ ਮੰਨਦਾ ਹਾਂ ਕਿ ਸਾਡਾ ਕੰਮ ਬੜਾ ਹੀ ਮੁਸ਼ਕਿਲ ਹੈ; ਅਸੀਂ ਜੋ ਜੋ ਮੁਸਬਿਤਾਂ ਅਜੇ ਤਕ ਵੇਖੀਆਂ ਹਨ, ਸ਼ਾਇਦ ਉਹ ਭਵਿੱਸ਼ ਵਿਚ ਆਉਣ ਵਾਲੀਆਂ ਮੁਸੀਬਤਾਂ ਦੇ ਮੁਕਾਬਲੇ ਵਿਚ ਕੁਝ ਵੀ ਨਾ ਹੋਣ, ਪਰ ਤਾਂ ਵੀ ਮੈਂ ਪਿੱਛੇ ਨਹੀਂ ਹਟਾਂਗਾ। ਮੈਨੂੰ ਹੁਣ ਸਬਰ ਕਰਨ ਦੀ ਆਦਤ ਪੈ ਗਈ ਹੈ; ਮੈਂ ਹੋਰ ਉਡੀਕ ਲਵਾਂਗਾ। ਕਾਉਂਟ ਸਮਝੇ ਕਿ ਉਹਦੀ ਨਸੀਹਤ ਸਾਡੇ ਤੇ ਅਸਰ ਕਰ ਗਈ ਹੈ। ਉਹਨੂੰ ਸਾਡੀ ਖ਼ਬਰ ਨਾ ਪੁੱਜੇ ਇਹੀ ਠੀਕ ਹੋਵੇਗਾ। ਉਹ ਇਹੀ ਸਮਝੇ ਕਿ ਅਸੀਂ ਉਹਦੇ ਕੋਲੋਂ ਡਰ ਗਏ ਹਾਂ; ਇਕ ਤੇ ਇਹ ਕਾਰਨ ਹੈ ਉਡੀਕਣ ਦਾ। ਇਸ ਤੋਂ ਵੀ ਜ਼ਰੂਰੀ ਇਕ ਹੋਰ ਕਾਰਨ ਹੈ, ਮੈਨੂੰ ਅਜਿਹੀ ਸਥਿੱਤੀ ਵਿਚ ਹੋਣਾ ਚਾਹੀਦਾ ਹੈ ਕਿ ਮੈਂ ਤੁਹਾਡੇ ਦੋਹਾਂ ਲਈ ਕੁਝ ਕਰਨ ਦਾ ਅਧਿਕਾਰ ਰੱਖਦਾ ਹੋਵਾਂ, ਤਾਂ ਹੀ ਮੈਂ ਆਪਣਾ ਅਖੀਰਲਾ ਹਥਿਆਰ ਵਰਤ ਸਕਦਾ ਹਾਂ।"

ਉਹ ਹੈਰਾਨ ਹੋ ਕੇ ਮੇਰੇ ਵੱਲ ਝੁਕੀ।

"ਕਿਸ ਤਰ੍ਹਾਂ? ਇਹ ਕਿਸ ਤਰ੍ਹਾ ਹੋ ਸਕਦਾ ਹੈ?

ਮੈਂ ਤੁਹਾਨੂੰ ਦਸਾਗਾਂ,ਜਦ ਵਕਤ ਆਉਗਾ ਅਜੇ ਠੀਕ ਵਕਤ ਨਹੀ ਆਇਆ ਅਤੇ ਸ਼ਾਇਦ ਉਹ ਵਕਤ ਕਦੀ ਆਏ ਹੀ ਨਾ। ਸ਼ਾਇਦ ਮੈਂ ਲਾਰਾ ਨਾਲ ਕਦੀ ਵੀ ਇਹ ਗੱਲ ਨਾ ਕਰ ਸਕਾਂ। ਪਰ ਮੈਂ ਅਜੇ ਤੁਹਾਡੇ ਨਾਲ ਵੀ ਗੱਲ ਨਹੀਂ ਕਰਾਂਗਾ। ਮੈਂ ਉਦੋਂ ਹੀ ਕਰ ਕਹਾਣਾ ਜਦੋਂ ਠੀਕ ਸਮਝਾਂਗਾ। ਚਲੋ ਛਡੋ ਇਸ ਗੱਲ ਨੂੰ। ਅਜੇ ਹੋਰ ਬਹੁਤ ਜ਼ਰੂਰੀ ਕੰਮ ਹਨ। ਤੁਸੀਂ ਅਜੇ ਤਕ ਲਾਰਾ ਨੂੰ ਉਹਦੇ ਪਤੀ ਦੀ ਮੌਤ ਦੀ ਖਬਰ ਨਹੀਂ ਦਿੱਤੀ!"

"ਅਸੀਂ" ਇਹ ਖ਼ਬਰ ਉਹਨੂੰ ਕਦੋਂ ਦਿਆਗੇ?"

"ਹੁਣ ਸਾਨੂੰ ਉਹ ਖ਼ਬਰ ਦੱਸਣੀ ਚਾਹੀਦੀ ਹੈ--- ਕਿਧਰੇ ਉਹਨੂੰ ਕਿਸੇ ਹੋਰ ਥਾਂ ਤੋਂ ਪਤਾ ਲੱਗਾ ਤਾਂ ਇਹ ਠੀਕ ਨਹੀਂ ਹੋਵੇਗਾ। ਬਹੁਤਾ ਕੁਝ ਨਾ ਦੱਸ, ਬਸ ਹੌਲੀ ਜੇਹੀ ਇਹੀ ਕਹੋ ਕਿ ਉਹ ਮਰ ਚੁੱਕਾ ਹੈ।"

"ਵਾਲਟਰ, ਲਾਰਾ ਨੂੰ ਇਹ ਦੱਸਣ ਪਿੱਛੇ ਹੋਰ ਵੀ ਕੋਈ ਗੱਲ ਹੈ?" ਮੇਰੀਅਨ ਨੇ ਮੈਨੂੰ ਪੁੱਛਿਆ।

"ਹਾ,ਹੈ।"

"ਉਹੀ ਗੱਲ ਹੈ ਨਾ; ਜਿਸ ਬਾਰੇ ਅਸੀਂ ਅਜੇ ਗੱਲ ਨਹੀਂ ਕਰਨੀ ਤੇ ਜਿਹੜੀ ਗੱਲ ਲਾਰਾ ਨਾਲ ਸ਼ਾਇਦ ਕਦੇ ਵੀ ਨਾ ਹੋਏ?" ਉਹਨੇ ਇਨ੍ਹਾਂ ਪਿਛਲੇ ਸ਼ਬਦਾਂ ਉਤੇ ਉਚੇਚਾ ਜ਼ੋਰ ਦਿੱਤਾ ਮੈਂ ਵੀ ਜਦੋਂ ਉਹਨੂੰ ਹਾਂ ਵਿਚ ਉਤਰ ਦਿੱਤਾ, ਤਾਂ ਇਨ੍ਹਾਂ ਹੀ ਸ਼ਬਦਾਂ ਤੇ ਜ਼ੋਰ ਪਾਇਆ। ਉਹਦਾ ਰੰਗ ਪੀਲਾ ਹੋ ਗਿਆ ਸੀ। ਉਦਾਸ ਤੱਕਣੀਆਂ ਨਾਲ ਉਹਨੇ ਮੇਰੇ ਵੱਲ ਵੇਖਿਆ; ਉਹਦੀਆਂ ਅੱਖਾਂ ਵਿਚ ਇਕ ਪਿਆਰ ਦਾ ਸਾਗਰ ਮੇਰੇ ਲਈ ਉਮੜ ਰਹਿਆ ਸੀ। ਉਸਨੇ ਉਸ ਖਾਲੀ ਕੁਰਸੀ ਵੱਲ ਵੇਖਿਆ ਜਿਥੋਂ ਉਹਦੀ ਦੁੱਖ ਸੁੱਖ ਦੀ ਸਾਥਣ ਥੋੜ੍ਹਾ ਚਿਰ ਪਹਿਲਾਂ ਬੈਠੀ ਹੋਈ ਸੀ। ਫਿਰ ਉਹ
ਬੋਲੀ-

"ਹਾਂ ਮੈਂ ਸਮਝਦੀ ਹਾਂ, ਵਾਲਟਰ, ਇਹ ਖਬਰ ਮੈਨੂੰ ਹੀ ਦੱਸਣੀ ਚਾਹੀਦੀ ਹੈ, ਇਹ ਤੁਹਾਡਾ ਦੋਹਾਂ ਦਾ ਮੇਰੇ ਸਿਰ ਕਰਜ਼ਾ ਹੈ।" ਉਹਨੇ ਇਕ ਹਉਕਾ ਭਰਿਆ। ਮੇਰਾ ਹੱਥ ਘੁੱਟ ਕੇ ਇਕਾਇਕ ਛੱਡ ਦਿਤਾ ਅਤੇ ਕਮਰੇ ਵਿਚੋਂ ਬਾਹਰ ਚਲੀ ਗਈ। ਅਗਲੇ ਹੀ ਦਿਨ ਲਾਰਾ ਨੂੰ ਪਤਾ ਲੱਗ ਗਿਆ ਕਿ ਹੁਣ ਉਹ ਆਜ਼ਾਦ ਹੈ ਅਤੇ ਉਹਦੀ ਜ਼ਿੰਦਗੀ ਦੀ ਉਹ ਬਦਨਸੀਬੀ ਅਤੇ ਭੁੱਲ ਹੁਣ ਪਰਸੀਵਲ ਦੀ ਕਬਰ ਵਿਚ ਦਫਨਾਈ ਜਾ ਚੁੱਕੀ ਹੈ।

ਹੁਣ ਅਸੀਂ ਕਦੀ ਉਹਦਾ ਨਾਂ ਵੀ ਨਹੀਂ ਲੈਂਦੇ ਸਾਂ। ਉਹਦੀ ਮੌਤ ਬਾਰੇ ਕਦੀ ਭੁੱਲ ਕੇ ਵੀ ਕੋਈ ਗੱਲਬਾਤ ਨਾ ਕਰਦੇ ਅਤੇ ਉਸ ਵਿਸ਼ੇ ਬਾਰੇ ਵੀ ਕੋਈ ਗੱਲ ਨਾ ਛੇੜਦੇ, ਜਿਸ ਲਈ ਮੈਂ ਮੇਰੀਅਨ ਨੂੰ ਕਿਹਾ ਸੀ ਕਿ ਅਜੇ ਠੀਕ ਵਕਤ ਨਹੀਂ ਆਇਆ। ਪਰ ਅਸੀਂ ਦੋਵੇਂ ਇਸ ਗੱਲ ਨੂੰ ਭੁੱਲੇ ਨਹੀਂ ਸਾਂ, ਸਗੋਂ ਇਹ ਸਾਡੇ ਦਿਮਾਗ ਵਿਚ ਹਰ ਵੇਲੇ ਸਾਹਮਣੇ ਸੀ। ਅਸੀਂ ਦੋਵੇਂ ਲਾਰਾ ਨੂੰ ਹਰ ਸਮੇਂ ਬੜੇ ਧਿਆਨ ਨਾਲ ਵੇਖਦੇ ਰਹਿੰਦੇ। ਕਦੀ ਸਾਨੂੰ ਕੋਈ ਡਰ ਲਗਦਾ ਪਰ ਫਿਰ ਆਸ ਜਾਂਦੀ। ਇਸੇ ਤਰ੍ਹਾਂ ਹੀ ਕਿੰਨਾ ਚਿਰ ਹੋਰ ਲੰਘ ਗਿਆ।

ਹੌਲੀ ਹੌਲੀ ਅਸੀਂ ਫਿਰ ਪਹਿਲਾਂ ਵਾਂਗ ਹੀ ਹੱਸਣ ਖੇਡਣ ਲੱਗ ਪਏ। ਮੈਂ ਆਪਣਾ ਰੋਜ਼ ਵਾਲਾ ਕੰਮ ਸ਼ੁਰੂ ਕਰ ਦਿੱਤਾ, ਜੋ ਹੈਂਪਸ਼ਾਇਰ ਜਾਣ ਕਰਕੇ ਕਈ ਦਿਨਾਂ ਤੋਂ ਬੰਦ ਪਿਆ ਸੀ। ਪੁਰਾਣੇ ਮਕਾਨ ਨਾਲੋਂ ਨਵੇਂ ਘਰ ਦਾ ਕਿਰਾਇਆ ਬਹੁਤਾ ਸੀ; ਕਿਉਂਕਿ ਇਹ ਘਰ ਆਰਾਮਦਾਇਕ ਸੀ। ਹੁਣ ਮੈਨੂੰ ਹੋਰ ਮਿਹਨਤ ਕਰਨ ਦੀ ਵੀ ਲੋੜ ਸੀ, ਕਿਉਂਕਿ ਭਵਿੱਸ ਵਿਚ ਕੀ ਹੋ ਜਾਏ; ਇਸਦਾ ਕੋਈ ਪੱਕਾ ਪਤਾ ਨਹੀਂ ਸੀ। ਅਚਾਨਕ ਹੀ ਕੋਈ ਅਜਿਹਾ ਸਮਾਂ ਆ ਸਕਦਾ ਸੀ ਕਿ ਸਾਨੂੰ ਬੈਂਕ ਵਿਚ ਜਮ੍ਹਾਂ ਕਰਾਏ ਪੈਸੇ ਵੀ ਕਢਵਾਨੇ ਪੈ ਸਕਦੇ ਸਨ। ਨਿਤ ਨਵਾਂ ਕਮਾ ਕੇ ਹੀ ਆਪਣੀਆਂ ਲੋੜਾਂ ਪੂਰੀਆਂ ਕਰਨ ਦਾ ਵਕਤ ਵੀ ਆ ਸਕਦਾ ਸੀ; ਮੈਨੂੰ ਹੁਣ ਕਿਸੇ ਅਜਿਹੀ ਚੰਗੀ ਨੌਕਰੀ ਕੀ ਲੋੜ ਸੀ; ਜਿਸ ਵਿਚ ਚੰਗੀ ਆਮਦਨ ਦੀ ਸੰਭਾਵਨਾ ਹੋਵੇ। ਹੁਣ ਮੈਂ ਇਸ ਕੰਮ ਪਿੱਛੇ ਲੱਗ ਪਿਆ।

ਇਸਦਾ ਇਹ ਭਾਵ ਨਹੀਂ ਕਿ ਮੈਂ ਇਹਨਾਂ ਦਿਨਾਂ ਵਿਚ ਆਪਣੇ ਉਸ ਮੰਤਵ ਦੀ ਪੂਰਤੀ ਲਈ ਹੱਥ ਤੇ ਹੱਥ ਧਰ ਕੇ ਬੈਠਾ ਰਿਹਾ, ਜਿਸਦੇ ਲੇਖੇ ਮੈਂ ਆਪਣੀ ਜ਼ਿੰਦਗੀ ਲਾ ਬੈਠਾ ਸਾਂ। ਅਜੇ ਕਈ ਮਹੀਨੇ ਮੇਰੇ ਜੀਵਨ ਵਿਚ ਇਹੀ ਮਨੋਰਥ ਮੇਰਾ ਚਾਨਣ ਮੁਨਾਰਾ ਸੀ। ਮੈਂ ਪਹਿਲਾਂ ਕਈ ਕੰਮ ਕਰਨੇ ਸਨ, ਕਈ ਪਾਸਿਉਂ ਹੁਸ਼ਿਆਰ ਹੋਣਾ ਸੀ, ਕਿਸੇ ਦਾ ਅਹਿਸਾਨ ਚੁਕਾਉਣਾ ਸੀ; ਅਤੇ ਇਕ ਗੁੰਝਲ ਸੁਲਝਾਉਣੀ ਸੀ।

ਸਭ ਤੋਂ ਜ਼ਰੂਰੀ ਗੱਲ, ਜੋ ਮੈਂ ਪਤਾ ਕਰਨੀ ਚਾਹੁੰਦਾ ਸਾਂ, ਉਹ ਸੀ ਕਿ ਕਾਊਂਟ ਨੇ ਇੰਗਲੈਂਡ ਵਿਚ ਹੀ ਰਹਿਣਾ ਹੈ ਜਾਂ ਇਥੋਂ ਚਲਿਆ ਜਾਣਾ ਹੈ। ਇਹ ਪਤਾ ਕਰਨਾ ਤਾਂ ਕੁਝ ਸੁੱਖਾ ਹੀ ਸੀ। ਮੈਂ ਸੇਂਟ ਜਾਨਸ ਵੁਡ ਉਹਦੇ ਘਰ ਦੇ ਗਵਾਂਢ ਵਿਚ ਜਾਕੇ ਪੁੱਛ ਗਿਛ ਕੀਤੀ ਅਤੇ ਉਸ ਦਲਾਲ ਕੋਲ ਪੁੱਜਾ ਜਿਸਨੇ ਉਹਨੂੰ ਉਹ ਘਰ ਲੈ ਕੇ ਦਿਤਾ ਸੀ। ਮੈਂ ਉਹਨੂੰ ਇਹੀ ਪੁੱਛਿਆ ਕਿ ਪੰਜ ਨੰਬਰ ਫਰੈਸਟ ਰੋਡ ਖਾਲੀ ਹੋਣ ਵਾਲਾ ਹੈ ਕਿ ਨਹੀਂ। ਉਹਨੇ ਨਾਂਹ ਵਿਚ ਉਤਰ ਦਿੱਤਾ, ਅਤੇ ਨਾਲ ਇਹ ਵੀ ਦੱਸਿਆ ਕਿ ਕਾਊਂਟ ਨੇ ਛੇ ਮਹੀਨੇ ਦਾ ਹੋਰ ਕਿਰਾਇਆ ਭਰ ਦਿੱਤਾ ਹੈ। ਉਹ ਅਗਲੇ ਸਾਲ ਦੇ ਜੂਨ ਤਕ ਇਸ ਘਰ ਵਿਚ ਰਹੇਗਾ। ਇਹ ਦਸੰਬਰ ਦਾ ਮਹੀਨਾ ਸੀ। ਮੇਰੇ ਦਿਲ ਵਿਚੋਂ ਇਹ ਫਿਕਰ ਤਾਂ ਮੁਕਿਆ। ਕਾਊਂਟ ਅਜੇ ਮੇਰੀ ਪਹੁੰਚ ਤੋਂ ਬਾਹਰ ਨਹੀਂ ਜਾ ਰਹਿਆ ਸੀ। ਮੈਂ ਅਜੇ ਮਿਸੇਜ਼ ਕਲੀਮੈਟਸ ਦਾ ਅਹਿਸਾਨ ਚੁਕਾਉਣਾ ਸੀ ਸੋ ਮੈਂ ਮੁੜਕੇ ਮਿਸੇਜ਼ ਕਲੀਮੈਂਟਸ ਨੂੰ ਮਿਲਣ ਗਿਆ। ਮੈਂ ਉਹਨੂੰ ਇਕਰਾਰ ਕਰ ਆਇਆ ਸਾਂ, ਸੋ ਮੈਂ ਉਸਨੂੰ ਜਾਕੇ ਏਨ ਕੈਥੇਰਿਕ ਦੀ ਮੌਤ ਬਾਰੇ ਸਭ ਕੁਝ ਦੱਸਿਆ, ਜੋ ਮੈਂ ਪਹਿਲੀ ਮੁਲਕਾਤ ਵਿਚ ਨਹੀਂ

ਸਾਂ ਦੱਸ ਸਕਦਾ! ਮੈਂ ਉਹਨੂੰ ਸਾਰੀ ਕਹਾਣੀ ਸੁਣਾਈ। ਇਥੇ ਇਹ ਦੱਸਣ ਦੀ ਲੋੜ ਨਹੀਂ ਕਿ ਸਾਡੇ ਵਿਚਕਾਰ ਕੀ ਕੀ ਗੱਲਾਂ ਹੋਈਆਂ। ਪਰ ਇਸ ਮੁਲਾਕਾਤ ਨਾਲ ਮੈਨੂੰ ਇਹ ਖਿਆਲ ਫਿਰ ਤੰਗ ਕਰਨ ਲੱਗਾ ਕੇ ਏਨ ਕੈਥੇਰਿਕ ਦਾ ਪਿਤਾ ਕੌਣ ਸੀ।

ਕਈਆਂ ਨਿਗੂਣੀਆਂ ਅਤੇ ਨਿਕੀਆਂ ਨਿਕੀਆਂ ਗੱਲਾਂ ਨੇ ਮੈਨੂੰ ਇਕ ਨਤੀਜੇ ਤੇ ਪਹੁੰਚਣ ਲਈ ਮਜ਼ਬੂਰ ਕਰ ਦਿਤਾ ਸੀ, ਪਰ ਮੈਂ ਉਹਦੇ ਬਾਰੇ ਪੱਕਾ ਹੋਣਾ ਚਾਹੁੰਦਾ ਸਾਂ। ਮੇਰੀਅਨ ਕੋਲੋਂ ਪੁੱਛ ਕੇ ਮੈਂ ਮੇਜਰ ਡਾਨਥੋਰਨ ਨੂੰ ਚਿੱਠੀ ਲਿਖੀ। ਮੇਜਰ ਡਾਨਥੋਰਨ ਵਾਰਨੈਕ ਹਾਲ ਦੇ ਮਾਲਕ ਸਨ, ਜਿਥੇ ਮਿਸੇਜ਼ ਕੈਥੇਰਿਕ ਨੇ ਵਿਆਹ ਸੀ ਪਹਿਲਾਂ ਕਈ ਸਾਲ ਨੌਕਰੀ ਕੀਤੀ ਸੀ। ਮੈਨੂੰ ਭਾਵੇ ਇਹ ਵੀ ਪੱਕਾ ਨਹੀਂ ਸੀ ਕਿ ਮੇਜਰ ਡਾਨਥੋਰਨ ਜੀਉਂਦਾ ਵੀ ਹੈ ਕਿ ਨਹੀਂ। ਪਰ ਮੈਂ' ਰੱਬ ਦਾ ਨਾਂ ਲੈ ਕੇ ਚਿੱਠੀ ਡਾਕ ਵਿਚ ਪਾ ਦਿੱਤੀ।

ਦੋ ਦਿਨਾਂ ਮਗਰੋਂ ਹੀ ਮੇਜਰ ਡਾਨਥੋਰਨ ਦਾ ਉਤਰ ਆ ਗਿਆ। ਉਹ ਜੀਉਂਦਾ ਸੀ ਅਤੇ ਉਹਨੇ ਸਾਡੀ ਸਹਾਇਤਾ ਕਰਨ ਦੇ ਖਿਆਲ ਨਾਲ ਚਿੱਠੀ ਪਾਈ ਸੀ।

ਉਹਦੀ ਚਿੱਠੀ ਵਿਚ ਹੇਠ ਲਿਖੀਆਂ ਗੱਲਾਂ ਸਨ, ਪਹਿਲੀ ਇਹ ਕਿ ਬਲੈਕਵਾਟਰ ਪਾਰਕ ਦਾ ਸਵਰਗਵਾਸੀ ਸਰ ਪਰਸੀਵਲ ਵਾਰਨੈਕ ਹਾਲ ਵਿਚ ਕਦੀ ਨਹੀਂ ਆਇਆ ਸੀ। ਮੇਜਰ ਡਾਨਥੋਰਨ ਜਾਂ ਉਨ੍ਹਾਂ ਦੇ ਟੱਬਰ ਦੀ ਉਹਨਾਂ ਨਾਲ ਕੋਈ ਜਾਣ ਪਛਾਣ ਨਹੀਂ ਸੀ।

ਦੂਜੀ ਗੱਲ ਇਹ ਸੀ ਕਿ ਲਿਮਰਿਜ ਹਾਊਸ ਦੇ ਮਿਸਟਰ ਫਿਲਪ ਫ਼ੇਅਰਲੀ ਆਪਣੀ ਜਵਾਨੀ ਦੇ ਦਿਨਾਂ ਵਿਚ ਮੇਜਰ ਡਾਨਥੋਰਨ ਦੇ ਬੜੇ ਨਿੱਘੇ ਮਿੱਤਰ ਸਨ; ਅਤੇ ਉਹ ਬਹੁਤ ਸਮਾਂ ਵਾਰਨੈਕ ਹਾਲ ਵਿਚ ਬਿਤਾਇਆ ਕਰਦੇ ਸਨ। ਮੇਜਰ ਡਾਨਥੋਰਨ ਨੇ ਪੁਰਾਣੀਆਂ ਚਿੱਠੀਆਂ ਅਤੇ ਪੁਰਾਣੇ ਕਾਗਜ਼ ਵੇਖ ਕੇ ਮੈਨੂੰ ਇਹ ਲਿਖਿਆ ਕਿ ਮਿਸਟਰ ਫਿਲਪ ਫ਼ੇਅਰਲੀ ਅਠਾਰਾਂ ਸੌ ਛੱਬੀ ਦੀ ਅਗਸਤ ਵਿਚ ਉਨ੍ਹਾਂ ਕੋਲ ਹੀ ਸੀ ਅਤੇ ਉਹ ਸ਼ਿਕਾਰ ਖੇਡਣ ਲਈ ਸਤੰਬਰ ਅਤੇ ਅਕਤੂਬਰ ਦਾ ਮਹੀਨਾ ਵੀ ਉਥੇ ਹੀ ਰਹੇ ਸਨ। ਉਸ ਤੋਂ ਮਗਰੋਂ ਉਹ ਸਕਾਟਲੈਂਡ ਚਲੇ ਗਏ ਅਤੇ ਵਾਰਨੈਕ ਹਾਲ ਕਾਫੀ ਦੇਰ ਪਿਛੋਂ ਆਪਣਾ ਵਿਆਹ ਕਰਕੇ ਪਰਤੇ ਸਨ।

ਆਪਣੇ ਆਪ ਵਿਚ ਇਸ ਗੱਲ ਦੀ ਕੋਈ ਮਹੱਤਤਾ ਨਹੀਂ ਸੀ। ਪਰ ਉਸ ਮਾਮਲੇ ਲਈ ਜਿਸਦੀ ਖੋਜ ਵਿਚ ਮੈਂ ਸਾਂ ਅਤੇ ਜਿਸ ਉਤੇ ਮੈਂ ਤੇ ਮੇਰੀਅਨ ਦੋਵਾਂ ਨੇ ਵਿਚਾਰ ਕੀਤੀ ਤਾਂ ਇਸ ਗੱਲ ਨਾਲ ਅਸੀਂ ਇਕੋ ਹੀ ਨਤੀਜਾ ਕੱਢ ਸਕਦੇ ਸਾਂ।

ਸਾਨੂੰ ਪਤਾ ਸੀ ਕਿ ਏਨ ਜੂਨ ਅਠਾਰਾਂ ਸੌ ਸਤਾਈ ਵਿਚ ਜੰਮੀ ਸੀ। ਮਿਸੇਜ਼ ਕੈਥੇਰਿਕ ਵਾਰਨੈਕ ਹਾਲ ਵਿਚ ਅਠਾਰਾਂ ਸੌ ਛੱਬੀ ਤੀਕ ਸੀ, ਅਤੇ ਮਿਸਟਰ ਫ਼ਿਲਪ ਫ਼ੇਅਰਲੀ ਵੀ ਅਠਾਰਾਂ ਸੌ ਛੱਬੀ ਦੀ ਅਕਤੂਬਰ ਤੀਕ ਉਥੇ ਹੀ ਸੀ। ਅਸੀਂ ਇਹ ਵੀ ਜਾਣਦੇ ਸਾਂ ਕਿ ਏਨ ਦੀ ਸ਼ਕਲ ਲਾਰਾ ਨਾਲ ਮਿਲਦੀ ਸੀ, ਲਾਰਾ ਆਪਣੇ ਪਿਤਾ ਨਾਲ ਮਿਲਦੀ ਸੀ ਅਤੇ ਉਹਦਾ ਪਿਤਾ ਆਪਣੇ ਜ਼ਮਾਨੇ ਵਿਚ ਬੜਾ ਸੋਹਣਾ ਤੇ ਐਸ਼ਪ੍ਰਸਤ ਸੀ। ਉਹ ਆਪਣੇ ਭਰਾ ਤੋਂ ਬਿਲਕੁਲ ਉਲਟ ਸੀ, ਔਰਤਾਂ ਦੇ ਮਾਮਲੇ ਵਿਚ ਉਹਦਾ ਕੋਈ ਅਸੂਲ ਨਹੀਂ ਸੀ, ਸਗੋਂ ਔਰਤਾਂ ਨੇ ਉਹਨੂੰ ਸਿਰ ਚਾੜ੍ਹਿਆ ਹੋਇਆ ਸੀ। ਉਂਜ ਵੀ ਉਹ ਬੜਾ ਪਿਆਰ ਕਰਨ ਵਾਲਾ ਅਤੇ ਹਰ ਇਕ ਗੱਲ ਨੂੰ ਝੱਟਪਟ ਭੁੱਲ ਜਾਣ ਵਾਲਾ ਬੰਦਾ ਸੀ। ਬਹੁਤ ਚੰਗੇ ਚਾਲ ਚਲਣ ਦਾ ਨਹੀਂ ਸੀ। ਸੋ ਹੁਣ ਇਸ ਨਤੀਜੇ ਤੇ ਅਸੀਂ ਪੁੱਜੇ, ਉਹ ਸਪਸ਼ਟ ਹੈ।

ਮੈਂ ਮਿਸੇਜ਼ ਕੈਥੇਰਿਕ ਦੀ ਚਿੱਠੀ ਮੁੜ ਪੜ੍ਹੀ, ਹੁਣ ਮੈਨੂੰ ਜਾਪਦਾ ਸੀ ਕਿ ਨਾ ਚਾਹੁੰਦਿਆਂ ਹੋਇਆਂ ਵੀ ਉਹ ਸਚਾਈ ਦੱਸ ਗਈ ਸੀ। ਮਿਸਜ਼ ਫ਼ੇਅਰਲੀ ਬਾਰੇ ਉਹਨੇ ਲਿਖਿਆ ਸੀ ਕਿ ਉਹ ਬਿਲਕੁਲ ਹੀ ਸੁਹਣੀ ਨਹੀਂ ਸੀ ਅਤੇ ਨਾਲ ਹੀ ਇਹ ਵੀ ਕਿ ਉਹਨੇ ਇੰਗਲੈਂਡ ਦੇ ਸਭ ਤੋਂ ਸੋਹਣੇ ਆਦਮੀ ਨੂੰ ਫਾਹ ਲਿਆ ਸੀ। ਮਿਸਜ਼ ਫ਼ੇਅਰਲੀ ਲਈ ਜੋ ਉਹਦੇ ਦਿਲ ਵਿਚ ਈਰਖਾ ਸੀ, ਉਹਦਾ ਪ੍ਰਗਟਾ ਹੀ ਦੱਸ ਰਿਹਾ ਸੀ ਕਿ ਉਹ ਕਿਉਂ ਸੜਦੀ ਸੀ। ਨਹੀਂ ਤੇ ਮਿਸ਼ਜ ਕੈਥੇਰਿਕ ਨੂੰ ਮਿਸੇਜ਼ ਫੇਅਰਲੀ ਬਾਰੇ ਕੁਝ ਵੀ ਲਿਖਣ ਦੀ ਲੋੜ ਨਹੀਂ ਸੀ।

ਕੀ ਮਿਸੇਜ਼ ਫੇਅਰਲੀ ਨੂੰ ਸ਼ੱਕ ਸੀ ਕਿ ਲਿਮਰਿਜ ਸਕੂਲ ਵਿਚ ਜਿਸ ਕੁੜੀ ਨੂੰ ਲਿਆਂਦਾ ਗਿਆ ਸੀ, ਉਹ ਅਸਲ ਵਿਚ ਕੌਣ ਸੀ !

ਮੇਰੀਅਨ ਦੀ ਰਾਇ ਵਿਚ ਉਹਦੀ ਮਾਂ ਨੂੰ ਇਸ ਗੱਲ ਦਾ ਸ਼ੱਕ ਵੀ ਨਹੀਂ ਸੀ। ਉਹਨੇ ਉਹ ਚਿੱਠੀ ਪੜੀ ਸੀ, ਜਿਸ ਵਿਚ ਉਹਦੀ ਮਾਂ ਨੇ ਮਿਸਟਰ ਫ਼ਿਲਪ ਫੇਅਰਲੀ ਨੂੰ ਏਨ ਬਾਰੇ ਲਿਖਿਆ ਸੀ। ਨਾ ਹੀ ਉਸ ਵਿਚ ਕਿਧਰੇ ਕੋਈ ਸ਼ੱਕ ਨਹੀਂ ਸੀ ਅਤੇ ਮਿਸਟਰ ਫ਼ੇਅਰਲੀ ਨੂੰ ਵੀ ਸ਼ਾਇਦ ਇਸ ਗੱਲ ਦਾ ਖਿਆਲ ਵੀ ਨਹੀਂ ਆਇਆ ਹੋਣਾ!

ਮਿਸੇਜ਼ ਕੈਥੇਰਿਕ ਨੇ ਜਿਸ ਨੀਚਤਾ ਨਾਲ ਵਿਆਹ ਕਰਵਾਇਆ ਸੀ ਅਤੇ ਜਿਸ ਗੱਲ ਨੂੰ ਛੁਪਾਉਣ ਲਈ ਉਹ ਵਿਆਹ ਨੂੰ ਮੰਨੀ ਸੀ। ਇਹ ਵੇਖ ਕੇ ਤਾਂ ਇਹੀ ਅੰਦਾਜ਼ਾ ਲਾਇਆ ਜਾ ਸਕਦਾ ਸੀ, ਕਿ ਉਹ ਆਪਣੀ ਇਜ਼ਤ ਬਚਾਉਣ ਲਈ ਚੁੱਪ ਹੀ ਰਹੀ।

ਇਹੀ ਗੱਲਾਂ ਸੋਚਦਿਆਂ ਅਚਾਨਕ ਮੈਨੂੰ ਮਨ ਵਿਚ ਬਾਈਬਲ ਦਾ ਉਹ ਉਪਦੇਸ਼ ਯਾਦ ਆਇਆ ਕਿ 'ਮਾਪਿਆ ਦੇ ਗੁਨਾਹਾਂ ਦਾ ਫਲ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ। ਇਕ ਪਿਤਾ ਦੀਆ ਦੋ ਬੱਚੀਆਂ ਜਿਨ੍ਹਾਂ ਦੀ ਆਪਸ ਵਿਚ ਸ਼ਕਲ ਮਿਲਦੀ ਸੀ, ਇਕ ਮਨੁੱਖ ਦੀ ਗੋਂਦ ਅਤੇ ਸਾਜਿਸ਼ ਦਾ ਸ਼ਿਕਾਰ ਬਣੀਆਂ। ਕਿਸਮਤ ਨੇ ਬਿਨਾਂ ਕਿਸੇ ਗਲਤੀ ਦੇ ਪਿਉ ਦੀ ਲਾਪਰਵਾਹੀ ਦਾ ਬਦਲਾ ਬੱਚਿਆਂ ਤੋਂ ਲਿਆ।

ਮੈਂ ਕੰਬ ਗਿਆ, ਅਤੇ ਕੰਬਰਲੈਂਡ ਦੇ ਉਸ ਕਬਰਸਤਾਨ ਬਾਰੇ ਸੋਚਣ ਲਗ ਪਿਆ, ਜਿਥੇ ਏਨ ਕੈਥੇਰਿਕ ਦਫਨਾਈ ਗਈ ਸੀ। ਮੈਨੂੰ ਉਹ ਦਿਨ ਯਾਦ ਆਇਆ; ਜਦੋਂ ਮੈਂ ਉਹਨੂੰ ਅਖੀਰਲੀ ਵਾਰ ਮਿਸੇਜ਼ ਫੇਅਰਲੀ ਦੀ ਕਬਰ ਕੋਲ ਮਿਲਿਆ ਸਾਂ। ਕਿਵੇਂ ਉਹ ਉਸ ਕਬਰ ਉਤੇ ਆਪਣਾ ਹੱਥ ਫੇਰਦੀ ਸੀ ਅਤੇ ਕਿਵੇਂ ਕਹਿੰਦੀ ਸੀ "ਕਾਸ਼! ਮੈਂ ਮਰ ਕੇ ਤੁਹਾਡੇ ਕੋਲ ਹੀ ਛੁਪ ਜਾਵਾਂ, ਅਤੇ ਆਰਾਮ ਕਰਾਂ!" ਅਜੇ ਇਕ ਸਾਲ ਵੀ ਨਹੀਂ ਸੀ ਹੋਇਆ ਅਤੇ ਉਹਦੀ ਇਹ ਖਵਾਹਿਸ ਪੂਰੀ ਹੋ ਗਈ ਸੀ।

ਝੀਲ ਦੇ ਕਿਨਾਰੇ ਉਹਨੇ ਲਾਰਾ ਨੂੰ ਕਿਹਾ ਸੀ, "ਕਾਸ਼ ! ਮੈਂ ਤੇਰੀ ਮਾਂ ਨਾਲ ਹੀ ਦਫਨਾਈ ਜਾ ਸਕਾਂ; ਜਦੋਂ ਫਰਿਸ਼ਤੇ ਆਵਾਜ਼ ਦੇਣ, ਅਤੇ ਕਬਰਾਂ ਵਿਚੋਂ ਮੁਰਦੇ ਬਾਹਰ ਨਿਕਲਣ, ਤਾਂ ਮੈਂ ਮਿਸਜ਼ ਫੇਅਰਲੀ ਦੇ ਨਾਲ ਹੀ ਹੋਵਾਂ।"

ਨੀਚ ਮਨੁੱਖਾਂ ਦੇ ਗੁਨਾਹਾਂ ਰਾਹੀਂ ਉਹਦੀ ਖਵਾਹਿਸ਼ ਪੂਰੀ ਹੋ ਗਈ ਸੀ। ਉਹ ਉਥੇ ਮਰਕੇ ਪਹੁੰਚੀ ਸੀ ਜਿਥੇ ਜੀਉਂਦਿਆਂ ਪਹੁੰਚਣ ਦੀ ਉਹਨੂੰ ਕੋਈ ਆਸ ਨਹੀਂ ਸੀ! ਮੈਂ ਉਹਨੂੰ ਹੋਰ ਤੰਗ ਨਹੀਂ ਕਰਾਂਗਾ। ਉਹ ਉਥੇ ਹੀ ਆਰਾਮ ਕਰੇ।

ਸੋ ਉਹ ਏਨ ਕੈਥੇਰਿਕ ਜੋ ਇਨ੍ਹਾਂ ਪੰਨਿਆਂ ਵਿਚ ਮੁੜ ਮੁੜ ਉਵੇਂ ਹੀ ਆਉਂਦੀ ਰਹੀ, ਜਿਵੇਂ ਮੇਰੀ ਜ਼ਿੰਦਗੀ ਵਿਚ, ਰਾਤ ਦੀ ਇਕਾਂਤ ਵਿਚ ਹੀ ਉਹ ਮੇਰੇ ਕੋਲ ਇਕ ਪਰਛਾਵੇਂ ਵਾਂਗ ਆਈ ਸੀ, ਅਤੇ ਮੌਤ ਦੀ ਇਕਾਂਤ ਵਿਚ ਉਹ ਇਕ ਪਰਛਾਵੇਂ ਵਾਂਗ ਚਲੀ ਗਈ ਹੈ।

(3)

ਚਾਰ ਮਹੀਨੇਂ ਬੀਤ ਚੁੱਕੇ ਹਨ-1 ਅਪ੍ਰੈਲ ਆਇਆ ਹੈ ਬਾਹਰ ਆਈ ਹੈ, ਸਭ ਪਾਸੇ ਇਕ ਤਬਦੀਲੀ ਹੈ।

ਨਵੇਂ ਘਰ ਵਿਚ ਸਾਡੀਆਂ ਸਰਦੀਆਂ ਬੜੀ ਖੁਸ਼ੀ ਖੁਸ਼ੀ ਲੰਘੀਆਂ ਹਨ। ਮੈਂ ਇਸ ਵਕਤ ਦਾ ਖੂਬ ਵਾਇਦਾ ਉਠਾਇਆ ਹੈ। ਜਿੰਨਾ ਕੰਮ ਕਰ ਸਕਦਾ ਸਾਂ ਕੀਤਾ ਹੈ; ਅਤੇ ਘਰ

ਦੀ ਹਾਲਤ ਹੁਣ ਅੱਗੇ ਨਾਲੋਂ ਕਾਫ਼ੀ ਸੁਧਰ ਗਈ ਹੈ। ਮੇਰੀਅਨ ਦਾ ਫਿਕਰ ਵੀ ਕੁਝ ਘੱਟਿਆ ਹੈ ਅਤੇ ਉਹ ਬਹੁਤੀ ਤਾਂ ਨਹੀਂ ਪਰ ਕੁਝ ਕੁਝ ਅਗੇ ਵਾਂਗ ਹੋ ਰਹੀ ਸੀ। ਉਹਦੀ ਜ਼ਿੰਦਗੀ ਨੂੰ ਫਿਕਰ ਨੇ ਏਨੀ ਦੇਰ ਤੀਕ ਗ੍ਰਹਿਣੀ ਰਖਿਆ ਸੀ; ਉਹ ਉਸ ਹਨੇਰੇ ਬੱਦਲ ਵਿਚੋਂ ਨਿਕਲ ਰਹੀ ਸੀ।

ਲਾਰਾ ਆਪਣੀ ਨਵੀਂ ਜ਼ਿੰਦਗੀ ਵਿਚ ਬਹੁਤ ਖੁਸ਼ ਸੀ, ਅਤੇ ਉਹਦੇ ਚਿਹਰੇ ਤੇ ਰੌਣਕ ਪਰਤ ਆਈ ਸੀ। ਕਮਜ਼ੋਰੀ ਨਾਲ ਉਹ ਉਮਰ ਵਿਚ ਵੱਡੀ ਵੱਡੀ ਲੱਗਣ ਲਗ ਪਈ ਸੀ, ਪਰ ਹੁਣ ਉਹ ਪਹਿਲਾਂ ਵਾਂਗ ਹੀ ਹੋ ਗਈ ਸੀ। ਪਹਿਲਾਂ ਉਹਦੇ ਵੇਖਣ ਦਾ ਅੰਦਾਜ਼ ਬੜਾ ਪਿਆਰਾ ਸੀ ਉਹਦਾ ਉਹੀ ਅੰਦਾਜ਼ ਵੀ ਪਰਤ ਆਇਆ ਸੀ। ਮੈਂ ਉਹਨੂੰ ਬੜੀ ਕੋਲੋਂ ਵੇਖਦਾ ਸਾਂ, ਅਤੇ ਇਕ ਬਹੁਤ ਵੱਡੀ ਤਬਦੀਲੀ, ਜੋ ਮੈਨੂੰ ਦਿਸੀ ਸੀ, ਉਹ ਸੀ ਉਹਦੀ ਯਾਦ ਵਿਚ। ਇਸੇ ਕਰਕੇ ਹੀ ਮੈਨੂੰ ਕਈ ਵਾਰ ਇਹੀ ਡਰ ਲੱਗਦਾ ਸੀ, ਕਿ ਉਹ ਕਿਧਰੇ ਪਾਗਲ ਹੀ ਨਾ ਹੋ ਜਾਏ। ਬਲੈਕਵਾਟਰ ਪਾਰਕ ਤੋਂ ਤੁਰਨ ਦੇ ਦਿਨ ਤੋਂ ਅਤੇ ਸਾਡੇ ਲਿਮਰਿਜ ਦੇ ਕਬਰਸਤਾਨ ਵਿਚ ਮਿਲਣ ਦੇ ਦਿਨ ਤਕ, ਉਹਨੂੰ ਵਿਚਕਾਰ ਕੁਝ ਯਾਦ ਨਹੀਂ ਸੀ, ਕਿ ਕੀ ਕੀ ਹੋਇਆ ਸੀ। ਅਜੇ ਵੀ ਜੇ ਅਸੀਂ ਉਨ੍ਹਾਂ ਦਿਨਾਂ ਦੀ ਗੱਲ ਕਰਦੇ, ਤਾਂ ਉਹਦਾ ਰੰਗ ਉਡ ਜਾਂਦਾ ਅਤੇ ਉਹ ਕੰਬ ਜਾਂਦੀ। ਉਹ ਕੁਝ ਨਾ ਦਸ ਸਕਦੀ, ਉਹਨੂੰ ਕੁਝ ਵੀ ਯਾਦ ਨਾ ਆਉਂਦਾ, ਅਤੇ ਉਹ ਬੇਬੱਸ ਹੋ ਕੇ, ਇਧਰ ਉਧਰ ਵੇਖਨ ਲਗ ਪੈਂਦੀ। ਉਸ ਭਿਆਨਕ ਅਤੀਤ ਨੇ ਉਹਦੀ ਯਾਦ ਤੇ ਆਪਣੀ ਅਮਿੱਟ ਛਾਪ ਛੱਡ ਦਿੱਤੀ ਸੀ, ਜੋ ਮੈਂ ਮਿਟਾਣ ਵਿਚ ਸਫਲ ਨਹੀਂ ਸੀ ਹੋ ਸਕਿਆ।

ਬਾਕੀ ਸਭ ਗੱਲਾਂ ਵਿਚ ਹੁਣ ਉਹ ਬੜੀ ਵਾਰ ਪੁਰਾਣੀ ਲਾਰਾ ਦਿਸਦੀ। ਉਸ ਦੀ ਇਸ ਤਬਦੀਲੀ ਨਾਲ ਮੇਰੇ ਵਿਚ ਵੀ ਬਹੁਤ ਫਰਕ ਪਿਆ।

ਕੰਬਰਲੈਂਡ ਵਿਚ ਬਿਤਾਏ ਦਿਨਾਂ ਦੀ ਯਾਦ, ਜੋ ਸਾਡੇ ਦੋਹਾਂ ਵਿਚ ਅਜੇ ਤੀਕ ਸੁੱਤੀ ਪਈ ਸੀ; ਹੰਭਲਾ ਮਾਰ ਕੇ ਜਾਗ ਪਈ। ਉਹ ਸਾਡੇ ਪਿਆਰ ਦੀਆਂ ਅਮਰ ਯਾਦਾਂ ਸਨ।

ਹੌਲੀ ਹੌਲੀ ਸਾਡੇ ਵਿਚਕਾਰ ਇਕ ਅਜੀਬ ਜੇਹੀ ਝਿਜਕ ਆਉਣੀ ਸ਼ੁਰੂ ਹੋ ਗਈ; ਜਦੋਂ ਉਹ ਦੁਖੀ ਸੀ, ਮੈਂ ਉਹਨੂੰ ਕਿੰਨਾ ਹੀ ਪਿਆਰ ਕਰਿਆ ਕਰਦਾ ਸਾਂ, ਪਰ ਹੁਣ ਮੇਰੇ ਬੁਲ ਸੀਤੇ ਜਾਂਦੇ ਅਤੇ ਉਨ੍ਹਾਂ ਵਿਚੋਂ ਇਕ ਵੀ ਸ਼ਬਦ ਨਾ ਨਿਕਲਦਾ। ਮੈਂ ਉਹਨੂੰ ਹਮੇਸ਼ਾਂ ਰਾਤੀ ਚੁੰਮਦਾ ਸਾਂ, ਅਤੇ ਸਵੇਰੇ ਮਿਲਣ ਤੇ ਫਿਰ ਇਕ ਚੁੰਮਣ ਦਿੰਦਾ ਸੀ ਪਰ ਹੁਣ ਉਹ ਚੁੰਮਣ ਦੇਣਾ ਪਤਾ ਨਹੀਂ ਕਿਉਂ ਬੰਦ ਕਰ ਦਿਤਾ ਸੀ। ਜੇ ਸਾਡੇ ਦੋਹਾਂ ਦੇ ਹੱਥ ਛੋਹਦੇ ਨੇ, ਤਾਂ ਕੰਬਣ ਲਗ

ਪੈਂਦੇ, ਜੇ ਮੇਰੀਅਨ ਸਾਡੇ ਵਿਚਕਾਰ ਨਾ ਹੁੰਦੀ ਤਾਂ ਅਸੀਂ ਇਕ ਦੂਜੇ ਵੱਲ ਵੇਖ ਵੀ ਨਾਂ ਸਕਦੇ। ਅਸੀਂ ਆਪਸ ਵਿਚ ਹੁਣ ਬਹੁਤੀਆ ਗੱਲਾਂ ਵੀ ਨਾ ਕਰ ਸਕਦੇ ਜੋ ਮੈਂ ਉਹਨੂੰ ਕਦੀ ਛੂਹ ਲੈਂਦਾ, ਤਾਂ ਮੇਰਾ ਦਿਲ ਉਵੇਂ ਹੀ ਧੜਕਣ ਲੱਗ ਪੈਂਦਾ ਜਿਵੇਂ ਲਿਮਰਿਜ ਵਿਚ ਧੜਕਿਆ ਕਰਦਾ ਸੀ ਉਹਦੀਆਂ ਵੀ ਗੱਲ੍ਹਾ ਉਵੇਂ ਹੀ ਭੱਖਣ ਲੱਗ ਪੈਂਦੀਆਂ; ਜਿਵੇਂ ਅਸੀ ਕੰਬਰਲੈਂਡ ਦੀਆਂ ਉਨ੍ਹਾਂ ਪਹਾੜੀਆਂ ਵਿਚ ਹੀ ਇਕ ਵਾਰ ਮੁੜ ਮਾਸਟਰ ਤੇ ਸ਼ਾਗਿਰਦ ਸਾਂ। ਉਹ ਬੜੀ ਦੇਰ ਚੁੱਪ ਬੈਠਦੀ ਸੋਚਦੀ ਰਹਿੰਦੀ ਅਤੇ ਜਦੋਂ ਮੇਰੀਅਨ ਪੁੱਛਦੀ, ਉਹ ਇਹੀ ਕਹਿੰਦੀ ਕਿ ਉਹ ਕੁਝ ਨਹੀਂ ਸੋਚ ਰਹੀ। ਇਕ ਦਿਨ ਮੈਂ ਵੇਖਿਆ ਕਿ ਮੈਂ ਆਪਣਾ ਕੰਮ ਛੱਡ ਕੇ ਉਹਦੀ ਉਸ ਤਸਵੀਰ ਵਿਚ ਮਗਨ ਸਾਂ; ਜੋ ਮੈਂ ਸਮਰ ਹਾਊਸ ਵਿਚ ਉਹਦੀ ਬਣਾਈ ਸੀ। ਮੈਨੂੰ ਉਹੀ ਦਿਨ ਯਾਦ ਆ ਗਏ ਜਦੋਂ ਮੈਂ ਮਿਸਟਰ ਫ਼ੇਅਰਲੀ ਦਾ ਕੰਮ ਛੱਡ ਕੇ ਉਹਦੀ ਬਿਲਕੁਲ ਅਜੇਹੀ ਤਸਵੀਰ ਨੂੰ ਸਾਹਮਣੇ ਰੱਖ ਕੇ ਆਪਣੇ ਆਪ ਨੂੰ ਭੁੱਲ ਜਾਇਆ ਕਰਦਾ ਸਾਂ। ਬਦਲ ਗਏ ਹਾਲਾਤ ਨਾਲ ਸਾਡੇ ਲਈ ਉਹੀ ਪਿਆਰ ਦੇ ਪਹਿਲੇ ਦਿਨ ਇਕ ਵਾਰ ਫਿਰ ਮਿਲ ਗਏ ਸਨ। ਜਿਵੇਂ ਵਕਤ ਨੇ ਸਾਨੂੰ ਸਾਡੀਆਂ ਬਰਬਾਦ ਉਮੀਦਾਂ ਦੇ ਕਿਨਾਰੇ ਲਿਆ ਕੇ ਸੁੱਟ ਦਿੱਤਾ ਹੋਵੇ। ਉਸ ਕਿਨਾਰੇ ਤੇ ਜਿਹੜਾ ਸਾਨੂੰ ਆਪਣਾ ਆਪਣਾ ਲੱਗ ਰਿਹਾ ਸੀ।

ਹੋਰ ਕੋਈ ਔਰਤ ਹੁੰਦੀ, ਤਾਂ ਮੈਂ ਉਹਨੂੰ ਸਾਫ ਕਹਿ ਕੇ ਝੱਟ ਫੈਸਲਾ ਕਰ ਲੈਂਦਾ। ਪਰ ਮੈਂ ਉਹਦੇ ਨਾਲ ਗੱਲ ਕਰਨ ਤੋਂ ਅਜੇ ਵੀ ਘਬਰਾਂਦਾ ਸਾਂ। ਉਸਦੀ ਬੇਬਸੀ ਅਤੇ ਮੇਰੇ ਪਿਆਰ ਉਤੇ ਪੂਰਾ ਵਿਸ਼ਵਾਸ ਮੈਨੂੰ ਅਜੇ ਇਹ ਕਦਮ ਚੁੱਕਣ ਨਹੀਂ ਸੀ ਦੇਂਦਾ; ਕਿਧਰੇ ਮੈਂ ਉਹਦਾ ਕੋਈ ਪੁਰਾਣਾ ਜ਼ਖਮ ਹੀ ਨਾ ਛੇੜ ਬੈਠਾਂ,ਇਸ ਲਈ ਮੈਂ ਚੁੱਪ ਹੀ ਸਾਂ। ਪਰ ਤਾਂ ਵੀ ਜਾਣਦਾ ਸਾਂ ਕਿ ਹੁਣ ਵਕਤ ਆ ਗਿਆ ਹੈ; ਜੇ ਦੋਹਾਂ ਪਾਸਿਆਂ ਤੋਂ ਇਹ ਬੰਧਨ ਤੋੜ ਦੇਵਾਂ। ਸਾਡਾ ਰਿਸ਼ਤਾ ਹੁਣ ਭਵਿੱਸ਼ ਲਈ, ਬਦਲਣਾ ਚਾਹੀਦਾ ਹੈ ਅਤੇ ਇਹ ਮੇਰਾ ਹੀ ਫਰਜ਼ ਹੈ, ਕਿ ਉਹਨੂੰ ਕਵ੍ਹਾਂ ਜਾਂ ਉਹਨੂੰ ਪੁੱਛਾਂ !

ਪਰ ਜਿਉਂ ਜਿਉਂ ਮੈਂ ਇਸ ਗੱਲ ਬਾਰੇ ਸੋਚਦਾ, ਮੈਨੂੰ ਹੁਣ ਬੜਾ ਮੁਸ਼ਕਲ ਲਗਦਾ ਕਿ ਉਹਦੇ ਨਾਲ ਗੱਲ ਕਿਵੇਂ ਛੇੜਾਂ; ਘਰ ਵਿਚ ਅਸੀਂ ਤਿੰਨੋ ਪਹਿਲਾਂ ਵਾਂਗ ਹੀ ਰਹਿ ਰਹੇ ਸਾਂ। ਮੇਰੇ ਦਿਲ ਵਿਚ ਅਚਾਨਕ ਹੀ ਇਹ ਖਿਆਲ ਆਇਆ, ਇਸ ਤੋਂ ਪਹਿਲਾਂ ਮੈਂ ਕੁਝ ਕਵਾਂ, ਸਾਡੀ ਜ਼ਿੰਦਗੀ ਵਿਚ ਥੋੜੀ ਜਿਹੀ ਤਬਦੀਲੀ ਹੋਣੀ ਚਾਹੀਦੀ ਹੈ;-ਜਿਵੇਂ ਅਸੀਂ ਨੇੜੇ ਨੇੜੇ ਤਿੰਨੋ ਰਹਿ

ਰਹੇ ਹਾਂ, ਇਸ ਵਿਚ ਥੋੜਾ ਫ਼ਰਕ ਪਵੇ ਤਾਂ ਇਹ ਗੱਲ ਮੇਰੇ ਲਈ ਕਹਿਣੀ ਅਤੇ ਲਾਰਾ ਤੇ ਮੇਰੀਅਨ ਲਈ ਸੁਣਨੀ ਆਸਾਨ ਹੋਵੇਗੀ।

ਇਸ ਖਿਆਲ ਨੂੰ ਮੁੱਖ ਰਖਕੇ, ਹੀ ਮੈਂ ਇਕ ਦਿਨ ਸਵੇਰੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਤਿੰਨਾ ਨੂੰ ਥੋੜੀ ਛੁੱਟੀ ਦੀ ਲੋੜ ਹੈ। ਥੋੜ੍ਹੀ ਸਲਾਹ ਕਰਨ ਮਗਰੋਂ ਅਸੀਂ ਸਮੁੰਦਰ ਦੇ ਕਿਨਾਰੇ ਕਿਧਰੇ ਪੰਦਰਾਂ ਦਿਨਾਂ ਲਈ ਜਾਣ ਦਾ ਪ੍ਰੋਗਰਾਮ ਬਣਾਇਆ।

ਉਸ ਤੋਂ ਅਗਲੇ ਹੀ ਦਿਨ, ਅਸੀਂ ਸਮੁੰਦਰ ਦੇ ਕਿਨਾਰੇ ਦੱਖਣ ਵੱਲ ਇਕ ਛੋਟੇ ਜੇਹੇ ਸ਼ਹਿਰ ਲਈ ਰਵਾਨਾ ਹੋ ਗਏ। ਉਥੇ ਸਿਰਫ ਅਸੀਂ ਹੀ ਤਿੰਨ ਬਾਹਰਲੇ ਸਾਂ, ਅਜੇ ਭੀੜ ਦਾ ਮੌਸਮ ਨਹੀਂ ਸੀ ਆਇਆ। ਸਮੁੰਦਰ ਦੇ ਕਿਨਾਰੇ ਕੋਈ ਹੋਰ ਹੁੰਦਾ ਹੀ ਨਹੀਂ ਸੀ, ਜੇ ਸੈਰ ਕਰਨ ਜਾਂਦੇ ਤਾਂ ਵੀ ਕੋਈ ਨਹੀਂ ਸੀ ਮਿਲਦਾ। ਪਰ ਸਾਨੂੰ ਇਹ ਇਕਾਂਤ ਹੀ ਜਿਆਦਾ ਪਸੰਦ ਸੀ। ਹਵਾ ਬੜੀ ਸੁਹਣੀ ਸੀ, ਪਹਾੜੀ ਅਤੇ ਜੰਗਲ ਉਤੇ ਅਪਰੈਲ ਦੀ ਧੁੱਪ ਛਾਂ ਬੜੀ ਸੁਹਾਵਣੀ ਪ੍ਰਤੀਤ ਹੁੰਦੀ ਸੀ। ਸਮੁੰਦਰ ਵੀ ਬਹਾਰ ਦੇ ਆਉਣ ਦੀ ਖੁਸ਼ੀ ਵਿਚ ਉਛਾਲੇ ਮਾਰ ਰਿਹਾ ਸੀ !

ਮੈਨੂੰ ਲਾਰਾ ਨਾਲ ਗੱਲ ਕਰਨ ਤੋਂ ਪਹਿਲਾਂ ਮੇਰੀਅਨ ਦੀ ਸਲਾਹ ਲੈਣੀ ਹੀ ਉਚਿਤ ਦਿਸੀ।

ਸਾਡੇ ਇਥੇ ਆਉਣ ਤੋਂ ਤੀਜੇ ਦਿਨ ਮੈਨੂੰ ਮੇਰੀਅਨ ਨਾਲ ਇਕੱਲਿਆਂ ਗੱਲ ਕਰਨ ਦਾ ਮੌਕਾ ਮਿਲਿਆ। ਮੈਂ ਉਹਦੇ ਵੱਲ ਵੇਖਿਆ ਹੀ ਤੇ ਉਹ ਸਮਝ ਗਈ ਕਿ ਮੈਂ ਕੀ ਕਹਿਣਾ ਚਾਹੁੰਦਾ ਸੀ। ਉਹਨੇ ਆਪਣੀ ਆਦਤ ਅਨੁਸਾਰ ਮੈਨੂੰ ਝਟਪਟ ਹੀ ਪੁੱਛ ਵੀ ਲਿਆ :-

"ਤੂੰ ਉਹੀ ਗੱਲ ਸੋਚ ਰਿਹੈ ਨਾ, ਜਿਸ ਬਾਰੇ ਤੂੰ ਹੈਂਪਸ਼ਾਇਰ ਤੋਂ ਪਰਤਣ ਤੇ ਮੈਨੂੰ ਕੁਝ ਕਿਹਾ ਸੀ? ਮੈਨੂੰ ਹੁਣ ਆਸ ਸੀ, ਕਿ ਤੂੰ ਇਸ ਮਾਮਲੇ ਬਾਰੇ ਗੱਲ ਕਰੇਂਗਾ ਕਿਉਂਕਿ ਸਾਡੇ ਨਿੱਕੇ ਜਿਹੇ ਘਰ ਵਿਚ ਹੁਣ ਤਬਦੀਲੀ ਦੀ ਲੋੜ ਹੈ। ਵਾਲਟਰ, ਇਹਦੀ ਲੋੜ ਮੈਂ ਵੀ ਉਸੇ ਤਰ੍ਹਾਂ ਮਹਿਸੂਸ ਕਰ ਰਹੀ ਹਾਂ, ਜਿਸ ਤਰ੍ਹਾਂ ਤੂੰ ! ਲਾਰਾ ਵੀ ਸ਼ਾਇਦ ਇਹੀ ਆਸ ਕਰ ਰਹੀ ਹੈ, ਭਾਵ ਉਹ ਕਹਿੰਦੀ ਕੁਝ ਨਹੀਂ। ਮੈਨੂੰ ਲਗਦਾ ਹੈ ਜਿਵੇਂ ਕੰਬਰਲੈਂਡ ਦੇ ਉਹ ਦਿਨ ਮੁੜ ਆਏ ਹਨ। ਮੈਂ ਤੇ ਤੂੰ ਇਕਲੇ ਹਾਂ ਤੇ ਸਾਡੇ ਵਿਚਕਾਰ ਗੱਲਬਾਤ ਫਿਰ ਲਾਰਾ ਬਾਰੇ ਹੀ ਹੈ ! ਇਹ ਕਮਰਾ ਮੈਨੂੰ ਸਮਰ-ਹਾਊਸ ਹੀ ਲੱਗਣ ਲੱਗ ਪਿਆ ਹੈ। ਇਹ ਸਮੁੰਦਰ ਦੀਆਂ ਲਹਿਰਾਂ ਜਿਵੇਂ ਲਿਮਰਿਜ ਦੇ ਕਿਨਾਰੇ ਹੀ ਟਕਰਾ ਰਹੀਆਂ ਹੋਣ !"

"ਮੇਰੀਅਨ, ਮੈਂ ਪਹਿਲਾਂ ਵੀ ਤੇਰੀ ਹੀ ਸਲਾਹ ਲਈ ਸੀ-ਅਤੇ ਹੁਣ ਤੇ ਮੈਂ ਤੇਰੀ ਹਰ ਗੱਲ ਅੱਖਾਂ ਬੰਦ ਕਰਕੇ ਮੰਨ ਸਕਦਾ ਹਾਂ-, ਹੁਣ ਵੀ ਸਲਾਹ ਦਿਉ !" ਮੈਂ ਕਿਹਾ।

ਉਹਨੇ ਮੇਰਾ ਹੱਥ ਘੁੱਟ ਕੇ ਉੱਤਰ ਦਿਤਾ। ਬੀਤੇ ਸਮੇਂ ਦੀਆਂ ਗੱਲਾਂ ਨਾਲ ਉਹਦਾ ਦਿਲ ਹਿਲ ਗਿਆ ਸੀ। ਅਸੀਂ ਦੋਵੇਂ ਖਿੜਕੀ ਕੋਲ ਬੈਠੇ ਸਾਂ -। ਜਿਸ ਵੇਲੇ ਮੈਂ ਗੱਲਾਂ ਕਰ ਰਹਿਆ ਸਾਂ ਅਤੇ ਉਹ ਸੁਣ ਰਹੀ ਸੀ, ਅਸੀਂ ਨਾਲ ਨਾਲ ਸੂਰਜ ਦੀਆਂ ਕਿਰਨਾਂ ਸਮੁੰਦਰ ਦੀ ਹਿੱਕ ਤੇ ਖੇਡਦੀਆਂ ਵੀ ਵੇਖ ਰਹੇ ਸਾਂ।

"ਜੋ ਗੱਲ ਮੈਂ ਕਰਨੀ ਹੈ, ਭਾਵੇਂ ਇਸ ਦਾ ਕੋਈ ਵੀ ਨਤੀਜਾ ਨਿਕਲੇ ਪਰ ਲਾਰਾ ਦੀ ਭਲਾਈ ਵਿਚ ਹੀ ਮੇਰੇ ਜੀਉਣ ਦਾ ਕਈ ਹੱਜ ਹੈ ! ਭਾਵੇਂ ਲਾਰਾ ਮੈਨੂੰ ਹਾਂ ਕਰੇ ਜਾਂ ਨਾਂਹ ਮੈਂ ਇਹ ਸੋਚ ਲਿਆ ਹੈ; ਕਿ ਇਥੋਂ ਜਾਂਦਿਆਂ ਸਾਰ ਹੀ ਮੈਂ ਕਾਊਂਟ ਫ਼ੋਸਕੋ ਦੇ ਪਿਛੇ ਲੱਗਣਾ ਹੈ, ਅਤੇ ਉਸ ਕੋਲੋਂ ਲਿਖਤ ਰੂਪ ਵਿਚ ਇਹ ਲੈਣਾ ਹੈ ਕਿ ਉਸ ਨੇ ਲਾਰਾ ਵਿਰੁੱਧ ਕੀ ਕੀ ਗੋਂਦ ਗੁੰਦੀ ਸੀ। ਇਸ ਕੰਮ ਨੂੰ ਮੈਂ ਹੁਣ ਹੋਰ ਅਗੇ ਨਹੀਂ ਪਾ ਸਕਦਾ। ਸਾਨੂੰ ਦੋਹਾਂ ਨੂੰ ਕੋਈ ਪਤਾ ਨਹੀਂ ਕਿ ਉਹ ਆਦਮੀ ਸਾਡੇ ਕਿਸ ਤਰ੍ਹਾਂ ਕਾਬੂ ਆਏਗਾ, ਪਰ ਸਾਡਾ ਅੰਦਾਜਾ ਇਹ ਹੈ, ਕਿ ਉਹ ਲਾਰਾ ਰਾਹੀਂ ਮੇਰੇ ਤੇ ਹਮਲਾ ਕਰੇਗਾ- ਉਹ ਕਿਸੇ ਕੰਮ ਲਈ ਨਹੀਂ ਝਿਜਕੇਗਾ। ਪਰ ਜਿਥੇ ਅਸੀਂ ਰਹਿ ਰਹੇ ਹਾਂ, ਮੇਰਾ ਲਾਰਾ ਤੇ ਕੋਈ ਹੱਕ ਨਹੀਂ--ਜਿਸ ਦਾ ਦਾਅਵਾ ਕਰਕੇ ਮੈਂ ਉਹਨੂੰ ਕਾਨੂੰਨ ਸਾਹਮਣੇ, ਸਮਾਜ ਸਾਹਮਣੇ ਉਹਦੀ ਰਖਿਆ ਕਰ ਸਕਾਂ। ਇਸ ਲਈ ਇਥੇ ਮੇਰੀ ਸਥਿੱਤੀ ਕਾਫ਼ੀ ਕਮਜ਼ੋਰ ਹੋ ਜਾਂਦੀ ਹੈ; ਮੈਂ ਆਪਣੀ ਪਤਨੀ ਲਈ ਕੁਝ ਵੀ ਕਰ ਸਕਾਂਗਾ! ਕਾਊਂਟ ਨਾਲ ਮੁਕਾਬਲਾ ਕਰਨ ਦਾ ਮੇਰਾ ਉਤਸ਼ਾਹ ਦੂਣਾ ਹੋ ਜਾਏਗਾ! ਕਿਉਂ ਮੇਰੀਅਨ, ਮੈਂ ਠੀਕ ਕਹਿ ਰਹਿਆਂ ਹਾਂ ਕਿ ਨਹੀਂ?"

"ਤੂੰ ਬਿਲਕੁਲ ਠੀਕ ਕਹਿ ਰਹਿਆ ਹੈਂ' ਵਾਲਟਰ-ਇਹ ਸੱਚ ਹੈ।"

"ਇਹ ਸਭ ਕੁਝ ਮੈਂ ਤਾਂ ਨਹੀਂ ਕਹਿ ਰਿਹਾ ਕਿ ਮੇਰਾ ਪਿਆਰ ਸੱਚਾ ਹੈ, ਅਤੇ ਵਕਤ ਦੇ ਇਮਤਿਹਾਨ ਵਿਚ ਪੂਰਾ ਉਤਰਿਆ ਹੈ। ਨਾ ਹੀ ਮੈਂ ਆਪਣੇ ਦਿਲ ਦਾ ਵਾਸਤਾ ਪਾ ਕੇ ਇਹ ਕਹਿ ਰਹਿਆ ਹਾਂ, ਮੈਂ ਇਸ ਵੇਲੇ ਇਸ ਗੱਲ ਤੇ ਜ਼ੋਰ ਪਾਉਣਾ ਚਾਹੁੰਦਾ ਹਾਂ, ਕਿ ਮੈਂ ਜੋ ਕਰਨਾ ਚਾਹੁੰਦਾ ਹਾਂ, ਉਹ ਹੀ ਕਰ ਸਕਾਂਗਾ ਜੇ ਉਹ ਮੇਰੀ ਪਤਨੀ ਹੋਵੇ। ਮੈਂ ਕਾਊਂਟ ਕੋਲੋਂ ਜੋ ਲਿਖਵਾਣਾ ਹੈ, ਉਹ ਸਾਡਾ ਅਖੀਰਲਾ ਮੌਕਾ ਹੈ, ਜਿਸ ਨਾਲ ਅਸੀਂ ਸਾਰੀ ਦੁਨੀਆਂ ਸਾਹਮਣੇ

ਇਹ ਸਾਬਤ ਕਰ ਸਕਾਂਗੇ ਕਿ ਲਾਰਾ ਜੀਉਂਦੀ ਹੈ। ਹੋਰ ਕੋਈ ਤਰੀਕਾ ਜੇ ਹੋਇਆ ਵੀ ਤਾਂ ਉਹਦੇ ਬਾਰੇ ਮੈਂ ਕੁਝ ਯਕੀਨ ਨਾਲ ਨਹੀਂ ਕਹਿ ਸਕਦਾ। ਮੈਂ ਬਥੇਰਾ ਸੋਚਿਆ ਹੈ ਕਿ ਅਸੀਂ ਹਰ ਕਿਸੇ ਤਰ੍ਹਾਂ ਲਾਰਾ ਦੇ ਜ਼ਿੰਦੇ ਹੋਣ ਦਾ ਸਬੂਤ ਲੋਕਾਂ ਸਾਹਮਣੇ ਰੱਖ ਸਕੀਏ, ਪਰ ਮੈਨੂੰ ਤੇ ਕੋਈ ਹੋਰ ਰਾਹ ਦਿਸਦਾ ਹੀ ਨਹੀਂ ! ਕੀ ਤੈਨੂੰ ਕੁਝ ਸੁਝਦਾ ਹੈ?'

'ਮੈਨੂੰ ਵੀ ਹੋਰ ਕੋਈ ਤਰੀਕਾ ਨਹੀਂ ਸੁੱਝਿਆ !"

"ਮੈਨੂੰ ਪਤਾ ਹੈ, ਤੁਸੀਂ ਵੀ ਉਹੀ ਕਰ ਸੋਚਦੇ ਰਹੇ ਹੋ ਜੋ ਮੈਂ ਸੋਚਦਾ ਹਾਂ। ਤੁਸੀਂ ਵੀ ਜ਼ਰੂਰ ਸੋਚਿਆ ਹੋਵੇਗਾ, ਕਿ ਅਸੀਂ ਉਹਨੂੰ ਲਿਮਰਿਜ ਲੈ ਜਾਈਏ ਤੇ ਉਥੇ ਸਕੂਲ ਦੇ ਬੱਚਿਆਂ ਦੇ ਸਾਹਮਣੇ, ਪਿੰਡ ਦੇ ਲੋਕਾਂ ਦੇ ਸਾਹਮਣੇ, ਅਤੇ ਘਰ ਦੇ ਨੌਕਰਾਂ ਚਾਕਰਾਂ ਦੇ ਸਾਹਮਣੇ ਕੋਸ਼ਿਸ਼ ਕਰੀਏ ਕਿ ਉਹ ਉਹਨੂੰ ਪਛਾਣ ਜਾਣ ਤੇ ਮੰਨ ਜਾਣ ਕਿ ਉਹੀ ਲਾਰਾ ਹੈ। ਜਾਂ ਉਹਦੀ ਲਿਖਾਈ ਦੀ ਸਚਾਈ ਸਭ ਦੇ ਸਾਹਮਣੇ ਲਿਆਈਏ;-ਫਰਜ਼ ਕਰ ਜੇ ਉਹ ਲੋਕ ਮੰਨ ਵੀ ਜਾਣ ਅਤੇ ਇਹ ਵੀ ਸਾਬਤ ਹੋ ਜਾਏ ਕਿ ਉਹ ਲਿਖਾਈ ਸਚਮੁਚ ਲਾਰਾ ਦੀ ਹੀ ਹੈ, - ਤਾਂ ਵੀ ਕੀ ਹੋਏਗਾ? ਕੀ ਮਿਸਟਰ ਫ਼ੇਅਰਲੀ ਮੰਨ ਜਾਏਗਾ, ਜਦ ਉਹਦੀ ਭੂਆ ਹੀ ਉਹਨੂੰ ਪਛਾਨਣ ਤੋਂ ਨਾਂਹ ਕਰ ਦੇਵੇਗੀ?-ਉਹ ਮੌਤ ਦਾ ਸਰਟੀਫਿਕੇਟ; ਉਹ ਸਭ ਦੇ ਸਾਹਮਣੇ ਉਸ ਨੂੰ ਦਫਨਾਉਣ ਦੀ ਰਸਮ; ਉਹ ਕਬਰ ਤੇ ਲੱਗਾ ਹੋਇਆ ਸਿਲਾਲੇਖ--, ਕਿਸੇ ਵੀ ਕਚਹਿਰੀ ਵਿਚ ਅਸੀਂ ਝੂਠੇ ਸਾਬਤ ਕੀਤੇ ਜਾਵਾਂਗੇ। ਵੱਧ ਤੋਂ ਵੱਧ ਇਹ ਹੋਵੇਗਾ ਕਿ ਉਹਦੇ ਮਰਨ ਬਾਰੇ ਇਕ ਸ਼ੱਕ ਅਸੀਂ ਲੋਕਾਂ ਦੇ ਦਿਲਾਂ ਵਿਚ ਪੈਦਾ ਕਰ ਸਕਾਂਗੇ।

ਕਚਿਹਿਰੀ ਵਿਚ ਲੰਮਾ ਮੁਕੱਦਮਾ ਚਲੇਗਾ। ਜੇ ਸਾਡੇ ਕੋਲ ਏਨੇ ਪੈਸੇ ਵੀ ਹੋਣ ਕਿ ਅਸੀਂ ਮੁਕੱਦਮਾ ਲੜ ਸਕੀਏ ਅਤੇ ਜੋ ਮਿਸਟਰ ਫ਼ੇਅਰਲੀ ਮੰਨ ਵੀ ਜਾਏ--ਜੇ ਕਿਸੇ ਤਰ੍ਹਾਂ ਕਾਊਂਟ ਅਤੇ ਕਾਊਂਟੈਸ ਦੀ ਗਵਾਹੀ ਵੀ ਝੂਠੀ ਸਾਬਤ ਹੋ ਜਾਏ, ਅਤੇ ਜੇ ਇਹ ਸਾਬਤ ਵੀ ਹੋ ਜਾਏ ਕਿ ਲਾਰਾ ਅਤੇ ਏਨ ਕੈਥੇਰਿਕ ਵਿਚ ਕੋਈ ਭਿੰਨ ਭੇਦ ਸਨ:-ਤਾਂ ਵੀ ਜਦ ਉਹ ਲਾਰਾ ਨੂੰ ਕੋਈ ਪ੍ਰਸ਼ਨ ਪੁੱਛਣਗੇ ਤਾਂ ਉਹ ਵੀ ਜਵਾਬ ਦੇਵੇਗੀ? ਸਾਨੂੰ ਤਾਂ ਪਤਾ ਹੈ ਕਿ ਉਨਾਂ ਦਿਨਾਂ ਦੀ ਯਾਦ ਉਹ ਦੇ ਦਿਮਾਗ ਵਿਚ ਹੈ ਹੀ ਨਹੀਂ ਉਹਨੂੰ ਇਹ ਪਤਾ ਹੀ ਨਹੀਂ ਕਿ ਉਹਦੇ ਨਾਲ ਲੰਦਨ ਵਿਚ ਕੀ ਵਾਪਰਿਆ ਸੀ-ਉਹ ਆਪਣਾ ਜਿੱਤਿਆ ਹੋਇਆ ਮਕੱਦਮਾ ਹਾਰ ਸਕਦੀ ਹੈ।

ਜੇ ਤੁਹਾਨੂੰ ਮੇਰੇ ਕਹਿਣ ਤੇ ਕੋਈ ਸ਼ੱਕ ਹੈ ਤਾਂ ਮੇਰੀਅਨ ਅਸੀਂ ਲਿਮਰਿਜ ਜਾ ਕੇ ਵੇਖ ਲੈਂਦੇ ਹਾਂ।"

"ਮੈਂ ਸਭ ਸਮਝ ਗਈ ਹਾਂ ਵਾਲਟਰ। ਜੇ ਸਾਡੇ ਕੋਲ ਮਕੱਦਮਾ ਲੜਨ ਲਈ ਕਾਫੀ ਪੈਸਾ ਵੀ ਹੋਵੇ; ਅਤੇ ਭਾਵੇਂ ਅਸੀਂ ਅੰਤ ਵਿਚ ਜਿੱਤ ਹੀ ਜਾਈਏ, ਤਾਂ ਵੀ ਜੇ ਦੇਰ ਲਗੇਗੀ ਉਹ ਸਾਡੇ ਕੋਲੋਂ ਬਰਦਾਸ਼ਤ ਨਹੀਂ ਕੀਤੀ ਜਾਣੀ, ਅਸੀਂ ਪਹਿਲਾਂ ਹੀ ਬੜੀ ਤਕਲੀਫ਼ ਵੇਖ ਚੁਕੇ ਹਾਂ ! ਲਿਮਰਿਜ ਜਾਣ ਦਾ ਅੱਜ ਸਾਨੂੰ ਕੋਈ ਫਾਇਦਾ ਨਹੀਂ ਹੋਣਾ; ਅਤੇ ਮੈਂ ਇਹ ਵੀ ਚਾਹੁੰਦੀ ਹਾਂ ਕਿ ਤੂੰ ਜਿਹੜਾ ਕੰਮ ਕਾਊਂਟ ਕੋਲੋਂ ਕੱਢਣਾ ਹੈ- ਉਸ ਬਾਰੇ ਮੈਂ ਵੀ ਤੇਰੇ ਵਾਂਗ ਮਹਿਸੂਸ ਕਰ ਸਕਾਂ ਕੀ ਇਹ ਅਖੀਰਲਾ ਮੌਕਾ ਹੋਵੇਗਾ-?

"ਇਸ ਵਿਚ ਤਾਂ ਕੋਈ ਸ਼ੱਕ ਨਹੀਂ ਹੈ; ਸਾਨੂੰ ਉਸੇ ਕੋਲੋਂ ਹੀ ਲਾਰਾ ਦੇ ਬਲੈਕਵਾਟਰ ਪਾਰਕ ਤੋਂ ਚਲਣ ਦੀ ਤਾਰੀਖ਼ ਪਤਾ ਲਗ ਸਕਦੀ ਹੈ; ਮੈਨੂੰ ਇਸ ਗੱਲ ਦਾ ਅਜੇ ਵੀ ਵਿਸ਼ਵਾਸ ਹੈ ਕਿ ਲਾਰਾ ਦੇ ਸਫ਼ਰ ਕਰਨ ਦਾ ਦਿਨ ਤੇ ਮੌਤ ਦਾ ਸਰਟੀਫ਼ਿਕੇਟ ਦਾ ਦਿਨ ਇਕ ਨਹੀਂ ਉਨ੍ਹਾਂ ਦੀ ਸਾਜਿਸ਼ ਵਿਚ ਇਹੀ ਇਕ ਕਮਜ਼ੋਰੀ ਰਹਿ ਗਈ ਸੀ ਜੇ ਅਸੀਂ ਇਸ ਪੱਖ ਤੋਂ ਹਮਲਾ ਕਰੀਏ; ਤਾਂ ਸਾਡਾ ਹੱਥ ਉਨਾਂ ਤੇ ਭਾਰਾ ਰਹੇਗਾ! ਜੇ ਮੈਂ ਕਾਊਂਟ ਕੋਲ ਇਹ ਸਭ ਲਿਖਵਾਂ ਸਕਾਂ ਤਾ ਮੇਰੀ ਅਤੇ ਤੁਹਾਡੀ ਜ਼ਿੰਦਗੀ ਦਾ ਮਨੋਰਥ ਪੂਰਾ ਹੁੰਦਾ ਹੈ ! ਅਤੇ ਜੇ ਮੈਂ ਇਸ ਕੰਮ ਵਿਚ ਕਾਮਯਾਬ ਨਾ ਹੋਇਆ, ਤਾਂ ਲਾਰਾ ਦੀ ਸਥਿੱਤੀ ਸੁਧਾਰਨੀ ਫਿਰ ਕਦੇ ਵੀ ਸੰਭਵ ਨਹੀਂ ਹੋ ਸਕੇਗੀ।"

"ਵਾਲਟਰ, ਕੀ ਤੈਨੂੰ ਇਹ ਡਰ ਹੈ ਕਿ ਤੂੰ ਨਾ-ਕਾਮਯਾਬ ਹੋ ਜਾਏਂਗਾ-?'

"ਪਰ ਮੈਂ ਸਿਰਫ ਸਫ਼ਲਤਾ ਦੀ ਹੀ ਆਸ ਨਹੀਂ ਲਾ ਸਕਦਾ; ਇਸੇ ਕਾਰਣ ਮੈਂ ਸਾਫ ਸਾਫ਼ ਗੱਲ ਕਰ ਰਿਹਾ ਹਾਂ। ਮੈਂ ਆਪਣੇ ਦਿਲ ਵਿਚ ਇਹ ਕਹਿ ਰਿਹਾ ਹਾਂ ਕਿ ਇਸ ਵੇਲੇ ਲਾਰਾ ਦੇ ਭਵਿੱਸ਼ ਬਾਰੇ ਮੈਨੂੰ ਬਹੁਤੀ ਆਸ ਨਹੀਂ। ਉਹਦੀ ਜਾਇਦਾਦ ਉਨ੍ਹਾਂ ਸਾਂਭ ਲਈ ਹੈ, ਅਤੇ ਉਹਨੂੰ ਮੁੜ ਉਸੇ ਘਰ ਵਿਚ ਲਿਜਾਣਾ, ਉਹਦੇ ਸਭ ਤੋਂ ਸਖ਼ਤ ਦੁਸ਼ਮਣ ਦੇ ਹੱਥ ਵਿਚ ਹੈ। ਉਹ ਆਦਮੀ ਬੜਾ ਬੇਰਹਿਮ-ਬੇਤਰਸ ਅਤੇ ਬਕਿਰਕ ਹੈ ! ਲਾਰਾ ਕੋਲ ਇਸ ਵੇਲੇ ਕੁਝ ਨਹੀਂ ਸੀ; ਸ਼ਾਇਦ ਹੀ ਉਹਨੂੰ ਆਪਣੀ ਜ਼ਮੀਨ, ਜਾਇਦਾਦ ਕਦੀ ਨਹੀਂ ਮਿਲ ਸਕੇ, ਉਹਦੇ ਕੋਲ

ਹੁਣ ਉਹੀ ਕੁਝ ਹੋਵੇਗਾ; ਜੋ ਉਸਦਾ ਗਰੀਬ ਪਤੀ-ਇਕ ਡਰਾਇੰਗ ਮਾਸਟਰ, ਉਹਨੂੰ ਦੇ ਸਕੇਗਾ। ਇਸ ਵੇਲੇ ਤਾਂ ਗਰੀਬ ਮਾਸਟਰ ਆਪਣਾ ਦਿਲ ਖੋਲ੍ਹ ਸਕਦਾ ਹੈ। ਪਹਿਲਾ ਤਾਂ ਮੈਂ ਸਿਰਫ ਉਹਦਾ ਮਾਸਟਰ ਹੀ ਹੁੰਦਾ ਸਾਂ, ਪਰ ਮੇਰੀਅਨ, ਮੈਂ ਤੁਹਾਡੇ ਕੋਲੋਂ ਉਹਦੇ ਹੱਥ ਦੀ ਮੰਗ ਕਰਦਾ ਹਾਂ ! - ਮੈਂ ਉਹਦੇ ਨਾਲ ਵਿਆਹ ਕਰਾਂਗਾ।"

ਮੈਂ ਇੰਨਾ ਕਹਿ ਕੇ ਰੁਕ ਗਿਆ ਹਰ ਮੇਰੇ ਕੋਲ ਬੋਲਿਆ ਨਾ ਗਿਆ। ਮੇਰੀਅਨ ਨੇ ਮੇਰੇ ਵੱਲ ਪਿਆਰ ਨਾਲ ਦੇਖਿਆ, ਮੇਰਾ ਗੱਚ ਭਰ ਆਇਆ ਸੀ। ਮੇਰੇ ਬੁਲ ਕੰਬ ਰਹੇ ਸਨ ! ਮੈਂ ਉਹਦਾ ਤਰਸ ਨਹੀਂ ਸੀ ਲੈਣਾ ਚਾਹੁੰਦਾ, ਇਸ ਲਈ ਉਠ ਕੇ ਬਾਹਰ ਨਿਕਲ ਚਲਿਆ ਸੀ ਕਿ ਉਹ ਉਠ ਕੇ ਮੇਰੇ ਮੋਢੇ ਤੇ ਹੱਥ ਰੱਖ ਕੇ ਬੋਲੀ -

"ਵਾਲਟਰ ਇਕ ਦਿਨ ਮੈਂ ਹੀ ਤੈਨੂੰ ਤੇ ਉਹਨੂੰ ਵਿਛੋੜਿਆ ਸੀ; ਮੇਰੇ ਪਿਆਰੇ ਵੀਰ-! ਲਾਰਾ ਤੈਨੂੰ ਆ ਕੇ ਆਪਣਾ ਉੱਤਰ ਦਏਗੀ।" ਇਕ ਪਲ ਰੁੱਕ ਜਾ,

ਲਿਮਰਿਜ ਦੀ ਉਸ ਅੰਤਲੀ ਵਿਦਾਇਗੀ ਵਾਲੀ ਸਵੇਰ ਤੋਂ ਮਗਰੋਂ ਉਹਨੇ ਅੱਜ ਮੇਰੇ ਮੱਥੇ ਨਾਲ ਆਪਣੇ ਬੁੱਲ੍ਹ ਵਰ੍ਹਾਏ! ਉਹਦੀਆਂ ਅੱਖਾਂ ਵਿਚੋਂ ਇਕ ਹੰਝੂ ਮੇਰੇ ਮੂੰਹ ਤੋਂ ਆ ਪਿਆ, ਜਦੋਂ ਉਹ ਚੁੰਮ ਰਹੀ ਸੀ ! ਉਹਨੇ ਮੈਨੂੰ ਮੁੜ ਕੁਰਸੀ ਤੇ ਬਹਿਣ ਲਈ ਇਸ਼ਾਰਾ ਕੀਤਾ, ਅਤੇ ਆਪ ਝਟਪਟ ਚਲੀ ਗਈ।

ਮੈਂ ਫਿਰ ਉਥੇ ਹੀ ਖਿੜਕੀ ਦੇ ਨੇੜੇ ਬੈਠ ਗਿਆ। ਮੈਨੂੰ ਲਗਾ, ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਔਖੀ ਘੜੀ ਹੈ, ਮੈਨੂੰ ਕੁਝ ਨਹੀਂ ਸੀ ਅਹੁੜ ਰਿਹਾ, ਉਸ ਵੇਲੇ ਮੈਂ ਬਿਲਕੁਲ ਕੁਝ ਸੋਚ ਨਹੀਂ ਸਾਂ ਸਕਦਾ। ਜੋ ਕੁਝ ਮੈਂ ਸਾਹਮਣੇ ਵੇਖ ਰਿਹਾ ਸਾਂ; ਉਹ ਬੜਾ ਨੇੜੇ ਨੇੜੇ ਦਿਸਣ ਲੱਗ ਪਿਆ ਸੀ। ਸੂਰਜ ਦੀ ਰੋਸ਼ਨੀ ਅੱਖਾਂ ਚੁੰਧਿਆ ਰਹੀ ਸੀ। ਸਮੁੰਦਰ ਵਿਚ ਚਿੱਟੇ ਪੰਛੀ ਜੋ ਇਕ ਦੂਜੇ ਨਾਲ ਖੇਡ ਰਹੇ ਸਨ; ਮੈਨੂੰ ਲੱਗਾ ਕਿ ਉਹ ਮੇਰੇ ਚਿਹਰੇ ਦੇ ਅੱਗੇ ਹੀ ਅੱਗੇ ਉੱਡ ਰਹੇ ਹਨ। ਸਮੁੰਦਰ ਦੀਆਂ ਲਹਿਰਾਂ ਦੀ ਮੱਠੀ ਮੱਠੀ ਆਵਾਜ਼ ਹੁਣ ਮੈਨੂੰ ਤੁਫਾਨ ਦੀ ਆਵਾਜ਼ ਲਗ ਰਹੀ ਸੀ।

ਦਰਵਾਜ਼ਾ ਖੁੱਲ੍ਹਾ, ਲਾਰਾ ਇਕੱਲੀ ਹੀ ਅੰਦਰ ਆਈ। ਇਸੇ ਤਰ੍ਹਾਂ ਲਿਮਰਿਜ ਵਿਚ ਉਹ ਬਰੈਕਫਾਸਟ ਰੂਮ ਵਿਚ ਆਈ ਸੀ, ਜਦੋਂ ਅਸੀਂ ਵਿਛੜੇ ਸਾਂ। ਹੌਲੀ ਹੌਲੀ ਤੇ ਕੰਬਦੀ ਕੰਬਦੀ- ਦੁੱਖ ਵਿਚ ਭਿੱਜੀ, ਉਹ ਇਕ ਦਿਨ ਮੇਰੇ ਕੋਲ ਆਈ ਸੀ। ਹੁਣ ਉਹ ਕਦਮ ਖੁਸ਼ੀ

ਨਾਲ ਕਾਹਲੇ ਪੈ ਰਹੇ ਸਨ, ਉਹਦਾ ਚਿਹਰਾ ਕਿਸੇ ਚਾਅ ਨਾਲ ਜਗਮਗਾ ਉਠਿਆ ਸੀ। ਉਹਨੇ ਆਉਂਦਿਆਂ ਹੀ ਮੈਨੂੰ ਗਲਵੱਕੜੀ ਪਾ ਲਈ; ਆਪਣੇ ਬੁਲ ਮੇਰਿਆਂ ਬੁੱਲਾਂ ਨਾਲ ਜੋੜ ਦਿੱਤੇ -- "ਮੇਰੇ ਪਿਆਰੇ ! ਹੁਣ ਤਾਂ ਅਸੀਂ ਮੰਨ ਸਕਦੇ ਹਾਂ, ਕਿ ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਹਾਂ।" ਉਹ ਮੇਰਿਆਂ ਕੰਨਾਂ ਵਿਚ ਬੋਲੀ ! ਉਹਨੇ ਆਪਣਾ ਸਿਰ ਮੇਰੀ ਛਾਤੀ ਉਤੇ ਨਿਸ਼ਚਿਤ ਹੋ ਕੇ ਰੱਖ ਦਿੱਤਾ।--"ਅਜ ਮੈਂ ਕਿੰਨੀ ਖੁਸ਼ ਹਾਂ !'

ਇਸ ਤੋਂ ਦਸ ਦਿਨ ਮਗਰੋਂ ਅਸੀਂ ਹੋਰ ਵੀ ਜ਼ਿਆਦਾ ਖੁਸ਼ ਸਾਂ !- ਸਾਡਾ ਵਿਆਹ ਹੋ ਚੁੱਕਾ ਸੀ !

(4)

ਇਸ ਕਹਾਣੀ ਦਾ ਵਰਣਨ ਸਾਨੂੰ ਅੰਤ ਵੱਲ ਲਿਜਾ ਰਿਹਾ ਹੈ। ਪੰਦਰਾ ਦਿਨਾਂ ਮਗਰੋਂ ਅਸੀਂ ਲੰਦਨ ਵਾਪਸ ਆ ਗਏ।

ਮੇਰੀਅਨ ਅਤੇ ਮੈਂ ਦੋਹਾਂ ਨੇ ਲਾਰਾ ਕੋਲੋਂ ਵਾਪਸ ਜਲਦੀ ਮੁੜਨ ਦਾ ਕਾਰਣ ਛੁਪਾ ਕੇ ਰਖਿਆ ਸੀ। ਅਸੀਂ ਵਾਪਸ ਆ ਕੇ ਕਾਊਂਟ ਦਾ ਪੱਕਾ ਪਤਾ ਕਰਨਾ ਚਾਹੁੰਦੇ ਸਾਂ ਕਿ ਕਿਧਰੇ ਉਹ ਇੰਗਲੈਂਡ ਛੱਡ ਕੇ ਤੇ ਨਹੀਂ ਜਾ ਰਿਹਾ। ਹੁਣ ਮਈ ਦਾ ਮਹੀਨਾ ਸ਼ੁਰੂ ਸੀ ਅਤੇ ਉਹਨੇ ਮਕਾਨ ਦੇ ਦਲਾਲ ਨੂੰ ਜੂਨ ਤਕ ਕਿਰਾਇਆ ਦਿੱਤਾ ਹੋਇਆ ਸੀ। ਜੇ ਓਹਨੇ ਅੱਗੋਂ ਵੀ ਕਿਰਾਇਆ ਦਿੱਤਾ ਤਾਂ ਤੇ ਉਹ ਅਜੇ ਕਿਧਰੇ ਨਹੀਂ ਜਾਂਦਾ, ਪਰ ਜੇ ਕਿਸੇ ਕਾਰਣ ਵਸ ਉਹਨੇ ਕਿਰਾਇਆ ਨਾ ਦਿੱਤਾ, ਤਾਂ ਮੈਨੂੰ ਹੁਣ ਤਿਆਰ ਬਰ ਤਿਆਰ ਹੋਣਾ ਪਏਗਾ।

ਆਪਣੀ ਨਵੀਂ ਲੱਭੀ ਖੁਸ਼ੀ ਦੇ ਉਮਾਹ ਵਿਚ ਮੈਂ ਕਈ ਵਾਰ ਆਪਣੇ ਇਰਾਦੇ ਵਿਚ ਪਹਿਲੇ ਜਿੰਨੀ ਦ੍ਰਿੜਤਾ ਮਹਿਸੂਸ ਨਾ ਕਰਦਾ ਕਈ ਵਾਰ ਸੋਚਦਾ, ਕਿ ਹੁਣ ਮੈਨੂੰ ਲਾਰਾ ਮਿਲ ਗਈ ਹੈ। ਇੰਨੀ ਗੱਲ ਨਾਲ ਹੀ ਸੰਤੁਸ਼ਟ ਕਿਉਂ ਨਾ ਹੋ ਜਾਵਾਂ। ਪਹਿਲੀ ਵਾਰ ਮੈਨੂੰ ਉਸ ਖ਼ਤਰੇ ਦਾ ਅਹਿਸਾਸ ਹੋਇਆ; ਜੋ ਕਾਊਂਟ ਨਾਲ ਮੁਕਾਬਲਾ ਕਰਨ ਵਿਚ ਸੀ! ਮੈਂ ਇਹ ਵੀ ਜਾਣਦਾ ਸਾਂ ਕਿ ਮੇਰੇ ਕਾਮਯਾਬ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ; ਸਾਡੀ ਨਵੀਂ ਜ਼ਿੰਦਗੀ ਕਿੰਨੀ ਲੁਭਾਵਣੀ ਸੀ। ਅਤੇ ਜੇ ਮੈਨੂੰ ਕੁਝ ਹੋ ਗਿਆ। ਤਾਂ.. ਕਿ ਮੈਂ ਕੁਝ ਚਿਰ ਪਿਆਰ ਦੇ ਨਸ਼ੇ ਵਿਚ ਆਪਣੇ ਨਿਸ਼ਚੇ ਉਤੇ ਡਟਿਆ ਰਹਿਆ ਸਾਂ। ! ਹਾਂ ਮੈਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ, ਕਿ ਮੈਂ ਕੁਝ ਚਿਰ ਪਿਆਰ ਦੇ ਨਸ਼ੇ ਵਿਚ ਰਾਹ ਭੁੱਲ ਗਿਆ ਸਾਂ; ਦੁੱਖ ਦੇ ਦਿਨਾਂ ਵਿਚ ਮੈਂ

ਆਪਣੇ ਨਿਸ਼ਚੇ ਉੱਤੇ ਡਟਿਆ ਰਹਿਆ ਸਾਂ। ਲਾਰਾ ਮੈਨੂੰ ਉਸ ਖਤਰਨਾਕ ਰਾਹ ਤੋਂ ਘਸੀਟ ਲਿਆਈ ਸੀ; ਪਰ ਉਸੇ ਨੇ ਹੀ ਮੈਨੂੰ ਮੁੜ ਸਿਧੇ ਰਾਹ ਪਾਇਆ !

ਕਈ ਵਾਰ ਸੁਤਿਆਂ ਸੁਤਿਆਂ ਉਹ ਉਨ੍ਹਾਂ ਸੁਪਨਿਆਂ ਵਿਚ ਬਰੜਾ ਉਠਦੀ, ਜਿਹੜੇ ਉਨ੍ਹਾਂ ਦਿਨਾਂ ਦੇ ਸਨ। ਜਿਨ੍ਹਾਂ ਦੀ ਯਾਦ ਉਹਦੇ ਦਿਮਾਗ ਵਿਚ ਕਿਧਰੇ ਨਹੀਂ ਸੀ। ਸਾਡੇ ਵਿਆਹ ਤੋਂ ਪੰਦਰਾਂ ਦਿਨ ਮਗਰੋਂ ਹੀ ਮੈਂ ਉਹਨੂੰ ਸੁੱਤੀ ਨੂੰ ਵੇਖ ਰਿਹਾ ਸਾਂ। ਉਹਦੀਆਂ ਅੱਖਾਂ ਵਿਚ ਹੰਝੂ ਵਹਿ ਰਹੇ ਸਨ। ਉਹਦੇ ਮੂੰਹੋਂ ਕਈ ਸ਼ਬਦ ਨਿਕਲੇ; ਜਿਨ੍ਹਾਂ ਤੋਂ ਮੈਂ ਸਮਝ ਗਿਆ ਕਿ ਉਹ ਮੁੜ ਵਾਪਸ ਬਲੈਕਵਾਟਰ ਪਾਰਕ ਤੋਂ ਲੰਦਨ ਵੱਲ ਸਫ਼ਰ ਕਰ ਰਹੀ ਹੈ। ਇਹ ਵੇਖ ਕੇ ਤਾਂ ਮੈਨੂੰ ਜਿਵੇਂ ਅੱਗ ਲਗ ਗਈ; ਅਗਲੇ ਹੀ ਦਿਨ ਅਸੀਂ' ਲੰਦਨ ਵਾਪਸ ਆ ਗਏ ਸਾਂ। ਅਤੇ ਮੇਰਾ ਇਰਾਦਾ ਹੁਣ ਪਹਿਲਾਂ ਨਾਲ ਦਸ ਗੁਣਾਂ ਦ੍ਰਿੜ੍ਹ ਹੋ ਚੁੱਕਾ ਸੀ।

ਸਭ ਤੋਂ ਪਹਿਲਾਂ ਕਾਊਂਟ ਦੇ ਨਿੱਜੀ ਜੀਵਨ ਬਾਰੇ ਕੁਝ ਜਾਣਨ ਦੀ ਲੋੜ ਸੀ। ਅਜੇ ਤੱਕ ਅਸੀਂ ਉਸ ਬਾਰੇ ਕੱਖ ਵੀ ਨਹੀਂ ਸਾਂ ਜਾਣਦੇ !

ਮੇਰੇ ਕੋਲ ਕੋਈ ਅਜਿਹੀ ਜਾਣਕਾਰੀ ਨਹੀਂ ਸੀ, ਜੋ ਉਹਦੇ ਜੀਵਨ ਤੇ ਕੁਝ ਰੋਸ਼ਨੀ ਪਾਂਦੀ। ਮਿਸਟਰ ਫਰੈਡਰਿਕ ਫੇਅਰਲੀ ਦਾ ਲਿਖਿਆ ਹੋਇਆ ਬਿਆਨ ਜਿਸਨੂੰ ਮੇਰੀਅਨ ਨੇ ਮੰਗਵਾਇਆ ਸੀ। ਮੈਂ ਪੜਿਆ, ਪਰ ਉਹਨੂੰ ਵੀ ਕਾਊਂਟ ਦਾ ਕੱਖ ਪਤਾ ਨਹੀਂ ਸੀ। ਏਨ ਕੈਥੇਰਿਕ ਨੂੰ ਲੰਦਨ ਤੀਕ ਲਿਆਉਣ ਲਈ ਜੋ ਉਹਨੇ ਧੋਖਾ ਕੀਤਾ ਸੀ; ਉਸ ਨਾਲ ਵੀ ਕਾਊਂਟ ਕਾਨੂੰਨ ਦੀ ਪਕੜ ਤੋਂ ਬਾਹਰ ਸੀ-ਅਤੇ ਉਹ ਮੇਰੀ ਪਹੁੰਚ ਵਿਚ ਵੀ ਨਹੀਂ ਸੀ ਆਉਂਦਾ।

ਮੈਂ ਫਿਰ ਬਲੈਕਵਾਟਰ ਪਾਰਕ ਵਿਚ ਲਿਖੀ ਮੇਰੀਅਨ ਦੀ ਡਾਇਰੀ ਪੜ੍ਹੀ। ਮੇਰੀਅਨ ਨੇ ਮੈਨੂੰ ਕਾਊਂਟ ਬਾਰੇ ਜੋ ਜੋ ਲਿਖਿਆ ਸੀ; ਸਭ ਪੜ੍ਹ ਕੇ ਸੁਣਾਇਆ। ਉਹਦੇ ਵਿਚ ਵੀ ਜੋ ਜੋ ਉਹਨੂੰ ਪਤਾ ਲਗਾ ਸੀ; ਉਹ ਲਿਖਦੀ ਰਹੀ ਸੀ।

ਉਸ ਥਾਂ ਤੇ ਜਿਥੇ ਉਹਨੇ ਕਾਊਂਟ ਦਾ ਰੇਖਾ-ਚਿੱਤਰ ਖਿਚਿਆ ਹੋਇਆ ਸੀ, ਉਥੇ ਉਹਨੇ ਲਿਖਿਆ ਸੀ, "ਉਹਨੇ ਆਪਣੇ ਦੇਸ਼ ਦੀ ਸਰਹੱਦ ਕਈ ਵਰ੍ਹਿਆਂ ਤੋਂ ਪਾਰ ਨਹੀਂ ਕੀਤੀ।" ਅਤੇ 'ਜੇ ਕੋਈ ਇਤਾਲੀਅਨ ਬਲੈਕਵਾਟਰ ਪਾਰਕ ਦੇ ਨੇੜੇ ਰਹਿੰਦਾ ਹੈ ਤਾਂ ਉਹ ਮਿਲਣ ਲਈ ਉਤਾਵਲਾ ਹੋ ਉਠਦਾ ਸੀ। ਅੱਗੇ ਜਾ ਕੇ ਮੇਰੀਅਨ ਨੇ ਇਹ ਵੀ ਨੋਟ ਕੀਤਾ ਸੀ,

ਕਿ "ਉਹਨੂੰ ਕਈ ਚਿੱਠੀਆਂ ਆਉਂਦੀਆਂ ਸਨ, ਜਿਨ੍ਹਾਂ ਤੇ ਅਜੀਬ ਅਜੀਬ ਟਿਕਟਾਂ ਲੱਗੀਆਂ ਹੁੰਦੀਆਂ ਸਨ ਅਤੇ ਇਕ ਚਿੱਠੀ ਆਈ, ਜਿਸ ਉਪਰ ਵੱਡੀ ਬਿਦੇਸ਼ੀ ਮੋਹਰ ਸੀ ਜੋ ਸਰਕਾਰੀ ਵਿਖਾਈ ਦੇਂਦੀ ਸੀ। ਡਾਇਰੀ ਵਿਚ ਉਹਨੇ ਆਪਣਾ ਵਿਚਾਰ ਵੀ ਪ੍ਰਗਟ ਕੀਤਾ ਸੀ, ਕਿ ਹੋ ਸਕਦਾ ਹੈ ਕਾਊਂਟ ਨੂੰ ਆਪਣੇ ਦੇਸ਼ ਤੋਂ ਰਾਜਨੀਤਿਕ ਕਾਰਣਾਂ ਕਰਕੇ ਦੇਸ਼ ਨਿਕਾਲਾ ਮਿਲਿਆ ਹੋਵੇ। ਪਰ ਜੇ ਇਹ ਗੱਲ ਸੀ, ਤਾਂ ਉਹਨੂੰ ਮਹਾਂਦੀਪ ਦੇ ਹੋਰ ਹਿੱਸਿਆਂ ਵਿਚੋਂ ਚਿੱਠੀਆਂ ਕਿਉਂ ਆਉਂਦੀਆਂ ਸਨ? ਕਿਵੇਂ ਉਹ ਚਿੱਠੀ ਆਈ, ਜਿਸ ਤੇ ਸਰਕਾਰੀ ਮੋਹਰ ਸੀ? ਜਿਨ੍ਹਾਂ ਨੂੰ ਦੇਸ਼-ਨਿਕਾਲਾ ਮਿਲਿਆ ਹੋਵੇ; ਉਨ੍ਹਾਂ ਨੂੰ ਇਸ ਤਰ੍ਹਾਂ ਚਿੱਠੀਆਂ ਨਹੀਂ ਆ ਸਕਦੀਆਂ।

ਡਾਇਰੀ ਵਿਚ ਮੇਰੀਅਨ ਦੇ ਇਹ ਵਿਚਾਰ ਪੜ੍ਹਕੇ ਮੇਰੇ ਆਪਣੇ ਦਿਮਾਗ ਵਿਚ ਵੀ ਕਈ ਖਿਆਲ ਆਏ-; ਅਤੇ ਮੈਂ ਇਸ ਸਿੱਟੇ ਤੇ ਪੁੱਜਿਆ ਕਿ ਹੋਵੇ ਨਾ ਹੋਵੇ -ਕਾਊਂਟ ਜਾਸੂਸ ਸੀ। ਇਹ ਲਫ਼ਜ਼ ਲਾਰਾ ਨੇ ਮੇਰੀਅਨ ਨੂੰ ਕਹੇ ਸਨ, ਜਦੋਂ ਉਹ ਬਲੈਕਵਾਟਰ ਪਾਰਕ ਵਿਚ ਸੀ; ਇਹੀ ਸ਼ਬਦ ਮੈਡਮ ਫ਼ੋਸਕੋ ਨੇ ਦਰਵਾਜ਼ੇ ਕੋਲ ਖੜ ਕੇ ਸੁਣੇ ਸਨ। ਮੈਂ ਹੈਰਾਨ ਸਾਂ, ਕਿ ਮੈਨੂੰ ਪਹਿਲਾਂ ਹੀ ਇਹ ਗੱਲ ਕਿਉਂ ਨਹੀਂ ਸੁੱਝੀ।

ਲਾਰਾ ਨੇ ਇਹ ਗੱਲ ਤਾਂ ਗੁੱਸੇ ਵਿਚ ਕਹੀ ਸੀ, ਕਿਉਂਕਿ ਉਹ ਉਹਦੇ ਨਾਲ ਬਦਤਮੀਜ਼ੀ ਭਰਿਆ ਵਰਤਾਓ ਕਰਦਾ ਸੀ। ਮੈਨੂੰ ਪੱਕਾ ਵਿਸ਼ਵਾਸ ਹੋ ਗਿਆ ਸੀ, ਕਿ ਉਹ ਜਾਸੂਸ ਸੀ। ਹੁਣ ਮੈਨੂੰ ਸਮਝ ਆ ਗਈ, ਕਿ ਉਹ ਆਪਣੀ ਚਾਲ ਵਿਚ ਸਫਲ ਹੋਣ ਤੋਂ ਮਗਰੋਂ ਇੰਗਲੈਂਡ ਵਿਚ ਕਿਉਂ ਰੁਕਿਆ ਹੋਇਆ ਹੈ।

ਜਿਸ ਸਾਲ ਦੀ ਮੈਂ ਇਹ ਗੱਲ ਲਿਖ ਰਿਹਾ ਹਾਂ, ਉਸ ਸਾਲ ਹਾਈਡ ਪਾਰਕ ਵਿਚ ਕਰਿਸੱਟਲ ਪੈਲੇਸ ਨੁਮਾਇਸ ਲੱਗਣੀ ਸੀ। ਬੜੀ ਗਿਣਤੀ ਵਿਚ ਬਿਦੇਸ਼ੀ ਆ ਚੁੱਕੇ ਸਨ; ਅਤੇ ਅਜੇ ਵੀ ਪਹੁੰਚ ਰਹੇ ਸਨ। ਕਈ ਆਦਮੀ ਉਨ੍ਹਾਂ ਵਿਚੋਂ ਅਜਿਹੇ ਸਨ, ਜਿਨ੍ਹਾਂ ਦਾ ਪਿੱਛਾ ਉਨ੍ਹਾਂ ਦੀ ਸਰਕਾਰ ਲੰਦਨ ਤੀਕ ਕਰਦੀ ਰਹੀ ਸੀ। ਕਾਊਂਟ ਵਰਗਾ ਸਿਆਣਾ ਤੇ ਚਾਲਾਕ ਆਦਮੀ ਆਮ ਜਸੂਸਾਂ ਵਿਚੋਂ ਨਹੀਂ ਹੋ ਸਕਦਾ ਸੀ। ਮੈਨੂੰ ਸ਼ੱਕ ਸੀ, ਕਿ ਉਹ ਕੋਈ ਬਹੁਤ ਵੱਡਾ ਅਫਸਰ ਹੋਏਗਾ; ਅਤੇ ਉਹਦੇ ਦੇਸ਼ ਦੀ ਸਰਕਾਰ ਨੇ ਉਹਨੂੰ ਕਈ ਜਾਸੂਸਾਂ ਉਪਰ ਨਿਗਰਾਨੀ ਲਈ ਲਾਇਆ ਹੋਵੇਗਾ। ਇਹ ਜਾਸੂਸ ਆਦਮੀ ਵੀ ਹੋਣਗੇ, ਅਤੇ ਔਰਤਾਂ ਵੀ। ਹੁਣ ਮੈਨੂੰ ਇਹ ਵੀ

ਖਿਆਲ ਆਇਆ ਕਿ ਮਿਸਜ਼ ਰੂਬਲ ਜੋ ਬਲੈਕਵਾਟਰ ਪਾਰਕ ਵਿਚ ਨਰਸ ਦਾ ਕੰਮ ਕਰਦੀ ਰਹੀ ਸੀ ਵੀ ਜ਼ਰੂਰ ਉਹਦੇ ਹੇਠਾਂ ਇਕ ਜਾਸੂਸ ਹੀ ਹੋਵੇਗੀ।

ਜੇ ਇਹ ਗੱਲ ਸੱਚ ਹੋਵੇ ਤਾਂ ਕਾਊਂਟ ਨੂੰ ਸਭ ਕੁਝ ਮੰਨਵਾਣਾ ਏਨਾ ਔਖਾ ਨਹੀਂ ਹੋਣ ਲੱਗਾ; ਜਿੰਨਾ ਮੈਂ ਸਮਝ ਰਿਹਾ ਸਾਂ। ਕਿਸ ਨੂੰ ਉਹਦੇ ਬਾਰੇ ਪੁੱਛਾਂ, ਤਾਂ ਜੋ ਮੈਨੂੰ ਕੁਝ ਠੀਕ ਠੀਕ ਪਤਾ ਲਗ ਸਕੇ? ਕੋਈ ਉਹਦੇ ਦੇਸ਼ ਦਾ ਵਾਸੀ ਹੀ ਸ਼ਾਇਦ ਉਹਦੇ ਬਾਰੇ ਮੈਨੂੰ ਕੁੱਝ ਦਸ ਸਕੇ। ਹੁਣ ਮੈਨੂੰ ਆਪਣੇ ਉਸ ਇਕ ਇਕ ਇਤਾਲੀਅਨ ਦਾ ਖਿਆਲ ਆਇਆ; ਜੋ ਮੇਰਾ ਚੰਗਾ ਮਿੱਤਰ ਸੀ।-ਮੇਰਾ ਅਨੋਖਾ ਮਿੱਤਰ ਪ੍ਰੋਫੈਸਰ ਪੈਸਕਾ।

ਪ੍ਰੋਫੈਸਰ ਪੈਸਕਾ ਇਨ੍ਹਾਂ ਪੰਨਿਆਂ ਤੋਂ ਚੋਖੀ ਦੇਰ ਗੈਰ ਹਾਜ਼ਰ ਰਿਹਾ ਹੈ; ਅਤੇ ਹੋ ਸਕਦਾ ਹੈ ਕਿ ਉਹਨੂੰ ਸਭ ਭੁੱਲ ਹੀ ਗਏ ਹੋਣ।

ਮੇਰੀ ਇਸ ਕਹਾਣੀ ਵਿਚ ਉਹੀ ਉਹੀ ਪਾਤਰ ਆ ਰਹੇ ਹਨ; ਜਿਨ੍ਹਾਂ ਦਾ ਘਟਨਾਵਾਂ ਨਾਲ ਸਿੱਧਾ ਹੀ ਸੰਬੰਧ ਹੈ ਅਤੇ ਜਿਥੇ ਜਿਥੇ ਉਨ੍ਹਾਂ ਨਾਲ ਉਹ ਘਟਨਾਵਾਂ ਵਾਪਰੀਆਂ, ਉਹ ਉਸ ਤਰ੍ਹਾਂ ਹੀ ਆ ਕੇ ਆਪਣਾ ਨਿੱਜੀ ਅਨੁਭਵ ਸਾਨੂੰ ਦਸ ਰਹੇ ਹਨ। ਇਸੇ ਹੀ ਕਾਰਣ ਪੈਸਕਾ, ਮੇਰੀ ਮਾਂ ਅਤੇ ਮੇਰੀ ਭੈਣ ਵੀ ਅਜੇ ਤਕ ਫਿਰ ਇਨ੍ਹਾਂ ਪੰਨਿਆਂ ਵਿਚ ਨਹੀਂ ਆਈਆਂ। ਮੈਂ ਹੈਂਪਸਟੇਡ ਕਾਟੇਜ ਜਾਂਦਾ ਰਿਹਾ ਸਾਂ। ਮੇਰੀ ਮਾਂ ਅਤੇ ਭੈਣ ਲਾਰਾ ਨੂੰ ਮਰ ਚੁਕਾ ਹੀ ਸਮਝਦੀਆਂ ਸਨ, ਮੈਂ ਬੜੀ ਕੋਸ਼ਿਸ਼ ਕੀਤੀ, ਕਿ ਉਨ੍ਹਾਂ ਦਾ ਵਹਿਮ ਦੂਰ ਕਰ ਸਕਾਂ। ਪਰ ਉਹਨਾਂ ਮੇਰੀ ਗੱਲ ਨਾ ਸੁਣੀ। ਮੈਂ ਇਸ ਲਈ ਆਪਣੇ ਵਿਆਹ ਦੀ ਖਬਰ ਵੀ ਉਨ੍ਹਾਂ ਨੂੰ ਅਜੇ ਨਹੀਂ ਦਿੱਤੀ ਸੀ। ਜਦ ਤਕ ਉਹ ਮੇਰੀ ਪਤਨੀ ਨਾਲ ਇਨਸਾਫ਼ ਨਾ ਕਰ ਸਕਣ; ਮੈਂ ਉਨ੍ਹਾਂ ਨੂੰ ਇਹ ਦੱਸਣਾ ਹੀ ਨਹੀਂ ਚਾਹੁੰਦਾ ਸਾਂ ਕਿ ਮੈਂ ਵਿਆਹ ਕਰ ਲਿਆ ਹੈ। ਇਨ੍ਹਾਂ ਗੱਲਾਂ ਦਾ ਜ਼ਿਕਰ ਕਿਧਰੇ ਵੀ ਨਹੀਂ ਆਇਆ, ਕਿਉਂਕਿ ਅਸਲ ਕਹਾਣੀ ਨਾਲ ਇਨ੍ਹਾਂ ਨਿੱਕੀਆਂ ਨਿੱਕੀਆਂ ਘਰੋਗੀ ਗੱਲਾਂ ਦਾ ਕੋਈ ਸੰਬੰਧ ਨਹੀਂ। ਇਹ ਵੱਖਰੀ ਗੱਲ ਸੀ ਕਿ ਮੈਂ ਇਨ੍ਹਾਂ ਗੱਲਾਂ ਨਾਲ ਹੋਰ ਉਦਾਸ ਹੋ ਜਾਂਦਾ ਸਾਂ, ਪਰ ਘਟਨਾਵਾਂ ਦੇ ਚੱਕਰ ਵਿਚ ਇਨ੍ਹਾਂ ਦਾ ਕਿਧਰੇ ਕੋਈ ਪ੍ਰਭਾਵ ਨਹੀਂ।

ਇਸੇ ਲਈ ਮੈਂ ਇਹ ਵੀ ਕਿਧਰੇ ਜ਼ਿਕਰ ਨਹੀਂ ਕੀਤਾ; ਕਿ ਜਦੋਂ ਲਿਮਰਿਜ ਹਾਊਸ ਤੋਂ ਅਚਾਨਚ ਹੀ ਮੈਂ ਵਾਪਸ ਆਇਆ ਸਾਂ; ਤਾਂ ਮੈਨੂੰ ਪੈਸਕਾ ਨੂੰ ਮਿਲ ਕੇ ਕਿੰਨੀ ਖੁਸ਼ੀ ਹੋਈ ਸੀ! ਪੈਸਕਾ ਮੈਨੂੰ ਭਰਾਵਾਂ ਵਾਂਗ ਹੀ ਪਿਆਰ ਕਰਦਾ ਸੀ। ਉਹ ਮੈਨੂੰ ਮੱਧ ਅਮਰੀਕਾ ਲਈ ਵਿਦਾ

ਵੀ ਕਰ ਗਿਆ ਸੀ; ਤੇ ਜਦੋਂ ਮੁੜ ਮੈਂ ਲੰਦਨ ਵਾਪਸ ਪਹੁੰਚਿਆ, ਤਾਂ ਖੁਸ਼ੀ ਨਾਲ ਆਕੇ ਮਿਲਿਆ ਵੀ ਸੀ। ਉਹਨੇ ਮੈਨੂੰ ਇਹ ਵੀ ਕਿਹਾ ਸੀ, ਕਿ ਉਹ ਮੇਰੀ ਹਰ ਤਰ੍ਹਾਂ ਦੀ ਸੇਵਾ ਕਰਨ ਲਈ ਤਿਆਰ ਸੀ। ਭਾਵੇਂ ਮੈਨੂੰ ਉਹਦੇ ਤੇ ਪੂਰਾ ਵਿਸ਼ਵਾਸ ਸੀ; ਪਰ ਮੈਂ ਇਹ ਤਹਕੀਕਾਤ ਇਕੱਲਿਆਂ ਹੀ ਕੀਤੀ ਸੀ; ਕਿਉਂਕਿ ਜੇ ਕਿਧਰੇ ਕਿਸੇ ਵੇਲੇ ਉਹਦੇ ਕੋਲੋਂ ਕੋਈ ਅਣਗਹਿਲੀ ਹੋ ਜਾਏ ਤਾਂ ਉਹਦਾ ਫਲ ਪਤਾ ਨਹੀਂ ਕਿਸਨੂੰ ਭੋਗਣਾ ਪਵੇਗਾ। ਉਹ ਇਸ ਕਹਾਣੀ ਵਿਚ ਮੁੜ ਕੇ ਅਜੇ ਤਕ ਨਹੀਂ ਆਇਆ; ਪਰ ਉਹ ਮੈਨੂੰ ਮਿਲਣ ਆਉਂਦਾ ਰਿਹਾ ਹੈ; ਅਤੇ ਅੱਜ ਵੀ ਮੇਰਾ ਪਿਆਰਾ ਅਤੇ ਹਮਦਰਦ ਮਿੱਤਰ ਹੈ।

ਇਸ ਤੋਂ ਪਹਿਲਾਂ ਕਿ ਮੈਂ ਪੈਸਕਾ ਨੂੰ ਆਪਣੀ ਸਹਾਇਤਾ ਲਈ ਬੁਲਾਵਾਂ, ਮੈਨੂੰ ਆਪ ਵੀ ਉਸ ਬੰਦੇ ਨੂੰ ਇਕ ਵਾਰ ਤੇ ਵੇਖਣਾ ਚਾਹੀਦਾ ਸੀ; ਜਿਸ ਦੇ ਨਾਲ ਹੁਣ ਮੈਂ ਆਹਮੋ ਸਾਹਮਣੇ ਹੋਣਾ ਸੀ। ਮੇਰੀਅਨ ਅਤੇ ਲਾਰਾ ਨੂੰ ਲੰਦਨ ਲਿਆਉਣ ਦੇ ਤਿੰਨ ਦਿਨ ਮਗਰੋਂ ਮੈਂ ਸਵੇਰ ਦਸ ਅਤੇ  ਗਿਯਾਰਾ ਦੇ ਵਿਚਕਾਰ ਫਾਰੈਸਟ ਰੋਡ, ਸੇਂਟਜਾਨਸ ਵੁਡ ਵੱਲ ਇਕੱਲਾ ਹੀ ਕਰ ਪਿਆ। ਦਿਨ ਬੜਾ ਸੁਹਣਾ ਸੀ, ਅਤੇ ਮੈਨੂੰ ਕੋਈ ਖਾਸ ਕੰਮ ਵੀ ਨਹੀਂ ਸੀ। ਸੋ ਮੈਂ ਇਹੀ ਸੋਚਿਆ ਕਿ ਮੈਂ ਕੁਝ ਚਿਰ ਉਡੀਕਾਂ ਤਾਂ ਸ਼ਾਇਦ ਕਾਊਂਟ ਵੀ ਬਾਹਰ ਘੁੰਮਣ ਨਿਕਲ ਪਵੇ ! ਮੈਨੂੰ ਉਹਦੇ ਕੋਲੋਂ ਇਹ ਡਰ ਨਹੀਂ ਸੀ ਕਿ ਉਹ ਮੈਨੂੰ ਪਛਾਣ ਲਵੇਗਾ-ਕਿਉਂਕਿ ਉਹਨੇ ਮੈਨੂੰ ਇਕੋ ਵਾਰ ਵੇਖਿਆ ਸੀ; ਉਹ ਵੀ ਰਾਤ ਵੇਲੇ, ਜਦੋਂ ਉਹਨੇ ਮੇਰਾ ਘਰ ਤੀਕ ਪਿੱਛਾ ਕੀਤਾ ਸੀ।

ਘਰ ਦੇ ਅਗਲੇ ਪਾਸੇ ਖਿੜਕੀਆਂ ਵਿਚ ਕੋਈ ਨਹੀਂ ਦਿਸ ਰਿਹਾ ਸੀ। ਮੈਂ ਉਂਜ ਘਰ ਦੀ ਨਾਲ ਵਾਲੀ ਗਲੀ ਵੱਲ ਹੋ ਤੁਰਿਆ ਅਤੇ ਬਗੀਚੇ ਦੀ ਨੀਵੀਂ ਕੰਧ ਦੇ ਉਪਰੋਂ ਝਾਕ ਕੇ ਵੇਖਣ ਦੀ ਕੋਸ਼ਿਸ਼ ਕੀਤੀ। ਹੇਠਲੀ ਮੰਜਿਲ ਤੇ ਇਕ ਖਿੜਕੀ ਖੁਲੀ ਜੀ ਅਤੇ ਉਸ ਤੋਂ ਇਕ ਜਾਲੀ ਲਗਾਈ ਗਈ ਸੀ। ਮੈਨੂੰ ਦਿੱਸਿਆ ਤੋਂ ਕੁਝ ਨਾ ਪਰ ਮੈਨੂੰ ਕੁਝ ਆਵਾਜ਼ਾਂ ਆਈਆਂ। ਪਹਿਲਾਂ ਤੇ ਪੰਛੀਆਂ ਦੇ ਗੌਣ ਦੀ ਆਵਾਜ ਆਈ;  ਉਸ ਤੋਂ ਮਗਰ ਉਹ ਗੂੰਜਦੀ ਹੋਈ ਆਵਾਜ਼ ਆਈ, ਜਿਸ ਨਾਲ ਮੇਰੀਅਨ ਰਾਹੀਂ ਮੇਰੀ ਜਾਣ ਪਛਾਣ ਹੋ ਚੁਕੀ ਸੀ "ਆਉ ਮੇਰੀ ਉਂਗਲੀ ਤੇ ਬੈਠੋ ਆਉ ਮੇਰੇ ਪਿਆਰਿਉ, ਉਪਰ ਬੈਠੋ, ਇਕ, ਦੋ, ਤਿੰਨ" ਉਹ ਇਹੀ ਗੱਲਾਂ ਪੰਛੀਆਂ ਨਾ ਕਰ ਰਿਹਾ ਸੀ, ਉਹ ਪੰਛੀਆਂ ਦੀ ਉਸੇ ਤਰਾ ਕਸਰਤ ਕਰਾ ਰਿਹਾ ਸੀ ਜਿਵੇਂ ਬਲੋਕਵਾਟਰ ਪਾਰਕ ਵਿਚ ਕਰਾਇਆ ਕਰਦਾ ਸੀ।

ਮੈਂ ਥੋੜ੍ਹੀ ਦੇਰ ਉਡੀਕਿਆ ਫਿਰ ਉਹ ਬੋਲਿਆ, "ਆਉ ਮੈਨੂੰ ਚੁੰਮੋ ਇਸ ਤੋਂ ਮਗਰੋਂ ਪੰਛੀਆਂ ਨੇ ਚਿੱਕ ਚਿੱਕ ਕੀਤੀ ਅਤੇ ਇਕ ਮਿੰਟ ਦੀ ਚੁੱਪ ਮਗਰੋਂ ਘਰ ਦਾ ਦਰਵਾਜ਼ਾ ਖੁੱਲਣ ਦੀ ਆਵਾਜ਼ ਆਈ! ਉਹ ਆਪਣੀ ਡੂੰਘੀ ਗੂੰਜਦੀ ਆਵਾਜ਼ ਵਿਚ ਉੱਚੀ ਉੱਚੀ ਗਾਉਂਦਾ ਘਰੋਂ ਬਾਹਰ ਨਿਕਲਿਆ ਹੋਰ ਸਭ ਚੁੱਪ ਸੀ ਬਗੀਚੇ ਦਾ ਦਰਵਾਜ਼ਾ ਉਹਨੇ ਬੰਦ ਕੀਤਾ। ਹੁਣ ਕਾਊਂਟ ਬਾਹਰ ਆ ਚੁੱਕਾ ਸੀ।

ਉਹ ਸੜਕ ਪਾਰ ਕਰਕੇ ਰੀਜੈਂਟ ਪਾਰਕ ਦੀ ਪੱਛਮੀ ਬਾਹੀਂ ਵੱਲ ਹੋ ਤੁਰਿਆ। ਮੈਂ ਸੜਕ ਦੇ ਉਰਲੇ ਪਾਸੇ ਉਹਦੇ ਤੋਂ ਥੋੜਾ ਪਿੱਛੇ ਹੀ ਰਿਹਾ।

ਮੇਰੀਅਨ ਦੀਆਂ ਗੱਲ ਸੁਣ ਕੇ ਇਹ ਤਾਂ ਮੈਨੂੰ ਪਤਾ ਲੱਗ ਚੁੱਕਾ ਸੀ, ਕਿ ਉਹ ਬੜਾ ਲੰਮਾ ਅਤੇ ਮੋਟਾ ਹੈ ਅਤੇ ਉਹਨੇ ਸੱਦੇ ਕੱਪੜੇ ਪਹਿਨੇ ਹੋਏ ਹਨ, ਪਰ ਮੈਂ ਉਹਦੇ ਚਿਹਰੇ ਤੇ ਜੋ ਚੁਸਤੀ ਅਤੇ ਪ੍ਰਫੁੱਲਤਾ ਵੇਖੀ, ਉਸ ਲਈ ਮੈਂ ਕਦਾਚਿਤ ਤਿਆਰ ਨਹੀਂ ਸਾਂ। ਉਹ ਨਵਾਂ ਨਰੋਆ ਟਹਿਕ ਰਹਿ ਆ ਸੀ। ਉਮਰ ਉਹਦੀ ਸੱਠਾਂ ਦੀ ਸੀ। ਪਰ ਉਹ ਇਸ ਤਰ੍ਹਾਂ ਕਰਦਾ ਸੀ ਜਿਵੇਂ ਚਾਲੀ ਵਰ੍ਹਿਆਂ ਦਾ ਹੋਵੇ! ਆਪਣਾ ਹੈਟ ਸਿਰ ਦੇ ਇਕ ਪਾਸੇ ਕਰਕੇ ਉਹ ਆਪਣੀ ਸੋਟੀ ਹਿਲਾਉਂਦਾ, ਮਸਤਾਨੀ ਤੌਰ ਤੁਰ ਰਹਿਆ ਸੀ। ਕਦੀ ਗਾਉਂਦਾ-ਕਦੀ ਗੁਣਕਣਾਉਂਦਾ ਅਤੇ ਕਦੀ ਆਲੇ ਦੁਆਲੇ ਮਕਾਨਾਂ, ਬਗੀਚਿਆਂ ਨੂੰ ਇੰਜ ਵੇਖਦਾ ਜਿਵੇਂ ਉਹ ਸਭ ਦਾ ਮਾਲਕ ਹੀ ਹੋਵੇ। ਜੇ ਕਿਸੇ ਪ੍ਰਦੇਸੀ ਨੂੰ ਇਹ ਦੱਸਿਆ ਜਾਂਦਾ ਕਿ ਉਹ ਸਾਰਾ ਇਲਾਕਾ ਕਾਊਂਟ ਦੀ ਮਲਕੀਅਤ ਸੀ ਤਾਂ ਉਹ ਪ੍ਰਦੇਸ਼ੀ ਰਤਾ ਵੀ ਹੈਰਾਨ ਨਾ ਹੁੰਦਾ। ਕਾਊਂਟ ਨੇ ਇਕ ਵਾਰ ਵੀ ਪਿੱਛੇ ਮੁੜ ਕੇ ਨਾ ਵੇਖਿਆ ਹਰ ਕਿਸੇ ਵੱਲ ਦੀ ਉਹਨੇ ਨਜ਼ਰ ਨਾ ਸੁੱਟੀ। ਹਾਂ, ਰਾਹ ਵਿਚ ਮਿਲਦੇ ਬੱਚਿਆਂ ਅਤੇ ਉਨ੍ਹਾਂ ਦੀਆਂ  ਆਇਆ ਨੂੰ ਵੇਖ ਵੇਖ ਕੇ ਜ਼ਰੂਰ ਮੁਸਕਰਾਉਂਦਾ ਸੀ। ਉਹ ਅੱਗੇ ਅੱਗੇ ਤੇ ਮੈਂ ਉਹਦੇ ਪਿੱਛੇ-ਪਿੱਛੇ ਹੁਣ ਉਨ੍ਹਾਂ ਦੁਕਾਨਾਂ ਤਕ ਪਹੁੰਚ ਗਏ ਸਾਂ ਜੋ ਪਾਰਕ ਦੇ ਪੱਛਮੀ ਪਾਸੇ ਸਨ।

ਉਹ ਪੇਸਟਰੀ ਦੀ ਦੁਕਾਨ ਦੇ ਅੰਦਰ ਸ਼ਾਇਦ ਕੋਈ ਆਰਡਰ ਦੇਣ ਗਿਆ ਆਇਆ, ਤਾਂ ਉਹਦੇ ਹੱਥ ਵਿਚ ਇਕ ਕਰੀਮ ਵਾਲੀ ਪੇਸਟਰੀ ਸੀ। ਦੁਕਾਨ ਦੇ ਬਾਹਰ ਇਕ

ਇਤਾਲੀਅਨ ਬੈਠਾ ਆਗਮਨ ਦੀ ਮੁਰੰਮਤ ਕਰ ਰਿਹਾ ਸੀ ਅਤੇ ਇਕ ਮਾੜਾ ਜੇਹਾ ਬੀਮਾਰ ਬਾਂਦਰ ਉਹਦੇ ਕੋਲ ਬੈਠਾ ਹੋਇਆ ਸੀ।

ਕਾਊਂਟ ਨੇ ਪੇਸਟਰੀ ਨੂੰ ਚੱਕ ਮਾਰਿਆ ਤੇ ਬਾਕੀ ਦੀ ਬਾਂਦਰ ਅੱਗੇ ਕਰਕੇ ਬੋਲਿਆ-

"ਮਨੁੱਖਤਾ ਦੇ ਨਾਂ ਤੇ ਤੈਨੂੰ ਇਹ ਭੋਜਨ ਦੇਂਦਾ ਹਾਂ। ਤੂੰ ਭੁੱਖਾ ਦਿਸਦਾ ਹੈ।" ਆਗਮਨ ਠੀਕ ਕਰਦਾ ਕਰਦਾ ਇਤਾਲੀਅਨ ਵੀ ਕਾਊਂਟ ਕੋਲੋਂ ਹੱਥ ਪਸਾਰ ਕੇ ਪੈਸੇ ਮੰਗਣ ਲੱਗ ਪਿਆ। ਪਰ ਕਾਊਂਟ ਨੇ ਘਿਰਣਾ ਨਾਲ ਆਪਣੇ ਮੋਢੇ ਛੰਡੇ ਅਤੇ ਅੱਗੇ ਲੰਘ ਗਿਆ।

ਅਸੀਂ ਕਈ ਗਲੀਆਂ ਵਿਚੋਂ ਦੀ ਲੰਘਦੇ ਹੋਏ ਹੁਣ ਨਿਊ ਰੋਡ ਤੇ ਐਕਸਫੋਰਡ ਸਟਰੀਟ ਦੇ ਵਿਚਕਾਰ ਜੋ ਚੰਗੀਆਂ ਚੰਗੀਆਂ ਦੁਕਾਨਾਂ ਹਨ, ਉੱਥੇ ਪੁੱਜ ਗਏ ਸਾਂ। ਕਾਊਂਟ ਇਥੇ ਵੀ ਰੁਕ ਗਿਆ। ਉਹ ਐਨਕਾਂ ਦੀ ਦੁਕਾਨ ਸੀ। ਅਤੇ ਬਾਹਰਲੀ ਖਿੜਕੀ ਤੇ ਚੰਗੀ ਮੁਰੰਮਤ ਦਾ ਇਸਤਿਹਾਰ ਸੀ। ਉਹ ਉਸ ਦੁਕਾਨ ਵਿਚੋਂ ਨਾਟ-ਭਵਨ ਵਿਚ ਵਿਰਤਣ ਵਾਲੀ ਦੂਰਬੀਨ ਲੈ ਕੇ ਨਿਕਲਿਆ। ਅੱਗੇ ਕੁਝ ਦੁਕਾਨਾਂ ਦੀ ਵਿੱਥ ਤੇ ਇਕ ਰਿਕਾਰਡਾਂ ਦੀ ਦੁਕਾਨ ਸੀ। ਉਹਦੇ ਬਾਹਰ ਇਕ ਔਪੇਰਾ ਦਾ ਇਸ਼ਤਿਹਾਰ ਸੀ। ਉਹਨੇ ਉਹਨੂੰ ਧਿਆਨ ਨਾਲ ਪੜ੍ਹਿਆ ਤੇ ਕੋਲੋਂ ਲੰਘਦੀ ਇਕ ਖਾਲੀ ਟੈਕਸੀ ਨੂੰ ਇਸ਼ਾਰੇ ਨਾਲ ਬੁਲਾਇਆ।

"ਔਪੇਰਾ ਚਲ -" ਇਹ ਕਹਿ ਕੇ ਉਹ ਟੈਕਸੀ ਵਿਚ ਬੈਠ ਕੇ ਚਲਾ ਗਿਆ !

ਮੈਂ ਵੀ ਸੜਕ ਪਾਰ ਕਰਕੇ ਉਸ ਇਸ਼ਤਿਹਾਰ ਨੂੰ ਪੜਿਆ। "ਲੂਕਰੀਜ਼ੀਆ ਬੋਰਜੀਆ ਨਾਟਕ ਉਸ ਸ਼ਾਮ ਨੂੰ ਖੇਡਿਆ ਜਾਣਾ ਸੀ।

ਕਾਊਂਟ ਦੇ ਹੱਥ ਵਿਚਲੀ ਦੂਰਬੀਨ, ਅਤੇ ਉਹਦਾ ਉਸ ਇਸ਼ਤਿਹਾਰ ਨੂੰ ਧਿਆਨ ਨਾਲ ਪੜ੍ਹਨਾ; ਅਤੇ ਟੈਕਸੀ ਵਾਲੇ ਡਰਾਈਵਰ ਨੂੰ ਉਹਦੇ ਹੁਕਮ ਤੋਂ ਇਹ ਸਪਸ਼ਟ ਸੀ, ਕਿ ਉਹ ਜ਼ਰੂਰ ਇਹ ਸੰਗੀਤ ਨਾਟਕ ਵੇਖੇਗਾ। ਉਸ ਥੀਏਟਰ ਦਾ ਇਕ ਸੀਨ ਪੇਂਟਰ ਮੇਰਾ ਵਾਕਿਫ ਸੀ। ਇਸ ਲਈ ਮੈਂ ਪੈਸਕਾ ਨੂੰ ਨਾਲ ਲੈ ਕੇ ਅੰਦਰ ਸੀਟ ਲੈ ਸਕਦਾ ਸਾਂ। ਇਸ ਤਰ੍ਹਾਂ ਮੈਂ ਪੈਸਕਾ ਨੂੰ ਉਸੇ ਸ਼ਾਮ ਹੀ ਕਾਊਂਟ ਨੂੰ ਵਿਖਾ ਕੇ ਪੁੱਛ ਸਕਦਾ ਸਾਂ ਕਿ ਉਹ ਇਤਾਲੀਅਨ ਕਾਊਂਟ ਨੂੰ ਜਾਣਦਾ ਹੈ ਕਿ ਨਹੀਂ !

ਉਸੇ ਪਲ ਮੇਰਾ ਸ਼ਾਮ ਦਾ ਪ੍ਰੋਗਰਾਮ ਬਣ ਗਿਆ। ਮੈਂ ਟਿਕਟਾਂ ਲਈਆਂ ਅਤੇ ਰਾਹ ਵਿਚ ਪ੍ਰੋਫੈਸਰ ਦੇ ਘਰ ਇਕ ਚਿੱਠੀ ਲਿਖ ਕੇ ਛੱਡ ਗਿਆ। ਪੌਣੇ ਅੱਠ ਵਜੇ ਮੈਂ ਜਦੋਂ ਉਹਨੂੰ

ਲੈਣ ਜਾਣ ਲਈ ਉਹਦੇ ਕੋਲ ਪੁੱਜਾ ਤਾਂ ਉਹ ਬੜਾ ਖੁਸ਼ ਖੁਸ਼ ਅਤੇ ਤਿਆਰ ਬੈਠਾ ਸੀ। ਅੱਜ ਉਹਦੇ ਕੋਟ ਵਿਚ ਇਕ ਫੁੱਲ ਸੀ ਅਤੇ ਉਹਦੀ ਬਾਂਹ ਹੇਠਾਂ ਬੜੀ ਵੱਡੀ ਨਾਟਕ ਵੇਖਣ ਵਾਲੀ ਦੂਰਬੀਨ ਸੀ।

"ਕੀ ਤੂੰ ਤਿਆਰ ਹੈ?" ਮੈਂ ਪੁੱਛਿਆ!

"ਬਿਲਕੁਲ !" ਪੈਸਕਾ ਨੇ ਉੱਤਰ ਦਿੱਤਾ।

ਅਸੀਂ ਥੀਏਟਰ ਵੱਲ ਤੁਰ ਪਏ।

(5)

ਔਪੇਰਾ ਦੀ ਭੂਮਿਕਾ ਦੇ ਅਖੀਰਲੇ ਬੰਦ ਪੜ੍ਹੇ ਜਾ ਰਹੇ ਸਨ ਅਤੇ ਸਭ ਤੋਂ ਹੇਠਲੀ ਪਾਲ ਵੀ ਸਾਡੇ ਪਹੁੰਚਣ ਤਕ ਭਰੀ ਜਾ ਚੁੱਕੀ ਸੀ।

ਇਸ ਲਾਈਨ ਦੇ ਆਲੇ ਦੁਆਲੇ ਇਕ ਗੈਲਰੀ ਸੀ ਜਿਸ ਵਿਚ ਬੜੀ ਥਾਂ ਖਾਲੀ ਸੀ। ਮੈਂ ਜੇ ਉਥੇ ਹੀ ਖੜਾ ਹੋ ਜਾਵਾਂ ਤਾਂ ਮੈਂ ਕਾਊਂਟ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਸਾਂ ਮੈਂ ਉਸ ਜੰਗਲੇ ਤਕ ਵੀ ਹੋ ਆਇਆ, ਜਿਥੋਂ ਸਾਹਮਣੀਆਂ ਕੁਰਸੀਆਂ ਸ਼ੁਰੂ ਹੁੰਦੀਆਂ ਸਨ, ਪਰ ਕਾਊਂਟ ਉਥੇ ਨਹੀਂ ਸੀ। ਮੈਂ ਫਿਰ ਵਾਪਸ ਮੁੜਿਆ ਅਤੇ ਆਪਣੇ ਚਾਰੇ ਪਾਸੋਂ ਚੰਗੀ ਤਰ੍ਹਾਂ ਵੇਖਿਆ। ਉਹ ਸਭ ਤੋਂ ਹੇਠਲੀ ਲਾਈਨ ਵਿਚ ਬੈਠਾ ਸੀ ਉਹਨੇ ਬੜੀ ਚੰਗੀ ਥਾਂ ਚੁਣੀ ਸੀ। ਇਕ ਬੈਂਚ ਉੱਤੇ ਬਾਹਰਵੀਂ ਜਾਂ ਚੌਧਵੀਂ ਸੀਟ ਸੀ ਅਗਲੀਆਂ ਕੁਰਸੀਆਂ ਤੋਂ ਤਿੰਨ ਲਾਈਨਾਂ ਪਿਛੇ ਸੀ।

ਮੈਂ ਵੀ ਗੈਲਰੀ ਵਿਚ ਉਸਦੀ ਲਾਈਨ ਦੇ ਬਰਾਬਰ ਹੀ ਖੜੋ ਗਿਆ। ਪੈਸਕਾ ਵੀ ਮੇਰੇ ਨਾਲ ਸੀ। ਉਹ ਅਜੇ ਤਕ ਇਸ ਗੱਲ ਤੋਂ ਅਨਜਾਣ ਸੀ ਕਿ ਮੈਂ ਉਸਨੂੰ ਥੀਏਟਰ ਕਿਸ ਕੰਮ ਲਈ ਲਿਆਂਦਾ ਸੀ। ਇਸੇ ਲਈ ਉਹ ਹੈਰਾਨ ਹੋ ਰਿਹਾ ਸੀ ਕਿ ਅਸੀਂ ਸਟੇਜ ਦੇ ਨੇੜੇ ਕਿਉਂ ਨਹੀਂ ਜਾਂਦੇ।

ਅਖੀਰ ਪਰਦਾ ਚੁੱਕਿਆ ਗਿਆ ਅਤੇ ਔਪੇਰਾ ਸ਼ੁਰੂ ਹੋਇਆ।

ਪਹਿਲੇ ਐਕਟ ਵਿਚ ਅਸੀਂ ਸਾਰਾ ਵਕਤ ਇੰਜ ਹੀ ਖੜੋਤੇ ਰਹੇ, ਕਾਊਂਟ ਨਾਟਕ ਵਿਚ ਮਗਨ ਉਹਦਾ ਸਵਾਦ ਮਾਣ ਰਿਹਾ ਸੀ; ਅਤੇ ਉਹਨੇ ਇਕ ਵਾਰ ਵੀ ਸਾਡੇ ਵੱਲ ਨਹੀਂ ਵੇਖਿਆ ਸੀ। ਉਹ ਸੰਗੀਤ ਦਾ ਪ੍ਰੇਮੀ ਦਿਸਦਾ ਸੀ। ਮੁਸਕਰਾਂਦਾ ਜਾਂਦਾ ਤੇ ਆਪਣਾ ਵੱਡਾ ਸਾਰਾ ਸਿਰ ਤਾਲ ਨਾਲ ਹਿਲਾਂਦਾ ਜਾਂਦਾ। ਜਦੋਂ ਇਕ ਅੰਤਰਾ ਮੁਕਦਾ ਤਾਂ ਸਾਰੇ ਲੋਕ ਵਾਹ ਵਾਹ ਕਰ ਉਠਦੇ, ਕਿਉਂਕਿ ਅੰਗਰੇਜ਼ ਲੋਕ ਅਜਿਹੇ ਸਮੇਂ ਜ਼ਰੂਰ ਤਾਰੀਫ਼ ਕਰਦੇ ਹਨ, ਪਰ ਇਸ ਤਰ੍ਹਾਂ ਉਸ ਤੋਂ ਅਗਲਾ ਵਾਦਯ ਸੰਗੀਤ ਰੌਲੇ ਗੋਲੇ ਵਿਚ ਨਹੀਂ ਸੀ ਸੁਣਦਾ। ਜਦੋਂ ਵੀ

ਇੰਜ ਹੁੰਦਾ ਕਾਊਂਟ ਬੜੀ ਮਿੰਨਤ ਨਾਲ ਲੋਕਾਂ ਵੱਲ ਵੇਖਦਾ ਤੇ ਹੱਥ ਦੇ ਇਸ਼ਾਰੇ ਕਰ ਕਰ ਕੇ ਉਨ੍ਹਾਂ ਨੂੰ ਚੁੱਪ ਕਰਾਉਣ ਦਾ ਯਤਨ ਕਰਦਾ। ਜਦੋਂ ਬੜਾ ਹੀ ਸੁਖਸ਼ਮ ਸੰਗੀਤ ਵਜਦਾ, ਜਦੋਂ ਗੀਤ ਬੜੇ ਹੀ ਕੋਮਲ ਵਿਚਾਰਾਂ ਵਾਲੇ ਹੁੰਦੇ ਤਾਂ ਲੋਕ ਚੁੱਪ ਰਹਿੰਦੇ, ਉਦੋਂ ਕਾਊਂਟ ਆਪਣੇ ਹੱਥਾਂ ਨਾਲ ਜਿਨ੍ਹਾਂ ਉਤੇ ਉਸ ਨੇ ਬੜੇ ਵਧੀਆ ਦਸਤਾਨੇ ਪਾਏ ਹੋਏ ਸਨ, ਹੌਲੀ ਹੌਲੀ ਤਾੜੀਆਂ ਵਜਾਂਦਾ। ਚੁੱਪ ਹਾਲ ਵਿਚ ਉਹਦੀ ਵਾਹ ਵਾਹ ਇੰਜ ਗੂੰਜਦੀ ਜਿਵੇਂ ਕੋਈ ਵੱਡੀ ਸਾਰੀ ਬਿੱਲੀ ਗੁੱਰਾ ਰਹੀ ਹੋਵੇ। ਜਿਹੜੇ ਲੋਕ ਉਹਦੇ ਆਸ ਪਾਸ ਬੈਠੇ ਸਨ, ਉਹ ਪਿੰਡ ਵਿਚੋਂ ਫੈਸ਼ਨੇਬਲ ਲੰਦਨ ਵਿਚ ਆਕੇ ਸੰਗੀਤ ਦਾ ਮਜ਼ਾ ਲੈ ਰਹੇ ਸਨ, ਉਹ ਵੀ ਕਾਊਂਟ ਵੱਲ ਵੇਖ ਕੇ ਵਾਹ ਵਾਹ ਕਰਦੇ। ਉਸ ਰਾਤ ਕਿੰਨੀ ਵਾਰ ਉਸਨੇ ਆਪਣੇ ਕਾਲਿਆ ਦਸਤਾਨਿਆਂ ਨਾਲ ਤਾੜੀਆਂ ਸ਼ੁਰੂ ਕੀਤੀਆਂ। ਉਹਨੂੰ ਆਪਣੀ ਸੰਗੀਤ ਦੀ ਪਛਾਣ ਤੇ ਅੱਜ ਬੜਾ ਗਰੂਰ ਹੋ ਰਿਹਾ ਸੀ। ਉਹਦਾ ਮੋਟਾ ਮੂੰਹ, ਘੜੀ ਘੜੀ ਮੁਸਕਰਾਹਟਾਂ ਨਾਲ ਵੱਟੋ ਵੱਟ ਹੋ ਜਾਦਾ। ਜਦੋਂ ਜ਼ਰਾ ਆਰਕੈਸਟਰਾ ਰੁਕਦਾ, ਉਹ ਬੜੀ ਸੰਤੁਸਟਤਾ ਨਾਲ ਆਪਣੇ ਆਂਢੀਆ ਗਵਾਂਢੀਆਂ ਵੱਲ ਵੇਖਦਾ। ਉਹਦੇ ਚਿਹਰੇ ਤੇ ਇਕ ਭਾਵ ਸਪੱਸ਼ਟ ਬੋਲਦਾ ਦਿਸਦਾ ਸੀ, "ਇਹ ਅੰਗਰੇਜ਼ ਜੰਗਲੀ ਵੀ ਮੇਰੇ ਕੋਲ ਕੁਝ ਸਿੱਖ ਰਹੇ ਹਨ। ਇਥੇ ਉਥੇ ਹਰ ਥਾਂ ਮੇਰਾ ਪ੍ਰਭਾਵ ਮਹਿਸੂਸਿਆ ਜਾਂਦਾ ਹੈ। ਮੈਂ ਸਭ ਤੋਂ ਵੱਖਰਾ ਮਹਾਨ ਬੰਦਾ ਹਾਂ।"

ਪਹਿਲਾ ਐਕਟ ਮੁੱਕਣ ਤੇ ਪਰਦਾ ਡਿੱਗਾ। ਲੋਕ ਆਪੋ ਆਪਣੀ ਥਾਂ ਤੋਂ ਹਿੱਲਣ ਲੱਗੇ। ਮੈਂ ਇਸ ਵਕਤ ਨੂੰ ਉਡੀਕ ਰਿਹਾ ਸਾਂ। ਹੁਣ ਪੈਸਕਾ ਨੂੰ ਪੁੱਛਣ ਦਾ ਵੇਲਾ ਸੀ, ਕਿ ਉਹ ਕਾਊਂਟ ਨੂੰ ਪਛਾਣਦਾ ਸੀ ਕਿ ਨਹੀਂ। ਕਾਊਂਟ ਵੀ ਹੋਰ ਲੋਕਾਂ ਨਾਲ ਉਠਿਆ ਅਤੇ ਆਪਣੀ ਦੂਰਬੀਨ ਨਾਲ ਉਹਨੇ ਬਾਕਸ ਵਿਚ ਬੈਠੇ ਲੋਕਾਂ ਨੂੰ ਵੇਖਿਆ ਪਹਿਲਾਂ ਉਹਦੀ ਪਿੱਠ ਸਾਡੇ ਵੱਲ ਸੀ, ਪਰ ਉਹ ਸਭ ਨੂੰ ਵੇਖਦਾ ਵੇਖਦਾ ਅਖੀਰ ਇੱਧਰ ਵੀ ਮੁੜਿਆ। ਉਹ ਸਾਡੇ ਉਪਰਲੇ ਬਾਕਸ ਵਿਚ ਬੈਠੇ ਲੋਕਾਂ ਨੂੰ ਦੂਰਬੀਨ ਨਾਲ ਵੇਖ ਰਿਹਾ ਸੀ, ਉਹਨੇ ਇਕ ਪਲ ਦੂਰਬੀਨ ਅੱਖਾਂ ਤੋਂ ਲਾਈ, ਪਰ ਉਹਦਾ ਪੂਰਾ ਮੂੰਹ ਸਾਡੇ ਪਾਸੇ ਹੀ ਸੀ।

ਮੈਂ ਪੈਸਕਾ ਨੂੰ ਪੁੱਛਿਆ :--

"ਕੀ ਤੂੰ ਉਸ ਆਦਮੀ ਨੂੰ ਜਾਣਦਾ ਹੈ?"

"ਕਿਹੜੇ ਆਦਮੀ ਨੂੰ?"

"ਉਹ ਲੰਮਾ ਮੋਟਾ ਆਦਮੀ, ਜੋ ਇੱਧਰ ਮੂੰਹ ਕਰੀ ਖੜੋਤਾ ਹੈ।

ਪੈਸਕਾ ਨੇ ਅੱਡੀਆਂ ਉਚੀਆਂ ਕਰਕੇ ਕਾਊਂਟ ਨੂੰ ਵੇਖਿਆ, 'ਨਹੀਂ, ਉਹ ਲੰਮਾ ਮੋਟਾ ਆਦਮੀ ਕੋਈ ਓਪਰਾ ਹੈ" ਪ੍ਰੋਫੈਸਰ ਨੇ ਕਿਹਾ, "ਕੀ ਇਹ ਕੋਈ ਮਸ਼ਹੂਰ ਹਸਤੀ ਹੈ? ਤੂੰ ਉਹਦੇ ਵੱਲ ਕਿਉਂ ਇਸ਼ਾਰਾ ਕਰਦਾ ਹੈ?"

"ਮੈਂ ਕਿਸੇ ਖਾਸ ਕਾਰਣ ਕਰਕੇ ਉਹਦੇ ਬਾਰੇ ਜਾਣਨਾ ਚਾਹੁੰਦਾ ਹਾਂ ਕਿ ਉਹ ਕੌਣ ਹੈ। ਉਹ ਤੇਰੇ ਦੇਸ਼ ਦਾ ਹੈ। ਉਹਦਾ ਨਾ ਕਾਊਂਟ ਫ਼ੋਸਕੋ ਹੈ, ਕੀ ਤੂੰ ਇਸ ਨਾਂ ਦੇ ਕਿਸੇ ਬੰਦੇ ਨੂੰ ਜਾਣਦਾ?

"ਨਹੀਂ ਵਾਲਟਰ -ਮੈਂ ਨਾਂ ਤੇ ਬੰਦੇ ਨੂੰ ਤੇ ਨਾਂ ਹੀ ਉਹਦੇ ਨਾਂ ਬਾਰੇ ਕੁਛ ਜਾਣਦਾ ਹਾਂ।"
"ਕੀ ਤੂੰ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹੈ ਕਿ ਤੂੰ ਓਹਨੂੰ ਨਹੀਂ ਜਾਣਦਾ? ਇਕ ਵਾਰ ਫਿਰ ਵੇਖ ਚੰਗੀ ਤਰ੍ਹਾਂ ਵੇਖ। ਮੈਂ ਤੈਨੂੰ ਬਾਹਰ ਜਾ ਕੇ ਦੱਸਾਂਗਾ, ਕਿ ਮੈਂ ਇਸ ਬਾਰੇ ਕਿਉਂ ਉਤਸਕ ਹਾਂ। ਠਹਿਰ, ਮੈਂ ਤੈਨੂੰ ਇਸ ਥਾਂ ਤੇ ਖੜਾ ਕਰਦਾ ਹਾਂ, ਜਿਥੇ ਤੇ ਉਹਨੂੰ ਚੰਗੀ ਤਰ੍ਹਾਂ ਵੇਖ ਸਕੇਗਾ।"

ਮੈਂ ਉਹਨੂੰ ਉਸ ਮੰਚ ਤੇ ਚੜ੍ਹਨ ਵਿਚ ਸਹਾਇਤਾ ਦਿਤੀ ਜਿਥੇ ਉਹ ਅਗਲੀਆਂ ਕੁਰਸੀਆਂ ਪਈਆਂ ਹੋਈਆਂ ਸਨ। ਇਥੋਂ ਮਧਰਾ ਪੈਸਕਾ ਉਹਨੂੰ ਬੜੀ ਚੰਗੀ ਤਰ੍ਹਾਂ ਵੇਖ ਸਕਦਾ ਸੀ; ਬੈਂਚ ਦੇ ਉਰਲੇ ਪਾਸੇ ਜੋ ਜ਼ਨਾਨੀਆਂ ਬੈਠੀਆਂ ਸਨ, ਪੈਸਕਾ ਉਨ੍ਹਾਂ ਦੇ ਸਿਰਾਂ ਉਤੋਂ ਦੀ ਵੇਖ ਰਿਹਾ ਸੀ।

ਇਕ ਪਤਲਾ ਮਾੜੂਆ ਜੇਹਾ ਆਦਮੀ ਸਾਡੇ ਨੇੜੇ ਦੀ ਖੜਾ ਸੀ, ਉਹਦੇ ਵਾਲ ਭੂਰੇ ਸਤ, ਅਤੇ ਖੱਬੀ ਗੱਲ੍ਹ ਉਤੇ ਇਕ ਜ਼ਖਮ ਦਾ ਨਿਸ਼ਾਨ ਸੀ। ਜਦੋਂ ਮੈਂ ਪੈਸਕਾ ਦਾ ਹੱਥ ਫੜ ਕੇ ਮੰਚ ਚੜ੍ਹਨ ਵਿਚ ਉਹਦੀ ਮਦਦ ਕਰ ਰਿਹਾ ਸਾਂ ਤਾਂ ਉਹ ਆਦਮੀ ਵੀ ਸਾਨੂੰ ਬੜੀ ਨਾਲ ਵੇਖ ਰਿਹਾ ਸੀ। ਪਹਿਲਾਂ ਉਹਨੇ ਪੈਸਕਾ ਨੂੰ ਵੇਖਿਆ। ਫਿਰ ਪੈਸਕਾ ਦੇ ਨਾਲ ਨਾਲ ਕਾਊਂਟ ਵੱਲ। ਹੋ ਸਕਦਾ ਹੈ, ਉਹਨੇ ਸਾਡੀ ਗੱਲਬਾਤ ਸੁਣ ਲਈ ਹੋਵੇ ਅਤੇ ਉਹ ਵੀ ਉਤਸਕ ਹੋ ਗਿਆ ਸੀ, ਕਿ ਅਸੀਂ ਕੀ ਕਰ ਰਹੇ ਸਾਂ।

ਪੈਸਕਾ ਨੇ ਉਸ ਚੇਹਰੇ ਵੱਲ ਚੰਗੀ ਤਰ੍ਹਾਂ ਨੀਝ ਲਾਈ, ਜੋ ਸਾਡੇ ਸਾਹਮਣੇ ਮੁਸਕਰਾ ਰਿਹਾ ਸੀ ! ਉਹ ਬੋਲਿਆ :-

"ਨਹੀਂ ਮੈਂ ਇਸ ਮੋਟੇ ਬੰਦੇ ਨੂੰ ਕਿਧਰੇ ਪਹਿਲਾਂ ਅਜ ਤਕ ਨਹੀਂ ਵੇਖਿਆ।"

ਅਜੇ ਉਹਦੇ ਮੂੰਹੋਂ ਇਹ ਗੱਲ ਨਿਕਲੀ ਹੀ ਸੀ ਕਿ ਕਾਊਂਟ ਨੇ ਸਾਡੇ ਪਿੱਛੇ ਬਾਕਸ ਵੱਲ ਵੇਖਿਆ।

ਦੋਹਾਂ ਇਤਾਲਵੀਆਂ ਦੀਆਂ ਅੱਖਾਂ ਮਿਲੀਆਂ।

ਇਕ ਸਕਿੰਟ ਪਹਿਲਾਂ ਮੈਨੂੰ ਪੂਰੀ ਤਸੱਲੀ ਸੀ ਕਿ ਪੈਸਕਾ ਕਾਊਂਟ ਨੂੰ ਨਹੀਂ ਜਾਣਦਾ। ਪਰ ਹੁਣ ਇਹ ਗੱਲ ਪੱਥਰ ਤੇ ਲੀਕ ਵਾਂਗ ਦਿਸੀ ਕਿ ਕਾਊਂਟ ਪੈਸਕਾ ਨੂੰ ਜਾਣਦਾ ਹੈ। ਜਾਣਦਾ ਵੀ ਹੈ; ਤੇ ਇਕ ਹੈਰਾਨੀ ਹੋਰ ਵੀ ਹੋਈ ਕਿ ਉਹਦੇ ਕੋਲੋਂ ਡਰਦਾ ਵੀ ਹੈ। ਬਦਮਾਸ਼ ਨੇ ਪੈਸਕਾ ਨੂੰ ਵੇਖਿਆ ਤਾਂ ਉਹਦੇ ਚਿਹਰੇ ਦਾ ਰੰਗ ਹੀ ਬਦਲ ਗਿਆ। ਉਹਦਾ ਪੀਲਾ ਰੰਗ ਸਵਾਹ ਵਰਗਾ ਹੋ ਗਿਆ ਸੀ ਅਤੇ ਉਹਦੀਆਂ ਭੂਰੀਆਂ ਅੱਖਾਂ ਨੇ ਪੈਸਕਾ ਨੂੰ ਉਪਰ ਤੋਂ ਥੱਲੇ ਤਕ ਇਕ ਨਜ਼ਰ ਵੇਖ ਲਿਆ ਸੀ। ਇਕ ਪਲ ਤੇ ਉਹ ਆਪਣੀ ਥਾਂ ਤੋਂ ਹਿਲ ਨਾ ਸਕਿਆ; ਕਿਸੇ ਭਿਆਨਕ ਡਰ ਨੇ ਉਹਦੀ ਜਿੰਦ ਨੂੰ ਹਲੂਣ ਛੱਡਿਆ ਸੀ। ਇਸਦਾ ਕਾਰਣ ਸਪਸ਼ਟ ਸੀ, ਪੈਸਕਾ ਨੂੰ ਸਾਹਮਣੇ ਵੇਖਣਾ।

ਉਹ ਪਤਲਾ ਆਦਮੀ ਜਿਹਦੇ ਚਿਹਰੇ ਤੇ ਦਾਗ ਸੀ ਅਜੇ ਵੀ ਸਾਡੇ ਕੋਲ ਖੜਾ ਸੀ। ਉਹਨੇ ਵੀ ਕਾਊਂਟ ਨੂੰ ਪੈਸਕਾ ਦੀ ਨਜ਼ਰ ਥੱਲੇ ਕੰਬਦਿਆਂ ਵੇਖ ਲਿਆ ਸੀ, ਉਹ ਵੀ ਕੋਈ ਬਿਦੇਸ਼ੀ ਹੀ ਜਾਪਦਾ ਸੀ, ਭਾਵੇਂ ਉਹ ਸਾਡੀ ਗਲਬਾਤ ਸੁਣ ਰਿਹਾ ਸੀ ਤਾਂ ਵੀ ਉਹ ਚੁਪਚਾਪ ਹੀ ਖੜਾ ਸੀ।

ਮੈਂ ਕਾਊਂਟ ਵਿਚ ਇਹ ਤਬਦੀਲੀ ਵੇਖ ਕੇ ਇੰਨਾ ਹੈਰਾਨ ਸਾਂ ਕਿ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਹੁਣ ਕੀ ਕਰਾਂ ਤੇ ਕੀ ਕਰਾਂ।

ਘਟਨਾਵਾਂ ਨੇ ਅਚਾਨਕ ਹੀ ਨਵਾਂ ਮੋੜ ਲੈ ਲਿਆ ਸੀ। ਪੈਸਕਾ ਉਸ ਚਬੂਤਰੇ ਤੋਂ ਉਤਰ ਕੇ ਆਪਣੀ ਪਹਿਲੀ ਥਾਂ ਤੇ ਖੜੋ ਗਿਆ ਸੀ। ਉਹਨੇ ਹੀ ਪਹਿਲਾਂ ਗੱਲ ਕਰਕੇ ਮੈਨੂੰ ਸੋਚਾਂ ਵਿਚੋਂ ਹਲੂਣਿਆਂ। " ਉਹ ਮੋਟਾ ਆਦਮੀ ਮੈਨੂੰ ਕਿਵੇਂ ਘੂਰ ਰਿਹਾ ਹੈ, ਕੀ ਮੈਂ ਇੰਨਾ ਹੀ ਮਸ਼ਹੂਰ ਹਾਂ? ਮੈਂ ਤੇ ਉਹਨੂੰ ਨਹੀਂ ਜਾਣਦਾ, ਪਰ ਉਹ ਮੈਨੂੰ ਕਿਵੇਂ ਜਾਣਦਾ ਹੈ?"

ਮੇਰੀ ਨਜ਼ਰ ਅਜੇ ਤੀਕ ਵੀ ਕਾਊਂਟ ਤੇ ਹੀ ਸੀ। ਪੈਸਕਾ ਜਦੋਂ ਹੇਠਾਂ ਉਤਰਿਆ ਤਾਂ ਵੀ ਕਾਊਂਟ ਉਹਨੂੰ ਅੱਖੀਉ ਉਹਲੇ ਨਹੀਂ ਸੀ ਕਰਨਾ ਚਾਹੁੰਦਾ। ਮੈਂ ਇਹ ਵੀ ਵੇਖਣਾ ਚਾਹੀਦਾ

ਕਿ ਜੋ ਮੈਂ ਪੈਸਕਾ ਦਾ ਧਿਆਨ ਕਿਧਰੇ ਹੋਰ ਹੋ ਜਾਵੇ ਤਾਂ ਕਾਊਂਟ ਕੀ ਕਰੇਗਾ। ਇਸੇ ਲਈ ਮੈਂ ਪੈਸਕਾ ਨੂੰ ਕਿਹਾ ਕਿ ਉਹ ਔਰਤਾਂ ਵਿਚ ਵੇਖੇ ਕਿਧਰੇ ਕੋਈ ਉਹਦੀ ਸਾਗਿਰਦ ਤੇ ਨਹੀਂ ਬੈਠੀ ਹੋਈ। ਪੈਸਕਾ ਨੇ ਝੱਟ ਹੀ ਆਪਣੀ ਦੂਰਬੀਨ ਅੱਖਾਂ ਨੂੰ ਲਾਈ ਤੇ ਉਪਰਲੇ ਪਾਸੇ ਆਪਣੇ ਸ਼ਾਗਿਰਦਾ ਦੀ ਤਲਾਸ਼ ਪੂਰੇ ਜ਼ੋਰ ਸ਼ੋਰ ਨਾਲ ਕਰਨ ਲੱਗਾ।

ਪੈਸਕਾ ਨੂੰ ਇੰਝ ਰੁੱਝਿਆ ਵੇਖ ਕੇ ਕਾਊਂਟ ਝਟ ਪਟ ਬੈਠੇ ਹੋਏ ਲੋਕਾਂ ਦੀ ਭੀੜ ਵਿਚੋਂ ਹੇਠਲੀ ਪਾਲ ਦੇ ਵਿਚਕਾਰੋਂ ਬਾਹਰ ਨਿਕਲ ਗਿਆ। ਮੈਂ ਵੀ ਹੈਰਾਨ ਹੋਏ ਪੈਸਕਾ ਨੂੰ ਬਾਹੋਂ ਫੜ ਕੇ ਕਾਊਂਟ ਦੇ ਪਿੱਛੇ ਪਿੱਛੇ ਹੋ ਤੁਰਿਆ, ਪਰ ਲੋਕਾਂ ਦੀ ਭੀੜ ਕਰਕੇ ਰਸਤਾ ਇਕ ਥਾਂ ਰੁਕਿਆ ਹੋਇਆ ਸੀ। ਅਸੀਂ ਤਾਂ ਪਿੱਛੇ ਹੀ ਰਹਿ ਗਏ, ਪਰ ਮੈਂ ਹੈਰਾਨੀ ਨਾਲ ਵੇਖਿਆ ਕਿ ਉਹ ਪਤਲਾ ਜੇਹਾ ਬੰਦਾ ਭੁੜਕ ਕੇ ਸਾਡੇ ਤੋਂ ਅੱਗੇ ਲੰਘ ਗਿਆ ਸੀ। ਸਾਡੇ ਬਾਹਰ ਨਿਕਲਣ ਤੀਕ ਕਾਊਂਟ ਵੀ ਜਾ ਚੁੱਕਾ ਸੀ ਤੇ ਉਹ ਆਦਮੀ ਵੀ।

"ਪੈਸਕਾ, ਜਲਦੀ ਘਰ ਚੱਲ, ਮੈਂ ਤੇਰੇ ਨਾਲ ਬਹੁਤ ਜ਼ਰੂਰੀ ਗੱਲਾਂ ਕਰਨੀਆਂ ਹਨ।"

"ਰੱਬ ਮਿਹਰ ਕਰੇ", ਪੈਸਕਾ ਬਹੁਤ ਹੀ ਘਬਰ ਗਿਆ ਸੀ, 'ਆਖਿਰ ਗੱਲ ਕੀ ਹੈ?"

ਮੈਂ ਬਿਨਾਂ ਕੁਛ ਬੋਲੇ ਤੇਜ਼ ਤੇਜ਼ ਤੁਰਨ ਲੱਗ ਪਿਆ ਸਾਂ। ਜਿਵੇਂ ਮੈਂ ਕਾਊਂਟ ਨੂੰ ਥੀਏਟਰ ਵਿਚੋਂ ਨਿਕਲਦਿਆਂ ਵੇਖਿਆ ਸੀ, ਉਸ ਤੋਂ ਇਹ ਪ੍ਰਤੱਖ ਸੀ ਕਿ ਕਾਊਂਟ ਪੈਸਕਾ ਤੋਂ ਬਚਣਾ ਚਾਹੁੰਦਾ ਹੈ ਅਤੇ ਪਤਾ ਨਹੀਂ ਉਹਦੇ ਦੂਰ ਜਾਣ ਲਈ ਉਹ ਕੀ ਕੀ ਕਰੇਗਾ। ਜੇ ਉਹ ਲੰਦਨ ਛੱਡ ਗਿਆ ਤਾਂ ਉਹ ਮੇਰੇ ਹੱਥੋਂ ਵੀ ਨਿਕਲ ਜਾਏਗਾ। ਹੁਣ, ਤੇ ਮੈਂ ਇਕ ਦਿਨ ਵੀ ਉਹਦਾ ਵਿਸਾਹ ਨਹੀਂ ਸਾਂ ਕਰ ਸਕਦਾ। ਮੈਨੂੰ ਉਸ ਦੂਜੇ ਵਿਦੇਸ਼ੀ ਤੋਂ ਵੀ ਇਹ ਸ਼ੱਕ ਹੋਇਆ ਕਿ ਉਹ ਵੀ ਕਾਊਂਟ ਦਾ ਪਿੱਛਾ ਹੀ ਕਰ ਰਿਹਾ ਹੈ।

ਮੈਂ ਪੈਸਕਾ ਨੂੰ ਆਪਣਾ ਮਤਲਬ ਸਮਝਾਇਆ, ਮੈਂ ਕੀ ਚਾਹੁੰਦਾ ਹਾਂ ਇਹ ਮੈਂ ਉਹਨੂੰ ਦਸਿਆ। ਜਦੋਂ ਅਸੀਂ ਉਹਦੇ ਕਮਰੇ ਵਿਚ ਦੋਵੇਂ ਇਕੱਲੇ ਸਾਂ, ਤਾਂ ਮੈਂ ਉਹਦੇ ਨਾਲ ਸਾਰੀ ਗੱਲ ਖੋਲ੍ਹ ਕੇ ਕੀਤੀ।

"ਮੇਰੇ ਦੋਸਤ--ਮੈਂ ਤੇਰੀ ਕੀ ਮਦਦ ਕਰਾਂ ਅਤੇ ਕਿਵੇਂ ਕਰਾਂ।" ਉਹਨੇ ਮੇਰਾ ਵਾਸਤਾ ਪਾਦਿਆਂ ਕਿਹਾ - "ਮੈਂ' ਉਹਨੂੰ ਜਾਣਦਾ ਹੀ ਨਹੀਂ।"

"ਪਰ ਉਹ ਤੈਨੂੰ ਜਾਣਦਾ ਹੈ, ਉਹ ਤੇਰੇ ਕੋਲ ਡਰਦਾ ਹੈ। ਉਹ ਥੀਏਟਰ ਵਿਚੋਂ ਤੇਰੇ ਕੋਲੋਂ ਹੀ ਭੱਜਿਆ ਹੈ, ਤਾਂ ਆਪਣੀ ਜ਼ਿੰਦਗੀ ਦਾ ਪਿਛਲਾ ਹਿੱਸਾ ਯਾਦ ਕਰ। ਕੋਈ ਨਾ ਕਈ ਕਾਰਣ ਹੋਵੇਗਾ, ਲੰਦਨ ਆਉਣ ਤੋਂ ਪਹਿਲੇ ਦਿਨ ਇਕ ਵਾਰ ਮੁੜ ਆਪਣੀਆਂ ਅੱਖਾਂ ਅੱਗੇ ਲਿਆ, ਤੂੰ ਇਟਲੀ ਕਿਸੇ ਰਾਜਨੀਤਕ ਕਾਰਣ ਕਰਕੇ ਛੱਡ ਆਇਆ ਸੈਂ, ਇਹ ਤੂੰ ਮੈਨੂੰ ਆਪ ਦਸਿਆ ਸੀ। ਪਰ ਤੂੰ ਉਹ ਕਾਰਣ ਮੈਨੂੰ ਕਦੀ ਨਹੀਂ ਦੱਸੇ, ਅਤੇ ਮੈਂ ਉਨ੍ਹਾਂ ਬਾਰੇ ਹੁਣ ਵੀ ਕੁਝ ਨਹੀਂ ਪੁੱਛਦਾ। ਮੈਂ ਸਿਰਫ਼ ਇਹ ਕਹਿੰਦਾ ਹਾਂ ਕਿ ਤੂੰ ਪਿਛਲੀ ਜ਼ਿੰਦਗੀ ਯਾਦ ਕਰ ਅਤੇ ਸੋਚ ਕਿ ਕੋਈ ਅਜਿਹੀ ਗੱਲ ਹੋ ਸਕਦੀ ਹੈ ਕਿ ਤੈਨੂੰ ਵੇਖਦਿਆਂ ਹੀ ਕਾਊਂਟ ਇੰਨਾ ਭੈ-ਭੀਤ ਹੋ ਜਾਏ।"
ਮੈਂ ਅਜੇ ਇਹ ਸ਼ਬਦ ਉਹਨੂੰ ਕਹਿ ਰਿਹਾ ਸੀ ਕਿ ਮੈਨੂੰ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਮਹਿਸੂਸ ਹੋਈ। ਪੈਸਕਾ ਵੀ ਹੁਣ ਉਨਾ ਹੀ ਭੈ-ਭੀਤ ਹੋ ਗਿਆ ਸੀ। ਜਿੰਨਾ ਕਾਊਂਟ ਪੈਸਕਾ ਨੂੰ ਵੇਖਕੇ ਹੋਇਆ ਸੀ। ਮੇਰੇ ਮਿੱਤਰ ਦਾ ਗੁਲਾਬੀ ਚਿਹਰਾ ਇਕਾਇਕ ਚਿੱਟਾ ਹੋ ਗਿਆ ਅਤੇ ਉਹ ਸਿਰ ਤੋਂ ਪੈਰਾਂ ਤੀਕ ਕੰਬਦਾ ਮੇਰੇ ਤੋਂ ਦੂਰ ਹਟ ਗਿਆ।

"ਵਾਲਟਰ--ਵਾਲਟਰ। ਤੈਨੂੰ ਪਤਾ ਨਹੀਂ ਕਿ ਤੂੰ ਕੀ ਕਹਿ ਰਿਹਾ ਹੈ।"

ਉਹਨੇ ਮੂੰਹ ਵਿਚ ਹੀ ਹੌਲੀ ਜਿਹੀ ਇਹ ਗੱਲ ਕੀਤੀ। ਉਹਨੇ ਮੇਰੇ ਵੱਲ ਇੰਜ ਵੇਖਿਆ ਜਿਵੇਂ ਕੋਈ ਉਹਨੂੰ ਬੜੀ ਖਤਰਨਾਕ ਚੀਜ਼ ਵਿਖਾਈ ਹੋਵੇ। ਇਕ ਸਕਿੰਟ ਵਿਚ ਹੀ ਉਹ ਬਿਲਕੁਲ ਬਦਲ ਗਿਆ ਸੀ। ਜਿਥੇ ਉਹ ਹੱਸਮੁੱਖ ਪੈਸਕਾ ਜਿਸਨੂੰ ਮੈਂ ਸ਼ੁਰੂ ਤੋਂ ਜਾਣਦਾ ਸਾਂ, ਅਤੇ ਕਿੱਥੇ ਇਹ ਗੰਭੀਰ ਭੈ-ਭੀਤ ਪੈਸਕਾ। ਜੇ ਮੈਂ ਇਹਨੂੰ ਕਿਧਰੋ ਬਾਹਰ ਮਿਲਦਾ ਤਾਂ ਸੱਚਮੁਚ ਹੀ ਨਾ ਪਛਾਣਦਾ।

"ਮੈਨੂੰ ਮੁਆਫ ਕਰਦੇ ਮੇਰੇ ਪਿਆਰੇ ਪੈਸਕਾ, ਜੇ ਮੈਂ ਤੇਰਾ ਦਿਲ ਦੁਖਾਇਆ ਹੈ, ਜੋ ਮੇਰੇ ਕਾਰਣ ਤੇਰਾ ਕੋਈ ਪੁਰਾਣਾ ਜ਼ਖਮ ਨੰਗਾ ਹੋ ਗਿਆ ਹੈ, ਤਾਂ ਖਿਮਾ ਕਰ ਦੇ ਪੈਸਕਾ। ਪਰ ਯਾਦ ਕਰ, ਕਾਊਂਟ ਨੇ ਮੇਰੀ ਪਤਨੀ ਨੂੰ ਕਿੰਨੀ ਤਕਲੀਫ ਦਿਤੀ ਹੈ; ਇਹ ਯਾਦ ਰੱਖ ਕਿ ਜਦ ਤਕ ਮੈਂ ਉਹਨੂੰ ਕਿਸੇ ਤਰ੍ਹਾਂ ਡਰਾਵਾਂ ਤੇ ਧਮਕਾਵਾਂ ਨਹੀਂ, ਉਹਨੇ ਮੇਰੀ ਪਤਨੀ ਨਾਲ ਨਿਆਂ ਨਹੀਂ ਹੋਣ ਦੇਣਾ। ਮੈਂ ਸਿਰਫ ਉਹਦੀ ਖਾਤਿਰ ਤੈਨੂੰ ਕੁਛ ਕਿਹਾ ਸੀ ਪੈਸਕਾ, ਪਰ ਹੁਣ ਮੈਂ ਤੈਨੂੰ ਕੁਛ ਨਹੀਂ ਕਹਾਂਗਾ। ਤੇਰੇ ਕੋਲੋਂ ਇਕ ਵਾਰ ਮੁੜ ਮੁਆਫੀ ਮੰਗਦਾ ਹਾਂ।"

ਮੈਂ ਜਾਣ ਲਈ ਉਠਿਆ ਪਰ ਉਹਨੇ ਮੈਨੂੰ ਰੋਕ ਲਿਆ।

"ਰੁਕ ਜਾ - ਅੱਜ ਤੂੰ ਮੇਰੀ ਜਿੰਦ ਕੰਬਾ ਕੇ ਰੱਖ ਦਿਤੀ ਏ ਵਾਲਟਰ! ਤੈਨੂੰ ਕੀ ਪਤਾ ਕਿ ਮੈਂ ਆਪਣਾ ਦੇਸ਼ ਕਿਉਂ ਅਤੇ ਕਿਵੇਂ ਛੱਡ ਕੇ ਆਇਆ ਹਾਂ। ਮੈਨੂੰ ਜ਼ਰਾ ਹੋਸ਼ ਆਉਣ ਦੇ ਕੁਛ ਸੋਚਣ ਦਾ ਮੌਕਾ ਦੇ।

ਮੈਂ ਕੁਰਸੀ ਤੇ ਚੁੱਪ ਕਰਕੇ ਬੈਠ ਗਿਆ। ਉਹ ਕਮਰੇ ਵਿਚ ਟਹਿਲਦਾ ਆਪਣੇ ਆਪ ਨਾਲ ਆਪਣੀ ਹੀ ਬੋਲੀ ਵਿਚ ਗੱਲਾਂ ਕਰ ਰਿਹਾ ਸੀ। ਕੁਝ ਚੱਕਰ ਕੱਟਣ ਮਗਰੋਂ ਉਹ ਮੇਰੇ ਕੋਲ ਆਕੇ ਰੁਕ ਗਿਆ ਅਤੇ ਮੇਰੀ ਛਾਤੀ ਤੇ ਉਹਨੇ ਆਪਣੇ ਦੋਵੇਂ ਹੱਥ ਬੜੇ ਪਿਆਰ ਅਤੇ ਗੰਭੀਰਤਾ ਨਾਲ ਰੱਖ ਦਿਤਾ।

"ਵਾਲਟਰ ਸਚ ਕਹਿ, ਕੀ ਉਸ ਆਦਮੀ ਤਕ ਪਹੁੰਚਣ ਲਈ ਕੋਈ ਹੋਰ ਰਾਹ ਨਹੀਂ, - ਕਿ ਉਹ ਮੇਰੀ ਰਾਹੀਂ ਹੀ ਕਾਬੂ ਆ ਸਕਦਾ ਹੈ-?" ਉਹਨੇ ਮੇਰੇ ਤੋਂ ਪੁਛਿਆ।

"ਹੋਰ ਕੋਈ ਰਾਹ ਨਹੀਂ ਪੈਸਕਾ, ਮੈਂ ਸੱਚ ਕਹਿ ਰਿਹਾ ਹਾਂ।" ਉਹ ਮੈਨੂੰ ਉਥੇ ਹੀ ਛੱਡ ਕੇ ਦਰਵਾਜ਼ਾ ਖੋਲ੍ਹ ਕੇ ਬਾਹਰ ਗਿਆ ਅਤੇ ਚਾਰੋਂ ਪਾਸੇ ਵੇਖ ਕੇ ਉਹਨੇ ਫਿਰ ਬੂਹਾ ਬੰਦ ਕੀਤਾ।

ਵਾਪਸ ਆਕੇ ਮੇਰੇ ਕੋਲ ਬੈਠ ਕੇ ਕਹਿਣ ਲਗਾ :-

"ਵਾਲਟਰ, ਇਹ ਜਾਨ ਤੇਰੀ ਹੀ ਹੈ। ਜਿਸ ਦਿਨ ਦਾ ਤੂੰ ਮੈਨੂੰ ਬਚਾਇਆ ਹੈ, ਮੇਰੇ ਉੱਤੇ ਤੈਨੂੰ ਪੂਰਾ ਹੱਕ ਹੈ ! ਹੁਣ ਮੈਂ ਜੋ ਸ਼ਬਦ ਤੈਨੂੰ ਕਵ੍ਹਾਂਗਾ, ਰੱਬ ਗਵਾਹ ਹੈ; ਕੀ ਉਨ੍ਹਾਂ ਦੇ ਕਹਿੰਦਿਆਂ ਸਾਰ ਹੀ ਮੇਰੀ ਜ਼ਿੰਦਗੀ ਤੇਰੇ ਹਵਾਲੇ ਹੋ ਜਾਵੇਗੀ।"

ਇਹ ਕਹਿੰਦਾ-ਕਹਿੰਦਾ ਉਹ ਕੰਬ ਰਿਹਾ ਸੀ। ਮੈਨੂੰ ਯਕੀਨ ਸੀ ਕਿ ਉਹ ਬਿਲਕੁਲ ਸੱਚ ਬੋਲ ਰਿਹਾ ਹੈ।

"ਯਾਦ ਰੱਖਣਾ" ਉਹਨੇ ਆਪਣੇ ਹੱਥ ਗੁੱਸੇ ਅਤੇ ਘਬਰਾਹਟ ਵਿਚ ਮੇਰੇ ਅੱਗੇ ਛੰਡੇ; ਯਾਦ ਰੱਖਣਾ ਮੇਰੇ ਦਿਮਾਗ਼ ਵਿੱਚ ਮੇਰੀ ਪਿਛਲੀ ਜ਼ਿੰਦਗੀ, ਜੋ ਮੈਂ ਤੇਰੀ ਖਾਤਰ ਯਾਦ ਕਰ ਰਿਹਾ ਹਾਂ. ਦਾ ਅਤੇ ਉਸ ਆਦਮੀ ਫ਼ੋਸਕੋ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਜੇ ਤੈਨੂੰ ਕਿਧਰੇ ਕੋਈ ਸੰਬੰਧ ਦਿਸੇ ਤਾਂ ਤੂੰ ਮੈਨੂੰ ਕੁਛ ਨਾ ਕਹੀ ਆਪਣੇ ਕੋਲ ਹੀ ਇਸ ਭੇਤ ਨੂੰ ਰੱਖੀਂ। ਮੈਨੂੰ ਕੁਝ ਨਾ ਦੱਸਣਾ ਵਾਲਟਰ ਮੈਨੂੰ ਇਸ ਭਵਿੱਸ਼ ਵਲੋਂ ਅਨ੍ਹਿਆਂ ਹੀ ਰਹਿਣ ਦੇਣਾ। ਮੈਂ ਕੁੱਝ ਨਹੀਂ ਜਾਣਨਾ ਚਾਹੁੰਦਾ ਕਿ ਅਗੋਂ ਮੇਰੇ ਨਾਲ ਕੀ ਹੋਣਾ ਹੈ !"

ਉਹਨੇ ਕੁਛ ਹੋਰ ਵੀ ਕਿਹਾ, ਜਿਸ ਦੀ ਮੈਨੂੰ ਕੋਈ ਖਾਸ ਸਮਝ ਨਹੀਂ ਆਈ। ਟੁੱਟੇ-ਫੱਟੇ ਲਫਜ਼ ਉਹਦੇ ਮੂੰਹੋਂ ਨਿਕਲੇ ਅਤੇ ਉਹ ਫਿਰ ਚੁੱਪ ਕਰ ਗਿਆ।

ਉਹਨੂੰ ਅੰਗਰੇਜ਼ੀ ਵਿਚ ਆਪਣੀ ਗੱਲ ਸਮਝਾਉਣੀ ਮੁਸ਼ਕਲ ਲੱਗ ਰਹੀ ਸੀ। ਕਿਉਂਕਿ ਇਸ ਵੇਲੇ ਉਹ ਅਜੀਬ ਮੁਹਾਵਰੇ ਨਹੀਂ ਸੀ ਵਰਤ ਸਕਦਾ ਇਹ ਵਿਸ਼ਾ ਬਹੁਤ ਗੰਭੀਰ ਸੀ। ਮੈਂ ਸ਼ੁਰੂ ਸ਼ੁਰੂ ਵਿਚ ਪੈਸਕਾ ਕੋਲੋਂ ਇਤਾਲਵੀ ਜ਼ੁਬਾਨ ਪੜ੍ਹਨੀ ਸਿਖੀ ਸੀ। ਭਾਵੇਂ ਮੈਂ ਬੋਲ ਨਹੀਂ ਸਾਂ ਸਕਦਾ ਪਰ ਸਮਝ ਚੰਗੀ ਤਰ੍ਹਾਂ ਲੈਂਦਾ ਸਾਂ। ਮੈਂ ਪੈਸਕਾ ਨੂੰ ਕਿਹਾ, ਕਿ ਉਹ ਮੇਰੇ ਨਾਲ ਸਾਰੀ ਗੱਲ ਆਪਣੀ ਬੋਲੀ ਵਿਚ ਹੀ ਕਰੇ:-ਅਤੇ ਮੈਂ ਜਿਥੇ ਕੁਝ ਪੁੱਛਣਾ ਹੋਵੇਗਾ, ਅੰਜਰੇਜ਼ੀ ਵਿੱਚ ਪੁੱਛ ਲਵਾਂਗਾ। ਉਹਨੂੰ ਵੀ ਇਹ ਤਰੀਕਾ ਪਸੰਦ ਆ ਗਿਆ। ਉਹਨੇ ਆਪਣੀ ਬੋਲੀ ਵਿਚ ਬੜੇ ਉਤੇਜਿਤ ਢੰਗ ਨਾਲ ਮੈਨੂੰ ਹੇਠ ਲਿਖੀ ਘਟਨਾ ਸੁਣਾਈ। ਉਹ ਕਈ ਤਰ੍ਹਾਂ ਨਾਲ ਆਪਣੀ ਘਬਰਾਹਟ ਪ੍ਰਗਟਾ ਰਿਹਾ ਸੀ। ਉਹਦੇ ਨਕਸ਼ਾਂ ਤੇ ਕਦੀ ਇਕ ਭਾਵ ਉਘੜਦਾ ਕਦੀ ਦੂਜਾ ਕਦੀ ਉਹ ਆਪਣੇ ਹੱਥਾਂ ਨਾਲ ਹਰਕਤਾਂ ਕਰਦਾ ਪਰ ਉਹਦੀ ਆਵਾਜ਼ ਇਕ ਵਾਰ ਵੀ ਉੱਚੀ ਨਹੀਂ ਹੋਈ। ਉਹਨੇ ਜੋ ਕੁਝ ਦੱਸਿਆ, ਉਸ ਦੀ ਸਹਾਇਤਾ ਨਾਲ ਹੀ ਮੈਂ ਆਪਣੀ ਅੰਤਲੀ ਲੜਾਈ ਡੱਟ ਕੇ ਲੜ ਸਕਿਆ। ਉਹ ਬੋਲਿਆ:

"ਤੈਨੂੰ ਇਸ ਗੱਲ ਦਾ ਕੀ ਪਤਾ ਕਿ ਮੈਂ ਇਟਲੀ ਕਿਉਂ ਛੱਡ ਕੇ ਆਇਆ ਸਾਂ। ਮੈਂ ਤੈਨੂੰ ਇਹੀ ਕਿਹਾ ਸੀ; ਕਿ ਮੈਂ ਰਾਜਨੀਤਿਕ ਕਾਰਨਾਂ ਕਰਕੇ ਆਪਣਾ ਦੇਸ਼ ਛੱਡ ਆਇਆ ਹੈ। ਜੇ ਮੈਂ ਆਪਣੀ ਸਰਕਾਰ ਦਾ ਸਤਾਇਆ ਹੋਇਆ ਹੁੰਦਾ, ਤਾਂ ਮੈਂ ਇਹ ਗੱਲ ਨਾ ਤੇਰੇ ਤੋਂ ਚੋਰੀ ਰੱਖਦਾ, ਅਤੇ ਨਾ ਹੀ ਕਿਸੇ ਹੋਰ ਕੋਲੋਂ।

ਮੈਂ ਇਹ ਕਾਰਨ ਸਭ ਤੋਂ ਇਸ ਲਈ ਛੁਪਾਇਆ ਹੋਇਆ ਹੈ; ਕਿ ਕਿਸੇ ਸਰਕਾਰੀ ਮਹਿਕਮੇ ਵਲੋਂ ਮੈਨੂੰ ਇਹ ਦੇਸ਼-ਨਿਕਾਲਾ ਨਹੀਂ ਮਿਲਿਆ ਹੋਇਆ। ਵਾਲਟਰ ਤੈਨੂੰ ਕੁਛ ਪਤਾ ਹੀ ਹੋਵੇਗਾ, ਕਿ ਯੂਰਪ ਦੇ ਹਰ ਸ਼ਹਿਰ ਵਿਚ ਕਈ ਰਾਜਨੀਤਕ ਸਭਾਵਾਂ ਬਣੀਆਂ ਹੋਈਆਂ ਹਨ। ਅਜਿਹੀ ਇਕ ਸਭਾ ਦਾ ਮੈਂ ਸਦੱਸਯ ਸਾਂ ਅਤੇ ਹੁਣ ਵੀ ਹਾਂ! ਜਦੋਂ ਮੈਂ ਆਇਆ ਸਾਂ ਤਾਂ ਮੈਨੂੰ ਮੇਰੇ ਵੱਡੇ ਅਫਸਰ ਨੇ ਇਥੇ ਭੇਜਿਆ ਸੀ। ਆਪਣੀ ਸ਼ੁਰੂ ਜਵਾਨੀ ਵਿਚ ਵੀ ਮੈਂ ਬੜਾ ਜੋਸ਼ੀਲਾ ਹੁੰਦਾ ਸਾਂ। ਕਿਸੇ ਦੀ ਪ੍ਰਵਾਹ ਨਹੀਂ ਸਾਂ ਕਰਦਾ! ਇਸ ਲਈ ਮੈਨੂੰ ਇੰਗਲੈਂਡ ਭੇਜਿਆ ਗਿਆ ਅਤੇ ਉਡੀਕਣ ਲਈ ਕਿਹਾ ਗਿਆ।

ਮੈਂ ਇਥੇ ਆ ਗਿਆ, ਅਤੇ ਉਡੀਕਦਾ ਰਿਹਾ- ਉਡੀਕ ਰਿਹਾ ਹਾਂ। ਮੈਨੂੰ ਕੱਲ੍ਹ ਵੀ ਬੁਲਾਵਾ ਆ ਸਕਦਾ ਹੈ-ਜਾਂ ਅੱਜ ਤੋਂ ਦਸ ਸਾਲ ਮਗਰੋਂ ਬੁਲਾ ਸਕਦੇ ਹਨ। ਮੈਨੂੰ ਕੋਈ ਫਰਕ ਨਹੀਂ; ਮੈਂ ਇਥੇ ਰਹਿ ਕੇ ਆਪਣੀ ਬੋਲੀ ਸਿਖਾ ਕੇ ਆਪਣੀ ਰੋਟੀ ਕਮਾ ਲੈਂਦਾ ਹਾਂ। ਮੈਂ ਆਪਣੀ ਸੁਸਾਇਟੀ ਦਾ ਕੋਈ ਕਾਨੂੰਨ ਭੰਗ ਨਹੀਂ ਕੀਤਾ। ਪਰ ਮੈਂ ਜੋ ਕੁਝ ਹੁਣ ਤੈਨੂੰ ਦਸਾਂਗਾ ਜੇ ਉਹ ਕਿਸੇ ਹੋਰ ਨੂੰ ਪਤਾ ਲਗ ਜਾਏ ਕਿ ਮੈਂ ਤੈਨੂੰ ਦਸਿਆ ਹੈ ਤਾਂ ਸਮਝ ਲੈ, ਕਿ ਮੇਰੀ ਮੌਤ ਆ ਗਈ ਹੈ।"

ਉਹਨੇ ਅਗਲੇ ਸ਼ਬਦ ਮੇਰੇ ਕੰਨ ਵਿਚ ਕਹੇ! ਇਥੇ ਮੈਂ ਉਹ ਸਾਵਧਾਨੀ ਵਰਤਾਂਗਾ ਜੋ ਮੇਰੇ ਦੋਸਤ ਲਈ ਬੇਹੱਦ ਜ਼ਰੂਰੀ ਹੈ ਅਤੇ ਜਿਥੇ ਨਾਂ ਆਦਿ ਤਬਦੀਲ ਕਰਨਾ ਪਵੇਗਾ ਕਰਾਂਗਾ--। ਅਸੀਂ ਉਹਦੀ ਸਭਾ ਨੂੰ 'ਦੀ ਬਰਦਰ ਹੁਡ' ਦਾ ਨਾਂ ਦੇ ਸਕਦੇ ਹਾਂ।

ਪੈਸਕਾ ਨੇ ਆਪਣੀ ਗੱਲ ਜਾਰੀ ਰੱਖੀ : -

"ਸਾਡੀ ਬਰਾਦਰੀ ਦੇ ਉਹੀ ਉਦੇਸ਼ ਸਨ, ਜੋ ਕਿ ਇਨ੍ਹਾ ਸਭਾ ਸੁਸਾਇਟੀਆ ਦੇ ਅਕਸਰ ਹੁੰਦੇ ਹਨ। ਜ਼ੁਲਮ ਦਾ ਨਾਸ਼, ਅਤੇ ਲੋਕ ਹੱਕਾਂ ਨੂੰ ਪ੍ਰਮੁੱਖਤਾ ਦੇਣੀ। ਜਦੋਂ ਤਕ ਕੋਈ ਮਨੁੱਖ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਦਾ, ਅਤੇ ਜਾਂ ਉਹ ਕਿਸੇ ਲਈ ਕੁਝ ਕਰ ਰਿਹਾ ਹੈ, ਉਦੋਂ ਤੀਕ ਉਹਨੂੰ ਜੀਉਣ ਦਾ ਹੱਕ ਹੈ। ਪਰ ਜਦੋਂ ਉਹ ਹੋਰਨਾਂ ਨੂੰ ਤੰਗ ਕਰਦਾ ਹੈ; ਜਾ ਕਿਸੇ ਤਰ੍ਹਾਂ ਕੋਈ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹਦਾ ਜੀਉਣ ਦਾ ਕੋਈ ਹੱਕ ਨਹੀਂ ਰਹਿ ਜਾਂਦਾ। ਉਹਨੂੰ ਮਾਰਨਾ ਗੁਨਾਹ ਨਹੀਂ ਸਗੋਂ ਪੁੰਨ ਹੈ।

ਮੈਂ ਨਹੀਂ ਜਾਣਦਾ ਕਿ ਕਿਹੜੇ ਜ਼ੁਲਮ ਅਤੇ ਜਬਰ ਦਾ ਸਿੱਟਾ ਸੀ ਕਿ ਇਸ ਸੁਸਾਇਟੀ ਨੇ ਜਨਮ ਲਿਆ ਸੀ। ਤੁਸੀਂ ਅੰਗਰੇਜ਼ ਇਸ ਗੱਲ ਨੂੰ ਸਮਝ ਨਹੀਂ ਸਕਦੇ ਤੁਹਾਨੂੰ ਆਜ਼ਾਦ ਹੋਇਆ ਬਹੁਤ ਦੇਰ ਹੋ ਚੁੱਕੀ ਹੈ- ਤੁਸੀਂ ਭੁੱਲ ਗਏ ਹੋ, ਕਿ ਤੁਸੀਂ ਕਿੰਨਾ ਖੂਨ ਵਹਾਇਆ ਸੀ, ਅਤੇ ਆਪਣੀਆਂ ਜਿੱਤਾਂ ਪ੍ਰਾਪਤ ਕਰਨ ਲਈ ਤੁਸੀਂ ਕਿਸ ਹੱਦ ਤਕ ਲੰਘ ਗਏ ਸੀ! ਤੁਸੀਂ ਕਦੇ ਸੋਚ ਨਹੀਂ ਸਕਦੇ, ਕਿ ਇਕ ਗੁਲਾਮ ਕੌਮ ਕੀ ਕੀ ਕਰ ਸਕਦੀ ਹੈ; ਉਸ ਜਾਤੀ ਦੇ ਲੋਕ ਪਾਗਲ ਹੋ ਜਾਂਦੇ ਹਨ; ਸਾਡੀਆਂ ਰੂਹਾਂ ਅੰਦਰੋਂ ਪੱਥਰ ਹੋ ਚੁੱਕੀਆਂ ਹਨ ! ਤੁਹਾਡੇ ਮੁਲਕ ਵਿਚ ਜੋ ਪ੍ਰਦੇਸੀ ਸ਼ਰਣ ਲੈਂਦੇ ਹਨ-; ਉਨ੍ਹਾਂ ਨੂੰ ਨਾ ਹੀ ਛੇੜੋ ਤੇ ਚੰਗਾ ਹੈ ! ਤੁਸੀਂ ਉਨ੍ਹਾਂ ਉਤੇ ਹੱਸ ਲਵੋ, ਉਨ੍ਹਾਂ ਉਤੇ ਯਕੀਨ ਨਾ ਕਰੋ; ਉਨ੍ਹਾਂ ਦੀ ਉਪਰਲੀ ਸ਼ਾਂਤੀ ਹੇਠਾਂ ਕਿੰਨੀ

'ਅੱਗ ਬਲਦੀ ਹੈ; ਇਸ ਤੇ ਵੀ ਹੈਰਾਨ ਹੋ ਲਵੋ, ਪਰ ਕਦੀ ਉਨ੍ਹਾਂ ਨਾਲ ਨਿਆਂ ਕਰਨ ਦੀ ਕੋਸ਼ਿਸ਼ ਨਾ ਕਰਨਾ।

ਮੈਨੂੰ ਵੇਖ ਮੈਂ ਉਪਰੋਂ ਕਿੰਨਾ ਅਡੋਲ ਅਤੇ ਮਸਤ ਦਿਸਦਾ ਹਾਂ ਪਰ ਅੰਦਰ ਇਕ ਭੂਚਾਲ ਲਈ ਬੈਠਾ ਹਾਂ -ਹੋਰ ਮੇਰੇ ਭਰਾ ਹਨ, ਜੋ ਮੇਰੇ ਜਿੰਨੇ ਪੜ੍ਹੇ ਲਿਖੇ ਨਹੀਂ; ਪੈਸੇ ਵਾਲੇ ਨਹੀਂ ਅਤੇ ਉਨ੍ਹਾਂ ਵਿਚ ਮੇਰੇ ਤੋਂ ਸਬਰ ਵੀ ਘਟ ਹੈ ਪਰ ਤਾਂ ਵੀ ਤੁਸੀਂ ਉਨ੍ਹਾਂ ਨਾਲ ਇਨਸਾਫ਼ ਕਰਨ ਦੀ ਕੋਈ ਕੋਸ਼ਿਸ਼ ਨਾ ਕਰਨੀ।

ਚਾਰਲਸ ਪਹਿਲੇ ਦੇ ਵਕਤ ਅੰਗਰੇਜ਼ ਸਾਡੇ ਨਾਲ ਨਿਆਂ ਕਰ ਸਕਦੇ ਸਨ; ਸਾਨੂੰ ਸਮਝ ਸਕਦੇ ਸਨ; ਪਰ ਹੁਣ ਤੁਹਾਨੂੰ ਆਜ਼ਾਦ ਹੋਇਆ ਮੁਦਤਾਂ ਹੋ ਚੁੱਕੀਆਂ ਹਨ, ਹੁਣ ਤੁਸੀਂ ਸਾਡੀ ਹਾਲਤ ਸਮਝਣ ਤੋਂ ਅਸਮਰਥ ਹੋ।"

ਉਹਦੀਆਂ ਡੂੰਘੀਆਂ ਭਾਵਨਾਵਾਂ ਅੱਜ ਮੇਰੇ ਸਾਹਮਣੇ ਆ ਰਹੀਆਂ ਸਨ ! ਜਿੰਦਗੀ ਵਿਚ ਪਹਿਲੀ ਵਾਰ ਉਹਨੇ ਆਪਣਾ ਦਿਲ ਮੇਰੇ ਅੱਗੇ ਨੰਗਾ ਕਰਕੇ ਰੱਖ ਦਿਤਾ ਸੀ; ਪਰ ਤਾਂ ਵੀ ਉਹਦੀ ਆਵਾਜ਼ ਬੜੀ ਮੱਧਮ ਸੀ! ਉਹ ਡਰ ਰਿਹਾ ਸੀ ਕਿ ਜੋ ਕੁਝ ਉਹ ਮੈਨੂੰ ਦਸ ਰਿਹਾ ਹੈ, ਉਸਦੀ ਕਿਸੇ ਹੋਰ ਨੂੰ ਭਿਣਕ ਵੀ ਨਹੀਂ ਪੈਣੀ ਚਾਹੀਦੀ।

"ਸੋ ਅਜੇ ਤੀਕ ਤੁਹਾਨੂੰ ਇਹੀ ਸਮਝ ਆਈ ਹੈ ਨਾਂ; ਕਿ ਇਸ ਸੁਸਾਇਟੀ ਦੀ ਹੋਂਦ ਇਸ ਲਈ ਸੀ; ਕਿ ਬਗਾਵਤ ਲਿਆਉਂਦੀ ਜਾਏ ਅਤੇ ਜ਼ੁਲਮ ਦਾ ਨਾਸ਼ ਕੀਤਾ ਜਾਏ; ਕੋਈ ਬਾਦਸ਼ਾਹ ਮਾਰ ਦਿਉ, ਕਿਸ ਮੰਤਰੀ ਦੇ ਪਿੱਛੇ ਪੈ ਜਾਉ; ਜਿਵੇਂ ਉਹ ਕੋਈ ਜੰਗਲੀ ਜਾਨਵਰ ਹੋਣ, ਜਿਨ੍ਹਾਂ  ਨੂੰ ਮੌਕਾ ਮਿਲਦਿਆਂ ਸਾਰ ਹੀ ਖ਼ਤਮ ਕਰਨਾ ਚਾਹੀਦਾ ਹੈ। ਪਰ ਇਸ ਬਾਰ 'ਬਰਦਰਰਡ' ਸੁਸਾਇਟੀ ਦੇ ਕਾਨੂੰਨ ਹੋਰ ਕਿਸੇ ਸੁਸਾਇਟੀ ਤੋਂ ਬਿਲਕੁਲ ਭਿੰਨ ਹਨ। ਕੋਈ ਵੀ ਸਦੱਸਯ ਕਿਸੇ ਦੂਜੇ ਸਦਸਯ ਨੂੰ ਨਹੀਂ ਜਾਣਦਾ। ਇਟਲੀ ਵਿਚ ਇਕ ਪ੍ਰੈਜ਼ੀਡੈਂਟ ਹੈ, ਅਤੇ ਦੂਜੇ ਮੁਲਕਾਂ ਵਿਚ ਵੀ ਕਈ ਪ੍ਰਧਾਨ ਹਨ। ਹਰ ਇਕ ਪ੍ਰਧਾਨ ਕੋਲ ਇਕ ਇਕ ਸਕੱਤਰ ਹੈ; ਪ੍ਰੈਜ਼ੀਡੈਂਟ ਅਤੇ ਸਕੱਤਰ ਮੈਂਬਰਾਂ ਨੂੰ ਜਾਣਦੇ ਹਨ; ਪਰ ਮੈਂਬਰ ਇਕ ਦੂਜੇ ਨੂੰ ਨਹੀਂ ਜਾਣਦੇ। ਜਦੋਂ ਤਕ ਪ੍ਰਧਾਨ ਜਾਂ ਸਕੱਤਰ ਇਸ ਗੱਲ ਦੀ ਜ਼ਰੂਰਤ ਨਾਂ ਸਮਝਣ ਉਹ ਮੈਂਬਰਾਂ ਦੀ ਇਕ ਦੂਜੇ ਨਾਲ ਜਾਣ ਪਛਾਣ ਨਹੀਂ ਕਰਵਾਉਂਦੇ। ਇਸੇ ਲਈ ਇਸ ਸੁਸਾਇਟੀ ਦਾ ਮੈਂਬਰ ਬਣਨ ਵੇਲੇ ਕੋਈ ਸੌਂਹ ਨਹੀਂ ਚੁਕਾਈ ਜਾਂਦੀ। ਬਰਦਰਹੁਡ ਦਾ ਮੈਂਬਰ ਬਣਨ ਵੇਲੇ ਇਕ ਗੁਪਤ

ਨਿਸ਼ਾਨ ਲਾਇਆ ਜਾਂਦਾ ਹੈ ਜੋ ਸਾਰੀ ਜ਼ਿੰਦਗੀ ਰਹਿੰਦਾ ਹੈ, ਸਾਨੂੰ ਦੁਨੀਆਂ ਵਿਚ ਆਪਣਾ ਆਪਣਾ ਕੰਮ ਕਰਨ ਲਈ ਕਿਹਾ ਜਾਂਦਾ ਹੈ; ਸਾਲ ਵਿਚ ਚਾਰ ਵਾਰ ਪ੍ਰਧਾਨ ਜਾਂ ਸਕੱਤਰ ਕੋਲ ਰੀਪੋਰਟ ਕਰਨੀ ਹੁੰਦੀ ਹੈ। ਜੇ ਉਨ੍ਹਾਂ ਨੂੰ ਸਾਡੀ ਲੋੜ ਹੋਵੇ, ਤਾਂ ਦਸ ਦਿੱਤਾ ਜਾਂਦਾ ਹੈ। ਪਹਿਲਾ ਇਹ ਚੇਤਾਵਨੀ ਦਿੱਤੀ ਜਾਂਦੀ ਹੈ; ਕਿ ਜੋ ਅਸੀਂ ਬਰਦਰਹੁੱਡ ਨੂੰ ਧੋਖਾ ਦੇਈਏ, ਜਾਂ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਫੜੇ ਜਾਈਏ ਤਾਂ ਸਾਡੀ ਸਜ਼ਾ ਮੌਤ ਹੋਵੇਗੀ।

ਇਹ ਮੌਤ ਸਾਨੂੰ ਕਿਸੇ ਉਪਰੇ ਹੱਥ ਰਾਹੀਂ ਵੀ ਆ ਸਕਦੀ ਹੈ;- ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਕੋਈ ਵੀ ਮੈਂਬਰ ਸਜ਼ਾ ਦੇਣ ਲਈ ਆ ਸਕਦਾ ਹੈ, ਜਾਂ ਸਾਡਾ ਆਪਣਾ ਡੂੰਘਾ ਪਿਆਰਾ ਮਿੱਤਰ ਹੀ ਸ਼ਾਇਦ ਸਾਨੂੰ ਮਾਰ ਦੇਏ।

ਸਾਨੂੰ ਇਸ ਗੱਲ ਦੀ ਖ਼ਬਰ ਹੀ ਨਹੀਂ ਹੁੰਦੀ ਕਿ ਉਹ ਵੀ ਬਰਦਰਹੁੱਡ ਦਾ ਮੈਂਬਰ ਹੈ, ਭਾਵੇਂ ਅਸੀਂ ਕਈ ਵਰ੍ਹਿਆਂ ਤੋਂ ਇਕੱਠੇ ਵੀ ਰਹਿੰਦੇ ਹੋਈਏ। ਕਈ ਵਾਰ ਇਹ ਸਜ਼ਾ ਪੱਛੜ ਕੇ ਮਿਲਦੀ ਹੈ; ਅਤੇ ਕਈ ਵਾਰ ਝਟਪੱਟ ਹੀ ਕੰਮ ਮੁਕਾ ਦਿਤਾ ਜਾਂਦਾ ਹੈ। ਸਾਨੂੰ ਪਹਿਲਾਂ ਤਾਂ ਉਡੀਕ ਕਰਨੀ ਸਿਖਣੀ ਪੈਂਦੀ ਹੈ ਅਤੇ ਦੂਜੀ ਗੱਲ ਜੋ ਸਾਨੂੰ ਸਿਖਣੀ ਪੈਂਦੀ ਹੈ: ਉਹ ਹੈ ਆਗਿਆ ਪਾਲਨ ਕਰਨੀ। ਕਈ ਸਾਰੀ ਜ਼ਿੰਦਗੀ ਉਡੀਕਦੇ ਰਹਿੰਦੇ ਹਨ; ਪਰ ਉਨ੍ਹਾਂ ਕੋਲੋਂ ਕੋਈ ਕੰਮ ਨਹੀਂ ਲਿਆ ਜਾਂਦਾ। ਅਤੇ ਕਈ ਜਿਸ ਦਿਨ ਮੈਂਬਰ ਬਣਦੇ ਹਨ ਉਸੇ ਦਿਨ ਹੀ ਉਨ੍ਹਾਂ ਨੂੰ ਕੋਈ ਕੰਮ ਸੌਂਪ ਦਿਤਾ ਜਾਂਦਾ ਹੈ। ਮੇਰੇ ਵੱਲ ਹੀ ਵੇਖ; ਮੈਂ ਕਿੰਨਾ ਆਰਾਮ ਪਸੰਦ ਅਤੇ ਖ਼ੁਸ਼ ਰਹਿਣ ਵਾਲਾ ਬੰਦਾ ਹਾਂ, ਕੀ ਮੈਂ ਆਪਣੇ ਮੂੰਹ ਉਤੇ ਘੜੀ ਘੜੀ ਬੈਠਣ ਵਾਲੀ ਮੱਖੀ ਨੂੰ ਵੀ ਮਾਰਨ ਲਈ ਆਪਣਾ ਰੁਮਾਲ ਵਰਤ ਸਕਦਾ ਹਾਂ? ਕਦੀ ਨਹੀਂ ! ਮੈਂ ਉਦੋਂ ਬੜਾ ਛੋਟਾ ਸਾਂ। ਕੋਈ ਗੱਲ ਹੋਈ; ਜਿਸ ਤੇ ਮੈਨੂੰ ਬੜਾ ਗੁੱਸਾ ਆਇਆ, ਅਤੇ ਉਸ ਗੁੱਸੇ ਦੇ ਵੇਗ ਵਿਚ ਹੀ ਮੈਂ ਬਰੱਦਰਹੁੱਡ ਦਾ ਮੈਂਬਰ ਬਣ ਗਿਆ! ਜੇ ਮੈਂਬਰ ਨਾਂ ਬਣਦਾ, ਤਾਂ ਸ਼ਾਇਦ ਮੈਂ ਆਪਣੇ ਆਪ ਨੂੰ ਹੀ ਖ਼ਤਮ ਕਰ ਲੈਂਦਾ! ਹੁਣ ਮੈਨੂੰ ਅਕਲ ਆ ਗਈ ਹੈ, ਹੁਣ ਮੈਂ ਠੰਢੇ ਸਭਾ ਦਾ ਹਾਂ; ਪਰ ਇਸ ਬੱਰਦਰਹੁੱਡ ਤੋਂ ਮੈਨੂੰ ਛੁਟਕਾਰਾ ਨਹੀਂ ਮਿਲ ਸਕਦਾ-ਸਾਰੀ ਜ਼ਿੰਦਗੀ ਮੈਂ ਇਸ ਦਾ ਹੀ ਰਵ੍ਹਾਂਗਾ। ਜਦੋਂ ਮੈਂ ਇਟਲੀ ਵਿਚ ਸਾਂ; ਮੈਨੂੰ ਸਕੱਤਰ ਬਣਾਇਆ ਗਿਆ ਸੀ ਅਤੇ ਉਸ ਵੇਲੇ ਜੋ ਮੈਂਬਰ ਬਣੇ ਸਨ, ਉਹ ਪ੍ਰਧਾਨ ਦੇ ਨਾਲ ਨਾਲ ਮੇਰੇ ਸਾਹਮਣੇ ਵੀ ਲਿਆਂਦੇ ਗਏ ਸਨ।"

ਹੁਣ ਮੈਨੂੰ ਸਮਝ ਆਉਣੀ ਸ਼ੁਰੂ ਹੋਈ ਕਿ ਉਹਨੇ ਮੈਨੂੰ ਇਹ ਅਜੀਬ ਕਹਾਣੀ ਕਿਉਂ ਸੁਣਾਈ। ਉਹਨੇ ਰੁਕ ਕੇ ਮੇਰੇ ਮੂੰਹ ਵੱਲ ਵੇਖਿਆ।

ਉਹ ਇਹ ਜਾਣਨਾ ਚਾਹੁੰਦਾ ਸੀ, ਕਿ ਮੈਂ ਕੀ ਸੋਚ ਰਿਹਾ ਸਾਂ! ਮੇਰੇ ਖਿਆਲਾਂ ਦਾ ਅਨੁਮਾਨ ਲਾ ਕੇ ਉਹਨੇ ਮੁੜ ਕਿਹਾ, "ਮੈਂ ਤੇਰੇ ਚਿਹਰੇ ਤੋਂ" ਇਹ ਅੰਦਾਜ਼ਾ ਲਾਇਆ ਹੈ ਕਿ ਤੂੰ ਹੁਣ ਕਿਸੇ ਨਾ ਕਿਸੇ ਨਤੀਜੇ ਉੱਤੇ ਪੁੱਜ ਚੁੱਕਾ ਹੈ", ਮੈਂ ਤੇਰੇ ਅੱਗੇ ਹੱਥ ਜੋੜਦਾ ਹਾਂ, ਤੂੰ ਮੈਨੂੰ ਆਪਣੀਆ ਸੋਚਾਂ ਦਾ ਭਾਈਵਾਲ ਨਾ ਬਣਾਈ।" ਮੈਨੂੰ ਤੇਰੀ ਖਾਤਿਰ ਆਪਣੀ ਅਖੀਰਲੀ ਕੁਰਬਾਨੀ ਵੀ ਮੈਨੂੰ ਦੇ ਲੈਣ ਦੇ; ਪਰ ਮੁੜ ਕੇ ਕਦੀ ਇਸ ਗੱਲ ਨੂੰ ਨਾ ਛੋਹੀਂ।" ਉਹਨੇ ਮੈਨੂੰ ਇਸ਼ਾਰੇ ਨਾਲ ਬੋਲਣ ਤੋਂ ਰੋਕਿਆ ਅਤੇ ਉਠਕੇ ਆਪਣਾ ਕੋਟ ਲਾਹ ਦਿੱਤਾ, ਆਪਣੀ ਕਮੀਜ਼ ਦੀ ਖੱਬੀ ਬਾਂਹ ਉੱਚੀ ਚੜ੍ਹਾਕੇ ਮੇਰੇ ਕੰਨ ਵਿਚ ਬੋਲਿਆ - "ਮੈਂ" ਤੈਨੂੰ ਕਿਹਾ ਸੀ, ਕਿ ਮੈਂ ਤੈਨੂੰ ਪੂਰਾ ਭੇਤ-ਦਿਆਂਗਾ -“ ਇਹ ਕਹਿ ਕੇ ਉਹਨੇ ਮੁੜ ਬੰਦ ਬੂਹੇ ਵੱਲ ਵੇਖਿਆ, "ਹੁਣ ਕੁੱਝ ਵੀ ਹੋ ਜਾਵੇ, ਪਰ ਮੈਂ ਤੈਨੂੰ ਉਹ ਸਭ ਕੁਝ ਦਸਾਂਗਾ ਜੋ ਤੇਰੇ ਕੰਮ ਲਈ ਜ਼ਰੂਰੀ ਹੈ। ਮੈਂ ਦੱਸਿਆ ਸੀ ਕਿ ਬਰੱਦਰਹੁੱਡ ਆਪਣੇ ਮੈਂਬਰਾਂ ਨੂੰ ਇਕ ਨਿਸ਼ਾਨ ਲਾਉਂਦੀ ਹੈ, ਜੋ ਸਾਰੀ ਜ਼ਿੰਦਗੀ ਰਹਿੰਦਾ ਹੈ। ਤੂੰ ਉਹ ਥਾਂ ਅਤੇ ਨਿਸ਼ਾਨ ਆਪਣੀਆਂ ਅੱਖਾਂ ਨਾਲ ਵੇਖ ਲੈ।"

ਉਹਨੇ ਆਪਣੀ ਨੰਗੀ ਬਾਂਹ ਉੱਚੀ ਕੀਤੀ- ਮੋਢੇ ਦੇ ਨੇੜੇ ਅੰਦਰ ਵਾਰ ਕਰਕੇ ਇਕ ਨਿਸ਼ਾਨ ਸੀ। ਉਸ ਥਾਂ ਤੇ ਇਕ ਗੋਲ ਜਿਹਾ ਨਿਸ਼ਾਨ ਚਮੜੀ ਦੇ ਵਿਚ ਸਾੜਿਆ ਗਿਆ ਸੀ। ਇਸਦਾ ਰੰਗ ਲਾਲ ਸੀ, ਅਤੇ ਇਸਦਾ ਸਾਈਜ਼ ਮੁਸ਼ਕਲ ਨਾਲ ਸ਼ਲਿੰਗ ਜਿੰਨਾ ਹੋਵੇਗਾ।

ਉਹਨੇ ਆਪਣੀ ਬਾਂਹ ਕੱਜ ਲਈ। "ਜਿਸ ਆਦਮੀ ਦੇ ਇਸ ਥਾਂ ਤੇ ਇਹ ਨਿਸ਼ਾਨ ਹੈ। ਉਹ ਬਰੱਦਰਹੁਡ ਦਾ ਮੈਂਬਰ ਹੈ। ਤੇ ਜਿਸ ਆਦਮੀ ਨੇ ਬਰਦਰਹੁਡ ਨਾਲ ਧੋਖਾ ਕੀਤਾ ਹੈ, ਉਹਦਾ ਪਤਾ ਪ੍ਰਧਾਨ ਜਾਂ ਸਕੱਤਰ ਲਾ ਹੀ ਲੈਂਦੇ ਹਨ; ਉਸ ਤੋਂ ਮਗਰੋਂ ਉਹਨੂੰ ਮੌਤ ਤੋਂ ਕੋਈ ਨਹੀਂ ਬਚਾ ਸਕਦਾ। ਕੋਈ ਕਾਨੂੰਨ ਉਹਦੀ ਰੱਖਿਆ ਨਹੀਂ ਕਰ ਸਕਦਾ। ਤੂੰ ਸਭ ਕੁਝ ਸੁਣ ਲਿਆ ਹੈ;- ਹੁਣ ਤੂੰ ਜੋ ਮਰਜ਼ੀ ਹੈ ਕਰ, ਪਰ ਮੈਂ ਰੱਬ ਦਾ ਵਾਸਤਾ ਪਾਂਦਾ ਹਾਂ, ਮੈਨੂੰ ਕੁਝ ਨਾ ਦੱਸੀਂ। ਮੈਨੂੰ ਉਸ ਭਿਆਨਕ ਜ਼ਿੰਮੇਵਾਰੀ ਤੋਂ ਆਜ਼ਾਦ ਹੋਣ ਦੇ। ਜਿਸ ਦਾ ਖਿਆਲ ਕਰਕੇ ਹੀ ਮੇਰੀ ਰੂਹ ਕੰਬਦੀ ਹੈ; ਮੈਂ ਆਪਣੀ ਜ਼ਮੀਰ ਅਗੇ ਇਸ ਜ਼ਿੰਮੇਵਾਰੀ ਤੋਂ ਆਜ਼ਾਦ ਹੋ ਚੁੱਕਾ ਹਾਂ। ਮੈਂ ਅਖੀਰਲੀ ਵਾਰ ਸੌਂਹ ਖਾ ਕੇ ਕਹਿੰਦਾ ਹਾਂ, ਮੈਂ ਸੱਚਾ ਈਸਾਈ ਹਾਂ-ਆਪਣੇ ਧਰਮ ਦੀ ਸੌਂਹ

ਚੁੱਕਦਾ ਹਾਂ, ਕਿ ਜਿਸ ਆਦਮੀ ਵੱਲ ਤੂੰ ਔਪੇਰਾ ਵਿਚ ਇਸ਼ਾਰਾ ਕੀਤਾ ਸੀ, ਜੇ ਉਹ ਮੈਨੂੰ ਜਾਣਦਾ ਹੈ, ਤਾਂ ਹੋ ਸਕਦਾ ਹੈ ਉਹ ਬਹੁਤ ਬਦਲ ਗਿਆ ਹੈ। ਜਾਂ ਉਹਨੇ ਕੋਈ ਭੇਸ ਧਾਰਿਆ ਹੋਇਆ ਹੈ, ਪਰ ਮੈਂ ਉਹਨੂੰ ਨਹੀਂ ਜਾਣਦਾ! ਮੈਂ ਨਹੀਂ ਜਾਣਦਾ, ਕਿ ਉਹ ਇੰਗਲੈਂਡ ਕਿਸ ਕੰਮ ਲਈ ਆਇਆ ਹੈ। ਮੈਂ ਉਹਨੂੰ ਅੱਜ ਰਾਤ ਤੋਂ ਪਹਿਲਾਂ ਕਦੀ ਨਹੀਂ ਵੇਖਿਆ, ਅਤੇ ਨਾ ਹੀ ਉਹਦਾ ਨਾਂ ਕਦੀ ਸੁਣਿਆ ਹੈ, ਜਿਸ ਨਾਲ ਉਹ ਇਥੇ ਰਹਿੰਦਾ ਹੈ। ਹੁਣ ਮੈਂ ਹੋਰ ਕੁਝ ਨਹੀਂ ਕਹਿੰਦਾ ਵਾਲਟਰ-ਤੂੰ ਹੁਣ ਜਾ, ਮੈਂ ਥੱਕ ਗਿਆ ਹਾਂ, ਜੋ ਕੁਝ ਮੈਂ ਕਿਹਾ ਹੈ ਮੈਂ ਉਸ ਨਾਲ ਵੀ ਚੂਰ ਹੋ ਗਿਆ ਹਾਂ। ਹੁਣ ਅਗਲੀ ਵਾਰੀ ਜਦੋਂ ਅਸੀਂ ਮਿਲਾਂਗੇ; -ਮੈਂ ਬਿਲਕੁਲ ਪਹਿਲਾਂ ਵਾਂਗ ਹੀ ਹੋਣ ਦੀ ਕੋਸ਼ਿਸ਼ ਕਰਾਂਗਾ।"

ਉਹ ਕੋਲ ਪਈ ਕੁਰਸੀ ਵਿਚ ਡਿੱਗ ਪਿਆ। ਉਹਨੇ ਮੂੰਹ ਆਪਣੇ ਹੱਥਾਂ ਵਿਚ ਛੁਪਾ ਲਿਆ। ਮੈਂ ਹੌਲੀ ਜਿਹੀ ਬੂਹਾ ਖੋਲਿਆ; ਅਤੇ ਅਤਿ ਧੀਮੀ ਆਵਾਜ਼ ਵਿਚ ਉਹਦੇ ਕੋਲ ਵਿਦਾ ਲਈ।

"ਮੈਂ ਅੱਜ ਰਾਤ ਦੀ ਯਾਦ ਸਦਾ ਆਪਣੇ ਦਿਲ ਦੀ ਕਿਸੇ ਅੰਦਰਲੀ ਤਹਿ ਵਿਚ ਰਖਾਂਗਾ। ਮੇਰੇ ਤੇ ਵਿਸ਼ਵਾਸ ਕਰਕੇ ਤੂੰ ਕਦੀ ਨਹੀਂ ਪਛਤਾਏਂਗਾ। ਕੀ ਮੈਂ ਕਲ੍ਹ ਤੇਰੇ ਕੋਲ ਨੌਂ ਵਜੇ ਤਕ ਆਵਾਂ?"

"ਹਾਂ ਵਾਲਟਰ!" ਉਹਨੇ ਮੇਰੇ ਵੱਲ ਫਿਰ ਪਿਆਰ ਨਾਲ ਵੇਖਿਆ, ਅਤੇ ਅੰਗਰੇਜੀ ਵਿਚ ਹੀ ਬੋਲਿਆ ਤਾਂ ਜੋ ਅਸੀਂ ਪਹਿਲਾਂ ਵਰਗੇ ਹੋ ਸਕੀਏ, "ਹਾਂ, ਸਵੇਰੇ ਮੇਰੇ ਨਾਲ ਹੀ ਆ ਕੇ ਨਾਸ਼ਤਾ ਕਰੀਂ ਉਸ ਤੋਂ ਮਗਰੋਂ ਹੀ ਮੈਂ ਆਪਣੇ ਕੰਮ ਤੇ ਜਾਵਾਗਾ।"

"ਗੁਡ ਨਾਈਟ ਪੈਸਕਾ !!'

"ਮੇਰੇ ਪਿਆਰੇ ਦੋਸਤ ਗਡ ਨਾਈਟ।"

## VI

ਪੈਸਕਾ ਦੇ ਘਰ ਬਾਹਰ ਨਿਕਲਦਿਆਂ ਹੀ ਪਹਿਲੀ ਗੱਲ ਮੈਂ ਇਹੀ ਸੋਚੀ, ਕਿ ਮੈਨੂੰ ਕਾਊਂਟ ਦਾ ਪਿੱਛਾ ਅੱਜ ਰਾਤ ਹੀ ਕਰਨਾ ਚਾਹੀਦਾ ਹੈ, ਸਵੇਰ ਤੀਕ ਹੋ ਸਕਦਾ ਹੈ ਕਿ ਪੰਛੀ

ਪਿੰਜਰਾ ਖਾਲੀ ਹੀ ਕਰ ਜਾਏ! ਕਿਧਰੇ ਸਵੇਰ ਤਕ ਲਾਰਾ ਦਾ ਅਖੀਰਲਾ ਮੌਕਾ ਵੀ ਹਥੋਂ ਨਾ ਨਿਕਲ ਜਾਏ। ਮੈਂ ਘੜੀ ਵੇਖੀ, ਦਸ ਵਜ ਚੁੱਕੇ ਸਨ।

ਕਾਂਊਟ, ਥੀਏਟਰ ਤੋਂ ਕਿਉਂ ਇਕਾਇਕ ਨਿਕਲ ਗਿਆ ਸੀ, ਇਸ ਬਾਰੇ ਮੈਨੂੰ ਰਤਾ ਵੀ ਸ਼ੱਕ ਨਹੀਂ ਸੀ। ਥੀਟੇਟਰ ਤੋਂ ਭੱਜ ਉਠਣ ਦੇ ਮਤਲਬ ਸੀ; ਕਿ ਉਹ ਲੰਦਨ ਤੋਂ ਵੀ ਨਸੇਗਾ। ਉਸਦੀ ਬਾਂਹ ਤੇ ਬਰਦਰਹੁਡ ਦਾ ਨਿਸ਼ਾਨ ਸੀ। ਇਹ ਮੈਂ ਇਸ ਤਰ੍ਹਾਂ ਯਕੀਨ ਨਾਲ ਕਹਿ ਸਕਦਾ ਸਾਂ ਜਿਵੇਂ ਮੈਂ ਆਪਣੀਆਂ ਅੱਖਾਂ ਨਾਲ ਇਹ ਨਿਸ਼ਾਨ ਵੇਖਿਆ ਹੋਵੇ, ਅਤੇ ਉਸਨੂੰ ਪਤਾ ਸੀ ਕਿ ਉਹਨੇ ਬਰਦਰਹੁਡ ਨੂੰ ਧੋਖਾ ਦਿੱਤਾ ਹੈ, ਇਸ ਦਾ ਸਬੂਤ ਸੀ, ਉਹਦਾ ਪੈਸਕਾ ਕੋਲੋਂ ਡਰ ਜਾਣਾ।

ਇਹ ਸਮਝਣਾ ਹੁਣ ਸੌਖਾ ਸੀ ਕਿ ਪੈਸਕਾ  ਉਹਨੂੰ ਕਿਉਂ ਨਹੀਂ ਸੀ ਪਛਾਣ ਸਕਦਾ। ਕਾਊਂਟ ਵਰਗਾ ਭਿਆਨਕ ਆਦਮੀ ਹਰ ਕਦਮ ਚੁੱਕਣ ਤੋਂ ਪਹਿਲਾਂ ਆਪਣੀ ਸੁਰੱਖਿਆ ਲਈ ਚਾਰੇ ਪਾਸੇ ਚੰਗੀ ਤਰ੍ਹਾਂ ਵੇਖਦਾ ਹੈ। ਉਹ ਜਾਣਦਾ ਸੀ, ਕਿ ਜਾਸੂਸ ਬਣਨ ਦਾ ਕੀ ਭਿਆਨਕ ਨਤੀਜਾ ਨਿਕਲ ਸਕਦਾ ਸੀ। ਉਹ ਚਿਹਰਾ ਜੋ ਮੈਂ ਪੈਸਕਾ ਨੂੰ ਵਿਖਾਇਆ ਸੀ, ਹੋ ਸਕਦਾ ਹੈ ਪੈਸਕਾ ਦੇ ਪਹਿਲੀ ਵਾਰੀ ਵੇਖਣ ਵੇਲੇ ਦਾੜੀ ਨਾਲ ਕੱਜਿਆ ਹੋਵੇ, ਉਹਦੇ ਗੂੜੇ ਭੂਰੇ ਵਾਲ ਬਨਾਵਟੀ ਹੋ ਸਕਦੇ ਸਨ, ਅਤੇ ਉਹਦਾ ਨਾਂ ਤੇ ਝੂਠਾ ਹੀ ਸੀ। ਪੈਸਕਾ ਨੇ ਜਦੋਂ ਉਹਨੂੰ ਵੇਖਿਆ ਹੋਵੇਗਾ ਉਸ ਤੋਂ ਮਗਰੋਂ ਪਤਾ ਨਹੀਂ ਕਿੰਨੇ ਹੀ ਸਾਲ ਬੀਤ ਚੁੱਕੇ ਹਨ; ਹੋ ਸਕਦਾ ਹੈ ਉਹ ਪਿਛੋਂ ਹੀ ਏਨਾ ਮੋਟਾ ਹੋਇਆ ਹੋਵੇ ! ਬੜੇ ਹੀ ਕਾਰਨ ਸਨ ਜਿਨ੍ਹਾਂ ਕਰਕੇ ਪੈਸਕਾ ਉਹਨੂੰ ਪਛਾਣ ਨਹੀਂ ਸਕਿਆ, ਪਰ ਕਾਊਂਟ, ਪੈਸਕਾ ਨੂੰ ਨਹੀਂ ਸੀ ਭੁੱਲ ਸਕਦਾ, ਕਿਉਂਕਿ ਪੈਸਕਾ ਦੀ ਸ਼ਕਲ ਸੂਰਤ ਅਜਿਹੀ ਸੀ ਕਿ ਉਹ ਕਿਧਰੇ ਵੀ ਜਾਵੇ, ਹਜ਼ਾਰਾਂ ਵਿਚ ਵੱਖ ਦਿਸਦਾ ਸੀ।

ਮੈਂ ਲਿਖਿਆ ਹੈ, ਕਿ ਮੈਨੂੰ ਪਤਾ ਸੀ ਕਿ ਕਾਊਂਟ ਦੇ ਦਿਲ ਵਿਚ ਕੀ ਗੱਲ ਸੀ। ਜਦੋਂ ਉਹ ਥੀਏਟਰ ਤੋਂ ਇਕਾਇਕ ਬਾਹਰ ਆ ਗਿਆ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ, ਉਹ ਇਹੀ ਸਮਝ ਰਿਹਾ ਸੀ ਕਿ ਉਹਦੇ ਭੇਸ ਬਦਲਣ ਦੇ ਬਾਵਜੂਦ ਵੀ ਪੈਸਕਾ ਨੇ ਉਸਨੂੰ ਪਛਾਣ ਲਿਆ ਸੀ। ਉਹਨੂੰ ਆਪਣੀ ਜਾਨ ਦਾ ਖਤਰਾ ਸੀ। ਜੋ ਮੈਂ ਅੱਜ ਰਾਤੀਂ ਹੀ ਉਹਦੇ ਕੋਲ ਪਹੁੰਚ ਜਾਵਾਂ ਅਤੇ ਉਹਨੂੰ ਇਹ ਦੱਸਾਂ ਕਿ ਮੈਨੂੰ ਵੀ ਉਸ ਖ਼ਤਰੇ ਦਾ ਪਤਾ ਹੈ, ਜਿਸ ਵਿਚ ਉਹ ਹੈ -ਤਾਂ

ਇਸ ਗੱਲ ਦਾ ਉਹਦੇ ਤੇ ਕੀ ਅਸਰ ਹੋਵੇਗਾ। ਸਾਡੇ ਵਿਚੋਂ ਇਕ ਜ਼ਰੂਰ ਜਿੱਤੇਗਾ। ਇਕ ਦਾ ਪਲੜਾ ਦੂਜੇ ਤੇ ਜ਼ਰੂਰ ਭਾਰੀ ਰਹੇਗਾ।

ਮੈਨੂੰ ਚੰਗੀ ਤਰ੍ਹਾਂ ਸੋਚ ਲੈਣਾ ਚਾਹੀਦਾ ਸੀ ਕਿ ਮੇਰੀ ਜਾਨ ਨੂੰ ਅੱਜ ਕਿੰਨਾ ਖ਼ਤਰਾ ਸੀ, ਅਤੇ ਆਪਣੀ ਪਤਨੀ ਸਦਕਾ ਮੈਨੂੰ ਘੱਟ ਤੋਂ ਘੱਟ ਖ਼ਤਰੇ ਵਿਚ ਪੈਣਾ ਚਾਹੀਦਾ ਸੀ। ਜੇ ਕਾਊਂਟ ਨੂੰ ਮੇਰੇ ਮੂੰਹੋਂ ਹੀ ਕਿਧਰੇ ਇਹ ਪਤਾ ਲੱਗ ਗਿਆ ਕਿ ਉਹ ਮੈਨੂੰ ਖਤਮ ਕਰਕੇ ਨਸ ਸਕਦਾ ਹੈ, ਤਾਂ ਉਹ ਮੈਨੂੰ ਇਕੱਲਿਆਂ ਵੇਖ ਕੇ ਮੈਨੂੰ ਮਾਰਨ ਦਾ ਮੌਕਾ ਕਦੀ ਵੀ ਹੱਥੋਂ ਨਹੀਂ ਜਾਣ ਦੇਵੇਗਾ। ਥੋੜ੍ਹਾ ਸੱਚਣ ਮਗਰੋਂ ਮੈਨੂੰ ਇਹੀ ਸੁਝਿਆ, ਕਿ ਉਹਦੇ ਕੋਲੋਂ ਬਚਣ ਦਾ ਇਕੋ ਤਰੀਕਾ ਹੈ ਕਿ ਮੈਂ ਉਹਦੇ ਅੱਗੇ ਜਾ ਕੇ ਸਾਰਾ ਭੇਤ ਨਾ ਖੋਲਾਂ। ਉਹਨੂੰ ਇਹੀ ਧਮਕੀ ਦੇਵਾਂ ਕਿ ਇੰਨਾ ਸਮਾਂ ਪੂਰਾ ਹੋ ਜਾਣ ਤੋਂ ਮਗਰੋਂ ਇਕ ਆਦਮੀ ਆਵੇਗਾ ਅਤੇ ਉਹ ਅੰਤਲਾ ਕਦਮ ਚੁਕੇਗਾ ਪਰ ਜੇ ਮੈਂ ਉਹਨੂੰ ਆਪਣੇ ਮੂੰਹ ਨਾਲ ਜਾਂ ਚਿੱਠੀ ਰਾਹੀਂ ਹੁਕਮ ਦਿਆਂ, ਕਿ ਇਹ ਕੰਮ ਨਾ ਕਰ-ਤਾਂ ਉਹ ਟਲ ਜਾਏਗਾ। ਇਸ ਤਰ੍ਹਾਂ ਉਹਨੂੰ ਮੇਰੀ ਵੀ ਜਾਨ ਉਨੀ ਹੀ ਪਿਆਰੀ ਹੋਵੇਗੀ, ਜਿੰਨੀ ਆਪਣੀ ਇਸ ਤਰ੍ਹਾਂ ਉਹਦੇ ਘਰ ਵੀ ਮੈਨੂੰ ਕੋਈ ਖ਼ਤਰਾ ਨਹੀਂ ਹੋਵੇਗਾ।

ਇਹ ਖਿਆਲ ਮੈਨੂੰ ਘਰ ਪਹੁੰਚਣ ਤੀਕ ਹੀ ਆ ਗਿਆ ਸੀ। ਇਹ ਮਕਾਨ, ਮੈਂ ਵਿਆਹ ਤੋਂ ਮਗਰੋਂ ਆ ਕੇ ਲਿਆ ਸੀ। ਮੈਂ ਆਪਣੀ ਚਾਬੀ ਲਾ ਕੇ ਅੰਦਰ ਚਲਾ ਗਿਆ। ਹਾਲ ਵਿਚ ਇਕ ਮੱਮਬੱਤੀ ਜਗ ਰਹੀ ਸੀ। ਮੈਂ' ਉਹਨੂੰ ਚੁੱਕ ਕੇ ਆਪਣੇ ਕੰਮ ਕਰਨ ਵਾਲੇ ਕਮਰੇ ਵਿਚ ਲੈ ਗਿਆ ਤਾਂ ਜੋ ਮੈਂ ਕਾਊਂਟ ਨਾਲ ਮੁਲਾਕਾਤ ਦੀ ਪੂਰੀ ਤਿਆਰੀ ਕਰ ਸਕਾਂ, ਇਸ ਤੋਂ ਪਹਿਲਾਂ ਕਿ ਲਾਰਾ ਜਾਂ ਮੇਰੀਅਨ ਨੂੰ ਕੋਈ ਸ਼ੱਕ ਹੋਵੇ

ਮੈਂ ਪੈਸਕਾ ਨੂੰ ਇਕ ਚਿੱਠੀ ਲਿਖੀ। ਇਸ ਚਿੱਠੀ ਨਾਲ ਹੀ ਮੇਰੀ ਜਾਨ ਬਚ ਸਕਦੀ ਸੀ। ਮੈਂ ਹੇਠ ਲਿਖੀ ਚਿੱਠੀ ਪੈਸਕਾ ਨੂੰ ਲਿਖੀ :-

"ਜਿਸ ਆਦਮੀ ਕਲ ਮੈਂ ਅੰਧੇਰਾ ਵਿਚ ਇਸ਼ਾਰਾ ਕੀਤਾ ਸੀ, ਉਹ ਬਰਦਰਹੁਡ ਦਾ ਮੈਂਬਰ ਹੈ ਅਤੇ ਉਹਨੇ ਬਰਦਰਹੁਡ ਨਾਲ ਧੋਖਾ ਕੀਤਾ ਹੈ। ਤੂੰ ਇਹ ਦੋਵੇਂ ਗੱਲਾਂ ਪੰਜ ਫਾਰੈਸਟ ਰੋਡ, ਸੇਟ ਜਾਨਸਵੁਡ ਤੋਂ ਪਤਾ ਕਰ ਸਕਦਾ ਹੈ, ਤੈਨੂੰ ਪਤਾ ਹੈ ਕਿ ਉਹ ਇਥੇ ਕਿਸ ਨਾਂ ਨਾਲ ਰਹਿੰਦਾ ਹੈ। ਇਸ ਆਦਮੀ ਤੇ ਕੋਈ ਤਰਸ ਨਾ ਖਾਈਂ। ਬਿਨਾਂ ਕਿਸੇ ਢਿੱਲ ਦੇ ਤੂੰ ਆਪਣਾ ਵਾਰ ਇਸਦੇ ਤੇ ਕਰ। ਉਸ ਪਿਆਰ ਦੀ ਖ਼ਾਤਰ, ਜਿਸ ਦੀ ਤੂੰ ਕਦੀ ਸੌਂਹ ਚੁੱਕੀ ਸੀ ! ਮੈਂ ਆਪਣੀ ਜ਼ਿੰਦਗੀ ਦੀ ਬਾਜ਼ੀ ਲਾਈ ਹੈ ਅਤੇ ਹਾਰ ਚੁੱਕਾ ਹਾਂ।"

ਹੇਠਾਂ ਮੈਂ ਤਾਰੀਖ ਪਾ ਕੇ ਆਪਣੇ ਦਸਤਖ਼ਤ ਕੀਤੇ। ਇਸ ਚਿੱਠੀ ਨੂੰ ਇਕ ਲਿਫਾਫੇ ਵਿਚ ਪਾ ਕੇ ਬੰਦ ਕਰਕੇ ਮੋਹਰ ਲਾ ਦਿੱਤੀ। ਲਿਫਾਫੇ ਦੇ ਬਾਹਰ ਮੈਂ ਲਿਖਿਆ-'ਜੇ ਕੱਲ੍ਹ ਨੌਂ' ਵਜੇ ਤੀਕ ਮੈਂ ਨਾ ਪਹੁੰਚਾ ਤਾਂ ਇਹ ਲਿਫਾਫਾ ਖੋਲ੍ਹ ਕੇ ਪੜ੍ਹ ਲੈਣਾ।" ਮੈਂ ਇਹ ਲਿਖ ਕੇ ਮੈਂ ਆਪਣੇ ਨਾਂ ਦੇ ਪਹਿਲੇ ਸ਼ਬਦ ਲਿਖੇ ਅਤੇ ਇਸ ਲਿਫਾਫੇ ਨੂੰ ਇਕ ਹੋਰ ਲਿਫਾਫੇ ਵਿਚ ਪਾ ਕੇ ਪੈਸਕਾ ਦਾ ਪਤਾ ਲਿਖਿਆ।

ਹੁਣ ਇਸ ਚਿੱਠੀ ਨੂੰ ਪੈਸਕਾ ਵੱਲ ਭੇਜਣ ਦਾ ਕੰਮ ਰਹਿ ਗਿਆ ਸੀ। ਇਸ ਤੋਂ ਵਧ ਮੈ ਹੋਰ ਕੁਝ ਨਹੀਂ ਸਾਂ ਕਰ ਸਕਦਾ। ਜੇ ਮੈਨੂੰ ਕਾਊਂਟ ਦੇ ਘਰ ਵਿਚ ਕੁਝ ਹੋ ਗਿਆ ਤਾਂ ਉਹਦੇ ਬਦਲੇ ਉਹਨੂੰ ਵੀ ਆਪਣੀ ਜਾਨ ਤੋਂ ਹੱਥ ਧੋਣੇ ਪੈਣਗੇ, ਪੈਸਕਾ ਜੋ ਚਾਹੇ ਤਾਂ ਉਹਨੂੰ ਨੱਸਣ ਤੋਂ ਹਰ ਹਾਲਤ ਵਿਚ ਰੋਕ ਸਕਦਾ ਹੈ, ਇਸ ਗੱਲ ਦਾ ਮੈਨੂੰ ਪੱਕਾ ਯਕੀਨ ਸੀ। ਉਹਦਾ ਘੜੀ ਘੜੀ ਇਸ ਗੱਲ ਤੇ ਜ਼ੋਰ ਦੇਣਾ ਕਿ ਉਹ ਕਾਊਂਟ ਨੂੰ ਨਹੀਂ ਪਛਾਣਦਾ, ਇਸ ਗੱਲ ਦੀ ਗਵਾਹੀ ਦੇਂਦਾ ਸੀ ਕਿ ਉਹ ਕੁਝ ਜਾਣ ਬੁਝ ਕੇ ਖੂਨ ਵਸਾਣ ਤੋਂ ਡਰਦਾ ਸੀ- ਭਾਵੇਂ ਬਰਦਰਹੁਡ ਦੇ ਅਸੂਲਾਂ ਅਨੁਸਾਰ ਉਹ ਉਹਨੂੰ ਸਜ਼ਾ ਦੇ ਸਕਦਾ ਸੀ। ਮੈਨੂੰ ਇੰਨਾ ਅਨੁਭਵ ਤਾਂ ਨਹੀਂ ਸੀ, ਪਰ ਮੈਂ ਵੀ ਇਹ ਗੱਲ ਜਾਣਦਾ ਸਾਂ ਕਿ ਇਹ ਬਿਦੇਸ਼ੀ ਰਾਜਨੀਤਕ ਸਭਾ ਸੁਸਾਇਟੀਆਂ ਵਾਲੇ ਆਪਣੇ ਧੋਖੇਬਾਜ਼ ਮੈਂਬਰ ਨੂੰ ਸਜ਼ਾ ਦੇਣ ਲਈ ਅਵੱਸ਼ ਢੂੰਡ ਲੈਂਦੇ ਹਨ, ਭਾਵ ਉਹ ਕਿਤੇ ਛੁਪ ਜਾਏ। ਅਖਬਾਰਾਂ ਵਿਚ ਰੋਜ਼ ਹੀ ਪੜ੍ਹਦਾ ਹੈ-, ਰਾਹ ਜਾਂਦਿਆਂ ਕਈਆਂ ਬਿਦੇਸ਼ੀਆਂ ਨੂੰ ਛੁਰੇ ਵਜਦੇ ਹਨ- ਕਈਆਂ ਨੂੰ ਮਾਰ ਕੇ ਟੇਮਸ ਦਰਿਆ ਵਿਚ ਸੁੱਟ ਦਿੱਤਾ ਜਾਂਦਾ ਹੈ, ਪਰ ਇਨ੍ਹਾਂ ਬੰਦਿਆਂ ਦੇ ਕਾਤਲ ਕਦੇ ਵੀ ਨਹੀਂ ਲੱਭੇ। ਮੈਂ ਇਨ੍ਹਾਂ ਪੰਨਿਆਂ ਵਿਚ ਆਪਣਾ ਕੁਝ ਵੀ ਓਹਲੇ ਕਰਕੇ ਨਹੀਂ ਰੱਖਿਆ, ਅਤੇ ਹੁਣ ਵੀ ਬਿਨਾਂ ਕਿਸੇ ਲੁਕਾ-ਛੁਪਾ ਦੇ ਕਹਿੰਦਾ ਹਾਂ ਕਿ ਮੈਨੂੰ ਇਹ ਵਿਸ਼ਵਾਸ ਸੀ ਕਿ ਜੇ ਕਦੀ ਪੈਸਕਾ ਨੂੰ ਇਹ ਚਿੱਠੀ ਖੋਲ੍ਹਣੀ ਪਈ ਤਾਂ ਇਹ ਕਾਊਂਟ ਫ਼ੋਸਕੋ ਦੀ ਮੌਤ ਦਾ ਵਾਰੰਟ ਹੋਵੇਗਾ।

ਮੈਂ ਹੇਠਾਂ ਉਤਰ ਕੇ ਮਕਾਨ ਮਾਲਿਕ ਕੋਲ ਚਲਿਆ ਸਾਂ, ਕਿ ਉਹ ਕਿਸੇ ਹੱਥ ਮੇਰੀ ਚਿੱਠੀ ਭੇਜ ਦੇਵੇ, ਨੇਤ ਨਾਲ ਉਹ ਉਪਰ ਆ ਰਿਹਾ ਸੀ। ਸੋ ਸਾਡਾ ਮੇਲ ਰਸਤੇ ਵਿਚ ਹੀ ਹੋ ਗਿਆ। ਉਹਨੇ ਆਪਣੇ ਪੁੱਤਰ ਨੂੰ ਚਿੱਠੀ ਲੈ ਜਾਣ ਲਈ ਕਿਹਾ। ਮੈਂ ਉਹਦੇ ਪੁੱਤਰ ਨੂੰ ਇਹ ਚਿੱਠੀ ਇਕ ਟੈਕਸੀ ਰਾਹੀਂ ਪੈਸਕਾ ਤਕ ਪਹੁੰਚਾਣ ਦੀ ਸਲਾਹ ਦਿਤੀ। ਉਹ ਟੈਕਸੀ ਰਾਹੀਂ ਚਿੱਠੀ ਲੈ ਜਾ ਕੇ ਪੈਸਕਾ ਦੇ ਹੱਥਾਂ ਵਿਚ ਦੇਵੇ, ਤੇ ਉਹਦੇ ਕੋਲੋਂ ਚਿਠੀ ਦੀ ਪਹੁੰਚ ਲਿਖਵਾ ਕੇ

ਉਸੇ ਟੈਕਸੀ ਤੇ ਵਾਪਸ ਮੇਰੇ ਕੋਲ ਲਿਆਵੇ। ਉਸੇ ਹੀ ਟੈਕਸੀ ਤੇ ਫਿਰ ਮੈਂ ਚਲਾ ਜਾਵਾਂਗਾ। ਇਸ ਤਰ੍ਹਾਂ ਉਸ ਮੁੰਡੇ ਨੂੰ ਵੀਹ ਕ ਮਿੰਟ ਲਗਣੇ ਸਨ; ਮੈਂ ਵੀਹ ਮਿੰਟਾਂ ਮਗਰੋਂ ਸੇਂਟ ਜਾਨਸ ਵੱਲ ਜਾਣ ਲਈ ਤਿਆਰ ਸਾਂ।

ਜਦੋਂ ਉਹ ਮੁੰਡਾ ਚਿੱਠੀ ਲੈ ਕੇ ਚਲਾ ਗਿਆ, ਤਾਂ ਮੈਂ ਆਪਣੇ ਕਮਰੇ ਵਿਚ ਕੁਝ ਕਾਗਜ਼ ਇਕੱਠੇ ਕਰਨ ਲਈ ਆਇਆ ਤਾਂ ਜੇ ਕਿਧਰੇ ਲੋੜ ਪੈ ਜਾਏ, ਤਾਂ ਉਹ ਕਾਗਜ਼ ਜਲਦੀ ਹੀ ਲੱਭ ਪੈਣ। ਜਿਸ ਦਰਾਜ਼ ਵਿਚ ਉਹ ਕਾਗਜ਼ ਸਨ, ਉਸ ਦੀ ਚਾਬੀ ਇਕ ਲਿਫਾਫੇ ਵਿਚ ਪਾ ਕੇ ਉਤੇ ਮੇਰੀਅਨ ਦਾ ਨਾਂ ਲਿਖ ਕੇ ਮੈਂ ਆਪਣੇ ਮੇਜ਼ ਉਤੇ ਰੱਖ ਦਿੱਤੀ। ਇਹ ਕੰਮ ਮੁਕਾ ਕੇ ਮੈਂ ਹੇਠਾਂ ਉਸ ਕਮਰੇ ਵਿਚ ਗਿਆ, ਜਿਥੇ ਲਾਰਾ ਅਤੇ ਮੇਰੀਅਨ ਮੇਰੀ ਉਡੀਕ ਵਿਚ ਬੈਠੀਆਂ ਹੋਣਗੀਆਂ। ਦਰਵਾਜ਼ੇ ਦੇ ਹੈਂਡਲ ਤੇ ਜਦ ਮੈਂ ਹੱਥ ਰਖਿਆ ਤਾਂ ਹੱਥ ਕੰਬ ਰਿਹਾ ਸੀ।

ਕਮਰੇ ਵਿਚ ਇਕੱਲੀ ਮੇਰੀਅਨ ਹੀ ਸੀ। ਮੈਨੂੰ ਵੇਖ ਕੇ ਉਹਨੇ ਘੜੀ ਵੇਖੀ ਅਤੇ ਹੈਰਾਨੀ ਵਿਚ ਬੋਲੀ- ਤੂੰ ਬੜੀ ਜਲਦੀ ਵਾਪਸ ਆ ਗਿਆ ਹੈ ! ਕੀ ਪੂਰਾ ਔਪੇਰਾ ਨਹੀਂ ਵੇਖਿਆ ਹੈ?

"ਨਹੀਂ, ਪੈਸਕਾ ਤੇ ਮੈਂ ਦੋਵੇਂ ਹੀ ਅੱਧੇ ਵਿਚੋਂ ਉਠ ਆਏ ਹਾਂ। ਲਾਰਾ ਕਿਥੇ ਹੈ?

"ਉਹਨੂੰ ਬੜੀ ਸਿਰਦਰਦ ਹੋ ਰਹੀ ਸੀ -। ਸੋ ਮੈਂ ਚਾਹ ਮਗਰੋਂ ਉਹ ਨੂੰ ਆਰਾਮ ਕਰਨ ਲਈ ਕਿਹਾ।"

ਮੇਰੀਅਨ ਦੀਆਂ ਤੇਜ਼ ਅੱਖਾਂ ਮੇਰੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕਰ ਰਹੀਆਂ ਸਨ, ਉਹ ਜਾਣ ਗਈ ਸੀ ਕਿ ਮੇਰੇ ਮਨ ਤੇ ਕੋਈ ਭਾਰ ਸੀ। ਸੋ ਮੈਂ ਕੋਈ ਬਹਾਨਾ ਪਾ ਕੇ ਲਾਰਾ ਦੇ ਕਮਰੇ ਵਿਚ ਚਲਾ ਗਿਆ।

ਮੈਂ ਸੌਣ ਵਾਲੇ ਕਮਰੇ ਵਿਚ ਗਿਆ ਤਾਂ ਮੱਧਮ ਲੈਂਪ ਦੀ ਰੌਸ਼ਨੀ ਵਿਚ ਵੇਖਿਆ ਲਾਰਾ ਸੁੱਤੀ ਹੋਈ ਸੀ।

ਸਾਡੇ ਵਿਆਹ ਨੂੰ ਅਜੇ ਇਕ ਮਹੀਨਾ ਵੀ ਨਹੀਂ ਹੋਇਆ। ਮੈਂ ਉਹਦੇ ਵੱਲ ਵੇਖਦਾ ਰਿਹਾ ਉਹਨੇ ਮੇਰੇ ਸਿਰਹਾਣੇ ਵੱਲ ਆਪਣਾ ਚਿਹਰਾ ਕੀਤਾ ਹੋਇਆ ਸੀ ਹੱਥ ਚਾਦਰ ਦੇ ਬਾਹਰ, ਜਿਵੇਂ ਮੇਰੇ ਹੱਥ ਦੀ ਉਡੀਕ ਕਰ ਰਿਹਾ ਸੀ, ਮੇਰਾ ਇਕ ਮਿੰਟ ਤਾਂ ਜੀਅ ਡੋਲ ਗਿਆ- ਇਰਾਦਾ ਕਮਜ਼ੋਰ ਪੈ ਗਿਆ! -ਇਹ ਕੁਦਰਤੀ ਹੀ ਸੀ, ਮੈਂ ਗੋਡਿਆਂ ਭਾਰ ਹੋ ਕੇ ਉਹਦੇ ਮੂੰਹ ਤੇ ਝੁਕਿਆ, ਉਹਦਾ ਸਾਹ ਮੇਰੇ ਮੂੰਹ ਤੇ ਆ ਰਿਹਾ ਸੀ। ਮੈਂ ਉਹਦੀ ਗੱਲ੍ਹ ਤੇ ਹੌਲੀ ਜਿਹੇ ਆਪਣੇ

ਬੁੱਲ੍ਹ ਛੁਹਾਏ। ਉਹ ਜ਼ਰਾ ਜਿਹੀ ਹਿੱਲੀ ਅਤੇ ਸੁੱਤੀ-ਸੁੱਤੀ ਨੇ ਮੇਰਾ ਨਾਂ ਲਿਆ, “ਰੱਬ ਤੇਰੀ ਰਖਿਆ ਕਰੇ ਮੇਰੀ ਪਿਆਰੀ !" ਮੈਂ ਆਪਣੇ ਮਨ ਵਿਚ ਹੀ ਅਰਦਾਸ ਕੀਤੀ ਅਤੇ ਬਾਹਰ ਨਿਕਲ ਆਇਆ।

ਮੇਰੀਅਨ ਪੌੜੀਆਂ ਵਿਚ ਹੀ ਖੜੀ ਸੀ। ਉਹਦੇ ਹੱਥ ਵਿਚ ਇਕ ਕਾਗਜ਼ ਸੀ। ਮੈਨੂੰ ਵੇਖ ਕੇ ਬੋਲੀ?

"ਮਕਾਨ ਮਾਲਕ ਦੇ ਲੜਕੇ ਨੇ ਇਹ ਚਿੱਠੀ ਦਿੱਤੀ ਹੈ, ਅਤੇ ਉਹ ਇਕ ਟੈਕਸੀ ਲਿਆਇਆ ਹੈ, ਕਹਿ ਰਿਹਾ ਹੈ, ਕਿ ਤੂੰ ਮੰਗਵਾਈ ਹੈ।"

"ਹਾਂ, ਮੈਂ ਬਾਹਰ ਜਾ ਰਿਹਾ ਹਾਂ।"

ਮੈਂ ਉਹ ਚਿਠੀ ਫੜ ਕੇ ਹੇਠਲੇ ਕਮਰੇ ਦੀ ਮੋਮਬੱਤੀ ਕੋਲ ਲੈ ਗਿਆ। ਪੈਸਕਾ ਦੀ ਲਿਖਾਈ ਵਿਚ ਇਹ ਦੋ ਸਤਰਾ ਸਨ :-

"ਤੇਰੀ ਚਿੱਠੀ ਮਿਲ ਗਈ ਹੈ, ਜੇ ਤੂੰ ਦਿਤੇ ਹੋਏ ਵਕਤ ਤੇ ਨਾ ਪਹੁੰਚਿਆ, ਤਾਂ ਮੈਂ ਉਸੇ ਸਮੇਂ ਚਿੱਠੀ ਖੋਲ੍ਹ ਲਵਾਂਗਾ।"

ਮੈਂ ਜੇਬ ਵਿਚ ਚਿੱਠੀ ਪਾ ਕੇ ਬੂਹਾ ਖੋਲਿਆ। ਮੇਰੀਅਨ ਦਹਿਲੀਜ਼ ਤੇ ਹੀ ਖੜੀ ਸੀ, ਉਹਨੇ ਮੈਨੂੰ ਅੰਦਰ ਵੱਲ ਧੱਕਿਆ। ਮੌਮ-ਬੱਤੀ ਦੀ ਰੋਸ਼ਨੀ ਪੂਰੀ ਤਰ੍ਹਾਂ ਮੇਰੇ ਮੂੰਹ ਤੇ ਪੈ ਰਹੀ ਸੀ। ਉਹਨੇ ਮੇਰੇ ਦੋਵੇਂ ਹੱਥ ਫੜ ਲਏ ਅਤੇ ਚੰਗੀ ਤਰ੍ਹਾਂ ਮੇਰਾ ਚਿਹਰਾ ਵੇਖਿਆ। ਉਹਨੇ ਉਤਸੁਕਤਾ ਨਾਲ ਹੌਲੀ ਜਿਹਾ ਕਿਹਾ:

"ਤਾਂ ਤੂੰ ਅੱਜ ਅਖੀਰਲਾ ਮੌਕਾ ਅਜਮਾਉਣ ਜਾ ਰਿਹਾ ਹੈ?'

"ਹਾਂ ਅਖੀਰਲਾ ਤੇ ਆਸ ਕਰਦਾ ਹਾਂ ਕਿ ਸਭ ਤੋਂ ਚੰਗਾ।" ਮੈਂ ਵੀ ਉਸੇ ਤਰ੍ਹਾਂ ਮੱਧਮ ਆਵਾਜ਼ ਵਿਚ ਉੱਤਰ ਦਿਤਾ।

"ਇਕੱਲਿਆਂ ਨਾ ਜਾ ਵਾਲਟਰ, ਮੈਨੂੰ ਆਪਣੇ ਨਾਲ ਲੈ ਚਲ-ਮੈਨੂੰ ਇਸ ਲਈ ਨਾਂਹ ਨਾ ਕਹੀ ਕਿ ਮੈਂ ਇਕ ਔਰਤ ਹਾਂ ! ਅੱਜ ਤਾਂ ਮੈਂ ਤੇਰੇ ਨਾਲ ਹੀ ਜਾਵਾਂਗੀ, ਮੈਂ ਬਾਹਰ ਟੈਕਸੀ ਵਿਚ ਬੈਠੀ ਰਵ੍ਹਾਂਗੀ।"

ਹੁਣ ਮੇਰੀ ਵਾਰੀ ਸੀ ਉਹਨੂੰ ਫੜ੍ਹਨ ਦੀ। ਉਹ ਮੇਰੇ ਹੱਥ ਛੁਡਾ ਕੇ ਦਰਵਾਜ਼ੇ ਵੱਲ ਦੌੜੀ। "ਜੇ ਤੂੰ ਮੇਰੀ ਕੋਈ ਮਦਦ ਕਰਨੀ ਚਾਹੁੰਦੀ ਏ, ਤਾਂ ਰੁਕ ਜਾ-ਅੱਜ ਮੇਰੀ ਪਤਨੀ ਦੇ ਕੋਲ ਸੌਂ ! ਮੈਨੂੰ ਲਾਰਾ ਦਾ ਫ਼ਿਕਰ ਨਾ ਰਹੇ, ਤਾਂ ਸ਼ਾਇਦ ਮੇਰਾ ਕੁਝ ਕੰਮ ਸੌਖਾ ਹੋ ਜਾਵੇਗਾ।

ਮੇਰੀਅਨ ਇਕ ਵਾਰ ਮੈਨੂੰ ਚੁੰਮ। ਮੈਂ ਦੇਖਣਾ ਚਾਹੁੰਦਾ ਹਾਂ ਤੇਰੇ ਵਿਚ ਉਡੀਕਣ ਦਾ ਹੌਂਸਲਾ ਵੀ ਹੈ।"

ਮੈਂ ਉਹਨੂੰ ਕੁਝ ਹੋਰ ਕਹਿਣ ਦਾ ਮੌਕਾ ਨਹੀਂ ਸਾਂ ਦੇਣਾ ਚਾਹੁੰਦਾ। ਉਹਨੇ ਮੈਨੂੰ ਇਕ ਵਾਰ ਫਿਰ ਫੜਨ ਦੀ ਕੋਸ਼ਿਸ਼ ਕੀਤੀ, ਪਰ ਮੈਂ ਉਹਦੇ ਹੱਥ ਪਿਛੇ ਕਰਕੇ ਕਮਰੇ ਵਿਚੋਂ ਬਾਹਰ ਨਿਕਲ ਗਿਆ। ਹੇਠਾਂ ਉਸ ਮੁੰਡੇ ਨੇ ਹਾਲ ਦਾ ਬੂਹਾ ਖੋਲ੍ਹ ਦਿਤਾ ਅਤੇ ਮੈਂ ਕੁੱਦ ਕੇ ਟੈਕਸੀ ਵਿਚ ਬੈਠ ਗਿਆ। ਮੈਂ ਡਰਾਈਵਰ ਨੂੰ ਫਾਰੈਸਟ ਰੋਡ ਸੈਂਟ ਜਾਨਜ਼ ਵੁਡ ਚਲਣ ਲਈ ਕਿਹਾ। ਮੁੜ ਮੈਂ ਬਾਰੀ ਵਿਚੋਂ ਆਵਾਜ਼ ਦਿਤੀ, "ਜੇ ਪੰਦਰਾਂ ਮਿੰਟਾਂ ਵਿਚ ਪਹੁੰਚਾ ਦੇਏ ਤਾਂ ਮੈਂ ਤੈਨੂੰ ਡਬਲ ਕਿਰਾਇਆ ਦਿਆਂਗਾ।" ਉਹਨੇ ਹਾਂ ਵਿਚ ਸਿਰ ਹਿਲਾਇਆ। ਮੈਂ ਘੜੀ ਵੇਖੀ। ਪੂਰੀ ਯਾਰਾਂ ਸਨ-ਇਕ ਇਕ ਮਿੰਟ ਕੀਮਤੀ ਸੀ।

ਟੈਕਸੀ ਅੰਨ੍ਹੇਵਾਹ ਦੌੜੀ ਜਾ ਰਹੀ ਸੀ। ਮੈਂ ਹੁਣ ਪਲ ਪਲ ਕਾਊਂਟ ਦੇ ਨੇੜੇ ਹੀ ਨੇੜੇ ਪਹੁੰਚ ਰਿਹਾ ਸੀ। ਇਹ ਖਿਆਲ ਮੈਨੂੰ ਪਾਗਲ ਕਰ ਰਿਹਾ ਸੀ, ਕਿ ਮੈਂ ਹੁਣ ਆਪਣੇ ਖ਼ਤਰਨਾਕ ਕੰਮ ਤੇ ਚਲ ਪਿਆ ਸਾਂ, ਹੁਣ ਕੋਈ ਰੁਕਾਵਟ ਨਹੀਂ ਸੀ। ਮੈਂ ਟੈਕਸੀ ਦੇ ਡਰਾਈਵਰ ਨੂੰ ਹੋਰ ਵੀ ਤੇਜ਼ ਚਲਣ ਲਈ ਕਿਹਾ; ਜਦੋਂ ਅਸੀਂ ਗਲੀਆਂ ਪਾਰ ਕਰਕੇ ਸੈਂਟ ਜਾਨਸ ਵੁਡ ਪਹੁੰਚੇ ਤਾਂ ਮੈਂ ਸਿਰ ਬਾਹਰ ਕੱਢ-ਕੱਢ ਕੇ ਵੇਖਦਾ ਸਾਂ, ਕਿ ਅਜੇ ਕਿੰਨੀ ਦੂਰ ਉਹਦਾ ਘਰ ਹੈ। ਕਿਧਰੇ ਦੂਰ ਕਿਸੇ ਗਿਰਜੇ ਦੀ ਘੜੀ ਨੇ ਸਵਾ ਯਾਰਾਂ ਵਜਾਏ, ਤਾਂ ਅਸੀਂ ਫਾਰੈਸਟ ਰੋਡ ਵਿਚ ਦਾਖਿਲ ਹੋਏ ਸਾਂ ਮੈਂ ਡਰਾਈਵਰ ਨੂੰ ਰੋਕਿਆ ਅਤੇ ਉਹਨੂੰ ਕੁਝ ਵਿੱਥ ਤੇ ਹੀ ਪੈਸੇ ਦੇ ਕੇ ਵਿਦਾ ਕੀਤਾ। ਉਥੋਂ ਪੰਦਲ ਹੀ ਕਾਊਂਟ ਦੇ ਘਰ ਵੱਲ ਤੁਰ ਪਿਆ।

ਮੈਂ ਉਹਦੇ ਬਾਗੀਚੇ ਦੇ ਫਾਟਕ ਵੱਲ ਜਾ ਰਿਹਾ ਸਾਂ ਕਿ ਇਕ ਹੋਰ ਆਦਮੀ ਨੂੰ ਵੀ ਮੈਂ ਇਧਰ ਹੀ ਆਉਂਦਿਆਂ ਵੇਖਿਆ। ਸੜਕ ਉਤੇ ਲਗੀ ਲੈਂਪ ਦੀ ਰੋਸ਼ਨੀ ਵਿਚ ਮੈਂ ਵੇਖਿਆ, ਇਹ ਉਹੀ ਆਦਮੀ ਸੀ, ਜਿਸ ਦੀ ਗੱਲ ਤੇ ਜ਼ਖਮ ਦਾ ਦਾਗ ਸੀ। ਉਹਨੇ ਵੀ ਮੈਨੂੰ ਪਛਾਣ ਲਿਆ ਸੀ, ਉਹ ਕੁੱਝ ਨਾ ਬੋਲਿਆ ਅਤੇ ਘਰ ਤੋਂ ਅੱਗੇ ਲੰਘ ਗਿਆ। ਕੀ ਉਹ ਕਾਊਂਟ ਦੇ ਪਿੱਛੇ ਆਇਆ ਸੀ, ਜਾਂ ਅਚਾਨਕ ਹੀ ਮੈਨੂੰ ਇੱਥੇ ਮਿਲ ਪਿਆ ਸੀ, ਇਸ ਵੇਲੇ ਮੈਂ ਇਨ੍ਹਾਂ ਗੱਲਾਂ ਵੱਲ ਵਧੇਰੇ ਧਿਆਨ ਨਹੀਂ ਦਿੱਤਾ। ਮੈਂ ਉਹਨੂੰ ਲੰਘ ਜਾਣ ਦਿਤਾ, ਤਾਂ ਫਾਟਕ ਦੀ ਘੰਟੀ ਵਜਾਈ!

ਉਸ ਵੇਲੇ ਯਾਰਾਂ ਵਜ ਕੇ ਵੀਹ ਮਿੰਟ ਹੋ ਚੁੱਕੇ ਸਨ, ਅਤੇ ਕਾਊਂਟ ਇਹ ਬਹਾਨਾ ਬਣਾ ਸਕਦਾ ਸੀ, ਕਿ ਉਹ ਸੌਂ ਗਿਆ ਹੈ।

ਇਸ ਲਈ ਜ਼ਰੂਰੀ ਸੀ, ਕਿ ਮੈਂ ਸਿੱਧਾ ਆਪਣੇ ਨਾਂ ਦਾ ਕਾਰਡ ਅੰਦਰ ਭੇਜਾਂ ਅਤੇ ਨਾਲ ਹੀ ਇਹ ਸੁਨੇਹਾ ਵੀ ਭੇਜ ਦਿਆਂ, ਕਿ ਮੈਨੂੰ ਉਸ ਨਾਲ ਬਹੁਤ ਜ਼ਰੂਰੀ ਕੰਮ ਹੈ, ਤਾਂ ਹੀ ਮੈਂ ਇੰਨੀ ਦੇਰ ਹੋਣ ਤੇ ਵੀ ਆਇਆ ਹਾਂ। ਮੈਂ ਜਿੰਨੀ ਦੇਰ ਕਿਸੇ ਦੇ ਆਉਣ ਦੀ ਉਡੀਕ ਕਰ ਰਿਹਾ ਸਾਂ, ਮੈਂ ਆਪਣਾ ਕਾਰਡ ਕੱਢ ਕੇ ਉਸ ਉਤੇ "ਜ਼ਰੂਰੀ ਕੰਮ" ਲਿਖ ਲਿਆ ਸੀ।

ਇਕ ਨੌਕਰਾਣੀ ਅੰਦਰੋਂ ਆਈ ਤੇ ਮੈਨੂੰ ਸ਼ੱਕ ਨਾਲ ਵੱਖਦੀ ਪੁੱਛਣ ਲੱਗੀ, ਕਿ ਮੈਨੂੰ ਕੀ ਕੰਮ ਸੀ।

"ਇਹ ਕਾਰਡ ਆਪਣੇ ਮਾਲਕ ਤਕ ਪਹੁੰਚਾ ਦਿਓ ਮੈਂ ਉਹ ਕਾਰਡ ਦੇਦਿਆਂ ਕਿਹਾ-

ਕਾਰਡ ਲੈਂਦਿਆਂ ਉਹ ਝਿਜਕ ਰਹੀ ਸੀ, ਜਿਸ ਤੇ ਮੈਂ ਅੰਦਾਜ਼ਾ ਲਾਇਆ, ਕਿ ਜੋ ਮੈਂ ਪਹਿਲਾਂ ਇਹ ਪੁੱਛਦਾ ਕਿ ਕਾਊਂਟ ਘਰ ਹੈ ਕਿ ਨਹੀਂ ਤਾਂ ਉਹਨੇ ਸਾਫ਼ ਉੱਤਰ 'ਨਾਂਹ' ਵਿਚ ਦੇਣਾ ਸੀ। ਮੇਰੇ ਵੱਲ ਉਹ ਕੁਝ ਘਬਰਾਹਟ ਨਾਲ ਵੇਖ ਰਹੀ ਸੀ। ਆਖਰ ਕਾਰਡ ਲੈ ਕੇ ਅੰਦਰ ਚਲੀ ਗਈ।

ਮੈਂ ਬਾਹਰ ਬਗੀਚੇ ਵਿਚ ਹੀ ਖੜਾ ਸਾਂ।

ਇਕ ਦੋ ਮਿੰਟ ਮਗਰੋਂ ਉਹ ਮੁੜ ਅੰਦਰ ਨਿਕਲੀ। ਉਹਦੇ ਮਾਲਕ ਨੇ ਪੁੱਛ ਭੇਜਿਆ ਸੀ ਕਿ ਮੈਨੂੰ ਉਹਦੇ ਨਾਲ ਕੀ ਕੰਮ ਹੈ। ਮੈਂ ਉਹਨੂੰ ਇਹ ਕਹਿ ਕੇ ਮੁੜ ਵਾਪਸ ਭੇਜਿਆ, ਕਿ ਉਹ ਕੰਮ ਸਿਰਫ਼ ਉਹਦੇ ਮਾਲਕ ਨੂੰ ਹੀ ਦੱਸਿਆ ਜਾ ਸਕਦਾ ਸੀ। ਉਹ ਮੁੜ ਅੰਦਰ ਗਈ, ਮੁੜ ਬਾਹਰ ਆਈ ਅਤੇ ਇਸ ਵਾਰ ਉਹਨੇ ਮੈਨੂੰ ਵੀ ਆਪਣੇ ਨਾਲ ਲੈ ਚਲਣ ਲਈ ਕਿਹਾ।

ਮੈਂ ਝੱਟ ਪੱਟ ਉਹਦੇ ਨਾਲ ਹੋ ਤੁਰਿਆ। ਅਗਲੇ ਪਲ ਮੈਂ ਕਾਂਓਂਟ ਦੇ ਘਰ ਦੇ ਅੰਦਰ ਸਾਂ।

## VII

ਹਾਲ ਵਿਚ ਕੋਈ ਲੈਂਪ ਨਹੀਂ ਸੀ ਬਲ ਰਹੀ, ਨੌਕਰਾਣੀ ਦੇ ਹੱਥ ਵਿਚ ਜਿਹੜੀ ਮੋਮਬੱਤੀ ਸੀ, ਉਸ ਦੇ ਚਾਨਣੇ ਵਿਚ ਮੈਂ ਵੇਖਿਆ, ਇਕ ਵੱਡੀ ਉਮਰ ਦੀ ਔਰਤ ਹੇਠਲੀ ਮੰਜ਼ਿਲ ਦੇ ਇਕ ਪਿਛਲੇ ਕਮਰੇ ਵਿਚ ਨਿਕਲੀ ਅਤੇ ਮੇਰੀ ਨਮਸ਼ਕਾਰ ਦਾ ਉੱਤਰ ਦਿੱਤੇ ਬਿਨਾਂ ਮੇਰੇ ਵੱਲ ਜ਼ਹਿਰ ਭਰੀ ਨਜ਼ਰ ਸੁਟਦੀ ਪੌੜੀਆਂ ਚੜਨ ਲਗ ਪਈ। ਮੇਰੀਅਨ ਦੀ

ਡਾਇਰੀ ਪੜ੍ਹਨ ਮਗਰੋਂ ਹੁਣ ਮੇਰਾ ਇਹ ਅੰਦਾਜਾ ਠੀਕ ਹੀ ਸੀ, ਕਿ ਉਹ ਹੋਰ ਕੋਈ ਨਹੀਂ, ਮੈਡਮ ਫ਼ੋਸਕੋ ਹੀ ਸੀ।

ਨੌਕਰਾਣੀ ਮੈਨੂੰ ਕਮਰੇ ਵਿਚ ਲੈ ਗਈ, ਜਿਥੋਂ ਉਹ ਔਰਤ ਨਿਕਲੀ ਸੀ। ਕਾਊਂਟ ਹੀ ਬੈਠਾ ਹੋਇਆ ਸੀ।

ਉਹਨੇ ਅਜੇ ਸ਼ਾਮ ਵਾਲੇ ਕੱਪੜੇ ਹੀ ਪਾਏ ਹੁੰਦੇ ਸਨ। ਕੋਟ ਲਾਹ ਕੇ ਇਕ ਕੁਰਸੀ ਉੱਤੇ ਸੁੱਟਿਆ ਹੋਇਆ ਸੀ। ਕਮੀਜ਼ ਦੀਆਂ ਬਾਹਵਾਂ ਉਹਨੇ ਅਰਕਾਂ ਤਕ ਚੁੱਕੀਆਂ ਹੁੰਦੀਆਂ ਸਨ। ਇਕ ਪਾਸੇ ਇਕ ਬੈਗ ਪਿਆ ਸੀ, ਦੂਜੇ ਪਾਸੇ ਇਕ ਬਕਸਾ। ਕਿਤਾਬਾਂ, ਕਾਗਜ਼ ਅਤੇ ਕੱਪੜੇ ਸਭ ਪਾਸੇ ਖਿਲਰੇ ਪਏ ਸਨ। ਮੇਜ਼ ਉੱਤੇ ਉਹ ਪਿੰਜਰਾ ਵੀ ਸੀ, ਜਿਸ ਵਿਚ ਚਿੱਟੇ ਚੂਹੇ ਸਨ। ਮੈਂਨਾ ਤੇ ਚਿੜੀਆਂ ਸ਼ਾਇਦ ਦੂਜੇ ਕਮਰੇ ਵਿਚ ਸਨ। ਉਹ ਬਕਸੇ ਵਿਚ ਕੁਝ ਚੀਜ਼ਾਂ ਪਾ ਰਿਹਾ ਸੀ, ਮੇਰਾ ਸਵਾਗਤ ਕਰਨ ਲਈ ਜਦ ਉਠਿਆ ਤਾਂ ਵੀ ਉਹਦੇ ਹੱਥ ਵਿਚ ਕੁਝ ਕਾਗਜ਼ ਸਨ। ਉਹਨੂੰ ਜੋ ਔਪੇਰਾ ਵਿਚ ਧੱਕਾ ਲੱਗ ਚੁੱਕਾ ਸੀ, ਅਜੇ ਤਕ ਉਹਦੇ ਚਿਹਰੇ ਉੱਤੇ ਉਹਦਾ ਪ੍ਰਭਾਵ ਦਿਸ ਰਿਹਾ ਸੀ, ਉਹਦੀਆਂ ਮੋਟੀਆਂ ਗੱਲਾਂ ਲਮਕ ਰਹੀਆਂ ਸਨ, ਅਤੇ ਡਰੀਆਂ ਅੱਖਾਂ ਬੜੀਆਂ ਚੌਕਸ ਸਨ। ਉਹ ਮੈਨੂੰ ਵੀ ਸ਼ੱਕ ਨਾਲ ਹੀ ਵੇਖ ਰਿਹਾ ਸੀ, ਅਤੇ ਮੈਨੂੰ ਉਹਨੇ ਬੜੀ ਰੁੱਖੀ ਤਰ੍ਹਾਂ ਕੁਰਸੀ ਤੇ ਬੈਠਣ ਲਈ ਕਿਹਾ।

"ਤੁਸੀਂ ਕਿਸੇ ਕੰਮ ਆਏ ਹੋ-? ਪਰ ਮੈਂ ਨਹੀਂ ਸਮਝ ਸਕਦਾ ਕਿ ਇਸ ਵੇਲੇ ਤੁਹਾਨੂੰ ਕੀ ਕੰਮ ਹੋ ਸਕਦਾ ਹੈ?" ਉਹਦੀ ਉਤਸਕ ਤਕਣੀ ਤੋਂ ਮੈਂ ਭਾਵ ਲਿਆ ਕਿ ਉਹਨੇ ਥੀਏਟਰ ਵਿਚ ਮੈਨੂੰ ਵੇਖਿਆ ਹੀ ਨਹੀਂ ਸੀ, ਉਹਨੇ ਪੈਸਕਾ ਨੂੰ ਹੀ ਵੇਖਿਆ ਸੀ ਅਤੇ ਉਸ ਸਮੇਂ ਤੋਂ ਪਿੱਛੋਂ ਉਹਨੂੰ ਕੁਝ ਹੋਰ ਦਿਸਿਆ ਹੀ ਨਹੀਂ ਸੀ। ਮੇਰੇ ਨਾਂ ਤੋਂ ਹੀ ਉਹਨੂੰ ਪਤਾ ਲੱਗ ਗਿਆ ਹੋਵੇ ਕਿ ਮੈਂ ਉਹਦਾ ਦੋਸਤ ਨਹੀਂ ਸਾਂ! ਪਰ ਤਾਂ ਵੀ ਮੈਨੂੰ ਲੱਗਾ ਕਿ ਉਹ ਇਸ ਵੱਲੋਂ ਬਿਲਕੁਲ ਨਹੀਂ ਸਮਝ ਰਿਹਾ ਸੀ ਕਿ ਮੈਨੂੰ ਉਹਦੇ ਨਾਲ ਕੀ ਕੰਮ ਹੋ ਸਕਦਾ ਹੈ।

"ਮੇਰੀ ਕਿਸਮਤ ਚੰਗੀ ਹੈ, ਕਿ ਤੁਸੀਂ ਮੈਨੂੰ ਘਰ ਮਿਲ ਗਏ ਹੋ-ਤੁਸੀਂ ਸਫ਼ਰ ਦੀ ਤਿਆਰੀ ਕਰ ਰਹੇ ਦਿਸਦੇ ਹੋ--" ਮੈਂ ਕਿਹਾ।

"ਕੀ ਤੁਹਾਡਾ ਮੇਰੇ ਸਫ਼ਰ ਬਾਰੇ ਕੋਈ ਕੰਮ ਹੈ-?'

"ਹਾਂ, ਕਿਸੇ ਹੱਦ ਤੱਕ !" ਮੈਂ ਉੱਤਰ ਦਿੱਤਾ।

"ਕਿਸੇ ਹੱਦ ਤੱਕ? - ਕੀ ਤੁਸੀਂ ਜਾਣਦੇ ਹੋ ਕਿ ਮੈਂ ਕਿਥੇ ਜਾ ਰਿਹਾ ਹਾਂ?'

"ਨਹੀਂ, - ਮੈਂ ਸਿਰਫ਼ ਇਹ ਜਾਣਦਾ ਹਾਂ, ਕਿ ਤੁਸੀਂ ਲੰਦਨ ਨੂੰ ਕਿਉਂ ਛੱਡ ਰਹੇ ਹੋ?"

ਉਹਨੇ ਬਿਜਲੀ ਦੀ ਤੇਜ਼ੀ ਨਾਲ ਮੇਰੇ ਕੋਲੋਂ ਲੰਘ ਕੇ ਕਮਰੇ ਨੂੰ ਤਾਲਾ ਮਾਰ ਦਿੱਤਾ ਅਤੇ ਚਾਬੀ ਆਪਣੀ ਜੇਬ ਵਿਚ ਪਾ ਲਈ।

"ਮਿਸਟਰ ਹਾਰਟਰਾਈਟ, ਅਸੀਂ ਦੋਵੇਂ ਇਕ ਦੂਜੇ ਨੂੰ ਨਾਂ ਤੋਂ ਚੰਗੀ ਤਰ੍ਹਾਂ ਜਾਣਦੇ ਹਾਂ, ਤੁਹਾਨੂੰ ਇੱਥੇ ਆਉਣ ਵੇਲੇ ਇਹ ਗੱਲ ਤੇ ਨਹੀਂ ਭੁਲੀ ਹੋਈ ਸੀ, ਕਿ ਮੈਂ ਕਿਸੇ ਕਿਸਮ ਦਾ ਮਖੌਲ ਬਰਦਾਸ਼ਤ ਨਹੀਂ ਕਰਦਾ?"

"ਨਹੀਂ, ਮੈਨੂੰ ਯਾਦ ਸੀ।- ਪਰ ਮੈਂ ਤੁਹਾਡਾ ਮਖੌਲ ਉਡਾਉਣ ਨਹੀਂ ਆਇਆ, ਮੈ ਇਥੇ ਇਕ ਗੰਭੀਰ ਕੰਮ ਬਾਰੇ ਆਇਆ ਹਾਂ, ਜ਼ਿੰਦਗੀ ਅਤੇ ਮੌਤ ਦਾ ਸਵਾਲ ਹੈ। ਜੇ ਇਹ ਦਰਵਾਜ਼ਾ ਖੁੱਲਾ ਵੀ ਹੁੰਦਾ ਤਾਂ ਵੀ ਮੈਂ ਕਿਸੇ ਸੂਰਤ ਵਿਚ ਬਾਹਰ ਜਾਣ ਲਈ ਤਿਆਰ ਨਾ ਹੁੰਦਾ।"

ਮੈਂ ਅੱਗੇ ਲੰਘ ਕੇ ਬਿਲਕੁਲ ਉਹਦੇ ਸਾਹਮਣੇ ਅੰਗੀਠੀ ਅੱਗੇ ਪਏ ਗਲੀਚੇ ਉੱਤੇ ਖੜੀ ਉਹ ਕੁਰਸੀ ਦਰਵਾਜ਼ੇ ਅੱਗੇ ਰੱਖ ਕੇ ਬੈਠ ਗਿਆ। ਉਹਦੀ ਖੱਬੀ ਬਾਂਹ ਮੇਜ਼ ਤੇ ਟਿਕੀ ਹੋਈ ਸੀ ਉਹਦੇ ਬਾਂਹ ਰੱਖਣ ਨਾਲ ਮੇਜ਼ ਤੇ ਪਿੰਜਰਾ ਹਿੱਲ ਉਠਿਆ ਸੀ ਅਤੇ ਚੂਹੇ ਤਾਰਾਂ ਵਿਚੋਂ ਆਪਣੇ ਮਾਲਕ ਨੂੰ ਵੇਖੀ ਜਾ ਰਹੇ ਸਨ।

"ਜ਼ਿੰਦਗੀ ਅਤੇ ਮੌਤ ਦਾ ਮਾਮਲਾ ਹੈ-?" ਉਹਨੇ ਦੁਹਰਾਇਆ, "ਕੀ ਤੁਸੀਂ ਇਨ੍ਹਾਂ ਸ਼ਬਦਾ ਦੀ ਗੰਭੀਰਤਾ ਸਮਝਦੇ ਹੋ-? ਤੁਹਾਡਾ ਕੀ ਭਾਵ ਹੈ-?"

"ਮੇਰਾ ਉਹੀ ਮਤਲਬ ਹੈ, ਜੋ ਮੈਂ ਕਹਿ ਰਿਹਾ ਹਾਂ।" ਉਹਦੇ ਚੌੜੇ ਮੱਥੇ ਉੱਤੇ ਤ੍ਰੇਲੀਆਂ ਚੌਂ ਪਈਆਂ। ਉਹਨੇ ਖੱਬਾ ਹੱਥ ਮੇਜ਼ ਦੇ ਇਕ ਦਰਾਜ਼ ਉੱਤੇ ਰੱਖਿਆ। ਇਸ ਦਰਾਜ਼ ਦੀ ਚਾਬੀ ਨਾਲ ਹੀ ਲੱਗੀ ਹੋਈ ਸੀ, ਉਹਨੇ ਚਾਬੀ ਨੂੰ ਹੱਥ ਨਾਲ ਕੱਜ ਲਿਆ।

"ਤਾਂ ਤੁਸੀਂ ਜਾਣਦੇ ਹੋ ਕਿ ਮੈਂ ਲੰਦਨ ਕਿਉਂ ਛੱਡ ਰਿਹਾ ਹਾਂ-?" ਕੀ ਤੁਸੀਂ ਮੈਨੂੰ ਦਸ ਸਕਦੇ ਹੋ--" ਇਹ ਕਹਿੰਦਿਆਂ ਕਹਿੰਦਿਆਂ ਉਹਨੇ ਦਰਾਜ਼ ਦੀ ਚਾਬੀ ਘੁਮਾਈ ਅਤੇ ਉਹਨੂੰ ਖੋਲਿਆ।

"ਮੈਂ ਇਸ ਤੋਂ ਵੀ ਅੱਗੇ ਆ ਸਕਦਾ ਹਾਂ? ਮੈਂ ਤੁਹਾਨੂੰ ਕਾਰਣ 'ਵਿਖਾ' ਸਕਦਾ ਹਾਂ ਜੇ ਤੁਸੀਂ ਚਾਹੋ ਤੇ।"

"ਦਿਖਾ ਦਿਉ ! -ਕਿਸ ਤਰ੍ਹਾਂ-?"

"ਤੁਸੀਂ ਆਪਣਾ ਕੱਟ ਲਾਹਿਆ ਹੀ ਹੋਇਆ ਹੈ-? ਕਮੀਜ਼ ਦੀ ਖੱਬੀ ਬਾਂਹ ਜ਼ਰਾ ਮੋਢਿਆਂ ਤਕ ਉਚੀ ਕਰੋ, ਕਾਰਣ ਤੁਹਾਨੂੰ ਦਿਸ ਪਵੇਗਾ।"

ਉਹਦਾ ਪੀਲਾ ਰੰਗ ਫਿਰ ਸਵਾਹ ਵਰਗਾ ਹੋ ਗਿਆ, ਜਿਵੇਂ ਥੀਏਟਰ ਵਿਚ ਹੋਇਆ ਸੀ, ਉਹਦੀਆਂ ਅੱਖਾਂ ਵਿਚ ਬਿਜਲੀ ਚਮਕ-ਚਮਕ ਕੇ ਸਿਧੀ ਮੇਰੇ ਤੇ ਪੈ ਰਹੀ ਸੀ। ਉਹ ਕੁਝ ਨਾ ਬੋਲਿਆ, ਖੱਬੇ ਹੱਥ ਨਾਲ ਦਰਾਜ਼ ਖੋਲ ਕੇ ਉਹਦੇ ਅੰਦਰ ਹੀ ਕੋਈ ਭਾਰੀ ਚੀਜ਼ ਉਹਨੇ ਘਸੀਟੀ ਫਿਰ ਚੁਪ-ਚਾਪ ਹੋ ਗਈ। ਏਨੀ ਡੂੰਘੀ ਚੁੱਪ ਸੀ, ਕਿ ਚੂਹਿਆਂ ਦੀ ਆਵਾਜ਼ ਸਾਫ਼ ਸੁਣਾਈ ਦੇਣ ਲਗ ਪਈ।

ਉਸ ਵੇਲੇ ਮੈਂ ਮੌਤ ਕਿਨਾਰੇ ਖੜਾ ਸਾਂ-! ਮੈਂ ਜਾਣਦਾ ਸਾਂ। ਉਸ ਅਖੀਰਲੇ ਪਲ ਮੈਂ ਉਹਦੇ ਦਿਮਾਗ ਨਾਲ ਹੀ ਸੋਚਿਆ,- ਮੈਂ ਉਹਦੀਆਂ ਉਂਗਲਾਂ ਨਾਲ ਕੁਝ ਪਲੋਸਿਆ, -! ਮੈਨੂੰ ਪਤਾ ਸੀ ਕਿ ਉਹ ਦਰਾਜ਼ ਦੇ ਅੰਦਰ ਉਹਦੇ ਹੱਥ ਵਿਚ ਕੀ ਸੀ!

"ਥੋੜ੍ਹਾ ਸਬਰ ਕਰੋ!" ਮੈਂ ਉਹਨੂੰ ਕਿਹਾ "ਦਰਵਾਜ਼ੇ ਨੂੰ ਤਾਲਾ ਲੱਗਾ ਹੈ;--ਮੈਂ ਆਪਣੀ ਥਾਂ ਤੋਂ ਹਿੱਲ ਨਹੀਂ ਰਿਹਾ; ਮੇਰੇ ਹੱਥਾਂ ਵਿਚ ਕੋਈ ਹਥਿਆਰ ਨਹੀਂ। ਜ਼ਰਾ ਸਬਰ ਕਰੋ ਮੈਂ ਕੁਝ ਹੋਰ ਵੀ ਕਹਿਣਾ ਹੈ !"

"ਤੁਸੀਂ ਬਹੁਤ ਕੁਝ ਕਹਿ ਚੁੱਕੇ ਹੋ !" ਉਹਨੇ ਬੜੇ ਸ਼ਾਂਤ ਲਹਿਜੇ ਵਿਚ ਕਿਹਾ ਇਸ ਲਹਿਜੇ ਨਾਲ ਮੈਂ ਬੜਾ ਪਰੇਸ਼ਾਨ ਹੋ ਉਠਿਆ ਸਾਂ-ਜੋ ਉਹ ਗੁੱਸੇ ਵਿਚ ਬੋਲਦਾ ਜਾਂ ਕੁਛ ਹੋਰ ਅਜਿਹਾ ਰੌਲਾ ਆਦਿ ਪਾਉਂਦਾ, ਤਾਂ ਸ਼ਾਇਦ ਮੈਂ ਏਨਾ ਬੈਚੇਨ ਨਾ ਹੁੰਦਾ।

"ਮੈਨੂੰ ਇਕ ਪਲ ਸੋਚਣ ਲਈ ਚਾਹੀਦਾ ਹੈ;-ਕੀ ਤੁਹਾਨੂੰ ਪਤਾ ਹੈ ਮੈਂ ਕੀ ਸੋਚ ਰਿਹਾ ਹਾਂ-?"

"ਸ਼ਾਇਦ ਮੈਂ ਜਾਣਦਾ ਹਾਂ।"

"ਮੈਂ ਇਹ ਸੋਚ ਰਿਹਾ ਹਾਂ, ਕਿ ਕੀ ਮੈਂ ਤੁਹਾਨੂੰ ਇਹ ਗੋਲੀ ਮਾਰਕੇ ਇਸ ਗੰਦੇ ਕਮਰੇ ਨੂੰ ਹੋਰ ਗੰਦਾ ਕਰਾਂ ਕਿ ਨਾਂ !" ਉਹ ਬੋਲਿਆ।

ਜੇ ਮੈਂ ਹਿਲਦਾ ਤਾਂ ਉਹਨੇ ਮੈਨੂੰ ਉਸੇ ਪਲ ਗੋਲੀ ਮਾਰ ਦੇਣੀ ਸੀ। ਇਹ ਮੈਂ ਉਹਦੇ ਚਿਹਰੇ ਤੋਂ ਵੇਖ ਲਿਆ ਸੀ। "ਇਸ ਗੱਲ ਦਾ ਫੈਸਲਾ ਕਰਨ ਤੋਂ ਪਹਿਲਾਂ ਤੁਸੀਂ ਦੋ ਲਾਈਨਾਂ ਪੜ੍ਹ ਲਵੋ, ਕਾਗਜ਼ ਮੇਰੇ ਕੋਲ ਹੈ।" ਮੈਂ ਉੱਤਰ ਦਿੱਤਾ, ਉਹ ਜਾਣਨ ਲਈ ਉਤਸਕ ਸੀ, ਕਿ ਕਾਗਜ਼ ਵਿਚ ਕੀ ਹੈ? ਮੈਂ ਆਪਣੀ ਪਾਕੇਟ ਬੁੱਕ ਵਿਚੋਂ ਪੈਸਕਾ ਦਾ ਉਹ ਦੋ ਸਤਰਾਂ ਵਾਲਾ ਕਾਗਜ਼ ਉਹਦੇ ਅਗੇ ਕਰਕੇ ਫਿਰ ਆਪਣੀ ਥਾਂ ਤੇ ਖੜ੍ਹਾ ਹੋ ਗਿਆ।

ਉਹਨੇ ਉੱਚੀ ਪੜਿਆ, "ਤੇਰੀ ਚਿੱਠੀ ਮਿਲ ਗਈ ਹੈ ਜੇ ਤੂੰ ਦਿਤੇ ਹੋਏ ਵਕਤ ਤਕ ਨਾ ਪਹੁੰਚਿਆ ਤਾਂ ਮੈਂ ਘੰਟਾ ਖੜਕਣ ਦੇ ਨਾਲ ਹੀ ਚਿੱਠੀ ਖੋਲ੍ਹ ਲਵਾਂਗਾ।"

ਜੇ ਕੋਈ ਹੋਰ ਆਦਮੀ ਉਹਦੀ ਥਾਂ ਤੇ ਹੁੰਦਾ ਤਾਂ ਸ਼ਾਇਦ ਉਹਨੂੰ ਖੁੱਲ ਕੇ ਸਮਝਾਉਣਾ ਪੈਂਦਾ ਪਰ ਕਾਊਂਟ ਨੂੰ ਕੁਝ ਸਮਝਾਉਣ ਦੀ ਲੋੜ ਨਹੀਂ ਸੀ। ਉਹਨੂੰ ਇਹ ਸਭ ਪਤਾ ਲੱਗ ਗਿਆ ਸੀ, ਕਿ ਮੈਂ ਆਪਣੀ ਜਾਨ ਬਚਾਉਣ ਲਈ ਇਹ ਸਾਵਧਾਨੀ ਵਰਤੀ ਸੀ। ਉਹਦੇ ਮੂੰਹ ਦਾ ਉਹ ਭਾਵ ਇਕਾਇਕ ਬਦਲ ਗਿਆ, ਅਤੇ ਉਹਨੇ ਆਪਣਾ ਹੱਥ ਖਾਲੀ ਹੀ ਦਰਾਜ਼ ਵਿਚੋਂ ਬਾਹਰ ਕੱਢ ਲਿਆ।

"ਮੈਂ ਦਰਾਜ਼ ਨੂੰ ਤਾਲਾ ਨਹੀਂ ਮਾਰ ਰਿਹਾ, ਮਿਸਟਰ ਹਾਰਟਰਾਈਟ, ਕਿਉਂਕਿ ਅਜੇ ਮੈਂ ਇਹ ਫੈਸਲਾ ਪੱਕਾ ਨਹੀਂ ਕੀਤਾ, ਕਿ ਤੁਹਾਨੂੰ ਗੋਲੀ ਮਾਰਾਂਗਾ ਕਿ ਨਹੀਂ, ਪਰ ਮੈਂ ਇਨਸਾਫ਼ ਪਸੰਦ ਬੰਦਾ ਹਾਂ, ਮੰਨਦਾ ਹਾਂ ਕਿ ਮੇਰੇ ਤੋਂ ਵੀ ਕਈ ਲੋਕ ਹੁਸ਼ਿਆਰ ਹਨ, ਮੈਂ ਦੁਸ਼ਮਣ ਦੀ ਵੀ ਪ੍ਰਸ਼ੰਸਾ ਕਰ ਸਕਦਾ ਹਾਂ। ਚਲੋ ਹੁਣ ਮਤਲਬ ਦੀ ਗੱਲ ਤੇ ਆਉ ਤੁਹਾਨੂੰ ਮੇਰੇ ਨਾਲ ਕੀ ਕੰਮ ?"

"ਹਾਂ, ਮੈਂ ਤੁਹਾਡੇ ਕੋਲੋਂ ਕੁਝ ਲੈਣਾ ਹੈ, ਅਤੇ ਲੈ ਕੇ ਹੀ ਜਾਵਾਂਗਾ।"

"ਕਿਸ ਸ਼ਰਤ ਤੇ -?"

"ਕੋਈ ਸ਼ਰਤ ਨਹੀਂ ਹੋਵੇਗੀ!"

ਉਹਨੇ ਫਿਰ ਆਪਣਾ ਹੱਥ ਦਰਾਜ਼ ਵਿਚ ਪਾ ਲਿਆ। "ਅਸੀਂ ਮੁੜ-ਮੁੜ ਕੇ ਇਕੋ ਥਾਂ ਤੇ ਪਹੁੰਚ ਜਾਂਦੇ ਹਾਂ। ਜਾਪਦਾ ਹੈ, ਇਹ ਤੁਹਾਡਾ ਤੇਜ਼ ਦਿਮਾਗ ਖ਼ਤਰੇ ਵਿਚ ਹੈ। ਤੁਸੀਂ ਬਦਤਮੀਜ਼ੀ ਨਾਲ ਬੋਲ ਰਹੇ ਹੋ ਜਨਾਬ, ਆਪਣਾ ਲਹਿਜਾ ਠੀਕ ਕਰੋ।

ਮੇਰੇ ਲਈ ਤੁਹਾਨੂੰ ਇਥੇ ਹੀ ਗੋਲੀ ਮਾਰਨੀ ਠੀਕ ਏ, ਤੁਹਾਨੂੰ ਘਰ ਵਿਚੋਂ ਬਾਹਰ ਜਾਣ ਦੇਣਾ ਮੇਰੇ ਲਈ ਖ਼ਤਰੇ ਤੋਂ ਖਾਲੀ ਨਹੀਂ। ਹੁਣ ਤੁਸੀਂ ਮੇਰੇ ਮਰ ਚੁਕੇ ਮਿੱਤਰ ਨਾਲ ਸੌਦਾ ਨਹੀਂ ਕਰ ਰਹੇ ਤੁਹਾਡਾ ਮੁਕਾਬਲਾ ਫ਼ੋਸਕੋ ਨਾਲ ਹੈ। ਜੇ ਮੈਂ ਵੀਹ ਹਾਰਟਰਾਈਟ ਉੱਤੋਂ ਲੰਘ ਕੇ ਆਪਣੀ ਜਾਨ ਬਚਾ ਸਕਾਂ, ਤਾਂ ਜ਼ਰਾ ਵੀ ਨਾ ਹਿਚਕਾਂਗਾ ਅਤੇ ਵੀਹਾਂ ਉਪਰ ਹੀ ਪੈਰ ਰੱਖ ਕੇ ਲੰਘ ਜਾਵਾਂਗਾ। ਮੈਂ ਏਨੀ ਜਲਦੀ ਹੌਂਸਲਾ ਨਹੀਂ ਹਾਰਦਾ ਅਤੇ ਨਾਂ ਹੀ ਮੇਰਾ ਦਿਲ ਡੋਲਦਾ ਹੈ। ਮੇਰੀ ਪੂਰੀ ਇਜ਼ਤ ਕਰੋ, ਜੇ ਤੁਹਾਨੂੰ ਆਪਣੀ ਜਾਨ ਨਾਲ ਪਿਆਰ ਹੈ-! ਕੁਝ ਹੋਰ ਬੋਲਣ ਤੋਂ ਪਹਿਲਾਂ ਮੇਰੇ ਤਿੰਨੇ ਸਵਾਲਾਂ ਦਾ ਜਵਾਬ ਦਿਓ। ਧਿਆਨ ਨਾਲ ਸੁਣੋ- ਇਸ ਮੁਲਾਕਾਤ ਲਈ ਇਹ ਬਹੁਤ ਜ਼ਰੂਰੀ-ਹਨ-ਅਤੇ ਮੈਨੂੰ ਇਨ੍ਹਾਂ ਦਾ ਉੱਤਰ ਚਾਹੀਦਾ ਹੈ।" ਉਹਨੇ ਆਪਣੇ ਸੱਚੇ ਰੱਬ ਦੀ ਇਕ ਉਂਗਲੀ ਚੁੱਕੀ, "ਪਹਿਲਾ ਸਵਾਲ ਹੈ- 'ਤੁਸੀਂ ਸਾਰੀ ਜਾਣਕਾਰੀ ਲੈ ਕੇ ਆਏ ਹੋ-ਇਹ ਭਾਵੇਂ ਝੂਠੀ ਹੋਵੇ ਭਾਵੇਂ ਸੱਚੀ -ਪਰ ਤੁਹਾਨੂੰ ਕਿਸ ਨੇ ਸਭ ਕੁਝ ਦਸਿਆ ਹੈ -?"

"ਮੈਂ ਤੁਹਾਨੂੰ ਇਹ ਨਹੀਂ ਦਸ ਸਕਦਾ,"

"ਕੋਈ ਗੱਲ ਨਹੀਂ-ਮੈਂ ਆਪੇ ਹੀ ਪਤਾ ਲਾ ਲਵਾਂਗਾ। ਜੇ ਤੁਹਾਡੀ ਜਾਣਕਾਰੀ ਸੱਚੀ ਹੈ, ਤਾਂ ਮੈਂ ਪੂਰੇ ਜ਼ੋਰ ਨਾਲ ਇਸ ਗੱਲ ਦਾ ਪਤਾ ਕਰਾਂਗਾ, ਕਿ ਉਹ ਧੋਖੇਬਾਜ਼ ਕੌਣ ਹੈ-ਤੁਸੀਂ ਕਿ ਕਈ ਹੋਰ-? ਮੈਂ ਕੁਝ ਭੁਲਦਾ ਨਹੀਂ। ਮੇਰਾ ਦੂਜਾ ਸਵਾਲ ਹੈ-ਤੁਸੀਂ ਇਹ ਸਤਰਾਂ ਮੈਨੂੰ ਜੋ ਪੜ੍ਹਾਈਆਂ ਹਨ, ਉਨ੍ਹਾਂ ਹੇਠਾਂ ਕੋਈ ਦਸਤਖਤ ਨਹੀਂ। ਇਹ ਕਿਸਨੇ ਲਿਖੀਆਂ ਹਨ?" "ਉਸ ਆਦਮੀ ਨੇ, ਜਿਸ ਉਤੇ ਮੇਰਾ ਪੂਰਾ ਪੂਰਾ ਵਿਸ਼ਵਾਸ ਹੈ ਅਤੇ ਜਿਸ ਕੋਲੋਂ ਤੁਹਾਨੂੰ ਡਰ ਹੈ।"

ਮੇਰੇ ਇਸ ਉੱਤਰ ਨਾਲ ਉਹਦੇ ਉਤੇ ਕੁਝ ਅਸਰ ਹੋਇਆ ਦਿਸਿਆ, ਦਰਾਜ਼ ਵਿਚ ਉਹਦਾ ਖੱਬਾ ਹੱਥ ਕੰਬ ਰਿਹਾ ਸੀ। ਉਹਨੇ ਆਪਣਾ ਤੀਜਾ ਸਵਾਲ ਜ਼ਰਾ ਹੌਲੀ ਪੁੱਛਿਆ।

"ਮੈਨੂੰ ਕਿੰਨੇ ਘੰਟਿਆਂ ਦੀ ਮੁਹਲਤ ਦੇ ਰਹੇ ਹੋ। ਕਿੰਨੇ ਵਜੇ ਉਹ ਚਿੱਠੀ ਖੁਲੇਗੀ।"

"ਮੇਰੀ ਗੱਲ ਮੰਨਣ ਲਈ ਤੁਹਾਡੇ ਕੋਲ ਬਥੇਰਾ ਸਮਾਂ ਹੈ।"

"ਮੈਨੂੰ ਸਾਫ਼-ਸਾਫ਼ ਦੱਸੋ, ਕਿ ਕਿੰਨੇ ਵਜੇ ਤੱਕ ਉਹ ਚਿੱਠੀ ਖੁਲ੍ਹੇਗੀ?"

"ਕਲ੍ਹ ਸਵੇਰੇ ਨੌਂ ਵਜੇ।"

'ਕਲ੍ਹ ਸਵੇਰੇ ਨੌਂ ਵਜੇ। ਤੁਸੀਂ ਆਪਣਾ ਜਾਲ ਪੂਰਾ ਵਿਛਾ ਕੇ ਆਏ ਹੋ। ਇੰਨੇ ਵਕਤ ਵਿਚ ਮੈਂ ਆਪਣਾ ਪਾਸਪੋਰਟ ਠੀਕ ਠਾਕ ਕਰਵਾ ਕੇ ਲੰਦਨ ਤੋਂ ਜਾ ਵੀ ਨਹੀਂ ਸਕਦਾ। ਕੀ

ਇਹ ਪੱਕਾ ਹੈ ਕਿ ਇਸ ਤੋਂ ਪਹਿਲਾਂ ਚਿੱਠੀ ਨਹੀਂ ਖੁਲ੍ਹੇਗੀ? ਖੈਰ, ਇਸ ਦਾ ਅਸੀਂ ਹੁਣੇ ਫੈਸਲਾ ਕਰ ਲਵਾਂਗੇ। ਮੈਂ ਤੁਹਾਨੂੰ ਇਥੇ ਕੈਦ ਕਰ ਸਕਦਾ ਹਾਂ, ਜਦੋਂ ਤੀਕ ਤੁਸੀਂ ਉਹ ਚਿੱਠੀ ਵਾਪਸ ਨਾ ਮੰਗਵਾ ਲਵੋ। ਹਾਂ ਹੁਣ ਤੁਸੀਂ ਦੱਸੋ ਕਿ ਤੁਹਾਨੂੰ ਕੀ ਕੰਮ ਹੈ !"

"ਮੇਰਾ ਕੰਮ ਬਹੁਤ ਸਾਦਾ ਹੈ- ਅਤੇ ਮੈਂ ਹੁਣੇ ਦਸਦਾ ਹਾਂ। ਤੁਸੀਂ ਸ਼ਾਇਦ ਅੰਦਾਜ਼ਾ ਲਾ ਹੀ ਲਿਆ ਹੋਵੇਗਾ, ਕਿ ਮੈਂ ਇਥੇ ਕਿਸ ਵਲੋਂ ਆਇਆ ਹਾਂ।"

ਉਹ ਬੜੀ ਸ਼ਾਂਤੀ ਨਾਲ ਮੁਸਕਰਾਇਆ ਅਤੇ ਬੜੀ ਬੇਰੁਖੀ ਨਾਲ ਆਪਣਾ ਸੱਜਾ ਹੱਥ ਹਿਲਾਂਦਾ ਬੋਲਿਆ :।

"ਕਿਸੇ ਔਰਤ ਵਲੋਂ ਆਏ ਹੋ ਮੇਰਾ ਇਹੀ ਅੰਦਾਜ਼ਾ ਹੈ।"

"ਮੈਂ ਆਪਣੀ ਪਤਨੀ ਦੇ ਕਿਸੇ ਕੰਮ ਲਈ ਆਇਆ ਹਾਂ।"

ਪਹਿਲੀ ਵਾਰ ਉਹਦੇ ਚਿਹਰੇ ਉਤੇ ਉਹਦੇ ਦਿਲ ਦਾ ਭਾਵ ਅਸਲ ਰੂਪ ਵਿਚ ਪ੍ਰਗਟ ਹੋਇਆ। ਉਹ ਬਿਲਕੁਲ ਹੈਰਾਨ ਹੋ ਗਿਆ ਸੀ। ਉਸੇ ਪਲ ਤੋਂ ਹੀ ਉਹਨੂੰ ਮੇਰੇ ਤੋਂ ਕੁਝ ਡਰ ਘੱਟ ਗਿਆ। ਉਹ ਦਰਾਜ਼ ਨੂੰ ਬੰਦ ਕਰਕੇ ਆਪਣੀਆਂ ਦੋਵੇਂ ਬਾਹਾਂ ਛਾਤੀ ਉਤੇ ਰੱਖ ਕੇ ਮੇਰੀ ਗੱਲ ਸੁਣਨ ਲੱਗ ਪਿਆ। ਉਹਦੇ ਮੂੰਹ ਉਤੇ ਵਿਅੰਗ ਭਰੀ ਮੁਸਕਾਨ ਸੀ। "ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਪਿਛਲੇ ਕੁਝ ਮਹੀਨਿਆਂ ਤੋਂ ਮੈਂ ਕੀ ਕੀ ਪਤਾ ਲਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਤੁਸੀਂ ਇਹ ਨਹੀਂ ਕਹਿ ਸਕਦੇ, ਕਿ ਤੁਸੀਂ ਇਸ ਬਾਰੇ ਕੁਝ ਨਹੀਂ ਜਾਣਦੇ, ਤੁਸੀਂ ਇਕ ਨੀਚ ਅਤੇ ਘ੍ਰਿਣਿਤ ਸਾਜਿਸ਼ ਰਚੀ ਹੈ। ਉਸ ਤੋਂ ਤੁਹਾਨੂੰ ਦਸ ਹਜ਼ਾਰ ਪੌਂਡ ਦਾ ਲਾਭ ਹੋਇਆ ਹੈ।"

ਉਹ ਬੋਲਿਆ ਤੇ ਕੁਝ ਨਾ ਪਰ ਉਹਦੇ ਮੂੰਹ ਤੇ ਕੁਝ ਚਿੰਤਾ ਦੇ ਚਿੰਨ ਨਜ਼ਰ ਆਏ।

"ਤੁਸੀਂ ਪੈਸੇ ਰੱਖ ਸਕਦੇ ਹੋ, ਮੈਨੂੰ ਉਨ੍ਹਾਂ ਦੀ ਲੋੜ ਨਹੀਂ।"

ਮੇਰੀ ਇਹ ਗੱਲ ਸੁਣ ਕੇ ਉਹਦਾ ਮੂੰਹ ਚਮਕ ਪਿਆ, ਪਰ ਅੱਖਾਂ ਹੈਰਾਨੀ ਵਿਚ ਹੋਰ ਖੁਲ੍ਹ ਗਈਆਂ।

"ਮੈਂ ਇਥੇ ਤੁਹਾਡੇ ਕੋਲ ਪੈਸੇ ਲਈ ਸੌਦਾ ਕਰਨ ਨਹੀਂ ਆਇਆ, ਪੈਸਾ ਜਿਹੜਾ ਤੁਹਾਡੇ ਘ੍ਰਿਣਤ ਹੱਥਾਂ ਵਿਚੋਂ ਲੰਘ ਚੁੱਕਾ ਹੈ, ਮੈਨੂੰ ਉਹ ਪੈਸਾ ਨਹੀਂ ਚਾਹੀਦਾ, ਜਿਸ ਕਰਕੇ ਤੁਸਾਂ ਏਨਾ ਨੀਚ ਕੁਕਰਮ......"

"ਹੌਲੀ, ਹੌਲੀ! ਮਿਸਟਰ ਹਾਰਟਰਾਈਟ, ਤੁਹਾਡੀਆਂ ਇਹ ਇਖਲਾਕੀ ਕੀਮਤਾਂ ਇੰਗਲੈਂਡ ਵਿਚ ਹੀ ਅਸਰ ਕਰਦਿਆਂ ਹਨ, ਇਨ੍ਹਾਂ ਦਾ ਤਾਣਾ-ਬਾਣਾ ਇਥੇ ਹੀ ਸੋਹਣਾ ਲੱਗਦਾ ਹੈ-, ਇਹ ਭਾਸ਼ਨ ਤੁਸੀਂ ਆਪਣੇ ਦੇਸ਼ ਵਾਸੀਆਂ ਲਈ ਹੀ ਰਹਿਣ ਦਿਉ। ਦਸ ਹਜ਼ਾਰ ਪੌਂਡ ਮਿਸਟਰ ਫ਼ੇਅਰਲੀ ਨੇ ਮੇਰੀ ਪਤਨੀ ਦੇ ਨਾਂ ਲਿਖੇ ਸਨ। ਤੁਸੀਂ ਇੰਜ ਲਵੋ, ਤਾਂ ਸ਼ਾਇਦ ਮੈਂ ਤੁਹਾਡੀ ਚਰਚਾ ਵਿੱਚ ਹਿੱਸਾ ਲਵਾਂ, ਨਹੀਂ ਤਾਂ ਮੇਰੇ ਵਰਗੇ ਆਦਮੀ ਨੂੰ ਅਜਿਹੀਆਂ ਨੀਵੀਆਂ ਗੱਲਾਂ ਕਰਨੀਆਂ ਚੰਗੀਆਂ ਹੀ ਨਹੀਂ ਲਗਦੀਆਂ। ਮੈਂ ਇਸ ਨੂੰ ਇਥੇ ਹੀ ਛੱਡ ਕੇ ਅੱਗੇ ਤੁਰਦਾ ਹਾਂ ਤਾਂ ਤੁਸੀਂ ਹੋਰ ਕੀ ਚਾਹੁੰਦੇ ਹੋ- ਤੁਹਾਡੀਆਂ ਕੀ ਸ਼ਰਤਾਂ ਹਨ-?"

"ਪਹਿਲੀ ਗੱਲ ਤਾਂ ਇਹ ਹੈ ਕਿ ਮੈਨੂੰ ਤੁਹਾਡੀ ਹੱਥਾਂ ਨਾਲ ਲਿਖੀ ਅਤੇ ਦਸਤਖਤ ਕੀਤੀ ਹੋਈ ਲਿਖਤ ਚਾਹੀਦੀ ਹੈ, ਜਿਸ ਵਿਚ ਤੁਸੀਂ ਉਸ ਸਾਜ਼ਿਸ਼ ਦਾ ਸਾਰਾ ਹਾਲ ਬਿਆਨ ਕਰੋ।"

ਉਹਨੇ ਆਪਣੀ ਉਂਗਲ ਚੁੱਕੀ ਅਤੇ ਕਿਹਾ "ਇਕ" ਅਤੇ ਪੂਰੇ ਧਿਆਨ ਨਾਲ ਅਗਲੀ ਗੱਲ ਸੁਣੀ।

"ਦੂਜਾ, ਮੈਨੂੰ ਉਸ ਤਾਰੀਖ਼ ਦਾ ਕੋਈ ਨਿਸ਼ਚਿਤ ਅਤੇ ਪੱਕਾ ਸਬੂਤ ਚਾਹੀਦਾ ਹੈ, ਜਿਸ ਦਿਨ ਮੇਰੀ ਪਤਨੀ ਨੇ ਬਲੈਕਵਾਟਰ ਪਾਰਕ ਤੋਂ ਲੰਦਨ ਤਕ ਸਫ਼ਰ ਕੀਤਾ।"

"ਤਾਂ ਜੋ ਤੁਸੀਂ ਸਭ ਤੋਂ ਕਮਜ਼ੋਰ ਥਾਂ ਤੇ ਆਪਣੀ ਉਂਗਲੀ ਰਖ ਸਕੋ। ਹੋਰ ਕੁਝ –?" ਉਹਨੇ ਬੜੇ ਠੰਡੇ ਲਹਿਜੇ ਵਿਚ ਕਿਹਾ।

"ਇਸ ਵੇਲੇ ਕੁਝ ਹੋਰ ਨਹੀਂ ਚਾਹੀਦਾ !"

"ਠੀਕ ਹੈ, ਤੁਸੀਂ ਆਪਣੀਆਂ ਸ਼ਰਤਾਂ ਦਸ ਚੁਕੇ ਹੋ। ਹੁਣ ਮੇਰੀਆਂ ਸੁਣ ਲਵੋ। ਇਸ ਸਾਜਿਸ਼' ਜਿਵੇਂ ਤੁਸੀਂ" ਕਹਿ ਰਹੇ ਹੋ - ਦਾ ਹਾਲ ਖੋਲ੍ਹ ਲਿਖਣਾ ਮੇਰੇ ਲਈ ਇੰਨਾ ਭਾਰਾ ਕੰਮ ਨਹੀਂ ਸ਼ਾਇਦ ਤੁਹਾਨੂੰ ਇਥੇ ਗੋਲੀ ਮਾਰ ਕੇ ਢਹਿ ਢੇਰੀ ਕਰਨ ਨਾਲੋਂ ਵਧੇਰੇ ਅਸਾਨ ਹੈ। ਮੰਨ ਲਵੋ, ਕਿ ਮੈਂ ਤੁਹਾਡੇ ਕਹਿਣ ਅਨੁਸਾਰ ਤੁਹਾਨੂੰ ਸਭ ਕੁਝ ਲਿਖਦਿਆਂ, ਹਾਂ ਮੈਂ ਸਭ ਲਿਖ ਕੇ ਤੁਹਾਨੂੰ ਦੇ ਦਿਆਂਗਾ ਅਤੇ ਜਿਹੜਾ ਸਬੂਤ ਤੁਸੀਂ ਮੰਗ ਰਹੇ ਹੋ, ਉਹ ਵੀ ਦੇ ਦਿਆਂਗਾ। ਮੈਂ ਆਪਣੇ ਦੋਸਤ ਦੇ ਹੱਥਾਂ ਦਾ ਲਿਖਿਆ ਖਤ ਤੁਹਾਨੂੰ ਦਿਆਂਗਾ, ਜਿਸ ਵਿਚ ਉਹਨੇ ਦਿਨ, ਤਾਰੀਖ ਅਤੇ ਗੱਡੀ ਦੇ ਲੰਦਨ ਪਹੁੰਚਣ ਦਾ ਸਮਾਂ ਤੱਕ ਲਿਖਿਆ ਹੈ - ਉਹ ਤੇ ਪੱਕਾ ਸਬੂਤ

ਹੋਏਗਾ ਨਾ ਮੈਂ ਤੁਹਾਨੂੰ ਉਸ ਆਦਮੀ ਕੋਲ ਵੀ ਭੇਜ ਸਕਦਾ ਹਾਂ। ਜਿਸ ਕੱਲ ਮੈਂ ਲੰਦਨ ਪਹੁੰਚਣ ਵਾਲੀ ਸਵਾਰੀ ਲਈ ਬੱਘੀ ਕਿਰਾਏ ਤੇ ਲਈ ਸੀ। ਉਹਦੀ ਆਰਡਰ ਬੁੱਕ ਤੇ ਤਾਰੀਖ਼ ਲਿਖੀ ਹੋਏਗੀ, ਜਿਸ ਦਿਨ ਉਹ ਲੰਦਨ ਪਹੁੰਚੀ। ਭਾਵੇਂ ਕੋਚਵਾਨ ਤੁਹਾਡੀ ਸਹਾਇਤਾ ਨਾ ਵੀ ਕਰ ਸਕੇ, ਤੁਸੀਂ ਆਰਡਰ ਬੁੱਕ ਤੋਂ ਤਾਰੀਖ ਪੱਕੀ ਕਰ ਸਕਦੇ ਹੋ। ਇਹ ਸਭ ਕੁਝ ਮੈਂ ਕਰਾਂਗਾ, ਪਰ ਮੇਰੀਆਂ ਵੀ ਕੁਝ ਸ਼ਰਤਾਂ ਹਨ -। ਮੈਂ ਦਸਦਾ ਹਾਂ-ਪਹਿਲੀ-ਮੈਂ ਅਤੇ ਮੈਡਮ ਫ਼ੋਸਕੋ ਜਦੋਂ ਤੇ ਜਿਸ ਤਰ੍ਹਾਂ ਚਾਹੀਏ ਇਥੋਂ ਜਾਈਏ--ਤੁਸੀਂ ਵਿਚ ਕੋਈ ਦਖ਼ਲ ਨਹੀਂ ਦਿਉਗੇ। ਦੂਜੀ-ਕਿ ਤੁਸੀਂ ਇਥੇ ਮੇਰੇ ਨਾਲ ਹੀ ਰਾਤ ਬਿਤਾਉਗੇ। ਸਵੇਰੇ ਸੱਤ ਵਜੇ ਮੇਰਾ ਏਜੰਟ ਆਏਗਾ, ਜੋ ਮੇਰੇ ਜਾਣ ਦਾ ਇੰਤਜ਼ਾਮ ਕਰੇਗਾ। ਤੁਸੀਂ ਉਸ ਏਜੰਟ ਨੂੰ ਭੇਜ ਕੇ ਉਹ ਚਿੱਠੀ ਮੰਗਵਾਉਗੇ ਜਿਹੜੀ ਤੁਸੀਂ ਛੱਡ ਆਏ ਹੋ। ਜਦੋਂ ਉਹ ਏਜੰਟ ਉਸ ਚਿੱਠੀ ਨੂੰ ਉਸੇ ਤਰ੍ਹਾਂ ਮੋਹਰਬੰਦ ਵਾਪਸ ਲਿਆ ਕੇ ਮੇਰੇ ਹੱਥ ਵਿਚ ਰੱਖੇਗਾ, ਉਸ ਤੋਂ ਅੱਧਾ ਘੰਟਾ ਮਗਰੋਂ ਹੀ ਮੈਂ ਇਥੋਂ ਚਲਾ ਜਾਵਾਂਗਾ-ਉਸ ਤੋਂ ਪਿਛੋਂ ਹੀ ਤੁਸੀਂ ਵੀ ਜਿਥੇ ਮਰਜੀ ਜਾਉ। ਤੀਜੀ -ਤੁਸੀਂ ਮੇਰੇ ਨਿੱਜੀ ਮਾਮਲਿਆਂ ਵਿਚ ਦਖ਼ਲ ਦਿੱਤਾ ਹੈ, ਇਸ ਲਈ ਅਤੇ ਜੋ ਬਦਤਮੀਜੀ ਤੁਸੀਂ ਦਿਖਾਈ ਹੈ ਉਸ ਲਈ ਸਾਡਾ ਮੁਕਾਬਲਾ ਵੀ ਕਦੀ ਹੋਵੇਗਾ। ਮੈਂ ਤੁਹਾਨੂੰ ਇੰਗਲੈਂਡ ਤੋਂ ਬਾਹਰ ਜਾ ਕੇ ਸਮਾਂ ਅਤੇ ਥਾਂ ਦੱਸਾਂਗਾ। ਚਿੱਠੀ ਵਿਚ ਇਕ ਕਾਗਜ਼ ਹੋਵੇਗਾ, ਜਿਸ ਦੀ ਲੰਬਾਈ ਮੇਰੀ ਤਲਵਾਰ ਜਿੰਨੀ ਹੋਵੇਗੀ, ਇਹ ਮੇਰੀਆਂ ਸ਼ਰਤਾਂ ਹਨ। - ਦਸੋ-ਮੰਜੂਰ ਹਨ ਕਿ ਨਹੀਂ -?'

ਉਸਦੀ ਚਾਲਾਕੀ, ਝੱਟਪਟ ਨਿਰਣਾ ਲੈਣ ਦੀ ਸ਼ਕਤੀ, ਅਤੇ ਝੂਠਮੂਠ ਦੀ ਬਹਾਦਰੀ ਦੇ ਦਿਖਾਵੇ ਨੇ ਇਕ ਪਲ ਲਈ ਤਾਂ ਮੈਨੂੰ ਥਿੜਕਾ ਹੀ ਦਿੱਤਾ। ਪਰ ਸਿਰਫ਼ ਇਕ ਪਲ ਲਈ। ਇਕ ਗੱਲ ਸੋਚਣ ਵਾਲੀ ਸੀ-- ਕੀ ਮੈਂ ਲਾਰਾ ਨੂੰ ਮੁੜ ਉਹਦੀ ਥਾਂ ਤੇ ਬਹਾਲ ਕਰਨ ਲਈ ਇਸ ਬਦਮਾਸ਼ ਨੂੰ ਬਚ ਕੇ ਨਿਕਲ ਜਾਣ ਦੇਣ ਵਿਚ ਕੁਝ ਗਲਤ ਕੰਮ ਤੇ ਨਹੀਂ ਕਰ ਰਿਹਾ। ਮੇਰਾ ਉਦੇਸ਼ ਸੀ ਕਿ ਮੇਰੀ ਪਤਨੀ ਆਪਣੇ ਉਸ ਘਰ ਵਿਚ ਸਵੀਕਾਰ ਕੀਤੀ ਜਾਏ, ਜਿਥੇ ਉਹ ਜੰਮੀ ਪਲੀ ਸੀ, ਅਤੇ ਜਿਥੋਂ ਉਹਨੂੰ 'ਧੋਖੇਬਾਜ਼' ਕਹਿ ਕੇ ਬਾਹਰ ਕੱਢਿਆ ਗਿਆ ਸੀ ਅਤੇ ਉਹਦੀ ਮਾਂ ਦੇ ਮਕਬਰੇ ਤੇ ਲਗਾ ਹੋਇਆ ਸ਼ਿਲਾਲੇਖ, ਜਿਸ ਵਿਚ ਮੇਰੀ ਪਤਨੀ ਦੀ ਝੂਠੀ ਮੌਤ ਦਾ ਜ਼ਿਕਰ ਸੀ, ਹਟਾਇਆ ਜਾਏ! -ਦੂਜੀ ਗੱਲ ਸੀ ਕਾਊਂਟ ਕੋਲੋਂ ਬਦਲਾ ਲੈਣ ਦੀ -। ਪਰ ਮੈਂ ਜਾਣਦਾ ਸਾਂ ਕਿ ਮੈਂ ਕਿਸੇ ਦਾ ਨਿਆਂ ਕਰ ਸਕਣ ਦੀ ਸਥਿਤੀ ਵਿਚ ਨਹੀਂ। ਮੈਨੂੰ ਸਰ ਪਰਸੀਵਲ ਦੀ ਮੌਤ ਦੀ ਘਟਨਾ ਯਾਦ ਆ ਗਈ। ਕਿਵੇਂ ਅੰਤ ਸਮੇਂ ਉਸ ਅਕਾਲ ਪੁਰਖ ਨੇ

ਮੇਰੇ ਕਮਜ਼ੋਰ ਹੱਥਾਂ ਵਿਚੋਂ ਬਦਲੇ ਦਾ ਮੌਕਾ ਲੈ ਲਿਆ ਸੀ। ਮੈਂ ਇਕ ਕਮਜ਼ੋਰ ਆਦਮੀ ਹਾਂ, ਜੋ ਭਵਿੱਖ ਬਾਰ ਕੁਝ ਨਹੀਂ ਜਾਣਦਾ--ਕੀ ਪਤਾ ਉਹਨੇ ਮੇਰੇ ਕੋਲੋਂ ਬਚ ਕੇ ਵੀ ਕਿਧਰੇ ਫਸ ਜਾਣਾ ਹੈ? ਮੈਂ ਇਹ ਗੱਲ ਸੋਚੀ ! ਹੁਣ ਉਹ ਮੇਰੇ ਕਾਬੂ ਵਿਚ ਸੀ, ਕੀ ਉਹਨੂੰ ਨਾਂਹ ਕਰਕੇ, ਇਹ ਮੌਕਾ ਵੀ ਹੱਥੋਂ ਗਵਾ ਲਿਆ? ਨਹੀਂ, ਨਹੀਂ, ਮੈਂ ਇਕ ਹੀ ਉਦੇਸ਼ ਆਪਣੇ ਸਾਹਮਣੇ ਰੱਖਾਂਗਾ, ਲਾਰਾ ਦਾ ਭਵਿੱਖ ਹੀ ਸੋਚਾਂਗਾ, ਹੋਰ ਕੁਝ ਨਹੀਂ। ਉਹ ਸੱਚੀ ਹੋ ਕੇ ਆਪਣੇ ਘਰ ਵਾਪਸ ਮੁੜ ਸਕੇ, --ਬਸ ਇਹੀ ਮੈਂ ਚਾਹੁੰਦਾ ਸਾਂ ! ਮੈਂ ਸਿਰਫ਼ ਲਾਰਾ ਅਤੇ ਸਚਾਈ ਦੀ ਸੇਵਾ ਕਰਾਂਗਾ।

"ਮੈਨੂੰ ਤੁਹਾਡੀਆਂ ਸਭ ਸ਼ਰਤਾਂ ਸਵੀਕਾਰ ਹਨ, ਪਰ ਇਕ ਗੱਲ ਤੁਹਾਨੂੰ ਵੀ ਮੇਰੀ ਮੰਨਣੀ ਪਏਗੀ।" ਮੈਂ ਅਖੀਰ ਕਿਹਾ।

"ਉਹ ਕਿਹੜੀ ਗੱਲ ਹੈ-?" ਉਸਨੇ ਮੇਰੇ ਕੋਲੋਂ ਪੁਛਿਆ।

"ਇਹ ਉਸ ਚਿੱਠੀ ਬਾਰੇ ਹੈ,-ਉਹ ਚਿੱਠੀ ਬੰਦ ਹੀ ਤੁਸੀਂ ਮੇਰੇ ਸਾਹਮਣੇ ਸਾੜ੍ਹ ਦਿਉਗੇ।'

ਮੈਂ ਇਹ ਗੱਲ ਇਹ ਸੋਚ ਕੇ ਕਹੀ, ਕਿ ਉਹਦੇ ਕੋਲ ਪੈਸਕਾ ਵਿਰੁੱਧ ਕੋਈ ਸਬੂਤ ਨਾ ਰਵ੍ਹੇ। ਮੈਂ ਜਦੋਂ ਸਵੇਰੇ ਉਹਦੇ ਏਜੰਟ ਨੂੰ ਪਤਾ ਦਿਆਂਗਾ; ਤਾਂ ਉਹ ਇਹ ਜਾਣ ਲਵੇਗਾ ਕਿ ਮੈਂ ਕਿਥੋਂ ਚਿੱਠੀ ਲਿਖੀ ਹੈ; ਪਰ ਕਾਊਂਟ ਕਿਸੇ ਸਬੂਤ ਬਿਨਾਂ ਇਸ ਗੱਲ ਦਾ ਕੋਈ ਫ਼ਾਇਦਾ ਨਹੀਂ ਉਠਾ ਸਕੇਗਾ। ਜੇ ਉਹ ਕੋਸ਼ਿਸ਼ ਵੀ ਕਰੇ, ਤਾਂ ਵੀ ਉਹਨੂੰ ਕੁਝ ਪਤਾ ਨਹੀਂ ਲੱਗ ਸਕੇਗਾ !

ਉਹਨੇ ਇਹ ਗੱਲ ਝੱਟ ਕੁ ਸੋਚੀ-"ਠੀਕ ਹੈ ਜਿਵੇਂ ਤੁਸੀਂ ਕਹਿ ਰਹੇ ਹੋ। ਉਵੇਂ ਹੀ ਸਹੀ। ਚਿੱਠੀ ਉਸੇ ਵੇਲੇ ਹੀ ਸਾੜ੍ਹ ਦਿੱਤੀ ਜਾਏਗੀ।"

ਉਹ ਉਸ ਕੁਰਸੀ ਤੋਂ ਉਠਿਆ, ਜਿਥੇ ਇੰਨੀ ਦੇਰ ਦਾ ਬੈਠਾ ਹੋਇਆ ਸੀ। ਸਿਰ ਦੇ ਇਕ ਝਟਕੇ ਨਾਲ ਜਿਵੇਂ ਉਹਨੇ ਆਪਣੇ ਦਿਮਾਗ ਵਿਚੋਂ ਇਸ ਮੁਲਾਕਾਤ ਦਾ ਭਾਰ ਲਾਹ ਦਿੱਤਾ ਹੋਵੇ। ਉਹਨੇ ਆਪਣੀਆਂ ਬਾਹਾਂ ਉੱਚੀਆਂ ਕਰਕੇ ਇਕ ਆਰਾਮ ਦੀ ਅੰਗੜਾਈ ਲਈ ਅਤੇ ਬੋਲਿਆ- "ਉਫ਼ ! ਖੈਰ ਚੰਗੀ ਗਰਮਾ ਗਰਮ ਝੜਪ ਰਹੀ ਹੈ ਬੈਠ ਜਾਉ--, ਅਸੀਂ ਅੱਜ ਤੋਂ ਮਗਰੋਂ ਦੁਸ਼ਮਣਾਂ ਵਾਂਗ ਮਿਲਾਂਗੇ, ਪਰ ਇੰਨਾ ਚਿਰ ਤਾਂ ਆਪਸ ਵਿਚ ਕੋਈ ਗੱਲਬਾਤ ਕਰੀਏ ! ਕੀ ਮੈਂ ਆਪਣੀ ਪਤਨੀ ਨੂੰ ਬੁਲਾ ਲਵਾਂ?"

ਉਹਨੇ ਤਾਲਾ ਖੋਲ੍ਹ ਦਿਤਾ ਅਤੇ ਆਵਾਜ਼ ਮਾਰੀ 'ਏਲੀਨਰ !' ਉਹਦੀ ਡੂੰਘੀ ਆਵਾਜ਼ ਸਾਰੇ ਘਰ ਵਿਚ ਗੂੰਜ ਉੱਠੀ।

ਸੱਪਣੀ ਦੇ ਚਿਹਰੇ ਵਰਗੀ ਉਹ ਔਰਤ ਕਮਰੇ ਵਿਚ ਆਈ। ਕਾਊਂਟ ਨੇ ਸਾਡੀ ਜਾਣ- ਪਛਾਣ ਕਰਾਈ... "ਮੈਡਮ ਫ਼ੋਸਕੋ-ਮਿਸਟਰ ਹਾਰਟਰਾਈਟ।" ਸਮਾਨ ਬੰਦ ਕਰਨ ਪਿਛੋਂ ਤੁਸੀਂ ਥੋੜ੍ਹਾ ਸਮਾਂ ਕੱਢ ਸਕਦੇ ਹੋ, ਤਾਂ ਮੈਨੂੰ ਕਾਫੀ ਬਣਾ ਦਿਓ। ਮਿਸਟਰ ਹਾਰਟਰਾਈਟ ਨੂੰ ਮੈਂ ਕੁਝ ਲਿਖ ਕੇ ਦੇਣਾ ਹੈ, ਅਤੇ ਮੈਨੂੰ ਆਪਣੀ ਸਾਰੀ ਅਕਲ ਇਸ ਕੰਮ ਲਈ ਚਾਹੀਦੀ ਹੈ।" ਮੈਡਮ ਫੋਸਕੋ ਨੇ ਦੋ ਵਾਰੀ ਸਿਰ ਝੁਕਾਇਆ। ਮੈਨੂੰ ਬੜੀ ਸਖਤੀ ਨਾਲ, ਪਰ ਕਾਊਂਟ ਨੂੰ ਇਸ ਤਰ੍ਹਾਂ ਜਿਵੇਂ ਉਹਦੀ ਗੁਲਾਮ ਹੋਵੇ।

ਕਾਊਂਟ ਆਪਣੇ ਰਾਈਟਿੰਗ ਟੇਬਲ ਕੋਲ ਚਲਾ ਗਿਆ। ਉਹਨੇ ਆਪਣੇ ਕੋਲ ਕਈ ਕਾਗਜ਼ ਅਤੇ ਕਈ ਪੈੱਨ ਰੱਖੇ। ਕਾਗਜ਼ ਨੂੰ ਕੱਟ ਕੱਟ ਕੇ ਉਸ ਛੋਟੇ ਅਕਾਰ ਦਾ ਬਣਾਇਆ, ਜਿਹੜਾ ਲਿਖਾਰੀ ਵਰਤਦੇ ਹਨ। ਮੇਰੇ ਵੱਲ ਦੇਖ ਕੇ ਮੰਨਿਆ ਮੈਂ ਹੋਰ ਇਕ ਅਜਿਹੀ ਕਹਾਣੀ ਲਿਖ ਕੇ ਦਿਆਗਾ, ਜਿਸ ਨੂੰ ਤੁਸੀਂ ਸਦਾ ਯਾਦ ਰੱਖੋਗੇ। ਸਾਹਿਤ ਕਿਵੇਂ ਰਚਿਆ ਜਾਂਦਾ ਹੈ, ਮੈਂ ਇਸ ਗੱਲ ਤੋਂ ਜਾਣੂ ਹਾਂ। ਆਪਣੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਸਿਲਸਿਲੇਵਾਰ ਜੋੜਨਾ ਹੀ ਬੜੀ ਤੇਜ਼ ਅਕਲ ਅਕਲ ਦੀ ਨਿਸ਼ਾਨੀ ਹੈ। ਕਿਸੇ ਕਿਸੇ ਬੁਧੀਜੀਵ ਕੋਲ ਹੀ ਇਹ ਗੁਣ ਹੁੰਦਾ ਹੈ, ਅਤੇ ਮੇਰੇ ਕੋਲ ਹੈ-ਕੀ ਤੁਹਾਡੇ ਕੋਲ ਵੀ ਹੈ?"

ਉਹ ਕਮਰੇ ਦੇ ਚੱਕਰ ਕੱਟਦਾ ਰਿਹਾ। ਉਹ ਗੁਣ ਗੁਣਾ ਰਿਹਾ ਸੀ ਅਤੇ ਜਿਥੇ ਉਹ ਵਿਚਾਰਾਂ ਨੂੰ ਜੋੜਨ ਵਿਚ ਕੋਈ ਔਕੜ ਦਿਸਦੀ, ਉਹ ਮੁੱਖ ਤੇ ਹੱਥ ਮਾਰਦਾ। ਮੈਂ ਉਹਨੂੰ ਇਸ ਸਥਿਤੀ ਵਿਚ ਪਾਇਆ ਸੀ, ਉਸ ਨੇ ਕਿਸ ਢੀਠਤਾ ਨਾਲ ਉਸ ਵਿਚ ਆਪਣਾ ਆਪ ਵਿਖਾਉਣ ਦਾ ਮੌਕਾ ਲੱਭ ਲਿਆ ਸੀ। ਮੈਂ ਆਪਣੀ ਹੈਰਾਨੀ ਨੂੰ ਦਬਾਉਣ ਲਈ ਬੜਾ ਜ਼ੋਰ ਲਾਇਆ। ਭਾਵੇਂ ਉਹਨੂੰ ਬੜੀ ਘਿਰਣਾ ਕਰਦਾ ਸਾਂ; ਪਰ ਉਹਦੀ ਨਿਰਾਲੀ ਸਖ਼ਸ਼ੀਅਤ ਮੈਨੂੰ ਪ੍ਰਭਾਵਤ ਕਰਨੋ ਨਾ ਰਹਿ ਸਕੀ।

ਮੈਡਮ ਫ਼ੋਸਕੋ ਕਾਫ਼ੀ ਲੈ ਆਈ। ਉਹਨੇ ਉਹਦਾ ਹੱਥ ਚੁੰਮਿਆ। ਉਹਦੀ ਬਾਂਹ ਵਿਚ ਬਾਂਹ ਪਾ ਕੇ ਉਹਨੂੰ ਬੂਹੇ ਤੀਕ ਛੱਡ ਕੇ ਆਇਆ। ਵਾਪਸ ਆ ਕੇ ਉਹਨੇ ਇਕ ਪਿਆਲੀ ਵਿਚ ਕਾਫ਼ੀ ਪਾ ਕੇ ਆਪਣੇ ਟੇਬਲ ਤੇ ਲੈ ਗਿਆ।

"ਕੀ ਤੁਸੀਂ ਕਾਫ਼ੀ ਲਵੋਗੇ ਮਿਸਟਰ ਹਾਰਟਰਾਈਟ? ਬੈਠਣ ਤੋਂ ਪਹਿਲਾਂ ਉਹਨੇ ਮੈਨੂੰ ਪੁੱਛਿਆ।"

ਮੈਂ ਨਾਂਹ ਵਿਚ ਸਿਰ ਹਿਲਾਇਆ।

"ਕੀ ਤੁਸੀਂ ਸੋਚਦੇ ਹੋ, ਮੈਂ ਤੁਹਾਨੂੰ ਜ਼ਹਿਰ ਦੇ ਦਿਆਂਗਾ?" ਉਸਨੇ ਮੁਸਕਰਾ ਕੇ ਕਿਹਾ-

"ਅੰਗਰੇਜ਼ ਬੜੇ ਹੀ ਚੌਕੰਨੇ ਹੁੰਦੇ ਹਨ, ਪਰ ਹਮੇਸ਼ਾਂ ਗ਼ਲਤ ਥਾਂ ਤੋਂ" ਇਹ ਕਹਿ ਕੇ ਉਹ ਆਪਣੀ ਕੁਰਸੀ ਤੇ ਬੈਠ ਗਿਆ। ਉਹਨੇ ਆਪਣਾ ਪੈੱਨ ਸਿਆਹੀ ਵਿਚ ਡੋਬਿਆ, ਆਪਣੇ ਸਾਹਮਣੇ ਪਹਿਲਾ ਕਾਗਜ਼ ਰਖਿਆ ਅਤੇ ਗਲਾ ਸਾਫ਼ ਕਰਕੇ ਲਿਖਣਾ ਸ਼ੁਰੂ ਕੀਤਾ। ਉਹਦੇ ਲਿਖਣ ਦੀ ਬੜੀ ਆਵਾਜ਼ ਆਉਂਦੀ ਸੀ, ਅਤੇ ਉਹਦਾ ਹੱਥ ਬੜੀ ਕਾਹਲੀ ਕਾਹਲੀ ਚਲਦਾ ਸੀ। ਲਫਜ਼ ਬੜੇ ਵੱਡੇ-ਵੱਡੇ ਅਤੇ ਵਾਕਾਂ ਦੇ ਵਿਚਕਾਰ ਬੜੀ-ਬੜੀ ਵਿੱਥ ਸੀ। ਦੋ ਮਿੰਟਾਂ ਵਿਚ ਉਹਨੇ ਕਾਗਜ਼ ਖ਼ਤਮ ਵੀ ਕਰ ਲਿਆ ਸੀ, ਹਰ ਇਕ ਕਾਗਜ਼ ਤੇ ਉਹ ਨੰਬਰ ਪਾਈ ਜਾਂਦਾ ਅਤੇ ਲਿਖਣ ਮਗਰੋਂ ਫਰਸ਼ ਤੇ ਸੁੱਟੀ ਜਾਂਦਾ। ਪਹਿਲਾ ਪੈਨ ਜ਼ਰਾ ਟੁੱਟ ਗਿਆ, ਉਹਨੇ ਉਹ ਵੀ ਆਪਣੇ ਮੋਢੇ ਦੇ ਉੱਤੇ ਮੇਜ਼ ਉਤੇ ਦੀ ਵਗਾਹ ਕੇ ਥੱਲੇ ਫਰਸ਼ ਤੇ ਸੁਟਿਆ। ਖਿਲਰੇ ਪੰਨਾਂ ਵਿਚੋਂ ਉਹਨੇ ਇਕ ਹੋਰ ਚੁੱਕ ਲਿਆ। ਕਈ ਸੌ ਕਾਗਜ਼ ਉਹ ਲਿਖ ਬੈਠਾ ਸੀ। ਲਿਖਦਾ ਜਾਂਦਾ ਅਤੇ ਮੋਢੇ ਉਤੋਂ ਦੀ ਸੱਜੇ ਖੱਬੇ ਥੱਲੇ ਸੁੱਟੀ ਜਾਂਦਾ, ਇਥੋਂ ਤਕ ਕਿ ਉਹਦੇ ਚਾਰੇ ਪਾਸੇ ਕਾਗਜ਼ਾਂ ਦੀ ਬਰਫ਼ ਪਈ ਦਿਸਦੀ ਸੀ। ਕਈ ਘੰਟੇ ਬੀਤ ਗਏ--ਉਹ ਲਿਖਦਾ ਰਿਹਾ ਅਤੇ ਮੈਂ ਉਹਨੂੰ ਵੇਖਦਾ ਰਿਹਾ। ਉਹ ਵਿਚ-ਵਿਚ ਕਾਫ਼ੀ ਦਾ ਘੁੱਟ ਭਰ ਲੈਂਦਾ। ਜਦੋਂ ਕਾਫੀ ਮੁੱਕ ਗਈ, ਤਾਂ ਉਹ ਕਦੀ-ਕਦੀ ਆਪਣਾ ਮੱਥਾ ਠੋਕਦਾ। ਇਕ, ਦੋ, ਤਿੰਨ ਅਤੇ ਚਾਰ ਵੀ ਖੜਕ ਚੁੱਕੇ ਸਨ, ਪਰ ਉਹ ਅਜੇ ਵੀ ਲਿਖ-ਲਿਖ ਕੇ ਕਾਗਜ਼ਾਂ ਦਾ ਢੇਰ ਲਾਈ ਜਾ ਰਿਹਾ ਸੀ। ਉਹਦੀ ਕਲਮ ਨਹੀਂ ਥੱਕੀ ਸੀ; ਉਪਰ ਤੋਂ ਹੇਠਾਂ-ਉਪਰ ਤੋਂ ਹੇਠਾਂ ਲਿਖਦੀ ਜਾ ਰਹੀ ਸੀ। ਉਹਦੇ ਆਲੇ ਦੁਆਲੇ ਉਹ ਚਿੱਟਾ ਖਿਲਾਰਾ ਉੱਚਾ ਹੋ ਰਿਹਾ ਸੀ। ਚਾਰ ਵਜੇ ਮੈਨੂੰ ਪੈੱਨ ਦੀ ਬੜੀ ਜੋਰ ਦੀ ਆਵਾਜ ਆਈ-, ਇਹ ਉਹਨੇ ਆਪਣੇ ਦਸਤਖ਼ਤ ਕੀਤੇ ਸਨ ! "ਸ਼ਾਬਾਸ਼ !' ਉਹਨੇ ਚੀਕ ਕੇ ਕਿਹਾ, ਅਤੇ ਕੁਰਸੀ ਤੋਂ ਇੰਜ ਉਛਲ ਕੇ ਉਠਿਆ ਜਿਵੇਂ ਕੋਈ ਜਵਾਨ ਹੋਵੇ। ਮੇਰੇ ਵੱਲ ਉਹਨੇ ਜਿੱਤ ਭਰੀ ਮੁਸਕਰਾਹਟ ਨਾਲ ਵੇਖਿਆ।

"ਕੰਮ ਹੋ ਗਿਆ ਹੈ- ਮਿਸਟਰ ਹਾਰਟਰਾਈਟ!" ਉਹਨੇ ਆਪਣੀ ਚੌੜੀ ਛਾਤੀ ਉਤੇ ਆਪਣਾ ਹੱਥ ਵੱਟ ਕੇ ਮਾਰਦਿਆਂ-"ਮੇਰੀ ਪੂਰੀ ਤਸੱਲੀ ਹੋ ਗਈ ਹੈ, ਤੁਸੀਂ ਜਦੋਂ ਪੜ੍ਹਗੇ ਤਾਂ ਚਕਾਚੌਂਧ ਹੋ ਜਾਉਗੇ। ਕਹਾਣੀ ਖ਼ਤਮ ਹੋ ਗਈ, ਪਰ ਮੈਂ ਨਹੀਂ ਥੱਕਿਆ! ਮੈਂ ਹੁਣ ਸਾਰੇ ਕਾਗਜ਼ ਇਕੱਠੇ ਕਰਾਂਗਾ,-ਮੁੜ ਪੜਾਗਾਂ, -ਇਹ ਸਭ ਸਿਰਫ ਤੁਹਾਡੇ ਲਈ ਹੀ ਹਨ। ਚਾਰ ਹੁਣੇ ਵਜੇ ਹਨ। ਚਾਰ ਤੋਂ ਪੰਜ ਤਕ ਇਹ ਕੰਮ ਹੋਵੇਗਾ। ਜੋੜਨਾ-ਦੁਹਰਾਣਾ ਅਤੇ ਪੜ੍ਹਨਾ-ਪੰਜ ਤੋਂ ਛੇ ਤਕ ਥੋੜ੍ਹਾ ਆਰਾਮ ਕਰਾਂਗਾ, ਛੇ ਤੋਂ ਸੱਤ ਤੀਕ ਆਪਣੀ ਤਿਆਰੀ, ਏਜੰਟ ਦਾ ਆਉਣਾ, ਅਤੇ ਉਸ ਮੁਹਰਬੰਦ ਚਿੱਠੀ ਦੀ ਕਾਰਵਾਈ ਅੱਠ ਤੋਂ ਨੌਂ ਵਜੇ, ਅਤੇ ਅੱਠ ਵਜੇ ਰਵਾਨਗੀ -, "ਇਹ ਹੈ ਮੇਰਾ ਪ੍ਰੋਗਰਾਮ!"

ਉਹ ਚੋਕੜੀ ਮਾਰ ਕੇ ਆਪਣੇ ਕਾਗਜ਼ਾਂ ਵਿਚਕਾਰ ਬੈਠ ਗਿਆ। ਇਕ ਸੂਈ ਨਾਲ ਮੋਰੀ ਕਰਕੇ ਇਕ ਧਾਗੇ ਵਿਚ ਉਹਨੇ ਸਾਰੇ ਕਾਗਜ਼ ਪਰੋਏ! ਫਿਰ ਉਹਨੇ ਉਹ ਕਾਗਜ਼ ਮੁੜ ਕੇ ਪੜ੍ਹੇ-, ਪਹਿਲੇ ਸਫ਼ੇ ਤੇ ਆਪਣੇ ਸਾਰੇ ਉਹ ਖਿਤਾਬ ਲਿਖੇ, ਜੋ ਉਹਨੂੰ ਕਦੀ ਮਿਲੇ ਸਨ। ਇਸ ਤੋਂ ਮਗਰੋਂ ਉਹਨੇ ਜੋ ਲਿਖਿਆ ਸੀ, ਉਹ ਮੈਨੂੰ ਪੜ੍ਹ ਕੇ ਸੁਣਾਇਆ, ਨਾਲ ਨਾਲ ਉਹ ਨਾਟਕੀ ਢੰਗ ਨਾਲ ਹੱਥ ਪੈਰ ਹਿਲਾਂਦਾ ਸੀ, ਅਤੇ ਬੜੇ ਹੀ ਨਾਟਕੀ ਤਰੀਕੇ ਨਾਲ ਕਿਧਰੇ ਹੌਲੀ ਬੋਲਦਾ, ਕਿਧਰੇ ਬਹੁਤਾ ਜ਼ੋਰ ਪਾਂਦਾ। ਪਾਠਕ ਥੋੜ੍ਹੇ ਚਿਰ ਮਗਰੋਂ ਉਹਦੀ ਲਿਖਿਤ ਬਾਰੇ ਆਪਣੀ ਰਾਇ ਬਣਾ ਸਕਦੇ ਹਨ, ਮੈਂ ਇਹੀ ਕਹਾਂਗਾ, ਕਿ ਉਹ ਮੇਰੇ ਮਤਲਬ ਲਈ ਠੀਕ ਸੀ।

ਉਹਨੇ ਇਸ ਤੋਂ ਪਿੱਛੋਂ ਉਸ ਆਦਮੀ ਦਾ ਪਤਾ ਲਿਖ ਕੇ ਦਿੱਤਾ, ਜਿਸ ਕੋਲ ਉਹਨੇ ਬੱਘੀ ਕਿਰਾਏ, ਉੱਤੇ ਲਈ ਸੀ। ਸਰ ਪਰਸੀਵਲ ਦੀ ਚਿੱਠੀ ਵੀ ਦਿੱਤੀ। ਉਸ ਉੱਤੇ ਪੱਝੀ ਜੁਲਾਈ ਹੈਂਪਸ਼ਾਇਰ ਲਿਖਿਆ ਸੀ। ਅਤੇ ਲੇਡੀ ਗਲਾਈਡ ਨੇ ਛੱਬੀ ਤਰੀਕ ਲੰਦਨ ਲਈ ਰਵਾਨਾ ਹੋਣਾ ਸੀ। ਡਾਕਟਰ ਦੇ ਸਰਟੀਫ਼ਿਕੇਟ ਅਨੁਸਾਰ ਜਿਸ ਦਿਨ ਉਹਦੀ ਮੌਤ ਹੋਈ ਸੀ, ਉਸੇ ਦਿਨ ਉਹ ਸਰ ਪਰਸੀਵਲ ਦੀ ਚਿੱਠੀ ਦੇ ਅਨੁਸਾਰ ਜੀਉਂਦੀ ਜਾਗਦੀ ਬਲੈਕਵਾਟਰ ਪਾਰਕ ਵਿਚ ਸੀ। ਉਸ ਤੋਂ ਅਗਲੇ ਦਿਨ ਉਸ ਨੇ ਸਫ਼ਰ ਕਰਨਾ ਸੀ। ਜਦੋਂ ਕੋਚਵਾਨ ਕੋਲੋਂ ਉਸ ਸਫ਼ਰ ਦਾ ਸਬੂਤ ਮਿਲ ਗਿਆ, ਤਾਂ ਪੂਰੀ ਗਵਾਹੀ ਹੋ ਜਾਵੇਗੀ।

"ਸਵਾ ਪੰਜ ਹੋ ਗਏ ਹਨ", ਕਾਊਂਟ ਨੇ ਘੜੀ ਤੋਂ ਨਜ਼ਰ ਮਾਰੀ। ਹੁਣ ਮੈਂ ਥੋੜ੍ਹਾ ਆਰਾਮ ਕਰ ਲਵਾ। ਤੁਸੀਂ ਵੇਖਿਆ ਹੋਵੇਗਾ, ਮਿਸਟਰ ਹਾਈਟਰਾਈਟ ਕਿ ਮੇਰੀ ਸ਼ਕਤੀ

ਨੈਪੋਲੀਅਨ ਨਾਲ ਮਿਲਦੀ ਹੈ, ਪਰ ਉਸ ਮਹਾਨ ਆਦਮੀ ਨਾਲ ਇਕ ਹੋਰ ਗੱਲ ਵੀ ਮਿਲਦੀ ਹੈ, ਮੈਂ ਜਦੋਂ ਦਿਲ ਹੋਵੇ ਸੌਂ ਸਕਦਾ ਹਾਂ। ਮੈਨੂੰ ਇਕ ਮਿੰਟ ਖਿਮਾਂ ਕਰਨਾ। ਮੈਂ ਮੈਡਮ ਫ਼ੋਸਕੋ ਨੂੰ ਇੱਥੇ ਤੁਹਾਡੇ ਸਾਥ ਲਈ ਬਿਠਾਂ ਦਿਆਂਗਾ।"

ਮੈਨੂੰ ਪਤਾ ਸੀ, ਕਿ ਉਹ ਇਸ ਲਈ ਮੈਡਮ ਫ਼ੋਸਕੋ ਨੂੰ ਮੇਰੇ ਕੋਲ ਬੈਠਣ ਲਈ ਬੁਲਾ ਰਿਹਾ ਹੈ, ਕਿ ਮੈਂ ਕਿਧਰੇ ਨਸ ਹੀ ਨਾ ਜਾਵਾਂ। ਮੈਂ ਕੋਈ ਉੱਤਰ ਨਾ ਦਿੱਤਾ ਅਤੇ ਉਹ ਕਾਗਜ਼ ਬੰਨਣ ਲੱਗ ਪਿਆ, ਜੋ ਉਹਨੇ ਮੈਨੂੰ ਲਿਖ ਕੇ ਦਿੱਤੇ ਸਨ।

ਮੈਡਮ ਅੰਦਰ ਆਈ। ਉਹ ਉਵੇਂ ਹੀ ਜ਼ਹਿਰੀਲੀ ਅਤੇ ਪੀਲੀ ਸੀ- "ਮਿਸਟਰ ਹਾਰਟਰਾਈਟ ਦਾ ਦਿਲ ਲਾਈ ਰੱਖਣਾ" ਕਾਊਂਟ ਨੇ ਪਤਨੀ ਨੂੰ ਕਿਹਾ। ਉਹਦੇ ਲਈ ਕੁਰਸੀ ਵਿਛਾ ਤੇ ਉਹਨੇ ਦੂਜੀ ਵਾਰ ਉਹਦਾ ਹੱਥ ਚੁੰਮਿਆ, ਅਤੇ ਇਕ ਸੋਫੇ ਤੇ ਲੇਟ ਗਿਆ। ਤਿੰਨ ਮਿੰਟਾਂ ਦੇ ਅੰਦਰ ਉਹ ਇਕ ਭਲੇ ਆਦਮੀ ਦੀ ਨੀਂਦਰ ਸੌਂ ਰਿਹਾ ਸੀ, ਜਿਸਨੇ ਕਦੀ ਕੋਈ ਪਾਪ ਨਾ ਕੀਤਾ ਹੋਵੇ।

ਮੈਡਮ ਫ਼ੋਸਕੋ ਨੇ ਮੇਜ਼ ਤੋਂ ਇਕ ਕਿਤਾਬ ਚੁੱਕ ਲਈ ਅਤੇ ਉਹ ਮੈਨੂੰ ਘੂਰਦੀ ਮੇਰੇ ਸਾਹਮਣੇ ਬੈਠੀ ਰਹੀ। ਉਹ ਔਰਤ ਅਜਿਹੀ ਸੀ, ਜੋ ਨਾ ਕਦੀ ਭੁਲਦੀ ਨਹੀਂ ਸੀ ਅਤੇ ਨਾ ਕਦੀ ਮੁਆਫ਼ ਕਰ ਸਕਦੀ ਸੀ। "ਮੈਂ ਆਪਣੇ ਪਤੀ ਨਾਲ ਤੇਰੀ ਗੱਲਬਾਤ ਸੁਣੀ ਹੈ ਜੋ ਮੈਂ ਉਹਦੀ ਥਾਂ ਤੇ ਹੁੰਦੀ ਤਾਂ ਤੈਨੂੰ ਇਥੇ ਹੀ ਗੋਲੀ ਮਾਰ ਦੇਂਦੀ।"

ਇਹ ਸ਼ਬਦ ਕਹਿ ਕੇ ਉਹ ਕਿਤਾਬ ਖੋਲ੍ਹ ਕੇ ਬੈਠ ਗਈ ਅਤੇ ਆਪਣੇ ਪਤੀ ਦੇ ਜਾਗਣ ਤੱਕ ਨਾ ਉਹਨੇ ਮੇਰੇ ਵੱਲ ਵੇਖਿਆ ਅਤੇ ਨਾ ਹੀ ਮੇਰੇ ਨਾਲ ਬੋਲੀ। ਉਹ ਸੌਣ ਤੋਂ ਪੂਰਾ ਇਕ ਘੰਟਾ ਮਗਰੋਂ ਜਾਗਿਆ।

ਜਾਗ ਕੇ ਉਹਨੇ ਆਪਣੀ ਪਤਨੀ ਨੂੰ ਕਿਹਾ, "ਇਲੀਨਰ-ਮੇਰੀ ਚੰਗੀ ਇਲੀਨਰ ਕੀ ਤੁਸੀਂ ਬਿਲਕੁਲ ਤਿਆਰ ਹੋ? ਤਾਂ ਠੀਕ ਹੈ ਮੈਂ ਇਥੇ ਦੀ ਪੈਕਿੰਗ ਦਸ ਮਿੰਟ ਵਿਚ ਕਰ ਲਵਾਂਗਾ ਅਤੇ ਦਸ ਮਿੰਟ ਹੀ ਮੈਨੂੰ ਤਿਆਰ ਹੋਣ ਵਿਚ ਲਗਣਗੇ। ਹੋਰ ਕੀ ਕੰਮ ਕਰਨਾ ਹੈ ਏਜੰਟ ਦੇ ਆਉਣ ਤੱਕ--? ਉਹਨੇ ਕਮਰੇ ਵਿਚ ਨਜ਼ਰ ਦੁੜਾਈ। ਉਹਨੂੰ ਚੂਹਿਆਂ ਦਾ ਪਿੰਜਰਾ ਦਿੱਸਿਆ। "ਹਾਇ ਮੇਰੇ ਪੰਛੀ ਮੇਰੇ ਚੂਹੇ ! ਮੈਂ ਇਨ੍ਹਾਂ ਕੋਲ ਵੱਖ ਹੋਇਆ ਤਾਂ ਮੇਰਾ ਦਿਲ ਛਲਨੀ-ਛਲਨੀ ਹੋ ਜਾਏਗਾ। ਪਰ ਮੈਂ ਕੀ ਕਰਾਂ, ਅਜੇ ਤੇ ਅਸੀਂ ਸਫਰ ਹੀ ਸਫਰ ਕਰਨਾ ਹੈ।

ਕਿਧਰੇ ਟਿਕ ਕੇ ਤੇ ਰਹਿਣਾ ਨਹੀਂ, ਸੋ ਜਿੰਨਾ ਘੱਟ ਸਾਮਾਨ ਹੋਵੇਗਾ, ਉਨਾ ਹੀ ਚੰਗਾ ਹੈ। ਮੇਰੀ ਪਿਆਰੀ ਮੈਨਾਂ, -ਮੇਰੀਆਂ ਸੁਹਣੀਆਂ ਚਿੜੀਆਂ, ਅਤੇ ਮੇਰੇ ਨਿੱਕੇ-ਨਿੱਕੇ ਚੂਹੇ, ਇਨ੍ਹਾਂ ਦਾ ਪਾਪਾ ਚਲਾ ਗਿਆ ਤਾਂ ਇਨ੍ਹਾਂ ਨੂੰ ਕੌਣ ਪਿਆਰ ਕਰੇਗਾ-?'

ਉਹ ਡੂੰਘੀ ਸੋਚ ਵਿਚ ਡੁੱਬਾ ਕਮਰੇ ਵਿਚ ਚੱਕਰ ਲਾ ਰਿਹਾ ਸੀ। ਸਾਜ਼ਿਸ਼ ਦੀ ਕਹਾਣੀ ਲਿਖਦਿਆਂ ਉਹ ਰਤਾ ਨਹੀਂ ਸੀ ਘਬਰਾਇਆ, ਪਰ ਆਪਣੇ ਪਾਲਤੂ ਪੰਛੀਆਂ ਅਤੇ ਚੂਹਿਆਂ ਬਾਰੇ ਸੱਚਮੁਚ ਹੀ ਫ਼ਿਕਰਮੰਦ ਅਤੇ ਦੁਖੀ ਸੀ। ਕੁਝ ਸੋਚਣ ਮਗਰੋਂ ਉਹ ਰਾਈਟਿੰਗ ਟੇਬਲ ਕੋਲ ਅਚਾਨਕ ਜਾ ਕੇ ਜਾਪਦਾ ਸੀ, ਉਹਨੇ ਕੋਈ ਉਨ੍ਹਾਂ ਬਾਰੇ ਨਿਰਣਾ ਕਰ ਲਿਆ ਸੀ।

"ਮੈਨੂੰ ਅਚਾਨਕ ਹੀ ਖ਼ਿਆਲ ਆਇਆ ਹੈ ਕਿ ਇਨ੍ਹਾਂ ਨੂੰ ਮੈਂ ਇਸ ਮਹਾਂ-ਨਗਰ ਦੀ ਭੇਟਾ ਕਰ ਜਾਵਾਂਗਾ। ਮੇਰਾ ਏਜੰਟ ਮੇਰੇ ਵਲੋਂ' ਲੰਦਨ ਦੇ ਚਿੜੀਆ-ਘਰ ਵਿਚ ਮੇਰੀ ਮੈਨਾ ਅਤੇ ਚਿੜੀਆਂ ਦੇ ਦੇਏਗਾ। ਮੈਂ ਹੁਣੇ ਇਨ੍ਹਾਂ ਬਾਰੇ ਲਿਖ ਦੇਂਦਾ ਹਾਂ।"

ਉਹਨੇ ਲਿਖਣਾ ਸ਼ੁਰੂ ਕਰ ਦਿੱਤਾ, ਅਤੇ ਨਾਲ-ਨਾਲ ਉੱਚੀ-ਉੱਚੀ ਬੋਲਦਾ ਵੀ ਜਾ ਰਿਹਾ ਸੀ

"ਨੰਬਰ ਇਕ-ਇਕ ਮੈਨਾ, ਕਮਾਲ ਦੇ ਹਣੇ ਖੰਡਾਂ ਵਾਲੀ, ਨੰਬਰ ਦੋ, ਦੋ ਬਹੁਤ ਅਕਲਮੰਦ ਅਤੇ ਗਾਉਣ ਵਾਲੀਆਂ ਚਿੜੀਆਂ, ਲੰਦਨ ਦੇ ਰੀਜੈਂਟ ਪਾਰਕ ਦੇ ਚਿੜੀਆ-ਘਰ ਨੂੰ ਸੁਭ ਇੱਛਾਵਾਂ ਸਣੇ- ਫ਼ੋਸਕੋ ਦੀ ਭੇਟਾ-।"

ਇਕ ਵਾਰ ਉਹਨੇ ਫਿਰ ਪੈਨ ਨੂੰ ਜ਼ੋਰ ਦੀ ਘਸੀਟ ਕੇ ਆਪਣੇ ਦਸਤਖ਼ਤ ਕੀਤੇ।

"ਕਾਉਂਟ, ਤੁਸੀਂ ਚੂਹਿਆਂ ਬਾਰੇ ਕੁਝ ਨਹੀਂ ਲਿਖਿਆ !" ਮੈਡਮ ਫ਼ੋਸਕੋ ਬੋਲੀ।

ਕਾਊਂਟ ਨੇ ਮੇਜ਼ ਤੋਂ ਉੱਠ ਕੇ ਮੈਡਮ ਦਾ ਹੱਥ ਫੜ ਕੇ ਆਪਣੇ ਦਿਲ ਉੱਤੇ ਰੱਖ ਕੇ ਬੋਲਿਆ

"ਕਿਧਰੇ ਨਾ ਕਿਧਰੇ ਇਕ ਹੱਦ ਜ਼ਰੂਰ ਹੁੰਦੀ ਹੈ,- ਇਲੀਨਰ ! ਮੈਂ ਹੋਰ ਸਬਰ ਨਹੀਂ ਕਰ ਸਕਦਾ ਮੈਂ ਚੂਹਿਆਂ ਤੋਂ ਕਿਸੇ ਹਾਲਤ ਵਿਚ ਵੱਖ ਨਹੀਂ ਹੋ ਸਕਦਾ। ਖਿਮਾਂ ਕਰਨਾ ਮੇਰੀ ਪਿਆਰੀ, ਉਨ੍ਹਾ ਨੂੰ ਉਨ੍ਹਾਂ ਦੇ ਸਫਰ ਕਰਨ ਵਾਲੇ ਪਿੰਜਰੇ ਵਿਚ ਪਾ ਦੇ !"

"ਪ੍ਰਸੰਸਾ ਯੋਗ ਪਿਆਰ -!" ਮੈਡਮ ਫ਼ੋਸਕੋ ਨੇ ਜ਼ਹਿਰ ਵਿਚ ਬੁਝੀ ਇਕ ਨਜ਼ਰ ਮੇਰੇ ਤੋਂ ਸੁਟਦਿਆਂ ਹੋਇਆਂ ਕਿਹਾ, ਅਤੇ ਪਿੰਜਰੇ ਨੂੰ ਬੜੇ ਪਿਆਰ ਨਾਲ ਚੁੱਕ ਕੇ ਲੈ ਗਈ।

ਕਾਊਂਟ ਨੇ ਘੜੀ ਵੇਖੀ। ਭਾਵੇਂ ਹੁਣ ਉਹ ਸ਼ਾਂਤ ਦਿੱਸਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਵਿਚੋਂ ਉਹ ਚਿੰਤਿਤ ਸੀ। ਮੋਮਬੱਤੀਆਂ ਬੁਝਾ ਦਿੱਤੀਆਂ ਗਈਆਂ ਸਨ। ਕਮਰੇ ਵਿਚ ਨਵੀਂ ਸਵੇਰ ਦੀਆਂ ਕਿਰਨਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ, ਸੱਤ ਵੱਜ ਕੇ ਪੰਜ ਮਿੰਟ ਹੀ ਹੋਏ ਹੋਣਗੇ ਕਿ ਫਾਟਕ ਦੀ ਘੰਟੀ ਵੱਜੀ, ਅਤੇ ਏਜੰਟ ਅੰਦਰ ਆਇਆ। ਉਹ ਕੋਈ ਬਿਦੇਸ਼ੀ ਸੀ ਜਿਸ ਦੀ ਦਾੜ੍ਹੀ ਸੀ।

ਕਾਊਂਟ ਨੇ ਉਹਦੇ ਨਾਲ ਮੇਰੀ ਜਾਣ-ਪਛਾਣ ਕਰਵਾਈ। "ਮਿਸਟਰ ਹਾਰਟੀਰਾਈਟ,--- ਮਿਸਟਰ ਰੂਬੈਲੇ-' ਉਹ ਏਜੰਟ ਨੂੰ ਇਕ ਕੋਨੇ ਵਿਚ ਲੈ ਗਿਆ ਅਤੇ ਹੌਲੀ ਹੌਲੀ ਉਹਦੇ ਨਾਲ ਕੋਈ ਗੱਲ ਕਰਕੇ ਕਮਰੇ ਵਿਚੋਂ ਬਾਹਰ ਨਿਕਲ ਗਿਆ। ਜਦੋਂ ਅਸੀਂ ਇਕੱਲੇ ਰਹਿ ਗਏ ਤਾਂ ਮਿਸਟਰ ਰੂਬੈਲੇ ਨੇ ਮੈਨੂੰ ਹੁਕਮ ਦੇਣ ਲਈ ਕਿਹਾ; ਮੈਂ ਪੈਸਕਾ ਨੂੰ ਦੋ ਸਤਰਾਂ ਲਿਖੀਆਂ ਕਿ ਮੇਰੀ ਚਿੱਠੀ ਉਵੇਂ ਬੰਦ ਹੀ ਉਸ ਆਦਮੀ ਨੂੰ ਦੇ ਦੇਵੇ ਜੋ ਇਹ ਚਿੱਠੀ ਲੈ ਕੇ ਆਵੇ। ਪੈਸਕਾ ਦਾ ਪਤਾ ਲਿਖ ਕੇ ਮੈਂ ਉਹ ਕਾਗਜ਼ ਰੂਬੈਲੇ ਦੇ ਹੱਥ ਫੜਾਇਆ।

ਏਜੰਟ ਮੇਰੇ ਕੋਲ ਕਾਊਂਟ ਨੂੰ ਉਡੀਕ ਦਾ ਰਿਹਾ, ਕਾਊਂਟ ਆਪਣੇ ਕੱਪੜੇ ਬਦਲ ਕੇ ਆ ਗਿਆ ਸੀ। ਕਾਊਂਟ ਨੇ ਏਜੰਟ ਦੇ ਹੱਥੋਂ ਉਹ ਚਿੱਠੀ ਲੈ ਕੇ ਪੈਸਕਾ ਦਾ ਪਤਾ ਵੇਖਿਆ ਅਤੇ ਬੋਲਿਆ "ਹਾਂ ਮੇਰਾ ਵੀ ਇਹੀ ਖਿਆਲ ਸੀ।" ਉਹਨੇ ਮੈਨੂੰ ਘੂਰੀ ਵੱਟੀ ਅਤੇ ਉਸ ਪਲ ਤੋਂ ਮਗਰੋਂ ਉਹ ਹੋਰ ਦਾ ਹੋਰ ਹੀ ਹੋ ਗਿਆ ਸੀ।

ਉਹਨੇ ਆਪਣੀ ਤਿਆਰੀ ਕਰ ਲਈ ਸੀ, ਅਤੇ ਇਕ ਨਕਸ਼ਾ ਸਾਹਮਣੇ ਰੱਖ ਕੇ ਆਪਣੀ ਨੋਟ-ਬੁਕ ਵਿਚ ਕਦੀ-ਕਦੀ ਕੁਝ ਲਿਖਦਾ; ਅਤੇ ਬੇਚੈਨੀ ਨਾਲ ਘੜੀ ਨੂੰ ਵੇਖਦਾ। ਉਹਨੇ ਇਹ ਸਾਰਾ ਵਕਤ ਮੇਰੇ ਨਾਲ ਇਕ ਗੱਲ ਵੀ ਨਾ ਕੀਤੀ। ਜਦੋਂ ਦੀ ਉਹਨੇ ਮੇਰੇ ਅਤੇ ਪੈਸਕਾ ਵਿਚਕਾਰ ਇਹ ਚਿੱਠੀ ਵੇਖੀ ਸੀ; ਉਹਨੂੰ ਸ਼ਾਇਦ ਆਪਣੀ ਜਾਨ ਬਚਾਉਣ ਦਾ ਖ਼ਿਆਲ ਤੰਗ ਕਰ ਰਿਹਾ ਸੀ। ਹੁਣ ਉਹਦੇ ਜਾਣ ਦਾ ਸਮਾਂ ਵੀ ਨੇੜੇ ਆ ਗਿਆ ਸੀ।

ਅੱਠ ਵੱਜਣ ਤੋਂ ਪਹਿਲਾਂ ਹੀ ਮਿਸਟਰ ਰੁਬੈਲੇ ਮੇਰੀ ਚਿੱਠੀ ਪੈਸਕਾ ਕੋਲੋਂ ਲੈ ਕੇ ਪਹੁੰਚ ਗਿਆ। ਕਾਊਂਟ ਨੇ ਧਿਆਨ ਨਾਲ ਚਿੱਠੀ ਵੇਖੀ ਅਤੇ ਉਸ ਉੱਪਰ ਲੱਗੀ ਮੋਹਰ ਵੇਖੀ ਮੋਮਬੱਤੀ ਬਾਲ ਕੇ ਉਹਨੇ ਇਹ ਚਿੱਠੀ ਮੇਰੇ ਸਾਹਮਣੇ ਸਾੜ ਦਿੱਤੀ- ਅਤੇ ਬੋਲਿਆ,--। “ਮੈਂ ਆਪਣਾ

ਇਕਰਾਰ ਪੂਰਾ ਕਰਦਾ ਹਾਂ, ਪਰ ਇਹ ਗੱਲ ਇਥੇ ਹੀ ਖਤਮ ਨਹੀਂ ਹੋਵੇਗੀ; ਮਿਸਟਰ ਹਾਰਟਰਾਈਟ।"

ਏਜੰਟ ਜਿਸ ਟੈਕਸੀ ਵਿਚ ਆਇਆ ਸੀ, ਉਹਨੇ ਉਹ ਬੂਹੇ ਤੇ ਖੜੀ ਕੀਤੀ ਹੋਈ ਸੀ। ਉਹ ਅਤੇ ਨੌਕਰਾਣੀ ਦੋਵੇਂ ਸਮਾਨ ਨੂੰ ਟੈਕਸੀ ਵਿਚ ਰੱਖਣ ਲੱਗ ਪਏ। ਮੈਡਮ ਫ਼ੋਸਕੋ ਹੇਠਾਂ ਉੱਤਰੀ, ਉਹਨੇ ਆਪਣੇ ਮੂੰਹ ਨੂੰ ਭਾਰੀ ਜਿਹੀ ਚੁੰਨੀ ਨਾਲ ਕੱਜਿਆ ਹੋਇਆ ਸੀ; ਅਤੇ ਚੂਹਿਆਂ ਦਾ ਪਿੰਜਰਾ ਉਹਦੇ ਹੱਥ ਵਿਚ ਸੀ। ਉਹਨੇ ਨਾ ਤੇ ਮੇਰੇ ਵੱਲ ਵੇਖਿਆ ਅਤੇ ਨਾ ਮੇਰੇ ਨਾਲ ਬੋਲੀ। ਉਹਦਾ ਪਤੀ ਉਹਨੂੰ ਟੈਕਸੀ ਤੱਕ ਲੈ ਗਿਆ – ਉਹਨੇ ਮੇਰੇ ਕੰਨ ਵਿਚ ਕਿਹਾ, ‘‘ਮੇਰੇ ਨਾਲ ਗੈਲਰੀ ਤੱਕ ਚਲਣਾ, ਸ਼ਾਇਦ ਮੈਂ ਅਖੀਰ ਵੇਲੇ ਤੈਨੂੰ ਕੋਈ ਗੱਲ ਕਹਿਣੀ ਹੋਵੇ।‘’

ਮੈਂ ਬਾਹਰਲੇ ਦਰਵਾਜ਼ੇ ਤਕ ਗਿਆ। ਏਜੰਟ ਬਗੀਚੇ ਦੇ ਫਾਟਕ ਕੋਲ ਖੜਾ ਸੀ; ਕਾਊਂਟ ਵਾਪਸ ਆਇਆ ਅਤੇ ਮੈਨੂੰ ਕੁਝ ਕਦਮ ਅੰਦਰ ਵੱਲ ਖਿੱਚ ਕੇ ਲੈ ਗਿਆ ਅਤੇ ਹੌਲੀ ਜਿਹੀ ਬੋਲਿਆ-

"ਤੀਜੀ ਸ਼ਰਤ ਯਾਦ ਰੱਖਣਾ, ਮੈਂ ਤੁਹਾਨੂੰ ਜਲਦੀ ਹੀ ਚਿੱਠੀ ਲਿਖਾਂਗਾ, ਮਿਸਟਰ ਹਾਰਟਰਾਈਟ।" ਉਹਨੇ ਮੇਰਾ ਹੱਥ ਫੜ ਕੇ ਜ਼ੋਰ ਦੀ ਘੁੱਟਿਆ ਅਤੇ ਦਰਵਾਜੇ ਤੱਕ ਪਹੁੰਚ ਕੇ ਫਿਰ ਵਾਪਸ ਆਇਆ।

"ਇਕ ਗੱਲ ਹੋਰ ਹੈ ਉਹਨੇ ਭੇਤ ਭਰੇ ਲਹਿਜੇ ਵਿਚ ਕਿਹਾ", ਜਦੋਂ ਮੈਂ ਅਖ਼ੀਰਲੀ ਵਾਰ ਮਿਸ ਹਾਲਕੌਂਬ ਨੂੰ ਮਿਲਿਆ, ਉਹ ਕਮਜ਼ੋਰ ਅਤੇ ਬੀਮਾਰ ਲੱਗ ਰਹੀ ਸੀ। ਮੈਨੂੰ ਉਸ ਸ਼ਾਨਦਾਰ ਔਰਤ ਦਾ ਫ਼ਿਕਰ ਹੈ-। ਉਹਦਾ ਧਿਆਨ ਰੱਖਣਾ। ਮੈਂ ਆਪਣੇ ਦਿਲ ਤੇ ਹੱਥ ਰੱਖ ਕੇ ਇਹ ਗੱਲ ਗੰਭੀਰਤਾ ਨਾਲ ਕਹਿ ਰਿਹਾ ਹਾਂ,- ਉਹਦਾ ਧਿਆਨ ਰੱਖਣਾ।"

ਇਹ ਉਹਦੇ ਅਖੀਰਲੇ ਸ਼ਬਦ ਸਨ ਇਸ ਤੋਂ ਮਗਰੋਂ ਉਹ ਟੈਕਸੀ ਵਿਚ ਬੈਠ ਕੇ ਅੱਖਾਂ ਤੋਂ ਓਹਲੇ ਹੋ ਗਿਆ।

ਏਜੰਟ ਅਤੇ ਮੈਂ ਕੁਝ ਪਲ ਦਰਵਾਜ਼ੇ ਤੇ ਹੀ ਖੜੇ ਉਹਦੀ ਟੈਕਸੀ ਨੂੰ ਜਾਂਦਿਆਂ ਵੇਖਦੇ ਰਹੇ। ਅਜੇ ਅਸੀਂ ਉਥੇ ਹੀ ਸਾਂ, ਕਿ ਇਕ ਹੋਰ ਟੈਕਸੀ ਕਿਸੇ ਹੋਰ ਮੋੜ ਤੋਂ ਇਧਰ ਹੀ ਮੁੜੀ, ਅਤੇ ਕਾਊਂਟ ਦੀ ਟੈਕਸੀ ਵਾਲੇ ਰਾਹ ਤੇ ਪੈ ਗਈ। ਉਹ ਟੈਕਸੀ ਜਿਸ ਵੇਲੇ ਇਸ ਘਰ ਅਤੇ

ਬਗੀਚੇ ਅੱਗੋਂ ਲੰਘੀ, ਤਾਂ ਮੈਂ ਵੇਖਿਆ ਕਿ ਉਸ ਵਿਚ ਉਹੀ ਪ੍ਰਦੇਸੀ ਆਦਮੀ ਬੈਠਾ ਹੋਇਆ ਸੀ, ਜਿਸ ਮੂੰਹ ਤੇ ਜ਼ਖ਼ਮ ਦਾ ਦਾਗ ਸੀ। ਉਹਨੇ ਸਾਡੇ ਵੱਲ ਨਜ਼ਰ ਮਾਰੀ।

"ਤੁਸੀਂ ਮੇਰੇ ਨਾਲ ਅੱਧਾ ਘੰਟਾ ਹੋਰ ਬੈਠੋ" ਮਿਸਟਰ ਰੂਬੈਲੇ ਨੇ ਮੈਨੂੰ ਕਿਹਾ।

“ਹਾਂ, ਮੈਂ ਬੈਠਾਂਗਾ" ਮੈਂ ਉੱਤਰ ਦਿੱਤਾ। ਮੈਂ ਏਜੰਟ ਨਾਲ, ਅਤੇ ਏਜੰਟ ਨੇ ਮੇਰੇ ਨਾਲ ਕੋਈ ਗੱਲ ਨਾ ਕੀਤੀ। ਮੈਂ ਉਹ ਕਾਗਜ਼ ਕੱਢੇ ਜੋ ਕਾਊਂਟ ਨੇ ਮੈਨੂੰ ਲਿਖ ਕੇ ਦਿੱਤੇ ਸਨ, ਅਤੇ ਉਸ ਭਿਆਨਕ ਸਾਜ਼ਿਸ਼ ਦੀ ਕਹਾਣੀ ਪੜ੍ਹਨੀ ਸ਼ੁਰੂ ਕੀਤੀ। ਇਹ ਉਸ ਦੀ ਹੀ ਜ਼ੁਬਾਨੀ ਸੀ ਜਿਸ ਦੇ ਦਿਮਾਗ ਨੇ ਇਸ ਗੋਂਦ ਨੂੰ ਗੁੰਦਿਆ ਅਤੇ ਸਿਰੇ ਚਾੜ੍ਹਿਆ ਸੀ।

ਆਈਸੀਡੋਰ, ਅਟੇਵੀਓ, ਬੇਲਡਾਸੇਅਚ ਅਤੇ ਰੋਮਨ ਸਾਮਾਜ ਦੇ ਕਾਊਂਟ ਫ਼ੋਸਕੋ, ਜੋ ਸਾਰੇ ਯੌਰਪ ਵਿਚ ਭਿੰਨ-ਭਿੰਨ ਸੰਗੀਤ, ਦਾਰਸ਼ਨਿਕ ਅਤੇ ਕਈ ਮੈਡੀਕਲ ਸੁਸਾਇਟੀਆਂ ਦੇ ਆਨਰੇਰੀ ਸਦੱਸਯ ਹਨ, ਦੀ ਜ਼ਬਾਨੀ ਕਹਾਣੀ ਦਾ ਵਰਨਣ -

ਕਾਊਂਟ ਦਾ ਬਿਆਨ

ਸੰਨ ਅਠਾਰਾਂ ਸੌ ਪੰਜਾਹ ਦੀਆਂ ਗਰਮੀਆਂ ਵਿਚ ਮੈਂ ਜਦੋਂ ਇੰਗਲੈਂਡ ਪਹੁੰਚਿਆ, ਤਾਂ ਮੈਨੂੰ ਕਿਸੇ ਗੰਭੀਰ ਰਾਜਨੀਤਿਕ ਕੰਮ ਦੀ ਸੌਂਪਣੀ ਕੀਤੀ ਗਈ ਸੀ। ਕਈ ਬੰਦੇ ਵੀ ਮੇਰੇ ਹੇਠਾਂ ਸਨ, ਜਿਨ੍ਹਾਂ ਕੋਲ ਮੈਂ ਗੁਪਤ ਰੂਪ ਵਿਚ ਕੰਮ ਕਰਵਾਉਣਾ ਸੀ। ਮੈਡਮ ਅਤੇ ਮਿਸਟਰ ਰੁਬੈਲੇ ਵੀ ਉਨ੍ਹਾਂ ਹੀ ਵਿਚੋਂ ਦੋ ਸਨ। ਲੰਦਨ ਦੇ ਕਿਸੇ ਹਿੱਸੇ ਵਿਚ ਰਹਿ ਕੇ ਮੈਂ ਇਹ ਕੰਮ ਸ਼ੁਰੂ ਕਰਨਾ ਸੀ, ਪਰ ਕੁਝ ਹਫ਼ਤੇ ਮੈਂ ਵਿਹਲਾ ਸਾਂ। ਹੁਣ ਜੇ ਕੋਈ ਉਤਸੁਕਤਾ ਵਸ ਇਹ ਮੇਰੇ ਕੋਲੋਂ ਪੁੱਛਣਾ ਚਾਹੇ ਕਿ ਉਹ ਕੀ ਕੰਮ ਸੀ ਤਾਂ ਮੈਂ ਮਜ਼ਬੂਰ ਹਾਂ। ਦੂਤ ਕਾਰਜ ਸੰਬੰਧੀ ਕਈ ਰੁਕਾਵਟਾਂ ਹਨ, ਮੈਂ ਇਹ ਭੇਤ ਇਥੇ ਨਹੀਂ ਖੋਲ੍ਹ ਸਕਦਾ।

ਮੈਂ ਇਹ ਕੁਝ ਹਫ਼ਤੇ ਆਪਣੇ ਸਵਰਗਵਾਸੀ ਪਿਆਰ ਮਿੱਤਰ ਸਰ ਪਰਸੀਵਲ ਗਲਾਈਡ ਦੀ ਸ਼ਾਨਦਾਰ ਅਸਟੇਟ ਤੇ ਬਿਤਾਉਣ ਦੀ ਸਲਾਹ ਬਣਾਈ। ਉਹ ਯੌਰਪ ਤੋਂ ਆਪਣੀ ਪਤਨੀ ਨਾਲ ਆਇਆ ਅਤੇ ਮੈਂ ਆਪਣੀ ਪਤਨੀ ਨਾਲ। ਇੰਗਲੈਂਡ ਵਿਚ ਸੱਚਮੁੱਚ ਘਰੋਗੀ ਖ਼ੁਸ਼ੀ ਮਿਲਦੀ ਹੈ, ਅਸੀਂ ਵੀ ਖ਼ੁਸ਼ੀ ਖ਼ੁਸ਼ਾਈ ਆਏ ਸਾਂ।

ਸਾਡੇ ਵਿਚਕਾਰ ਮਿੱਤਰਤਾ ਹੁਣ ਹੋਰ ਵੀ ਡੂੰਘੀ ਹੋ ਗਈ ਸੀ, ਕਿਉਂਕਿ ਸਾਡੀ ਮਾਇਕ ਹਾਲਤ ਇਕੋ-ਜਿਹੀ ਸੀ। ਸਾਨੂੰ ਦੋਹਾਂ ਨੂੰ ਉਸ ਵੇਲੇ ਪੈਸੇ ਦੀ ਬੜੀ ਲੋੜ ਸੀ। ਪਰ

ਇਹ ਲੋੜ ਹਰ ਇਕ ਨੂੰ ਹੀ ਹੁੰਦੀ ਹੈ। ਸੋ ਦੁਨੀਆਂ ਤੇ ਕਿਹੜਾ ਸੱਭਯ ਮਨੁੱਖ ਹੋਵੇਗਾ ਜੋ ਸਾਡੇ ਨਾਲ ਹਮਦਰਦੀ ਪ੍ਰਗਟ ਨਾ ਕਰੇ -? ਜਾਂ ਤੇ ਉਹ ਬੜਾ ਹੀ ਅਮੀਰ ਹੋਵੇਗਾ- ਜਾਂ ਉਹ ਪੱਥਰ ਦਿਲ ਹੋਵੇਗਾ।

ਮੈਂ ਇਨ੍ਹਾਂ ਨਿਗੂਣੀਆਂ ਗੱਲਾਂ ਵਿਚ ਨਹੀਂ ਪੈਣਾ ਚਾਹੁੰਦਾ, ਮੈਨੂੰ ਕਰੀਚ ਆਉਂਦੀ ਹੈ -, ਮੈਂ ਬਸ ਇਕ ਵਾਰ ਤੁਹਾਨੂੰ ਦਸ ਦਿੱਤਾ ਹੈ, ਕਿ ਮੇਰਾ ਅਤੇ ਸਰ ਪਰਸੀਵਲ ਦਾ ਬਟੂਆ ਬਿਲਕੁਲ ਸੱਖਣਾ ਸੀ, ਹੁਣ ਤੁਸੀਂ ਆਪ ਹੀ ਅਨੁਮਾਨ ਲਾਉ ਅਤੇ ਮੈਂ ਅੱਗੇ ਤੁਰਦਾ ਹਾਂ।

ਘਰ ਪਹੁੰਚਣ ਤੇ ਸਾਡਾ ਸਵਾਗਤ ਇਕ ਸ਼ਾਨਦਾਰ ਸ਼ਲਾਘਾਯੋਗ ਔਰਤ ਨੇ ਕੀਤਾ, ਜਿਸਦਾ ਨਾਂ ਮੇਰੇ ਦਿਲ ਉੱਤੇ 'ਮੇਰੀਅਨ' ਲਿਖਿਆ ਹੈ, ਪਰ ਸਮਾਜ ਦੇ ਠੰਢੇਠਾਰ ਸੱਭਯ ਵਾਤਾਵਰਨ ਵਿਚ 'ਮਿਸ ਹਾਲਕੌਂਬ' ਕਿਹਾ ਜਾਂਦਾ ਹੈ।

ਮੇਰੇ ਨਾਲ ਅਜੀਬ ਹੀ ਗੱਲ ਹੋਈ। ਮੈਂ ਉਸ ਔਰਤ ਨੂੰ ਮਿਲਦਿਆਂ ਹੀ ਉਸਦਾ ਹੋ ਗਿਆ। ਸੱਠ ਸਾਲ ਦੀ ਉਮਰ ਵਿਚ ਮੈਂ ਉਹਨੂੰ ਅਠਾਰਾਂ ਸਾਲ ਦੇ ਮੁੰਡੇ ਵਾਂਗ ਪਿਆਰ ਕਰਨ ਲੱਗ ਪਿਆ। ਮੇਰੇ ਪਿਆਰ ਵਿਚੋਂ ਇਕ ਜਵਾਲਾਮੁਖੀ ਦਾ ਸੇਕ ਨਿਕਲਦਾ ਸੀ। ਮੈਂ ਆਪਣੀ ਜ਼ਿੰਦਗੀ ਦਾ ਅਮੁੱਲ ਖਜ਼ਾਨਾ ਉਹਦੇ ਪੈਰਾਂ ਤੇ ਰੱਖ ਦਿੱਤਾ ਸੀ। ਅਤੇ ਮੇਰੀ ਪਤਨੀ ਵਿਚਾਰੀ ਕੀ ਜਾਣਦੀ ਹੈ, ਉਹਨੂੰ ਤਾਂ ਜੋ ਕੁਝ ਮਿਲਦਾ ਹੈ ਉਹ ਤਾਂ ਕੁਝ ਸ਼ਲਿੰਗ ਹਨ, ਬੱਚਿਆ-ਖੁਚਿਆ ਕੁਝ ਹਿੱਸਾ ਹੀ ਹੈ, ਪਰ ਦੁਨੀਆ ਵਿੱਚ ਹੀ ਚਲਦੀ ਹੈ। ਮਨੁੱਖ ਇਸੇ ਤਰ੍ਹਾਂ ਹਨ-। ਪਿਆਰ ਦੀ ਖੇਡ ਨਿਆਰੀ ਹੀ ਹੈ। ਮੈਂ ਪੁੱਛਦਾ ਹਾਂ,-- ਆਖਿਰ ਅਸੀਂ ਹਾਂ ਕੀ -? ਇਕ ਨਾਟਕ ਵਿਚ ਕੁਝ ਪੁਤਲੀਆਂ ਹੀ ਤਾਂ ਹਾਂ। ਹੇ ਹੋਣੀ ! ਸਾਡੇ ਧਾਗੇ ਉੱਪਰੋਂ ਹੌਲੀ-ਹੌਲੀ ਖਿੱਚੀ। ਇਸ ਮੰਚ ਉੱਤੇ ਸਾਡੇ ਤੇ ਤਰਸ ਭਰੀ ਨਜ਼ਰ ਹੀ ਰੱਖੀ।

ਇਨ੍ਹਾਂ ਸਤਰਾਂ ਵਿਚ ਇਕ ਫਿਲਾਸਫੀ ਹੋ ਜੋ ਮੇਰੀ ਆਪਣੀ ਹੈ -! ਇਹ ਮੇਰਾ ਆਪਣਾ ਦ੍ਰਿਸ਼ਟੀਕੋਣ ਹੈ, ਹੁਣ ਮੈਂ ਕਹਾਣੀ ਬਿਆਨ ਕਰਦਾ ਹਾਂ।

ਬਲੈਕਵਾਟਰ ਪਾਰਕ ਵਿਚ ਜਿਵੇਂ ਅਸੀਂ ਰਹੇ ਉਹਦਾ ਵਰਨਣ ਮੇਰੀਅਨ ਨੇ ਬੜੀ ਬਾਰੀਕੀ ਨਾਲ ਅਤੇ ਇੰਨ-ਬਿੰਨ ਠੀਕ ਕੀਤਾ ਹੈ। ਖਿਮਾਂ ਕਰਨਾ, ਪਰ ਮੈਂ ਉਹਨੂੰ ਮੇਰੀਅਨ ਕਹਿ ਕੇ ਹੀ ਬਲਾਵਾਂਗਾ। ਮੈਂ ਉਹਦੀ ਡਾਇਰੀ ਪੜ੍ਹੀ ਸੀ, ਉਹਦੀ ਯਾਦ ਮੇਰੇ ਦਿਲ ਵਿਚ ਸਦਾ ਰਵ੍ਹੇਗੀ, ਜੋ ਜੋ ਗੱਲਾਂ ਉਹ ਲਿਖ ਚੁੱਕੀ ਹੈ, ਮੈਂ ਉਨ੍ਹਾਂ ਨੂੰ ਨਹੀਂ ਦੁਹਰਾਵਾਂਗਾ।

ਮੇਰਾ ਜਿਸ ਮਾਮਲੇ ਨਾਲ ਸਬੰਧ ਹੈ, ਉਹ ਮੇਰੀਅਨ ਦੀ ਬੀਮਾਰੀ ਨਾਲ ਸ਼ੁਰੂ ਹੁੰਦਾ ਹੈ। ਮੇਰੀਅਨ ਦੀ ਬੀਮਾਰੀ ਬੜੀ ਦੁਖਦਾਈ ਅਤੇ ਸੰਕਟ ਭਰੀ ਸੀ।

ਉਸ ਵੇਲੇ ਸਥਿਤੀ ਉਂਜ ਵੀ ਬੜੀ ਨਾਜ਼ਕ ਹੋ ਚੁੱਕੀ ਸੀ। ਪਰਸੀਵਲ ਨੂੰ ਕਾਫ਼ੀ ਪੈਸੇ ਦੀ ਲੋੜ ਸੀ। ਕਿਉਂਕਿ ਉਸ ਨੇ ਕੋਈ ਕਰਜ਼ਾ ਦੇਣਾ ਸੀ। ਮੈਂ ਆਪਣੀ ਲੋੜ ਬਾਰੇ ਕੁਝ ਨਹੀਂ ਕਹਿੰਦਾ-ਭਾਵੇਂ ਮੈਨੂੰ ਵੀ ਪੈਸੇ ਦੀ ਸਖ਼ਤ ਜ਼ਰੂਰਤ ਸੀ। ਪੈਸਾ ਵਸੂਲ ਕਰਨ ਦਾ ਇਕ ਰਾਹ ਸੀ, ਪਰਸੀਵਲ ਦੀ ਪਤਨੀ ਦੀ ਜਾਇਦਾਦ। ਪਰ ਉਸਦੀ ਮੌਤ ਤੋਂ ਪਹਿਲਾਂ ਪਰਸੀਵਲ ਇਕ ਪਾਈ ਦਾ ਵੀ ਹੱਕਦਾਰ ਨਹੀਂ ਸੀ। ਸੋ ਇਹ ਹਾਲਤ ਸੀ। ਉਧਰ ਮੇਰਾ ਮਿੱਤਰ ਹੋਰ ਮਾਮਲਿਆਂ ਵਿਚ ਵੀ ਉਲਝਿਆ ਪਿਆ ਸੀ, ਮੈਂ ਉਹ ਗੱਲਾਂ ਉਸ ਨੂੰ ਪੁੱਛ ਨਹੀਂ ਸਾਂ ਸਕਦਾ। ਕਿਉਂ ਜੋ ਮੈਂ ਉਹਦਾ ਦੋਸਤ ਸਾਂ, ਤੇ ਉਹਦੇ ਨਿੱਜੀ ਮਾਮਲੇ ਵਿਚ ਦਖ਼ਲ ਦੇਣਾ ਨਹੀਂ ਸਾਂ ਚਾਹੁੰਦਾ। ਹਾਂ, ਮੈਂ ਇਹ ਜਾਣਦਾ ਸਾਂ ਕਿ ਏਨ ਕੈਥੇਰਿਕ ਦੀ ਇਕ ਔਰਤ ਸਾਡੇ ਗਵਾਂਢ ਹੀ ਕਿਧਰੇ ਛੁਪੀ ਹੋਈ ਸੀ, ਉਹ ਲੇਡੀ ਗਲਾਈਡ ਨੂੰ ਮਿਲ ਚੁੱਕੀ ਸੀ। ਅਤੇ ਇਹ ਸੰਭਾਵਨਾ ਸੀ ਕਿ ਉਹ ਕੋਈ ਭੇਤ ਲੇਡੀ ਗਲਾਈਡ ਨੂੰ ਦੱਸਣਾ ਚਾਹੁੰਦੀ ਸੀ ਅਤੇ ਜੇ ਇਹ ਭੇਤ ਕਿਸੇ ਤਰ੍ਹਾਂ ਖੁੱਲ ਗਿਆ ਤਾਂ ਸਰ ਪਰਸੀਵਲ ਬਰਬਾਦ ਹੋ ਸਕਦਾ ਸੀ। ਇਹ ਗੱਲ ਮੈਨੂੰ ਉਹਨੇ ਆਪ ਦਸੀ ਕਿ ਜੇ ਉਹਦੀ ਪਤਨੀ ਨੂੰ ਕਿਸੇ ਤਰ੍ਹਾਂ ਚੁੱਪ ਨਾ ਕਰਾਇਆ ਗਿਆ, ਅਤੇ ਜੋ ਏਨ ਕੈਥੇਰਿਕ ਨਾ ਲੱਭੀ ਤਾਂ ਉਹ ਕਿਸੇ ਥਾਂ ਜੋਗਾ ਨਹੀਂ ਰਹਿਣ ਲੱਗਾ! ਜੇ ਉਹ ਹੀ ਬਰਬਾਦ ਹੋ ਗਿਆ ਤਾਂ ਸਾਡਾ ਕੀ ਬਣੇਗਾ? ਭਾਵੇਂ ਮੈਂ ਬੜਾ ਜਿਗਰੇ ਵਾਲਾ ਹਾਂ, ਤਾਂ ਵੀ ਮੈਂ ਇਹ ਸੋਚ ਕੇ ਕੰਬ ਗਿਆ!

ਹੁਣ ਮੈਂ ਆਪਣੀ ਸਾਰੀ ਅਕਲ ਇਸ ਪਾਸੇ ਦੁੜਾਉਣੀ ਸ਼ੁਰੂ ਕੀਤੀ ਕਿ ਏਨ ਕੈਥੇਰਿਕ ਨੂੰ ਜਿਵੇਂ ਲੱਭਿਆ ਜਾਵੇ--? ਸਾਡੀ ਪੈਸੇ ਦੀ ਲੋੜ ਅਜੇ ਕੁਝ ਸਮਾਂ ਟਲ ਸਕਦੀ ਸੀ, ਪਰ ਏਨ ਕੈਥੇਰਿਕ ਨੂੰ ਉਸੇ ਵੇਲੇ ਲੱਭਣਾ ਅਤਿ ਜ਼ਰੂਰੀ ਸੀ। ਮੈਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਏਨ ਕੈਥੇਰਿਕ ਦੀ ਸ਼ਕਲ ਲੇਡੀ ਗਲਾਈਡ ਨਾਲ ਮਿਲਦੀ ਸੀ। ਇਹ ਗੱਲ ਮੈਨੂੰ ਸਰ ਪਰਸੀਵਲ ਨੂੰ ਭਾਵੇਂ ਇਸ ਲਈ ਦਸੀ ਕਿ ਮੈਂ ਉਹਨੂੰ ਆਸਾਨੀ ਨਾਲ ਢੂੰਡ ਸਕਾਂ। ਉਹਨੇ ਇਹ ਵੀ ਦੱਸਿਆ ਕਿ ਉਹ ਪਾਗਲਖਾਨੇ ਵਿਚੋਂ ਨਸ ਕੇ ਗਈ ਹੈ। ਪਰ ਇਹ ਅਜੀਬ ਗੱਲ ਸੁਣਦਿਆਂ ਮੇਰੇ ਦਿਮਾਗ ' ਵਿਚ ਇਕ ਸਕੀਮ ਤਿਆਰ ਹੋ ਗਈ, ਜਿਸ ਦਾ ਪਿੱਛੋਂ ਜਾ ਕੇ ਇਹ

ਹੈਰਾਨੀਜਨਕ ਨਤੀਜਾ ਨਿਕਲਿਆ। ਮੈਂ ਦੋ ਬੰਦਿਆਂ ਦੀ ਪਛਾਣ ਹੀ ਬਦਲ ਦਿੱਤੀ--ਅਤੇ ਦੋ ਬੰਦਿਆਂ ਦੀ ਸਖਸ਼ੀਅਤ ਉਲਟ ਪੁਲਟ ਕਰ ਦਿੱਤੀ ਹੈ। ਲੇਡੀ ਗਲਾਈਡ ਅਤੇ ਏਨ ਕੈਥੇਰਿਕ ਦਾ ਆਪਸ ਵਿਚ ਨਾਂ ਹੀ ਨਹੀਂ, ਸਗੋਂ ਥਾਂ ਅਤੇ ਕਿਸਮਤ ਹੀ ਬਦਲ ਦਿਤੀ ਜਾਏ ਤਾਂ ਇਸ ਨਾਲ ਸਾਨੂੰ ਦੋ ਵੱਡੇ ਲਾਭ ਹੋਣ ਦੀ ਆਸ ਸੀ। ਤੀਹ ਹਜਾਰ ਪੌਂਡ ਸਾਨੂੰ ਮਿਲ ਜਾਣੇ ਸਨ, ਅਤੇ ਸਰ ਪਰਸੀਵਲ ਦਾ ਭੇਤ ਸਦਾ ਲਈ ਛੁਪਾਇਆ ਜਾ ਸਕਦਾ ਸੀ।

ਮੇਰੇ ਦਿਲ ਨੇ ਇਸ ਗੱਲ ਦੀ ਗਵਾਹੀ ਦਿੱਤੀ, ਅਤੇ ਅਕਸਰ ਮੇਰਾ ਦਿਲ ਝੂਠ ਨਹੀਂ ਕਹਿੰਦਾ-ਕਿ ਹੋਵੇ ਨਾ ਹੋਵੇ, ਏਨ ਕੈਥੇਰਿਕ ਬੋਟ-ਹਾਊਸ ਜ਼ਰੂਰ ਆਏਗੀ। ਇਸ ਲਈ ਮੈਂ ਸਾਰਾ ਦਿਨ ਉਥੇ ਹੀ ਬਿਤਾਉਣਾ ਸ਼ੁਰੂ ਕੀਤਾ। ਘਰ ਨਿਕਲਣ ਤੇ ਮੈਂ ਮਿਸਿਜ਼ ਮਾਈਕਲਸਨ, ਹਾਊਸਕੀਪਰ ਨੂੰ ਕਹਿ ਆਉਂਦਾ ਸਾਂ, ਕਿ ਜੇ ਮੇਰੀ ਲੋੜ ਪਵੇ ਤਾਂ ਮੈਂ ਬੋਟ ਹਾਊਸ ਵਿਚ ਹੀ ਹੋਵਾਂਗਾ। ਮੈਂ ਉਸ ਇਕਾਂਤ ਵਿਚ ਬੈਠ ਕੇ ਪੜ੍ਹਦਾ ਸਾਂ। ਇਹ ਮੇਰਾ ਅਸੂਲ ਨਹੀਂ ਕਿ ਬਿਨਾਂ ਲੋੜ ਹੀ ਕਿਸੇ ਨਿਗੂਣੀ ਜਿਹੀ ਗੱਲ ਨੂੰ ਭੇਤ ਭਰੀ ਰੰਗਤ ਦਿਤੀ ਜਾਏ ! ਥੋੜ੍ਹਾ ਜਿਹਾ ਪਿਆਰ ਨਾਲ ਬੋਲੋਂ ਤਾਂ ਲੋਕ ਐਵੇ ਹੀ ਸ਼ੱਕ ਨਹੀਂ ਕਰਦੇ। ਮਿਸਿਜ਼ ਮਾਈਕਲਸਨ ਸ਼ੁਰੂ ਤੋਂ ਅੰਤ ਤਕ ਮੇਰੇ ਉੱਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਦੀ ਰਹੀ। ਉਹ ਸਿਆਣੀ ਸੀ,-ਅਤੇ ਇਕ ਪਾਦਰੀ ਦੀ ਵਿਧਵਾ ਪਤਨੀ ਸੀ ਮੈਂ ਉਹਦੇ ਨਾਲ ਬੜੀ ਚੰਗੀ ਤਰ੍ਹਾਂ ਬੋਲਦਾ ਸਾਂ ਅਤੇ ਉਹਦਾ ਪੂਰਾ ਸਤਿਕਾਰ ਕਰਦਾ ਸਾਂ।

ਝੀਲ ਤੇ ਇੰਤਜ਼ਾਰ ਕਰਦਿਆਂ ਆਖ਼ਿਰ ਇਕ ਦਿਨ ਉਥੇ ਏਨ ਕੈਥੇਰਿਕ ਆਪ ਤੇ ਨਾ ਮਿਲੀ, ਪਰ ਉਹ ਔਰਤ ਆਈ, ਜੋ ਉਹਦੇ ਨਾਲ ਰਹਿੰਦੀ ਸੀ, ਅਤੇ ਉਹਦੀ ਦੇਖ-ਭਾਲ ਕਰਦੀ ਸੀ। ਇਹ ਔਰਤ ਵੀ ਬੜੀ ਭੋਲੀ-ਭਾਲੀ ਸੀ। ਹਾਲਾਤ ਉਹ ਹੀ ਬਿਆਨ ਕਰੇਗੀ, ਜਿਨ੍ਹਾਂ ਵਿਚ ਉਹ ਮੈਨੂੰ ਮਿਲੀ। ਜਦੋਂ ਮੈਂ ਪਹਿਲੀ ਵਾਰ ਏਨ ਕੈਥੇਰਿਕ ਨੂੰ ਵੇਖਿਆ, ਤਾਂ ਉਹ ਸੁੱਤੀ ਹੋਈ ਸੀ। ਉਸ ਔਰਤ ਦੀ ਸ਼ਕਲ ਨਿਰੀਪੁਰੀ ਲੇਡੀ ਗਲਾਈਡ ਨਾਲ ਮਿਲਦੀ ਸੀ। ਇੰਨੀ ਸਮਾਨਤਾ ਵੇਖ ਕੇ ਮੇਰੇ ਅੰਦਰ ਜਿਵੇਂ ਬਿਜਲੀ ਦੌੜ ਗਈ ਹੋਵੇ ! ਉਹਦੇ ਭੋਲੇ ਚਿਹਰੇ ਨੂੰ ਵੇਖ ਕੇ ਮੇਰੀ ਸਾਰੀ ਸਾਜਿਸ਼ ਦੀ ਵਿਉਂਤ ਪੂਰੀ ਤਿਆਰ ਹੋ ਗਈ। ਕਿਹੀ ਕਮਾਲ ਦੀ ਯੋਜਨਾ ਸੀ ! ਪਰ ਮੈਂ ਬਹੁਤ ਨਰਮ ਦਿਲ ਹਾਂ ਅਤੇ ਕਿਸੇ ਨੂੰ ਤੜਫਦਿਆਂ ਬਰਦਾਸ਼ਤ ਨਹੀਂ ਕਰ ਸਕਦਾ ਉਹ ਦੀ ਹਾਲਤ ਵੇਖ ਕੇ ਮੇਰੇ ਹੰਝੂ ਭਰ ਆਏ ! ਮੈਂ ਏਨ ਕੈਥੇਰਿਕ ਨੂੰ ਤਾਕਤ ਦੀ ਦਵਾਈ ਦਿਤੀ ਤਾਂ ਜੋ ਉਹ ਲੰਦਨ ਡਕ ਸਫਰ ਕਰ ਸਕੇ।

ਇਥੇ ਮੈਂ ਤੁਹਾਡੇ ਮਨ ਵਿਚੋਂ ਇਕ ਗਲਤ ਫਹਿਮੀ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ।

ਮੈਂ ਆਪਣੇ ਜੀਵਨ ਦੇ ਅਤਿ ਚੰਗੇ ਸਾਲ ਚਿਕਿਤਸਕੀ ਵਿਦਿਆ ਅਤੇ ਰਸਾਇਣ ਸ਼ਾਸਤਰ ਪੜ੍ਹਨ ਅਤੇ ਗੁੜ੍ਹਨ ਵਿਚ ਬਿਤਾਏ ਹਨ ! ਰਸਾਇਣ ਸ਼ਾਸਤਰ ਦੇ ਅਧਿਅਨ ਦੀ ਸਦਾ ਮੇਰੇ ਦਿਲ ਵਿਚ ਲਗਨ ਰਹੀ ਹੈ, ਇਸ ਦੇ ਗਿਆਨ ਨਾਲ ਮਨੁੱਖ ਬੜਾ ਸ਼ਕਤੀਸ਼ਾਲੀ ਹੋ ਜਾਂਦਾ ਹੈ। ਮੈਂ ਤਾਂ ਇਹ ਗੱਲ ਦਾਵੇ ਨਾਲ ਕਹਿੰਦਾ ਹਾਂ, ਕਿ ਕੈਮਿਸਟ ਤਾਂ ਮਨੁੱਖੀ ਕਿਸਮ ਤਾਂ ਬਦਲ ਸਕਦੇ ਹਨ। ਹੋਰ ਅੱਗੇ ਜਾਣ ਤੋਂ ਪਹਿਲਾਂ ਮੈਂ ਇਹ ਗੱਲ ਖੋਲ ਲਵਾਂ ਤਾਂ ਚੰਗਾ ਹੋਵੇਗਾ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਮਨੁੱਖ ਦਾ ਦਿਮਾਗ ਹੀ ਹੈ, ਜੋ ਦੁਨੀਆਂ ਤੇ ਬਾਦਸ਼ਾਹੀ ਕਰਦਾ ਹੈ, ਪਰ ਦਿਮਾਗ ਨੂੰ ਕੌਣ ਕਾਬੂ ਵਿਚ ਰੱਖਦਾ ਹੈ-? ਸਰੀਰ ! ਅਤੇ ਇਨਸਾਨ ਦਾ ਸ਼ਰੀਰ ਉਸ ਮਹਾਨ ਸ਼ਕਤੀ ਅੱਗੇ ਝੁਕਦਾ ਹੈ-ਕੈਮਿਸਟ ! ਫਰਜ਼ ਕਰੋ ਸ਼ੈਕਸਪੀਅਰ ਨੇ ਆਪਣੇ ਦਿਮਾਗ ਵਿਚ ਹੈਮਲਟ ਸੋਚਿਆ ਹੈ ਅਤੇ ਉਹ ਉਸਨੂੰ ਲਿਖਣ ਲਈ ਬੈਠ ਰਿਹਾ ਹੈ, ਉਸ ਵੇਲੇ ਮੈਂ-ਫ਼ੋਸਕੋ, ਜੋ ਉਹਦੇ ਕਿਸੇ ਖਾਣ-ਪੀਣ ਦੀ ਵਸਤੂ ਵਿਚ ਕੋਈ ਅਜਿਹੀ ਦਵਾਈ ਦਿਆਂ-, ਕਿ ਉਹਨੂੰ ਆਪਣੀ ਹੋਸ਼ ਹੀ ਨਾ ਰਵ੍ਹੇ ਉਹ ਲਿਖੇਗਾ ਕੀ-? ਕੋਈ ਅਜਿਹੀ ਬਕਵਾਸ, ਜੋ ਕਦੀ ਕਿਸੀ ਸੁਣੀ ਪੜ੍ਹੀ ਨਾ ਹੋਵੇ। ਅਤੇ ਜੇ ਮਹਾਨ ਨੀਯੂਟਨ ਨੂੰ ਉਸ ਵੇਲੇ ਮੈਂ ਕੋਈ ਅਜਿਹੀ ਦਵਾਈ ਦਿਆਂ, ਤਾਂ ਜਿਸ ਵੇਲੇ ਉਹ ਡਿਗਦਾ ਸੇਬ ਵੇਖੇਗਾ, ਉਹਦੇ ਵਿਚੋਂ ਸਾਇੰਸ ਦਾ ਕੋਈ ਅਸੂਲ ਲੱਭਣ ਦੀ ਥਾਂ-ਥਾਂ ਉਹਨੂੰ ਖਾ ਜਾਏਗਾ। ਕਿਸੇ ਤਰ੍ਹਾਂ ਨੀਰੋ ਦੀ ਰੋਟੀ ਵਿਚ ਕੁਝ ਪਾ ਦਿਉ, ਤਾਂ ਉਸ ਨੂੰ ਰੋਟੀ ਹਜ਼ਮ ਕਰਨ ਤੋਂ ਪਹਿਲਾਂ ਹੀ ਹੋਰ ਬੰਦਾ ਬਣ ਜਾਏਗਾ, ਮਹਾਨ ਸਿਕੰਦਰ ਨੂੰ ਸਵੇਰੇ ਉਠਦਿਆਂ ਹੀ ਕਿਸੇ ਪੀਣ ਵਾਲੀ ਚੀਜ਼ ਵਿਚ ਕੋਈ ਦਵਾਈ ਅਜਿਹੀ ਪਾ ਕੇ ਦੇ ਸਕਦੇ ਹੋ ਕਿ ਦੁਪਿਹਰ ਤੋਂ ਪਹਿਲਾਂ ਹੀ ਉਹ ਦੁਸ਼ਮਨ ਦਾ ਨਾਂ ਸੁਣਕੇ ਕੰਬਣ ਲੱਗ ਪਵੇਗਾ। ਇਹ ਸ਼ੁਕਰ ਹੈ, ਕਿ ਸਾਡੇ ਕੈਮਿਸਟ ਬੜੇ ਹੀ ਈਮਾਨਦਾਰ ਮਨੁੱਖ ਹਨ। ਉਹ ਟੱਬਰਦਾਰ ਲੋਕ ਹਨ ਅਤੇ ਦੁਕਾਨਾਂ ਦੇ ਮਾਲਕ ਹਨ, ਉਨ੍ਹਾਂ ਵਿਚੋਂ ਕਈ ਫਿਲਾਸਫਰ ਹਨ, ਜੋ ਆਪਣੀ ਹੀ ਆਵਾਜ਼ ਨੂੰ ਪਿਆਰ ਕਰਦੇ ਹਨ, ਇਸ ਲਈ ਉਹ ਭਾਸ਼ਣ ਹੀ ਦੇਂਦੇ ਹਨ, ਕਈ ਆਦਰਸ਼ਵਾਦੀ ਹਨ, ਅਤੇ ਉਹ ਸੁਪਨੇ ਵੇਖਦੇ ਹਨ, ਜਿਨ੍ਹਾਂ ਦਾ ਸਾਕਾਰ ਹੋਣਾ ਅਸੰਭਵ ਹੁੰਦਾ ਹੈ। ਇਸ ਲਈ ਸਾਡਾ ਸਮਾਜ ਬਚ ਜਾਂਦਾ ਹੈ। ਅਤੇ ਅਸੀਂ ਰਸਾਇਣ-ਵਿਦਿਆ ਤੋਂ ਕੋਈ ਵੱਡਾ ਲਾਭ ਨਹੀਂ ਉਠਾ ਸਕਦੇ।

ਪਰ ਮੈਂ ਇਹ ਗੱਲ ਕਿਉਂ ਕਰ ਰਿਹਾ ਹਾਂ-? ਕਿਉਂ ਫਜ਼ੂਲ ਇਹ ਭਾਸ਼ਣ ਲਿਖ ਰਿਹਾ ਹਾ—?

ਕਿਉਂਕਿ ਮੇਰੇ ਉਤੇ ਸ਼ੱਕ ਕੀਤਾ ਗਿਆ ਹੈ, ਮੇਰੇ ਉਦੇਸ਼ ਬਾਰੇ ਕਈ ਗਲਤ ਫਹਿਮੀਆਂ ਹਨ। ਇਹ ਅਨੁਮਾਨ ਲਾਏ ਹਨ ਕਿ ਏਨ ਕੈਥੇਰਿਕ ਨੂੰ ਕੋਈ ਅਜਿਹੀ ਦਵਾਈ ਦਿੱਤੀ ਸੀ, ਅਤੇ ਜੇ ਮੇਰਾ ਵਸ ਚਲਦਾ ਤਾਂ ਮੈਂ ਪਿਆਰੀ ਮੇਰੀਅਨ ਨੂੰ ਵੀ ਕੁਝ ਦੇ ਦੇਂਦਾ। ਘ੍ਰਿਣਿਤ ਕਲੰਕ ਮੇਰੇ ਤੇ ਥੋਪੇ ਗਏ ਹਨ। ਮੇਰੀ ਤਾਂ ਇਹ ਕੋਸ਼ਿਸ਼ ਸੀ ਕਿ ਏਨ ਕੈਥੇਰਿਕ ਜੀਉਂਦੀ ਰਵ੍ਹੇ --! ਮੇਰੀਅਨ ਨੂੰ ਤਾਂ ਮੈਂ ਉਸ ਉੱਲੂ ਡਾਕਟਰ ਕੋਲੋਂ ਬਚਾਉਣਾ ਚਾਹੁੰਦਾ ਸਾਂ, ਜਿਸਨੂੰ ਕੁਝ ਪਤਾ ਨਹੀਂ ਸੀ। ਲੰਦਨ ਦੇ ਡਾਕਟਰ ਦੀ ਉਹੀ ਰਾਇ ਸੀ, ਜੋ ਮੇਰੀ ਸੀ। ਮੈਂ ਸਿਰਫ ਦੋ ਮੌਕਿਆਂ ਤੇ ਕਿਸੇ ਅਜਿਹੀ ਦਵਾਈ ਨੂੰ ਵਰਤਿਆ ਹੈ ਅਤੇ ਉਸ ਦਵਾਈ ਦਾ ਵੀ ਕੋਈ ਨੁਕਸਾਨ ਨਹੀਂ ਸੀ ਹੋਇਆ।

ਪਹਿਲੀ ਵਾਰ ਜਦੋਂ ਮੈਂ ਮੇਰੀਅਨ ਦਾ ਪਿਛਾ ਬਲੈਕਵਾਟਰ ਦੀ ਸਰਾਂ ਤਕ ਇਕ ਗੱਡੇ ਦੇ ਉਹਲੇ ਓਹਲੇ ਕਰ ਕੇ ਕੀਤਾ। ਉਹ ਅੱਗੇ ਅੱਗੇ ਜਾ ਰਹੀ ਸੀ, ਅਤੇ ਮੈਂ' ਪਿਛੇ ਪਿਛੇ ਉਹਦੀ ਚਾਲ ਉੱਤੇ ਮਸਤ ਹੋ ਰਿਹਾ ਸੀ। ਉਹਨੇ ਦੋ ਚਿੱਠੀਆਂ ਉਸ ਕੱਢੀ ਗਈ ਨੌਕਰਾਣੀ ਨੂੰ ਦਿੱਤੀਆਂ। ਉਸ ਕੁੜੀ ਨੇ ਉਹ ਚਿੱਠੀਆਂ ਆਪਣੀ ਬਨੈਨ ਵਿਚ ਪਾਲਈਆਂ ਸਨ। ਮੈਂ ਆਪਣੀ ਪਤਨੀ ਨੂੰ ਅਧੇ ਔਂਸ ਦੀ ਸ਼ੀਸ਼ੀ ਵਿਚ ਇਕ ਦਵਾਈ ਦਿੱਤੀ ਜਿਸਦੀ ਸਹਾਇਤਾ ਨਾਲ ਉਹਨੇ ਕੁੜੀ ਨੂੰ ਬੇਹੋਸ਼ ਕਰਕੇ ਚਿੱਠੀਆਂ ਕੱਢੀਆਂ, ਇਕ ਪੜ੍ਹ ਕੇ ਨਕਲ ਕਰ ਲਈ ਅਤੇ ਦੂਜੀ ਲਿਫਾਫੇ ਵਿਚੋਂ ਕੱਢ ਲਈ ਅਤੇ ਮੁੜ ਬੰਦ ਕਰਕੇ ਉਸੇ ਥਾਂ ਤੇ ਰੱਖ ਦਿਤੀਆਂ।

ਦੂਜੀ ਵਾਰ ਜਦੋਂ ਮੈਂ ਇਹ ਦਵਾਈ ਲੇਡੀ ਗਲਾਈਡ ਨੂੰ ਉਹਦੇ ਲੰਦਨ ਪਹੁੰਚਣ ਤੇ ਦਿਤੀ ਇਸ ਦਾ ਵਰਣਨ ਮੈਂ ਹੁਣੇ ਕਰਾਂਗਾ। ਉਂਜ ਮੈਂ ਕਦੀ ਕੋਈ ਦਵਾਈ ਅਜਿਹੇ ਕੰਮ ਲਈ ਨਹੀਂ ਵਰਤੀ। ਹੋਰ ਸਭ ਮੁਸ਼ਕਲਾਂ ਦਾ ਮੁਕਾਬਲਾ ਮੈਂ ਇਕੱਲਾ ਬਿਨਾਂ ਕਿਸੇ ਦੀ ਸਹਾਇਤਾ ਦੇ ਕਰ ਸਕਦਾ ਸਾਂ। ਮੈਂ ਕੈਮਿਸਟ ਤੋਂ ਵੀ ਉਪਰ ਉਠ ਕੇ ਵਿਖਾਉਣਾ ਚਾਹੁੰਦਾ ਸਾਂ। ਇਹ ਲਿਖਣ ਨਾਲ ਮੇਰਾ ਗੁੱਸਾ ਉੱਤਰ ਗਿਆ ਹੈ- ਤੁਸੀਂ ਇਸ ਹਿੱਸੇ ਨੂੰ ਪੜ੍ਹੋ ਭਾਵੇਂ ਨਾ, ਪਰ ਮੈਂ ਤੇ ਹੌਲਾ-ਹੌਲਾ ਮਹਿਸੂਸ ਕਰਦਾ ਹਾਂ-ਹੁਣ ਬਾਕੀ ਕਹਾਣੀ ਸੁਣੋ।

ਮੈਂ ਮਿਸਿਜ਼ ਕਲੀਮੈਂਟਸ ਨੂੰ ਇਹ ਸੁਝਾਅ ਦਿੱਤਾ ਕਿ ਏਨ ਤਾਂ ਸਰ ਪਰਸੀਵਲ ਕੋਲੋਂ ਬੱਚ ਸਕਦੀ ਹੈ, ਜੇ ਉਹਨੂੰ ਲੰਦਨ ਲਿਜਾਇਆ ਜਾਏ। ਉਹ ਵੀ ਮੇਰੇ ਨਾਲ ਸਹਿਮਤ ਸੀ, ਸੋ ਮੈਂ ਉਨ੍ਹਾਂ ਨੂੰ ਜਾਣ ਲਈ ਇਕ ਦਿਨ ਨਿਸ਼ਚਿਤ ਕਰ ਦਿਤਾ, ਅਤੇ ਸਟੇਸ਼ਨ ਤੇ ਉਨ੍ਹਾਂ ਨੂੰ ਮਿਲਣ ਲਈ ਕਹਿ ਆਇਆ। ਹੁਣ ਮੈਂ ਘਰ ਆ ਕੇ ਬਾਕੀ ਗੱਲਾਂ ਵੱਲ ਧਿਆਨ ਦੇ ਸਕਦਾ ਸਾਂ, ਮੈਂ ਆਪਣੀ ਪਤਨੀ ਦੇ ਪਿਆਰ ਦਾ ਪੂਰਾ ਫ਼ਾਇਦਾ ਉਠਾਇਆ। ਮੈਂ ਮਿਸਜ਼ ਕਲੀਮੈਂਟਸ ਨੂੰ ਪੱਕਾ ਕੀਤਾ ਸੀ ਕਿ ਉਹ ਲੰਦਨ ਪਹੁੰਚ ਕੇ ਲੇਡੀ ਗਲਾਈਡ ਨੂੰ ਆਪਣਾ ਪਤਾ ਭੇਜੇ। ਪਰ ਕੀ ਪਤਾ ਲੰਦਨ ਕੋਈ ਉਹਨੂੰ ਬੰਦਾ ਮਿਲ ਜਾਏ, ਜਿਹੜਾ ਉਸਨੂੰ ਇਸ ਇਕਰਾਰ ਤੋਂ ਥਿੜਕਾ ਦੇਵੇ, ਅਤੇ ਉਹ ਲੰਦਨ ਪਹੁੰਚ ਕੇ ਚਿੱਠੀ ਹੀ ਨਾ ਲਿਖੇ ! ਕੋਈ ਨਾ ਕੋਈ ਲੰਦਨ ਜਾਏ, ਜਿਹੜਾ ਉਹਦਾ ਪਿਛਾ ਕਰਕੇ ਘਰ ਵੇਖ ਕੇ ਆਏ। ਇਹ ਕੰਮ ਮੈਡਮ ਫ਼ੋਸਕੋ ਚੰਗੀ ਤਰ੍ਹਾਂ ਨਿਭਾ ਸਕਦੀ ਸੀ।

ਮੇਰੀ ਪਤਨੀ ਨੇ ਲੰਦਨ ਜਾਣਾ ਹੀ ਸੀ, ਸੋ ਮੈਂ ਇਹ ਸੋਚਿਆ ਕਿ ਉਹ ਉਥੇ ਦੂਜਾ ਕੰਮ ਵੀ ਕਰ ਹੀ ਆਵੇ। ਮੇਰੀਅਨ ਲਈ ਇਕ ਨਰਸ ਚਾਹੀਦੀ ਸੀ, ਜੋ ਇਸ ਕੰਮ ਲਈ ਉਹ ਬੰਦਾ ਹੋਣਾ ਚਾਹੀਦਾ ਸੀ, ਜੋ ਮੇਰੇ ਭੇਤ ਵਿਚ ਹੋਵੇ। ਮਿਸਿਜ਼ ਰੂਬੈਲੇ ਬੜੀ ਹੀ ਸਿਆਣੀ ਅਤੇ ਵਿਸ਼ਵਾਸ ਯੋਗ ਔਰਤ ਸੀ, ਸੋ ਮੈਂ ਉਹਨੂੰ ਵੀ ਇਕ ਚਿੱਠੀ ਆਪਣੀ ਪਤਨੀ ਦੇ ਹੱਥ ਲੰਦਨ ਭੇਜੀ।

ਪਹਿਲਾਂ ਮਿਥੇ ਹੋਏ ਸਮੇਂ ਤੇ ਮੈਨੂੰ ਮਿਸਿਜ਼ ਕਲੀਮੈਂਟਸ ਅਤੇ ਏਨ ਕੈਥੇਰਿਕ ਮਿਲੀਆਂ। ਮੈਂ ਉਨ੍ਹਾਂ ਨੂੰ ਧਿਆਨ ਅਤੇ ਪਿਆਰ ਨਾਲ ਗੱਡੀ ਚੜਾਇਆ। ਮੈਂ ਮੈਡਮ ਫ਼ੋਸਕੋ ਨੂੰ ਵੀ ਉਸੇ ਹੀ ਗੱਡੀ ਤੇ ਚੜ੍ਹਾਇਆ। ਉਸੇ ਰਾਤ ਨੂੰ ਮੇਰੀ ਪਤਨੀ ਵਾਪਸ ਆ ਗਈ ਮਿਸਿਜ਼ ਰੂਬੈਲੇ ਉਹਦੇ ਨਾਲ ਹੀ ਸੀ। ਮੈਂਡਮ ਫ਼ੋਸਕੋ ਮਿਸਿਜ਼ ਕਲੀਮੈਂਟਸ ਦਾ ਲੰਦਨ ਦਾ ਪਤਾ ਵੀ ਲੈ ਆਈ ਸੀ। ਮਿਸਿਜ਼ ਕਲੀਮੈਂਟਸ ਨੇ ਆਪਣੇ ਇਕਰਾਰ ਮੂਜ਼ਬ ਲੰਦਨ ਪਹੁੰਚ ਕੇ ਚਿੱਠੀ ਪਾ ਦਿਤੀ ਸੀ। ਉਹ ਚਿੱਠੀ ਵੀ ਮੈਂ ਸਾਂਭ ਕੇ ਰੱਖ ਗਈ।

ਉਸੇ ਹੀ ਦਿਨ ਮੈਂ ਡਾਕਟਰ ਨੂੰ ਮਿਲਿਆ ਅਤੇ ਮਨੁੱਖਤਾ ਦੇ ਨਾਤੇ ਉਹਨੂੰ ਮੇਰੀਅਨ ਦਾ ਠੀਕ ਇਲਾਜ ਕਰਨ ਲਈ ਬੇਨਤੀ ਕੀਤੀ, ਪਰ ਉਹ ਬੜਾ ਗੁੱਸੇ ਵਿਚ ਸੀ। ਜਾਹਿਲ ਲੋਕ

ਹੀ ਗੁਸੈਲ ਹੁੰਦੇ ਹਨ। ਮੈਂ ਗੱਲ ਟਾਲ ਗਿਆ। ਅਜੇ ਮੇਰਾ ਉਹਦੇ ਨਾਲ ਲੜਨ ਦਾ ਵਕਤ ਨਹੀਂ ਸੀ ਆਇਆ।

ਫਿਰ ਮੈਂ ਵੀ ਬਲੈਕਵਾਟਰ ਪਾਰਕ ਤੋਂ ਲੰਦਨ ਗਿਆ। ਇਕ ਤੇ ਮੈਂ ਆਪਣੇ ਲਈ ਲੰਦਨ ਵਿਚ ਮਕਾਨ ਢੂੰਡਣਾ ਸੀ, ਕਿਉਂਕਿ ਭਵਿੱਖ ਵਿਚ ਮੈਨੂੰ ਉਹਦੀ ਲੋੜ ਪੈਣੀ ਸੀ। ਦੂਜਾ, ਮੈਨੂੰ ਘਰੋਗੀ ਕੰਮ ਸੀ, ਮਿਸਟਰ ਫ਼ੇਅਰਲੀ ਨੂੰ ਮਿਲਣਾ ਸੀ। ਮਕਾਨ ਮੈਂ ਸੇਂਟ ਜਾਨਸ ਵੁਡ ਵਿਚ ਹੀ ਲਿਆ ਅਤੇ ਮਿਸਟਰ ਫ਼ੇਅਰਲੀ ਨੂੰ ਮਿਲਣ ਕੰਬਰਲਡ ਲਿਮਰਿਜ ਪਹੁੰਚਿਆ।

ਮੈਂ ਮੇਰੀਅਨ ਦੀ ਚਿੱਠੀ ਪੜ੍ਹ ਚੁੱਕਾ ਸਾਂ ਮੈਂ ਜਾਣਦਾ ਸਾਂ ਕਿ ਮੇਰੀਅਨ ਤੇ ਮਿਸਟਰ ਫ਼ੇਅਰਲੀ ਨੇ ਲੇਡੀ ਗਲਾਈਡ ਨੂੰ ਬਲਾਉਣ ਲਈ ਲਿਖਿਆ ਸੀ ਤਾਂ ਜੋ ਉਹ ਕੁਝ ਚਿਰ ਆਰਾਮ ਕਰ ਸਕੇ; ਜਦ ਤਕ ਉਹਦੇ ਘਰ ਦੇ ਹਾਲਾਤ ਠੀਕ ਨਹੀਂ ਹੁੰਦੇ। ਮੈਂ ਇਹ ਚਿੱਠੀ ਥਾਂ ਸਿਰ ਪੁੱਜਣ ਦਿਤੀ ਸੀ; ਕਿਉਂਕਿ ਇਸ ਵਿਚ ਕੋਈ ਸਾਡਾ ਭਲਾ ਵੀ ਹੋ ਸਕਣ ਦੀ ਸੰਭਾਵਨਾ ਸੀ। ਮੈਂ ਵੀ ਮਿਸਟਰ ਛੇਅਰਲੀ ਨੂੰ ਉਹੀ ਕਿਹਾ; ਜੋ ਮੇਰੀਅਨ ਨੇ ਲਿਖਿਆ ਸੀ। ਮੇਰੀਅਨ ਦੀ ਬੀਮਾਰੀ ਕਾਰਨ ਮੈਂ ਜੋ ਮਰਜ਼ੀ ਸੀ; ਮਿਸਟਰ ਫ਼ੇਅਰਲੀ ਕੋਲੋਂ ਮੰਨਵਾ ਸਕਦਾ ਸਾਂ। ਮੇਰੀ ਯੋਜਨਾ ਦੀ ਸਫਲਤਾ ਲਈ ਇਹ ਜ਼ਰੂਰੀ ਸੀ, ਕਿ ਲੇਡੀ ਗਲਾਈਡ ਬਲੈਕਵਾਟਰ ਤੋਂ ਇਕੱਲੀ ਹੀ ਆਵੇ, ਅਤੇ ਇਕ ਰਾਤ ਲਈ ਉਹ ਆਪਣੀ ਭੂਆ ਦੇ ਘਰ, ਭਾਵ ਕਿ ਮੇਰੇ ਸੇਂਟ ਜਾਨਸ ਵੁੱਡ ਵਾਲੇ ਘਰ ਵਿਚ ਆਰਾਮ ਕਰੇ। ਮੈਂ ਮਿਸਟਰ ਫ਼ੇਅਰਲੀ ਕੋਲੋਂ ਇਹੀ ਚਿੱਠੀ ਲਿਖਵਾਣਾ ਚਾਹੁੰਦਾ ਸਾਂ। ਇਹ ਸੱਜਣ ਸਰੀਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਨਿਰਬਲ ਸਨ; ਇਸ ਲਈ ਮੈਂ ਆਪਣੀ ਸ਼ਖਸੀਅਤ ਦਾ ਪੂਰਾ ਪ੍ਰਭਾਵ ਪਾਇਆ ਅਤੇ ਜੋ ਚਾਹੁੰਦਾ ਸਾਂ, ਉਹ ਕੰਮ ਉਹਦੇ ਕੋਲੋਂ ਕਰਵਾ ਲਿਆ।

ਜਦੋਂ ਉਹਦੇ ਸੱਦੇ ਦੀ ਚਿੱਠੀ ਲੈਕੇ ਮੈਂ ਵਾਪਸ ਬਲੈਕਵਾਟਰ ਪਾਰਕ ਪੁੱਜਾ; ਤਾਂ ਕੀ ਵੇਖਦਾ ਹਾਂ ਕਿ ਡਾਕਟਰ ਦੀ ਅਣਗਹਿਲੀ ਕਾਰਣ ਮੇਰੀਅਨ ਦੀ ਹਾਲਤ ਬਹੁਤ ਨਾਜ਼ਕ ਹੋ ਗਈ ਸੀ। ਬੁਖਾਰ ਹੁਣ ਟਾਈਫ਼ਸ ਬੁਖਾਰ ਬਣ ਚੁੱਕਾ ਸੀ। ਉਸੇ ਹੀ ਦਿਨ ਲੇਡੀ ਗਲਾਈਡ ਨੇ ਜ਼ਬਰਦਸਤੀ ਆਪਣੀ ਭੈਣ ਦੇ ਕਮਰੇ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਮੈਨੂੰ ਉਹਦੇ ਨਾਲ ਕੋਈ ਹਮਦਰਦੀ ਨਹੀਂ ਸੀ। ਉਹਨੇ ਮੇਰੀ ਸ਼ਾਨ ਵਿਚ ਭਾਰੀ ਗੁਸਤਾਖੀ ਕੀਤੀ ਸੀ; ਜੋ ਮੈਨੂੰ ਜਾਸੂਸ ਕਿਹਾ ਸੀ। ਉਹ ਮੇਰੇ ਅਤੇ ਪਰਸੀਵਲ ਦੇ ਰਾਹ ਦਾ ਰੋੜਾ ਸੀ; ਪਰ ਮੈਂ ਏਨਾ

ਕਮੀਨਾ ਨਹੀਂ ਸਾਂ ਕਿ ਉਹਨੂੰ ਆਪਣਿਆਂ ਹੱਥਾਂ ਨਾਲ ਛੂਤ ਵਾਲੀ ਥਾਂ ਤੇ ਧਕੇਲ ਦੇਂਦਾ, ਪਰ ਮੈਂ ਉਹਨੂੰ ਰੋਕਿਆ ਵੀ ਨਾ। ਜੇ ਉਹਨੂੰ ਵੀ ਬੁਖਾਰ ਹੋ ਜਾਂਦਾ, ਤਾਂ ਉਹ ਮੁਸ਼ਕਲ ਗੰਢ ਜਿਸਨੂੰ ਮੈਂ ਹੌਲੀ ਹੌਲੀ ਖੋਲ੍ਹ ਰਿਹਾਂ ਸਾਂ, ਹਾਲਾਤ ਨਾਲ ਆਪੇ ਹੀ ਕੱਟ ਕੇ ਖੁੱਲ ਜਾਂਦੀ। ਪਰ ਉਹਨੂੰ ਡਾਕਟਰ ਨੇ ਕਮਰੇ ਵਿਚ ਨਹੀਂ ਜਾਣ ਦਿੱਤਾ।

ਮੈਂ ਪਹਿਲਾਂ ਹੀ ਲੰਦਨ ਤੋਂ ਡਾਕਟਰ ਬਲਾਉਣ ਲਈ ਕਿਹਾ ਸੀ। ਲੰਦਨ ਤੋਂ ਜਿਹੜਾ ਡਾਕਟਰ ਆਇਆ, ਉਸ ਨੇ ਮੇਰੀ ਰਾਇ ਵਿਚ ਹੀ ਹਾਂ ਮਿਲਾਈ। ਹਾਲਤ ਬੜੀ ਗੰਭੀਰ ਹੋ ਚੁੱਕੀ ਸੀ, ਪਰ ਬੁਖਾਰ ਦੇ ਪੰਜਵੇਂ ਦਿਨ ਤੋਂ ਸਾਨੂੰ ਉਹਦੇ ਬਚਣ ਦੀ ਉਮੀਦ ਹੋ ਗਈ। ਇਨ੍ਹਾਂ ਦਿਨਾਂ ਵਿਚ ਮੈਂ ਇਕ ਵਾਰ ਫਿਰ ਲੰਦਨ ਗਿਆ। ਇਕ ਤੇ ਮਿਸਿਜ਼ ਕਲੀਮੈਂਟਸ ਦਾ ਪਤਾ ਕੀਤਾ ਕਿ ਕਿਧਰੇ ਉਹਨੇ ਮਕਾਨ ਬਦਲ ਤਾਂ ਨਹੀਂ ਲਿਆ। ਦੂਜਾ ਮੈਂ ਸੈਂਟ ਜਾਨਸ ਵੁਡ ਵਿਚ ਕਈ ਨਿਕੇ ਨਿਕੇ ਇੰਤਜ਼ਾਮ ਕਰਨੇ ਸਨ, ਅਤੇ ਮਿਸਿਜ਼ ਰੁਬੈਲ ਦੇ ਪਤੀ ਨਾਲ ਵੀ ਦੋ ਚਾਰ ਗੱਲਾਂ ਤਹਿ ਕਰਨੀਆਂ ਸਨ। ਉਸੇ ਰਾਤ ਹੀ ਮੈਂ ਬਲੈਕਵਾਟਰ ਪਰਤ ਆਇਆ। ਪੰਜ ਦਿਨ ਮਗਰੋਂ ਜਦ ਡਾਕਟਰ ਨੇ ਇਹ ਕਹਿ ਦਿੱਤਾ, ਕਿ ਹੁਣ ਮੇਰੀਅਨ ਨੂੰ ਕੋਈ ਖ਼ਤਰਾ ਨਹੀਂ ਅਤੇ ਉਹਨੂੰ ਸੇਵਾ ਦੀ ਲੋੜ ਹੈ ਤਾਂ ਮੈਂ ਡਾਕਟਰ ਨਾਲ ਲੜਨ ਦੀ ਸਲਾਹ ਕੀਤੀ। ਹੁਣ ਉਹ ਸਮਾਂ ਪੁੱਜਾ ਸੀ। ਹੁਣ ਕਿਸੇ ਦਵਾਈ ਆਦਿ ਦੀ ਲੋੜ ਨਹੀਂ ਸੀ। ਉਹ ਮੇਰੇ ਲਈ ਖ਼ਤਰਨਾਕ ਗਵਾਹ ਹੋ ਸਕਦਾ ਸੀ। ਇਸ ਲਈ ਮੈਂ ਉਹਨੂੰ ਉਥੋਂ ਰਫੂ-ਚੱਕਰ ਕਰਨਾ ਚਾਹੁੰਦਾ ਸਾਂ। ਸਾਡੇ ਦੋਹਾਂ ਵਿਚਕਾਰ ਇਕ ਝੜਪ ਹੋਈ, ਸਰ ਪਰਸੀਵਲ ਨੂੰ ਮੈਂ ਪਹਿਲਾਂ ਹੀ ਵਿਚ ਬੋਲਣ ਤੋਂ ਮਨਾਂ ਕਰ ਦਿਤਾ ਸੀ, ਜਿਸਦੇ ਫਲ ਰੂਪ ਡਾਕਟਰ ਗੁੱਸੇ ਵਿਚ ਵਾਹੀ ਵਿਚ ਤਬਾਹੀ ਬਕਦਾ ਚਲਾ ਗਿਆ।

ਹੁਣ ਸਵਾਲ ਸੀ, ਕਿ ਨੌਕਰਾਂ ਨੂੰ ਕਿਸ ਤਰ੍ਹਾਂ ਘਰ ਵਿਚੋਂ ਕੱਢਿਆ ਜਾਏ -- ਸਰ ਪਰਸੀਵਲ ਨੂੰ ਹਰ ਵੇਲੇ ਹੀ ਕੁਝ ਕਰਨ ਵਾਸਤੇ ਹੌਂਸਲਾ ਦੇਣਾ ਪੈਂਦਾ ਸੀ, ਸੋ ਮੈਂ ਉਹਨੂੰ ਇਸ ਬਾਰੇ ਵੀ ਆਪਣੀ ਸਲਾਹ ਦਿੱਤੀ। ਉਹਨੇ ਹੈਰਾਨ ਹੋਈ ਮਿਸਿਜ਼ ਮਾਈਕਲਸਨ ਨੂੰ ਇਹ ਹੁਕਮ ਦਿੱਤਾ, ਕਿ ਸਾਰੇ ਨੌਕਰਾ ਨੂੰ ਕੱਢ ਦਿੱਤਾ ਜਾਏ। ਅਸੀਂ ਸਾਰੇ ਨੌਕਰ ਕੱਢ ਦਿੱਤੇ, ਸਿਰਫ਼ ਇਕ ਨੌਕਰਾਣੀ ਰਹਿ ਗਈ ਜੋ ਘਰ ਦੇ ਕੰਮ-ਕਾਜ ਲਈ ਛੱਡ ਦਿੱਤੀ ਗਈ ਸੀ, ਅਤੇ ਜੋ ਇੰਨੀ ਬੇਵਕੂਫ ਸੀ ਕਿ ਉਹਨੂੰ ਕੁਝ ਵੀ ਪਤਾ ਲੱਗ ਸਕਣਾ ਅਸੰਭਵ ਸੀ। ਹੁਣ ਮਿਸਿਜ਼

ਮਾਈਕਲਸਨ ਨੂੰ ਆਪਣੇ ਲਈ ਸਮੁੰਦਰ ਕਿਨਾਰੇ ਕਿਸੇ ਥਾਂ ਤੇ ਘਰ ਲੱਭਣ ਲਈ ਭੇਜ ਕੇ ਅਸੀਂ ਕੁਝ ਚਿਰ ਲਈ ਉਹਦੇ ਤੋਂ ਵੀ ਖਲਾਸੀ ਪਾ ਚੁੱਕੇ ਸਾਂ।

ਹੁਣ ਸਥਿਤੀ ਬਿਲਕੁਲ ਉਹ ਸੀ, ਜਿਹਾ-ਜਿਹੀ ਅਸੀਂ ਚਾਹੁੰਦੇ ਸਾਂ। ਲੇਡੀ ਗਲਾਈਡ ਬੀਮਾਰੀ ਅਤੇ ਕਮਜ਼ੋਰੀ ਕਰਕੇ ਆਪਣੇ ਕਮਰੇ ਵਿਚ ਹੀ ਆਰਾਮ ਕਰ ਰਹੀ ਸੀ। ਉਹ ਬੇਵਕੂਫ਼ ਨੌਕਰਾਣੀ; ਮੈਨੂੰ ਉਹਦਾ ਨਾਂ ਹੁਣ ਯਾਦ ਨਹੀਂ ਰਾਤੀਂ ਉਹਦੇ ਕੋਲ ਹੀ ਸੌਂਦੀ ਸੀ। ਮੇਰੀਅਨ ਭਾਵੇਂ ਜਲਦੀ-ਜਲਦੀ ਠੀਕ ਹੋ ਰਹੀ ਸੀ; ਪਰ ਅਜੇ ਉਹ ਬਿਸਤਰੇ ਤੇ ਹੀ ਸੀ। ਮਿਸਿਜ਼ ਰੁਬੈਲੇ ਉਹਦੀ ਦੇਖ ਭਾਲ ਕਰਦੀ ਸੀ। ਹੁਣ ਮੈਂ ਮੇਰੀ ਪਤਨੀ ਅਤੇ ਸਰ ਪਰਸੀਵਲ ਹੀ ਘਰ ਵਿਚ ਰਹਿ ਗਏ ਸਾਂ। ਹੁਣ ਕਿਸਮਤ ਸਾਡੇ ਵੱਲ ਸੀ, ਹੁਣ ਅਸੀਂ ਖੇਡ ਦੀ ਅਗਲੀ ਚਾਲ ਚਲੀ।

ਦੂਜੀ ਚਾਲ ਲਈ ਇਹ ਜ਼ਰੂਰੀ ਸੀ ਕਿ ਲੇਡੀ ਗਲਾਈਡ ਬਲੈਕਵਾਟਰ ਤੋਂ ਇਕੱਲੀ ਹੀ ਚਲੇ। ਜਦ ਤੱਕ ਅਸੀਂ ਉਹਨੂੰ ਇਹ ਨਾਂ ਦੱਸਦੇ; ਕਿ ਮੇਰੀਅਨ ਕੰਬਰਲੈਂਡ ਪਹੁੰਚ ਚੁੱਕੀ ਹੈ, ਤਦ ਤੱਕ ਉਹਨੇ ਆਪਣੀ ਮਰਜ਼ੀ ਨਾਲ ਕਦੀ ਉਥੋਂ ਹਿਲਣਾ ਹੀ ਨਹੀਂ ਸੀ। ਇਸ ਲਈ ਹੀ ਅਸੀਂ ਮੇਰੀਅਨ ਨੂੰ ਬਲੈਕਵਾਟਰ ਦੇ ਦੂਜੇ ਪਾਸੇ ਲੈ ਆਏ। ਇਹ ਕਮਰੇ ਪਹਿਲਾਂ ਖ਼ਾਲੀ ਪਏ ਰਹਿੰਦੇ ਸਨ। ਅੱਧੀ ਰਾਤ ਵੇਲੇ ਮੈਂ, ਮੈਡਮ ਫ਼ੋਸਕੋ ਅਤੇ ਮੈਡਮ ਰੁਬੈਲੇ ਨੇ ਇਹ ਕੰਮ ਕੀਤਾ। ਸਰ ਪਰਸੀਵਲ ਦਾ ਕੋਈ ਪਤਾ ਨਹੀਂ ਸੀ ਲੱਗਦਾ ਕਿ ਉਹ ਕਿਸ ਵੇਲੇ ਬੋਲਣਾ ਸ਼ੁਰੂ ਕਰ ਦੇਵੇ; ਇਸ ਲਈ ਅਸੀਂ ਉਸ ਨੂੰ ਇਸ ਕੰਮ ਵਿਚ ਸ਼ਾਮਿਲ ਨਹੀਂ ਸੀ ਕੀਤਾ। ਅੱਧੀ ਬਾਤ ਦਾ ਇਹ ਨਜ਼ਾਰਾ ਸੁੰਦਰ ਭਰਿਆ ਅਤੇ ਬੜਾ ਨਾਟਕੀ ਸੀ।

ਸਵੇਰੇ ਹੀ ਮੇਰੀਅਨ ਦਾ ਬਿਸਤਰਾ ਲੱਕੜ ਦੇ ਇਕ ਮਜ਼ਬੂਤ ਚਲਾਇਮਾਨ ਫੱਟੇ ਤੇ ਕੀਤਾ ਸੀ। ਅਸੀਂ ਸਿਰਫ ਉਸ ਫੱਟੇ ਨੂੰ ਹੀ ਸਿਰ ਅਤੇ ਪੈਰਾਂ ਵਲੋਂ ਚੁਕਣਾ ਸੀ ਅਤੇ ਆਪਣੇ ਪਿਆਰੇ ਬੀਮਾਰ ਭਾਵੇਂ ਕਿੱਥੇ ਲੈ ਜਾਂਦੇ। ਇਸ ਵਾਰੀ ਕਿਸ ਦਵਾਈ ਦੀ ਕੋਈ ਲੋੜ ਨਹੀਂ ਪਈ। ਬੁਖਾਰ ਤੋਂ ਮਗਰੋਂ ਕਮਜ਼ੋਰੀ ਵਿਚ ਜਿਹੜੀ ਮਿੱਠੀ-ਮਿੱਠੀ ਨੀਂਦਰ ਆਉਂਦੀ ਹੈ, ਮੇਰੀਅਨ ਉਸ ਵਿਚ ਬੇਹੋਸ਼ ਪਈ ਸੀ। ਜਿਸ ਕਮਰੇ ਵਿਚ ਲਿਜਾਣਾ ਸੀ; ਅਸੀਂ ਉਸ ਵਿਚ ਪਹਿਲਾਂ ਹੀ ਮੋਮਬੱਤੀਆਂ ਜਗਾ ਕੇ ਦਰਵਾਜ਼ੇ ਖੋਲ੍ਹ ਆਏ ਸਾਂ। ਮੈਂ ਕਿਉਂਕਿ ਤਾਕਤਵਰ ਸਾਂ, ਇਸ ਲਈ ਸਿਰ ਵਾਲੇ ਪਾਸਿਉਂ ਮੈਂ ਚੁੱਕਿਆ; ਅਤੇ ਪੈਰਾਂ ਵਲੋਂ ਮੇਰੀ ਪਤਨੀ ਅਤੇ ਮਿਸਿਜ਼ ਰੂਬੈਲ ਨੇ। ਉਹ

ਅਮੁੱਲਾ ਭਾਰ ਮੈਂ ਕਿੰਨੇ ਪਿਆਰ ਨਾਲ ਉਠਾਇਆ, ਮੈਂ ਤੁਹਾਨੂੰ ਕਿਸ ਤਰ੍ਹਾਂ ਦਸਾਂ? ਕੋਈ ਚਿੱਤਰਕਾਰ ਨਹੀਂ, ਜੋ ਸਾਡੇ ਉਸ ਜਲੂਸ ਦਾ ਚਿੱਤ੍ਰ ਬਣਾ ਸਕਦਾ ਹੋਵੇ। ਹੁਣ ਉਹ ਕਲਾ ਕਿਥੇ ! ਹੁਣ ਉਹ ਕਲਾਕਾਰ ਕਿੱਥੇ !

ਅਗਲੀ ਸਵੇਰ ਮੈਂ ਤੇ ਮੇਰੀ ਪਤਨੀ ਲੰਦਨ ਲਈ ਚਲ ਪਏ। ਮੇਰੀਅਨ ਘਰ ਦੇ ਇਕੱਲੇ ਹਿੱਸੇ ਵਿਚ ਹੀ ਸੀ; ਮਿਸਿਜ਼ ਰਬੈਲੇ ਦੋ ਤਿੰਨ ਦਿਨ ਹੋਰ ਰਹਿਣਾ ਮੰਨ ਗਈ। ਬਲੈਕਵਾਟਰ ਤੋਂ ਪਹਿਲਾਂ ਮੈਂ ਸਰ ਪਰਸੀਵਲ ਨੂੰ ਮਿਸਟਰ ਫੇਅਰਲੀ ਦੀ ਉਹ ਚਿੱਠੀ ਦਿੱਤੀ, ਜਿਸ ਵਿਚ ਉਹਨੇ ਆਪਣੀ ਭਤੀਜੀ ਨੂੰ ਕੰਬਰਲੈਂਡ ਆਉਣ ਲਈ ਲਿਖਿਆ ਸੀ, ਅਤੇ ਨਾਲ ਹੀ ਰਾਹ ਵਿਚ ਮੇਰੇ ਘਰ ਰੁਕਣ ਦੀ ਵੀ ਹਦਾਇਤ ਕੀਤੀ ਸੀ। ਮੈਂ ਸਰ ਪਰਸੀਵਲ ਨੂੰ ਇਹ ਕਹਿ ਆਇਆ ਸਾਂ ਕਿ ਮੇਰੀ ਚਿੱਠੀ ਆਉਣ ਮਗਰੋਂ ਉਹ ਲੇਡੀ ਗਲਾਈਡ ਨੂੰ ਇਹ ਚਿੱਠੀ ਵਿਖਾਏ। ਮੈਂ ਉਹਦੇ ਕੋਲ ਪਾਗਲਖਾਨੇ ਦੇ ਮਾਲਿਕ ਲਈ ਇਹ ਚਿੱਠੀ ਵੀ ਲਈ ਕਿ ਉਹਦੀ ਬੀਮਾਰ ਇਲਾਜ ਲਈ ਵਾਪਸ ਭੇਜੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਮੈਂ ਜਦੋਂ ਲੰਦਨ ਆਇਆ ਸਾਂ, ਆਪਣਾ ਘਰ ਬਿਲਕੁਲ ਰਹਿਣ ਦੇ ਲਾਇਕ ਬਣਾ ਗਿਆ ਸਾਂ; ਇਸ ਲਈ ਹੁਣ ਅਸੀਂ ਲੰਦਨ ਪਹੁੰਚਦਿਆਂ ਸਾਰ ਹੀ ਆਪਣਾ ਅਗਲਾ ਕੰਮ ਵੀ ਸ਼ੁਰੂ ਕਰ ਦਿੱਤਾ। ਉਸੇ ਦਿਨ ਅਸੀਂ ਏਨ ਕੈਥੇਰਿਕ ਨੂੰ ਵੀ ਕਾਬੂ ਕਰ ਲਿਆ।

ਹੁਣ ਜੋ-ਜੋ ਤਾਰੀਖਾਂ ਮੈਂ ਦੱਸਾਂਗਾ, ਉਹ ਬੜੀਆਂ ਹੀ ਮਹੱਤਵਪੂਰਣ ਹਨ। ਮੈਂ ਬੇਸ਼ੱਕ ਭਾਵੁਕ ਹਾਂ; ਪਰ ਵਿਵਹਾਰਿਕ ਤੌਰ ਤੇ ਵੀ ਬੜਾ ਤੇਜ਼ ਹਾਂ। ਇਸ ਲਈ ਹਰ ਤਾਰੀਖ ਮੈਨੂੰ ਪੱਕੀ ਯਾਦ ਰਹਿੰਦੀ ਹੈ।

ਬੁੱਧਵਾਰ, ਚੌਵੀ ਜੁਲਾਈ, ਅਠਾਰਾਂ ਸੌ ਪੰਜਾਹ, ਮੈਂ ਆਪਣੀ ਪਤਨੀ ਨੂੰ ਟੈਕਸੀ ਵਿਚ ਮਿਸਿਜ਼ ਕਲੀਮੈਂਟਸ ਨੂੰ ਘਰੋਂ ਕਿਸੇ ਬਹਾਨੇ ਕੱਢਣ ਲਈ ਭੇਜਿਆ। ਲੇਡੀ ਗਲਾਈਡ ਦਾ ਨਾਂ ਲੈ ਕੇ ਮਿਸਿਜ਼ ਕਲੀਮੈਂਟਸ ਨੂੰ ਬੁਲਾਇਆ ਗਿਆ। ਮਿਸਿਜ਼ ਕਲੀਮੈਂਟਸ ਨੂੰ ਟੈਕਸੀ ਵਿਚ ਲਿਆ ਕੇ ਉਸ ਟੈਕਸੀ ਵਿਚ ਬੈਠੀ ਹੀ ਛੱਡ ਦਿੱਤਾ ਗਿਆ। ਮੇਰੀ ਪਤਨੀ ਕੁਝ ਖਰੀਦਣ ਦੇ ਬਹਾਨੇ ਟੈਕਸੀ ਵਿਚੋਂ ਬਾਹਰ ਨਿਕਲ ਕੇ ਆਪਣੇ ਘਰ ਸੇਂਟ ਜਾਨਸ ਵੁਡ ਆ ਪਹੁੰਚੀ। ਉਸ ਦਿਨ ਸਾਡੇ ਘਰ ਇਕ ਮਹਿਮਾਨ ਨੇ ਆਉਣਾ ਸੀ। ਨੌਕਰਾਂ ਨੂੰ ਇਹੀ ਦੱਸਿਆ ਗਿਆ ਕਿ ਲੇਡੀ 'ਗਲਾਈਡ ਪਹੁੰਚ ਰਹੀ ਹੈ।

ਇਸ ਦੌਰਾਨ ਵਿਚ ਮੈਂ ਇਕ ਟੈਕਸੀ ਲੈ ਕੇ ਏਨ ਕੈਥੇਰਿਕ ਕੋਲ ਇਕ ਚਿੱਟ ਲੈ ਕੇ ਪਹੁੰਚਿਆ, ਜਿਸ ਵਿਚ ਇਹ ਲਿਖਿਆ ਸੀ ਕਿ ਲੇਡੀ ਗਲਾਈਡ ਮਿਸਿਜ਼ ਕਲੀਮੈਂਟਸ ਨੂੰ ਅੱਜ ਸਾਰਾ ਦਿਨ ਰੱਖੇਗੀ: ਸੋ ਉਹ ਵੀ ਉਸ ਸੱਜਣ ਨਾਲ ਆ ਜਾਵੇ, ਜਿਸ ਨੇ ਅੱਗੇ ਹੈਂਪਸ਼ਾਇਰ ਵਿਚ ਉਹਨੂੰ ਸਰ ਪਰਸੀਵਲ ਕੋਲੋਂ ਬਚਾਇਆ ਸੀ। ਉਹ ਬਾਹਰ ਉਡੀਕ ਕਰ ਰਿਹਾ ਹੋਵੇਗਾ। ਉਸ 'ਸੱਜਣ' ਨੇ ਗਲੀ ਦੇ ਇਕ ਮੁੰਡੇ ਨੂੰ ਚਿੱਟ ਦੇ ਕੇ ਭੇਜਿਆ ਅਤੇ ਬਾਹਰ ਖੜੋਤਾ ਰਿਹਾ। ਉਸੇ ਪਲ ਏਨ ਬਾਹਰ ਨਿਕਲੀ ਉਸ 'ਸੱਜਣ ਦੀ ਟੈਕਸੀ ਅੱਗੇ ਤਿਆਰ ਸੀ। ਉਹਨੇ ਉਨ ਨੂੰ ਬਿਠਾਇਆ ਅਤੇ ਟੈਕਸੀ ਤੁਰਦੀ ਹੋਈ।

ਫ਼ਾਰੈਸਟ ਰੋਡ ਜਾਂਦਿਆਂ ਰਾਹ ਵਿਚ ਮੇਰੀ ਸਾਥਣ ਜਰਾ ਵੀ ਨਹੀਂ ਡਰੀ। ਮੈਂ ਉਹਦੇ ਨਾਲ ਇਕ ਪਿਤਾ ਵਾਂਗ ਗੱਲਾਂ ਕਰਦਾ ਰਿਹਾ। ਉਹ ਮੇਰੇ ਉੱਤੇ ਵਿਸ਼ਵਾਸ ਕਰਦੀ ਸੀ। ਮੈਂ ਉਹਨੂੰ ਦਵਾਈ ਬਣਵਾ ਕੇ ਦਿੱਤੀ ਸੀ; ਜਿਸ ਨਾਲ ਉਹਦੀ ਤਕਲੀਫ ਘਟੀ ਸੀ! ਮੈਂ ਉਹਨੂੰ ਸਰ ਪਰਸੀਵਲ ਦੇ ਖ਼ਤਰੇ ਤੋਂ ਬਚਾਇਆ ਸੀ। ਪਰ ਸ਼ਾਇਦ ਮੈਨੂੰ ਆਪਣੇ ਆਪ ਤੇ ਜ਼ਰੂਰਤ ਤੋਂ ਵੱਧ ਭਰੋਸਾ ਸੀ। ਮੈਂ ਸ਼ਾਇਦ ਇਹ ਗੱਲ ਭੁੱਲ ਗਿਆ ਸਾਂ, ਕਿ ਜਿਨ੍ਹਾਂ ਲੋਕਾਂ ਦਾ ਦਿਮਾਗ ਹਿਲਿਆ ਹੁੰਦਾ ਹੈ; ਉਹ ਕਈ ਗੱਲਾਂ ਸਾਡੇ ਲੋਕਾਂ ਨਾਲੋਂ ਵੀ ਜਲਦੀ ਸਮਝ ਜਾਂਦੇ ਹਨ। ਜੋ ਕੁਝ ਵੀ ਸੀ, ਇਹ ਗੱਲ ਪੱਕੀ ਸੀ ਕਿ ਉਹਨੂੰ ਨਿਰਾਸ਼ਾ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਕੀਤਾ। ਜਦੋਂ ਮੈਂ ਉਹਨੂੰ ਲੈ ਕੇ ਡਰਾਇੰਗ ਰੂਮ ਵਿਚ ਪੁੱਜਾ ਅਤੇ ਉਹਨੇ ਉਥੇ ਮੈਡਮ ਫ਼ੋਸਕੋ ਤੋਂ ਸਿਵਾ ਕਿਸੇ ਹੋਰ ਨੂੰ ਨਾ ਵੇਖਿਆ ਉਹ ਬਹੁਤ ਹੀ ਘਬਰਾ ਗਈ। ਜਿਵੇਂ ਹਵਾ ਵਿਚੋਂ ਉਹਨੂੰ ਖ਼ਤਰੇ ਦੀ ਬੋ ਆ ਗਈ ਹੋਵੇ; ਉਹ ਇਸ ਤਰ੍ਹਾਂ ਭੈ-ਭੀਤ ਹੋ ਗਈ ਕਿ ਕੁਝ ਕਹਿਣਾ ਵਿਅਰਥ ਸੀ। ਉਹਦੀ ਹੁਣ ਕਿਸੇ ਗੱਲ ਨਾਲ ਤਸੱਲੀ ਨਹੀਂ ਸੀ ਹੁੰਦੀ ! ਮੈਂ ਉਹਦਾ ਡਰ ਤਾਂ ਸ਼ਾਇਦ ਕਿਸੇ ਤਰ੍ਹਾਂ ਘੱਟ ਕਰ ਹੀ ਲੈਂਦਾ ਪਰ ਉਹਦੇ ਦਿਲ ਦੀ ਹਾਲਤ ਬਹੁਤ ਹੀ ਖ਼ਰਾਬ ਹੋ ਗਈ ਸੀ; ਅਤੇ ਹੁਣ ਕਿਸੇ ਦਵਾਈ ਦਾ ਅਸਰ ਹੋਣਾ ਮੁਸ਼ਕਲ ਸੀ। ਉਹਨੂੰ ਬੇਹੋਸ਼ੀ ਦੇ ਫਿਟ ਪੈਣੇ ਸ਼ੁਰੂ ਹੋ ਗਏ- ਮੈਂ ਵੀ ਬਹੁਤ ਡਰ ਗਿਆ, ਕਿਉਂਕਿ ਉਹਦੀ ਹਾਲਤ ਤਾਂ ਅਜਿਹੀ ਹੋ ਗਈ ਸੀ ਕਿ ਕਿਸੇ ਵੀ ਪਲ ਉਹਦੀ ਮੌਤ ਸੰਭਵ ਸੀ।

ਸਭ ਤੋਂ ਨੇੜੇ ਜਿਹੜਾ ਡਾਕਟਰ ਸੀ; ਉਹਨੂੰ ਬੁਲਾਇਆ ਗਿਆ ਅਤੇ ਦੱਸਿਆ ਗਿਆ ਕਿ ਲੇਡੀ ਗਲਾਈਡ ਦੀ ਹਾਲਤ ਖਰਾਬ ਹੈ। ਮੈਨੂੰ ਇਹ ਤਸੱਲੀ ਹੋਈ ਕਿ ਉਹ ਇਕ

ਸਿਆਣਾ ਡਾਕਟਰ ਸੀ। ਮੈਂ ਉਹਨੂੰ ਇਹ ਦੱਸਿਆ ਕਿ ਬੀਮਾਰ ਕੁੜੀ ਦਾ ਦਿਮਾਗ ਕੁਝ ਠੀਕ ਨਹੀਂ, ਅਤੇ ਉਹਨੂੰ ਕਈ ਵਾਰ ਵਹਿਮ ਹੋ ਜਾਂਦਾ ਹੈ। ਮੈਂ ਇਸ ਗੱਲ ਦਾ ਵੀ ਧਿਆਨ ਰੱਖਿਆ, ਕਿ ਮੇਰੀ ਪਤਨੀ ਤੋਂ ਸਿਵਾ ਹੋਰ ਕੋਈ ਕਮਰੇ ਵਿਚ ਨਾ ਰਹੇ। ਉਹ ਕਰਮਾਂ ਮਾਰੀ ਬਹੁਤ ਹੀ ਬੀਮਾਰ ਸੀ; ਅਤੇ ਉਹਨੇ ਹੁਣ ਕੀ ਕਹਿਣਾ ਸੀ ! ਮੈਨੂੰ ਤਾਂ ਹੁਣ ਇਹੀ ਚਿੰਤਾ ਅਤੇ ਡਰ ਸੀ ਕਿ ਝੂਠੀ ਲੇਡੀ ਗਲਾਈਡ ਅਸਲੀ ਲੇਡੀ ਗਲਾਈਡ ਦੇ ਪਹੁੰਚਣ ਤੋਂ ਪਹਿਲਾਂ ਹੀ ਕਿਧਰੇ ਚਲਾਣਾ ਨਾ ਕਰ ਜਾਏ।

ਮੈਂ ਸਵੇਰੇ ਹੀ ਇਕ ਚਿੱਠੀ ਮੈਡਮ ਰੂਬੈਲੇ ਨੂੰ ਲਿਖੀ ਸੀ, ਕਿ ਉਹ ਮੈਨੂੰ ਆਪਣੇ ਘਰ ਸ਼ੁਕਰ ਵਾਰ ਛੱਬੀ ਤਾਰੀਖ਼ ਸ਼ਾਮੀ ਜਰੂਰ ਆ ਮਿਲੇ। ਦੂਜੀ ਸਰ ਪਰਸੀਵਲ ਨੂੰ ਪਾਉਣੀ ਸੀ, ਕਿ ਉਹ ਆਪਣੀ ਪਤਨੀ ਨੂੰ ਉਹਦੇ ਚਾਚੇ ਦੀ ਚਿੱਠੀ ਵਿਖਾ ਦੇਵੇ ਅਤੇ ਉਹਨੂੰ ਇਹ ਜ਼ੋਰ ਪਾ ਕੇ ਕਹੇ, ਕਿ ਮੇਰੀਅਨ ਉਹਦੇ ਤੋਂ ਪਹਿਲਾਂ ਜਾ ਚੁੱਕੀ ਹੈ। ਉਹ ਆਪਣੀ ਪਤਨੀ ਨੂੰ ਛੱਬੀ ਤਾਰੀਖ਼ ਦੁਪਹਿਰ ਦੀ ਗੱਡੀ ਜ਼ਰੂਰ ਚੜ੍ਹਾ ਦੇਵੇ। ਲੇਡੀ ਗਲਾਈਡ ਨੂੰ ਪਹਿਲਾਂ ਤੇ ਮੇਰੀ ਸਲਾਹ ਜ਼ਰਾ ਰੁਕ ਕੇ ਬੁਲਾਣ ਦੀ ਸੀ; ਪਰ ਹੁਣ ਘਟਨਾਵਾਂ ਹੋਰ ਪਾਸੇ ਮੁੜ ਰਹੀਆਂ ਸਨ। ਏਨ ਕੈਥੇਰਿਕ ਦੀ ਹਾਲਤ ਖਰਾਬ ਸੀ; ਅਤੇ ਕਿਸ ਵੇਲੇ ਕੀ ਹੋ ਜਾਂਦਾ ਹੈ? ਇਸ ਬਾਰੇ ਅਸੀਂ ਕੀ ਕਹਿ ਸਕਦੇ ਸਾਂ? ਹੋਰ ਮੈਂ ਕੀ ਕਰ ਸਕਦਾ ਸਾਂ? ਹੁਣ ਤੇ ਮੈਂ ਰੱਬ ਦੇ ਰੰਗ ਵੇਖਣੇ ਸਨ। ਕਿਸੇ ਦੇ ਸਾਹਮਣੇ ਮੈਂ ਬੀਮਾਰ ਦੀ ਜੇ ਗੱਲ ਕਰਦਾ, ਲੇਡੀ ਗਲਾਈਡ ਦਾ ਨਾਂ ਲੈਣਾ ਯਾਦ ਰੱਖਦਾ। ਉਸ ਦਿਨ ਮੈਂ ਇਹ ਫ਼ੋਸਕੋ ਨਹੀਂ ਸਾਂ -- ਉਸ ਦਿਨ ਤਾਂ ਅਸਲੀ ਫ਼ੋਸਕੋ ਨੂੰ ਗ੍ਰਹਿਣ ਲੱਗ ਗਿਆ ਸੀ।

ਏਨ ਕੈਥੇਰਿਕ ਦੀ ਰਾਤ ਬੜੀ ਭੈੜੀ ਲੰਘੀ। ਜਦੋਂ ਜਾਗੀ ਤਾਂ ਉਹ ਨਿਢਾਲ ਹੋ ਚੁੱਕੀ ਸੀ। ਪਰ ਉਸੇ ਦਿਨ ਦੁਪਹਿਰੀ ਉਹ ਕਾਫੀ ਠੀਕ ਦਿੱਸਣ ਲੱਗ ਪਈ। ਸ਼ਾਇਦ ਰੱਬ ਨੇ ਮੇਰੀ ਅਰਦਾਸ ਸੁਣ ਲਈ ਸੀ; ਮੈਨੂੰ ਦੂਜੇ ਦਿਨ ਭਾਵ ਛੱਬੀ ਤਾਰੀਖ ਹੀ ਪਰਸੀਵਲ ਅਤੇ ਮੈਡਮ ਰੂਬੈਲੇ ਦੇ ਉੱਤਰ ਆਉਣੇ ਸਨ। ਪਰ ਮੈਨੂੰ ਪਤਾ ਸੀ, ਕਿ ਦੋਵੇਂ ਹੀ ਮੇਰੀ ਗੱਲ ਮੰਨਣਗੇ, ਇਸ ਲਈ ਮੈਂ ਜ਼ਰੂਰੀ ਇੰਤਜ਼ਾਮ ਕਰਨ ਲਈ ਨਿਕਲ ਪਿਆ। ਮੈਂ ਇਕ ਬੱਘੀ ਦਾ ਇੰਤਜ਼ਾਮ ਕੀਤਾ ਜਿਸਨੂੰ ਛੱਬੀ ਤਾਰੀਖ ਦੋ ਵਜੇ ਆਪਣੇ ਮਕਾਨ ਤੇ ਪਹੁੰਚਣ ਲਈ ਕਹਿ ਕੇ ਆਇਆ। ਉਸ ਤੋਂ ਮਗਰੋਂ ਮੈਂ ਮਿਸਟਰ ਰੂਬੈਲੇ ਦੇ ਘਰ ਗਿਆ। ਮੈਂ ਦੋ ਆਦਮੀਆਂ ਕੋਲੋਂ ਪਾਗਲਪਨ ਦੇ ਸਰਟੀਫਿਕੇਟ ਲੈਣੇ ਸਨ, ਜਿਨ੍ਹਾਂ ਵਿਚੋਂ ਇਕ ਨੂੰ ਮੈਂ ਜਾਣਦਾ ਸਾਂ: ਅਤੇ ਦੂਜੇ ਨੂੰ ਮਿਸਟਰ

ਰੁਬੈਲੇ। ਇਹ ਦੋਵੇਂ ਸਾਡੇ ਕੋਲੋਂ ਸਵਾਲ ਪੁੱਛਣ ਦੀ ਸਥਿਤੀ ਵਿਚ ਨਹੀਂ ਸਨ। ਦੋਹਾਂ ਨੂੰ ਪੈਸੇ ਦੀ ਲੋੜ ਸੀ ਅਤੇ ਦੋਵੇਂ ਮੇਰੇ ਤੇ ਪੂਰਾ ਭਰੋਸਾ ਕਰਦੇ ਸਨ।

ਮੈਂ ਇਹ ਸਾਰੇ ਕੰਮ ਨਿਪਟਾ ਕੇ ਪੰਜ ਵਜੇ ਤੋਂ ਪਿੱਛੋਂ ਹੀ ਘਰ ਮੁੜਿਆ-, ਅੱਗੇ ਏਨ ਕੈਥੇਰਿਕ ਮਰ ਚੁੱਕੀ ਸੀ। ਉਹ ਪੰਝੀ ਤਾਰੀਖ਼ ਹੀ ਮਰ ਚੁੱਕੀ ਸੀ, ਅਤੇ ਲੇਡੀ ਗਲਾਈਡ ਲੰਦਨ ਛੱਬੀ ਤਾਰੀਖ਼ ਪੁੱਜਣਾ ਸੀ।

ਮੇਰੀ ਤਾਂ ਖਾਨਿਉਂ ਗਈ। ਮੈਂ ਬੌਂਦਲ ਗਿਆ। ਰਤਾ ਸੋਚੋ, ਫ਼ੋਸਕੋ ਕੀ ਤੇ ਬੌਂਦਲਨਾ ਕੀ? ਪਰ ਮੈਂ ਸੱਚ ਕਹਿ ਰਿਹਾ ਹਾਂ। ਹੁਣ ਅਸੀਂ" ਵਾਪਸ ਨਹੀਂ ਸਾਂ ਮੁੜ ਸਕਦੇ, ਮੇਰੇ ਆਉਣ ਤੋਂ ਪਹਿਲਾਂ ਡਾਕਟਰ ਨੇ ਮੈਨੂੰ ਖੇਚਲ ਅਤੇ ਪਰੇਸ਼ਾਨੀ ਤੋਂ' ਬਚਾਉਣ ਲਈ ਮੌਤ ਆਪ ਜਾ ਕੇ ਰਜਿਸਟਰ ਵੀ ਕਰਵਾ ਦਿੱਤੀ ਸੀ। ਮੇਰੀ ਇਹ ਕਮਾਲ ਦੀ ਯੋਜਨਾ ਵਿਚ ਅਜੇ ਤੀਕ ਕੋਈ ਨੁਕਸ ਨਹੀਂ ਸੀ; ਪਰ ਹੁਣ ਇਹ ਕਮਜ਼ੋਰ ਹੋ ਗਈ ਸੀ। ਮੈਂ ਮੌਤ ਨੂੰ ਕਿਵੇਂ ਟਾਲ ਸਕਦਾ ਸਾਂ? ਹੁਣ ਮੈਂ ਭਵਿੱਖ ਵੱਲ ਮੂੰਹ ਕੀਤਾ। ਮੇਰੀਆਂ ਅਤੇ ਪਰਸੀਵਲ ਦੀਆਂ ਲੋੜਾਂ ਅਜੇ ਪੂਰੀਆਂ ਨਹੀਂ ਸਨ ਹੋਈਆਂ; ਸੋ ਅਸੀਂ ਬਾਕੀ ਦੀ ਸਕੀਮ ਸਿਰੇ ਚਾੜ੍ਹਣ ਦਾ ਫੈਸਲਾ ਕਰ ਲਿਆ। ਮੈਂ ਜਰਾ ਠੰਢੇ ਦਿਲ ਨਾਲ ਸੋਚਿਆ ਤੇ ਕੁਝ ਤਸੱਲੀ ਹੋਈ।

ਛੱਬੀ ਤਾਰੀਖ਼ ਸਵੇਰੇ ਮੈਨੂੰ ਸਰ ਪਰਸੀਫਲ ਦੀ ਚਿੱਠੀ ਮਿਲੀ; ਜਿਸ ਵਿਚ ਉਹਨੇ ਲੇਡੀ  ਗਲਾਈਡ ਦੇ ਸਫ਼ਰ ਬਾਰੇ ਪਤਾ ਦਿੱਤਾ ਸੀ। ਉਹ ਦੁਪਹਿਰੀ ਲੰਦਨ ਪਹੁੰਚੇਗੀ। ਮੈਡਮ ਰੂਬੈਲੇ ਨੇ ਸ਼ਾਮ ਦੀ ਗੱਡੀ ਆਉਣਾ ਸੀ, ਉਹਦੀ ਵੀ ਚਿੱਠੀ ਆ ਗਈ ਸੀ। ਮੈਂ' ਬੱਘੀ ਵਿਚ ਬੈਠ ਕੇ ਅਸਲੀ ਲੇਡੀ ਗਲਾਈਡ ਨੂੰ ਸਟੇਸ਼ਨ ਲੈਣ ਗਿਆ; ਅਤੇ ਨਕਲੀ ਲੇਡੀ ਗਲਾਈਡ ਮੇਰੇ ਘਰ ਮਰੀ ਪਈ ਸੀ। ਮੇਰੀ ਸ਼ੀਟ ਹੇਠਾਂ ਏਨ ਕੈਥੇਰਿਕ ਦੇ ਉਹ ਕੱਪੜੇ ਸਨ, ਜੋ ਉਹ ਪਾ ਕੇ ਮੇਰੇ ਘਰ ਆਈ ਸੀ, ਉਹਨਾਂ ਰਾਹੀਂ ਕੈਥੇਰਿਕ ਫਿਰ ਜੀ ਪਵੇਗੀ।

ਇੰਗਲੈਂਡ ਦੇ ਨਾਵਲਕਾਰਾਂ ਨੂੰ ਮੈਂ ਕਿੰਨਾ ਸੁਹਣਾ ਸੁਭਾਅ ਦੇ ਰਿਹਾ ਹਾਂ, ਫ਼ਰਾਂਸ ਦੇ ਨਾਟਕਕਾਰ ਵੀ ਧਿਆਨ ਕਰਨ, ਇਹ ਬਿਲਕੁਲ ਨਵੀਂ ਚੀਜ਼ ਹੈ।

ਲੇਡੀ ਗਲਾਈਡ ਸਟੇਸ਼ਨ ਤੇ ਸੀ। ਉਥੇ ਬੜੀ ਭੀੜ ਸੀ ਮੈਂ ਚਾਹੁੰਦਾ ਸਾਂ, ਕਿ ਘੱਟ ਤੋਂ ਘੱਟ ਦੇਰ ਲੱਗੇ। ਕਿਧਰੇ ਕੋਈ ਉਹਦਾ ਵਾਕਿਫ ਜਾਂ ਮਿੱਤਰ ਹੀ ਨਾ ਆ ਪਹੁੰਚੇ। ਖੈਰ ਜਿਵੇਂ ਕਿਵੇਂ ਉਹਦਾ ਸਾਮਾਨ ਕੱਢਿਆ ਤੋਂ ਅਸੀਂ ਉਥੋਂ ਚਲੇ। ਬੱਘੀ ਵਿਚ ਬੈਠਦਿਆਂ ਹੀ ਉਹਨੇ ਮੇਰੇ

ਤੋਂ ਪਹਿਲਾਂ ਸਵਾਲ ਆਪਣੀ ਭੈਣ ਬਾਰੇ ਪੁੱਛਿਆ। ਮੈਂ ਉਹਨੂੰ ਸ਼ਾਂਤ ਕੀਤਾ ਅਤੇ ਕਿਹਾ ਕਿ ਉਹ ਥੋੜ੍ਹੀ ਦੇਰ ਮਗਰੋਂ ਉਹਨੂੰ ਮੇਰੇ ਘਰ ਮਿਲੇਗੀ। ਮੈਂ ਇਥੇ ਆਪਣੇ ਘਰ ਨਹੀਂ, ਸਗੋਂ ਮਿਸਟਰ ਰੂਬੈਲੇ ਦੇ ਘਰ ਲਿਜਾਣਾ ਸੀ; ਜੋ ਲੀਸੈ ਸਟਰ ਸੁਕੇਅਰ ਦੇ ਨੇੜੇ ਹੀ ਸੀ। ਮਿਸਟਰ ਰੁਬੈਲੇ ਸਾਨੂੰ ਹਾਲ ਵਿਚ ਮਿਲਿਆ।

ਮੈਂ ਉਹਨੂੰ ਉਪਰਲੀ ਮੰਜ਼ਿਲ ਦੇ ਪਿਛਲੇ ਕਮਰੇ ਵਿਚ ਲੈ ਗਿਆ। ਹੇਠਾਂ ਉਹ ਦੋਵੇਂ ਡਾਕਟਰ ਆਪਣਾ ਮਰੀਜ਼ ਵੇਖਣ ਲਈ ਖੜੇ ਸਨ; ਤਾਂ ਜੋ ਉਹ ਮੈਨੂੰ ਸਰਟੀਫ਼ਿਕੇਟ ਦੇ ਸਕਣ ਲੇਡੀ ਗਲਾਈਡ ਨੂੰ ਉਹਦੀ ਭੈਣ ਬਾਰੇ ਤਸੱਲੀ ਦੇ ਕੇ ਮੈਂ ਦੋਹਾਂ ਡਾਕਟਰਾਂ ਨੂੰ ਵੱਖ-ਵੱਖ ਉਹਦੇ ਨਾਲ ਮਿਲਾਇਆ। ਉਨ੍ਹਾਂ ਨੇ ਜੋ ਵੇਖਣਾ ਸੀ, ਉਹ ਵੇਖ ਚੁੱਕੇ ਸਨ। ਮੈਂ ਉਨ੍ਹਾਂ ਦੇ ਜਾਣ ਮਗਰੋਂ ਕਮਰੇ ਵਿਚ ਗਿਆ ਅਤੇ ਇਹ ਕਹਿ ਕੇ ਉਹਨੂੰ ਬਹੁਤ ਡਰਾ ਦਿੱਤਾ ਕਿ ਉਹਦੀ ਭੈਣ ਦੀ ਹਾਲਤ ਚੰਗੀ ਨਹੀਂ।

ਇਸ ਦਾ ਨਤੀਜਾ ਉਹੀ ਹੋਇਆ, ਜਿਸ ਦੀ ਮੈਨੂੰ ਆਸ ਸੀ। ਲੇਡੀ ਗਲਾਈਡ ਡਰ ਗਈ ਅਤੇ ਉਹਨੂੰ ਬੇਹੋਸ਼ੀ ਆਈ। ਦੂਜੀ ਤੇ ਅਖਰੀਲੀ ਵਾਰ ਸਾਇੰਸ ਦੀ ਸਹਾਇਤਾ ਲਈ; ਇਕ ਪਾਣੀ ਦੇ ਗਿਲਾਸ ਵਿਚ ਥੋੜ੍ਹੀ ਦਵਾਈ ਤੇ ਸੁੰਘਣ ਵਾਲੀ ਸ਼ੀਸ਼ੀ ਵਿਚ ਮੈਂ ਵਰਤੀ। ਉਹ ਬਿਲਕੁਲ ਬੇਹੋਸ਼ ਹੋ ਗਈ ਸੀ। ਰਾਤੀ ਫਿਰ ਮੈਂ ਦਵਾਈ ਦੀ ਮਦਦ ਲਈ-ਜਿਸ ਨਾਲ ਉਹ ਸਾਰੀ ਰਾਤ ਸੁੱਤੀ ਰਹੀ। ਮੈਡਮ ਰੂਬੈਲੇ ਉਹਨੂੰ ਤਿਆਰ ਕਰਨ ਵਕਤ ਆ ਪੁੱਜੀ। ਰਾਤੀਂ ਉਹ ਕੱਪੜੇ ਲਾਹ ਕੇ ਏਨ ਕੈਥੇਰਿਕ ਦੇ ਕੱਪੜੇ ਮੈਡਮ ਰੂਬੈਲੇ ਨੇ ਉਹਨੂੰ ਪਵਾ ਦਿੱਤੇ ਸਨ। ਦੂਜਾ ਸਾਰਾ ਦਿਨ ਮੈਂ ਉਹਨੂੰ ਨੀਮ ਬੇਹੋਸ਼ੀ ਦੀ ਹਾਲਤ ਵਿਚ ਹੀ ਰੱਖਿਆ, ਅਤੇ ਮੇਰੇ ਡਾਕਟਰ ਮਿੱਤਰਾਂ ਨੇ। ਸਰਟੀਫਿਕੇਟ ਦੇ ਦਿੱਤੇ। ਉਸ ਸ਼ਾਮ ਸਤਾਈ ਤਾਰੀਖ ਨੂੰ ਮੈਂ ਅਤੇ ਮਿਸਿਜ਼ ਰੁਬੈਲੇ "ਏਨ ਕੈਥੇਰਿਕ" ਨੂੰ ਪਾਗਲਖਾਨੇ ਲੈ ਗ। ਉਥੇ ਉਹਦੇ ਪਹੁੰਚਣ ਨਾਲ ਸਾਰੇ ਹੀ ਹੈਰਾਨ ਹੋਏ, ਪਰ ਕਿਸੇ ਨੇ ਵੀ ਸ਼ੱਕ ਨਾ ਕੀਤਾ। ਕੋਈ ਵਕਤ ਹੀ ਅਜਿਹਾ ਸੀ। ਡਾਕਟਰਾਂ ਦੇ ਸਰਟੀਫ਼ਿਕੇਟ ਸਰ ਪਰਸੀਵਲ ਚਿੱਠੀ, ਸ਼ਕਲ ਦੀ ਸਮਾਨਤਾ, ਏਨ ਕੈਥੇਰਿਕ ਦੇ ਕੱਪੜੇ ਅਤੇ ਸਭ ਤੋਂ ਵੱਡੀ ਚੀਜ਼ ਸੀ, ਬੀਮਾਰ ਦੀ ਮਾਨਸਕ ਅਵਸਥਾ ਬੜੀ ਖਿੰਡਰੀ ਪੁੰਡਰੀ ਸੀ। ਇਨ੍ਹਾਂ ਸਭ ਕਾਰਣਾਂ ਕਰਕੇ ਇਸ ਨੂੰ ਕਰਨ ਦਾ ਕੋਈ ਸ਼ੱਕ ਕਰਨ ਦਾ ਖਿਆਲ ਹੀ ਕਿਵੇਂ ਆ ਸਕਦਾ ਸੀ?

ਮੈਂ ਹੁਣ ਜਲਦੀ ਹੀ ਲੇਡੀ ਗਲਾਈਡ ਦੇ ਕੱਪੜਿਆਂ ਅਤੇ ਸਾਮਾਨ ਸਣੇ ਘਰ ਮੁੜਿਆ ਇਹ ਕੱਪੜੇ ਅਤੇ ਸਾਮਾਨ ਕੰਬਰਲੈਂਡ ਭੇਜਿਆ ਗਿਆ ਅਤੇ ਉਥੇ ਹੀ ਲੇਡੀ ਗਲਾਈਡ ਨੂੰ ਦਫਨਾਇਆ ਗਿਆ। ਮੈਂ ਵੀ ਅੰਤਮ ਸਮੇਂ" ਲਿਮਰਿਜ ਹੀ ਸਾਂ ਅਤੇ ਕਾਲੇ ਕੱਪੜੇ ਪਾਕੇ ਉਹਦਾ ਕਿਰਿਆ ਕਰਮ ਭੁਗਤਾਇਆ ਸੀ।

ਇਹ ਅਜੀਬ ਅਤੇ ਅਨੋਖੀਆਂ ਘਟਨਾਵਾਂ ਦਾ ਵਰਣਨ ਜੋ ਕਿ ਮੈਂ ਬੜੇ ਅਜੀਬ ਹਾਲਾਤ ਵਿਚ ਹੀ ਲਿਖਦਾ ਰਿਹਾ ਹਾਂ ਇਥੇ ਖਤਮ ਹੁੰਦਾ ਹੈ। ਲਿਮਰਿਜ ਹਾਊਸ ਖਬਰ ਦੇਣ ਵੇਲੇ ਕਿਹੜੀ ਸਾਵਧਾਨੀ ਵਰਤੀ ਉਹ ਤੁਹਾਨੂੰ ਪਤਾ ਹੀ ਹੈ। ਮੇਰੀ ਯੋਜਨਾ ਸਫਲ ਹੋਈ ਅਤੇ ਸਾਨੂੰ ਦੋਹਾਂ ਨੂੰ ਚੋਖਾ ਲਾਭ ਹੋਇਆ। ਇਹ ਮੈਂ ਪੂਰੇ ਦਾਵੇ ਨਾਲ ਕਹਿ ਸਕਦਾ ਹਾਂ ਕਿ ਮੇਰੀ ਸਕੀਮ ਦੀ ਕਮਜ਼ੋਰ ਕੜੀ ਦਾ ਕਿਸੇ ਨੂੰ ਕਦੇ ਪਤਾ ਨਹੀਂ ਸੀ ਲਗਦਾ ਜੇ ਮੇਰੇ ਦਿਲ ਦੀ ਕਮਜ਼ੋਰੀ ਦਾ ਕਿਸੇ ਨੂੰ ਪਤਾ ਨਾ ਲਗਦਾ। ਮੈਂ ਉਸ ਵੇਲੇ ਮੇਰੀਅਨ ਨੂੰ ਪਕੜ ਸਕਦਾ ਸਾਂ, ਜਦੋਂ ਉਹਨੇ ਆਪਣੀ ਭੈਣ ਨੂੰ ਪਾਗਲਖਾਨੇ ਵਿਚੋਂ ਨਸਾਇਆ। ਪਰ ਨਹੀਂ ਮੈਂ ਉਹਨੂੰ ਛੱਡ ਦਿੱਤਾ। ਮੈਂ ਆਪਣੀ ਵਲੋਂ ਲੇਡੀ ਗਲਾਈਡ ਨੂੰ ਸਦਾ ਲਈ ਖਤਮ ਕਰ ਚੁੱਕਾ ਸਾਂ। ਜੇ ਮੇਰੀਅਨ ਜਾਂ ਮਿਸਟਰ ਹਾਰਟਰਾਈਟ ਕਦੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨਗੇ ਕਿ ਉਹ ਜੀਉਂਦੀ ਹੈ; ਉਨ੍ਹਾਂ ਨੂੰ ਲੋਕ ਧੋਖੇਬਾਜ਼ ਕਹਿਣਗੇ। ਕੋਈ ਉਨ੍ਹਾਂ ਤੇ ਯਕੀਨ ਵੀ ਨਹੀਂ ਕਰੇਗਾ। ਸੋ ਉਹ ਮੇਰਾ ਜਾਂ ਸਰ ਪਰਸੀਵਲ ਦਾ ਕੁਝ ਵੀ ਨਹੀਂ ਵਿਗਾੜ ਸਕਣਗੇ।

ਮੇਰੇ ਕੋਲੋਂ ਇਹ ਬੜੀ ਭਾਰੀ ਭੁੱਲ ਹੋਈ, ਕਿ ਮੈਂ ਇਸੇ ਭਰੋਸੇ ਵਿਚ ਇਨ੍ਹਾਂ ਦਾ ਪਿੱਛਾ ਨਾ ਕੀਤਾ। ਸਰ ਪਰਸੀਵਲ ਵੀ ਆਪਣੀ ਜ਼ਿੱਦ ਉਤੇ ਅੜਿਆ ਰਿਹਾ; ਇਸ ਲਈ ਉਹਨੇ ਵੀ ਆਪਣੇ ਗੁੱਸੇ ਦਾ ਫਲ ਭੁਗਤਿਆ ਅਤੇ ਮੈਂ ਲੇਡੀ ਗਲਾਈਡ ਨੂੰ ਦੂਜੀ ਵਾਰ ਪਾਗਲਖਾਨੇ ਵਿਚੋਂ ਨਸ ਜਾਣ ਦਿੱਤਾ; ਅਤੇ ਮਿਸਟਰ ਹਾਰਟਰਾਈਟ ਨੂੰ ਆਪਣੇ ਹੱਥ ਵਿਚੋਂ ਨਿਕਲ ਜਾਣ ਦਿੱਤਾ। ਇਸ ਸੰਕਟ ਸਮੇਂ ਫ਼ੋਸਕੋ ਆਪਣੇ ਅਸਲ ਮੂਡ ਵਿਚ ਨਹੀਂ ਸੀ। ਮੈਂ ਅਜਿਹੀ ਲਾਪ੍ਰਵਾਹੀ ਕਦੀ ਨਹੀਂ ਵਰਤਦਾ-ਪਰ ਇਸਦਾ ਵੀ ਇਕ ਕਾਰਣ ਸੀ- ਮੇਰੇ ਦਿਲ ਵਿਚ ਝਾਕ ਕੇ ਵੇਖੋ। ਮੇਰੀਅਨ ਹਾਲਕੌਂਬ ਫ਼ੋਸਕੋ ਦੇ ਜੀਵਨ ਦੀ ਪਹਿਲੀ ਅਤੇ ਅਖੀਰਲੀ ਕਮਜ਼ੋਰੀ।

ਸੱਠ ਸਾਲ ਦੀ ਉਮਰ ਵਿਚ ਮੈਂ ਤੁਹਾਨੂੰ ਇਹ ਭੇਤ ਦਸ ਰਿਹਾ ਹਾਂ। ਮੈਂ ਨੌਜਵਾਨ ਕੋਲੋਂ ਆਪਣੇ ਲਈ ਤਰਸ ਮੰਗਦਾ ਹਾਂ; ਅਤੇ ਜਵਾਨ ਕੁੜੀਆਂ ਕੋਲੋਂ ਅੱਥਰੂ!

ਇਹ ਸ਼ਬਦ ਹੋਰ ਅਤੇ ਫਿਰ ਤੁਸੀਂ ਭਾਵੇਂ ਜੋ ਮਰਜ਼ੀ ਹੈ ਕਰੋ!

ਇਹ ਪੰਨੇ ਪੜ੍ਹ ਕੇ ਤਿੰਨ ਸਵਾਲ ਪੁਛੇ ਜਾ ਸਕਦੇ ਹਨ--ਇਹ ਮੇਰਾ ਆਪਣਾ ਵਿਚਾਰ ਹੈ ਅਤੇ ਇਸੇ ਲਈ ਮੈਂ ਇਨ੍ਹਾਂ ਦੇ ਤਿੰਨ ਉੱਤਰ ਦਿਆਂਗਾ।

ਪਹਿਲਾ ਸਵਾਲ : ਮੈਡਮ ਫ਼ੋਸਕੋ ਮੈਨੂੰ ਇੰਨਾ ਪਿਆਰ ਕਿਉਂ ਕਰਦੀ ਹੈ-ਕਿ ਉਹ ਮੇਰੀ ਹਰ ਆਸ ਪੂਰੀ ਕਰਨੀ ਚਾਹੁੰਦੀ ਹੈ; ਅਤੇ ਹਰ ਇਕ ਯੋਜਨਾ ਨੂੰ ਸਫਲ ਬਣਾਉਣ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਹੈ? ਇਸ ਦਾ ਉੱਤਰ ਮੈਂ ਇਹੀ ਦੇ ਸਕਦਾ ਹਾਂ ਕਿ ਮੇਰੀ ਸਖਸ਼ੀਅਤ ਹੀ ਅਜਿਹੀ ਹੈ। ਦੁਨੀਆਂ ਦੇ ਇਤਿਹਾਸ ਵਿਚ ਕੋਈ ਅਕਲਮੰਦ ਅਤੇ ਅਨੋਖਾ ਪੁਰਸ਼ ਅਜੇ ਤਕ ਨਹੀਂ ਹੋਇਆ ਜਿਸ ਦੇ ਪਿਛੋਕੜ ਵਿਚ ਕੋਈ ਇਹੋ ਜੇਹੀ ਔਰਤ ਨਾ ਹੋਵੇ ਜਿਸਨੇ ਉਸ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ ਹੋਵੇ। ਇਹੀ ਹਾਲ ਮੇਰਾ ਹੈ। ਮੈਂ ਇਹ ਗੱਲ ਇੰਗਲੈਂਡ ਵਿਚ ਬੈਠਾ ਲਿਖ ਰਿਹਾ ਹਾਂ, ਅਤੇ ਇੰਗਲੈਂਡ ਵਿਚ ਹੀ ਮੇਰਾ ਵਿਆਹ ਹੋਇਆ ਸੀ। ਪਰ ਕੀ ਇਸ ਮੁਲਕ ਵਿਚ ਵਿਆਹ ਮਗਰੋਂ ਔਰਤ ਦਾ ਇਹ ਹੱਕ ਰਹਿ ਜਾਂਦਾ ਹੈ ਕਿ ਉਹ ਆਪਣੇ ਪਤੀ ਦੇ ਕਿਸੇ ਕੰਮ ਬਾਰੇ ਆਪਣੀ ਵੱਖਰੀ ਆਜ਼ਾਦ ਰਾਇ ਦੇ ਸਕੇ -? ਨਹੀਂ, ਵਿਆਹ ਦੀਆਂ ਸੋਹਾਂ ਇਹੀ ਹੁੰਦੀਆਂ ਹਨ ਕਿ ਉਹ ਹਰ ਗੱਲ ਵਿਚ ਆਪਣੇ ਪਤੀ ਦੀ ਇਜ਼ਤ ਕਰੇ, ਪਿਆਰ ਕਰੇ ਅਤੇ ਉਹਦੀ ਆਗਿਆ ਦਾ ਪਾਲਣ ਕਰੇ। ਮੇਰੀ ਪਤਨੀ ਨੇ ਵੀ ਇਹੀ ਕੁਝ ਕੀਤਾ ਹੈ। ਮੈਂ ਉਚੇਰੇ ਇਖਲਾਕੀ ਮੰਡਲ ਵਿਚ ਖੜਾ ਹਾਂ ਅਤੇ ਇਹ ਦਾਵ੍ਹਾ ਕਰਦਾ ਹਾਂ ਕਿ ਉਹਨੇ ਆਪਣੇ ਫ਼ਰਜ਼ ਨੂੰ ਵਾਹਵਾ ਨਿਭਾਇਆ ਹੈ। ਕੋਈ ਉਹਦੀ ਨਿੰਦਿਆਂ ਨਾ ਕਰੇ। ਇੰਗਲੈਂਡ ਦੀਆਂ ਸਭ ਪਤਨੀਆਂ ਦੀ ਹਮਦਰਦੀ ਉਹਦੇ ਨਾਲ ਹੀ ਹੋਣੀ ਚਾਹੀਦੀ ਹੈ।

ਦੂਜਾ ਸਵਾਲ : ਜੋ ਪੁਛਿਆ ਜਾ ਸਕਦਾ ਹੈ, ਉਹ ਹੈ ਕਿ ਏਨ ਕੈਥੇਰਿਕ ਉਦੋਂ ਨਾ ਮਰਦੀ, ਜਦੋਂ ਉਹ ਮਰੀ ਸੀ ਤਾਂ ਮੈਂ ਕੀ ਕਰਦਾ-? ਉਸ ਹਾਲਤ ਵਿਚ ਮੈਂ ਸਾਇੰਸ ਨਾਲ ਕੁਦਰਤ ਦੀ ਮਦਦ ਕਰਦਾ ਅਤੇ ਉਹਨੂੰ ਆਰਾਮ ਦੀ ਨੀਂਦ ਸੁਆਉਂਦਾ- ਮੈਂ' ਸ਼ਰੀਰ ਵਿਚ ਕੈਦ ਆਤਮਾ ਨੂੰ ਰਿਹਾਈ ਦਵਾ ਦੇਣੀ ਸੀ; ਅਤੇ ਉਹਨੂੰ ਉਸ ਤੜਫਣੀ ਤੋਂ ਮੁਕਤੀ ਮਿਲ ਜਾਂਦੀ।

ਤੀਜਾ ਸਵਾਲ ਹੈ, ਕਿ ਜਦੋਂ ਸਾਰੇ ਹਾਲਾਤ ਉਤੇ ਇਕ ਨਜ਼ਰ ਮਾਰੀਏ ਤਾਂ ਕੀ ਮੈਂ ਗੁਨਹਾਗਾਰ ਸਾਬਤ ਹੁੰਦਾ ਹਾਂ-? ਮੈਂ ਜ਼ੋਰ ਨਾਲ ਇਸ ਗੱਲ ਦਾ ਇਹੀ ਉੱਤਰ ਦੇਂਦਾ ਹਾਂ ਕਿ ਨਹੀਂ--। ਕੀ ਮੈਂ ਆਪਣੇ ਆਪ ਨੂੰ ਵਰਜ ਕੇ ਨਹੀਂ ਰੱਖਿਆ?-ਕੋਈ ਫਾਲਤੂ ਗੁਨਾਹ ਮੈਂ ਕੀਤਾ

ਹੀ ਨਹੀਂ। ਮੈਨੂੰ ਰਸਾਇਣ ਸ਼ਾਸਤਰ ਦਾ ਜੋ ਗਿਆਨ ਹਾਸਲ ਹੈ, ਉਸ ਨਾਲ ਤਾਂ ਮੈਂ ਲੇਡੀ ਗਲਾਈਡ ਦੀ ਜਾਨ ਲੈ ਸਕਦਾ ਸਾਂ; ਪਰ ਮੈਂ ਮਨੁੱਖਤਾ ਦੇ ਨਾਤੇ ਸਾਵਧਾਨ ਰਿਹਾ ਅਤੇ ਆਪਣੀ ਜਾਨ ਖ਼ਤਰੇ ਵਿਚ ਪਾਕੇ ਸਿਰਫ਼ ਉਹਦਾ ਨਾਂ ਹੀ ਉਹਦੇ ਕੋਲੋਂ ਖੋਹਿਆ। ਮੇਰੇ ਤੇ ਕੋਈ ਫਤਵਾ ਦੇਣ ਤੋਂ ਪਹਿਲਾਂ ਇਹ ਸੋਚੋ ਕਿ ਮੈਂ ਕੀ ਕਰ ਸਕਦਾ ਸਾਂ - ਜੋ ਮੈਂ ਨਹੀਂ ਕੀਤਾ। ਤਾਂ ਮੈਂ ਕਿੰਨਾ ਨਿਰਦੋਸ਼ ਹਾਂ? ਸਗੋਂ ਇਸ ਦ੍ਰਿਸ਼ਟੀ ਕੋਣ ਤੋਂ ਵੇਖਣ ਤੇ ਮੈਂ ਇਕ ਨੇਕ ਆਦਮੀ ਦਿਸਦਾ ਹਾਂ।

ਮੈਂ ਸ਼ੁਰੂ ਵਿਚ ਹੀ ਕਿਹਾ ਸੀ ਕਿ ਇਹ ਪੰਨੇ ਅਜੀਬ ਅਤੇ ਇਕ ਯਾਦਗਾਰੀ ਚੀਜ਼ ਹੋਵੇਗੀ। ਜਿਸ ਤਰ੍ਹਾਂ ਮੇਰੀ ਖ਼ਵਾਹਿਸ਼ ਸੀ; ਮੈਂ ਉਵੇਂ ਹੀ ਇਨ੍ਹਾਂ ਨੂੰ ਲਿਖ ਸਕਣ ਵਿਚ ਸਫਲ ਹੋਇਆ ਹਾਂ। ਇਹ ਮੈਂ ਇਸੇ ਦੇਸ਼ ਵਿਚ ਛੱਡ ਚਲਿਆ ਹਾਂ। ਹਾਂ-ਅਤੇ ਇਹ ਦੇਸ਼ ਮੈਂ ਸਦਾ ਲਈ ਛੱਡ ਕੇ ਜਾ ਰਿਹਾ ਹਾਂ। ਇਹ ਸਤਰਾਂ ਇਸ ਸਮੇਂ ਦੇ ਅਤੇ ਫ਼ੋਸਕੋ ਦੇ ਯੋਗ ਹਨ।

ਵਾਲਟਰ ਹਾਰਟਰਾਈਟ ਦੀ ਜ਼ਬਾਨੀ ਕਹਾਣੀ ਦੀ ਸਮਾਪਤੀ :

(1)

ਕਾਊਂਟ ਦੇ ਜਾਣ ਮਗਰੋਂ ਮੈਂ ਅੱਧਾ ਘੰਟਾ ਉਹਦੇ ਘਰ ਵਿਚ ਰੁਕਣ ਦਾ ਇਕਰਾਰ ਕੀਤਾ ਸੀ। ਜਦੋਂ ਮੈਂ ਉਹਦੇ ਖਰੜੇ ਦਾ ਅਖੀਰਲਾ ਵਰਕਾ ਬੰਦ ਕੀਤਾ; ਤਾਂ ਉਹ ਸਮਾਂ ਮੁੱਕ ਚੁੱਕਾ ਸੀ। ਮਿਸਟਰ ਰੂਬੈਲੇ ਨੇ ਆਪਣੀ ਘੜੀ ਵੇਖੀ। ਮੈਂ ਇਕਾਇਕ ਉਠਿਆ ਅਤੇ ਉਹਨੂੰ ਨਮਸਕਾਰ ਕਰਕੇ ਉਸ ਖਾਲੀ ਮਕਾਨ ਵਿਚ ਇਕੱਲੇ ਨੂੰ ਛੱਡ ਕੇ ਆਪਣੇ ਘਰ ਵੱਲ ਤੁਰ ਪਿਆ। ਮੁੜ ਮੈਂ ਉਹਨੂੰ ਕਦੀ ਨਹੀਂ ਵੇਖਿਆ ਅਤੇ ਨਾ ਹੀ ਉਹਦੇ ਅਤੇ ਉਹਦੀ ਪਤਨੀ ਬਾਰੇ ਕੋਈ ਗੱਲ ਸੁਣੀ, ਛਲ ਕਪਟ ਦੀਆਂ ਗਲੀਆਂ ਵਿਚੋਂ ਉਹ ਸਾਡੇ ਰਸਤੇ ਤੇ ਆ ਗਏ ਸਨ, ਮੁੜ ਉਹ ਉਨ੍ਹਾਂ ਹੀ ਗਲੀਆਂ ਵਿਚ ਗਵਾਚ ਗਏ ਅਤੇ ਸਾਡੇ ਤੋਂ ਦੂਰ ਹੋ ਗਏ !

ਫਾਰੈਸਟ ਰੋਡ ਤਾਂ ਤਰਨ ਤੋਂ ਪੰਦਰਾਂ ਮਿੰਟਾਂ ਮਗਰੋਂ ਮੈਂ ਘਰ ਪਹੁੰਚ ਗਿਆ। ਲਾਰਾ ਤੇ ਮੇਰੀਅਨ ਨੂੰ ਥੋੜ੍ਹੇ ਸ਼ਬਦਾਂ ਵਿਚ ਹੀ ਰਾਤ ਦੀ ਘਟਨਾ ਸੁਣਾਈ, ਅਤੇ ਉਨ੍ਹਾਂ ਨੂੰ ਦੱਸਿਆ ਕਿ ਮੇਗੀ ਖਤਰਨਾਕ ਮੁਲਾਕਾਤ ਦਾ ਕੀ ਨਤੀਜਾ ਨਿਕਲਿਆ ਸੀ ਅਤੇ ਅੱਗ ਅਸੀਂ ਕੀ ਕਰਨਾ ਸੀ। ਮੈਂ ਉਨ੍ਹਾਂ ਨੂੰ ਮੋਟੀ ਗੱਲ ਦੱਸਕੇ ਆਪ ਮੁੜ ਸੇਂਟ ਜਾਨਸਵੁਡ ਉਸ ਆਦਮੀ ਨੂੰ ਮਿਲਣ ਲਈ ਗਿਆ। ਜਿਸ ਕੋਲੋਂ ਕਾਊਂਟ ਫ਼ੋਸਕੋ ਨੇ ਲਾਰਾ ਨੂੰ ਸਟੇਸ਼ਨ ਤੋਂ ਲਿਆਉਣ ਲਈ ਬੱਘੀ ਕਿਰਾਏ ਨੇ ਲਈ ਸੀ।

ਮੈਂ ਉਸੇ ਪਤੇ ਤੇ ਪਹੁੰਚਿਆ, ਜੋ ਕਾਂਊਟ ਨੇ ਮੈਨੂੰ ਦਿੱਤਾ ਸੀ। ਇਹ ਥਾਂ ਫ਼ਾਰੈਸਟ ਰੋਡ ਤੋਂ ਥੋੜ੍ਹੀ ਹੀ ਵਿੱਥ ਤੇ ਸੀ। ਇਹ ਕੋਈ ਚੰਗਾ ਵੱਡਾ ਅਸਤਬਲ ਸੀ ਅਤੇ ਮਾਲਿਕ ਵੀ ਕੋਈ ਸ਼ਰੀਫ ਅਤੇ ਇਜ਼ਤਦਾਰ ਬੰਦਾ ਲੱਗਦਾ ਸੀ। ਮੈਂ ਉਹਨੂੰ ਦਸਿਆ ਕਿ ਕਿਸੇ ਜ਼ਰੂਰੀ ਘਰੋਗੀ ਮਾਮਲੇ ਕਾਰਣ ਮੈਂ ਚਾਹੁੰਦਾ ਸਾਂ ਕਿ ਉਹ ਆਪਣੇ ਪੁਰਾਣੇ ਰਜਿਸਟਰ ਵੇਖ ਕੇ ਮੈਨੂੰ ਇਕ ਤਾਰੀਖ ਦਸੇ, ਜੋ ਉਹਦੇ ਰੀਕਾਰਡ ਵਿਚ ਹੈ। ਉਹ ਮੇਰੀ ਗੱਲ ਝੱਟ ਹੀ ਮੰਨ ਗਿਆ। ਉਹਨੇ ਰਜਿਸਟਰ ਕੱਢਿਆ, ਛੱਬੀ ਜੁਲਾਈ ਅਠਾਰਾਂ ਸੌ ਪੰਜਾਹ ਦੇ ਹੇਠਾਂ ਇਹ ਦਰਜ ਸੀ:-

"ਇਕ ਬੱਘੀ ਕਾਊਂਟ ਫ਼ੋਸਕੋ ਨੂੰ ਪੰਜ ਫ਼ਾਰੈਸਟ ਰੋਡ ਦੋ ਵਜੇ ! ਜੋਨ ਅਵਨ।"

ਜੋਨ ਅਵਨ ਉਸ ਕੋਚਵਾਨ ਦਾ ਨਾਂ ਸੀ, ਜਿਸਨੇ ਬੱਘੀ ਨੂੰ ਲਿਜਾਣਾ ਸੀ। ਉਹ ਵੀ ਉਸੇ ਵੇਲੇ ਉਥੋਂ ਹੀ ਸੀ। ਮੈਂ ਮਾਲਕ ਨੂੰ ਉਹਨੂੰ ਬੁਲਾਉਣ ਲਈ ਬੇਨਤੀ ਕੀਤੀ ਅਤੇ ਉਹਦੇ ਨਾਲ ਇਹ ਗੱਲਬਾਤ ਕੀਤੀ।

"ਕੀ ਤੈਨੂੰ ਯਾਦ ਹੈ ਕਿ ਤੂੰ ਪਿਛਲੀ ਜੁਲਾਈ ਵਿਚ ਪੰਜ ਫਾਰੈਸਟ ਰੋਡ ਤੋਂ ਇਕ ਸੱਜਣ ਨੂੰ ਲੈ ਕੇ ਵਾਟਰਲੂ ਸਟੇਸ਼ਨ ਤੇ ਗਿਆ ਸੈਂ?"

"ਮੈਂ ਪੱਕਾ ਤਾਂ ਕੁਝ ਨਹੀਂ ਕਹਿ ਸਕਦਾ ਮੈਨੂੰ ਯਾਦ ਨਹੀਂ-।" ਉਹਨੇ ਉੱਤਰ ਦਿੱਤਾ।

"ਸ਼ਾਇਦ ਤੈਨੂੰ ਉਸ ਆਦਮੀ ਦੀ ਯਾਦ ਹੋਵੇ ! ਉਹ ਬਿਦੇਸ਼ੀ ਸੀ ਬੜਾ ਲੰਮਾ ਅਤੇ ਮੋਟਾ।" ਉਹਦੀਆਂ ਅੱਖਾਂ ਵਿਚ ਯਾਦ ਦੀ ਲਿਸ਼ਕ ਪਈ ਸੀ! ਉਹ ਬੋਲਿਆ, " ਹਾਂ ਮੈਨੂੰ ਯਾਦ ਹੈ, ਉਹਦੇ ਜਿੰਨਾ ਮੋਟਾ ਆਦਮੀ ਮੈਂ ਅਜੇ ਤੀਕ ਨਹੀਂ ਵੇਖਿਆ। ਉਹ ਬਹੁਤ ਭਾਰਾ ਸੀ। ਹੁਣ ਮੈਨੂੰ ਸਭ ਕੁਝ ਯਾਦ ਆ ਗਿਆ ਹੈ। ਅਸੀਂ ਸਟੇਸ਼ਨ ਤੇ ਗਏ ਸਾਂ ਅਤੇ ਗਏ ਵੀ ਫਾਰੈਸਟ ਰੋਡ ਤੋਂ ਹੀ ਸੀ। ਖਿੜਕੀ ਵਿਚੋਂ ਕੋਈ ਤੋਤਾ ਜਾਂ ਮੈਨਾ ਚੀਂ ਚੀਂ ਕਰ ਰਿਹਾ ਸੀ! ਉਹ ਸੱਜਣ ਇੱਕ ਔਰਤ ਨੂੰ ਲੈਣ ਗਏ ਸਨ ਅਤੇ ਉਹਦੇ ਸਾਮਾਨ ਬਾਰੇ ਬੜੇ ਕਾਹਲੇ ਪੈ ਰਹੇ ਸਨ। ਉਨ੍ਹਾਂ ਬੜੀ ਜਲਦੀ ਪਾਈ ਸੀ ਅਤੇ ਮੈਨੂੰ ਭੇਜੀ ਨਾਲ ਸਾਮਾਨ ਕੱਢਣ ਲਈ ਇਨਾਮ ਦਿੱਤਾ ਹੈ।

ਉਹਦੀ ਇਸ ਗੱਲ ਨਾਲ ਮੈਨੂੰ ਯਾਦ ਆਇਆ ਕਿ ਲਾਰਾ ਨੇ ਵੀ ਇਹੀ ਦਸਿਆ, ਕਿ ਕਾਊਂਟ ਫ਼ੋਸਕੋ ਨੇ ਹੀ ਕਿਸੇ ਕੋਲੋਂ ਸਾਮਾਨ ਕਢਵਾਇਆ ਸੀ ਉਹ ਇਹੀ ਬੰਦਾ ਸੀ।

"ਕੀ ਤੂੰ ਉਹ ਔਰਤ ਵੇਖੀ ਸੀ? ਜਵਾਨ ਸੀ ਜਾਂ ਬੁੱਢੀ?"

"ਸਟੇਸ਼ਨ ਤੇ ਬੜੀ ਭੀੜ ਸੀ, ਸੋ ਭੀੜ ਭੜੱਕੇ ਵਿਚ ਮੈਨੂੰ ਕੁਝ ਪਤਾ ਨਹੀਂ ਲੱਗਾ, ਕਿ ਉਹ ਔਰਤ ਕਿਹੋ ਜੇਹੀ ਸੀ। ਹਾਂ, ਮੈਨੂੰ ਉਹਦਾ ਨਾਂ ਯਾਦ ਹੈ।"

"ਤੈਨੂੰ ਉਹਦਾ ਨਾਂ ਯਾਦ ਹੈ---?"

"ਹਾਂ, ਉਹਦਾ ਨਾਂ ਲੱਡੀ ਗਲਾਈਡ ਸੀ।"

"ਜਦ ਤੈਨੂੰ ਉਹਦੀ ਸ਼ਕਲ ਯਾਦ ਨਹੀਂ, ਨਾਂ ਕਿਵੇਂ ਯਾਦ ਰਹਿ ਗਿਆ?" ਮੈਂ ਹੈਰਾਨੀ ਨਾਲ ਪੁੱਛਿਆ। ਉਹ ਕੁੱਝ ਸ਼ਰਮਾ ਕੇ ਮੁਸਕਰਾਇਆ, "ਸੱਚੀ ਗੱਲ ਤੋਂ ਇਹ ਹੈ ਕਿ ਉਦੋਂ ਮੇਰਾ ਨਵਾਂ ਨਵਾਂ ਵਿਆਹ ਹੋਇਆ ਸੀ; ਅਤੇ ਮੇਰੀ ਪਤਨੀ ਦਾ ਵੀ ਪਹਿਲਾਂ ਇਹੀ ਨਾ ਹੁੰਦਾ ਸੀ। ਮੈਂ ਉਸ ਔਰਤ ਨੂੰ ਪੁੱਛਿਆ ਸੀ ਕਿ ਕੀ ਉਹਦਾ ਨਾਂ ਬਕਸਿਆਂ ਉੱਤੇ ਹੈ----। ਉਹਨੇ ਮੈਨੂੰ ਆਪ ਕਿਹਾ ਸੀ--' ਮੇਰਾ ਨਾਂ ਸਾਰੇ ਸਾਮਾਨ ਉਤੇ ਹੈ- ਲੇਡੀ ਗਲਾਈਡ !" ਉਦੋਂ ਹੀ ਮੈਨੂੰ ਇਹ ਨਾਂ ਯਾਦ ਹੋ ਗਿਆ ਸੀ, ਭਾਵੇਂ ਉਂਜ ਵੱਡਿਆਂ ਲੋਕਾਂ ਦੇ ਨਾਂ ਮੈਨੂੰ ਕਦੀ ਯਾਦ ਨਹੀਂ ਰਹਿੰਦੇ; ਪਰ ਇਹ ਮੈਂ ਕਿਵੇਂ ਭੁੱਲ ਸਕਦਾ ਸਾਂ? ਇਸ ਗੱਲ ਨੂੰ ਤਾਂ ਲਗਭਗ ਸਾਲ ਹੋ ਚਲਿਆ ਹੋਵੇਗਾ। ਪਰ ਮੈਨੂੰ ਅੱਜ ਵੀ ਉਹ ਮੋਟਾ ਆਦਮੀ ਅਤੇ ਉਸ ਔਰਤ ਦਾ ਨਾਂ ਯਾਦ ਹੈ।"

ਉਹਦੇ ਯਾਦ ਰੱਖਣ ਜਾਂ ਨਾ ਰੱਖਣ ਨਾਲ ਕੋਈ ਫਰਕ ਨਹੀਂ ਸੀ ਪੈਂਦਾ, ਕਿਉਂਕਿ ਮਾਲਿਕ ਦੇ ਰਜਿਸਟਰ ਵਿਚ ਤਾਰੀਖ ਦਰਜ ਸੀ। ਹੁਣ ਮੈਨੂੰ ਯਕੀਨ ਸੀ ਕਿ ਸਾਰੀ ਸਾਜ਼ਿਸ਼ ਦਾ ਭੇਤ ਮਿੰਟਾਂ ਵਿਚ ਹੀ ਖੋਲ੍ਹ ਸਕਦਾ ਹਾਂ ਅਤੇ ਸਚਾਈ ਨੂੰ ਪ੍ਰਗਟ ਕਰ ਸਕਦਾ ਹਾਂ ! ਮੈਂ ਮਾਲਿਕ ਨੂੰ ਇਕ ਪਾਸੇ ਲਿਜਾ ਕੇ ਸਾਰੀ ਗੱਲ ਸਮਝਾਈ ਅਤੇ ਉਹਨੂੰ ਦੱਸਿਆ ਕਿ ਉਹਦੇ ਰਜਿਸਟਰ ਵਿਚ ਦਰਜ ਤਾਰੀਖ ਦੀ ਕਿੰਨੀ ਮਹੱਤਤਾ ਹੈ; ਅਤੇ ਉਹਦੇ ਕੋਚਵਾਨ ਦੀ ਗਵਾਹੀ ਵੀ ਮੇਰੇ ਲਈ ਬਹੁਤ ਜ਼ਰੂਰੀ ਹੈ। ਮੈਂ ਉਹਨੂੰ ਕਿਹਾ ਕਿ ਮੈਨੂੰ ਜਿੰਨੇ ਦਿਨ ਲਈ ਕੋਚਵਾਨ ਚਾਹੀਦਾ ਹੋਵੇਗਾ, ਉਨ੍ਹਾਂ ਦਿਨਾਂ ਦੇ ਪੈਸੇ ਮੈਂ ਉਹਨੂੰ ਦਿਆਂਗਾ। ਰਜਿਸਟਰ ਵਿਚੋਂ ਤਾਰੀਖ ਨਕਲ ਕਰਕੇ ਮਾਲਿਕ ਕੋਲ ਦਸਤਖਤ ਵੀ ਕਰਵਾ ਲਏ। ਜੋਨ ਅਵਨ ਨਾਲ ਇਹ ਤਹਿ ਕਰਕੇ ਕਿ ਅਗਲੇ ਤਿੰਨ ਦਿਨ ਅਤੇ ਲੋੜ ਪੈਣ ਤੇ ਕੁਝ ਹੋਰ ਦਿਨ ਉਹ ਮੇਰੇ ਕੋਲ ਹੀ ਰਹੇਗਾ।

ਹੁਣ ਮੇਰੇ ਕੋਲ ਸਾਰੇ ਜਰੂਰੀ ਕਾਗਜ਼ਾਤ ਸਨ।

ਜ਼ਿਲ੍ਹਾ ਦੇ ਰਜਿਸਟਰਾਰ ਦਾ ਸਾਈਨ ਹੋਏ ਮੌਤ ਦੇ ਸਰਟੀਫਿਕੇਟ ਦੀ ਨਕਲ ਅਤੇ ਸਰ ਪਰਸੀਵਲ ਦੀ ਕਾਊਂਟ ਵੱਲ ਚਿਠੀ, ਦੋਵੇਂ ਮੇਰੀ ਜੇਬ ਵਿਚ ਸਨ। ਇਹ ਸਭ ਸਬੂਤ ਲੈ ਕੇ

ਮੈਂ ਮਿਸਟਰ ਕਾਈਰਲ ਦੇ ਦਫਤਰ ਵੱਲ ਤੁਰ ਪਿਆ। ਉਹਦੇ ਦਫ਼ਤਰ ਅੱਜ ਮੈਂ ਏਨੇ ਚਿਰ ਮਗਰੋਂ ਪਹਿਲੀ ਵਾਰ ਚਲਿਆ ਸੀ। ਹੁਣ ਮੈਂ ਉਹਨੂੰ ਦੱਸਣਾ ਚਾਹੁੰਦਾ ਸਾਂ ਕਿ ਮੈਂ ਕੀ ਕੀ ਪਤਾ ਕਰ ਚੁੱਕਾ ਹਾਂ। ਉਹਦੇ ਕੋਲ ਜਾਣ ਦਾ ਮੇਰਾ ਇਕ ਹੋਰ ਉਦੇਸ਼ ਇਹ ਵੀ ਸੀ, ਕਿ ਮੈਂ ਅਗਲੇ ਹੀ ਦਿਨ ਆਪਣੀ ਪਤਨੀ ਨੂੰ ਲਿਮਰਿਜ ਲੈ ਜਾਣ ਦਾ ਇਰਾਦਾ ਕਰ ਲਿਆ ਸੀ, ਅਤੇ ਮੈਂ ਇਸ ਗੱਲ ਤੇ ਤੁੱਲਿਆ ਹੋਇਆ ਸਾਂ ਕਿ ਉਹਨੂੰ ਉਥੇ ਪੂਰੇ ਸਨਮਾਨ ਨਾਲ ਆਪਣੇ ਚਾਚੇ ਦੇ ਘਰ ਵਿਚ ਯੋਗ ਥਾਂ ਮਿਲਣੀ ਚਾਹੀਦੀ ਹੈ ! ਮਿਸਟਰ ਕਾਈਰਲ ਦੀ ਜੋ ਮਰਜ਼ੀ ਹੋਵੇਗੀ ਤਾਂ ਉਹ ਵੀ ਨਾਲ ਚਲਣ। ਮਿਸਟਰ ਗਿਲਮੌਰ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ ਦਾ ਜਾਣਾ ਹੀ ਬਣਦਾ ਸੀ।

ਮਿਸਟਰ ਕਾਈਰਲ ਨੇ ਜਦੋਂ ਸ਼ੁਰੂ ਤੋਂ ਅੰਤ ਤਕ ਇਸ ਛਾਣਬੀਣ ਦੀ ਕਹਾਣੀ ਸੁਣੀ ਤਾਂ ਉਨ੍ਹਾਂ ਕਿੰਨੀ ਹੈਰਾਨੀ ਪ੍ਰਗਟ ਕੀਤੀ, ਜਾਂ ਮੇਰੀ ਕਿੰਨੀ ਵਡਿਆਈ ਕੀਤੀ; ਇਥੇ ਇਹ ਦੱਸਣ ਦੀ ਲੋੜ ਨਹੀਂ, ਹਾਂ ਇਹ ਕਹਿਣਾ ਅਵੱਸ਼ਕ ਹੈ ਕਿ ਉਨ੍ਹਾਂ ਇਕਦਮ ਮੇਰੇ ਨਾਲ ਕੰਬਰਲੈਂਡ ਜਾਣ ਦੀ ਸਲਾਹ ਬਣਾ ਲਈ।

ਅਸੀਂ ਅਗਲੇ ਦਿਨ ਸਵੇਰ ਦੀ ਗੱਡੀ ਹੀ ਫੜੀ। ਇਕ ਡੱਬੇ ਵਿਚ ਮੈਂ, ਲਾਰਾ, ਮੇਰੀਅਨ ਅਤੇ ਮਿਸਟਰ ਕਾਈਰਲ ਸਾਂ ਅਤੇ ਦੂਜੇ ਕਿਸੇ ਡੱਬੇ ਵਿਚ ਮਿਸਟਰ ਕਾਈਰਲ ਦਾ ਇਕ ਕਲਰਕ ਅਤੇ ਕੋਚਵਾਨ ਜੋਨ ਅਵਨ ਸਨ। ਲਿਮਰਿਜ ਸਟੇਸ਼ਨ ਤੇ ਉੱਤਰ ਕੇ ਅਸੀਂ ਪਹਿਲਾਂ ਟਾਡਸ ਕਾਰਨਰ ਗਏ। ਮੇਰੇ ਦਿਲ ਵਿਚ ਇਹ ਗੱਲ ਪੱਕੀ ਸੀ ਕਿ ਲਾਰਾ ਉਨੀ ਦੇਰ ਆਪਣੇ ਘਰ ਨਹੀਂ ਜਾਏਗੀ, ਜਦ ਤਕ ਉਹਦਾ ਚਾਚਾ ਉਹਦੀ ਹੋਂਦ ਨੂੰ ਸਭ ਦੇ ਸਾਹਮਣੇ ਮੰਨ ਨਾਂ ਲਵੇਂ ! ਮੇਰੀਅਨ ਤੇ ਇਹ ਛੱਡਿਆ ਕਿ ਜਦ ਜਰਾ ਮਿਸਜ਼ ਟਾਂਡ ਦੀ ਹੈਰਾਨੀ ਘੱਟ ਹੋਵੇਗੀ, ਉਹ ਆਪੇ ਰਹਿਣ ਦਾ ਇੰਤਜਾਮ ਉਥੇ ਕਰ ਲਵੇਗੀ ਮੈਂ ਮਿਸਟਰ ਟਾਂਡ ਨਾਲ ਜੋਨ ਆਵਨ ਦੇ ਰਹਿਣ ਦਾ ਪ੍ਰਬੰਧ ਕੀਤਾ; ਅਤੇ ਆਪ ਮਿਸਟਰ ਕਾਈਰਲ ਨਾਲ ਲਿਮਰਿਜ ਹਾਊਸ ਵੱਲ ਤੁਰ ਪਿਆ।

ਮਿਸਟਰ ਫ਼ੇਅਰਲੀ ਨਾਲ ਜੋ ਮੁਲਾਕਾਤ ਹੋਈ; ਮੈਂ ਉਸਨੂੰ ਇਥੋਂ ਖੋਲ ਕੇ ਨਹੀਂ ਲਿਖ ਸਕਦਾ; ਇਉਂ ਕਿ ਉਸ ਮਿਲਨੀ ਦੀ ਯਾਦ ਨਾਲ ਮੇਰੇ ਮਨ ਵਿਚ ਇਕ ਘਿਰਣਾ ਦਾ ਭਾਵ ਜਾਗ ਉਠਦਾ ਹੈ। ਉਹਦੀ ਯਾਦ ਨਾਲ ਹੀ ਮੈਨੂੰ ਕਰੀਚ ਆਉਂਦੀ ਹੈ, ਪਰ ਮੈਂ ਅਖੀਰ ਉਹਦੇ ਕੋਲੋਂ ਆਪਣੀ ਗੱਲ ਮੰਨਵਾ ਹੀ ਲਈ। ਮਿਸਟਰ ਫੇਅਰਲੀ ਤਾਂ ਸਾਨੂੰ ਆਪਣੀ ਆਦਤ

ਮੁਤਾਬਿਕ ਟਾਲਣਾ ਹੀ ਚਾਹੁੰਦਾ ਸੀ। ਅਸੀਂ ਉਹਦੇ ਗੁੱਸੇ ਗਿਲੇ ਵੱਲ ਧਿਆਨ ਹੀ ਨਾਂ ਦਿੱਤਾ। ਫਿਰ ਉਹਨੇ ਇਸ ਗੱਲ ਦਾ ਰੋਣਾ ਰੋਇਆ ਕਿ ਉਹ ਸਾਜਿਸ਼ ਅਤੇ ਗੌਂਦ ਦੀਆਂ ਗੱਲਾਂ ਸੁਣ ਕੇ ਘਬਰਾ ਗਿਆ ਹੈ। ਤਾਂ ਵੀ ਅਸੀਂ ਗਹੁ ਨਾਂ ਕੀਤੀ। ਅਖੀਰ ਵਿਚ ਉਹ ਇਕ ਜਿੱਦੀ ਅਤੇ ਅੜੀਅਲ ਬਾਲ ਵਾਂਗ ਡੁਸਕਣ ਲਗ ਪਿਆ, "ਮੈਨੂੰ ਦਸਿਆ ਗਿਆ ਸੀ, ਕਿ ਮੇਰੀ ਭਤੀਜੀ ਮਰ ਗਈ ਹੈ; ਤਾਂ ਮੈਂ ਉਹਨੂੰ ਜੀਉਂਦੀ ਕਿਵੇਂ ਮੰਨਦਾ? ਮੈਨੂੰ ਥੋੜਾ ਸਮਾਂ ਦਿਓ ਤਾਂ ਮੈਂ ਪਿਆਰੀ ਲਾਰਾ ਦਾ ਸਨਮਾਨ ਸਹਿਤ ਸਵਾਗਤ ਕਰਾਂਗਾ।" ਅਤੇ ਉਹ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਅਸੀਂ ਉਹਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੁੰਦੇ ਹਾਂ ਤਾਂ ਹੀ ਤਾਂ ਏਨਾ ਤੰਗ ਕਰ ਰਹੇ ਸਾਂ। ਗੱਲਾਂ ਵਿਚ, ਜਿਸ ਵੇਲੇ ਵੀ ਉਹਨੂੰ ਮੌਕਾ ਮਿਲਦਾ, ਉਹ ਆਪਣਾ ਗੁੱਸਾ ਪ੍ਰਗਟ ਕਰਦਾ। ਮੈਂ ਇਕੋ ਗੱਲ ਕਰਕੇ ਉਹਨੂੰ ਚੁੱਪ ਕਰਾ ਦਿੱਤਾ। ਮੈਂ ਉਹਨੂੰ ਦੋ ਢੰਗ ਦਸੇ। ਜਿਸ ਨਾਲ ਇਹ ਸਮੱਸਿਆ ਹੱਲ ਹੋ ਸਕਦੀ ਸੀ। ਜਾਂ ਤਾਂ ਉਹ ਆਪ ਸਭ ਦੇ ਸਾਹਮਣੇ ਲਾਰਾ ਨੂੰ ਲਾਰਾ ਦੇ ਰੂਪ ਵਿਚ ਪਛਾਣੇ, ਜਾਂ ਫਿਰ ਮੈਂ ਉਹਦੇ ਉੱਤੇ ਕਚਿਹਰੀ ਵਿਚ ਦਾਅਵਾ ਕਰਾਂਗਾ। ਉਹਨੇ ਮਿਸਟਰ ਕਾਈਰਲ ਕੋਲੋਂ ਸਲਾਹ ਪੁੱਛੀ ਤਾਂ ਮਿਸਟਰ ਕਾਇਰਲ ਨੇ ਉਹਨੂੰ ਉਸੇ ਵੇਲੇ ਇਸ ਗੱਲ ਦਾ ਫੈਸਲਾ ਕਰਨ ਲਈ ਕਿਹਾ। ਮਿਸਟਰ ਫ਼ੇਅਰਲੀ ਨੇ ਤਾਂ ਉਹੀ ਨਿਰਣਾ ਲੈਣਾ ਸੀ, ਜਿਸ ਨਾਲ ਉਹਦੀ ਜਲਦੀ ਤੋਂ ਜਲਦੀ ਖਲਾਸੀ ਹੋਣ ਦੀ ਸੰਭਾਵਨਾ ਸੀ। ਉਹ ਇਕਾ ਇਕ ਗੁੱਸੇ ਵਿਚ ਆ ਕੇ ਬੋਲਿਆ ਕਿ ਹੁਣ ਉਹ ਸਾਡੀ ਧਮਕੀਆਂ ਬਰਦਾਸਤ ਨਹੀਂ ਕਰ ਸਕਦਾ ਅਤੇ ਜੋ ਸਾਡੀ ਮਰਜ਼ੀ ਹੋਵੇ, ਅਸੀਂ ਕਰ ਸਕਦੇ ਸਾਂ। ਮਿਸਟਰ ਕਾਈਰਲ ਅਤੇ ਮੈਂ ਦੋਵੇਂ ਝੱਟ ਹੇਠਾਂ ਗਏ। ਅਸੀਂ ਉਥੋਂ ਸਲਾਹ ਕਰਕੇ ਇਕ ਚਿੱਠੀ ਲਿਖੀ, ਜਿਸ ਦੀ ਨਕਲ ਪਿੰਡ ਦੇ ਉਨ੍ਹਾਂ ਸਭ ਲੋਕਾਂ ਨੂੰ ਭੇਜੀ ਗਈ, ਜਿਨ੍ਹਾਂ ਝੂਠੀ ਸ਼ਵ-ਯਾਤਰਾ ਵਿਚ ਭਾਗ ਲਿਆ ਸੀ। ਉਨ੍ਹਾਂ ਨੂੰ ਲਿਮਰਿਜ਼ ਹਾਊਸ ਉਸ ਤੋਂ ਤੀਜੇ ਦਿਨ ਆਉਣ ਦਾ ਸੱਦਾ ਦਿੱਤਾ ਗਿਆ ਸੀ। ਨਾਲ ਹੀ ਇਕ ਚਿੱਠੀ ਸੰਬੰਧਿਤ ਅਫਸਰ ਨੂੰ ਕਾਰਲਿਸਲੀ ਭੇਜੀ ਗਈ, ਤਾਂ ਜੋ ਉਹ ਤੀਜੇ ਦਿਨ ਇਕ ਬੰਦਾ ਭੇਜਣ, ਜੋ ਆ ਕੇ ਮਕਬਰੇ ਤੇ ਲਗਾ ਝੂਠਾ ਸ਼ਿਲਾਲੇਖ ਉਤਾਰ ਦੇਵੇ। ਮਿਸਟਰ ਕਾਈਰਲ ਨੇ ਰਾਤ ਉਥੇ ਹੀ ਬਿਤਾਉਣ ਦਾ ਪ੍ਰੋਗਰਾਮ ਬਣਾਇਆ, ਤਾਂ ਜੋ ਉਹ ਦੋਵੇਂ ਚਿੱਠੀਆਂ ਮਿਸਟਰ ਫੇਅਰਲੀ ਨੂੰ ਸੁਣਾ ਕੇ ਉਨ੍ਹਾਂ ਤੇ ਮਿਸਟਰ ਫੇਅਰਲੀ ਦੇ ਦਸਤਖ਼ਤ ਕਰਵਾ ਸਕੇ।

ਮੈਂ ਦੂਜਾ ਦਿਨ ਟਾਰਸ ਫਾਰਮ ਵਿਚ ਬੈਠ ਕੇ ਸਾਰਾ ਬਿਰਤਾਂਤ ਲਿਖਿਆ ਅਤੇ ਉਹ ਸਭ ਸਬੂਤ ਦਿੱਤੇ, ਜਿਨਾਂ ਨਾਲ ਇਹ ਸਪਸ਼ਟ ਹੋ ਜਾਂਦਾ ਸੀ ਕਿ ਲਾਰਾ ਦੀ ਮੌਤ ਦੀ ਜੋ ਘੋਸ਼ਣਾ ਕੀਤੀ ਗਈ ਸੀ, ਉਹ ਅਗਲੋਂ ਹੀ ਨਿਰਮੂਲ ਹੈ। ਮੈਂ ਇਹ ਬਿਰਤਾਂਤ ਪਹਿਲਾਂ ਮਿਸਟਰ ਕਾਈਰਲ ਨੂੰ ਪੜ੍ਹ ਕੇ ਸੁਣਾਇਆ। ਦੂਜੇ ਦਿਨ ਮੈਂ ਇਹ ਸਭ ਇਕੱਠ ਦੇ ਸਾਹਮਣੇ ਪੜ੍ਹਨਾ ਸੀ, ਅਤੇ ਪੜ੍ਹਨ ਤੋਂ ਮਗਰੋਂ ਪੂਰਾ ਸਬੂਤ ਵੀ ਲੋਕਾਂ ਨੂੰ ਅੰਤ ਵਿਚ ਦੇਣਾ ਸੀ। ਇਹ ਕੰਮ ਹੋ ਜਾਣ ਮਗਰੋਂ ਮਿਸਟਰ ਕਾਈਰਲ ਮੇਰੇ ਨਾਲ ਲਾਰਾ ਦੀ ਜਾਇਦਾਦ ਬਾਰੇ ਕੋਈ ਚਰਚਾ ਕਰਨੀ ਚਾਹੁੰਦਾ ਸੀ। ਪਰ ਮੈਨੂੰ ਪਹਿਲਾਂ ਵੀ ਇਨ੍ਹਾਂ ਗੱਲਾਂ ਦਾ ਕੋਈ ਪਤਾ ਨਹੀਂ ਸੀ, ਅਤੇ ਮੈਂ ਹੁਣ ਵੀ ਇਨ੍ਹਾਂ ਤੋਂ ਅਨਜਾਣ ਹੀ ਰਹਿਣਾ ਚਾਹੁੰਦਾ ਸਾਂ। ਸੋ ਮੈਂ ਉਹਦੇ ਕੋਲੋਂ ਖਿਮਾ ਮੰਗੀ ਕਿ ਮੈਂ ਇਸ ਵਿਸ਼ੇ ਤੇ ਕੁਝ ਨਹੀਂ ਕਹਿ ਜਾਂ ਸੁਣ ਸਕਦਾ। ਕਿਉਂਕਿ ਇਸ ਮਾਮਲੇ ਨਾਲ ਪਿਛਲੇ ਬੀਤੇ ਹੋਏ ਦੁੱਖ ਭਰੇ ਦਿਨ ਯਾਦ ਆ ਜਾਂਦੇ ਸਨ ਅਤੇ ਸਾਡਾ ਦਿਲ ਹੀ ਨਹੀਂ ਸੀ ਕਰਦਾ ਕਿ ਕੋਈ ਹੋਰ ਵੀ ਇਹ ਗੱਲਾਂ ਸਾਡੇ ਨਾਲ ਛੇੜੇ।

ਸ਼ਾਮ ਵੇਲੇ ਮੈਂ ਮਕਬਰੇ ਤੇ ਜੋ ਸ਼ਬਦ ਲਿਖੇ ਸਨ, ਉਨ੍ਹਾਂ ਦੀ ਨਕਲ ਕਰਕੇ ਆਪਣੇ ਕੱਲ ਰੱਖੀ।

ਅੰਤ ਉਹ ਦਿਨ ਆ ਗਿਆ---।

ਉਸ ਦਿਨ ਲਾਰਾ ਮੁੜ ਇਕ ਵਾਰ ਲਿਮਰਿਜ ਬਰੇਕ ਫ਼ਾਸਟ ਰੂਮ ਵਿਚ ਦਾਖਿਲ ਹੋਈ। ਜਿੰਨੇ ਵੀ ਲੋਕ ਹਾਊਸ ਦੇ ਜਾਣੇ ਪਛਾਣੇ ਉਥੇ ਬੈਠੇ ਸਨ, ਸਭ ਉਠ ਖੜੋਤੇ। ਮੈਂ ਅਤੇ ਮੇਰੀਅਨ ਉਹਨੂੰ ਅੰਦਰ ਲਿਆਏ ਸਾਂ। ਉਹਦਾ ਚਿਹਰਾ ਵੇਖ ਕੇ ਸਾਰੇ ਹੈਰਾਨ ਹੋ ਗਏ ਸਨ, ਅਤੇ ਉਨਾਂ ਧਿਆਨ ਨਾਲ ਉਹਨੂੰ ਵੇਖਿਆ। ਮੇਰੇ ਉਚੇਚਾ ਕਹਿਣ ਉੱਤੇ ਮਿਸਟਰ ਫੇਅਰਲੀ ਵੀ ਆਏ ਬੇਠੇ ਸਨ, ਅਤੇ ਉਨ੍ਹਾਂ ਦੇ ਨਾਲ ਮਿਸਟਰ ਕਾਈਰਲ ਸਨ। ਮਿਸਟਰ ਫ਼ੇਅਰਲੀ ਦਾ ਖਾਸ਼ ਨੌਕਰ ਉਨ੍ਹਾਂ ਦੀ ਕੁਰਸੀ ਦੇ ਪਿਛੇ ਖੜਾ ਸੀ। ਉਹਦੇ ਇਕ ਹੱਥ ਵਿਚ ਬੇਹੋਸ਼ੀ ਵੇਲੇ ਸੁੰਘਣ ਵਾਲੀ ਦਵਾਈ ਦੀ ਸ਼ੀਸ਼ੀ ਸੀ, ਅਤੇ ਦੂਜੇ ਹੱਥ ਵਿਚ ਇਕ ਰੁਮਾਲ ਸੀ, ਸੋ ਯੂ. ਡੀ. ਕਲੋਨ ਨਾਲ ਗਰੁੱਚ ਸੀ।

ਮੈਂ ਉਠਕੇ ਸਭ ਦੇ ਸਾਹਮਣੇ ਮਿਸਟਰ ਫੇਅਰਲੀ ਨੂੰ ਇਹ ਦੱਸਣ ਲਈ ਕਿਹਾ ਕਿ ਮੈਂ ਉਨ੍ਹਾਂ ਦੀ ਆਗਿਆ ਅਤੇ ਮਰਜੀ ਨਾਲ ਉਥੇ ਖੜਾ ਸਾਂ। ਮਿਸਟਰ ਫ਼ੇਅਰਲੀ ਦੀ ਇਕ ਬਾਂਹ ਮਿਸਟਰ

ਕਾਈਬਲ ਫੜੀ। ਉਹ ਖੜੇ ਹੋਏ ਅਤੇ ਬੋਲੇ- "ਮਿਸਟਰ ਹਾਰਟਰਾਈਟ ਮੇਰੀ ਆਗਿਆ ਨਾਲ ਇਥੇ ਹਨ। ਅਤੇ ਉਹ ਮੇਰੀ ਥਾਂ ਤੇ ਮੇਰੇ ਵਲੋਂ ਹੀ ਤਹਾਨੂੰ ਕੁਝ ਕਹਿਣਗੇ। ਮੈਂ ਹਮੇਸ਼ਾਂ ਵਾਂਗ ਬਿਮਾਰ ਅਤੇ ਕਮਜ਼ੋਰ ਹਾਂ! ਜਿਸ ਵਿਸ਼ੇ ਤੇ ਉਹ ਬੋਲਣਾ ਚਾਹੁੰਦੇ ਹਨ, ਉਹ ਬੜਾ ਗੰਭੀਰ ਅਤੇ ਨਾਜ਼ੁਕ ਹੈ ਤੁਸੀਂ ਕਿਰਪਾ ਕਰਕੇ ਸੁਣੋ ਅਤੇ ਸ਼ੋਰ ਘੱਟ ਤੋਂ ਘੱਟ ਕਰੋ।"

ਇਹ ਸ਼ਬਦ ਕਹਿਕੇ ਉਹ ਕੁਰਸੀ ਵਿਚ ਨਿਢਾਲ ਹੋ ਕੇ ਲੇਟ ਗਏ ਅਤੇ ਆਪਣਾ ਸੈਂਟ ਵਾਲਾ ਰੁਮਾਲ ਸੰਘਣ ਲਗ ਪਏ।

ਸਭ ਤੋਂ ਪਹਿਲਾਂ ਲੋਕਾਂ ਦੀ ਜਾਣ ਪਛਾਣ ਆਪਣੀ ਪਤਨੀ ਨਾਲ ਕਰਾਈ; ਅਤੇ ਇਹ ਦਸਿਆ ਕਿ ਉਹ ਸਵਰਗਵਾਸੀ ਮਿਸਟਰ ਫਿਲਪ ਫ਼ੇਅਰਲੀ ਦੀ ਲੜਕੀ ਹੈ। ਦੂਜੀ ਗੱਲ, ਮੈਂ ਸਬੂਤ ਦੇ ਕੇ ਉਨ੍ਹਾਂ ਨੂੰ ਦਸਿਆ ਕਿ ਉਹਨਾਂ ਜਿਸ ਸ਼ਵ ਯਾਤਰਾ ਵਿਚ ਭਾਗ ਲਿਆ ਸੀ ਉਹ ਕਿਸੇ ਹੋਰ ਔਰਤ ਦੀ ਸੀ। ਸਭ ਦੇ ਸਾਹਮਣੇ ਮੈਂ ਗੱਲ ਨੂੰ ਸਪੱਸ਼ਟ ਰੂਪ ਵਿਚ ਬਿਆਨ ਕੀਤਾ। ਹੋਰ ਕਿਸੇ ਭੂਮਿਕਾ ਬਿਨਾਂ ਮੈਂ ਉਹ ਪੰਨੇ ਪੜ੍ਹ ਕੇ ਸੁਣਾਏ ਜੋ ਮੈਂ ਇਸ ਮੌਕੇ ਲਈ ਲਿਖੇ ਸਨ ਅਤੇ ਉਹ ਸਾਜ਼ਿਸ਼ ਸਾਹਮਣੇ ਰੱਖੀ, ਜਿਸ ਦਾ ਉਦੇਸ਼ ਮੈਂ ਜਾਇਦਾਦ ਦੀ ਪ੍ਰਾਪਤੀ ਹੀ ਦਸਿਆ ਸੀ, ਅਤੇ ਸਰ ਪਰਸੀਵਲ ਦੇ ਭੇਤ ਦਾ ਮੈਂ ਕਿਧਰੇ ਜ਼ਿਕਰ ਨਹੀਂ ਕੀਤਾ ਸੀ। ਮੈਂ ਆਪਣੇ ਸਰੋਤਿਆਂ ਨੂੰ ਦਸਿਆ; ਕਿ ਅੰਤਮ ਕ੍ਰਿਆ-ਕਰਮ ਪੰਝੀ ਤਾਰੀਖ ਨੂੰ ਕੀਤਾ ਗਿਆ ਸੀ; ਜਿਸ ਦਾ ਸਬੂਤ ਮੌਤ ਦਾ ਸਰਟੀਫਿਕੇਟ ਅਤੇ ਕਬਰ ਉੱਤੇ ਲਗਾ ਹੋਇਆ ਪੱਥਰ ਸੀ। ਉਸ ਤੋਂ ਮਗਰੋਂ ਮੈਂ ਸਰ ਪਰਸੀਵਲ ਦੀ ਕਾਊਂਟ ਵੱਲ ਲਿਖੀ ਚਿੱਠੀ ਪੜ੍ਹਕੇ ਸੁਣਾਈ ਜੋ ਪੰਝੀ ਤਾਰੀਖ ਦੀ ਲਿਖੀ ਹੋਈ ਸੀ; ਅਤੇ ਜਿਸ ਅਨੁਸਾਰ ਲੇਡੀ ਗਲਾਈਡ ਨੇ ਬਲੈਕਵਾਟਰ ਪਾਰਕ ਤੋਂ ਛੱਬੀ ਤਾਰੀਖ ਲੰਦਨ ਜਾਣਾ ਸੀ। ਲੇਡੀ ਗਲਾਈਡ ਛੱਬੀ ਤਾਰੀਖ ਲੰਦਨ ਪਹੁੰਚੀ; ਇਸ ਦਾ ਗਵਾਹ ਉਹ ਕੋਚਵਾਨ ਸੀ, ਜਿਸ ਨੇ ਸਭ ਦੇ ਸਾਹਮਣੇ ਗਵਾਹੀ ਦਿੱਤੀ। ਇਸ ਦਾ ਦੂਜਾ ਸਬੂਤ ਅਸਤਬਲ ਦੇ ਮਾਲਕ ਦਾ ਰਜਿਸਟਰ ਸੀ, ਮੈਂ ਉਹਦੇ ਹੱਥਾਂ ਦਾ ਦਸਤਖ਼ਤ ਕੀਤਾ ਕਾਗਜ਼ ਵੀ ਸਭ ਨੂੰ ਦਿਖਾਇਆ। ਮੇਰੇ ਤੋਂ ਪਿਛੋਂ ਮੇਰੀਅਨ ਨੇ ਆਪਣੀ ਅਤੇ ਲਾਰਾ ਦੀ ਉਸ ਮੁਲਾਕਾਤ ਬਾਰੇ ਦਸਿਆ, ਜੋ ਪਾਗਲਖਾਨੇ ਵਿਚ ਹੋਈ ਸੀ; ਅਤੇ ਉਹਨੇ ਇਹ ਵੀ ਬਿਆਨ ਕੀਤਾ ਕਿ ਕਿਵੇਂ ਉਹ ਪਾਗਲਖਾਨੇ ਤੋਂ ਲਾਰਾ ਨੂੰ ਨਸਾਉਣ ਵਿਚ ਸਫ਼ਲ ਹੋਈ ਸੀ। ਇਸ ਤੋਂ ਪਿੱਛੋਂ' ਮੈਂ ਸਰ ਪਰਸੀਵਲ ਦੀ ਮੌਤ ਬਾਰੇ ਅਤੇ ਆਪਣੇ ਵਿਆਹ ਬਾਰੇ ਸਭ ਨੂੰ ਦਸਿਆ

ਮਿਸਟਰ ਕਾਈਰਲ ਨੇ ਉਠ ਕੇ ਆਪਣੀ ਤਸੱਲੀ ਪ੍ਰਗਟ ਕੀਤੀ; ਅਤੇ ਕਿਹਾ ਕਿ ਇਸ ਕੇਸ ਦੇ ਪੂਰੇ ਸਬੂਤ ਸਨ, ਅਤੇ ਸ਼ੱਕ ਵਾਲੀ ਕੋਈ ਗੱਲ ਨਹੀਂ ਸੀ। ਉਹ ਅਜੇ ਇਹ ਦਸ ਹੀ ਰਿਹਾ ਸੀ ਕਿ ਮੈਂ ਲਾਰਾ ਦੇ ਲੱਕ ਦੁਆਲੇ ਆਪਣੀ ਬਾਂਹ ਵਲਾ ਕੇ ਉਹਨੂੰ ਰਤਾ ਉਚਾ ਖੜਾ ਕੀਤਾ। ਜੋ ਸਭ ਚੰਗੀ ਤਰ੍ਹਾਂ ਵੇਖ ਲੈਣ।

"ਕੀ ਤੁਹਾਡੀ ਸਭ ਦੀ ਇਕ ਰਾਇ ਹੈ?" ਮੈਂ ਉਹਦੇ ਤੋਂ ਰਤਾ ਦੂਰ ਹਟ ਕੇ ਲੋਕਾਂ ਨੂੰ ਪੁੱਛਿਆ।

ਮੇਰੇ ਇਸ ਪ੍ਰਸ਼ਨ ਨਾਲ ਸਭ ਤੋਂ ਪਿੱਛੇ ਬੈਠਾ ਹੋਇਆ, ਅਤੇ ਲਿਮਰਿਜ ਅਸਟੇਟ ਦਾ ਬੜਾ ਪੁਰਾਣਾ ਕਿਰਾਏਦਾਰ ਬਿਜਲੀ ਦੀ ਤੇਜ਼ੀ ਨਾਲ ਉਠਿਆ; ਮੈਨੂੰ ਹੁਣ ਵੀ ਉਹ ਯਾਦ ਆ ਰਿਹਾ ਹੈ। ਉਹਦਾ ਮੂੰਹ ਲਾਲ ਤੇ ਵਾਲ ਕਰੜ ਬਰੜੇ ਸਨ। ਆਪਣੇ ਹੱਥਾਂ ਦੀ ਚਾਬੁਕ ਆਪਣੇ ਸਿਰ ਉੱਤੇ ਘੁੰਮਾਉਂਦਾ ਹੋਇਆ ਉਹ ਸਭ ਤੋਂ ਪਹਿਲਾਂ ਬੋਲਿਆ ਸੀ; "ਓਏ ਰੱਬ ਦਾ ਕਮਾਲ ਵੇਖੋ; ਉਹ ਜੀਉਂਦੀ ਜਾਗਦੀ ਏ; ਰੱਬ ਮਿਹਰ ਕਰੇ !" ਅਤੇ ਸਾਰੇ ਲੋਕ ਉਹਦੀ ਆਵਾਜ਼ ਵਿਚ ਆਪਣੀ ਆਵਾਜ਼ ਮਿਲਾ ਰਹੇ ਸਨ। ਮੇਰੇ ਕੰਨਾਂ ਨੂੰ ਇਹ ਰਾਗ ਸਭ ਤੋਂ ਮਿੱਠਾ ਲੱਗ ਰਿਹਾ ਸੀ ! ਪਿੰਡ ਦੇ ਮਜ਼ਦੂਰ ਅਤੇ ਸਕੂਲ ਦੇ ਮੁੰਡੇ ਸਭ ਘਾਹ ਤੇ ਇਕੱਠੇ ਹੋ ਕੇ ਲਾਰਾ ਦੇ ਜੀਉਂਦੇ ਹੋਣ ਦੇ ਨਾਅਰੇ ਲਾ ਰਹੇ ਸਨ। ਕਿਸਾਨਾਂ ਦੀਆਂ ਪਤਨੀਆਂ ਨੇ ਲਾਰਾ ਦੁਆਲੇ ਘੇਰਾ ਪਾ ਲਿਆ ਸੀ; ਅਤੇ ਉਹਨਾਂ ਵਿਚ ਇਹ ਹੌੜ ਲਗ ਗਈ ਸੀ ਕਿ ਕਿਹੜੀ ਪਹਿਲਾਂ ਲਾਰਾ ਨਾਲ ਹੱਥ ਮਿਲਾਂਦੀ ਹੈ। ਉਨ੍ਹਾਂ ਦੇ ਅਬਰੂ ਉਨ੍ਹਾਂ ਦੀਆਂ ਗੱਲ੍ਹਾਂ ਤਕ ਵਹਿ ਆਏ ਸਨ; ਅਤੇ ਉਹ ਲਾਰਾ ਨੂੰ ਹੌਸਲਾ ਦੇ ਰਹੀਆਂ ਸਨ, ਕਿ ਬਹਾਦਰ ਬਣੇ ਅਤੇ ਰੋਏ ਨਹੀਂ। ਲਾਰਾ ਉੱਤੇ ਏਨਾ ਡੂੰਘਾ ਅਸਰ ਹੋਇਆ ਕਿ ਮੈਂ ਉਹਨੂੰ ਸਭ ਕੋਲੋਂ ਪਰੇ ਲਿਜਾ ਕੇ ਮੇਰੀਅਨ ਨੂੰ ਉਹਦੀ ਸੌਂਪਣੀ ਕੀਤੀ। ਮੇਰੀਅਨ ਜਿਸ ਉੱਤੇ ਮੈਂ ਸਦਾ ਨਿਰਭਰ ਕਰਦਾ ਰਿਹਾ ਸਾਂ, ਹੁਣ ਵੀ ਅਡੋਲ ਸੀ। ਮੈਂ ਉਥੇ ਹਾਜ਼ਰ ਸਭ ਲੋਕਾਂ ਨੂੰ ਕਬਰਸਤਾਨ ਵਿਚ ਚਲਣ ਲਈ ਸੱਦਾ ਦਿੱਤਾ; ਤਾਂ ਜੋ ਸ਼ਿਲਾਲੇਖ ਉੱਤੇ ਉਹ ਝੂਠੀ ਲਿਖਤ ਮਿਟਾ ਦਿੱਤੀ ਜਾਏ। ਸਭ ਲੋਕ ਕਬਰ ਦੇ ਕੋਲ ਇਕੱਠੇ ਹੋ ਗਏ! ਉਥੇ ਕਾਨੂੰਨੀ ਕਾਰਵਾਈ ਕਰਨ ਲਈ ਕਾਰਲਿਸਲੀ ਤੋਂ ਆਇਆ ਬੰਦਾ ਸਾਡੀ ਉਡੀਕ ਕਰ ਰਿਹਾ ਸੀ। ਅਚਾਨਕ ਹੀ ਚੁੱਪ ਵਰਤ ਗਈ ਜਾਪਦੀ ਸੀ, ਜਿਵੇਂ ਕਿਸੇ ਨੇ ਸਾਹ ਤਕ ਵੀ ਨਹੀਂ ਲਿਆ ਹੋਣਾ! ਸੰਗਮਰਮਰ ਉੱਤੇ ਇਕ ਹਥੋੜੀ ਵੱਜੀ, ਅਤੇ ਲਾਰਾ ਦੇ ਬਾਰੇ ਉਹ ਝੂਠੇ ਸ਼ਬਦ ਵੀ ਅੱਖੋਂ

ਉਹਲੇ ਹੋ ਗਏ। ਲੋਕ ਹੌਲੀ-ਹੌਲੀ ਉਥੋਂ ਖਿੰਡਰ ਪੁੰਡਰ ਗਏ। ਪਿਛੋਂ ਸਾਰੀ ਲਿਖਤ ਮਿਟਾਈ ਗਈ ਅਤੇ ਉਹਦੀ ਥਾਂ ਤੇ ਇਕ ਸਤਰ ਲਿਖੀ ਗਈ, 'ਏਨ ਕੈਥੇਰਿਕ, ਜੁਲਾਈ ਪੰਝੀ ਅਠਾਰਾਂ ਸੌ ਪੰਜਾਹ।"

ਸ਼ਾਮੀ ਮੈਂ ਜਲਦੀ ਹੀ ਲਿਮਰਿਜ ਪਹੁੰਚਿਆ ਕਿਉਂ ਜੋ ਮਿਸਟਰ ਕਾਈਰਲ ਨੇ ਵਾਪਸ ਲੰਦਨ ਜਾਣਾ ਸੀ। ਉਹ, ਉਹਦਾ ਕਲਰਕ ਅਤੇ ਕੋਚਵਾਨ ਰਾਤ ਦੀ ਗੱਡੀ ਲੰਦਨ ਵਾਪਸ ਚਲੇ ਗਏ। ਉਨ੍ਹਾਂ ਦੇ ਚਲੇ ਜਾਣ ਪਿਛੋਂ ਮਿਸਟਰ ਫ਼ੇਅਰਲੀ ਨੇ ਮੈਨੂੰ ਇਕ ਬੜਾ ਹੀ ਗੁਸਤਾਖ ਸੁਨੇਹਾ ਭੇਜਿਆ। ਲੋਕਾਂ ਦੇ ਅਚਾਨਕ ਰੌਲਾ ਪਾਣ ਨਾਲ ਉਨ੍ਹਾਂ ਦੇ ਨਰਵਜ਼ ਦੀ ਬੁਰੀ ਹਾਲਤ ਹੋ ਗਈ ਸੀ, ਅਤੇ ਉਨ੍ਹਾਂ ਨੂੰ ਕੁਰਸੀ ਤੇ ਪਾ ਕੇ ਵਾਪਸ ਆਪਣੇ ਕਮਰੇ ਵਿਚ ਲਿਜਾਣਾ ਪਿਆ ਸੀ। ਉਹਨੇ ਮੈਨੂੰ ਮੁਬਾਰਕ ਦਿੱਤੀ ਸੀ, ਅਤੇ ਇਹ ਪੁੱਛ ਭੇਜਿਆ ਸੀ ਕਿ ਕੀ ਲਿਮਰਿਜ਼ ਹਾਊਸ ਵਿਚ ਅਜੇ ਰੁਕਣਾ ਹੈ ਕਿ ਨਹੀਂ। ਮੈਂ ਉੱਤਰ ਵਿਚ ਕਹਿ ਭੇਜਿਆ ਕਿ ਜਿਸ ਉਦੇਸ਼ ਲਈ ਮੈਂ ਆਇਆ ਸਾਂ, ਉਹ ਪੂਰਾ ਹੋ ਚੁੱਕਾ ਹੈ; ਸੋ ਹੁਣ ਮੇਰੀ ਉਥੇ ਰੁਕਣ ਦੀ ਕੋਈ ਸਲਾਹ ਨਹੀਂ। ਅਸੀਂ ਉਹਨੂੰ ਹੋਰ ਤੰਗ ਨਹੀਂ ਕਰਾਂਗੇ-ਇਸ ਗੱਲ ਤੇ ਉਹ ਬੇਫਿਕਰ ਹੋ ਜਾਏ। ਅਸੀਂ ਰਾਤੀ ਟਾਡਸ ਕਾਰਨਰ ਆਪਣੇ ਮਿੱਤਰਾਂ ਕੋਲ ਚਲੇ ਗਏ ਤੇ ਅਗਲੇ ਦਿਨ ਸਾਰੇ ਪਿੰਡ ਵਾਲਿਆਂ ਨੇ ਸਾਨੂੰ ਬੜੇ ਪਿਆਰ ਅਤੇ ਸ਼ੁਭ ਇਛਾਵਾਂ ਨਾਲ ਵਾਪਸ ਲੰਦਨ ਭੇਜਿਆ।

ਕੰਬਰਲੈਂਡ ਦੀਆਂ ਪਹਾੜੀਆਂ ਦੂਰ ਹੁੰਦੀਆਂ ਗਈਆਂ ਅਤੇ ਮੈਂ ਗੱਡੀ ਵਿਚ ਬੈਠਾ ਬੈਠਾ ਇਹੀ ਸੋਚਦਾ ਰਿਹਾ ਕਿ ਕਿੰਨੀ ਨਿਰਾਸ਼ਾ ਭਰੇ ਹਾਲਾਤ ਵਿਚ ਮੈਂ ਇਹ ਸੰਘਰਸ਼ ਸ਼ੁਰੂ ਕੀਤਾ ਸੀ। ਪੈਸੇ ਦੀ ਅਣਹੋਂਦ ਕਰਕੇ ਹੀ ਮੈਨੂੰ ਆਪ ਸਾਰੀ ਛਾਣਬੀਣ ਕਰਨੀ ਪਈ ਸੀ, ਪਰ ਇਹ ਕੰਮ ਕਿਸੇ ਹੋਰ ਕੋਲੋਂ ਕਦੀ ਸਿਰੇ ਨਾ ਚੜ੍ਹਦਾ ! ਜੇ ਮੈਂ ਅਮੀਰ ਹੁੰਦਾ ਅਤੇ ਕਿਸੇ ਵਕੀਲ ਨੂੰ ਇਹ ਸੌਂਪਦਾ; ਨਤੀਜਾ ਕੀ ਹੋਣਾ ਸੀ? ਫਾਇਦਾ ਤਾਂ ਸ਼ਾਇਦ ਨਾ ਹੁੰਦਾ, ਪਰ ਨੁਕਸਾਨ ਜ਼ਰੂਰ ਹੋ ਜਾਣਾ ਸੀ। ਮਿਸਿਜ਼ ਕੈਥੇਰਿਕ ਕਦੀ ਵੀ ਕਿਸੇ ਹੋਰ ਨੂੰ ਨਾ ਮਿਲਦੀ-ਅਤੇ ਕਿਹੜਾ ਕਾਨੂੰਨ ਸੀ, ਜੋ ਪੈਸਕਾ ਰਾਹੀਂ ਕਾਊਂਟ ਕੋਲ ਇਹ ਸਭ ਕੁਝ ਮੰਨਵਾ ਸਕਦਾ ਸੀ?

II

ਦੋ ਘਟਨਾਵਾਂ ਦਾ ਵਰਨਣ ਅਜੇ ਬਾਕੀ ਹੈ ਅਸੀਂ ਹੁਣ ਆਜ਼ਾਦੀ ਨਾਲ ਘੁੰਮ ਫਿਰ ਸਕਦੇ ਸਾਂ, ਸਾਨੂੰ ਇਹ ਬੜਾ ਹੀ ਅਜੀਬ ਲੱਗਦਾ ਸੀ, ਅਤੇ ਅਸੀਂ ਅਜੇ ਵੀ ਡਰੇ ਡਰੇ ਸਾਂ; ਕਿ ਮੇਰੇ ਉਸ ਮਿੱਤਰ ਨੇ, ਜਿਸ ਕੋਲੋਂ ਮੈਂ ਪਹਿਲਾਂ ਲੱਕੜੀ ਵਿਚ ਖੁਦਾਈ ਕਰਨ ਦਾ ਕੰਮ ਕਰਿਆ

ਕਰਦਾ ਸਾਂ; ਮੈਨੂੰ ਸੁਨੇਹਾ ਭੇਜਿਆ। ਉਹਨੂੰ ਪੈਰਿਸ ਵਿਚ ਇਕ ਕੰਮ ਮਿਲਿਆ ਸੀ, ਜਿਥੇ ਉਹਨੇ ਜਾ ਕੇ ਇਸ ਕੰਮ ਬਾਰੇ ਫ਼ਰਾਂਸੀਸੀਆਂ ਦਾ ਇਕ ਨਵਾਂ ਲਭਾ ਢੰਗ ਅਜਮਾਉਣਾ ਸੀ; ਲੰਦਨ ਵਿਚ ਬਹੁਤ ਰੁਝੇਵੇਂ ਹੋਣ ਕਾਰਣ ਉਹਨੇ ਆਪਣੀ ਥਾਂ ਤੇ ਇਹ ਕੰਮ ਮੈਨੂੰ ਲੈ ਦਿੱਤਾ ਸੀ। ਮੈਨੂੰ ਪੈਰਿਸ ਜਾਣ ਵਿਚ ਕੋਈ ਉਜ਼ਰ ਨਹੀਂ ਸੀ, ਕਿਉਂ ਜੋ ਜੇ ਮੇਰਾ ਕੰਮ ਪਸੰਦ ਆ ਜਾਏ ਤਾਂ ਮੈਂ ਉਸ ਸਚਿੱਤ੍ਰ ਮੈਗਜ਼ੀਨ ਦਾ ਪੱਕਾ ਨੌਕਰ ਹੋ ਜਾਣਾ ਸੀ, ਜਿਥੇ ਮੈਨੂੰ ਹੁਣ ਕਦੀ ਕਦੀ ਕੰਮ ਮਿਲਦਾ ਸੀ।

ਮੈਂ ਅਗਲੇ ਹੀ ਦਿਨ ਇਸ ਕੰਮ ਲਈ ਪੈਰਿਸ ਰਵਾਨਾ ਹੋ ਗਿਆ।

ਲਾਰਾ ਨੂੰ ਹੁਣ ਫਿਰ ਛੱਡਣਾ ਪੈਣਾ ਸੀ। ਉਸ ਵੇਲੇ ਮੁੜ ਇਕ ਵਾਰ ਮੈਨੂੰ ਉਹੀ ਖਿਆਲ ਜੋ ਅਗੋਂ ਕਈ ਵਾਰ ਮੈਨੂੰ ਅਤੇ ਲਾਰਾ ਨੂੰ ਆ ਚੁੱਕਾ ਸੀ। ਕੀ ਅਸੀਂ ਮੇਰੀਅਨ ਦੇ ਪਿਆਰ ਦਾ ਨਜ਼ਾਇਜ਼ ਫਾਇਦਾ ਤਾਂ ਨਹੀਂ ਉਠਾ ਰਹੇ? ਕੀ ਕਦੀ ਸਾਨੂੰ ਆਪਣੇ ਸਵਾਰਥ ਨੂੰ ਭੁੱਲ ਕੇ ਉਸ ਬਾਰੇ ਨਹੀਂ ਸੋਚਣਾ ਚਾਹੀਦਾ? ਜਾਣ ਤੋਂ ਪਹਿਲਾਂ ਮੈਂ ਉਹਦੇ ਨਾਲ ਫਿਰ ਇਸ ਵਿਸ਼ੇ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹਨੈ ਮੇਲੇ ਮੂੰਹ ਤੇ ਹੱਥ ਰੱਖ ਕੇ ਮੈਨੂੰ ਚੁੱਪ ਕਰਾ ਦਿੱਤਾ, ਮੇਰਾ ਹੱਥ ਆਪਣੇ ਹੱਥਾਂ ਵਿਚ ਘੁੱਟ ਕੇ ਉਹ ਬੋਲੀ :-

"ਜੋ ਕੁਛ ਅਸੀਂ ਤਿੰਨਾਂ ਨੇ ਰਲ ਕੇ ਭੁਗਤਿਆ ਹੈ, ਉਸ ਤੋਂ ਮਗਰੋਂ ਸਾਡੇ ਵੱਖ ਹੋਣ ਦਾ ਸੋਚਣਾ ਹੀ ਫਜੂਲ ਹੈ। ਮੇਰੀ ਖੁਸ਼ੀ ਤੁਹਾਡੇ ਦੋਹਾਂ ਕੋਲ ਹੀ ਹੈ ! ਥੋੜੀ ਦੇਰ ਹੋਰ ਉਡੀਕ ਕਰ। ਜਦੋਂ ਇਸ ਘਰ ਵਿਚ ਬੱਚਿਆਂ ਦੀ ਆਵਾਜ਼ ਆਏਗੀ, ਤਾਂ ਮੈਂ ਉਨ੍ਹਾਂ ਨੂੰ ਆਪ ਤੋਤਲੀ ਬੋਲੀ ਵਿਚ ਕਹਿਣਾ ਸਿਖਾਵਾਂਗੀ : "ਅਸੀਂ ਆਂਟੀ-ਕੋਲ ਵੱਖ ਨਹੀਂ ਹੋ ਸਕਦੇ।"

ਪੈਰਿਸ ਮੈਂ ਇਕੱਲਾ ਨਹੀਂ ਜਾਂ ਗਿਆ। ਪੈਸਕਾ, ਜੋ ਅਜੇ ਤਕ ਮੁੜ ਪਹਿਲਾਂ ਵਰਗਾ ਨਹੀਂ ਸੀ ਹੋ ਸਕਿਆ, ਵੀ ਮੇਰੇ ਨਾਲ ਸੀ। ਉਹ ਛੁੱਟੀ ਮਨਾਉਣ ਦੇ ਇਰਾਦੇ ਨਾਲ ਮੇਰੇ ਨਾਲ ਹੋ ਗਿਆ।

ਪੈਰਿਸ ਵਿਚ ਮੇਰੇ ਕੰਮ ਨੂੰ ਚਾਰ ਦਿਨ ਲੱਗੇ। ਚੌਥੇ ਦਿਨ ਮੈਂ' ਆਪਣੀ ਰਿਪੋਰਟ ਤਿਆਰ ਕਰ ਲਈ। ਪੰਜਵੇਂ ਦਿਨ ਮੈਂ ਅਤੇ ਪੈਸਕਾ ਨੇ ਸੈਰ ਕਰਨ ਦੀ ਸਲਾਹ ਬਣਾਈ।

ਜਿਸ ਹੋਟਲ ਵਿਚ ਅਸੀ ਠਹਿਰੇ ਸਾਂ, ਉਥੇ ਉਨ੍ਹਾਂ ਦਿਨਾਂ ਵਿਚ ਬੜੀ ਭੀੜ ਸੀ। ਇਕ ਅਤੇ ਦੂਜੀ ਮੰਜਿਲ ਉਤੇ ਮੇਰਾ ਤੇ ਪੈਸਕਾ ਦਾ ਕਮਰਾ ਸੀ। ਮੈਂ ਤਿਆਰ ਹੋ ਕੇ ਪੈਸਕਾ ਦੇ ਕਮਰੇ

ਵੱਲ ਗਿਆ ਹੀ ਸਾਂ, ਕਿ ਪੌੜੀਆਂ ਵਿਚੋਂ ਹੀ ਮੈਂ ਦੇਖਿਆ। ਉਹਦੇ-ਕਮਰੇ ਦਾ ਬੂਹਾ ਅੱਧਾ ਖੁੱਲ੍ਹਾ ਸੀ ਅਤੇ ਬੂਹੇ ਉਤੇ ਇਕ ਲੰਮਾ ਪਤਲਾ ਹੱਥ ਸੀ, ਇਹ ਹੱਥ ਮੇਰੇ ਮਿੱਤਰ ਦਾ ਨਹੀਂ ਸੀ। ਮੈਨੂੰ ਪੈਸਕਾ ਦੀ ਆਵਾਜ਼ ਆਈ, ਉਹ ਆਪਣੀ ਬੋਲੀ ਵਿਚ ਕਹਿ ਰਿਹਾ ਸੀ "ਮੈਨੂੰ ਨਾਂ ਯਾਦ ਹੈ, ਪਰ ਮੈਂ ਉਸ ਆਦਮੀ ਨੂੰ ਨਹੀਂ ਜਾਣ ਦਾ। ਤੁਸੀਂ ਔਪੇਰਾ ਵਿਚ ਵੇਖਿਆ ਸੀ, ਉਹ ਇੰਨਾ ਬਦਲ ਚੁੱਕਾ ਹੈ, ਕਿ ਮੈਨੂੰ ਉਹ ਪਛਾਣ ਨਹੀਂ ਸਕਿਆ, ਮੈਂ ਰਿਪੋਰਟ ਭੇਜ ਦਿਆਂਗਾ। ਇਸ ਤੋਂ ਵੱਧ ਮੈਂ ਕੁਝ ਨਹੀਂ ਕਰ ਸਕਦਾ।"

ਹੋਰ ਕੁਝ ਕਰਨ ਦੀ ਲੋੜ ਵੀ ਨਹੀਂ!" ਦੂਜੀ ਆਵਾਜ਼ ਨੇ ਉੱਤਰ ਦਿਤਾ। ਇਸ ਮਗਰੋਂ ਬੂਹਾ ਖੁੱਲ੍ਹ ਗਿਆ ਅਤੇ ਉਹੀ ਆਦਮੀ ਬਾਹਰ ਆਇਆ, ਜਿਸ ਦੇ ਮੂੰਹ ਤੇ ਜ਼ਖਮ ਦਾ ਨਿਸ਼ਾਨ ਸੀ। ਹਫ਼ਤਾ ਪਹਿਲਾਂ ਉਹਨੂੰ ਕਾਉਂਟ ਫ਼ੋਸਕੋ ਦੀ ਟੈਕਸੀ ਦਾ ਪਿੱਛਾ ਕਰਦਿਆਂ ਮੈਂ ਵੇਖਿਆ ਸੀ। ਮੈਂ ਉਸਨੂੰ ਰਾਹ ਦੇਣ ਲਈ ਇਕ ਪਾਸੇ ਗਿਆ। ਉਹ ਨੇ ਮੈਨੂੰ ਰਤਾ ਕੁ ਸਿਰ ਝੁਕਾਇਆ ਤੇ ਮੈਂ ਪੌੜੀਆਂ ਉਤਰ ਗਿਆ। ਉਹਦੇ ਮੂੰਹ ਤੇ ਮੁਰਦੇਵਨੀ ਛਾਈ ਹੋਈ ਸੀ, ਅਤੇ ਉਹਨੇ ਪੌੜੀਆਂ ਦੇ ਜੰਗਲੇ ਨੂੰ ਘੁੱਟ ਕੇ ਫੜਿਆ ਹੋਇਆ ਸੀ।

ਮੈਂ ਦਰਵਾਜ਼ੇ ਨੂੰ ਧੱਕ ਕੇ ਅੰਦਰ ਪਹੁੰਚਿਆ। ਪੈਸਕਾ ਸੋਫੇ ਦੇ ਇਕ ਕੋਨੇ ਵਿਚ ਸਿਕੁੜ ਕੇ ਬੈਠਾ ਹੋਇਆ ਸੀ। ਉਹ ਮੇਰੇ ਕੋਲੋਂ ਵੀ ਤ੍ਰਹਿ ਰਿਹਾ ਸੀ।

"ਕੀ ਮੇਰੇ ਆਉਣ ਨਾਲ ਕੋਈ ਵਿਘਨ ਪਿਆ ਹੈ -? ਮੈਂ ਨਹੀਂ ਸਾਂ ਜਾਣਦਾ ਕਿ ਤੇਰੇ ਕੱਲ ਕਈ ਮਿੱਤਰ ਬੈਠਾ ਹੈ -?"

"ਮੇਰਾ ਕਈ ਮਿੱਤਰ ਨਹੀਂ - ਪੈਸਕਾ ਨੇ ਉੱਤਰ ਦਿਤਾ। ਮੈਂ ਇਹਨੂੰ ਅੱਜ ਪਹਿਲੀ ਅਤੇ ਅਖੀਰਲੀ ਵਾਰ ਮਿਲਿਆ ਹਾਂ।"

'ਮੈਨੂੰ ਲਗਦਾ ਹੈ ਕਿ ਉਹ ਕੋਈ ਭੈੜੀ ਖ਼ਬਰ ਲਿਆਇਆ ਹੈ-?"

"ਮੈਂ ਹੋਰ ਹੁਣ ਇੱਥੇ ਰੁਕਣਾ ਨਹੀਂ ਚਾਹੁੰਦਾ। ਮੈਨੂੰ ਆਉਣਾ ਹੀ ਨਹੀਂ ਸੀ ਚਾਹੀਦਾ, ਮੇਰੀ ਜਵਾਨੀ ਦੀਆਂ ਭੁੱਲਾਂ ਦੀ ਮੈਨੂੰ ਸਖ਼ਤ ਸਜ਼ਾ ਮਿਲ ਰਹੀ ਹੈ।" ਉਹਨੇ ਆਪਣਾ ਚਿਹਰਾ ਕੰਧ ਵੱਲ ਕਰ ਲਿਆ। 'ਮੈਂ' ਤਾਂ ਉਹਨਾਂ ਨੂੰ ਭੁੱਲਣ ਦੀ ਕੋਸ਼ਿਸ਼ ਕਰਦਾ ਹਾਂ-ਪਰ ਉਹ ਮੈਨੂੰ ਹਰ ਥਾਂ ਤੇ ਲੱਭ ਹੀ ਲੈਂਦੀਆਂ ਹਨ !"

"ਅਸੀਂ' ਤਿਪਹਿਰ ਤੋਂ ਪਹਿਲਾਂ ਵਾਪਸ ਨਹੀਂ ਚਲ ਸਕਦੇ। ਕੀ ਤੂੰ ਇੰਨੀ ਦੇਰ ਮੇਰੇ ਨਾਲ ਬਾਹਰ ਚਲੇ ਗਾ-?'

"ਨਹੀਂ ਮੇਰੇ ਦੋਸਤ - ਮੈਂ ਇਥੇ ਹੀ ਠਹਿਰਾਂਗਾ-ਮੈਂ ਤੇਰੀ ਇਥੇ ਹੀ ਉਡੀਕ ਕਰਾਂਗਾ, -ਪਰ ਅੱਜ ਵਾਪਸ ਜ਼ਰੂਰ ਜਾਣਾ ਹੈ।"

ਮੈਂ ਉਹਦੇ ਨਾਲ ਇਕਰਾਰ ਕੀਤਾ ਕਿ ਅਸੀਂ ਉਸ ਦਿਨ ਵਾਪਸ ਚਲਾਂਗੇ। ਰਾਤੀ ਅਸੀਂ ਨਾਟਰ ਡੈਮ ਵੇਖਣ ਦਾ ਪ੍ਰੋਗਰਾਮ ਬਣਾਇਆ ਸੀ। ਮੈਂ ਹੁਣ ਇਕੱਲਾ ਉਧਰ ਹੀ ਗਿਆ।

ਮੈਂ ਨਦੀ ਦੇ ਵਲੋਂ ਗਿਰਜੇ ਵੱਲ ਜਾ ਰਿਹਾ ਸਾਂ, ਰਾਹ ਵਿਚ ਪੈਰਿਸ ਦਾ ਉਹ ਮੁਰਦੇਖਾਨਾ ਸੀ, ਜਿਥੇ ਲਾਸ਼ਾਂ ਨੂੰ ਪਛਾਣ ਲਈ ਰਖਿਆ ਜਾਂਦਾ ਸੀ। ਦਰਵਾਜ਼ੇ ਕੋਲ ਬੜੀ ਭੀੜ ਜੁੜੀ ਹੋਈ ਸੀ। ਅੰਦਰ ਜ਼ਰੂਰ ਕੋਈ ਅਜਿਹੀ ਗੱਲ ਹੋਈ ਸੀ, ਜਿਸ ਨੂੰ ਵੇਖਣ ਲਈ ਲੋਕ ਉਤਸਕ ਸਨ।

ਮੈਂ ਤਾਂ ਆਪਣੇ ਰਾਹ ਰਾਹ ਗਿਰਜੇ ਵੱਲ ਹੀ ਤੁਰਿਆ ਜਾਂਦਾ ਸੀ, ਜੋ ਦੋ ਆਦਮੀਆਂ ਅਤੇ ਇਕ ਔਰਤ ਵਿਚਕਾਰ ਹੋ ਰਹੀ ਗੱਲਬਾਤ ਵੱਲ ਮੇਰਾ ਧਿਆਨ ਨਾ ਜਾਂਦਾ। ਉਹ ਮੁਰਦੇਖਾਨੇ ਦੇ ਅੰਦਰੋਂ ਹੀ ਨਿਕਲੇ ਸਨ ਅਤੇ ਉਹ ਇਕ ਦੂਜੇ ਨਾਲ ਹੈਰਾਨੀ ਪ੍ਰਗਟ ਕਰ ਰਹੇ ਸਨ। ਲਾਸ਼ ਇਕ ਬੜੇ ਮੋਟੇ ਆਦਮੀ ਦੀ ਸੀ। ਜਿਸ ਦੀ ਬਾਂਹ ਉਤੇ ਇਕ ਅਜੀਬ ਜਿਹਾ ਨਿਸ਼ਾਨ ਸੀ।

ਮੈਂ ਇਹ ਗੱਲ ਸੁਣ ਕੇ ਉਥੇ ਹੀ ਰੁਕ ਗਿਆ ਅਤੇ ਭੀੜ ਦੇ ਵਿਚ ਰਲ ਗਿਆ। ਜਿਸ ਵੇਲੇ ਅੱਜ ਮੈਂ ਪੈਸਕਾ ਦੇ ਕਮਰੇ ਵਿਚੋਂ ਉਸ ਪਰਦੇਸੀ ਨੂੰ ਨਿਕਲਦਿਆਂ ਵੇਖਿਆ ਸੀ, ਅਤੇ ਉਹਨਾਂ ਦੋਹਾਂ ਵਿਚਕਾਰ ਉਹ ਗੱਲਬਾਤ ਸੁਣੀ ਸੀ, ਮੈਨੂੰ ਉਸ ਵੇਲੇ ਹੀ ਇਹੋ ਜਿਹੀ ਕਿਸੇ ਘਟਨਾ ਦੀ ਅਸ਼ੰਕਾ ਸੀ। ਕਿਸੇ ਦੇ ਅਚਾਨਕ ਕਹੇ ਗਏ ਸ਼ਬਦਾਂ ਨਾਲ ਹੁਣ ਉਹ ਘਟਨਾ ਸਚਾਈ ਬਣ ਕੇ ਮੇਰੇ ਹੀ ਸਾਹਮਣੇ ਆ ਗਈ ਸੀ। ਕਿਸੇ ਹੋਰ ਨੇ ਵੀ ਉਹਦੇ ਕੋਲੋਂ ਬਦਲਾ ਲੈਣਾ ਸੀ, ਅਤੇ ਉਹਨੇ ਵੀ ਥੀਏਟਰ ਤੋਂ ਉਹਦੇ ਘਰ ਤੀਕ ਅਤੇ ਘਰ ਪੈਰਿਸ ਤੀਕ ਉਹਦਾ ਪਿਛਾ ਕੀਤਾ ਸੀ। ਕਿਸੇ ਹੋਰ ਨੇ ਅੱਜ ਉਹਦੇ ਕਿਸੇ ਗੁਨਾਹ ਬਦਲੇ ਮੌਤ ਦੀ ਸਜ਼ਾ ਦਿਤੀ ਸੀ। ਜਿਸ ਪਲ ਮੈਂ ਥੀਏਟਰ ਵਿਚ ਪੈਸਕਾ ਨੂੰ ਵਿਖਾਨ ਲਈ ਉਹਦੇ ਵੱਲ ਇਸ਼ਾਰਾ ਕੀਤਾ ਸੀ, ਉਹ ਆਦਮੀ ਸਾਡੇ ਕੱਲ ਖੜੋਤਾ ਸਭ ਕੁਝ ਸੁਣ ਰਿਹਾ ਸੀ, ਅਤੇ ਉਸੇ ਪਲ ਹੀ ਕਾਊਂਟ ਦੀ ਜ਼ਿੰਦਗੀ ਦਾ ਫੈਸਲਾ ਹੋ ਗਿਆ ਸੀ। ਮੈਨੂੰ ਉਹ ਸਮਾਂ ਯਾਦ ਆਇਆ, ਜਦ ਕਾਊਂਟ ਅਤੇ ਮੈਂ

ਆਹਮਣੇ-ਸਾਹਮਣੇ ਖੜੇ ਇਕ ਦੂਜੇ ਨੂੰ ਸ਼ਰਤਾਂ ਮੰਨਵਾ ਰਹੇ ਸਾਂ। ਅਤੇ ਸ਼ਸੋ-ਪੰਜ ਵਿਚ ਹੀ ਮੈਂ ਆਪਣੇ ਆਪ ਨਾਲ ਫੈਸਲਾ ਕੀਤਾ ਸੀ ਕਿ ਉਹਨੂੰ ਮੈਂ ਬਚ ਜਾਣ ਦਿਆਂਗਾ-ਮੈਂ ਉਹ ਘੜੀ ਯਾਦ ਕਰਕੇ ਹੁਣ ਇਕਾਇਕ ਕੰਬ ਗਿਆ।

ਮੈਂ ਵੀ ਭੀੜ ਦੇ ਨਾਲ ਨਾਲ ਇੰਚ ਇੰਚ ਕਰਕੇ ਅਗੇ ਵਧ ਰਿਹਾ ਸਾਂ ਅਤੇ ਉਸ ਸ਼ੀਸ਼ੇ ਦੇ ਨੇੜੇ ਨੇੜੇ ਪਹੁੰਚਦਾ ਜਾ ਰਿਹਾ ਸਾਂ, ਜਿਸ ਦੇ ਪਰਲੇ ਪਾਰ ਲਾਸ਼ਾਂ ਰਖੀਆਂ ਜਾਂਦੀਆਂ ਸਨ। ਅਖੀਰ ਮੈਂ ਵੇਖਣ ਵਾਲਿਆਂ ਦੀ ਸਭ ਤੋਂ ਪਹਿਲੀ ਲਾਈਨ ਵਿਚ ਪੁੱਜ ਗਿਆ।

ਸਾਹਮਣੇ ਉਹਦੀ ਲਾਸ਼ ਪਈ ਸੀ। ਉਹਨੂੰ ਉਥੇ ਕੋਈ ਨਹੀਂ ਜਾਣਦਾ ਸੀ, ਕੋਈ ਉਹਦਾ ਵਾਲੀ ਵਾਰਸ ਨਹੀਂ ਸੀ-ਫਰਾਂਸੀਸੀ ਲੋਕਾਂ ਦੀ ਇਕ ਭੀੜ ਉਤਸੁਕਤਾ ਨਾਲ ਉਹਨੂੰ ਵੇਖ ਰਹੀ ਸੀ। ਉਹਦੀ ਉਸ ਗੁਨਾਹਾਂ ਭਰੀ ਜ਼ਿੰਦਗੀ ਦਾ ਇਹ ਅੰਤ ਸੀ! ਉਹਨੇ ਆਪਣੀ ਹੁਸ਼ਿਆਰੀ ਚਾਲਾਕੀ ਅਤੇ ਲਿਆਕਤ ਨੂੰ ਭੈੜੇ ਪਾਸੇ ਲਾਇਆ ਸੀ, ਜਿਸ ਦੀ ਸਜ਼ਾ ਅਜਿਹੀ ਨਮੋਸ਼ੀ ਭਰੀ ਮੌਤ ਸੀ। ਉਹਦਾ ਕੌੜਾ ਵੱਡਾ ਅਤੇ ਭਾਰਾ ਮੂੰਹ ਮੌਤ ਦੀ ਨੀਂਦਰ ਵਿਚ ਬੇਖ਼ਬਰ ਸਾਡੇ ਵੱਲ ਹੀ ਸੀ ਅਤੇ ਉਹ ਬੜਾ ਸ਼ਾਨਦਾਰ ਲੱਗ ਰਿਹਾ ਸੀ।

ਫ਼ਰਾਂਸੀਸੀ ਔਰਤਾਂ ਪ੍ਰਸ਼ੰਸ਼ਾ ਭਰੇ ਲਹਿਜੇ ਵਿਚ ਇਕ ਦੂਜੀ ਨੂੰ ਚੀਕ ਚੀਕ ਕੇ ਕਹਿ ਰਹੀਆਂ ਸਨ, "ਕਿੰਨਾ ਸੁਹਣਾ ਆਦਮੀ ਏ।" ਕਿਸੇ ਨੇ ਉਹਦੇ ਦਿਲ ਦੇ ਉਪਰ ਛੁਰਾ ਜਾਂ ਚਾਕੂ ਮਾਰਿਆ ਸੀ। ਹੋਰ ਕਿਧਰੇ ਕੋਈ ਨਿਸ਼ਾਨ ਨਹੀਂ ਸੀ। ਉਹਦੀ ਖੱਬੀ ਬਾਂਹ ਉਤੇ-ਬਿਲਕੁਲ ਉਸੇ ਥਾਂ ਤੇ ਜਿਥੇ ਮੈਂ ਪੈਸਕਾ ਦਾ ਨਿਸ਼ਾਨ ਵੇਖਿਆ ਸੀ ਦੋ ਡੂੰਘੇ ਚੀਰ ਪਏ ਸਨ ਜੋ ਮੈਨੂੰ ਅੰਗਰੇਜ਼ੀ ਦੀ 'ਟੀ' ਵਾਂਗ ਦਿਸੇ। ਇਹ ਚੀਰ ਇਸ ਤਰ੍ਹਾਂ ਪਾਏ ਗਏ ਸਨ, ਕਿ ਬਰਦਰਹੁੱਡ ਦਾ ਨਿਸ਼ਾਨ ਮਿਟ ਗਿਆ ਸੀ। ਉਹਦੇ ਕੱਪੜੇ ਉਹਦੇ ਉਪਰ ਟੰਗੇ ਹੋਏ ਸਨ, ਜਿਨ੍ਹਾਂ ਤੋਂ ਜਾਪਦਾ ਸੀ ਕਿ ਉਹਨੂੰ ਇਸ ਗੱਲ ਦਾ ਅਹਿਸਾਸ ਸੀ, ਕਿ ਉਹਦੀ ਜਾਨ ਖ਼ਤਰੇ ਵਿਚ ਹੈ। ਉਹ ਕਿਸੇ ਫ਼ਰਾਂਸੀਸੀ ਕਾਰੀਗਰ ਦੇ ਕੱਪੜੇ ਸਨ। ਕੁਝ ਪਲ ਮੈਂ ਉਥੇ ਖੜੇ ਹੋ ਕੇ ਇਹ ਸਭ ਵੇਖਦਾ ਰਿਹਾ। ਪਰ ਮੈਂ ਫਿਰ ਉਥੋਂ ਹਟ ਗਿਆ। ਹੋਰ ਕੁਝ ਵੇਖਣ ਦੀ ਮੇਰੇ ਵਿਚ ਹਿੰਮਤ ਨਹੀਂ ਸੀ।

ਉਹਦੀ ਮੌਤ ਬਾਰੇ ਪਿਛੋਂ ਮੈਨੂੰ ਕੁਝ ਗੱਲਾਂ ਪੈਸਕਾ ਕੋਲੋਂ, ਅਤੇ ਕੁਝ ਹੋਰ ਕਿਧਰੋਂ ਪਤਾ ਲੱਗੀਆਂ ਜੋ ਮੈਂ ਇਥੇ ਦੱਸ ਦੇਣਾ ਉਚਿਤ ਸਮਝਦਾ ਹਾਂ।

ਉਹਦੀ ਲਾਸ਼ ਸੀਨ ਨਦੀ ਵਿਚੋਂ ਕੱਢੀ ਗਈ ਸੀ, ਉਹਨੇ ਉਹੀ ਕਪੜੇ ਪਾਏ ਹੋਏ ਸਨ, ਜਿਨ੍ਹਾਂ ਬਾਰੇ ਮੈਂ ਉਪਰ ਲਿਖਿਆ ਹੈ। ਉਹਦੇ ਕਪੜਿਆਂ ਵਿਚ ਕੋਈ ਅਜੇਹਾ ਕਾਗਜ਼

ਪੱਤਰ ਨਹੀਂ ਸੀ, ਜਿਸ ਤੇ ਉਹਦੇ ਨਾਂ ਦਾ, ਘਰ ਦਾ, ਜਾਂ ਉਹਦੇ ਖਿਤਾਬ ਦਾ ਪਤਾ ਲਗਦਾ ਉਸ ਦਾ ਕਾਤਲ ਕੌਣ ਸੀ, ਇਹ ਵੀ ਗੱਲ ਅਜੇ ਤੀਕ ਕੋਈ ਨਹੀਂ ਸੀ ਜਾਣ ਸਕਿਆ। ਹੋਰ ਲੋਕਾਂ ਵੀ ਕਈ ਅੰਦਾਜ਼ੇ ਲਾਏ ਹੋਣਗੇ, ਜਿਵੇਂ ਮੈਂ ਆਪਣਾ ਅੰਦਾਜ਼ਾ ਲਾਇਆ ਹੈ ! ਮੈਂ ਇਥੇ ਇਹ ਜ਼ਰੂਰ ਲਿਖਾਂਗਾ ਕਿ ਉਹ ਪ੍ਰਦੇਸੀ ਜਿਸ ਦੇ ਮੂੰਹ ਉਤੇ ਜ਼ਖਮ ਦਾ ਦਾਗ ਸੀ, ਪੈਸਕਾ ਦੇ ਇੰਗਲੈਂਡ ਆਉਣ ਮਗਰੋਂ ਉਹ ਇਟਲੀ ਵਿਚ ਬਰੱਦਰਹੁੱਡ ਦਾ ਮੈਂਬਰ ਬਣਿਆ ਸੀ। ਦੂਜੀ ਗੱਲ ਜੋ ਮੈਂ ਸਪੱਸ਼ਟ ਕਰਨੀ ਚਾਹਵਾਂਗਾ, ਉਹ ਹੈ ਕਿ ਕਾਊਂਟ ਦੀ ਬਾਂਹ ਤੇ ਜੋ ਦੋ ਚੀਰ ਪਾਏ ਹੋਏ ਸਨ, ਉਸਦਾ ਭਾਵ ਸੀ ਕਿ ਬਰੱਦਰਹੁੱਡ ਨਾਲ ਧੋਖਾ ਅਤੇ ਗੱਦਾਰੀ ਕਰਨ ਵਾਲੇ ਨੂੰ ਪੂਰੀ ਸਜ਼ਾ ਦਿਤੀ ਗਈ ਹੈ। ਕਾਊਂਟ ਫ਼ੋਸਕੋ ਦੀ ਮੌਤ ਦਾ ਬਸ ਇਹੀ ਕੁਝ ਮੈਨੂੰ ਪਤਾ ਹੈ।

ਉਸ ਤੋਂ ਅਗਲੇ ਦਿਨ ਹੀ ਲਾਸ਼ ਦੀ ਪਛਾਣ ਹੋਈ। ਮੈਡਮ ਫ਼ੋਸਕੋ ਨੂੰ ਇਕ ਗੁਮਨਾਮ ਚਿੱਠੀ ਰਾਹੀਂ ਕਿਸੇ ਨੇ ਖ਼ਬਰ ਦਿੱਤੀ ਸੀ। ਸੋ ਉਸ ਨੇ ਪਹੁੰਚ ਕੇ ਉਹ ਲਾਸ਼ ਲਈ ਅਤੇ ਨੇੜੇ ਦੇ ਇਕ ਗਿਰਜੇ ਦੇ ਕਬਰਸਤਾਨ ਵਿਚ ਅੰਤਮ ਕਿਰਿਆ ਕਰਮ ਕੀਤਾ ਗਿਆ। ਮੈਡਮ ਫ਼ੋਸਕੋ ਅਜੇ ਤਕ ਰੋਜ਼ ਸਜਰੇ ਫੁੱਲਾਂ ਦੀ ਮਾਲਾ ਉਹਦੀ ਕਬਰ ਤੇ ਰੱਖਦੀ ਵੇਖੀ ਜਾਂਦੀ ਹੈ। ਉਹ ਵਰੇਸਲਜ਼ ਵਿਚ ਰਹਿੰਦੀ ਹੈ, ਅਤੇ ਕਿਸੇ ਨੂੰ ਮਿਲਦੀ ਜੁਲਦੀ ਨਹੀਂ। ਉਹਨੇ ਆਪਣੀ ਸਵਰਗਵਾਸੀ ਪਤੀ ਦੇ ਜੀਵਨ ਦੀ ਕਹਾਣੀ ਲਿਖੀ ਹੈ-ਉਸ ਪੁਸਤਕ ਵਿਚ ਉਹਦੇ ਜੀਵਨ ਜਾਂ ਅਸਲੀ ਨਾਂ ਬਾਰੇ ਕੋਈ ਚਾਨਣਾ ਨਹੀਂ ਪਾਇਆ ਗਿਆ ਉਹਦੀਆਂ ਸਿਫਤਾਂ ਦਾ ਵਰਨਣ ਕੀਤਾ ਗਿਆ ਹੈ, ਕਿ ਉਹ ਕਿੰਨਾ ਚੰਗਾ ਪਤੀ ਸੀ, ਅਤੇ ਉਹਦੀ ਲਿਆਕਤ ਦੀ ਪ੍ਰਸ਼ੰਸਾ ਕੀਤੀ ਗਈ ਹੈ, ਇਹਨਾ ਸਤਰਾਂ ਨਾਲ ਪੁਸਤਕ ਦਾ ਅੰਤ ਕੀਤਾ ਗਿਆ ਹੈ "ਉਹ ਭ੍ਰਿਸ਼ਟ ਵਰਗ ਦੇ ਹੱਕਾਂ ਦੇ ਪੱਖ ਵਿਚ ਸੀ, ਅਤੇ ਇਹੀ ਉਹਦੀ ਮੌਤ ਦਾ ਕਾਰਣ ਸੀ, ਉਹ ਆਪਣੇ ਇਸ ਅਸੂਲ ਸਦਕਾ ਸ਼ਹੀਦ ਹੋ ਗਿਆ।"

## III

ਮੇਰੇ ਪੈਰਿਸ ਤੋਂ ਆਉਣ ਮਗਰੋਂ ਗਰਮੀਆਂ ਅਤੇ ਪਤਝੜ ਦੀ ਰੁੱਤ ਵੀ ਲੰਘ ਗਈ--ਪਰ ਕੋਈ ਖਾਸ ਵਰਨਣਯੋਗ ਘਟਨਾ ਨਹੀਂ ਹੋਈ। ਅਸੀਂ ਬੜਾ ਸਾਦਾ ਜੀਵਨ ਬਤੀਤ ਕਰ ਰਹੇ ਸੀ ਇਸ ਲਈ ਮੇਰੀ ਆਮਦਨ, ਜੋ ਹੁਣ ਅਗੇ ਨਾਲੋਂ' ਕਾਫੀ ਵਧ ਗਈ ਸੀ, ਸਾਡੇ ਗੁਜ਼ਾਰੇ ਲਈ ਪੂਰੀ ਹੋ ਜਾਂਦੀ ਸੀ।

ਨਵਾਂ ਸਾਲ ਚੜ੍ਹਿਆ, ਅਤੇ ਫਰਵਰੀ ਦੇ ਮਹੀਨੇ ਸਾਡੇ ਪਹਿਲੇ ਲੜਕੇ ਦਾ ਜਨਮ ਹੋਇਆ। ਮੈਂ' ਆਪਣੀ ਮਾਂ ਅਤੇ ਭੈਣ ਅਤੇ ਮਿਸਿਜ਼ ਵੈਸੀ ਨੂੰ ਆਪਣੇ ਘਰ ਬੁਲਾਇਆ, ਅਤੇ ਬੱਚੇ ਦੇ ਨਾਂ ਰੱਖਣ ਦੀ ਰਸਮ ਪੂਰੀ ਕੀਤੀ ਗਈ। ਮਿਸਿਜ਼ ਕਲੀਮੈਂਟਸ ਵੀ ਉਸ ਦਿਨ ਮੇਰੀ ਪਤਨੀ ਦੀ ਸਹਾਇਤਾ ਲਈ ਸਾਡੇ ਘਰ ਆਈ ਸੀ। ਮੇਰੀਅਨ ਇਸ ਬੱਚੇ ਦੀ 'ਗਾਡਮਦਰ' ਅਤੇ ਪੈਸਕਾ ਤੇ ਮਿਸਟਰ ਗਿਲਮੌਰ 'ਗਾਡਫਾਦਰ ਸਨ। ਮਿਸਟਰ ਗਿਲਮੌਰ ਉਸ ਸਮੇਂ ਤੇ ਆਪ ਹਾਜ਼ਰ ਨਹੀਂ ਸਨ ਹੋ ਸਕੇ। ਉਨ੍ਹਾਂ ਚਿੱਠੀ ਹੀ ਲਿਖੀ ਸੀ,--ਪਰ ਇਕ ਸਾਲ ਮਗਰੋਂ ਜਦ ਉਹ ਆਏ ਤਾਂ ਉਨ੍ਹਾਂ ਇਹ ਸਾਰੀ ਕਹਾਣੀ ਲਿਖਣ ਵਿਚ ਮੇਰੀ ਸਹਾਇਤਾ ਕੀਤੀ। ਉਨ੍ਹਾਂ ਦਾ ਬਿਆਨ ਸ਼ੁਰੂ ਵਿਚ ਆ ਜਾਂਦਾ ਹੈ। ਭਾਵੇਂ ਉਨ੍ਹਾਂ ਲਿਖ ਕੇ ਸਭ ਤੋਂ ਪਿਛੋਂ ਦਿੱਤਾ ਹੈ।

ਮੈਨੂੰ ਅਖ਼ਬਾਰ ਵੱਲੋਂ ਕੁਝ ਚਿਰ ਲਈ ਆਇਰਲੈਂਡ ਸਕੈੱਚ ਬਣਾਉਣ ਲਈ ਭੇਜਿਆ ਗਿਆ ਮੈਂ ਕੋਈ ਪੰਦਰਾਂ ਦਿਨ ਬਾਹਰ ਰਿਹਾ ਸਾਂ। ਅਤੇ ਪਹਿਲੇ ਬਾਰਾਂ ਦਿਨ ਤਾਂ ਮੈਂ ਲਾਰਾ ਅਤੇ ਮੇਰੀਅਨ ਨੂੰ ਚਿੱਠੀਆਂ ਲਿਖਦਾ ਰਿਹਾ ਅਤੇ ਉਹਨਾਂ ਦੀਆਂ ਚਿੱਠੀਆਂ ਵੀ ਮੈਨੂੰ ਮਿਲਦੀਆਂ ਰਹੀਆਂ। ਅਖੀਰਲੇ ਤਿੰਨ ਦਿਨ ਮੈਂ ਕਿਧਰੇ ਵੀ ਬਹੁਤੀ ਦੇਰ ਟਿਕਣਾ ਨਹੀਂ ਸੀ, ਸੋ ਮੈਂ ਕੋਈ ਚਿੱਠੀ ਨਾ ਲਿਖੀ ਅਤੇ ਨਾਂ ਹੀ ਮੈਨੂੰ ਕਿਸੇ ਦੀ ਮਿਲੀ। ਮੈਂ ਰਾਤੀ ਸਫਰ ਕਰਕੇ ਜਦੋਂ ਸਵੇਰੇ ਘਰ ਪੁੱਜਾ ਤਾਂ ਉਥੇ ਅਗੋਂ ਮੈਨੂੰ ਕੋਈ ਵੀ ਨਾਂ ਮਿਲਿਆ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਜਦੋਂ ਮੈਨੂੰ ਪਤਾ ਲਗਾ ਕਿ ਮੇਰੀਅਨ ਅਤੇ ਲਾਰਾ ਬੱਚੇ ਨੂੰ ਲੈ ਕੇ ਮੇਰੇ ਪਹੁੰਚਣ ਤੋਂ ਇਕ ਦਿਨ ਪਹਿਲਾਂ ਹੀ ਚਲੀਆਂ ਗਈਆਂ ਸਨ।

ਨੌਕਰ ਨੇ ਮੈਨੂੰ ਇਕ ਚਿੱਠੀ ਦਿੱਤੀ ਜੋ ਲਾਰਾ ਵਲੋਂ ਸੀ। ਉਹ ਲਿਮਰਿਜ ਹਾਊਸ ਗਈਆਂ ਸਨ। ਮੇਰੀਅਨ ਨੇ ਇਹ ਮਿੰਨਤ ਕੀਤੀ ਸੀ ਕਿ ਮੈਂ ਘਰ ਪਹੁੰਚਦਿਆਂ ਸਾਰ ਹੀ ਲਿਮਰਿਜ ਲਈ ਚਲ ਪਵਾਂ, ਪਰ ਫਿਕਰ ਦੀ ਕੋਈ ਗੱਲ ਨਹੀਂ ਸੀ। ਕਬਰਲੈਂਡ ਪਹੁੰਚਣ ਤੇ ਮੈਨੂੰ ਸਭ ਕੁਝ ਪਤਾ ਲਗ ਜਾਏਗਾ।

ਮੈਂ ਉਸੇ ਵੇਲੇ ਗੱਡੀ ਫੜ੍ਹੀ ਅਤੇ ਦੁਪਹਿਰ ਤੱਕ ਲਿਮਰਿਜ ਪੁੱਜ ਗਿਆ।

ਮੇਰੀ ਪਤਨੀ ਅਤੇ ਮੇਰੀਅਨ ਦੋਵੇਂ ਉੱਪਰ ਹੀ ਸਨ। ਉਹ ਉਸ ਕਮਰੇ ਵਿਚ ਬੈਠੀਆਂ ਸਨ, ਜਿਹੜਾ ਕਿਸੇ ਵੇਲੇ ਮੇਰੀ ਬੈਠਕ ਅਤੇ ਸਟੂਡੀਊ ਸੀ ਅਤੇ ਜਿਸ ਕੁਰਸੀ ਵਿਚ ਬੈਠ ਕੇ ਮੈਂ ਕੰਮ ਕਰਿਆ ਕਰਦਾ ਸਾਂ, ਉਸ ਉਤੇ ਮੇਰੀਅਨ ਬੈਠੀ ਸੀ, ਅਤੇ ਉਹਦੀ ਝੋਲੀ ਵਿਚ ਵਾਲਟਰ

ਸ। ਲਾਰਾ ਉਸ ਡਰਾਇੰਗ ਮੇਜ ਕੋਲ ਖੜੀ ਸੀ, ਜਿਸ ਨੂੰ ਮੈਂ ਬੜਾ ਵਰਤਿਆ ਸੀ, ਅਤੇ ਉਸ ਦੇ ਹੱਥਾਂ ਵਿਚ ਉਹ ਐਲਬਮ ਸੀ, ਜੋ ਮੈਂ ਉਸ ਲਈ ਕਦੀ ਬਣਾਈ ਸੀ।

"ਤੁਸੀਂ ਇਥੇ ਕੀ ਕਰਨ ਆਈਆਂ ਹੋ? ਕੀ ਮਿਸਟਰ ਫ਼ੇਅਰਲੀ ਨੂੰ ਪਤਾ ਹੈ ...?" ਮੈਂ ਪੁੱਛਿਆ ਪਰ ਮੇਰੀਅਨ ਨੇ ਮੇਰੀ ਗੱਲ ਟੁੱਕ ਦਿਤੀ ਅਤੇ ਦਸਿਆ ਕਿ ਮਿਸਟਰ ਫ਼ੇਅਰਲੀ ਚਲਾਣਾ ਕਰ ਗਏ ਸਨ। ਉਨ੍ਹਾਂ ਨੂੰ ਅਧਰੰਗ ਹੋ ਗਿਆ ਸੀ।

ਮੈਨੂੰ ਇੰਜ ਮਹਿਸੂਸ ਹੋਇਆ, ਜਿਵੇਂ ਕੋਈ ਬਹੁਤ ਵੱਡੀ ਤਬਦੀਲੀ ਸਾਡੀ ਜ਼ਿੰਦਗੀ ਵਿਚ ਆਈ ਹੈ, ਅਜੇ ਮੈਂ ਇਹ ਗੱਲ ਪੂਰੀ ਤਰ੍ਹਾਂ ਸਮਝ ਵੀ ਨਹੀਂ ਸਾਂ ਸਕਿਆ ਕਿ ਲਾਰਾ ਮੇਰੇ ਨੇੜੇ ਆ ਕੇ ਬੋਲੀ :-

"ਮੇਰੇ ਪਿਆਰੇ ਵਾਲਟਰ, ਤੁਹਾਨੂੰ ਦਸਾਂ ਅਸੀਂ ਇਥੇ ਕਿਉਂ ਆਏ ਹਾਂ? ਪਰ ਇਸ ਲਈ ਮੈਨੂੰ ਅੱਜ ਬੀਤ ਚੁੱਕ ਦਿਨਾਂ ਦੀ ਗੱਲ ਕਰਨੀ ਪਵੇਗੀ !"

"ਨਹੀਂ, ਨਹੀਂ-- ਉਹ ਕੁੱਝ ਕਹਿਣ ਦੀ ਲੋੜ ਹੀ ਨਹੀਂ ਸਗੋਂ ਭਵਿੱਸ਼ ਬਾਰੇ ਗੱਲ ਕਰੀਏ ਤਾਂ ਹੋਰ ਵੀ ਜਲਦੀ ਸਮਝ ਆਏਗੀ ਅਤੇ ਹੋਰ ਵੀ ਦਿਲਚਸਪ ਹੋਵੇਗੀ।" ਮੇਰੀਅਨ ਬੋਲੀ। ਉਹਨੇ ਕੁਰਸੀ ਵਿਚੋਂ ਉਠ ਕੇ ਬੱਚੇ ਨੂੰ ਆਪਣੀਆਂ ਬਾਹਾਂ ਵਿਚ ਉੱਚਾ ਚੁੱਕ ਲਿਆ।

"ਤੈਨੂੰ ਪਤਾ ਹੈ ਵਾਲਟਰ, ਇਹ ਕੌਣ ਹੈ?" ਮੇਰੀਅਨ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਸਨ।

ਕੀ ਤੁਹਾਡਾ ਖਿਆਲ ਏ, ਮੈਂ ਆਪਣੇ ਬੱਚੇ ਨੂੰ ਨਹੀਂ ਪਛਾਣ ਸਕਦਾ -? ਮੇਰੀ ਅਜੇ ਇੰਨੀ ਤਾਂ ਮੱਤ ਨਹੀਂ ਮਾਰੀ ਗਈ!" ਮੈਂ' ਕਿਹਾ। "ਤੁਹਾਡਾ ਬੱਚਾ !" ਉਹ ਆਪਣੇ ਪੁਰਾਣੇ ਲਹਿਜੇ ਵਿਚ ਮਖੌਲ ਨਾਲ ਬੋਲੀ, "ਤੁਸੀਂ ਇੰਗਲੈਂਡ ਦੇ ਇੰਨੇ ਵੱਡੇ ਜਾਗੀਰਦਾਰ ਬਾਰੇ ਇੰਜ ਗੱਲਾਂ ਕਰ ਰਹੇ ਹੋ -? ਕੀ ਤੁਹਾਨੂੰ ਇਹ ਸਮਝ ਹੈ ਕਿ ਤੁਸੀਂ ਕਿਸਦੀ ਹਜ਼ੂਰੀ ਵਿਚ ਖੜੇ ਹੋ। ਮੇਰਾ ਖਿਆਲ ਤੁਹਾਨੂੰ ਪਤਾ ਹੀ ਨਹੀਂ।

ਆਓ, ਮੈਂ ਤੁਹਾਡੀ ਜਾਣ ਪਛਾਣ ਕਰਵਾਵਾਂ, ਮਿਸਟਰ ਵਾਲਟਰ ਹਾਰਟਰਾਈਟ- ਅਤੇ ਇਹ ਲਿਮਰਿਜ ਦਾ ਵਾਰਿਸ ਹੈ।"

ਇਹਨਾਂ ਸ਼ਬਦਾਂ ਵਿਚ ਮੈਂ ਹੁਣ ਸਭ ਕੁਝ ਕਹਿ ਦਿਤਾ ਹੈ। ਮੇਰੇ ਹੱਥ ਵਿਚ ਇਹ ਕਲਮ ਕੰਬ ਰਹੀ ਹੈ, ਕਈ ਮਹੀਨਿਆਂ ਦੀ ਇਹ ਮਿਹਨਤ ਸਫਲ ਹੋਈ ਹੈ :-ਮੇਰੀਅਨ ਸਾਡੀ

ਜ਼ਿੰਦਗੀ ਵਿਚ ਆਸ ਦਾ ਚਮਕਦਾ ਸਿਤਾਰਾ ਸੀ, ਉਹਦੇ ਸ਼ਬਦਾਂ ਨਾਲ ਹੀ ਕਹਾਣੀ ਦਾ ਅੰਤ ਹੋਣਾ ਚਾਹੀਦਾ ਹੈ।